ਦੂਤਾ ਪੂਰਬੁ ਪਰਗਾਟਿਆ...

(ਸ੍ਰੀ ਗੁਰੂ ਨਾਨਕ ਦੇਵ ਜੀ : ਜੀਵਨ-ਦਰਸ਼ਨ)



ਸੰਪਾ. ਰੂਪ ਸਿੰਘ (ਡਾ.)

ਵਡਾ ਪੁਰਖੁ ਪਰਗਟਿਆ...

ਸ੍ਰੀ ਗੁਰੂ ਨਾਨਕ ਦੇਵ ਜੀ : ਜੀਵਨ-ਦਰਸ਼ਨ

ਸੰਪਾਦਕ

ਰੂਪ ਸਿੰਘ (ਡਾ.)

ਮੁੱਖ ਸਕੱਤਰ

ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ।

098146 37979 roopsz@yahoo.com

ਸ/ਸੰਪਾਦਕ

ਅਮਰਜੀਤ ਕੌਰ (ਡਾ.)
98555 19719
amarjitkaurrs@yahoo.in

ਰਣਜੀਤ ਕੌਰ ਪੰਨਵਾਂ (ਡਾ.)
99148 31931
rakpanwa77@gmail.com

ਅਪਿੰਦਰ ਸਿੰਘ
97818 05588
singhapinder84@gmail.com

ਸਤਵਿੰਦਰ ਸਿੰਘ ਫੂਲਪੁਰ
99144 19484
singhsatwinder79@yahoo.in

ਤਿੰਨਾਂ ਐਡੀਸ਼ਨਾਂ ਵਿਚ ਛਪੀਆਂ ੪੨੦੦
ਚੌਥਾ ਐਡੀਸ਼ਨ : ਨਵੰਬਰ, ੨੦੧੯ ੨੦੦੦

ਛਾਪਕ
ਗੋਲਡਨ ਆਫਸੈਟ ਪ੍ਰੈਸ,
ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ।

ਪ੍ਰਕਾਸ਼ਕ

ਧਰਮ ਪ੍ਰਚਾਰ ਕਮੇਟੀ

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ।

Vadda Purakh Pragtya...

Sri Guru Nanak Dev Ji : Jeevan-Darshan

Editor
Roop Singh (Dr.)
Chief Secretary
S.G.P.C., Sri Amritsar.

Asstt. Editor
Amarjit Kaur (Dr.)
Ranjit Kaur Panwan (Dr.)
Satwinder Singh Phoolpur
Apinder Singh

ISBN : 978-81-938722-7-7

Printed in three Editions 4200
Fourth Edition : November 2018 2000

Printer
Golden Offset Press
Gurdwara Ramsar Sahib, Sri Amritsar

Publisher
Dharam Parchar Committee
(Shiromani Gurdwara Parbandhak Committee),
Sri Amritsar.

ਰਾਜੁ ਜੋਗੁ ਮਾਣਿਓ ਬਸਿਓ ਨਿਰਵੈਰੁ ਰਿਦੰਤਰਿ॥

ਸ੍ਰਿਸਟਿ ਸਗਲ ਉਧਰੀ ਨਾਮਿ ਲੇ ਤਰਿਓ ਨਿਰੰਤਰਿ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਜ ਭੀ ਮਾਣਿਆ ਹੈ ਤੇ ਜੋਗ ਭੀ;
ਨਿਰਵੈਰ ਅਕਾਲ ਪੁਰਖ ਉਨ੍ਹਾਂ ਦੇ ਹਿਰਦੇ ਵਿਚ ਵੱਸ ਰਿਹਾ ਹੈ।
ਗੁਰੂ ਨਾਨਕ ਦੇਵ ਜੀ ਆਪ ਇਕ-ਰਸ ਨਾਮ ਜਪ ਕੇ
ਤਰ ਗਏ ਤੇ ਉਨ੍ਹਾਂ ਨੇ ਸਾਰੀ ਸ੍ਰਿਸ਼ਟੀ ਨੂੰ ਭੀ
ਨਾਮ ਦੀ ਬਰਕਤ ਨਾਲ ਤਾਰ ਦਿੱਤਾ ਹੈ।

ਵਿਸ਼ਾ-ਸੂਚੀ

ਜੀਵਨ ਤੇ ਸ਼ਖ਼ਸੀਅਤ

ਬਾਣੀ ਤੇ ਵਿਚਾਰਧਾਰਾ

ੴ ਵਾਹਿਗੁਰੂ ਜੀ ਕੀ ਫ਼ਤਹ॥

ਭਾਈ ਗੋਬਿੰਦ ਸਿੰਘ ਲੌਂਗੋਵਾਲ

ਪ੍ਰਧਾਨ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ-143 006.

ਸੰਦੇਸ਼

ਇਕ ਬਾਬਾ ਅਕਾਲ ਰੂਪ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਕਰਮ ਨਿਸ਼ਠਾ ਤੇ ਫ਼ਲਸਫ਼ੇ ਅੱਗੇ ਸਾਰਾ ਬ੍ਰਹਿਮੰਡ ਨਤਮਸਤਕ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸਮੁੱਚੀ ਲੋਕਾਈ ਨੂੰ ਏਕਤਾ, ਸਦਭਾਵਨਾ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਆਪ ਦੀ ਅਦੁੱਤੀ ਸ਼ਖ਼ਸੀਅਤ ਤੇ ਸ੍ਰਿਸ਼ਟੀ ਨਾਲ ਇਕਮਿਕਤਾ ਕਰਕੇ ਹੀ ਹਰੇਕ ਧਰਮ ਨਾਲ ਸੰਬੰਧਿਤ ਹਰ ਧਰਮੀ ਪੁਰਸ਼ ਆਪ ਦਾ ਸਤਿਕਾਰ ਕਰਦਾ ਹੈ ਅਤੇ ਕਰਦਾ ਰਹੇਗਾ।

ਗੁਰੂ ਸਾਹਿਬ ਨੇ ਜਿਨ੍ਹਾਂ ਆਦਰਸ਼ਾਂ ਅਤੇ ਸਿਧਾਂਤਾਂ ਦਾ ਪ੍ਰਚਾਰ ਕੀਤਾ ਉਹ ਸਦੀਆਂ ਤੋਂ ਮਾਨਵਤਾ ਦੀ ਰਹਿਨੁਮਾਈ ਕਰ ਰਹੇ ਹਨ ਅਤੇ ਰਹਿੰਦੀ ਦੁਨੀਆਂ ਤੱਕ ਇਹ ਚਿਰ ਸਥਾਈ ਯਾਦ ਬਣ ਕੇ ਸਭ ਦੇ ਹਿਰਦਿਆਂ ਵਿਚ ਸੁਰਜੀਤ ਰਹਿਣਗੇ। ਜ਼ਿੰਦਗੀ ਦੀ ਲੰਮੀ ਤੇ ਸਖ਼ਤ ਘਾਲਣਾ ਜੋ ਆਪ ਨੇ ਮਾਨਵਤਾ ਦੀ ਭਲਾਈ ਅਤੇ ਖ਼ੁਸ਼ਹਾਲੀ ਵਾਸਤੇ ਘਾਲੀ ਉਸ ਦਾ ਸਾਨੀ ਸੰਸਾਰ ਵਿਚ ਹੋਰ ਕੋਈ ਨਹੀਂ ਹੋ ਸਕਦਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਆਪ ਦੇ ਉੱਚੇ ਮੁਰਾਤਬੇ ਨੂੰ ਨਤਮਸਤਕ ਹੋਣ ਦੀ ਲੋਚਾ ਰੱਖਦੀ ਹੋਈ ਆਪ ਜੀ ਦੇ ਜੀਵਨ, ਗੁਰਬਾਣੀ ਅਤੇ ਵਿਚਾਰਧਾਰਾ ਨਾਲ ਸੰਬੰਧਿਤ ਪੁਸਤਕ 'ਵਡਾ ਪੁਰਖੁ ਪਰਗਟਿਆ (ਗੁਰੂ ਨਾਨਕ ਦੇਵ ਜੀ: ਜੀਵਨ-ਦਰਸ਼ਨ)' ਨੂੰ ਚੌਥੀ ਵਾਰ ਛਾਪਣ ਦੀ ਖ਼ੁਸ਼ੀ ਲੈ ਰਹੀ ਹੈ।

ਗੁਰੂ ਨਾਨਕ ਪਾਤਸ਼ਾਹ ਦੇ 550 ਸਾਲਾ ਪ੍ਰਕਾਸ਼ ਗੁਰਪੁਰਬ ਸ਼ਤਾਬਦੀ ਦੇ ਮੁਬਾਰਕ ਮੌਕੇ 'ਤੇ ਗੁਰਦੁਆਰਾ ਬੇਰ ਸਾਹਿਬ, ਸੁਲਤਾਨਪੁਰ ਲੋਧੀ ਵਿਖੇ ਪੁਸਤਕ 'ਵਡਾ ਪੁਰਖੁ ਪਰਗਟਿਆ (ਗੁਰੂ ਨਾਨਕ ਦੇਵ ਜੀ: ਜੀਵਨ-ਦਰਸ਼ਨ)' ਨੂੰ ਰਿਲੀਜ਼ ਕਰਦਿਆਂ ਹੋਇਆਂ ਮੈਂ ਅਕਾਲ ਪੁਰਖ ਵਾਹਿਗੁਰੂ ਦਾ ਸ਼ੁਕਰਾਨਾ ਕਰਦਾ ਹਾਂ ਕਿ ਉਨ੍ਹਾਂ ਨੇ ਕ੍ਰਿਪਾ ਕਰਕੇ ਡਾ. ਰੂਪ ਸਿੰਘ ਅਤੇ ਸਿੱਖ ਇਤਿਹਾਸ ਰੀਸਚਰ ਬੋਰਡ ਦੇ ਸਕਾਲਰਾਂ ਰਾਹੀਂ ਇਹ ਕਾਰਜ ਕਰਵਾਇਆ। ਗੁਰਮਤਿ ਪ੍ਰਕਾਸ਼ ਰਸਾਲੇ ਦੇ ਲੇਖਾਂ 'ਤੇ ਅਧਾਰਿਤ ਇਹ ਪੁਸਤਕ ਪਾਠਕਾਂ ਅਤੇ ਖੋਜੀਆਂ ਵਾਸਤੇ ਬਹੁਤ ਲਾਹੇਵੰਦ ਹੋਵੇਗੀ।

ਗੁਰੂ-ਪੰਥ ਦਾ ਦਾਸ

ਨਵੰਬਰ, 2018

ਫੋਨ ਦਫ਼ਤਰ +91 183 255 3950, ਫੈਕਸ +91 183 2553919, ਮੋਬਾਇਲ 98558 95558
e-mail: sgpc@vsnl.com, website: www.sgpc.net

ਚੌਥੇ ਸੰਸਕਰਣ ਬਾਰੇ

ਗੁਰਮਤਿ ਪ੍ਰਕਾਸ਼ ਦੇ ਦੁਰਲੱਭ ਅਤੇ ਚੋਣਵੇਂ ਲੇਖਾਂ ਨੂੰ ਵਿਸ਼ੇਵਾਰ ਮੁੜ ਪ੍ਰਕਾਸ਼ਿਤ ਕਰ ਕੇ ਤਿਆਰ ਕੀਤੀਆਂ ਪੁਸਤਕਾਂ ਨੂੰ ਪਾਠਕਾਂ ਵੱਲੋਂ ਮਿਲੇ ਭਰਪੂਰ ਹੁੰਗਾਰੇ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸਾਹਿਤ ਕਦੇ ਪੁਰਾਣਾ ਨਹੀਂ ਹੁੰਦਾ। ਗੁਰਮਤਿ ਸਾਹਿਤ ਦੀ ਇਕ ਵਿਲੱਖਣ ਪਹਿਚਾਣ ਹੈ ਕਿ ਇਹ ਸਦ-ਜਾਗਤ ਵਿਚਾਰਧਾਰਾ ਨੂੰ ਰੂਪਮਾਨ ਕਰਦਾ ਹੋਇਆ, ਪ੍ਰੇਰਣਾਦਾਇਕ ਤੇ ਜਾਣਕਾਰੀ ਭਰਪੂਰ ਹੈ। 'ਵਡਾ ਪੁਰਖੁ ਪਰਗਟਿਆ' ਵਡ-ਅਕਾਰੀ ਪੁਸਤਕ ਹੁਣ ਤੱਕ ਤਿੰਨ ਐਡੀਸ਼ਨਾਂ ਵਿਚ ੪੨੦੦ ਦੀ ਗਿਣਤੀ ਵਿਚ ਛਪ ਕੇ ਪਾਠਕਾਂ ਤੱਕ ਪਹੁੰਚ ਚੁੱਕੀ ਹੈ ਜੋ ਕਿ ਪਾਠਕਾਂ ਦੀ ਕਦਰਦਾਨੀ ਦਾ ਪਰਿਣਾਮ ਹੈ। ਇਸ ਤੋਂ ਪਹਿਲੇ ਵੀ ਇਸੇ ਸੰਪਾਦਨਾ ਲੜੀ ਦੀ ਪੁਸਤਕ 'ਸਿੱਖ ਸੰਕਲਪ ਸਿਧਾਂਤ ਅਤੇ ਸੰਸਥਾਵਾਂ' ਦੇ ਵੀ ਦੋ ਐਡੀਸ਼ਨ ਛਪ ਚੁੱਕੇ ਹਨ। ਇਸ ਪੁਸਤਕ ਦੇ ਲੇਖਕ ਗੁਰਬਾਣੀ-ਵਿਆਖਿਆਕਾਰੀ, ਗੁਰਮਤਿ ਸਾਹਿਤ ਅਤੇ ਇਤਿਹਾਸ ਆਦਿ ਵੱਖ-ਵੱਖ ਵਿਸ਼ਿਆਂ ਬਾਰੇ ਸ਼ਰਧਾ- ਭਾਵਨਾ, ਦਲੀਲ ਤੇ ਦਿਲ ਤੋਂ ਵਿਚਾਰਾਂ ਵਿਚਾਰਦੇ ਹਨ। ਸਾਰੇ ਵਿਦਵਾਨ ਲੇਖਕ ਗੁਰਮਤਿ ਅਤੇ ਸਿੱਖ ਇਤਿਹਾਸ ਦੀ ਡੂੰਘੀ ਸੋਝੀ ਰੱਖਣ ਵਾਲੇ ਹਨ। ਲੇਖ ਪਾਠਕਾਂ ਦੀ ਸੁਰਤ ਨੂੰ ਧੁਰ ਅੰਦਰੋਂ ਟੁੰਬਦੇ ਹਨ। ਹਥਲੀ ਪੁਸਤਕ 'ਵਡਾ ਪੁਰਖੁ ਪਰਗਟਿਆ' ਆਮ ਪਾਠਕ ਤੋਂ ਲੈ ਕੇ ਯੂਨੀਵਰਸਿਟੀਆਂ ਦੇ ਖੋਜਾਰਥੀਆਂ ਤਕ ਲਈ ਇਕ ਹਵਾਲਾ ਪੁਸਤਕ ਦੇ ਤੌਰ 'ਤੇ ਮਦਦਗਾਰ ਸਾਬਤ ਹੋਈ ਹੈ। ਇਸ ਪੁਸਤਕ ਦੀ ਨਿਰੰਤਰ ਮੰਗ ਅਤੇ ਪਾਠਕਾਂ ਵੱਲੋਂ ਮਿਲੀ ਪ੍ਰਵਾਨਗੀ ਕਰਕੇ ਇਸਦਾ ਚੌਥਾ ਸੰਸਕਰਣ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਲੋੜ ਅਨੁਸਾਰ ਅਸੀਂ ਇਸ ਵਿਚ ਕੁੱਝ ਵਾਧਾ ਵੀ ਕੀਤਾ ਹੈ। ਆਸ ਹੈ ਕਿ ਸੁਹਿਰਦ ਪਾਠਕ ਇਸ ਤੋਂ ਨਿਰੰਤਰ ਲਾਹਾ ਲੈਂਦੇ ਹੋਏ ਸਾਨੂੰ ਕ੍ਰਿਤਾਰਥ ਕਰਨਗੇ।

ਨਵੰਬਰ, ੨੦੧੮

ਰੂਪ ਸਿੰਘ (ਡਾ.)

ਵਡਾ ਪੁਰਖੁ ਪਰਗਟਿਆ...

ਭਾਈ ਗੁਰਦਾਸ ਜੀ ਨੇ ਇਸ ਸੰਸਾਰ ਉੱਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਮਦ ਨੂੰ 'ਵਡਾ ਪੁਰਖੁ ਪਰਗਟਿਆ' ਕਹਿ ਕੇ ਗੁਰੂ ਨਾਨਕ ਸਾਹਿਬ ਦੇ 'ਪਰਤਖ ਹਰਿ' ਹੋਣ ਦਾ ਪ੍ਰਮਾਣ ਦਿੱਤਾ ਹੈ। ਭਾਰਤ ਅੰਦਰ ਸਦੀਆਂ ਤੋਂ ਰਾਜਸੀ ਅਤੇ ਧਾਰਮਿਕ ਗੁਲਾਮੀ ਕਾਰਣ ਦੁੱਖਾਂ ਕਲੇਸ਼ਾਂ ਵਿਚ ਫਸੀ ਲੋਕਾਈ ਦੇ ਦਿਲਾਂ ਵਿੱਚੋਂ ਹੈ-ਹੈ ਕਰਦੀਆਂ ਅਵਾਜ਼ਾਂ ਕਿਸੇ ਪਾਰ ਲੰਘਾਉਣ ਵਾਲੇ ਰਹਿਬਰ ਨੂੰ ਪੁਕਾਰ ਰਹੀਆਂ ਸਨ। ਅਜਿਹੇ ਅੰਧਕਾਰ ਦੇ ਸਮੇਂ ਧਰਤ ਲੁਕਾਈ ਨੂੰ ਸੋਧਣ ਲਈ ਅਕਾਲ ਪੁਰਖ ਨੇ ਵਡਾ ਪੁਰਖ (ਗੁਰੂ ਨਾਨਕ ਜੋਤਿ) ਦੇ ਰੂਪ ਵਿਚ ਪ੍ਰਗਟ ਹੋ ਕੇ ਕਲਜੁਗ ਅੰਦਰ ਗਿਆਨ ਰੂਪੀ ਜੋਤਿ ਦਾ ਪ੍ਰਕਾਸ਼ ਕੀਤਾ।

ਅਕਾਲ ਰੂਪ ਵਡਾ ਪੁਰਖ ਗੁਰੂ ਨਾਨਕ ਦੇਵ ਜੀ ਦੀ ਸਿੰਘ ਗਰਜ, 'ਬੁਕੇ ਸਿੰਘ ਉਦਿਆਨ ਮਹਿ' ਨੂੰ ਡਾ. ਇਕਬਾਲ ਜੀ ਨੇ ਬਹੁਤ ਖੂਬਸੂਰਤ ਸ਼ਬਦਾਂ ਵਿਚ ਬਿਆਨ ਕੀਤਾ ਹੈ:

ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ,
ਹਿੰਦ ਕੋ ਇਕ ਮਰਦੇ ਕਾਮਿਲ ਨੇ ਜਗਾਇਆ ਖ੍ਵਾਬ ਸੇ।

ਇਸ ਤੌਹੀਦ ਦੀ ਅਵਾਜ਼ ਨੂੰ ਘਰ-ਘਰ ਪਹੁੰਚਾਉਣ ਲਈ ਜਿੱਥੇ ਜਨਮਸਾਖੀ ਸਾਹਿਤ, ਨਾਨਕ ਪ੍ਰਕਾਸ਼, ਗੁਰੂ ਨਾਨਕ ਚਮਤਕਾਰ ਜਿਹੇ ਬੇਸ਼ਕੀਮਤੀ ਸਾਹਿਤ ਦੀ ਰਚਨਾ ਹੋਈ ਅਤੇ ਹੋਰ ਵੀ ਵਿਦਵਾਨਾਂ ਤੇ ਸੰਸਥਾਵਾਂ ਨੇ ਗੁਰੂ ਨਾਨਕ ਮਿਸ਼ਨ ਦੇ ਪ੍ਰਚਾਰ-ਪ੍ਰਸਾਰ ਲਈ ਆਪੋ-ਆਪਣੀ ਸਮਰੱਥਾ ਅਨੁਸਾਰ ਯੋਗਦਾਨ ਪਾਇਆ ਉੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਗੁਰੂ ਸਾਹਿਬਾਨ ਦੇ ਜੀਵਨ ਤੇ ਵਿਚਾਰਧਾਰਾ ਨੂੰ ਪ੍ਰਚਾਰਨ-ਪ੍ਰਸਾਰਨ ਲਈ ਨਿਰੰਤਰ ਯਤਨਸ਼ੀਲ ਹੈ ਅਤੇ ਕਈ ਨਵੇਂ ਪੈੜ ਸਥਾਪਿਤ ਕਰ ਰਹੀ ਹੈ।

ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਮਾਸਿਕ ਪੱਤਰ 'ਗੁਰਮਤਿ ਪ੍ਰਕਾਸ਼' ਰਾਹੀਂ ਗੁਰਬਾਣੀ, ਗੁਰ ਇਤਿਹਾਸ, ਗੁਰਮਤਿ ਦਰਸ਼ਨ, ਸਿੱਖ ਰਹਿਤ ਮਰਯਾਦਾ ਆਦਿ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਬਹੁਤ ਹੀ ਸੁਘੜ ਅਤੇ ਸੁਯੋਗ ਵਿਦਵਾਨਾਂ ਦੇ ਲੇਖ ਛਾਪ ਕੇ ਧਰਮ ਪ੍ਰਚਾਰ ਪ੍ਰਤੀ ਵਚਨਬੱਧਤਾ ਦਾ ਪ੍ਰਗਟਾਅ ੧੯੫੭ ਈ: ਤੋਂ ਨਿਰੰਤਰ ਕਰਦੀ ਆ ਰਹੀ ਹੈ। ਹੁਣ ਤਕ ਪ੍ਰੌੜ ਵਿਦਵਾਨਾਂ ਦੇ ਹਜ਼ਾਰਾਂ ਹੀ ਖੋਜ ਭਰਪੂਰ ਲੇਖ ਇਸ ਮਾਸਿਕ ਪੱਤਰ ਵਿਚ ਛਪ ਚੁੱਕੇ ਹਨ। ਇਨ੍ਹਾਂ ਦੁਰਲੱਭ ਲੇਖਾਂ ਨੂੰ ਮੁੜ ਸੰਪਾਦਿਤ ਕਰਵਾ ਕੇ ਪਾਠਕਾਂ ਦੀ ਪਹੁੰਚ-ਗੋਚਰਾ ਕਰਨ ਦਾ ਵਡਮੁੱਲਾ ਸੁਝਾਅ ਪੰਥ ਦੇ ਪ੍ਰਸਿੱਧ ਕਥਾਵਾਚਕ, ਭਾਈ ਸਾਹਿਬ ਭਾਈ, ਗਿਆਨੀ ਪਿੰਦਰਪਾਲ ਸਿੰਘ ਜੀ ਨੇ ਸਤਿਕਾਰਯੋਗ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਜੀ ਦੇ ਸਨਮੁਖ ਰੱਖਿਆ। ਪ੍ਰਧਾਨ ਸਾਹਿਬ ਇਸ ਸੁਝਾਅ ਨੂੰ ਪ੍ਰਵਾਨ ਕਰਦੇ ਹੋਏ 'ਗੁਰਮਤਿ ਪ੍ਰਕਾਸ਼' ਰਸਾਲੇ ਦੇ ਬਹੁਮੁੱਲੇ ਚੋਣਵੇਂ ਲੇਖਾਂ ਨੂੰ ਪੁਨਰ ਸੰਪਾਦਿਤ ਕਰਨ ਦੀ ਜ਼ਿੰਮੇਵਾਰੀ ਸਾਨੂੰ ਸੌਂਪ ਕੇ ਭਰਪੂਰ ਰਹਿਨੁਮਾਈ ਕਰ ਰਹੇ ਹਨ। ਅਸੀਂ ਇਨ੍ਹਾਂ

ਲੇਖਾਂ ਨੂੰ ਵਿਸ਼ੇਵਾਰ ਸੰਪਾਦਿਤ ਕਰਨ ਦੀ ਰੂਪ-ਰੇਖਾ ਉਲੀਕੀ ਅਤੇ ਜਿਸ ਦਾ ਫਲਸਰੂਪ ਪਹਿਲਾਂ ਦੋ ਪੁਸਤਕਾਂ *ਸਿੱਖ ਸੰਕਲਪ ਸਿਧਾਂਤ ਅਤੇ ਸੰਸਥਾਵਾਂ* ਅਤੇ *ਸਿੱਖ ਸੰਗਰਾਮ ਦੀ ਦਾਸਤਾਨ* ਧਰਮ ਪ੍ਰਚਾਰ ਕਮੇਟੀ ਰਾਹੀਂ ਪ੍ਰਕਾਸ਼ਿਤ ਕਰਵਾ ਕੇ ਪਾਠਕਾਂ ਦੇ ਸਨਮੁੱਖ ਭੇਟ ਕਰ ਚੁੱਕੇ ਹਾਂ। ਜਿਨ੍ਹਾਂ ਨੂੰ ਪਾਠਕਾਂ ਨੇ ਭਰਵਾਂ ਹੁੰਗਾਰਾ ਦੇ ਕੇ ਸਾਨੂੰ ਹੋਰ ਮਿਹਨਤ ਕਰਨ ਲਈ ਉਤਸ਼ਾਹਿਤ ਕੀਤਾ ਹੈ। ਹੁਣ ਇਸੇ ਪੁਸਤਕ ਲੜੀ ਤਹਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਗਟ ਦਿਹਾੜੇ ਨੂੰ ਸਮਰਪਿਤ **ਵਡਾ ਪੁਰਖੁ ਪਰਗਟਿਆ... (ਸ੍ਰੀ ਗੁਰੂ ਨਾਨਕ ਦੇਵ ਜੀ: ਜੀਵਨ-ਦਰਸ਼ਨ)** ਦਾ ਚੌਥਾ ਐਡੀਸ਼ਨ ਪਾਠਕਾਂ ਦੇ ਸਨਮੁਖ ਭੇਟ ਕਰ ਰਹੇ ਹਾਂ। ਇਸ ਪੁਸਤਕ ਵਿਚ ਅਸੀਂ ਯਤਨ ਕੀਤਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ-ਦਰਸ਼ਨ ਅਤੇ ਬਾਣੀ ਨਾਲ ਸੰਬੰਧਿਤ ਵੱਖ-ਵੱਖ ਵਿਸ਼ਿਆਂ ਦੇ ਲੇਖ ਇਕ ਜਗ੍ਹਾ ਸੰਗ੍ਰਹਿਤ ਕਰ ਸਕੀਏ। ਆਸ ਕਰਦੇ ਹਾਂ ਕਿ ਇਸ ਯਤਨ ਵਿਚ ਸਫਲ ਹੋਵਾਂਗੇ। ਪੰਥ ਦੇ ਸੁਘੜ ਤੇ ਨਾਮਵਰ ਵਿਦਵਾਨਾਂ ਦੁਆਰਾ ਸਮੇਂ-ਸਮੇਂ ਪ੍ਰਕਾਸ਼ਿਤ ਹੋਏ ਲੇਖਾਂ ਨੂੰ ਸੰਗ੍ਰਹਿਤ ਕਰਕੇ ਅਸੀਂ ਮਾਣ ਮਹਿਸੂਸ ਕਰ ਰਹੇ ਹਾਂ। ਸਮੂਹ ਵਿਦਵਾਨਾਂ ਦੇ ਵੀ ਅਸੀਂ ਰਿਣੀ ਹਾਂ ਜਿਨ੍ਹਾਂ ਦੇ ਲੇਖਾਂ ਨੂੰ ਇਸ ਪੁਸਤਕ ਦਾ ਸ਼ਿੰਗਾਰ ਬਣਾਇਆ ਹੈ। ਆਸ ਕਰਦੇ ਹਾਂ ਕਿ ਪਾਠਕ ਸਾਡੇ ਇਸ ਯਤਨ ਨੂੰ ਪ੍ਰਵਾਨ ਕਰਨਗੇ।

ਇਸ ਕਾਰਜ ਦੇ ਸੰਪੂਰਨ ਹੋਣ 'ਤੇ ਅਸੀਂ ਮਾਨਯੋਗ ਪ੍ਰਧਾਨ ਸਾਹਿਬ ਭਾਈ ਗੋਬਿੰਦ ਸਿੰਘ ਜੀ ਲੌਂਗੋਵਾਲ ਦੇ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਕਾਰਜ ਵਿਚ ਸਾਨੂੰ ਸੁਯੋਗ ਅਗਵਾਈ ਬਖਸ਼ ਕੇ ਸਾਡੀ ਹੌਸਲਾ-ਅਫਜ਼ਾਈ ਕੀਤੀ। ਗਿਆਨੀ ਪਿੰਦਰਪਾਲ ਸਿੰਘ ਜੀ ਦੇ ਵੀ ਅਸੀਂ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਸਿਰਫ਼ ਸੁਝਾਅ ਹੀ ਨਹੀਂ ਦਿੱਤਾ ਸਗੋਂ ਇਸ ਕਾਰਜ ਬਾਰੇ ਵਿਸ਼ੇਸ਼ ਰੁਚੀ ਦਿਖਾ ਕੇ ਸਾਨੂੰ ਇਹ ਕਾਰਜ ਕਰਨ ਲਈ ਉਤਸ਼ਾਹਿਤ ਅਤੇ ਪ੍ਰੇਰਿਤ ਕਰ ਰਹੇ ਹਨ। ਸ. ਬਲਵਿੰਦਰ ਸਿੰਘ ਜੌੜਾਸਿੰਘਾ, ਸਕੱਤਰ ਧਰਮ ਪ੍ਰਚਾਰ ਕਮੇਟੀ ਦੇ ਅਸੀਂ ਵਿਸ਼ੇਸ਼ ਧੰਨਵਾਦੀ ਹਾਂ, ਜਿਨ੍ਹਾਂ ਦੇ ਸਹਿਯੋਗ ਸਦਕਾ ਇਹ ਪੁਸਤਕ ਪਾਠਕਾਂ ਦੇ ਸਨਮੁਖ ਭੇਟ ਕਰ ਰਹੇ ਹਾਂ। ਅਸੀਂ ਆਪਣੇ ਦਫ਼ਤਰੀ ਸਟਾਫ਼, ਗੋਲਡਨ ਆਫਸੈਟ ਪ੍ਰੈਸ ਅਤੇ ਸਾਰੇ ਸਹਿਯੋਗੀ ਸੱਜਣਾਂ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਸਾਨੂੰ ਸਨੇਹ ਭਰਿਆ ਸਹਿਯੋਗ ਦਿੱਤਾ।

ਆਪਣੇ ਸਹਿਯੋਗੀ ਸੰਪਾਦਕਾਂ ਡਾ. ਰਣਜੀਤ ਕੌਰ ਪੰਨਵਾਂ, ਡਾ. ਅਮਰਜੀਤ ਕੌਰ, ਸ. ਅਪਿੰਦਰ ਸਿੰਘ ਅਤੇ ਸ. ਸਤਵਿੰਦਰ ਸਿੰਘ ਫੂਲਪੁਰ ਹੁਰਾਂ ਦਾ ਬਹੁਤ ਮਸ਼ਕੂਰ ਹਾਂ ਜਿਨ੍ਹਾਂ ਇਸ ਪੁਸਤਕ ਨੂੰ ਤਿਆਰ ਕਰਨ ਵਿਚ ਮਿਹਨਤ, ਲਗਨ ਅਤੇ ਪੂਰਨ ਸੁਹਿਰਦਤਾ ਦਾ ਪ੍ਰਮਾਣ ਦਿੱਤਾ ਹੈ।

ਸਾਡੇ ਸੁਹਿਰਦ ਪਾਠਕ ਇਸ ਪੁਸਤਕ ਸੰਬੰਧੀ ਜੇਕਰ ਕੋਈ ਸੁਝਾਅ ਦੇ ਸਕਣ ਤਾਂ ਸੁਝਾਵਾਂ ਨੂੰ ਅਸੀਂ ਪ੍ਰਵਾਨ ਕਰਾਂਗੇ। ਸਾਨੂੰ ਪੂਰਨ ਭਰੋਸਾ ਹੈ ਕਿ ਇਹ ਪੁਸਤਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਵਿਚਾਰਧਾਰਾ ਬਾਰੇ ਜਗਿਆਸਾ ਰੱਖਣ ਵਾਲੇ ਪਾਠਕਾਂ ਲਈ ਬਹੁਤ ਲਾਭਕਾਰੀ ਸਿੱਧ ਹੋਵੇਗੀ ਅਤੇ ਭਾਈ ਗੁਰਦਾਸ ਜੀ ਦੇ ਬਚਨ 'ਘਰਿ ਘਰਿ ਬਾਬਾ ਗਾਵੀਐ' ਨੂੰ ਕਾਫੀ ਹੱਦ ਤਕ ਸਾਕਾਰ ਕਰੇਗੀ।

ਨਵੰਬਰ, ੨੦੧੯

ਸੰਪਾਦਕ

ਜੀਵਨ

ਤੇ

ਸ਼ਖ਼ਸੀਅਤ

ਗੁਰੂ ਨਾਨਕ ਦੇਵ ਜੀ ਦੀ ਆਮਦ ਤੋਂ ਪਹਿਲਾਂ ਪੰਜਾਂ ਦਰਿਆਵਾਂ ਦਾ ਦੇਸ਼ ਪੰਜਾਬ

ਪੰਜਾਂ ਦਰਿਆਵਾਂ ਦੀਆਂ ਹੱਦਾਂ ਦੇ ਵਿਚਕਾਰ ਪੈਂਦੀ ਇਸ ਧਰਤੀ ਨੂੰ ਵਿਦੇਸ਼ੀ ਹਮਲਾਵਰਾਂ ਨੇ 'ਪੰਜਾਬ' ਦਾ ਨਾਮ ਦਿੱਤਾ। ਵੱਖ-ਵੱਖ ਕਾਲਾਂ ਵਿਚ ਇਸ ਖੇਤਰ ਨੂੰ ਅੱਡ-ਅੱਡ ਨਾਵਾਂ ਨਾਲ ਜਾਣਿਆ ਜਾਂਦਾ ਸੀ, ਪਰ ਇੱਥੋਂ ਦੇ ਬਾਸ਼ਿੰਦਿਆਂ ਨੂੰ 'ਪੰਜਾਬ' ਨਾਮ ਪਿਆਰਾ ਲੱਗਾ ਤੇ ਉਨ੍ਹਾਂ ਇਸ ਨਾਮ ਨਾਲ ਹਮੇਸ਼ਾ ਲਈ ਆਪਣਾ ਨਾਤਾ ਜੋੜ ਲਿਆ। ਪਰਮਾਤਮਾ ਨੇ ਵੀ ਇਸ ਧਰਤੀ ਨੂੰ ਦੁਨੀਆਂ ਦਾ ਸਭ ਤੋਂ ਲਾਸਾਨੀ 'ਦੈਵੀ' ਤੇ ਰੱਤ ਡੋਲ੍ਹਵਾਂ ਇਤਿਹਾਸ ਸਿਰਜਨ ਦਾ ਮਾਣ ਬਖਸ਼ਿਆ। ਜਿਥੇ ਅਧਿਆਤਮਿਕ ਪੱਖ ਤੋਂ ਇਸ ਧਰਤੀ ਉਪਰ ਜਗਤ ਦੇ ਸਰਵ-ਉੱਚ ਧਰਮ ਗ੍ਰੰਥਾਂ ਦੀ ਸਿਰਜਨਾ ਹੋਈ ਤੇ ਦੂਜੇ ਪਾਸੇ ਖ਼ੂਬਸੂਰਤੀ, ਖ਼ੁਸ਼ਹਾਲੀ ਤੇ ਆਰਥਿਕ ਅਮੀਰੀ ਨੇ ਇਸ ਧਰਤੀ ਨੂੰ ਲੁੱਟ ਦਾ ਕੇਂਦਰ ਵੀ ਬਣਾਇਆ। ਕਿਸੇ ਨੇ ਪੂਰੀ ਦੁਨੀਆਂ ਜਿੱਤਣ ਦੇ ਮਨਸੂਬੇ ਨਾਲ ਇਸ ਉੱਪਰ ਹਮਲਾ ਕੀਤਾ ਤੇ ਕਿਸੇ ਨੇ ਜਹਾਦ ਦੇ ਨਾਮ ਹੇਠ ਇਸ ਨੂੰ ਲੁੱਟਿਆ। ਲੁੱਟਾਂ ਦਾ ਸਿਲਸਿਲਾ ਖਤਮ ਕਰਨ ਤੇ ਪਰਮਾਤਮਾ ਦੇ ਦੈਵੀ ਪੈਗਾਮ ਨੂੰ ਪ੍ਰਚਾਰਨ ਲਈ ਗੁਰੂ ਨਾਨਕ ਜੋਤ ਇਸ ਧਰਤੀ 'ਤੇ ਪ੍ਰਗਟ ਹੋਈ। ਇਸ ਦੈਵੀ ਜੋਤ ਦੇ ਪ੍ਰਗਟ ਹੋਣ ਤੋਂ ਪਹਿਲਾਂ ਇਸ ਧਰਤੀ ਉਪਰ ਜੋ ਵਾਪਰਿਆ, ਉਸ ਬਾਰੇ ਇਸ ਲੇਖ ਵਿਚ ਸੰਖੇਪ ਰੂਪ ਵਿਚ ਵਿਚਾਰ ਕਰਾਂਗੇ।

ਆਰੀਅਨ ਲੋਕਾਂ ਨੇ ਸਭ ਤੋਂ ਪਹਿਲਾਂ ਇਸ ਧਰਤੀ ਦੇ ਮੂਲ ਵਾਸੀਆਂ (ਦ੍ਰਾਵਿੜਾਂ) ਨੂੰ ਹਰਾ ਕੇ ਹਮੇਸ਼ਾ ਲਈ ਇਸ ਦੇਸ਼ ਨੂੰ ਆਪਣਾ ਬਸੇਰਾ ਬਣਾ ਲਿਆ। ਆਰੀਅਨ ਦੀ ਆਮਦ ਤੋਂ ਲੈ ਕੇ ਈਸਾ ਪੂਰਵ ਚੌਥੀ ਸਦੀ ਤੱਕ ਕਿਸੇ ਵਿਦੇਸ਼ੀ ਤਾਕਤ ਨੇ ਇਸ ਧਰਤੀ ਉਪਰ ਹਮਲਾ ਨਾ ਕੀਤਾ। ਈਸਾ ਪੂਰਵ 5ਵੀਂ ਸਦੀ ਦੌਰਾਨ ਪਰਸੀਅਨ ਰਾਜੇ ਦਾਰੁਸ, 326 ਈ. ਪੂ. ਵਿਚ ਸਿਕੰਦਰ ਅਤੇ 305 ਈ. ਪੂ. ਵਿਚ ਸਲੀਊਕਸ ਸਿਕੰਦਰ ਨੇ ਬੈਕਟੀਰੀਅਨ ਸੈਨਾ ਨਾਲ ਇੱਥੇ ਹਮਲਾ ਕੀਤਾ। ਇਸ ਤੋਂ ਬਾਅਦ ਯੂਨਾਨੀ ਬੈਕਟੀਰੀਅਨ ਨੇ ਲਗਪਗ 2 ਸਦੀਆਂ ਤੱਕ ਇਸ ਧਰਤੀ ਉਪਰ ਰਾਜ ਕੀਤਾ। ਅਸ਼ੋਕ ਸਮਰਾਟ ਨੇ ਬੈਕਟੀਰੀਅਨ ਸੈਨਾ ਨੂੰ ਹਰਾ ਕੇ ਲਗਪਗ ਸਾਰੇ ਭਾਰਤ ਉੱਪਰ ਆਪਣਾ ਰਾਜ ਸਥਾਪਿਤ ਕੀਤਾ। ਈਸਾ ਪੂਰਵ ਦੂਜੀ ਸਦੀ ਤੋਂ ਲੈ ਕੇ ਸਤਵੀਂ ਸਦੀ ਤੱਕ ਸ਼ੱਕ, ਪਰਸੀਅਨ, ਕੁਸ਼ਾਨ ਅਤੇ ਹੂਨ ਆਦਿ ਵੱਖ-ਵੱਖ ਹਮਲਾਵਰਾਂ ਨੇ ਇਸ ਧਰਤੀ ਉੱਪਰ ਹਮਲੇ ਕੀਤੇ।[1]

7ਵੀਂ ਸਦੀ ਦੇ ਅਰੰਭ ਦੌਰਾਨ ਅਰਬ ਵਿਚ ਹਜ਼ਰਤ ਮੁਹੰਮਦ ਸਾਹਿਬ ਅੱਲਾ ਦੇ ਪੈਗਾਮ ਰਾਹੀਂ ਕਬਾਇਲੀ ਲੋਕਾਂ ਨੂੰ ਸੰਗਠਿਤ ਕਰਕੇ ਇਸਲਾਮ ਦੇ ਧਾਰਨੀ ਬਣਾ ਰਹੇ ਸਨ। ਇਸਲਾਮ

ਧਰਮ ਨੇ ਕਬਾਇਲੀ ਲੋਕਾਂ ਨੂੰ ਬੁੱਤ ਪ੍ਰਸਤੀ ਤੋਂ ਹਟਾ ਕੇ ਇਕ ਪਰਮਾਤਮਾ ਵਿਚ ਵਿਸ਼ਵਾਸ ਦੇ ਧਾਰਨੀ ਬਣਾ ਦਿੱਤਾ। ਹਜ਼ਰਤ ਮੁਹੰਮਦ ਨੇ ਇਸਲਾਮ ਨੂੰ ਪ੍ਰਚਾਰਣ ਲਈ ਵੱਖ-ਵੱਖ ਸਿਧਾਂਤ ਬਣਾਏ। ਜਹਾਦ ਇਨ੍ਹਾਂ ਸਿਧਾਂਤਾਂ ਵਿਚੋਂ ਇਕ ਪ੍ਰਮੁਖ ਸਿਧਾਂਤ ਸੀ।[2] ਮੁਹੰਮਦ ਸਾਹਿਬ ਦੁਆਰਾ ਦਿੱਤੇ ਧਰਮ ਯੁੱਧ (ਜਹਾਦ) ਦੇ ਸਿਧਾਂਤ ਦੇ ਅਸਲ ਭਾਵ ਨੂੰ ਭੁੱਲ ਕੇ ਮੁਸਲਿਮ ਹਮਲਾਵਰ ਇਸ ਸਿਧਾਂਤ ਨੂੰ ਸ੍ਵੈ ਹਿੱਤ ਲਈ ਵਰਤਣ ਲੱਗ ਪਏ। ਉਨ੍ਹਾਂ ਨੇ ਗ਼ੈਰ ਇਸਲਾਮੀ ਮੁਲਕਾਂ ਵਿਚ ਇਸਲਾਮ ਨੂੰ ਪ੍ਰਚਾਰਣ ਦੇ ਨਾਮ ਹੇਠ ਨਿਰੰਤਰ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਪੰਜਾਬ ਦੀ ਇਸ ਧਰਤੀ ਉਪਰ ਵੀ ਕਤਲੋ-ਗਾਰਤ, ਲੁੱਟ-ਖਸੁੱਟ ਦਾ ਤਾਂਡਵ ਹੋਣ ਲੱਗਾ। ਮੁਹੰਮਦ ਬਿਨ ਕਾਸਿਮ ਨੇ 712 ਈ. ਵਿਚ ਸਿੰਧ ਉੱਪਰ ਪਹਿਲਾ ਹਮਲਾ ਕਰਕੇ, ਦੂਸਰੇ ਮੁਸਲਿਮ ਹਮਲਾਵਰਾਂ ਲਈ ਇਸ ਦੇਸ਼ ਨੂੰ ਲੁੱਟਣ ਦਾ ਰਾਹ ਖੋਲ੍ਹਿਆ।[3] ਮੁਹੰਮਦ ਗੌਰੀ, ਮਹਿਮੂਦ ਗਜਨੀ, ਕੁਤਬ-ਦੀਨ-ਐਬਕ, ਅਲਤਮਸ, ਮੁਹੰਮਦ ਬਿਨ ਤੁਗਲਕ ਤੇ ਲੋਧੀ ਸ਼ਾਸਕਾਂ ਦੁਆਰਾ ਪੰਜਾਂ ਦਰਿਆਵਾਂ ਦੇ ਦੇਸ਼ ਅੰਦਰ ਧਰਮ ਦੇ ਨਾਮ ਹੇਠ ਕੀਤੀ ਕਤਲੋਗਾਰਤ, ਪੱਖਪਾਤੀ ਰਵੱਈਆ ਹੇਠ ਦਿੱਤੀਆਂ ਟਿਪਣੀਆਂ ਤੋਂ ਸਿੱਧ ਹੁੰਦਾ ਹੈ।

ਗਜਨੀ ਦੇ ਬਾਦਸ਼ਾਹ, ਸਹਾਬ-ਉ-ਦੀਨ ਮੁਹੰਮਦ ਗੌਰੀ ਨੇ ਅਜਮੇਰ ਅਤੇ ਦਿੱਲੀ ਦੇ ਰਾਜੇ ਪ੍ਰਿਥਵੀ ਰਾਜ ਚੌਹਾਨ (1192) ਨੂੰ ਮਾਰ ਕੇ ਹਿੰਦੋਸਤਾਨ ਵਿਚ ਇਸਲਾਮਿਕ ਰਾਜ ਦੀ ਨੀਂਹ ਰੱਖੀ। ਉਸਨੇ ਅਜਮੇਰ ਦੇ ਹਜ਼ਾਰਾਂ ਵਸਨੀਕਾਂ (ਜਿਨ੍ਹਾਂ ਨੇ ਉਸ ਦਾ ਵਿਰੋਧ ਕੀਤਾ ਸੀ) ਨੂੰ ਗ਼ੁਲਾਮ ਬਣਾ ਲਿਆ। ਬਨਾਰਸ ਉਪਰ ਜਿੱਤ ਤੋਂ ਬਾਅਦ ਬਹੁਤ ਸਾਰੇ ਹਿੰਦੂਆਂ ਨੂੰ ਕਤਲ ਕਰ ਦਿੱਤਾ ਗਿਆ। ਹਸਨਨਿਜਾਮ-ਏ-ਨਾਇਸ਼ਪੁਰੀ, ਪੁਸਤਕ 'ਤਾਜ-ਉਲ-ਮਾਸ਼ੀਰ' ਵਿਚ ਬਿਆਨ ਕਰਦਾ ਹੈ ਕਿ ਕੁਤਬ ਦੀਨ ਐਬਕ (1206-1210) ਨੇ ਜਦੋਂ ਮੇਰਠ ਨੂੰ ਜਿੱਤਿਆ ਤਾਂ ਉਸ ਨੇ ਸ਼ਹਿਰ ਦੇ ਸਾਰੇ ਮੰਦਰ ਤਬਾਹ ਕਰਕੇ ਉਨ੍ਹਾਂ ਥਾਵਾਂ ਉੱਪਰ ਮਸਜਿਦਾਂ ਉਸਾਰ ਦਿੱਤੀਆਂ। ਕੋਲ ਸ਼ਹਿਰ (ਮੌਜੂਦਾ ਅਲੀਗੜ੍ਹ) ਦੇ ਹਿੰਦੂਆਂ ਨੂੰ ਤਲਵਾਰ ਦੇ ਜ਼ੋਰ ਨਾਲ ਮੁਸਲਮਾਨ ਬਣਾ ਦਿੱਤਾ, ਜਿਸ ਵੀ ਹਿੰਦੂ ਨੇ ਇਸਲਾਮ ਕਬੂਲਣ ਤੋਂ ਨਾਂਹ ਕੀਤੀ ਉਸ ਦਾ ਸਿਰ ਧੜ ਤੋਂ ਅੱਡ ਕਰ ਦਿੱਤਾ। ਕਾਲਿੰਜ਼ਰ ਸ਼ਹਿਰ ਦੇ 113 ਮੰਦਰਾਂ ਨੂੰ ਢਾਹ ਕੇ ਉਨ੍ਹਾਂ ਦੀ ਥਾਂ ਮਸਜਿਦਾਂ ਉਸਾਰ ਦਿੱਤੀਆਂ ਗਈਆਂ। ਇਕ ਲੱਖ ਦੇ ਕਰੀਬ ਹਿੰਦੂਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਤੇ ਪੰਜਾਹ ਹਜ਼ਾਰ ਦੇ ਕਰੀਬ ਹਿੰਦੂਆਂ ਨੂੰ ਗ਼ੁਲਾਮ ਬਣਾ ਲਿਆ। ਮਿਨਹਾਜ-ਉਲ-ਸ਼ੀਰਾਜ 'ਤਵਾਰੀਖ਼ ਤਬਾਕਤ-ਏ-ਨਾਸੀਰੀ' ਵਿਚ ਲਿਖਦਾ ਹੈ ਕਿ ਮੁਹੰਮਦ ਬਖ਼ਤਿਆਰ ਖਿਲਜੀ ਨੇ ਬਿਹਾਰ ਉੱਪਰ ਹਮਲਾ ਕਰਕੇ ਤਕਰੀਬਨ ਇਕ ਲੱਖ ਦੇ ਕਰੀਬ ਬ੍ਰਾਹਮਣਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਤੇ ਪ੍ਰਾਚੀਨ ਸੰਸਕ੍ਰਿਤ ਗ੍ਰੰਥਾਂ ਦੀ ਇਕ ਬਹੁਤ ਕੀਮਤੀ ਲਾਇਬ੍ਰੇਰੀ ਵੀ ਸਾੜ ਦਿੱਤੀ।[4]

ਅਬਦੁਲਾ ਵਸਫ, 'ਤਜਾਰੀਈਅਤ-ਉਲ-ਅਸਰ' ਵਿਚ ਲਿਖਦਾ ਹੈ ਕਿ ਜਦੋਂ ਅਲਾਉ-ਦੀਨ-ਖਿਲਜੀ ਨੇ ਕਮਬਾਇਤ ਸ਼ਹਿਰ ਨੂੰ ਆਪਣੇ ਅਧੀਨ ਕੀਤਾ ਤਾਂ ਉਸ ਨੇ ਬਾਲਗ ਹਿੰਦੂਆਂ ਨੂੰ ਇਸਲਾਮ ਦੀ ਵਡਿਆਈ ਕਾਰਣ ਮੌਤ ਦੇ ਘਾਟ ਉਤਾਰ ਦਿੱਤਾ ਤੇ ਵੀਹ ਹਜ਼ਾਰ ਦੇ ਕਰੀਬ ਔਰਤਾਂ ਨੂੰ ਆਪਣੀਆਂ ਦਾਸੀਆਂ ਬਣਾ ਲਿਆ।[5]

ਮੁਸਲਿਮ ਸ਼ਾਸਕਾਂ ਨੇ ਹਿੰਦੂਆਂ ਉੱਪਰ ਕਈ ਤਰ੍ਹਾਂ ਦੀਆਂ ਧਾਰਮਿਕ ਪਾਬੰਦੀਆਂ ਵੀ ਲਗਾਈਆਂ ਹੋਈਆਂ ਸਨ। ਫ਼ਤਵਾ-ਏ-ਆਲਮਗੀਰੀ ਨੇ ਐਲਾਨ ਕੀਤਾ ਸੀ ਕਿ ਹਿੰਦੂਆਂ ਨੂੰ ਮੁਸਲਮਾਨਾਂ

ਦੀ ਤਰ੍ਹਾਂ ਭੇਸ ਨਹੀਂ ਬਣਾਉਣਾ ਚਾਹੀਦਾ। ਵੱਖਰੀ ਪਹਿਚਾਣ ਦੇ ਲਈ ਉਨ੍ਹਾਂ ਨੂੰ ਆਪਣੇ ਕੱਪੜਿਆਂ ਦੇ ਨਾਲ ਇਕ ਟਾਕੀ ਲਗਾਉਣੀ ਪੈਂਦੀ ਸੀ। ਉਨ੍ਹਾਂ ਨੂੰ ਸਿਰ ਉੱਪਰ ਪੱਗੜੀ ਬੰਨ੍ਹਣ ਦਾ ਵੀ ਅਧਿਕਾਰ ਨਹੀਂ ਸੀ।[6] ਡਾ. K.A. Nizami ਲਿਖਦੇ ਹਨ ਕਿ ਹਿੰਦੂਆਂ ਨੂੰ ਵਧੀਆ ਕੱਪੜੇ ਪਹਿਨਣ, ਘੋੜ ਸਵਾਰੀ ਕਰਨ ਤੇ ਹਥਿਆਰ ਰੱਖਣ ਦਾ ਅਧਿਕਾਰ ਨਹੀਂ ਸੀ।[7] 'ਖੁਲਾਸਤੁਤ ਤਵਾਰੀਖ਼' ਦਾ ਕਰਤਾ ਸੁਜਾਨ ਰਾਏ ਭੰਡਾਰੀ ਲਿਖਦਾ ਹੈ ਕਿ ਉਸ ਸਮੇਂ ਹਿੰਦੂਆਂ ਦੀਆਂ ਪੁਸਤਕਾਂ ਸਾੜ ਦਿੱਤੀਆਂ ਜਾਂਦੀਆਂ ਸਨ ਜਾਂ ਪਾਣੀ ਵਿਚ ਸੁੱਟ ਦਿੱਤੀਆਂ ਜਾਂਦੀਆਂ ਸਨ,[8] ਹਾਲਾਤ ਇੱਥੋਂ ਤੱਕ ਵਿਗੜ ਚੁੱਕੇ ਸਨ ਕਿ ਹਿੰਦੂ ਆਪਣੇ ਘਰਾਂ ਵਿਚ ਵੀ ਆਪਣੇ ਆਪ ਨੂੰ ਆਜ਼ਾਦ ਮਹਿਸੂਸ ਨਹੀਂ ਸਨ ਕਰਦੇ।[9] ਡਾ. ਸ੍ਰੀਵਾਸਤਵ ਦੇ ਅਨੁਸਾਰ ਅਲਾਉ-ਦੀਨ ਖਿਲਜੀ, ਫਿਰੋਜ਼ ਸ਼ਾਹ ਤੁਗਲਕ ਅਤੇ ਸਿਕੰਦਰ ਲੋਧੀ ਦੇ ਰਾਜ ਵਿਚ ਹਿੰਦੂਆਂ ਨੂੰ ਵਧੀਆ ਕੱਪੜੇ ਪਾਉਣ ਤੇ ਘੋੜ ਸਵਾਰੀ ਦੀ ਮਨਾਹੀ ਸੀ। ਉਨ੍ਹਾਂ ਨੂੰ ਨਵੇਂ ਮੰਦਰ ਬਣਾਉਣ ਤੇ ਪੁਰਾਣਿਆਂ ਦੀ ਮੁਰੰਮਤ ਕਰਾਉਣ ਦੀ ਵੀ ਆਗਿਆ ਨਹੀਂ ਸੀ।[10] ਮਥੁਰਾ ਵਿਖੇ ਕੇਸ਼ਵ ਦੇਵ ਦਾ ਮੰਦਰ ਮੁਹੰਮਦ ਤੁਗਲਕ ਦੁਆਰਾ ਨੀਂਹਾਂ ਤੋਂ ਪੁੱਟਵਾ ਦਿੱਤਾ ਗਿਆ ਜਦੋਂ ਇਹ ਦੁਬਾਰਾ ਤਿਆਰ ਹੋਇਆ ਤਾਂ ਫਿਰ ਸਿਕੰਦਰ ਲੋਧੀ ਨੇ ਇਸ ਨੂੰ ਤਬਾਹ ਕਰ ਦਿੱਤਾ।[11]

ਮਹਿਮੂਦ ਗਜ਼ਨਵੀ ਦੁਆਰਾ ਸੋਮਨਾਥ ਮੰਦਰ ਦੀ ਲੁੱਟ ਦੇ ਕਿੱਸੇ ਇਸ ਦੇਸ਼ ਦੇ ਲੋਕਾਂ ਦੀ ਸਿਮਰਤੀ ਦਾ ਹਿੱਸਾ ਬਣ ਚੁੱਕੇ ਹਨ। ਅਲਤਮਸ ਨੇ ਤਿੰਨ ਸੌ ਸਾਲਾ ਪੁਰਾਣਾ ਮਹਾਂਕਾਲੀ ਮੰਦਰ ਨੀਂਹਾਂ ਤੱਕ ਪੁਟਵਾਂ ਕੇ ਉਸ ਵਿਚਲੀਆਂ ਮੂਰਤੀਆਂ ਪੈਰਾਂ ਹੇਠ ਲਤਾੜਨ ਲਈ ਦਿੱਲੀ ਦੀ ਜਾਮਾ ਮਸਜਿਦ ਦੇ ਲਾਂਘੇ ਵਿਚ ਗਡਵਾ ਦਿੱਤੀਆਂ।[12] ਭਾਵੇਂ ਸੁਲੇਤਾਨ ਫਿਰੋਜ਼ ਸ਼ਾਹ ਤੁਗਲਕ ਹਿੰਦੂ ਰਾਜਪੂਤ ਮਾਤਾ ਦੀ ਕੁੱਖੋਂ ਪੈਦਾ ਹੋਇਆ ਸੀ ਪਰੰਤੂ ਉਸ ਨੂੰ ਆਪਣੀ ਮਾਂ ਦੇ ਧਰਮ ਨਾਲ ਕੋਈ ਲਗਾਉ ਨਹੀਂ ਸੀ। ਉਸ ਦੁਆਰਾ ਨਗਰ ਕੋਟ ਤੇ ਜਵਾਲਾਮੁਖੀ ਦੀਆਂ ਪ੍ਰਸਿੱਧ ਮੂਰਤੀਆਂ ਢਹਿ-ਢੇਰੀ ਕਰਕੇ ਝਟਕਈਆਂ ਨੂੰ ਭਾਰ ਤੋਲਣ ਲਈ ਦੇ ਦਿੱਤੀਆਂ ਗਈਆਂ।[13]

ਫਿਰੋਜ਼ ਸ਼ਾਹ ਤੁਗਲਕ ਦੀ ਤਰ੍ਹਾਂ ਸਿਕੰਦਰ ਲੋਧੀ ਵੀ ਹਿੰਦੂ ਸੁਨਿਆਰੀ ਮਾਂ ਦੀ ਕੁੱਖੋਂ ਜੰਮਿਆ ਸੀ, ਪਰ ਉਸ ਨੂੰ ਵੀ ਆਪਣੀ ਮਾਂ ਦੇ ਧਰਮ ਨਾਲ ਕੋਈ ਜਜ਼ਬਾਤੀ ਲਗਾਉ ਨਹੀਂ ਸੀ।[14] ਉਸ ਦੁਆਰਾ ਤਬਾਹ ਕੀਤੇ ਗਏ ਹਿੰਦੂ ਮੰਦਰਾਂ ਤੋਂ ਉਸ ਦੀ ਇਸਲਾਮ ਪ੍ਰਸਤੀ ਪ੍ਰਤੱਖ ਜ਼ਾਹਿਰ ਹੁੰਦੀ ਹੈ। 'ਤਾਰੀਖ਼-ਏ-ਦਾਉਦੀ' ਦਾ ਕਰਤਾ ਲਿਖਦਾ ਹੈ ਕਿ ਉਸਨੇ ਕਾਫਰਾਂ ਦੇ ਬਹੁਤ ਸਾਰੇ ਮੰਦਰ ਤਬਾਹ ਕਰ ਦਿੱਤੇ, ਉਨ੍ਹਾਂ ਮੰਦਰਾਂ ਦਾ ਕੋਈ ਚਿੰਨ੍ਹ ਤੱਕ ਵੀ ਬਾਕੀ ਨਾ ਰਹਿਣ ਦਿੱਤਾ। ਉਸਨੇ ਮਥੁਰਾ ਦੇ ਸਾਰੇ ਮੰਦਰ ਤਬਾਹ ਕਰਕੇ, ਉਨ੍ਹਾਂ ਦੀ ਥਾਂ ਸਰਾਵਾਂ ਤੇ ਪੜ੍ਹਨ ਲਈ ਮਦਰੱਸੇ ਉਸਾਰ ਦਿੱਤੇ। ਪੱਥਰ ਦੀਆਂ ਮੂਰਤੀਆਂ ਝਟਕਈਆਂ (ਮੀਟ ਵੇਚਣ ਵਾਲਿਆਂ) ਨੂੰ ਭਾਰ ਤੋਲਣ ਲਈ ਦੇ ਦਿੱਤੀਆਂ।[15] ਸਿਕੰਦਰ ਲੋਧੀ ਲਿਖਦਾ ਹੈ ਕਿ 'ਮੈਂ 432000 ਕਾਫਰਾਂ ਨੂੰ ਮੋਮਨ ਬਣਾਇਆ ਅਤੇ 263000 ਹਿੰਦੂ ਕਤਲ ਕੀਤੇ।[16] ਮਥੁਰਾ ਦੇ ਸਾਰੇ ਹਿੰਦੂਆਂ ਨੂੰ ਸਿਰ ਦੇ ਵਾਲ, ਦਾੜ੍ਹੀ ਕਟਵਾਉਣ ਤੇ ਤੀਰਥ ਇਸ਼ਨਾਨ ਕਰਨ ਦੀ ਸਖਤ ਮਨਾਹੀ ਸੀ। ਇੱਥੋਂ ਤੱਕ ਕਿ ਮਥੁਰਾ ਵਿਚ ਵਾਲ ਕੱਟਣ ਲਈ ਕੋਈ ਨਾਈ ਤੱਕ ਨਹੀਂ ਸੀ ਮਿਲਦਾ।[17] ਸਿਕੰਦਰ ਲੋਧੀ ਨੇ ਇਕ ਬੋਧਨ ਬ੍ਰਾਹਮਣ ਦਾ ਇਸ ਲਈ ਕਤਲ ਕਰਵਾ ਦਿੱਤਾ ਕਿਉਂਕਿ ਉਸ ਨੇ ਸ਼ਰੇਆਮ ਇਹ ਕਹਿਣ ਦੀ ਜੁਅਰਤ ਕੀਤੀ ਸੀ ਕਿ ਇਸਲਾਮ ਦੀ ਤਰ੍ਹਾਂ ਦੂਜੇ ਧਰਮ ਵੀ ਸੱਚੇ ਹਨ।[18] ਅਬਦੁਲ ਮਜੀਦ

ਖਾਨ ਲੋਧੀ, ਸਲਤਨਤ ਬਾਰੇ ਲਿਖਦਾ ਹੈ ਕਿ ਉਸ ਕਾਲ ਵਿਚ ਬੜੇ ਭਿਆਨਕ ਕਤਲ ਹੁੰਦੇ ਸਨ, ਲੁੱਟਾਂ-ਖੋਹਾਂ, ਡਾਕੇ ਆਮ ਸਨ। ਇਸ ਰਾਜ ਵਿਚ ਸਨਮਾਨ, ਨਿਆਂ ਤੇ ਵਫ਼ਾਦਾਰੀ ਖ਼ੀਦੇ ਤੇ ਵੇਚੇ ਜਾਂਦੇ ਸਨ।[19]

ਇਥੇ ਇਹ ਤੱਥ ਵਿਚਾਰਯੋਗ ਹੈ ਕਿ ਅਜਿਹੇ ਕਿਹੜੇ ਕਾਰਣ ਸਨ ਜਿਸ ਕਰਕੇ ਮੁਸਲਿਮ ਹਾਕਮਾਂ ਨੇ ਹਿੰਦੂਆਂ ਉਪਰ ਬੇਇੰਤਹਾ ਅੱਤਿਆਚਾਰ ਕੀਤੇ ? ਉਨ੍ਹਾਂ ਨੂੰ ਮਜਬੂਰਨ ਜਾਂ ਜਬਰੀ ਇਸਲਾਮ ਵਿਚ ਪਰਿਵਰਤਨ ਕਿਉਂ ਕੀਤਾ ਗਿਆ ? ਹਿੰਦੂ ਰਾਜਿਆਂ ਨੇ ਇਸਲਾਮਿਕ ਦੇਸ਼ਾਂ ਨੂੰ ਲੁਟਣ ਬਾਰੇ ਕਿਉਂ ਨਾ ਸੋਚਿਆ ?

ਸਭ ਤੋਂ ਪਹਿਲਾਂ ਅਸੀਂ ਇਸ ਤੱਥ ਬਾਰੇ ਵਿਚਾਰ ਕਰਾਂਗੇ ਕਿ ਹਿੰਦੂ ਰਾਜਿਆਂ ਨੇ ਦੂਜੇ ਦੇਸ਼ਾਂ ਵਿਚ ਆਪਣਾ ਰਾਜ ਵਿਸਥਾਰ ਕਰਨ ਬਾਰੇ ਕਿਉਂ ਨਾ ਸੋਚਿਆ ? ਇਸ ਪਿੱਛੇ ਹਿੰਦੂਆਂ ਦੀ ਮਾਨਸਿਕਤਾ ਵਿਚ ਪਈ ਹੋਈ ਉਹ ਵਿਚਾਰਧਾਰਾ ਕਾਰਜਸ਼ੀਲ ਸੀ ਜਿਸ ਬਾਰੇ ਅਲਬਰੂਨੀ ਆਪਣੀ ਕਿਤਾਬ 'ਅਲ-ਹਿੰਦ' ਵਿਚ ਲਿਖਦਾ ਹੈ ਕਿ ਹਿੰਦੂਆਂ ਦਾ ਵਿਸ਼ਵਾਸ ਹੈ ਕਿ ਉਨ੍ਹਾਂ ਦੇ ਦੇਸ਼ ਵਰਗਾ ਹੋਰ ਕੋਈ ਦੇਸ਼ ਨਹੀਂ, ਉਨ੍ਹਾਂ ਦੀ ਨਸਲ ਵਰਗੀ ਹੋਰ ਕੋਈ ਮਨੁੱਖੀ ਨਸਲ ਨਹੀਂ, ਹੋਰ ਕਿਸੇ ਕੋਲ ਉਨ੍ਹਾਂ ਦੇ ਵਿਗਿਆਨ ਵਰਗਾ ਵਿਗਿਆਨ ਨਹੀਂ, ਉਨ੍ਹਾਂ ਦੇ ਰਾਜਿਆਂ ਵਰਗੇ ਰਾਜੇ ਨਹੀਂ।[20] ਸਮੁੰਦਰੀ ਸਫ਼ਰ ਕਰਨਾ ਉਨ੍ਹਾਂ ਲਈ ਪਾਪ ਕਰਮ ਸੀ। ਸਿੰਧ ਦਰਿਆ ਨੂੰ ਪਾਰ ਕਰਕੇ ਅਜਿਹੇ ਪ੍ਰਾਂਤ ਵਿਚ ਜਾਣਾ, ਜਿੱਥੇ ਗ਼ੈਰ ਜਾਤੀ ਦੇ ਲੋਕ ਸ਼ਾਸਨ ਕਰਦੇ ਹੋਣ, ਹਿੰਦੂਆਂ ਲਈ ਧਾਰਮਿਕ ਤੌਰ 'ਤੇ ਵਿਵਰਜਿਤ ਸੀ।[21] ਇਨ੍ਹਾਂ ਬਣਾਏ ਹੋਏ ਧਾਰਮਿਕ ਮਾਪ-ਦੰਡਾਂ ਕਾਰਨ ਹਿੰਦੂਆਂ ਨੂੰ ਆਪਣੇ ਦੇਸ਼ ਦੀਆਂ ਸੀਮਾਵਾਂ ਅੰਦਰ ਹੀ ਰਹਿਣਾ ਪੈਂਦਾ ਸੀ। ਦੂਜੇ ਪਾਸੇ ਮੁਸਲਿਮ ਵਪਾਰੀ ਪੂਰੀ ਅਜ਼ਾਦੀ ਨਾਲ ਇਸ ਦੇਸ਼ ਵਿਚ ਆ ਕੇ ਘੁੰਮਦੇ ਫਿਰਦੇ ਤੇ ਵਪਾਰ ਕਰਦੇ। ਜਿਥੇ ਉਨ੍ਹਾਂ ਨੂੰ ਹਿੰਦੂਆਂ ਦੀ ਇਸ ਵਿਚਾਰਧਾਰਾ ਤੋਂ ਵਪਾਰਕ ਲਾਭ ਮਿਲਿਆ, ਉਥੇ ਨਾਲ ਹੀ ਉਨ੍ਹਾਂ ਨੂੰ ਇਸ ਦੇਸ਼ ਅੰਦਰ ਘੁਸਪੈਠ ਕਰਨ ਦਾ ਮੌਕਾ ਵੀ ਮਿਲਿਆ।

ਹੁਣ ਵੇਖਣਾ ਇਹ ਹੈ ਕਿ ਮੁਸਲਮਾਨ ਹਾਕਮਾਂ ਨੇ ਹਿੰਦੂਆਂ ਉਪਰ ਇੰਨੇ ਅੱਤਿਆਚਾਰ ਕਿਉਂ ਕੀਤੇ? ਕਿਸ ਵਿਚਾਰਧਾਰਾ ਨੇ ਉਨ੍ਹਾਂ ਨੂੰ ਇਹ ਸਭ ਕੁਝ ਕਰਨ ਲਈ ਪ੍ਰੇਰਿਤ ਕੀਤਾ? ਜੇ ਇਕ ਪਾਸੇ ਹਿੰਦੂ ਆਪਣੇ ਧਰਮ ਦੀ ਮਰਿਯਾਦਾ ਅਧੀਨ ਚਲ ਰਹੇ ਸਨ ਤਾਂ ਦੂਜੇ ਪਾਸੇ ਮੁਸਲਮਾਨ ਇਸਲਾਮਿਕ ਸ਼ਰੀਅਤ ਨੂੰ ਪਾਲਣ ਹਿਤ ਇਹ ਸਭ ਕੁਝ ਕਰ ਰਹੇ ਸਨ ਕਿਉਂਕਿ ਕੁਰਾਨ ਅਨੁਸਾਰ ਬੁੱਤ ਪ੍ਰਸਤਾਂ ਨੂੰ ਇਸ ਧਰਤੀ ਉਪਰ ਰਹਿਣ ਦਾ ਕੋਈ ਅਧਿਕਾਰ ਨਹੀਂ। ਸਿਰਫ਼ ਦੋ ਤਰ੍ਹਾਂ ਦੇ ਲੋਕ ਇਸਲਾਮ ਦੇ ਅਨੁਸਾਰ ਇਸ ਧਰਤੀ 'ਤੇ ਰਹਿਣ ਦੇ ਹੱਕਦਾਰ ਹਨ, ਇਕ ਅਹਿਲ-ਏ-ਇਸਲਾਮ, ਮੁਸਲਿਮ ਤੇ ਦੂਸਰੇ ਅਹਿਲ-ਏ-ਕਿਤਾਬ, (ਬਾਈਬਲ) ਵਿਚ ਵਿਸ਼ਵਾਸ ਰੱਖਣ ਵਾਲੇ।[22] ਈਸਾਈ ਤੇ ਯਹੂਦੀ ਅਹਿਲ-ਏ-ਕਿਤਾਬ ਦੀ ਸ਼੍ਰੇਣੀ ਵਿਚ ਆਉਂਦੇ ਹਨ। ਪਰੰਤੂ ਅਹਿਲ-ਏ-ਕਿਤਾਬ ਦੇ ਮੰਨਣ ਵਾਲਿਆਂ ਨੂੰ ਮੁਸਲਮਾਨਾਂ ਤੋਂ ਹੇਠਲੇ ਦਰਜੇ (ਜ਼ਮੀਂ) ਦਾ ਰੁਤਬਾ ਦੇ ਕੇ ਇਸਲਾਮਿਕ ਦੇਸ਼ ਵਿਚ ਰਹਿਣ ਦੀ ਆਗਿਆ ਦਿੱਤੀ ਜਾਂਦੀ ਸੀ। ਇਸਲਾਮਿਕ ਰਾਜ ਵਿਚ ਰਹਿਣ ਲਈ ਉਨ੍ਹਾਂ ਨੂੰ ਜਜ਼ੀਆ ਦੇਣਾ ਪੈਂਦਾ ਸੀ। ਕੁਰਾਨ ਅਨੁਸਾਰ ਦਾਰ-ਉਲ-ਹਰਬ 'ਤੇ ਵਸਦੇ ਬੁੱਤ ਪ੍ਰਸਤਾਂ ਦੇ ਵਿਰੁੱਧ ਉਸ ਸਮੇਂ ਤੱਕ ਜ਼ਹਾਦ (ਧਰਮ ਯੁੱਧ) ਛੇੜ ਕੇ ਰੱਖੋ ਜਦੋਂ ਤੱਕ ਉਹ ਧਰਤੀ ਦਾਰ-ਉਲ-ਇਸਲਾਮ ਵਿਚ ਨਹੀਂ ਬਦਲ ਜਾਂਦੀ।[23]

ਕੁਰਾਨ ਦਾ ਇਹ ਸਿਧਾਂਤ ਮੁਸਲਿਮ ਹਮਲਾਵਰਾਂ ਲਈ ਵਰਦਾਨ ਸਾਬਿਤ ਹੋਇਆ। ਉਨ੍ਹਾਂ ਧਨ ਸੰਪਤੀ ਇਕੱਤਰ ਕਰਨ ਦੇ ਲਾਲਚ ਨੂੰ, ਇਸਲਾਮਿਕ ਪ੍ਰਚਾਰ ਨਾਲ ਜੋੜ ਕੇ ਇਸ ਦੇਸ਼ ਨੂੰ ਲੁਟਣਾ ਸ਼ੁਰੂ ਕਰ ਦਿੱਤਾ। ਜਹਾਦ ਦੇ ਨਾਮ ਹੇਠ ਉਨ੍ਹਾਂ ਇਸ ਦੇਸ਼ ਦੀ ਤਵਾਰੀਖ਼ ਖ਼ੂਨ ਨਾਲ ਲੱਥ-ਪੱਥ ਕਰ ਦਿੱਤਾ। ਭਾਵੇਂ ਸ਼ੁਰੂ ਦੇ ਹਮਲਾਵਰਾਂ ਨੇ ਇਸ ਦੇਸ਼ ਨੂੰ ਲੁਟਣ ਦੇ ਮਕਸਦ ਨਾਲ ਹੀ ਹਮਲੇ ਕੀਤੇ ਪਰੰਤੂ ਮੁਹੰਮਦ ਗੌਰੀ ਨੇ 1192 ਈ. ਵਿਚ ਪ੍ਰਿਥਵੀ ਰਾਜ ਚੌਹਾਨ ਨੂੰ ਕਤਲ ਕਰਕੇ ਇਸ ਦੇਸ਼ ਵਿਚ ਇਸਲਾਮਿਕ ਹਕੂਮਤ ਦੀ ਨੀਂਹ ਰੱਖੀ।[24] ਇਸ ਰਾਜਨੀਤਕ ਪਰਿਵਰਤਨ ਕਾਰਣ ਇਸ ਦੇਸ਼ ਦੇ ਹਰ ਖੇਤਰ, ਸਭਿਆਚਾਰਕ, ਆਰਥਿਕ, ਧਾਰਮਿਕ, ਸਮਾਜਿਕ ਦਾ ਰੂਪਾਂਤ੍ਰਣ ਹੋਣਾ ਇਕ ਸੁਭਾਵਿਕ ਗੱਲ ਸੀ। ਪਹਿਲਾਂ ਜਿੱਥੇ ਇਸ ਦੇਸ਼ ਅੰਦਰ ਰਾਜ ਨੂੰ ਚਲਾਉਣ ਲਈ ਬ੍ਰਾਹਮਣ ਤੇ ਵੈਦਿਕ ਧਰਮ ਦੀ ਪ੍ਰਮੁੱਖਤਾ ਸੀ, ਹੁਣ ਇਸਲਾਮੀ ਰਾਜ ਹੋਣ ਕਰਕੇ ਇਸ ਦੀ ਥਾਂ ਸ਼ਰੀਅਤ ਨੇ ਲੈ ਲਈ। ਕਾਜ਼ੀ ਸ਼ਰੀਅਤ ਦਾ ਪ੍ਰਤੀਨਿਧ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਮੁਸਲਿਮ ਹਾਕਮਾਂ ਦੁਆਰਾ ਧਾਰਨ ਕੀਤਾ ਸੁਲਤਾਨ ਪਦ ਸ਼ਰੀਅਤ ਦੇ ਪ੍ਰਤੀਕੂਲ ਸੀ। ਇਸਲਾਮ ਪੈਗੰਬਰ ਨੂੰ ਰੱਬ ਦਾ, ਖ਼ਲੀਫੇ ਨੂੰ ਪੈਗੰਬਰ ਦਾ ਤੇ ਸੁਲਤਾਨ ਨੂੰ ਖ਼ਲੀਫੇ ਦਾ ਪ੍ਰਤੀਨਿਧ ਮੰਨਦਾ ਹੈ ਪਰੰਤੂ ਮੁਸਲਿਮ ਧਾਰਮਿਕ ਸ਼੍ਰੇਣੀ ਨੇ ਸੁਲਤਾਨ ਨੂੰ ਰੱਬ ਦਾ ਪ੍ਰਤੀਨਿਧ ਘੋਸ਼ਿਤ ਕਰ ਦਿੱਤਾ। ਸੁਲਤਾਨ ਨੂੰ ਜ਼ਿਲ-ਏ-ਅਲਾਹੀ (ਰੱਬੀ ਸਾਇਆ) ਬਣਾ ਦਿੱਤਾ। ਸੁਲਤਾਨ ਪ੍ਰਤੀ ਪਰਜਾ ਦੀ ਵਫ਼ਾਦਾਰੀ ਧਾਰਮਿਕ ਫਰਜ਼ ਬਣ ਗਈ ਅਤੇ ਉਸ ਦਾ ਵਿਰੋਧ ਧਾਰਮਿਕ ਪਾਪ।[25] ਇਸ ਤਰ੍ਹਾਂ ਮੁਸਲਿਮ ਧਾਰਮਿਕ ਸ਼੍ਰੇਣੀ ਨੇ ਸੁਲਤਾਨ ਦੇ ਨਿੱਜੀ ਹਿੱਤਾਂ ਲਈ ਇਸਲਾਮਿਕ ਸਿਧਾਂਤਾਂ ਨੂੰ ਬਦਲ ਦਿੱਤਾ।ਜਿਥੇ ਸੁਲਤਾਨ ਇਸਲਾਮ ਦੇ ਪ੍ਰਤੀਨਿਧਾਂ ਰਾਹੀਂ ਆਪਣੇ ਰਾਜਨੀਤਕ ਸੁਆਰਥ ਦੀ ਪੂਰਤੀ ਕਰ ਰਿਹਾ ਸੀ। ਉਥੇ ਮੁਸਲਿਮ ਧਾਰਮਿਕ ਆਗੂ ਸੁਲਤਾਨ ਦੇ ਰਾਹੀਂ ਆਪਣੇ ਧਾਰਮਿਕ ਸੁਆਰਥਾਂ ਦੀ ਪੂਰਤੀ ਕਰ ਰਹੇ ਸਨ।

ਸੁਲਤਾਨ ਇਸ ਤੱਥ ਤੋਂ ਚੰਗੀ ਤਰ੍ਹਾਂ ਜਾਣੂ ਸੀ ਕਿ ਜੇ ਕਿਧਰੇ ਉਸ ਨੇ ਆਪਣੀ ਇੱਛਾ ਨੂੰ ਮੁੱਖ ਰੱਖ ਕੇ, ਧਾਰਮਿਕ ਜਮਾਤ ਦੇ ਉਲਟ ਜਾਣ ਦੀ ਕੋਸ਼ਿਸ਼ ਕੀਤੀ ਤਾਂ ਇਹ ਜਮਾਤ ਉਸ ਦੇ ਰਾਜ ਭਾਗ ਲਈ ਖ਼ਤਰਾ ਬਣ ਸਕਦੀ ਹੈ। ਇਸ ਲਈ ਜ਼ਿਆਦਾਤਰ ਮੁਸਲਿਮ ਸ਼ਾਸਕ ਇਸਲਾਮ ਦੇ ਇਨ੍ਹਾਂ ਪ੍ਰਤੀਨਿਧਾਂ ਦੁਆਰਾ ਸ਼ਰੀਅਤ ਦੇ ਆਧਾਰ ਉੱਪਰ ਦਿੱਤੇ ਫੈਸਲਿਆਂ ਨੂੰ ਹੀ ਆਪਣੇ ਰਾਜ ਵਿਚ ਲਾਗੂ ਕਰਦੇ ਸਨ। ਹਿੰਦੂਆਂ ਨਾਲ ਕਿਹੋ ਜਿਹਾ ਵਤੀਰਾ ਕੀਤਾ ਜਾਵੇ ਇਹ ਇਸਲਾਮ ਦੇ ਪ੍ਰਤੀਨਿਧਾਂ ਉਪਰ ਨਿਰਭਰ ਕਰਦਾ ਸੀ।

ਸ਼ਰੀਅਤ ਇਸਲਾਮਿਕ ਦੇਸ਼ ਵਿਚ ਕਿਸੇ ਵੀ ਗ਼ੈਰ ਇਸਲਾਮੀ ਕਰਮ ਕਾਂਡ ਦੀ ਇਜਾਜ਼ਤ ਨਹੀਂ ਦਿੰਦੀ। ਹਿੰਦੂਆਂ ਦੇ ਸਾਰੇ ਕਰਮ ਕਾਂਡ ਸ਼ਰੀਅਤ ਦੇ ਉਲਟ ਸਨ। ਇਸਲਾਮ ਦੇ ਧਾਰਮਿਕ ਕਾਨੂੰਨ ਅਨੁਸਾਰ ਹਿੰਦੂ ਆਪਣੇ ਹੀ ਦੇਸ਼ ਵਿਚ ਰਹਿਣ ਦਾ ਹੱਕ ਨਹੀਂ ਸਨ ਰੱਖਦੇ ਪਰ ਫਿਰ ਵੀ ਉਨ੍ਹਾਂ ਨੂੰ ਜ਼ਮੀਂ ਦਾ ਰੁਤਬਾ ਦੇ ਕੇ ਇਸ ਦੇਸ਼ ਵਿਚ ਰਹਿਣ ਦਾ ਹੱਕ ਦਿੱਤਾ ਗਿਆ। ਹਿੰਦੂਆਂ ਨੂੰ ਇਹ ਅਧਿਕਾਰ ਵੀ ਬੜੀ ਮੁਸ਼ਕਿਲ ਨਾਲ ਹਾਸਲ ਹੋਇਆ, ਕਿਉਂਕਿ ਇਸਲਾਮਿਕ ਸ਼ਰੀਅਤ ਦੀਆਂ ਮੁੱਖ ਚਾਰ ਜਮਾਤਾਂ ਹਨ ਜਿਨ੍ਹਾਂ ਵਿੱਚੋਂ ਤਿੰਨ ਜਮਾਤਾਂ ਮਲਿਕ-ਇਬਨ ਅਨਾਸ, ਅਲ-ਸ਼ਾਫ਼ੀ ਤੇ ਅਹਿਮਦ-ਬਿਨ ਹੰਬਲ ਮੂਰਤੀ ਪੂਜਕਾਂ ਨੂੰ ਇਸਲਾਮਿਕ ਦੇਸ਼ (ਜਿੱਥੇ ਮੁਸਲਿਮ ਰਾਜ ਹੋਵੇ) ਵਿਚ ਰੱਖਣ ਦੇ ਵਿਰੁੱਧ ਸਨ। ਉਨ੍ਹਾਂ ਅਨੁਸਾਰ ਜ਼ਮੀਂ ਦਾ ਰੁਤਬਾ ਸਿਰਫ ਅਹਿਲ-

ਏ-ਕਿਤਾਬ ਨੂੰ ਮੰਨਣ ਵਾਲੇ (ਈਸਾਈ ਤੇ ਯਹੂਦੀ) ਹੀ ਲੈਣ ਦੇ ਹੱਕਦਾਰ ਸਨ। ਪਰੰਤੂ ਚੌਥੀ ਜਮਾਤ ਅਬੂ ਹਨਫੀ ਯਹੂਦੀਆਂ ਤੇ ਈਸਾਈਆਂ ਦੀ ਤਰ੍ਹਾਂ ਹਿੰਦੂਆਂ ਨੂੰ ਵੀ ਜ਼ਮੀਂ ਦਾ ਰੁਤਬਾ ਦੇਣ ਦੇ ਹੱਕ ਵਿਚ ਸੀ।[26] ਇਸ ਚੌਥੀ ਜਮਾਤ ਸਦਕਾ ਹਿੰਦੂਆਂ ਨੂੰ ਆਪਣੇ ਹੀ ਦੇਸ਼ ਵਿਚ ਰਹਿਣ ਦਾ ਹੱਕ ਤਾਂ ਮਿਲ ਗਿਆ। ਇਸ ਹੱਕ ਦੇ ਬਾਵਜੂਦ ਵੀ ਉਨ੍ਹਾਂ ਨਾਲ ਦੂਸਰੇ ਦਰਜ਼ੇ ਦੇ ਸ਼ਹਿਰੀਆਂ ਵਾਲਾ ਸਲੂਕ ਕੀਤਾ ਜਾਂਦਾ ਸੀ। ਮੁਸਲਿਮ ਸ਼ਾਸਕਾਂ ਦੇ ਅੱਤਿਆਚਾਰ ਦਾ ਵੇਰਵਾ ਤਾਂ ਉਪਰ ਦਿੱਤਾ ਜਾ ਚੁੱਕਾ ਹੈ ਹੁਣ ਇਸਲਾਮ ਦੀ ਧਾਰਮਿਕ ਜਮਾਤ ਮੁਸਲਿਮ ਸਾਸਕਾਂ ਨੂੰ ਹਿੰਦੂਆਂ ਨਾਲ ਵਤੀਰਾ ਕਰਨ ਦੇ ਜੋ ਸੁਝਾਉ ਦਿੰਦੇ ਸਨ, ਉਸ ਬਾਰੇ ਚਰਚਾ ਕਰਾਂਗੇ।

ਖਲੀਫੇ ਦੁਆਰਾ ਯਹੂਦੀਆਂ ਤੇ ਈਸਾਈਆਂ ਨਾਲ ਹੋਏ ਸਮਝੌਤੇ ਦੇ ਆਧਾਰ 'ਤੇ ਸ਼ੇਖ ਹਮਦਾਨੀ ਨੇ ਇਸਲਾਮਿਕ ਰਾਜ ਵਿਚ ਜ਼ਮੀਂ ਦਾ ਅਧਿਕਾਰ ਪ੍ਰਾਪਤ ਵਸਨੀਕਾਂ ਨਾਲ ਕਿਹੋ ਜਿਹਾ ਵਿਵਹਾਰ ਕੀਤਾ ਜਾਵੇ, ਉਸ ਬਾਬਤ ਵੀਹ ਨਿਯਮ ਬਣਾਏ।

ਜ਼ਮੀਂ (1) ਬੁੱਤ ਰੱਖਣ ਲਈ ਨਵੇਂ ਮੰਦਰ ਨਹੀਂ ਬਣਾ ਸਕਦੇ। (2) ਉਹ ਪੁਰਾਣੇ ਮੰਦਰਾਂ ਨੂੰ ਮੁਰੰਮਤ ਨਹੀਂ ਕਰਵਾ ਸਕਦੇ। (3) ਉਨ੍ਹਾਂ ਦੇ ਮੰਦਰਾਂ ਵਿਚ ਮੁਸਲਿਮ ਯਾਤਰੂਆਂ ਨੂੰ ਠਹਿਰਣ ਦੀ ਮਨਾਹੀ ਨਹੀਂ ਹੋਣੀ ਚਾਹੀਦੀ। (4) ਉਨ੍ਹਾਂ ਦੇ ਘਰਾਂ ਵਿਚ ਮੁਸਲਿਮ ਪਰੋਹਣਿਆ ਨੂੰ ਬਿਨ੍ਹਾਂ ਕਿਸੇ ਰੋਕ ਟੋਕ ਤਿੰਨ ਦਿਨ ਤਕ ਠਹਿਰਣ ਦਾ ਹੱਕ ਹੋਣਾ ਚਾਹੀਦਾ ਹੈ। (5) ਘਰ ਵਿਚ ਠਹਿਰੇ ਮੁਸਲਿਮ ਮਹਿਮਾਨ ਦੇ ਸੁਖ ਅਰਾਮ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ। (6) ਆਪਣੇ ਕਿਸੇ ਵੀ ਮੈਂਬਰ ਨੂੰ ਜਿਹੜਾ ਇਸਲਾਮ ਵਿਚ ਰੁਚੀ ਵਿਖਾਵੇ ਰੋਕਣਾ ਨਹੀਂ ਚਾਹੀਦਾ। (7) ਮੁਸਲਮਾਨਾਂ ਦੀ ਤਰ੍ਹਾਂ ਕੱਪੜੇ ਨਹੀਂ ਪਹਿਨਣੇ। (8) ਮੁਸਲਿਮ ਨਾਮ ਨਹੀਂ ਵਰਤਣੇ। (9) ਕ੍ਰਿਪਾਨ ਤੇ ਤੀਰ ਨਹੀਂ ਰੱਖਣੇ (10) ਸ਼ਾਹੀ ਨਿਸ਼ਾਨ ਵਾਲੀ ਅੰਗੂਠੀ ਨਹੀਂ ਪਾਉਣੀ। (11) ਖੁਲ੍ਹੇ ਆਮ ਸ਼ਰਾਬ ਤੇ ਨਸ਼ੀਲੇ ਪਦਾਰਥ ਪੀਣੇ ਜਾਂ ਵੇਚਣੇ ਨਹੀਂ। (12) ਨਾ ਹੀ ਅਜਿਹੇ ਕੱਪੜੇ ਤਿਆਗਣੇ ਜਿਨ੍ਹਾਂ ਉੱਪਰ ਉਨ੍ਹਾਂ ਦੇ ਰਾਜ ਨੂੰ ਨਜ਼ਰ ਅੰਦਾਜ਼ ਕਰਨ ਦਾ ਚਿੰਨ੍ਹ ਲੱਗਾ ਹੋਵੇ। (13) ਬਹੁਦੇਵਵਾਦ ਨਾਲ ਸੰਬੰਧਿਤ ਕਰਮਕਾਂਡ ਨਹੀਂ ਪ੍ਰਚਾਰਣੇ। (14) ਮੁਸਲਮਾਨਾਂ ਦੇ ਗੁਆਂਢ ਵਿਚ ਘਰ ਨਹੀਂ ਬਣਾਉਣੇ। (15) ਮੁਸਲਮਾਨਾਂ ਦੀਆਂ ਕਬਰਾਂ ਨੇੜੇ ਆਪਣੇ ਮੁਰਦੇ ਨਹੀਂ ਦਬਾਉਣੇ। (16) ਆਪਣੇ ਮ੍ਰਿਤਕਾਂ ਦਾ ਅਫ਼ਸੋਸ ਉੱਚੀ ਆਵਾਜ਼ ਵਿਚ ਨਹੀਂ ਕਰਨਾ। (17) ਨਾ ਹੀ ਮੁਸਲਿਮ ਗ਼ੁਲਾਮ ਖਰੀਦਣੇ। (18) ਨਾ ਹੀ ਕਾਠੀ ਤੇ ਲਗਾਮ ਵਾਲੇ ਘੋੜੇ ਉੱਪਰ ਸਵਾਰੀ ਕਰਨੀ।

ਇਨ੍ਹਾਂ ਮਨਾਹੀਆਂ ਤੋਂ ਬਿਨ੍ਹਾਂ ਉਨ੍ਹਾਂ ਨੂੰ (19) ਮੁਸਲਮਾਨਾਂ ਦਾ ਆਦਰ ਕਰਨਾ ਚਾਹੀਦਾ ਹੈ। (20) ਉਨ੍ਹਾਂ ਦੀਆਂ ਸਭਾਵਾਂ ਵਿਚ ਮੁਸਲਮਾਨਾਂ ਨੂੰ ਆਉਣ ਦੀ ਆਗਿਆ ਹੋਣੀ ਚਾਹੀਦੀ ਹੈ। ਜੇ ਜ਼ਮੀਂ ਇਨ੍ਹਾਂ ਵਿੱਚੋਂ ਕਿਸੇ ਇਕ ਨਿਯਮ ਨੂੰ ਵੀ ਭੰਗ ਕਰਦਾ ਹੈ ਤਾਂ ਉਹ ਸੁਰੱਖਿਆ ਦੇ ਹੱਕਦਾਰ ਨਹੀਂ ਹੋਣਗੇ ਤੇ ਉਨ੍ਹਾਂ ਦੀ ਜ਼ਿੰਦਗੀ ਦਾ ਅਧਿਕਾਰ ਸਟੇਟ ਨੂੰ ਹੋਵੇਗਾ ਅਤੇ ਕਾਨੂੰਨੀ ਤੌਰ 'ਤੇ ਮੁਸਲਿਮ ਉਨ੍ਹਾਂ ਦੀ ਜਾਨ ਲੈਣ ਦੇ ਹੱਕਦਾਰ ਹੋਣਗੇ।[27]

ਮੁਸਲਿਮ ਹਾਕਮਾਂ ਦੇ ਫਰਜ਼ ਨੂਰ-ਉ-ਦੀਨ ਦੁਆਰਾ ਬਣਾਏ ਨਿਯਮਾਵਲੀ 'ਦੀਨ ਪਨਾਹੀ' ਉੱਪਰ ਅਧਾਰਿਤ ਸਨ। ਨੂਰ-ਉ-ਦੀਨ ਨੇ ਅਲਤਮਸ਼ ਦੇ ਦਰਬਾਰ ਵਿਚ ਸੁਲਤਾਨ ਦੇ ਫਰਜ਼ ਨੂੰ ਇਸ ਤਰ੍ਹਾਂ ਵਰਣਨ ਕੀਤਾ। ਬਾਦਸ਼ਾਹ ਨੂੰ ਪੂਰੀ ਦਿਆਨਤਦਾਰੀ ਨਾਲ ਇਸਲਾਮ ਦੀ ਰੱਖਿਆ ਕਰਨੀ ਚਾਹੀਦੀ ਹੈ। ਸੁਲਤਾਨ ਉਦੋਂ ਤੱਕ ਆਪਣਾ ਕਰਤੱਵ ਨਿਭਾਉਣ ਦੇ ਯੋਗ ਨਹੀਂ ਹੋਵੇਗਾ

ਜਦੋਂ ਤੱਕ ਉਹ ਅੱਲ੍ਹਾ ਦੀ ਭਲਾਈ ਤੇ ਪੈਗੰਬਰ ਦੇ ਕਲਮੇ ਖਾਤਿਰ, ਕੁਫਰ, ਕਾਫਰਾਂ, ਦੇਵੀ-ਦੇਵਤਿਆਂ ਦੇ ਪੂਜਕਾਂ ਤੇ ਪਰਮਾਤਮਾ ਦੇ ਸ਼ਰੀਕਾਂ ਨੂੰ ਧਰਤੀ ਤੋਂ ਮਿਟਾ ਨਹੀਂ ਦਿੰਦਾ, ਪਰ ਜੇ ਬੁੱਤ ਪ੍ਰਸਤਾਂ, ਕਾਫਰਾਂ ਦਾ ਪੂਰਾ ਖਾਤਮਾ ਸੰਭਵ ਨਾ ਹੋਵੇ ਤਾਂ ਸੁਲਤਾਨ ਨੂੰ ਘੱਟੋ-ਘੱਟ ਹਿੰਦੂਆਂ ਨੂੰ ਬੇਇੱਜ਼ਤ ਤੇ ਅਪਮਾਨਤ ਕਰਕੇ ਲਾਹਨਤਾਂ ਪਾਉਣੀਆਂ ਚਾਹੀਦੀਆਂ ਹਨ ਜਿਹੜੇ ਅੱਲਾ ਤੇ ਉਸ ਦੇ ਪੈਗੰਬਰ ਦੇ ਸਭ ਤੋਂ ਵੱਡੇ ਦੁਸ਼ਮਣ ਹਨ।[28]

ਉਸ ਅਨੁਸਾਰ ਉਹੀ ਹਾਕਮ ਇਕ ਸੱਚਾ ਮੁਸਲਿਮ ਹੈ ਜਿਸ ਦੀਆਂ ਅੱਖਾਂ ਹਿੰਦੂ ਨੂੰ ਵੇਖਦਿਆਂ ਸਾਰ ਹੀ ਲਾਲ ਹੋ ਜਾਂਦੀਆਂ ਹੋਣ। ਉਹ ਬ੍ਰਾਹਮਣਾਂ ਦੇ ਪੂਰਨ ਖਾਤਮੇ ਦੀ ਵੀ ਇੱਛਾ ਰੱਖਦਾ ਹੋਵੇ, ਜਿਹੜੇ ਕਾਫਰਾਂ ਦੇ ਪ੍ਰਤੀਨਿਧ ਹਨ ਤੇ ਕੁਫ਼ਰ ਨੂੰ ਪ੍ਰਚਾਰਦੇ ਹਨ। ਜੀਆ-ਉ-ਦੀਨ ਬਰਾਨੀ (ਹਿੰਦੋਸਤਾਨੀ ਮੁਸਲਿਮ ਰਾਜਨੀਤਿਕ ਵਿਦਵਾਨ) ਹਨਫੀ ਜਮਾਤ ਦੁਆਰਾ ਹਿੰਦੂਆਂ ਨੂੰ ਦਿੱਤੇ ਜ਼ਮੀਂ ਦੇ ਅਧਿਕਾਰ ਵਿਰੁੱਧ ਫਤਵਾ-ਏ-ਜਹਾਂਦਰੀ ਵਿਚ ਲਿਖਦਾ ਹੈ ਜੇ ਮਹਿਮੂਦ ਇਕ ਵਾਰ ਹੋਰ ਹਿੰਦੋਸਤਾਨ ਜਾਂਦਾ ਤਾਂ ਉਹ ਹਿੰਦ ਦੇ ਸਾਰੇ ਬ੍ਰਾਹਮਣਾਂ ਨੂੰ ਆਪਣੀ ਤਲਵਾਰ ਹੇਠ ਲੈ ਆਉਂਦਾ, ਜਿਹੜੇ ਧਰਤੀ ਉੱਪਰ ਬੁੱਤ ਪ੍ਰਸਤੀ ਤੇ ਬੁੱਤ ਪ੍ਰਸਤਾਂ ਦੀ ਸ਼ਕਤੀ ਦੇ ਕਾਰਣ ਹਨ। ਉਸ ਨੇ ਦੋ ਜਾਂ ਤਿੰਨ ਲੱਖ ਹਿੰਦੂ ਸਰਦਾਰਾਂ ਦੇ ਸਿਰ ਕੱਟ ਦੇਣੇ ਸਨ। ਉਸ ਨੇ ਹਿੰਦੂਆਂ ਨੂੰ ਮਾਰਨ ਵਾਲੀ ਕ੍ਰਿਪਾਨ ਉਸ ਵੇਲੇ ਤੱਕ ਆਪਣੇ ਮਿਆਨ ਵਿਚ ਨਹੀਂ ਸੀ ਪਾਉਣੀ ਜਦੋਂ ਤੱਕ ਸਾਰੇ ਹਿੰਦੂ ਇਸਲਾਮ ਕਬੂਲ ਨਾ ਕਰ ਲੈਂਦੇ। ਮਹਿਮੂਦ, ਸੈਫੀਅਤ ਅਤੇ ਇਮਾਮ ਸਾਫੀ ਦੇ ਅਨੁਸਾਰ ਹਿੰਦੂਆਂ ਲਈ ਇਸਲਾਮ ਜਾਂ ਮੌਤ ਦਾ ਹੁਕਮ ਦਿੰਦਾ ਸੀ। ਹਿੰਦੂਆਂ ਕੋਲੋਂ ਜਜ਼ੀਆ ਲੈਣ ਨੂੰ ਉਹ ਸ਼ਰੀਅਤ ਵਿਰੁੱਧ ਸਮਝਦਾ ਸੀ, ਕਿਉਂਕਿ ਉਨ੍ਹਾਂ ਕੋਲ ਅਹਿਲ-ਏ-ਕਿਤਾਬ ਨਹੀਂ ਸੀ।[29]

ਅਮੀਰ ਖੁਸਰੋ, ਨਿਜਾਮ-ਉ-ਦੀਨ ਔਲੀਆਂ ਦਾ ਅਨੁਯਾਈ, ਜਿਸ ਨੂੰ ਧਰਮ ਨਿਰਪੱਖ ਹਾਕਮ ਦੇ ਤੌਰ 'ਤੇ ਇਤਿਹਾਸ ਵਿਚ ਯਾਦ ਕੀਤਾ ਜਾਂਦਾ ਹੈ। ਖਜਾਨ-ਉਲ-ਫਤੂ (ਤਾਰੀਖ਼ੇ-ਔਲੀਆ) ਵਿਚ ਲਿਖਦਾ ਹੈ ਕਿ ਸਾਰਾ ਦੇਸ਼ ਇਸਲਾਮ ਦੇ ਪਵਿੱਤਰ ਯੋਧਿਆਂ ਦੀਆਂ ਤਲਵਾਰਾਂ ਨੇ ਇਸ ਤਰ੍ਹਾਂ ਤਬਾਹ ਕਰ ਦਿੱਤਾ ਜਿਵੇਂ ਅੱਗ ਜੰਗਲ ਨੂੰ ਤਬਾਹ ਕਰ ਦਿੰਦੀ ਹੈ। ਜਦੋਂ ਹਿੰਦ ਦੇ ਤਾਕਤਵਰ ਆਦਮੀਆਂ ਨੂੰ ਪੈਰਾਂ ਹੇਠ ਲਤਾੜਿਆ ਗਿਆ ਤਾਂ ਉਹ ਸਾਰੇ ਮੁਸਲਮਾਨਾਂ ਅੱਗੇ ਸਿਰ ਝੁਕਾਉਣ ਲਈ ਤਿਆਰ ਹੋ ਗਏ। ਇਸਲਾਮ ਜਿੱਤ ਗਿਆ ਤੇ ਬੁੱਤ ਪ੍ਰਸਤ ਅਧੀਨ ਕਰ ਲਏ ਗਏ। ਜੇਕਰ ਹਨੀਫ਼ਾ ਨੇ ਜਜ਼ੀਆ ਲਗਾ ਕੇ ਉਨ੍ਹਾਂ ਨੂੰ ਮੌਤ ਤੋਂ ਨਾ ਬਚਾਇਆ ਹੁੰਦਾ ਤਾਂ ਹਿੰਦ ਦਾ ਨਾਮ ਹੀ ਇਸ ਧਰਤੀ ਤੋਂ ਮਿਟ ਜਾਣਾ ਸੀ।[30]

ਅਲਤਮਸ ਦੇ ਸਮੇਂ ਦਿਆ ਉਲੇਮਾ (ਸਿਰਮੌਰ ਮੁਸਲਿਮ ਵਿਦਵਾਨਾਂ) ਨੇ ਉਸ ਕੋਲੋਂ ਮੰਗ ਕੀਤੀ ਕਿ ਹਿੰਦੂਆਂ ਨੂੰ ਜ਼ਮੀਂ ਦਾ ਅਧਿਕਾਰ ਨਹੀਂ ਦੇਣਾ ਚਾਹੀਦਾ, ਕਿਉਂਕਿ ਉਹ ਕਾਫਰ ਹਨ। ਇਸ ਲਈ ਉਨ੍ਹਾਂ ਨੂੰ ਇਸਲਾਮ ਜਾਂ ਮੌਤ ਦੋਨਾਂ ਵਿੱਚੋਂ ਇਕ ਚੀਜ਼ ਕਬੂਲਣ ਲਈ ਕਹਿਣਾ ਚਾਹੀਦਾ ਹੈ।[31] ਇਕ ਵਾਰ ਕਾਜ਼ੀ ਮੁਗੀਸਉਦੀਨ ਨੇ ਅਲਾਉਦੀਨ ਖਿਲਜੀ ਨੂੰ ਹਿੰਦੂਆਂ ਨਾਲ ਵਤੀਰਾ ਕਰਨ ਦੀ ਸਲਾਹ ਦਿੱਤੀ ਕਿ ਉਨ੍ਹਾਂ ਦੀ ਧਨ-ਸੰਪਤੀ ਲੁੱਟ ਲੈਣੀ ਚਾਹੀਦੀ ਹੈ ਤੇ ਉਨ੍ਹਾਂ ਨੂੰ ਗੁਲਾਮਾਂ ਦੀ ਤਰ੍ਹਾਂ ਰੱਖਣਾ ਚਾਹੀਦਾ ਹੈ, ਜੇਕਰ ਉਹ ਅਧੀਨਤਾ ਨਾ ਸਵੀਕਾਰ ਕਰਨ ਤਾਂ ਉਨ੍ਹਾਂ ਨੂੰ ਬੇਇੱਜ਼ਤ ਕਰਨਾ ਚਾਹੀਦਾ ਹੈ।[32] ਫਿਰ ਅਲਾਉਦੀਨ ਖਿਲਜੀ ਨੇ ਕਾਜ਼ੀ ਨੂੰ ਪੁੱਛਿਆ ਕਿ ਇਸਲਾਮਿਕ ਸ਼ਰ੍ਹਾ ਅਨੁਸਾਰ ਹਿੰਦੂਆਂ ਨਾਲ ਕਿਸ ਤਰ੍ਹਾਂ ਦਾ ਸਲੂਕ ਕਰਨਾ ਚਾਹੀਦਾ ਹੈ?

ਕਾਜ਼ੀ ਨੇ ਕਿਹਾ ਕਿ "ਹਿੰਦੂ ਧਰਤੀ ਵਾਂਗ ਹਨ, ਜੇਕਰ ਉਨ੍ਹਾਂ ਕੋਲੋਂ ਚਾਂਦੀ ਮੰਗੀ ਜਾਵੇ ਤਾਂ ਉਨ੍ਹਾਂ ਨੂੰ ਬੜੀ ਨਿਮਰਤਾ ਨਾਲ ਸੋਨਾ ਭੇਂਟ ਕਰਨਾ ਚਾਹੀਦਾ ਹੈ, ਜੇਕਰ ਕੋਈ ਮੁਸਲਮਾਨ ਹਿੰਦੂ ਦੇ ਮੂੰਹ ਵਿਚ ਥੁੱਕਣਾ ਚਾਹੇ ਤਾਂ ਹਿੰਦੂ ਨੂੰ ਝੱਟਪੱਟ ਮੂੰਹ ਖੋਲ੍ਹ ਦੇਣਾ ਚਾਹੀਦਾ ਹੈ। ਰੱਬ ਨੇ ਹਿੰਦੂਆਂ ਨੂੰ ਮੁਸਲਮਾਨਾਂ ਦੇ ਬਰਦੇ ਪੈਦਾ ਕੀਤਾ ਹੈ। ਪੈਗੰਬਰ ਸਾਹਿਬ ਨੇ ਹੁਕਮ ਦਿੱਤਾ ਹੈ ਕਿ ਜੇ ਹਿੰਦੂ ਇਸਲਾਮ ਕਬੂਲ ਨਾ ਕਰਨ ਤਾਂ ਉਹਨਾਂ ਨੂੰ ਕੈਦ ਕਰੋ, ਤਸੀਹੇ ਦਿਉ ਤੇ ਅੰਤ ਉਨ੍ਹਾਂ ਨੂੰ ਕਤਲ ਕਰ ਦਿਉ।" ਇਹ ਸੁਣ ਕੇ ਬਾਦਸ਼ਾਹ ਮੁਸ਼ਕਰਾ ਕੇ ਕਹਿਣ ਲੱਗਾ ਕਿ ਉਸ ਨੇ ਸ਼ਰੀਅਤ ਲਾਗੂ ਕਰਨ ਵਿਚ ਰਤਾ ਵੀ ਦੇਰ ਨਹੀਂ ਲਗਾਈ।[33]

ਇਸ ਪੱਖਪਾਤੀ ਵਤੀਰੇ ਨੇ ਇਸ ਦੇਸ਼ ਦੇ ਧਾਰਮਿਕ, ਸਮਾਜਿਕ ਤੇ ਆਰਥਿਕ ਪ੍ਰਬੰਧ ਵਿਚ ਵੀ ਵੱਡਾ ਬਦਲਾਵ ਲਿਆਂਦਾ। ਜਿਸ ਸਦਕਾ ਹਿੰਦੋਸਤਾਨੀ ਪਰੰਪਰਾ ਦਾ ਬ੍ਰਾਹਮਣਵਾਦੀ ਢਾਂਚਾ ਵੀ ਬਦਲ ਗਿਆ। ਮੱਧਕਾਲ ਵਿਚ ਹਿੰਦੋਸਤਾਨੀ ਪਰੰਪਰਾ ਦਾ ਸਭ ਤੋਂ ਪੁਰਾਤਨ ਮੰਨਿਆ ਜਾਂਦਾ ਬ੍ਰਾਹਮਣੀ/ਵੈਦਿਕ ਧਰਮ, ਹਿੰਦੂ ਧਰਮ ਵਿਚ ਪਰਵਰਤਿਤ ਹੋ ਗਿਆ। ਇਸ ਦੇ ਕਾਰਣ ਬ੍ਰਾਹਮਣੀ ਧਰਮ ਦੁਆਰਾ ਬਣਾਏ ਹੋਏ ਵਿਧਾਨਾਂ ਵਿਚ ਭਾਰੀ ਤਬਦੀਲੀ ਹੋਈ। ਇਸ ਬਦਲਾਵ ਵਿੱਚੋਂ ਸੈਵ ਮੱਤ, ਵੈਸ ਮੱਤ ਤੇ ਸ਼ਕਤੀ ਮੱਤ ਤੇ ਹੋਰ ਬਹੁਤ ਸਾਰੀਆਂ ਸੰਪ੍ਰਦਾਵਾਂ ਦਾ ਉਭਾਰ ਹੋਇਆ।[34] ਅਲਬਰੂਨੀ, ਆਪਣੀ ਪੁਸਤਕ 'ਅਲ-ਹਿੰਦ' ਵਿਚ ਹਿੰਦੂ ਸਮਾਜ ਪ੍ਰਤੀ ਲਿਖਦਾ ਹੈ ਕਿ ਹਿੰਦੂ ਵਰਣ ਆਸ਼ਰਮ ਦੇ ਅਨੁਸਾਰ ਆਪਣਾ ਜੀਵਨ ਬਸਰ ਕਰਦੇ ਹਨ[35] ਪਰੰਤੂ ਮੱਧਕਾਲ ਵਿਚ ਹਿੰਦੂਆਂ ਦੀ ਜੀਵਨ ਸ਼ੈਲੀ ਕਾਫ਼ੀ ਬਦਲ ਗਈ। ਕੁਝ ਬ੍ਰਾਹਮਣਾਂ ਨੇ ਗੈਰ ਬ੍ਰਾਹਮਣੀ ਕਿੱਤੇ ਖੇਤੀਬਾੜੀ ਤੇ ਵਪਾਰ ਅਪਣਾ ਲਏ। ਪੰਜਾਬ ਦੇ ਖੱਤਰੀ, ਜਿਹੜੇ ਆਪਣੇ ਆਪ ਨੂੰ ਰਮਾਇਣ ਕਾਲ ਦੇ ਖੱਤਰੀਆਂ ਦੇ ਉਤਰਾਧਿਕਾਰੀ ਸਮਝਦੇ ਸਨ, 15ਵੀਂ ਸਦੀ ਤੇ 16ਵੀਂ ਸਦੀ ਦੌਰਾਨ ਉਨ੍ਹਾਂ ਨੇ ਆਪਣਾ ਸਿਪਾਸਲਾਰਾਂ ਵਾਲਾ ਪੇਸ਼ਾ ਛੱਡ ਕੇ, ਵਪਾਰ, ਦੁਕਾਨਦਾਰੀ, ਖੇਤੀਬਾੜੀ, ਸ਼ਾਹੂਕਾਰਾ ਤੇ ਪ੍ਰਬੰਧਕੀ ਨੌਕਰੀਆਂ ਨੂੰ ਅਪਣਾ ਲਿਆ[36] ਪਰੰਤੂ ਕਿਸੇ ਵੀ ਹਿੰਦੂ ਨੂੰ ਉੱਚਾ ਅਹੁਦਾ ਨਹੀਂ ਦਿੱਤਾ ਜਾਂਦਾ ਸੀ। ਹਿੰਦੂਆਂ ਦੀ ਤਰ੍ਹਾਂ ਮੁਸਲਿਮ ਸਮਾਜ ਵੀ ਤਿੰਨ ਵਰਗਾਂ ਵਿਚ ਵੰਡਿਆ ਹੋਇਆ ਸੀ। ਪਰੰਤੂ ਇਹ ਵੰਡ ਜਾਤ 'ਤੇ ਅਧਾਰਿਤ ਨਾ ਹੋ ਕੇ ਆਰਥਿਕ ਰੁਤਬੇ ਉਪਰ ਅਧਾਰਿਤ ਸੀ।[37] ਇਹ ਵੰਡ ਫਿਰ ਅੱਗੇ ਕਿੱਤੇ ਅਤੇ ਪੇਸ਼ੇ ਦੇ ਆਧਾਰ ਉੱਪਰ ਨਿਰਭਰ ਕਰਦੀ ਸੀ। ਧਾਰਮਿਕ ਸ਼੍ਰੇਣੀ ਨਾਲ ਸੰਬੰਧਿਤ (ਉਲੇਮਾ, ਸਈਅਦ, ਸ਼ੇਖ ਆਦਿ) ਉੱਚੇ ਸਮਾਜਿਕ ਰੁਤਬੇ ਦਾ ਆਨੰਦ ਮਾਣਦੇ ਸਨ। ਮੱਧਵਰਗੀ ਮੁਸਲਿਮ ਸ਼੍ਰੇਣੀ ਵਿਚ ਕ੍ਰਿਸਾਨ, ਸਿਪਾਹੀ, ਵਪਾਰੀ, ਮਾਲੀਆ ਇਕੱਤਰ ਕਰਨ ਵਾਲੇ ਆ ਜਾਂਦੇ ਸਨ। ਹੇਠਲੇ ਪੱਧਰ 'ਤੇ ਕਾਰੀਗਰ, ਨੌਕਰ ਤੇ ਗ਼ੁਲਾਮ ਮੁਸਲਿਮ ਵੰਡ ਦਾ ਭਾਗ ਸਨ। ਪਰੰਤੂ ਇਨ੍ਹਾਂ ਤਿੰਨਾਂ ਵਰਗਾਂ ਵਿਚ ਕੱਟੜਵਾਦ ਸਿਖਰਾਂ ਉੱਪਰ ਸੀ।[38]

ਉਪਰੋਕਤ ਦਿੱਤੇ ਸਮੁੱਚੇ ਹਲਾਤਾਂ ਦਾ ਵਿਵਰਣ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਵਿਚੋਂ ਵੀ ਮਿਲ ਜਾਂਦਾ ਹੈ। ਭਾਵੇਂ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਦੈਵੀ ਅਨੁਭਵ ਦੀ ਅਨੁਭੂਤੀ ਹੈ ਪਰ ਇਸ ਵਿਚ ਬਹੁਤ ਸਾਰੀਆਂ ਉਦਾਹਰਣਾਂ ਅਜਿਹੀਆਂ ਵੀ ਮਿਲਦੀਆਂ ਹਨ ਜਿਸ ਵਿਚ ਉਨ੍ਹਾਂ ਦੇ ਸਮੇਂ ਦੀ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਵਿਵਸਥਾ ਦੀ ਤਸਵੀਰ ਖਿਚੀ ਹੋਈ ਹੈ। ਗੁਰੂ ਨਾਨਕ ਪਾਤਸ਼ਾਹ ਆਪਣੇ ਸਮੇਂ ਵਿਚ ਫੈਲੀ ਬਹੁਪੱਖੀ ਗਿਰਾਵਟ ਦੇ ਚਸ਼ਮਦੀਦ ਗਵਾਹ ਸਨ। ਗੁਰੂ ਜੀ ਨੇ ਸਮੇਂ ਦੇ ਹੁਕਮਰਾਨਾਂ ਨੂੰ ਕਸਾਈਆਂ, ਕੁਤਿਆਂ,[39] ਨਿਆਂਕਾਰਾਂ ਨੂੰ ਭ੍ਰਿਸ਼ਟਾਚਾਰੀ[40]

ਅਤੇ ਹਮਲਾਵਰਾਂ ਨੂੰ ਪਾਪੀ[41] ਕਹਿ ਕੇ ਵੰਗਾਰ ਪਾਈ।ਉਨ੍ਹਾਂ ਸਮੇਂ ਦੇ ਹਾਕਮਾਂ ਦੁਆਰਾ ਕੀਤੀ ਜਾ ਰਹੀ ਲੁਟ-ਖਸੁਟ ਨੂੰ ਵੇਖ ਕੇ ਅੱਖਾਂ ਨਹੀਂ ਮੀਚੀਆਂ ਸਗੋਂ ਹਾਕਮ ਜਮਾਤ ਨੂੰ ਉਨ੍ਹਾਂ ਦੀ ਅਸਲ ਤਸਵੀਰ ਵਿਖਾ ਕੇ ਇਸ ਸਾਰੇ ਨਿਜ਼ਾਮ ਨੂੰ ਬਦਲਣ ਦਾ ਮੁਢ ਬੰਨ੍ਹਿਆ।

ਜਿਥੇ ਇਕ ਪਾਸੇ ਗੁਰੂ ਜੀ ਨੇ ਸਮੁਚੇ ਭ੍ਰਿਸ਼ਟਾਚਾਰੀ ਨਿਜ਼ਾਮ ਨੂੰ ਉਸ ਦੀ ਅਸਲ ਤਸਵੀਰ ਵਿਖਾਉਣ ਦੀ ਪਹਿਲ ਕਦਮੀ ਕੀਤੀ ਉਥੇ ਨਾਲ ਹੀ ਆਮ ਜਨਤਾ ਨੂੰ ਵੀ ਉਸ ਦੇ ਫਰਜ਼ਾਂ ਤੋਂ ਜਾਣੂ ਕਰਵਾਇਆ। ਉਨ੍ਹਾਂ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਆਮ ਜਨਤਾ ਵੀ ਸਦ-ਭਾਵਨਾ ਤੇ ਭਾਈਚਾਰਿਕ ਕਦਰਾਂ-ਕੀਮਤਾਂ ਨੂੰ ਵਿਸਾਰ[42], ਗੁਲਾਮੀਅਤ ਦੀ ਭਾਵਨਾ ਕਾਰਣ ਆਪਣੀ ਮਾਂ ਬੋਲੀ ਤੋਂ ਵੀ ਦੂਰ ਜਾ ਚੁਕੀ ਹੈ।[43] ਇਸ ਅੰਧਕਾਰਮਈ ਸਮੇਂ ਵਿਚ ਸੱਚ ਰੂਪੀ ਚੰਦਰਮਾ ਕਿਸੇ ਵੀ ਮਨੁੱਖ ਨੂੰ ਦਿਖਾਈ ਨਹੀਂ ਦੇ ਰਿਹਾ।[44] ਗੁਰੂ ਨਾਨਕ ਪਾਤਸ਼ਾਹ ਨੇ ਇਸ ਨਿਗਾਰ ਦਾ ਮੁਖ ਕਾਰਣ ਸੰਸਾਰ ਦਾ ਧਰਮ ਤੋਂ ਬੇਮੁਖ ਹੋਣਾ ਦੱਸਿਆ।[45] ਬਾਬਰ ਦੇ ਹਮਲੇ ਦੌਰਾਨ ਉਸ ਦੇ ਸਿਪਾਹੀਆਂ ਦੁਆਰਾ ਮਚਾਈ ਕਤਲੋਗਾਰਤ, ਬਲਾਤਕਾਰੀ ਰਵੱਈਏ ਦੀ ਦਰਦਨਾਕ ਤਸਵੀਰ ਵੀ ਗੁਰੂ ਨਾਨਕ ਪਾਤਸ਼ਾਹ ਨੇ ਆਪਣੀ ਬਾਣੀ ਰਾਹੀਂ ਚਿਤਰੀ।[46] ਇਕ ਪਾਸੇ ਬਾਬਰ ਦੇ ਅਨੈਤਿਕ ਰਵੱਈਏ ਤੇ ਦੂਸਰੇ ਪਾਸੇ ਲੋਧੀਆਂ ਨੂੰ ਉਨ੍ਹਾਂ ਦੀ ਕਮਜ਼ੋਰ ਨਿਜ਼ਾਮਿਕ ਵਿਵਸਥਾ ਕਾਰਣ, ਦੋਵੇਂ ਧਿਰਾਂ ਨੂੰ ਇਸ ਹਮਲੇ ਵਿਚ ਹੋਈ ਬਰਬਾਦੀ ਲਈ ਜ਼ਿੰਮੇਵਾਰ ਠਹਰਾਇਆ।

ਸੋ ਉਪਰੋਕਤ ਤੱਥਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਮੁਸਲਿਮ ਹਾਕਮ ਜਨਤਾ ਉਪਰ ਕਰ ਰਹੇ ਅੱਤਿਆਚਾਰ ਨੂੰ ਇਸਲਾਮਿਕ ਸ਼ਰੀਅਤ ਦੇ ਦੈਵੀਤਵ ਨਾਲ ਜੋੜ ਕੇ, ਮੁਹੰਮਦ ਸਾਹਿਬ ਦੀ ਰਹਿਮੀਅਤ ਤੇ ਖ਼ੁਸ਼ੀ ਦੇ ਪਾਤਰ ਬਣਨ ਦਾ ਢੌਂਗ ਕਰ ਰਹੇ ਸਨ। ਇਹ ਲੁੱਟ-ਖਸੁੱਟ, ਕਤਲੋਗਾਰਤ, ਬੁੱਤ ਸਿਕਸ਼ਤੀ ਤੇ ਮੰਦਰਾਂ ਦੀ ਤਬਾਹੀ, ਉਨ੍ਹਾਂ ਲਈ ਪਾਪ ਕਰਮ ਨਾ ਹੋ ਕੇ, ਬਹਿਸ਼ਤ ਤਕ ਪਹੁੰਚਣ ਦਾ ਸਾਧਨ ਸਨ। ਇਸ ਭਿਆਨਕ ਕਾਲ ਵਿਚ ਗੁਰੂ ਨਾਨਕ ਜੋਤ ਦਾ ਪੰਜਾਂ ਦਰਿਆਵਾਂ ਦੀ ਧਰਤੀ 'ਤੇ ਪ੍ਰਗਟ ਹੋਣਾ, ਇਤਿਹਾਸ ਦਾ ਸਭ ਤੋਂ ਉਤਮ ਪਲ ਸੀ। ਇਸ ਪਲ ਤੋਂ ਬਾਅਦ ਇਸ ਦੇਸ਼ ਦੇ ਇਤਿਹਾਸ ਅੰਦਰ ਜੋ ਮੋੜ ਆਇਆ, ਉਸ ਦਾ ਆਨੰਦ ਇਸ ਧਰਤੀ ਨਾਲ ਸੰਬੰਧ ਤੇ ਲਗਾਉ ਰੱਖਣ ਵਾਲੇ ਅੱਜ ਤੱਕ ਮਾਣ ਰਹੇ ਹਨ ਤੇ ਪੰਜਾਂ ਦਰਿਆਵਾਂ ਦੀ ਧਰਤੀ ਨੂੰ ਪਿਆਰ ਕਰਨ ਵਾਲੇ ਅਨੰਤ ਕਾਲ ਤੱਕ ਇਸ ਪਲ ਦੇ ਰਿਣੀ ਰਹਿਣਗੇ।

ਹਵਾਲੇ ਅਤੇ ਟਿੱਪਣੀਆਂ

1. Neki, Jaswant Singh, *The Spiritual Heritage of The Punjab,* Guru Nanak Dev University, Amritsar, 2000 P. 43-44
2. ਡਾ. ਮੁਹੰਮਦ ਇਰਸ਼ਾਦ, *ਹਜ਼ਰਤ ਮੁਹੰਮਦ ਜੀਵਨ ਅਤੇ ਸਿੱਖਿਆਵਾਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰਨਾ 308.
3. Neki, Jaswant Singh, P. 44.
4. Macauliffe, M.A., *The Sikh Religion its Gurus Sacred* writings *and Authors* S. Chand & Company Ltd, New Delhi, 1985, P. Xlii
5. Ibid., P. Xlii.

6. ਗਿੱਲ, ਰਣਜੀਤ ਸਿੰਘ (ਅਨੁ.) *ਖੁਲਾਸਤੁਤ ਤਵਾਰੀਖ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972, ਪੰਨਾ 271.
7. Bhagat Singh, *Politics and Society During the Early Medieval Period, The Panjab Past and Present,* Punjabi University Patiala, Oct., 1975, P. 488.
8. ਗਿੱਲ, ਰਣਜੀਤ ਸਿੰਘ, ਪੰਨਾ 271.
9. Bhagat Singh, P. 486.
10. Kirpal Singh & Kharak Singh, (Ed.), *History of The Sikhs & Their Religion,* S.G.P.C, Sri Amritsar, P. 2.
11. Ibid., P. 2.
12. ਗਿੱਲ, ਰਣਜੀਤ ਸਿੰਘ, ਪੰਨਾ 190.
13. Gupta, Hari Ram (Dr.), *A Life Sketch of Guru Nanak,* National Publishing House, Delhi, 1969, P. 8.
14. Fauja Singh (ed.), *Guru Nanak and Social Tension in India,* Punjab History Conference, Punjabi University, Patiala, March 1971, P. 252.
15. Elliot, H. H. and Dowson John, *The History of India,* Vol. iv, Low Price Publication, Delhi, P. 447.
16. ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ,* ਭਾਸ਼ਾ ਵਿਭਾਗ, ਪੰਜਾਬ, 1993, ਪੰਨਾ 55.
17. Elliot, H. H. and Dowson John, P. 447.
18. Fauja Singh, P. 252.
19. Khan, Abdul Majid, *The Punjab of Guru Nanak, Guru Nanak: A Homage,* Sahitya Akademi, New Delhi, 1994, P. 82.
20. Edward C. Sachau (ed.), *Alberuni's India,* Low Price Publication, Delhi, 1996, P. 22.
21. ਢਿੱਲੋਂ, ਬਲਵੰਤ ਸਿੰਘ, (ਡਾ.), *ਸਿੱਖ ਗੁਰੂ ਤੇ ਮੁਗਲ ਰਾਜ: ਰਾਜਨੀਤਿਕ ਦ੍ਰਿਸ਼ਟੀਕੋਣ ਦਾ ਅਧਿਐਨ,* (ਪੀਐੱਚ. ਡੀ. ਖੋਜ ਪ੍ਰਬੰਧ), ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1983, ਪੰਨਾ 16.
22. Kirpal Singh & Kharak Singh, P. 2.
23. Ibid., P. 2.
24. Latif, Syad Muhammad, *History of Punjab,* Sang-e-Meel Publications, Lahore, 1997, P.94
25. ਢਿੱਲੋਂ, ਬਲਵੰਤ ਸਿੰਘ (ਡਾ.), ਪੰਨਾ 18.
26. Fauja Singh, P. 249.
27. Kharak Singh, *Guru Nanak A Prophet with a Difference,* Guru Nanak Dev University, Amritsar, 2007, PP. 22-23.
28. Ibid., P. 28.
29. Ibid., P. 25.
30. Ibid., P. 26.
31. Bhagat Singh, P. 488.

32. Ibid., P. 488.
33. Macuilffee, M.A., P. Xlii-Xliii
34. Dhillon, Dalbir Singh, *Socio-Religious Change in the Punjab,* Punjab History Conference, Punjabi University, Patiala, March 1981, P. 70.
35. ਅਰਸੀ, ਗੁਰਚਰਨ ਸਿੰਘ, (ਅਨੁ.) *ਅਲਹਿੰਦ ਅਲ-ਬਰੂਨੀ,* ਨੈਸ਼ਨਲ ਬੁੱਕ ਟਰੱਸਟ, ਇੰਡੀਆ, 2000, ਪੰਨੇ 48-51.
36. Dhillon, Dalbir Singh, P. 69.
37. Dhillon, Dalbir Singh, P. 70.
38. Ibid., P. 68.
39. ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥
ਚਾਕਰ ਨਹਦਾ ਪਾਇਨਿ੍ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥ (ਪੰਨਾ ੧੨੮੮)
40. ਕਾਜੀ ਹੋਇ ਕੈ ਬਹੈ ਨਿਆਇ ॥ ਫੇਰੇ ਤਸਬੀ ਕਰੇ ਖੁਦਾਇ ॥
ਵਢੀ ਲੈ ਕੈ ਹਕੁ ਗਵਾਏ ॥ ਜੇ ਕੋ ਪੁਛੈ ਤਾ ਪੜਿ ਸੁਣਾਏ ॥ (ਪੰਨਾ ੯੫੧)
41. ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥ (ਪੰਨਾ ੭੨੨)
42. ਨਾਨਕ ਦੁਨੀਆ ਕੈਸੀ ਹੋਈ ॥ ਸਾਲਕੁ ਮਿਤੁ ਨ ਰਹਿਓ ਕੋਈ ॥
ਭਾਈ ਬੰਧੀ ਹੇਤੁ ਚੁਕਾਇਆ ॥ ਦੁਨੀਆ ਕਾਰਣਿ ਦੀਨੁ ਗਵਾਇਆ ॥੫॥ (ਪੰਨਾ ੧੪੧੦)
43. ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥੬॥ (ਪੰਨਾ ੧੧੯੧)
44. ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ (ਪੰਨਾ ੧੪੫)
45. ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥ (ਪੰਨਾ ੪੭੧)

ਗੁਰੂ ਨਾਨਕ ਸਾਹਿਬ–ਪਿਛੋਕੜ ਤੇ ਪਹੁੰਚ

ਇਤਿਹਾਸਕ ਦ੍ਰਿਸ਼ਟੀਕੋਣ ਤੋਂ ਇਹ ਤੱਥ ਕਿੰਤੂ-ਮੁਕਤ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਦੇਸ਼ ਦੀ ਹਾਲਤ ਸਮੁੱਚੇ ਤੌਰ 'ਤੇ ਰਸਾਤਲ ਦੀ ਹੱਦ ਤਕ ਡਿੱਗ ਚੁੱਕੀ ਸੀ। ਦੋ ਹੀ ਜਾਤੀਆਂ (ਮੁਸਲਮਾਨ ਤੇ ਹਿੰਦੂ) ਮੁੱਖ ਸਨ ਅਤੇ ਦੋਹਾਂ ਧਿਰਾਂ ਨੇ ਹੀ ਆਪਣੀ ਸਭਿਆਚਾਰਕ ਵਿਰਾਸਤ ਨੂੰ ਅੱਖੋਂ ਓਹਲੇ ਕਰ ਰੱਖਿਆ ਸੀ, ਜਿਸ ਦੇ ਸਿੱਟੇ ਵਜੋਂ ਭਾਰਤ ਦੀ ਸਮੁੱਚੀ ਗਿਰਾਵਟ ਦਾ ਜ਼ੁੰਮੇਵਾਰ ਕਿਸੇ ਇਕ ਨੂੰ ਨਹੀਂ ਠਹਿਰਾਇਆ ਜਾ ਸਕਦਾ, ਸਗੋਂ ਸ਼ੁਭ ਅਮਲਾਂ ਦੀ ਅਣਹੋਂਦ ਹਨੇਰੇ ਵਿਚ ਉਲਝੀ ਉਸ ਵੇਲੇ ਦੀ ਸਮੁੱਚੀ ਲੋਕਾਈ ਹੀ ਗਿਰਾਵਟ ਦਾ ਕਾਰਨ ਭਾਸਦੀ ਹੈ। ਇਹੀ ਕਾਰਨ ਹੈ ਕਿ ਐਡੇ ਵੱਡੇ ਕਾਰਜ ਲਈ ਗੁਰੂ ਸਾਹਿਬ ਦੀ ਚੜ੍ਹਤ ਨੂੰ ਭਾਈ ਗੁਰਦਾਸ ਜੀ ਆਪਣੀ ਪਹਿਲੀ ਵਾਰ ਵਿਚ ਹੇਠ ਲਿਖੇ ਸ਼ਬਦਾਂ ਨਾਲ ਨਿਵਾਜਦੇ ਹਨ :

ਚੜ੍ਹਿਆ ਸੋਧਣਿ ਧਰਤਿ ਲੁਕਾਈ।

ਇਸ ਚੜ੍ਹਤ ਦੀ ਲੋੜ ਵੱਲ ਇਸ਼ਾਰਾ ਕਰਦੇ ਹੋਏ ਭਾਈ ਗੁਰਦਾਸ ਜੀ ਦੱਸਦੇ ਹਨ ਕਿ ਚੌਤਰਫੀਂ ਇਸ ਭਾਂਤ ਦੇ ਆਤਮਿਕ ਖਲਾਅ (Spiritual Vacuum) ਕਾਰਨ ਹਾਹਾਕਾਰ ਮੱਚੀ ਹੋਈ ਸੀ। ਰਾਜ-ਸੱਤਾ ਦੇ ਮਾਲਕ ਮੁਸਲਮਾਨ ਤੇ ਉਹਨਾਂ ਦੀ ਪਰਜਾ ਹਿੰਦੂ ਦੋਵੇਂ ਧਿਰਾਂ ਹਨੇਰਾ ਢੋਣ ਕਰਕੇ ਹੱਥੀਂ ਬਾਲੀ ਅੱਗ ਦੇ ਸੇਕ ਵਿਚ ਮੱਚ ਰਹੇ ਸਨ:

ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝੁ ਗੁਰੂ ਗੁਬਾਰੁ ਹੈ ਹੈ ਹੈ ਕਰਦੀ ਸੁਣੀ ਲੁਕਾਈ। (ਵਾਰ ੧/੨੪)

ਭਾਈ ਗੁਰਦਾਸ ਜੀ ਦੀ ਇਸ ਧਾਰਨਾ ਦੀ ਪ੍ਰੋੜ੍ਹਤਾ ਗੁਰੂ ਸਾਹਿਬ ਦੇ ਜੀਵਨ-ਕਾਲ ਤੋਂ ਭਲੀ-ਭਾਂਤ ਹੋ ਜਾਂਦੀ ਹੈ, ਕਿਉਂਕਿ ਉਹਨਾਂ ਨੇ ਸਰੀਰਕ ਰੂਪ ਵਿਚ ਵਿਚਰਦਿਆਂ ਹੋਇਆਂ ਨਿਧੜਕ ਹੋ ਕੇ ਕੂੜ ਤੋਂ ਪਰਦਾ ਚੁੱਕਿਆ ਅਤੇ ਨਾਲ ਦੀ ਨਾਲ ਸਮਝਾਇਆ ਕਿ ਸਹੀ ਮਾਰਗ ਤੋਂ ਖੁੰਝ ਕੇ ਮਨਮਰਜ਼ੀ ਦੀਆਂ ਪਗਡੰਡੀਆਂ 'ਤੇ ਤੁਰਨਾ ਕੁਰਾਹੇ ਪੈਣਾ ਹੈ, ਅਗਿਆਨੀ ਹੋਣ ਦਾ ਸਬੂਤ ਦੇਣਾ ਹੈ। ਇਸ ਦੇ ਨਤੀਜੇ ਵਜੋਂ ਦੁੱਖਾਂ ਦੇ ਪਹਾੜਾਂ ਦਾ ਟੁੱਟ ਪੈਣਾ ਕੁਦਰਤੀ ਹੈ। ਇਸ ਤੱਥ ਦੇ ਹੋਰ ਸਪੱਸ਼ਟੀਕਰਨ ਹਿੱਤ ਇਸ ਦਾ ਸਰਵੇਖਣ, ਭਾਰਤੀ ਸਭਿਆਚਾਰਕ ਵਿਰਸੇ ਦੀ ਲੋਅ ਵਿਚ ਕਰਨਾ ਯਥਾ-ਯੁਕਤ ਹੋਵੇਗਾ।

ਅਜਿਹੀ ਕੋਈ ਗੱਲ ਨਹੀਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਭਾਰਤ ਦੀ ਧਰਤੀ ਨੂੰ ਕਿਸੇ ਹੋਰ ਮਹਾਂਪੁਰਸ਼ ਦੀ ਛੂਹ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ, ਸਗੋਂ ਇਸ ਤੋਂ ਐਨ ਉਲਟ ਭਾਰਤ ਦੀ ਧਰਤੀ ਨੂੰ ਇਸ ਪੱਖੋਂ ਪੂਰਨ ਭਾਗਸ਼ੀਲ ਆਖਣਾ ਚਾਹੀਦਾ ਹੈ। ਸਮੇਂ-ਸਮੇਂ ਆਏ ਮਹਾਂਪੁਰਸ਼ਾਂ ਨੇ ਧਰਮ ਦੀ ਵ੍ਰਿਧੀ ਹਿੱਤ ਜੀਵਨ ਅਰਪਿਤ ਕਰੀ ਰੱਖਿਆ

ਅਤੇ ਇਸ ਤਰ੍ਹਾਂ ਪਏ ਪੂਰਨਿਆਂ ਸਦਕਾ ਮਨੁੱਖ ਮਾਤਰ ਨੂੰ ਕਲਿਆਣ-ਮਈ ਮਾਰਗ 'ਤੇ ਤੁਰਨ ਦਾ ਅਵਸਰ ਵੀ ਮਿਲਦਾ ਰਿਹਾ। ਪੂਰਵ-ਨਾਨਕ ਕਾਲ ਵਿਚ ਹੋਏ ਇਸ ਭਾਂਤ ਦੇ ਸਾਰੇ ਤਰੱਦਦ ਗੁਰੂ ਸਾਹਿਬ ਦਾ ਵਿਰਸਾ ਹਨ। ਗੁਰੂ ਸਾਹਿਬ ਵੱਲੋਂ ਪ੍ਰਚਾਰੀ ਗਈ ਜੀਵਨ-ਜਾਚ ਭਾਰਤੀ ਜੀਵਨ-ਜਾਚ ਹੈ। ਗੁਰੂ ਸਾਹਿਬ ਵੱਲੋਂ ਚਲਾਏ ਸਿੱਖ ਧਰਮ ਦਾ ਮੰਤਵ ਭਾਰਤੀ ਧਰਮ ਭਾਵਨਾ ਖ਼ਾਸ ਤੌਰ 'ਤੇ ਅਤੇ ਪੱਛਮੀ ਧਰਮ ਭਾਵਨਾ ਆਮ ਤੌਰ 'ਤੇ, ਨਾਲ ਕਿਸੇ ਤਰ੍ਹਾਂ ਵਿਰੋਧ ਪੇਸ਼ ਕਰਨਾ ਨਹੀਂ ਅਤੇ ਨਾ ਹੀ ਇਹਨਾਂ ਵਿਚੋਂ ਕਿਸੇ ਇਕ ਨੂੰ ਢਾਹ ਕੇ ਉਸ 'ਤੇ ਨਵਾਂ ਕੁਝ ਉਸਾਰਨ ਦਾ ਤਹੱਈਆ ਹੈ। ਸਗੋਂ ਗੁਰੂ ਸਾਹਿਬ ਦਾ ਮੰਤਵ ਤਾਂ ਧਰਮ ਦੀ ਅਸਲੀ ਭਾਵਨਾ ਨੂੰ ਪ੍ਰਫੁੱਲਤ ਕਰਨਾ ਸੀ। ਇਸ ਦ੍ਰਿਸ਼ਟੀ ਤੋਂ ਭਾਰਤੀ ਮਹਾਂਪੁਰਸ਼ਾਂ ਵੱਲੋਂ ਪ੍ਰਚਾਰੇ ਗਏ ਅਸੂਲਾਂ ਵਿਚ ਕੋਈ ਘਾਟ ਨਹੀਂ ਪ੍ਰਤੀਤ ਹੁੰਦੀ ਕਿਉਂਕਿ ਉਹਨਾਂ ਅਸੂਲਾਂ ਦਾ ਆਧਾਰ ਗਿਆਨ, ਕਰਮ, ਪ੍ਰੇਮ (Light, action and love) ਵਰਗੀਆਂ ਵਿਸ਼ਵਾਰਥੀ ਸਚਾਈਆਂ ਹਨ। ਇਹ ਸਾਰਾ ਕੁਝ ਮਹਾਂਪੁਰਖਾਂ ਦੇ ਆਪਣੇ ਜੀਵਨ-ਕਾਲ ਸਮੇਂ ਤਾਂ ਭਲੀ-ਭਾਂਤ ਨਿੱਭਦਾ ਰਿਹਾ ਅਤੇ ਇਹਨਾਂ ਵਿਚਲੀ ਭਾਵਨਾ ਭਲੀ-ਭਾਂਤ ਪੱਲਰਦੀ ਭੀ ਰਹੀ, ਪਰੰਤੂ ਉਹਨਾਂ ਦੇ ਸਰੀਰਕ ਤੌਰ 'ਤੇ ਅਲੋਪ ਹੋ ਜਾਣ ਪਿੱਛੋਂ, ਤੋਰ ਨਿਰੰਤਰ ਨਾ ਰਹੀ। ਨਤੀਜੇ ਵਜੋਂ ਲੋਕਾਈ ਸ਼ੁਭ ਅਮਲਾਂ ਦੀ ਥਾਂ ਕੂੜ-ਕੁਸੱਤ ਦੇ ਗੜ੍ਹ ਵੱਲ ਧੱਕੀਂਦੀ ਗਈ। ਕਥਨ ਦਾ ਭਾਵ ਇਹ ਕਿ ਗੁਰੂ ਸਾਹਿਬ ਤੋਂ ਪਹਿਲਾਂ ਤਬਦੀਲੀਆਂ ਇਕ ਤੋਂ ਵੱਧ ਵਾਰ ਹੋਈਆਂ ਪਰੰਤੂ ਉਹਨਾਂ ਦਾ ਆਧਾਰ ਮਨੁੱਖੀ ਸੁਭਾਅ (Human psychology) ਨਾ ਹੋਣ ਕਰਕੇ ਜਾਂ ਫਿਰ ਸਮੇਂ ਦੀ ਥੁੜ੍ਹ ਕਰਕੇ ਕੋਈ ਪੱਕਾ ਬਾਨ੍ਹਣੂ ਨਾ ਬੱਝ ਸਕਿਆ। ਮਨੁੱਖੀ ਪ੍ਰਕਿਰਤੀ ਨਾ ਹੀ ਇਕ ਦਿਨ ਵਿਚ ਬਣਦੀ ਹੈ ਅਤੇ ਨਾ ਹੀ ਇਕ ਦਿਨ ਭਾਵ ਨਿਸ਼ਚਿਤ ਪਰ ਲੋੜ ਤੋਂ ਥੋੜ੍ਹੇ ਸਮੇਂ ਵਿਚ ਬਦਲ ਸਕਦੀ ਹੈ। ਗੁਰੂ ਸਾਹਿਬ ਤਕ ਨਿਰੰਤਰ ਸੰਘਰਸ਼ ਦੀ ਥਾਂ ਵਿਅਕਤੀਗਤ ਸੱਤਿਆ ਦੀ ਵਰਤੋਂ 'ਤੇ ਵਧੇਰੇ ਬਲ ਦਿੱਤਾ ਜਾਂਦਾ ਰਿਹਾ ਹੈ। ਇਸ ਭਾਵਨਾ ਨੇ ਕਰਾਮਾਤਾਂ ਨੂੰ ਜਨਮ ਦਿੱਤਾ। ਭਾਈ ਗੁਰਦਾਸ ਜੀ ਇਸ ਦਾ ਸਮਰਥਨ ਕਰਦੇ ਹੋਏ ਆਖਦੇ ਹਨ :

ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ।
ਆਪੋ ਧਾਪੀ ਹੋਇ ਕੈ ਨਿਆਰੇ ਨਿਆਰੇ ਧਰਮ ਚਲਾਵੈ। (ਵਾਰ ੧/੧੮)

ਇਹ ਲਗਭਗ ਸਪੱਸ਼ਟ ਹੀ ਹੈ ਕਿ ਪੂਰਵ-ਨਾਨਕ ਕਾਲ ਦੇ ਮਹਾਂਪੁਰਸ਼ਾਂ ਨੇ ਆਪਣੇ ਜੀਵਨ-ਕਾਲ ਸਮੇਂ ਸੰਬੰਧਿਤ ਮਨੁੱਖ ਮਾਤਰ ਨੂੰ ਆਪਣੇ ਵਿਅਕਤਿੱਤਵ ਅਤੇ ਦਰਸਾਏ ਗਏ ਅਸੂਲਾਂ ਨੂੰ ਅਮਲ ਵਿਚ ਲਿਆਉਣ ਸੰਬੰਧੀ, ਸਪੱਸ਼ਟ ਨਾ ਕੀਤਾ ਜਾਂ ਲੋੜ ਨਾ ਸਮਝੀ ਜਾਂ ਇਸ ਲਈ ਸਮਾਂ ਹੀ ਨਾ ਮਿਲਿਆ। ਭਗਤ ਕਬੀਰ ਜੀ ਵਰਗੇ ਜਿਹੜੇ ਮਹਾਂਪੁਰਸ਼ ਇਸ ਤੱਥ ਬਾਰੇ ਚੇਤੰਨ ਸਨ, ਉਹਨਾਂ ਦੇ ਯਤਨ ਏਨੇ ਵਿਕੋਲਿਤਰੇ ਸਨ ਕਿ ਉਹਨਾਂ ਦੀ ਆਵਾਜ਼ ਪੱਕੀ ਜਥੇਬੰਦੀ ਦਾ ਰੂਪ ਨਾ ਧਾਰ ਸਕੀ ਅਤੇ ਕੇਵਲ ਆਵਾਜ਼ ਹੀ ਰਹਿ ਗਈ। ਸਿੱਟੇ ਵਜੋਂ ਮਹਾਂਪੁਰਸ਼ਾਂ ਦੇ ਪੈਰੋਕਾਰਾਂ ਵਿਚ ਸਮੇਂ ਨਾਲ ਅਸਪੱਸ਼ਟਤਾ ਵਧਦੀ ਗਈ ਅਤੇ ਸਹੀ ਭਾਵਨਾ ਦੇ ਅਲੋਪ ਹੋਣ ਵਾਸਤੇ ਮਾਹੌਲ ਬਣਦਾ ਗਿਆ। ਗੁਰੂ ਨਾਨਕ ਸਾਹਿਬ ਦੇ ਆਗਮਨ ਸਮੇਂ ਇਹ ਵਾਤਾਵਰਨ ਆਮ ਸੀ ਅਤੇ ਇਸ ਬਾਰੇ ਭਾਈ ਗੁਰਦਾਸ ਜੀ ਪਹਿਲੀ ਵਾਰ ਵਿਚ ਲਿਖਦੇ ਹਨ :

ਭਈ ਗਿਲਾਨਿ ਜਗਤ੍ਰਿ ਵਿਚਿ ਚਾਰਿ ਵਰਨਿ ਆਸ੍ਰਮ ਉਪਾਏ।
ਦਸਿ ਨਾਮਿ ਸੰਨਿਆਸੀਆ ਜੋਗੀ ਬਾਰਹ ਪੰਥਿ ਚਲਾਏ।

ਜੰਗਮ ਅਤੇ ਸਰੇਵੜੇ ਦਗੇ ਦਿਗੰਬਰਿ ਵਾਦਿ ਕਰਾਏ।
ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ।
ਖਟੁ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ। (ਵਾਰ ੧/੧੯)

ਇਸ ਕਿਸਮ ਦੇ ਝੁਕਾਅ ਨੇ ਲੋਕਾਂ ਨੂੰ ਬੁੱਤ-ਪੂਜ ਬਣਾ ਦਿੱਤਾ ਅਤੇ ਲੋਕਾਂ ਵਿਚ ਆਤਮਾ ਦੀ ਥਾਂ ਸਰੀਰ ਦੀ ਪ੍ਰਧਾਨਤਾ ਮੰਨੀ ਜਾਣ ਲੱਗ ਪਈ।[1] 'ਗੀਤਾ' ਦੇ ਕੇਂਦਰੀ ਭਾਵ ਦਾ ਵਰਨਣ ਕਰਦਿਆਂ ਸੁਸਿੱਖਿਅਤ ਲੇਖਕ ਸ੍ਰੀ ਕੇ.ਐਮ. ਮੁਨਸ਼ੀ, ਸ੍ਰੀ ਕ੍ਰਿਸ਼ਨ ਜੀ ਨੂੰ ਫ਼ਾਨੀ ਸਰੀਰ ਦਾ ਮਾਲਕ ਦੱਸਦੇ ਹਨ ਅਤੇ ਨਾਲ ਹੀ ਸ੍ਰੀ ਕ੍ਰਿਸ਼ਨ ਜੀ ਦੇ ਪ੍ਰਚਾਰੇ ਗਏ ਧਰਮ ਨੂੰ ਸਮੁੱਚੀ ਮਨੁੱਖ ਜਾਤੀ ਲਈ ਦੱਸਦੇ ਹੋਏ ਕਹਿੰਦੇ ਹਨ ਕਿ ਧਰਮ ਦਾ ਕੰਮ ਮਨੁੱਖ ਨੂੰ ਆਪਣੇ ਆਪ ਵਿਚ ਸੰਪੂਰਨ ਕਰਨਾ ਹੈ। ਪਰੰਤੂ ਸ੍ਰੀ ਕ੍ਰਿਸ਼ਨ ਜੀ ਦੇ ਸਮੇਂ ਤੋਂ ਪਿੱਛੋਂ ਉਹਨਾਂ ਵੱਲੋਂ ਪ੍ਰਚਾਰੇ ਗਏ ਧਰਮ ਦਾ ਹਾਲ ਬਿਆਨ ਕਰਦਿਆਂ ਸ. ਖ਼ਜ਼ਾਨ ਸਿੰਘ ਜੀ ਲਿਖਦੇ ਹਨ[2] ਕਿ ਉਹਨਾਂ ਵੱਲੋਂ ਪ੍ਰਚਾਰੀ ਗਈ ਭਾਵਨਾ ਅਸਲੋਂ ਅਲੋਪ ਹੋ ਚੁੱਕੀ ਸੀ। ਸਮਾਜ ਨੂੰ ਸਹੀ ਮਾਰਗ ਦਾ ਪੰਧਾਊ ਬਣਾ ਸਕਣ ਦੀ ਸਮਰੱਥਾ ਰੱਖਣ ਵਾਲੇ ਗੁਣ ਅਲੋਪ ਹੋ ਚੁੱਕੇ ਸਨ ਅਤੇ ਉਹਨਾਂ ਦੀ ਥਾਂ ਕਰਮ-ਕਾਂਡ ਪ੍ਰਧਾਨ ਹੋ ਰਿਹਾ ਸੀ। ਸਮੇਂ ਦੇ ਰਾਜਸੀ ਹਾਲਤ ਨੇ ਧਾਰਮਿਕ ਪੱਤਣ ਨੂੰ ਹੋਰ ਭੀ ਡੂੰਘਿਆਂ ਕੀਤਾ। ਰਾਜਸੀ ਸੱਤਾ ਦੇ ਮਾਲਕ ਮੁਸਲਮਾਨ ਦੇ ਦਿਮਾਗ਼ ਵਿਚ ਜੇਤੂ ਹੋਣ ਕਰਕੇ 'ਉੱਤਮਤਾ' (Superiority) ਦਾ ਅਹਿਸਾਸ ਜਵਾਨੀ 'ਤੇ ਸੀ ਅਤੇ ਦੂਜੇ ਪਾਸੇ ਇਥੋਂ ਦੀ ਧਾਰਮਿਕ ਹਾਲਤ ਨਾਲ ਸਮਝੌਤਾ ਕਰਨ ਜਾਂ ਪੱਲਾ ਮੇਚ ਕੇ ਤੁਰਨ ਦੀ ਥਾਂ ਇਸਲਾਮ ਨੂੰ ਵਧੀਆ ਸਮਝ ਕੇ ਠੋਸਣਾ ਸ਼ੁਰੂ ਕਰ ਰੱਖਿਆ ਸੀ। ਇਸ ਤਰ੍ਹਾਂ ਦੋਵੇਂ ਹੀ ਧਰਮ ਆਪਣੀ ਅਸਲੀ ਭਾਵਨਾ ਤੋਂ ਦਿਨੋ-ਦਿਨ ਦੂਰ ਹੁੰਦੇ ਜਾ ਰਹੇ ਸਨ। ਮੁਸਲਮਾਨ ਬੁੱਤ-ਪੂਜ ਨਹੀਂ ਸਨ ਪਰੰਤੂ ਹਜ਼ਰਤ ਮੁਹੰਮਦ ਸਾਹਿਬ ਤੋਂ ਬਿਨਾਂ ਹੋਰ ਕਿਸੇ ਨੂੰ ਪੈਗ਼ੰਬਰ ਮੰਨਣ ਤੋਂ ਇਨਕਾਰੀ ਸਨ। ਇਹ ਕੱਟੜਤਾ ਵੀ ਇਥੋਂ ਤਕ ਵਧੀ ਹੋਈ ਸੀ ਕਿ ਉਹ ਈਨ, ਤਲਵਾਰ ਜਾਂ ਧਨ ਤੋਂ ਬਿਨਾਂ ਸੁਲਾਹ ਦਾ ਹੋਰ ਕੋਈ ਮਾਰਗ ਮੰਨਦੇ ਹੀ ਨਹੀਂ ਸਨ। ਅਸੂਲਾਂ ਨਾਲੋਂ ਵਿਅਕਤੀ ਵਿਸ਼ੇਸ਼ ਦੇ ਪੂਜਕ ਹੋਣ ਕਰਕੇ ਇਹ ਕਰਾਮਾਤਾਂ ਵਾਲੇ ਪਾਸੇ ਵਧਦੇ ਜਾ ਰਹੇ ਸਨ, ਜਿਸ ਦੇ ਸਿੱਟੇ ਵਜੋਂ ਪਖੰਡ ਦਾ ਪ੍ਰਵੇਸ਼ ਹੋਣ ਕਰਕੇ ਅਸਲੀਅਤ ਕੰਨੀਂ ਖਿਸਕਾ ਰਹੀ ਪ੍ਰਤੀਤ ਹੁੰਦੀ ਸੀ। ਇਸ ਤੱਥ ਦਾ ਇਜ਼ਹਾਰ ਗੁਰੂ ਨਾਨਕ ਦੇਵ ਜੀ ਨੇ ਮੱਕੇ ਵਿਖੇ ਹਾਜੀਆਂ ਦੀ ਹਾਜ਼ਰੀ ਵਿਚ ਕੀਤਾ। ਭਾਈ ਗੁਰਦਾਸ ਅਨੁਸਾਰ ਉਹਨਾਂ ਦੇ ਇਹ ਬੋਲ ਸਨ:

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ।
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ। (ਵਾਰ ੧/੩੩)

ਅਜਿਹਾ ਕਿਉਂ ਸੀ ? ਇਸ ਦਾ ਉੱਤਰ ਦੇਂਦੇ ਹੋਏ ਭਾਈ ਗੁਰਦਾਸ ਜੀ ਉਪਰੋਕਤ ਪਉੜੀ ਦੇ ਅੰਤ ਵਿਚ ਆਖਦੇ ਹਨ:

ਰਾਹਿ ਸੈਤਾਨੀ ਦੁਨੀਆ ਗੋਈ। (ਵਾਰ ੧/੩੩)

ਸੋ ਏਨਾ ਸਪੱਸ਼ਟ ਹੋ ਗਿਆ ਕਿ ਬਾਬਾ ਜੀ ਦੇ ਆਗਮਨ ਸਮੇਂ ਹਿੰਦੂ ਤੇ ਮੁਸਲਮਾਨ ਦੋਵੇਂ ਰਾਜਾ ਤੇ ਰੰਕ ਦੀ ਨਿਆਈਂ ਰਹਿ ਜ਼ਰੂਰ ਰਹੇ ਸਨ ਪਰੰਤੂ ਦੋਵੇਂ ਧਿਰਾਂ ਆਪਣੇ ਕਰਮ ਜਾਂ ਅਮਲ ਵਿਚ ਸੁਤੰਤਰਤਾ ਅਤੇ ਸ਼ੁਭ ਭਾਵਨਾ ਤੋਂ ਖ਼ਾਲੀ ਸਨ। ਜੇ ਰਾਜਾ ਤਖ਼ਤ ਦੇ ਲਾਇਕ ਨਹੀਂ ਸੀ ਤਾਂ ਪਰਜਾ ਭੀ ਕਸ਼ਟ ਸਮੇਂ ਹੀ ਪਰਮਾਤਮਾ ਨੂੰ ਯਾਦ ਕਰਦੀ ਸੀ। ਕਾਬਜ਼ ਸ਼੍ਰੇਣੀ

ਵੱਲੋਂ ਇਕ-ਪਾਸੜ ਰਵੱਈਏ ਦਾ ਸਬੂਤ ਦਿੱਤਾ ਜਾ ਰਿਹਾ ਸੀ ਅਤੇ ਹਿੰਦੂਆਂ ਨੂੰ ਚੋਰ ਵਾਂਗ ਨਫ਼ਰਤ ਕੀਤੀ ਜਾ ਰਹੀ ਸੀ, ਅਣਖ ਨੂੰ ਇਸ ਹੱਦ ਤਕ ਖੁੰਢਾ ਕਰ ਦਿੱਤਾ ਗਿਆ ਸੀ ਕਿ ਜੇ ਕੋਈ ਅਣਖ ਦੀ ਵਰਤੋਂ ਕਰਦਾ ਭੀ ਸੀ ਤਾਂ ਲਹੂ-ਲੁਹਾਨ ਹੋ ਕੇ ਚੁੱਪ ਕਰਨਾ ਪੈਂਦਾ ਸੀ ਅਤੇ ਜੇ ਵਰਤੋਂ ਨਹੀਂ ਸੀ ਕੀਤੀ ਜਾਂਦੀ ਤਾਂ ਨਿੱਤ ਹੀ ਆਪਣੇ ਖ਼ੂਨ ਦੇ ਘੁੱਟ ਪੀ ਕੇ ਜੀਉਣਾ ਪੈਂਦਾ ਸੀ। ਹਾਕਮ ਸ਼੍ਰੇਣੀ ਦਾ ਇਹ ਰਵੱਈਆ ਨਫ਼ਰਤ ਯੋਗ ਸੀ ਪਰੰਤੂ ਕੋਈ ਭੀ ਉਭਾਸਰਨ ਦਾ ਹੀਆ ਨਹੀਂ ਸੀ ਕਰ ਰਿਹਾ। ਗੁਰੂ ਸਾਹਿਬ ਜੀ ਨੇ ਇਸ ਸਥਿਤੀ ਦਾ ਸਰਵੇਖਣ ਕੀਤਾ ਅਤੇ ਨਾਲ ਹੀ ਕਰੜੀ ਆਲੋਚਨਾ ਕੀਤੀ:

ਰਾਜੇ ਸੀਹ ਮੁਕਦਮ ਕੁਤੇ॥
ਜਾਇ ਜਗਾਇਨਿ੍ ਬੈਠੇ ਸੁਤੇ॥ (ਪੰਨਾ ੧੨੮੮)

ਭਾਈ ਗੁਰਦਾਸ ਜੀ ਇਸ ਦਾ ਵਰਣਨ ਕਰਦੇ ਹੋਏ ਆਖਦੇ ਹਨ:

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ। (ਵਾਰ ੧/੩੦)

ਸਪੱਸ਼ਟ ਹੈ ਕਿ ਇਸਲਾਮ ਦੇ ਨਾਂ 'ਤੇ ਰਾਜ ਕਰਨ ਵਾਲੇ ਧਰਮ ਤੋਂ ਕੋਹਾਂ ਦੂਰ ਸਨ ਅਤੇ ਕਰਤੱਵ ਦੀ ਕੁਤਾਹੀ ਵਿਚ ਸਭ ਤੋਂ ਅੱਗੇ। ਦੁੱਖ ਵਿਚ ਪਰਮਾਤਮਾ ਦੀ ਯਾਦ ਵਧੇਰੇ ਆਉਂਦੀ ਹੈ, ਸੋ ਪਰਜਾ ਦਾ ਅਜਿਹੇ ਸਮੇਂ ਧਾਰਮਿਕ ਆਗੂਆਂ ਦੇ ਮੂੰਹ ਵੱਲ ਵੇਖਣਾ ਬਿਲਕੁਲ ਕੁਦਰਤੀ ਹੋ ਜਾਂਦਾ ਹੈ। ਪਰੰਤੂ ਧਾਰਮਿਕ ਆਗੂ ਚਾਹੇ ਉਹ ਹਿੰਦੂ ਸਨ ਤੇ ਚਾਹੇ ਮੁਸਲਮਾਨ, ਉਹਨਾਂ ਦੀ ਧਰਮ ਪ੍ਰਤੀ ਪਹੁੰਚ ਬਿਲਕੁਲ ਗ਼ਲਤ ਸੀ। ਭਾਈ ਗੁਰਦਾਸ ਜੀ ਕਾਜ਼ੀਆਂ ਦਾ ਵਰਣਨ ਕਰਦੇ ਹੋਏ ਆਖਦੇ ਹਨ ਕਿ ਧਾਰਮਿਕ ਆਗੂ ਧਰਮ ਨੂੰ ਲਾਲਚ ਦੀ ਲੋਅ ਵਿਚ ਪੇਸ਼ ਕਰ ਰਹੇ ਪ੍ਰਤੀਤ ਹੁੰਦੇ ਹਨ:

ਚੇਲੇ ਬੈਠਨਿ ਘਰਾਂ ਵਿਚਿ ਗੁਰਿ ਉਠਿ ਘਰੀਂ ਤਿਨਾੜੇ ਜਾਈ।
ਕਾਜੀ ਹੋਏ ਰਿਸਵਤੀ ਵਢੀ ਲੈ ਕੈ ਹਕੁ ਗਵਾਈ। (ਵਾਰ ੧/੩੦)

ਬ੍ਰਾਹਮਣਾਂ ਦਾ ਵਰਣਨ ਕਰ ਹੀ ਚੁੱਕੇ ਹਾਂ ਕਿ ਉਹ ਰਾਜ-ਸੱਤਾ ਦੇ ਮੂੰਹ ਵੱਲ ਵੇਖ ਕੇ ਤੁਰਦੇ ਸਨ। ਨੇਕੀ ਤਾਂ ਆਪਣੀ ਤੋਰੇ ਤੁਰਦੀ ਹੈ, ਉਹ ਸਮਝੌਤਾ ਨਹੀਂ ਕਰਦੀ ਅਤੇ ਨਾ ਹੀ ਅਨੁਕੂਲ ਵਾਤਾਵਰਣ ਦੀ ਉਡੀਕ ਕਰਦੀ ਹੈ ਸਗੋਂ ਉਸ ਦਾ ਕੰਮ ਤਾਂ ਸੰਘਰਸ਼ ਵਿਚ ਕੁੱਦਣਾ ਹੈ। ਕਿਉਂਕਿ ਸੰਘਰਸ਼ ਹੀ ਅਜਿਹੀ ਕੁਠਾਲੀ ਹੈ ਜਿਸ ਵਿਚੋਂ ਨੇਕੀ ਹਮੇਸ਼ਾ ਨਿੱਖਰ ਕੇ ਬਾਹਰ ਆਉਂਦੀ ਹੈ। ਧਰਮ ਨੇ ਕਰਤੱਵ ਪਾਲਣਾ ਨੂੰ ਛੱਡ ਦਿੱਤਾ ਤਾਂ ਹਾਨੀ ਹੋਣੀ ਹੀ ਸੀ:

ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਆਲਾਈ। (ਵਾਰ ੧/੩੦)

ਇਹ ਅਗਿਆਨੀ ਹੋਣ ਦਾ ਹੀ ਸਿੱਟਾ ਸੀ ਕਿ ਸਮੁੱਚੇ ਸਮਾਜਕ ਰਿਸ਼ਤਿਆਂ ਦੀ ਚੂਲ ਪ੍ਰੇਮ-ਪਿਆਰ, ਸ਼ੁਭ ਕਰਮ ਜਾਂ ਗਿਆਨ ਦੀ ਥਾਂ ਕੇਵਲ ਲਾਲਚ ਬਣ ਗਿਆ। ਲਾਲਚ ਵਾਲੀ ਥਾਂ ਪਿਆਰ ਨਹੀਂ ਖਲੋਂਦਾ, ਇਹ ਬਾਬਾ ਫ਼ਰੀਦ ਜੀ ਦੀ ਧਾਰਨਾ ਹੈ:

ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ॥ (ਪੰਨਾ ੧੩੭੮)

ਸਮਾਜਿਕ ਰਿਸ਼ਤਿਆਂ ਦੀ ਪੱਧਰ ਭਾਈ ਗੁਰਦਾਸ ਜੀ ਅਨੁਸਾਰ ਇਹ ਸੀ:

ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊਂ ਜਾਈ। (ਵਾਰ ੧/੩੦)

ਸਭਿਆਚਾਰਕ ਵਿਰਾਸਤ ਦੀ ਪਛਾਣ ਧੁੰਦਲੀ ਹੁੰਦੀ-ਹੁੰਦੀ ਖ਼ਤਮ ਹੀ ਹੋ ਚੁੱਕੀ ਸੀ। ਆਪਣੀ ਬੋਲੀ, ਆਪਣੇ ਪਹਿਰਾਵੇ ਅਤੇ ਆਪਣੀਆਂ ਰਸਮਾਂ ਦੀ ਥਾਂ ਹਾਕਮਾਂ ਦੀ ਬੋਲੀ, ਪਹਿਰਾਵਾ ਅਤੇ ਰਸਮਾਂ ਲੋਕਾਂ ਵਿਚ ਘਰ ਕਰ ਰਹੀਆਂ ਸਨ। ਇਸ ਤੱਥ ਦਾ ਵਰਨਣ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਬਹੁਤ ਥਾਈਂ ਕੀਤਾ ਹੈ। ਸਿੱਟਾ ਇਹੀ ਨਿਕਲਦਾ ਹੈ ਕਿ ਸਮੁੱਚੇ ਤੌਰ 'ਤੇ ਅਗਿਆਨ ਦਾ ਬੋਲ-ਬਾਲਾ ਸੀ ਅਤੇ ਇਸ ਅੰਧੇਰ ਵਿਚੋਂ ਕੱਢਣ ਵਾਸਤੇ ਚਾਨਣ ਦੀ ਛਿੱਟ ਪ੍ਰਦਾਨ ਕਰ ਸਕਣ ਵਾਲਾ ਕੋਈ ਨਜ਼ਰ ਨਹੀਂ ਸੀ ਆ ਰਿਹਾ। ਗੁਰੂ ਸਾਹਿਬ ਦਾ ਜਨਮ ਇਕ ਵਾਹਿਦਾ ਸੀ, ਲੋਕਾਂ ਦੀ ਪੁਕਾਰ ਦਾ ਉੱਤਰ ਸੀ ਜਾਂ ਦਾਤੇ ਦੀ ਮਿਹਰ ਸੀ। ਭਾਈ ਗੁਰਦਾਸ ਜੀ ਇਸ ਬਾਰੇ ਆਖਦੇ ਹਨ:

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੂ ਨਾਨਕ ਜਗ ਮਾਹਿ ਪਠਾਇਆ। (ਵਾਰ ੧/੨੩)

ਜਿਵੇਂ ਕਿ ਪਿੱਛੇ ਭੀ ਇਸ਼ਾਰਾ ਕੀਤਾ ਜਾ ਚੁੱਕਾ ਹੈ ਕਿ ਗੁਰੂ ਸਾਹਿਬ ਇਸ ਧਰਤੀ 'ਤੇ ਆਉਣ ਵਾਲੇ ਨਾ ਹੀ ਪਹਿਲੇ ਪੁਰਸ਼ ਸਨ ਅਤੇ ਨਾ ਧਾਰਮਿਕ ਗਿਲਾਨੀ ਦੇ ਖ਼ਾਤਮੇ ਵਾਸਤੇ ਜੂਝ ਰਹੇ ਪਹਿਲੇ ਵਿਅਕਤੀ ਵਿਸ਼ੇਸ਼ ਸਨ, ਸਗੋਂ ਉਹਨਾਂ ਸਾਹਮਣੇ ਤਾਂ ਧਾਰਮਿਕ ਗਿਆਨੀ ਦਾ ਸਾਰਾ ਇਤਿਹਾਸ ਮੌਜੂਦ ਸੀ ਅਤੇ ਨਾਲ ਉਹ ਸਾਰੇ ਢੰਗ ਮੌਜੂਦ ਸਨ ਜਿਹੜੇ ਸਮੇਂ-ਸਮੇਂ ਅਪਨਾਏ ਜਾ ਚੁੱਕੇ ਸਨ। ਲੋਕਾਈ ਨੂੰ ਸੋਧਣ ਦਾ ਬੀੜਾ ਚੁੱਕਣ ਲੱਗਿਆਂ ਜ਼ਰੂਰੀ ਸੀ ਕਿ ਗੁਰੂ ਸਾਹਿਬ ਉਹਨਾਂ ਸਾਰੀਆਂ ਕਮਜ਼ੋਰੀਆਂ ਨੂੰ ਧਿਆਨ ਵਿਚ ਰੱਖਦੇ, ਜਿਨ੍ਹਾਂ ਦੀ ਸ਼ਿਕਾਰ ਜਨਤਾ ਜਾਂ ਮਹਾਂਪੁਰਸ਼ ਪਹਿਲਾਂ ਹੋ ਚੁੱਕੇ ਸਨ। ਸਭ ਤੋਂ ਪਹਿਲੀ ਗੱਲ ਉਹਨਾਂ ਨੇ ਇਹ ਕੀਤੀ ਕਿ ਸਭੋ ਕੁਝ ਨੂੰ ਮਨੁੱਖੀ ਪੱਧਰ 'ਤੇ ਨਜਿੱਠਣ ਦੀ ਪੱਕੀ ਠਾਣ ਲਈ। ਇਸ ਨਾਲ ਤੁਰੰਤ ਹੀ ਇਹ ਲਾਭ ਹੋਇਆ ਕਿ ਉਹਨਾਂ ਦੇ ਪੈਰੋਕਾਰਾਂ ਨੂੰ ਕਿਸੇ ਅਜਿਹੀ ਘਟਨਾ ਦਾ ਸਾਹਮਣਾ ਨਾ ਕਰਨਾ ਪਿਆ ਜਿਹੜੀ ਕੇਵਲ ਗੁਰੂ ਹੀ ਕਰ ਸਕਦਾ ਹੋਵੇ ਅਤੇ ਪੈਰੋਕਾਰ ਉਸ ਨੂੰ ਅਪਨਾ ਸਕਣ ਤੋਂ ਅਸਮਰੱਥ ਹੋਣ। ਇਤਿਹਾਸ ਗਵਾਹ ਹੈ ਕਿ ਗੁਰੂ ਸਾਹਿਬ ਨੇ ਇਕ ਵਿਦਿਆਰਥੀ ਵਾਂਗ ਵਿਦਿਆ ਪ੍ਰਾਪਤ ਕੀਤੀ, ਸਮਾਜਿਕ ਜ਼ੁੰਮੇਵਾਰੀ ਦੇ ਤੌਰ 'ਤੇ ਪਤੀ ਤੇ ਬਾਪ ਅਖਵਾਏ, ਮੋਦੀ ਵਜੋਂ ਕਾਰਜਸ਼ੀਲ ਰਹੇ ਅਤੇ ਅੰਤਲੇ ਦਿਨਾਂ ਵਿਚ ਖੇਤੀ ਭੀ ਕੀਤੀ। ਭਾਵ ਉਹਨਾਂ ਨੇ ਸਰੀਰਕ ਰੂਪ ਵਿਚ ਲੋੜੀਂਦਾ ਹਰ ਮਾਰਗ ਅਪਨਾਇਆ ਅਤੇ ਇਸ ਤੋਂ ਲੋੜੀਂਦਾ ਤਜਰਬਾ ਹਾਸਲ ਕੀਤਾ। ਇਸ ਤਰ੍ਹਾਂ ਕਰਾਮਾਤ ਧਰਮ ਦਾ ਅੰਗ ਨਾ ਰਹੀ ਅਤੇ ਸਰੀਰ ਦੀ ਅਟੱਲ ਨਾਸ਼ਮਾਨਤਾ ਵਿਚ ਲੋਕਾਂ ਦਾ ਯਕੀਨ ਭੀ ਪੱਕਾ ਹੁੰਦਾ ਗਿਆ। ਇਸ ਤਜਰਬੇ ਦੇ ਆਧਾਰ 'ਤੇ ਉਹਨਾਂ ਨੇ ਲੋਕਾਂ ਦੇ ਅਮਲਾਂ ਨੂੰ ਸ਼ੁਭ ਬਣਾਉਣ ਅਤੇ ਧਾਰਮਿਕ ਗਿਰਾਵਟ ਦਾ ਪੱਕਾ ਇਲਾਜ ਕਰਨ ਲਈ ਇਕ ਵਿਸ਼ੇਸ਼ ਪ੍ਰੋਗਰਾਮ ਦਿੱਤਾ। ਇਸ ਪ੍ਰੋਗਰਾਮ ਦਾ ਲੋਕਾਂ ਦੇ ਦਿਲਾਂ ਵਿਚ ਵੱਸ ਜਾਣਾ ਜ਼ਰੂਰੀ ਸੀ ਅਤੇ ਇਸ ਲੋੜ ਦੀ ਪੂਰਤੀ ਲਈ ਉਹਨਾਂ ਨੇ ਲੰਮੇ ਸਮੇਂ ਦੀ ਮੁਹਲਤ ਲਈ ਅਤੇ ਦਸ ਜਾਮੇ ਬਦਲ ਕੇ ਉਹਨਾਂ ਨੂੰ ਆਉਣਾ ਪਿਆ ਤਾਂ ਜਾ ਕੇ ਲੋਕ ਦਰਸਾਏ ਗਏ ਪ੍ਰੋਗਰਾਮ ਨੂੰ ਭਲੀ-ਭਾਂਤ ਸਮਝ ਭੀ ਸਕੇ ਤੇ ਹਜ਼ਮ ਭੀ ਕਰ ਸਕੇ। ਪ੍ਰੋਗਰਾਮ ਵਿਚ ਪਹਿਲਾ ਨੁਕਤਾ ਇਹ ਸੀ ਕਿ ਮਨੁੱਖ ਮਾਤਰ ਨੂੰ ਭਰਾਤਰੀਅਤਾ ਦੀ ਲੜੀ ਵਿਚ ਪਰੋ ਕੇ 'ਏਕਸਿ ਕੇ ਹਮ ਬਾਰਿਕ' ਦਾ ਅਹਿਸਾਸ ਪੈਦਾ ਕੀਤਾ ਜਾਵੇ। ਇਸ ਬਾਰੇ ਸ. ਖ਼ਜ਼ਾਨ ਸਿੰਘ ਜੀ ਲਿਖਦੇ ਹਨ ਕਿ ਗੁਰੂ ਸਾਹਿਬ ਦਾ ਸੰਦੇਸ਼ ਇਹ ਸੀ:

"The Spirit of Guru Nanak's teachings was the observance of the universal brotherhood of man and fatherhood of the Lord God."

(History and Philosophy of the Sikh Religion, vol. II, p. 356)

ਉਪਰੋਕਤ ਭਾਵਨਾ ਦਾ ਹਾਣੀ ਨਾਹਰਾ ਉਹਨਾਂ ਨੇ 'ਵੇਈਂ ਨਦੀ ਪ੍ਰਵੇਸ਼' ਪਿੱਛੋਂ ਲੋਕਾਂ ਨੂੰ ਦਿੱਤਾ ਸੀ ਕਿ 'ਨਾ ਕੋ ਹਿੰਦੂ ਨ ਮੁਸਲਮਾਨ॥' ਮੂਲ ਮੰਤਰ ਦਾ ਭਾਵ ਭੀ ਪਰਮਾਤਮਾ ਦੇ ਗੁਣਾਂ ਨੂੰ ਮਨੁੱਖ ਮਾਤਰ ਵਿਚ ਪ੍ਰਫੁੱਲਤ ਕਰਨ ਦਾ ਹੈ। ਇਸ ਸਭ ਕਾਸੇ ਨੂੰ ਅਮਲੀ ਰੂਪ ਦੇਣ ਲਈ ਗੁਰੂ ਸਾਹਿਬ ਨੇ ਦੁਨੀਆਂ ਦਾ ਸਫ਼ਰ ਕੀਤਾ, ਜਿਸ ਨੂੰ ਅਸੀਂ ਉਦਾਸੀਆਂ ਦੇ ਨਾਂ ਨਾਲ ਯਾਦ ਕਰਦੇ ਹਾਂ। ਇਸ ਤਰ੍ਹਾਂ ਗੁਰੂ ਸਾਹਿਬ ਇਕ ਅਜਿਹਾ ਮਾਰਗ ਮਨੁੱਖ ਮਾਤਰ ਨੂੰ ਸੁਝਾਅ ਰਹੇ ਸਨ ਜਿਸ ਦੇ ਹੁੰਦਿਆਂ ਕਿਸੇ ਤਰ੍ਹਾਂ ਭੀ ਪਗਡੰਡੀਆਂ ਦੀ ਲੋੜ ਨਾ ਰਹੇ। ਜਪੁ ਜੀ ਸਾਹਿਬ ਵਿਚ ਗੁਰੂ ਸਾਹਿਬ ਫ਼ੁਰਮਾਉਂਦੇ ਹਨ:

ਮੰਨੈ ਮਗੁ ਨ ਚਲੈ ਪੰਥੁ॥ *(ਪੰਨਾ ੩)*

ਉਹ ਗਾਡੀ ਰਾਹ ਸੀ, ਸਰਬੱਤ ਦਾ ਭਲਾ ਮੰਗਣ ਦਾ, ਨਾਮ ਜਪਣ ਦਾ, ਵੰਡ ਛਕਣ ਦਾ, ਭਾਣਾ ਮੰਨਣ ਦਾ ਅਤੇ ਵੇਖ ਕੇ ਅਣਡਿੱਠ ਕਰਨ ਦਾ। ਇਸ ਦੇ ਮੰਨਣ ਵਾਲਿਆਂ ਨੇ ਭਰਾਤਰੀਅਤਾ ਦੀ ਲੜੀ ਵਿਚ ਆਪਣੇ ਆਪ ਪਰੋਏ ਜਾਣਾ ਸੀ ਅਤੇ ਫਿਰ ਇਸ ਗੱਲ ਦੀ ਉੱਕਾ ਲੋੜ ਨਹੀਂ ਸੀ ਰਹਿਣੀ ਕਿ ਲੜਨ ਵਾਲਾ ਵਰਗ ਅੱਡਰਾ ਹੋਵੇ, ਪੜ੍ਹਨ-ਪੜ੍ਹਾਉਣ ਵਾਲਾ ਅੱਡਰਾ, ਹੱਥੀਂ ਕੰਮ ਕਰਨ ਵਾਲਾ ਅੱਡਰਾ ਅਤੇ ਸੇਵਾ ਕਰਨ ਵਾਲਾ ਅੱਡਰਾ। ਭਾਰਤ ਇਸ ਗੱਲੋਂ ਮਾਰ ਖਾ ਚੁੱਕਾ ਸੀ ਕਿਉਂਕਿ ਖੱਤਰੀਆਂ ਨੇ ਧਰਮ ਤੋਂ ਕੁਤਾਹੀ ਕੀਤੀ ਤਾਂ ਦੇਸ਼ ਗ਼ੁਲਾਮ ਹੋ ਗਿਆ। ਬ੍ਰਾਹਮਣਾਂ ਨੇ ਕੁਤਾਹੀ ਕੀਤੀ ਤਾਂ ਸਭਿਆਚਾਰਕ ਵਿਰਾਸਤ ਅਸਲੋਂ ਹਨੇਰੀ ਖੱਡ ਵਿਚ ਜਾ ਡਿੱਗੀ। ਵੈਸ਼ਾਂ ਨੇ ਕਰਤੱਵ ਦੀ ਕੁਤਾਹੀ ਕੀਤੀ ਤਾਂ ਦੇਸ਼ ਸੋਨੇ ਦੀ ਚਿੜੀ ਵਾਂਗ ਗੁਟਕਣ ਦੀ ਥਾਂ ਕਾਂ ਵਾਂਗ ਕੁਰਲਾਉਣ ਲੱਗ ਪਿਆ। ਹੁਣ ਤੇ ਅਜਿਹੇ ਸਮਾਜ ਦੀ ਨੀਂਹ ਰੱਖੀ ਜਾ ਰਹੀ ਸੀ ਜਿਸ ਵਿਚ ਰਹਿਣ ਵਾਲਾ ਦੁਸ਼ਮਣ ਲਈ ਤਲਵਾਰ ਅਤੇ ਭਲਿਆਂ ਲਈ ਸੰਗੀ ਹੋ ਸਕੇ। ਸੰਤ ਸਿਪਾਹੀਆਂ ਦੀ ਇਸ ਕੌਮ ਦਾ ਬਾਨੀ ਬਾਬਾ ਨਾਨਕ ਸੀ ਅਤੇ ਅਜਿਹੇ ਸ਼ੁਭ ਦੇ ਪੱਕੇ ਅਤੇ ਦਿਲੋਂ ਦਿਮਾਗ਼ੋਂ ਇਕਸੁਰ ਵਿਅਕਤੀ ਪੈਦਾ ਕਰਨ ਲਈ ਪਹਿਲੀ ਪਾਤਸ਼ਾਹੀ ਦਸ ਵਾਰ ਜਾਮਾ ਬਦਲਦੀ ਹੈ। ਇਸ ਗੱਲ ਦਾ ਸਬੂਤ ਪੰਚਮ ਪਾਤਸ਼ਾਹ ਦੇ ਦਰਬਾਰ ਵਿਚ ਬੋਲ ਰਹੇ ਭੱਟਾਂ ਦੇ ਬੋਲ ਹਨ ਜਿਨ੍ਹਾਂ ਨੇ ਦ੍ਰਿੜ੍ਹਤਾ ਨਾਲ ਇਹ ਆਖਿਆ:

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥ *(ਪੰਨਾ ੯੬੬)*

ਭਾਈ ਗੁਰਦਾਸ ਜੀ ਇਸ ਬਾਰੇ ਪਹਿਲੀ ਵਾਰ ਵਿਚ ਆਖਦੇ ਹਨ:

ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ। *(ਵਾਰ ੧/੪੬)*

ਇਸ ਵਿਚ ਚੱਲ ਰਹੀ ਭਾਵਨਾ ਇਹ ਸੀ:

ਕਾਇਆ ਪਲਟਿ ਸਰੂਪੁ ਬਣਾਇਆ। *(ਵਾਰ ੧/੪੫)*

ਛੇਵੇਂ ਪਾਤਸ਼ਾਹ ਦਾ ਜ਼ਿਕਰ ਕਰਦਿਆਂ ਉਹਨਾਂ ਅਸਲੋਂ ਸਪੱਸ਼ਟ ਕਰ ਦਿੱਤਾ ਹੈ:

ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ। *(ਵਾਰ ੧/੪੮)*

ਇਕੋ ਜੋਤਿ ਦੇ ਕਾਇਆ ਪਲਟਣ ਦੀ ਖੇਡ ਰਾਹੀਂ ਇਕ ਤੇ ਇਹ ਪ੍ਰਗਟ ਕਰ ਦਿੱਤਾ ਕਿ ਸਰੀਰ ਨਾਸ਼ਮਾਨ ਹੈ ਅਤੇ ਸਰੀਰਕ ਰੂਪ ਵਿਚ ਸੰਪੂਰਨਤਾ ਕਠਿਨ ਹੈ, ਸਗੋਂ ਸੰਪੂਰਨਤਾ ਤਾਂ ਅੰਦਰ ਦੀ ਹੈ। ਇਸ ਸੰਪੂਰਣਤਾ ਨੂੰ ਅੱਗੇ ਗੁਰੂ ਅੰਗਦ ਸਾਹਿਬ ਦੇ ਰੂਪ ਵਿਚ ਤੋਰ ਦੇਣ ਪਿੱਛੋਂ ਗੁਰੂ ਨਾਨਕ ਦੇਵ ਜੀ ਸਰੀਰਕ ਰੂਪ ਵਿਚ ਗੁਰੂ ਅੰਗਦ ਜੀ ਅੱਗੇ ਝੁਕ ਕੇ ਮੱਥਾ ਟੇਕਦੇ ਰਹੇ ਅਤੇ ਇਹ ਮਰਯਾਦਾ ਹਰੇਕ ਵਾਰ ਗੱਦੀ ਦੇਣ ਲੱਗਿਆਂ ਪੂਰੀ ਕੀਤੀ ਜਾਂਦੀ ਰਹੀ। ਦੂਜੇ ਇਹ ਕਿ ਗੁਣ 'ਤੇ ਕਿਸੇ ਦਾ ਜੱਦੀ ਅਧਿਕਾਰ ਨਹੀਂ ਸਗੋਂ ਇਹ ਤਾਂ ਉਸੇ ਦਾ ਹੁੰਦਾ ਹੈ ਜਿਸ ਦੇ ਅੰਦਰ ਪੈਦਾ ਹੋ ਗਿਆ। ਇਸ ਦੇ ਸਬੂਤ ਵਜੋਂ ਪੁੱਤਰਾਂ ਦੀ ਥਾਂ ਸੇਵਕ ਨੂੰ ਗੱਦੀ ਦਾ ਬਖ਼ਸ਼ਿਆ ਜਾਣਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਦੇ ਪ੍ਰਚਾਰ ਵਿਚ ਅਮਲ ਨੂੰ ਖ਼ਾਸ ਥਾਂ ਪ੍ਰਾਪਤ ਸੀ। ਅਸੂਲ ਉਹੀ ਦਿਲਾਂ ਵਿਚ ਘਰ ਕਰਦੇ ਹਨ ਜਿਨ੍ਹਾਂ ਨੂੰ ਅਮਲੀ ਰੂਪ ਵਿਚ ਹੰਢਾਇਆ ਜਾਵੇ ਵਰਨਾ ਅਸਲ ਪ੍ਰੇਰਨਾ ਦੀ ਥਾਂ, ਦਿਮਾਗ਼ੀ ਘੁਣਤਰ ਬਣ ਕੇ ਰਹਿ ਜਾਂਦੇ ਹਨ। ਜਿਸ ਦਾ ਨਤੀਜਾ ਹੌਲੀ-ਹੌਲੀ ਸ਼ੁਭ ਅਮਲਾਂ ਦੀ ਅਣਹੋਂਦ ਤਕ ਅੱਪੜ ਜਾਂਦਾ ਹੈ। ਗੁਰੂ ਸਾਹਿਬ ਨੇ ਆਪਣੇ ਅਸੂਲਾਂ 'ਤੇ ਪਹਿਰਾ ਦੇਣ ਦੀ ਪਿਰਤ ਪਾਈ। ਝੁਕਣ ਨਾਲੋਂ ਟੁੱਟ ਜਾਣ ਨੂੰ ਪਹਿਲ ਦਿੱਤੀ। ਬਦੀ ਦਾ ਅਹਿਸਾਸ ਕਰਵਾਉਂਦੇ ਵਕਤ ਨਾ ਹੀ ਦਿਲ ਦੁਖਾਵਾਂ ਢੰਗ ਅਖ਼ਤਿਆਰ ਕੀਤਾ ਅਤੇ ਨਾ ਹੀ ਆਪਣੀ ਰਾਇ ਦੱਸਣ ਵਿਚ ਕਸਰ ਛੱਡੀ। ਉਹ ਆਪਣੇ ਵਿਸ਼ਵਾਸ ਵਿਚ ਦ੍ਰਿੜ੍ਹ ਅਤੇ ਕਰਮ ਵਿਚ ਨਿਰੰਤਰ ਸਨ। ਉਹਨਾਂ ਨੇ ਕਿਤੇ ਅਟਕਾਰ ਨਹੀਂ ਮੰਨੀ ਸਗੋਂ ਟੋਏ-ਟਿੱਬਿਆਂ ਨੂੰ ਪੈਰਾਂ ਹੇਠ ਲੈ ਕੇ ਮੰਜ਼ਲ ਵੱਲ ਵਧਣ ਦੀ ਜਾਚ ਸਿਖਾਈ ਹੈ। ਫ਼੍ਰੈਡਰਿਕ ਪਿਨਕਾਟ (Fredrick Pincott) ਦੇ ਸ਼ਬਦ ਇਸ ਦੂਰ-ਦਰਸ਼ੀ ਦੇਵਦੂਤ ਦੀ ਦ੍ਰਿੜ੍ਹਤਾ ਤੇ ਅਟੁੱਟ ਚਾਲ ਦੀ ਗਵਾਹੀ ਭਰਦੇ ਹਨ:

"Nanak was the first man for such a task for he was thorough and consistent, prudent and yet enthusiastic, inoffensive yet urgent, and as gentle in manner as he was strong in faith."

ਹਵਾਲੇ ਅਤੇ ਟਿੱਪਣੀਆਂ

1. Its (Gita) central idea is that God descended into moral frame as Sri Krishna and in the inspired words of Gita, Taught Arjuna to know Him, come to Him, live in Him and be Him. This idea has been most precious possession of India and it has been accessible to all men, irrespective of the bonds of race, sex or latitude. (*Bhagvad Gita and modern life,* p. 18)
2. Love has altogether lost sight of, light was represented to mean Vedas and religious odes, and action were interpreted into sacrifices, worships, pilgrimages and the observance of rirtuals and ceremonies. (*History and Philosophy of Sikh religion,* p. 344, Part 11)

(11/1968)

ਗੁਰੂ ਨਾਨਕ ਸਾਹਿਬ ਦੇ ਸਮੇਂ ਦੀ ਸਮੱਸਿਆ

ਵੇਦਿਕ ਯੱਗ ਪ੍ਰਾਰੰਭ ਕਰਦੇ ਸਮੇਂ ਵੱਡੇ ਦੇਵਤਿਆਂ ਨੂੰ ਅਹੂਤੀਆਂ ਦਿੱਤੀਆਂ ਜਾਂਦੀਆਂ ਹਨ ਪਰ ਇੰਦ੍ਰ ਜੋ ਕਿ ਰਿਗਵੇਦ ਦਾ ਪ੍ਰਮੁੱਖ ਦੇਵਤਾ ਹੈ, ਉਸ ਨੂੰ ਪਹਿਲਾਂ ਅਹੂਤੀ ਨਹੀਂ ਪਾਈ ਜਾਂਦੀ ਪਰ ਪਿੱਛੋਂ ਪਾ ਵੀ ਦਿੱਤੀ ਜਾਂਦੀ ਹੈ। ਕਾਰਨ ਇਹ ਦੱਸਿਆ ਗਿਆ ਹੈ ਕਿ ਇੰਦ੍ਰ ਨੇ ਵ੍ਰਿਤ੍ਰ ਨਾਮੀ ਅਸੁਰ ਦੀ ਹੱਤਿਆ ਕੀਤੀ ਸੀ। ਕਿਉਂਜੁ ਸੁਰ, ਅਸੁਰ, ਦੇਵ, ਅਦੇਵ ਸਭ ਬ੍ਰਾਹਮਣ ਜਾਤੀ ਦੇ ਹਨ, ਇਸ ਕਰਕੇ ਉਸ ਨੂੰ ਬ੍ਰਹਮ-ਹੱਤਿਆ ਲੱਗ ਗਈ। ਮੇਰਾ ਵਿਦਵਾਨਾਂ ਨੂੰ ਵਿਖਿਆਨ ਦੇਣਾ ਵੀ ਉਸ ਪ੍ਰਕਾਰ ਦੀ ਅਵੱਗਿਆ ਹੀ ਸਮਝਣੀ ਚਾਹੀਏ ਜਿਹੀ ਕਿ ਇੰਦ੍ਰ ਨੇ ਕੀਤੀ ਸੀ। ਮੇਰੇ ਵਰਗੇ ਗ੍ਰਾਮੀਣ ਆਦਮੀ ਦਾ ਤੁਹਾਡੇ ਸਾਹਮਣੇ ਬੋਲਣਾ ਬ੍ਰਹਮ-ਹੱਤਿਆ ਦੇ ਮੁਲ ਹੀ ਹੈ ਜਿਸ ਦਾ ਪ੍ਰਾਸਚਿਤ ਹੋਣਾ ਚਾਹੀਏ ਤੇ ਮੈਂ ਇਸ ਲਈ ਪਹਿਲਾਂ ਇਸ ਅਵੱਗਿਆ ਦੀ ਖਿਮਾ ਮੰਗਦਾ ਹਾਂ ਜਿਹੜੀ ਕਿ ਮੈਂ ਤੁਹਾਡੇ ਸਾਹਮਣੇ ਬੋਲਣ ਲਈ ਖੜਾ ਹੋ ਕੇ ਹੁਣ ਕਰਨ ਲੱਗਾ ਹਾਂ। ਵਿਦਿਆ ਐਸੀ ਸੁੰਦਰੀ ਹੈ ਜੋ ਸੌਂਕਣ ਬਰਦਾਸ਼ਤ ਨਹੀਂ ਕਰਦੀ ਅਤੇ ਜੇ ਇਸ ਨੂੰ ਸਰਬ-ਜੀਵਨ ਪ੍ਰਮਾਣਤਾ ਦਿੱਤੀ ਜਾਵੇ ਤਾਂ ਹੀ ਆਪਣੇ ਚੰਦਰ ਬਦਨ ਤੋਂ ਇਹ ਪੂਰਾ ਘੁੰਡ ਲਾਹੁੰਦੀ ਹੈ। ਇਹ ਵਿਚਾਰ ਕੇ ਮੈਂ ਤੁਹਾਡੇ ਸਾਹਮਣੇ ਕੋਈ ਵਿਖਿਆਨ ਦੇਣ ਦਾ ਯਤਨ ਨਹੀਂ ਕਰਾਂਗਾ, ਕੇਵਲ ਆਪਣੇ ਅਸੰਗਠਿਤ ਵਿਚਾਰ ਤੁਹਾਡੇ ਪੁਖਤਾ ਵਿਚਾਰਾਂ ਨਾਲ ਮੇਲਣ ਦੀ ਕੋਸ਼ਿਸ਼ ਕਰਾਂਗਾ।

ਜਦੋਂ ਮੈਂ ਛੋਟੀ ਉਮਰ ਵਿਚ ਸਾਂ ਤਾਂ ਪਿੰਡ ਵਿਚ ਪੜ੍ਹਦਾ ਸੀ ਜੋ ਕਿ ਨਨਕਾਣਾ ਸਾਹਿਬ ਦੇ ਨੇੜੇ ਸੀ। ਹਰ ਸਾਲ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਉੱਤੇ ਲੈਕਚਰ ਦੇਣ ਵਾਲਿਆਂ ਨੇ ਆਉਣਾ ਤੇ ਸੌ ਵਿਚੋਂ ਪਚਾਨਵੇਂ ਪ੍ਰਚਾਰਕ ਗੁਰੂ ਸਾਹਿਬ ਦੀ ਮਹਾਨਤਾ ਨੂੰ ਦਰਸਾਉਣ ਲਈ ਗੱਲ ਇਥੋਂ ਸ਼ੁਰੂ ਕਰਦੇ ਸਨ ਕਿ ਜਦੋਂ ਗੁਰੂ ਨਾਨਕ ਸਾਹਿਬ ਦਾ ਆਗਮਨ ਹੋਇਆ ਤਾਂ ਸਮੇਂ ਦੀ ਦਸ਼ਾ ਇਹ ਸੀ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥ *(ਪੰਨਾ ੧੪੫)*

ਮੈਂ ਕਾਲਜ ਚਲਾ ਗਿਆ, ਯੂਨੀਵਰਸਿਟੀ ਚਲਾ ਗਿਆ, ਪਰ ਇਹ ਆਵਾਜ਼ ਉਸੇ ਤਰ੍ਹਾਂ ਕੰਨਾਂ ਵਿਚ ਪੈਂਦੀ ਰਹੀ। ਮੇਰੇ ਮਨ ਵਿਚ ਵਿਚਾਰ ਪੈਦਾ ਹੋਇਆ ਕਿ ਕੀ ਇਹ ਦਸ਼ਾ, ਜੋ ਇਸ ਸ਼ਬਦ ਵਿਚ ਗੁਰੂ ਨਾਨਕ ਸਾਹਿਬ ਨੇ ਬਿਆਨ ਕੀਤੀ ਹੈ, ਸੱਚ ਹੈ ਜਾਂ ਇਹ ਕੇਵਲ ਕਹਿਣ ਦਾ ਅਲੰਕਾਰਕ ਤਰੀਕਾ ਹੀ ਹੈ ਤੇ ਗੁਰੂ ਸਾਹਿਬ ਨੇ ਗੱਲ ਵਧਾ ਕੇ ਸ਼ਾਇਰਾਨਾ ਅਤਿਕਥਨੀ ਦੇ ਰੂਪ ਵਿਚ ਕੀਤੀ ਹੈ। ਇਹ ਵਿਚਾਰ ਮੇਰੇ ਮਨ ਵਿਚ ਚੱਲਦੇ ਰਹੇ ਹਨ। ਮੈਂ ਸੰਨ 1931

ਵਿਚ ਆਪਣੀ ਪੜ੍ਹਾਈ ਲਈ ਕੈਮਬ੍ਰਿਜ ਪਹੁੰਚਿਆ। ਉਥੇ ਲੰਡਨ ਵਿਚ ਬ੍ਰਿਟਿਸ਼ ਮਿਊਜ਼ੀਅਮ ਦੇਖਣ ਲਈ ਆਉਂਦਾ ਤੇ ਉਥੋਂ ਦੀਆਂ ਚੀਜ਼ਾਂ ਦੇਖ-ਦੇਖ ਕੇ ਹੈਰਾਨ ਹੁੰਦਾ। ਜਦੋਂ ਮੈਂ ਉਥੇ ਮਿਸਰ ਦੀਆਂ ਮੰਮੀਆਂ (ਸੰਭਾਲੀ ਹੋਈ ਲਾਸ਼) ਪਈਆਂ ਦੇਖੀਆਂ ਤਾਂ ਬਹੁਤ ਅਸਚਰਜ ਵਿਚ ਕਾਫ਼ੀ-ਕਾਫ਼ੀ ਅਰਸਾ ਉਹਨਾਂ ਸਾਹਮਣੇ ਖੜਾ ਰਹਿੰਦਾ। ਮੇਰੇ ਮਨ ਵਿਚ ਵਿਚਾਰ ਪੈਦਾ ਹੋਇਆ ਕਿ ਇਹ ਮੰਮੀਆਂ ਕਿਉਂ ਸੁਰੱਖਿਅਤ ਕੀਤੀਆਂ ਗਈਆਂ ਹਨ? ਮਿਸਰ ਦਾ ਪੁਰਾਤਨ ਵਿਚਾਰ ਇਹਨਾਂ ਬਾਰੇ ਕੀ ਹੈ? ਆਦਿ। ਇਸ ਲਈ ਦੇਸ਼ ਵਾਪਸ ਆਉਣ 'ਤੇ ਮਿਸਰ ਦੀ ਤਾਰੀਖ਼ ਬਾਰੇ ਕਿਤਾਬਾਂ ਲੱਭ ਕੇ ਪੜ੍ਹੀਆਂ ਅਤੇ 'ਪੇਪਯਰਸ' ਸਰਕੰਡੇ ਘਾਹ ਤੋਂ ਬਣਾਏ ਹੋਏ ਪ੍ਰਾਚੀਨ ਮਿਸਰੀ ਲੇਖ-ਪੱਤਰ ਵੀ ਪੜ੍ਹੇ ਜੋ ਮਿਸਰ ਦੀ ਸਭਿਅਤਾ ਦਾ ਪਤਾ ਦਿੰਦੇ ਹਨ। ਇਹਨਾਂ ਲਿਖਤਾਂ ਵਿਚ ਹੀ ਇਕ ਚਿੱਠੀ, 3300 ਵਰ੍ਹੇ ਈਸਵੀ ਸੰਮਤ ਤੋਂ ਪਹਿਲਾਂ ਦੀ, ਪੁਰਾਣੀ ਸੀ, ਉਹ ਵੀ ਮੈਂ ਪੜ੍ਹੀ। ਇਸ ਵਿਚ ਲਿਖਣ ਵਾਲਾ ਆਪਣੇ ਸਮੇਂ ਦੀ ਹਾਲਤ ਬਾਰੇ ਲਿਖ ਰਿਹਾ ਸੀ ਕਿ 'ਰਾਜੇ ਕਸਾਈ ਹੋ ਗਏ ਹਨ ਜੋ ਛੁਰੀ ਨਾਲ ਪਰਜਾ ਨੂੰ ਕੋਹ ਰਹੇ ਹਨ, ਸਾਰੇ ਹਨੇਰਾ ਛਾਇਆ ਹੋਇਆ ਹੈ।' ਅਸਲ ਲਿਖਤ ਦਾ ਅੰਗਰੇਜ਼ੀ ਭਾਵ ਕੁਝ ਇਉਂ ਹੈ:

"Blackness has descended on human hearts. King's minions are like butchers. The friends are treacherous. The son is disobedient and the wife disloyal."

ਇਹ ਲਫ਼ਜ਼ ਮੈਨੂੰ ਜਾਣੇ-ਪਛਾਣੇ ਲੱਗੇ। ਮੈਨੂੰ ਫਿਰ ਗੁਰੂ ਨਾਨਕ ਸਾਹਿਬ ਦਾ ਵਾਕ ਚੇਤੇ ਆਇਆ—'ਕਲਿ ਕਾਤੀ ਰਾਜੇ ਕਾਸਾਈ।'

ਮੈਨੂੰ ਖ਼ਿਆਲ ਆਇਆ ਕਿ ਅੱਜ ਤੋਂ 5000 ਸਾਲ ਪਹਿਲਾਂ ਵੀ ਇਹੋ ਜਿਹੀ ਹਾਲਤ ਹੀ ਹੋਵੇਗੀ ਜਾਂ ਫਿਰ ਇਹ ਐਵੇਂ ਇਕ ਗੱਲ ਕਰਨ ਦਾ ਢੰਗ ਹੈ। ਮੈਂ ਬਾਰ-ਬਾਰ ਸੋਚਦਾ ਸੀ ਕਿ ਗੁਰੂ ਨਾਨਕ ਸਾਹਿਬ ਦੇ ਬਚਨਾਂ ਨੂੰ ਕਿਥੋਂ ਤਕ ਯਥਾਰਥਕ ਮੰਨਿਆ ਜਾਵੇ। ਇਸ ਖ਼ਾਤਰ ਮੈਂ ਭਾਰਤ ਦਾ ਇਤਿਹਾਸ ਪੜ੍ਹਨਾ ਸ਼ੁਰੂ ਕੀਤਾ। ਤਦ ਮੈਨੂੰ ਨਿਸ਼ਚਾ ਹੋ ਗਿਆ ਕਿ ਗੁਰੂ ਨਾਨਕ ਸਾਹਿਬ ਦੇ ਇਹ ਬਚਨ ਕੇਵਲ ਕਾਵਿ-ਸ਼ੈਲੀ ਜਾਂ ਅਤਿਕਥਨੀ ਨਹੀਂ ਹਨ ਜਾਂ ਕੇਵਲ ਲਿਖਣ ਦਾ ਢੰਗ ਹੀ ਨਹੀਂ ਸਗੋਂ ਬਿਲਕੁਲ ਸੱਚੀਆਂ ਗੱਲਾਂ ਹਨ। ਜੋ ਕੁਝ ਉਹਨਾਂ ਆਖਿਆ ਹੈ, ਉਹ ਉਸ ਵਕਤ ਦੇ ਭਾਰਤੀ ਸਮਾਜ ਦੀ ਹੂ-ਬ-ਹੂ ਤਸਵੀਰ ਹੈ। ਇਸ ਦੀ ਪ੍ਰੋੜ੍ਹਤਾ ਵਜੋਂ ਜੋ ਕੁਝ ਇਤਿਹਾਸ ਵਿਚੋਂ ਪੜ੍ਹਿਆ, ਉਸ ਦਾ ਸਾਰੰਸ਼ ਤੁਹਾਡੇ ਸਾਹਮਣੇ ਵਿਚਾਰ-ਵਟਾਂਦਰੇ ਲਈ ਪੇਸ਼ ਕਰਦਾ ਹਾਂ।

ਇਸ ਗੱਲ ਉੱਤੇ ਤਾਂ ਸਹਿਮਤੀ ਹੈ ਕਿ ਪ੍ਰਾਚੀਨ ਭਾਰਤ ਦਾ ਸ਼ੁੱਧ ਤੇ ਸੰਪੂਰਨ ਇਤਿਹਾਸ ਨਹੀਂ ਮਿਲਦਾ। ਜਿਵੇਂ ਅੰਨ੍ਹੇ ਖੂਹ ਵਿਚ ਟਾਰਚ ਮਾਰ ਕੇ ਦੇਖੀਏ, ਕੁਝ ਨਾ ਕੁਝ ਪਤਾ ਲੱਗ ਜਾਂਦਾ ਹੈ, ਇਸੇ ਤਰ੍ਹਾਂ ਦੀਰਘ ਖੋਜ ਦੀ ਰੋਸ਼ਨੀ ਦੁਆਰਾ ਕਈ ਗੱਲਾਂ ਦਾ ਬਹੁ-ਪਤਾ ਲੱਗਦਾ ਹੈ।

ਜਦੋਂ ਸਿਕੰਦਰ ਨੇ ਭਾਰਤ 'ਤੇ ਹਮਲਾ ਕੀਤਾ ਤਾਂ ਉਸ ਨਾਲ ਕਈ ਲੇਖਕ ਵੀ ਆਏ। ਇਹ ਗੱਲ ਈਸਵੀ ਸੰਮਤ ਦੇ ਪ੍ਰਾਰੰਭ ਤੋਂ ਚੌਥੀ ਸ਼ਤਾਬਦੀ ਤੋਂ ਪਹਿਲਾਂ ਦੀ ਹੈ। ਉਹਨਾਂ ਨੇ ਹਿੰਦੁਸਤਾਨ ਬਾਰੇ ਜੋ ਕੁਝ ਲਿਖਿਆ, ਉਹ ਸਾਡੇ ਲਈ ਪਹਿਲੀ ਮੰਨਣਯੋਗ ਇਤਿਹਾਸਕ ਸਾਮੱਗਰੀ

ਹੈ। ਸਿਕੰਦਰ ਦੇ ਪਿੱਛੋਂ ਸਿਕੰਦਰ ਦੇ ਜਰਨੈਲ ਸੈਲੁਕੋਸ ਨੀਕਾਤੋਰ (Selucos Nikator), ਸੀਰੀਆ ਦੇਸ਼ ਦੇ ਰਾਜਾਧੀਰਾਜ ਨੇ ਮੁੜ ਪੱਛਮੀ ਭਾਰਤ ਉੱਤੇ ਆਕ੍ਰਮਣ ਕੀਤਾ ਤਾਂ ਚੰਦਰਗੁਪਤ ਮੌਰੀਆ ਕੋਲੋਂ ਹਾਰ ਖਾਧੀ ਅਤੇ ਕਾਬਲ, ਕੰਧਾਰ, ਬਲੋਚਿਸਤਾਨ ਦੇ ਇਲਾਕੇ ਅਤੇ ਆਪਣੀ ਕੰਨਿਆ ਦਾ ਡੋਲਾ ਸੁਲਾਹ ਵਜੋਂ ਮੌਰੀਆ ਸਮਰਾਟ ਨੂੰ ਦਿੱਤਾ ਅਤੇ ਆਪਣਾ ਰਾਜਦੂਤ ਮੈਗਸਥਨੀਸ (Magasthenese) ਭਾਰਤੀ ਰਾਜਧਾਨੀ ਪਾਟਲੀਪੁਤਰ ਵਿਚ ਨਿਯੁਕਤ ਕੀਤਾ। ਇਸ ਯਾਵਨੀ ਰਾਜਦੂਤ ਦੀਆਂ ਅਸਲ ਲਿਖਤਾਂ ਤਾਂ ਪ੍ਰਾਪਤ ਨਹੀਂ ਪਰ ਇਹਨਾਂ ਦੇ ਉਤਾਰਿਆਂ ਦੇ ਕੁਝ ਟੋਟੇ ਮਿਲਦੇ ਹਨ ਜਿਨ੍ਹਾਂ ਨੂੰ 'ਇੰਡੀਕਾ' ਕਿਹਾ ਜਾਂਦਾ ਹੈ। ਇਹ ਦੂਜੀ-ਤੀਜੀ ਸ਼ਤਾਬਦੀ ਈਸਵੀ ਪੂਰਵ ਸੰਮਤ ਦੀਆਂ ਲਿਖਤਾਂ ਹਨ। ਜੇ ਇਹਨਾਂ ਨੂੰ ਧਿਆਨ ਨਾਲ ਪੜ੍ਹਿਆ ਜਾਵੇ ਤਾਂ ਹਿੰਦੁਸਤਾਨ ਦੇ ਲੋਕਾਂ ਦਾ ਖਾਣ-ਪੀਣ, ਰਹਿਣ-ਸਹਿਣ, ਸਾਮਰਾਜ, ਗਣਰਾਜ ਤੇ ਵੰਸ਼ ਰਾਜ ਦੀ ਸਥਿਤੀ ਬਾਰੇ ਵੀ ਕਈ ਗੱਲਾਂ ਸਪੱਸ਼ਟ ਹੁੰਦੀਆਂ ਹਨ। ਇਸ ਵੇਲੇ ਦਾ, ਈਸਾਈ ਸੰਨ ਦੇ ਪ੍ਰਾਰੰਭ ਤੋਂ ਦੋ ਸ਼ਤਾਬਦੀਆਂ ਪਹਿਲਾਂ ਦੇ ਸਮੇਂ ਦਾ, ਜੋ ਭਾਰਤੀ ਸਮਾਜ ਤੇ ਭਾਰਤੀ ਸੰਸਕ੍ਰਿਤੀ 'ਇੰਡੀਕਾ' ਆਦਿ ਸ਼ਹਾਦਤਾਂ ਤੋਂ ਨਿਖਰ ਕੇ ਦ੍ਰਿਸ਼ਟੀਗੋਚਰ ਹੁੰਦਾ ਹੈ ਉਹ ਇਕ ਬੜਾ ਸਭਿਅਤਾ ਪ੍ਰਾਪਤ, ਵਿਕਸਤ, ਪ੍ਰਗਤੀਸ਼ੀਲ ਸਮਾਜ ਹੈ, ਜਿਸ ਦਾ ਆਧਾਰ ਨਿਆਂ ਤੇ ਇਨਸਾਫ਼ ਹੈ ਅਤੇ ਜਿਸ ਦੀਆਂ ਰੁਚੀਆਂ ਸ਼ਾਂਤੀ-ਪ੍ਰਦਾ ਤੇ ਉੱਨਤੀ-ਤਤਪਰ ਹਨ।

ਦੂਸਰੀ ਸਦੀ ਈਸਵੀ ਵਿਚ ਹੂਨ ਜਾਤੀਆਂ ਦੇ ਹਮਲੇ ਪੱਛਮੀ ਭਾਰਤ ਉੱਤੇ ਹੋਏ ਤੇ ਪੁਰਾਣਾ ਸਾਮਰਾਜ ਢਹਿ-ਢੇਰੀ ਹੋ ਗਿਆ। ਉਸ ਸਮੇਂ ਬਾਰੇ ਸਾਨੂੰ ਬਹੁਤੀ ਜਾਣਕਾਰੀ ਨਹੀਂ ਮਿਲਦੀ। ਫਿਰ ਭਾਰਤ ਦੇ ਸਮਾਜ ਤੇ ਸੰਸਕ੍ਰਿਤੀ ਦਾ ਚੰਦਰ ਗੁਪਤ ਦੂਜੇ ਸਮੇਂ ਉਚਤਰ ਵਿਕਾਸ ਹੋਇਆ। ਸਮੁੰਦਰ ਗੁਪਤ (335-375 ਈ.) ਦਾ ਵੱਡਾ ਭਰਾ ਰਾਮ ਗੁਪਤ ਸੀ ਤੇ ਉਸ ਦੀ ਪਤਨੀ ਧਰੂਵ ਸੀ। ਇਹ ਸਮੁੰਦਰ ਗੁਪਤ ਪਹਿਲੇ ਦਾ ਪੁੱਤਰ ਸੀ ਤੇ ਚੰਦਰ ਗੁਪਤ (375-414 ਈ.) ਦਾ ਪਿਤਾ ਸੀ। ਮਥਰਾ 'ਸ਼ਕ' ਬੰਸ ਦੀ ਰਾਜਧਾਨੀ ਸੀ।

ਮਥਰਾ ਦੇ ਰਾਜੇ ਨੇ ਰਾਮਗੁਪਤ ਨੂੰ ਕਿਹਾ, ਤੂੰ ਮੈਨੂੰ ਆਪਣੀ ਪਤਨੀ ਦੇ ਦੇ। ਰਾਮਗੁਪਤ ਆਪਣੀ ਪਤਨੀ ਦੇਣ ਨੂੰ ਤਿਆਰ ਹੋ ਗਿਆ। ਜਦ ਚੰਦਰ ਗੁਪਤ ਨੂੰ ਪਤਾ ਲੱਗਾ, ਉਹ ਦੁਖੀ ਹੋਇਆ। ਉਸ ਨੇ ਮਥਰਾ ਸੁਨੇਹਾ ਭੇਜ ਦਿੱਤਾ ਕਿ ਧਰੂਵ ਦੇਵੀ ਜਲਦੀ ਪਹੁੰਚ ਜਾਵੇਗੀ। ਚੰਦਰ ਗੁਪਤ ਨੇ ਆਪ ਜ਼ਨਾਨੀਆਂ ਵਾਲਾ ਭੇਸ ਬਣਾ ਲਿਆ। ਕਾਫ਼ੀ ਲੜਕੀਆਂ ਅਤੇ ਫ਼ੌਜ ਲੈ ਕੇ ਸ਼ਕ ਰਾਜ ਦੀ ਰਾਜਧਾਨੀ ਪਹੁੰਚ ਗਿਆ। ਜਦੋਂ ਮਥਰਾ ਪਹੁੰਚਿਆ ਤਾਂ ਅੱਗੋਂ ਰਾਜਾ ਲੈਣ ਲਈ ਆਇਆ। ਚੰਦਰ ਗੁਪਤ, ਜੋ ਕਿ ਜ਼ਨਾਨਾ ਭੇਸ ਵਿਚ ਸੀ, ਨੇ ਸ਼ਕ ਰਾਜੇ ਨੂੰ ਛੁਰਾ ਮਾਰ ਕੇ ਮਾਰ ਦਿੱਤਾ ਅਤੇ ਬਾਅਦ ਵਿਚ ਆਪਣੇ ਭਰਾ ਨੂੰ ਵੀ ਰਾਜ ਸਿੰਘਾਸਨ ਦੇ ਯੋਗ ਨਾ ਸਮਝ ਕੇ ਮਾਰ ਦਿੱਤਾ ਤੇ ਆਪ ਧਰੂਵ ਦੇਵੀ ਨਾਲ ਵਿਆਹ ਕਰ ਲਿਆ।

ਮਗਰੋਂ ਜਾਇਸੀ ਰਚਿਤ 'ਪਦਮਾਵਤ' ਦੀ ਕਥਾ ਵਿਚ ਪਦਮਨੀ ਤੇ ਅਲਾਉਦੀਨ ਦਾ ਕਿੱਸਾ ਵੀ ਇਵੇਂ ਹੀ ਬਿਆਨ ਕੀਤਾ ਗਿਆ ਹੈ। ਹੋ ਸਕਦਾ ਹੈ ਇਸੇ ਘਟਨਾ ਦਾ ਹੀ ਸਾਹਿਤਿਕ ਪ੍ਰਤਿਬਿੰਬ ਹੋਵੇ ਜਾਂ ਇਉਂ ਵਾਪਰੀ ਹੀ ਹੋਵੇ। ਰਾਮ ਗੁਪਤ ਅਤੇ ਚੰਦਰ ਗੁਪਤ ਦੂਜਾ, ਜਿਸ ਨੂੰ ਚੰਦਰ ਗੁਪਤ ਵਿਕ੍ਰਮਾਦਿੱਤਯ ਭੀ ਕਿਹਾ ਜਾਂਦਾ ਹੈ, ਬਾਬਤ ਇਹ ਕਥਾ 'ਦੇਵੀ ਚੰਦਰ ਗੁਪਤ' ਕ੍ਰਿਤ 'ਵਿਸ਼ਕਦਤ' ਨਾਮੀ ਸੰਸਕ੍ਰਿਤ ਨਾਟਕ ਵਿਚ ਮਿਲਦੀ ਹੈ। ਬਾਣ ਭੱਟ ਦੇ ਰਚਿਤ ਗ੍ਰੰਥ

'ਹਰਿਸ਼ਚ੍ਰਿਤ' ਵਿਚ ਭੀ ਇਸੇ ਕਥਾ ਦੀ ਪ੍ਰੋੜ੍ਹਤਾ ਕੀਤੀ ਗਈ ਹੈ ਕਿ ਕਿਵੇਂ ਰਾਮ ਗੁਪਤ ਮਥਰਾ ਦੇ ਸ਼ਕ ਨਰੇਸ਼ ਕੋਲੋਂ ਯੁਧ ਵਿਚ ਹਾਰ ਗਿਆ ਅਤੇ ਆਪਣੀ ਮਹਾਰਾਣੀ ਧਰੂਵ ਦੇਵੀ ਨੂੰ 'ਸ਼ਕ' ਨਰੇਸ਼ ਦੇ ਹਵਾਲੇ ਕਰਨਾ ਮੰਨ ਗਿਆ। ਇਸੇ ਸਥਿਤੀ ਵਿਚ ਚੰਦਰ ਗੁਪਤ ਦੂਜਾ ਮਹਾਨ ਸਮਰਾਟ ਦੇ ਰੂਪ ਵਿਚ ਭਾਰਤੀ ਇਤਿਹਾਸ ਵਿਚ ਪ੍ਰਗਟਿਆ, ਜਿਸ ਨੇ ਯਵਨ ਰਾਜੇ ਸੈਲੂਕੋਸ ਨੀਕਾਤੋਰ ਨੂੰ ਸ਼ਿਕੱਸਤ ਦਿੱਤੀ, ਜਿਸ ਦੇ ਪਰਿਣਾਮ ਵਜੋਂ ਯਵਨ ਰਾਜਦੂਤ ਮੈਗਸਥਨੀਸ ਭਾਰਤ ਆਇਆ ਅਤੇ ਉਸ ਨੇ ਭਾਰਤ ਬਾਬਤ ਬਹੁ-ਮੁੱਲੀ ਲੇਖ-ਸਾਮੱਗਰੀ ਪਿੱਛੇ ਛੱਡੀ।

ਚੰਦਰ ਗੁਪਤ ਦਾ ਜਰਨੈਲ ਅਮਰਕਾਰੀ ਤਕਯ ਸੀ ਜੋ ਕਿ ਬੁੱਧ ਧਰਮ 'ਤੇ ਨਿਸਚਾ ਰੱਖਣ ਵਾਲਾ ਸੀ ਤੇ ਬੜਾ ਮਹਾਨ ਯੋਧਾ ਸੀ। ਇਸ ਤੋਂ ਪਰਗਟ ਹੈ ਕਿ ਇਸ ਸਮੇਂ ਬੁੱਧ ਮੱਤ ਤੇ ਬ੍ਰਾਹਮਣੀ ਮੱਤ ਦਾ ਭੇਤ ਬਹੁਤਾ ਤਿੱਖਾ ਨਹੀਂ ਸੀ।

ਚੌਥੀ ਸਦੀ ਵਿਚ ਚੀਨੀ ਯਾਤਰੂ ਫਾਹੀਯਾਨ ਭਾਰਤ ਆਇਆ। ਉਹ ਲਿਖਦਾ ਹੈ ਕਿ ਚੰਦਰ ਗੁਪਤ ਨਾ ਬੋਧ ਸੀ ਨਾ ਬ੍ਰਾਹਮਣ, ਉਹ ਦੋਹਾਂ ਦਾ ਬਰਾਬਰ ਸਤਿਕਾਰ ਕਰਦਾ ਸੀ। ਇਹ ਯਾਤਰੂ ਇਹ ਵੀ ਲਿਖਦਾ ਹੈ ਕਿ ਸਾਰੇ ਸੰਸਾਰ ਨਾਲੋਂ ਭਾਰਤ ਵਿਚ ਖੁਸ਼ਹਾਲੀ ਜ਼ਿਆਦਾ ਹੈ। ਇਸ ਪਿੱਛੋਂ ਹਰਸ਼ਵਰਧਨ ਤਕ ਸਾਨੂੰ ਕੋਈ ਬਹੁਤੀ ਇਤਿਹਾਸ ਬਾਬਤ ਸਾਮੱਗਰੀ ਨਹੀਂ ਮਿਲਦੀ, ਫਿਰ ਹੂਨ ਜਾਤੀ ਦੇ ਆਕਰਮਣ ਪ੍ਰਾਰੰਭ ਹੋਏ ਤੇ ਗੁਪਤ ਸਾਮਰਾਜ ਖੇਰੂੰ-ਖੇਰੂੰ ਹੋ ਗਿਆ। ਜਿਵੇਂ ਨਾਟਕੀ ਸਟੇਜ 'ਤੇ ਬੱਤੀਆਂ ਬੁਝ ਜਾਣ 'ਤੇ ਹੋ ਰਹੀ ਨਾਟ-ਕਿਰਿਆ ਦਾ ਕੁਝ ਪਤਾ ਨਹੀਂ ਲੱਗਦਾ, ਇਸੇ ਤਰ੍ਹਾਂ ਇਸ ਸਮੇਂ ਬਾਰੇ ਵੀ ਬਹੁਤ ਧੁੰਦਲਾ-ਪਨ ਹੈ। ਹਰਸ਼ਵਰਧਨ ਸੰਨ 698 ਈ. ਤਕ ਰਾਜ-ਭਾਗ ਮਾਣਦਾ ਰਿਹਾ, ਇਸ ਦੇ ਸਮੇਂ ਚੀਨੀ ਯਾਤਰੀ ਹਿਊਨਸਾਂਗ ਭਾਰਤ ਆਇਆ ਜੋ 630 ਈ. ਤੋਂ 644 ਈ. ਤਕ ਚੌਦਾਂ-ਪੰਦਰਾਂ ਸਾਲ ਇਥੇ ਘੁੰਮਿਆ। ਉਸ ਨੇ ਬੜੀਆਂ ਦਿਲਚਸਪ ਗੱਲਾਂ ਸਾਡੇ ਬਾਰੇ ਲਿਖੀਆਂ ਹਨ। ਉਹ ਲਿਖਦਾ ਹੈ ਕਿ ਇਹ ਸ਼ਾਂਤ-ਵਿਸ਼ਵਾਸੀ ਸਮਾਜ ਹੈ। ਭਾਰਤੀ ਕਲਾ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ। ਫ਼ਿਰੰਗੀ ਇਤਿਹਾਸਕਾਰ ਮਿਸਟਰ ਹੈਵਲ ਭੀ ਲਿਖਦਾ ਹੈ:

"No civilization in the world's history can be said to have achieved perfection but the fact remains that judged by standards of culture, Indian civilization in the 7th century A.D. attained to heights which have not been exceeded by any other in ancient or modern times."

ਇਹ ਐਵੇਂ ਇਤਫ਼ਾਕ ਸਮਝੋ ਜਾਂ ਕੋਈ ਰਹੱਸ ਦੀ ਗੱਲ ਕਿ ਭਾਰਤ-ਵਰਸ਼ ਦੇ ਜਿਤਨੇ ਵੀ ਮਹਾਨ ਰਾਜੇ, ਸਮਰਾਟ ਹੋਏ ਹਨ, ਅਸ਼ੋਕ, ਕਨਿਸ਼ਕ ਜਾਂ ਹਰਸ਼ਵਰਧਨ, ਸਭੇ ਬੋਧ ਵਿਚਾਰਾਂ ਦੇ ਸਨ। ਚੰਦਰ ਗੁਪਤ ਦੂਜਾ ਸਾਂਝਾ ਜਿਹਾ ਸੀ ਅਤੇ ਹਰਸ਼ਵਰਧਨ ਵੀ ਇਕ ਅਜਿਹਾ ਮਹਾਨ ਸਮਰਾਟ ਸੀ ਜਿਸ ਨੇ ਥਾਨੇਸਰ ਵਿਚ, ਪਿੱਛੋਂ ਕਨੌਜ, ਰਾਜਧਾਨੀ ਸਥਾਪਤ ਕੀਤੀ। ਪਤਾ ਨਹੀਂ ਕੀ ਗੱਲ ਹੋਈ, ਬ੍ਰਾਹਮਣਾਂ ਨੇ ਇਸ ਨੂੰ ਸਾਜ਼ਿਸ਼ ਕਰ ਕੇ ਮਰਵਾ ਦਿੱਤਾ। ਇਹ ਗੱਲ ਧਿਆਨ ਗੋਚਰੇ ਕਰਨ ਵਾਲੀ ਹੈ ਕਿ ਭਾਰਤੀ ਸਾਮਰਾਜ ਤੇ ਸਮਾਜ ਦੀ ਤਬਾਹੀ ਦਾ ਵੱਡਾ ਕਾਰਣ ਬ੍ਰਾਹਮਣ ਅਤੇ ਬੋਧੀ ਵਿਚਾਰਾਂ ਦੀ ਖਿੱਚੋਤਾਣ ਵਿਚੋਂ ਹੀ ਪੈਦਾ ਹੋਇਆ। ਛੇਵੀਂ ਸਦੀ ਤੋਂ ਤੇਰ੍ਹਵੀਂ ਸਦੀ ਦੀ ਤਾਰੀਖ਼ ਸਿੰਧ-ਬੰਗਾਲ ਤਕ ਦੀ ਤਾਰੀਖ਼ ਦੀ ਦੀਰਘ ਖੋਜ ਇਸ ਵਿਚਾਰ ਦੀ ਪੁਸ਼ਟੀ ਕਰਦੀ

ਹੈ। ਨੌਵੀਂ ਸਦੀ ਵਿਚ ਬਗ਼ਦਾਦ ਦੇ ਖ਼ਲੀਫ਼ੇ ਨੇ ਮੁਹੰਮਦ-ਬਿਨ ਕਾਸਿਮ ਨੂੰ ਭੇਜ ਕੇ ਸਿੰਧ ਨੂੰ ਆਪਣੇ ਰਾਜ ਵਿਚ ਮਿਲਾ ਲਿਆ। ਇਸ ਸਮੇਂ ਦੇ ਹਾਲਾਤ ਬਾਰੇ 'ਛੱਛਨਾਮਾ' ਇਕ ਅਰਬੀ ਲਿਖਤ ਮਿਲਦੀ ਹੈ। ਉਸ ਵਿਚ ਲਿਖਿਆ ਹੈ ਕਿ ਬੁੱਧ ਰੱਖੂ ਸਸਾਨੀ (ਬੁੱਧ ਰਖਸ਼ਿਤ ਸ਼੍ਰੋਮਣ) ਜੋ ਬੋਧੀਆਂ ਦਾ ਨੇਤਾ ਸੀ, ਜੇ ਉਹ ਅਨੇਕ ਪ੍ਰਕਾਰ ਅਰਬਾਂ ਦੀ ਮਦਦ ਤੇ ਸਹਾਇਤਾ ਨਾ ਕਰਦਾ ਤਾਂ ਸਿੰਧ ਦੇਸ਼ ਅਰਬਾਂ ਦੇ ਕਾਬੂ ਵਿਚ ਨਹੀਂ ਆਉਣਾ ਸੀ। ਸੋ ਬੋਧੀਆਂ ਦੀ ਸਹਾਇਤਾ ਕਾਰਨ ਹੀ ਅਰਬਾਂ ਦੀ ਜਿੱਤ ਹੋਈ। ਇਸ ਤਰ੍ਹਾਂ ਦੇ ਭੇਦ-ਭਾਵਾਂ ਕਰਕੇ ਭਾਰਤੀ ਜਾਤੀ ਦੀਆਂ ਜੜ੍ਹਾਂ ਖੋਖਲੀਆਂ ਹੋ ਗਈਆਂ ਸਨ।

ਬਾਰ੍ਹਵੀਂ ਸਦੀ ਵਿਚ ਜੇ ਬੋਧੀ ਜਨਤਾ ਖਿਲਜੀਆਂ ਦੀ ਸਹਾਇਤਾ ਨਾ ਕਰਦੀ ਤਾਂ ਬੰਗਾਲ ਵਿਚ ਖਿਲਜੀਆਂ ਦਾ ਰਾਜ ਸਥਾਪਿਤ ਹੋਣਾ ਔਖਾ ਸੀ। ਇਸ ਸਦੀ ਦੇ ਸਾਡੇ ਪਾਸ ਦੋ ਗ੍ਰੰਥ ਹਨ 'ਸ਼ੂਨਯ ਪੁਰਾਣ' ਤੇ 'ਧਰਮ ਪੂਜਾ ਵਿਧਾਨ'। ਮਾਲਦੇਹ ਵਿਚ ਸੈਨ ਜਾਤੀ ਦੇ ਬ੍ਰਾਹਮਣ ਵੱਸਦੇ ਸਨ, ਉਹਨਾਂ ਨੇ ਬੋਧੀਆਂ ਉੱਤੇ ਬੜੇ ਧੱਕੇ ਕੀਤੇ। ਉਪਰੋਕਤ ਗ੍ਰੰਥਾਂ ਵਿਚ ਲਿਖਿਆ ਹੈ ਕਿ 'ਧਰਮੀਆਂ ਉੱਤੇ ਇਹ ਅਨਿਆਂ ਤੇ ਧੱਕੇ ਹੁੰਦੇ ਦੇਖ ਕੇ ਬੈਕੁੰਠ ਵਾਸੀ ਨਿਰੰਜਣ ਅਤੀ ਕ੍ਰੋਧਵਾਨ ਹੋਏ। ਤਦ ਉਹ ਜਾਜਪੁਰੇ ਦੀ ਮਹਾਂ ਪਵਿੱਤਰ ਧਰਤੀ ਉੱਤੇ 'ਖ਼ੁਦਾ' ਨਾਮ ਧਾਰਣ ਕਰ ਕੇ ਪ੍ਰਗਟੇ। ਕਾਲੇ ਘੋੜੇ ਉੱਤੇ ਸਵਾਰ, ਕਾਲੀ ਟੋਪੀ ਸਿਰ ਉੱਤੇ, ਨਿਰੰਜਣ ਧਰਮੀਆਂ ਦੀ ਰੱਖਿਆ ਹਿਤ ਅਵਤਾਰੀ ਹੋਏ। ਤੇਤੀ ਕਰੋੜ ਦੇਵੀ-ਦੇਵਤੇ, ਯਵਨ ਸਿਪਾਹੀਆਂ ਦੇ ਰੂਪ ਵਿਚ ਨਿਰੰਜਣ ਦੇ ਹਮਰਕਾਬ ਸਨ। ਇਉਂ ਧਰਮੀਆਂ ਦੀ ਰੱਖਿਆ ਲਈ ਤੇ ਬ੍ਰਾਹਮਣ ਦੁਸ਼ਟਾਂ ਦੇ ਵਿਨਾਸ਼ ਲਈ ਨਿਰੰਜਣ ਨੇ ਅਵਤਾਰ ਧਾਰਿਆ।

ਇਹ ਦਸਵੀਂ-ਗਿਆਰ੍ਹਵੀਂ ਸਦੀ ਦੇ ਭਾਰਤੀ ਸਮਾਜ ਦੀ ਰੂਪ-ਰੇਖਾ ਹੈ ਜੋ ਸਾਡੇ ਤੱਕ ਪੁੱਜੀ ਹੈ। ਦੋਫਾੜੀ ਹੋਇਆ ਹੋਇਆ ਆਪਸੀ ਦ੍ਵੈਸ਼ ਨਾਲ ਦੁਖਿਤ, ਸਮਾਜੀ ਧੱਕੇ ਤੇ ਅਨਿਆਂ ਨਾਲ ਦੂਸ਼ਿਤ, ਯਵਨੀ ਬਿਦੇਸ਼ੀਆਂ ਦੇ ਹਮਲਿਆਂ ਤੋਂ ਆਪਣੀ ਰੱਖਿਆ ਕਰਨ ਤੋਂ ਅਸਮਰੱਥ ਤੇ ਮੁਸਲਮਾਨ ਹਮਲਾਵਰਾਂ ਨੂੰ ਆਪਣੇ ਹੀ ਭਰਾਵਾਂ ਹੱਥੋਂ ਛੁਟਕਾਰਾ ਦੇਣਹਾਰਾ ਸਮਝਣ ਵਾਲਾ ਇਹ ਸਮਾਜ ਦਿਸ ਆਉਂਦਾ ਹੈ।

ਦਸਵੀਂ ਸਦੀ ਦਾ ਸੰਸਕ੍ਰਿਤ ਗ੍ਰੰਥ ਕਲ੍ਹਣ ਲਿਖਤ 'ਰਾਜਤ੍ਰੰਗਣੀ' ਹੈ। ਇਸ ਵਿਚ ਕਸ਼ਮੀਰ ਦਾ ਇਤਿਹਾਸ ਅੰਕਿਤ ਹੈ। ਇਹ ਗ੍ਰੰਥ ਉਸ ਸਮੇਂ ਦਾ ਦਰਪਣ ਹੈ, ਜਿਸ ਤੋਂ ਉਦੋਂ ਦੀ ਵਰਤਮਾਨ ਸਮਾਜੀ ਅਵਸਥਾ ਦਾ ਪਤਾ ਲੱਗਦਾ ਹੈ। 'ਰਾਜਤ੍ਰੰਗਣੀ' ਦਾ ਕਰਤਾ ਲਿਖਦਾ ਹੈ ਕਿ ਰਾਜ ਕਰਮਚਾਰੀ ਭ੍ਰਿਸ਼ਟੇ ਹੋਏ ਹਨ ਤੇ ਇਹ ਪਰਜਾ ਦਾ ਵਿਨਾਸ਼ ਕਰ ਰਹੇ ਹਨ:

ਜਿਘਾਂਸਵ: ਪਾਪਕਰਮ: ਪਰਸ੍ਵਾਦਯਨਸ਼ਚ ਤ: *(ਰਾਜਤ੍ਰੰਗਣੀ, viii, 86)*

ਭਾਵ ਇਹ ਕਿ ਰਾਜ ਕਰਮਚਾਰੀ ਪਰਜਾ ਦਾ ਲਹੂ-ਪੀਣੇ, ਨੀਚ ਕਰਮ-ਰਤ ਅਤੇ ਵੱਢੀਖ਼ੋਰ ਹਨ।

ਕਵੀ ਕਸ਼ੇਮੇਂਦ੍ਰ ਦਾ 'ਕਲਾਵਿਲਾਸ' ਵੀ ਇਸ ਸਮੇਂ ਦੀ ਰਚਨਾ ਹੈ। ਉਹ ਲਿਖਦਾ ਹੈ ਕਿ ਲੋਕਾਂ ਨੂੰ ਕਾਲ ਨਹੀਂ ਖਾ ਰਿਹਾ, ਰਾਜ ਕਰਮਚਾਰੀ ਹੀ ਖਾ ਰਹੇ ਹਨ:

ਦਿਵਿਰੈਰੇਵ ਸਮਸਤ ਗ੍ਰਸਤ ਜਨਤਾ ਨ ਕਾਲੇਨ *(ਕਲਾਵਿਲਾਸ, vi, 4)*

ਕਸ਼ੇਮੇਂਦ੍ਰ ਦੇ ਇਸ ਕਥਨ ਤੋਂ, ਜਿਸ ਵਿਚ ਦਸਵੀਂ ਸ਼ਤਾਬਦੀ ਦੇ ਰਾਜ ਸਮਾਜ ਦੀ ਤਸਵੀਰ

ਉੱਕਰੀ ਹੋਈ ਹੈ, ਕੀ ਗੁਰੂ ਨਾਨਕ ਦੇਵ ਜੀ ਦੇ ਚੌਧਵੀਂ ਸਦੀ ਦੇ ਰਾਜ ਸਮਾਜ ਬਾਬਤ ਕਹੇ ਹੋਏ ਬਚਨ ਇੰਨ-ਬਿੰਨ, ਸਿਮ੍ਰਿਤੀ ਵਿਚ ਨਹੀਂ ਆਉਂਦੇ:

ਰਾਜੇ ਸੀਹ ਮੁਕਦਮ ਕੁਤੇ॥

ਜਾਇ ਜਗਾਇਨਿ੍ ਬੈਠੇ ਸੁਤੇ॥ (ਪੰਨਾ ੧੨੮੮)

ਇਹਨਾਂ ਕਥਨਾਂ ਤੋਂ ਸਪੱਸ਼ਟ ਹੈ ਕਿ ਸੰਨ ਈਸਵੀ ਦੇ ਪ੍ਰਾਰੰਭ ਤੋਂ ਚਾਰ ਸਦੀਆਂ ਪਹਿਲਾਂ ਤੋਂ ਲੈ ਕੇ ਛੇਵੀਂ-ਸਤਵੀਂ ਸਦੀ ਤਕ ਪੂਰਾ ਇਕ ਹਜ਼ਾਰ ਸਾਲ ਭਾਰਤੀ ਸਮਾਜ ਤੇ ਭਾਰਤੀ ਰਾਜ-ਵਿਵਸਥਾ, ਸੱਭਯ, ਪ੍ਰਗਤੀਸ਼ੀਲ, ਸ਼ਾਂਤੀ-ਪ੍ਰਾਯਣ, ਨਿਆਂ-ਆਧਾਰਿਤ ਤੇ ਉੱਨਤ ਅਵਸਥਾ ਵਿਚ ਲਗਭਗ ਰਹੀ। ਫੇਰ ਅੱਠਵੀਂ ਸਦੀ ਤੋਂ ਗਿਆਰ੍ਹਵੀਂ ਸਦੀ ਦੇ ਸਮੇਂ ਵਿਚ ਰਾਜ ਵਿਵਸਥਾ ਤੇ ਭਾਰਤੀ ਸਮਾਜ ਦੋਵੇਂ ਅਰਾਜਕਤਾ, ਪਤਨ, ਅਨਿਆਂ, ਆਪਸੀ ਧੱਕਾ ਤੇ ਦ੍ਵੈਸ਼ ਦਾ ਸ਼ਿਕਾਰ ਹੁੰਦੇ ਚਲੇ ਗਏ ਅਤੇ ਇਸੇ ਸਮੇਂ ਵਿਚ ਬਦੇਸ਼ੀ ਯਾਵਨੀ ਹਮਲਾਵਰਾਂ ਦੇ ਹਿੰਦੁਸਤਾਨ ਉੱਤੇ ਕਬਜ਼ੇ ਲਈ ਭੂਮਿਕਾ ਬੱਝੀ। ਇਸ ਸਮੇਂ ਹੀ ਗਿਆਰ੍ਹਵੀਂ ਸਦੀ ਦੇ ਪ੍ਰਾਰੰਭ ਵਿਚ ਭਾਰਤ ਉੱਤੇ ਤੁਰਕਾਂ ਨੇ ਤਿੱਖੇ ਹਮਲੇ ਸ਼ੁਰੂ ਕੀਤੇ। ਮਹਿਮੂਦ ਗ਼ਜ਼ਨਵੀ ਦੇ ਨਾਲ 'ਅਲਬਰੂਨੀ' ਨਾਂ ਦਾ ਇਕ ਵਿਦਵਾਨ ਆਇਆ ਜੋ ਕਾਫ਼ੀ ਸਮਾਂ ਇਸ ਦੇਸ਼ ਵਿਚ ਵਿਚਰਦਾ ਰਿਹਾ। ਇਸ ਨੇ ਹਿੰਦੁਸਤਾਨ ਉੱਤੇ 'ਕਿਤਾਬੁਲ ਹਿੰਦ' ਨਾਮੀ ਪੁਸਤਕ ਲਿਖੀ ਹੈ। ਇਸ ਵਿਚ ਗਿਆਰ੍ਹਵੀਂ ਸਦੀ ਦੇ ਭਾਰਤ ਦੇ ਗਿਆਨ, ਸਾਹਿਤ ਅਤੇ ਧਰਮਾਂ ਸੰਬੰਧੀ ਵੇਰਵੇ ਨਾਲ ਵਿਚਾਰ ਕੀਤੀ ਗਈ ਹੈ। ਇਹ ਲੇਖਕ ਧਰਮ ਤੇ ਦਰਸ਼ਨ ਦਾ ਚੰਗਾ ਵਿਦਵਾਨ ਸੀ ਤੇ ਇਸ ਨੇ ਬੜੀ ਡੂੰਘੀ ਖੋਜ-ਪੜਤਾਲ ਬਾਅਦ ਆਪਣੀ ਰਾਏ ਦਿੱਤੀ ਹੈ। ਉਹ ਕਹਿੰਦਾ ਹੈ ਕਿ ਹਿੰਦੂਆਂ ਵਿਚ ਜਾਤ-ਪਾਤ ਦਾ ਭੇਦ-ਵਿਤਕਰਾ ਜ਼ੋਰਾਂ 'ਤੇ ਹੈ। ਦੂਜੀ ਗੱਲ ਉਹ ਕਹਿੰਦਾ ਹੈ ਕਿ ਬ੍ਰਾਹਮਣੀ ਧਰਮ ਦਾ ਸੰਬੰਧੀ ਬੁੱਧੀ, ਦਿਮਾਗ਼ ਨਾਲ ਹੈ, ਰੂਹ ਤੇ ਮਨ ਨਾਲ ਨਹੀਂ। ਅਲਬਰੂਨੀ ਦੀ ਪੁਸਤਕ ਵਿਚੋਂ ਇਕ ਟੂਕ ਦਾ ਤਰਜਮਾ ਇਹ ਹੈ:

"On the whole there is very little disputing about theological topics among themselves, at the utmost they fight with words but they will never stake their soul or body or their property on religious controversy. On the contrary, all their fanaticism is directed against those, who do not belong to them, against all foreigners. They call them mlechhas and forbid having any connection with them, be it by intermarriage or by any other kind of relationship or by sitting, eating or drinking with them because thereby they think, they would be polluted."

ਡਾ. ਮਜੁਮਦਾਰ ਦਾ ਵਿਚਾਰ ਹੈ ਕਿ ਮੁਸਲਮਾਨੀ ਹਮਲੇ ਦੀ ਪ੍ਰਤੀਕਿਰਿਆ ਵਜੋਂ ਹਿੰਦੂਆਂ ਵੱਲੋਂ ਜਾਤ-ਪਾਤ ਦਾ ਭੇਦ-ਭਾਵ ਅਪਨਾਇਆ ਗਿਆ। ਪਰ ਇਹ ਗੱਲ ਗ਼ਲਤ ਹੈ, ਇਹ ਜਾਤੀ ਭੇਦ-ਭਾਵ ਕਿਸੇ ਦਬਾਅ ਨਾਲ ਨਹੀਂ ਪੈਦਾ ਹੋਏ, ਸਗੋਂ ਪਹਿਲਾਂ ਹੀ ਮੌਜੂਦ ਸਨ। ਅਲਬਰੂਨੀ ਦੀ ਦੂਜੀ ਗੱਲ ਵੀ ਠੀਕ ਹੈ ਕਿ ਧਰਮ ਚੁੰਚ-ਗਿਆਨ ਹੀ ਸਾਰ ਰੂਪ ਵਿਚ ਸੀ ਅਤੇ ਆਤਮਾ ਦੇ ਚਰਿੱਤਰ ਵਿਚ ਇਸ ਦੇ ਸੰਚਾਰ ਦਾ ਆਭਾਵ ਸੀ।

ਅਲਬਰਟ ਸ੍ਵਾਈਜ਼ਰ (Albert Schweitzer) ਨੇ ਵੀ ਹਿੰਦੂ ਮਤ 'ਤੇ ਅਜੋਕੇ ਸਮੇਂ ਵਿਚ

ਇਹੋ ਦੋਸ਼ ਲਗਾਇਆ ਹੈ ਕਿ ਧਰਮ ਮੁੱਖ ਗਿਆਨੀ ਜਾਂ ਬੁੱਧ-ਗਿਆਨੀ ਰੁਚੀਆਂ ਦਾ ਹੈ। ਦਿਲ ਵਿਚ, ਆਤਮਾ ਵਿਚ, ਮਨ ਵਿਚ ਇਸ ਧਰਮ ਦਾ ਸੰਚਾਰ ਨਹੀਂ। ਜਿਵੇਂ ਗੁਰੂ ਸਾਹਿਬ ਨੇ ਫੁਰਮਾਇਆ ਹੈ :

ਅਤਿ ਸੁੰਦਰ ਕੁਲੀਨ ਚਤੁਰ ਮੁਖ ਙਿਆਨੀ ਧਨਵੰਤ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥ (ਪੰਨਾ ੨੫੩)

ਪ੍ਰੋ. ਪੂਰਨ ਸਿੰਘ ਜੀ ਵੀ ਇਹੋ ਗੱਲ ਮੈਨੂੰ ਆਖਿਆ ਕਰਦੇ ਸਨ ਕਿ ਹਿੰਦੂ ਮਤ ਵਿਚ ਕਰਨੀ ਤੇ ਵਿਚਾਰ ਦੇ ਸੰਮੇਲਨ ਦਾ ਅਭਾਵ ਹੈ ਅਤੇ ਕਥਨੀ ਸਰਵ-ਸ੍ਰੇਸ਼ਟ ਪ੍ਰਵਾਨ ਹੈ ਤੇ ਨਿਰੀ ਕਥਨੀ ਨਾਲ ਆਤਮਾ ਨੂੰ ਭਰਪੂਰ ਤੌਰ ਉੱਤੇ ਨਹੀਂ ਟੁੰਬਿਆ ਜਾ ਸਕਦਾ।

ਬਾਰ੍ਹਵੀਂ ਸਦੀ ਵਿਚ ਮੁਹੰਮਦ ਗੌਰੀ ਨੇ ਉੱਤਰ-ਪੱਛਮੀ ਭਾਰਤ ਉੱਤੇ ਹਮਲਾ ਕੀਤਾ। ਭਾਰਤੀ ਫੁੱਟ ਦਾ ਸ਼ਿਕਾਰ ਸਨ। ਪ੍ਰਿਥਵੀ ਰਾਜ ਚੌਹਾਨ ਤੇ ਜੈ ਚੰਦ ਦਾ ਕਿੱਸਾ ਸਭ ਨੂੰ ਪਤਾ ਹੈ। ਜਿਸ ਵੇਲੇ ਮੁਹੰਮਦ ਗੌਰੀ ਨੇ ਤਰਾਵੜੀ ਦੇ ਮੈਦਾਨ ਵਿਚ ਪ੍ਰਿਥਵੀ ਰਾਜ ਨੂੰ ਮਾਰ ਲਿਆ ਤਾਂ ਜੈ ਚੰਦ ਨੇ ਇਹ ਨਹੀਂ ਸੋਚਿਆ ਕਿ ਕੱਲ੍ਹ ਮੇਰੀ ਭੀ ਵਾਰੀ ਆ ਸਕਦੀ ਹੈ, ਸਗੋਂ ਉਸ ਨੇ ਆਪਣੀ ਪਰਜਾ ਨੂੰ ਹੁਕਮ ਦਿੱਤਾ ਕਿ ਆਪਣੀਆਂ ਡਿਉੜੀਆਂ ਦੀਆਂ ਦੇਹਲੀਆਂ ਉੱਤੇ ਘਿਉ ਚੋਵੋ ਤੇ ਖੁਸ਼ੀ ਵਿਚ ਤੁਰੀਆਂ ਵਜਾਓ :

ਗ੍ਰਹੇ ਗ੍ਰਹੇ ਘ੍ਰਤੇਣੋ ਦਮਬਰਾਕਸਾਲਨ
ਮਾਰਬਧਮ ਤੁਰਯ ਪ੍ਰਵਰ੍ਤੇ।
ਪੁਰਾਤਨ ਪ੍ਰਬੰਧ ਸੰਗ੍ਰਹ, ਜੈ ਚੰਦ੍ਰ ਪ੍ਰਬੰਧਮ।

ਇਹ ਟੂਕ ਉਸ ਵਕਤ ਦੇ ਜੈਨੀਆਂ ਦੇ ਇਕ ਪੁਰਾਤਨ ਸਮਕਾਲੀ ਗ੍ਰੰਥ ਵਿਚੋਂ ਲਈ ਗਈ ਹੈ। ਇਸ ਤੋਂ ਪਰਗਟ ਹੈ ਕਿ ਸਾਡਾ ਦੇਸ਼ ਬਾਰ੍ਹਵੀਂ ਸਦੀ ਵਿਚ ਕਿਵੇਂ ਬੁਰੀ ਤਰ੍ਹਾਂ ਵੰਡਿਆ ਹੋਇਆ ਸੀ ਪਰ ਇਹ ਹਾਲਤ ਉੱਤਰੀ ਭਾਰਤ ਦੀ ਹੀ ਹੈ। ਦੱਖਣ ਵਿਚ ਇਹ ਦਸ਼ਾ ਨਹੀਂ ਸੀ। ਬਾਰ੍ਹਵੀਂ ਸਦੀ ਦੇ ਦੱਖਣ ਦੀ ਸਮਾਜ ਵਿਵਸਥਾ ਬਾਰੇ ਇਹ ਅਰਬ ਭੂਗੋਲ ਦੇ ਪੰਡਿਤ 'ਇਦਰੀਸੀ' ਨੇ ਜੋ ਲਿਖਿਆ ਹੈ, ਉਸ ਦਾ ਅਨੁਵਾਦ ਇਹ ਹੈ :

Edrisi (1154 A.D.) describes "Hindus as naturally inclined to justice and they never depart from it in their actions. Their good faith, fidelity and honesty to their engagements are well-known and they are so renowned for these qualities that people flock to their country from everyside."

ਤੇਰ੍ਹਵੀਂ-ਚੌਦਵੀਂ ਸਦੀ ਦਾ ਕੋਈ ਸਮਕਾਲੀ ਗ੍ਰੰਥ ਭਰੋਸੇਯੋਗ ਨਹੀਂ ਮਿਲਦਾ, ਜੋ ਮਿਲਦੇ ਹਨ ਉਹ ਵਧੇਰੇ ਇਕ ਪੱਖੋਂ ਤੇ ਮੁਸਲਮਾਨਾਂ ਦੇ ਲਿਖੇ ਹੋਏ ਹਨ। ਪੰਦਰ੍ਹਵੀਂ ਸਦੀ ਵਿਚ ਗੁਰੂ ਨਾਨਕ ਸਾਹਿਬ ਦਾ ਆਗਮਨ ਹੋਇਆ ਅਤੇ ਇਸੇ ਇਤਿਹਾਸਕ ਪਿਛੋਕੜ ਵਿਚ ਅਸੀਂ ਚੰਗੀ ਦਾ ਜੋ ਨਕਸ਼ਾ ਖਿੱਚਿਆ ਹੈ ਉਹ ਯਥਾਰਥਵਾਦੀ ਹੈ, ਸੱਚ 'ਤੇ ਆਧਾਰਿਤ ਹੈ। ਐਵੇਂ ਕਾਵਿ-ਕਲਪਨਾ ਤੇ ਅਤਿਵਾਦ ਵਾਲਾ ਨਹੀਂ ਹੈ। ਇਸੇ ਬਾਰੇ ਪ੍ਰੋਫ਼ੈਸਰ ਪੀ. ਹਾਰਡੀ ਲਿਖਦਾ ਹੈ ਕਿ ਗ਼ੈਰ-ਮੁਸਲਿਮ ਜਨਤਾ ਤਾਂ ਮੁਸਲਿਮ ਸਿਆਸੀ ਨਾਟਕ ਲਈ ਕੇਵਲ ਸਾਮੱਗਰੀ ਦਾ ਕੰਮ ਦੇ ਰਹੀ ਸੀ, ਉਹਨਾਂ ਦੀ ਹੋਰ ਕੋਈ ਅਹਿਮੀਅਤ ਨਹੀਂ ਸੀ।

"Non-Muslims (are) the furniture and properties for the stage on which the drama of the Muslim destiny..... in Hindustan is played. The Hindus are ...the passive material on which the Muslims impose their will. It is the function of the Hindus to provide opportunities for the practice of Muslim virtue, they are never interesting in themselves but only as converts, as capitation tax prayers or as corpses."

ਹੁਣ ਅਸੀਂ 'ਕਲਿ ਕਾਤੀ ਰਾਜੇ ਕਾਸਾਈ' ਵਾਲੇ ਗੁਰਵਾਕ ਨੂੰ ਠੀਕ ਸਮਝਣ ਯੋਗ ਹਾਂ। ਗੁਰੂ ਨਾਨਕ ਸਾਹਿਬ ਦੇ ਸਾਹਮਣੇ ਸਮੱਸਿਆ ਇਹ ਸੀ ਕਿ:

(1) ਧਰਮ ਦਾ ਸੰਚਾਰ ਦਿਮਾਗ਼ ਤੋਂ ਉਤਰ ਕੇ ਦਿਲ ਤੇ ਰੂਹ ਵਿਚ ਕਿਵੇਂ ਹੋਵੇ।

(2) ਇਹ ਧਰਮ ਸਮਾਜ ਉਥਾਨ ਤੇ ਸੁਧਾਰ ਦਾ ਸੰਚਾਲਕ ਕਿਵੇਂ ਬਣੇ।

(3) ਰਾਜ ਤੇ ਧਰਮ ਦੇ ਕਿਸ ਦੇ ਸੰਬੰਧ ਹੋਣ।

ਇਹਨਾਂ ਸਮੱਸਿਆਵਾਂ ਦੇ ਉੱਤਰ ਦੇਣ ਲਈ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਕੀਤੀਆਂ, ਜਿਸ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ:

ਚੜ੍ਹਿਆ ਸੋਧਣਿ ਧਰਤਿ ਲੁਕਾਈ। *(ਵਾਰ ੧/੨੪)*

(10/1993)

ਗੁਰਮੁਖਿ ਕਲਿ ਵਿਚਿ ਪਰਗਟੁ ਹੋਆ

ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ ੨੭ਵੀਂ ਪਉੜੀ ਦੀ ਅਖ਼ੀਰਲੀ ਪੰਕਤੀ ਹੈ 'ਗੁਰਮੁਖਿ ਕਲਿ ਵਿਚਿ ਪਰਗਟੁ ਹੋਆ'। ਇਸ ਤੋਂ ਪਹਿਲਾਂ ਦੀਆਂ ਪੰਕਤੀਆਂ ਇਸ ਪ੍ਰਕਾਰ ਹਨ:

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।
ਸਿੰਘੁ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ।
ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ।
ਸਿਧਾਸਣਿ ਸਭਿ ਜਗਤਿ ਦੇ ਨਾਨਕ ਆਦਿ ਮਤੇ ਜੇ ਕੋਆ।
ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।
ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਵੀ ਸਚਾ ਢੋਆ। *(ਵਾਰ ੧/੨੭)*

ਭਾਈ ਸਾਹਿਬ ਦੀ ਇਸ ਪਉੜੀ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤਿ ਵਿਚ ਜਿਥੇ ਹੋਰ ਅਨੇਕਾਂ ਗੱਲਾਂ ਕਹੀਆਂ ਗਈਆਂ ਹਨ, ਉਥੇ ਵਿਸ਼ੇਸ਼ ਗੱਲ ਇਹ ਭਾਸਦੀ ਹੈ ਕਿ ਬਾਬਾ ਨਾਨਕ ਚਾਰੇ ਕੂੰਟਾਂ ਅਤੇ ਨੌਂ-ਖੰਡ ਪ੍ਰਿਥਵੀ ਦੇ ਕਲਿਆਣ ਲਈ ਸਾਰੀ ਉਮਰ ਕਾਰਜਸ਼ੀਲ ਰਹੇ। ਉਹਨਾਂ ਨੇ ਮੰਦਰ-ਮਸਜਿਦ, ਦੇਸ-ਪ੍ਰਦੇਸ, ਊਚ-ਨੀਚ ਆਦਿ ਕਿਸੇ ਦਾ ਵੀ ਭੇਦ-ਭਾਵ ਨਹੀਂ ਰੱਖਿਆ ਅਤੇ ਸਾਰਿਆਂ ਨੂੰ ਜਿਥੇ ਆਪਣਾ ਬਣਾਇਆ ਉਥੇ ਨਾਲ ਹੀ ਨਾਲ ਆਪ ਵੀ 'ਸਭਨਾ ਕੇ ਸਾਜਨ' ਬਣ ਕੇ ਰਹੇ। ਗੁਰੂ ਨਾਨਕ ਦੇਵ ਜੀ ਨੇ ਆਪਣੇ ਚਿੰਤਨ ਅਤੇ ਆਪਣੀ ਸ਼ਖ਼ਸੀਅਤ ਦਾ ਕਲਾਵਾ ਇੰਨਾ ਵਿਸ਼ਾਲ ਬਣਾਇਆ ਕਿ ਹਿੰਦੂ, ਮੁਸਲਮਾਨ, ਰਾਜੇ, ਰੰਕ, ਅਖੌਤੀ ਨੀਚ ਅਤੇ ਅਖੌਤੀ ਉੱਚ ਜਾਤਾਂ ਵਾਲਾ ਕੋਈ ਵੀ ਉਹਨਾਂ ਤੋਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕਿਆ। ਅਜਿਹੀ ਸਮਦਰਸ਼ੀ ਸ਼ਖ਼ਸੀਅਤ ਨੂੰ ਭਾਈ ਗੁਰਦਾਸ ਜੀ ਨੇ ਗੁਰਮਖਿ ਨਾਂ ਨਾਲ ਜਾਣਿਆ ਹੈ:

ਗੁਰਮੁਖਿ ਕਲਿ ਵਿਚਿ ਪਰਗਟੁ ਹੋਆ।

ਭਾਈ ਗੁਰਦਾਸ ਜੀ ਗੁਰਮਤਿ ਦੇ ਗੂਹਜ ਰਹੱਸਾਂ ਅਤੇ ਰਮਜ਼ਾਂ ਨੂੰ ਜਿਥੇ ਭਲੀ-ਭਾਂਤ ਸਮਝਣ ਵਾਲੇ ਸਨ, ਉਥੇ ਨਾਲ ਹੀ ਨਾਲ ਉਹਨਾਂ ਦੀਆਂ ਰਚਨਾਵਾਂ ਨੂੰ ਗੁਰਬਾਣੀ ਦੇ ਸਿਧਾਂਤਾਂ ਦੀ ਗੁਰੂ-ਆਸ਼ੇ ਅਨੁਸਾਰ ਵਿਆਖਿਆ ਕਰਨ ਵਾਲੀਆਂ ਰਚਨਾਵਾਂ ਹੋਣ ਕਰਕੇ ਗੁਰਬਾਣੀ ਦੀ ਕੁੰਜੀ ਕਹਿ ਕੇ ਸਨਮਾਨਿਆ ਗਿਆ ਹੈ। ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਨੂੰ ਗੁਰਮੁਖ ਕਹਿੰਦੇ ਹਨ ਅਤੇ ਆਪਣੀ ਅੱਠਵੀਂ ਵਾਰ ਦੀ ਅਖ਼ੀਰਲੀ ਪਉੜੀ ਵਿਚ ਗੁਰਮੁਖ ਦੇ ਵਿਸ਼ੇਸ਼ ਗੁਣ ਵੀ ਦੱਸਦੇ ਹਨ:

ਉਤਮ ਮਧਮ ਨੀਚ ਲਖ ਗੁਰਮੁਖਿ ਨੀਚਹੁ ਨੀਚ ਸਦਾਏ।
ਪੈਰੀ ਪੈ ਪਾ ਖਾਕੁ ਹੋਇ ਗੁਰਮੁਖਿ ਗੁਰਸਿਖੁ ਆਪੁ ਗਵਾਏ।
ਸਾਧਸੰਗਤਿ ਭਉ ਭਾਉ ਕਰਿ ਸੇਵਕ ਸੇਵਾ ਕਾਰ ਕਮਾਏ।
ਮਿਠਾ ਬੋਲਣ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ।
ਸਬਦਿ ਸੁਰਤਿ ਲਿਵ ਲੀਣੁ ਹੋਇ ਦਰਗਹ ਮਾਣ ਨਿਮਾਣਾ ਪਾਏ।
ਚਲਣੁ ਜਾਣਿ ਅਜਾਣੁ ਹੋਇ ਆਸਾ ਵਿਚਿ ਨਿਰਾਸੁ ਵਲਾਏ।
ਗੁਰਮੁਖਿ ਸੁਖ ਫਲੁ ਅਲਖੁ ਲਖਾਏ॥ *(ਵਾਰ ੮/੨੪)*

ਬਾਣੀ 'ਸਿਧ ਗੋਸਟਿ' ਵਿਚ ਸਿੱਧ ਗੁਰੂ ਨਾਨਕ ਦੇਵ ਜੀ ਨੂੰ ਪ੍ਰਸ਼ਨ ਕਰਦੇ ਹਨ ਕਿ ਤੁਸਾਂ ਘਰ-ਬਾਰ ਕਿਉਂ ਛੱਡਿਆ ਹੈ ਤੇ ਤੁਸੀਂ ਕੀ ਭਾਲਦੇ ਫਿਰਦੇ ਹੋ ?

ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ ॥
ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ॥
ਕਿਸੁ ਵਖਰ ਕੇ ਤੁਮ ਵਣਜਾਰੇ ॥
ਕਿਉ ਕਰਿ ਸਾਥੁ ਲੰਘਾਵਹੁ ਪਾਰੇ ॥ *(ਪੰਨਾ ੯੩੯)*

ਸ੍ਰੀ ਗੁਰੂ ਨਾਨਕ ਦੇਵ ਜੀ ਬੜੀ ਸਪੱਸ਼ਟਤਾ ਅਤੇ ਸਰਲਤਾ ਨਾਲ ਇਹਨਾਂ ਪ੍ਰਸ਼ਨਾਂ ਦੇ ਉੱਤਰ ਦਿੰਦੇ ਹੋਏ ਦੱਸਦੇ ਹਨ ਕਿ ਉਹ ਤਾਂ ਕੇਵਲ ਗੁਰਮੁਖਾਂ ਦੀ ਭਾਲ ਵਿਚ ਹੀ ਇਸ ਤਰ੍ਹਾਂ ਉਦਾਸੀ ਹੋ ਕੇ ਫਿਰ ਰਹੇ ਹਨ:

ਗੁਰਮੁਖਿ ਖੋਜਤ ਭਏ ਉਦਾਸੀ ॥
ਦਰਸਨ ਕੈ ਤਾਈ ਭੇਖ ਨਿਵਾਸੀ ॥
ਸਾਚ ਵਖਰ ਕੇ ਹਮ ਵਣਜਾਰੇ ॥
ਨਾਨਕ ਗੁਰਮੁਖਿ ਉਤਰਸਿ ਪਾਰੇ ॥ *(ਪੰਨਾ ੯੩੯)*

ਗੁਰਬਾਣੀ ਵਿਚ ਅਤੇ ਸਿੱਖ ਪਰੰਪਰਾ ਵਿਚ ਗੁਰਮੁਖ ਅਤੇ ਮਨਮੁਖ ਦੇ ਸੰਕਲਪ ਦਾ ਬਾਰ-ਬਾਰ ਜ਼ਿਕਰ ਹੋਇਆ ਹੈ। 'ਸਿਧ ਗੋਸਟਿ' ਵਿਚ ਇਕ ਜੋਗੀ ਦੇ ਮੁਕਾਬਲੇ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਮੁਖ ਨੂੰ ਇਕ ਆਦਰਸ਼ ਵਿਅਕਤੀ ਦੇ ਤੌਰ 'ਤੇ ਪੇਸ਼ ਕੀਤਾ ਹੈ। ਇਹੀ ਗੁਰਮੁਖ ਬਾਅਦ ਵਿਚ ਖ਼ਾਲਸਾ ਨਾਂ ਨਾਲ ਜਾਣਿਆ ਗਿਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਚ ਦਰਅਸਲ ਤਿੰਨ ਤਰ੍ਹਾਂ ਦੇ ਵਿਅਕਤੀ ਭਾਰਤ ਵਿਚ ਮੌਜੂਦ ਸਨ—ਪਹਿਲੇ ਸਨ ਕੱਟੜ ਸ਼ਰਈ ਮੁੱਲਾਂ-ਮੌਲਾਣੇ, ਦੂਜੇ ਸਨ 'ਅੰਤਰਿ ਪੂਜਾ ਪੜਹਿ ਕਤੇਬਾ' ਵਾਲੇ ਅਤੇ ਤੀਜੇ ਸਨ ਜੋਗੀ ਜਿਹੜੇ ਆਪਣੇ ਆਪ ਨੂੰ ਸਾਰੀਆਂ ਜ਼ੁੰਮੇਵਾਰੀਆਂ ਅਤੇ ਸਾਰੇ ਕਰਮ-ਬੰਧਨਾਂ ਤੋਂ ਮੁਕਤ ਸਮਝ ਕੇ ਪਰਬਤੀਂ ਛਿਪ ਬੈਠਣ ਵਿਚ ਹੀ ਮਸਤ ਸਨ। ਇਹ ਲੋਕ ਅਜਿਹੇ ਭਾਰਤੀ ਦਾਰਸ਼ਨਿਕ ਚਿੰਤਨ ਦੇ ਪੈਰੋਕਾਰ ਸਨ ਜਿਸ ਵਿਚ ਹਉਮੈ ਦੀ ਨਵਿਰਤੀ ਲਈ ਹਠ ਕਰਮਾਂ ਅਤੇ ਆਸਣਾਂ ਦੇ ਸੰਕੇਤ ਦਿੱਤੇ ਗਏ ਹਨ, ਮੁਦਰਾਵਾਂ ਭਰਪੂਰ ਕਰਮ-ਕਾਂਡ ਯੁਕਤ ਤਪੱਸਿਆ, ਸਰੀਰ ਨੂੰ ਅਮਰ ਕਰਨ ਲਈ ਰਸਾਇਣ ਦੀ ਖੋਜ ਅਤੇ ਕੁੰਡਲਨੀ ਸ਼ਕਤੀ ਦੇ ਜਾਗਰਣ ਦਾ ਰਾਹ ਅਪਣਾਉਣ ਦੇ ਸੰਕੇਤ ਕੀਤੇ ਗਏ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹਨਾਂ ਜੋਗੀਆਂ ਦੇ ਕਰਤੱਬ ਆਪਣੀਆਂ ਉਦਾਸੀਆਂ ਦੌਰਾਨ ਗੋਰਖ ਹੱਟੜੀ, ਅਚਲ ਵਟਾਲੇ,

ਗੋਰਖ ਮਤੇ, ਆਸਾਮ ਦੇ ਕਾਮਾਖਿਆ ਮੰਦਿਰ ਅਤੇ ਸੁਮੇਰ ਪਰਬਤ ਆਦਿ ਸਥਾਨਾਂ ਉੱਤੇ ਆਪਣੀ ਅੱਖੀਂ ਵੇਖੇ ਸਨ। ਗੁਰੂ ਜੀ ਨੇ ਆਪਣੀ ਬਾਣੀ 'ਸਿਧ ਗੋਸਟਿ' ਵਿਚ ਜਿਥੇ ਜੋਗ ਪ੍ਰਤੀ ਇਕ ਨਵਾਂ ਨਜ਼ਰੀਆ ਸੰਸਾਰ ਸਾਹਮਣੇ ਰੱਖਿਆ, ਉਥੇ ਇਹ ਵੀ ਦੱਸਿਆ ਕਿ ਹਉਮੈ-ਰਹਿਤ ਜਾਂ ਅਦ੍ਵੈਤ ਸਥਿਤੀ ਵਿਚ ਹੋਣ ਦਾ ਅਰਥ ਹਠ-ਜੋਗ ਦੀ ਸਮਾਧੀ ਵਾਂਗ ਦਰੱਖ਼ਤ ਦੇ ਮੁੱਖ ਦੀ ਤਰ੍ਹਾਂ ਜੜ੍ਹ ਹੋ ਜਾਣਾ ਨਹੀਂ ਬਲਕਿ ਹਉਮੈ-ਰਹਿਤ ਅਵਸਥਾ ਵਿਚ ਰਹਿੰਦਿਆਂ ਹੋਇਆਂ ਮਨ ਦੀਆਂ ਮਾਰੂ ਕਮਜ਼ੋਰੀਆਂ ਨੂੰ ਸ਼ਬਦ ਦੀ ਸਹਾਇਤਾ ਨਾਲ ਜਿੱਤਣਾ ਹੈ:

ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ ॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ ॥ (ਪੰਨਾ ੯੩੯)

ਸ੍ਰੀ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਗੁਰਮੁਖ ਨੂੰ ਇਕ ਬਹੁਪੱਖੀ ਸ਼ਖ਼ਸੀਅਤ ਦੇ ਤੌਰ 'ਤੇ ਪੇਸ਼ ਕੀਤਾ ਹੈ ਅਤੇ ਦੱਸਿਆ ਹੈ ਕਿ ਹੰਕਾਰ ਨੂੰ ਸਮਾਪਤ ਕਰ ਕੇ ਅੰਤਰ-ਆਤਮਾ ਨੂੰ ਆਪਣੇ ਨਿਜ-ਸਰੂਪ ਵਿਚ ਅਨੁਭਵ ਕਰ ਕੇ ਸੰਸਾਰ ਵਿਚ ਸੰਸਾਰ ਦਾ ਬਣ ਕੇ ਰਹਿੰਦਿਆਂ ਹੋਇਆਂ ਅਤੇ ਪ੍ਰਾਣੀ ਮਾਤਰ ਲਈ ਕੰਮ ਕਰਦਿਆਂ ਹੋਇਆਂ ਗੁਰਮੁਖ ਸਹਿਜੇ ਹੀ ਸੰਸਾਰ-ਸਮੁੰਦਰ ਪਾਰ ਕਰ ਜਾਂਦਾ ਹੈ। ਗੁਰਮੁਖ ਸਹੀ ਅਰਥਾਂ ਵਿਚ ਮੂਲ-ਮੰਤਰ ਦਾ ਉਪਾਸ਼ਕ ਹੈ। ਈਰਖਾ, ਲੋਭ, ਵੈਰ-ਵਿਰੋਧ ਗੁਰਮੁਖ ਤੋਂ ਬਹੁਤ ਪਿੱਛੇ ਰਹਿ ਜਾਂਦੇ ਹਨ:

ਗੁਰਮੁਖਿ ਵੈਰ ਵਿਰੋਧ ਗਵਾਵੈ॥
ਗੁਰਮੁਖਿ ਸਗਲੀ ਗਣਤ ਮਿਟਾਵੈ॥ (ਪੰਨਾ ੯੪੨)

ਉਸ ਦੇ ਕੰਮ ਦਾ ਖੇਤਰ ਵਿਸ਼ਾਲ ਹੋ ਕੇ ਮਨੁੱਖ ਮਾਤਰ ਪ੍ਰਤੀ ਆਪਣੇ ਆਪ ਨੂੰ ਉੱਤਰਦਾਈ ਮੰਨਣਾ ਸ਼ੁਰੂ ਕਰ ਦਿੰਦਾ ਹੈ। ਗੁਰਮੁਖ ਦੀ ਠੋਸ ਦ੍ਵੈਤ-ਰਹਿਤ ਸ਼ਖ਼ਸੀਅਤ ਦੇ ਪਿੱਛੇ ਕਿਰਤ ਕਰਨ, ਨਾਮ ਜਪਣ, ਵੰਡ ਛਕਣ ਦੇ ਸਿਧਾਂਤਾਂ ਦਾ ਬਲ ਕਾਰਜਸ਼ੀਲ ਹੋ ਉੱਠਦਾ ਹੈ ਅਤੇ ਗੁਰਮੁਖ ਦੀ ਪ੍ਰਤਿਭਾ ਨੂੰ ਪ੍ਰਗਟਾਉਂਦਾ ਹੈ। ਗੁਰਮੁਖ ਦੇ ਅਧਿਆਤਮਕ ਅਥਵਾ ਉਸ ਦੀ ਰੌਸ਼ਨ ਦ੍ਰਿਸ਼ਟੀ ਉਸ ਨੂੰ ਸੰਸਾਰ ਤੋਂ ਨਿਖੇੜ ਕੇ ਵੱਖਰਿਆਂ ਕਿਸੇ ਉਚੇਰੇ ਵਹਿਣ ਵਿਚ ਜਾ ਸ਼ਾਮਲ ਨਹੀਂ ਕਰਦੀ ਸਗੋਂ ਉਹ ਤਾਂ ਸਮਾਜਕ ਘੋਲਾਂ ਵਿਚ ਨਿਤਰਨ ਵਿਚ ਅਨੰਦ ਅਨੁਭਵ ਕਰਦਾ ਹੈ।

ਸਿੱਧ ਗੁਰੂ ਸਾਹਿਬ ਨੂੰ ਪ੍ਰਸ਼ਨ ਕਰਦੇ ਹਨ ਗੁਪਤ ਰੂਪ ਵਿਚ ਕੌਣ ਸਾਰਿਆਂ ਅੰਦਰ ਵਿਦਮਾਨ ਹੈ ਅਤੇ ਇਸ ਸੰਸਾਰ ਵਿਚ ਮੁਕਤ ਕੌਣ ਹੈ ? ਕੌਣ ਹੈ ਜਿਹੜਾ ਅੰਦਰੋਂ-ਬਾਹਰੋਂ ਜੁੜਿਆ ਹੋਇਆ ਹੈ, ਅਰਥਾਤ ਜਿਸ ਦੀ ਸੋਚਣੀ ਅਤੇ ਕਰਨੀ ਵਿਚ ਅੰਤਰ ਨਹੀਂ ਹੈ ? ਕੌਣ ਹੈ ਜਿਹੜਾ ਆਵਾਗਮਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ ਅਤੇ ਉਹ ਕੌਣ ਹੈ ਜਿਹੜਾ ਸੱਚ ਵਿਚ ਲੀਨ ਹੋ ਜਾਂਦਾ ਹੈ ?

ਕਵਨੁ ਸੁ ਗੁਪਤਾ ਕਵਨੁ ਸੁ ਮੁਕਤਾ॥
ਕਵਨੁ ਸੁ ਅੰਤਰਿ ਬਾਹਰਿ ਜੁਗਤਾ॥
ਕਵਨੁ ਸੁ ਆਵੈ ਕਵਨੁ ਸੁ ਜਾਇ॥
ਕਵਨੁ ਸੁ ਤ੍ਰਿਭਵਣਿ ਰਹਿਆ ਸਮਾਇ॥ (ਪੰਨਾ ੯੩੯)

ਸ੍ਰੀ ਗੁਰੂ ਨਾਨਕ ਦੇਵ ਜੀ ਜੋਗੀਆਂ ਦੇ ਸੰਸੇ ਦਾ ਨਿਵਾਰਨ ਕਰਦੇ ਹੋਏ ਕਹਿੰਦੇ ਹਨ:

ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ ॥
ਅੰਤਰਿ ਬਾਹਰਿ ਸਬਦਿ ਸੁ ਜੁਗਤਾ ॥

ਮਨਮੁਖਿ ਬਿਨਸੈ ਆਵੈ ਜਾਇ ॥
ਨਾਨਕ ਗੁਰਮੁਖਿ ਸਾਚਿ ਸਮਾਇ ॥ (ਪੰਨਾ ੯੩੯)

ਮਨਮੁਖ ਦੀ ਚਰਚਾ ਦੇ ਨਾਲ ਹੀ ਗੁਰਬਾਣੀ ਵਿਚ ਮਨਮੁਖ ਵਿਅਕਤੀ ਦੀ ਮਾਨਸਿਕ ਸੋਚ ਦੇ ਕਾਰਨ ਅਤੇ ਉਸ ਦੇ ਗੁਰਮੁਖ ਬਣ ਸਕਣ ਲਈ ਉਪਾਵਾਂ ਦੀ ਚਰਚਾ ਵੀ ਆਈ ਹੈ। ਮਨਮੁਖ ਵਿਚ ਗੁਰਮੁਖ ਵਾਲਾ ਕੋਈ ਸ਼ੁਭ ਗੁਣ ਨਹੀਂ ਪਾਇਆ ਜਾਦਾ। ਮਨਮੁਖ ਹਮੇਸ਼ਾਂ ਆਡੰਬਰ, ਉਦੰਡਤਾ, ਅਭਿਮਾਨ, ਕ੍ਰੋਧ ਅਤੇ ਅਗਿਆਨ ਨਾਲ ਭਰਿਆ ਰਹਿੰਦਾ ਹੈ ਅਤੇ ਉਸ ਨੂੰ ਕੋਈ ਵੀ ਨੇਕ ਸਲਾਹ ਚੰਗੀ ਨਹੀਂ ਲੱਗਦੀ। 'ਸਿਧ ਗੋਸਟਿ' ਦੀ ੨੯ਵੀਂ ਪਉੜੀ ਸੰਖੇਪ ਰੂਪ ਵਿਚ ਇਸ਼ਾਰਾ ਕਰਦੀ ਹੈ ਕਿ ਵਿਅਕਤੀ ਮਨਮੁਖ ਕਿਉਂ ਹੋ ਜਾਂਦਾ ਹੈ ? ਸਚਿਆਰੇ ਜੀਵਨ ਦੇ ਰਾਹ ਤੋਂ ਥਿੜਕੇ ਹੋਏ ਜੀਵ ਆਪਣੇ ਆਪ ਨੂੰ ਹਰ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਖੇਤਰ ਦਾ ਕੇਂਦਰ-ਬਿੰਦੂ ਬਣਿਆ ਹੋਇਆ ਵੇਖਣ ਦੇ ਵਿਸ਼ੇਸ਼ ਚਾਹਵਾਨ ਹੁੰਦੇ ਹਨ। ਅਜਿਹੇ ਮਨਮੁਖੀ ਜੀਵ ਸੰਸਾਰ ਦੇ ਸਾਰੇ ਸੁਖਾਂ ਦਾ ਵਹਿਣ ਆਪਣੇ ਵੱਲ ਮੋੜਨ ਲਈ ਦਿਨ-ਰਾਤ ਇਕ ਕਰ ਦਿੰਦੇ ਹਨ, ਬੇਸ਼ੱਕ ਇਸ ਸਭ ਨੂੰ ਪ੍ਰਾਪਤ ਕਰਨ ਲਈ ਇਹਨਾਂ ਨੂੰ ਪਾਖੰਡ ਦੀ ਕਿਸੇ ਵੀ ਪੱਧਰ ਤਕ ਜਾਣਾ ਪਵੇ। ਅਜਿਹਾ ਜੀਵ ਗੁਰਮੁਖਾਂ ਦੀ ਸੰਗਤ ਵਿਚ ਗੁਰੂ ਦੀ ਸ਼ਰਨ ਪੈ ਕੇ ਅਤੇ ਵਿਹਾਰਕ ਜੀਵਨ ਵਿਚ ਸਾਰੀਆਂ ਭੈੜੀਆਂ ਵਾਦੀਆਂ ਨੂੰ ਛੱਡ ਕੇ ਹੀ ਗੁਰਮੁਖ ਬਣ ਸਕਦਾ ਹੈ :

ਮਨਮੁਖਿ ਭੂਲੈ ਜਮ ਕੀ ਕਾਣਿ ॥
ਪਰ ਘਰੁ ਜੋਹੈ ਹਾਣੇ ਹਾਣਿ ॥
ਮਨਮੁਖਿ ਭਰਮਿ ਭਵੈ ਬੇਬਾਣਿ ॥
ਵੇਮਾਰਗਿ ਮੂਸੈ ਮੰਤ੍ਰਿ ਮਸਾਣਿ ॥
ਸਬਦੁ ਨ ਚੀਨੈ ਲਵੈ ਕੁਬਾਣਿ ॥
ਨਾਨਕ ਸਾਚਿ ਰਤੇ ਸੁਖੁ ਜਾਣਿ ॥ (ਪੰਨਾ ੯੪੧)

ਪਹਿਲਾਂ ਦੱਸੀ ਗਈ ਭਾਈ ਗੁਰਦਾਸ ਜੀ ਦੀ ਪਉੜੀ ਵਿਚ ਭਾਈ ਸਾਹਿਬ ਨੇ ਗੁਰਮੁਖ ਦੀ ਪਰਿਭਾਸ਼ਾ ਦਿੰਦੇ ਹੋਏ ਦੱਸਿਆ ਹੈ ਕਿ ਉੱਤਮ, ਮੱਧਮ ਅਤੇ ਨੀਚ ਵਿਚੋਂ ਗੁਰਮੁਖ ਆਪਣੇ ਆਪ ਨੂੰ ਨੀਚ ਅਤੇ ਨੀਚਾਂ ਦਾ ਸਾਥੀ ਮੰਨਣ ਵਿਚ ਸੰਤੁਸ਼ਟੀ ਅਨੁਭਵ ਕਰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਅਤੇ ਕਥਨੀ ਇਸ ਗੱਲ ਦੀ ਪੂਰਨ ਰੂਪ ਵਿਚ ਲਖਾਇਕ ਹੈ। ਭਾਈ ਮਰਦਾਨੇ ਨੂੰ ਨਾਲ ਰੱਖਣਾ ਅਤੇ ਮਲਕ ਭਾਗੋ ਨੂੰ ਛੱਡ ਕੇ ਭਾਈ ਲਾਲੋ ਦੇ ਘਰ ਟਿਕਾਣਾ ਕਰਨਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ ਅਜਿਹੇ ਪੱਖ ਹਨ ਜਿਹੜੇ ਉਹਨਾਂ ਨੂੰ ਭਾਈ ਗੁਰਦਾਸ ਦੀ ਗੁਰਮੁਖ ਦੀ ਪਰਿਭਾਸ਼ਾ 'ਤੇ ਇੰਨ-ਬਿੰਨ ਸਹੀ ਉਤਾਰਦੇ ਹਨ ਅਤੇ ਨਾਲ ਹੀ ਨਾਲ ਗੁਰੂ ਨਾਨਕ ਦੀ ਕਥਨੀ ਕਿ 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥' ਉੱਤੇ ਵੀ ਪੂਰਾ ਢੁਕਾਉਂਦੇ ਹਨ। ਆਪਣੇ ਇਕ ਸ਼ਰਧਾਲੂ ਸਿੱਖ ਭਾਈ ਲਹਿਣੇ ਨੂੰ ਪੰਜ ਪੈਸੇ ਤੇ ਨਾਰੀਅਲ ਰੱਖ ਕੇ ਮੱਥਾ ਟੇਕਣਾ ਅਤੇ ਉਸ ਨੂੰ ਲਹਿਣੇ ਤੋਂ ਅੰਗਦ ਬਣਾ ਕੇ ਆਪਾ ਭਾਵ ਸਮਾਪਤ ਕਰਨ ਦੀ ਇਹ ਪਹਿਲੀ ਮਿਸਾਲ ਸੀ ਜਿਸ ਨੂੰ ਬਾਅਦ ਦੇ ਸਾਰੇ ਗੁਰੂ ਸਾਹਿਬਾਨ ਨੇ ਜਿਉਂ ਦੀ ਤਿਉਂ ਅਪਨਾਇਆ ਅਤੇ 'ਪੈਰੀ

ਪੈ ਪਾ ਖਾਕ' ਹੋਣ ਦੀ ਇਕ ਨਵੀਂ ਪਰੰਪਰਾ ਸਥਾਪਿਤ ਕੀਤੀ। ਸੰਗਤ ਸੰਸਥਾ ਦੀ ਨੀਂਹ ਗੁਰੂ ਨਾਨਕ ਸਾਹਿਬ ਨੇ ਰੱਖੀ ਅਤੇ ਜਿਥੇ-ਜਿਥੇ ਵੀ ਗਏ, 'ਸੰਗਤਾਂ' ਸਥਾਪਿਤ ਕੀਤੀਆਂ ਜਿਹੜੀਆਂ ਬਾਅਦ ਵਿਚ ਅੱਛੇ ਖ਼ਾਸੇ ਗੁਰਦੁਆਰਿਆਂ ਦੇ ਰੂਪ ਵਿਚ ਵਿਦਮਾਨ ਹੋਈਆਂ। ਭਾਈ ਗੁਰਦਾਸ ਜੀ ਮਿੱਠਾ ਬੋਲਣਾ, ਨਿਵ ਚੱਲਣਾ ਅਤੇ ਹੱਥੋਂ ਦੇ ਕੇ ਭਲਾ ਮਨਾਉਣਾ ਗੁਰਮੁਖ ਦੇ ਵਿਸ਼ੇਸ਼ ਲੱਛਣ ਮੰਨਦੇ ਹਨ। ਗੁਰੂ ਨਾਨਕ ਸਾਹਿਬ ਦੇ ਸ਼ਬਦਾਂ ਵਿਚ ਕਿੰਨੀ ਮਿਠਾਸ ਰਹੀ ਹੋਵੇਗੀ, ਇਸ ਦਾ ਅੰਦਾਜ਼ਾ ਉਹਨਾਂ ਦੀਆਂ ਸਿੱਧਾਂ-ਜੋਗੀਆਂ ਨਾਲ ਮਿਲਣੀਆਂ ਤੇ ਕੌਡੇ ਰਾਖ਼ਸ਼ ਅਤੇ ਸੱਜਣ ਠੱਗ ਵਰਗੇ ਲੋਕਾਂ ਨਾਲ ਮੁਲਾਕਾਤਾਂ ਤੋਂ ਲੱਗਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਿਹਨਤ ਦੀ ਕਮਾਈ ਵਿਚੋਂ ਆਪਣੇ ਹੱਥੀਂ ਲੋੜਵੰਦਾਂ ਨੂੰ ਦੇ ਕੇ ਰੱਬ ਦੇ ਸ਼ੁਕਰਗੁਜ਼ਾਰ ਹੁੰਦੇ ਸਨ, ਇਸ ਤੱਥ ਦੀ ਗਵਾਹੀ ਉਹਨਾਂ ਦੇ ਜੀਵਨ ਦੇ ਅਖ਼ੀਰਲੇ ਪੱਖ ਵਿਚੋਂ ਮਿਲਦੀ ਹੈ, ਜਿਸ ਵਿਚ ਉਦਾਸੀਆਂ ਤੋਂ ਬਾਅਦ ਉਹਨਾਂ ਨੇ ਕਰਤਾਰਪੁਰ ਡੇਰਾ ਲਾ ਲਿਆ ਅਤੇ ਖੇਤੀ-ਬਾੜੀ ਵਰਗੇ ਮੁਸ਼ੱਕਤ ਵਾਲੇ ਕੰਮ ਨੂੰ ਅਪਨਾਇਆ। ਕੌਣ ਨਹੀਂ ਜਾਣਦਾ ਕਿ ਕਰਤਾਰਪੁਰ ਵਿਖੇ ਭਾਈ ਲਹਿਣੇ ਨਾਲ ਪਹਿਲੀ ਮੁਲਾਕਾਤ ਸਮੇਂ ਗੁਰੂ ਨਾਨਕ ਸਾਹਿਬ ਪੱਠਿਆਂ ਦੀ ਪੰਡ ਚੁੱਕੀ ਆਉਂਦੇ ਸਨ। ਭਾਈ ਗੁਰਦਾਸ ਜੀ ਗੁਰਮੁਖ ਦੀ ਸ਼ਬਦ ਵਿਚ ਲਿਵਲੀਨਤਾ ਦੇ ਗੁਣ ਨੂੰ ਵੀ ਇਕ ਵਿਸ਼ੇਸ਼ ਗੁਣ ਮੰਨਦੇ ਹਨ। 'ਸ਼ਬਦ-ਗੁਰੂ ਸਿਧਾਂਤ' ਨੂੰ ਮੂਲ ਰੂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਥਾਪਿਤ ਕੀਤਾ ਜਿਸ ਨੂੰ ਬਾਅਦ ਦੇ ਗੁਰੂ ਸਾਹਿਬਾਨ ਨੇ ਇਤਨਾ ਵਿਸਤਾਰ ਅਤੇ ਪ੍ਰਵਾਨਗੀ ਪ੍ਰਦਾਨ ਕੀਤੀ ਕਿ ਅੰਤ ਦਸਵੇਂ ਗੁਰੂ ਨੇ ਸ਼ਬਦ-ਬ੍ਰਹਮ ਦੇ ਪੂਰਨ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰਗੱਦੀ ਸੌਂਪ ਦਿੱਤੀ। ਭਾਈ ਗੁਰਦਾਸ ਜੀ ਦਾ ਗੁਰੂ ਨਾਨਕ ਸਾਹਿਬ ਪ੍ਰਤੀ ਇਹ ਕਥਨ ਕਿ 'ਗੁਰਮੁਖਿ ਕਲਿ ਵਿਚ ਪਰਗਟੁ ਹੋਆ' ਜਿਥੇ ਇਕ ਦਮ ਸਤਿ ਹੈ ਉਥੇ ਇਸ ਸਾਰੇ ਦੀ ਲੋਅ ਵਿਚ ਗੁਰਮੁਖ ਦੇ ਗੁਣਾਂ ਨੂੰ ਪ੍ਰਗਟਾਉਣ ਵਾਲੀ ਅੱਠਵੀਂ ਵਾਰ ਦੀ ਅਖ਼ੀਰਲੀ ਪਉੜੀ ਹੈ ਮੁੜ ਕੇ ਜਾਣ ਲੈਣਾ ਠੀਕ ਹੀ ਹੋਵੇਗਾ :

ਉਤਮ ਮਧਮ ਨੀਚ ਲਖ ਗੁਰਮੁਖਿ ਨੀਚਹੁ ਨੀਚ ਸਦਾਏ।
ਪੈਰੀ ਪੈ ਪਾ ਖਾਕੁ ਹੋਇ ਗੁਰਮੁਖਿ ਗੁਰਸਿਖੁ ਆਪੁ ਗਵਾਏ।
ਸਾਧਸੰਗਤਿ ਭਉ ਭਾਉ ਕਰਿ ਸੇਵਕ ਸੇਵਾ ਕਾਰ ਕਮਾਏ।
ਮਿਠਾ ਬੋਲਣ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ।
ਸਬਦਿ ਸੁਰਤਿ ਲਿਵ ਲੀਣੁ ਹੋਇ ਦਰਗਹ ਮਾਣ ਨਿਮਾਣਾ ਪਾਏ।
ਚਲਣੁ ਜਾਣਿ ਅਜਾਣੁ ਹੋਇ ਆਸਾ ਵਿਚਿ ਨਿਰਾਸੁ ਵਲਾਏ।
ਗੁਰਮੁਖਿ ਸੁਖ ਫਲੁ ਅਲਖੁ ਲਖਾਏ॥

(11/1995)

ਗੁਰੂ ਨਾਨਕ ਸਾਹਿਬ ਦੇ ਸਮੇਂ—ਭੇਖ ਰੋਗ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦਾ ਸਮਾਜ ਜਿਨ੍ਹਾਂ ਰੋਗਾਂ ਨਾਲ ਗ੍ਰਸਿਆ ਹੋਇਆ ਸੀ, ਉਹਨਾਂ ਵਿਚੋਂ ਇਕ ਵੱਡਾ ਰੋਗ ਭੇਖ ਦਾ, ਪਾਖੰਡ ਜਾਂ ਦੰਭ ਦਾ ਸੀ। ਸੱਚ ਮਨੁੱਖ ਦਾ ਲਕਸ਼ ਹੈ। ਸਚਿਆਰਾ ਹੋਣ ਲਈ ਅਜਿਹੇ ਮਾਰਗ 'ਤੇ ਤੁਰਨਾ ਪੈਂਦਾ ਹੈ, ਜਿਸ ਵਿਚ ਮਨੁੱਖੀ ਵਾਸ਼ਨਾਵਾਂ ਦੀ ਭਟਕਣ ਨੂੰ ਲਗਾਮ ਦੇਣੀ ਪੈਂਦੀ ਹੈ, ਜਿਥੇ ਸੁਆਰਥ ਨੂੰ ਪਰਸੁਆਰਥ ਵਿਚ ਬਦਲਣਾ ਪੈਂਦਾ ਹੈ, ਜਿਥੇ ਉਹ ਕੁਝ ਪ੍ਰਾਪਤ ਕਰਨਾ ਪੈਂਦਾ ਹੈ ਜੋ ਕਮਾ ਕੇ ਹੋਰਨਾਂ ਦੇ ਕੰਮ ਆਉਣ ਲਈ ਦਿੱਤਾ ਜਾ ਸਕੇ, ਜਿਥੇ ਅੰਦਰਲੇ ਨੂੰ ਉਜਵਲ ਕਰ ਕੇ ਬਾਹਰਲਾ ਪ੍ਰਕਾਸ਼ਿਆ ਜਾਵੇ। ਜਿਥੇ ਉਚੇਰਿਆਂ ਉੱਠ ਕੇ ਨੀਵਿਆਂ ਹੋਣਾ ਪੈਂਦਾ ਹੈ ਅਤੇ ਫੇਰ ਨੀਵਿਆਂ ਨੂੰ ਉਚੇਰਿਆਂ ਕਰਨ ਲਈ ਕਲਵਲਤਾ ਹੋਣੀ ਚਾਹੀਦੀ ਹੈ, ਪਰ ਤਲਵਾਰ ਦੀ ਤਿੱਖੀ ਧਾਰ 'ਤੇ ਨੱਚਣ ਲਈ ਕੌਣ ਤਤਪਰ ਹੋਵੇ? ਭੀੜੀ ਗਲੀ ਵਿਚੋਂ ਲੰਘਣ ਲਈ ਕੌਣ ਉਤੇਜਿਤ ਹੋਵੇ?

ਵਿਰਲੇ ਕੇਈ ਕੇਇ

ਹੀ ਹੋ ਸਕਦੇ ਹਨ। ਉਚੇਰੀ ਮਹਿਮਾ ਉਹਨਾਂ ਪਰਮ ਮਨੁੱਖਾਂ ਦੀ ਹੈ ਜੋ ਸੱਚ ਮਾਰਗ ਦੇ ਪੰਧਾਊ ਹਨ। ਵਡਿਆਈ ਮਨੁੱਖ ਦੀ ਕੁਦਰਤੀ ਭੁੱਖ ਹੈ। ਵਧੇਰੇ ਕਰਕੇ ਮਨੁੱਖ 'ਸੱਚੀ ਸ਼ੋਭਾ ਲਈ ਸਾਧਨਾ ਤਾਂ ਘਾਲ ਨਹੀਂ ਸਕਦਾ, ਉਹ ਸੋਨੇ ਦੀ ਵਡਿਆਈ ਮੁਲੰਮੇ ਨਾਲ ਪੂਰਿਆਂ ਕਰਦਾ ਹੈ। ਜਾਂ ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਹੈ ਤਾਂ ਪਿੱਤਲ ਪਰ ਵਡਿਆਈ ਲਈ ਸੋਨੇ ਦਾ ਭੁਲੇਖਾ ਪਾਉਂਦਾ ਹੈ। ਪਰੰਤੂ ਜਦ ਓਪਰੇ ਰੰਗ ਦੀ ਪਾਲਿਸ਼ ਉਤਰਨ 'ਤੇ ਅਸਲੀਅਤ ਪਰਗਟ ਹੁੰਦੀ ਹੈ ਤਾਂ ਵੇਖਣ ਵਾਲਾ ਤਾਂ ਦੁਰਕਾਰਦਾ ਹੀ ਹੈ, ਉਸ ਦੀ ਆਪਣੀ ਹਾਲਤ ਵੀ ਇੰਜ ਹੁੰਦੀ ਹੈ ਜਿਵੇਂ ਬਿਜਲੀ ਦਾ ਝਟਕਾ ਪੈਂਦਾ ਹੈ।

ਡਰ ਵੀ ਇਕ ਰੋਗ ਹੈ। ਸਦਾ ਡਰਦੇ ਰਹਿਣਾ ਇਕ ਅਜਿਹਾ ਤਾਪ ਹੈ ਜਿਹੜਾ ਮਨ ਨੂੰ ਨਿਤਾਣਾ ਕਰਦਾ ਰਹਿੰਦਾ ਹੈ। ਭੇਖੀ ਪਾਖੰਡੀ ਵੀ ਅਜਿਹੇ ਡਰ ਰੋਗ ਨਾਲ ਗ੍ਰਸਿਆ ਹੁੰਦਾ ਹੈ। ਉਸ ਨੂੰ ਆਪਣੇ ਪਾਜ ਉਘੜਨ ਦਾ ਹਰ ਵੇਲੇ ਡਰ ਲੱਗਾ ਰਹਿੰਦਾ ਹੈ।

ਵਾਸਤਵ ਵਿਚ ਵਿਖਾਵੇ ਦਾ ਜਾਂ ਬਨਾਵਟੀ ਜੀਵਨ ਮਨੁੱਖ ਨੂੰ ਮਨੁੱਖਤਾ ਤੋਂ ਦੂਰ ਲੈ ਜਾਂਦਾ ਹੈ। ਮਨੁੱਖ ਦਾ ਆਪਾ ਆਪਣੀਆਂ ਕਮਜ਼ੋਰੀਆਂ ਨੂੰ ਛਿਪਾਉਣ ਵਿਚ ਨਹੀਂ, ਕਿਸੇ ਪ੍ਰਾਪਤੀ ਦੀ ਡੌਂਡੀ ਪਿੱਟਣ ਜਾਂ ਡੀਂਗਾਂ ਮਾਰਨ ਵਿਚ ਨਹੀਂ। ਫੁੱਲ ਨੂੰ ਪ੍ਰਾਪੇਗੰਡੇ ਦੀ ਲੋੜ ਨਹੀਂ ਪੈਂਦੀ, ਉਸ ਦਾ ਕੁਦਰਤੀ ਹੁਸਨ ਰਾਹ ਜਾਂਦੇ ਨੂੰ ਆਪੇ ਹੀ ਖਿੱਚ ਲੈਂਦਾ ਹੈ। ਉਸ ਦੀ ਸੁਗੰਧੀ ਬਿਨ ਕੋਲੇ ਹੀ ਕਦਰਦਾਨ ਬਣਾ ਦਿੰਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਰਤ ਵਾਸੀ ਭੇਖ-ਰੋਗ ਦਾ ਸ਼ਿਕਾਰ ਸਨ। ਮਾਨਵਤਾ ਦਾ ਸੂਰਜ ਗ੍ਰਹਿਣ ਨਾਲ ਨਿਗਲਿਆ ਜਾ ਰਿਹਾ ਸੀ। ਇਹ ਰੋਗ ਜੀਵਨ ਦੇ ਹਰੇਕ ਪੱਖ ਵਿਚ

ਸੀ। ਧਰਮ ਖੇਤਰ ਵਿਚ ਇਸ ਦਾ ਵਿਸ਼ੇਸ਼ ਬੋਲ-ਬਾਲਾ ਸੀ। ਧਰਮ ਵਿਹੂਣੇ ਆਗੂਆਂ ਦੇ ਨਕਲੀ ਜਾਂ ਦੰਭੀ ਜੀਵਨ ਦਾ ਪ੍ਰਭਾਵ ਹੀ ਜਨਤਾ 'ਤੇ ਪੈ ਰਿਹਾ ਸੀ। ਅਜਿਹੇ ਧਾਰਮਿਕ ਆਗੂ ਧਰਮ ਜਾਂ ਸਤਿ ਤੋਂ ਵਿਹੂਣੇ ਅਜਿਹੇ ਕਰਮ-ਕਾਂਡਾਂ ਵਿਚ ਆਪਣੀ-ਆਪਣੀ ਧਾਰਮਿਕਤਾ ਦਾ ਪ੍ਰਗਟਾਵਾ ਕਰ ਰਹੇ ਸਨ, ਜੋ ਮਨੁੱਖ ਨੂੰ ਧਰਮੀ ਦੀ ਥਾਂ ਭਰਮੀ ਬਣਾ ਰਹੇ ਸਨ। ਭਾਈ ਗੁਰਦਾਸ ਜੀ ਨੇ ਉਸ ਜ਼ਮੇਂ ਦੀ ਅਸਲੀਅਤ ਨੂੰ ਪ੍ਰਗਟਾਉਂਦਿਆਂ ਲਿਖਿਆ ਹੈ :

ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ।
ਆਪੋ ਧਾਪੀ ਹੋਇ ਕੈ ਨਿਆਰੇ ਨਿਆਰੇ ਧਰਮ ਚਲਾਵੈ।
ਕੋਈ ਪੂਜੈ ਚੰਦੁ ਸੂਰੁ ਕੋਈ ਧਰਤਿ ਅਕਾਸੁ ਮਨਾਵੈ।
ਪਉਣੁ ਪਾਣੀ ਬੈਸੰਤਰੋ ਧਰਮ ਰਾਜ ਕੋਈ ਤ੍ਰਿਪਤਾਵੈ।
ਫੋਕਟਿ ਧਰਮੀ ਭਰਮਿ ਭੁਲਾਵੈ॥ (ਵਾਰ ੧/੧੮)

ਭਾਰਤ ਦੇ ਮੁਖ ਦੋਵੇਂ ਧਰਮ ਹਿੰਦੂ ਅਤੇ ਮੁਸਲਮਾਨਾਂ ਦੇ ਵਿਵਹਾਰ ਨੂੰ ਸੰਖੇਪ ਵਿਚ ਇਸ ਤਰ੍ਹਾਂ ਦੱਸਿਆ ਹੈ :

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ ?
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।
ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ।
ਕਚਾ ਰੰਗੁ ਕੁਸੁੰਭ ਦਾ ਪਾਣੀ ਧੋਤੈ ਥਿਰੁ ਨ ਰਹੋਈ।
ਕਰਨਿ ਬਖੀਲੀ ਆਪਿ ਵਿਚਿ ਰਾਮ ਰਹੀਮ ਕੁਥਾਇ ਖਲੋਈ।
ਰਾਹਿ ਸੈਤਾਨੀ ਦੁਨੀਆ ਗੋਈ॥ (ਵਾਰ ੧/੩੩)

ਇਸੇ ਕਰਕੇ ਗੁਰਮਤਿ ਦੀ ਨੀਂਹ ਅਮਲ ਉੱਤੇ ਰੱਖੀ ਗਈ ਸੀ।

ਸ੍ਰੇਸ਼ਟ ਪਹਿਰਾਵਾ ਪਹਿਨ ਲੈਣ ਨਾਲ ਹੀ ਮਨੁੱਖ ਸ੍ਰੇਸ਼ਟ ਨਹੀਂ ਬਣ ਜਾਂਦਾ। ਸ੍ਰੇਸ਼ਟ ਉਹ ਹੈ ਜਿਸ ਦਾ ਵਿਵਹਾਰ ਸ੍ਰੇਸ਼ਟ ਹੈ। ਬਾਹਰਲਾ ਸ੍ਰੇਸ਼ਟ ਪਹਿਰਾਵਾ ਜਦ ਅੰਦਰ ਦੀ ਮੈਲ ਨੂੰ ਢੱਕਣ ਲਈ ਪਹਿਨਿਆ ਜਾਂਦਾ ਹੈ ਜਾਂ ਬਾਹਰਲੇ ਭੇਸ ਨੂੰ ਅੰਦਰ ਦੀ ਹਵਸ ਦਾ ਸਾਧਨ ਬਣਾਇਆ ਜਾਂਦਾ ਹੈ ਤਾਂ ਉਹ ਸਮਾਜ-ਮਹੱਲ ਦੀਆਂ ਨੀਂਹਾਂ ਨੂੰ ਖੋਖਲਿਆਂ ਕਰਦਾ ਹੈ। ਰੇਤ ਦੀਆਂ ਕੰਧਾਂ ਭਾਵੇਂ ਸਫ਼ੈਦੀ ਨਾਲ ਆਪਣੀ ਸਜਾਵਟ ਦਾ ਪ੍ਰਭਾਵ ਪਾ ਲੈਣ ਪਰ ਉਹ ਕਿਸੇ ਵੇਲੇ ਵੀ ਡਿੱਗ ਕੇ ਨਸ਼ਟ ਹੋ ਸਕਦੀਆਂ ਹਨ ਤੇ ਕਈਆਂ ਦਾ ਘਾਤ ਕਰ ਸਕਦੀਆਂ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਸਮਾਜਕ ਢਾਂਚਾ ਕੁਝ ਇਹੋ ਜਿਹੀਆਂ ਰੇਤਲੀਆਂ ਦੀਵਾਰਾਂ ਵਾਲਾ ਹੀ ਦਿਖਾਵਾ ਸੀ।

ਬ੍ਰਾਹਮਣ ਬ੍ਰਹਮ ਗਿਆਨ ਤੋਂ ਸੱਖਣੇ ਅੰਦਰੋਂ ਕਾਲੇ ਸਨ। 'ਸ਼ਕਲ ਮੋਮਨਾਂ ਕਰਤੂਤ ਕਾਫ਼ਰਾਂ' ਦੀ ਆਮ ਕਹਾਵਤ ਅਨੁਸਾਰ ਵੇਖਣ ਨੂੰ ਬਾਹਰੋਂ ਤਾਂ ਕੁਲੀਨ ਜਾਪਦੇ ਸਨ ਪਰ ਅੰਦਰੋਂ ਮਲੀਨ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਉਹਨਾਂ ਦੀ ਤਸਵੀਰ ਖਿੱਚੀ ਹੈ :

ਮਥੈ ਟਿਕਾ ਤੇੜਿ ਧੋਤੀ ਕਖਾਈ॥
ਹਥਿ ਛੁਰੀ ਜਗਤ ਕਾਸਾਈ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ॥ (ਪੰਨਾ ੪੭੧)

ਫੋਕੀ ਸ਼ੁਹਰਤ ਇਕ ਅਜਿਹਾ ਅਵਗੁਣ ਹੈ ਜੋ ਮਨੁੱਖ ਦੇ ਗੁਣਾਂ ਨੂੰ ਵੀ ਕਲੰਕਿਤ ਕਰ

ਦਿੱਤਾ ਹੈ। ਕੇਵਲ ਬਾਹਰਲੀ ਸੁਹਜਤਾ ਲਈ ਕੀਤੇ ਜਤਨ ਅਕਸਰ ਅੰਦਰ ਨੂੰ ਕਾਲੇਰਾ ਹੀ ਕਰਦੇ ਹਨ, ਕਿਉਂਕਿ ਦਿਖਾਵੇ ਦੀ ਸੁਹਜਤਾ ਪਿੱਛੇ ਭਾਵਨਾ ਚੰਗੀ ਨਹੀਂ ਹੁੰਦੀ। ਇਸੇ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ:

ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥
ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥ (ਪੰਨਾ ੪੭੩)

ਇਸ ਝੂਠੀ ਸੁਹਰਤ ਨੂੰ ਪ੍ਰਾਪਤ ਕਰਨ ਲਈ ਕਈ ਅਜਿਹਾ ਭੇਖ ਰਚਦੇ ਹਨ ਜਿਸ ਨਾਲ ਸਰੀਰ ਨੂੰ ਵੀ ਕਸ਼ਟ ਪੁੱਜਦਾ ਹੈ। ਅਜਿਹਾ ਕਰਨ ਦਾ ਕੀ ਲਾਭ? ਇਸ ਨਾਲ ਅੰਦਰਲਾ ਤਾਂ ਨਿਰਮਲ ਹੋ ਨਹੀਂ ਸਕਦਾ। ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਇਹ ਸਾਰੇ ਕਰਮ ਨਿਰਮੂਲ ਤੇ ਅਰਥਹੀਣ ਹਨ:

ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥
ਸਹੁ ਵੇ ਜੀਆ ਅਪਣਾ ਕੀਆ ॥
ਅੰਨੁ ਨ ਖਾਇਆ ਸਾਦੁ ਗਵਾਇਆ ॥
ਬਹੁ ਦੁਖੁ ਪਾਇਆ ਦੂਜਾ ਭਾਇਆ ॥ (ਪੰਨਾ ੪੬੭)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਬੜਾ ਹੀ ਢੁੱਕਵਾਂ ਦ੍ਰਿਸ਼ਟਾਂਤ ਦਿੱਤਾ ਹੈ ਕਿ ਕੈਂਹ (ਕਾਂਸੀ) ਦਾ ਭਾਂਡਾ ਕਿੰਨਾ ਲਿਸ਼ਕਦਾ ਹੈ ਪਰ ਜ਼ਰਾ ਜਿੰਨਾ ਵੀ ਰਗੜੋ ਤਾਂ ਇਸ ਦੇ ਅੰਦਰ ਦੀ ਕਾਲਖ ਬਾਹਰ ਆ ਜਾਂਦੀ ਹੈ। ਸੱਜਣ ਠੱਗ ਵਰਗੇ ਬਾਹਰੋਂ ਕੁਲੀਨ ਪੁਰਖਾਂ ਦੇ ਅੰਦਰ ਝਾਤੀ ਮਾਰਦੇ ਹਨ। ਉਹਨਾਂ ਦੇ ਕੁਕਰਮਾਂ ਦੀ ਕਾਲਖ ਜਦ ਦਿੱਸਦੀ ਹੈ ਤਾਂ ਘਿਰਣਾ ਪੈਦਾ ਹੋ ਜਾਂਦੀ ਹੈ। ਇਸ ਲਈ ਪੰਛੀਆਂ ਵਿਚੋਂ ਸ੍ਰੇਸ਼ਟ ਚਿੱਟੇ (ਖੰਭਾਂ) ਵਾਲੇ ਪੰਛੀ ਬਗਲੇ ਦੀ ਬੜੀ ਹੀ ਢੁੱਕਵੀਂ ਉਦਾਹਰਣ ਹੈ। ਉਸ ਦਾ ਚਿੱਟਾ ਰੰਗ ਸ਼ਾਂਤੀ ਦਾ ਸੂਚਕ ਪਹਿਰਾਵਾ, ਉਸ ਦੀ ਇਕ ਲੱਤ ਚੁੱਕ ਕੇ ਖਲੋਣ ਦੀ ਤਪੱਸਿਆ, ਉਸ ਦੀ ਅਖੌਤੀ ਭਗਤੀ ਦੀ ਪਰਦਰਸ਼ਨੀ ਹੈ, ਪਰ ਇਹ ਨਹੀਂ ਪਤਾ ਕਿ ਉਸ ਦਾ ਧਿਆਨ ਲੱਗਾ ਹੈ ਕੇਵਲ ਆਪਣੇ ਸ਼ਿਕਾਰ ਵੱਲ, ਜਿਸ ਦੇ ਨੇੜੇ ਆਉਂਦਿਆਂ ਹੀ ਉਸ ਨੇ ਝੱਟ ਹੜੱਪ ਕਰ ਜਾਣਾ ਹੈ। ਬਗਲ-ਸਮਾਧੀ ਅਤੇ ਬਗਲ-ਪਹਿਰਾਵੇ ਵਿਚ ਆਦਮੀ ਵੀ ਅਨੇਕਾਂ ਦਾ ਘਾਤ ਕਰਦਾ ਰਹਿੰਦਾ ਹੈ। ਤੀਜਾ ਅਲੰਕਾਰ ਵਰਤਿਆ ਹੈ ਸਿੰਮਲ ਰੁੱਖ ਦਾ, ਜੋ ਉਚੇਰਾ ਅਤੇ ਦਰਸ਼ਨੀਯ ਵੀ ਹੋ ਗਿਆ। ਭੁਲੇਖੇ ਵਿਚ ਦਰਸ਼ਨੀ ਰੁੱਖ ਨੂੰ ਦੇਖ ਕੇ ਆਸ ਕਰ ਕੇ ਪੰਛੀ ਉਸ ਵੱਲ ਉੱਠ ਕੇ ਆਏ ਕਿ ਸਭ ਤੋਂ ਵਧੀਆ ਅਤੇ ਮਿੱਠਾ ਫਲ ਮਿਲੇਗਾ, ਪਰ ਨਿਰਾਸਤਾ ਹੋਈ ਜਦ ਮਿੱਠੇ ਫਲਾਂ ਦੀ ਥਾਂ ਬਕ-ਬਕਾ ਸੁਆਦ ਮਿਲਿਆ। ਉਸ ਦੀ ਫੋਕੀ ਵਡਿਆਈ 'ਤੇ ਧਿੱਕਾਰ ਪਾ ਕੇ ਨਿਰਾਸ ਵਾਪਸ ਚਲੇ ਗਏ। ਇਹੋ ਹਾਲ ਅਕਸਰ ਅਖੌਤੀ ਯਥਾਰਥਕ ਸੁਹਰਤ ਵਾਲੇ ਮਨੁੱਖਾਂ ਦਾ ਹੈ ਜਿਨ੍ਹਾਂ ਤੋਂ ਹਮਦਰਦੀ ਜਾਂ ਸਹਾਇਤਾ ਦੀ ਥਾਂ ਰੁੱਖਾ ਵਤੀਰਾ ਜਾਂ ਹੰਕਾਰ ਨਾਲ ਸੜਦੇ ਬੋਲ ਹੀ ਮਿਲਦੇ ਹਨ।

ਇਕ ਹੋਰ ਥਾਂ ਕਿਹਾ ਹੈ ਕਿ ਚੁੰਚ-ਗਿਆਨੀ ਬਣ ਜਾਣ ਨਾਲ ਵੀ ਪਾਰ ਉਤਾਰਾ ਨਹੀਂ ਹੋ ਸਕਦਾ। ਸਗੋਂ ਪੁਸਤਕ ਗਿਆਨੀ 'ਜੇਤਾ ਪੜਿਆ ਤੇਤਾ ਕੜਿਆ' ਦੇ ਮਹਾਂਵਾਕ ਅਨੁਸਾਰ ਵਧੇਰੇ ਦੁਖੀ ਹੁੰਦਾ ਹੈ। ਇਸ ਤਰ੍ਹਾਂ ਫੋਕਾ ਗਿਆਨ ਅਤੇ ਦਿਖਾਵੇ ਦਾ ਕਰਮ-ਕਾਂਡ ਸਭ ਫ਼ਜ਼ੂਲ ਹੀ ਹਨ:

ਪੜਿ ਪੁਸਤਕ ਸੰਧਿਆ ਬਾਦੰ ॥
ਸਿਲ ਪੂਜਸਿ ਬਗੁਲ ਸਮਾਧੰ ॥

ਮੁਖਿ ਝੂਠ ਬਿਭੂਖਣ ਸਾਰੰ ॥
ਤ੍ਰੈਪਾਲ ਤਿਹਾਲ ਬਿਚਾਰੰ ॥
ਗਲਿ ਮਾਲਾ ਤਿਲਕੁ ਲਿਲਾਟੰ ॥
ਦੁਇ ਧੋਤੀ ਬਸਤ੍ਰ ਕਪਾਟੰ ॥
ਜੇ ਜਾਨਸਿ ਬ੍ਰਹਮੰ ਕਰਮੰ ॥
ਸਭਿ ਫੋਕਟ ਨਿਸਚਉ ਕਰਮੰ ॥ (ਪੰਨਾ ੪੭੦)

ਅਜਿਹੀ ਅਖੌਤੀ ਭਗਤੀ ਜਾਂ ਨਿਮਾਜ਼ ਆਦਿ ਪੜ੍ਹਨੀ ਉਲਟਾ ਅਸਰ ਲਿਆਉਂਦੀ ਹੈ। ਜਿਵੇਂ ਦੁੱਧ ਵੀ ਸੱਪ ਦੇ ਮੂੰਹ ਵਿਚ ਪੈ ਕੇ ਜ਼ਹਿਰ ਬਣ ਕੇ ਹੀ ਬਾਹਰ ਨਿਕਲਦਾ ਹੈ। ਭਗਤੀ ਦਾ ਬੁਰਕਾ ਪਾ ਕੇ ਮਨੁੱਖਤਾ ਦੇ ਲਹੂ ਦੇ ਬਾਟੇ ਪੀਣੇ ਕਾਹਦਾ ਰੱਬੀ ਕਰਮ ਹੋਇਆ, ਇਹ ਤਾਂ ਦੈਂਤਾਂ ਦਾ ਕਰਮ ਹੈ। 'ਆਸਾ ਦੀ ਵਾਰ' ਵਿਚ ਇਸ ਬਿਰਤੀ ਨੂੰ ਨਸ਼ਰ ਕੀਤਾ ਹੈ:

ਮਾਣਸ ਖਾਣੇ ਕਰਹਿ ਨਿਵਾਜ ॥
ਛੁਰੀ ਵਗਾਇਨਿ ਤਿਨ ਗਲਿ ਤਾਗ ॥...
ਕੂੜੀ ਰਾਸਿ ਕੂੜਾ ਵਾਪਾਰੁ ॥
ਕੂੜੁ ਬੋਲਿ ਕਰਹਿ ਆਹਾਰੁ ॥ (ਪੰਨਾ ੪੭੧)

ਹੰਕਾਰ, ਜੋ ਮਨੁੱਖ ਨੂੰ ਕਪਟੀ ਜਾਂ ਪਖੰਡੀ ਬਣਾਉਂਦਾ ਹੈ, ਤੋਂ ਬਚਣ ਲਈ ਨਿਰਮਾਣਤਾ ਦਾ ਗੁਣ ਅੰਦਰਲੇ ਦੀ ਮੈਲ ਧੋਣ ਵਾਲਾ ਸਾਬਣ ਕਿਹਾ ਜਾ ਸਕਦਾ ਹੈ। ਨਿਮਰਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਰਬ ਚੰਗਿਆਈਆਂ ਦਾ ਨਿਚੋੜ ਕਿਹਾ ਹੈ। ਪਰ ਇਹ ਗੁਣ ਵੀ ਕਈ ਵਾਰੀ ਵੱਡੇ ਅਵਗੁਣ ਵਿਚ ਵੱਟ ਜਾਂਦਾ ਹੈ ਜਦੋਂ ਇਹ ਦੰਭ ਦਾ ਹਥਿਆਰ ਬਣਦਾ ਹੈ। ਇਸ ਲਈ ਦੁੱਧ ਵਿਚ ਘੁਲੀ ਖ਼ਤਰਨਾਕ ਜ਼ਹਿਰ ਤੋਂ ਵਿਸ਼ੇਸ਼ ਕਰਕੇ ਸਾਵਧਾਨ ਰਹਿਣ ਦੀ ਲੋੜ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚੌਕਸ ਕੀਤਾ ਹੈ:

ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥
ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥ (ਪੰਨਾ ੪੭੦)

ਸਾਊ ਮਨੁੱਖ ਤਾਂ ਉਹੋ ਹੀ ਹੈ ਜੋ ਅਜਿਹੇ ਕਰਮ ਕਰਦਾ ਹੈ ਜਿਸ ਨਾਲ ਕਿਸੇ ਦਾ ਦਿਲ ਨਹੀਂ ਦੁਖਦਾ, ਉਸ ਤੋਂ ਕਿਸੇ ਨਾਲ ਧੋਖਾ ਨਹੀਂ ਹੁੰਦਾ, ਸਗੋਂ ਉਸ ਦੀ ਨੇੜਤਾ ਵਿਚ ਨਿੱਘ ਮਿਲਦਾ ਹੈ, ਸ਼ਾਂਤੀ ਮਿਲਦੀ ਹੈ, ਜਿਸ ਦਾ ਅੰਦਰਲਾ ਨਿਰਮਲ ਹੈ, ਬਾਹਰੋਂ ਉਹ ਸਾਧਾਰਨ ਜਿਹੇ ਪਹਿਰਾਵੇ ਵਾਲਾ ਹੁੰਦਾ ਹੈ ਪਰ ਉਹ ਸ੍ਰੇਸ਼ਟ ਮਨੁੱਖ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਜਿਹੇ ਮਨੁੱਖਾਂ ਨੂੰ ਭੀ ਭਲੇ ਕਿਹਾ ਹੈ:

ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ ॥
ਤਿਨ੍ ਨੇਹੁ ਲਗਾ ਰਬ ਸੇਤੀ ਦੇਖਨ੍ਹੇ ਵੀਚਾਰਿ ॥ (ਪੰਨਾ ੪੭੩)

ਜਿਸ ਦਾ ਅੰਦਰਲਾ ਨਿਰਮਲ ਹੈ ਅਤੇ ਬਾਹਰਲਾ ਵੀ ਸਵੱਛ ਹੈ, ਉਹ ਅਜਿਹਾ ਆਦਰਸ਼ਕ ਮਨੁੱਖ ਹੈ ਜਿਸ ਦੇ ਚਾਨਣੇ ਨਾਲ ਅਨੇਕਾਂ ਦੇ ਰਾਹ ਰੌਸ਼ਨ ਹੋ ਜਾਂਦੇ ਹਨ। ਮਾਨਵਤਾ ਦਾ ਇਹ ਇਕ ਸਰਬ ਸ੍ਰੇਸ਼ਟ ਗੁਣ ਹੈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਦਾ ਪ੍ਰਮੁੱਖ ਤੇ ਪਹਿਲਾ ਸਬਕ ਹੈ।

(9/1983)

ਗੁਰੂ ਨਾਨਕ ਸਾਹਿਬ—ਬਾਣੀ ਤੇ ਸਮਕਾਲੀ ਇਤਿਹਾਸ

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਸ਼ਾਮਲ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਗਰੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮੀ ਬੀੜ ਵਿਚ ਸ਼ਾਮਲ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਧੁਨਿਕ ਸਰੂਪ ਤਿਆਰ ਕਰਵਾਇਆ। ਛੇ ਗੁਰੂ-ਵਿਅਕਤੀਆਂ ਦੀ ਬਾਣੀ ਮੁੱਖ ਰੂਪ ਵਿਚ ਭਾਵੇਂ ਪ੍ਰਭੂ ਦੀ ਆਰਾਧਨਾ ਹੀ ਹੈ ਪਰ ਇਹ ਮਨੁੱਖ ਨੂੰ ਚੰਗੇਰੀ ਜੀਵਨ-ਜਾਚ ਦੀ ਦੀਖਿਆ-ਸਿੱਖਿਆ ਦੇਣ ਵਾਲੀ ਸਰਵੋਤਮ ਰਚਨਾ ਵੀ ਹੈ। ਗੁਰੂ ਸਾਹਿਬਾਨ ਦੀ ਬਾਣੀ ਦਾ ਧੁਰਾ ਪ੍ਰਭੂ, ਮਨੁੱਖ ਤੇ ਸਮਾਜ ਹੋਣ ਕਾਰਨ ਸਮਾਜਿਕ ਵਰਤਾਰੇ ਦੀ ਗੱਲ ਆਮ ਕਹੀ ਗਈ ਹੈ। ਉਸ ਸਮੇਂ ਦੇ ਸਮਾਜ, ਧਰਮ, ਰੀਤੀ-ਰਿਵਾਜਾਂ ਤੇ ਆਰਥਿਕ ਦਸ਼ਾ ਬਾਰੇ ਜਾਣਕਾਰੀ ਗੁਰਬਾਣੀ ਨਾਲੋਂ ਵਧੇਰੇ ਸ਼ਾਇਦ ਹੀ ਕਿਸੇ ਹੋਰ ਸਮਕਾਲੀ ਸੋਮੇ ਤੋਂ ਮਿਲ ਸਕੇ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਜਿਥੇ ਸਮਕਾਲੀ ਸਮਾਜ, ਧਾਰਮਿਕ ਤੇ ਆਰਥਿਕ ਹਾਲਤ ਦੀ ਡੂੰਘੀ ਜਾਣਕਾਰੀ ਮਿਲਦੀ ਹੈ, ਉਥੇ ਰਾਜਸੀ ਪ੍ਰਬੰਧ, ਹਮਲਿਆਂ ਤੇ ਲੋਕਾਂ ਉਪਰ ਢਾਹੇ ਗਏ ਕਹਿਰਾਂ ਦਾ ਭਰਪੂਰ ਵੇਰਵਾ ਵੀ ਮਿਲਦਾ ਹੈ। ਇਸ ਲੇਖ ਦਾ ਮਨੋਰਥ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਇਤਿਹਾਸਕ ਘਟਨਾਵਾਂ ਦੇ ਵੇਰਵੇ ਤੇ ਉਹਨਾਂ ਦੇ ਪ੍ਰਭਾਵਾਂ ਦੀ ਚਰਚਾ ਕਰਨਾ ਹੈ। ਇਹ ਠੀਕ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਇਕ ਇਤਿਹਾਸਕਾਰ ਨਹੀਂ ਸਨ ਤੇ ਨਾ ਹੀ ਉਹਨਾਂ ਨੇ ਬਾਬਰ ਦੇ ਹਮਲੇ ਦਾ ਵਰਣਨ ਕਿਸੇ ਇਕ ਧਿਰ ਦੇ ਲੇਖਕ ਵਜੋਂ ਕੀਤਾ ਹੈ।[1] ਉਹ ਤਾਂ ਨਿਰਪੱਖ ਅਧਿਆਤਮਕ ਹਸਤੀ ਸਨ। ਉਹਨਾਂ ਨੂੰ ਬਾਬਰ ਦਾ ਹਮਲਾ ਨਾ ਤਾਂ ਕੇਵਲ ਇਕ ਆਕ੍ਰਮਣਕਾਰੀ ਪ੍ਰਵਿਰਤੀ ਜਾਪਿਆ ਤੇ ਨਾ ਹੀ ਪਠਾਣ ਸਮਰਾਟਾਂ ਦੀ ਅੱਯਾਸ਼ੀ ਤੇ ਆਦਰਸ਼ ਦੀ ਸੂਰਤ ਭੁਲਾ ਦੇਣ ਦਾ ਫਲ। ਮਹਾਂ-ਪ੍ਰਕਾਸ਼ ਵਿਚ ਲਰਜ਼ਦੀ (ਬੇਸਮਝੀ ਕਾਰਨ ਹੀ ਅਜਿਹਾ ਕਿਹਾ ਜਾ ਸਕਦਾ ਹੈ) ਗੁਰੂ ਜੀ ਦੀ ਪਰਮ ਚੇਤੰਨਤਾ ਨੂੰ ਇਹ ਖੇਲ ਕੁਦਰਤੀ ਕੌਤਕ ਪ੍ਰਤੀਤ ਹੋਇਆ।[2]

ਗੁਰੂ ਜੀ ਨੇ ਕਿਸੇ ਵੀ ਰਾਜਸੀ ਵੇਰਵੇ 'ਚ ਜਾਣ ਤੋਂ ਬਿਨਾਂ ਹੀ ਬਾਬਰ ਦੇ ਹਮਲੇ ਤੇ ਲੋਧੀ ਰਾਜਿਆਂ ਅਤੇ ਤੁਰਕ ਸੁਲਤਾਨਾਂ ਦੀ ਸੱਤਾ ਦਾ ਹਿੰਦੂਆਂ ਦੀ ਮਾਨਸਿਕ ਤੇ ਸਮਾਜਿਕ ਅਧੋਗਤੀ ਦਾ ਜੋ ਚਿੱਤਰ ਪੇਸ਼ ਕੀਤਾ ਹੈ, ਉਹ ਸ਼ਾਇਦ ਕੋਈ ਸਮਾਜ-ਸ਼ਾਸਤਰੀ ਵੀ ਪੇਸ਼ ਨਾ ਕਰ ਸਕਦਾ। ਗੁਰੂ ਜੀ ਬਾਬਰ ਦੇ ਜਬਰ ਦਾ ਖ਼ੁਦ ਵੀ ਨਿਸ਼ਾਨਾ ਬਣੇ, ਭਾਵੇਂ ਬਾਬਰ ਨੇ ਆਪਣੀ 'ਤੁਜ਼ਕਿ ਬਾਬਰੀ'[3] ਵਿਚ ਇਸ ਦਾ ਉੱਕਾ ਹੀ ਵਰਣਨ ਨਹੀਂ ਕੀਤਾ। 'ਬਾਬਰਵਾਣੀ'[4] ਵਿਚਲੇ ਸ਼ਬਦਾਂ ਦੀ ਅੰਦਰਲੀ ਗਵਾਹੀ ਤੋਂ ਬਾਬਰ ਦੇ ਗੁਰੂ ਜੀ ਨਾਲ ਮਿਲਣ ਦੀ ਗੱਲ ਅਸੰਭਵ ਵੀ ਨਹੀਂ ਲੱਗਦੀ।

ਬਾਬਰ ਦਾ ਤੀਸਰਾ ਹਮਲਾ ਜੋ 1520-21 ਵਿਚ ਹੋਇਆ, ਉਸ ਨਾਲ ਐਮਨਾਬਾਦ 'ਚ ਹੀ ਵਧੇਰੇ ਤਬਾਹੀ ਹੋਈ। ਸ੍ਰੀ ਗੁਰੂ ਨਾਨਕ ਦੇਵ ਜੀ ਉਥੇ ਆਮ ਆਉਂਦੇ ਸਨ। ਗੁਰੂ ਜੀ ਨੇ ਸੰਭਵ ਹੈ, ਐਮਨਾਬਾਦ ਦਾ ਹਮਲਾ ਅੱਖੀਂ ਡਿੱਠਾ ਹੋਵੇ ਕਿਉਂਕਿ ਲੜਾਈ ਦੇ ਵੇਰਵੇ ਚਸ਼ਮਦੀਦ ਗਵਾਹਾਂ ਵਰਗੇ ਹਨ। ਬਾਬਰ ਦੇ ਜ਼ੁਲਮਾਂ ਬਾਰੇ ਭਰਵਾਂ ਤੇ ਡਟਵਾਂ ਰੋਸ ਹੈ:

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥[੫]

ਇਕ ਹੋਰ ਸ਼ਬਦ ਵਿਚ ਵੀ ਇਸ ਹਮਲੇ ਦੇ ਪਿਛੋਕੜ 'ਤੇ ਪ੍ਰਕਾਸ਼ ਪਾਇਆ ਗਿਆ ਹੈ:

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥
ਕਰਤਾ ਤੂੰ ਸਭਨਾ ਕਾ ਸੋਈ ॥
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥੧॥ ਰਹਾਉ ॥
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥
ਰਤਨ ਵਿਗਾੜਿ ਵਿਗੋਏ ਕੁਤੀਂ ਮੁਇਆ ਸਾਰ ਨ ਕਾਈ ॥
ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ ॥[੬]

ਇਸ ਵਿਚ ਕੋਈ ਸ਼ੱਕ ਨਹੀਂ ਕਿ ਸ੍ਰੀ ਗੁਰੂ ਨਾਨਕ ਸਾਹਿਬ ਬਾਬਰ ਦੇ ਹਮਲੇ ਵੇਲੇ ਉਸੇ ਖੇਤਰ ਵਿਚ ਹੀ ਸਨ।[7] ਇਹਨਾਂ ਸ਼ਬਦਾਂ ਵਿਚ ਗੁਰੂ ਜੀ ਨੇ ਆਕ੍ਰਮਣਕਾਰੀ ਬਾਬਰ ਦੇ ਵਿਰੁੱਧ ਰੋਸ ਪ੍ਰਗਟ ਕੀਤਾ ਹੈ ਤੇ ਉਸ ਦੀ ਫ਼ੌਜ ਨੂੰ 'ਪਾਪ ਕੀ ਜੰਞ' ਆਖਿਆ ਹੈ। ਸਮੇਂ ਦੇ ਅਯੋਗ ਲੋਧੀ ਹਾਕਮਾਂ ਨੂੰ ਦੋਸ਼-ਮੁਕਤ ਨਹੀਂ ਕੀਤਾ। ਗੁਰੂ ਜੀ ਨੇ ਹਮਲੇ ਦਾ ਬਹੁਤ ਹੀ ਵੇਰਵੇ ਨਾਲ ਵਿਸਥਾਰ ਦਿੱਤਾ ਹੈ। ਗੁਰੂ ਜੀ ਨੇ ਉਸ ਸਮੇਂ ਨੂੰ ਇਤਿਹਾਸ ਦੀ ਮੁੱਠੀ 'ਚ ਬੰਦ ਕਰ ਕੇ ਇਤਿਹਾਸਕਾਰੀ ਦਾ ਪ੍ਰਮਾਣ ਦਿੱਤਾ ਹੈ। ਉਹਨਾਂ ਦੀ ਇਤਿਹਾਸ ਪ੍ਰਤੀ ਸੇਵਾ ਖਰਾ ਸੱਚ ਸੁਣਾ ਦੇਣ ਵਿਚ ਹੈ। ਉਹ ਸੱਚ, ਜੋ ਪੱਖ-ਪਾਤ ਤੋਂ ਬਹੁਤ ਦੂਰ ਹੈ। ਰਾਗ ਆਸਾ 'ਚ ਉਹ ਪ੍ਰਗਟ ਕਰਦੇ ਹਨ:

੧. *ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥*
ਸੇ ਸਿਰ ਕਾਤੀ ਮੁੰਨੀਅਨਿ੍ ਗਲ ਵਿਚਿ ਆਵੈ ਧੂੜਿ ॥
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ੍ ਹਦੂਰਿ ॥੧॥

੨. *ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ॥*
ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ ॥

ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥੨॥
ਇਕੁ ਲਖੁ ਲਹਨਿ੍ ਬਹਿਠੀਆ ਲਖੁ ਲਹਨਿ੍ ਖੜੀਆ ॥
ਗਰੀ ਛੁਹਾਰੇ ਖਾਂਦੀਆ ਮਾਣਨਿ੍ ਸੇਜੜੀਆ ॥
ਤਿਨ੍ ਗਲਿ ਸਿਲਕਾ ਪਾਈਆ ਤੁਟਨਿ੍ ਮੋਤਸਰੀਆ ॥੩॥
੩. *ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ੀ ਰਖੇ ਰੰਗੁ ਲਾਇ ॥*
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥
ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥੪॥
ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥
ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥
ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥੫॥[8]

ਗੁਰੂ ਸਾਹਿਬ ਨੇ ਬਾਬਰ ਦੇ ਜ਼ੁਲਮਾਂ ਨੂੰ 'ਹੁਕਮੀ ਕੌਤਕ' ਕਿਹਾ ਹੈ। ਇਹ ਪੈਂਤੜਾ ਇਤਿਹਾਸਕ ਸੱਚ ਨਾਲ ਮੇਲ ਖਾਂਦਾ ਹੈ। ਰਾਜੇ ਤੇ ਪਰਜਾ ਦੋਵੇਂ ਹੀ ਸਮਾਜਕ ਤੇ ਰਾਜਸੀ ਅਧੋਗਤੀ ਲਈ ਜ਼ਿੰਮੇਵਾਰ ਹੁੰਦੇ ਹਨ। ਜੋ ਲੋਕ ਧਨ-ਦੌਲਤ ਦੀ ਦੌੜ ਵਿਚ ਜੁਟ ਜਾਂਦੇ ਹਨ, ਐਸ਼-ਆਰਾਮ ਦੀ ਦਲਦਲ ਵਿਚ ਖੁੱਭ ਜਾਂਦੇ ਹਨ, ਹੱਕ-ਨਿਹੱਕ, ਸੱਚ-ਝੂਠ, ਹਲਾਲ-ਹਰਾਮ ਦਾ ਅੰਤਰ ਭੁੱਲ ਜਾਂਦੇ ਹਨ, ਆਖ਼ਰ ਉਹ ਆਪਣੇ ਕੁਕਰਮਾਂ ਦਾ ਫਲ ਤਾਂ ਭੋਗਣਗੇ ਹੀ। ਲੋਧੀਆਂ ਦੀ ਅੱਯਾਸ਼ੀ ਤੇ ਕੁਸ਼ਾਸਨ ਕਾਰਨ ਹੀ ਬਾਬਰ ਹਮਲਾ ਕਰਨ ਲਈ ਉਤਸ਼ਾਹਿਤ ਹੋਇਆ। ਅਜਿਹੇ ਸਮੇਂ 'ਚ ਅਕਾਲ ਪੁਰਖ ਦੀ ਰਜ਼ਾ ਵੀ ਇਹੋ ਸੀ। ਇਤਿਹਾਸਕ ਤੱਥ ਨੂੰ ਅਧਿਆਤਮਕ ਤੱਥ ਨਾਲ ਮੇਲ ਦੇਣ ਨਾਲ ਸੱਚ ਵਧੇਰੇ ਉਜਾਗਰ ਹੁੰਦਾ ਹੈ, ਧੁੰਦਲਾ ਨਹੀਂ।

ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਬਾਬਰ ਨੂੰ ਰੋਕਣ 'ਚ ਸਾਰੇ ਟੂਣੇ-ਟਾਮਣ, ਜੰਤਰ-ਮੰਤਰ ਅਸਫਲ ਹੋਏ। ਲੜਾਈ ਵਿਚ ਤਾਂ ਵਧੀਆ ਹਥਿਆਰ ਹੀ ਜਿੱਤ ਦਾ ਦਰ ਖੋਲ੍ਹਦੇ ਹਨ।

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥
ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥੪॥
ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥
ਓਨ੍ੀ ਤੁਪਕ ਤਾਣਿ ਚਲਾਈ ਓਨ੍ੀ ਹਸਤਿ ਚਿੜਾਈ ॥
ਜਿਨ੍ ਕੀ ਚੀਰੀ ਦਰਗਹ ਪਾਟੀ ਤਿਨ੍ਾ ਮਰਣਾ ਭਾਈ ॥੫॥[9]

ਤੇ ਫਿਰ ਗੁਰੂ ਸਾਹਿਬ 1524 ਈਸਵੀ ਵਿਚ ਬਾਬਰ ਵੱਲੋਂ ਲਾਹੌਰ ਸ਼ਹਿਰ 'ਚ ਢਾਹੇ ਗਏ ਕਹਿਰ ਦਾ ਬਿਆਨ ਗਾਗਰ ਵਿਚ ਸਾਗਰ ਵੱਲ ਕਰਦੇ ਹਨ:

ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ॥[10]

ਭਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ 1520-21, 1524 ਤੇ 1525-26 ਦੇ ਹਮਲਿਆਂ ਦਾ ਸੂਤਰਿਕ ਢੰਗ ਨਾਲ ਵਰਣਨ ਕੀਤਾ ਹੈ। ਫਿਰ ਵੀ ਬਾਬਰ ਦੇ ਜ਼ੁਲਮਾਂ, ਲੋਧੀ ਹਾਕਮਾਂ ਦੀ ਅਧੋਗਤੀ, ਲੜਾਈ ਦੇ ਢੰਗਾਂ ਤੇ ਹਥਿਆਰਾਂ, ਵਹਿਮਾਂ-ਭਰਮਾਂ ਤੇ ਟੂਣਿਆਂ ਤਵੀਤਾਂ ਦੀ ਵਰਤੋਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਹੈ। ਮੱਧਯੁਗ ਦੀ ਅਨੈਤਿਕ ਤਾਨਾਸ਼ਾਹੀ, ਸਦਾਚਾਰਕ

ਕੀਮਤਾਂ ਦਾ ਪਤਨ ਤੇ ਸਮਾਜਿਕ ਪਤਨ ਦੀ ਮੂੰਹ-ਬੋਲਦੀ ਤਸਵੀਰ ਗੁਰੂ ਨਾਨਕ ਬਾਣੀ 'ਚੋਂ ਉਜਾਗਰ ਹੁੰਦੀ ਹੈ। ਇਸਤਰੀਆਂ ਉਪਰ ਜਬਰ, ਭਵਨਾਂ ਦੀ ਸਾੜ-ਫੂਕ, ਮਨੁੱਖਾਂ ਦੀ ਵੇਚ-ਵੱਟ, ਸਭ ਕੁਝ ਗੁਰੂ ਸਾਹਿਬ ਦੇ ਕੁਝ ਸ਼ਬਦਾਂ ਨਾਲ ਹੀ ਸਮਕਾਲੀ ਇਤਿਹਾਸ ਦਾ ਸੱਚ ਬਣ ਕੇ ਉੱਭਰਦੇ ਹਨ।

ਸ੍ਰੀ ਗੁਰੂ ਨਾਨਕ ਸਾਹਿਬ ਦੇ ਇਹ ਸ਼ਬਦ ਸਮਕਾਲੀ ਤੱਥਾਂ ਦਾ ਸੱਚ ਹਨ ਤੇ ਇਤਿਹਾਸ ਦੀ ਇਕ ਖੋਜ ਹੈ। ਗੁਰੂ ਸਾਹਿਬ ਦੀ ਖੋਜ ਵੀ ਨਿਰਪੱਖ ਹੈ। ਗੁਰੂ ਸਾਹਿਬ ਕਿਸੇ ਦਾ ਪੱਖ ਨਹੀਂ ਲੈਂਦੇ। 'ਜੈਸੀ ਮੈ ਆਵੈ ਖਸਮ ਕੀ ਬਾਣੀ' ਤੈਸਾ ਹੀ ਬਿਆਨ ਕਰਦੇ ਹਨ। ਇਕ ਪ੍ਰਸਿੱਧ ਇਤਿਹਾਸਕਾਰ ਇਤਿਹਾਸ ਦੀਆਂ ਚਾਰ ਵਿਸ਼ੇਸ਼ਤਾਵਾਂ ਬਿਆਨ ਕਰਦਾ ਹੈ: 1. ਵਿਗਿਆਨਕ ਆਧਾਰ, 2. ਮਾਨਵਵਾਦੀ ਪਹੁੰਚ, 3. ਤਾਰਕਿਕਤਾ, 4 ਸ੍ਵੈ-ਪ੍ਰਗਟਾਉ।[11]

ਬਾਬਰ ਦੇ ਹਮਲੇ ਬਾਰੇ ਸ਼ਬਦ ਵਿਗਿਆਨਕ ਦ੍ਰਿਸ਼ਟੀ ਵਾਲੇ ਹਨ। ਇਥੇ ਪਹੁੰਚ ਮਾਨਵਵਾਦੀ ਹੈ, ਸ਼ਕਤੀਆਂ ਦਾ ਪੱਖ ਨਹੀਂ ਲਿਆ ਗਿਆ। ਦੁੱਖ ਦਾ ਕਾਰਨ ਹਾਕਮਾਂ ਤੇ ਪਰਜਾ ਦੀ ਆਪਣੀ ਗਿਰਾਵਟ ਨੂੰ ਦਰਸਾਇਆ ਗਿਆ ਹੈ, ਜੋ ਤਾਰਕਿਕ ਹੈ। ਮਨੁੱਖ ਦੀ ਅਸਲੀਅਤ ਵੀ ਪ੍ਰਗਟ ਕਰ ਦਿੱਤੀ ਗਈ ਹੈ। ਮਨੁੱਖ ਦਾ ਅਨੰਤ-ਚੱਕਰ ਵਿਚ ਕੋਈ ਮਹੱਤਵ ਨਹੀਂ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਕੁਝ ਵੱਖਰੀ ਭਾਂਤ ਦੇ ਇਤਿਹਾਸਕਾਰ ਸਨ। ਠੀਕ ਹੈ ਕਿ ਇਤਿਹਾਸਕ ਪਰਲੋਕ-ਸ਼ਾਸਤਰਵਾਦੀ (Eschatologist) ਨਹੀਂ ਹੁੰਦਾ। ਉਸ ਦਾ ਮਨੋਰਥ ਤਾਂ ਬੀਤੇ ਨੂੰ ਜਾਣਨਾ ਹੁੰਦਾ ਹੈ ਨਾ ਕਿ ਭਵਿੱਖ ਨੂੰ। ਜਦੋਂ ਵੀ ਕੋਈ ਇਤਿਹਾਸਕਾਰ ਇਹ ਜਾਣਨ ਦਾ ਦਾਅਵਾ ਕਰਦਾ ਹੈ ਕਿ ਭਵਿੱਖ ਵਿਚ ਕੀ ਹੋਣਾ ਹੈ ਤਾਂ ਸਾਨੂੰ ਸ਼ੱਕ ਪੈਂਦਾ ਹੈ ਕਿ ਉਸ ਦੀ ਇਤਿਹਾਸ ਬਾਰੇ ਵਿਚਾਰਧਾਰਾ 'ਚ ਕੋਈ ਬੁਨਿਆਦੀ ਅੰਤਰ ਹੈ।[12]

ਪਰ ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਬੀਤੇ ਦੇ ਨਾਲ-ਨਾਲ ਭਵਿੱਖ ਵਿਚ ਵਾਪਰਨ ਵਾਲੀ ਘਟਨਾ ਦਾ ਕੇਵਲ ਸੰਕੇਤ ਹੀ ਨਹੀਂ ਦਿੰਦੇ, ਖੁੱਲ੍ਹਾ ਐਲਾਨ ਕਰ ਦਿੰਦੇ ਹਨ:

ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥
ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥
ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥ [13]

ਜੇਕਰ ਵਿਚਾਰ ਕਰੀਏ ਤਾਂ ਅਠੱਤਰੇ (ਪੰਦਰਾਂ ਸੌ ਅਠੱਤਰ ਬਿਕ੍ਰਮੀ) 1520 ਈਸਵੀ ਵਿਚ ਬਾਬਰ ਦੇ ਐਮਨਾਬਾਦ ਉੱਤੇ ਹੋਏ ਹਮਲੇ ਦਾ ਵਰਣਨ ਹੈ ਤੇ ਸਤਾਨਵੇਂ (ਪੰਦਰਾਂ ਸੌ ਸਤਾਨਵੇਂ ਬਿਕ੍ਰਮੀ) 1539-40 ਨੂੰ ਹਿੰਦੁਸਤਾਨ 'ਚੋਂ ਸ਼ੇਰ ਸ਼ਾਹ ਸੂਰੀ ਦੇ ਹੱਥੋਂ ਹਾਰ ਖਾ ਕੇ ਨੱਠ ਜਾਣ ਦੀ ਘਟਨਾ ਪ੍ਰਗਟਾਉਂਦਾ ਹੈ। ਹੁਣ ਪ੍ਰਸ਼ਨ ਹੈ:

1. ਗੁਰੂ ਨਾਨਕ ਸਾਹਿਬ ਨੇ ਇਹ ਸ਼ਬਦ ਕਦੋਂ ਕਹੇ?
2. 1520-21 'ਚ ਜਾਂ 1539-40 'ਚ?

ਇਹ ਮੰਨ ਲੈਣਾ ਵਧੇਰੇ ਠੀਕ ਹੈ ਕਿ ਇਹ ਸ਼ਬਦ 1520-21 'ਚ ਹੀ ਕਹੇ ਗਏ ਸਨ। ਇਸ ਤਰ੍ਹਾਂ ਹਮਾਯੂੰ ਦੇ ਜਾਣ ਦੀ ਘਟਨਾ ਭਵਿੱਖ-ਬਾਣੀ ਹੈ।

ਹਮਾਯੂੰ 17 ਮਈ 1540 ਈਸਵੀ ਨੂੰ ਕਨੌਜ ਦੀ ਲੜਾਈ ਵਿਚ ਹਾਰ ਖਾ ਕੇ ਭਾਰਤ

ਤੋਂ ਭੱਜਣ ਦੀ ਤਿਆਰੀ ਕਰਦਾ ਹੈ ਜਦੋਂ ਕਿ ਗੁਰੂ ਸਾਹਿਬ ਸਤੰਬਰ 1539 ਨੂੰ ਜੋਤੀ ਜੋਤਿ ਸਮਾ ਜਾਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਿਨਾਂ ਕਿਸੇ ਹੋਰ ਦਾ ਸ਼ਬਦ ਇਹ ਹੋ ਨਹੀਂ ਸਕਦਾ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ੈਲੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੰਪਾਦਕੀ ਮੁਹਰ-ਛਾਪ ਦੇ ਹੁੰਦਿਆਂ ਇਹ ਸੋਚ ਲੈਣਾ ਉਚਿਤ ਨਹੀਂ।

ਨਿਰਣਾ ਕਰਨਾ ਪੈਂਦਾ ਹੈ ਕਿ ਗੁਰੂ ਜੀ ਨੇ ਭਵਿੱਖ ਦੀ ਗੱਲ ਕਹਿ ਦਿੱਤੀ ਹੈ ਜੋ ਕਿ ਕਰਾਮਾਤੀ ਵਰਤਾਰਾ ਹੈ। ਕਰਾਮਾਤ ਨੂੰ ਕਹਿਰ ਕਹਿਣ ਵਾਲੇ ਗੁਰੂ ਆਪ ਅਜਿਹਾ ਚਮਤਕਾਰ ਕਿਵੇਂ ਕਰ ਗਏ ? ਗੁਰੂ ਸਾਹਿਬ ਨੇ ਕਿਸੇ ਕਰਾਮਾਤੀ ਸ਼ਕਤੀ 'ਚ ਯਕੀਨ ਨਹੀਂ ਕੀਤਾ (ਇਹ ਕਰਾਮਾਤ ਨਹੀਂ ਇਹ ਤਾਂ ਇਤਿਹਾਸਕ ਸੱਚ ਹੈ)।[14]

ਇਹ ਬੜਾ ਗੰਭੀਰ ਪ੍ਰਸ਼ਨ ਹੈ ਜਿਸ ਦੇ ਉੱਤਰ ਦੀ ਆਸ ਅੱਜ ਦੇ ਮਨੁੱਖ ਤੇ ਇਤਿਹਾਸਕਾਰ ਦੋਹਾਂ ਤੋਂ ਕੀਤੀ ਜਾਂਦੀ ਹੈ। ਕਿਸੇ ਹੋਰ ਧਾਰਮਿਕ-ਇਤਿਹਾਸਕ ਵਿਅਕਤੀ ਦੀ ਅਜਿਹੀ ਭਵਿੱਖ-ਬਾਣੀ ਕਿਧਰੇ ਹੋਰ ਮਿਲਣੀ ਸੰਭਵ ਨਹੀਂ। ਇਹ ਵਿਸ਼ਵਾਸ ਹੀ ਕਰਨਾ ਬਣਦਾ ਹੈ ਕਿ ਗੁਰੂ ਸਾਹਿਬ ਅਨੋਖੇ ਇਤਿਹਾਸਕਾਰ ਸਨ, ਜਿਨ੍ਹਾਂ ਦਾ ਨਿਸ਼ਾਨਾ ਮਨੁੱਖਤਾ ਦੀ ਸਦਾਚਾਰਕ ਉਸਾਰੀ ਸੀ ਤੇ ਧੁਰਾ ਪ੍ਰਭੂ ਦੀ ਆਰਾਧਨਾ। ਅਜਿਹੇ ਵਿਅਕਤਿਤਵ ਲਈ ਬਾਹਰਲੇ ਤੇ ਦਿੱਸਦੇ ਵਰਤਾਰੇ ਤੋਂ ਪਰ੍ਹਾਂ ਪਰਾਲੌਕਿਕ ਤੇ ਅਣਦਿਸਦੇ ਦੀਆਂ ਗੁੰਝਲਾਂ ਨੂੰ ਜਾਣ ਲੈਣਾ ਅਸੰਭਵ ਨਹੀਂ ਸੀ। ਇਸ ਨੂੰ ਕਰਾਮਾਤ ਜਾਂ ਚਮਤਕਾਰ ਕਹਿਣ ਨਾਲ ਬਹੁਤਾ ਫ਼ਰਕ ਨਹੀਂ ਪੈਂਦਾ। ਕਈ ਚੀਜ਼ਾਂ ਨਿਪਟ ਤਰਕ ਨਾਲੋਂ ਵਿਸ਼ਵਾਸ ਦੀ ਅੱਖ ਨਾਲ ਵਧੇਰੇ ਸਾਫ਼ ਦਿੱਸਦੀਆਂ ਹਨ। ਇਹ ਠੀਕ ਹੈ ਕਿ ਅਨੇਕਾਂ ਵਿਦਵਾਨ ਭਵਿੱਖ-ਬਾਣੀ ਤੋਂ ਇਨਕਾਰ ਕਰਦੇ ਹਨ ਤੇ ਕਈ ਜੋ ਮੰਨਦੇ ਹਨ ਇਸ ਦੇ ਵੱਖਰੇ ਅਰਥ ਲੈਂਦੇ ਹਨ। ਫਿਰ ਵੀ ਬਹੁ-ਸੰਮਤੀ ਅਜਿਹੀ ਹੈ ਜੋ ਭਵਿੱਖ-ਬਾਣੀ ਨੂੰ ਬਾਬਰ, ਹਮਾਯੂੰ ਤੇ ਸ਼ੇਰ ਸ਼ਾਹ ਨਾਲ ਹੀ ਜੋੜਦੀ ਹੈ।[15]

ਗੁਰੂ ਨਾਨਕ ਸਾਹਿਬ ਹਾਕਮਾਂ ਦੇ ਕੁਸ਼ਾਸਨ ਕਾਰਨ ਰਾਜ-ਪਲਟੇ ਦੇ ਵੀ ਵਿਰੁੱਧ ਨਹੀਂ ਸਨ। ਉਹ ਚਾਹੁੰਦੇ ਸਨ ਕਿ 'ਤਖਤਿ ਬਹੈ ਅਦਲੀ'[16] ਤੇ 'ਤਖਤਿ ਬਹੈ ਤਖਤੈ ਕੀ ਲਾਇਕ ॥'[17] ਸੋ ਜੇ ਇਸ ਪ੍ਰਕਰਣ ਵਿਚ 'ਹੋਰ ਭੀ ਉਠਸੀ ਮਰਦ ਕਾ ਚੇਲਾ' ਦੇ ਭਵਿੱਖਮੁਖੀ ਬੋਲਾਂ ਨੂੰ ਵਿਚਾਰਿਆ ਜਾਵੇ ਤਾਂ ਇਹ ਕਰਾਮਾਤ ਦੀ ਬਜਾਏ ਅੰਤਰ-ਆਤਮਾ ਦੀ ਆਵਾਜ਼ ਪ੍ਰਵਾਨ ਕੀਤੀ ਜਾਣੀ ਵਧੇਰੇ ਠੀਕ ਲੱਗਦੀ ਹੈ।

ਹਿੰਦੂ ਸਮਾਜ ਦੀ ਅਧੋਗਤੀ ਬਾਰੇ ਵੇਰਵਾ ਵੀ ਗੁਰੂ ਸਾਹਿਬ ਨੂੰ ਇਤਿਹਾਸਕਾਰਾਂ ਦੀ ਪਹਿਲੀ ਕਤਾਰ ਦਾ ਮੁੱਖ ਨਾਇਕ ਬਣਾਉਂਦਾ ਹੈ:

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ॥[18]
ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥[19]
ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥[20]

ਰਾਜਿਆਂ ਦੀ ਅਨੈਤਿਕਤਾ ਤੇ ਹਾਕਮ ਜੁੰਡਲੀ ਦਾ ਅਜਿਹਾ ਦ੍ਰਿਸ਼ ਸੈਂਕੜੇ ਪੰਨੇ ਲਿਖ ਕੇ ਵੀ ਕੋਈ ਇਤਿਹਾਸਕਾਰ ਮੂਰਤੀਮਾਨ ਨਾ ਕਰ ਸਕੇ ਜੋ ਗੁਰੂ ਸਾਹਿਬ ਨੇ ਕੁਝ ਸ਼ਬਦਾਂ 'ਚ

ਕਰ ਵਿਖਾਇਆ ਹੈ :

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥ [21]
ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥[22]

ਤੇ ਫਿਰ :

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥[23]

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਜੀ ਅਜਿਹੀ ਅਧਿਆਤਮਕ ਹਸਤੀ ਸਨ ਜੋ ਸਮਕਾਲੀ ਸਮਾਜ ਦੀ ਅਸਲੀਅਤ ਨੂੰ ਮੂਰਤੀਮਾਨ ਕਰਨ ਤੋਂ ਬਿਨਾਂ ਦਿੱਸਦੀ, ਅੱਖ ਤੋਂ ਪਰੇ, ਅਗਮ-ਨਿਗਮ ਦੀ ਸੋਝੀ ਰੱਖਣ ਵਾਲੀ ਭਵਿੱਖ-ਦ੍ਰਿਸ਼ਟੀ ਦੇ ਸੁਆਮੀ ਸਨ। ਉਹਨਾਂ ਸਾਹਮਣੇ ਕਾਲ-ਕ੍ਰਮ ਦਾ ਚੱਕਰ ਵਿਅਰਥ ਸੀ ਤੇ ਉਹ ਅਨੰਤ-ਕਾਲ ਤਕ ਦੇ ਗਿਆਤਾ ਸਨ। ਅਸੀਂ ਉਹਨਾਂ ਦੀ ਕੌਤਕ ਸੋਝੀ ਨੂੰ ਸਮਝ ਸਕਣ ਦੇ ਸਮਰੱਥ ਨਾ ਹੋਣ ਕਾਰਨ ਉਹਨਾਂ ਦੇ ਬੋਲਾਂ ਨੂੰ ਕਰਾਮਾਤ ਕਹਿ ਦਿੰਦੇ ਹਾਂ ਪਰ ਇਹ ਹਕੀਕਤ ਵੀ ਧਿਆਨ 'ਚ ਰੱਖੋ ਕਿ 'ਲਖ ਪਾਤਾਲ ਲਖ ਆਕਾਸ' ਕਹਿਣ ਵਾਲਾ ਵਿਗਿਆਨੀ ਕਰਾਮਾਤ ਦੇ ਕਲਾਵੇ 'ਚ ਕਿਵੇਂ ਆ ਸਕਦਾ ਸੀ ?

ਹਵਾਲੇ ਅਤੇ ਟਿੱਪਣੀਆਂ

1. ਸ਼ਬਦਾਰਥ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ, ਪੰਨਾ, 31, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970.
2. ਉਹੀ, ਪੰਨਾ 31.
3. ਬਾਬਰ ਦੀ ਆਤਮ ਕਥਾ।
4. ਬਾਬਰ-ਵਾਣੀ ਕੋਈ ਵਿਸ਼ੇਸ਼ ਬਾਣੀ ਨਹੀਂ ਸਗੋਂ ਵੱਖ-ਵੱਖ ਰਾਗਾਂ ਵਿਚ ਚਾਰ ਪਦਿਆਂ ਦਾ ਸੰਗ੍ਰਹਿ ਹੈ।
5. ਸ੍ਰੀ ਗੁਰੂ ਗ੍ਰੰਥ ਸਾਹਿਬ, ਤਿਲੰਗ ਮਹਲਾ ੧, ਪੰਨਾ ੭੨੨.
6. ਉਹੀ, ਆਸਾ ਮਹਲਾ ੧, ਪੰਨਾ ੩੬੦.
7. Harbans Singh, *Perspectives on Panjabi University,* Patiala, p. 867. (Views expressed by Dr. A.C. Bannerjee in his paper Guru Nanak and the Problems of his age)
8. ਉਕਤ, ਰਾਗ ਆਸਾ, ਪੰਨਾ ੪੧੭.
9. ਉਹੀ, ਪੰਨੇ ੪੧੭-੧੮.
10. ਉਹੀ, ਸਲੋਕ ਵਾਰਾਂ ਤੇ ਵਧੀਕ, ਪੰਨਾ ੧੪੧੨.
11. Callingwood, R.G., *The Idea of History,* p. 18.
12. Ibid, p. 54.
13. ਸ੍ਰੀ ਗੁਰੂ ਗ੍ਰੰਥ ਸਾਹਿਬ, ਤਿਲੰਗ ਮਹਲਾ ੧, ਪੰਨਾ ੭੨੨.
14. Latif, S.M., *History of the Panjab,* p. 247.
15. ਸ਼ਬਦਾਰਥ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰਨਾ 723.

—ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ*, ਜਲੰਧਰ, 1970, ਪੰਜਵੀਂ ਪੋਥੀ, ਪੰਨਾ 316.
—*ਆਦਿ ਗ੍ਰੰਥ, ਫ਼ਰੀਦਕੋਟੀ ਟੀਕਾ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 1498.
—ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, 1960, ਪੰਨਾ 80.
—ਪ੍ਰੋ. ਪ੍ਰੀਤਮ ਸਿੰਘ ਨੇ 26-9-77 ਨੂੰ ਇਕ ਪੱਤਰ ਰਾਹੀਂ ਇਸ ਲੇਖਕ ਦੀ ਪੁੱਛ ਦੇ ਉੱਤਰ ਵਿਚ ਇਹੋ ਵਿਚਾਰ ਪ੍ਰਗਟ ਕੀਤੇ ਸਨ।

16. ਸ਼ਬਦਾਰਥ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ, ਪੰਨਾ 430.
17. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬੪.
18. ਉਹੀ, ਪੰਨਾ ੪੭੨.
19. ਉਹੀ, ਪੰਨਾ ੪੭੦.
20. ਉਹੀ, ਪੰਨਾ ੬੬੩.
21. ਉਹੀ, ਪੰਨਾ ੧੪੫.
22. ਉਹੀ, ਪੰਨਾ ੧੨੮੮.
23. ਉਹੀ, ਪੰਨਾ ੪੬੮.

(7/1992)

ਮੁਸਲਿਮ ਸ਼ਾਸਨ : ਗੁਰੂ ਨਾਨਕ ਸਾਹਿਬ ਦਾ ਦ੍ਰਿਸ਼ਟੀਕੋਣ

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਕੋਈ 300 ਵਰ੍ਹੇ ਪੂਰਵ ਭਾਰਤ ਵਿਚ ਦਿੱਲੀ ਸਲਤਨਤ ਦੀ ਸਥਾਪਨਾ ਹੋ ਚੁੱਕੀ ਸੀ। ਫਲਸਰੂਪ ਭਾਰਤ ਦੇ ਰਾਜਨੀਤਕ, ਸਮਾਜਕ ਤੇ ਧਾਰਮਿਕ ਜੀਵਨ ਉਪਰ ਬੜਾ ਗਹਿਰਾ ਪ੍ਰਭਾਵ ਪਿਆ। ਇਸ ਨਾਲ ਬੁਨਿਆਦੀ ਤੌਰ 'ਤੇ ਜੋ ਪਰਿਵਰਤਨ ਆਇਆ, ਉਸ ਅਨੁਸਾਰ ਰਾਜ-ਸੱਤਾ ਜੋ ਪਹਿਲੇ ਕਸ਼ੱਤੀਆਂ ਦੇ ਅਧਿਕਾਰ ਹੇਠ ਸੀ, ਹੁਣ ਮੁਸਲਿਮ ਅਮੀਰਾਂ ਪਾਸ ਚਲੀ ਗਈ ਤੇ ਉਹਨਾਂ ਦਾ ਹੀ ਏਕਾਧਿਕਾਰ ਬਣ ਕੇ ਰਹਿ ਗਈ। ਰਾਜ ਵਿਚ ਹਿੰਦੂ ਮਤ ਤੇ ਪੁਜਾਰੀ ਸ਼੍ਰੇਣੀ, ਖ਼ਾਸ ਕਰਕੇ ਬ੍ਰਾਹਮਣਾਂ ਨੂੰ ਪ੍ਰਾਪਤ ਵਿਸ਼ੇਸ਼ ਰੁਤਬਾ ਤੇ ਅਧਿਕਾਰ ਖ਼ਤਮ ਹੋ ਗਏ ਅਤੇ ਇਸ ਦੀ ਥਾਂ ਮੁਸਲਿਮ ਧਾਰਮਕ ਵਰਗ ਤੇ ਇਸਲਾਮ ਨੇ ਗ੍ਰਹਿਣ ਕਰ ਲਈ ਸੀ। ਰਾਜ ਵਿਵਸਥਾ ਜੋ ਪਹਿਲੇ ਹਿੰਦੂ ਧਰਮ-ਕਾਨੂੰਨ ਅਨੁਸਾਰ ਸੀ, ਹੁਣ ਸ਼ਰ੍ਹਾ ਉਪਰ ਆਧਾਰਿਤ ਸੀ ਅਤੇ ਨਿਆਂ ਕਰਨ ਲਈ ਬ੍ਰਾਹਮਣਾਂ ਦੀ ਥਾਂ 'ਤੇ ਕਾਜ਼ੀ ਨਿਯੁਕਤ ਕੀਤੇ ਜਾ ਚੁੱਕੇ ਸਨ। ਉਲਮਾਂ ਦੀ ਜਮਾਤ ਨੂੰ ਸ਼ਰ੍ਹਾ ਦੇ ਵਿਆਖਿਆਕਾਰ ਵਜੋਂ ਮੁਸਲਿਮ ਸਮਾਜ ਵਿਚ ਬੜਾ ਆਦਰ ਸਤਿਕਾਰ ਵਾਲਾ ਸਥਾਨ ਪ੍ਰਾਪਤ ਸੀ। ਇਸ ਵਰਗ ਦੀ ਮੁਸਲਿਮ ਸ਼ਾਸਕਾਂ ਨੂੰ ਰਾਜਨੀਤਕ ਜ਼ਰੂਰਤ ਵੀ ਸੀ ਜਿਸ ਕਰਕੇ ਸ਼ਾਸਨ ਪ੍ਰਬੰਧ ਉਪਰ ਇਹਨਾਂ ਦਾ ਪ੍ਰਭਾਵ ਕਦੇ ਬਹੁਤੇ ਤੇ ਕਦੇ ਥੋੜ੍ਹਾ ਨਿਰੰਤਰ ਬਣਿਆ ਰਿਹਾ। ਭਾਵੇਂ ਦਿੱਲੀ ਦੇ ਸੁਲਤਾਨਾਂ ਤੋਂ ਮੁਸਲਿਮ ਸ਼ਾਸਕ ਹੋਣ ਦੇ ਨਾਤੇ ਸ਼ਰ੍ਹਾ ਨੂੰ ਸਮਾਜਿਕ ਤੇ ਧਾਰਮਿਕ ਖੇਤਰਾਂ ਵਿਚ ਲਾਗੂ ਕਰਨ ਦੀ ਉਮੀਦ ਕੀਤੀ ਜਾਂਦੀ ਸੀ ਪਰ ਭਾਰਤ ਵਿਚ ਹਿੰਦੂਆਂ ਦੀ ਬਹੁ-ਗਿਣਤੀ ਹੋਣ ਕਰਕੇ ਇਸ ਨੂੰ ਪੂਰਨ ਤੌਰ 'ਤੇ ਲਾਗੂ ਕਰਨਾ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਸੰਭਵ ਨਹੀਂ ਸੀ। ਹਿੰਦੂ ਧਰਮ-ਕਾਨੂੰਨ ਜਿਥੇ ਨੀਵੀਆਂ ਜਾਤਾਂ ਨਾਲ ਵਿਤਕਰਾ ਕਰਦਾ ਸੀ, ਉਥੇ ਸ਼ਰ੍ਹਾ ਹਿੰਦੂਆਂ ਨੂੰ ਮੁਸਲਮਾਨਾਂ ਦੇ ਬਰਾਬਰ ਅਧਿਕਾਰ ਦੇਣ ਦੇ ਵਿਰੁੱਧ ਸੀ। ਇਸੇ ਕਰਦੇ ਹਿੰਦੂਆਂ ਨੂੰ ਜ਼ਿਮੀਂ ਦਾ ਦਰਜਾ ਦੇ ਕੇ ਉਹਨਾਂ ਦੀ ਧਾਰਮਿਕ ਆਜ਼ਾਦੀ ਉਪਰ ਕਈ ਪ੍ਰਕਾਰ ਦੀਆਂ ਪਾਬੰਦੀਆਂ ਲਾਈਆਂ ਗਈਆਂ। ਧਾਰਮਿਕ ਕੱਟੜਤਾ ਦੇ ਜਜ਼ਬੇ ਅਧੀਨ ਹਿੰਦੂਆਂ ਉਪਰ ਅੱਤਿਆਚਾਰ ਹੋਏ ਤੇ ਉਹਨਾਂ ਦੇ ਧਾਰਮਿਕ ਸਥਾਨ ਵੀ ਤਬਾਹੀ ਦਾ ਸ਼ਿਕਾਰ ਹੋਏ। ਭਾਵੇਂ ਹਿੰਦੂ ਸਮਾਜ ਦੀਆਂ ਕਈ ਦਲਿਤ ਤੇ ਨੀਵੀਆਂ ਜਾਤਾਂ ਨੇ ਸਵੈ-ਇੱਛਾ ਅਨੁਸਾਰ ਇਸਲਾਮ ਧਾਰਨ ਕੀਤਾ ਪਰ ਲੋਕਾਂ ਨੂੰ ਇਸਲਾਮ ਵਿਚ ਪਰਵਰਤਿਤ ਕਰਨ ਲਈ ਕੁਝ ਹੱਦ ਤਕ ਰਾਜ-ਸੱਤਾ ਤੇ ਲੋਭ-ਲਾਲਚ ਦੀ ਵਰਤੋਂ ਵੀ ਕੀਤੀ ਗਈ।

ਸ੍ਰੀ ਗੁਰੂ ਨਾਨਕ ਸਾਹਿਬ ਨੇ ਆਪਣੇ ਜੀਵਨ-ਕਾਲ ਵਿਚ ਲੋਧੀ ਸਲਤਨਤ ਦੀ ਕਾਰਗੁਜ਼ਾਰੀ, ਇਸ ਦਾ ਪਤਨ ਤੇ ਇਸ ਦੀ ਥਾਂ ਉੱਤੇ ਮੁਗ਼ਲ ਰਾਜ ਦੀ ਸਥਾਪਨਾ ਦੀਆਂ ਘਟਨਾਵਾਂ ਨੂੰ ਆਪਣੀ ਅੱਖੀਂ ਵੇਖਿਆ ਸੀ। ਭਾਵੇਂ ਗੁਰੂ ਸਾਹਿਬ ਦਾ ਮੁੱਖ ਉਦੇਸ਼ ਰਾਜਨੀਤੀ ਨਹੀਂ ਸੀ ਪਰ

ਉਹ ਸਮਾਜ ਵਿਚ ਵਾਪਰਨ ਵਾਲੀਆਂ ਘਟਨਾਵਾਂ ਬਾਰੇ ਬੜੇ ਚੇਤੰਨ ਸਨ। ਰਾਜ-ਸੱਤਾ ਦੀ ਪ੍ਰਾਪਤੀ ਉਹਨਾਂ ਦਾ ਆਦਰਸ਼ ਨਹੀਂ ਸੀ ਕਿਉਂਕਿ ਉਹ ਇਸ ਨੂੰ ਤੁੱਛ ਸਮਝਦੇ ਸਨ। ਪਰ ਦੂਜੇ ਪਾਸੇ ਉਹਨਾਂ ਦਾ ਧਾਰਮਿਕ-ਸਮਾਜਿਕ ਸੰਦੇਸ਼ ਭਾਰਤ ਵਿਚ ਪ੍ਰਚਲਿਤ ਧਰਮ-ਸਿਧਾਂਤਾਂ ਤੇ ਧਾਰਮਿਕ ਅੰਧ-ਵਿਸ਼ਵਾਸਾਂ ਕਾਰਨ ਰਾਜਨੀਤੀ ਉਪਰ ਪਏ ਬੁਰੇ ਪ੍ਰਭਾਵ ਨੂੰ ਦੂਰ ਕਰਨ ਦੇ ਸਮਰੱਥ ਸੀ। ਗੁਰੂ ਸਾਹਿਬ ਦਾ ਚਿੰਤਨ ਮਨੁੱਖ ਨੂੰ ਭਾਗਵਾਦੀ ਤੇ ਭਾਂਜਵਾਦੀ ਬਣਾਉਣ ਦੀ ਬਜਾਏ ਉਸ ਨੂੰ ਅਧਿਕਾਰਾਂ ਪ੍ਰਤੀ ਜਾਗਰਿਤ ਹੋਣ ਅਤੇ ਮਨੁੱਖਤਾ ਤੇ ਸਮਾਜ ਦੇ ਕਲਿਆਣ ਹਿਤ ਉਸਾਰੂ ਯੋਗਦਾਨ ਪਾਉਣ ਦੀ ਪ੍ਰੇਰਨਾ ਦਿੰਦਾ ਹੈ।

ਗੁਰੂ ਨਾਨਕ ਸਾਹਿਬ ਦੇ ਰਾਜਨੀਤਕ ਨਜ਼ਰੀਏ ਅਨੁਸਾਰ ਪ੍ਰਭੁਸੱਤਾ ਦਾ ਸਵਾਮੀ ਤੇ ਸ੍ਰੋਤ ਕੇਵਲ ਪਰਮਾਤਮਾ ਹੀ ਹੈ। ਰਾਜਾਧਿਕਾਰ ਰੱਬ ਦੀ ਬਖ਼ਸ਼ਿਸ਼ ਕਾਰਣ ਪ੍ਰਾਪਤ ਹੁੰਦਾ ਹੈ। ਪਰ ਹਾਕਮ ਦੈਵੀ-ਰਾਜਾਧਿਕਾਰ ਦਾ ਹੱਕਦਾਰ ਨਾ ਹੁੰਦਾ ਹੋਇਆ ਆਪਣੇ ਕਾਰਜਾਂ ਲਈ ਜ਼ਿੰਮੇਵਾਰ ਹੈ। ਉਤਰਾਧਿਕਾਰ ਲਈ ਵਿਰਾਸਤ, ਵੰਸ਼, ਕਬੀਲਾ, ਨਸਲ, ਧਰਮ ਆਦਿ ਦੇ ਵਿਸ਼ੇਸ਼ ਅਧਿਕਾਰ ਦੀ ਥਾਂ ਉਹਨਾਂ ਨੇ ਯੋਗਤਾ ਨੂੰ ਹੀ ਮਾਪਦੰਡ ਨਿਸ਼ਚਿਤ ਕੀਤਾ ਹੈ। ਜ਼ਾਲਮ, ਦੁਰਾਚਾਰੀ ਤੇ ਨੈਤਿਕ ਕੀਮਤਾਂ ਤੋਂ ਸੱਖਣੇ ਸ਼ਾਸਕਾਂ ਦੀ ਨਿਖੇਧੀ ਕਰਦੇ ਹੋਏ ਰਾਜ ਤੋਂ ਨਿਆਂ, ਈਮਾਨਦਾਰੀ, ਪਰਜਾ ਦੀ ਭਲਾਈ ਤੇ ਸੁਰੱਖਿਆ ਦੀ ਉਮੀਦ ਕੀਤੀ ਹੈ। ਸ਼ਾਸਕ ਸ਼੍ਰੇਣੀ ਦੇ ਨੈਤਿਕ ਪਤਨ ਦਾ ਜ਼ਿਕਰ ਕਰਦੇ ਹੋਏ ਰਿਸ਼ਵਤਖ਼ੋਰੀ, ਸ਼ੋਸਣ, ਪਰਜਾ ਨਾਲ ਅਯੋਗ ਵਿਹਾਰ ਬਾਰੇ ਸਖ਼ਤ ਪ੍ਰਤੀਕਰਮ ਪ੍ਰਗਟ ਕੀਤਾ ਹੈ। ਦੂਜੇ ਪਾਸੇ ਪਰਜਾ ਨੂੰ ਆਪਣੇ ਫ਼ਰਜ਼ਾਂ ਤੇ ਅਧਿਕਾਰਾਂ ਬਾਰੇ ਚੇਤੰਨ ਹੋਣ ਦੀ ਨਸੀਹਤ ਵੀ ਕੀਤੀ ਜਾਂਦੀ ਹੈ। ਇਕ ਕਿਸਮ ਨਾਲ ਉਹਨਾਂ ਨੇ ਇਖ਼ਲਾਕ ਤੇ ਨੈਤਿਕ ਕਦਰਾਂ-ਕੀਮਤਾਂ ਨੂੰ ਰਾਜਨੀਤੀ ਦਾ ਆਧਾਰ ਬਣਾਉਣਾ ਚਾਹਿਆ ਤਾਂ ਕਿ ਮਾਨਵੀ ਅਧਿਕਾਰਾਂ ਤੇ ਕੀਮਤਾਂ ਦੀ ਰੱਖਿਆ ਸੰਭਵ ਹੋ ਸਕੇ। ਉਹਨਾਂ ਦੇ ਤਤਕਾਲੀ ਰਾਜ ਵਿਵਸਥਾ ਬਾਰੇ ਪ੍ਰਗਟਾਏ ਪ੍ਰਤੀਕਰਮ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਰਾਜਨੀਤਕ ਸੰਸਥਾਵਾਂ ਤੇ ਰਾਜ ਪ੍ਰਬੰਧ ਲਈ ਜ਼ਿੰਮੇਵਾਰ ਵਿਅਕਤੀਆਂ ਦੇ ਕਾਰਜ ਤੋਂ ਭਲੀ-ਭਾਂਤ ਜਾਣੂ ਸਨ।

ਗੁਰੂ ਨਾਨਕ ਸਾਹਿਬ ਜੀ ਨੇ ਰਾਜਨੀਤੀ ਤੇ ਸ਼ਾਸਕ ਸ਼੍ਰੇਣੀ ਬਾਰੇ ਉਪਰੋਕਤ ਕਿਸਮ ਦੇ ਵਿਚਾਰ ਪ੍ਰਸਤੁਤ ਕਰਨ ਤੋਂ ਇਲਾਵਾ ਮੁਸਲਿਮ ਸ਼ਾਸਨ ਤੇ ਇਸ ਵਿਚ ਜ਼ਿੰਮੇਵਾਰ ਵਿਅਕਤੀਆਂ ਪ੍ਰਤੀ ਵੀ ਆਪਣਾ ਦ੍ਰਿਸ਼ਟੀਕੋਣ ਬਾਣੀ ਰਾਹੀਂ ਪ੍ਰਗਟਾਇਆ ਹੈ। ਪਰ ਕਈ ਵਾਰ ਗੁਰੂ ਸਾਹਿਬ ਦੀਆਂ ਜ਼ਿਆਦਾ ਪ੍ਰਚਲਿਤ ਟੂਕਾਂ ਵਿਚਲੇ ਅਰਥਾਂ ਨੂੰ ਸਿਰਫ਼ ਮੁਸਲਿਮ ਸ਼ਾਸਕ ਵਰਗ ਦੀ ਨੁਕਤਾਚੀਨੀ ਨਾਲ ਹੀ ਸੰਬੰਧਿਤ ਕਰ ਲਿਆ ਜਾਂਦਾ ਹੈ ਜੋ ਕਿ ਵਾਸਤਵ ਵਿਚ ਉਚਿਤ ਨਹੀਂ। ਉਦਾਹਰਣ ਦੇ ਤੌਰ 'ਤੇ ਜਿਵੇਂ:

ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ ॥
ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ ॥ (ਪੰਨਾ ੧੨੪੨)
ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ॥
ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ॥ (ਪੰਨਾ ੧੨੪੩)
ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥ (ਪੰਨੇ ੪੬੮-੬੯)

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥ (ਪੰਨਾ ੧੪੫)

ਉਪਰੋਕਤ ਦੇ ਆਧਾਰ 'ਤੇ ਇਹ ਨਿਰਣਾ ਕਰਨਾ ਕਿ ਇਹ ਸਿਰਫ਼ ਮੁਸਲਿਮ ਸ਼ਾਸਨ ਦੀਆਂ ਤਰੁੱਟੀਆਂ, ਮੁਸਲਿਮ ਸ਼ਾਸਕਾਂ ਦਾ ਦੁਰ-ਵਿਹਾਰ ਤੇ ਉਹਨਾਂ ਦੇ ਨੈਤਿਕ ਆਚਰਣ ਵਿਚ ਆਈ ਗਿਰਾਵਟ ਪ੍ਰਤੀ ਹੀ ਹਨ, ਤਰਕ-ਸੰਗਤ ਨਹੀਂ ਜਾਪਦਾ ਕਿਉਂਕਿ ਤਤਕਾਲੀ ਰਾਜ-ਪ੍ਰਬੰਧ ਵਿਚ ਨਿਰੋਲ ਮੁਸਲਿਮ ਹੀ ਨਹੀਂ ਬਲਕਿ ਕੁਝ ਹੱਦ ਤਕ ਹਿੰਦੂ ਵੀ ਭਾਈਵਾਲ ਸਨ। ਅਸਲ ਵਿਚ ਨਿਚਲੇ ਦਰਜੇ ਦੇ ਅਧਿਕਾਰੀ ਜਿਵੇਂ ਚੌਧਰੀ, ਰਾਇ, ਮੁਕੱਦਮ ਆਦਿ ਹਿੰਦੂਆਂ ਵਿਚੋਂ ਵੀ ਸਨ।

ਗੁਰੂ ਸਾਹਿਬ ਨੇ ਮੁਸਲਿਮ ਸ਼ਾਸਨ ਦੇ ਸਥਾਪਿਤ ਹੋ ਜਾਣ ਨਾਲ ਧਾਰਮਿਕ ਖੇਤਰ ਵਿਚ ਆਈ ਤਬਦੀਲੀ ਨੂੰ ਮਹਿਸੂਸ ਕਰਦਿਆਂ ਫ਼ੁਰਮਾਇਆ ਹੈ ਕਿ ਰਾਜ-ਸੱਤਾ ਤੁਰਕਾਂ ਤੇ ਪਠਾਣਾਂ ਦੇ ਅਧਿਕਾਰ ਵਿਚ ਹੈ। ਫ਼ਲਸਰੂਪ ਇਸਲਾਮੀ ਸ਼ਰ੍ਹਾ ਅਨੁਸਾਰ ਪ੍ਰਵਾਨਿਤ ਪਹਿਰਾਵੇ ਨੂੰ ਸਨਮਾਨ ਦੀਆਂ ਨਜ਼ਰਾਂ ਨਾਲ ਵੇਖਿਆ ਜਾਂਦਾ ਹੈ, ਪਰਮਾਤਮਾ ਦੇ ਹੋਰਨਾਂ ਨਾਮਾਂ ਦੀ ਥਾਂ ਇਸਲਾਮੀ ਨਾਮ 'ਅੱਲ੍ਹਾ' ਪ੍ਰਚਲਿਤ ਹੋ ਗਿਆ :

ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ॥
ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥ (ਪੰਨਾ ੪੭੦)

ਸ਼ਾਸਨ ਬਾਰੇ ਦ੍ਰਿਸ਼ਟੀਕੋਣ ਨੂੰ ਜ਼ਾਹਰਾ ਰੂਪ ਵਿਚ ਪ੍ਰਗਟ ਕਰਨ ਵਾਲੇ ਬਸੰਤ ਰਾਗ ਦਾ ਇਹ ਸ਼ਬਦ ਬੜਾ ਮਹੱਤਵਪੂਰਨ ਹੈ :

ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ॥
ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ॥੫॥
ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ॥
ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥੬॥ (ਪੰਨਾ ੧੧੯੧)

ਭਾਵ ਪਰਮਾਤਮਾ ਨੂੰ ਅੱਲ੍ਹਾ ਦੇ ਨਾਮ ਨਾਲ ਸੰਬੋਧਨ ਕਰਨ ਦੀ ਪਰੰਪਰਾ ਚੱਲ ਪਈ ਹੈ, ਸਮਾਜ ਵਿਚ ਮੁਸਲਿਮ ਧਾਰਮਿਕ ਪੁਰਸ਼ਾਂ ਖ਼ਾਸ ਕਰਕੇ ਸ਼ੇਖ਼ਾਂ ਨੂੰ ਬੜਾ ਇੱਜ਼ਤ, ਸਤਿਕਾਰ ਤੇ ਵਿਸ਼ੇਸ਼ ਸਥਿਤੀ ਪ੍ਰਾਪਤ ਹੋ ਗਈ ਹੈ, ਹਿੰਦੂ ਦੇਵਤਿਆਂ ਦੇ ਮੰਦਰਾਂ ਵਿਚ ਪੂਜਾ ਕਰਨ ਲਈ ਮੁਸਲਿਮ ਸ਼ਾਸਨ ਨੇ ਟੈਕਸ ਵਸੂਲ ਕਰਨ ਦੀ ਪ੍ਰਥਾ ਆਰੰਭ ਕੀਤੀ ਹੋਈ ਹੈ, ਪਰ ਦੂਜੇ ਪਾਸੇ ਨਮਾਜ਼ ਅਦਾ ਕਰਨ ਲਈ ਸਹੂਲਤਾਂ ਆਮ ਪ੍ਰਾਪਤ ਹਨ, ਭਾਵ ਮਸਜਿਦਾਂ ਆਮ ਸਥਾਪਿਤ ਹੋ ਗਈਆਂ ਹਨ। ਇਸ ਤੋਂ ਇਲਾਵਾ ਲੋਕਾਂ ਦੇ ਇਸਲਾਮ ਵਿਚ ਪਰਵਰਤਿਤ ਹੋ ਜਾਣ ਨਾਲ ਉਹਨਾਂ ਦੀ ਜ਼ੁਬਾਨ ਵੀ ਤਬਦੀਲ ਹੋ ਗਈ ਹੈ ਅਤੇ ਇਸ ਵਿਚ ਮੁਸਲਿਮ ਸ਼ਬਦਾਵਲੀ ਦਾ ਬੋਲ-ਬਾਲਾ ਹੈ। ਇਥੇ ਗੁਰੂ ਸਾਹਿਬ ਨੇ ਮੁਸਲਿਮ ਸ਼ਾਸਨ ਸਥਾਪਿਤ ਹੋ ਜਾਣ ਨਾਲ ਭਾਰਤ ਵਿਚ ਇਸਲਾਮ ਦੇ ਵਧ ਰਹੇ ਪ੍ਰਭਾਵ ਵੱਲ ਸੰਕੇਤ ਕੀਤਾ ਹੈ। ਉਹਨਾਂ ਇਹ ਵੀ ਅਨੁਭਵ ਕੀਤਾ ਹੈ ਕਿ ਇਸਲਾਮੀ ਸਭਿਅਚਾਰ ਲੋਕਾਂ ਵਿਚ ਫੈਲ ਰਿਹਾ ਹੈ। ਪਰ ਗੁਰੂ ਸਾਹਿਬ ਤਾਂ ਸਾਂਝੀਵਾਲਤਾ ਦੇ ਮੁਦੱਈ ਸਨ, ਇਸ ਲਈ ਉਹਨਾਂ ਨੂੰ ਹਾਕਮ ਸ਼੍ਰੇਣੀ ਦੇ ਧਰਮ ਨੂੰ ਨਾ ਮੰਨਣ ਵਾਲੇ ਲੋਕਾਂ ਦੇ ਪੂਜ-ਸਥਾਨਾਂ ਉਪਰ ਲਗਾਏ ਟੈਕਸ ਕਾਰਣ ਖ਼ਤਮ ਹੋਈ ਧਾਰਮਿਕ ਆਜ਼ਾਦੀ ਦਾ ਗਹਿਰਾ ਦੁੱਖ ਹੈ। ਮੁਸਲਿਮ

ਸ਼ਾਸਨ ਦੌਰਾਨ ਇਸਲਾਮ ਦੀ ਸਰਪ੍ਰਸਤੀ ਬਾਰੇ ਪ੍ਰਤੀਕਰਮ ਪ੍ਰਗਟਾਉਂਦੇ ਉਹਨਾਂ ਫ਼ੁਰਮਾਇਆ ਹੈ ਕਿ ਵਰਤਮਾਨ ਯੁਗ ਵਿਚ ਬ੍ਰਾਹਮਣ ਤੇ ਹਿੰਦੂ ਧਰਮ ਗ੍ਰੰਥਾਂ ਦੀ ਜਗ੍ਹਾ ਕੁਰਾਨ ਨੂੰ ਧਰਮ ਗ੍ਰੰਥ ਸਵੀਕਾਰ ਕਰਨ ਵਾਲਿਆਂ ਨੂੰ ਇੱਜ਼ਤ ਤੇ ਸਤਿਕਾਰ ਮਿਲ ਰਿਹਾ ਹੈ।

ਕਲਿ ਪਰਵਾਣੁ ਕਤੇਬ ਕੁਰਾਣੁ॥ (ਪੰਨਾ ੯੦੩)

ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਦੀਆਂ ਨਜ਼ਰਾਂ ਵਿਚ ਮੁਸਲਿਮ ਸ਼ਾਸਨ ਦੌਰਾਨ ਰਾਜ ਵੱਲੋਂ ਇਸਲਾਮ ਦੀ ਸਰਪ੍ਰਸਤੀ ਕੀਤੀ ਗਈ ਅਤੇ ਇਸ ਦੇ ਉਲਟ ਮੁਸਲਿਮ ਸ਼ਾਸਕਾਂ ਨੇ ਗ਼ੈਰ-ਮੁਸਲਮਾਨਾਂ ਪ੍ਰਤੀ ਧਾਰਮਿਕ ਤੌਰ 'ਤੇ ਪੱਖਪਾਤ ਤੇ ਵਿਤਕਰੇ ਵਾਲੀ ਨੀਤੀ ਅਪਣਾਈ ਹੋਈ ਸੀ। ਗੁਰੂ ਸਾਹਿਬ ਦਾ ਅਜਿਹੇ ਸ਼ਾਸਨ ਨਾਲ ਸਹਿਮਤ ਹੋਣਾ ਕਦਾਚਿਤ ਵੀ ਸੰਭਵ ਨਹੀਂ ਸੀ ਕਿਉਂਕਿ ਧਰਮ, ਨਸਲ, ਜਾਤ ਦੇ ਆਧਾਰ 'ਤੇ ਪੱਖਪਾਤ ਕਰਨਾ, ਉਹਨਾਂ ਦੇ ਧਰਮ-ਅਸੂਲਾਂ ਦੇ ਪ੍ਰਤੀਕੂਲ ਸੀ। ਇਥੋਂ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਸਮਾਜ ਵਿਚ ਸਭ ਵਰਗਾਂ ਦੀ ਸਹਿਹੋਂਦ ਦੇ ਸਮਰਥਕ ਤੇ ਇੱਛੁਕ ਸਨ ਅਤੇ ਮੁਸਲਿਮ ਸ਼ਾਸਕਾਂ ਦੁਆਰਾ ਧਾਰਮਿਕ ਪੱਖਪਾਤ ਤੇ ਰਾਜ-ਸੱਤਾ ਦੇ ਜ਼ੋਰ ਨਾਲ ਲੋਕਾਂ ਨੂੰ ਇਸਲਾਮ ਵਿਚ ਪਰਵਰਤਿਤ ਕਰ ਕੇ ਇਕ ਰੂਪ ਸਮਾਜਕ ਵਿਵਸਥਾ ਸਥਾਪਿਤ ਕਰਨ ਦੀ ਨੀਤੀ ਦੇ ਉਹ ਵਿਰੋਧੀ ਸਨ।

ਗ਼ਰੀਬ ਤੇ ਨਿਤਾਣੀ ਪਰਜਾ ਉਪਰ ਅੱਤਿਆਚਾਰ ਤੇ ਆਰਥਿਕ ਸ਼ੋਸ਼ਣ ਮਨੁੱਖਤਾ ਦੇ ਨਾਮ ਉਪਰ ਕਲੰਕ ਸਮਝਿਆ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤਤਕਾਲੀ ਸ਼ਾਸਨ ਵਿਚ ਮੁਸਲਿਮ ਸ਼ਾਸਕਾਂ ਦੇ ਪਰਜਾ ਪ੍ਰਤੀ ਨਿਰਦਈ ਵਿਹਾਰ ਨੂੰ 'ਮਾਣਸ ਖਾਣੇ ਕਰਹਿ ਨਿਵਾਜ' ਕਹਿ ਕੇ ਉਜਾਗਰ ਕਰਦੇ ਹਨ। ਲੋਕਾਂ ਦੇ ਅਧਿਕਾਰਾਂ ਪ੍ਰਤੀ ਹਿਤ ਪ੍ਰਗਟਾਉਂਦੇ ਹੋਏ ਤੇ ਇਹਨਾਂ ਨੂੰ ਸੁਰੱਖਿਅਤ ਰੱਖਣ ਦੇ ਆਸ਼ੇ ਨਾਲ ਗੁਰੂ ਸਾਹਿਬ ਨੇ ਦੂਜਿਆਂ ਦਾ ਹੱਕ ਮਾਰਨ ਵਾਲਿਆਂ ਦੀ ਸਖ਼ਤ ਆਲੋਚਨਾ ਕੀਤੀ ਹੈ। ਉਹਨਾਂ ਦੀਆਂ ਨਜ਼ਰਾਂ ਵਿਚ ਮੁਸਲਿਮ ਲਈ ਇਹ ਹਰਾਮ ਖਾਣ ਦੇ ਤੁਲ ਹੈ। ਇਸਲਾਮੀ ਸਿਧਾਂਤਾਂ ਤੇ ਰਵਾਇਤਾਂ ਅਨੁਸਾਰ ਨਿਮਾਜ਼ ਲਈ ਸਰੀਰਕ ਤੇ ਅੰਦਰੂਨੀ ਪਵਿੱਤਰਤਾ ਲਾਜ਼ਮੀ ਹੈ। ਜੇਕਰ ਮੁਸਲਮਾਨ ਦਾ ਲਿਬਾਸ ਖ਼ੂਨ ਜਾਂ ਕਿਸੇ ਹੋਰ ਮਲੀਨ ਵਸਤੂ ਨਾਲ ਦਾਗ਼ੀ ਹੋ ਜਾਵੇ ਤਾਂ ਨਿਮਾਜ਼ ਕਬੂਲ ਨਹੀਂ ਸਮਝੀ ਜਾਂਦੀ। ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿਚ ਜਿਹੜੇ ਮੁਸਲਮਾਨ ਅਮੀਰ ਪਰਜਾ ਉਪਰ ਜਬਰ-ਜ਼ੁਲਮ ਨਾਲ ਉਹਨਾਂ ਦੀ ਖ਼ੂਨ-ਪਸੀਨੇ ਦੀ ਕਮਾਈ ਨੂੰ ਜ਼ਬਰਦਸਤੀ ਹੜੱਪ ਕਰਦੇ ਹਨ, ਉਹਨਾਂ ਦੇ ਹਿਰਦੇ ਕਦੇ ਵੀ ਸ਼ੁੱਧ ਨਹੀਂ ਹੋ ਸਕਦੇ:

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥ (ਪੰਨਾ ੧੪੦)

ਭਾਰਤ ਵਿਚ ਮੁਸਲਮਾਨ ਸ਼ਾਸਨ ਦੀ ਸਥਾਪਨਾ ਹੋ ਜਾਣ ਨਾਲ ਕਾਜ਼ੀ ਨੂੰ ਸ਼ਰ੍ਹਾ ਅਨੁਸਾਰ ਨਿਆਂ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਮੁਸਲਿਮ ਸਮਾਜ ਵਿਚ ਕਾਜ਼ੀ ਨੂੰ ਧਾਰਮਿਕ ਸ਼ਖ਼ਸ ਹੋਣ ਕਰਕੇ ਬੜਾ ਪਵਿੱਤਰ ਤੇ ਈਮਾਨਦਾਰ ਸਮਝਿਆ ਜਾਂਦਾ ਸੀ ਪਰ ਸਹਿਜੇ-ਸਹਿਜੇ ਇਸ ਜਮਾਤ ਦੇ ਆਚਰਣ ਵਿਚ ਵੀ ਗਿਰਾਵਟ ਆ ਗਈ ਸੀ। ਕਾਜ਼ੀਆਂ ਦੇ ਨੈਤਿਕ ਪਤਨ ਦੇ ਪ੍ਰਸੰਗ ਵਿਚ ਗੁਰੂ ਸਾਹਿਬ ਦਾ ਕਥਨ ਹੈ:

ਕਾਦੀ ਕੂੜੁ ਬੋਲਿ ਮਲੁ ਖਾਇ॥ (ਪੰਨਾ ੬੬੨)

ਭਾਵ ਕਾਜ਼ੀ ਝੂਠੇ ਤੇ ਰਿਸ਼ਵਤਖ਼ੋਰ ਹੋ ਗਏ ਸਨ। ਇਥੇ ਕਾਜ਼ੀ ਦੀ ਨੁਕਤਾਚੀਨੀ ਧਾਰਮਿਕ

ਪ੍ਰਸੰਗ ਵਿਚ ਬ੍ਰਾਹਮਣ ਤੇ ਜੋਗੀ ਦੇ ਨਾਲ ਹੋਈ ਹੈ ਅਤੇ ਇਹਨਾਂ ਤਿੰਨਾਂ ਨੂੰ ਹੀ ਆਦਰਸ਼ ਤੋਂ ਭਟਕੇ ਹੋਏ ਦੱਸ ਕੇ ਧਾਰਮਿਕ ਅਧੋਗਤੀ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਸਮਕਾਲੀ ਰਾਜ-ਪ੍ਰਬੰਧ ਵਿਚ ਕਾਜ਼ੀਆਂ ਦੀ ਭਾਈਵਾਲੀ ਤੇ ਜ਼ਿੰਮੇਵਾਰੀ ਨੂੰ ਉਹਨਾਂ ਇਕ ਹੋਰ ਥਾਂ ਸਪੱਸ਼ਟ ਕੀਤਾ ਹੈ। ਫ਼ੁਰਮਾਉਂਦੇ ਹਨ ਕਿ ਇਸ ਕਲਿਯੁਗ ਦੀ ਸਥਿਤੀ ਵਿਚ ਇਨਸਾਫ਼ ਕਰਨ ਦੀ ਜ਼ਿੰਮੇਵਾਰੀ ਕਾਜ਼ੀ ਦੀ ਹੈ ਪਰ ਕਾਲੀਆਂ ਕਰਤੂਤਾਂ ਕਰਕੇ ਕਾਜ਼ੀ ਦਾ ਚਰਿੱਤਰ ਵੀ ਦਾਗ਼ੀ ਹੋ ਗਿਆ ਹੈ। ਕਾਜ਼ੀ ਨਿਆਂ ਕਰਨ ਦਾ ਅਧਿਕਾਰੀ ਤਾਂ ਹੈ ਪਰ ਫ਼ੈਸਲਾ ਕਰਨ ਸਮੇਂ ਰਿਸ਼ਵਤ ਲੈ ਕੇ ਬੇਇਨਸਾਫ਼ੀ ਕਰਦਾ ਹੈ ਅਤੇ ਜੇਕਰ ਕੋਈ ਫ਼ੈਸਲੇ ਨੂੰ ਚੁਣੌਤੀ ਦਿੰਦਾ ਹੈ ਤਾਂ ਕਾਜ਼ੀ ਆਪਣੇ ਫ਼ੈਸਲੇ ਨੂੰ ਜਾਇਜ਼ ਠਹਿਰਾਉਣ ਲਈ ਇਸਲਾਮੀ ਧਰਮ-ਕਾਨੂੰਨ ਦੀਆਂ ਪੁਸਤਕਾਂ ਵਿਚੋਂ ਪ੍ਰੋੜ੍ਹਤਾ ਲਈ ਗਵਾਹੀਆਂ ਪੇਸ਼ ਕਰ ਦਿੰਦਾ ਹੈ :

ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ॥ (ਪੰਨਾ ੯੦੩)
ਕਾਜੀ ਹੋਇ ਕੈ ਬਹੈ ਨਿਆਇ॥ ਫੇਰੇ ਤਸਬੀ ਕਰੇ ਖੁਦਾਇ॥
ਵਢੀ ਲੈ ਕੇ ਹਕੁ ਗਵਾਏ॥ ਜੇ ਕੋ ਪੁਛੈ ਤਾ ਪੜਿ ਸੁਣਾਏ॥ (ਪੰਨਾ ੯੫੧)

ਇਥੋਂ ਕਾਜ਼ੀ ਦੁਆਰਾ ਸ਼ਰ੍ਹਾ ਨੂੰ ਆਪਣੀ ਮਨ-ਮਰਜ਼ੀ ਅਨੁਸਾਰ ਪ੍ਰਸਤੁਤ ਕਰਨ ਦਾ ਇਸ਼ਾਰਾ ਮਿਲਦਾ ਹੈ। ਮੱਧਯੁਗ ਵਿਚ ਮੁਸਲਿਮ ਸ਼ਾਸਕ ਆਪਣੇ ਕਾਰਜਾਂ ਤੇ ਹੁਕਮਾਂ ਦੀ ਜਾਇਜ਼ਕਾਰੀ ਲਈ ਕਾਜ਼ੀਆਂ ਦੀ ਸਹਾਇਤਾ ਲਿਆ ਕਰਦੇ ਸਨ। ਕਾਜ਼ੀ ਲੋਕ ਵੱਸ ਜਾਂ ਦਬਾਅ ਅਧੀਨ ਸ਼ਰ੍ਹਾ ਦੀ ਸਮੇਂ ਤੇ ਸਥਿਤੀ ਮੁਤਾਬਿਕ ਵਿਆਖਿਆ ਕਰ ਕੇ ਮੁਸਲਿਮ ਸ਼ਾਸਕਾਂ ਦੀ ਖ਼ੁਸ਼ਨੂਦੀ ਪ੍ਰਾਪਤ ਕਰ ਲੈਂਦੇ ਸਨ। ਪਰ ਗੁਰੂ ਨਾਨਕ ਸਾਹਿਬ ਜੀ ਨੇ ਕਾਜ਼ੀਆਂ ਦੇ ਅਨੈਤਿਕ, ਭ੍ਰਿਸ਼ਟ ਤੇ ਅਨਿਆਇ ਭਰਪੂਰ ਵਿਹਾਰ ਦੀ ਬਹੁਤ ਆਲੋਚਨਾ ਕੀਤੀ। ਗੁਰੂ ਸਾਹਿਬ ਦੀਆਂ ਨਜ਼ਰਾਂ ਵਿਚ ਕਾਜ਼ੀਆਂ ਦੀ ਜਮਾਤ ਇਸਲਾਮੀ ਕਦਰਾਂ-ਕੀਮਤਾਂ ਤੋਂ ਸੱਖਣੀ ਸੀ ਜਿਸ ਕਰਕੇ ਉਹ ਇਨਸਾਫ਼ ਕਰਨ ਦੇ ਯੋਗ ਹੀ ਨਹੀਂ ਸਨ। ਇਸ ਤਰ੍ਹਾਂ ਮੁਸਲਿਮ ਸ਼ਾਸਨ ਅਧੀਨ ਨਿਆਂ ਲਈ ਜ਼ਿੰਮੇਵਾਰ ਸੰਸਥਾ ਉਪਰ ਨਿਯੁਕਤ ਅਧਿਕਾਰੀਆਂ ਦੇ ਅਯੋਗ ਵਿਹਾਰ ਦੀ ਨਿਖੇਧੀ ਕਰ ਕੇ ਕਾਜ਼ੀਆਂ ਨੂੰ ਸ਼ਾਸਨ-ਪ੍ਰਬੰਧ ਵਿਚ ਵਿਆਪਕ ਬੇਇਨਸਾਫ਼ੀ ਲਈ ਜ਼ਿੰਮੇਵਾਰ ਠਹਿਰਾਇਆ ਹੈ। ਇਕ ਕਿਸਮ ਨਾਲ ਗੁਰੂ ਸਾਹਿਬ ਨੇ ਕਾਜ਼ੀਆਂ ਦੇ ਭ੍ਰਿਸ਼ਟ ਤੇ ਗ਼ੈਰ-ਜ਼ਿੰਮੇਵਾਰਾਨਾ ਵਤੀਰੇ ਤੋਂ ਪਵਿੱਤਰਤਾ ਤੇ ਈਮਾਨਦਾਰੀ ਦਾ ਪਰਦਾ ਉਤਾਰਿਆ ਹੈ। ਕਾਜ਼ੀ ਦੀ ਨੁਕਤਾਚੀਨੀ ਇਸ ਪੱਖੋਂ ਵੀ ਗੰਭੀਰ ਅਰਥਾਂ ਦੀ ਲਖਾਇਕ ਹੈ ਕਿ ਇਸ ਰਾਹੀਂ ਗੁਰੂ ਸਾਹਿਬ ਨੇ ਮੁਸਲਿਮ ਸ਼ਾਸਕ ਸ਼੍ਰੇਣੀ ਨਾਲ ਸੰਬੰਧਿਤ ਤੇ ਉਸ ਦੀ ਸਹਾਇਕ ਜਮਾਤ ਦੀ ਧਾਰਮਿਕ ਉੱਚਤਾ ਨੂੰ ਝੁਠਲਾਇਆ ਹੈ ਅਤੇ ਮੁਸਲਿਮ ਸ਼ਾਸਕਾਂ ਦੇ ਹੁਕਮਾਂ ਤੇ ਅਮਲਾਂ ਪਿੱਛੇ ਸ਼ਰ੍ਹਾ ਦੀ ਜਾਇਜ਼ਕਾਰੀ ਉਪਰ ਕਿੰਤੂ ਕੀਤਾ ਹੈ।

ਗੁਰੂ ਸਾਹਿਬ ਦੀਆਂ ਨਜ਼ਰਾਂ ਵਿਚ ਲੋਕਾਂ ਨੂੰ ਇਨਸਾਫ਼ ਨਹੀਂ ਸੀ ਮਿਲ ਰਿਹਾ ਤੇ ਸ਼ਾਸਨ ਪ੍ਰਬੰਧ ਵਿਚੋਂ ਈਮਾਨਦਾਰੀ ਅਲੋਪ ਹੋ ਗਈ ਸੀ। ਸ਼ਾਸਨ ਪ੍ਰਬੰਧ ਵਿਚ ਰਿਸ਼ਵਤ ਇੰਨੀ ਆਮ ਹੋ ਗਈ ਸੀ ਕਿ ਕੋਈ ਵੀ ਵਿਅਕਤੀ ਇਸ ਦੇ ਲਏ ਦਿੱਤੇ ਬਗ਼ੈਰ ਨਹੀਂ ਸੀ ਰਹਿੰਦਾ। ਇਨਸਾਫ਼ ਲਈ ਜ਼ਿੰਮੇਵਾਰ ਅਧਿਕਾਰੀ ਖ਼ੁਦਾ ਦੀ ਕਸਮ ਦਾ ਵੀ ਇਤਬਾਰ ਨਹੀਂ ਸਨ ਕਰਦੇ ਬਲਕਿ ਇਨਸਾਫ਼ ਕਰਨ ਲਈ ਵੱਢੀ ਚਾਹੁੰਦੇ ਸਨ :

ਲਏ ਦਿਤੇ ਵਿਣੁ ਰਹੈ ਨ ਕੋਇ॥

ਰਾਜਾ ਨਿਆਉ ਕਰੇ ਹਥਿ ਹੋਇ॥
ਕਹੈ ਖੁਦਾਇ ਨ ਮਾਨੈ ਕੋਇ॥ (ਪੰਨਾ ੩੫੦)

ਮੁਸਲਿਮ ਸ਼ਾਸਕਾਂ ਨੇ ਭੂਮੀ ਲਗਾਨ ਦਾ ਕੁਝ ਹਿੱਸਾ ਧਰਮ-ਅਰਥ ਕਾਰਾਂ ਲਈ ਰਾਖਵਾਂ ਰੱਖਿਆ ਹੋਇਆ ਸੀ। ਇਸ ਵਿਚੋਂ ਮੁਸਲਿਮ ਧਾਰਮਿਕ ਪੁਰਸ਼ਾਂ ਨੂੰ ਮਦਦ-ਏ-ਮੁਆਜ਼, ਜਾਗੀਰਾਂ ਤੇ ਵਜ਼ੀਫ਼ੇ ਦਿੱਤੇ ਜਾਂਦੇ ਸਨ। ਇਕ ਕਿਸਮ ਨਾਲ ਉਲਮਾਂ ਤੇ ਸੂਫ਼ੀਆਂ ਨੇ ਮੁਸਲਿਮ ਸ਼ਾਸਨ ਵਿਚ ਉਹੀ ਸਥਾਨ ਗ੍ਰਹਿਣ ਕੀਤਾ ਸੀ ਜੋ ਹਿੰਦੂ ਸ਼ਾਸਕਾਂ ਅਧੀਨ ਹਿੰਦੂ ਪੁਜਾਰੀ ਸ਼੍ਰੇਣੀ ਨੂੰ ਪ੍ਰਾਪਤ ਸੀ।[1] ਗੁਰੂ ਸਾਹਿਬ ਸੂਫ਼ੀ ਸ਼ੇਖ਼ਾਂ ਦੁਆਰਾ ਆਪਣੇ ਅੱਗੋਂ ਉਤਰਾਧਿਕਾਰੀ ਥਾਪਣ ਤੇ ਹੋਰਨਾਂ ਨੂੰ ਰੱਬ ਵੱਲੋਂ ਬਖ਼ਸ਼ਿਸ਼ਾਂ ਪ੍ਰਦਾਨ ਕਰਨ ਦੀ ਪ੍ਰਥਾ ਦਾ ਜ਼ਿਕਰ ਕਰਦੇ ਹੋਏ ਸੂਫ਼ੀਆਂ ਦੇ ਆਪਣੇ ਰੁਜ਼ਗਾਰ ਲਈ ਮਦਦ-ਏ-ਮੁਆਜ਼ ਉਪਰ ਨਿਰਭਰਤਾ ਦੀ ਸੂਚਨਾ ਦਿੰਦੇ ਹਨ। ਉਹਨਾਂ ਦੀ ਦ੍ਰਿਸ਼ਟੀ ਵਿਚ ਸੂਫ਼ੀ ਧਾਰਮਿਕ ਅਸੂਲਾਂ ਤੋਂ ਗਿਰੇ ਹੋਣ ਕਰਕੇ ਮੁਸਲਿਮ ਸ਼ਾਸਕਾਂ ਵੱਲੋਂ ਮਦਦ-ਏ-ਮੁਆਜ਼ ਦੀ ਸਹਾਇਤਾ ਲੈਣ ਲਈ ਨੈਤਿਕ ਤੌਰ 'ਤੇ ਹੱਕਦਾਰ ਨਹੀਂ ਸਨ। ਉਹਨਾਂ ਦਾ ਇਹ ਪ੍ਰਤੀਕਰਮ ਇਸ ਕਰਕੇ ਨਹੀਂ ਕਿ ਉਹ ਮੁਸਲਿਮ ਸ਼ਾਸਨ ਤੋਂ ਮਦਦ-ਏ-ਮੁਆਜ਼ ਦੇ ਇੱਛੁਕ ਸਨ ਕਿਉਂਕਿ ਆਪਣੇ ਆਪ ਨੂੰ ਤਾਂ ਗੁਰੂ ਸਾਹਿਬ ਪੂਰਨ ਤੌਰ 'ਤੇ ਰੱਬੀ ਦਰਗਾਹ ਵਿਚੋਂ ਪ੍ਰਾਪਤ ਹੋਏ ਨਾਮ ਰੂਪੀ ਪਟੇ ਉਪਰ ਆਸ਼ਰਿਤ ਦੱਸਦੇ ਹਨ:

ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥
ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ॥
ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ॥
ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ॥
ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ॥
ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ॥
ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ॥
ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ॥ (ਪੰਨਾ ੧੨੮੬)

ਮੁਸਲਿਮ ਸ਼ਾਸਨ ਸਥਾਪਿਤ ਹੋਣ ਨਾਲ ਜੋ ਰਾਜਨੀਤਕ ਪਰਿਵਰਤਨ ਆਇਆ, ਉਸ ਦੇ ਨਤੀਜੇ ਵਜੋਂ ਹਿੰਦੂਆਂ ਨੇ ਆਪਣਾ ਸਭਿਆਚਾਰ ਤਿਆਗ ਕੇ ਇਸਲਾਮੀ ਰਹਿਣ-ਸਹਿਣ ਤੇ ਤੌਰ-ਤਰੀਕੇ ਅਪਨਾ ਲਏ ਸਨ। ਖ਼ਿਆਲ ਕੀਤਾ ਜਾਂਦਾ ਹੈ ਕਿ ਹਿੰਦੂ ਜਾਤੀ ਵਿਚੋਂ ਆਪਣੇ ਆਪ ਨੂੰ ਇਸਲਾਮੀ ਸਭਿਆਚਾਰ ਅਨੁਸਾਰ ਢਾਲਣ ਵਿਚ ਕਸ਼ੱਤਰੀ ਸਭ ਤੋਂ ਅੱਗੇ ਸਨ।[2] ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਕਸ਼ੱਤਰੀਆਂ ਨੇ ਆਪਣੇ ਧਰਮ-ਕਰਮ ਅਨੁਸਾਰ ਨਿਸ਼ਚਿਤ, ਦੇਸ਼ ਦੀ ਰੱਖਿਆ ਕਰਨ ਦਾ ਫ਼ਰਜ਼ ਤਿਆਗ ਕੇ ਮੁਸਲਿਮ ਸ਼ਾਸਨ ਅਧੀਨ ਨੌਕਰੀ ਕਰਨ ਲਈ ਮਲੇਛ ਭਾਸ਼ਾ ਭਾਵ ਫ਼ਾਰਸੀ ਸਿੱਖ ਲਈ ਹੈ। ਮੁਸਲਿਮ ਸ਼ਾਸਨ ਦੇ ਨਾਲ ਭਾਰਤੀ ਸਮਾਜ ਵਿਚ ਇਸਲਾਮ ਦੇ ਪ੍ਰਸਾਰ ਤੇ ਹਿੰਦੂਆਂ ਵਿਚ ਆਪਣੇ ਵਿਰਸੇ ਪ੍ਰਤੀ ਅਵੇਸਲੇਪਣ ਦਾ ਵਿਸਥਾਰ ਪੂਰਵਕ ਚਿੱਤਰ ਗੁਰੂ ਸਾਹਿਬ ਨੇ 'ਆਸਾ ਦੀ ਵਾਰ' ਵਿਚ ਇਉਂ ਖਿੱਚਿਆ ਹੈ:

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥ (ਪੰਨਾ ੬੬੩)
ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥

ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥...
ਮਥੈ ਟਿਕਾ ਤੇੜਿ ਧੋਤੀ ਕਖਾਈ ॥ ਹਥਿ ਛੁਰੀ ਜਗਤ ਕਾਸਾਈ ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥

(ਪੰਨਾ ੪੭੧-੭੨)

ਇਥੇ ਮੁਸਲਿਮ ਸ਼ਾਸਨ ਅਧੀਨ ਹਿੰਦੂ ਕਰਮਚਾਰੀਆਂ ਦੇ ਧਾਰਮਿਕ ਤੇ ਅਮਲੀ ਜੀਵਨ ਵਿਚਕਾਰ ਪੈਦਾ ਹੋਏ ਦਵੰਧ ਨੂੰ ਉਜਾਗਰ ਕੀਤਾ ਗਿਆ ਹੈ। ਭਾਵੇਂ ਧਾਰਮਿਕ ਤੌਰ 'ਤੇ ਗਊ ਤੇ ਬ੍ਰਾਹਮਣ ਨੂੰ ਪੂਜਨੀਯ ਮੰਨਦੇ ਸਨ, ਪਰ ਮੁਸਲਿਮ ਸ਼ਾਸਨ ਦੇ ਕਰਮਚਾਰੀ ਹੋਣ ਕਰਕੇ ਉਹਨਾਂ ਨੂੰ 'ਗਊ ਤੇ ਚਰਾਈ' ਤੇ 'ਜਜ਼ੀਆ' ਉਗਰਾਹੁਣੇ ਪੈਂਦੇ ਸਨ। ਹਿੰਦੂ ਮੁਸਲਿਮ ਸ਼ਾਸਕਾਂ ਨੂੰ ਭਾਵੇਂ ਮਲੇਛ ਕਹਿ ਕੇ ਨਫ਼ਰਤ ਪ੍ਰਗਟਾਉਂਦੇ ਸਨ ਪਰ ਉਹਨਾਂ ਦੀ ਰੋਜ਼ੀ ਦਾ ਆਧਾਰ ਮੁਸਲਿਮ ਸ਼ਾਸਕਾਂ ਤੋਂ ਪ੍ਰਾਪਤ ਕੀਤੀ ਤਨਖ਼ਾਹ ਸੀ। ਅੰਦਰਖਾਤੇ ਤਾਂ ਹਿੰਦੂ ਰਸਮਾਂ-ਰੀਤਾਂ ਤੇ ਧਰਮ-ਗ੍ਰੰਥਾਂ ਦਾ ਪਾਠ ਕਰਦੇ ਸਨ ਪਰ ਮੁਸਲਿਮ ਹਾਕਮਾਂ ਦੀਆਂ ਨਜ਼ਰਾਂ ਵਿਚ ਪਰਵਾਨ ਹੋਣ ਤੇ ਕਿਰਪਾ-ਪਾਤਰ ਬਣਨ ਲਈ ਇਸਲਾਮੀ ਪਹਿਰਾਵਾ ਪਹਿਨ ਲੈਂਦੇ ਸਨ। ਨਿਸ਼ਚਿਤ ਰੂਪ ਵਿਚ ਹਿੰਦੂਆਂ ਨੂੰ ਆਪਣੇ ਧਾਰਮਿਕ ਅਕੀਦੇ ਤੇ ਸਰਕਾਰ ਦੀ ਵਫ਼ਾਦਾਰੀ ਵਿਚੋਂ ਕਿਸੇ ਇਕ ਦੀ ਚੋਣ ਕਰਨ ਦਾ ਮਸਲਾ ਪੇਸ਼ ਸੀ। ਪਰ ਗੁਰੂ ਸਾਹਿਬ ਦੀਆਂ ਨਜ਼ਰਾਂ ਵਿਚ ਹਿੰਦੂ ਸ਼ਾਸਕ ਸ਼੍ਰੇਣੀ ਆਪਣੇ ਸਭਿਆਚਾਰ ਤੇ ਇਤਿਹਾਸਕ ਗੌਰਵ ਨੂੰ ਭੁੱਲ ਚੁੱਕੀ ਸੀ। ਉਹਨਾਂ ਦੇ ਦਿਲ, ਦਿਮਾਗ਼ ਉੱਤੇ ਮੁਸਲਿਮ ਹਾਕਮ ਸ਼੍ਰੇਣੀ ਦੇ ਡਰ ਦੇ ਨਾਲ-ਨਾਲ ਲੋਭ-ਲਾਲਚ ਦਾ ਗਲਬਾ ਵੀ ਸੀ। ਗੁਰੂ ਸਾਹਿਬ ਅਨੁਸਾਰ ਹਿੰਦੂ ਸ਼ਾਸਕ ਸ਼੍ਰੇਣੀ ਨੇ ਮੁਸਲਿਮ ਹੁਕਮਰਾਨਾਂ ਪ੍ਰਤੀ ਅਧੀਨਗੀ ਤੇ ਗ਼ੁਲਾਮੀ ਦਾ ਰਵੱਈਆ ਕਬੂਲ ਕਰ ਲਿਆ ਸੀ। ਗੁਰੂ ਸਾਹਿਬ ਦੀ ਉਪਰੋਕਤ ਟੀਕਾ-ਟਿੱਪਣੀ ਹਿੰਦੂ ਧਰਮ ਦੀ ਰਾਖੀ ਜਾਂ ਇਸਲਾਮ ਦੇ ਵਿਰੋਧ ਦੇ ਲਈ ਨਹੀਂ ਸਗੋਂ ਹਿੰਦੂ ਸ਼ਾਸਕ ਸ਼੍ਰੇਣੀ ਦੇ ਦੋਗਲੇ ਚਰਿੱਤਰ ਤੇ ਉਸ ਦੇ ਮੁਸਲਿਮ ਸਭਿਆਚਾਰ ਨਾਲ ਕੀਤੇ ਅਪਵਿੱਤਰ ਸਮਝੌਤੇ ਕਾਰਨ ਜਨ-ਸਾਧਾਰਨ ਵਿਚ ਆਏ ਮਾਨਵੀ ਪਤਨ ਦੇ ਰੋਸ ਵਜੋਂ ਸੀ।

ਗੁਰੂ ਸਾਹਿਬ ਦਾ ਬਾਬਰ ਬਾਰੇ ਪ੍ਰਤੀਕਰਮ ਉਸ ਸਮੇਂ ਨਾਲ ਸੰਬੰਧਿਤ ਹੈ ਜਦੋਂ ਉਹ ਇਕ ਹਮਲਾਵਰ ਸੀ ਨਾ ਕਿ ਮੁਲਕ ਦਾ ਬਾਦਸ਼ਾਹ। ਬਾਬਰ ਨੂੰ ਉਹਨਾਂ ਨੇ ਇਸ ਕਰਕੇ ਨਹੀਂ ਨਿੰਦਿਆ ਕਿ ਉਹ ਇਕ ਮੁਸਲਮਾਨ ਸੀ ਬਲਕਿ ਇਸ ਕਰਕੇ ਕਿ ਉਸ ਦੇ ਸੈਨਿਕਾਂ ਹੱਥੋਂ ਆਮ ਲੋਕਾਂ ਨੂੰ ਤੇ ਔਰਤਾਂ ਨੂੰ ਅਤਿਅੰਤ ਕਸ਼ਟ ਤੇ ਬੇਪਤੀ ਸਹਿਣੀ ਪਈ ਸੀ। ਭਾਵੇਂ ਰਾਜ-ਸੱਤਾ ਲਈ ਸੰਘਰਸ਼ ਕਰਨ ਵਾਲੀਆਂ ਦੋਨੋਂ ਧਿਰਾਂ ਧਾਰਮਿਕ ਤੌਰ 'ਤੇ ਇਸਲਾਮ ਨਾਲ ਸੰਬੰਧਿਤ ਸਨ ਪਰ ਪਰਜਾ ਦੇ ਦੁੱਖ ਲਈ ਉਹਨਾਂ ਨੇ ਲੋਧੀ ਸ਼ਾਸਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ ਕਿਉਂਕਿ ਹਮਲਾਵਰ ਤੋਂ ਰੱਖਿਆ ਕਰਨੀ ਉਹਨਾਂ ਦਾ ਫ਼ਰਜ਼ ਸੀ। ਗੁਰੂ ਸਾਹਿਬ ਮਹਿਸੂਸ ਹੀ ਨਹੀਂ ਕਰਦੇ ਬਲਕਿ ਗਵਾਹੀ ਵੀ ਦਿੰਦੇ ਹਨ ਕਿ ਲੋਧੀਆਂ ਨੇ ਦੇਸ਼ ਦੀ ਸੁਰੱਖਿਆ ਲਈ ਕੋਈ ਯੋਗ ਪ੍ਰਬੰਧ ਨਹੀਂ ਸੀ ਕੀਤਾ। ਭਾਰਤ ਵਿਚ ਤੋਪਖ਼ਾਨੇ ਦੀ ਵਰਤੋਂ ਕਰਨ ਵਾਲਾ ਬਾਬਰ ਪਹਿਲਾ ਜਰਨੈਲ ਸੀ ਪਰ ਦੂਜੇ ਪਾਸੇ ਲੋਧੀ ਸੁਰੱਖਿਆ ਦੇ ਸਾਧਨ ਪੈਦਾ ਕਰਨ ਦੀ ਬਜਾਇ ਅੰਧ-ਵਿਸ਼ਵਾਸਾਂ 'ਤੇ ਹੀ ਨਿਰਭਰ ਕਰਦੇ ਰਹੇ। ਭਾਰਤ ਦੇ ਹਿੰਦੂ ਸ਼ਾਸਕਾਂ ਵਿਚ ਪੁਜਾਰੀ ਸ਼੍ਰੇਣੀ ਬਾਰੇ ਖ਼ਾਸ ਕਰਕੇ

ਰਾਜ ਪੁਰੋਹਿਤ ਬਾਰੇ ਇਹ ਵਿਸ਼ਵਾਸ ਸੀ ਕਿ ਉਸ ਦੇ ਜਾਦੂ-ਮੰਤਰ ਦੁਸ਼ਮਣ ਨੂੰ ਹਰਾ ਸਕਦੇ ਹਨ ਅਤੇ ਇਸੇ ਕਰਕੇ ਰਾਜ ਪੁਰੋਹਿਤ ਫ਼ੌਜਾਂ ਦੇ ਨਾਲ ਸਹਾਇਕ ਦੇ ਤੌਰ 'ਤੇ, ਜੰਗ ਵਿਚ ਜਾਇਆ ਕਰਦਾ ਸੀ। ਸ਼ਾਇਦ ਇਸੇ ਤਰ੍ਹਾਂ ਦਾ ਵਿਸ਼ਵਾਸ ਮੁਸਲਿਮ ਸ਼ਾਸਕਾਂ ਨੇ ਸੂਫ਼ੀ ਪੀਰਾਂ ਬਾਰੇ ਬਣਾ ਲਿਆ ਸੀ। ਅਜਿਹੇ ਸਾਧਨਾਂ ਦੀ ਨਿਰਾਰਥਕਤਾ ਬਿਆਨ ਕਰਦੇ ਹੋਏ ਗੁਰੂ ਸਾਹਿਬ ਦੱਸਦੇ ਹਨ ਕਿ ਮੀਰ ਬਾਬਰ ਦੇ ਹਮਲੇ ਨੂੰ ਕਿਸੇ ਪੀਰ-ਫ਼ਕੀਰ ਦੇ ਮੰਤਰ ਨੇ ਨਾ ਠੱਲ੍ਹਿਆ ਤੇ ਨਾ ਹੀ ਕੋਈ ਮੁਗ਼ਲ ਸੈਨਿਕ ਜਾਦੂ ਨਾਲ ਅੰਨ੍ਹਾ ਹੋਇਆ, ਸਭ ਪੀਰਾਂ ਦੇ ਮੰਤਰ ਅਸਫ਼ਲ ਹੋ ਗਏ:

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥
ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥ *(ਪੰਨਾ ੪੧੭-੧੮)*

ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਜੀ ਦੀਆਂ ਨਜ਼ਰਾਂ ਵਿਚ ਮੁਸਲਿਮ ਸ਼ਾਸਨ ਦੀ ਸਥਾਪਨਾ ਨਾਲ ਇਸਲਾਮ ਦੀ ਸਰਪ੍ਰਸਤੀ ਤੇ ਪ੍ਰਚਾਰ ਤੋਂ ਇਲਾਵਾ ਮੁਸਲਿਮ ਧਾਰਮਿਕ ਪੁਰਸ਼ਾਂ ਨੂੰ ਸਮਾਜ ਵਿਚ ਪ੍ਰਮੁੱਖਤਾ ਕਾਰਣ ਉਹਨਾਂ ਦਾ ਪ੍ਰਭਾਵ ਵਧ ਗਿਆ ਸੀ ਭਾਵੇਂ ਕਿ ਉਹ ਨੈਤਿਕ ਤੌਰ 'ਤੇ ਇਸ ਦੇ ਯੋਗ ਨਹੀਂ ਸਨ। ਮੁਸਲਿਮ ਅਮੀਰ ਪਰਜਾ ਨਾਲ ਅਯੋਗ ਵਿਹਾਰ ਕਰਨ ਤੋਂ ਛੁੱਟ ਉਸ ਦਾ ਆਰਥਿਕ ਸ਼ੋਸ਼ਣ ਵੀ ਕਰਦੇ ਸਨ। ਨਿਆਂ-ਵਿਵਸਥਾ ਲਈ ਜ਼ਿੰਮੇਵਾਰ ਕਾਜ਼ੀਆਂ ਦਾ ਆਚਰਣ ਗਿਰ ਚੁੱਕਾ ਸੀ, ਜਿਸ ਕਰਕੇ ਸ਼ਾਸਨ ਪ੍ਰਬੰਧ ਵਿਚ ਬੇਈਮਾਨੀ ਤੇ ਬੇਇਨਸਾਫ਼ੀ ਪ੍ਰਵੇਸ਼ ਕਰ ਗਈ ਸੀ। ਸ਼ਾਸਕ ਸ਼੍ਰੇਣੀ ਨੇ ਗ਼ੈਰ-ਮੁਸਲਮਾਨਾਂ ਪ੍ਰਤੀ ਧਾਰਮਿਕ ਪੱਖ-ਪਾਤ ਤੇ ਵਿਤਕਰੇ ਦੀ ਨੀਤੀ ਅਪਨਾ ਕੇ ਧਾਰਮਿਕ ਆਜ਼ਾਦੀ ਉਪਰ ਪਾਬੰਦੀਆਂ ਲਗਾ ਦਿੱਤੀਆਂ ਸਨ ਜਿਸ ਕਰਕੇ ਰਾਜ ਵਿਚ ਗ਼ੈਰ-ਮੁਸਲਮਾਨਾਂ ਨੂੰ ਮੁਸਲਮਾਨਾਂ ਦੇ ਬਰਾਬਰ ਦਾ ਦਰਜਾ ਪ੍ਰਾਪਤ ਨਹੀਂ ਸੀ। ਮੁਸਲਿਮ ਸੱਤਾ ਦੀ ਸਥਾਪਨਾ ਨਾਲ ਹਿੰਦੂਆਂ ਵਿਚ ਦਬਾਅ ਜਾਂ ਲੋਭ-ਵੱਸ ਆਪਣੀ ਸੰਸਕ੍ਰਿਤੀ ਤਿਆਗ ਕੇ ਇਸਲਾਮੀ ਸਭਿਆਚਾਰ ਅਖ਼ਤਿਆਰ ਕਰਨ ਦੀ ਰੁਝਾਨ ਆਰੰਭ ਹੋ ਚੁੱਕਾ ਸੀ। ਇਸ ਦੇ ਪਿੱਛੇ ਮੰਤਵ ਮੁਸਲਿਮ ਸ਼ਾਸਕਾਂ ਨੂੰ ਖ਼ੁਸ਼ ਕਰਨਾ ਸੀ ਜੋ ਕਿ ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿਚ ਬੜਾ ਹੀ ਘਿਰਣਾਜਨਕ ਸੀ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਸਾਹਿਬ ਨੇ ਮੁਸਲਿਮ ਸ਼ਾਸਨ ਦੀਆਂ ਰਾਜਨੀਤਕ ਸੰਸਥਾਵਾਂ ਉਪਰ ਬੈਠੇ ਵਿਅਕਤੀਆਂ ਦੇ ਅਯੋਗ ਵਿਹਾਰ ਨੂੰ ਆਪਣੀ ਆਲੋਚਨਾ ਦਾ ਕੇਂਦਰ ਬਣਾਇਆ ਹੈ। ਉਹਨਾਂ ਨੇ ਮੁਸਲਿਮ ਸ਼ਾਸਨ ਦੀਆਂ ਤਰੁੱਟੀਆਂ ਦੀ ਨਿਸ਼ਾਨਦੇਹੀ ਕਰਦਿਆਂ ਇਸ ਵਿਚ ਅਯੋਗ ਤੇ ਭ੍ਰਿਸ਼ਟ ਵਿਅਕਤੀਆਂ ਦੀ ਮੌਜੂਦਗੀ ਨੂੰ ਨਾ-ਪਸੰਦ ਕੀਤਾ ਹੈ।

ਹਵਾਲੇ ਅਤੇ ਟਿੱਪਣੀਆਂ

1. K.M. Ashraf, *Life and Conditions of the People of Hindustan,* p. 102.
2. J.S. Grewal, *Guru Nanak in History,* pp. 50-52.

(11/1998)

ਸੱਚ ਦੇ ਰਹਿਬਰ—ਗੁਰੂ ਨਾਨਕ ਸਾਹਿਬ

ਮੁਗ਼ਲਾਂ ਨੇ 11ਵੀਂ ਸਦੀ ਤੋਂ ਲੈ ਕੇ ਪੰਦਰ੍ਹਵੀਂ ਸਦੀ ਤਕ ਭਾਰਤ ਉੱਤੇ ਲਗਾਤਾਰ ਹਮਲੇ ਕੀਤੇ, ਇਹ ਹਮਲਾਵਰ ਲੁਟੇਰੇ ਸੌਦਾਗਰਾਂ ਦੇ ਭੇਸ ਵਿਚ ਉੱਤਰ-ਪੱਛਮ (ਪੰਜਾਬ) ਦੇ ਦੱਰਾ ਖ਼ੈਬਰ ਦੀ ਘਾਟੀ ਨੂੰ ਲਿਤਾੜ ਕੇ ਅੱਗੇ ਵਧਦੇ ਰਹੇ। ਮੁਹੰਮਦ ਗ਼ਜ਼ਨਵੀ, ਚੰਗੇਜ਼ ਖ਼ਾਨ, ਤੈਮੂਰਲੰਗ, ਬਾਬਰ, ਨਾਦਰ ਸ਼ਾਹ ਅਤੇ ਅਬਦਾਲੀ ਆਦਿ ਧਾੜਵੀਆਂ ਦੇ ਹਮਲਿਆਂ ਦਾ ਟਾਕਰਾ ਪੰਜਾਬ ਦੇ ਵਸਨੀਕ, ਪੰਜਾਬੀ ਵੀਰ ਕਰਦੇ ਰਹੇ, ਉਸਰਦੇ ਰਹੇ, ਬਰਬਾਦ ਹੁੰਦੇ ਰਹੇ।

ਪੁਰਾਣਾ ਭਾਰਤ ਜਿਹੜਾ ਰਾਜਾ ਹਰਸ਼ਵਰਧਨ ਤੋਂ ਪਿੱਛੋਂ ਸੰਗਠਿਤ ਸੀ, ਮੁਗ਼ਲਾਂ ਦੇ ਉਤੋੜਿਤੀ ਹਮਲਿਆਂ ਨਾਲ ਬਰਬਾਦ ਹੁੰਦਾ ਗਿਆ। ਇਸ ਤਰ੍ਹਾਂ 14ਵੀਂ ਸਦੀ ਤੋਂ 18ਵੀਂ ਸਦੀ ਤਕ ਕ੍ਰਮਵਾਰ ਖਿਲਜੀ, ਤੁਗ਼ਲਕ, ਸੱਯਦ, ਲੋਧੀ ਅਤੇ ਮੁਗ਼ਲ ਵੰਸ਼ ਆਦਿ ਨੇ ਭਾਰਤ ਨੂੰ ਆਪਣੇ ਸ਼ਾਸਨ ਹੇਠ ਰੱਖਿਆ।

ਵਿਦੇਸ਼ੀ ਜ਼ਾਲਮਾਂ ਨੇ ਭਾਰਤੀ ਹਿੰਦੂਆਂ ਉੱਤੇ ਇਤਨੇ ਭਿਆਨਕ, ਭੈ-ਭੀਤ ਕਰਨ ਵਾਲੇ ਅਸਹਿ ਜ਼ੁਲਮ ਕੀਤੇ, ਗਊ-ਗ਼ਰੀਬ ਦੀ ਦੁਰਦਸ਼ਾ ਅਤੇ ਔਰਤਾਂ ਦੀ ਅਸਮਤ ਦਾ ਸ਼ਿਕਾਰ ਬਣਾ ਕੇ ਜੋ ਹੈਵਾਨੀਅਤ ਦਾ ਸਬੂਤ ਦਿੱਤਾ ਹੈ, ਇਸ ਘੋਰ ਪਾਪ ਤੇ ਅਪਰਾਧ ਦੀ ਤਸਵੀਰ ਪੇਸ਼ ਹੈ :

ਸੱਯਦ ਸ਼ੇਖ਼ ਮੁਗ਼ਲ ਪਠਾਨ।
ਜ਼ਾਲਮ ਭਏ ਜ਼ਬ੍ਰੀ ਬਲਵਾਨ।
ਹਿੰਦਨ ਕੋ ਦੁਖ ਦਇਓ ਮਹਾਏ।
ਦੇਵਨ ਕੇ ਮੰਦਰ ਗਿਰਵਾਏ।... ...
ਤੁਰਕ ਹੋਵਨਾ ਜਿਨੈ ਨ ਮਾਨਿਓ।
ਤਿਨ ਤਿਨ ਕੋ ਅਤਿ ਦੇ ਦੁਖ ਹਾਨਿਓ।
ਗੋ ਗਰੀਬ ਕੋ ਬਧ ਕਰ ਸੁਟੈਂ।
ਧਨੀ ਦੇਖ ਤਾ ਕਾ ਧਨ ਲੂਟੈਂ।
ਸੁੰਦਰ ਪਿਖੈਂ ਜਾਹਿ ਕੀ ਤਰਨੀ।
ਪਕਰ ਕਰੈਂ ਬਲ ਸੋਂ ਨਿਜ ਘਰਨੀ।
ਕਾਜ਼ੀ ਰਿਸ਼ਵਤ ਲੈ ਕਰ ਸਾਰੇ।
ਸਾਚੈ ਕੋ ਝੂਠਾ ਕਰ ਡਾਰੇ। *(ਪੰਥ ਪ੍ਰਕਾਸ਼)*

ਅਜਿਹੀ ਘੋਰ ਅਧੋਗਤੀ ਦੇ ਸਮੇਂ ਵਿਚ ਹਿੰਦੂ ਸਮਾਜ ਦੀ ਏਕਤਾ ਦੀ ਭਾਵਨਾ ਦਾ ਅਭਾਵ ਹੋਣਾ ਸੰਭਵ ਸੀ। ਕਿਉਂਕਿ ਵਰਣ-ਆਸ਼ਰਮ ਵਿਧਾਨ ਦੀ ਦਕਿਆਨੂਸੀ ਦੇ ਕਾਰਨ ਹਿੰਦੂ ਪਰਜਾ

ਕਈ ਸ਼ਾਖਾਂ ਤੇ ਉਪ-ਸ਼ਾਖਾਂ ਵਿਚ ਪਹਿਲਾਂ ਹੀ ਵੰਡੀ ਜਾ ਚੁੱਕੀ ਸੀ। ਹੁਣ ਰਾਜਸੀ ਘੋਲ ਵਧ ਜਾਣ ਕਰਕੇ ਮੁਸਲਮਾਨਾਂ ਦਾ ਸ਼ਿਕਾਰ ਹੋਣਾ ਪਿਆ। ਲੋਕੀਂ ਸਭਿਆਚਾਰ ਤੋਂ ਵੰਚਿਤ ਹੋ ਕੇ ਸਮਾਜਿਕ, ਰਾਜਨੀਤਕ, ਧਾਰਮਿਕ ਤੇ ਆਰਥਿਕ ਪੱਖੋਂ ਬਹੁਤ ਪੱਛੜਨੇ ਸ਼ੁਰੂ ਹੋ ਗਏ। ਮੁਗ਼ਲ ਸ਼ਾਸਕ ਹੰਕਾਰ ਵਿਚ ਏਨੇ ਅੰਨ੍ਹੇ ਹੋ ਗਏ ਅਰਥਾਤ ਲੋਭ ਤੇ ਪਾਪ ਰਾਜਾ ਤੇ ਵਜ਼ੀਰ ਦੀ ਨਿਆਈਂ ਸਨ ਤੇ ਝੂਠ ਇਹਨਾਂ ਦੇ ਪਹਿਰੇਦਾਰ ਦੀ ਤਰ੍ਹਾਂ ਸੀ। ਕਾਮੀ ਤੇ ਵਹਿਸ਼ੀਆਂ ਦਾ ਜੋੜ ਭੀ ਸਮਾਜ ਉੱਤੇ ਬਹੁਤ ਵੱਡਾ ਬੋਝ ਬਣ ਗਿਆ:

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥ (ਪੰਨਾ ੪੬੮)

ਪਰਜਾ ਅਗਿਆਨਤਾ ਦੇ ਭਾਵ ਵਿਚ ਗਿਆਨ-ਰਹਿਤ ਹੋ ਕੇ ਆਪਣੇ ਗੌਰਵ ਤੇ ਬੀਰਤਾ ਨੂੰ ਭੁੱਲ ਕੇ ਮੁਰਦਾ ਹੋ ਚੁੱਕੀ ਸੀ। ਹਿੰਦੂ ਬ੍ਰਹਮ-ਤੇਜ ਮੁਸਲਮਾਨਾਂ ਅੱਗੇ ਗੋਡੇ ਟੇਕ ਚੁੱਕਾ ਸੀ। ਬ੍ਰਾਹਮਣ, ਜੋਗੀ, ਵੈਰਾਗੀ, ਸੰਨਿਆਸੀ ਅਸਲੀਅਤ ਨੂੰ ਤਿਆਗ ਕੇ ਦੁੱਭਰ ਸ਼ਾਸਕਾਂ ਨੂੰ ਖ਼ੁਸ਼ ਕਰਨ ਤੇ ਝੁਕੇ ਹੋਏ ਸਨ, ਪਰਜਾ ਦੇ ਲਈ ਮੂਲ ਸਿਧਾਂਤ ਤੇ ਰਹੁ-ਰੀਤਾਂ ਧਰਮ ਤੋਂ ਦੂਰ ਚਲੀਆਂ ਗਈਆਂ ਸਨ। ਸਾਰੇ ਪੈਰੋਕਾਰ ਦਿਖਾਵੇ ਕਰ-ਕਰ ਕੇ ਲੋਕਾਂ ਨੂੰ ਬੁੱਧੂ ਬਣਾ ਰਹੇ ਸਨ:

ਮਥੈ ਟਿਕਾ ਤੇੜਿ ਧੋਤੀ ਕਖਾਈ ॥
ਹਥਿ ਛੁਰੀ ਜਗਤ ਕਾਸਾਈ ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥ (ਪੰਨਾ ੪੭੧)

ਰਾਜੇ ਮੂਲੋਂ ਕਸਾਈ ਬਣ ਕੇ ਪਰਜਾ ਦਾ ਕਚੂੰਬਰ ਕੱਢ ਰਹੇ ਸਨ, ਚਾਰੇ ਪਾਸੇ ਧਰਮ ਦੀ ਥਾਂ ਤਲਵਾਰ ਦਾ ਜ਼ੋਰ, ਝੂਠ ਦਾ ਪਸਾਰਾ ਸੀ। ਕੂੜ ਦਾ ਹਨੇਰਾ ਮੱਸਿਆ ਦੀ ਕਾਲੀ-ਬੋਲੀ ਰਾਤ ਵਾਂਗ ਚਾਰੇ ਪਾਸੇ ਫੈਲ ਗਿਆ, ਹੁਣ ਸੱਚ-ਰੂਪ ਚੰਦਰਮਾ ਦੀ ਇਕ ਭੀ ਕਿਰਨ ਨਹੀਂ ਸੀ ਦਿਸ ਰਹੀ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ (ਪੰਨਾ ੧੪੫)

ਦੇਸ਼ ਬੜੇ ਭਿਆਨਕ ਤੇ ਵਿਕਰਾਲ ਹਾਲਾਤ ਵਿਚੋਂ ਗੁਜ਼ਰ ਰਿਹਾ ਸੀ। ਸਮਾਜ ਦੀ ਹਾਲਤ ਬੜੀ ਤਰਸਯੋਗ ਸੀ। ਰਾਜਸੀ ਹਾਕਮ ਕੁੱਤੇ ਦੀ ਨਿਆਈਂ ਸਨ, ਜੋ ਮੁਰਦਾ ਹੋਈ ਪਰਜਾ ਦਾ ਖ਼ੂਨ ਚੂਸ ਰਹੇ ਸਨ। ਪਾਪਾਂ ਦਾ ਬੋਲ-ਬਾਲਾ ਸੀ ਮਾਨੋ ਕਿ ਵਾੜ ਹੀ ਖੇਤ ਨੂੰ ਖਾਈ ਜਾ ਰਹੀ ਸੀ। ਧਰਮ ਦੇ ਪੁਜਾਰੀ ਗੁਰੂ ਬਣ ਕੇ ਚੇਲਿਆਂ ਦੇ ਸਾਜ਼ਾਂ 'ਤੇ ਨੱਚ-ਨੱਚ ਕੇ ਕਈ ਭੇਖ ਕਰ ਦਿਖਾਉਂਦੇ ਸਨ, ਪਰ ਹੈ ਸਭ ਕੁਝ ਕੂੜ ਦਾ ਪਸਾਰਾ ਹੀ ਸੀ:

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਆਲਾਈ।
ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ। (ਵਾਰ ੧/੩੦)

ਇਸ ਘੋਰ ਗੁਬਾਰ ਭਰੇ ਸੰਕਟ-ਕਾਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ 15 ਅਪਰੈਲ 1469 ਈ. ਵਿਚ ਪੰਜਾਬ ਦੀ ਧਰਤੀ ਰਾਇ ਭੋਇ ਦੀ ਤਲਵੰਡੀ, ਜ਼ਿਲ੍ਹਾ ਸ਼ੇਖ਼ੂਪੁਰਾ ਵਿਖੇ ਪ੍ਰਗਟ ਹੋਏ। ਗੁਰੂ ਸਾਹਿਬ ਦੇ ਪ੍ਰਗਟ ਹੋਣ ਨਾਲ ਇਸ ਸੰਸਾਰ ਦੀ ਸਮਾਜਿਕ ਹਾਲਤ ਨੇ ਪਲਟਾ ਖਾਧਾ। ਭਾਈ ਗੁਰਦਾਸ ਜੀ ਲਿਖਦੇ ਹਨ :

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ। (ਵਾਰ ੧/੨੭)

ਗੁਰੂ ਸਾਹਿਬ ਨੇ 30 ਸਾਲ ਦੀ ਆਯੂ ਵਿਚ ਰਬਾਬੀ ਭਾਈ ਮਰਦਾਨੇ ਮਰਾਸੀ ਨਾਲ ਅਟੁੱਟ ਸਾਥ ਜੋੜ ਕੇ, ਉਦਾਸੀ ਦਾ ਭੇਖ ਕਰ ਕੇ, ਦੇਸ਼-ਦੇਸ਼ਾਂਤਰ ਦਾ ਰਟਨ ਆਰੰਭ ਕੀਤਾ। ਕਿਉਂਕਿ ਹਰ ਪਾਸੇ ਗ਼ੁਬਾਰ ਛਾਇਆ ਹੋਇਆ ਸੀ, ਜਿਵੇਂ ਕਿ ਅੱਗ ਦੀਆਂ ਲਾਟਾਂ ਦੇ ਧੁੰਧੂਕਾਰ ਵਿਚ ਲੋਕਾਈ ਹਾਹਾਕਾਰ ਕਰ ਰਹੀ ਨਜ਼ਰ ਆ ਰਹੀ ਸੀ :

ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝੁ ਗੁਰੂ ਗੁਬਾਰੁ ਹੈ, ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣਿ ਧਰਤਿ ਲੁਕਾਈ॥ (ਵਾਰ ੧/੨੪)

ਵਲਵਲੇ ਭਰੇ ਗ਼ੁਬਾਰ ਵਿਚ ਗ੍ਰਸੇ ਸਮਾਜ ਦਾ ਨਵ-ਨਿਰਮਾਣ ਕਰਨ ਲਈ ਅਤੇ ਨਿੱਘਰ ਚੁੱਕੀ ਲੋਕਾਈ ਨੂੰ ਅੰਦਰ-ਮੁਖੀ ਬਲਵਾਨ ਬਣਾਉਣ ਲਈ ਗੁਰੂ ਸਾਹਿਬ ਨੇ ਮੂਲ-ਮੰਤਰ ਸਮਝਾਇਆ :

ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥
ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥
ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥ (ਪੰਨਾ ੧੦੪੦)

ਗੁਰੂ ਸਾਹਿਬ ਨੇ ਕਾਜ਼ੀਆਂ, ਬ੍ਰਾਹਮਣਾਂ ਤੇ ਜੋਗੀਆਂ ਦਾ ਭੀ ਪਾਜ ਉਘਾੜਿਆ, ਇਸ ਸਭ ਭੁੱਲੇ-ਭਟਕੇ ਤੇ ਰੱਬ ਹੱਥੋਂ ਛੱਡ ਕੇ ਝੂਠ ਵਿਚ ਗ੍ਰਸ ਚੁੱਕੇ ਸਨ। ਇਹ ਸਮਾਜ ਵਿਚ ਉਜਾੜਾ ਪਾਉਣ ਦੇ ਗੁਨਾਹਗਾਰ ਸਨ :

ਕਾਦੀ ਕੂੜੁ ਬੋਲਿ ਮਲੁ ਖਾਇ ॥
ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥
ਤੀਨੇ ਓਜਾੜੇ ਕਾ ਬੰਧੁ ॥੨॥ (ਪੰਨਾ ੬੬੨)

ਆਪ ਨੇ ਮਨੁੱਖੀ ਦਰਜਿਆਂ ਦਾ ਸੰਬੰਧ-ਸਾਰ ਦੀ ਬੜੇ ਕਰਾਰੇ ਸ਼ਬਦਾਂ ਵਿਚ ਉਭਾਰਵੇਂ ਸਲੋਕ ਵਿਚ ਫ਼ੁਰਮਾਇਆ ਹੈ :

ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ ॥
ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥ (ਪੰਨਾ ੧੨੪੬)

ਬਾਬਰ ਨੇ ਜਦੋਂ ਐਮਨਾਬਾਦ (ਸੈਦਪੁਰ) ਸ਼ਹਿਰ ਉੱਤੇ ਜ਼ਾਲਮਾਨਾ ਚੜ੍ਹਾਈ ਕੀਤੀ ਤਾਂ ਮੁਗ਼ਲਾਂ ਤੇ ਪਠਾਣਾਂ ਵਿਚ ਬੜੀ ਭਿਆਨਕ ਟੱਕਰ ਹੋਈ। ਜਿਸ ਵਿਚ ਮਾਸੂਮ ਬੱਚੇ ਤੇ ਇਸਤਰੀਆਂ

ਉੱਤੇ ਜੋ ਜ਼ੁਲਮ ਹੋਇਆ, ਧਰਤੀ ਖ਼ੂਨ ਨਾਲ ਰੰਗੀ ਗਈ, ਕੁੰਗੂ ਦੀ ਥਾਂ ਲਹੂ ਲੱਗਿਆ ਸਾਮਾਨ ਜਾਣ ਲੱਗਾ, ਗੁਰੂ ਜੀ ਨੇ ਇਹ ਸਭ ਕੁਝ ਅੱਖੀਂ ਡਿੱਠਾ ਤਾਂ ਆਪ ਜੀ ਦਾ ਕੋਮਲ ਹਿਰਦਾ ਖ਼ੂਨੀ ਸਾਕੇ ਨੂੰ ਦੇਖ ਕੇ ਦਰਦ ਨਾਲ ਭਰ ਆਇਆ। ਆਪ ਜੀ ਦੇ ਦਿਲ ਵਿਚ ਲੋਕਾਈ ਲਈ ਪਿਆਰ ਤੇ ਪਰਜਾ ਦੇ ਹਿਤ ਦੀ ਥਾਂ, ਜਿਹੜਾ ਜ਼ੁਲਮ ਹੁੰਦਿਆਂ ਦੇਖਿਆ, ਉਸ ਨੂੰ ਲੂ-ਕੰਡੇ ਖੜੇ ਕਰ ਦੇਣ ਵਾਲੀ ਰਚਨਾ ਵਿਚ ਬਿਆਨ ਕੀਤਾ ਅਤੇ ਆਪ ਨੇ ਕਰਤਾ ਪੁਰਖ ਅੱਗੇ ਵੰਗਾਰ ਪਾ-ਪਾ ਕੇ ਰੋਸ ਕੀਤਾ ਕਿ ਉਹ ਆਪਣੇ ਜੀਵਾਂ ਦੀ ਸਾਰ ਲਵੇ। ਆਪ ਨੇ ਇਕ ਨਿਧੜਕ ਕ੍ਰਾਂਤੀਕਾਰੀ ਵਾਂਗ ਬਾਬਰ ਦੇ ਜ਼ੁਲਮਾਂ ਨੂੰ ਚਿਤਾਵਨੀ ਦਿੰਦੇ ਹੋਏ ਹਾਅ ਦਾ ਨਾਹਰਾ ਮਾਰਿਆ ਕਿ ਉਸ ਨੂੰ ਨਿਹੱਥੀ ਲੋਕਾਈ ਨਾਲ ਜ਼ੁਲਮ ਨਹੀਂ ਸੀ ਕਰਨਾ ਚਾਹੀਦਾ। ਇਹ ਕਿਥੋਂ ਤਕ ਦਾਨਸ਼ਮੰਦੀ ਹੈ, ਜਰਵਾਣੇ ਆਪਣੇ ਵਰਗੇ ਜਰਵਾਣੇ ਨਾਲ ਟੱਕਰ ਲੈ ਕੇ ਮਰਨ-ਮਾਰਨ ਕਰਨ ਤਾਂ ਕਿਸੇ ਦੇ ਮਨ ਵਿਚ ਕੋਈ ਰੋਸ ਨਹੀਂ:

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥
ਕਰਤਾ ਤੂੰ ਸਭਨਾ ਕਾ ਸੋਈ ॥
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥੧॥ ਰਹਾਉ ॥ (ਪੰਨਾ ੩੬੦)
ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥ (ਪੰਨਾ ੭੨੨)

ਉਕਤ ਆਏ ਵਾਕਾਂ ਨੂੰ ਸੁਣ ਕੇ ਹਕੂਮਤ ਥਰ-ਥਰ ਕੰਬਦੀ ਤੇ ਸੋਚਦੀ ਹੈ ਕਿ ਜੇ ਇਸ ਰੱਬੀ ਫ਼ਕੀਰ ਦੇ ਖ਼ਾਲਿਸ ਮੱਤ ਦਾ ਖ਼ਾਤਮਾ ਨਾ ਕੀਤਾ ਗਿਆ ਤਾਂ ਇਹ ਇਕ-ਪੁਰਖੀ ਅਤੇ ਬੇਦੀ-ਕਤੇਬੀ ਮਜ਼ਹਬਾਂ ਨੂੰ ਖ਼ਤਮ ਕਰ ਦੇਵੇਗਾ। ਸੋ ਖ਼ਾਲਸਾ ਮੱਤ ਅਤੇ ਬਾਬਰ ਦੇ ਦੀਨ ਦੇ ਤਖ਼ਤਾਂ ਦੀ ਆਪਸੀ ਵਿਰੋਧਤਾ ਦੀ ਆਰੰਭ ਵਿਚ ਝੜਪ ਲੱਗ ਪਈ ਸੀ। ਬੇਦ ਮਤੀਏ ਗ਼ੁਲਾਮ ਭੀ ਦੀਨ ਦੇ ਹਾਮੀ ਸਨ। ਹਕੂਮਤ ਖ਼ਾਲਸਾ ਤਖ਼ਤ ਨੂੰ ਖ਼ਤਮ ਕਰਨਾ ਚਾਹੁੰਦੀ ਸੀ।

(ਗਿਆਨੀ ਲਾਲ ਸਿੰਘ ਦੀ ਕ੍ਰਿਤ ਗੁਰਗਿਰਾ ਕਸੌਟੀ ਸਾਰ, ਪੰਨਾ 25 ਉੱਤੇ ਦਿੱਤਾ ਹਵਾਲਾ)

ਅਜਿਹੀਆਂ ਸਭ ਮੁਸੀਬਤਾਂ ਦਾ ਕੇਵਲ ਇਕੋ-ਇਕ ਹੱਲ ਕਰਨ ਦਾ ਸਾਧਨ ਜੋ ਬਾਕੀ ਰਹਿ ਗਿਆ ਸੀ ਉਹ ਸੀ ਕਿ ਲੋਕਾਂ ਨੂੰ ਅਹਿਸਾਸ ਕਰਵਾ ਕੇ ਅੰਤਰਮੁਖੀ ਤੌਰ 'ਤੇ ਬਲਵਾਨ ਬਣਾਇਆ ਜਾਵੇ ਤਾਂ ਕਿ ਉਹ ਰਾਜਨੀਤਕ ਉੱਥਲ-ਪੁੱਥਲ ਤੇ ਜਰਵਾਣਿਆਂ ਦਾ ਟਾਕਰਾ ਕਰਨ ਲਈ ਕੁਰਬਾਨੀਆਂ ਦੀ ਗਲੀ ਵਿਚ ਸਿਰ ਤਲੀ 'ਤੇ ਧਰ ਕੇ ਆ ਜਾਣ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥

ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥ (ਪੰਨਾ ੧੪੧੨)

ਇਹ ਜ਼ਰੂਰੀ ਸੀ ਕਿ ਸਭ ਤੋਂ ਪਹਿਲਾਂ ਭਾਰਤੀ ਮਨੁੱਖਤਾ ਵਿਚ ਅੰਤਰਮੁਖੀ ਤੌਰ 'ਤੇ ਰੂਹਾਨੀ ਸ਼ਕਤੀ 'ਜਮਾਲ' ਦਾ ਸੰਚਾਰ ਕਰ ਕੇ ਬਲਵਾਨ ਬਣਾਇਆ ਜਾਵੇ। ਗੁਰੂ ਨਾਨਕ ਦੇਵ ਜੀ ਨੇ ਸਮੇਂ ਨੂੰ ਮੁੱਖ ਰੱਖ ਕੇ ਉਸ 'ਗੁਰੂ' ਦਾ ਸੰਕਲਪ ਕੀਤਾ, ਜਿਹੜਾ ਇਹਨਾਂ ਮਨੁੱਖਾਂ ਨੂੰ ਦੇਵਤੇ ਬਣਾ ਕੇ ਉਸ ਸਮੇਂ ਦੇ ਦੈਂਤ ਰੂਪੀ ਹਾਕਮਾਂ ਦੇ ਨਾਲ ਟੱਕਰ ਲੈਣ ਲਈ ਤਿਆਰ ਕਰਨ ਲੱਗਿਆਂ ਦੇਰ ਤਕ ਨਹੀਂ ਲਾਵੇਗਾ। ਆਪ ਐਸੇ ਗੁਰੂ ਦੇ ਗੁਣਾਂ ਤੋਂ ਬਲਿਹਾਰ ਜਾਂਦੇ ਹੋਏ ਵਰਣਨ ਕਰਦੇ ਹਨ:

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥ (ਪੰਨਾ ੪੬੨)

ਹਿੰਦੁਸਤਾਨ ਉੱਤੇ ਬਦੇਸ਼ੀ ਧਾੜਵੀਆਂ ਵੱਲੋਂ ਲੁੱਟ-ਖਸੁੱਟ ਦੀ ਲਾਲਸਾ ਅਧੀਨ ਚਾਰੇ ਪਾਸੇ ਉੱਥਲ-ਪੁੱਥਲ ਅਤੇ ਰਾਜ-ਗਰਦੀ ਦੀ, ਬੁਰਸ਼ਾ-ਗਰਦੀ ਦੀ ਹੱਦ ਨਾ ਰਹੀ। ਬਾਬਰ ਵਰਗੇ ਮਹਾਨ ਜੇਤੂ ਨੂੰ ਆਪ ਨੇ ਹਾਅ ਦਾ ਨਾਹਰਾ ਮਾਰਦਿਆਂ ਮਿਹਣੇ ਦਿੱਤੇ:

ਪਾਪ ਕੀ ਜੰਞ ਲੈ ਕਾਬਲਹੁ ਧਾਇਆ...॥ (ਪੰਨਾ ੭੨੨)

ਅਜਿਹੇ ਔਕੜਾਂ ਭਰੇ ਸਮੇਂ ਵਿਚ ਪਰਜਾ ਉੱਤੇ ਹਮੇਸ਼ਾ ਹੀ ਘਿਨਾਉਣੇ ਬੱਦਲ ਮੰਡਲਾ ਰਹੇ ਸਨ। ਕਿਸੇ ਵਿਚ ਥੋੜ੍ਹੀ ਜਿਹੀ ਵੀ ਜੁਰਅੱਤ ਨਹੀਂ ਸੀ ਕਿ ਬਦੇਸ਼ੀ ਧਾੜਵੀਆਂ ਨੂੰ ਠੱਲ੍ਹ ਪਾਉਣ ਲਈ ਉਪਰ ਨੂੰ ਸਿਰ ਚੁੱਕ ਕੇ ਬੋਲੇ ਤਾਂ ਇਸ ਵਰਗੇ ਵਾਤਾਵਰਣ ਵਿਚ ਕਿਸੇ ਨੂੰ ਦੇਸ਼-ਪਿਆਰ ਭਲਾ ਕਿਵੇਂ ਤੇ ਕਿੰਨਾ ਕੁ ਜਾਗ ਸਕਦਾ ਸੀ। ਇਹ ਨਾਮੁਮਕਿਨ ਗੱਲ ਸੀ। ਮੁੱਕਦੀ ਗੱਲ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਸ਼-ਪਿਆਰ ਦੇ ਠਾਠਾਂ ਮਾਰਦੇ ਸਮੁੰਦਰ ਨੂੰ ਧਰਮ ਦਾ ਰੂਪ ਦੇ ਕੇ ਇਕ ਨਵੀਂ ਕਿਸਮ ਦੀ ਕ੍ਰਾਂਤੀ ਚਲਾ ਦਿੱਤੀ। ਇਹ ਇਕ ਪ੍ਰਕਾਰ ਦੀ ਵਿਲੱਖਣ ਲਹਿਰ, ਸਿੱਖ ਭਗਤੀ ਮਾਰਗ ਦਾ ਰੂਪ ਬਣ ਕੇ ਆਉਣ ਵਾਲੇ ਸਮਾਜ ਵਿਚ ਸਦਾਚਾਰਕ, ਸਭਿਆਚਾਰਕ ਤੇ ਅਮਲਾਂ ਦੇ ਸੁੱਚੇ ਤੇ ਸੱਚੇ ਆਧਾਰ 'ਤੇ ਚੱਲਦੀ ਗਈ। ਜਿਸ ਨਾਲ ਦੇਸ਼ ਦੀ ਡਾਵਾਂ-ਡੋਲ ਬੇੜੀ ਨੂੰ ਸਦਾ ਲਈ ਸੱਚ ਦੇ ਰਾਹ ਵੱਲ ਚੱਲਣ ਨਾਲ ਦੇਸ਼-ਵਾਸੀਆਂ ਨੂੰ ਆਤਮਿਕ ਸ਼ਕਤੀ ਦੇ ਕੇ ਸ਼ਾਂਤੀ ਵਰਤਾ ਰਹੀ ਹੈ।

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥... (ਪੰਨਾ ੬੨)

(11/1979)

ਗੁਰੂ ਬਾਬਾ ਨਾਨਕ

ਅਜੇ ਸੱਤਾਂ ਮਹੀਨਿਆਂ ਦਾ ਹੀ ਬਾਬਾ ਨਾਨਕ ਸੀ ਕਿ ਇੰਜ ਗੋਠ ਮਾਰ ਕੇ ਬੈਠਦਾ, ਜਿਵੇਂ ਜੋਗੀ-ਰਾਜ ਬੈਠਦੇ ਹਨ। ਮਾਤਾ-ਪਿਤਾ ਸੋਚਦੇ, ਖ਼ਬਰੇ ਇਹਦੀ ਕਿਸੇ ਟੰਗ ਵਿਚ ਵਲ ਪੈ ਜਾਂਦਾ ਹੈ ਤੇ ਉਹਦੀ ਗੋਠ ਉਤਾਰ ਕੇ ਸਿੱਧੀ ਕਰ ਦਿੰਦੇ। ਪਰ ਜਦੋਂ ਤੀਕ ਟੰਗ ਫੜੀ ਰੱਖਣ ਗੋਠ ਸਿੱਧੀ ਰਹੇ, ਜਦੋਂ ਛੱਡਣ ਗੋਠ ਫੇਰ ਜੋਗ-ਚੱਕਰ ਵਰਗੀ ਹੋ ਜਾਂਦੀ।

ਜਦੋਂ ਬਾਬਾ ਅੱਠਾਂ ਵਰ੍ਹਿਆਂ ਦਾ ਹੋਇਆ, ਨਾ ਬੋਲੇ, ਨਾ ਚਾਲੇ, ਨਾ ਵੇਖੇ ਨਾ ਸੁਣੇ, ਤਾਂ ਦਾਦੇ ਕਾਲੂ ਮੁੱਲਾਂ ਸਦਾਇਆ। ਮੁੱਲਾਂ ਨੇ ਆ ਕੇ ਬਾਬੇ ਨਾਨਕ ਤਾਈਂ ਵਜ਼ੀਫ਼ਾ ਪੜ੍ਹਿਆ ਤੇ ਤਵੀਤ ਦੇ ਦਿੱਤਾ। ਤਾਂ ਵੀ ਬਾਬਾ ਬੋਲੇ ਮੁਤਲਕ ਨਹੀਂ। ਤਾਂ ਮੁੱਲਾਂ ਬਹੁਤ ਦਿਲਗੀਰ ਹੋ ਗਿਆ ਤੇ ਉਸ ਕਿਹਾ, "ਹੇ ਨਾਨਕ ਜੀ, ਤੂੰ ਆਪਣੇ ਖ਼ੁਦਾਇ ਦੇ ਨਾਇ ਬੋਲੁ। ਰਜਾਇ ਖ਼ੁਦਾਇ, ਆਪਣੇ ਖ਼ੁਦਾਇਆ ਦੇ ਅਰਥ ਬੋਲੇ। ਏਕੁ ਭੇਰਾ ਕੁ ਬੋਲਿ ਰਜਾਇ-ਖ਼ੁਦਾਇ।" ਤਾਂ ਬਾਬਾ ਨਾਨਕ ਬੋਲਿਆ :

ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥
ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ ॥ (ਪੰਨਾ ੭੨੧)

ਅੱਠਾਂ ਵਰ੍ਹਿਆਂ ਦਾ ਪੰਜਾਬੀ ਨੀਂਗਰ ਫ਼ਾਰਸੀ ਕਿਵੇਂ ਬੋਲਦਾ ਸੀ ? ਮੁੱਲਾਂ ਹੈਰਾਨ ਹੋ ਗਿਆ।

ਜਦ ਗੁਰੂ ਬਾਬਾ ਤੇਰ੍ਹਾਂ-ਚੌਦਾਂ ਸਾਲਾਂ ਦਾ ਹੋਇਆ ਤਾਂ ਇਕ ਦਿਨ ਦਾਦੇ ਕਾਲੂ ਕਿਹਾ, ਬੱਚਾ ਨਾਨਕ ! ਅਜੁ ਹਾਣੀ, ਪਾਲੀ, ਰਾਖੇ ਸਭਿ ਜਿੰਮੀਂ ਗੋਡਣ ਗਏ ਹੈਂ। ਬੱਚਾ ! ਤੂੰ ਖੇਤ ਦੇ ਬੰਨੈ ਜਾਇ ਖੜਾ ਹੋਇ ਜੇ ਚਿੜੀਆਂ ਖੇਤੁ ਨ ਖਾਇ ਜਾਨੀ।" ਖੇਤ 'ਤੇ ਬੰਨੇ ਵਿਚ ਰੁੱਖ ਸੀ, ਨਾਨਕ ਉਸ ਰੁੱਖ ਹੇਠ ਪੈ ਕੇ ਸੌਂ ਗਿਆ। ਰਾਇ ਭੋਇ ਉਸ ਰਾਹ ਅਸਵਾਰ ਹੋ ਕੇ ਆਣ ਨਿਕਲਿਆ। ਰਾਇ ਨੇ ਆਪਣਾ ਨਫ਼ਰ ਭੇਜਿਆ ਤਾਂ ਜੋ ਵੇਖੇ, ਇੰਜ ਸਵੇਰ ਦੇ ਪਹਿਰ ਕੌਣ ਸੁੱਤਾ ਹੈ। ਨਫ਼ਰ ਨੇ ਆ ਕੇ ਦੱਸਿਆ—ਕਾਲੂ ਬੇਦੀ ਦਾ ਪੁੱਤਰ ਸੁੱਤਾ ਪਿਆ ਹੈ। ਤਾਂ ਰਾਇ ਭੋਇ ਆਪਣੇ ਰਾਹ ਤੁਰ ਗਿਆ। ਪਹਿਰ ਕੁ ਦਿਨ ਰਹਿੰਦੇ ਰਾਇ ਭੋਇ ਫੇਰ ਉਸ ਰਾਹ ਆਇਆ। ਵੇਖੇ ਤਾਂ ਓਸ ਰਾਹ ਹੇਠ ਫੇਰ ਕੋਈ ਉਂਜ-ਦਾ-ਉਂਜ ਸੁੱਤਾ ਹੈ। ਨਫ਼ਰ ਨੇ ਦੱਸਿਆ, ਨਾਨਕ ਹੀ ਸੁੱਤਾ ਹੈ। ਰਾਇ ਭੋਇ ਕਿਹਾ, ਜੀਂਦਾ ਹੈ ਕਿ ਨਹੀਂ ? ਸਾਸ ਤਾਂ ਹੈ ਸੂ, ਤਦ ਰਾਇ ਘੋੜਿਓਂ ਉਤਰ ਕੇ ਬਾਬੇ ਕੋਲ ਆਇਆ। ਵੇਖੇ ਤਾਂ ਹੋਰਨਾਂ ਰੁੱਖਾਂ ਦੀ ਛਾਂ ਚਲੀ ਗਈ ਹੈ ਪਰ ਉਸ ਰੁੱਖ ਦੀ ਛਾਂ ਗੁਰੂ ਬਾਬੇ ਉਪਰ ਉਂਜ-ਦੀ-ਉਂਜ ਖੜੀ ਹੈ। ਵੇਖ ਕੇ ਰਾਇ ਭੋਇ ਹੈਰਾਨ ਹੋ ਗਿਆ। ਬੜਾ ਹੈਰਾਨ ਹੋਇਆ, ਕੋਈ ਵਲੀ ਖ਼ੁਦਾ ਇਹ ਪੈਦਾ ਹੋਇਆ ਹੈ। ਵੱਡਾ ਬਜ਼ੁਰਗ ਹੈ। ਬੜੀ ਅਜ਼ਮਤ ਵਾਲਾ ਹੈ। ਤਾਂ ਰਾਇ ਭੋਇ ਬਾਬੇ ਨਾਨਕ ਤਾਈਂ ਕੌਰਨਿਸ਼ ਕੀਤੀ, ਚਲੇ,

ਚਲ ਕੇ ਕੌਰਨਿਸ਼ ਕਰੇ। ਪੈਰ ਪਿਆਦਾ ਹੀ ਘਰ ਗਿਆ।''

ਬਾਬੇ ਨਾਨਕ ਦਾ ਭਣਵਈਆ ਜੈ ਰਾਮ ਸੁਲਤਾਨਪੁਰ ਦੇ ਨਵਾਬ ਦਉਲਤ ਖ਼ਾਨ ਦਾ ਅਹਿਲਕਾਰ ਸੀ। ਉਸ ਨਾਨਕ ਨੂੰ ਆਪਣੇ ਕੋਲ ਸੱਦ ਕੇ ਨਵਾਬ ਦੇ ਮੋਦੀ ਰਖਵਾ ਦਿੱਤਾ। ਸੁਲਤਾਨਪੁਰ ਵਿਚ ਬਾਬਾ ਨਿੱਤ ਇਸ਼ਨਾਨ ਕਰਨ ਦਰਿਆ 'ਤੇ ਜਾਂਦਾ। ਸਵਾ ਪਹਿਰ ਰਾਤ ਰਹਿੰਦੀ ਤੇ ਉਹ ਦਰਿਆ 'ਤੇ ਅੱਪੜ ਜਾਂਦਾ। ਇਕ ਨਫ਼ਰ ਨਾਲ ਹੁੰਦਾ। ਜਦੋਂ ਇਸ਼ਨਾਨ ਕਰ ਕੇ ਨਿਕਲਦਾ ਤਾਂ ਨਫ਼ਰ ਕੱਪੜੇ ਪੇਸ਼ ਕਰਦਾ। ਇਕ ਦਿਨ ਪਹਿਰ ਰਾਤ ਰਹਿੰਦੀ ਬਾਬਾ ਨਹਾਣ ਗਿਆ। ਕੱਪੜੇ ਲਾਹ ਕੇ ਨੌਕਰ ਨੂੰ ਪਕਰਾਏ। ਜੂੜਾ ਕਰ ਕੇ ਜਿਉਂ ਦਰਿਆ ਵਿਚ ਡੁਬਕੀ ਮਾਰੀ ਕਿ ਫੇਰ ਨਾ ਨਿਕਲਿਆ। ਜਦ ਨਾਨਕ ਨੂੰ ਟੁੱਭੀ ਮਾਰੀ ਘੜੀ-ਕੁ ਹੋ ਗਈ, ਨਫ਼ਰ ਫ਼ਿਕਰਮੰਦ ਹੋਣ ਲੱਗਾ। ਹੇਠਾਂ ਉੱਤੇ ਵੇਖਣ ਲੱਗਾ, ਬਾਬਾ ਤਾਂ ਕਿਸੇ ਵੀ ਨਹੀਂ ਸੀ। ਫੇਰ ਟੁੱਭੀ ਮਾਰੇ ਇਕ ਪਹਿਰ ਹੋ ਗਿਆ ਤਾਂ ਉਹ ਨਫ਼ਰ ਵਿਰਲਾਪ ਕਰਨ ਲੱਗਾ। ਨਾ ਜਾ ਸਕੇ, ਨਾ ਦਰਿਆ ਵਿਚ ਵੜ ਸਕੇ। ਫੇਰ ਇਹ ਖ਼ਬਰ ਸ਼ਹਿਰ ਪੁੱਜ ਗਈ। ਕਈ ਹਜ਼ਾਰ ਲੋਕ ਲੱਗੇ ਰੋਣ। ਨਵਾਬ ਨੂੰ ਪਤਾ ਲੱਗਾ ਤਾਂ ਉਹ ਆਪ ਆਇਆ। ਮਲਾਹ ਬੁਲਵਾ ਕੇ ਦਰਿਆ ਵਿਚ ਜਾਲ ਪਵਾਏ। ਤਿੰਨ-ਚਾਰ ਕੋਹ ਦਰਿਆ ਦਾ ਚੱਪਾ-ਚੱਪਾ ਖੰਘਾਲਿਆ ਗਿਆ, ਪਰ ਕੋਈ ਖ਼ਬਰ ਨਾ ਲੱਗੀ। ਤੀਜੇ ਦਿਨ ਬਾਬਾ ਨਦੀ ਵਿਚੋਂ ਆਪ-ਹੀ-ਆਪ ਨਿਕਲ ਆਇਆ। ਇਹ ਤਿੰਨ ਦਿਨ ਬਾਬੇ ਨੇ ਨਿਰੰਜਣ ਨਿਰੰਕਾਰ ਦੀ ਦਰਗਾਹ ਵਿਚ ਗੁਜ਼ਾਰੇ। ਪਾਰਬ੍ਰਹਮ ਨੇ ਨਾਨਕ ਨੂੰ ਕਿਹਾ, ''ਏ ਨਾਨਕ! ਤੂੰ ਮੈਂ ਮੁਕਤਾ ਕੀਆ। ਜਿ ਕੋਈ ਤੁਮ ਕੋ ਦੇਖਹਿਗੇ ਸਿ ਮੁਕਤੇ ਕੀਤੇ। ਜਿ ਤੁਮਕੇ ਸੁਣਹਿਗੇ ਸੇ ਮੈਂ ਮੁਕਤੇ ਕੀਏ। ਜੇ ਤੇਰਾ ਨਾਉਂ ਲਹਿਗੇ ਸੇ ਮੈਂ ਮੁਕਤੇ ਕੀਏ। ਜਿਨ ਕਉ ਤੂੰ ਬਖ਼ਸ਼ਿੰਹਗਾ, ਤਿੰਨ ਕੋ ਮੈਂ ਬਖਸ਼ਉਂਗਾ। ਤੂੰ ਮੈਂ ਨਿਹਾਲ ਕੀਤਾ ਹੈ।''... ਨਦੀ ਤੋਂ ਇੰਜ ਤਿੰਨ ਦਿਨ ਬਾਅਦ ਬਾਬੇ ਨਾਨਕ ਦੇ ਨਿਕਲ ਆਉਣ ਦੀ ਖ਼ਬਰ ਸਾਰੇ ਸ਼ਹਿਰ ਵਿਚ ਫੈਲ ਗਈ। ਲੋਕੀਂ ਹੁੰਮ-ਹੁਮਾ ਕੇ ਦਰਸ਼ਨਾਂ ਲਈ ਆਏ। ਨਵਾਬ ਦਉਲਤ ਖ਼ਾਨ ਖ਼ੁਦ ਆਇਆ। ਲੋਕ ਜਹਾਨ ਲੱਗਾ ਕਹਿਣ, ''ਨਾਨਕ! ਅੱਗੇ ਤੂੰ ਕਿਛੁ ਹੋਰ ਸੀ, ਅਬ ਤੂੰ ਹੋਰ ਹੋਆ। ਇਕ ਹਿੰਦੂਆਂ ਦਾ ਰਾਹ ਹੈ, ਇਕ ਮੁਸਲਮਾਨਾਂ ਦਾ ਰਾਹ ਹੈ, ਪਰ ਤੂੰ ਕੇਹੜੇ ਰਾਹ ਵਿਚ ਹੈਂ?'' ਤਬ ਗੁਰੂ ਬਾਬੇ ਨਾਨਕ ਜੀ ਕਿਹਾ, ''ਨਾ ਕੋਈ ਹਿੰਦੂ ਹੈ, ਨਾ ਕੋਈ ਮੁਸਲਮਾਨ ਹੈ। ਮੈਂ ਕਿਸ ਦੇ ਰਾਹ ਹੋਵਾਂ? ਮੈਂ ਖੁਦਾਇ ਦੇ ਰਾਹਿ ਹੋਵਾਂ? ਖੁਦਾਇ ਨਾ ਹਿੰਦੂ ਨਾ ਮੁਸਲਮਾਨ ਹੈ, ਮੈਂ ਜਿਹਾ ਖੁਦਾਇ ਦੇ ਰਾਹਿ ਹਾਂ।''

ਇਕ ਦਿਨ ਬਾਬਾ ਨਾਨਕ ਨਵਾਬ ਦਉਲਤ ਖਾਨ ਕੋਲ ਬੈਠੇ ਮਾਰਫ਼ਤ ਦੀਆਂ ਗੱਲਾਂ ਕਰ ਰਹੇ ਸਨ ਕਿ ਪੇਸ਼ੀ ਦੀ ਨਿਮਾਜ਼ ਦਾ ਵਕਤ ਹੋਇਆ। ਉਜੂ ਸਾਜਿ, ਅੱਗੇ ਕਾਜ਼ੀ ਖੜਾ ਹੋਇਆ, ਪਿੱਛੇ ਖ਼ਾਨ ਨਾਲ ਹੋਰ ਅਹਿਲਕਾਰ ਖੜੇ ਹੋਏ। ਕਾਜ਼ੀ ਨੇ ਸਿਜਦਾ ਕੀਤਾ, ਉਹਦੇ ਪਿੱਛੇ ਹੋਰਨਾਂ ਨੇ ਵੀ ਸਿਜਦਾ ਕੀਤਾ। ਬਾਬਾ ਨਾਨਕ ਕਹਿਕਹਾ ਮਾਰ ਕੇ ਹੱਸ ਪਏ। ਦੂਜੀ ਵਾਰ ਫੇਰ ਉਹਨਾਂ ਸਿਜਦਾ ਕੀਤਾ, ਬਾਬਾ ਨਾਨਕ ਫੇਰ ਖਿੜ-ਖਿੜਾ ਕੇ ਹੱਸ ਪਏ। ਜਦ ਉਹ ਨਿਮਾਜ਼ ਅਦਾ ਕਰ ਚੁੱਕੇ ਤਾਂ ਕਾਜ਼ੀ ਨੇ ਸੁਲਤਾਨ ਨੂੰ ਸ਼ਿਕਾਇਤ ਕੀਤੀ, ਨਾਨਕ ਉਹਨਾਂ ਦੀ ਨਿਮਾਜ਼ 'ਤੇ ਹੱਸਿਆ ਸੀ। ਖਾਨ ਨੇ ਬਾਬੇ ਨਾਨਕ ਤੋਂ ਇਸ ਦਾ ਕਾਰਨ ਪੁੱਛਿਆ। ਬਾਬੇ ਨੇ ਜਵਾਬ ਦਿੱਤਾ, ''ਜੀ, ਜਦਿ ਏਹ ਨਿਵਾਜ ਉਪਰਿ ਖੜਾ ਹੋਆ ਤਬ ਏਸ ਦਾ ਜੀਉ ਹੋਰ ਲੈ ਗੈਅ, ਘੋੜੀ ਘਰ ਸੂਈ ਸਸੁ ਜਾਂ ਨਿਵਾਜ ਉਪਰ ਖੜੋਤੇ ਸਿਜਦਾ ਦੇਂਦੇ ਹੀ ਉਸ ਘੋੜੀ ਵਿਚ ਜਾਇ ਜੀਉ ਪਇਉਸ,

ਏਹ ਗੱਲ ਜੀ ਵਿਚ ਧਾਰੇ ਜਿ, ਜਾਹਿ ਜਾਂਦੀ, ਏਹੁ ਸਿ ਹਵੇਲੀ ਵਿਚ ਖੂਹ ਸੀ, ਵਿਚ ਘੋੜੀ ਬੱਧੀ ਹੈ, ਪਿੱਛੇ ਵਛੇਰਟੂ ਹੈ, ਨਾ ਕੋਈ ਘੋੜੀ ਪਾਸਿ ਆਦਮੀ ਬਹਾਲਿਆ ਨਾ ਘੋੜੀ ਵੀ ਵੱਖ ਬੱਧੀ। ਇਆਣਾ ਵਛੇਰਟੂ ਹੈ ਖੂਹੇ ਵਿਚ ਪੈ ਮਰੇਗਾ। ਏਥੇ ਸਿਜਦਾ ਦੇਂਦੇ, ਜੀਉ ਘੋੜੀ ਵਿਚ। ਏਡ ਤਕਸੀਰ ਕਰਿਕੈ ਏਸ ਦੀ ਨਿਵਾਜ਼ ਥਾਇ ਨਾ ਪਈਆ।''

ਕਾਜ਼ੀ ਨੂੰ ਪੁੱਛਿਆ ਜੀ, ''ਏਹ ਬਾਤ ਸਚੁ ਹੈ ਕਿ ਨਾ?''

ਤੇ ਕਾਜ਼ੀ ਕਿਹਾ, ''ਖ਼ਾਨ ਜੀ ਸਲਾਮਤ! ਏਹੁ ਬਾਤ ਸਚੁ ਹੈ।'' ਇਹ ਸੁਣ ਸਭੇ ਹੈਰਾਨ ਹੋ ਗਏ।

ਇਕ ਵਾਰ ਬਾਬਾ ਗੰਗਾ ਦੇ ਤਟ 'ਤੇ ਜਾ ਉਤਰਿਆ। ਵਿਸਾਖੀ ਦਾ ਪੁਰਬ ਸੀ। ਅਸੰਖ ਲੋਕ ਜੁੜੇ ਇਸ਼ਨਾਨ ਕਰ ਰਹੇ ਸਨ। ਇਸ਼ਨਾਨ ਕਰ ਰਹੇ ਲੋਕ ਲੱਗੇ ਸੂਰਜ ਨੂੰ ਪਾਣੀ ਦੇਣ। ਜਦੋਂ ਨਾਨਕ ਇਸ਼ਨਾਨ ਕਰਨ ਲੱਗਾ, ਗੁਰੂ ਬਾਬਾ ਲੱਗਾ ਪੱਛਮ ਦੀ ਤਰਫ਼ ਪਾਣੀ ਦੇਣ। ਯਾਤਰੀ ਸੋਚਣ ਲੱਗੇ ਜਾਂ ਇਹ ਕੋਈ ਬਾਵਲਾ ਹੈ ਜਾਂ ਤੁਰਕ। ਤਾਂ ਉਹਨਾਂ ਵਿਚੋਂ ਇਕ ਨੇ ਪੁੱਛਿਆ, ''ਜੀ ਤੁਮਿ ਜਿ ਪੱਛਮ ਕੀ ਕੁੰਟ ਪਾਣੀ ਦੇਤੇ ਹਉ ਸੋ ਕਿਸੁ ਕਉ ਦੇਤੇ ਹਉ।'' ਗੁਰੂ ਬਾਬੇ ਨੇ ਕਿਹਾ, ''ਜੀ ਮਨ ਜਿ ਦੇਤੇ ਹੈ ਸਿ ਲਾਹੌਰਿ ਕੈ ਨਜ਼ੀਕ ਹਮਾਰਾ ਘਰ ਹੈ ਅਰ ਖੇਤੁ ਹੈ, ਉਹਾਂ ਬਡੇ ਬਡੇ ਮੀਂਹ ਪੜਿ ਰਹੇ ਹੈਂ, ਪਰ ਓਤੁ ਮੇਰੇ ਖੇਤਰੇ ਮੀਂਹ ਕਦੇ ਨਾਹੀ ਪੜਿਆ, ਮੈਂ ਉਸ ਖੇਤੁ ਕਉ ਪਾਣੀ ਦੇਤਾ ਹਉਂ।'' ਤਾਂ ਉਹ ਲੋਕ ਹੱਸ ਪਏ। ਸੱਚਮੁੱਚ ਇਹ ਕੋਈ ਬਾਵਲਾ ਹੈ। ਤਦ ਗੁਰੂ ਨਾਨਕ ਨੇ ਉਹਨਾਂ ਤੋਂ ਪੁੱਛਿਆ, ''ਤੁਮਿ ਜਿ ਸੂਰਜ ਕੁੰਟਿ ਪਾਣੀ ਦੇਤੇ ਹਉ ਸੋ ਕਿਸੁ ਕਉਂ ਦੇਤੇ ਹਉ?'' ਉਨ੍ਹਾਂ ਕਿਹਾ, ''ਹਮ ਪਿਤਰੀ ਕਉ ਦੇਤੇ ਹੈ ਪਾਣੀ।'' ਬਾਬੇ ਕਿਹਾ, ''ਤੁਮਾਰੀਆਂ ਪਿਤਰੀ ਕਹਾਂ ਹੈ?'' ਕਹਿਣ ਲੱਗੇ, ''ਜੀ, ਦੇਵ ਲੋਕ, ਉਣਵੰਜਹ ਕਰੋੜੀ ਹੈ ਈਹਾਂ ਤੇ, ਹਮ ਉਹਾਂ ਕਉ ਪਾਣੀ ਦੇਤੇ ਹੈਂ।'' ਤਦ ਗੁਰੂ ਨਾਨਕ ਕਿਹਾ, ''ਈਹਾਂ ਕਾ ਦੀਆ ਪਾਣੀ ਊਹਾਂ ਪਹੁੰਚਤਾ ਹੈ?'' ਕਹਿਣ, ''ਜੀ, ਪਹੁੰਚਤਾ ਹੈ।'' ਤਾਂ ਗੁਰੂ ਨਾਨਕ ਹੱਸ ਪਏ। ਜੇ ਪਾਣੀ ਉਣਵੰਜਾ ਕਰੋੜ ਦੇਵ ਲੋਕ ਜਾਇਗਾ ਤਾਂ ਲਾਹੌਰ ਦੀ ਧਰਤੀ ਤਕ ਨਹੀਂ ਜਾਵੇਗਾ? ਤਦ ਉਹ ਲੋਕ ਸਮਝ ਗਏ, ਇਹ ਬਾਵਰਾ ਨਹੀਂ, ਇਹ ਤਾਂ ਕੋਈ ਮਹਾਂਪੁਰਖ ਹੈ। ਬਾਬੇ ਨਾਨਕ ਨੇ ਉਹਨਾਂ ਨੂੰ ਦਿਬ-ਦ੍ਰਿਸ਼ਟ ਦਿੱਤੀ। ਚਮ-ਦ੍ਰਿਸ਼ਟ ਉਹਨਾਂ ਦੀ ਦੂਰ ਹੋਈ।

ਗੁਰੂ ਨਾਨਕ ਮੱਕੇ ਦੀ ਜ਼ਿਆਰਤ ਨੂੰ ਗਏ। ਉਥੇ ਪੁੱਜੇ, ਇਕ ਮੌਲਾਣਿਆਂ ਦੇ ਪਿੰਡ ਮਸੀਤ ਵਿਚ ਸੌਂ ਗਏ। ਪਿੰਡ ਦੇ ਸਰਦਾਰ ਦੀ ਉਹ ਮਸੀਤ ਸੀ। ਪੇਸ਼ੀ ਵੇਲੇ ਉਸ ਮਸੀਤ ਵਿਚ ਲੋਕੀਂ ਇਕੱਠੇ ਹੋਏ। ਵੇਖਣ ਤਾਂ ਇਕ ਆਦਮੀ ਕਾਬ੍ਹੇ ਵੱਲ ਪੈਰ ਪਸਾਰ ਸੁੱਤਾ ਹੈ। ਉਹਨਾਂ ਬਾਬੇ ਨੂੰ ਜਗਾਇਆ ਤੇ ਇੰਜ ਕਾਬ੍ਹੇ ਦੀ ਬੇਅਦਬੀ ਕਰਨ ਲਈ ਤਾੜਨਾ ਕੀਤੀ। ਨਾਨਕ ਕਿਹਾ, ''ਏ ਬਾਬਾ ਸਾਹਿਬ ਦਿਉਹੁ! ਜਿਸ ਤਰਫ਼ ਨਾਹੀ ਸਾਹਿਬ ਦਾ ਘਰ ਉਸੇ ਹੀ ਜਾਗਾਹ ਏਹਿ ਮੇਰੇ ਪੈਜਾਰ ਰਖ ਆਵਹੁ। ਅਰ ਜਿਸ ਤਰਫ਼ ਨਾਹੀਂ ਕਾਬ੍ਹਾ ਉਸ ਤਰਫ਼ ਮੇਰੇ ਪੈਜਾਰ ਕਰਹੁ। ਜਿਉਂ ਜਿਉਂ ਤੁਸੀਂ ਜਾਣਦੇ ਹਹੁ ਤਿਉਂ ਤਿਉਂ ਤੁਸੀਂ ਕਰਹੁ। ਤਾਂ ਸਭ ਦੀਆਂ ਅੱਖੀਆਂ ਖੁੱਲ੍ਹ ਗਈਆਂ। ਇਕ ਦੂਜੇ ਦੇ ਮੂੰਹ ਵੱਲ ਵੇਖਣ ਲੱਗੇ।

ਫੇਰ ਬਾਬਾ ਸੈਦਪੁਰ ਗਏ। ਮਰਦਾਨਾ ਉਹਨਾਂ ਦੇ ਨਾਲ ਸੀ। ਸੈਦਪੁਰ ਵਿਚ ਉਹ ਲਾਲੋ ਨਾਂ ਦੇ ਇਕ ਤਰਖਾਣ ਦੇ ਘਰ ਟਿਕੇ। ਸ਼ਹਿਰ ਵਿਚ ਬੜੀ ਚਰਚਾ ਹੋਈ, ਕੋਈ ਖੱਤਰੀ ਸ਼ੂਦਰ

ਦੇ ਆਣ ਰਿਹਾ ਹੈ। ਕੁਝ ਦਿਨਾਂ ਬਾਅਦ ਮਲਕ ਭਾਗੋ, ਸ਼ਹਿਰ ਦੇ ਇਕ ਪਤਵੰਤੇ ਨੇ ਭੋਜ ਕੀਤਾ ਜਿਸ ਵਿਚ ਚਾਰੇ ਵਰਨਾਂ ਦੇ ਲੋਕ ਆਏ। ਨਾਨਕ ਨੂੰ ਵੀ ਨਿਉਤਾ ਦਿੱਤਾ ਗਿਆ ਪਰ ਬਾਬਾ ਨਹੀਂ ਗਏ। ਜਦੋਂ ਭਾਗੋ ਨੂੰ ਪਤਾ ਲੱਗਾ, ਉਸ ਗੁਰੂ ਨਾਨਕ ਨੂੰ ਸੱਦ ਘੱਲਿਆ। ਮਲਿਕ ਭਾਗੋ ਬੜਾ ਕ੍ਰੋਧ ਵਿਚ ਸੀ, ਬਾਬਾ ਇਕ ਨੀਚ ਜਾਤ ਦੇ ਭੋਜਨ ਕਰ ਸਕਦਾ ਸੀ ਪਰ ਉਸ ਦੀ ਦਾਅਵਤ ਨੂੰ ਉਸ ਕਬੂਲ ਨਹੀਂ ਸੀ ਕੀਤਾ। ਇਹ ਵੇਖ ਗੁਰੂ ਬਾਬੇ ਨੇ ਮਲਿਕ ਭਾਗੋ ਨੂੰ ਉਸ ਦੇ ਹਿੱਸੇ ਦਾ ਭੋਜਨ ਮੰਗਾਉਣ ਲਈ ਕਿਹਾ ਤੇ ਲਾਲੋ ਨੂੰ ਵੀ ਕਿਹਾ ਉਹ ਆਪਣੇ ਘਰ ਦੀ ਰੋਟੀ ਵੀ ਲੈ ਆਏ। ਜਦੋਂ ਦੋਵੇਂ ਥਾਲ ਬਾਬੇ ਦੇ ਸਾਹਮਣੇ ਆਏ, ਗੁਰੂ ਨਾਨਕ ਨੇ ਲਾਲੋ ਦੀ ਰੁਖੀ-ਮਿੱਸੀ ਸੱਜੇ ਹੱਥ ਵਿਚ ਫੜੀ ਤੇ ਮਲਿਕ ਭਾਗੋ ਦੀ ਚੋਆਂ-ਚੋਆਂ ਕਰਦੀ ਲੁੱਚੀ ਖੱਬੇ ਹੱਥ ਵਿਚ। ਬਾਬੇ ਨੇ ਦੋਹਾਂ ਮੁੱਠੀਆਂ ਨੂੰ ਦਬਾਇਆ। ਲਾਲੋ ਦੀ ਰੋਟੀ ਵਿਚੋਂ ਦੁੱਧ ਚੋਇਆ ਤੇ ਮਲਿਕ ਭਾਗੋ ਦੀ ਲੁੱਚੀ ਵਿਚੋਂ ਲਹੂ। ਲੋਕੀਂ ਵੇਖ ਕੇ ਹੈਰਾਨ ਹੋ ਗਏ। ਲਾਲੋ ਦੀ ਕਮਾਈ ਹੱਕ-ਹਲਾਲ ਦੀ ਸੀ ਤੇ ਮਲਿਕ ਭਾਗੋ ਦੀ ਕਮਾਈ ਹਰਾਮ ਦੀ।

(11/1990)

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਜਗਤ-ਪ੍ਰਚਾਰ ਫੇਰੀਆਂ

ਪ੍ਰਚਲਿਤ ਜਨਮਸਾਖੀਆਂ ਗੁਰੂ ਨਾਨਕ ਸਾਹਿਬ, ਚਾਹੇ ਉਹ ਪੁਰਾਤਨ ਜਨਮਸਾਖੀ ਹੋਵੇ ਜਾਂ ਭਾਈ ਬਾਲੇ ਅਥਵਾ ਭਾਈ ਮਨੀ ਸਿੰਘ ਵਾਲੀ ਜਨਮਸਾਖੀ, ਗੁਰੂ ਨਾਨਕ ਜੀ ਦੀਆਂ ਸੰਸਾਰ-ਫੇਰੀਆਂ ਬਾਰੇ ਪੰਜ ਜਾਂ ਚਾਰ ਉਦਾਸੀਆਂ (ਯਾਤਰਾਵਾਂ) ਦਾ ਜ਼ਿਕਰ ਜ਼ਰੂਰ ਮਿਲਦਾ ਹੈ। ਇਕ ਹੱਥ-ਲਿਖਤ ਜਨਮਸਾਖੀ ਗੁਰੂ ਨਾਨਕ ਸਾਹਿਬ ਦੀ, ਜੋ ਪਟਿਆਲੇ ਭਾਸ਼ਾ ਵਿਭਾਗ ਪੰਜਾਬ ਦੇ ਪੁਸਤਕਾਲੇ ਵਿਚ ਸੁਰੱਖਿਅਤ ਹੈ, ਇਕ ਥਾਵੇਂ ਗੁਰੂ ਜੀ ਦੀਆਂ ਸੱਤ ਉਦਾਸੀਆਂ ਦੀ ਕਲਪਨਾ ਵੀ ਕੀਤੀ ਗਈ ਹੈ। ਪ੍ਰਿੰਸੀਪਲ ਸਾਹਿਬ ਸਿੰਘ ਜੀ, ਜੋ ਸਿੱਖ ਸਾਹਿਤ ਦੇ ਪ੍ਰਸਿੱਧ ਲੇਖਕ ਤੇ ਖੋਜੀ ਹਨ, ਚਾਰ ਜਾਂ ਪੰਜ ਦੀ ਥਾਵੇਂ ਗੁਰੂ ਜੀ ਦੀਆਂ ਕੇਵਲ ਤਿੰਨ ਉਦਾਸੀਆਂ ਹੀ ਮੰਨਦੇ ਹਨ। ਪਰ ਇਸ ਸੰਬੰਧ ਵਿਚ ਅਸਲੀਅਤ ਕੀ ਹੈ ਤੇ ਗੁਰੂ ਸਾਹਿਬ ਦੀਆਂ ਤਿੰਨ, ਚਾਰ ਜਾਂ ਪੰਜ ਉਦਾਸੀਆਂ ਹਨ ਅਥਵਾ ਛੇ ਜਾਂ ਸੱਤ, ਇਸ ਬਾਰੇ ਜੇ ਜਨਮਸਾਖੀਆਂ ਦੇ ਪੁਰਾਤਨ ਹੱਥ-ਲਿਖਤ ਨੁਸਖ਼ਿਆਂ ਦੀ ਖੋਜ-ਭਾਲ ਤੇ ਪੜਚੋਲ ਕੀਤੀ ਜਾਵੇ ਤਾਂ ਨਤੀਜਾ ਕੁਝ ਹੋਰਵੇਂ ਹੀ ਨਿਕਲਦਾ ਹੈ, ਜਿਵੇਂ ਕਿ ਮੈਂ ਆਪਣੀ ਸੰਪਾਦਿਤ ਕੀਤੀ ਹੋਈ ਪੁਰਾਤਨ ਜਨਮਸਾਖੀ ਦੀ ਭੂਮਿਕਾ ਵਿਚ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵੱਲੋਂ ਸੰਨ 1969 ਵਿਚ ਹੀ ਪ੍ਰਕਾਸ਼ਿਤ ਹੋਈ ਹੈ, ਇਸ ਬਾਰੇ ਕਾਫ਼ੀ ਵਿਚਾਰ ਪੇਸ਼ ਕਰ ਚੁੱਕਾ ਹਾਂ।

ਪੁਰਾਤਨ ਜਨਮਸਾਖੀ ਵਲਾਇਤ ਵਾਲੀ, ਹਾਫ਼ਿਜ਼ਾਬਾਦ ਵਾਲੀ, ਮੈਕਾਲਿਫ਼ ਵਾਲੀ ਤੇ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਵਾਲੀ ਸਾਖੀ ਤੋਂ ਬਗ਼ੈਰ ਦੋ ਕਿਸਮ ਦੀਆਂ ਪੁਰਾਤਨ ਜਨਮਸਾਖੀਆਂ ਹੋਰ ਵੀ ਮਿਲਦੀਆਂ ਹਨ ਜੋ 25 ਤੇ 30 ਸਾਖੀਆਂ ਉੱਤੇ ਆਧਾਰਿਤ ਹੋਣ ਕਰਕੇ ਪਹਿਲੀ ਕਿਸਮ ਦੀ ਕਿਸੇ ਵੀ ਪੁਰਾਤਨ ਜਨਮਸਾਖੀ ਨਾਲ ਏਨਾ ਮੇਲ ਨਹੀਂ ਖਾਂਦੀਆਂ। ਉਹਨਾਂ ਜਨਮਸਾਖੀਆਂ ਵਿਚ, ਜੇ ਉਹਨਾਂ ਨੂੰ ਆਦਿ ਤੋਂ ਅੰਤ ਤਕ ਜ਼ਰਾ ਗਹਿਰਾਈ ਨਾਲ ਵਿਚਾਰ ਕੇ ਦੇਖਿਆ ਜਾਵੇ ਤਾਂ ਗੁਰੂ ਨਾਨਕ ਦੀਆਂ ਸੰਸਾਰ-ਫੇਰੀਆਂ ਦਾ ਤਾਂ ਪੂਰਾ-ਪੂਰਾ ਵਿਵਰਣ ਮਿਲਦਾ ਹੈ, ਪਰ ਚਾਰ ਜਾਂ ਪੰਜ ਉਦਾਸੀਆਂ ਦਾ ਕਿਤੇ ਪਤਾ ਨਹੀਂ ਲੱਗਦਾ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਚਾਰ ਜਾਂ ਪੰਜ ਉਦਾਸੀਆਂ ਦੀ ਕਲਪਨਾ ਮੂਲ ਜਨਮਸਾਖੀ ਦੀਆਂ ਜੀਵਨ-ਘਟਨਾਵਾਂ ਦਾ ਹੀ ਕੁਝ ਕਾਲ-ਵਿਭਾਗ ਕਰ ਕੇ ਪਿੱਛੋਂ ਕੀਤੀ ਗਈ ਸਾਬਤ ਹੁੰਦੀ ਹੈ। ਇਸ ਕਲਪਨਾ ਦੀ ਹੀ ਇਕ ਵੱਡੀ ਖ਼ੂਬੀ ਇਹ ਵੀ ਹੈ ਕਿ ਸਾਖੀਕਾਰ ਨੂੰ ਗੁਰੂ ਜੀ ਦੀਆਂ ਜੀਵਨ-ਘਟਨਾਵਾਂ ਜਾਂ ਸੰਸਾਰ-ਫੇਰੀਆਂ ਨੂੰ ਕਿਸੇ ਪਾਸਿਉਂ ਇਧਰ-ਉਧਰ ਕਰ ਕੇ ਤਰਾਸ਼ਣਾ ਜਾਂ ਤੋੜਨਾ-ਮਰੋੜਨਾ ਨਹੀਂ ਪਿਆ ਤੇ ਉਹਨਾਂ ਦੀ ਸਮੇਂ-ਵੰਡ ਕਰ ਕੇ ਸਿਰਫ਼ ਨਵੇਂ ਸਿਰਲੇਖ ਦੇਣ ਤੇ ਨਾਮ-ਮਾਤਰ ਕੁਝ ਪੁਰਾਣਿਕ ਕਲਪਨਾ (ਖ਼ੁਆਜਾ ਖ਼ਿਜ਼ਰ, ਕੀੜ ਨਗਰ ਆਦਿ ਦੀਆਂ ਸਾਖੀਆਂ) ਦਾ ਪਾਹ ਚਾੜ੍ਹਨ

'ਤੇ ਹੀ ਬੱਸ ਕਰ ਦਿੱਤੀ ਗਈ ਹੈ। ਪਿੱਛੇ ਇਸੇ ਕਲਪਨਾ ਨੂੰ ਭਾਈ ਬਾਲੇ ਵਾਲੀ ਜਨਮਸਾਖੀ ਜਾਂ ਹੋਰ ਨਿੱਕੀਆਂ-ਮੋਟੀਆਂ ਜਨਮਸਾਖੀਆਂ ਵਿਚ ਬਹੁਤ ਕੁਝ ਵਧਾਇਆ ਜਾਂ ਘਟਾਇਆ ਵੀ ਗਿਆ ਹੈ, ਜਿਵੇਂ ਕਿ ਸੋਢੀ ਮਿਹਰਵਾਨ ਦੀ ਜਨਮਸਾਖੀ ਵਿਚ ਗੁਰੂ ਨਾਨਕ ਸਾਹਿਬ ਤੋਂ, ਜੋ ਪੂਰੇ ਵੱਡੇ-ਵੱਡੇ ਪੰਜ ਭਾਗਾਂ ਵਿਚ ਲਿਖੀ ਗਈ ਹੈ ਤੇ ਉਸ ਦੇ ਪਹਿਲੇ ਦੋ ਭਾਗ ਖ਼ਾਲਸਾ ਕਾਲਜ ਅੰਮ੍ਰਿਤਸਰ ਵੱਲੋਂ ਛਪ ਵੀ ਚੁੱਕੇ ਹਨ, ਅਜਿਹੇ ਪ੍ਰਛਿਪਤ ਅੰਸ਼ਾਂ ਦਾ ਬਹੁਤ ਕੁਝ ਪਤਾ ਲੱਗਦਾ ਹੈ।

ਜਨਮਸਾਖੀ, ਗੁਰੂ ਨਾਨਕ ਪ੍ਰਕਾਸ਼ (ਸੰਤੋਖ ਸਿੰਘ) ਤੇ ਇਤਿਹਾਸ ਗੁਰੂ ਖ਼ਾਲਸਾ, ਪ੍ਰਥਮ ਭਾਗ (ਗਿਆਨ ਸਿੰਘ) ਆਦਿ ਦੇ ਕਥਨ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੁੱਲ ਆਯੂ 70 ਕੁ ਸਾਲ ਬਣਦੀ ਹੈ ਤੇ ਇਸ ਆਯੂ ਵਿਚ ਗੁਰੂ ਜੀ ਨੇ, ਜੇ ਇਸ ਦਾ ਇਤਿਹਾਸਕ ਪੱਖ ਤੋਂ ਕਾਲ-ਵਿਭਾਗ ਕੀਤਾ ਜਾਵੇ ਤਾਂ ਸੰਨ 1469 ਤੋਂ 1497 ਈ. ਤਕ ਪਹਿਲੇ 28 ਸਾਲ ਗ੍ਰਿਹਸਥ ਆਸ਼ਰਮ ਵਿਚ, ਫੇਰ ਸੰਨ 1498 ਤੋਂ 1525 ਈ. ਤਕ 28 ਸਾਲ ਬਾਣ ਪ੍ਰਸਥ ਅਥਵਾ ਸੰਨਿਆਸ (ਤਿਆਗ) ਆਸ਼ਰਮ ਵਿਚ ਅਤੇ ਸੰਨ 1526 ਤੋਂ 1539 ਤਕ ਲਗਭਗ 18 ਸਾਲ ਨਗਰ ਕਰਤਾਰਪੁਰ, ਰਾਵੀ ਦੇ ਅਸਥਾਨ ਪਰ ਏਕਾਂਤ ਵਾਸੀ ਰਹਿ ਕੇ ਨਾਮ-ਸਿਮਰਨ, ਨਾਮ-ਦਾਨ ਤੇ ਕਥਾ-ਕੀਰਤਨ ਦੇ ਪ੍ਰਚਾਰ ਵਿਚ ਅਮਲੀ ਜੀਵਨ-ਸਿੱਖਿਆ ਦੇਂਦਿਆਂ ਗੁਜ਼ਾਰੇ। ਇਸ ਸਮੇਂ ਦੇ ਦੌਰਾਨ ਵਿਚ ਜੇ ਗੁਰੂ ਸਾਹਿਬ ਜੀ ਦੀ ਆਪਣੇ ਜੀਵਨ ਦੇ ਵਿਚਕਾਰਲੇ ਸਮੇਂ ਦੀ 28 ਸਾਲਾਂ ਦੀ ਸੰਸਾਰ-ਫੇਰੀ ਨੂੰ ਚਾਰ ਜਾਂ ਪੰਜ ਉਦਾਸੀਆਂ ਵਿਚ ਵੰਡਿਆ ਜਾਵੇ ਤਾਂ ਇਹ ਰੇਖਾ-ਚਿੱਤਰ ਇਸ ਪ੍ਰਕਾਰ ਦ੍ਰਿਸ਼ਟੀਗੋਚਰ ਹੁੰਦਾ ਹੈ:

1. ਗੁਰੂ ਨਾਨਕ ਦੀ ਪਹਿਲੀ ਉਦਾਸੀ—ਸੰਨ 1497—1509 ਈ.
2. ਗੁਰੂ ਨਾਨਕ ਦੀ ਦੂਜੀ ਉਦਾਸੀ—ਸੰਨ 1510—1514 ਈ.
3. ਗੁਰੂ ਨਾਨਕ ਦੀ ਤੀਜੀ ਉਦਾਸੀ—ਸੰਨ 1515—1518 ਈ.
4. ਗੁਰੂ ਨਾਨਕ ਦੀ ਚੌਥੀ ਉਦਾਸੀ—ਸੰਨ 1519—1524 ਈ.

ਪਹਿਲੀ ਉਦਾਸੀ ਪੂਰਬ ਦੇ ਦੇਸ਼ਾਂ ਦੀ ਹੈ, ਜਿਸ ਵਿਚ ਗੁਰੂ ਨਾਨਕ ਸੁਲਤਾਨਪੁਰੋਂ ਤਲਵੰਡੀ (ਸ਼ੇਖੂਪੁਰਾ), ਰੋੜੀ ਸਾਹਿਬ ਐਮਨਾਬਾਦ (ਗੁੱਜਰਾਂਵਾਲਾ), ਲਾਹੌਰ, ਮੁਲਤਾਨ ਆਦਿ ਦਾ ਦੌਰਾ ਕਰ ਕੇ ਦਰਿਆ ਰਾਵੀ, ਬਿਆਸ ਤੇ ਸਤਲੁਜ ਦਾ ਪੱਤਣ ਲੰਘ ਮਲੇਰਕੋਟਲਾ, ਛੀਟਾਂ ਵਾਲਾ, ਨਾਨਕਿਆਣਾ (ਸੰਗਰੂਰ), ਸੁਨਾਮ, ਪਹੋਵਾ, ਕੁਰਖੇਤਰ, ਕਰਨਾਲ, ਪਾਣੀਪਤ ਆਦਿ ਥੀਂ ਹੁੰਦੇ ਹੋਏ ਪਹਿਲਾਂ ਹਰਿਦੁਆਰ (ਗੰਗਾ), ਫੇਰ ਦਿੱਲੀ, ਮਥੁਰਾ, ਵ੍ਰਿੰਦਾਵਨ, ਅਯੁੱਧਿਆ, ਨਾਨਕ ਮਤਾ (ਪੀਲੀਭੀਤ), ਲਖਨਊ, ਪ੍ਰਯਾਗ (ਅਲਾਹਾਬਾਦ), ਬਨਾਰਸ (ਉੱਤਰ ਪ੍ਰਦੇਸ਼), ਗਯਾ, ਪਟਨਾ (ਬਿਹਾਰ), ਢਾਕਾ (ਬੰਗਾਲ), ਧਨਪੁਰ, ਧੁਬੜੀ ਆਦਿ ਥਾਈਂ ਹੋ ਕੇ ਲਗਭਗ 12 ਵਰ੍ਹਿਆਂ ਪਿੱਛੋਂ ਵਾਪਸ ਦੇਸ਼ ਆਏ ਸਨ। ਇਸ ਉਦਾਸੀ ਵਿਚ ਭਾਈ ਮਰਦਾਨਾ ਰਬਾਬੀ ਉਹਨਾਂ ਦੇ ਸਾਥੀ ਸਨ।

ਦੂਜੀ ਉਦਾਸੀ ਗੁਰੂ ਨਾਨਕ ਦੀ, ਜਿਸ ਦਾ ਸਮਾਂ 1510 ਤੋਂ 1514 ਤਕ ਲਗਭਗ ਪੰਜਾਂ ਵਰ੍ਹਿਆਂ ਦਾ ਹੈ, ਦੱਖਣ ਦੀ ਉਦਾਸੀ ਦੇ ਨਾਂ ਨਾਲ ਮਸ਼ਹੂਰ ਹੈ। ਇਸ ਉਦਾਸੀ ਵਿਚ ਗੁਰੂ ਸਾਹਿਬ ਸੁਲਤਾਨਪੁਰੋਂ ਸਿੱਧੇ ਸਰਸਾ, ਬੀਕਾਨੇਰ, ਜੈਪੁਰ, ਜੋਧਪੁਰ, ਜੈਸਲਮੇਰ, ਅਜਮੇਰ, ਪੁਸ਼ਕਰ, ਝਾਲਾ, ਪਾਟਨ, ਆਬੂ, ਨਾਥ ਦੁਆਰਾ, ਉਜੈਨ, ਬਿਦਰ, ਇੰਦੌਰ, ਲੋਧੀਪੁਰ, ਨਰਸਿੰਘਪੁਰ, ਬਾਲਾ ਘਾਟ, ਬੁਰਹਾਨਪੁਰ, ਰਾਮ ਟੇਕਰੀ, ਗੰਟੂਰ, ਤ੍ਰਿਚਨਾਪਲੀ, ਪਾਂਡੀਚਰੀ, ਮਦਰਾਸ, ਨਾਗਾਪਟਮ,

ਸ੍ਰੀਰੰਗਪੁਰ, ਚੀਨਾ ਪਟਮ, ਸੰਗਲਾਦੀਪ (ਲੰਕਾ) ਆਦਿ ਥਾਈਂ ਗਏ ਸਨ ਤੇ ਸਭਨਾਂ ਲੋਕਾਂ ਨੂੰ ਉਹਨਾਂ ਨੇ ਹਰਿ ਨਾਮ ਸਿਮਰਨ ਦਾ ਉਪਦੇਸ਼ ਦਿੱਤਾ ਸੀ। ਇਸ ਤੋਂ ਬਾਅਦ ਸੇਤੁ ਬੰਧੁ ਰਾਮੇਸ਼੍ਵਰ, ਮਾਲਾਬਾਰ, ਸ਼ੇਰਗੜ੍ਹ, ਦੁਆਰਕਾ, ਜੂਨਾਗੜ੍ਹ, ਕਾਠੀਆਵਾੜ, ਇਲਾਕਾ ਸਿੰਧ, ਸ਼ਤਘਰ (ਮਿੰਟਗੁਮਰੀ) ਆਦਿ ਨਗਰਾਂ ਤੇ ਇਲਾਕਿਆਂ ਦੀ ਯਾਤਰਾ ਕਰ ਕੇ ਮਹੀਨਾ ਹਾੜ ਸੰਨ 1514 ਈ. ਵਿਚ ਵਾਪਸ ਦੇਸ਼ ਪਰਤ ਆਏ ਸਨ। ਇਸ ਉਦਾਸੀ ਵਿਚ ਪੁਰਾਤਨ ਜਨਮਸਾਖੀ ਦੇ ਅਨੁਸਾਰ ਭਾਈ ਮਰਦਾਨਾ, ਸੈਦੋ ਘਿਉ ਆਦਿ ਸਿੱਖਾਂ-ਸੇਵਕਾਂ ਨੇ ਉਹਨਾਂ ਦਾ ਸਾਥ ਦਿੱਤਾ ਸੀ।

ਤੀਜੀ ਉਦਾਸੀ ਗੁਰੂ ਨਾਨਕ ਨੇ ਸੰਨ 1515 ਈ. ਤੋਂ 1518 ਈ. ਤਕ ਲਗਭਗ 4 ਵਰ੍ਹਿਆਂ ਵਿਚ ਪੂਰੀ ਕੀਤੀ। ਇਹ ਉਦਾਸੀ ਜੋ ਉੱਤਰਾਖੰਡ ਦੀ ਉਦਾਸੀ ਦੇ ਨਾਂ ਨਾਲ ਮਸ਼ਹੂਰ ਹੈ, 25 ਅੱਸੂ ਸੰਨ 1515 ਈ. ਤੋਂ ਸ਼ੁਰੂ ਹੋ ਕੇ ਸੰਨ 1518 ਈ. ਤਕ ਗੁਰਮਤਿ ਪ੍ਰਚਾਰ ਵਾਸਤੇ ਲਗਭਗ ਚਾਰ ਵਰ੍ਹਿਆਂ ਦਾ ਸਮਾਂ ਲੈਂਦੀ ਹੈ। ਇਸ ਉਦਾਸੀ ਸਮੇਂ ਗੁਰੂ ਸਾਹਿਬ ਕਸ਼ਮੀਰ ਥੀਂ ਹੁੰਦੇ ਹੋਏ ਉਤਰਾਖੰਡ ਦੀਆਂ ਪਰਬਤ-ਘਾਟੀਆਂ ਵਿਚ ਗਏ ਸਨ। ਪਿੰਡ ਕਲਾਨੌਰ, ਨਗਰ ਗੁਰਦਾਸਪੁਰ, ਦਸੂਹਾ, ਕੋਟਲਾ, ਤ੍ਰਿਲੋਕ ਨਾਥ, ਪਾਲਮਪੁਰ, ਘੁੜੇਰਨ, ਕਾਂਗੜਾ, ਜੁਆਲਾਮੁਖੀ, ਮੰਡੀ, ਸੁਕੇਤ, ਰਵਾਲਸਰ, ਚੰਬਾ, ਕੁੱਲੂ, ਕਹਿਲੂਰ, ਕੀਰਤਪੁਰ, ਪੰਜੌਰ, ਧਾਰਾ ਤੀਰਥ, ਕਰੋਲ, ਸ਼ਿਮਲਾ, ਸਪਾਟੂ, ਜੋੜ੍ਹਸਰ, ਡੇਹਰਾਦੂਨ (ਗੜ੍ਹਵਾਲ), ਮਨਸੂਰੀ, ਚਕਰੌਂਦਾ, ਬੁਸ਼ਹਿਰ, ਜਮੁਨੋਤਰੀ, ਗੰਗੋਤਰੀ, ਗੋਮੁਖੀ, ਬਦਰੀਨਾਥ, ਸੁਮੇਰ ਪਰਬਤ ਆਦਿ ਥਾਵਾਂ, ਜਿਥੇ-ਜਿਥੇ ਜਗਤ ਸੁਧਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ, ਉਹਨਾਂ ਦੀ ਇਸੇ ਉਦਾਸੀ ਨਾਲ ਸੰਬੰਧਿਤ ਹਨ।

ਗੁਰੂ ਨਾਨਕ ਦੀ ਛੇਕੜਲੀ ਉਦਾਸੀ, ਜੋ ਪੱਛਮ ਦੀ ਉਦਾਸੀ ਦੇ ਨਾਂ ਨਾਲ ਮਸ਼ਹੂਰ ਹੈ, ਦਰਅਸਲ ਵਧੇਰੇ ਮੁਸਲਮਾਨੀ ਨਗਰਾਂ ਤੇ ਇਲਾਕਿਆਂ ਨਾਲ ਸੰਬੰਧਿਤ ਹੈ। ਇਹ ਉਦਾਸੀ ਸੰਨ 1519 ਵਿਚ ਸ਼ੁਰੂ ਹੋ ਕੇ 1524 ਈ. ਦੇ ਅਖ਼ੀਰ ਤਕ ਲਗਭਗ 6 ਸਾਲਾਂ ਵਿਚ ਖ਼ਤਮ ਹੁੰਦੀ ਹੈ। ਇਸ ਉਦਾਸੀ ਵਿਚ ਗੁਰੂ ਨਾਨਕ ਉੱਚ, ਹੜੱਪਾ, ਕਟਾਸ ਤੀਰਥ, ਦੇਹੁਰਾਜਾਤ, ਆਦਿ ਥਾਈਂ ਹੁੰਦੇ ਹੋਏ ਸਿੰਧ ਤੇ ਬਲੋਚਿਸਤਾਨ ਦੇ ਰਸਤੇ ਈਰਾਨ, ਤੁਰਕਿਸਤਾਨ, ਰੂਸ ਦੇ ਇਲਾਕਾ ਆਜ਼ਰਬਾਈਜਾਨ, ਉਜ਼ਬੇਕਿਸਤਾਨ ਤਕ ਪਹੁੰਚੇ ਤੇ ਫੇਰ ਉਥੋਂ ਤਾਸ਼ਕੰਦ, ਕਾਸ਼ਕੰਦ, ਸਮਰਕੰਦ, ਹਿਰਾਤ, ਗ਼ਜ਼ਨੀ, ਕੰਧਾਰ, ਕਾਬਲ, ਜਲਾਲਾਬਾਦ, ਪਿਸ਼ਾਵਰ ਆਦਿ ਥਾਵੀਂ ਹੁੰਦੇ ਹੋਏ ਵਾਪਸ ਕਰਤਾਰਪੁਰ (ਰਾਵੀ) ਪਰਤ ਆਏ ਸਨ।

ਫੇਰ ਗੁਰੂ ਸਾਹਿਬ ਜੇ ਕਦੇ-ਕਦਾਈਂ ਕਰਤਾਰਪੁਰੋਂ ਲਾਹੌਰ, ਅਚਲ ਵਟਾਲੇ, ਮੁਲਤਾਨ, ਕੁਰਖੇਤਰ ਆਦਿ ਥਾਵੀਂ ਕਿਸੇ ਮੇਲੇ ਮੁਸਾਫ਼ੇ 'ਤੇ ਚਲੇ ਗਏ ਜਾਂ ਇਕ ਅੱਧੀ ਵਾਰ ਗੋਰਖ ਹਟੜੀ (ਪਿਸ਼ਾਵਰ) ਤੋਂ ਹੋ ਆਏ ਤਾਂ ਗੁਰੂ ਜੀ ਦੀਆਂ ਇਹਨਾਂ ਯਾਤਰਾਵਾਂ ਨੂੰ ਜੇ ਕੋਈ ਵਿਅਕਤੀ ਐਵੇਂ ਵੱਖੋ-ਵੱਖ ਉਦਾਸੀਆਂ ਦਾ ਨਾਂ ਦੇ ਦੇਵੇ ਤਾਂ ਇਹ ਇਕ ਵਾਧੂ ਜਿਹਾ ਪਾਨੀ ਰਿੜਕਣ ਵਾਲੀ ਗੱਲ ਹੋਵੇਗੀ। ਜਿਸ ਨੂੰ ਕਦੇ ਜੁਗਤੀ-ਸੰਗਤ ਨਹੀਂ ਕਿਹਾ ਜਾ ਸਕਦਾ।

ਗੁਰੂ ਸਾਹਿਬ ਦੇਸ਼-ਸੁਧਾਰ ਤੇ ਰੂਹਾਨੀਅਤ ਸੰਬੰਧੀ ਪ੍ਰਚਾਰ ਦੇ ਪੱਖ ਤੋਂ ਪੂਰਬ ਦੀ ਉਦਾਸੀ ਸਮੇਂ ਬਨਾਰਸ, ਗਯਾ, ਜਗਨਨਾਥ ਆਦਿ ਤੀਰਥਾਂ ਦੇ ਪੰਡਤਾਂ ਨੂੰ, ਦਿਲੀ ਦੇ ਸ਼ਾਹੀ ਮੁੱਲਾਂ ਮੌਲਾਣਿਆਂ ਤੇ ਮੁਫ਼ਤੀਆਂ ਨੂੰ, ਬਿਹਾਰ ਦੇ ਬੋਧੀਆਂ, ਬੰਗਾਲ ਤੇ ਆਸਾਮ ਦੇ ਟੂਣੇਹਾਰ ਵਾਮ ਮਾਰਗੀਆਂ ਨੂੰ ਬੜੀ ਦਲੇਰੀ ਨਾਲ ਮਿਲੇ ਤੇ ਉਹਨਾਂ ਨੂੰ ਫੋਕਟ ਕਰਮਾਂ ਦੇ ਭਰਮ-ਜਾਲ ਵਿਚੋਂ ਕੱਢ ਕੇ

ਸਤਿਨਾਮ ਦਾ ਮੰਤਰ ਦ੍ਰਿੜ੍ਹਾਇਆ ਤੇ ਰੂਹਾਨੀਅਤ ਦਾ ਸੱਚਾ 'ਗੁਰਮੁਖ ਗਾਡੀ ਰਾਹ' ਦੱਸਿਆ। ਫੇਰ ਦੱਖਣ ਦੇ ਜੈਨੀਆਂ, ਫੋਕਟ ਕਰਮ-ਕਾਂਡੀਆਂ, ਨਾਥ ਦੁਆਰੇ ਦੇ ਨਾਥਾਂ, ਮੱਕੇ-ਮਦੀਨੇ ਦੇ ਪੱਕੇ ਸ਼ਰਈ ਪੀਰਾਂ-ਫ਼ਕੀਰਾਂ, ਮੁੱਲਾਂ-ਕਾਜ਼ੀਆਂ, ਸ਼ੇਖ਼ਾਂ, ਸੱਯਦਾਂ, ਸੰਗਲਾਦੀਪ ਦੇ ਗੁਰਮਤਿ ਅਭਿਲਾਖੀ ਰਾਜਾ ਸ਼ਿਵਨਾਭ ਆਦਿ ਨੂੰ ਮਿਲੇ। ਏਕਣ ਹੀ ਉੱਤਰਾਖੰਡ ਦੀ ਉਦਾਸੀ ਵਿਚ ਇਲਾਕਾ ਪਹਾੜ ਦੇ ਵਹਿਮੀ ਕਰਮ-ਕਾਂਡੀਆਂ ਤੇ ਅੰਧ-ਵਿਸ਼ਵਾਸੀਆਂ ਕੋਲ ਵੀ ਗਏ ਤੇ ਉਥੋਂ ਤਿੱਬਤ ਤੇ ਲੱਦਾਖ ਦੇ ਲਾਮਿਆਂ ਨੂੰ ਜਾ ਮਿਲੇ ਪਰ ਧਰਮ ਜਾਂ ਗਿਆਨ ਦੀ ਚਰਚਾ ਵਿਚ ਅਭਿਮਾਨ ਕਿਸੇ ਦਾ ਨਾ ਛੱਡਿਆ ਤੇ ਸਭ ਨੂੰ ਬੁੱਤ-ਪ੍ਰਸਤੀ ਆਦਿ ਤੋਂ ਹਟਾ ਕੇ ਇਕੋ ਵਹਦਾਨੀਅਤ ਅਥਵਾ ਹੱਕ ਪ੍ਰਸਤੀ ਦੇ ਰਾਹ ਪਾ ਕੇ ਦਮ ਲਿਆ। ਪੱਛਮ ਦੇ ਦੇਸ਼ਾਂ ਦੀ ਇਸ ਉਦਾਸੀ ਤੋਂ ਵੀ ਗੁਰੂ ਸਾਹਿਬ ਦੇ ਇਸੇ ਸਰਬ-ਸਾਂਝੇ ਆਤਮਿਕ ਉਪਦੇਸ਼ ਦੀ ਪੂਰੀ-ਪੂਰੀ ਝਲਕ ਪੈਂਦੀ ਸਾਫ਼ ਨਜ਼ਰ ਆਉਂਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਹਨਾਂ ਉਦਾਸੀਆਂ ਸਮੇਂ ਪਹਿਲੇ 28 ਸਾਲ ਬਚਪਨ, ਵਿਦਿਆ ਅਧਿਐਨ, ਗ੍ਰਿਹਸਥ ਆਸ਼ਰਮ ਤੇ ਤਪ-ਸਾਧਨ ਦੇ ਸਨ, ਜਿਨ੍ਹਾਂ ਸਾਲਾਂ ਵਿਚ ਉਹਨਾਂ ਨੇ ਕ੍ਰਮ ਅਨੁਸਾਰ ਆਪਣੇ ਸੰਸਾਰਕ ਜੀਵਨ ਦੀਆਂ ਮੰਜ਼ਲਾਂ ਨੂੰ ਇਕ ਨਿਸ਼ਚਿਤ ਸੇਧ ਵਿਚ ਰੱਖ ਕੇ ਅਜਿਹੇ ਤਰੀਕੇ ਨਾਲ ਨਾਪਿਆ ਕਿ ਉਹ ਉਸ ਅਕਾਲ ਪੁਰਖ ਦੀ ਬਖ਼ਸ਼ੀ ਹੋਈ ਜੀਵਨ-ਜੋਤਿ ਨੂੰ ਲੈ ਕੇ ਪ੍ਰਤੀ-ਦਿਨ ਅੱਗੇ ਤੋਂ ਅੱਗੇ ਵਧਦੇ ਹੀ ਚਲੇ ਗਏ ਤੇ ਉਹਨਾਂ ਧੀਰੇ-ਧੀਰੇ ਆਪਣੇ ਆਪ ਨੂੰ ਸਾਰੇ ਸੰਸਾਰਕ ਬੰਧਨਾਂ ਤੋਂ ਮੁਕਤ ਕਰ ਕੇ ਇਹਨਾਂ ਉਦਾਸੀਆਂ ਵਿਚ ਉਦਾਸ ਬਿਰਤੀ ਦਾ ਪਾਲਨ ਕਰਦਿਆਂ ਹੋਇਆਂ ਅਕਾਲ ਪੁਰਖ ਦੀ ਦਰਗਾਹ ਵਿਚ ਨਾ ਕੇਵਲ ਖ਼ੁਦ ਹੀ ਪਰਮ ਪਦਵੀ ਪ੍ਰਾਪਤ ਕੀਤੀ ਸਗੋਂ ਹੋਰ ਵੀ ਸੈਂਕੜੇ ਲੋਕਾਂ ਨੂੰ ਮੁਕਤੀਦਾਨ ਦੇ ਕੇ ਤਾਰ ਦਿੱਤਾ, ਜਿਸ ਤਰ੍ਹਾਂ ਕਿ ਗੁਰਵਾਕ ਹੈ :

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥ *(ਪੰਨਾ ੨੯੫)*
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ॥
(ਪੰਨਾ ੬੧੨)
ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ॥ *(ਪੰਨਾ ੭੨)*

ਫੇਰ ਇਸ ਸੰਸਾਰਕ ਫੇਰੀ ਰੂਪ ਸੰਨਿਆਸ (ਤਿਆਗ) ਤੋਂ ਬਾਅਦ ਵਾਰੀ ਆਉਂਦੀ ਹੈ ਸ਼ਾਂਤ-ਅਵਸਥਾ ਦੀ, ਜਿਸ ਨੂੰ ਗੁਰੂ ਸਾਹਿਬ ਨੇ ਆਪਣੀ ਜਪੁ (ਬਾਣੀ) ਵਿਚ ਧਰਮ ਖੰਡ, ਗਿਆਨ ਖੰਡ, ਸਰਮ ਖੰਡ ਤੋਂ ਬਾਅਦ ਪਦਵੀ ਦਿੱਤੀ ਹੈ, ਕਰਮ ਖੰਡ ਤੇ ਸੱਚ ਖੰਡ ਦੀ। ਕਰਮ ਖੰਡ ਵਿਚ ਕਰਮ ਜੋਗੀ ਬਣ ਕੇ ਨਿਰਇੱਛਤ ਕਰਮ ਕਰਨੇ ਤੇ ਉਹਨਾਂ ਨਿਰਇੱਛਤ ਕਰਮਾਂ ਲਈ ਜਨ-ਸਮਾਜ ਨੂੰ ਉਤਸ਼ਾਹਿਤ ਕਰਨਾ ਹੀ ਉਹਨਾਂ ਦੇ ਜੀਵਨ ਦਾ ਅਸਲੀ ਮਨੋਰਥ ਸੀ, ਜਿਸ ਨੂੰ ਉਹਨਾਂ ਨੇ ਪਹਿਲਾਂ ਚਾਰ ਉਦਾਸੀਆਂ ਵਿਚ ਤੇ ਫੇਰ ਸੰਨ 1524 ਤੋਂ 1538 ਤਕ ਕਰਤਾਰਪੁਰ (ਰਾਵੀ) ਦੇ ਨਿਵਾਸ ਸਮੇਂ ਕਰਮ-ਜੋਗੀਆਂ ਵਾਂਗ ਮਨ, ਵਚਨ, ਕਰਮ ਤੋਂ ਪੂਰਨ ਕਰ ਕੇ ਚੰਗੀ ਤਰ੍ਹਾਂ ਦਿਖਾਇਆ ਤੇ ਦੱਸਿਆ ਕਿ :

ਘਾਲਿ ਖਾਇ ਕਿਛੁ ਹਥਹੁ ਦੇਹਿ॥
ਨਾਨਕ ਰਾਹੁ ਪਛਾਣਹਿ ਸੇਇ॥ *(ਪੰਨਾ ੧੨੪੫)*

ਇਹਨਾਂ ਪੰਜ ਜਾਂ ਪੰਚ ਖੰਡਾਂ ਦਾ ਸਾਰ-ਅੰਸ ਜਿਵੇਂ ਕਿ ਜਪੁ (ਬਾਣੀ) ਦੀ 34ਵੀਂ ਪਉੜੀ ਵਿਚ ਸੰਕੇਤ ਮਾਤਰ ਦੱਸਿਆ ਗਿਆ ਹੈ, ਇਹੋ ਜਾਣ ਲੈਣਾ ਯੋਗ ਹੈ ਕਿ ਗੁਰੂ ਨਾਨਕ ਸਾਹਿਬ ਦੀ ਫ਼ਿਲਾਸਫ਼ੀ ਇਕ ਪ੍ਰਕਾਰ ਦੀ ਜੀਵਨ ਫ਼ਿਲਾਸਫ਼ੀ ਹੈ ਜੋ ਜਨਤਾ ਦੇ ਜੀਉਂਦੇ ਜੀਵਨ ਦੇ ਨਾਲੋ-ਨਾਲ ਹੋ ਕੇ ਚੱਲਦੀ ਹੈ ਤੇ ਇਹ ਖਟ ਦਰਸ਼ਨਾਂ (ਛੇ ਸ਼ਾਸਤਰਾਂ—ਨਯਾਯ, ਯੋਗ, ਮੀਮਾਂਸਾ ਆਦਿ) ਦੀ ਤਰ੍ਹਾਂ ਕੋਈ ਖ਼ੁਸ਼ਕ ਫ਼ਿਲਾਸਫ਼ੀ ਨਹੀਂ ਜੋ ਅਣੂ, ਪ੍ਰਮਾਣੂ ਰੂਪ ਕਲਪਨਾ ਦੇ ਖੰਭਾਂ ਨਾਲ ਐਵੇਂ ਪਈ ਉੱਡਦੀ ਹੋਵੇ। ਧਰਮ ਖੰਡ ਤੇ ਗਿਆਨ ਖੰਡ ਮਨੁੱਖੀ ਜੀਵਨ ਦੀਆਂ ਮੁੱਢਲੀਆਂ ਅਵਸਥਾਵਾਂ ਹਨ, ਜਿਨ੍ਹਾਂ ਨੂੰ ਹਿੰਦੂ ਧਰਮ ਵਿਚ ਬ੍ਰਹਮਚਾਰਯ ਆਸ਼ਰਮ ਦਾ ਨਾਂ ਦਿੱਤਾ ਗਿਆ ਹੈ। ਗ੍ਰਿਹਸਥ ਧਰਮ ਜਾਂ ਗ੍ਰਿਹਸਥਾਸ਼ਰਮ ਵਿਚ ਰਹਿੰਦਿਆਂ ਹੋਇਆਂ ਉਚਿਤ ਗਿਆਨ ਪ੍ਰਾਪਤ ਕਰ ਕੇ ਫੇਰ ਸਮਾਂ ਆਉਂਦਾ ਹੈ ਜਪ-ਤਪ ਸਾਧਨ ਦੇ ਪਰਿਸ਼੍ਰਮ (ਸਰਮ ਖੰਡ) ਦੀ ਤਾਕਤ ਨਾਲ ਕਰਮ ਖੰਡ ਜਾਂ ਕਰਮ-ਜੋਗ ਦਾ। ਗੁਰੂ ਨਾਨਕ ਦੀਆਂ ਚੌਹਾਂ ਉਦਾਸੀਆਂ ਜਾਂ ਸੰਸਾਰ-ਫੇਰੀਆਂ ਤੋਂ ਅਮਲੀ ਤੌਰ 'ਤੇ ਇਸੇ ਕਰਮ ਖੰਡ ਦਾ ਸਕ੍ਰਿਯ ਰੂਪ ਮਿਲਦਾ ਹੈ।

ਕਰਤਾਰਪੁਰ (ਰਾਵੀ) ਦੇ ਨਿਵਾਸ ਸਮੇਂ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਇਹੋ ਸਿੱਖਿਆ ਦਿੱਤੀ ਕਿ ਆਪਣੇ ਹੱਥੀਂ ਧਰਮ ਦੀ ਕਿਰਤ ਕਰੋ ਤੇ ਫੇਰ ਉਸ ਨੂੰ ਪਰਸਪਰ ਵੰਡ ਦੇ ਛਕੋ। ਪਾਪ ਦੀ ਕਮਾਈ ਨੂੰ, ਜਿਸ ਦਾ ਦਸਾਂ ਨਹੁੰਆਂ ਦੀ ਕਿਰਤ ਨਾਲ ਕੋਈ ਸੰਬੰਧ ਨਹੀਂ, ਗੁਰੂ ਜੀ ਨੇ ਆਪਣੀ ਬਾਣੀ ਵਿਚ ਅਨੇਕ ਥਾਈਂ ਹਰਾਮ ਦੀ ਕਮਾਈ ਮੰਨ ਕੇ ਨਿੰਦਿਆ ਹੈ ਤੇ ਆਪਣੇ ਸਿੱਖਾਂ ਨੂੰ ਅਜਿਹੀ ਕਮਾਈ ਜਾਂ ਅਜਿਹਾ ਕਾਲਾ ਧਨ ਖਾਣ ਤੋਂ ਬਚਣ ਦੀ ਸਦਾ ਪ੍ਰੇਰਨਾ ਕੀਤੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਵਿਚ ਗੁਰੂ ਕੇ ਲੰਗਰ ਤੇ ਸਾਂਝੀ ਖੇਤੀ-ਬਾੜੀ ਦੀ ਰੀਤ ਇਸੇ ਕਰਕੇ ਚਲਾਈ ਸੀ, ਜਿਸ ਵਿਚ ਗੁਰੂ ਸਾਹਿਬ ਸਮੇਤ ਉਹਨਾਂ ਦੇ ਸਾਰੇ ਹੀ ਸਿੱਖ ਆਪਣੇ ਹੱਥੀਂ ਖੇਤ ਵਾਹੁੰਦੇ, ਫੇਰ ਉਹਨਾਂ ਖੇਤਾਂ ਵਿਚ ਫ਼ਸਲਾਂ ਬੀਜਦੇ, ਖੁਰਪੇ ਤੇ ਕਹੀਆਂ ਚਲਾ ਕੇ ਖੇਤਾਂ ਵਿਚੋਂ ਨਦੀਨ ਕੱਢਦੇ, ਪੱਕੀਆਂ ਫ਼ਸਲਾਂ ਨੂੰ ਆਪਣੇ ਹੱਥੀਂ ਕੱਟਦੇ, ਚੰਗੀ ਤਰ੍ਹਾਂ ਖਲਵਾੜਾ ਪਾ ਕੇ ਗਾਹੁੰਦੇ, ਬੋਹਲ ਤਿਆਰ ਹੋਣ 'ਤੇ ਕੁਲ ਦਾਣਾ-ਫੱਕਾ ਘਰ ਲਿਆਉਂਦੇ ਤੇ ਸਰਬ-ਸਾਂਝੇ ਗੁਰੂ ਕੇ ਲੰਗਰ ਵਿਚ ਪਾਉਂਦੇ ਸਨ। ਇਸ ਤਰ੍ਹਾਂ ਹੱਥੀਂ ਕੰਮ ਕਰਨਾ ਤੇ ਤਿਆਰ ਹੋਇਆ ਪ੍ਰਸ਼ਾਦ ਪਰਸਪਰ ਵੰਡ ਕੇ ਛਕਣਾ ਹੀ ਉਹਨਾਂ ਦਾ ਅਸਲ ਜੀਵਨ ਉਦੇਸ਼ ਸੀ, ਜਿਸ ਨੂੰ ਗੁਰੂ ਜੀ ਨੇ ਪਹਿਲਾਂ ਆਪ ਪੂਰਨ ਕੀਤਾ ਤੇ ਫੇਰ ਉਸੇ ਉਦੇਸ਼ ਉੱਤੇ ਆਪਣੇ ਦੂਜੇ ਗੱਦੀ-ਨਸ਼ੀਨ ਭਾਈ ਲਹਿਣਾ ਅਥਵਾ ਗੁਰੂ ਅੰਗਦ ਦੇਵ ਜੀ ਨੂੰ ਚੱਲਣ ਦਾ ਆਦੇਸ਼ ਦਿੱਤਾ।

ਕਰਮ ਖੰਡ ਤੋਂ ਬਾਅਦ ਛੇਕੜਲੀ ਅਸਵਥਾ ਹੈ ਸੱਚ ਖੰਡ ਅਥਵਾ ਨਿਰੰਕਾਰ ਵਿਚ ਅਭੇਦ ਹੋਣ ਦੀ। ਇਸ ਦੈਵੀ ਅਵਸਥਾ ਨੂੰ ਉਹੋ ਗਿਆਨੀ ਜਾਂ ਸੰਤ-ਭਗਤ ਪ੍ਰਾਪਤ ਕਰਦੇ ਹਨ, ਜਿਨ੍ਹਾਂ ਨੇ ਕਰਮ ਜੋਗ ਦੇ ਪੰਧਾਊ ਹੋ ਕੇ ਪਹਿਲਾਂ ਕਰਮ ਸਵੱਲੇ ਕੀਤੇ ਹੋਣ ਤੇ ਫੇਰ ਨਿਰੰਕਾਰ (ਪਾਰਬ੍ਰਹਮ) ਦੀਆਂ ਨਜ਼ਰਾਂ ਵਿਚ ਸਮਾਏ ਹੋਣ। ਗੁਰੂ ਨਾਨਕ ਆਪਣੀਆਂ ਸੰਸਾਰਕ ਫੇਰੀਆਂ ਵਿਚ ਜਗਤ ਦਾ ਉਧਾਰ ਕਰਦੇ ਹੋਏ ਆਖ਼ਰ ਸੰਨ 1539 ਈ. ਵਿਚ ਕਰਤਾਰਪੁਰ ਦੇ ਸਥਾਨ ਪੁਰ ਇਸ ਅਵਸਥਾ ਨੂੰ ਪ੍ਰਾਪਤ ਹੋਏ ਸਨ।

(7/1971)

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਚਾਰ ਉਦਾਸੀਆਂ

ਮੁੱਢਲਾ ਹਾਲ (1469-1497 ਈ.)

ਉਦਾਸੀਆਂ ਤੋਂ ਇਥੇ ਸਿੱਖ-ਸੰਕੇਤਾਵਲੀ ਦੇ ਅਨੁਸਾਰ ਭਾਵ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੇਸ਼-ਵਿਦੇਸ਼ ਦੇ ਸਫ਼ਰਨਾਮੇ ਅਥਵਾ ਯਾਤਰਾ-ਵਿਵਰਣ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਮੋਹ-ਜਾਲ ਵਿਚ ਜਕੜੇ ਹੋਏ ਰੱਬ ਦੇ ਬੰਦਿਆਂ ਦੇ ਉਧਾਰ ਵਾਸਤੇ ਨਵ-ਖੰਡ ਮੇਦਨੀ ਦਾ ਚੱਕਰ ਲਗਾਉਣਾ ਹੀ ਉਹਨਾਂ ਦੀਆਂ ਉਦਾਸੀਆਂ ਕਹਿ ਲਓ ਜਾਂ ਯਾਤਰਾ, ਇਕੋ ਹੀ ਗੱਲ ਹੈ। ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਗੁਰੂ ਸਾਹਿਬ ਦੀਆਂ ਇਸ ਸੰਬੰਧ ਵਿਚ ਚਾਰ ਉਦਾਸੀਆਂ ਪ੍ਰਸਿੱਧ ਹਨ।

ਜਿਵੇਂ ਕੋਈ ਦੂਰੰਦੇਸ਼ ਤੇ ਸਮਝ-ਬੂਝ ਵਾਲਾ ਵਿਅਕਤੀ ਕਿਸੇ ਮੁਹਿੰਮ ਉੱਤੇ ਦੂਰ-ਨੇੜੇ ਜਾਣ ਲਈ ਤੁਰਨ ਤੋਂ ਪਹਿਲਾਂ ਆਪਣੀ ਅੱਛੀ-ਖ਼ਾਸੀ ਤਿਆਰੀ ਕਰਨ ਲੱਗ ਪੈਂਦਾ ਹੈ, ਇਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ, ਜੋ ਸੱਚ ਦੇ ਰਾਹ ਤੋਂ ਭੁੱਲੇ-ਭਟਕੇ ਤੇ ਖੱਜਲ-ਖ਼ੁਆਰ ਹੋ ਰਹੇ ਲੋਕਾਂ ਦੇ ਉਧਾਰ ਵਾਸਤੇ ਅਕਾਲ ਪੁਰਖ ਦੇ ਹੁਕਮ ਨਾਲ ਪ੍ਰਗਟ ਹੋ ਕੇ 1469 ਈ. ਤੋਂ 1497 ਈ. ਤਕ ਲਗਭਗ 28 ਸਾਲ, ਜੇ ਇਹਨਾਂ ਵਿਚੋਂ ਉਹਨਾਂ ਦੇ ਬਾਲ-ਵਰੇਸ ਦੇ 14 ਵਰ੍ਹੇ ਕੱਢ ਲਏ ਜਾਣ ਤਾਂ ਪੂਰੇ 14 ਸਾਲ ਇਸੇ ਤਿਆਰੀ ਵਿਚ ਹੀ ਲਗਾ ਦਿੱਤੇ ਸਨ। ਬਚਪਨ ਵਿਚ ਹੀ ਜਦੋਂ ਉਹ ਮਸਾਂ 7 ਸਾਲ ਦੇ ਹੀ ਸਨ, ਪਾਠਸ਼ਾਲਾ ਵਿਚ ਦਾਖ਼ਲ ਹੋ ਕੇ ਪਹਿਲਾਂ ਗੁਪਾਲ ਪਾਂਧੇ ਨੂੰ ਉਪਦੇਸ਼, ਫੇਰ 9 ਸਾਲ ਦੀ ਉਮਰੇ ਮਕਤਬ ਵਿਚ ਜਾ ਕੇ ਮੌਲਵੀ ਕੁਤਬਦੀਨ ਨੂੰ ਉਪਦੇਸ਼, ਇਸ ਤੋਂ ਬਾਅਦ ਜੰਞੂ ਪਾਉਣ ਵਾਲੇ ਪੰਡਤ ਹਰਦਿਆਲ ਤੇ ਨਬਜ਼ ਦੇਖ ਕੇ ਰੋਗ ਪਛਾਣਨ ਵਾਲੇ ਨਗਰ ਤਲਵੰਡੀ ਦੇ ਵੈਦ ਨੂੰ ਉਪਦੇਸ਼, ਸੱਚਾ ਸੌਦਾ ਵਿਹਾਜਣ ਦੇ ਦੌਰਾਨ ਉਪਦੇਸ਼, ਗਊਆਂ-ਮੱਝਾਂ ਚਾਰਦਿਆਂ ਉੱਜੜਿਆ ਹੋਇਆ ਖੇਤ ਹਰਾ ਵਿਖਾਲਣ ਸਮੇਂ ਤਲਵੰਡੀ ਦੇ ਰਈਸ ਰਾਇ ਬੁਲਾਰ ਤੇ ਖੇਤ ਦੇ ਮਾਲਕ ਜੱਟ ਨੂੰ ਉਪਦੇਸ਼, ਫੇਰ ਤਲਵੰਡੀਉਂ ਸੁਲਤਾਨਪੁਰ (ਲੋਧੀ) ਪਹੁੰਚ ਕੇ ਨਵਾਬ ਦੌਲਤ ਖ਼ਾਨ ਸਮੇਤ ਉਸ ਦੇ ਕਾਜ਼ੀ ਤੇ ਮੌਲਵੀ ਨੂੰ ਉਪਦੇਸ਼, ਇਸ ਤੋਂ ਬਾਅਦ ਛੇਤੀ ਹੀ ਵੇਈਂ ਨਦੀ ਪ੍ਰਵੇਸ਼ ਕਰਨ ਪਿੱਛੋਂ 'ਨਾ ਕੋ ਹਿੰਦੂ ਨਾ ਮੁਸਲਮਾਨ' ਦਾ ਨਾਹਰਾ ਲਗਾ ਕੇ ਮਜ਼ਹਬਾਂ ਦੀ ਖਿੱਚੋਤਾਣ ਦੇ ਕਾਰਣ ਪਰਸਪਰ ਲੜਦੇ-ਝਗੜਦੇ ਮੁੱਲਾਂ-ਮੁਲਾਣਿਆਂ ਤੇ ਪੰਡਤਾਂ-ਪਾਂਧਿਆਂ ਨੂੰ ਉਪਦੇਸ਼; ਗੱਲ ਕੀ, ਇਸ ਤਰ੍ਹਾਂ ਗੁਰੂ ਸਾਹਿਬ ਆਪਣੇ ਮੁੱਢਲੇ ਜੀਵਨ ਵਿਚ ਜਿਵੇਂ ਕਿ ਉਹਨਾਂ ਦੀ ਜਨਮਸਾਖੀ ਦੇ ਮੁੱਢਲੇ ਸਫ਼ਿਆਂ ਤੋਂ ਪਤਾ ਲੱਗਦਾ ਹੈ, ਹਰ ਥਾਵੇਂ ਤੇ ਹਰ ਪਾਸੇ ਉਪਦੇਸ਼ ਹੀ ਉਪਦੇਸ਼ ਦਿੱਤੇ ਨਜ਼ਰ ਆਉਂਦੇ ਹਨ। ਉਹਨਾਂ ਦਾ ਇਹ ਰੱਬੀ ਉਪਦੇਸ਼

ਕੇਵਲ ਆਪਣੇ ਘਰ-ਬਾਰ ਤੇ ਇਲਾਕੇ ਦੇ ਸੱਜਣਾਂ-ਸਨੇਹੀਆਂ, ਭਾਈ-ਬੰਧੂਆਂ, ਸਾਕਾਂ-ਸੰਬੰਧੀਆਂ, ਨਿਕਟਵਰਤੀ ਕਰਮਚਾਰੀਆਂ, ਸਤਿਸੰਗੀਆਂ ਤੇ ਪ੍ਰਤਿਸ਼ਠਿਤ ਪੁਰਸ਼ਾਂ ਤਕ ਹੀ ਸੀਮਿਤ ਨਹੀਂ ਰਿਹਾ ਸਗੋਂ ਹੌਲੀ-ਹੌਲੀ ਜਦੋਂ ਉਹ ਤਲਵੰਡੀ ਛੱਡ ਕੇ ਸੁਲਤਾਨਪੁਰ ਪੁੱਜੇ ਤਾਂ ਸਾਰੇ ਬ੍ਰਹਿਮੰਡ ਵਿਚ ਪਸਰਨ ਲੱਗ ਪਿਆ ਤੇ ਸਾਰੀ ਦੁਨੀਆਂ ਉਹਨਾਂ ਦੇ ਇਸ ਉਪਦੇਸ਼ ਦੇ ਘੇਰੇ ਵਿਚ ਆਉਣ ਲਈ ਉਤਾਵਲੀ ਹੋਣ ਲੱਗ ਪਈ। ਗੁਰੂ ਸਾਹਿਬ ਇਸ ਦੌਰਾਨ ਵਿਚ ਮਾਤਾ-ਪਿਤਾ ਵੱਲੋਂ ਜ਼ੋਰ ਦੇਣ ’ਤੇ ਬਟਾਲੇ ਮੂਲੇ ਚੌਣੇ ਦੇ ਘਰ ਵਿਆਹੇ ਗਏ ਤੇ ਉਹਨਾਂ ਦੇ ਘਰ ਮਾਤਾ ਸੁਲੱਖਣੀ ਜੀ ਦੀ ਕੁੱਖੋਂ ਦੋ ਲੜਕੇ ਸ੍ਰੀਚੰਦ ਤੇ ਲਖਮੀ ਦਾਸ ਪੈਦਾ ਹੋਏ, ਘਰ ਦਾ ਗੁਜ਼ਾਰਾ ਤੋਰਨ ਲਈ ਉਹਨਾਂ ਨੇ ਸੁਲਤਾਨਪੁਰ ਰਹਿ ਕੇ ਨਵਾਬ ਦੌਲਤ ਖ਼ਾਨ ਦੇ ਮੋਦੀਖ਼ਾਨੇ ਦਾ ਕੰਮ ਵੀ ਬੜੀ ਜ਼ਿੰਮੇਵਾਰੀ ਨਾਲ ਨਿਭਾਇਆ ਪਰ ਉਹ ਇਸ ਤਰ੍ਹਾਂ ਚੌਗਿਰਦੇ ਅੱਛਾ-ਖਾਸਾ ਮੋਹ-ਜਾਲ ਤਣਿਆ ਜਾਣ ਦੇ ਬਾਵਜੂਦ ਗ੍ਰਿਹਸਥ ਧਰਮ ਦੀ ਜ਼ਿੰਮੇਵਾਰੀ ਮਾਤਾ ਸੁਲੱਖਣੀ ਜੀ ਨੂੰ ਸੌਂਪ ਕੇ ਅਤਿ ਮਿੱਠੀ ਸੰਗੀਤਕ ਧੁਨ ਵਿਚ ‘ਧੰਨ ਨਿਰੰਕਾਰ ਧੰਨ ਨਿਰੰਕਾਰ’ ਜਪਦੇ ਹੋਏ ਸੁਲਤਾਨਪੁਰੋਂ ਨਿਕਲ ਤੁਰੇ। ਇਸ ਸਮੇਂ ਕੇਵਲ ਭਾਈ ਮਰਦਾਨਾ ਰਬਾਬੀ ਉਹਨਾਂ ਦੇ ਨਾਲ ਸੀ ਤੇ ਹੋਰ ਸੰਗੀ-ਸਾਥੀ ਕੋਈ ਨਹੀਂ ਸੀ।

ਭਾਰੀ ਕਰੀ ਤਪੱਸਿਆ (1497 ਈ.)

ਸ੍ਰੀ ਗੁਰੂ ਨਾਨਕ ਦੇਵ ਜੀ ਇਸ ਤਰ੍ਹਾਂ ਸੁਲਤਾਨਪੁਰੋਂ ਚੱਲ ਕੇ ਆਪਣੀ ਜਨਮਭੂਮੀ ਤਲਵੰਡੀ ਥੀਂ ਹੁੰਦੇ ਹੋਏ ਪਹਿਲਾਂ ਸੈਦਪੁਰ (ਐਮਨਾਬਾਦ) ਭਾਈ ਲਾਲੋ ਬਾਢੀ ਦੇ ਕੋਲ ਪਹੁੰਚੇ। ਭਾਈ ਲਾਲੋ ਪਹਿਲਾਂ ਹੀ ਗੁਰੂ ਜੀ ਦਾ ਬੜਾ ਪੱਕਾ ਸ਼ਰਧਾਲੂ ਬਣ ਚੁੱਕਾ ਸੀ। ਭਾਈ ਗੁਰਦਾਸ ਜੀ ਪਹਿਲੀ ਵਾਰ ਵਿਚ ਇਸ ਬਾਰੇ ਲਿਖਦੇ ਹਨ:

ਰੇਤੁ ਅੱਕੁ ਆਹਾਰੁ ਕਰਿ ਰੋੜਾ ਕੀ ਗੁਰ ਕੀਅ ਵਿਛਾਈ।
ਭਾਰੀ ਕਰੀ ਤਪਸਿਆ ਵਡੇ ਭਾਗਿ ਹਰਿ ਸਿਉ ਬਣਿ ਆਈ। (ਵਾਰ ੧/੨੪)

ਕਿਉਂਕਿ ਇਸ ਸਮੇਂ ਉਹ ਕੇਵਲ ਇਕ ਪਰਿਵਾਰਕ ਜਾਂ ਭਾਈਚਾਰਕ ਵਿਅਕਤੀ ਵਜੋਂ ਛੋਟੇ ਜਿਹੇ ਜਨ-ਸਮਾਜ ਵਿਚ ਨਹੀਂ ਸਗੋਂ ਇਕ ਸੰਸਾਰਕ ਆਗੂ ਦੇ ਰੂਪ ਵਿਚ ਇਕ ਖ਼ਾਸ ਉਦੇਸ਼ ‘ਚੜਿਆ ਸੋਧਣਿ ਧਰਤਿ ਲੁਕਾਈ’ ਨੂੰ ਮੁੱਖ ਰੱਖ ਕੇ ਲੰਮੀ ਯਾਤਰਾ ਦੇ ਉਹਨਾਂ ਦੁਰਗਮ ਪੈਂਡਿਆਂ ਉੱਤੇ ਜਾ ਰਹੇ ਸਨ, ਜਿਥੇ ਉਹਨੀਂ ਦਿਨੀਂ ਅੱਜ-ਕੱਲ੍ਹ ਦੇ ਸਮੇਂ ਵਾਂਗੂੰ ਸੁਖ ਦਾ ਸਾਧਨ ਤੇ ਇਨਸਾਨੀ ਜ਼ਿੰਦਗੀ ਲਈ ਹਿਫ਼ਾਜ਼ਤ ਦਾ ਵਸੀਲਾ ਕੋਈ ਨਹੀਂ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਇਸ ਤਪੱਸਿਆ ਸਮੇਂ ਸੈਦਪੁਰ (ਐਮਨਾਬਾਦ) ਦੇ ਮਲਿਕ ਭਾਗੋ ਨਾਮੀ ਇਕ ਬੜੇ ਅਮੀਰ ਆਦਮੀ ਨਾਲ ਵਾਹ ਪਿਆ ਜਿਸ ਨੇ ਅਨੇਕਾਂ ਨਾਜਾਇਜ਼ ਤਰੀਕੇ ਵਰਤ ਕੇ ਧਨ-ਮਾਲ ਤਾਂ ਬਹੁਤੇਰਾ ਜੋੜ ਲਿਆ ਸੀ ਪਰ ਕੋਈ ਧਰਮ-ਕਰਮ ਆਪਣੇ ਨੇੜੇ ਨਹੀਂ ਸੀ ਲੱਗਣ ਦਿੱਤਾ। ਕਈ ਵੇਰ ਪਾਪੀ ਆਦਮੀ ਵੀ, ਜਿਵੇਂ ਕਿ ਵੇਖਣ ਵਿਚ ਆਉਂਦਾ ਹੈ, ਪੁੰਨ ਦੇ ਬਹਾਨੇ ਦੁਨੀਆਂ ਦੀ ਮੁਫ਼ਤ ਦੀ ਸ਼ੋਭਾ ਖੱਟਣ ਦਾ ਯਤਨ ਕਰਦੇ ਹਨ, ਜਿਸ ਕਰਕੇ ਮਲਿਕ ਭਾਗੋ ਨੇ ਵੀ ਆਪਣੀ ਸ਼ੋਭਾ ਵਾਸਤੇ ਬ੍ਰਹਮ-ਭੋਜ ਕੀਤਾ ਤੇ ਉਸ ਬ੍ਰਹਮ-ਭੋਜ ਵਿਚ ਤਪੀਆਂ ਦੇ ਸਿਰਤਾਜ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵੀ ਸ਼ਾਮਲ ਹੋਣ ਲਈ ਸੱਦਾ ਦਿੱਤਾ। ਗੁਰੂ ਸਾਹਿਬ, ਜੋ ਭਾਈ ਲਾਲੋ ਦੀ ਦਸਾਂ ਨਹੁੰਆਂ ਦੀ ਕਿਰਤ-ਕਮਾਈ ਨੂੰ ਇਸ ਅਮੀਰੀ ਉੱਤੇ ਤਰਜੀਹ ਦਿੰਦੇ ਸਨ, ਪਹਿਲਾਂ ਤਾਂ ਇਸ

ਸੱਦੇ ਉੱਤੇ ਨਾ ਗਏ, ਪਰ ਫੇਰ ਜਦ ਮਜਬੂਰ ਕੀਤੇ ਗਏ ਤਾਂ ਉਹਨਾਂ ਨੇ ਬੜੀ ਦਲੇਰੀ ਨਾਲ ਉਥੇ ਜਾ ਕੇ ਮਲਿਕ ਭਾਗੋ ਦੀ ਕਮਾਈ 'ਚੋਂ ਗ਼ਰੀਬਾਂ ਦਾ ਲਹੂ ਤੇ ਭਾਈ ਲਾਲੋ ਦੀ ਕਮਾਈ 'ਚੋਂ ਦੁੱਧ ਨਿਚੋੜ ਵਿਖਾਇਆ ਅਤੇ ਸਾਬਤ ਕਰ ਦਿੱਤਾ ਕਿ ਇਨਸਾਨ ਦੀ ਉੱਜਲ ਬੁੱਧੀ ਤੇ ਆਤਮਾ ਨਿਰਮਲ ਤਦ ਹੀ ਰਹਿ ਸਕਦੀ ਹੈ ਜੇ ਉਸ ਦਾ ਗੁਜ਼ਾਰਾ ਸਤਿ-ਧਰਮ ਦੀ ਕਮਾਈ ਉੱਤੇ ਹੋਵੇ। ਮਲਿਕ ਭਾਗੋ ਨੂੰ ਇਸ ਅਟੱਲ ਸਚਾਈ ਅੱਗੇ ਆਖ਼ਰ ਸੌ ਹੇਰ-ਫੇਰ ਕਰਨ ਦੇ ਬਾਵਜੂਦ ਝੁਕਣਾ ਪਿਆ।

ਗੁਰੂ ਜੀ ਦੀ ਪਹਿਲੀ ਉਦਾਸੀ (1498-1509 ਈ.)

ਇਸ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਜਦ ਸੈਦਪੁਰ (ਐਮਨਾਬਾਦ) ਰੋੜੀ ਸਾਹਿਬ ਦੇ ਸਥਾਨ ਪੁਰ ਸਨ ਤਾਂ ਉਹਨਾਂ ਨੇ 1499 ਈ. ਵਿਚ ਜ਼ਿਲ੍ਹਾ ਸ਼ੇਖ਼ੂਪੁਰਾ, ਗੁੱਜਰਾਂਵਾਲਾ, ਲਾਹੌਰ, ਅੰਮ੍ਰਿਤਸਰ ਆਦਿ ਦੇ ਪਿੰਡਾਂ ਦਾ ਦੌਰਾ ਕਰ ਕੇ ਪਹਿਲੀ ਉਦਾਸੀ ਅਥਵਾ ਯਾਤਰਾ ਪੂਰਬ ਦੇਸ਼ ਦੀ ਕੀਤੀ ਜਿਸ ਵਿਚ ਉਹ ਕੁਰਖੇਤਰ, ਕਰਨਾਲ, ਪਾਣੀਪਤ, ਹਰਿਦੁਆਰ (ਗੰਗਾ), ਦਿੱਲੀ, ਮਥੁਰਾ, ਵ੍ਰਿੰਦਾਵਨ, ਅਯੁੱਧਿਆ, ਗੋਰਖਮਤਾ (ਨਾਨਕਮਤਾ), ਲਖਨਊ, ਪ੍ਰਯਾਗ (ਅਲਾਹਾਬਾਦ), ਬਨਾਰਸ (ਉੱਤਰ ਪ੍ਰਦੇਸ਼), ਗਯਾ, ਪਟਨਾ (ਬਿਹਾਰ), ਢਾਕਾ (ਬੰਗਾਲ) ਧਨਪੁਰ, ਧੁਬੜੀ, ਕਾਮਰੂਪ (ਆਸਾਮ) ਸੁਰਣਦੀਪ, ਚਿਟਾਗਾਂਗ, ਜਗਨਨਾਥ (ਉੜੀਸਾ) ਆਦਿ ਥੀਂ ਹੁੰਦੇ ਹੋਏ ਵਿੰਧਿਆਚਲ ਪਰਬਤ-ਘਾਟੀਆਂ ਦੇ ਵਿਚੋਂ ਦੀ ਲੰਘ ਕੇ ਮੱਧ ਭਾਰਤ ਤੇ ਰਾਜਪੂਤਾਨੇ ਦੇ ਰਸਤੇ 1509 ਈ. ਵਿਚ ਪੂਰੇ 12 ਵਰ੍ਹਿਆਂ ਤੋਂ ਬਾਅਦ ਵਾਪਸ ਤਲਵੰਡੀ ਪਹੁੰਚੇ।

ਇਸ ਉਦਾਸੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਕੁਰਖੇਤਰ ਤੇ ਹਰਿਦੁਆਰ (ਗੰਗਾ) ਦੇ ਪੰਡਿਆਂ ਦਾ ਭਰਮ-ਹਨੇਰਾ ਦੂਰ ਕਰਦੇ ਹੋਏ ਦਿੱਲੀ ਦੇ ਬਾਦਸ਼ਾਹ ਸਿਕੰਦਰ ਲੋਧੀ ਤੇ ਉਸ ਦੇ ਦਰਬਾਰੀ ਮੁੱਲਾਂ-ਮੁਲਾਣੇ ਤੇ ਸ਼ਰ੍ਹਾ ਦੇ ਫ਼ਤਵੇ ਦੇਣ ਵਾਲੇ ਮੁਫ਼ਤੀਆਂ ਨੂੰ ਵੀ ਮਿਲੇ। ਇਸ ਦੇ ਨਾਲ ਹੀ ਦਿੱਲੀ ਦੇ ਆਸ-ਪਾਸ ਦੇ ਪ੍ਰਸਿੱਧ ਸੂਫ਼ੀ ਫ਼ਕੀਰਾਂ ਨਾਲ ਵੀ ਉਹਨਾਂ ਦਾ ਮਿਲਾਪ ਇਸੇ ਦੌਰਾਨ ਵਿਚ ਹੋਇਆ। ਫੇਰ ਉਹ ਬਨਾਰਸ ਜਾ ਕੇ ਉਥੋਂ ਦੇ ਪ੍ਰਸਿੱਧ ਪੰਡਿਤ ਚਤੁਰ ਦਾਸ ਤੇ ਹੋਰ ਰਾਮਨੰਦ ਅਤੇ ਕਬੀਰ ਪੰਥੀ ਸੰਪ੍ਰਦਾਇ ਦੇ ਸੰਤਾਂ-ਭਗਤਾਂ ਨੂੰ ਮਿਲੇ ਜੋ ਉਸ ਸਮੇਂ ਉੱਤਰ ਪ੍ਰਦੇਸ਼ ਵਿਚ ਭਗਤੀ-ਲਹਿਰ ਰਾਹੀਂ ਇਕ ਈਸ਼ਵਰਵਾਦ ਦਾ ਪ੍ਰਚਾਰ ਕਰ ਕੇ ਜਨ-ਸਮਾਜ ਦੇ ਸੁਧਾਰ ਲਈ ਇਕ ਨਵੀਂ ਪ੍ਰੇਰਣਾ ਦੇ ਰਹੇ ਸਨ। ਉਹਨਾਂ ਵਿਚੋਂ ਕੁਝ ਅਜਿਹੇ ਸੰਤ-ਭਗਤ ਵੀ ਸਨ ਜੋ ਅਵਤਾਰ-ਵਾਦੀ, ਰਾਮ-ਕ੍ਰਿਸ਼ਨ ਭਗਤੀ ਦੀ ਉਲਝਣ ਵਿਚ ਫਸੇ ਹੋਏ ਸਨ, ਇਸ ਲਈ ਗੁਰੂ ਸਾਹਿਬ ਨੇ ਉਹਨਾਂ ਨੂੰ ਇਸ ਭਰਮ-ਜਾਲ ਵਿਚੋਂ ਕੱਢਿਆ। ਇਸ ਤਰ੍ਹਾਂ ਉੱਤਰ ਪ੍ਰਦੇਸ਼ ਤੇ ਬਿਹਾਰ ਵਿਚੋਂ ਦੀ ਲੰਘ ਕੇ ਗੁਰੂ ਸਾਹਿਬ ਦਾ ਵਾਹ ਫੇਰ ਬੰਗਾਲ, ਆਸਾਮ ਤੇ ਉੜੀਸਾ ਦੇ ਸ਼ਾਸਕਾਂ ਨਾਲ ਪਿਆ ਜੋ ਕਿਸੇ ਮੰਤਰ-ਤੰਤਰ, ਟੂਣੇ-ਟਾਮਣ ਕਰ ਕੇ ਸ਼ਕਤੀ ਅਥਵਾ ਦੁਰਗਾ ਦੇਵੀ ਦੀ ਉਪਮਾ ਵਿਚ ਹੀ ਮਨੁੱਖੀ ਜੀਵਨ ਦੀ ਸਫਲਤਾ ਸਮਝੀ ਬੈਠੇ ਸਨ। ਗੁਰੂ ਸਾਹਿਬ ਨੇ ਇਸ ਸੰਬੰਧ ਵਿਚ ਕਾਮਰੂਪ (ਆਸਾਮ) ਦੀ ਨੂਰ ਸ਼ਾਹ (ਉਸ ਦੀਆਂ ਟੂਣੇਹਾਰ ਅੰਗ-ਸਹੇਲੀਆਂ) ਨੂੰ ਜਿਨ੍ਹਾਂ ਨੇ ਭਾਈ ਮਰਦਾਨੇ ਨੂੰ ਜਾਦੂ ਦੇ ਤਵੀਤ ਬੰਨ੍ਹ ਕੇ ਮੀਂਢਾ ਬਣਾਉਣ ਦਾ ਯਤਨ ਕੀਤਾ ਸੀ, ਇਹਨਾਂ ਫੋਕਟ ਕਰਮਾਂ ਤੋਂ ਹਟਾ ਕੇ ਬ੍ਰਹਮ ਗਿਆਨ ਦਾ ਉਪਦੇਸ਼ ਦਿੱਤਾ। ਫੇਰ ਇਸ

ਤੋਂ ਅੱਗੇ ਨਾਗਾ ਪਰਬਤ ਦੀਆਂ ਘਾਟੀਆਂ ਦੇ ਸ਼ਾਕਤ ਕੌਡੇ, ਦੇਵਲੂਤ ਆਦਿ ਰਾਖ਼ਸ਼ ਬਿਰਤੀ ਦੇ ਬੰਦਿਆਂ ਨੂੰ, ਜੋ ਦੇਵੀ ਪ੍ਰਤੀ ਨਰਬਲੀਆਂ (Human Sacrifices) ਦੇਣ ਵਿਚ ਹੀ ਆਪਣੇ ਜੀਵਨ ਦੀ ਸਾਰਥਕਤਾ ਸਮਝ ਕੇ ਨਰ-ਭਖਸ਼ੀ ਬਣੇ ਫਿਰਦੇ ਸਨ, ਨਾ ਕੇਵਲ ਇਹਨਾਂ ਕੁਕਰਮਾਂ ਤੋਂ ਹੀ ਹਟਾਇਆ, ਸਗੋਂ ਹਮੇਸ਼ਾਂ ਲਈ ਇਨਸਾਨੀਅਤ ਦੇ ਪੂਰੇ-ਪੂਰੇ ਕਦਰਦਾਨ ਵੀ ਬਣਾ ਦਿੱਤਾ, ਜੋ ਗੁਰੂ ਸਾਹਿਬ ਦੀ ਇਕ ਖ਼ਾਸ ਕਰਾਮਾਤ ਮੰਨੀ ਜਾ ਸਕਦੀ ਹੈ। ਇਸੇ ਤਰ੍ਹਾਂ ਉੜੀਸਾ ਦਾ ਇਕ ਸਭ ਤੋਂ ਵੱਡਾ ਧਨੀ ਪੰਡਾ ਕਲਿਜੁਗ, ਜਿਸ ਨੂੰ ਜਨਮਸਾਖੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ (ਭਾਈ ਪੈੜਾ ਮੋਖਾ) ਵਿਚ ਘੋਰ ਕਲਿਜੁਗ ਦਾ ਭਿਆਨਕ ਰੂਪ ਦੇ ਕੇ ਵਰਣਨ ਕੀਤਾ ਹੈ ਅਤੇ ਜੋ ਮੋਤੀਆਂ ਦੇ ਰਤਨ-ਜੜਿਤ ਸ਼ਰਣ ਮੰਦਰ ਉਸਾਰਨ ਵਿਚ ਹੀ ਆਪਣੀ ਵਡਿਆਈ ਸਮਝਦਾ ਸੀ, ਜੋ ਇਸ ਮੱਕੜੀ ਦੇ ਜਾਲੇ ਦੀ ਤਰ੍ਹਾਂ ਤਣੇ ਹੋਏ ਮਾਇਆ ਰੂਪੀ ਦੁਨਿਆਵੀ ਮੋਹ-ਜਾਲ ਵਿਚੋਂ ਨਿਕਲ ਕੇ ਸੱਚ ਦਾ ਪੰਧਾਊ ਬਣਿਆ ਤਾਂ ਇਹ ਵੀ ਜਗਤ-ਸੁਧਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਹਾਨੀ ਜੀਵਨ ਤੇ ਅਦੁੱਤੀ ਆਤਮਿਕ ਗਿਆਨ ਦਾ ਹੀ ਇਕ ਕ੍ਰਿਸ਼ਮਾ ਸੀ, ਨਹੀਂ ਤਾਂ ਤੇਲੀ ਦੇ ਨੱਤੇ ਦੀ ਤਰ੍ਹਾਂ ਅਜਿਹੇ ਮਨਮੁਖ ਲੋਕਾਂ ਦੇ ਦਿਲਾਂ ਨੂੰ, ਜਿਨ੍ਹਾਂ ਦੇ ਉੱਤੇ ਪੁਸ਼ਤ-ਦਰ-ਪੁਸ਼ਤ ਜਨਮ-ਜਨਮ ਦੀ ਮੈਲ ਜੰਮੀ ਹੋਈ ਹੋਵੇ, ਧੋ-ਧਾ ਕੇ ਸਾਫ਼-ਸ਼ੱਫ਼ਾਫ਼ ਤੇ ਅਤਿ ਉੱਜਲ ਦੁੱਧ-ਧੋਤੇ ਹੋਰ ਕੌਣ ਬਣਾ ਸਕਦਾ ਹੈ।

ਗੁਰੂ ਸਾਹਿਬ ਦੀ ਦੂਜੀ ਉਦਾਸੀ (1510-1515 ਈ.)

ਦੂਜੀ ਉਦਾਸੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੱਖਣ ਦੀ ਹੈ, ਜਿਸ ਵਿਚ ਗੁਰੂ ਸਾਹਿਬ ਸਰਸਾ, ਬੀਕਾਨੇਰ, ਜੈਸਲਮੇਰ, ਜੈਪੁਰ, ਜੋਧਪੁਰ, ਸਿਰੋਹੀ, ਅਜਮੇਰ, ਪੁਸ਼ਕਰ, ਝਾਨਾ ਪਾਟਨ, ਆਬੂ, ਨਾਥ ਦੁਆਰੇ, ਲੋਧੀਪੁਰ, ਉਜੈਨ, ਇੰਦੌਰ, ਬਿਦਰ, ਨਰਸਿੰਘਪੁਰ, ਬਾਲਾ ਘਾਟ, ਬੁਰਹਾਨਪੁਰ, ਰਾਮ ਟੇਕਰੀ, ਗੰਤੂਰ, ਤ੍ਰਿਚਨਾਪਲੀ, ਪਾਂਡੀਚਰੀ, ਮਦਰਾਸ, ਸ੍ਰੀ ਰੰਗ ਪਟਨ, ਚੀਨਾਪਟਮ, ਨਾਗਾਪਟਮ, ਸੰਗਲਾਦੀਪ (ਲੰਕਾ) ਆਦਿ ਥਾਈਂ ਗਏ ਤੇ ਸੇਤੁ ਬੰਧੁ (ਰਾਮੇਸ਼ਵਰਮ) ਮਾਲਾਬਾਰ, ਮੱਕਾ-ਮਦੀਨਾ, ਸਾਰਾਗੜ੍ਹ, ਦੁਆਰਕਾ, ਜੂਨਾਗੜ੍ਹ, ਕਾਠੀਆਵਾੜ, ਸਿੰਧ, ਸਤਘਰਾ (ਮਿੰਟਗੁਮਰੀ) ਆਦਿ ਨਗਰਾਂ ਤੇ ਇਲਾਕਿਆਂ ਦੀ ਯਾਤਰਾ ਵੀ ਇਸੇ ਉਦਾਸੀ ਵਿਚ ਸ਼ਾਮਲ ਹੈ। ਇਹ ਉਦਾਸੀ ਜਿਵੇਂ ਕਿ ਗਿਆਨੀ ਗਿਆਨ ਸਿੰਘ ਨੇ 'ਤਵਾਰੀਖ਼ ਗੁਰੂ ਖ਼ਾਲਸਾ' ਭਾਗ ਪਹਿਲਾ ਵਿਚ ਲਿਖਿਆ ਹੈ, 1510 ਈ. ਹਾੜ ਦੇ ਮਹੀਨੇ ਸ਼ੁਰੂ ਹੋਈ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਉਦਾਸੀ ਵਿਚ ਬੀਕਾਨੇਰ (ਰਾਜਸਥਾਨ) ਦੇ ਮੂੰਹ-ਪੱਟੀ ਵਾਲੇ ਅਹਿੰਸਾਵਾਦੀ ਜੈਨ ਸਾਧੂਆਂ ਨੂੰ, ਉਜੈਨ (ਮਾਲਵਾ) ਵਿਚ ਓਅੰਕਾਰ ਮਹਾਂਕਾਲੇਸ਼ਵਰ ਸ਼ਿਵ ਮੰਦਰ ਦੇ ਪੁਜਾਰੀਆਂ ਨੂੰ, ਕਰਨੂਰ (ਮਹਾਂਰਾਸ਼ਟਰ) ਵਿਚ ਗਣੇਸ਼ ਦੇਵਤਾ ਦੇ ਸ਼ਰਧਾਲੂਆਂ ਨੂੰ, ਪਾਗਲਪੁਰ (ਤਿਲੰਗ ਦੇਸ਼) ਦੇ ਜੋਗੀਆਂ ਨੂੰ, ਮਟੀਆ ਕਲਪ (ਸੰਗਲਾਦੀਪ) ਵਿਚ ਰਾਜਾ ਸ਼ਿਵਨਾਭ ਨੂੰ, ਦੀਬਰ ਨਗਰ ਦੇ ਭਾਟੜਿਆਂ ਨੂੰ, ਮੱਕਾ-ਮਦੀਨਾ (ਅਰਬ) ਤੇ ਬਗ਼ਦਾਦ (ਇਰਾਕ) ਦੇ ਮਜਾਵਰਾਂ, ਮੁੱਲਾਂ, ਕਾਜ਼ੀਆਂ ਤੇ ਸੂਫ਼ੀਆਂ (ਫ਼ਕੀਰਾਂ) ਨੂੰ, ਗਿਰਿਨਾਰ ਪਰਬਤ (ਕਾਠੀਆਵਾੜ) ਦੇ ਅਘੋਰ ਪੰਥੀਆਂ ਨੂੰ, ਸੋਮਨਾਥ ਦੇ ਪੰਡਿਆਂ ਤੇ ਦੁਆਰਕਾ ਦੇ ਕ੍ਰਿਸ਼ਨਾ ਨੰਦੀ ਵੈਸ਼ਨਵਾਂ ਨੂੰ ਅਤੇ ਆਸਾਪੁਰੀ (ਕੱਛ ਦੇਸ਼) ਦੇ ਕਾਪੜੀਆਂ ਪੰਥੀਆਂ ਨੂੰ ਸਤਿਨਾਮ ਦਾ ਉਪਦੇਸ਼ ਦੇ ਕੇ ਭਰਮ-ਜਾਲ ਵਿਚੋਂ ਕੱਢਿਆ

ਅਤੇ ਗੁਰਮਤਿ ਦੇ ਅਨੁਸਾਰ ਅਕਾਲ ਪੁਰਖ ਦੀ ਭਜਨ-ਬੰਦਗੀ ਦਾ ਸੱਚਾ ਰਾਹ ਦਿਖਾਇਆ ਸੀ।

ਬਗ਼ਦਾਦ ਦੇ ਇਕ ਤੁਰਕੀ ਸ਼ਿਲਾਲੇਖ ਦੇ ਅਨੁਸਾਰ, ਜੋ ਉਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਯਾਦਗਾਰੀ ਸਥਾਨ 'ਪਰ ਲੱਗਾ ਹੋਇਆ ਹੈ, ਗੁਰੂ ਜੀ ਦੀ ਬਗ਼ਦਾਦ ਫੇਰੀ ਸੰਨ 927 ਹਿਜਰੀ ਮੁਤਾਬਿਕ ਸੰਮਤ 1569 ਬਿਕ੍ਰਮੀ (ਸੰਨ 1512 ਈ.) ਵਿਚ ਬਣਦੀ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਦੱਖਣ ਦੀ ਉਦਾਸੀ ਵਿਚ ਹੀ ਸੰਗਲਾਦੀਪ ਥੀਂ ਹੋ ਕੇ ਸਿੱਧੇ ਮੱਕੇ-ਮਦੀਨੇ (ਅਰਬ) ਤੇ ਬਗ਼ਦਾਦ (ਇਰਾਕ) ਗਏ ਸਨ, ਤੀਜੀ ਜਾਂ ਚੌਥੀ ਉਦਾਸੀ ਸਮੇਂ ਨਹੀਂ, ਜਿਵੇਂ ਕਿ ਭਾਈ ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ ਜੀ ਆਦਿ ਕਈ ਲਿਖਾਰੀਆਂ ਨੇ ਕੁਝ ਅਨੁਮਾਨ ਲਗਾਏ ਹਨ।

ਇਹ ਉਦਾਸੀ, ਜੋ ਦੱਖਣ ਦੀ ਉਦਾਸੀ ਦੇ ਨਾਂ ਨਾਲ ਪ੍ਰਸਿੱਧ ਹੈ, ਲਗਭਗ ਪੰਜ ਸਾਲਾਂ ਵਿਚ ਪੂਰੀ ਹੋਈ ਮੰਨੀ ਜਾਂਦੀ ਹੈ। ਗੁਰੂ ਸਾਹਿਬ ਇਸ ਉਦਾਸੀ ਵਿਚ ਮੁਲਤਾਨ ਦੇ ਰਸਤੇ ਵਾਪਸ ਤਲਵੰਡੀ ਆਏ ਸਨ।

ਗੁਰੂ ਸਾਹਿਬ ਦੀ ਤੀਜੀ ਉਦਾਸੀ (1517-1519 ਈ.)

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤੀਜੀ ਉਦਾਸੀ, ਜੋ ਉੱਤਰਾਖੰਡ ਅਥਵਾ ਹਿਮਾਚਲ ਪ੍ਰਦੇਸ਼ ਦੀ ਉਦਾਸੀ ਦੇ ਨਾਂ ਨਾਲ ਪ੍ਰਸਿੱਧ ਹੈ। ਇਹ ਉਦਾਸੀ, ਜਿਸ ਤਰ੍ਹਾਂ ਕਿ ਸਿਰਲੇਖ ਤੋਂ ਹੀ ਪ੍ਰਗਟ ਹੈ, 15 ਅੱਸੂ ਸੰਮਤ 1574 ਬਿਕ੍ਰਮੀ ਤੋਂ ਅਖ਼ੀਰ ਫੱਗਣ ਸੰਮਤ 1576 ਬਿਕ੍ਰਮੀ ਤਕ ਲਗਭਗ ਦੋ ਸਾਲ ਪੰਜ ਮਹੀਨੇ ਵਿਚ ਸਮਾਪਤ ਹੁੰਦੀ ਹੈ। ਇਸ ਉਦਾਸੀ ਵਿਚ ਗੁਰੂ ਸਾਹਿਬ, ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ ਤਲਵੰਡੀਓਂ ਕਲਾਨੌਰ, ਗੁਰਦਾਸਪੁਰ, ਦਸੂਹੇ, ਕੋਟਲੇ, ਤਿਲੋਕ ਨਾਥ, ਪਾਲਮਪੁਰ, ਘੁੜੇਰਨ, ਕਾਂਗੜਾ, ਜੁਆਲਾਮੁਖੀ, ਮੰਡੀ ਸੁਕੇਤ, ਰਵਾਲਸਰ, ਚੰਬਾ, ਬਿਜਲੀਆ ਮਹਾਦੇਵ (ਕੁੱਲੂ), ਕਹਿਲੂਰ, ਕੀਰਤਪੁਰ, ਪਿੰਜੌਰ, ਸਾਰਾ ਤੀਰਥ, ਕਰੋਲ, ਸ਼ਿਮਲਾ, ਸਪਾਟੂ, ਜੌਹੜ ਸਰ ਤੀਰਥ, ਦੇਹਰਾਦੂਨ (ਗੜ੍ਹਵਾਲ), ਮਨਸੂਰੀ, ਚਕਰੌਦੇ, ਬਸ਼ਹਿਰ, ਜਮੁਨੋਤਰੀ, ਗੋਮੁਖੀ, ਬਦਰੀਨਾਥ, ਸਪਤਸ੍ਰਿੰਗ ਆਦਿ ਥੀਂ ਹੋ ਕੇ ਹਿਮਾਲਿਆ ਦੀ ਪਰਬਤ ਘਾਟੀ ਸੁਮੇਰ ਪਰਬਤ 'ਪਰ ਪਹੁੰਚੇ ਤੇ ਉਥੇ ਗੋਰਖ ਨਾਥ, ਗੋਪੀ ਚੰਦ, ਰਾਜਾ ਭਰਥਰੀ ਹਰੀ, ਚਰਪਟ ਨਾਥ ਆਦਿ ਸਿੱਧਾਂ ਨਾਲ ਗੋਸ਼ਟਿ ਕੀਤੀ।

ਸਿੱਧ ਅਥਵਾ ਜੋਗੀ ਜਿਨ੍ਹਾਂ ਨੂੰ ਕੰਨ-ਪਾਟੇ ਹੋਣ ਕਰਕੇ ਨਾਥ ਵੀ ਕਿਹਾ ਜਾਂਦਾ ਹੈ, ਦਰਅਸਲ ਬੁੱਧ ਧਰਮ ਦੀ ਇਕ ਪਰਮ-ਪ੍ਰਸਿੱਧ ਸ਼ਾਖ਼ਾ ਮਹਾਯਾਨ ਸੰਪ੍ਰਦਾਇ ਦੇ ਜੰਮ-ਪਲ ਹਨ। 12ਵੀਂ-13ਵੀਂ ਸਦੀ ਈਸਵੀ ਵਿਚ ਜਦੋਂ ਮੁਸਲਮਾਨਾਂ ਨੇ ਹਮਲਾ ਕਰ ਕੇ ਬਿਹਾਰ ਦੇ ਬੋਧੀ ਮੱਠ ਢਾਹੇ ਤੇ ਨਾਲੰਦਾ ਯੂਨੀਵਰਸਿਟੀ ਬਰਬਾਦ ਕੀਤੀ ਤਾਂ ਬਹੁਤ ਸਾਰੇ ਬੋਧੀ ਸਾਧੂ ਜੋ ਮਹਾਯਾਨ ਸੰਪ੍ਰਦਾਇ ਨਾਲ ਸੰਬੰਧ ਰੱਖਦੇ ਸਨ, ਮੁਸਲਮਾਨਾਂ ਦੇ ਹੱਥੋਂ ਮਾਰੇ ਗਏ ਤੇ ਬਾਕੀ ਬਚੇ-ਖੁਚੇ ਸਾਧੂ ਉੱਤਰਾਖੰਡ ਦੀਆਂ ਪਰਬਤ ਘਾਟੀਆਂ ਵਿਚ ਜਾ ਲੁਕੇ। ਜੋਗ-ਬਲ ਨਾਲ ਆਪਣੀਆਂ ਉਮਰਾਂ ਚੂੰਕਿ ਉਹਨਾਂ ਨੇ ਬਹੁਤੀਆਂ ਵਧਾ ਲਈਆਂ ਸਨ, ਇਸ ਲਈ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਉੱਤਰਾਖੰਡ ਦੀ ਸੈਰ ਕਰਦੇ ਹੋਏ ਸੁਮੇਰ ਪਰਬਤ 'ਪਰ ਗਏ ਤਾਂ ਉਹਨਾਂ ਜੋਗੀਆਂ ਨਾਲ ਗੁਰੂ ਜੀ ਦਾ ਮਿਲਾਪ

ਹੋਇਆ। ਭਾਈ ਗੁਰਦਾਸ ਜੀ ਨੇ ਇਸ ਮਿਲਾਪ ਬਾਰੇ ਆਪਣੀ ਬਾਣੀ ਵਿਚ ਜ਼ਿਕਰ ਕਰਦਿਆਂ ਇਸੇ ਕਾਰਣ 'ਸਿਧ ਛਪ ਬੈਠੇ ਪਰਬਤੀਂ ਕਉਣ ਜਗਤ ਕੋ ਪਾਰ ਉਤਾਰਾ' ਨਸੀਹਤ ਰੂਪ ਵਾਕ ਲਿਖਿਆ ਹੈ। ਇਥੇ ਹੀ ਬੱਸ ਨਹੀਂ, ਸਿੱਧ ਚੂੰਕਿ ਵਾਮ-ਮਾਰਗੀਆਂ ਵਾਂਗੂੰ ਅੰਧਾ-ਧੁੰਦ ਮਦ, ਭੰਗ ਆਦਿ ਨਸ਼ਿਆਂ ਦੇ ਆਦੀ ਸਨ, ਇਸ ਲਈ ਗੁਰੂ ਸਾਹਿਬ ਨੇ ਮਦ-ਪਾਨ ਦਾ ਖੰਡਨ ਕਰ ਕੇ ਉਹਨਾਂ ਦਾ ਇਹ ਅਗਿਆਨ-ਅੰਧੇਰ ਵੀ ਦੂਰ ਕੀਤਾ ਤੇ ਉਹਨਾਂ ਨੂੰ ਗੁਰਮਤਿ ਦਾ ਸੱਚਾ ਰਾਹ ਦੱਸਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਸੁਮੇਰ ਪਰਬਤ ਥੀਂ ਹੋ ਕੇ ਨੇਪਾਲ, ਮਾਨਸਰੋਵਰ, ਨਾਨਕਿੰਗ (ਚੀਨ), ਤੇ ਸਿੰਗਾਪੁਰ (ਮਲਾਇਆ) ਆਦਿ ਥੀਂ ਹੁੰਦੇ ਹੋਏ ਅੰਦਾਜ਼ਨ 1519 ਈ. ਵਿਚ ਵਾਪਸ ਦੇਸ਼ ਪਹੁੰਚ ਗਏ ਅਤੇ ਇਹ ਪਹਾੜੀ ਰਸਤਾ ਜੋ ਬੜਾ ਭਿਆਨਕ ਤੇ ਊਚ-ਨਿਵਾਣਾਂ ਨਾਲ ਭਰਪੂਰ ਸੀ, 2 ਸਾਲ 5 ਮਹੀਨੇ ਦੇ ਏਨੇ ਥੋੜ੍ਹੇ ਸਮੇਂ ਵਿਚ ਤਹਿ ਕਰਨਾ ਇਕ ਅੱਛੀ ਖ਼ਾਸੀ ਮਾਅਰਕੇ ਦੀ ਯਾਤਰਾ ਸਾਬਤ ਹੁੰਦੀ ਹੈ।

ਗੁਰੂ ਸਾਹਿਬ ਦੀ ਚੌਥੀ ਉਦਾਸੀ (1519-1523 ਈ.)

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚੌਥੀ ਉਦਾਸੀ ਪੱਛਮ ਦੀ ਉਦਾਸੀ ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਉਦਾਸੀ ਵਿਚ ਗੁਰੂ ਸਾਹਿਬ ਉੱਚ, ਹੜੱਪਾ, ਕਟਾਸ ਤੀਰਥ (ਜਿਹਲਮ), ਦੇਹਰਜਾਤ ਆਦਿ ਥੀਂ ਹੁੰਦੇ ਹੋਏ ਬਲੋਚਿਸਤਾਨ ਦੇ ਰਸਤੇ ਈਰਾਨ, ਤੁਰਕਿਸਤਾਨ ਤੇ ਰੂਸ ਦੇ ਇਲਾਕੇ ਅਜ਼ਰਬਾਈਜਾਨ ਤੇ ਉਜ਼ਬੇਕਿਸਤਾਨ ਤਕ ਪਹੁੰਚੇ ਤੇ ਫੇਰ ਤਾਸ਼ਕੰਦ, ਕਾਸਕੰਦ, ਹਰਾਤ, ਗ਼ਜ਼ਨੀ, ਕੰਧਾਰ, ਕਾਬਲ, ਜਲਾਲਾਬਾਦ, ਪਿਸ਼ਾਵਰ ਆਦਿ ਥੀਂ ਹੁੰਦੇ ਹੋਏ ਦਰਿਆ ਅਟਕ ਤੇ ਜਿਹਲਮ ਲੰਘ ਕੇ ਜੋਗੀ ਟਿੱਲਾ ਆਦਿ ਥਾਵਾਂ ਦੇਖ ਕੇ ਦਰਿਆ ਰਾਵੀ ਦੇ ਕੰਢੇ ਕਰਤਾਰਪੁਰ ਆ ਬਿਰਾਜੇ। ਇਥੇ ਇਹ ਗੱਲ ਦੱਸਣੀ ਯੋਗ ਹੈ ਕਿ ਗੁਰੂ ਸਾਹਿਬ ਨੇ 1521 ਈ. ਵਿਚ ਮੁਗ਼ਲ ਬਾਦਸ਼ਾਹ ਬਾਬਰ ਦੇ ਸੈਦਪੁਰ (ਐਮਨਾਬਾਦ) ਫ਼ਤਹਿ ਕਰਨ ਤੋਂ ਲਗਭਗ ਇਕ ਸਾਲ ਪਿੱਛੋਂ ਆਪਣੀ ਪੱਕੀ ਰਿਹਾਇਸ਼ ਕਰਨ ਦੇ ਖ਼ਿਆਲ ਨਾਲ ਰਾਵੀ ਕੰਢੇ ਕਰਤਾਰਪੁਰ ਨਗਰ ਆਬਾਦ ਕਰ ਲਿਆ ਸੀ। ਇਸ ਲਈ ਹੁਣ ਜਦ ਆਪ ਪੱਛਮ ਦੀ ਉਦਾਸੀ ਤੋਂ ਵਾਪਸ ਮੁੜ ਕੇ ਆਏ ਤਾਂ ਤਲਵੰਡੀ ਜਾਣ ਦੀ ਬਜਾਏ ਸਿੱਧੇ ਕਰਤਾਰਪੁਰ ਹੀ ਪਹੁੰਚੇ ਤੇ ਫੇਰ ਸੇਵਾਦਾਰ ਭੇਜ ਕੇ ਤਲਵੰਡੀਉਂ ਮਾਤਾ-ਪਿਤਾ ਸਮੇਤ ਸਾਰੇ ਪਰਿਵਾਰ ਨੂੰ ਉਥੇ ਹੀ ਬੁਲਾ ਲਿਆ। ਪਰਿਵਾਰ ਦੇ ਲੋਕ ਗੁਰੂ ਜੀ ਦੇ ਹੁਕਮ ਨਾਲ ਰਾਵੀਉਂ ਉਰਾਰ-ਪਾਰ ਕਰਤਾਰਪੁਰ ਤੇ ਪੱਖੋਕੇ ਰੰਧਾਵੇ ਆਦਿ ਥਾਈਂ ਜਿਥੇ ਵੀ ਸਹੂਲੀਅਤ ਪ੍ਰਾਪਤ ਹੋਈ, ਰਹਿਣ ਲੱਗ ਪਏ।

ਛੇਕੜਲੇ ਸਾਲ (1525-1539 ਈ.)

ਸੰਮਤ 1582 (1525 ਈ.) ਤੋਂ 1596 ਤਕ ਸ੍ਰੀ ਗੁਰੂ ਨਾਨਕ ਦੇਵ ਜੀ ਲਗਭਗ 14 ਸਾਲ ਕਰਤਾਰਪੁਰ ਹੀ ਰਹੇ ਤੇ ਇਥੇ ਹੀ ਸਿੱਖ ਸੰਗਤਾਂ ਨੂੰ ਨਾਮ-ਬਾਣੀ ਦਾ ਉਪਦੇਸ਼ ਦੇਂਦੇ ਰਹੇ। ਸਾਹੀਵਾਲ ਵਾਲੀ ਹੱਥ-ਲਿਖਤ ਜਨਮਸਾਖੀ ਗੁਰੂ ਨਾਨਕ (ਭਾਈ ਪੈੜਾ) ਦੇ ਅਨੁਸਾਰ 1532 ਈ. ਦੇ ਦਿਨੀਂ ਭਾਈ ਲਹਿਣਾ (ਗੁਰੂ ਅੰਗਦ) ਜੀ ਗੁਰੂ ਨਾਨਕ ਦੇ ਦਰਬਾਰ ਵਿਚ ਪਹਿਲੀ

ਵੇਰ ਹਾਜ਼ਰ ਹੋਏ। ਪੁਰਾਤਨ ਜਨਮਸਾਖੀ ਦੇ ਕਥਨ ਅਨੁਸਾਰ ਗੁਰੂ ਸਾਹਿਬ ਇਕ ਵਾਰ ਕਰਤਾਰਪੁਰੋਂ ਭਾਈ ਲਹਿਣਾ ਜੀ ਸਮੇਤ ਸ਼ਿਵਰਾਤ ਦੇ ਮੇਲੇ 'ਤੇ ਗ਼ਾਲਬਨ 1536 ਈ. ਵਿਚ ਅਚਲ ਵਟਾਲੇ ਸਿੱਧਾਂ ਨੂੰ ਮਿਲਣ ਵਾਸਤੇ ਤੇ ਫੇਰ ਉਥੋਂ ਸੂਫ਼ੀ ਫ਼ਕੀਰਾਂ ਦੇ ਮੇਲੇ ਦਾ ਪਤਾ ਲੱਗਣ 'ਤੇ ਮੁਲਤਾਨ ਗਏ। ਇਸੇ ਦੌਰਾਨ ਵਿਚ ਪੁਰਾਤਨ ਜਨਮਸਾਖੀ ਦੇ ਕਥਨ ਅਨੁਸਾਰ ਗੁਰੂ ਜੀ ਵੱਲੋਂ ਗੋਰਖ ਹਟੜੀ (ਪਿਸ਼ਾਵਰ) ਦੀ ਇਕ ਹੋਰ ਪੰਜਵੀਂ ਉਦਾਸੀ ਵੀ ਸ਼ਾਮਲ ਹੈ।

ਉਹ ਉਦਾਸੀ ਜੋ ਗੁਰੂ ਜੀ ਦੀ ਚੌਥੀ ਪੱਛਮ ਦੀ ਉਦਾਸੀ ਦਾ ਹੀ ਇਕ ਅੰਗ ਹੈ, ਐਵੇਂ ਵੱਖਰਾ ਸਿਰਲੇਖ ਦੇ ਕੇ ਪੰਜਵੀਂ ਉਦਾਸੀ ਬਣਾ ਦਿੱਤੀ ਗਈ ਹੈ। ਇਸੇ ਤਰ੍ਹਾਂ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੀ ਹੱਥ-ਲਿਖਤ ਜਨਮਸਾਖੀ ਨੰਬਰ 164 ਦੇ ਅਨੁਸਾਰ ਗੁਰੂ ਨਾਨਕ ਦੀਆਂ ਦੋ ਉਦਾਸੀਆਂ ਹੋਰ ਛੇਵੀਂ ਤੇ ਸਤਵੀਂ ਦਾ ਵੀ ਪਤਾ ਲੱਗਦਾ ਹੈ, ਪਰ ਉਹ ਉਦਾਸੀਆਂ ਵੀ ਪੰਜਵੀਂ ਉਦਾਸੀ ਵਾਂਗ ਹੀ ਸਮਝ ਲੈਣੀਆਂ ਯੋਗ ਹਨ। ਦਰਅਸਲ ਜਿਵੇਂ ਕਿ ਭਾਈ ਪੈੜੇ ਮੋਖੇ ਵਾਲੀ ਜਨਮਸਾਖੀ ਦਾ ਕਥਨ ਹੈ, ਗੁਰੂ ਜੀ ਦੀਆਂ ਚਾਰ ਉਦਾਸੀਆਂ ਹੀ ਠੀਕ ਹਨ ਤੇ ਉਹਨਾਂ ਦੇ ਹੋਰ ਨਿੱਕੇ-ਮੋਟੇ ਸਫ਼ਰ ਇਹਨਾਂ ਉਦਾਸੀਆਂ ਵਿਚ ਹੀ ਆ ਜਾਂਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਇਹਨਾਂ ਉਦਾਸੀਆਂ ਤੋਂ ਬਾਅਦ ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਲਗਭਗ 14 ਸਾਲ 1525 ਈ. ਤੋਂ 1539 ਈ. ਤਕ ਦਰਿਆ ਰਾਵੀ ਦੇ ਕੰਢੇ ਆਪਣੇ ਨਵੇਂ ਵਸਾਏ ਨਗਰ ਕਰਤਾਰਪੁਰ ਵਿਚ ਹੀ ਨਿਵਾਸ ਰੱਖ ਕੇ ਸਤਿਸੰਗ ਤੇ ਨਾਮ-ਬਾਣੀ ਦਾ ਇਕ ਰਸ ਪ੍ਰਵਾਹ ਚਲਾਉਂਦੇ ਰਹੇ। ਆਖ਼ਰ ਅੱਸੂ ਸੁਦੀ 10 ਸੰਮਤ 1596 ਬਿਕ੍ਰਮੀ (1539 ਈ.) ਨੂੰ ਆਪ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦੇ ਕੇ ਇਸੇ ਸਥਾਨ ਕਰਤਾਰਪੁਰ ਵਿਖੇ ਹੀ ਜੋਤੀ ਜੋਤਿ ਸਮਾ ਗਏ।

(11/1974)

ਗੁਰੂ ਨਾਨਕ ਸਾਹਿਬ ਦੀ ਮੱਕੇ ਦੀ ਸਾਖੀ

ਜਨਮਸਾਖੀ ਭਾਈ ਬਾਲਾ, ਭਾਈ ਮਨੀ ਸਿੰਘ (ਹਾਜੀ ਚਰਾਗਦੀਨ ਸਰਾਜਦੀਨ, ਲਾਹੌਰ) ਆਦਿ ਵਿਚ ਲਿਖਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦ ਉਹ ਦੇਸ਼-ਦੇਸ਼ਾਂਤਰ ਦਾ ਭਰਮਣ ਕਰਦੇ ਹੋਏ ਮੱਕੇ ਗਏ ਤਾਂ ਅਚਾਨਕ ਰਾਤੀਂ ਸੌਣ 'ਤੇ ਖ਼ਾਨਾ-ਕਾਅਬਾ ਵੱਲ ਉਹਨਾਂ ਦੇ ਪੈਰ ਹੋਏ ਦੇਖ ਮੁੱਲਾਂ ਵੱਲੋਂ ਉਹਨਾਂ ਦੇ ਪੈਰ ਫੜ ਕੇ ਦੂਜੇ ਪਾਸੇ ਘੁਮਾਏ ਜਾਣ 'ਤੇ ਮੱਕਾ ਅਥਵਾ ਖ਼ਾਨਾ-ਕਾਅਬਾ ਫਿਰ ਗਿਆ ਸੀ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਜ਼ੂਰੀ ਤੇ ਸਮਕਾਲੀ ਕਵੀ ਭਾਈ ਗੁਰਦਾਸ ਜੀ ਨੇ ਵੀ 'ਵਾਰਾਂ ਗਿਆਨ ਰਤਨਾਵਲੀ' ਵਿਚ 'ਫਿਰਿਆ ਮਕਾ ਕਲਾ ਦਿਖਾਰੀ' ਲਿਖ ਕੇ ਇਸ ਕਥਨ ਨੂੰ ਕਿਸੇ ਹੱਦ ਤਕ ਮੰਨਿਆ ਹੈ ਤੇ ਹੋਰਨਾਂ ਸਾਖੀਆਂ ਜਾਂ ਗੋਸ਼ਟਾਂ ਵਿਚ ਵੀ ਇਸ ਘਟਨਾ ਦਾ ਥੋੜ੍ਹਾ-ਬਾਹਲਾ ਜ਼ਿਕਰ ਹੈ। ਸਿਧਾਂਤਕ ਨਿਗਾਹ ਤੋਂ ਭਾਵੇਂ ਇਹ ਘਟਨਾ ਇਕ ਪੌਰਾਣਿਕ ਕਲਪਨਾ ਮੰਨੀ ਜਾਵੇ ਜਾਂ ਆਤਮਿਕ ਸ਼ਕਤੀ ਦਾ ਕ੍ਰਿਸ਼ਮਾ ਪਰ ਇਤਿਹਾਸ ਦੇ ਪਹਿਲੂ ਤੋਂ ਇਸ ਬਾਰੇ ਏਨੀ ਬਹਿਸ ਕਰਨ ਦੀ ਉੱਕੀ ਹੀ ਲੋੜ ਨਹੀਂ ਹੈ ਕਿਉਂਕਿ ਅਜਿਹੀਆਂ ਸਾਖੀਆਂ ਅਨ-ਇਤਿਹਾਸਕ ਹੋਣ ਦੇ ਬਾਵਜੂਦ ਵੀ ਹਿੰਦੂ ਮੁਸਲਮਾਨ ਆਦਿ ਲਗਭਗ ਸਾਰੇ ਹੀ ਮਜ਼ਹਬਾਂ ਵਿਚ ਉਹਨਾਂ ਦੇ ਅਵਤਾਰਾਂ ਜਾਂ ਪੀਰਾਂ-ਪੈਗੰਬਰਾਂ ਨਾਲ ਜੋੜੀਆਂ ਹੋਈਆਂ ਬਹੁਤਾਤ ਵਿਚ ਮਿਲਦੀਆਂ ਹਨ। ਖ਼ੁਆਜਾ ਮੁਹੰਮਦ ਹੁਸਨ ਖ਼ਾਨ ਨਕਸ਼ਬੰਦੀ ਕਾਦਰੀ ਅਮਰੋਹੀ ਦੀ ਉਰਦੂ ਪੁਸਤਕ 'ਜਵਾਹਰਿ ਮੁਜੱਦਦੀਆਂ' ਅਰਥਾਤ 'ਸ੍ਵਾਨਹ ਉਮਰੀ ਹਜ਼ਰਤ ਸ਼ੇਖ਼ ਅਹਿਮਤ ਮੁਜੱਦਦ ਅਲਫ਼ਸਾਨੀ ਫ਼ਾਰੂਕੀ ਸਰਹਿੰਦੀ' ਦੇ ਕਥਨ ਅਨੁਸਾਰ ਅਜਿਹੇ ਮੁਅਜਜ਼ੇ ਜਾਂ ਕਰਾਮਾਤਾਂ ਰੱਬ ਦੀ ਹਸਤੀ ਤੋਂ ਮੁਨਕਰ ਹੋਣ ਵਾਲੇ ਜਾਂ ਦੂਜੇ ਪੱਖ ਦੇ ਲੋਕਾਂ ਨੂੰ ਆਪਣੀ ਅਜ਼ਮਤ ਦੱਸ ਕੇ ਨਿਵਾਉਣ ਜਾਂ ਰਾਹਿ-ਰਾਸਤੀ 'ਪਰ ਲਿਆਉਣ ਵਾਸਤੇ ਹੁੰਦੀਆਂ ਹਨ (ਦੇਖੋ ਸਫ਼ਾ 35) ਤੇ ਅਜਿਹੀਆਂ ਕਰਾਮਾਤਾਂ ਜਾਂ ਮੁਅਜਜ਼ੇ ਨਾ ਕੇਵਲ ਪੁਰਾਣੇ ਸਮਿਆਂ ਵਿਚ ਹੀ ਪ੍ਰਚਲਿਤ ਸਨ, ਸਗੋਂ ਅੱਜ-ਕੱਲ੍ਹ ਦੇ ਸ਼ਰਧਾਲੂ ਲੋਕ ਵੀ ਇਹਨਾਂ ਕਰਾਮਾਤਾਂ ਨੂੰ ਕਿਸੇ ਹੱਦ ਤਕ ਸਹੀ ਮੰਨਦੇ ਹਨ।

ਪੰਜਾਬ ਦੀ ਅਹਿਮਦੀਆ ਜਮਾਇਤ ਦੇ ਮੁਸਲਮਾਨ ਪ੍ਰਚਾਰਕ ਅਜਿਹੇ ਮੁਅਜਜ਼ੇ ਜਾਂ ਕਰਾਮਾਤਾਂ ਨੂੰ ਸਹੀ ਮੰਨਦੇ ਹੋਏ ਵੀ ਕਈ ਵੇਰ ਕਿਸੇ ਖ਼ਾਸ ਕਾਰਨ ਨੂੰ ਮੁੱਖ ਰੱਖ ਕੇ ਇਹਨਾਂ ਤੋਂ ਇਨਕਾਰੀ ਹੋ ਜਾਂਦੇ ਹਨ, ਜਿਵੇਂ ਕਿ ਉਹ ਆਪਣੇ ਸੰਪ੍ਰਦਾਇਕ ਪ੍ਰਚਾਰ ਨੂੰ ਮੁੱਖ ਰੱਖ ਕੇ ਗੁਰੂ ਨਾਨਕ ਸਾਹਿਬ ਨੂੰ ਤਾਂ ਮੁਸਲਮਾਨ ਸਾਬਤ ਕਰਦੇ ਹਨ, ਪਰ ਉਹਨਾਂ ਦੇ ਮੱਕਾ ਫੇਰਨ ਦੀ ਸਾਖੀ ਨੂੰ ਇਸ ਕਰਕੇ ਅਸੰਭਵ ਕਹਿ ਕੇ ਨਿੰਦਦੇ ਹਨ ਕਿ ਇਸ ਵਿਚ ਉਹਨਾਂ ਦਾ ਇਸਲਾਮਿਕ ਪੱਖ ਕਮਜ਼ੋਰ ਹੁੰਦਾ ਹੈ। ਇਸ ਸੰਬੰਧ ਵਿਚ ਉਹਨਾਂ ਦੇ ਅਜਿਹੇ ਲੇਖ ਕਿ ਗੁਰੂ ਨਾਨਕ ਦਾ ਮੱਕਾ

ਫੇਰਨਾ ਕਿਵੇਂ ਸੰਭਵ ਹੈ, ਪੰਜਾਬ ਦੀ ਵੰਡ ਤੋਂ ਪਹਿਲਾਂ ਵੀ ਕਈ ਵਾਰ ਵੇਖਣ ਵਿਚ ਆਏ ਹਨ ਤੇ ਪਿੱਛੋਂ ਵੀ ਜਿਵੇਂ ਕਿ 26 ਦਸੰਬਰ 1963 ਈ. ਦੇ ਰੋਜ਼ਾਨਾ ਅਲਫ਼ਜ਼ਲ (ਉਰਦੂ) ਸਾਲਾਨਾ ਨੰਬਰ ਵਿਚ ਜੋ ਜਮਾਇਤ ਅਹਿਮਦੀਆ ਦਾ ਮੁੱਖ ਪੱਤਰ ਹੋਣ ਕਰਕੇ ਉਸ ਦੇ ਵਰਤਮਾਨ ਕੇਂਦਰ ਰਬਵਾਹ ਜ਼ਿਲ੍ਹਾ ਝੰਗ (ਪਾਕਿਸਤਾਨ) ਤੋਂ ਛਪਦਾ ਹੈ, ਇਸ ਬਾਰੇ ਇਕ ਲੇਖ ਹੈ:

> *'ਸਿੱਖ ਲਿਟਰੇਚਰ ਕੇ ਮੁਤਅਲਿਕ ਸੱਯਦਨਾ ਹਜ਼ਰਤ ਮਸੀਹ ਮੌਊਦ ਅਲੈ ਇਸਲਾਮ ਕੀ ਤਹਕੀਕ ਕੇ ਦਰੁਸਤ ਹੋਨੇ ਕੇ ਜ਼ਬਰਦਸਤ ਸ਼ਵਾਹਿਦ-ਹਜ਼ਰਤ ਬਾਬਾ ਨਾਨਕ ਕੇ ਪਾਉਂ ਸੇ ਮੱਕਾ ਮੁਅੱਜਜ਼ਾ ਯਾ ਕਾਅਬਾ ਘੂਮਨੇ ਕਾ ਮਨਘੜਤ ਵਾਕਿਆ।'*
>
> *(ਸਫ਼ਾ 39 ਤੋਂ 45)*

ਇਹ ਲੇਖ ਗ਼ਲਤ-ਫ਼ਹਿਮੀ ਫੈਲਾਉਣ ਵਾਲਾ ਹੋਣ ਕਰਕੇ ਇਥੇ ਖ਼ਾਸ ਤੌਰ 'ਤੇ ਵਿਚਾਰਨ ਯੋਗ ਹੈ। ਇਹ ਲੇਖ ਅਹਿਮਦੀ ਜਮਾਇਤ ਦੇ ਪ੍ਰਚਾਰਕ ਗਿਆਨੀ ਅਬਾਦੁੱਲਾ ਦੀ ਕਲਮ ਤੋਂ ਹੈ, ਜਿਸ ਵਿਚ ਉਹ ਖ਼ਾਲਸਾ ਕਾਲਜ ਅੰਮ੍ਰਿਤਸਰ ਵੱਲੋਂ ਛਪੀ ਜਨਮਸਾਖੀ ਗੁਰੂ ਨਾਨਕ ਕਿਰਤ ਸੋਢੀ ਮਿਹਰਵਾਨ ਬਾਰੇ ਪ੍ਰੋਫ਼ੈਸਰ ਕ੍ਰਿਪਾਲ ਸਿੰਘ ਐਮ.ਏ. ਸਿੱਖ ਹਿਸਟਰੀ ਰਿਸਰਚ ਡੀਪਾਰਟਮੈਂਟ ਖ਼ਾਲਸਾ ਕਾਲਜ ਅੰਮ੍ਰਿਤਸਰ ਨੂੰ ਨਿਸ਼ਾਨਾ ਬਣਾ ਕੇ ਚਿੱਠੀ-ਪੱਤਰਾਂ ਰਾਹੀਂ ਪ੍ਰਸ਼ਨ-ਉੱਤਰੀ ਬਹਿਸ ਕਰਦੇ ਹੋਏ ਅਹਿਮਦੀ ਲਹਿਰ ਦੇ ਮੋਢੀ ਮਿਰਜ਼ਾ ਗ਼ੁਲਾਮ ਅਹਿਮਦ ਕਾਦੀਆਨੀ ਦੇ ਹਵਾਲੇ ਨਾਲ ਇਸ ਤਰ੍ਹਾਂ ਲਿਖਦੇ ਹਨ:

> *ਯਹ ਇਫ਼ਤਰਾ ਕਿ ਗੋਯਾ ਮੱਕਾ ਬਾਵਾ (ਗੁਰੂ ਨਾਨਕ) ਸਾਹਿਬ ਕੇ ਪੈਰੋਂ ਕੀ ਤਰਫ਼ ਫਿਰਤਾ ਥਾ, ਨਿਹਾਇਤ ਮਕਰੂਹ ਇਫ਼ਤਰਾ ਹੈ।*
>
> *(ਸਤ ਬਚਨ, ਸਫ਼ਾ 56)*

ਇਹ ਹਵਾਲਾ ਦੇਂਦਿਆਂ ਉਹਨਾਂ ਇਹ ਨਹੀਂ ਸੋਚਿਆ ਕਿ ਮਿਰਜ਼ਾ ਸਾਹਿਬ ਦੀ ਇਸੇ ਪੁਸਤਕ 'ਸਤ ਬਚਨ' (ਉਰਦੂ) ਦੇ ਸਫ਼ਾ 52 'ਪਰ ਗੁਰੂ ਨਾਨਕ ਸਾਹਿਬ ਦੇ ਇਕ ਲੰਮੇ ਚੋਲੇ ਦਾ ਹਵਾਲਾ ਵੀ ਦਿੱਤਾ ਹੈ, ਜਿਸ 'ਤੇ ਕੁਰਾਨ ਦੀਆਂ ਆਇਤਾਂ ਲਿਖੀਆਂ ਹੋਈਆਂ ਹਨ। ਕੀ ਇਹ ਪਵਿੱਤਰ ਚੋਲਾ ਪਾ ਕੇ ਗੁਰੂ ਸਾਹਿਬ ਖੜੇ ਹੀ ਰਹਿੰਦੇ ਸਨ ਜਾਂ ਕਦੇ ਆਰਾਮ ਕਰਨ ਲਈ ਬੈਠਦੇ ਵੀ ਸਨ? ਜੇ ਉਥੇ ਇਹ ਚੋਲਾ ਪਾ ਕੇ ਆਰਾਮ ਕਰਨ ਲਈ ਬੈਠਦੇ ਵੀ ਸਨ ਤਾਂ ਕੁਰਾਨ ਦੀਆਂ ਆਇਤਾਂ ਪਿੱਠ ਪਿੱਛੇ ਆਉਣ ਤੇ ਇਸ ਵਿਚ ਕੁਰਾਨ ਦੀਆਂ ਆਇਤਾਂ ਦੀ ਕਿਤਨੀ ਕੁ ਇੱਜ਼ਤ ਹੈ ਜਾਂ ਕਿਤਨੀ ਕੁ ਹੱਤਕ? ਇਸ ਦਾ ਉੱਤਰ ਗਿਆਨੀ ਅਬਾਦੁੱਲਾ ਹੋਰੀਂ ਹੀ ਦੇ ਸਕਦੇ ਹਨ ਕਿ ਅਜਿਹਾ ਉਦਾਹਰਣ ਦੇ ਕੇ ਮਿਰਜ਼ਾ ਸਾਹਿਬ ਨੇ ਕਿੰਨੀ ਕੁ ਦੂਰ-ਅੰਦੇਸ਼ੀ ਤੋਂ ਕੰਮ ਲਿਆ ਹੈ।

ਫੇਰ ਇਸ ਤੋਂ ਅੱਗੇ ਗਿਆਨੀ ਅਬਾਦੁੱਲਾ ਹੋਰੀਂ ਭਗਤ ਨਾਮਦੇਵ ਜੀ ਦੇ ਦੋ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ:

> *ਜਿਉ ਜਿਉ ਨਾਮਾ ਹਰਿ ਗੁਣ ਉਚਰੈ॥*
> *ਭਗਤ ਜਨਾਂ ਕਉ ਦੇਹੁਰਾ ਫਿਰੈ॥* *(ਪੰਨਾ ੧੧੬੪)*
> *ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ॥* *(ਪੰਨਾ ੧੨੯੨)*

ਲਿਖ ਕੇ ਇਹ ਪੁੱਛਦੇ ਹਨ ਕਿ ਜਦ ਗੁਰੂ ਅਰਜਨ ਦੇਵ ਜੀ ਨੇ ਭਗਤ ਨਾਮਦੇਵ ਜੀ ਦੇ ਦੇਹੁਰਾ ਫੇਰਨ ਬਾਰੇ ਉਪਰੋਕਤ ਦੋਵੇਂ ਸ਼ਬਦ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਦਰਜ ਕੀਤੇ ਸਨ ਤਾਂ ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦਾ ਮੱਕਾ ਫੇਰਨਾ ਕਿਉਂ ਨਹੀਂ ਦਰਜ ਕੀਤਾ? ਇਸ ਦਾ ਉੱਤਰ ਇਹੋ ਕਿ ਗੁਰੂ ਸਾਹਿਬ ਉਸ ਸਮੇਂ ਇਕ ਸੰਪਾਦਕ ਦੀ ਹੈਸੀਅਤ ਵਿਚ ਗੁਰਬਾਣੀ ਤੇ ਭਗਤ-ਬਾਣੀ ਦਾ ਸੰਪਾਦਨ ਕਰ ਰਹੇ ਸਨ। ਸਾਖੀਆਂ ਜਾਂ ਇਤਿਹਾਸ ਨਹੀਂ ਸਨ ਲਿਖ ਰਹੇ। ਨਾਲੇ ਸੋਚਣ ਵਾਲੀ ਗੱਲ ਇਹ ਹੈ ਕਿ ਭਗਤ ਨਾਮਦੇਵ ਜੀ ਦੇ ਉਪਰੋਕਤ ਦੋਵੇਂ ਸ਼ਬਦ ਉਹਨਾਂ ਦੀ ਆਪਣੀ ਬਾਣੀ ਵਿਚੋਂ ਹਨ, ਕਿਸੇ ਸਾਖੀ ਜਾਂ ਇਤਿਹਾਸ ਵਿਚੋਂ ਨਹੀਂ, ਜਿਸ ਕਰਕੇ ਗੁਰੂ ਜੀ ਨੇ ਇਹ ਸ਼ਬਦ ਜਿਉਂ ਦੇ ਤਿਉਂ ਸੰਪਾਦਿਤ ਕਰ ਕੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਸ਼ਾਮਲ ਕਰ ਲਏ ਪਰ ਇਹਨਾਂ ਦੇ ਮੁਕਾਬਲੇ ਗੁਰੂ ਸਾਹਿਬ ਦੀ ਮੱਕੇ ਦੀ ਸਾਖੀ ਬਾਰੇ ਭਗਤ ਜਾਂ ਮਹਾਂਪੁਰਖਾਂ ਦੇ ਕਿਹੜੇ ਸ਼ਬਦ ਹਨ ਜਿਸ ਦੀ ਹੋਰ ਬਾਣੀ ਤਾਂ ਗੁਰੂ ਸਾਹਿਬ ਨੇ ਪ੍ਰਵਾਨ ਕਰ ਲਈ ਹੋਵੇ ਤੇ ਇਹ ਸ਼ਬਦ ਨਾ ਚਾੜ੍ਹੇ ਹੋਣ। ਜੇ ਇਸ ਦਾ ਉੱਤਰ ਇਹੋ ਹੋਵੇ ਕਿ ਗੁਰੂ ਜੀ ਨੂੰ ਭਾਈ ਗੁਰਦਾਸ ਜੀ ਦੀ ਉਹ ਵਾਰ ਹੀ, ਜਿਸ ਵਿਚ ਮੱਕਾ ਫੇਰਨ ਬਾਰੇ ਇਕ ਤੁਕ ਹੈ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚਾੜ੍ਹ ਦੇਣੀ ਚਾਹੀਦੀ ਸੀ ਤਾਂ ਇਹ ਦਲੀਲ ਸਮੀਚੀਨ ਨਹੀਂ ਮੰਨੀ ਜਾ ਸਕਦੀ, ਕਿਉਂਕਿ ਜਦ ਗੁਰੂ ਸਾਹਿਬ ਨੇ ਭਾਈ ਗੁਰਦਾਸ ਜੀ ਦੀ ਕੋਈ ਵੀ ਬਾਣੀ ਨਹੀਂ ਚਾੜ੍ਹੀ ਤਾਂ ਇਹ ਇਕੋ ਵਾਰ ਜਾਂ ਇਸ ਦੀ ਤੁਕ ਨੂੰ ਕਿਵੇਂ ਚਾੜ੍ਹ ਸਕਦੇ ਸਨ? ਗਿਆਨੀ ਅਬਾਦੁੱਲਾ ਨੇ ਭਾਈ ਗੁਰਦਾਸ ਜੀ ਬਾਰੇ ਚੂੰਕਿ ਬੜੀ ਡੂੰਘੀ ਖੋਜ ਕੀਤੀ ਹੈ, ਇਸ ਲਈ ਉਹ ਖ਼ੁਦ ਹੀ ਸੋਚਣ ਕਿ ਇਸ ਬਾਰੇ ਅਸਲੀਅਤ ਕੀ ਹੈ?

ਇਥੇ ਹੀ ਬੱਸ ਨਹੀਂ, ਫੇਰ ਗਿਆਨੀ ਅਬਾਦੁੱਲਾ ਹੋਰੀਂ ਇਕ ਥਾਵੇਂ ਗੁਰੂ ਨਾਨਕ ਸਾਹਿਬ ਦੇ ਮੱਕਾ ਫੇਰਨ ਵਾਲੀ ਸਾਖੀ ਨੂੰ 'ਗਪੌੜਾ' ਦੱਸ ਕੇ ਮਖ਼ੌਲ ਉਡਾਉਂਦੇ ਹਨ:

> *ਅਲ.ਗਰਜ਼ ਅਗਰ ਗੁਰੂ ਨਾਨਕ ਜੀ ਹੱਜ ਕੇ ਮੈਦਾਨ ਮੇਂ ਸੋਏ ਥੇ ਤੋ ਵਹੁ ਮੱਕਾ ਕੇ 9 ਕੋਸ ਦੂਰ ਹੈ।...ਔਰ ਵਹਾਂ ਸੇ ਨੌ ਕੋਸ ਸੇ ਮੱਕਾ ਫੇਰਨੇ ਕਾ ਤੋਂ 57 ਕੋਸ ਦਾ ਮੁਹੀਤ ਹੋਗਾ ਔਰ ਇਤਨੇ ਬੜੇ ਸਰਕਲ ਕੀ ਜ਼ਮੀਨ ਕਾ ਅਪਨੇ ਦੂਸਰੇ ਹਿੱਸਾ ਸੇ ਕੱਟ ਕਰ .ਗੈਰ-ਕੁਦਰਤੀ ਤੌਰ 'ਪਰ ਘੂਮ ਜਾਨਾ ਤੋ ਏਕ ਖ਼ੌਫਨਾਕ ਭੂਚਾਲ ਹੀ ਹੋ ਸਕਦਾ ਹੈ। ਇਸ ਖ਼ੌਫਨਾਕ ਭੂਚਾਲ ਕੋ ਤੋ ਤਮਾਮ ਦੁਨੀਆ ਕੀ ਤਾਰੀਖ਼ ਮੇਂ ਨੁਮਾਇਆ ਜਗਹ ਮਿਲਨੀ ਚਾਹੀਏ ਥੀ, ਕਮ ਅਜ਼ ਕਮ ਅਰਬ ਕੇ ਲੋਗ ਤੋ ਇਸ ਵਾਕਿਆ ਕੋ ਕਭੀ ਨਾ ਭੂਲ ਸਕਤੇ।*

(*ਰੋਜ਼ਾਨਾ ਅਲਫਜ਼ਲ,* 26-12-63, *ਪੰਨਾ* 43)

ਤੇ ਇਸੇ ਤਰ੍ਹਾਂ ਉਹ ਫੇਰ ਅੱਗੇ ਕੁਝ ਜੋਸ਼ ਵਿਚ ਆ ਕੇ ਪ੍ਰੋਫ਼ੈਸਰ ਕ੍ਰਿਪਾਲ ਸਿੰਘ ਹੋਰਾਂ ਨੂੰ ਟੁੰਬਦੇ ਹੋਏ ਗੁਰੂ ਨਾਨਕ ਸਾਹਿਬ ਦੇ ਮੱਕਾ ਫੇਰਨ ਤੋਂ ਵਿਰੁਧ ਪੰਜ ਸਿੱਖ ਲਿਖਾਰੀ—1. ਸ੍ਰੀ ਜੀ.ਬੀ. ਸਿੰਘ, 2. ਗੁਰਬਖ਼ਸ਼ ਸਿੰਘ ਪ੍ਰੀਤਲੜੀ, 3. ਸ. ਨਾਨਕ ਸਿੰਘ ਨਾਵਲਿਸਟ, 4. ਸ. ਦੀਵਾਨ ਸਿੰਘ 'ਮਫ਼ਤੂਨ' ਤੇ 5. ਗਿਆਨੀ ਬ੍ਰਹਮ ਸਿੰਘ ਫ਼ੀਰੋਜ਼ਪੁਰੀ ਦੇ ਬਿਆਨ ਦੇ ਕੇ ਲਿਖਦੇ ਹਨ:

> *ਆਪ ਕਾ ਯਾ ਕਿਸੀ ਆਪ ਕੇ ਹਮ-ਖ਼ਿਆਲ ਸ਼ਖ਼ਸ ਕਾ ਗੁਰੂ ਨਾਨਕ ਕੋ ਆੜ ਬਨਾ*

ਕਰ ਕਾਬਾ ਕੀ ਤੌਹੀਨ ਕਰਨਾ ਕੋਈ ਪਸੰਦੀਦਹ ਬਾਤ ਨਹੀਂ।...

(ਰੋਜ਼ਾਨਾ ਅਲਫ਼ਜ਼ਲ, 26-12-63, ਪੰਨਾ 45)

ਗਿਆਨੀ ਅਬਾਦੁੱਲਾ ਹੋਰਾਂ ਦੀ ਇਸ ਨੁਕਤਾਚੀਨੀ ਦੇ ਉੱਤਰ ਵਿਚ ਮੈਂ ਉਹਨਾਂ ਅੱਗੇ ਪੰਜ ਪ੍ਰਸਿੱਧ ਮੁਸਲਮਾਨ ਲਿਖਾਰੀਆਂ ਦੀਆਂ ਖੋਜ ਭਰੀਆਂ ਕਿਤਾਬਾਂ ਵਿਚੋਂ ਮੱਕਾ ਅਥਵਾ ਖ਼ਾਨਾ-ਕਾਬਾ ਦੇ ਆਪਣੀ ਥਾਂ ਤੋਂ ਇਧਰ-ਉਧਰ ਫਿਰਨ ਬਾਰੇ ਕੁਝ ਹਵਾਲੇ ਪੇਸ਼ ਕਰਦਾ ਹਾਂ, ਜੋ ਕ੍ਰਮ ਅਨੁਸਾਰ ਇਸ ਪ੍ਰਕਾਰ ਹਨ :

1. ਪ੍ਰਸਿੱਧ ਮੁਹੱਕਕ ਮੌਲਾਨਾ ਫ਼ਰੀਦੁਦੀਨ ਅੱਤਾਰ ਨੇਸ਼ਾਪੁਰ (523-627 ਹਿਜਰੀ) ਆਪਣੀ ਮਸ਼ਹੂਰ ਫ਼ਾਰਸੀ ਕਿਤਾਬ 'ਤਜ਼ਕ੍ਰਰਹ ਤੁਲ ਔਲੀਆ' ਵਿਚ ਬਸਰਾ (ਇਰਾਕ) ਦੀ ਪ੍ਰਸਿੱਧ ਭਗਤਣੀ ਹਜ਼ਰਤ ਬੀਬੀ ਰਾਬਿਆ ਦੀ ਜ਼ੁਹਦ-ਇਬਾਦਤ ਦਾ ਪ੍ਰਭਾਵ ਦੱਸਦੇ ਹੋਏ ਲਿਖਦੇ ਹਨ—'ਜਬ ਆਪ (ਹਜ਼ਰਤ ਰਾਬਿਆ) ਦੂਸਰੀ ਦਫ਼ਾ ਹੱਜ (ਕਾਬਾ) ਕੋ ਤਸ਼ਰੀਫ਼ ਲੇ ਗਈ ਤੋ ਜੰਗਲ ਮੇਂ ਕਾਬਾ ਕੋ ਅਪਨੇ ਇਸਤਕਬਾਲ ਕੇ ਲੀਏ ਆਤੇ ਦੇਖਾ...'' (ਦੇਖੋ ਤਜ਼ਕਰਹ ਤੁਲ ਔਲੀਆ, ਉਰਦੂ, ਗੁਲਜ਼ਾਰਿ ਹਿੰਦ ਸਟੀਪ ਪ੍ਰੈਸ, ਲਾਹੌਰ, ਸਫ਼ਾ 62)
2. ਸ਼ਾਹਜ਼ਾਦਾ ਦਾਰਾ ਸ਼ਿਕੋਹ, ਜਿਸ ਦਾ ਸਮਾਂ 1024 ਤੋਂ 1068 ਹਿਜਰੀ ਤਕ ਹੈ, ਆਪਣੀ ਪੁਸਤਕ 'ਸਫ਼ੀਨਾਤੁਲ ਔਲੀਆ' ਵਿਚ ਲਿਖਦੇ ਹਨ—''ਸੁਲਤਾਨ ਇਬਰਾਹੀਮ ਅਦਹਮ ਬਲਖ਼ੀ ਨੇ ਅਹਦ ਕੀਆ ਕਿ ਦੂਸਰੇ ਬਜ਼ੁਰਗ (ਖ਼ਾਨਾ-ਕਾਬਾ ਕੀ ਜ਼ਿਆਰਤ ਕੋ) ਪਾ ਪਿਆਦਾ ਗਏ ਹੈਂ, ਮੈਂ ਆਖੋਂ ਕੇ ਬਲ ਜਾਊਂਗਾ। ਚੁਨਾਂਚਿ ਹਰ ਕਦਮ ਪਰ ਦੋ ਰੁਕਅਤ ਨਮਾਜ਼ ਅਦਾ ਕਰਤੇ ਔਰ ਇਸ ਤਰ੍ਹਾਂ ਚੌਦਹ ਸਾਲ ਮੇਂ ਮੱਕਾ ਮੁਅੱਜ਼ਮਾ ਪਹੁੰਚੇ। ਫਿਰ ਵੀ ਖ਼ਾਨਾ-ਕਾਬਾ ਕੋ ਅਪਨੀ ਜਗਹ ਪਰ ਨਾ ਪਾਇਆ, ਫ਼ਰਮਾਇਆ : 'ਯਾ ਇਲਾਹੀ ! ਮੇਰੀ ਆਂਖੋਂ ਕੋ ਕਿਆ ਹੋ ਗਿਆ ਹੈ ? ਹਾਤਫ਼ਿ ਗ਼ੈਬੀ ਨੇ ਆਵਾਜ਼ ਦੀ ਕਿ ਤੁਮਾਰੀ ਆਂਖੋਂ ਮੇਂ ਕੋਈ ਨੁਕਸ ਨਹੀਂ ਹੈ, ਕਾਬਾ ਰਾਬਿਆ ਜ਼ਈਫ਼ਾ ਕੇ ਖ਼ੈਰ-ਮੁਕੱਦਮ ਕੇ ਲੀਏ ਗਿਆ ਹੈ, ਕਿਉਂਕਿ ਵੁਹ ਉਸ ਕਾ ਦੀਦਾਰ ਕਰਨਾ ਚਾਹਤੀ ਥੀਂ। ਇਸ ਅਸਨਾ ਮੇਂ ਹਜ਼ਰਤ ਇਬਰਾਹੀਮ ਨੇ ਹਜ਼ਰਤ ਰਾਬਿਆ ਕੋ ਆਤੇ ਹੂਏ ਦੇਖਾ ਔਰ ਕਾਬਾ ਭੀ ਅਪਨੀ ਜਗਹ ਆ ਗਿਆ। (ਮੁਹੰਮਦ ਵਾਰਿਸ ਕਾਮਿਲ, ਸਫ਼ੀਨਾ ਤੁਲ ਔਲੀਆ ਮਦਨੀ ਕੁਤਬ ਖ਼ਾਨਾ, ਲਾਹੌਰ, ਸਫ਼ਾ 246)
3. ਮੌਲਾਨਾ ਮੁਹੰਮਦ ਸਾਲਹ ਸਾਹਿਬ ਸੂਫ਼ੀ ਆਪਣੀ ਕਿਤਾਬ 'ਸ੍ਵਾਨਹ ਉਮਰੀ ਰਸੂਲ ਮਕਬੂਲ' (ਉਰਦੂ) ਸੰਨ 1345 ਹਿਜਰੀ, ਜੋ ਕਿ ਮਲਿਕ ਦੀਨ ਮੁਹੰਮਦ ਤਾਜਰ ਕੁਤਬ ਕਸ਼ਮੀਰੀ ਬਾਜ਼ਾਰ, ਲਾਹੌਰ ਦੀ ਛਪੀ ਹੋਈ ਹੈ, ਹਜ਼ਰਤ ਨੂਹ ਦੇ ਤੂਫ਼ਾਨ ਦਾ ਹਵਾਲਾ ਦਿੰਦੇ ਹੋਏ ਖ਼ਾਨਾ-ਕਾਬਾ ਦੇ ਅਸਮਾਨ 'ਪਰ ਉਠਾਏ ਜਾਣ ਬਾਰੇ ਲਿਖਦੇ ਹਨ—'ਜਬ ਨੂਹ ਅਲੈ ਇਸਲਾਮ ਕੇ ਜ਼ਮਾਨਾਏ ਨਬੱਵਤ ਮੇਂ ਉਨ ਕੀ ਬਦ-ਦੁਆ ਸੇ ਆਮ ਤੂਫ਼ਾਨ ਆਇਆ ਤੋ ਉਸ ਵਕਤ ਅੱਲਾ-ਤਾਲਾ ਨੇ ਫ਼ਰਿਸ਼ਤੋਂ ਕੋ ਹੁਕਮ ਦੀਆ ਕਿ ਖ਼ਾਨਾ-ਕਾਬਾ ਆਸਮਾਨ 'ਪਰ ਉਠਾ ਲੀਆ ਜਾਏ। ਇਸ ਕੇ ਬਾਅਦ ਜੂੰ-ਜੂੰ ਜ਼ਮਾਨਾ ਗੁਜ਼ਰਤਾ ਗਿਆ ਬੈਤੁੱਲਾ ਕੀ ਬੁਨਿਆਦੋਂ 'ਪਰ ਮਿੱਟੀ ਜਮਤੇ-ਜਮਤੇ ਸਤਹ ਜ਼ਮੀਨ ਕੋ ਇਤਨਾ ਊਚਾ ਕਰ ਦੀਆ ਕਿ ਕੋਈ ਸੂਰਤ ਅਸਲ ਬੁਨਿਆਦ ਕੀ ਮਾਲੂਮ ਹੋਨੇ ਕੀ ਨਹੀਂ ਰਹੀ। (ਦੇਖੋ ਰਸੂਲ ਮਕਬੂਲ, 1345 ਹਿਜਰੀ,

ਸਫ਼ਾ 47)

4. ਮੀਆਂ ਮੁਹੰਮਦ ਤਾਹਿਰ ਰੋਜ਼ਾਤੁਲ ਅਸਫ਼ੀਆ ਅਰਥਾਤ ਕਸਿਸ-ਉਲ-ਅੰਬੀਆ (1351 ਹਿਜਰੀ) ਵਿਚ ਹਜ਼ਰਤ ਮੁਹੰਮਦ ਸਾਹਿਬ ਦੇ ਅਵਤਾਰ ਧਾਰਨ 'ਤੇ ਉਹਨਾਂ ਦੇ ਦਾਦਾ ਹਜ਼ਰਤ ਅਬਦੁੱਲ ਮੁਤੱਲਿਬ ਦੇ ਬਿਆਨ ਨਾਲ ਖ਼ਾਨਾ-ਕਾਬਾ ਦੀਆਂ ਕੰਧਾਂ ਦੇ ਸਿਜਦਾ ਕਰਨ ਦੀ ਗਵਾਹੀ ਦਿੰਦੇ ਹੋਏ ਤਸਦੀਕ ਕਰਦੇ ਹਨ—"ਅਬਦੁੱਲ ਮੁਤੱਲਬ ਨਕਲ ਕਰਤੇ ਹੈਂ ਕਿ ਮੈਂ ਉਸ ਰਾਤ ਕਾਅਬੇ ਮੇਂ ਥਾ, ਯਕਾਰਕ ਕਾਅਬੇ ਕੀ ਦੀਵਾਰੋਂ ਨੇ ਸਿਜਦਾ ਕੀਆ ਔਰ ਬੈਤੁਲਾ ਮੇਂ ਸੇ ਆਵਾਜ਼ ਤਕਬੀਰ ਕੀ ਆਈ।" (ਕਸਿਸ-ਉਲ-ਅੰਬੀਆ, ਉਰਦੂ, ਸਫ਼ੇ 151-52)

5. ਪ੍ਰਸਿੱਧ ਇਤਿਹਾਸਕਾਰ ਮੁੱਲਾਂ ਮੁਹੰਮਦ ਕਾਸਿਮ ਫ਼ਰਿਸ਼ਤਾ ਆਪਣੀ ਕਿਤਾਬ 'ਗੁਲਸ਼ਨਿ-ਇਬਰਾਹੀਮੀ ਅਲਮਾਰੂਫ਼ ਤਾਰੀਖ਼ਿ ਫ਼ਰਿਸ਼ਤਾ' ਵਿਚ ਜੋ ਨਵਲ ਕਿਸ਼ੋਰ ਪ੍ਰੈਸ ਲਖਨਊ ਦੀ ਛਪੀ ਹੈ, ਖ਼ਾਨਾ-ਕਾਅਬਾ ਦੇ ਨਾ ਕੇਵਲ ਘੁੰਮਣ ਦਾ ਹੀ ਜ਼ਿਕਰ ਕਰਦੇ ਹਨ, ਸਗੋਂ ਮਖ਼ਦੂਮ ਜਹਾਨੀਆ ਸੱਯਦ ਜਲਾਲਦੀਨ ਹੁਸੈਨ ਬੁਖ਼ਾਰੀ ਦੇ ਹਾਲ ਵਿਚ ਖ਼ਾਨਾ-ਕਾਅਬਾ ਦੇ ਸ਼ੇਖ਼ ਨਸੀਰੁੱਦੀਨ ਚਿਰਾਗ਼ਿ ਦਿਹਲਵੀ ਦੀ ਜ਼ਿਆਰਤ ਵਾਸਤੇ ਜਾਣ ਦਾ ਬਿਆਨ ਬੜੇ ਵਚਿੱਤਰ ਢੰਗ ਨਾਲ ਕਰਦੇ ਹਨ—"ਦਰ ਵਕਤੇ ਕਿ ਸੱਯਦ (ਜਲਾਲੁਦੀਨ) ਦਰ ਮੱਕਾ ਮੁਅੱਜ਼ਮਾ ਬੂਦ ਮਿਆਨੇ ਊ ਵ ਸ਼ੇਖ਼ ਅਬਦੁੱਲਾ ਸਾਫ਼ਈ ਸੁਹਬਤੋ ਰੂਏ ਨਮੂਦਹ, ਰੋਜ਼ੇ ਤਾਵਾਫ਼ ਮੀ ਕਰਦ, ਦੀਦ ਕਿ ਗਿਲਾਫ਼ ਕਾਅਬਾ ਮੁਅਲਿਕ ਅਸਤ ਵ ਦੀਵਾਰਿ ਜ਼ਾਹਿਰੀ ਬਰ ਜਾ ਨੇਸਤ। ਮੁਤਹੱਯਰ ਸ਼ੁਦਹ ਬਸ਼ੇਖ਼ ਅਬਦੁੱਲਾ ਸਾਫ਼ਈ ਗੁਫ਼ਤ, ਸ਼ੇਖ਼ ਫ਼ਰਮੂਦ...ਕਾਅਬਾ ਬਜਿਆਰਤਿ ਕੁਤਬਿ ਹਿੰਦ ਸ਼ੇਖ਼ ਨਸੀਰੁਦੀਨ (ਮਹਿਮੂਦ ਚਿਰਾਗਿ ਦਿਹਲਵੀ) ਰਫ਼ਤਹ ਅਸਤ, ਵ ਅਜ਼ਾਂ ਕਿ ਊ ਮੁਕਾਮਿ ਮੁਤਹਰਫ਼ੀ ਦਾਰਦ ਵ ਅਜ਼ ਮਸਤੀ ਆਮਦਨ ਨਤਵਾਨਿਸਤ ਕਾਅਬਾ ਆਂ ਜਾ ਰਫ਼ਤਾ।.. (ਤਾਰੀਖ਼ ਫ਼ਰਿਸ਼ਤਾ, ਸਫ਼ਾ 416)

5. ਅਰਥਾਤ—ਉਸ ਸਮੇਂ ਜਦ ਸੱਯਦ (ਜਲਾਲੁੱਦੀਨ) ਮੱਕੇ ਵਿਚ ਸੀ ਤਾਂ ਉਸ ਦੇ ਤੇ ਸ਼ੇਖ਼ ਅਬਦੁੱਲਾ ਸਾਫ਼ਈ ਦੇ ਦਰਮਿਆਨ ਬੜੀ ਮੁਹੱਬਤ ਪੈਦਾ ਹੋ ਗਈ। ਇਕ ਦਿਨ ਜਦ ਕਿ ਉਹ ਖ਼ਾਨਾ-ਕਾਅਬਾ ਦਾ ਤਵਾਫ਼ ਕਰਦੇ ਸਨ ਤਾਂ ਦੇਖਿਆ ਕਿ ਖ਼ਾਨਾ-ਕਾਅਬਾ ਦਾ ਗ਼ਿਲਾਫ਼ ਤਾਂ ਲਟਕਦਾ ਹੈ ਪਰ ਦੀਵਾਰਿ ਬਾਹਰੀ ਉਥੇ ਨਹੀਂ ਹੈ। ਉਹ ਬੜੇ ਹੈਰਾਨ ਹੋਏ। ਸ਼ੇਖ਼ ਅਬਦੁੱਲਾ ਸ਼ਾਫ਼ਈ ਨੂੰ ਕਿਹਾ। ਅੱਗੋਂ ਸ਼ੇਖ਼ ਨੇ ਉੱਤਰ ਦਿੱਤਾ—"ਕਾਅਬਾ ਹਿੰਦੁਸਤਾਨ ਦੇ ਕੁਤਬ (ਦੀਨ ਦੇ ਸਰਦਾਰ) ਸ਼ੇਖ਼ ਨਸੀਰੁੱਦੀਨ ਮਹਿਮੂਦ ਚਿਰਾਗਿ ਦਿਹਲਵੀ ਦੀ ਜ਼ਿਆਰਤ ਵਾਸਤੇ ਗਿਆ ਹੈ। ਇਸ ਵਾਸਤੇ ਕਿ ਉਹ ਸ਼ੇਖ਼ ਬੜਾ ਬੁਲੰਦ ਮਰਤਬਾ ਰੱਖਦਾ ਹੈ ਅਤੇ ਰੱਬੀ ਰੰਗ ਵਿਚ ਮਸਤ ਹੋਣ ਕਰਕੇ ਖ਼ੁਦ ਨਹੀਂ ਆ ਸਕਦਾ, ਇਸ ਲਈ ਕਾਅਬਾ ਉਥੇ ਗਿਆ ਹੈ।"

ਇਹ ਹਨ ਮੱਕਾ ਅਥਵਾ ਖ਼ਾਨਾ-ਕਾਅਬਾ ਦੇ ਇਧਰ-ਉਧਰ ਘੁੰਮਣ ਬਾਰੇ ਪੰਜ ਮੁਸਲਮਾਨ ਲਿਖਾਰੀਆਂ ਦੇ ਬਿਆਨ। ਗਿਆਨੀ ਅਬਾਦੁੱਲਾ ਨੇ ਕਾਅਬੇ ਦੇ ਨਾ ਫਿਰਨ ਬਾਰੇ ਪੰਜ ਸਿੱਖ ਲਿਖਾਰੀਆਂ ਨੂੰ ਮਖ਼ੌਲ ਨਾਲ ਪੰਜ ਪਿਆਰੇ ਆਖ ਕੇ ਉਹਨਾਂ ਦੇ ਬਿਆਨ ਆਪਣੇ ਪੱਖ ਦੀ ਪੁਸ਼ਟੀ ਲਈ ਦਿੱਤੇ ਹਨ।

(ਦੇਖੋ ਰੋਜ਼ਾਨਾ ਅਲਫ਼ਜ਼ਲ, 26-12-63, ਪੰਨਾ 43-44)

ਇਸਲਾਮ ਵਿਚ ਪੰਚ ਪਰਵਾਨ ਹਨ ਜਾਂ ਇਸ ਤੋਂ ਵੱਧ-ਘੱਟ, ਪਰ ਗਿਆਨੀ ਅਬਾਦੁੱਲਾ ਹੋਰੀਂ ਪੰਜਾਂ ਵਿਚ ਪਰਮੇਸ਼ਰ ਵੱਸਦਾ ਸਮਝ ਕੇ ਇਹਨਾਂ ਪੰਜਾਂ ਦੇ ਬਿਆਨਾਂ ਨੂੰ ਹੀ ਜਿਨ੍ਹਾਂ ਨੂੰ ਕਿ ਗੁਰੂ ਨਾਨਕ ਦੇਵ ਜੀ ਦੇ ਮੱਕਾ ਫੇਰਨ ਬਾਰੇ ਕੋਈ ਪਤਾ ਨਹੀਂ ਸੀ, ਵਿਚਾਰ ਕੇ ਦੱਸਣ ਕਿ ਜੇ ਹਜ਼ਰਤ ਨੂਹ ਦੇ ਤੂਫ਼ਾਨ ਸਮੇਂ ਖ਼ਾਨਾ-ਕਾਅਬਾ ਖ਼ੁਦਾ ਦੇ ਹੁਕਮ ਨਾਲ ਉਪਰ ਅਸਮਾਨ ਵੱਲ ਉਠਾਇਆ ਜਾ ਸਕਦਾ ਸੀ, ਹਜ਼ਰਤ ਮੁਹੰਮਦ ਸਾਹਿਬ ਦੇ ਜਨਮ ਲੈਣ 'ਤੇ ਜੇ ਉਹਨਾਂ ਦੇ ਦਾਦਾ ਅਬਦੁੱਲ ਮੁਤੱਲਿਬ ਦੇ ਕਥਨ ਅਨੁਸਾਰ ਖ਼ਾਨਾ-ਕਾਅਬਾ ਦੀਆਂ ਚਾਰੇ ਕੰਧਾਂ ਝੁਕ ਕੇ ਸਿਜਦਾ ਕਰ ਸਕਦੀਆਂ ਸਨ, ਇਸ ਤੋਂ ਪਿੱਛੋਂ ਦੂਜੀ ਸਦੀ ਹਿਜਰੀ ਵਿਚ ਖ਼ਾਨਾ-ਕਾਅਬਾ ਹਜ਼ਰਤ ਬੀਬੀ ਰਾਬਿਆ ਦੇ ਸੁਆਗਤ ਵਾਸਤੇ ਆਪਣੀ ਥਾਂ ਛੱਡ ਕੇ ਬਾਹਰ ਜੰਗਲ ਵਿਚ ਜਾ ਸਕਦਾ ਸੀ ਤੇ ਫੇਰ ਇਸ ਤੋਂ ਲਗਭਗ 600 ਵਰ੍ਹੇ ਪਿੱਛੋਂ ਜੇ ਖ਼ਾਨਾ-ਕਾਅਬਾ ਤਾਰੀਖ਼-ਫ਼ਰਿਸ਼ਤਾ ਦੇ ਕਥਨ ਅਨੁਸਾਰ ਹਜ਼ਰਤ ਸ਼ੇਖ਼ ਨਸੀਰੁੱਦੀਨ ਮਹਿਮੂਦ ਚਿਰਾਗ਼ਿ ਦਿਹਲਵੀ ਦੀ ਜ਼ਿਆਰਤ ਵਾਸਤੇ ਅਰਬ ਤੋਂ ਉੱਠ ਕੇ ਦਿੱਲੀ ਜਾ ਸਕਦਾ ਸੀ, ਜਿਸ ਦੇ ਮੁਹੰਮਦ ਕਾਸਿਮ ਫ਼ਰਿਸ਼ਤਾ ਦੇ ਕਥਨ ਮੁਜਬ ਦੋ ਮੁਸਲਮਾਨ ਬਜ਼ੁਰਗ ਹਜ਼ਰਤ ਮਖ਼ਦੂਮ ਜਹਾਨੀਆ ਸੱਯਦ ਜਲਾਲੁੱਦੀਨ ਹੁਸੈਨ ਬੁਖ਼ਾਰੀ ਉਚ ਸ਼ਰੀਫ਼ ਵਾਲੇ ਤੇ ਸ਼ੇਖ਼ ਅਬਦੁੱਲਾ ਸ਼ਾਫ਼ਈ ਗਵਾਹ ਹਨ ਤਾਂ ਜੇ ਇਸ ਤੋਂ ਪਵਿੱਤਰ ਖ਼ਾਨਾ-ਕਾਅਬਾ ਦੀ ਤੌਹੀਨ ਜਾਂ ਹੱਤਕ ਇੱਜ਼ਤ ਨਹੀਂ ਹੋਈ ਤਾਂ ਗੁਰੂ ਨਾਨਕ ਦੇ ਮੱਕਾ ਫੇਰਨ ਤੋਂ ਇਹ ਤੌਹੀਨ ਕਿਵੇਂ ਮੰਨੀ ਜਾ ਸਕਦੀ ਹੈ? ਤੇ ਜੇ ਇਹ ਘਟਨਾਵਾਂ 'ਮਕਰੂਹ ਇਫ਼ਤਰਾ' ਨਹੀਂ ਹਨ ਤਾਂ ਗੁਰੂ ਨਾਨਕ ਦੇ ਮੱਕਾ ਫੇਰਨ ਦੀ ਸਾਖੀ ਇਕ 'ਮਕਰੂਹ ਇਫ਼ਤਰਾ' ਕਿਉਂ ਹੈ? ਇਸ ਤੋਂ ਬਿਨਾਂ ਦੂਜੀ ਸ਼ੰਕਾ ਇਹ ਕਿ ਜੇ ਗੁਰੂ ਨਾਨਕ ਸਾਹਿਬ ਦੇ ਨੌਵੀਂ ਹਿਜਰੀ ਵਿਚ ਮੱਕਾ ਫੇਰਨ ਤੋਂ ਅਰਬ ਵਿਚ ਕੋਈ ਭੂਚਾਲ ਆ ਸਕਦਾ ਸੀ ਤਾਂ ਇਹਨਾਂ ਪੰਜਾਂ ਮੁਸਲਮਾਨਾਂ ਦੇ ਕਥਨ ਅਨੁਸਾਰ ਇਸ ਤੋਂ ਪਹਿਲਾਂ ਮੱਕਾ ਫਿਰਨ ਸਮੇਂ ਅਰਬ ਵਿਚ ਕੋਈ ਭੂਚਾਲ ਕਿਉਂ ਨਹੀਂ ਆਇਆ? ਜੇ ਕੋਈ ਭੂਚਾਲ ਆਇਆ ਹੋਵੇ ਤਾਂ ਦੁਨੀਆਂ ਦੀ ਤਾਰੀਖ਼ ਵਿਚ ਕੋਈ 'ਨੁਮਾਇਆ ਜਗਹ' ਕਿਉਂ ਨਹੀਂ ਦਿੱਤੀ ਗਈ?

ਫੇਰ ਗਿਆਨੀ ਅਬਾਦੁੱਲਾ ਹੋਰਾਂ ਦਾ ਇਹ ਕਥਨ ਤੇ ਸ਼ਿਕਵਾ ਕਿ 'ਕਾਬਾ ਤਮਾਮ ਇਸਲਾਮੀ ਦੁਨੀਆਂ ਦਾ ਏਕ ਕਾਬਲਿ-ਇਹਤਰਾਮ ਮੁਕੱਦਮ ਮੁਕਾਮ ਹੈ ਜਿਸ ਤਰ੍ਹਾਂ ਕਿ ਹਰਿਮੰਦਰ ਸਾਹਿਬ ਸਿੱਖ ਦੁਨੀਆਂ ਦੇ ਲੀਏ ਕਾਬਲਿ-ਇਹਤਰਾਮ ਧਰਮ ਅਸਥਾਨ ਹੈ।... ਫਿਰ ਹਮ ਮੁਸਲਮਾਨੋਂ ਕੇ ਕਾਬਲਿ-ਇਹਤਰਾਮ ਕਾਬਾ ਸੇ ਮੁਤਅੱਲਿਕ ਇਸ ਕਿਸਮ ਕੀ ਬੇਹੂਦਾ ਬਾਤੇਂ ਕਿਉਂ ਬਿਆਨ ਕੀ ਜਾ ਰਹੀ ਹੈਂ ਔਰ ਉਨ ਮੇਂ ਆਪ ਐਸੇ ਅਹਲਿ-ਇਲਮ ਲੋਕ ਭੀ ਕਿਉਂ ਸ਼ਾਮਿਲ ਹੋ ਰਹੇ ਹੋ? (ਰੋਜ਼ਾਨਾ ਅਲਫ਼ਜ਼ਲ, 26-12-63, ਸਫ਼ਾ 45)

ਇਸ ਦੇ ਉੱਤਰ ਵਿਚ ਅਰਜ਼ ਹੈ ਕਿ ਸਿੱਖ ਮੁੱਢੋਂ ਹੀ ਨਾ ਕੇਵਲ ਮੱਕਾ ਮੁਅੱਜ਼ਮਾ ਅਥਵਾ ਖ਼ਾਨਾ-ਕਾਬਾ ਬਾਰੇ ਹੀ ਸਗੋਂ ਮੁਸਲਮਾਨਾਂ ਤੇ ਹਿੰਦੂਆਂ ਦੀਆਂ ਹੋਰ ਧਾਰਮਿਕ ਥਾਵਾਂ ਜਾਂ ਸੂਫ਼ੀਆਂ ਦੇ ਇਤਿਹਾਸਕ ਸਥਾਨਾਂ ਬਾਰੇ ਵੀ ਉਤਨੀ ਹੀ ਇੱਜ਼ਤ ਤੇ ਮਾਣ ਰੱਖਦੇ ਆਏ ਹਨ ਜਿਵੇਂ ਕਿ ਆਪਣੇ ਧਾਰਮਿਕ ਸਥਾਨਾਂ ਬਾਰੇ।[1] ਬਾਕੀ ਰਹੀ ਗੁਰੂ ਨਾਨਕ ਦੇ ਮੱਕਾ ਫੇਰਨ ਵਾਲੀ ਸਾਖੀ ਦੇ ਛਾਪਣ ਜਾਂ ਪ੍ਰਚਾਰਨ ਦੀ ਗੱਲ, ਇਹ ਕੌਮ ਵੀ ਸਭ ਤੋਂ ਪਹਿਲਾਂ ਲਾਹੌਰ ਦੇ ਮੁਸਲਮਾਨ

ਪ੍ਰਕਾਸ਼ਕ ਹੀ ਕਰਦੇ ਰਹੇ ਹਨ। ਇਸ ਸੰਬੰਧ ਵਿਚ ਹਾਜੀ ਚਿਰਾਗ਼ ਦੀਨ ਸਰਾਜ ਦੀਨ, ਕਸ਼ਮੀਰੀ ਬਾਜ਼ਾਰ, ਲਾਹੌਰ ਦੇ ਹੀ ਹੋਰ ਮੁਸਲਮਾਨ ਪੁਸਤਕ ਵਪਾਰੀਆਂ ਦੀਆਂ ਛਾਪੀਆਂ ਜਨਮਸਾਖੀਆਂ, ਜਿਨ੍ਹਾਂ ਵਿਚ ਗੁਰੂ ਨਾਨਕ ਸਾਹਿਬ ਦੇ ਮੱਕਾ ਫੇਰਨ ਦੀ ਸਾਖੀ ਵੀ ਮੌਜੂਦ ਹੈ, ਨਮੂਨੇ ਵਜੋਂ ਪੇਸ਼ ਕੀਤੀਆਂ ਜਾ ਸਕਦੀਆਂ ਹਨ, ਇਸ ਲਈ ਆਪ ਵੱਲੋਂ ਸਿੱਖਾਂ ਨੂੰ ਇਸ ਤਰ੍ਹਾਂ ਨਾ-ਹੱਕ ਇਕ ਫਿਰਕੇਦਾਰੀ ਦੇ ਜਜ਼ਬੇ ਹੇਠ ਮੱਲੋਜ਼ੋਰੀ ਹੋਰ ਪਾਸੇ ਘਸੀਟਣ ਦਾ ਯਤਨ ਨਹੀਂ ਕਰਨਾ ਚਾਹੀਦਾ। ਪਾਕਿਸਤਾਨ ਬਣਨ ਤੋਂ ਪਹਿਲਾਂ ਜਦ ਮੁਸਲਮਾਨ ਪ੍ਰਕਾਸ਼ਕਾਂ ਬਾਰੇ ਇਹ ਨੁਕਤਾਚੀਨੀ ਨਹੀਂ ਹੋਈ ਤਾਂ ਹੁਣ ਸਿੱਖਾਂ ਬਾਰੇ ਕਿਉਂ ਹੋ ਰਹੀ ਹੈ?

ਗੁਰੂ ਨਾਨਕ ਸਾਹਿਬ ਦੀ ਮੱਕੇ ਦੀ ਸਾਖੀ ਤੇ ਭਗਤ ਨਾਮਦੇਵ ਜੀ ਦੇ ਦੇਹੁਰਾ ਫੇਰਨ ਦੇ ਸ਼ਬਦਾਂ ਨੂੰ ਜੇ ਸਹੀ ਭਾਵ ਵਿਚ ਲਿਆ ਜਾਵੇ ਤਾਂ ਇਹਨਾਂ ਤੋਂ ਚਿੰਨ੍ਹਾਤਮਕ (symbolic) ਰੂਪ ਵਿਚ ਇਹੋ ਸਾਰਾਂਸ਼ ਨਿਕਲਦਾ ਹੈ ਕਿ ਗੁਰੂ ਨਾਨਕ ਸਾਹਿਬ ਜਦ ਮੱਕੇ ਗਏ ਤਾਂ ਉਹਨਾਂ ਦੀ ਆਤਮਕ ਸ਼ਕਤੀ ਦੇਖ ਕੇ ਉਥੋਂ ਦੇ ਹਾਜੀ, ਕਾਜ਼ੀ, ਸ਼ੇਖ਼, ਸੱਯਦ ਆਦਿ ਤੇ ਭਗਤ ਨਾਮਦੇਵ ਜੀ ਦੀ ਆਤਮਿਕ ਸ਼ਕਤੀ ਅੱਗੇ ਦੇਹੁਰੇ ਦੇ ਦਰਸ਼ਕ ਤੇ ਪੁਜਾਰੀ ਆਦਿ ਸਭ ਝੁਕ ਗਏ ਸਨ ਤੇ ਉਹਨਾਂ ਨੇ ਇਹਨਾਂ ਮਹਾਂਪੁਰਖਾਂ ਦੇ ਕਥਨ ਦੀ ਸਚਿਆਈ ਨੂੰ ਕਿ ਸਰਬ-ਸ਼ਕਤੀਵਾਨ ਪਰਮੇਸ਼ਵਰ ਸੰਸਾਰ ਵਿਚ ਹਰ ਪਾਸੇ ਤੇ ਹਰ ਥਾਵੇਂ ਇਕ-ਰਸ ਵਿਆਪਕ ਹੈ, ਮੰਨ ਲਿਆ ਸੀ।

ਹਿੰਦੂ-ਮੁਸਲਮਾਨ ਸਾਧੂ, ਸੰਤ ਅਥਵਾ ਸੂਫ਼ੀ ਫ਼ਕੀਰ ਤੇ ਗੁਰੂ ਨਾਨਕ ਸਾਹਿਬ ਜਿਹੇ ਜਗਤ ਸੁਧਾਰਕ ਆਗੂ ਜਿਨ੍ਹਾਂ ਦੀ ਦ੍ਰਿਸ਼ਟੀ ਵਿਚ ਹਿੰਦੂ ਤੇ ਮੁਸਲਮਾਨ ਜਾਂ ਈਸਾਈ ਇਕੋ ਹੀ ਅੱਲਾਹ ਦਾ ਨੂਰ ਹੋਣ ਤੇ ਹੋਰ ਜਾਤ-ਭੇਦ ਕੋਈ ਨਾ ਹੋਵੇ ਤੇ 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਹੀ ਰਿਹਾ ਹੋਵੇ, ਸਭ ਲੋਕਾਂ ਦੇ ਸਾਂਝੇ ਹੁੰਦੇ ਹਨ। ਇਸ ਲਈ ਉਹਨਾਂ ਦੇ ਜੀਵਨ ਤੋਂ ਜਾਂ ਉਹਨਾਂ ਦੀ ਬਾਣੀ ਤੋਂ ਸਾਨੂੰ ਕਿਸੇ ਹੋਰ ਖ਼ਿਆਲੀ ਮਤਭੇਦ ਦੀ ਥਾਵੇਂ ਮਨੁੱਖੀ ਏਕਤਾ ਦਾ ਸਬਕ ਹੀ ਲੈਣਾ ਚਾਹੀਦਾ ਹੈ ਕਿਉਂਕਿ ਸਰਬ-ਸਾਂਝੀ ਮਨੁੱਖੀ ਏਕਤਾ ਦੇ ਮੁਕਾਬਲੇ 'ਤੇ ਹੋਰ ਸਾਰੀਆਂ ਸੰਪ੍ਰਦਾਇਕ ਗੁਟ-ਬੰਦੀਆਂ ਅਤਿਅੰਤ ਤੁੱਛ ਹਨ ਜੋ ਸਾਂਝੀ ਕੌਮੀਅਤ ਦੇ ਏਕਤਾ ਨਿਗਾਹ ਨੂੰ ਮੁੱਖ ਰੱਖ ਕੇ ਬੱਚਿਆਂ ਦੀ ਖੇਡ ਤੋਂ ਵੱਧ ਹੈਸੀਅਤ ਨਹੀਂ ਰੱਖਦੀਆਂ।

ਬਾਕੀ ਰਿਹਾ ਸਿੱਖਾਂ ਬਾਰੇ ਗਿਆਨੀ ਅਬਾਦੁੱਲਾ ਦਾ ਇਹ ਖ਼ਿਆਲ ਕਿ ਗੁਰੂ ਨਾਨਕ ਸਾਹਿਬ ਦੀ ਆੜ ਲੈ ਕੇ ਅਜਿਹੀਆਂ ਸਾਖੀਆਂ ਨਾਲ ਖ਼ਾਨਾ-ਕਾਅਬਾ ਦੀ ਤੌਹੀਨ ਕਰਦੇ ਹਨ, ਇਸ ਬਾਰੇ ਜੇ ਗਿਆਨੀ ਹੋਰੀਂ ਮੁੱਲਾਂ ਫ਼ਰੀਦੁੱਦੀਨ ਅਤਾਰ ਨੇਸ਼ਾਪੁਰੀ, ਮੌਲਾਨਾ ਮੁਹੰਮਦ ਕਾਸਿਮ 'ਫ਼ਰਿਸ਼ਤਾ', ਸ਼ਾਹਜ਼ਾਦਾ ਦਾਰਾ ਸ਼ਿਕੋਹ, ਮੀਆਂ ਮੁਹੰਮਦ ਤਾਹਿਰ ਤੇ ਮੌਲਾਨਾ ਮੁਹੰਮਦ ਸਾਲਕ 'ਸੂਫ਼ੀ' ਦੀਆਂ ਪਿੱਛੇ ਦਿੱਤੀਆਂ ਲਿਖਤਾਂ ਦੇਖ ਲੈਂਦੇ ਤੇ ਮਾਨਯੋਗ ਮਿਰਜ਼ਾ ਗ਼ੁਲਾਮ ਅਹਿਮਦ ਕਾਦੀਆਨੀ ਦੇ ਮੁਅੱਜ਼ਜ਼ਿਆਂ ਵੱਲ ਵੀ ਜ਼ਰਾ ਝਾਤ ਮਾਰਦੇ ਤਾਂ ਉਹ ਸ਼ਾਇਦ ਪਰੰਪਰਾ ਤੋਂ ਚਲੀ ਆ ਰਹੀ ਮੁਅੱਜ਼ਜ਼ਿਆਂ ਅਥਵਾ ਕਰਾਮਾਤਾਂ ਦੀ ਇਸ ਵਿਚਾਰਧਾਰਾ ਨੂੰ ਮੁੱਖ ਰੱਖ ਕੇ ਇਹ ਦੋਸ਼ ਨਾ ਲਾਉਂਦੇ, ਕਿਉਂਕਿ ਇਸਲਾਮੀ ਕਿਤਾਬਾਂ 'ਕੁਸਿਸ-ਉਲ-ਅੰਬੀਆ' ਆਦਿ ਵਿਚੋਂ ਅਜਿਹੇ ਅਨੇਕਾਂ ਮੁਅੱਜ਼ਜ਼ੇ ਪੇਸ਼ ਕੀਤੇ ਜਾ ਸਕਦੇ ਹਨ। ਸਿੱਖ ਮੁਸਲਮਾਨ ਤੇ ਹਿੰਦੂਆਂ ਨੂੰ ਕਿੰਨਾ ਪਿਆਰਦੇ ਹਨ, ਇਸ ਦੇ ਸਬੂਤ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ, ਜੈਦੇਵ, ਤ੍ਰਿਲੋਚਨ, ਸ਼ੇਖ਼ ਫ਼ਰੀਦ ਆਦਿ ਦੀ ਬਾਣੀ ਤੇ ਸਲੋਕ ਮੌਜੂਦ ਹਨ। ਇਹਨਾਂ ਦੇ ਨਾਲ ਹੀ ਸਿੱਖ ਦੀ ਨਿਗਾਹ ਵਿਚ

ਹਿੰਦੂ ਮੁਸਲਮਾਨਾਂ ਅਤੇ ਅਵਤਾਰਾਂ, ਪੀਰਾਂ, ਪੈਗ਼ੰਬਰਾਂ ਤੇ ਉਹਨਾਂ ਦੇ ਧਾਰਮਿਕ ਸਥਾਨਾਂ ਦੀ ਓਨੀ ਹੀ ਇੱਜ਼ਤ ਤੇ ਕਦਰ ਹੈ ਜਿੰਨੀ ਕਿ ਆਪਣੇ ਗੁਰੂ ਪੈਗ਼ੰਬਰਾਂ ਜਾਂ ਉਹਨਾਂ ਦੇ ਇਤਿਹਾਸਕ ਸਥਾਨਾਂ ਦੀ। ਇਸ ਲਈ ਜਨਮਸਾਖੀ ਗੁਰੂ ਨਾਨਕ ਕਿਰਤ ਸੋਢੀ ਮਿਹਰਬਾਨ ਤੋਂ ਜੋ ਕਿ ਹੋਰ ਜਨਮਸਾਖੀਆਂ ਵਾਂਗ ਇਕ ਸੰਪਾਦਿਤ ਪੁਸਤਕ ਹੈ, ਕਿਸੇ ਹੱਤਕ ਜਾਂ ਤੌਹੀਨ ਦੀ ਸੰਭਾਵਨਾ ਕਰਨੀ ਉੱਕੀ ਹੀ ਨਾ-ਵਾਜਬ ਹੈ।

ਹਵਾਲੇ ਅਤੇ ਟਿੱਪਣੀਆਂ

1. ਹਜ਼ਰਤ ਮੁਹੰਮਦ ਸਾਹਿਬ ਦੇ ਤਬੱਰੁਕਾਤ ਬਾਰੇ ਦੇਖੋ, ਸੱਯਦ ਮੁਹੰਮਦ ਲਤੀਫ਼, *ਹਿਸਟਰੀ ਆਫ਼ ਲਾਹੌਰ*, ਸਫ਼ੇ 116-17, ਤੇ ਸੂਫ਼ੀਆਂ ਬਾਰੇ ਦੇਖੋ, ਮੌਲਵੀ ਨੂਰ ਅਹਿਮਦ ਚਿਸ਼ਤੀ, *ਤਹਿਕੀਕਾਤਿ ਚਿਸ਼ਤੀ*, ਸਫ਼ੇ 60, 67, 75-76, 86 ਅਤੇ 127.

(2/1964)

ਕਰਤਾਰਪੁਰ ਵਾਸ

ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।
ਉਲਟੀ ਗੰਗ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ।
ਪੁਤਰੀ ਕਉਲੁ ਨ ਪਾਲਿਆ ਮਨਿ ਖੋਟੇ ਆਕੀ ਨਸਿਆਰਾ।
ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ।
ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ।
ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।
ਗੁਰਮੁਖਿ ਭਾਰਿ ਅਥਰਬਣਿ ਤਾਰਾ॥ *(ਵਾਰ ੧/੩੮)*

'ਮਾਰਿਆ ਸਿੱਖਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ' ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜਾਬੋਂ ਪਰੇ ਦੀਆਂ ਉਦਾਸੀਆਂ 1521 ਈਸਵੀ ਦੇ ਨੇੜੇ-ਤੇੜੇ ਸਮਾਪਤ ਕਰ ਦਿੱਤੀਆਂ ਅਤੇ ਆਪਣੇ ਵਸਾਏ ਪਿੰਡ ਕਰਤਾਰਪੁਰ ਵਿਖੇ ਨਿਵਾਸ ਕਰ ਲਿਆ। ਆਪ ਬਾਕੀ ਜੀਵਨ ਦੇ 18 ਵਰ੍ਹੇ ਇਥੇ ਹੀ ਰਹੇ। ਇਥੇ ਹੀ ਆਪ 1539 ਈਸਵੀ ਵਿਚ ਜੋਤੀ ਜੋਤਿ ਸਮਾਏ। ਕਰਤਾਰਪੁਰ ਨਾਮ ਚੇਤੰਨ ਹੋ ਕੇ ਵਿਸ਼ੇਸ਼ ਭਾਵਾਂ ਤੇ ਮੰਤਵਾਂ ਅਨੁਸਾਰ ਰੱਖਿਆ ਗਿਆ ਸੀ।

ਬੜੀ ਵਚਿੱਤਰ ਲੀਲ੍ਹਾ ਹੈ। ਨਾਨਕ-ਜੋਤਿ ਨੇ ਤਿੰਨ ਵਿਸ਼ੇਸ਼ ਵਾਸ ਰੱਖੇ ਹਨ—ਕਰਤਾਰਪੁਰੀ ਦਾ ਵਾਸ, ਅੰਮ੍ਰਿਤਸਰ ਦਾ ਵਾਸ ਅਤੇ ਅਨੰਦਪੁਰੀ ਦਾ ਵਾਸ। ਅਨੰਦਪੁਰੀ ਦਾ ਵਾਸ ਕਿਤਨਾ ਕਠਿਨ ਹੈ। ਇਸ ਵਾਸ ਲਈ ਸਭ ਕੁਝ ਜਿਸ ਨੂੰ ਆਪਣਾ ਕਿਹਾ ਜਾ ਸਕਦਾ ਹੈ—ਮਾਤਾ, ਪਿਤਾ, ਪੁੱਤਰ, ਸਿੱਖ, ਐਸ਼ਵਰਜ, ਧਨ, ਪਦਾਰਥ, ਫ਼ੌਜ, ਸ਼ਸਤਰ ਤੇ ਆਪਣਾ ਆਪ—ਕੁਰਬਾਨ ਕਰਨਾ ਪੈਂਦਾ ਹੈ। ਗੁਰੂ ਬਾਬੇ ਨੇ ਕਰਤਾਪੁਰ ਵਾਸ ਵਿਚ ਨਿਰਮਲ ਪੰਥ ਦੀ ਉਸਾਰੀ ਕੀਤੀ।

ਗੁਰੂ-ਜੋਤਿ ਤੇ ਸਦਾ ਹੀ ਇਕਸਾਰ ਕਰਤਾਰਪੁਰ, ਅੰਮ੍ਰਿਤਸਰ ਤੇ ਅਨੰਦਪੁਰ ਦੀ ਵਾਸੀ ਹੈ। ਗੁਰੂ-ਜੋਤਿ ਦੇ ਤਿੰਨ ਹੀ ਰੂਪ ਹਨ—ਕਰਤਾਰਪੁਰੀ, ਅੰਮ੍ਰਿਤਸਰੀ, ਅਨੰਦਪੁਰੀ।

ਭਾਵੇਂ ਗੁਰੂ ਨਾਨਕ ਦੇਵ ਜੀ ਪਿੰਡ ਕਰਤਾਰਪੁਰ ਵਿਚ ਵਾਸ ਰੱਖਦੇ ਸਨ, ਜਦੋਂ ਆਪ ਤਲਵੰਡੀ ਵਾਸੀ ਸਨ ਜਾਂ ਸੁਲਤਾਨਪੁਰੀ ਵਾਸੀ ਸਨ ਜਾਂ ਦੇਸ਼ਾਂ-ਪ੍ਰਦੇਸ਼ਾਂ ਵਿਚ ਵਿਚਰ ਰਹੇ ਸਨ, ਆਪ ਦੀ ਬਿਰਤੀ ਕਰਤਾਰੀ ਸੀ ਅਤੇ ਆਪ ਸਦਾ ਕਰਤਾਰਪੁਰ ਦੇ ਵਾਸੀ ਸਨ। ਸੁਲਤਾਨਪੁਰ ਵੱਸਦਿਆਂ ਵੀ ਆਪ ਇਹੋ ਸੋਚ ਰਹੇ ਸਨ ਕਿ 'ਨਿਰਮਲ ਪੰਥ' ਦੀ ਰੂਪ-ਰੇਖਾ ਕੀ ਹੋਵੇ ਅਤੇ ਇਸ ਦੀ ਉਸਾਰੀ ਕਿਵੇਂ ਕੀਤੀ ਜਾਵੇ। ਜਦੋਂ ਆਪ ਉਦਾਸੀਆਂ ਦੇ 22 ਸਾਲ ਦੇਸ਼ ਰਟਨ ਕਰ

ਰਹੇ ਸਨ, ਆਪ ਕਰਤਾਰੀ ਤੇ ਉਸਾਰੂ ਸਨ, ਆਪ ਵਿਸ਼ਵ ਨੁਹਾਰ ਵਾਲੇ ਨਿਰਮਲ ਪੰਥ ਦੀ ਰੂਪ-ਰੇਖਾ ਚਿਤਰ ਰਹੇ ਸਨ ਅਤੇ ਉਸ ਦੀ ਉਸਾਰੀ ਕਰ ਰਹੇ ਸਨ। ਗੁਰੂ ਬਾਬੇ ਦਾ ਮੰਗਲ 'ਸਤਿ ਕਰਤਾਰ' ਹੀ ਸੀ। ਉਸਾਰੀ ਹੀ ਪ੍ਰਭੂ-ਗੁਣ ਹੈ। ਪਰਮਾਤਮਾ ਸਦਾ ਕਰਤਾਰੀ ਹੈ। ਵਿਸ਼ਵ-ਕਲਿਆਣ ਲਈ ਨਿਰਮਲ ਪੰਥ ਦੀ ਉਸਾਰੀ ਹੀ ਕਰਤਾਰ ਦਾ ਗੁਣ ਹੈ।

(2)

ਤਾਂ ਤੇ ਦੇਖਣਾ ਹੈ ਕਿ ਗੁਰੂ ਬਾਬੇ ਨੇ ਸਾਰਾ ਜੀਵਨ ਕੀ ਉਸਾਰੀ ਕੀਤੀ ਅਤੇ ਕਰਤਾਰਪੁਰ ਵਾਸ ਸਮੇਂ ਕੀ ਵਿਸ਼ੇਸ਼ ਉਸਾਰੀ ਕੀਤੀ। ਸੰਨ 1521 ਤੋਂ ਪਹਿਲਾਂ-ਪਹਿਲਾਂ ਆਪ ਨੇ ਹਲਚਲ ਮਚਾਈ ਅਤੇ 'ਅਧਰਮ' ਦਾ ਕਠੋਰ ਮਹੱਲ ਗਿਰਾਇਆ, ਇਹ ਵੀ ਉਸਾਰੂ ਕਰਤੱਵ ਹੈ ਅਤੇ ਨਾਲ-ਨਾਲ ਨਿਰਮਲ ਧਰਮ ਦਾ ਮਹੱਲ ਉਸਾਰਦੇ ਰਹੇ। ਵਿਦਿਅਕ-ਪ੍ਰਣਾਲੀ ਦੇ ਗ਼ਲਤ ਵਹਿਣ ਨੂੰ ਨਵੀਂ ਸੇਧ ਦੇ ਕੇ ਠੀਕ ਕਰਨਾ ਆਪ ਦਾ ਪਹਿਲਾ ਕਰਤਾਰੀ ਕਰਤੱਵ ਸੀ—ਆਪ ਨੇ ਵਿਦਿਅਕ-ਪ੍ਰਣਾਲੀ ਨੂੰ ਆਰਥਿਕ ਮੰਤਵਾਂ ਤੋਂ ਯੋਗ ਹੱਦ ਤੀਕ ਮੁਕਤ ਕੀਤਾ ਅਤੇ ਉਸ ਨੂੰ ਪਰਮਾਰਥਕ ਅੰਸ਼ ਪ੍ਰਦਾਨ ਕੀਤਾ। ਆਪ ਨੇ ਨਿਰਮੂਲ ਤੇ ਨਿਸਫ਼ਲ ਵਰਨ-ਆਸ਼ਰਮ ਵਿਤਕਰਿਆਂ ਨੂੰ ਹਟਾਇਆ ਅਤੇ ਸਰਬ-ਸਾਂਝੇ ਧਰਮ ਦੀ ਸੋਝੀ ਕਰਾਈ। ਤਗ ਜਾਂ ਜਨੇਊ ਵਰਣਾਂ ਦਾ ਲਖਾਇਕ ਹੈ, ਵੰਡੀਆਂ ਦਾ ਸੂਚਕ ਹੈ, ਨਿਸਫ਼ਲ ਮਰਯਾਦਾ ਬਣ ਚੁੱਕਾ ਸੀ, ਗੁਰੂ ਜੀ ਨੇ ਉਸ ਨੂੰ ਨਵੇਂ ਅਰਥ ਦਿੱਤੇ, ਉਸ ਦੀ ਨੈਤਿਕ ਵਿਆਖਿਆ ਕੀਤੀ ਅਤੇ ਜਨਤਾ ਨੂੰ ਫੋਕੀਆਂ ਰਸਮਾਂ ਤੋਂ ਛੁਟਕਾਰਾ ਪਾਉਣ ਦੀ ਪ੍ਰੇਰਨਾ ਦਿੱਤੀ। ਆਪ ਨੇ ਸਾਰੇ ਉਪਯੋਗੀ ਧੰਧੇ ਵੀ ਕੀਤੇ ਪਰ ਆਪ ਨੇ ਨਿਰਲੇਪ ਰਹਿਣ ਦੀ ਜਾਚ ਵੀ ਦੱਸੀ। ਆਪ ਨੇ ਮੱਝਾਂ ਚਰਾਈਆਂ, ਖੇਤੀ ਕੀਤੀ, ਵਣਜ-ਵਿਹਾਰ ਕੀਤਾ, ਫਿਰ ਮੋਦੀ ਦੀ ਸੇਵਾ ਕੀਤੀ, ਪਰ ਇਹਨਾਂ ਵਿਚ ਖਚਿਤ ਨਹੀਂ ਹੋਏ, ਇਹਨਾਂ ਨੂੰ ਸਫ਼ਲਤਾ ਪੂਰਬਕ ਨਿਭਾਇਆ। ਆਪ ਨੇ ਧਰਮ ਪ੍ਰਚਾਰ ਆਰੰਭ ਕੀਤਾ, ਜਿਨ੍ਹਾਂ ਨੂੰ ਧਰਮ ਪ੍ਰਚਾਰ ਦੀ ਸਭ ਤੋਂ ਵੱਧ ਲੋੜ ਹੈ, ਉਹਨਾਂ ਪਾਸ ਪਹੁੰਚਣ ਦੀ ਲੋੜ ਹੈ, ਗੁਰੂ ਬਾਬਾ ਜੀ ਆਪ ਹੀ ਸੱਜਣਾਂ ਠੱਗਾਂ, ਮਲਿਕ ਭਾਗੋ, ਨੂਰ ਸ਼ਾਹਾਂ, ਕੌਡੇ ਰਾਖਸ਼ਾਂ, ਬਾਬਰਾਂ ਪਾਸ ਪਹੁੰਚੇ ਅਤੇ ਉਹਨਾਂ ਨੂੰ ਸਿੱਧੇ ਰਾਹ ਪਾਇਆ। ਆਪ ਹਿੰਦੂ, ਮੁਸਲਿਮ ਅਤੇ ਹੋਰ ਧਾਰਮਿਕ ਕੇਂਦਰਾਂ 'ਤੇ ਪੁੱਜੇ ਅਤੇ ਨਿਰਭੈ ਹੋ ਕੇ ਆਪਣਾ ਸੁਨੇਹਾ ਦਿੱਤਾ, ਹਰ ਥਾਂ ਆਪਣੇ ਲਈ ਖ਼ਤਰਾ ਮੁੱਲ ਲਿਆ। ਇਹ ਸਭ ਕੁਝ ਕਰਤਾਰੀ ਸੁਭਾਅ ਅਤੇ ਰੁਚੀ ਦਾ ਪ੍ਰਮਾਣ ਹੈ।

(3)

ਕਰਤਾਰਪੁਰ ਦੇ ਵਾਸ ਆਪ ਦੇ ਵਿਸ਼ੇਸ਼ ਉਸਾਰੂ ਕਰਤੱਵ ਜੋ ਭਾਈ ਗੁਰਦਾਸ ਜੀ ਨੇ ਗਿਣੇ ਹਨ, ਉਹ ਇਸ ਪ੍ਰਕਾਰ ਹਨ :

1. 'ਉਦਾਸ' ਦੇ ਟਾਕਰੇ 'ਤੇ 'ਗ੍ਰਹਿਸਤ' ਦੀ ਮਹਾਨਤਾ ਨੂੰ ਪ੍ਰਗਟ ਕਰਨਾ।
2. ਧਰਮ ਨੂੰ ਜਥੇਬੰਦ ਕਰਨ ਲਈ ਗੁਰ-ਪੀੜ੍ਹੀ ਜਾਂ ਗੱਦੀ ਨੂੰ ਅੱਗੇ ਚਲਾਉਣਾ ਅਤੇ ਇਹ ਮਹਾਨ ਜ਼ੁੰਮੇਵਾਰੀ ਵਾਲਾ ਕਾਰਜ ਯੋਗ ਵਿਅਕਤੀ ਨੂੰ ਸੌਂਪਣਾ।
3. ਗੁਰਤਾ ਦੇ ਅਬਚਲ ਰੂਪ ਬਾਣੀ ਦਾ ਪ੍ਰਵਾਹ ਚਲਾਉਣਾ ਜਿਸ ਨੇ ਸਦਾ ਮਨੁੱਖਤਾ ਨੂੰ ਰੌਸ਼ਨੀ

ਦੇਣੀ ਹੈ।

4. ਗਿਆਨ ਤੇ ਨਿਆਏਸ਼ੀਲਤਾ ਨੂੰ ਸ਼ਰਧਾ ਤੇ ਵਿਸ਼ਵਾਸ ਨਾਲ ਯੋਗ ਸਥਾਨ ਦੇਣਾ।
5. ਆਤਮ-ਸੰਗੀਤ ਨੂੰ ਸੁਣਨਾ ਤੇ ਸੰਗਤ ਵਿਚ ਕੀਰਤਨ ਨੂੰ ਉਸ ਦਾ ਸਾਧਨ ਨਿਸ਼ਚਿਤ ਕਰਨਾ।
6. ਨਿਤਨੇਮ ਅਤੇ ਨਿਤ-ਕਰਮ ਕਾਇਮ ਕਰਨਾ।
7. ਦੇਸ਼ ਕਲਿਆਣ ਲਈ ਅਥਰਬਣੀ ਪ੍ਰਭਾਵਾਂ ਨੂੰ ਦੂਰ ਕਰਨਾ ਜਿਸ ਦਾ ਭਾਵ ਇਹ ਹੈ ਕਿ ਬਦੇਸ਼ੀ ਇਸਲਾਮੀ ਹਕੂਮਤ ਦੁਆਰਾ ਭਾਰਤ ਵਿਚ ਆਈ ਸਭਿਆਚਾਰਕ, ਧਾਰਮਿਕ, ਨੈਤਿਕ ਗ਼ੁਲਾਮੀ ਨੂੰ ਦੂਰ ਕਰਨਾ।

ਕੋਈ ਘਟਨਾ ਇਤਨੀ ਉਸਾਰੂ ਨਹੀਂ ਹੋ ਸਕਦੀ ਜਿਤਨਾ ਕੋਈ ਮਹਾਨ ਵਿਚਾਰ ਹੋ ਸਕਦਾ ਹੈ। ਘਟਨਾ ਤਾਂ ਕਿਸੇ ਵਿਚਾਰ ਦਾ ਪ੍ਰਗਟਾਵਾ ਹੀ ਹੁੰਦੀ ਹੈ। ਵਿਚਾਰ ਤਾਂ ਮਨੁੱਖਤਾ ਦਾ 'ਅੰਦਰ' ਬਣਾਉਂਦਾ ਹੈ, ਕੌਮਾਂ ਨੂੰ ਨਵੀਆਂ ਸੇਧਾਂ ਦਿੰਦਾ ਹੈ, ਜਨਤਾ ਨੂੰ ਨਵੀਆਂ ਰੁਚੀਆਂ ਦਿੰਦਾ ਹੈ। ਇਸ ਤਰ੍ਹਾਂ ਦੇਸ਼, ਕੌਮ ਤੇ ਧਰਮ ਬਣਦੇ ਹਨ, ਉਸਰਦੇ ਹਨ। ਭਾਈ ਗੁਰਦਾਸ ਜੀ ਨੇ ਬੜੀ ਬਰੀਕ ਸੂਝ ਨਾਲ ਗੁਰੂ-ਬਾਬੇ ਦੇ ਇਨਕਲਾਬੀ ਆਸ਼ਿਆਂ, ਉਦੇਸ਼ਾਂ ਤੇ ਵਿਚਾਰਾਂ ਵੱਲ ਸੰਕੇਤ ਕੀਤਾ ਹੈ। ਆਪ ਦੀਆਂ ਸੁਣਾਈਆਂ ਸੱਤ ਗੱਲਾਂ ਦਾ ਵਿਚਾਰ ਕਰੀਏ।

(1) ਗੁਰੂ-ਬਾਬਾ ਜੀ ਨੇ 70 ਵਰ੍ਹੇ ਦੇ ਜੀਵਨ ਵਿਚ 22 ਸਾਲ ਦੇ ਕਰੀਬ ਉਦਾਸੀ ਧਾਰਨ ਕੀਤੀ ਪਰ ਗ੍ਰਹਿਸਤ ਤਿਆਗ ਆਪਣੇ ਆਪ ਵਿਚ ਕੋਈ ਅਧਿਆਤਮਕ ਜਾਂ ਧਾਰਮਿਕ ਮਹਾਨਤਾ ਵਾਲੀ ਚੀਜ਼ ਨਹੀਂ ਹੈ। ਗੁਰੂ-ਬਾਬੇ ਨੇ ਜੋ ਰੀਤ ਚਲਾਈ, ਉਸ ਵਿਚ ਗ੍ਰਹਿਸਤ ਜੀਵਨ ਨੂੰ ਹੀ ਮਹਾਨਤਾ ਦਿੱਤੀ।

ਪਰਵਿਰਤੀ ਮਾਰਗ ਸੰਸਾਰਕ ਜੀਵਨ ਵਿਚ ਘੋਲ ਦਾ ਮਾਰਗ ਹੈ, ਸਮਾਜਕ ਜੀਵਨ ਨੂੰ ਸਫ਼ਲ ਬਣਾਉਂਦਾ ਹੈ ਅਤੇ ਮਨੁੱਖੀ ਸਮਾਜ ਨੂੰ ਉਚਿਤ ਕਰਦਾ ਹੈ। ਗੁਰੂ-ਬਾਬੇ ਦਾ ਸੰਸਾਰ ਦੇ ਧਾਰਮਿਕ ਇਤਿਹਾਸ ਨੂੰ 'ਪਰਵਿਰਤੀ ਮਾਰਗ' ਦਾ ਖ਼ਿਆਲ ਬੜਾ ਇਨਕਲਾਬੀ ਖ਼ਿਆਲ ਸੀ, ਜਿਸ ਦਾ ਅੰਤਮ ਉਦੇਸ਼ ਮਨੁੱਖੀ ਸਮਾਜ ਨੂੰ ਹੀ ਬ੍ਰਹਮ ਗਿਆਨੀਆਂ ਜਾਂ ਫ਼ਿਲਾਸਫ਼ਰਾਂ ਦਾ ਸਮਾਜ ਬਣਾ ਦੇਣਾ ਹੈ। ਜੰਗਲ ਵਿਚ ਆਤਮਕ ਉੱਨਤੀ ਦਾ ਅਰਥ ਵੀ ਕੋਈ ਨਹੀਂ ਜਾਪਦਾ। ਸਾਰੇ ਮਨੁੱਖੀ ਸਮਾਜ ਨੂੰ ਆਤਮਿਕ ਤੇ ਧਾਰਮਿਕ ਤੌਰ 'ਤੇ ਉੱਚਾ ਕਰਨਾ ਹੀ ਅਸਲ ਆਸ਼ਾ ਹੈ। ਆਪ ਇਸੇ ਸੰਸਾਰ ਨੂੰ ਹੀ ਸੱਚੇ ਦੀ ਕੋਠੜੀ ਬਣਾ ਦੇਣਾ ਚਾਹੁੰਦੇ ਸਨ, ਇਥੇ ਹੀ ਪ੍ਰਭੂ ਦੀ ਸਲਤਨਤ ਉਸਾਰਨਾ ਚਾਹੁੰਦੇ ਸਨ। ਗ੍ਰਹਿਸਤ ਜੀਵਨ ਨੂੰ ਸਫ਼ਲ ਕਰਨ ਦਾ ਆਸ਼ਾ ਇਹ ਹੈ ਕਿ ਸਾਰਾ ਮਨੁੱਖੀ ਸਮਾਜ ਆਤਮਿਕ, ਮਾਨਸਿਕ, ਸਦਾਚਾਰਕ, ਆਰਥਿਕ, ਧਾਰਮਿਕ ਤੌਰ 'ਤੇ ਉੱਨਤ ਹੋਵੇ।

ਆਪ ਨੇ ਇਸ ਆਸ਼ੇ ਦੀ ਪੂਰਤੀ ਲਈ ਹੀ ਸਾਰੇ ਸਿਧਾਂਤ ਦਿੱਤੇ ਹਨ। ਆਪ ਨੇ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦੇ ਸਿਧਾਂਤ ਦਿੱਤੇ। ਨਾਮ, ਦਾਨ, ਇਸ਼ਨਾਨ ਦਾ ਸਿਧਾਂਤ ਦ੍ਰਿੜ੍ਹ ਕਰਾਇਆ। ਸਾਰਾ ਮਨੁੱਖੀ ਸਮਾਜ ਆਸਤਕ ਹੋਵੇ, ਗੁਰੂ ਵਾਲਾ (ਗਿਆਨਵਾਨ) ਹੋਵੇ, ਨੇਮ-ਧਰਮ ਵਾਲਾ, ਸੁੱਚੇ ਤੇ ਨਿਰਮਲ ਵਿਹਾਰ ਵਾਲਾ ਹੋਵੇ। ਸਾਰਾ ਸਮਾਜ ਕਿਰਤੀ ਹੋਵੇ, ਸਾਰਾ ਸਮਾਜ ਕਰਤਾਰੀ ਹੋਵੇ। ਜਿਥੇ ਕਿਰਤ ਨਹੀਂ ਹੈ, ਉਥੇ ਸਮਾਧੀਆਂ, ਨਿਵਾਜ਼ਾਂ, ਪਾਠ-ਪੂਜਾ, ਧਰਮ-ਕਰਮ ਬਿਲਕੁਲ ਨਿਰਮੂਲ ਹਨ। ਗ੍ਰਹਿਸਤੀ ਕਿਰਤੀ ਹੋ ਸਕਦਾ ਹੈ, ਬਨਵਾਸੀ ਕੀ ਕਿਰਤ

ਕਰੇਗਾ ਅਤੇ ਕਿਸ ਮੰਤਵ ਲਈ ਕਰੇਗਾ? ਕਿਰਤ ਸਦਾਚਾਰ ਦਿੰਦੀ ਹੈ, ਕਿਰਤ ਆਤਮਿਕ ਕਰਤੱਵ ਹੈ। ਕਿਰਤ, ਨਾਮ ਤੇ ਵੰਡਣ ਹੀ ਆਤਮਿਕ ਕਰਤੱਵ ਹਨ। ਗੁਰੂ-ਬਾਬਾ ਆਪ ਖੇਤੀ ਕਰਦਾ ਅਤੇ ਦੀਵਾਨ ਲਗਾ ਕੇ ਧਰਮ ਪ੍ਰਚਾਰ ਵੀ ਕਰਦਾ।

ਭੱਟ ਕਲਸਹਾਰ ਨੇ ਗੁਰੂ ਬਾਬੇ ਨੂੰ ਰਾਜ-ਜੋਗ ਕਮਾਉਣ ਵਾਲਾ ਦੱਸਿਆ ਹੈ। ਗ੍ਰਹਿਸਤੀ ਨੇ ਕਿਰਤ ਕਰਨੀ ਹੈ, ਪਰ ਨਾਲ ਨਾਮ ਜਪਣਾ ਹੈ ਅਤੇ ਵੰਡ ਛਕਣਾ ਹੈ। ਕਿਰਤ ਕਰਨੀ 'ਰਾਜ' ਹੈ, ਨਾਮ ਜਪਣਾ ਅਤੇ ਵੰਡ ਛਕਣਾ 'ਜੋਗ' ਹੈ ਜਾਂ 'ਤਿਆਗ' ਹੈ। ਗ੍ਰਹਿਸਤ ਵਿਚ ਨਿਰਲੇਪ ਰਹਿਣਾ ਹੀ ਬ੍ਰਹਮ ਗਿਆਨੀ ਹੋਣ ਦਾ ਸਬੂਤ ਹੈ। ਕਿਰਤ ਕਮਾਈ ਕਰਨੀ ਹੈ, ਧਰਮ ਦੀ ਕਿਰਤ ਕਰਨੀ ਹੈ, ਪਰ ਵੰਡ ਛਕਣਾ ਵੀ ਹੈ।

ਮਨੁੱਖੀ ਜ਼ਿੰਦਗੀ ਲਈ ਰਾਜ-ਜੋਗ ਦਾ ਸਿਧਾਂਤ ਬਹੁਤ ਹੀ ਸ੍ਰੇਸ਼ਟ ਸਿਧਾਂਤ ਹੈ। ਇਸ ਨੇ ਸੰਸਾਰੀ ਜੀਵਨ ਤੇ ਸੰਸਾਰ ਬਾਰੇ ਬਣੇ ਹੋਏ ਵਿਚਾਰ ਬਦਲ ਦਿੱਤੇ ਕਿ ਸੰਸਾਰ ਦੁੱਖ ਦੀ ਨਗਰੀ ਹੈ, ਸੰਸਾਰ ਮ੍ਰਿਗ-ਤ੍ਰਿਸ਼ਨਾ ਹੈ, ਇਹ ਮਾਇਆ-ਜਾਲ ਹੈ, ਇਹ ਬਿਖ ਦੀ ਵਾੜੀ ਹੈ, ਇਹ ਧੂੰਏਂ ਦਾ ਪਹਾੜ ਹੈ, ਇਹ ਗੰਧਰਬ ਨਗਰੀ ਹੈ, ਇਹ ਭਰਮ-ਭੁਲਾਣਾ ਹੈ, ਇਹ ਨਾਸ਼ਵਾਨ ਹੈ, ਇਹ ਵਿਕਾਰ-ਗ੍ਰਸਤ ਹੈ ਆਦਿ। ਗੁਰੂ ਬਾਬੇ ਨੇ ਸੰਸਾਰ ਨੂੰ ਪਰਮਾਤਮਾ ਦੀ ਰਜ਼ਾ ਦਾ ਚਿੰਨ੍ਹ ਬਣਾ ਦਿੱਤਾ, ਜਗਤ ਨੂੰ ਉਸ ਦੇ ਹੁਕਮ ਦਾ ਪ੍ਰਮਾਣ ਕਹਿ ਦਿੱਤਾ, ਇਸ ਨੂੰ ਸੱਚੇ ਦਾ ਤਖ਼ਤ ਦੱਸਿਆ। ਦ੍ਰਿੜ੍ਹ ਇਹ ਹੋਇਆ ਕਿ ਸਭ ਕੁਝ ਅਤੇ ਅਧਿਆਤਮਕਤਾ ਵੀ ਜੀਵਨ ਲਈ ਹੈ, ਧਰਮ ਵੀ ਜੀਵਨ ਲਈ ਹੈ। ਜੇ ਜੀਵਨ ਨਹੀਂ ਤੇ ਕੁਝ ਵੀ ਨਹੀਂ। ਕੀਮਤ ਬਦਲ ਗਈ, ਪੂਜਾ ਜੀਵਨ ਲਈ ਹੈ, ਜੀਵਨ ਪੂਜਾ ਲਈ ਨਹੀਂ ਹੈ ਜਿਵੇਂ ਖਾਣਾ ਜੀਵਨ ਲਈ ਹੈ, ਜੀਵਨ ਖਾਣ ਲਈ ਨਹੀਂ ਹੈ।

(2) ਗੁਰ-ਪੀੜ੍ਹੀ ਵਿਕਾਸ ਸਿਧਾਂਤ ਦੀ ਲਖਾਇਕ ਹੈ। ਮਨੁੱਖੀ ਸਮਾਜ ਹੌਲੇ-ਹੌਲੇ ਪਰਿਵਰਤਨ ਕਰਦਾ ਹੈ, ਹੌਲੇ-ਹੌਲੇ ਉੱਨਤ ਹੁੰਦਾ ਹੈ, ਇਹ ਵਿਕਾਸ ਕਰਦਾ ਹੈ। ਕੋਈ ਇਕ ਵਿਅਕਤੀ ਸਾਰੀ ਉਸਾਰੀ ਨਹੀਂ ਕਰ ਸਕਦਾ, ਸਾਰਾ ਵਿਕਾਸ ਨਹੀਂ ਪੂਰਨ ਕਰ ਸਕਦਾ। ਕਿਸੇ ਇਕ ਵਿਅਕਤੀ ਨੂੰ ਸਾਰੀ ਸਮਰੱਥਾ ਵੀ ਨਹੀਂ ਹੈ ਕਿ ਉਹ ਸਮਾਜ ਨੂੰ ਪੂਰਨਤਾ ਤੀਕ ਲੈ ਜਾਵੇ। ਸਮਾਜ ਨੂੰ ਵਿਕਾਸ ਕਰਨ ਲਈ ਸਦਾ ਰੌਸ਼ਨੀ ਦੀ ਲੋੜ ਹੈ ਜੋ ਗੁਰੂ ਦਿੰਦਾ ਹੈ। ਸਮਾਜ ਨੂੰ ਸਦਾ ਹੀ ਅਗਵਾਈ ਦੀ ਲੋੜ ਹੈ।

ਗੁਰੂ ਬਾਬੇ ਨੇ ਸਿਧਾਂਤ ਇਹ ਦਿੱਤਾ ਕਿ ਜਿਵੇਂ ਸੰਸਾਰਕ ਬਾਦਸ਼ਾਹੀ ਯੋਗ ਹੱਥਾਂ ਵਿਚ ਹੋਵੇ ਤਦ ਹੀ ਸੁਖਾਵੀਂ ਹੁੰਦੀ ਹੈ ਤਿਵੇਂ ਹੀ ਧਾਰਮਿਕ ਆਗੂ ਵੀ ਬੜੇ ਸੁਜਾਨ, ਸੁਘੜ, ਬ੍ਰਹਮਵੇਤਾ, ਅਨੁਭਵੀ ਮਹਾਂਪੁਰਸ਼ ਹੋਣਾ ਚਾਹੀਦਾ ਹੈ ਅਤੇ ਐਸਾ ਨੇਤਾ ਸਥਾਪਿਤ ਕਰਦਿਆਂ ਕੋਈ ਹੋਰ ਗੱਲਾਂ ਧਿਆਨ-ਗੋਚਰੇ ਨਹੀਂ ਹੋਣੀਆਂ ਚਾਹੀਦੀਆਂ। ਨੇਤਾ ਦੀ ਚੋਣ ਕੇਵਲ ਮਾਨਵਤਾ ਦੇ ਹਿਤਾਂ ਨੂੰ ਧਿਆਨ ਵਿਚ ਰੱਖ ਕੇ ਹੋਣੀ ਚਾਹੀਦੀ ਹੈ। ਨੇਤਾ ਦੀ ਲੋੜ ਸਦਾ ਅਵੱਸ਼ ਹੈ, ਪਰ ਨੇਤਾ ਯੋਗ ਹੋਣਾ ਉਸ ਤੋਂ ਵੀ ਵੱਧ ਜ਼ਰੂਰੀ ਹੈ। ਨੇਤਾ ਕਰਤਾਰੀ ਤੇ ਉਸਾਰੂ ਹੋਣਾ ਚਾਹੀਦਾ ਹੈ।

ਮਨੁੱਖਤਾ ਨੂੰ ਉੱਨਤ ਕਰਨ ਲਈ ਸਿਧਾਂਤ ਇਕੋ ਹਨ, ਜੁਗਤੀ ਇਕੋ ਹੈ ਅਤੇ ਉਹ ਇਹ ਹੈ ਕਿ ਮਨੁੱਖਤਾ ਨੂੰ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਵਿਚ ਲਗਾਇਆ ਜਾ ਸਕੇ। ਨਾਮ-ਦਾਨ ਇਸ਼ਨਾਨ ਹੀ ਜੋਤਿ ਹੈ, ਨਾਮ-ਦਾਨ ਇਸ਼ਨਾਨ ਹੀ ਜੁਗਤ ਹੈ। ਗੁਰੂ ਬਾਬੇ ਦੇ

ਉਤਰਾਧਿਕਾਰੀਆਂ ਵਿਚ ਇਹੋ ਜੋਤਿ ਤੇ ਜੁਗਤ ਕੰਮ ਕਰਦੇ ਰਹੇ ਹਨ।

ਸੰਨ 1469 ਤੋਂ 1708 ਤੀਕ ਗੁਰੂ ਜੋਤਿ ਨੇ ਮਾਨਵੀ ਸਮਾਜ ਨੂੰ ਰੌਸ਼ਨੀ ਦਿੱਤੀ।

(3) ਗੁਰਤਾ ਦਾ ਅਬਚਲੀ ਰੂਪ ਬਾਣੀ ਜਾਂ ਸਿਧਾਂਤ ਹੀ ਹੈ। ਗੁਰੂ ਬਾਬੇ ਨੇ 'ਗੁਰੂ ਕੀ ਕਰਣੀ' ਅਤੇ 'ਗੁਰ-ਕਹਿਆ' ਵਿਚ ਭੇਦ ਕੀਤਾ ਹੈ। ਕੋਈ ਵਿਸ਼ੇਸ਼ ਕਰਤੱਵ ਜਾਂ ਘਟਨਾ ਸਮੇਂ-ਸਥਾਨ, ਕਾਰਜ-ਕਾਰਣ, ਹਾਲਾਤ ਦੇ ਪਰਵੱਸ ਹੁੰਦੀ ਹੈ। ਪਰ ਸਿਧਾਂਤ ਤ੍ਰੈਕਾਲ ਸਤਿ ਦਾ ਹੁੰਦਾ ਹੈ। ਜਿਉਂ-ਜਿਉਂ ਕਿਸੇ ਸਮਾਜ ਜਾਂ ਕੌਮ ਦੀ ਉਸਾਰੀ ਹੁੰਦੀ ਜਾਂਦੀ ਹੈ, ਉਹ ਸਿਧਾਂਤ ਉਚਾਈ ਵੱਲ ਚਲਾ ਜਾਂਦਾ ਹੈ ਪਰ ਜਦੋਂ ਸਮਾਜ ਮੁੱਢ ਤੋਂ ਵਿਕਾਸ ਕਾਰਜ ਵਿਚ ਲੱਗਾ ਹੈ। ਆਦਰਸ਼ਕ ਸਿਧਾਂਤ ਉਸ ਲਈ ਟੀਚਾ ਹੋ ਸਕਦਾ ਹੈ, ਕਰਤੱਵ ਨਹੀਂ। 'ਰਹਿਣੀ' ਹੌਲੇ ਬਣਦੀ ਹੈ, 'ਕਹਿਣੀ' ਪਹਿਲਾਂ ਆ ਜਾਂਦੀ ਹੈ, ਪਰ 'ਰਹਿਣੀ' ਜਾਂ ਆਦਰਸ਼-ਉਲੀਕਣ ਬੜਾ ਜ਼ਰੂਰੀ ਹੈ। ਕਿਸੇ ਮਹਲ ਦੀ ਉਸਾਰੀ ਤੋਂ ਪਹਿਲਾਂ ਉਸ ਦਾ ਨਕਸ਼ਾ ਜਾਂ ਚਿੱਤਰ ਹਿਰਦੇ ਵਿਚ ਉਸਾਰਨਾ ਜ਼ਰੂਰੀ ਹੈ। 'ਗੁਰਬਾਣੀ' ਆਦਰਸ਼ ਉਲੀਕਦੀ ਹੈ, ਅੰਤਮ-ਹੋਣੀ ਚਿੱਤਰਦੀ ਹੈ, ਪਰ ਕੌਮ ਉਥੇ ਪਹੁੰਚਦੀ ਹੌਲੀ-ਹੌਲੀ ਹੈ। ਗੁਰੂ-ਨੇਤਾ ਨੂੰ ਆਪਣੇ ਆਦਰਸ਼ ਨਿਰਭੈ ਹੋ ਕੇ ਦੱਸਣੇ ਚਾਹੀਦੇ ਹਨ। ਆਦਰਸ਼ਕ ਮਨੁੱਖ ਅਤੇ ਆਦਰਸ਼ਕ ਮਨੁੱਖੀ ਸਮਾਜ ਦਾ ਚਿੱਤਰ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ ਨੇਤਾ ਕਰਤਾਰੀ ਹੁੰਦਾ ਹੈ ਅਤੇ ਇਸੇ ਤਰ੍ਹਾਂ ਮਾਨਵ ਸਮਾਜ ਉਸਰਦਾ ਹੈ।

ਵੇਦ, ਬਾਈਬਲ, ਕੁਰਾਨ, ਗੁਰੂ ਗ੍ਰੰਥ ਸਾਹਿਬ ਆਦਰਸ਼ਕ ਮਨੁੱਖ ਲਈ ਵਿਧਾਨ ਹਨ। ਇਹੋ ਸੰਸਾਰ-ਸਮਾਜ ਦੇ ਵਿਧਾਨ ਹਨ।

ਸਾਨੂੰ ਹੌਸਲਾ ਦੇਣ ਵਾਲੀ ਗੱਲ ਇਹ ਹੈ ਕਿ ਇਹਨਾਂ ਵਿਧਾਨਾਂ ਵਿਚ ਜੋ ਵੀ ਸਿਧਾਂਤ ਹਨ, ਉਹ ਸਾਡੇ ਰਿਸ਼ੀਆਂ, ਪੈਗ਼ੰਬਰਾਂ, ਗੁਰੂਆਂ ਨੇ ਆਪਣੇ ਜੀਵਨ ਵਿਚ ਜੀਉ ਕੇ ਦੱਸੇ ਹਨ। ਅਸੀਂ ਵੀ ਇਹਨਾਂ ਵਿਧਾਨਾਂ ਨੂੰ ਅਪਣਾ ਸਕਦੇ ਹਾਂ।

(4, 5, 6) ਅਗਲੀਆਂ ਤਿੰਨੇ ਗੱਲਾਂ ਕਰਤਾਰਪੁਰ ਵਿਖੇ ਗੁਰੂ ਬਾਬੇ ਦੇ ਦਰਬਾਰ ਨਾਲ ਸੰਬੰਧਿਤ ਹਨ। ਕਿਸੇ ਸਮਾਜ ਦੀ ਆਤਮਿਕ ਜਾਗਰਿਤੀ ਵਾਸਤੇ ਉਸ ਅੰਦਰ ਸਦੀਵੀ ਅਧਿਆਤਮਕ ਵਿਚਾਰਾਂ ਦੇ ਸੰਸਾਰ ਦੀ ਲੋੜ ਹੈ। ਗੁਰੂ ਬਾਬੇ ਨੇ ਰੋਜ਼ਾਨਾ ਦੀਵਾਨਾਂ ਦਾ ਨੇਮ ਤੋਰਿਆ। ਅੱਜ-ਕੱਲ੍ਹ ਜੋ ਗੁਰਦੁਆਰਿਆਂ ਵਿਚ ਦੀਵਾਨਾਂ ਦਾ ਰੂਪ ਹੈ, ਇਹ ਗੁਰੂ ਬਾਬੇ ਦਾ ਹੀ ਬੰਨ੍ਹਿਆ ਹੋਇਆ ਹੈ। ਨਿੱਤਨੇਮ, ਕੀਰਤਨ ਅਤੇ ਕਥਾ-ਵਾਰਤਾ (ਵਿਚਾਰ-ਚਰਚਾ) ਦੀਵਾਨਾਂ ਦੇ ਨੇਮ ਦੇ ਮੁੱਖ ਅੰਗ ਹਨ।

ਗੁਰੂ ਬਾਬੇ ਦੀ ਸ਼ਖ਼ਸੀਅਤ ਦੀ ਮਹਾਨਤਾ ਸੰਨ 1521 ਤੀਕ ਬਹੁਤ ਹੱਦ ਤੀਕ ਮੰਨੀ ਜਾ ਚੁੱਕੀ ਹੋਣੀ ਹੈ। ਆਪ ਦੇ ਦੇਸ਼-ਰਟਨ ਨੇ ਆਪ ਦੀ ਜਾਣਕਾਰੀ ਦੂਰ-ਦੂਰ ਤਕ ਕਰਾ ਦਿੱਤੀ ਹੋਣੀ ਹੈ। ਦੇਸ਼ ਦੇ ਕੋਨੇ-ਕੋਨੇ ਤੋਂ ਹਰ ਸੰਪਰਦਾ ਦੇ ਲੋਕ ਅਤੇ ਹਰ ਭੇਖ ਦੇ ਧਾਰਨੀ ਆਪ ਨਾਲ ਗਿਆਨ-ਚਰਚਾ ਲਈ ਕਰਤਾਰਪੁਰ ਆਉਂਦੇ ਰਹਿੰਦੇ ਹੋਣੇ ਹਨ। ਉਹ ਸਮਾਂ ਵਧੇਰੇ ਰਮਤੇ ਸਾਧੂਆਂ, ਸੰਤਾਂ, ਜੋਗੀਆਂ, ਸਿੱਧਾਂ ਦਾ ਸੀ। ਰੋਜ਼ ਦੀਵਾਨ ਵਿਚ ਹਰ ਵਿਚਾਰ ਦੇ ਮਹਾਤਮਾ ਇਕੱਠੇ ਹੁੰਦੇ। ਵਿਸ਼ਵਾਸ ਨਾਲ ਕਿਹਾ ਜਾ ਸਕਦਾ ਹੈ ਕਿ ਗੁਰੂ ਬਾਬਾ ਜੀ ਉਹਨਾਂ ਦੇ ਵਿਚਾਰਾਂ ਨੂੰ ਬੜੇ ਧਿਆਨ ਤੇ ਹਮਦਰਦੀ ਨਾਲ ਸੁਣਦੇ ਹੋਣੇ ਹਨ ਅਤੇ ਉਹਨਾਂ ਨੂੰ ਆਪਣਾ ਪੱਖ ਸਮਝਾਉਂਦੇ ਹੋਣੇ ਹਨ। ਗੁਰੂ ਬਾਬੇ ਦਾ ਮੁੱਖ ਨਿਸ਼ਾਨਾ ਵਾਦ-ਵਿਵਾਦ ਤੇ ਝਗੜਾ ਨਹੀਂ ਸੀ, ਸਗੋਂ ਸਾਰੇ

ਧਰਮਾਂ, ਭੇਖਾਂ ਤੇ ਅੰਤਰੀਵ ਸਾਂਝੇ ਆਦਰਸ਼ਕ ਤੱਤਾਂ ਨੂੰ ਸਤਹ ਉੱਤੇ ਲਿਆਉਣਾ ਸੀ। ਆਪ ਸਾਰੇ ਧਾਰਮਿਕ ਅਧਿਆਤਮਿਕ ਤਜਰਬਿਆਂ ਦਾ ਸਤਿਕਾਰ ਕਰਦੇ ਸਨ ਪਰ ਆਪਣੀ ਰੀਝ ਇਹੋ ਦੱਸਦੇ ਹੋਣੇ ਹਨ ਕਿ ਅਸਲ ਅਧਿਆਤਮਵਾਦ ਉਹ ਹੀ ਹੈ ਜਿਸ ਨੂੰ ਜੀਵਨ ਵਿਚ ਰਹਿ ਕੇ ਜੀਵਨ ਵਿਚ ਵਰਤਿਆ ਜਾਏ, ਅਧਿਆਤਮਵਾਦ ਨੂੰ ਜੀਵਿਆ ਜਾਏ। ਮਤ, ਵਿਚਾਰ ਤੇ ਧਰਮ ਸਾਦਾ ਤੇ ਸਰਲ ਹੋਣੇ ਚਾਹੀਦੇ ਹਨ। ਆਪ ਦ੍ਰਿੜ੍ਹ ਇਹ ਕਰਾਉਂਦੇ ਹੋਣੇ ਹਨ ਕਿ ਸਾਰੇ ਧਰਮਾਂ, ਭੇਖਾਂ ਵਿਚ ਅਸਲੀਅਤ ਹੈ ਪਰ ਪਖੰਡ ਨੇ ਉਸ ਨੂੰ ਅੱਖੋਂ ਓਝਲ ਕੀਤਾ ਹੋਇਆ ਹੈ। ਉਹ ਅਸਲੀਅਤ ਲੱਭਣੀ ਉਚਿਤ ਹੈ ਤਾਂ ਜੋ ਮਾਨਵ ਸਮਾਜ ਦੀ ਏਕਤਾ ਨੂੰ ਸਥਾਪਿਤ ਕੀਤਾ ਜਾ ਸਕੇ।

ਸ਼ਖ਼ਸੀਅਤ ਉਸਾਰੀ ਲਈ ਮਨੁੱਖ ਦੀ ਭਾਵੁਕ, ਜਜ਼ਬਾਤੀ ਉਸਾਰੀ ਦੀ ਪਹਿਲਾਂ ਲੋੜ ਹੈ ਅਤੇ ਉਸ ਨੂੰ ਸ਼ਖ਼ਸੀਅਤ ਨੂੰ ਸੁਰ ਕਰਨ ਦੀ ਲੋੜ ਹੈ। ਸੰਗੀਤ, ਕੀਰਤਨ ਦੁਆਰਾ ਇਹ ਸੰਭਵ ਹੈ। ਕੀਰਤਨ ਨੂੰ ਗੁਰੂ ਬਾਬੇ ਨੇ ਵਿਸ਼ੇਸ਼ ਮਹਾਨਤਾ ਦਿੱਤੀ ਹੈ।

ਜੀਵਨ ਨੂੰ ਸੰਤੁਲਿਤ ਰੱਖਣ ਲਈ ਰੋਜ਼ ਉਤਸ਼ਾਹ, ਪ੍ਰੇਰਨਾ ਦੀ ਲੋੜ ਹੈ, ਨਿੱਤਨੇਮ ਰੋਜ਼ਾਨਾ ਪ੍ਰੇਰਨਾ ਹੈ। ਜਪੁ, ਸੋਦਰੁ, ਆਰਤੀ ਦੇ ਸਿਧਾਂਤਾਂ ਨੂੰ ਰੋਜ਼ ਵਿਚਾਰਨ ਤੇ ਦੁਹਰਾਉਣ ਦੀ ਲੋੜ ਹੈ। ਇਹ ਬਾਣੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਚਿੰਨ੍ਹ ਰੂਪ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵਿਚਾਰਨ ਦੀ ਲੋੜ ਹੈ।

(7) ਗੁਰਮੁਖਿ ਭਾਰ ਅਥਰਬਨਿ ਤਾਰਾ—ਇਸ ਤੁਕ ਵਿਚ ਜੋ ਸੰਕੇਤ ਹੈ, ਉਸ ਦੀ ਵਿਆਖਿਆ ਬਾਰੇ ਮਤਭੇਦ ਦੀ ਸੰਭਾਵਨਾ ਹੈ। 'ਅਥਰਬਣ' ਬਾਰੇ ਗੁਰੂ ਬਾਬਾ ਜੀ ਦਾ ਸੰਕੇਤ ਇਹ ਹੈ:

ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ॥
ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥ (ਪੰਨਾ ੪੭੦)

ਕਲਿਜੁਗ ਦਾ ਸ਼ਬਦ ਗੁਰੂ ਬਾਬਾ ਜੀ ਅਤੇ ਹੋਰ ਗੁਰੂ ਸਾਹਿਬਾਨ ਆਪਣੇ ਜ਼ਮਾਨੇ ਬਾਰੇ ਹੀ ਵਰਤਦੇ ਰਹੇ ਹਨ। ਗੁਰੂ ਜੀ ਕਹਿੰਦੇ ਹਨ ਕਿ ਇਸ ਜ਼ਮਾਨੇ ਵਿਚ ਕੁਦਰਤੀ ਸ਼ਕਤੀਆਂ ਦੀ ਪੂਜਾ ਹੈ, ਜੰਤਰ-ਮੰਤਰ ਦਾ ਬੋਲ-ਬਾਲਾ ਹੈ, ਭਾਰਤੀ ਧਰਮਾਂ ਨੂੰ ਇਸਲਾਮੀ ਜਬਰ ਨੇ ਦਬਾਅ ਲਿਆ ਹੈ, ਭਾਰਤੀ ਸਭਿਆਚਾਰ ਇਸਲਾਮੀ ਪ੍ਰਭਾਵ ਥੱਲੇ ਆ ਗਿਆ ਹੈ ਅਤੇ ਭਾਰਤੀ ਰਾਜਸੀ ਸੱਤਾ ਨਾਸ ਹੋ ਗਈ ਹੈ ਜਿਸ ਕਾਰਨ ਤੁਰਕਾਂ ਤੇ ਪਠਾਣਾਂ ਦਾ ਰਾਜ ਭਾਰਤ ਉੱਤੇ ਹੋ ਗਿਆ ਹੈ। ਅਥਰਬਣੁ ਕੁਦਰਤੀ ਸ਼ਕਤੀਆਂ ਦੀ ਉਪਾਸਨਾ, ਯੱਗ ਤੇ ਕਰਮ-ਕਾਂਡਾਂ ਅਤੇ ਜੰਤਰ-ਮੰਤਰ ਦਾ ਸੂਚਕ ਹੈ।

ਗੁਰੂ ਬਾਬੇ ਨੇ ਕਰਤਾਰਪੁਰ ਤੋਂ ਵਿਸ਼ੇਸ਼ ਤੌਰ 'ਤੇ ਇਸ ਸਾਰੀ ਗਿਰਾਵਟ ਵਿਰੁੱਧ ਆਵਾਜ਼ ਉਠਾਈ। ਆਪ ਦੀ ਬਾਣੀ ਵਿਚ ਇਸ ਭਾਵ ਦੇ ਸ਼ਬਦ, ਅਸ਼ਟਪਦੀਆਂ ਮੌਜੂਦ ਹਨ। ਆਪ ਨੇ ਕਰਤਾਰਪੁਰ ਵਾਸ ਸਮੇਂ ਹੀ ਸੈਦਪੁਰ ਦੀ ਯਾਤਰਾ ਵੀ ਕੀਤੀ ਜਦੋਂ ਬਾਬਰ ਨੇ ਇਸ ਸ਼ਹਿਰ ਨੂੰ ਤਬਾਹ ਕੀਤਾ। ਕਿਤਨੀ ਜ਼ੋਰਦਾਰ ਆਵਾਜ਼ ਆਪ ਨੇ ਉਸ ਸਮੇਂ ਉਠਾਈ ਅਤੇ ਬਦੇਸ਼ੀ ਹਮਲੇ ਦੇ ਧੱਕੇ ਵਿਰੁੱਧ ਦੇਸ਼ ਨੂੰ ਚੇਤੰਨ ਕੀਤਾ। ਨੀਲਾ ਪਾਣ, ਕੁੱਠਾ ਖਾਣ, ਬੋਲੀ ਬਦਲਾਣ, ਆਪਣਾ ਧਰਮ ਲੁਕਾਣ, ਥਾਂ ਨਸ਼ਟ-ਭ੍ਰਸ਼ਟ ਕੀਤੇ ਜਾਣ ਆਦਿ ਦੇ ਸੰਕੇਤ ਵਾਰ ਆਸਾ ਵਿਚ ਵਿਸ਼ੇਸ਼ ਤੌਰ 'ਤੇ ਅਤੇ ਹੋਰ ਬਾਣੀ ਵਿਚ ਆਮ ਤੌਰ 'ਤੇ ਕੀਤੇ ਹੋਏ ਹਨ। ਆਪ ਕਿਸੇ ਧਰਮ ਸਭਿਆਚਾਰ

ਨੂੰ ਘਟੀਆ ਨਹੀਂ ਸਨ ਮੰਨਦੇ, ਪਰ ਕਿਸੇ ਧਰਮ ਜਾਂ ਸਭਿਆਚਾਰ ਦਾ ਦੂਜੇ ਧਰਮ ਜਾਂ ਸਭਿਆਚਾਰ ਨੂੰ ਨਾਸ਼ ਕਰਨ ਦਾ ਜਾਂ ਦਬਾਣ ਦਾ ਕੋਈ ਹੱਕ ਨਹੀਂ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਦਸ਼ਾ ਨੂੰ ਬਦਲਣ ਦਾ ਯਤਨ ਕੀਤਾ। ਆਪ ਨੇ ਜਨਤਾ ਵਿਚ ਜਾਗਰਤੀ ਪੈਦਾ ਕੀਤੀ। ਨਿਸ਼ਚੇ ਨਾਲ ਕਿਹਾ ਜਾ ਸਕਦਾ ਹੈ ਕਿ ਖ਼ਾਲਸੇ ਦੀ ਸਾਜਣਾ ਦੇ ਸਮੇਂ ਤੀਕ ਭਾਵ ਸੰਨ 1699 ਤੀਕ ਦਸ਼ਾ ਬਦਲ ਚੁੱਕੀ ਸੀ। ਗੁਰੂ ਬਾਬੇ ਦੀ ਚਲਾਈ ਲਹਿਰ ਨੇ ਭਾਰਤ ਦੀ ਦਸ਼ਾ ਬਦਲ ਦਿੱਤੀ। ਇਸਲਾਮੀ ਰਾਜ ਖ਼ਤਮ ਕਰ ਦਿੱਤਾ ਤੇ ਭਾਰਤ ਨੂੰ ਰਾਜਸੀ, ਧਾਰਮਿਕ, ਸਭਿਆਚਾਰਕ ਤੌਰ 'ਤੇ ਸੁਤੰਤਰ ਕਰ ਦਿੱਤਾ। ਗੁਰਮੁਖਾਂ ਨੇ ਕਰਮ-ਕਾਂਡ, ਯੱਗ-ਵਰਤ, ਜੰਤਰ-ਮੰਤਰ, ਦੇਵੀ-ਦੇਵਤਿਆਂ ਦੀ ਪੂਜਾ ਦਾ ਧੋਣਾ ਸਿਰੋਂ ਲਾਹ ਦਿੱਤਾ। ਵਾਹਿਗੁਰੂ ਦਾ ਮੰਤਰ ਜਪਿਆ, ਆਪਣਾ ਬਾਣਾ ਧਾਰਨ ਕੀਤਾ, ਤੁਰਕ-ਪਠਾਣੀ ਰਾਜ ਨੂੰ ਖ਼ਤਮ ਕੀਤਾ।

ਜਿਵੇਂ ਸੁਲਤਾਨਪੁਰ ਦਾ ਵਾਸ ਉਦਾਸੀਆਂ ਦੀ ਤਿਆਰੀ ਲਈ ਸੋਚ-ਵਿਚਾਰ ਅਤੇ ਯੋਜਨਾ ਉਲੀਕਣ ਦਾ ਸਮਾਂ ਸੀ ਤਿਵੇਂ ਹੀ ਕਰਤਾਰਪੁਰ ਵਾਸ ਉਦਾਸੀਆਂ ਦੇ ਸਮੇਂ ਕੀਤੇ ਕੰਮ, ਪੈਦਾ ਹੋਈ ਜਾਗਰਤੀ ਨੂੰ ਲਹਿਰ ਰੂਪ ਦੇਣ ਦਾ ਸਮਾਂ ਸੀ। ਸਾਰੇ ਲੰਮੇ ਤਰਜਬੇ ਤੇ ਜਾਇਜ਼ੇ ਮਗਰੋਂ ਆਪਣੇ ਵਿਚਾਰਾਂ ਤੇ ਸਿਧਾਂਤ ਨੂੰ ਸਪੱਸ਼ਟ ਰੂਪ ਵਿਚ ਅੰਕਤ ਕਰਨ ਅਤੇ ਉਹਨਾਂ ਨੂੰ ਪ੍ਰਚਾਰਨ ਤੇ ਅਮਲੀ ਸ਼ਕਲ ਦੇਣ ਦਾ ਸਮਾਂ ਸੀ। ਗੁਰੂ ਬਾਬੇ ਨੇ ਲੰਮੀਆਂ ਬਾਣੀਆਂ ਇਸ ਸਮੇਂ ਰਚੀਆਂ, ਵਿਚਾਰਾਂ ਦਾ ਪ੍ਰਸਾਰਨ ਕੀਤਾ, ਅਨੁਸਾਰੀਆਂ ਨੂੰ ਜਥੇਬੰਦ ਕੀਤਾ, ਅਗਲੀ ਅਗਵਾਈ ਲਈ ਪ੍ਰਬੰਧ ਕੀਤਾ, ਵਿਧਾਨ ਸਥਾਪਿਤ ਕੀਤਾ। ਪੰਜਾਬ ਨੂੰ ਸਾਰੀ ਲਹਿਰ ਦਾ ਗੜ੍ਹ ਜਾਂ ਕੇਂਦਰ ਬਣਾਇਆ। ਇਸ ਲਈ ਪੰਜਾਬੀ ਮੁਸਲਮਾਨ ਪੀਰਾਂ, ਫ਼ਕੀਰਾਂ, ਨੇਤਾਵਾਂ ਅਤੇ ਜੋਗੀਆਂ, ਸਿੱਧਾਂ ਦੇ ਨੇਤਾਵਾਂ ਆਦਿ ਨੂੰ ਫਿਰ ਕਈ ਵਾਰ ਮਿਲੇ, ਉਹਨਾਂ ਦੇ ਕੇਂਦਰਾਂ 'ਤੇ ਜਾ-ਜਾ ਕੇ ਉਹਨਾਂ ਨੂੰ ਸੱਚ ਵੱਲ ਪ੍ਰੇਰਿਆ। ਪੰਜਾਬ ਹੀ ਭਾਰਤ ਦੀ ਅਗਵਾਈ ਲਈ ਕੇਂਦਰ ਬਣਾ ਦਿੱਤਾ। ਇਸੇ ਨੂੰ ਭਾਰਤ ਦਾ ਪਹਿਰੇਦਾਰ ਵੀ ਬਣਾਇਆ, ਜੋ ਕਰਤੱਵ ਪੰਜਾਬ ਨੇ ਪੂਰੀ ਤਰ੍ਹਾਂ ਨਿਭਾਇਆ। ਕਰਤਾਰਪੁਰ ਦਾ ਸਮਾਂ ਠੋਸ ਉਸਾਰੀ ਤੇ ਅਮਨ ਦਾ ਸਮਾਂ ਸੀ।

(8/1968)

ਗੁਰੂ ਨਾਨਕ ਸਾਹਿਬ ਦਾ ਸੁਲਤਾਨਪੁਰ ਨਿਵਾਸ

ਸਤਿਗੁਰੂ ਨਾਨਕ ਦੇਵ ਜੀ ਦੇ 70 ਸਾਲ ਦੇ ਜੀਵਨ ਨੂੰ ਚਾਰ ਮੋਟੇ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਵੀਹ ਕੁ ਸਾਲ ਤਲਵੰਡੀ, ਦਸ ਕੁ ਸਾਲ ਸੁਲਤਾਨਪੁਰ, ਇੱਕੀ-ਬਾਈ ਸਾਲ ਉਦਾਸੀਆਂ ਵਿਚ ਤੇ ਆਖ਼ਰੀ 18 ਸਾਲ ਕਰਤਾਰਪੁਰ ਵਿਖੇ ਗੁਜ਼ਾਰੇ। ਕਰਤਾਰਪੁਰ ਨਿਵਾਸ ਦੌਰਾਨ ਵੀ ਆਪ ਵਿਚ-ਵਾਰ ਅਚਲ ਵਟਾਲੇ, ਮੁਲਤਾਨ ਤੇ ਸਿਆਲਕੋਟ ਆਦਿ ਥਾਵਾਂ ਦੀ ਫੇਰੀ ਲਾ ਆਏ ਸਨ।

ਗੁਰੂ ਜੀ ਦੇ ਸੁਲਤਾਨਪੁਰ ਨਿਵਾਸ ਦੇ ਸਮੇਂ ਬਾਰੇ ਅੱਡ-ਅੱਡ ਵਿਦਵਾਨਾਂ ਦੀਆਂ ਅੱਡ-ਅੱਡ ਰਾਵਾਂ ਹਨ ਪਰ ਇਸ ਨਗਰ ਨਾਲ ਸੰਬੰਧਿਤ ਕੌਤਕਾਂ ਤੇ ਸਾਖੀਆਂ ਵਿਚ ਕੋਈ ਲੰਮਾ ਫ਼ਰਕ ਨਹੀਂ ਹੈ। ਆਪ ਦੇ ਤਲਵੰਡੀ ਨਿਵਾਸ ਸਮੇਂ ਆਪ ਦੇ ਮਾਪੇ ਆਪ ਨੂੰ ਵਾਹੀ-ਬੀਜੀ ਦੇ ਵਣਜ-ਵਪਾਰ ਆਦਿ ਕੰਮਾਂ ਵਿਚ ਪਾਉਣਾ ਚਾਹੁੰਦੇ ਸਨ। ਗੁਰੂ ਜੀ ਨੇ ਮਾਤਾ-ਪਿਤਾ ਦੀ ਆਗਿਆ ਪਾਲਣ ਤੋਂ ਤਾਂ ਕਦੀ ਇਨਕਾਰ ਨਹੀਂ ਸੀ ਕੀਤਾ ਪਰ ਉਹਨਾਂ ਦਾ ਹਰੇਕ ਕੰਮ ਬਾਰੇ ਦ੍ਰਿਸ਼ਟੀਕੋਣ ਆਪਣਾ ਤੇ ਨਿਆਰਾ ਜਿਹਾ ਹੁੰਦਾ ਸੀ ਜੋ ਮਾਪਿਆਂ ਨੂੰ ਹਰਗਿਜ਼ ਪਸੰਦ ਨਹੀਂ ਸੀ।

ਗਿਆਰ੍ਹਵੀਂ ਸਦੀ ਵਿਚ ਭਾਰਤ ਉੱਤੇ ਮੁਸਲਮਾਨਾਂ ਵੱਲੋਂ ਹਮਲੇ ਹੋਣੇ ਸ਼ੁਰੂ ਹੋਏ। ਮਹਿਮੂਦ ਗ਼ਜ਼ਨਵੀ ਵੱਲੋਂ ਵਾਰ-ਵਾਰ ਹੋਏ ਹਮਲਿਆਂ ਨੇ ਹਿੰਦੂ ਤਾਕਤ ਨੂੰ ਨਖੀਣ ਕਰ ਦਿੱਤਾ ਸੀ ਤੇ ਤੇਰ੍ਹਵੀਂ ਸਦੀ ਵਿਚ ਉਹਨਾਂ ਨੇ ਭਾਰਤ ਵਿਚ ਪੱਕੇ ਪੈਰ ਜਮਾ ਲਏ ਸਨ। ਪੰਦਰ੍ਹਵੀਂ ਸਦੀ ਵਿਚ ਅਖ਼ੀਰਲੇ ਲੋਧੀ ਘਰਾਣੇ ਦਾ ਪਹਿਲਾ ਬਾਦਸ਼ਾਹ ਬਹਿਲੋਲ ਲੋਧੀ ਦਿੱਲੀ ਵਿਚ ਰਾਜ ਕਰ ਰਿਹਾ ਸੀ ਕਿ ਗੁਰੂ ਨਾਨਕ ਦੇਵ ਜੀ ਦਾ ਅਵਤਾਰ 1469 ਈਸਵੀ ਵਿਚ ਹੋਇਆ।

ਭਾਰਤ ਉੱਤੇ ਹੋਣ ਵਾਲੇ ਸਾਰੇ ਹਮਲੇ ਕਾਬਲ, ਅਫ਼ਗ਼ਾਨਿਸਤਾਨ ਵੱਲੋਂ ਹੁੰਦੇ ਸਨ ਤੇ ਪੰਜਾਬ ਨੂੰ ਭਾਰਤ ਦੇ ਪਹਿਰੇਦਾਰ ਹੋਣ ਵਜੋਂ ਹਮੇਸ਼ਾ ਭਾਰੀ ਮੁੱਲ ਤਾਰਨਾ ਪੈਂਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਭੈਣ ਬੇਬੇ ਨਾਨਕੀ ਦਾ ਵਿਆਹ ਭਾਈ ਜੈਰਾਮ ਜੀ ਨਾਲ ਹੋ ਚੁੱਕਾ ਸੀ ਅਤੇ ਇਹ ਦੰਪਤੀ ਪੰਜਾਬ ਦੇ ਪ੍ਰਸਿੱਧ ਨਗਰ ਸੁਲਤਾਨਪੁਰ ਵਿਚ ਨਿਵਾਸ ਰੱਖਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਉਪਰ ਸ਼ਰਧਾ ਰੱਖਣ ਵਾਲਿਆਂ ਵਿਚੋਂ ਬੇਬੇ ਨਾਨਕੀ ਤੇ ਰਾਇ ਬੁਲਾਰ ਭੱਟੀ ਉਸ ਵਰਤਾਉ 'ਤੇ ਖ਼ੁਸ਼ ਨਹੀਂ ਸਨ ਜੋ ਕਿ ਮਹਿਤਾ ਕਲਿਆਣ ਚੰਦ ਜੀ ਆਪਣੇ ਪੁੱਤਰ ਨਾਨਕ ਜੀ ਨਾਲ ਕਰਿਆ ਕਰਦੇ ਸਨ। ਭਾਈ ਜੈਰਾਮ ਜੀ ਨੂੰ ਪਤਾ ਸੀ ਕਿ ਨਾਨਕ ਜੀ ਤਲਵੰਡੀ ਵਿਚ ਉਦਾਸ ਰਹਿੰਦੇ ਹਨ। ਉਹਨਾਂ ਨੇ ਗੁਰੂ ਜੀ ਨੂੰ ਸੁਲਤਾਨਪੁਰ ਆਉਣ ਲਈ ਪੱਤਰ ਲਿਖਿਆ।

ਪ੍ਰਾਚੀਨ ਜਨਮਸਾਖੀ ਅਨੁਸਾਰ, "ਘਰ ਦੇ ਆਦਮੀਆਂ ਨੇ ਕਹਿਆ—ਏਹਿ ਉਥੈ ਜਾਇ ਤਾਂ ਭਲਾ ਹੋਵੈ। ਮਤ ਉਥੈ ਇਸ ਦਾ ਮਨੁ ਉਦਾਸੀ ਤੋਂ ਫਿਰਦਾ ਹੋਵੈ।"

ਗੁਰੂ ਜੀ ਸੁਲਤਾਨਪੁਰ ਪੁੱਜੇ। ਉਹਨਾਂ ਦੇ ਭੈਣ-ਭਣਵੱਈਆ ਬਹੁਤ ਖ਼ੁਸ਼ ਹੋਏ। ਉਹਨਾਂ ਨੇ ਗੁਰੂ ਜੀ ਨੂੰ ਆਪਣੇ ਪਾਸ ਹੀ ਰੱਖ ਲਿਆ। ਗੁਰੂ ਜੀ ਨੇ ਤਲਵੰਡੀ ਤੋਂ ਭਾਈ ਮਰਦਾਨੇ ਰਬਾਬੀ ਨੂੰ ਭੀ ਸੱਦ ਲਿਆ। ਸਮਾਂ ਪਾ ਕੇ ਭਾਈ ਜੈਰਾਮ ਜੀ ਨੇ ਗੁਰੂ ਜੀ ਦੇ ਰੁਜ਼ਗਾਰ ਬਾਰੇ ਨਵਾਬ ਦੌਲਤ ਖ਼ਾਂ ਲੋਧੀ ਨਾਲ ਗੱਲ ਕੀਤੀ। ਨਵਾਬ ਗੁਰੂ ਜੀ ਨੂੰ ਵੇਖ ਕੇ ਬੜਾ ਪ੍ਰਸੰਨ ਹੋਇਆ ਤੇ ਕਹਿਣ ਲੱਗਾ—

''ਭਲਾ ਦਿਆਨਤੁਦਾਰ ਨਜ਼ਰੀਂ ਆਉਂਦਾ ਹੈ। ਮੇਰਾ ਕੰਮ ਇਸ ਦੈ ਹਵਾਲੇ ਕਰੋ।''

ਬਾਬਾ ਜੀ ਨੇ ਮੋਦੀ ਦਾ ਕੰਮ ਸ਼ੁਰੂ ਕਰ ਦਿੱਤਾ। ਸਮਾਂ ਪਾ ਕੇ ਪਰਿਵਾਰ ਨੂੰ ਭੀ ਤਲਵੰਡੀਉਂ ਬੁਲਾ ਲਿਆ। ਜਨਮਸਾਖੀ ਵਿਚ ਲਿਖਿਆ ਹੈ:

''ਏਹਾ ਕੰਮੁ ਕਰੈ ਜਿਸ ਵਿਚ ਸਭੁ ਕੋਈ ਖੁਸ਼ੀ ਹੋਵੈ॥ ਸਭੁ ਕਹੈ ਵਾਹੁ! ਵਾਹੁ!! ਏਹੁ ਕੋਈ ਭਲਾ ਲੋਕੁ ਹੈ॥ ਨਵਾਬ ਸੁਣੁ ਸੁਣੁ ਸੋਭਾ ਸ੍ਰੀ ਬਾਬੇ ਜੀ ਕੀ ਬਹੁਤੁ ਖੁਸ਼ੀ ਹੋਵੈ॥ ਅਰ ਜੋ ਕਿਛੁ ਅਲੂਫ਼ਾ (ਤਨਖ਼ਾਹ ਤੋਂ ਵੱਖਰੀ ਰਸਦ) ਸ੍ਰੀ ਬਾਬੇ ਜੀ ਨੋ ਮਿਲੈ ਸੋ ਸ੍ਰੀ ਪਰਮੇਸਰੁ ਜੀ ਕੈ ਅਰਥੁ ਵੰਡ ਦੇਵੈ॥ ਅਤੇ ਰਾਤ ਨੋ ਤਿਣੁ ਪਹਰ ਕੀਰਤਨੁ ਹੋਵੈ॥''

'ਪੰਥ ਪ੍ਰਕਾਸ਼' ਵਿਚ ਲਿਖਿਆ ਹੈ:

ਸਾਧੂ ਮੁਸਾਫ਼ਰ ਰੰਕ ਜੁ ਆਵੈ।
ਤੈਸੀ ਤਿਸ ਕੇ ਪਲੇ ਪਾਵੈ।
ਜੋਖਤ ਰਸਦ ਜਰਾ ਨਹਿ ਡਰੈਂ।
ਤੇਰਾਂ ਤੇਰਾਂ ਤੇਰਾਂ ਰਰੈਂ।
ਗਿਣਤੀ ਔਰ ਨ ਕਰ ਹੈਂ ਕਾਈ।
ਸਦਾ ਬਰਤ ਬਡ ਰਾਖਿਓ ਲਾਈ।
ਭੀੜ ਗਰੀਬ ਫਕੀਰਨ ਕੇਰੀ।
ਮੋਦੀ ਖਾਨੇ ਰਹੇ ਬਧੇਰੀ।

ਸਤਿਗੁਰੂ ਜੀ ਦਾ ਪਹਿਰ ਰਾਤ ਰਹਿੰਦਿਆਂ ਸੁਲਤਾਨਪੁਰ ਦੇ ਨਾਲ ਵਗਦੀ ਵੇਈਂ ਨਦੀ ਉੱਤੇ ਇਕੱਲਿਆਂ ਜਾ ਕੇ ਇਸ਼ਨਾਨ ਕਰਨ ਦਾ ਨੇਮ ਸੀ। ਇਕ ਦਿਨ ਆਪ ਇਕ ਟਹਿਲੀਏ ਨੂੰ ਨਾਲ ਲੈ ਗਏ। ਕੱਪੜੇ ਉਸ ਨੂੰ ਫੜਾ ਕੇ ਅਜਿਹੀ ਚੁੱਭੀ ਮਾਰੀ ਕਿ ਮੁੜ ਨਿਕਲੇ ਹੀ ਨਾ। ਟਹਿਲੀਆ ਉਡੀਕ-ਉਡੀਕ ਕੇ ਮੁੜ ਆਇਆ। ਦੀਵਾਨ ਜੈਰਾਮ ਜੀ ਤੇ ਬੇਬੇ ਨਾਨਕੀ ਜੀ ਨੂੰ ਖ਼ਬਰ ਹੋਈ। ਜੋ-ਜੋ ਸੁਣੇ, ਉਦਾਸ ਹੋ ਜਾਏ ਕਿ ਨਾਨਕ ਜੀ ਨਦੀ ਵਿਚ ਰੁੜ੍ਹ ਗਏ ਹਨ। ਬੇਬੇ ਨਾਨਕੀ ਜੀ ਤੋਂ ਬਿਨਾਂ ਸਭ ਦੇ ਸਿਦਕ ਡੋਲ ਗਏ। ਨਵਾਬ ਦੌਲਤ ਖ਼ਾਂ ਨੇ ਬਥੇਰੇ ਜਾਲ ਪੁਆਏ, ਭਾਲ ਕੀਤੀ, ਪਰ ਕੋਈ ਥਹੁ-ਪਤਾ ਨਾ ਲੱਗਾ। ਓੜਕ ਨਿਰਾਸ ਵਾਪਸ ਮੁੜੇ। ਨਵਾਬ ਕਹਿੰਦਾ ਹੈ:

''ਨਾਨਕ ਭਲਾ ਵਜੀਰੁ ਥਾ। ਮੇਰੀ ਕੰਬਖਤੀ ਥੀ, ਏਹਾ ਜੇਹਾ ਵਜੀਰ ਮੇਰਿਉਂ ਹਥੋਂ ਨਿਕਲਿ ਗਇਆ।''

ਓਧਰ ਸ੍ਰੀ ਗੁਰੂ ਨਾਨਕ ਜੀ ਜਾ ਨਿਰੰਕਾਰ ਦੇ ਦਰਬਾਰ ਵਿਚ ਹਾਜ਼ਰ ਹੋਏ। ਨਿਰੰਕਾਰ ਜੀ ਨੇ ਦਇਆਲ ਹੋ ਕੇ ਨਾਮ ਅੰਮ੍ਰਿਤ ਦਾ ਪਿਆਲਾ ਗੁਰੂ ਜੀ ਨੂੰ ਬਖ਼ਸ਼ਿਆ ਤੇ ਫ਼ੁਰਮਾਇਆ:

"ਨਾਨਕ ਜੀ ਜਿਥੈ ਕਿਥੈ ਮੈਂ ਤੇਰੈ ਨਾਲਿ ਹਾਂ। ਮੈਂ ਤੇਰੇ ਤਾਈਂ ਨਿਹਾਲ ਕੀਤਾ ਹੈ। ਜੋ ਤੇਰਾ ਨਾਮੁ ਲਹਿਗੇ ਸੋ ਭੀ ਨਿਹਾਲੁ ਹੋਵੈਗੇ। ਤੂੰ ਮੇਰਾ ਜਾਇ ਕੇ ਨਾਮੁ ਜਪੁ ਅਰੁ ਲੋਕਾਂ ਤੇ ਭੀ ਜਪਾਇਆ ਕਰੁ। ਪਰ ਸੰਸਾਰੁ ਤੇ ਨਿਰਲੇਪੁ ਰਹਣਾ। ਨਾਮੁ ਦਾਨੁ ਇਸ਼ਨਾਨੁ ਸੇਵਾ ਸਿਮਰਣੁ ਭਾਉ ਭਗਤੁ ਪਰਉਪਕਾਰ ਵਿਚਿ ਰਹਣਾ। ਤੈਨਉ ਮੈ ਆਪੁਣਾ ਨਾਮੁ ਦਿੱਤਾ ਹੈ, ਤੂੰ ਇਹੋ ਕਿਰਤੁ ਕਰੁ।" (ਪ੍ਰਾਚੀਨ ਜਨਮਸਾਖੀ)

ਤੀਜੇ ਦਿਨ ਸਤਿਗੁਰੂ ਜੀ ਵੇਈਂ ਵਿਚੋਂ ਨਿਕਲ ਕੇ ਕਬਰਿਸਤਾਨ ਵਿਚ ਜਾ ਬੈਠੇ। ਕੁਝ ਫ਼ਕੀਰ ਉਹਨਾਂ ਨੂੰ ਆ ਮਿਲੇ। ਗੁਰੂ ਜੀ ਦਾ ਨਾਅਰਾ ਸੀ, "ਨਾ ਕੋਈ ਹਿੰਦੂ ਨਾ ਮੁਸਲਮਾਨ।" ਸਭ ਲੋਕ ਹੈਰਾਨ ਹੋਏ। ਵੇਈਂ ਨਦੀ ਵਿਚੋਂ ਨਿਕਲਣ ਤੋਂ ਪਿੱਛੋਂ ਗੁਰੂ ਜੀ ਵਿਚ ਆਈ ਤਬਦੀਲੀ ਦੀ ਚਰਚਾ ਚਾਰ-ਚੁਫੇਰੇ ਫੈਲ ਗਈ। ਸਾਧ-ਸੰਗਤ, ਫ਼ਕੀਰ, ਜਗਿਆਸੂ, ਅਧਿਆਤਮੀ, ਵਿਚਾਰਵਾਨ ਤੇ ਅੱਡ-ਅੱਡ ਧਰਮਾਂ ਦੇ ਆਗੂ ਆਣ ਕੇ ਇਕੱਠੇ ਹੋਏ। ਵਿਚਾਰ ਤੇ ਬਹਿਸ ਹੁੰਦੀ ਰਹੀ। ਗੁਰੂ ਜੀ ਮੁੜ-ਮੁੜ 'ਨਾ ਕੋਈ ਹਿੰਦੂ ਨਾ ਮੁਸਲਮਾਨ' ਦਾ ਰਹੱਸ ਭਰਪੂਰ ਨਾਅਰਾ ਲਾਈ ਜਾਣ। ਸ਼ਹਿਰ ਦਾ ਕਾਜ਼ੀ ਭੀ ਆਇਆ। ਉਹ ਇਹ ਅਜੀਬ ਨਾਅਰਾ ਸੁਣ ਕੇ ਤਿਲਮਿਲਾਇਆ। ਨਵਾਬ ਪਾਸ ਜਾ ਸ਼ਿਕਾਇਤ ਕੀਤੀ ਕਿ ਗੁਰੂ ਜੀ ਸਾਰੇ ਇਸਲਾਮ ਨੂੰ ਵੰਗਾਰਦੇ ਹਨ। ਨਵਾਬ ਤੇ ਕਾਜ਼ੀ ਗੁਰੂ ਜੀ ਪਾਸ ਪੁੱਜੇ ਤੇ ਇਸ ਨਵੇਂ ਨਾਅਰੇ ਦੀ ਵਿਆਖਿਆ ਕਰਨ ਵਾਸਤੇ ਕਿਹਾ। ਗੁਰੂ ਜੀ ਦੇ ਸਰਬ-ਸਾਂਝੇ ਖ਼ਿਆਲਾਂ ਅਤੇ ਰੱਬ ਦੀ ਅਦ੍ਵੈਤ ਹਸਤੀ ਸੰਬੰਧੀ ਵਿਚਾਰਾਂ ਨੂੰ ਸੁਣ ਕੇ ਦੋਵੇਂ ਸੱਜਣ ਪ੍ਰਭਾਵਿਤ ਹੋਏ ਤੇ ਗੁਰੂ ਜੀ ਨੂੰ ਮੁਸਲਮਾਨੀ ਮਤ ਧਾਰਨ ਕਰਨ ਦੀ ਪ੍ਰੇਰਨਾ ਕੀਤੀ, ਪਰ ਗੁਰੂ ਜੀ ਨੇ ਫ਼ੁਰਮਾਇਆ :

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥ (ਪੰਨਾ ੧੪੧)

ਮੁਸਲਮਾਨੀ ਧਰਮ ਦੀ ਅਜਿਹੀ ਰਹੱਸਵਾਦੀ ਤੇ ਸੱਚੀ ਵਿਆਖਿਆ ਸੁਣ ਕੇ ਕਾਜ਼ੀ ਹੈਰਾਨ ਹੋਇਆ। ਸਭ ਦੀ ਤਸੱਲੀ ਹੋਈ। ਏਨੇ ਚਿਰ ਨੂੰ ਪੇਸ਼ੀ ਦੀ ਨਮਾਜ਼ ਦਾ ਸਮਾਂ ਹੋ ਗਿਆ। ਨਵਾਬ ਦੌਲਤ ਖ਼ਾਂ ਤੇ ਕਾਜ਼ੀ ਵੀ ਮਸੀਤ ਵੱਲ ਨਮਾਜ਼ ਪੜ੍ਹਨ ਤੁਰ ਪਏ। ਗੁਰੂ ਜੀ ਵੀ ਉਹਨਾਂ ਦੇ ਨਾਲ ਹੋ ਤੁਰੇ। ਮਸੀਤੇ ਅੱਪੜ ਕੇ ਕਾਜ਼ੀ ਨੇ ਸਭ ਤੋਂ ਅੱਗੇ ਖੜੋ ਕੇ ਨਮਾਜ਼ ਪੜ੍ਹਨੀ ਸ਼ੁਰੂ ਕੀਤੀ। ਗੁਰੂ ਜੀ ਉਸ ਵੱਲ ਵੇਖ ਕੇ ਹੱਸ ਪਏ। ਨਮਾਜ਼ ਮੁੱਕਣ ਤੋਂ ਪਿੱਛੋਂ ਕਾਜ਼ੀ ਨੇ ਨਵਾਬ ਪਾਸ ਗੁਰੂ ਜੀ ਦੀ ਸ਼ਿਕਾਇਤ ਕੀਤੀ। ਜਦ ਨਵਾਬ ਨੇ ਗੁਰੂ ਜੀ ਪਾਸੋਂ ਨਮਾਜ਼ ਸਮੇਂ ਹੱਸਣ ਦਾ ਕਾਰਨ ਪੁੱਛਿਆ ਤਾਂ ਗੁਰੂ ਜੀ ਦਾ ਉੱਤਰ ਇਹ ਸੀ :

"ਖਾਨ ਜੀ ! ਮੈਂ ਕਾਜ਼ੀ ਦੀ ਕਿਆ ਪਰਵਾਹੁ ਪਈ ਹੈ ਪਰ ਕਾਜ਼ੀ ਕੀ ਨਿਵਾਜ਼ ਕਬੂਲੁ ਨਾਹੀਂ ਪਈ। ਮੈਂ ਇਸ ਵਾਸਤੇ ਹੱਸਿਆ ਹਾਂ। ਤਾਂ ਕਾਜ਼ੀ ਕਿਹਾ : ਜੇ ਏਨਾ ਕਿਛੁ ਪਾਇਆ ਹੈ ਤਾਂ ਮੇਰੀ ਤਕਸੀਰੁ ਜ਼ਾਹਰ ਕਰੋ ਜੀ। ਤਾਂ ਸ੍ਰੀ ਬਾਬੇ ਨਾਨਕ ਜੀ ਕਹਿਆ ; ਖਾਨੁ ਜੀ ! ਜਾਂ ਕਾਜ਼ੀ ਨਿਵਾਜ ਪੁਰ ਖੜਾ ਥਾ ਤਾ ਇਸੁ ਕਾ ਈਮਾਨੁ ਟਿਕਾਣੈ ਨਾ ਥਾ। ਇਸ ਦੀ ਘੋੜੀ

ਸੂਈ ਥੀ। ਵਛੇਰੀ ਜੰਮੀ ਥੀ। ਏਹੁ ਵਛੇਰੀ ਛਡਿ ਕਰੁ ਇਥੇ ਆਇਆ ਥਾ। ਅਰੁ ਇਸ ਦੇ ਘਰ ਵਿਚਿ ਖੂਹੀ ਥੀ ਤਾ ਇਸ ਨੇ ਮਨ ਵਿਚਿ ਕਹਿਆ, ਮਤੁ ਵਛੇਰੀ ਖੂਹੁ ਵਿਚਿ ਪਉਦੀ ਹੋਵੈ। ਇਸੁ ਕਾ ਈਮਾਨੁ ਊਹਾਂ ਗਇਆ ਥਾ ਜੀ।

ਜਾਂ ਏਹੁ ਗਲੁ ਕਾਜ਼ੀ ਨੇ ਸੁਣੀ ਤਾਂ ਕਾਜੀ ਬਹੁਤ ਭੈਮਾਨ ਹੋਇਆ। ਤਾਂ ਆਇ ਕਾਜ਼ੀ ਨੇ ਸ੍ਰੀ ਬਾਬੇ ਜੀ ਦੇ ਪੈਰ ਚੁੰਮੇ। ਕਹੈ: ਵਾਹੁ ਨਾਨਕ! ਵਾਹੁ ਨਾਨਕ! ਵਾਹੁ ਨਾਨਕ ਕਹੈ: ਇਸ ਕਉ ਬੜੀ ਖੁਦਾਇ ਦੀ ਨਿਵਾਜਸੁ ਹੋਈ ਹੈ। ਤਾਂ ਕਾਜ਼ੀ ਦੀ ਨਿਸਾ ਹੋਈ, ਕਾਜੀ ਪਤੀਣਾ। ਤਾਂ ਕਾਜ਼ੀ ਕਹਿਆ: ਇਸ ਕਾ ਅੰਤੁ ਨਾਹੀਂ ਪਾਇਆ ਜਾਂਦਾ। (ਪ੍ਰਾਚੀਨ ਜਨਮਸਾਖੀ)

ਕਾਜ਼ੀ ਨੇ ਅਗਲੇ ਦਿਨੀਂ ਵੀ ਗੁਰੂ ਜੀ ਨਾਲ ਫਿਰ ਆਪਣੀ ਵਿਚਾਰ ਜਾਰੀ ਰੱਖੀ। ਗੁਰੂ ਜੀ ਇਸ ਸੰਸਾਰ ਦੇ ਧਰਮਾਂ, ਕਰਮਾਂ, ਕੰਮਾਂ ਤੇ ਦਿਖਾਵੇ ਦੀ ਭਗਤੀ ਤੋਂ ਬਹੁਤ ਉਚੇਰੇ ਜਾ ਚੁੱਕੇ ਸਨ। ਸ਼ਰ੍ਹਈ ਕਾਜ਼ੀਆਂ ਜਾਂ ਕਰਮ-ਕਾਂਡੀ ਲੋਕਾਂ ਦੇ ਵਿਚਾਰਾਂ ਨੂੰ ਉਹ ਬੜੀ ਨਿਰਭੈਤਾ ਨਾਲ ਰੱਦਦੇ ਸਨ।

ਮੈਕਾਲਿਫ਼ ਲਿਖਦਾ ਹੈ ਕਿ "ਸੁਲਤਾਨਪੁਰ ਦੇ ਮੁਸਲਮਾਨਾਂ ਦੀ ਸਾਰੀ ਢਾਣੀ, ਸੱਯਦ, ਸ਼ੇਖ਼ਜ਼ਾਦੇ, ਕਾਜ਼ੀ, ਮੁਫ਼ਤੀ ਸਣੇ ਨਵਾਬ ਦੇ ਸਭ ਹੈਰਾਨ ਹੋ ਗਏ।... ਮੁਸਲਮਾਨ ਹਾਕਮ ਦੌਲਤ ਖ਼ਾਂ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ ਅਤੇ ਆਖਣ ਲੱਗ ਪਿਆ, 'ਏਹ ਰਾਜ ਮਾਲ, ਹੁਕਮ ਹਾਸਲ, ਸਭ ਤੁਹਾਡਾ ਹੀ ਹੈ।'...ਫ਼ਕੀਰਾਂ ਨੇ ਗੁਰੂ ਜੀ ਦੇ ਪੈਰ ਚੁੰਮੇ।

ਜਦ ਨਵਾਬ ਨਾਲ ਮੋਦੀਖ਼ਾਨੇ ਦਾ ਹਿਸਾਬ ਨਿਬੇੜਿਆ ਤਾਂ ਗੁਰੂ ਜੀ ਦੀ ਜੋ ਰਕਮ ਜਾਂ ਜਿਨਸ ਨਵਾਬ ਪਾਸੋਂ ਲੈਣੀ ਬਣਦੀ ਸੀ, ਉਹ ਲੈ ਕੇ ਲੋੜਵੰਦਾਂ ਤੇ ਗ਼ਰੀਬਾਂ ਵਿਚ ਵੰਡ ਦਿੱਤੀ। ਕੁਝ ਸਮਾਂ ਪਿੱਛੋਂ ਗੁਰੂ ਜੀ ਮਰਦਾਨੇ ਨੂੰ ਨਾਲ ਲੈ ਕੇ ਸੰਸਾਰ ਦੇ ਉਧਾਰ ਖ਼ਾਤਰ, ਉਹਨਾਂ ਵੱਡੇ ਚਾਰ ਸਫ਼ਰਾਂ ਲਈ ਤੁਰ ਪਏ ਜਿਨ੍ਹਾਂ ਨੂੰ ਸਿੱਖ ਇਤਿਹਾਸ ਵਿਚ 'ਉਦਾਸੀਆਂ' ਦਾ ਨਾਂ ਦਿੱਤਾ ਜਾਂਦਾ ਹੈ। ਅਸਲ ਵਿਚ ਗੁਰੂ ਜੀ ਦਾ ਵੇਈਂ ਵਿਚ ਪ੍ਰਵੇਸ਼ ਕਰਨਾ ਉਸ ਤਿਆਰੀ ਦਾ ਸੂਚਕ ਸੀ ਜੋ ਸਤਿਗੁਰੂ ਜੀ ਸੰਸਾਰ ਵਿਚੋਂ ਝੂਠ, ਪਾਪ, ਪਖੰਡ, ਅਧਰਮ, ਭ੍ਰਿਸ਼ਟਾਚਾਰ ਤੇ ਜ਼ੁਲਮ ਨੂੰ ਦੂਰ ਕਰਨ ਲਈ ਕਰ ਰਹੇ ਸਨ। ਜਾਤ-ਅਭਿਮਾਨੀ ਬ੍ਰਾਹਮਣ, ਜਾਬਰ ਹਾਕਮ, ਸਿੱਧ, ਨਾਥ, ਜੋਗੀ, ਮੀਰ-ਫ਼ਕੀਰ ਤੇ ਕਈ ਵੇਸਾਂ ਵਿਚ ਫਿਰ ਰਹੇ ਪਖੰਡੀਆਂ ਪਾਸੋਂ ਬੇਸਮਝ ਤੇ ਗ਼ਰੀਬ ਜਨਤਾ ਨੂੰ ਬਚਾਉਣ ਦਾ ਤਹੱਈਆ ਗੁਰੂ ਸਾਹਿਬ ਕਰ ਚੁੱਕੇ ਸਨ, ਜਿਸ ਦਾ ਮੁੱਢ ਆਪ ਨੇ ਪਹਿਲੀ ਪੂਰਬ ਦੀ ਉਦਾਸੀ ਸਮੇਂ ਸੁਲਤਾਨਪੁਰੋਂ ਬੰਨ੍ਹਿਆ। ਬਾਈ-ਤੇਈ ਸਾਲ ਕਠਿਨ ਘਾਲਣਾ ਘਾਲ ਕੇ, ਜੰਗਲ ਕੱਛ ਕੇ, ਪਹਾੜ ਉਲੰਘ ਕੇ ਤੇ ਸਮੁੰਦਰ ਪਾਰ ਕਰ ਕੇ ਜਾਂਗਲੀਆਂ, ਮਾਨਸ-ਖਾਣਿਆਂ, ਠੱਗਾਂ, ਰਾਖਸ਼ਾਂ ਤੇ ਜਾਦੂਗਰਾਂ ਦੇ ਪੰਜੇ ਵਿਚ ਫਸ ਕੇ ਭੁੱਲੀ-ਭਟਕੀ ਤੇ ਦੁਖੀ ਲੋਕਾਈ ਦਾ ਦੁੱਖ ਦੂਰ ਕੀਤਾ।

ਜਗਤ-ਉਧਾਰ ਦੇ ਇਸ ਕਾਰਜ-ਕਰਮ ਨੂੰ ਉਲੀਕਣ ਦਾ ਮਾਣ ਉਸ ਸੁਲਤਾਨਪੁਰ ਨਗਰ ਨੂੰ ਪ੍ਰਾਪਤ ਹੈ, ਜਿਸ ਨੂੰ ਮਹਿਮੂਦ ਗ਼ਜ਼ਨਵੀ ਦੇ ਫ਼ੌਜਦਾਰ ਸੁਲਤਾਨ ਖ਼ਾਂ ਲੋਧੀ ਨੇ ਕਪੂਰਥਲੇ ਤੋਂ 16 ਮੀਲ ਦੀ ਵਿੱਥ 'ਤੇ ਗਿਆਰ੍ਹਵੀਂ ਸਦੀ ਵਿਚ ਵਸਾਇਆ ਸੀ। ਇਥੇ ਗੁਰੂ ਜੀ ਦੀ ਯਾਦ ਵਿਚ ਹੇਠ ਲਿਖੇ ਗੁਰਦੁਆਰੇ ਵਿਦਮਾਨ ਹਨ:

1. ਗੁਰੂ ਕਾ ਬਾਗ਼—ਗੁਰੂ ਜੀ ਦਾ ਰਿਹਾਇਸ਼ੀ ਮਕਾਨ, ਜਿਥੇ ਬਾਬਾ ਸ੍ਰੀ ਚੰਦ ਤੇ ਲਖਮੀ

ਦਾਸ ਜੀ ਜਨਮੇ ਸਨ। ਬੇਬੇ ਨਾਨਕੀ ਜੀ ਦਾ ਨਿਵਾਸ ਭੀ ਇਸੇ ਟਿਕਾਣੇ ਸੀ।

2. **ਬੇਰ ਸਾਹਿਬ**—ਵੇਈਂ ਦੇ ਕੰਢੇ, ਗੁਰੂ ਜੀ ਇਥੇ ਰੋਜ਼ ਇਸ਼ਨਾਨ ਕਰਨ ਜਾਇਆ ਕਰਦੇ ਸਨ। ਉਸ ਸਮੇਂ ਦੀ ਬੇਰੀ ਇਥੇ ਮੌਜੂਦ ਹੈ।
3. **ਸੰਤ ਘਾਟ**—ਵੇਈਂ ਨਦੀ ਦਾ ਉਹ ਘਾਟ ਜਿਥੇ ਗੁਰੂ ਜੀ ਨਦੀ ਵਿਚ ਚੁੱਭੀ ਲਾ ਕੇ ਅਲੋਪ ਹੋ ਗਏ ਸਨ।
4. **ਹੱਟ ਸਾਹਿਬ**—ਇਥੇ ਬੈਠ ਕੇ ਗੁਰੂ ਜੀ ਮੋਦੀਖ਼ਾਨੇ ਦਾ ਕੰਮ ਕਰਦੇ ਤੇ ਜਿਨਸਾਂ ਤੋਲਿਆ ਕਰਦੇ ਸਨ।
5. **ਕੋਠੜੀ ਸਾਹਿਬ**—ਇਥੇ ਨਵਾਬ ਦੇ ਮੁਨਸ਼ੀਆਂ ਨੇ ਗੁਰੂ ਜੀ ਪਾਸੋਂ ਲੇਖਾ ਲਿਆ ਸੀ।

ਸੋਹਣਿਆਂ ਦੇ ਸੁਲਤਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਪਵਿੱਤਰ ਯਾਦਾਂ ਨੂੰ ਸੰਭਾਲੀ ਬੈਠੇ ਇਸ ਨਗਰ ਸੁਲਤਾਨਪੁਰ ਦੀ ਮਹਿਮਾ ਅਪਰ-ਅਪਾਰ ਹੈ ਅਤੇ ਅਜ-ਕੱਲ੍ਹ ਇਹ ਨਗਰ ਸਿੱਖੀ ਪ੍ਰਚਾਰ ਦਾ ਕੇਂਦਰ ਬਣਦਾ ਜਾ ਰਿਹਾ ਹੈ।

(11/1971)

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ-ਉਦੇਸ਼

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਅਤੇ ਉਹਨਾਂ ਦਾ ਜੀਵਨ-ਉਦੇਸ਼ ਸੰਸਾਰ ਦੀ ਇਕ ਮਹੱਤਵਪੂਰਨ ਘਟਨਾ ਹੈ। ਨਿਰਾਕਾਰ ਨਿਰੰਕਾਰ ਦੀ ਜੋਤ, ਗੁਰੂ ਨਾਨਕ ਦੇ ਜਾਮੇ ਵਿਚ ਤਲਵੰਡੀ ਦੀ ਜੂਹ ਵਿਚ 1469 ਈ. ਨੂੰ ਪ੍ਰਗਟ ਹੋਈ। ਸਾਂਦਲ ਬਾਰ ਦਾ ਇਹ ਜੰਗਲ ਸਦੀਆਂ ਤੋਂ ਹੀ ਭਾਰਤ-ਭਰ ਦੇ ਰਿਸ਼ੀਆਂ-ਮੁਨੀਆਂ ਤੇ ਤਪੀਸ਼ਵਰਾਂ ਦਾ ਤਪ-ਅਸਥਾਨ ਰਿਹਾ ਹੈ। ਆਪ 'ਗੁਰੂ' ਦੇ ਤੌਰ 'ਤੇ ਹੀ ਪ੍ਰਗਟ ਹੋਏ। ਬਚਪਨ ਤੋਂ ਜਵਾਨੀ ਤਕ ਦੀਆਂ ਵਿਸ਼ੇਸ਼ ਘਟਨਾਵਾਂ ਵੱਲ ਜੇ ਪੰਛੀ-ਝਾਤ ਮਾਰੀ ਜਾਏ ਤਾਂ ਹਰ ਘਟਨਾ ਦੇ ਸਮੇਂ ਉਹਨਾਂ ਦਾ ਵਚਿੱਤਰ ਉਪਦੇਸ਼ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਸੰਸਾਰ-ਮੰਚ 'ਤੇ ਉਹ ਇਕ ਵਿਸ਼ੇਸ਼ ਕਾਰਜ ਨੂੰ ਨੇਪਰੇ ਚੜ੍ਹਾਉਣ ਲਈ ਪ੍ਰਗਟ ਹੋਏ ਸਨ।

ਪੰਦਰੁਵੀਂ ਸਦੀ ਦੇ ਸਮਾਜਕ ਢਾਂਚੇ ਨੂੰ ਵਹਿਮਾਂ-ਭਰਮਾਂ, ਪਖੰਡਾਂ ਤੇ ਧਰਮ ਦੇ ਨਾਂ 'ਤੇ ਕੀਤੇ ਜਾਂਦੇ ਕਰਮ-ਕਾਂਡਾਂ ਨੇ ਜਰਜਰਾ ਕਰ ਕੇ ਰੱਖ ਦਿੱਤਾ ਹੋਇਆ ਸੀ ਅਤੇ ਸਮੁੱਚੀ ਲੋਕਾਈ ਅਗਿਆਨਤਾ ਦੇ ਹਨ੍ਹੇਰੇ ਵਿਚ ਠੋਕਰਾਂ ਖਾਂਦੀ ਹੋਈ ਦਰ-ਦਰ ਭਟਕ ਰਹੀ ਸੀ। ਪਰੰਤੂ ਉਹਨਾਂ ਨੂੰ ਕੋਈ ਸਿੱਧਾ-ਪੱਧਰਾ ਰਾਹ ਨਹੀਂ ਸੀ ਸੁੱਝ ਰਿਹਾ ਤੇ ਚਾਨਣ ਦੀ ਕੋਈ ਲੀਕ ਉਹਨਾਂ ਨੂੰ ਕਿਤੋਂ ਵੀ ਵਿਖਾਈ ਨਹੀਂ ਸੀ ਦੇ ਰਹੀ। ਲੋਕ ਅਨਪੜ੍ਹ ਤੇ ਗਿਆਨ-ਵਿਹੂਣੇ ਸਨ ਜੋ ਧਰਮ ਦੇ ਠੇਕੇਦਾਰ ਬਣੇ ਬੈਠੇ ਬ੍ਰਾਹਮਣਾਂ ਤੇ ਮੁੱਲਾਂ-ਮੁਲਾਣਿਆਂ ਦੇ ਹੱਥਾਂ ਵਿਚ ਖੇਡ ਰਹੇ ਸਨ। ਧਾਰਮਿਕ ਰਸਮਾਂ ਤੇ ਕਰਮ-ਕਾਂਡਾਂ ਦੀ ਭਰਮਾਰ ਸੀ ਤੇ ਲੋਕਾਈ ਨੂੰ ਆਪਣੇ ਹਰ ਕਾਰਜ ਵੇਲੇ ਉਹਨਾਂ ਦੀ ਸ਼ਰਨ ਲੈਣੀ ਪੈਂਦੀ ਸੀ। ਅਗਿਆਨਤਾ ਦੇ ਇਸ ਅੰਧੇ ਯੁੱਗ ਵਿਚ ਧਰਮ ਦਾ ਠੇਕੇਦਾਰ ਬਣਿਆ ਹੋਇਆ ਤਬਕਾ ਜਨਤਾ ਨੂੰ ਦੋਹੀਂ ਹੱਥੀਂ ਲੁੱਟ ਰਿਹਾ ਸੀ ਯਾਨੀ ਸਾਰਾ ਸਮਾਜ ਹੀ 'ਮਨੂੰ' ਦੇ ਵਰਣ-ਆਸ਼ਰਮਾਂ ਅਧੀਨ ਲੀਰੋ-ਲੀਰ ਹੋਇਆ ਪਿਆ ਸੀ। ਦੇਸ਼ ਦੇ ਦੋ ਵੱਡੇ ਧਰਮਾਂ ਅਰਥਾਤ ਹਿੰਦੂਆਂ, ਮੁਸਲਮਾਨਾਂ ਵਿਚ ਪਾਟੋਧਾੜ, ਨਫ਼ਰਤ ਤੇ ਤੁਅੱਸਬ ਦਿਨ-ਬ-ਦਿਨ ਵਾਧੇ 'ਤੇ ਸੀ। ਸਮਾਂ ਇਬਰਾਹੀਮ ਲੋਧੀ ਦੇ ਰਾਜ-ਕਾਲ ਦਾ ਸੀ ਜੋ ਖ਼ੁਦ ਵੀ ਨਾਂ ਦਾ ਹੀ ਮੁਸਲਮਾਨ ਹਾਕਮ ਸੀ। ਉਹ ਅਤੇ ਰਾਜ ਦੇ ਬਾਕੀ ਦੇ ਅਧਿਕਾਰੀ ਤੇ ਛੋਟੇ-ਵੱਡੇ ਹਾਕਮ ਹਰ ਉਸ ਕੁਕਰਮ ਵਿਚ ਲਬਾ-ਲਬ ਗ੍ਰਸੇ ਪਏ ਸਨ, ਜਿਸ ਨੂੰ ਆਚਰਨਹੀਣਤਾ ਦਾ ਨਾਂ ਦਿੱਤਾ ਜਾਂਦਾ ਹੈ। ਪਰੰਤੂ ਉਹਨਾਂ ਨੂੰ ਹੋੜਨ ਵਾਲਾ ਕੋਈ ਨਹੀਂ ਸੀ। 'ਸਿਰ 'ਤੇ ਨਹੀਂ ਕੁੰਡਾ, ਹਾਥੀ ਫਿਰੇ ਲੁੰਡਾ' ਵਾਲੀ ਗੱਲ ਬਣੀ ਹੋਈ ਸੀ। ਮੁੱਲਾਂ, ਮੁਲਾਣੇ ਤੇ ਕਾਜ਼ੀ ਜੋ ਆਪਣੇ ਆਪ ਨੂੰ ਇਸਲਾਮ ਧਰਮ ਦੇ ਥੰਮ੍ਹ ਤੇ ਇਨਸਾਫ਼ ਦੇ ਮੁਦੱਈ ਗਰਦਾਨਦੇ ਸਨ, ਪਰ ਉਹ ਵੀ ਵੱਢੀਆਂ ਲੈ ਕੇ ਹੱਕ ਗਵਾਉਣ ਵਾਲੇ ਹੀ ਸਿੱਧ ਹੋ ਰਹੇ ਸਨ ਤੇ ਬਾਦਸ਼ਾਹ ਦੇ ਚਾਪਲੂਸ ਬਣ ਕੇ ਰਹਿ ਗਏ ਸਨ।

ਐਸੇ ਵਿਸ਼ੈਲੇ ਵਾਤਾਵਰਨ ਵਿਚ ਕੋਈ ਵੀ ਧਾਰਮਿਕ ਜਾਂ ਸਮਾਜਕ ਰਹਿਬਰ ਉੱਭਰ ਕੇ ਸਾਹਮਣੇ ਨਹੀਂ ਸੀ ਆ ਰਿਹਾ। ਜੋਗੀ, ਜਤੀ, ਸੰਨਿਆਸੀ ਆਦਿ ਜੋ ਕਿ ਹਿੰਦੂ ਸਮਾਜ ਦਾ ਅੰਗ ਮੰਨੇ ਜਾਂਦੇ ਸਨ, ਪਹਾੜੀਆਂ ਤੇ ਕੁੰਦਰਾਂ ਵਿਚ ਜਾ ਛੁਪੇ ਸਨ। ਆਪਣੀ ਆਤਮਾ ਦਾ ਕਲਿਆਣ ਹੀ ਉਹਨਾਂ ਨੇ ਆਪਣੇ ਜੀਵਨ ਦਾ ਉਦੇਸ਼ ਮਿਥ ਰੱਖਿਆ ਸੀ। ਲੋਕਾਈ ਮਰੇ ਭਾਵੇਂ ਜੀਵੇ, ਇਸ ਨਾਲ ਉਹਨਾਂ ਨੂੰ ਕੋਈ ਸਰੋਕਾਰ ਨਹੀਂ ਸੀ। ਉਹ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਅੱਖੋਂ ਓਹਲੇ ਕਰ ਚੁੱਕੇ ਸਨ, ਪਰ ਹੈਸਨ ਉਹ ਵੀ ਹਉਮੈ ਵਿਚ ਲਬਾ-ਲਬ ਖੁਭੇ ਹੋਏ। ਅਜਿਹੇ ਭਿਆਨਕ ਕਾਲ ਵਿਚ ਲੋਕਾਈ ਨੂੰ ਕੌਣ ਰਾਹੇ ਪਾਉਂਦਾ? ਕੌਣ ਅਗਵਾਈ ਕਰਦਾ? ਉਧਰੋਂ ਦੇਸ਼ ਦੇ ਹਾਕਮ ਖ਼ੁਦ ਅੱਯਾਸ਼ੀ ਭਰਿਆ ਜੀਵਨ ਬਤੀਤ ਕਰ ਰਹੇ ਸਨ, ਪਰ ਤ੍ਰਾਹ-ਤ੍ਰਾਹ ਕਰਦੀ ਰਿਆਇਆ ਪ੍ਰਤੀ ਉਹ ਆਪਣੇ ਫ਼ਰਜ਼ਾਂ ਤੋਂ ਕੁਤਾਹੀ ਕਰੀ ਜਾ ਰਹੇ ਸਨ। ਦੇਸ਼ ਦੇ ਹਾਕਮ ਦਾ ਇਹ ਫ਼ਰਜ਼ ਹੁੰਦਾ ਹੈ ਕਿ ਉਹ ਆਪਣੀ ਪਰਜਾ ਦੀ ਰੱਖਿਆ ਕਰੇ। ਪਰ ਜਦੋਂ ਬਾਬਰ ਜਮ ਦਾ ਰੂਪ ਧਾਰ ਕੇ ਹਿੰਦੁਸਤਾਨ 'ਤੇ ਹਮਲਾਵਰ ਹੋਇਆ ਤਾਂ ਹਿੰਦੁਸਤਾਨ ਦਾ ਲੋਧੀ ਹਾਕਮ ਲੜਖੜਾ ਗਿਆ। ਪੰਜਾਬ ਦੇ ਹਾਕਮ, ਜੋ ਲੋਧੀ ਰਾਜ ਦੇ ਅਧੀਨ ਸਨ, ਉਸ ਦੇ ਹਮਲੇ ਅੱਗੇ ਕੱਖਾਂ-ਕਾਨਿਆਂ ਵਾਂਗ ਰੁੜ੍ਹ ਗਏ ਤੇ ਫ਼ਲਸਰੂਪ ਹਾਕਮਾਂ ਦੀ ਅੱਯਾਸ਼ੀ ਤੇ ਅਣਗਹਿਲੀ ਦੀ ਸਜ਼ਾ ਪੰਜਾਬ ਦੇ ਮਜ਼ਲੂਮ ਤੇ ਬੇਦੋਸ਼ਿਆਂ ਨੂੰ ਸਹਿਣੀ ਪਈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਆਪਣੀ ਅੱਖੀਂ ਇਹ ਸਭ ਕੁਝ ਤੱਕਿਆ। ਹਿੰਦੂਆਂ, ਮੁਸਲਮਾਨਾਂ, ਔਰਤਾਂ ਤੇ ਬੱਚਿਆਂ ਦੀ ਦੁਰਦਸ਼ਾ ਦਾ ਬਿਆਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਵਿਸਥਾਰ ਨਾਲ ਅੰਕਿਤ ਹੈ। ਇਸ ਤਬਾਹੀ ਤੇ ਬਰਬਾਦੀ ਨੂੰ ਤੱਕ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਰਮ ਦਿਲ ਕੁਰਲਾ ਉੱਠਿਆ। ਉਹਨਾਂ ਆਪਣੇ ਸੱਚੇ ਸਾਹਿਬ ਅੱਗੇ ਵੀ ਗਿਲੇ ਦੇ ਤੌਰ 'ਤੇ ਆਖਿਆ:

ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ॥ *(ਪੰਨਾ ੩੬੦)*

ਐ ਨਿਰੰਕਾਰ, ਤੈਨੂੰ ਵੀ ਤਰਸ ਨਹੀਂ ਆਇਆ, ਇਹਨਾਂ ਬੇਦੋਸ਼ਿਆਂ ਦੇ ਮਰਨ ਉੱਤੇ, ਇਹਨਾਂ ਦੀ ਤਬਾਹੀ ਤੇ ਬਰਬਾਦੀ ਉੱਤੇ? ਉਹਨਾਂ ਸ਼ਹਿਜ਼ਾਦੀਆਂ ਵਰਗੀਆਂ ਔਰਤਾਂ ਉੱਤੇ ਜਿਹੜੀਆਂ ਕਦੇ ਬੇ-ਪਰਦਾ ਨਹੀਂ ਸਨ ਹੋਈਆਂ, ਪਰ ਬਾਬਰ ਦੀਆਂ ਫ਼ੌਜਾਂ ਨੇ ਉਹਨਾਂ ਦੀ ਵੀ ਪੱਤ ਲੁੱਟੀ। ਉਹਨਾਂ ਨੂੰ ਵੀ ਗਲੀਆਂ-ਬਾਜ਼ਾਰਾਂ ਵਿਚ ਰੋਲਿਆ, ਘਸੀਟਿਆ। ਆਖ਼ਰ ਐਸਾ ਕਿਉਂ? ਗੁਰੂ ਨਾਨਕ ਦੇਵ ਜੀ ਦੇ ਦਿਲ ਵਿਚ ਇਹਨਾਂ ਮਜ਼ਲੂਮਾਂ ਪ੍ਰਤੀ ਹਮਦਰਦੀ ਦੀ ਭਾਵਨਾ ਪੈਦਾ ਹੋਈ ਅਤੇ ਇਸੇ ਰੋਸ ਵਜੋਂ ਉਹ ਆਪ ਵੀ ਮਰਦਾਨੇ ਸਹਿਤ ਬਾਬਰ ਦੇ ਬੰਦੀ ਬਣ ਗਏ। ਅਨੇਕਾਂ ਹੋਰ ਲੋਕਾਂ ਵਾਂਗੂੰ, ਜਿਨ੍ਹਾਂ ਦੇ ਵਗਦੇ ਅੱਥਰੂ ਉਹ ਵੇਖ ਨਹੀਂ ਸਨ ਸਕਦੇ। ਉਹਨਾਂ ਦੇ ਅੱਲ੍ਹੇ ਜ਼ਖ਼ਮਾਂ 'ਤੇ ਮਰਹਮ ਰੱਖਣ ਲਈ, ਉਹਨਾਂ ਦੇ ਚੀਨਾ-ਚੀਨਾ ਹੋਏ ਦਿਲਾਂ ਨੂੰ ਧਰਵਾਸ ਦੇਣ ਲਈ ਤੇ ਨਿਰੰਕਾਰ ਦੇ ਲੜ ਲਾਉਣ ਲਈ ਉਹ ਐਸੇ ਜ਼ਾਲਮ, ਨਸ਼ੱਈ ਤੇ ਹਕੂਮਤ ਦੇ ਲਾਲਚ ਵਿਚ ਅੰਨ੍ਹੇ ਹੋਏ ਬਾਬਰ ਦੇ ਬੰਦੀ ਬਣ ਗਏ, ਜੋ ਜਿੱਤ ਦੇ ਨਸ਼ੇ ਵਿਚ ਮਖ਼ਮੂਰ ਹੋ ਕੇ ਸ਼ਰਾਬ ਦੇ ਪਿਆਲੇ 'ਤੇ ਪਿਆਲਾ ਚੜ੍ਹਾਈ ਜਾ ਰਿਹਾ ਸੀ ਤੇ ਕਹਿ ਰਿਹਾ ਸੀ:

ਬਾਬਰ ਬੈ ਐਸ਼ ਕੋਸ਼, ਆਲਮ ਦੋ ਬਾਰਾ ਨੇਸਤ।

ਉਸ ਨੇ ਸਭ ਨੂੰ ਬਿਨਾਂ ਤਮੀਜ਼ ਦੇ ਇਕੋ ਜਿਹਾ ਮਾਰਿਆ, ਕੁੱਟਿਆ, ਤਬਾਹ-ਬਰਬਾਦ ਕੀਤਾ, ਕਿਉਂਕਿ ਉਹ ਹਿੰਦੁਸਤਾਨੀ ਸਨ। ਉਹਨਾਂ ਦੇ ਸਾਂਝੇ ਡੁੱਲ੍ਹੇ ਖ਼ੂਨ ਨਾਲ ਉਸ ਨੇ ਅਤੇ

ਉਸ ਦੀਆਂ ਜੇਤੂ ਫ਼ੌਜਾਂ ਨੇ ਵੁਜੂ ਕੀਤਾ। ਗੁਰੂ ਨਾਨਕ ਦੇਵ ਜੀ ਲੋਕ-ਪਿਆਰ ਦੀ ਭਾਵਨਾ ਦਾ ਪ੍ਰਗਟਾਵਾ ਕਰਦੇ ਫ਼ੁਰਮਾਉਂਦੇ ਹਨ:

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥ (ਪੰਨਾ ੩੬੦)

ਆਪ ਜੀ ਦਾ ਫ਼ੁਰਮਾਨ ਪ੍ਰਗਟ ਕਰਦਾ ਹੈ ਕਿ ਵੱਖ-ਵੱਖ ਜਾਤੀਆਂ ਦੇ ਲੋਕ ਜੋ ਹਿੰਦੁਸਤਾਨ ਦੀ ਧਰਤੀ ਦੇ ਜੰਮਪਲ ਤੇ ਵਸਨੀਕ ਹਨ, ਉਹਨਾਂ ਨੂੰ ਰਲ-ਮਿਲ ਕੇ ਆਪਣੇ ਦੇਸ਼ ਤੇ ਆਪਣੀ ਸਭਿਅਤਾ ਦੀ ਰੱਖਿਆ ਕਰਨੀ ਚਾਹੀਦੀ ਹੈ ਕਿਉਂਕ ਬਾਬਰ ਦੀਆਂ ਫ਼ੌਜਾਂ ਨੇ ਮੁਸਲਮਾਨਾਂ ਨਾਲ ਵੀ (ਜੋ ਕਿ ਹਿੰਦੁਸਤਾਨੀ ਸਨ) ਉਹੋ ਜਿਹਾ ਘਿਰਣਤ ਸਲੂਕ ਹੀ ਕੀਤਾ ਸੀ, ਜਿਹੋ ਜਿਹਾ ਹਿੰਦੂਆਂ ਅਤੇ ਹੋਰ ਜਾਤੀਆਂ ਦੇ ਹਿੰਦ-ਵਾਸੀ ਲੋਕਾਂ ਨਾਲ ਕੀਤਾ ਸੀ।

ਗੁਰੂ ਨਾਨਕ ਦੇਵ ਜੀ ਦਾ ਜੀਵਨ-ਲਕਸ਼ ਸਮੂਹ ਧਰਮਾਂ ਤੇ ਜਾਤੀਆਂ ਦੇ ਲੋਕਾਂ ਨੂੰ ਏਕਤਾ ਤੇ ਪ੍ਰੇਮ ਦੇ ਧਾਗੇ ਵਿਚ ਪਰੋਣਾ ਸੀ ਜਿਸ ਲਈ ਉਹਨਾਂ ਨੂੰ ਇਸ ਕਠਿਨ ਕਾਰਜ ਨੂੰ ਨੇਪਰੇ ਚੜ੍ਹਾਉਣ ਲਈ ਦਸ ਜਾਮੇ ਧਾਰਨੇ ਪਏ। ਗੁਰੂ ਨਾਨਕ ਦੇਵ ਜੀ ਨੇ ਲੋਕਾਂ ਦੇ ਦਿਲ ਬਦਲੇ ਤੇ ਉਹਨਾਂ ਦੀਆਂ ਭਾਵਨਾਵਾਂ ਵਿਚ ਪਰਿਵਰਤਨ ਲਿਆਂਦਾ। ਇਹ ਇਕ ਨਿਹਾਇਤ ਹੀ ਜੋਖ਼ਮ ਭਰਿਆ ਕਾਰਜ ਸੀ, ਜੋ ਆਪ ਨੇ ਕੀਤਾ। ਗੁਰੂ ਨਾਨਕ ਦੇਵ ਜੀ ਆਪਣੇ ਸਮੇਂ ਦੇ ਸਮਾਜ ਨੂੰ ਦੋਸ਼-ਰਹਿਤ ਬਣਾਉਣਾ ਲੋਚਦੇ ਸਨ। ਉਹ ਲੋਕਾਂ ਦੇ ਆਚਰਨ 'ਤੇ ਬਲ ਦੇਂਦੇ ਸਨ। ਇਕ ਨਿਆਂ ਭਰਪੂਰ ਸਮਾਜ ਉਹਨਾਂ ਦਾ ਸੁਪਨਾ ਸੀ, ਜਿਥੇ ਵੱਢੀ ਦੇਣ ਤੇ ਲੈਣ ਦੀ ਕੋਈ ਵਿਵਸਥਾ ਨਾ ਹੋਵੇ ਤੇ ਹਰ ਇਕ ਨੂੰ ਬਿਨਾਂ ਪੱਖ-ਪਾਤ ਦੇ ਨਿਆਂ ਮਿਲੇ। ਇਸੇ ਕਾਰਜ ਨੂੰ ਹੱਥ ਵਿਚ ਲੈਣ ਤੋਂ ਪਹਿਲਾਂ ਉਹਨਾਂ ਵੇਈਂ ਨਦੀ ਵਿਚ ਇਸ਼ਨਾਨ ਦੇ ਬਹਾਨੇ ਪਾਰਬ੍ਰਹਮ ਪਾਸੋਂ ਅਸ਼ੀਰਵਾਦ ਪ੍ਰਾਪਤ ਕੀਤਾ ਅਤੇ ਵੇਈਂ ਨਦੀ 'ਚੋਂ ਬਾਹਰ ਨਿਕਲਦਿਆਂ ਹੀ ਜਿਥੇ ਉਹਨਾਂ '੧ੴ' ਨਾਅਰਾ ਬੁਲੰਦ ਕੀਤਾ, ਮੂਲ-ਮੰਤਰ ਦ੍ਰਿੜ੍ਹਾਇਆ, ਉਥੇ ਇਹ ਨਾਅਰਾ ਵੀ ਬੁਲੰਦ ਕੀਤਾ:

ਨਾ ਕੋਈ ਹਿੰਦੂ, ਨਾ ਮੁਸਲਮਾਨ।

ਇਸ ਨਾਅਰੇ ਨੂੰ ਸੁਲਤਾਨਪੁਰ ਲੋਧੀ ਦੇ ਬੱਚੇ-ਬੱਚੇ ਨੇ ਸੁਣਿਆ, ਮੁੱਲਾਂ-ਮੁਲਾਣਿਆਂ ਨੇ ਸੁਣਿਆ ਤੇ ਨਵਾਬ ਦੌਲਤ ਖ਼ਾਂ ਲੋਧੀ ਦੇ ਕੰਨਾਂ ਨੇ ਵੀ ਸੁਣਿਆ। ਤੰਗ-ਦਿਲ ਲੋਕਾਂ ਦੇ ਮੱਥੇ ਦੇ ਤੇਵਰ ਬਦਲ ਗਏ ਤੇ ਉਹਨਾਂ ਗੁਰੂ ਨਾਨਕ ਦੇਵ ਜੀ ਨੂੰ ਨਵਾਬ ਦੀ ਕਚਹਿਰੀ ਵਿਚ ਬੁਲਵਾ ਭੇਜਿਆ। ਪਰ ਨਿਰਭੈ ਗੁਰੂ ਨਾਨਕ ਦੇਵ ਜੀ ਨੇ ਇਥੇ ਵੀ ਇਹੋ ਨਾਅਰਾ ਬੁਲੰਦ ਕੀਤਾ। ਭਾਈ ਗੁਰਦਾਸ ਜੀ ਅਨੁਸਾਰ ਉਹਨਾਂ ਕੁਲ ਸ੍ਰਿਸ਼ਟੀ ਨੂੰ ਅਗਿਆਨਤਾ, ਹਉਮੈ, ਵਹਿਮਾਂ-ਭਰਮਾਂ, ਪਖੰਡਾਂ ਦੇ ਮੱਕੜ-ਜਾਲ ਵਿਚ ਸੜਦਾ ਹੋਇਆ ਡਿੱਠਾ। ਉਹਨਾਂ ਵੇਖਿਆ ਕਿ ਹਿੰਦੁਸਤਾਨ ਦੇ ਦੋਹਾਂ ਵੱਡੇ ਧਰਮਾਂ ਤੇ ਸਮੂਹ ਜਾਤੀਆਂ ਦੇ ਲੋਕ ਅਧਰਮੀ ਹੋ ਕੇ ਰਹਿ ਗਏ ਹਨ। ਸੱਚੇ ਅਰਥਾਂ ਵਿਚ ਨਾ ਕੋਈ ਹਿੰਦੂ ਰਿਹਾ ਸੀ ਤੇ ਨਾ ਕੋਈ ਮੁਸਲਮਾਨ। ਉਹਨਾਂ ਦੇ ਕਰਮ ਖੋਟੇ, ਵਿਚਾਰ ਮਾੜੇ ਤੇ ਇਕ ਦੂਜੇ ਧਰਮ ਪ੍ਰਤੀ ਉਹ ਨਫ਼ਰਤ ਤੇ ਤੁਅੱਸਬ ਨਾਲ ਭਰੇ ਹੋਏ ਹਨ। ਜਿਥੇ ਨਫ਼ਰਤ ਤੇ ਤੁਅੱਸਬ ਹੋਵੇ, ਉਥੇ ਪ੍ਰੇਮ ਦਾ ਕੋਈ ਟਿਕਾਣਾ ਨਹੀਂ ਹੁੰਦਾ ਤੇ ਜਿਥੇ ਪ੍ਰੇਮ ਨਾ ਹੋਵੇ, ਉਥੇ ਰੱਬ ਕਿਵੇਂ ਟਿਕ ਸਕਦਾ ਹੈ? ਗੁਰੂ ਨਾਨਕ ਦੇਵ ਜੀ ਨੇ ਕਿਸੇ ਨੂੰ ਇਹ ਨਹੀਂ ਆਖਿਆ ਕਿ ਉਹ ਉਹਨਾਂ ਦਾ ਸ਼ਿਸ਼ ਬਣੇ। ਉਹਨਾਂ ਹਿੰਦੂ ਨੂੰ ਕਿਹਾ ਕਿ ਜੇ ਉਹ ਹਿੰਦੂ ਹੈ ਤਾਂ ਸਹੀ

ਅਰਥਾਂ ਵਿਚ ਹਿੰਦੂ ਬਣ ਕੇ ਸੰਸਾਰ ਮੰਚ 'ਤੇ ਵਿਚਰੇ ਤੇ ਇੰਜ ਹੀ ਮੁਲਸਮਾਨ ਨੂੰ ਵੀ ਇਹੋ ਉਪਦੇਸ਼ ਦਿੱਤਾ ਕਿ ਉਹ ਇਕ ਸੱਚਾ ਮੋਮਨ ਬਣ ਕੇ ਦੁਨੀਆਂ ਵਿਚ ਮਹਿਕਾਂ ਖਿਲਾਰੇ। ਜੇ ਕਿਸੇ ਦੇ ਮਨ ਵਿਚ ਦਇਆ ਨਹੀਂ ਹੈ ਤਾਂ ਧਰਮ ਕਾਹਦਾ? ਦਇਆ, ਧਰਮ ਦਾ ਮੂਲ ਹੈ, ਇਸ ਸੱਚ ਨੂੰ ਪਛਾਣਨ ਲਈ ਉਹਨਾਂ ਸਮੁੱਚੀ ਲੋਕਾਈ ਨੂੰ ਵੰਗਾਰਿਆ। ਉਹਨਾਂ ਕੋਈ ਵਿਤਕਰੇ ਵਾਲੀ ਗੱਲ ਨਹੀਂ ਕੀਤੀ। ਮੱਕੇ ਵਿਚ ਜਦੋਂ ਆਪ 'ਤੇ ਇਹ ਸਵਾਲ ਕੀਤਾ ਗਿਆ ਕਿ ਦੋਹਾਂ ਧਰਮਾਂ ਦੇ ਲੋਕਾਂ ਵਿਚੋਂ ਵੱਡਾ ਕੌਣ ਹੈ, ਤਾਂ ਇਹ ਗੱਲ ਦੂਜੇ ਧਰਮ ਦੇ ਲੋਕ ਨੂੰ ਮੂੰਹ 'ਤੇ ਨਿਡਰ ਗੁਰੂ ਨਾਨਕ ਦੇਵ ਜੀ ਹੀ ਆਖ ਸਕਦੇ ਸਨ। ਭਾਈ ਗੁਰਦਾਸ ਜੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਕਾਜ਼ੀ ਰੁਕਨਦੀਨ ਦੇ ਸਵਾਲ ਦਾ ਇਹ ਉੱਤਰ ਦਿੱਤਾ:

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ?
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ। (ਵਾਰ ੧/੩੩)

ਸੋ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਮੂਲ ਤੱਤ ਇਹ ਵੀ ਸੀ ਕਿ ਲੋਕ ਬਾ-ਅਮਲ ਤੇ ਅਣਖ ਭਰਪੂਰ ਜੀਵਨ ਗੁਜ਼ਾਰਨ। ਦਰਗਾਹ ਵਿਚ ਨਾ ਕਿਸੇ ਦੀ ਜਾਤ ਵੇਖੀ-ਪਰਖੀ ਜਾਣੀ ਹੈ, ਨਾ ਉਸ ਦੀ ਸੰਸਾਰਕ ਅਮੀਰੀ ਨੇ ਹੀ ਕਿਸੇ ਕੰਮ ਆਉਣਾ ਹੈ ਅਤੇ ਨਾ ਹੀ ਕਿਸੇ ਦਾ ਬਾਹਰੀ ਧਰਮ ਅਰ ਬਾਹਰਲੀ ਦਿੱਖ ਹੀ ਪੜਚੋਲੀ ਜਾਣੀ ਹੈ। ਉਥੇ ਤਾਂ ਸੱਚੇ-ਸੁੱਚੇ ਕੰਮ ਜੋ ਇਨਸਾਨ ਇਸ ਸੰਸਾਰ 'ਤੇ ਕਰਦਾ ਹੈ, ਆਧਾਰ ਬਣਾ ਕੇ ਇਕ ਆਤਮਾ ਬਾਰੇ ਫ਼ੈਸਲਾ ਹੋਣਾ ਹੈ। ਇਹ ਹੈ ਸਾਫ਼ਗੋਈ ਦੀ ਗੱਲ, ਜੋ ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਲੋਕਾਈ ਨੂੰ ਦ੍ਰਿੜ੍ਹ ਕਰਵਾਈ। ਇਸ ਲਈ ਦੋਹਾਂ ਧਰਮਾਂ ਦੇ ਲੋਕਾਂ ਨੇ ਗੁਰੂ ਨਾਨਕ ਦੇਵ ਜੀ ਨਾਲ ਆਪਣੀ ਅਥਾਹ ਮੁਹੱਬਤ ਦਾ ਪ੍ਰਗਟਾਵਾ ਕਰਦਿਆਂ, ਉਹਨਾਂ ਨੂੰ ਆਪਣਾ ਸਾਂਝਾ ਰਹਿਬਰ, ਗੁਰੂ-ਪੀਰ ਪਰਵਾਨ ਕੀਤਾ ਹੈ। ਲੋਕਾਂ ਵਿਚ ਇਹ ਗੱਲ ਆਮ ਪ੍ਰਚੱਲਤ ਸੀ:

ਬਾਬਾ ਨਾਨਕ ਸ਼ਾਹ ਫ਼ਕੀਰ। ਹਿੰਦੂ ਕਾ ਗੁਰੂ, ਮੁਸਲਮਾਨ ਕਾ ਪੀਰ।

ਦਰਅਸਲ ਪਿਆਰ ਹੀ ਰੱਬ ਹੈ। ਜਿਸ ਇਨਸਾਨ ਦੇ ਦਿਲ ਵਿਚ ਪਿਆਰ ਦੇ ਨਿਰਛਲ ਜਜ਼ਬੇ ਨਹੀਂ ਉਪਜਦੇ, ਕਿਸੇ ਗ਼ਰੀਬ, ਦੁਖੀ, ਲੋੜਵੰਦ ਤੇ ਮਜ਼ਲੂਮ ਦਾ ਪੱਖ ਪੂਰਨ ਦੀ ਤਾਂਘ ਨਹੀਂ ਪੈਦਾ ਹੁੰਦੀ, ਐਸੇ ਇਨਸਾਨ ਦੇ ਹਿਰਦੇ ਵਿਚ ਰੱਬ ਦਾ ਵਸੇਬਾ ਕਦਾਚਿਤ ਨਹੀਂ ਹੋ ਸਕਦਾ। ਗੁਰੂ ਨਾਨਕ ਦੇਵ ਜੀ ਖ਼ੁਦ ਇਕ ਪਿਆਰ ਦੇ ਮੁਜੱਸਮੇ ਸਨ। ਇਸੇ ਪਿਆਰ ਨੂੰ ਸਰਬ ਲੋਕਾਈ ਵਿਚ ਵੰਡਣ ਲਈ ਤੇ ਦੁਖੀ ਲੋਕਾਂ ਦੇ ਹੰਝੂ ਪੂੰਝਣ ਲਈ ਉਹ ਦੇਸਾਂ-ਪ੍ਰਦੇਸਾਂ ਨੂੰ ਟੁਰ ਪਏ। ਆਪਣੀ ਸੁਪਤਨੀ (ਸੁਲੱਖਣੀ ਜੀ), ਆਪਣੇ ਸਪੁੱਤਰਾਂ, ਆਪਣੀ ਪਿਆਰੀ ਭੈਣ ਤੇ ਆਪਣੇ ਬਜ਼ੁਰਗ ਮਾਂ-ਬਾਪ ਨਾਲੋਂ ਪਰਿਵਾਰਕ ਮੋਹ ਦੀਆਂ ਤੰਦਾਂ ਤੋੜ ਕੇ ਸੰਸਾਰ ਦੇ ਬੇ-ਸਹਾਰੇ, ਔਝੜ ਪਏ ਵਿਲ੍ਹਕਦੇ ਤੇ ਤੜਫਦੇ ਬੰਦਿਆਂ ਨੂੰ ਧੀਰਜ ਦੇਣ ਲਈ ਉਹ ਸੁਲਤਾਨਪੁਰ ਲੋਧੀਉਂ ਤੁਰ ਪਏ, ਸਾਧੂਆਂ ਦਾ ਭੇਖ ਧਾਰ ਕੇ। ਆਪਣੇ ਬੁੱਢੇ ਮਾਂ-ਬਾਪ ਦੀ ਡੰਗੋਰੀ ਬਣਨ ਦੀ ਥਾਂ ਉਹ ਬੇ-ਯਾਰੋ ਮਦਦਗਾਰ ਲੋਕਾਂ ਦੀ ਡੰਗੋਰੀ ਜਾ ਬਣੇ। ਨਰਮ ਦਿਲ ਦੇ ਮਾਲਕ ਹੋਣ ਦੇ ਬਾਵਜੂਦ ਜੋ ਦ੍ਰਿੜ੍ਹਤਾ ਇਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਵਿਖਾਈ, ਉਹ ਲਾਜਵਾਬ ਹੈ। ਸੰਸਾਰ ਦੇ ਇਤਿਹਾਸ ਵਿਚ ਐਸੀ ਕੋਈ ਘਟਨਾ ਹੋਰ ਨਹੀਂ ਹੈ।

ਸਿੱਖ ਇਤਿਹਾਸ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਯਾਤਰਾਵਾਂ ਨੂੰ, ਜੋ ਉਹਨਾਂ 'ਧਰਤ

ਲੋਕਾਈ' ਨੂੰ ਸੋਧਣ ਲਈ ਕੀਤੀਆਂ ਸਨ, ਨੂੰ ਉਦਾਸੀਆਂ ਕਿਹਾ ਗਿਆ ਹੈ। ਉਹਨਾਂ ਪਖੰਡ, ਘੁਮੰਡ ਤੇ ਮੋਹ-ਮਾਇਆ ਦੇ ਚਿੱਕੜ ਵਿਚ ਕੁਰਾਹੇ ਪਏ ਲੋਕਾਂ ਦੇ ਕੋਲ ਜਾ-ਜਾ ਕੇ, ਆਪਣੇ ਮਿੱਠੇ-ਮਿੱਠੇ ਬੋਲਾਂ, ਆਪਣੀ ਇਲਾਹੀ ਬਾਣੀ ਤੇ ਆਪਣੇ ਨਾਟਕੀ ਅੰਦਾਜ਼ ਰਾਹੀਂ ਪਰਮ ਸੱਚ ਦਾ ਮਾਰਗ ਦੱਸਿਆ ਤੇ ਉਹਨਾਂ ਦੇ ਹਨੇਰੇ ਵਿਚ ਭਟਕਦੇ ਹੋਏ ਜੀਵਨ ਨੂੰ ਰੁਸ਼ਨਾਇਆ। ਗੁਰੂ ਨਾਨਕ ਦੇਵ ਜੀ ਨੂੰ ਇਸੇ ਲਈ 'ਸੱਚ ਦਾ ਸੂਰਜ' ਵੀ ਆਖ ਕੇ ਸਤਿਕਾਰਿਆ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਆਪ ਦੇ ਪ੍ਰਕਾਸ਼ ਸੰਬੰਧੀ ਇਹ ਲਿਖ ਕੇ ਕੁੱਜੇ ਵਿਚ ਸਮੁੰਦਰ ਬੰਦ ਕਰਨ ਦਾ ਯਤਨ ਕੀਤਾ ਹੈ:

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।
ਸਿੰਘੁ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ।
ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ।... ...
ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਵੀ ਸਚਾ ਢੋਆ।
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ॥ *(ਵਾਰ ੧/੨੭)*

ਫਿਰ ਪ੍ਰਭੂ ਤੋਂ ਵਿੱਛੜ ਕੇ ਮੋਹ-ਮਾਇਆ ਦੇ ਚਿੱਕੜ ਵਿਚ ਫਸੀ ਤੇ ਪੰਜਾਂ ਹੀ ਦੂਤਾਂ ਨਾਲ ਦੂਸ਼ਿਤ ਹੋਈ ਲੋਕਾਈ ਨੂੰ ਇਕ ਪਰਮੇਸ਼ਰ ਦੇ ਲੜ ਲਾਉਣ ਲਈ ਗੁਰੂ ਨਾਨਕ ਦੇਵ ਜੀ ਕਿਥੇ-ਕਿਥੇ ਨਹੀਂ ਗਏ? ਇਕ ਪਾਸੇ ਆਪ ਤਿੱਬਤ, ਚੀਨ ਤਕ ਗਏ, ਦੂਜੇ ਬੰਨੇ ਆਪ ਅਰਬ ਦੇਸ਼ਾਂ ਮੱਕੇ, ਮਦੀਨੇ, ਬਗ਼ਦਾਦ ਵਰਗੇ ਕੱਟੜ ਮੁਸਲਿਮ ਦੇਸ਼ਾਂ ਵਿਚ ਵੀ ਗਏ। ਦੇਸ਼ ਦਿਆਂ ਪਹਾੜਾਂ ਵਿਚ ਆਪਣੇ ਸਰੀਰ ਤੇ ਆਤਮਾ ਨੂੰ ਠੰਢਾ ਸੀਤ ਕਰ ਰਹੇ ਜੋਗੀਆਂ, ਜਤੀਆਂ, ਤਪੀਸ਼ਵਰਾਂ ਦੀ ਘੂਕ ਸੁੱਤੀ ਹੋਈ ਆਤਮਾ ਨੂੰ ਜਗਾਉਣ ਲਈ ਉਹ ਅਨੇਕਾਂ ਮੁਸੀਬਤਾਂ ਖਿੜੇ-ਮੱਥੇ ਝਾਗ ਕੇ ਕਿਥੇ-ਕਿਥੇ ਨਹੀਂ ਗਏ? ਕੌਡੇ ਵਰਗੇ ਰਾਖਸ਼ਾਂ, ਮਨੁੱਖੀ ਜਾਮੇ ਵਿਚ ਵਿਚਰਦੇ ਚੋਰਾਂ, ਡਾਕੂਆਂ, ਠੱਗਾਂ ਤੇ ਜੰਗਲਾਂ-ਬੇਲਿਆਂ ਵਿਚ ਖੂੰ-ਖ਼ਾਰ ਜਾਨਵਰਾਂ ਦੀ ਪ੍ਰਵਾਹ ਕੀਤੇ ਬਗ਼ੈਰ ਉਹ ਪਰਮੇਸ਼ਰ ਦਾ ਪੈਗ਼ਾਮ ਪਹੁੰਚਾਉਣ ਲਈ ਆਪਣੇ ਅਜ਼ੀਜ਼ ਸਾਥੀ ਭਾਈ ਮਰਦਾਨੇ ਸੰਗ ਵਰ੍ਹਿਆਂ-ਵਰ੍ਹਿਆਂ ਤੀਕਰ ਪੈਦਲ ਕਿਥੇ-ਕਿਥੇ ਨਹੀਂ ਘੁੰਮੇ-ਫਿਰੇ? ਉਹ ਕਿਹੜੀ ਧਰਤੀ ਹੈ ਜੋ ਗੁਰੂ-ਪਰਮੇਸ਼ਰ ਗੁਰੂ ਨਾਨਕ ਦੇਵ ਜੀ ਦੇ ਮੁਬਾਰਕ ਕਦਮਾਂ ਦੀ ਛੁਹ ਪ੍ਰਾਪਤ ਕਰ ਕੇ ਧੰਨ ਨਹੀਂ ਹੋਈ? ਇਸ ਦਾ ਵਰਣਨ ਨਾ-ਮੁਮਕਿਨ ਹੈ। ਆਪ ਵਰ੍ਹਿਆਂ ਤੀਕਰ ਜੰਗਲਾਂ, ਬੇਲਿਆਂ, ਬੀਆਬਾਨਾਂ, ਨਦੀਆਂ, ਨਾਲਿਆਂ, ਦਰਿਆਵਾਂ ਦੇ ਕੰਢਿਆਂ ਅਤੇ ਪਹਾੜਾਂ ਦੀਆਂ ਚੜ੍ਹਾਈਆਂ ਤੇ ਵਾਦੀਆਂ ਵਿਚ ਜਿਥੇ ਮਨੁੱਖ-ਮਾਤਰ ਦਾ ਪਰਛਾਵਾਂ ਵੀ ਨਹੀਂ ਸੀ ਦਿਖਾਈ ਦਿੰਦਾ, ਕੁਦਰਤ ਦੇ ਨਜ਼ਾਰੇ ਤੱਕ-ਤੱਕ ਕੇ ਸਰਸ਼ਾਰ ਹੁੰਦੇ ਰਹੇ ਤੇ ਇਲਾਹੀ ਬਾਣੀ ਰਬਾਬ ਦੀ ਤਾਨ 'ਤੇ ਗਾ-ਗਾ ਕੇ ਪਰਮੇਸ਼ਰ ਦੇ ਗੁਣ ਗਾਇਨ ਕਰਦੇ ਅਤੇ ਕੁਦਰਤ ਤੋਂ ਬਲਿਹਾਰ-ਬਲਿਹਾਰ ਹੁੰਦੇ ਰਹੇ। ਉਹਨਾਂ ਦੀ ਰਸੀਲੀ ਤੇ ਸ਼ਹਿਦ ਘੋਲਦੀ ਮਿੱਠੀ ਰਸਨਾ ਤੋਂ ਗਾਇਨ ਕੀਤੀ ਬਾਣੀ ਸ੍ਰਵਣ ਕਰ ਕੇ ਪੰਛੀ-ਜਨੌਰ ਤੇ ਜੀਵ-ਜੰਤੂ ਧੰਨ-ਧੰਨ ਹੋ ਗਏ। ਗੁਰੂ-ਪਰਮੇਸ਼ਰ ਦੇ ਸਾਖ਼ਸ਼ਾਤ ਦੀਦਾਰ ਕਰ ਕੇ ਜੀਵਨ ਸਫ਼ਲਾ ਕਰ ਗਏ। ਮੌਸਮਾਂ ਦੇ ਲਿਹਾਜ਼ ਨਾਲ ਵੀ ਗਰਮੀ-ਸਰਦੀ, ਮੀਂਹ-ਝੱਖੜ, ਹਨੇਰੀ-ਤੂਫ਼ਾਨ, ਭੁੱਖੇ-ਪਿਆਸੇ ਇਹਨਾਂ ਸਮੂਹ ਔਖਿਆਈਆਂ ਨੂੰ ਖਿੜੇ-ਮੱਥੇ ਝੱਲਦੇ ਹੋਏ ਨਾ ਗੁਰੂ ਨਾਨਕ ਦੇਵ ਜੀ ਆਪ ਕਦੇ ਖਿੜਕੇ

ਅਤੇ ਨਾ ਹੀ ਉਹਨਾਂ ਆਪਣੇ ਸਾਥੀ ਭਾਈ ਮਰਦਾਨੇ ਨੂੰ ਥਿੜਕਣ ਜਾਂ ਬੇ-ਹੌਸਲਾ ਹੋਣ ਦਿੱਤਾ। ਇਸ ਸੰਦਰਭ ਵਿਚ ਦੇਖਿਆਂ ਗੁਰੂ ਨਾਨਕ ਦੇਵ ਜੀ ਤਾਂ ਧੰਨ ਹਨ ਹੀ, ਆਪ ਜੀ ਦੇ ਪਿਆਰੇ ਮਿੱਤਰ ਭਾਈ ਮਰਦਾਨਾ ਜੀ ਵੀ ਧੰਨ ਹਨ ਜਿਨ੍ਹਾਂ ਨੇ ਬਾਬਾ ਨਾਨਕ ਜੀ ਦਾ ਸਾਥ ਆਪਣੇ ਆਖ਼ਰੀ ਸੁਆਸਾਂ ਤੀਕ ਨਿਭਾਇਆ।

ਉਸ ਸਮੇਂ ਦਾ ਧਿਆਨ ਧਰੀਏ ਤਾਂ ਮਨ ਨੂੰ ਹੈਰਾਨੀ ਹੁੰਦੀ ਹੈ ਕਿ ਜਦੋਂ ਯਾਤਰਾ ਲਈ ਕੋਈ ਸਹੂਲਤਾਂ ਨਹੀਂ ਸਨ, ਫਿਰ ਵੀ ਦ੍ਰਿੜ੍ਹ ਇਰਾਦੇ ਦੇ ਸੁਆਮੀ ਨਿਰਭੈ ਹੋ ਕੇ, ਆਪਣੇ ਸੁਖ-ਆਰਾਮ ਤੋਂ ਬੇਨਿਆਜ਼ ਹੋ ਕੇ, ਅਮੀਰਾਂ ਦੀ ਪਾਪ ਦੀ ਕਮਾਈ ਨਾਲ ਤਿਆਰ ਕੀਤੇ ਪਕਵਾਨਾਂ ਨੂੰ ਠੁਕਰਾ ਕੇ ਤੇ ਹੱਕ ਦੀ ਕਿਰਤ-ਕਮਾਈ ਕਰਨ ਵਾਲੇ ਲਾਲੋ ਵਰਗਿਆਂ ਦੀਆਂ ਕੋਧਰੇ ਦੀਆਂ ਰੋਟੀਆਂ ਖਾ ਕੇ ਨਿਰੰਤਰ ਆਪਣੀ ਮੰਜ਼ਿਲ ਵੱਲ ਵਧੀ ਚਲੇ ਗਏ। ਸੰਸਾਰ ਦੇ ਇਤਿਹਾਸ 'ਤੇ ਨਿਗਾਹ ਮਾਰਿਆਂ ਗੁਰੂ ਨਾਨਕ ਦੇਵ ਜੀ ਵਰਗਾ ਕੋਈ ਵੀ ਕਿਸੇ ਧਰਮ ਦਾ ਰਹਿਬਰ ਸਾਨੂੰ ਨਜ਼ਰ ਨਹੀਂ ਪੈਂਦਾ, ਜਿਸ ਨੇ ਹਜ਼ਾਰਾਂ ਮੀਲ ਦੇ ਸਫ਼ਰ ਨੂੰ ਆਪਣੇ ਕਦਮਾਂ ਨਾਲ ਲਿਤਾੜਿਆ ਹੋਵੇ, ਜੋ ਆਪਣੇ ਨਿੱਜੀ ਲਾਭ ਖ਼ਾਤਰ ਨਹੀਂ ਬਲਕਿ ਸਮੁੱਚੀ ਲੋਕਾਈ ਦੇ ਭਲੇ ਤੇ ਕਲਿਆਣ ਲਈ ਥਾਂ-ਕੁ-ਥਾਂ ਘੁੰਮਿਆ ਹੋਵੇ ਤੇ ਉਥੋਂ ਦੇ ਲੋਕਾਂ ਨਾਲ, ਉਹਨਾਂ ਦੀ ਬੋਲੀ ਵਿਚ ਹੀ ਸੰਬੋਧਿਤ ਹੋਇਆ ਹੋਵੇ, ਜਿਸ ਨੇ ਹਮੇਸ਼ਾ ਸੱਚ 'ਤੇ ਹੀ ਪਹਿਰਾ ਦਿੱਤਾ ਹੋਵੇ ਤੇ ਸਦਾ ਸੱਚ ਦੀ ਆਵਾਜ਼ ਹੀ ਬੁਲੰਦ ਕੀਤੀ ਹੋਵੇ, ਜੋ ਹਿੰਦੂ ਘਰ ਵਿਚ ਜਨਮ ਲੈ ਕੇ ਵੀ ਮੱਕੇ-ਸ਼ਰੀਫ਼ ਗਿਆ ਹੋਵੇ ਤੇ ਫਿਰ ਹਾਜੀਆਂ ਨੂੰ ਇਹ ਆਖੇ ਕਿ ਰੱਬ ਕੇਵਲ ਮੱਕੇ ਵਿਚ ਹੀ ਨਹੀਂ ਬਲਕਿ ਉਹ ਹਰ ਥਾਂ, ਹਰ ਨੇਕ-ਦਿਲ ਇਨਸਾਨ ਤੇ ਕੁਦਰਤ ਵਿਚ ਵੱਸਦਾ ਹੈ, 'ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤੁ ਨ ਜਾਈ ਲਖਿਆ' ਤੋਂ ਗੁਮਰਾਹ ਆਵਾਮ ਨੂੰ ਜਾਣੂ ਕਰਵਾਏ, ਜੋ ਬਗ਼ਦਾਦ ਸ਼ਹਿਰ ਤੋਂ ਬਾਹਰ ਪੀਰਾਂ ਦੇ ਕਬਰਿਸਤਾਨ ਵਿਚ ਜਾ ਕੇ ਰੱਬੀ ਬਾਣੀ ਅਲਾਪੇ, ਜਿਥੇ ਕਿ ਰਾਗ ਗਾਉਣ ਦੀ ਮਨਾਹੀ ਹੋਵੇ, ਜੋ ਆਪਣੀ ਅਨੋਖੀ ਬਾਂਗ ਰਾਹੀਂ ਬਗ਼ਦਾਦ ਵਾਸੀਆਂ ਨੂੰ ਚਕ੍ਰਿਤ ਕਰ ਦੇਵੇ ਤੇ ਸੰਗਸਾਰ ਲਈ ਆਏ ਹੋਏ ਹਜੂਮ ਦੇ ਹੱਥਾਂ ਵਿਚ ਪੱਥਰ ਰੋੜੇ ਫੜੇ ਦੇ ਫੜੇ ਹੀ ਰਹਿ ਗਏ ਹੋਣ। ਇਹੋ ਗੁਰੂ ਨਾਨਕ ਦੇਵ ਜੀ ਦੀ ਅਜ਼ਮਤ ਹੈ, ਜੋ ਮੱਕੇ ਅਤੇ ਬਗ਼ਦਾਦ ਵਿਚ ਆਵਾਮ ਨੇ ਡਿੱਠੀ। ਇਹ ਗੁਰੂ ਨਾਨਕ ਦੇਵ ਜੀ ਹੀ ਹਨ, ਜਿਨ੍ਹਾਂ ਨੇ ਕੱਟੜ ਕਿਸਮ ਦੇ ਮੁਸਲਿਮ ਆਵਾਮ ਅਤੇ ਉਹਨਾਂ ਦੇ ਪੀਰ ਦਸਤਗੀਰ ਨਾਲ ਸ਼ਬਦ ਰਚਾ ਕੇ ਉਹਨਾਂ ਨੂੰ ਝੰਜੋੜ ਕੇ ਰੱਖ ਦਿੱਤਾ।

'ਰਾਗ' ਦੇ ਨਾਂ ਤੋਂ ਹੀ ਤ੍ਰਹਿਣ ਵਾਲੇ ਲੋਕਾਂ ਨੂੰ ਰਾਗ ਦੀ ਮਹੱਤਤਾ ਬਾਰੇ ਜਾਣੂ ਕਰਾਇਆ ਅਤੇ ਇਲਾਹੀ ਬਾਣੀ ਦੇ ਕੀਰਤਨ ਨੂੰ ਉੱਚਤਾ ਬਖ਼ਸ਼ੀ। ਇਹ ਗੁਰੂ ਨਾਨਕ ਦੇਵ ਜੀ ਹੀ ਹਨ, ਜਿਨ੍ਹਾਂ ਨੇ ਸੰਸਾਰ-ਵਾਸੀਆਂ ਨੂੰ ਵਾਹਿਗੁਰੂ ਦੀ ਸ੍ਰਿਸ਼ਟੀ ਦੀ ਬੇਅੰਤਤਾ ਬਾਰੇ ਦੱਸਿਆ ਅਤੇ ਗੱਜ-ਵੱਜ ਕੇ ਆਖਿਆ, "ਐ ਭੁੱਲੜ ਇਨਸਾਨੋ, ਤੁਸੀਂ ਆਪਣੀ ਤੁੱਛ ਬੁੱਧੀ ਅਨੁਸਾਰ ਵਾਹਿਗੁਰੂ ਦੇ ਪਸਾਰੇ ਨੂੰ ਕਲਮਬੰਦ ਨਹੀਂ ਕਰ ਸਕਦੇ। 'ਸੱਤ ਪਾਤਾਲ, ਸੱਤ ਆਕਾਸ਼' 'ਤੇ ਨਿਸ਼ਚਾ ਰੱਖਣ ਵਾਲਿਓ! ਯਕੀਨ ਜਾਣੋ, ਵਾਹਿਗੁਰੂ ਦੇ ਬ੍ਰਹਿਮੰਡਾਂ ਵਿਚ ਤਾਂ ਆਕਾਸ਼ਾਂ ਤੇ ਪਾਤਾਲਾਂ ਦੀ ਗਿਣਤੀ ਹੀ ਅਕੱਥ ਹੈ। ਇਨਸਾਨੀ ਬੁੱਧੀ ਉਸ ਭੇਦ ਨੂੰ ਨਹੀਂ ਪਾ ਸਕਦੀ। ਇਹ ਸੂਰਜ, ਚੰਨ, ਤਾਰੇ ਜੋ ਲੱਖਾਂ ਦੀ ਗਿਣਤੀ ਵਿਚ ਹਨ, ਉਸੇ ਇਕ ਵਾਹਿਗੁਰੂ ਦੇ ਹੁਕਮ ਵਿਚ ਬਣੇ ਹੋਏ ਹਨ ਅਤੇ ਮਨੁੱਖਾਂ ਤੇ ਧਰਤੀਆਂ ਦੇ ਹਰ ਜੀਵ-ਜੰਤੂ ਵਾਂਗ ਬਿਨਸਨਹਾਰ ਹਨ। ਇਹ ਦੂਰ-ਦ੍ਰਿਸ਼ਟੀ ਦੀਆਂ ਗੱਲਾਂ

ਕੁੱਲ ਜ਼ਮਾਨੇ ਨੇ ਕੇਵਲ ਗੁਰੂ ਨਾਨਕ ਦੇਵ ਜੀ ਦੇ ਮੁਖਾਰਬਿੰਦ ਤੋਂ ਹੀ ਸੁਣੀਆਂ ਸਨ ਅਤੇ ਗੁਰਬਾਣੀ ਰਾਹੀਂ ਅਜੇ ਵੀ ਸੁਣੀਆਂ ਜਾ ਰਹੀਆਂ ਹਨ ਅਤੇ ਸੰਸਾਰ ਭਰ ਦੇ ਲੋਕ ਉਹਨਾਂ ਦੇ ਰੂ-ਬ-ਰੂ ਆਪਣੇ ਗਿਆਨ ਦੇ ਭੰਡਾਰ ਨੂੰ ਹੇਚ ਜਾਣ ਕੇ ਆਪਣਾ ਸੀਸ ਨਿਵਾ ਰਹੇ ਹਨ।

ਗੁਰੂ ਨਾਨਕ ਦੇਵ ਜੀ ਨੇ ਨਿਧੜਕ ਹੋ ਕੇ ਆਪਣੇ ਜ਼ਮਾਨੇ ਦੇ ਲੋਕਾਂ ਨੂੰ ਖਰੀਆਂ-ਖਰੀਆਂ ਗੱਲਾਂ ਸੁਣਾਈਆਂ ਸਨ, ਭਾਵੇਂ ਆਪ ਨੂੰ ਇਸ ਦੇ ਬਦਲੇ ਪੱਥਰ ਵੀ ਖਾਣੇ ਪਏ। ਆਪ ਨੇ ਨਿੱਜੀ ਤਜ਼ਰਬੇ ਦੇ ਆਧਾਰ 'ਤੇ ਫ਼ੁਰਮਾਇਆ ਹੈ:

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ॥ (ਪੰਨਾ ੯੯੧)

ਇਹ ਅਗਿਆਨੀ ਜਨਤਾ ਦਾ ਪ੍ਰਤੀਕਰਮ ਸੀ, ਪਰ ਗੁਰੂ ਨਾਨਕ ਦੇਵ ਜੀ ਦੀ ਪ੍ਰਤਿਭਾ ਤੇ ਜਲਾਲ ਅੱਗੇ ਵੱਡੇ-ਵੱਡੇ ਜੋਗੀਆਂ, ਸੰਨਿਆਸੀਆਂ, ਜਪੀਆਂ, ਤਪੀਆਂ ਤੇ ਮੱਤਾਂ-ਮਤਾਂਤਰਾਂ ਵਾਲੇ ਰਹਿਬਰਾਂ ਨੂੰ ਅੰਤ ਆਪਣਾ ਸੀਸ ਝੁਕਾਉਣਾ ਹੀ ਪਿਆ। 'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥' ਦੀ ਗੱਲ ਕਰਦਿਆਂ ਹੋਇਆਂ ਗੁਰੂ ਨਾਨਕ ਦੇਵ ਜੀ ਨੇ ਸੱਚੀ-ਸੁੱਚੀ ਮਿਹਨਤ ਦੀ ਕਮਾਈ ਨੂੰ ਉਤਮਤਾ ਬਖ਼ਸ਼ੀ ਹੈ। ਦਰਅਸਲ ਨਾਮ ਜਪਣਾ, ਦਸਾਂ ਨਹੁੰਆਂ ਦੀ ਕਿਰਤ ਕਰਨ ਤੇ ਫਿਰ ਵੰਡ ਛਕਣ ਦੇ ਤਿੰਨ ਸੁਨਹਿਰੀ ਸਿਧਾਂਤ ਗੁਰੂ ਨਾਨਕ ਦੇਵ ਜੀ ਦੇ ਜੀਵਨ-ਉਦੇਸ਼ ਦਾ ਇਕ ਵਿਸ਼ੇਸ਼ ਹਿੱਸਾ ਸਨ, ਜਿਸ ਦੀਆਂ ਬੁਨਿਆਦਾਂ ਉੱਤੇ ਸਿੱਖ ਧਰਮ ਦਾ ਮਹਿਲ ਖਲੋਤਾ ਹੋਇਆ ਹੈ। ਨੀਅਤ ਰਾਸ ਕਰ ਕੇ ਵਾਹਿਗੁਰੂ ਦਾ ਸਿਮਰਨ, ਕਿਰਤ-ਕਮਾਈ ਕਰਨੀ ਤੇ ਫਿਰ 'ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥' 'ਤੇ ਦ੍ਰਿੜ੍ਹਤਾ ਨਾਲ ਅਮਲ ਕਰਨਾ, ਇਹ ਸਮੂਹ ਗੱਲਾਂ ਗੁਰੂ ਨਾਨਕ ਦੇਵ ਜੀ ਨੂੰ ਲੁਭਾਉਂਦੀਆਂ ਹਨ। ਐਸਾ ਬਾ-ਅਮਲ ਮਨੁੱਖ, ਗੁਰੂ ਨਾਨਕ ਦੇਵ ਜੀ ਦੀ ਚਰਨ-ਸ਼ਰਨ ਵਿਚ ਬੈਠਾ ਮਹਿਸੂਸ ਕਰਦਾ ਹੈ। ਮਲਕ ਭਾਗੋ ਦੀ ਪਾਪਾਂ ਰਾਹੀਂ ਕੀਤੀ ਕਮਾਈ 'ਚੋਂ ਬਣੇ ਭੋਜਨਾਂ ਨੂੰ ਠੁਕਰਾ ਕੇ ਭਾਈ ਲਾਲੋ ਦੀਆਂ ਕੋਧਰੇ ਦੀਆਂ ਰੋਟੀਆਂ ਨੂੰ ਵਡਿਆਉਣ ਦੀ ਮਿਸਾਲ ਸਿੱਖ ਇਤਿਹਾਸ ਵਿਚ ਜਗਮਗਾ ਕੇ ਸਾਡਾ ਰਾਹ ਰੌਸ਼ਨ ਕਰ ਰਹੀ ਹੈ। ਕਿਰਤ-ਕਮਾਈ ਤੇ ਵੰਡ ਛਕਣ ਨੂੰ ਵਡਿਆ ਕੇ ਉਹਨਾਂ ਨੇ ਸਮਾਜ ਵਿਚ ਆਰਥਿਕ ਬਰਾਬਰੀ 'ਤੇ ਬਲ ਦਿੱਤਾ ਹੈ। ਮਾਰਕਸ ਤੇ ਲੈਨਿਨ ਦੇ ਸਮਾਜਵਾਦ ਤੋਂ ਕਈ ਸਦੀਆਂ ਪਹਿਲਾਂ ਹੀ ਗੁਰੂ ਨਾਨਕ ਦੇਵ ਜੀ ਨੇ ਸਮਾਜਕ ਬਰਾਬਰੀ ਦੀ ਗੱਲ ਤੋਰ ਦਿੱਤੀ ਸੀ ਅਤੇ ਹਲੇਮੀ ਰਾਜ ਦੀ ਸਥਾਪਨਾ ਉਹਨਾਂ ਦੇ ਮਨ ਦੀ ਜ਼ਬਰਦਸਤ ਲੋਚਾ ਸੀ। ਉਹਨਾਂ ਦਲਿਤ ਕਹੇ ਜਾਂਦੇ, ਠੁਕਰਾਏ ਹੋਏ ਲੋਕਾਂ ਨੂੰ ਆਪਣੇ ਗਲ ਨਾਲ ਲਗਾਇਆ ਅਤੇ ਮਨੂੰ-ਵਾਦ ਦੇ ਕਾਰਨ ਬਣੇ ਘੁਮੰਡੀ ਤੇ ਅਖੌਤੀ ਉੱਚ-ਜਾਤੀਏ ਲੋਕਾਂ ਦੇ ਰੂ-ਬ-ਰੂ ਉਹਨਾਂ ਬੁਲੰਦ ਆਵਾਜ਼ ਵਿਚ ਆਪਣੇ ਜੀਵਨ-ਉਦੇਸ਼ ਦੇ ਇਸ ਪਹਿਲੂ 'ਤੇ ਇੰਜ ਫ਼ੁਰਮਾਇਆ ਹੈ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥ (ਪੰਨਾ ੧੫)

ਤੇ ਇੰਜ ਗੁਰੂ ਨਾਨਕ ਦੇਵ ਜੀ ਨੇ ਪਾਰਬ੍ਰਹਮ-ਪਰਮੇਸ਼ਰ ਵੱਲੋਂ ਬਖ਼ਸ਼ੇ ਹੋਏ ਕਾਰਜ ਨੂੰ

ਆਪਣੇ ਜੀਵਨ ਦਾ ਉਦੇਸ਼ ਮੰਨ ਕੇ ਸਿਰੇ ਚੜ੍ਹਾਉਣ ਲਈ ਆਪਣਾ ਸਮੁੱਚਾ ਜੀਵਨ ਲਗਾ ਦਿੱਤਾ ਤੇ ਅਜਿਹੇ ਪੂਰਨ ਮਨੁੱਖ ਦੀ ਸਿਰਜਣਾ ਲਈ ਉਹਨਾਂ ਨੇ ਦਸ ਜਾਮੇ ਧਾਰੇ ਤੇ ਫ਼ਲਸਰੂਪ ਇਕ ਅਜਿਹੇ ਪੂਰਨ ਮਨੁੱਖ ਦੀ ਸਿਰਜਣਾ ਕੀਤੀ ਜੋ ਵਾਹਿਗੁਰੂ ਦੀ ਰਜ਼ਾ ਵਿਚ ਚੱਲਣ ਵਾਲਾ ਹੋਵੇ, ਨਾਮ ਜਪੇ, ਕਿਰਤ ਕਰੇ ਤੇ ਵੰਡ ਕੇ ਛਕੇ। ਸਮੂਹ ਲੋਕਾਈ ਦੇ ਹਿਰਦਿਆਂ ਵਿਚ ਵਾਹਿਗੁਰੂ ਦੀ ਜੋਤੀ ਦਾ ਦੀਦਾਰ ਕਰੇ, ਕਿਸੇ ਨਾਲ ਵੈਰ-ਵਿਰੋਧ ਨਾ ਰੱਖੇ, ਸਭਨਾਂ ਨੂੰ ਪ੍ਰੇਮ ਦੇ ਧਾਗੇ ਵਿਚ ਪਰੋਵੇ ਤੇ ਵਾਹਿਗੁਰੂ ਦੀ ਅਰਾਧਨਾ ਕਰਦਾ ਹੋਇਆ, ਗ੍ਰਿਹਸਥ ਵਿਚ ਨਿਰਲੇਪ ਰਹਿ ਕੇ ਆਪਣਾ ਅਤੇ ਆਪਣੇ ਭਾਈਚਾਰੇ ਦਾ ਜੀਵਨ ਸਫ਼ਲ ਬਣਾਵੇ।

ਹੋਤਾ ਹੈ ਕੋਹੇ-ਦਸਤ ਮੇਂ ਪੈਦਾ ਕਭੀ ਕਭੀ,
ਵਹੁ ਮਰਦ ਜਿਸ ਕਾ ਫ਼ਕਰ ਕਰੇ ਖ਼ਜ਼ਫ਼ ਕੋ ਨਗੀਂ।

ਅਰਥਾਤ ਠੀਕਰੀਆਂ ਨੂੰ ਨਗੀਨਿਆਂ ਵਿਚ ਬਦਲ ਦੇਣ ਵਾਲਾ (ਮਹਾਂਪੁਰਖ) ਕਦੇ-ਕਦੇ ਹੀ ਸੰਸਾਰ ਮੰਚ 'ਤੇ ਪ੍ਰਗਟ ਹੁੰਦਾ ਹੈ ਅਤੇ ਇਹ ਕਥਨ ਗੁਰੂ ਨਾਨਕ ਦੇਵ ਜੀ ਬਾਰੇ ਬਿਲਕੁਲ ਢੁਕਵਾਂ ਹੈ। ਉਹਨਾਂ ਦੀ ਘਾਲ-ਕਮਾਈ ਅਕੱਥ ਹੈ, ਕਥਨ ਕੀਤੀ ਜਾਣੀ ਕਠਿਨ ਹੀ ਨਹੀਂ, ਬਲਕਿ ਨਾਮੁਮਕਿਨ ਹੈ। ਇਸ ਲਈ ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਚਰਨ-ਭੌਰਿਆਂ ਲਈ ਕੇਵਲ ਇਹ ਗੱਲ ਕਹਿਣੀ ਹੀ ਬਣਦੀ ਹੈ:

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲਿ ਰਾਖੀ ਮੇਰੀ॥ *(ਪੰਨਾ [illegible])*

(11/1996)

ਗੁਰੂ ਨਾਨਕ ਦੇਵ ਜੀ ਦਾ ਸਿੱਧ-ਪੱਧਰਾ ਜੀਵਨ-ਰਾਹ

ਭਾਰਤ ਵਿਚ ਪੰਦਰ੍ਹਵੀਂ ਸਦੀ ਵਿਚ ਭਰਮਾਂ-ਵਹਿਮਾਂ ਦਾ ਰਾਜ ਸੀ, ਰੀਤਾਂ-ਰਸਮਾਂ ਦੇ ਸੰਘਣੇ ਤਾਣੇ ਤਣੇ ਹੋਏ ਸਨ, ਧਰਮ-ਸੰਸਕਾਰਾਂ ਦੇ ਨਾਲ ਵਾਧੂ ਰਸਮਾਂ ਜੋੜੀਆਂ ਹੋਈਆਂ ਸਨ, ਜਿਨ੍ਹਾਂ ਦੇ ਕਾਰਨ ਧਰਮ ਦੀ ਕੀਮਤ ਸਸਤੀ ਹੋ ਗਈ ਹੋਈ ਸੀ। ਮਨੁੱਖ ਦੀ ਸੁਤੰਤਰ ਆਤਮਾ ਨੂੰ ਇਹਨਾਂ ਭਰਮਾਂ-ਵਹਿਮਾਂ ਨੇ, ਰੀਤਾਂ-ਰਸਮਾਂ ਨੇ ਜਕੜ ਕੇ ਇਸ ਦਾ ਸਾਹ ਘੁੱਟ ਦਿੱਤਾ ਹੋਇਆ ਸੀ।

ਭਾਈ ਗੁਰਦਾਸ ਜੀ ਨੇ ਇਸ ਹਾਲਤ ਨੂੰ ਇਉਂ ਬਿਆਨ ਕੀਤਾ ਹੋਇਆ ਹੈ:

ਕਲਿਜੁਗਿ ਬੋਧੁ ਅਉਤਾਰੁ ਹੈ ਬੋਧੁ ਅਬੋਧੁ ਨ ਦ੍ਰਿਸਟੀ ਆਵੈ।
ਕੋਇ ਨ ਕਿਸੈ ਵਰਜਈ ਸੋਈ ਕਰੇ ਜੋਈ ਮਨਿ ਭਾਵੈ।
ਕਿਸੇ ਪੁਜਾਈ ਸਿਲਾ ਸੁੰਨਿ ਕੋਈ ਗੋਰੀ ਮੜ੍ਹੀ ਪੁਜਾਵੈ।
ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ।
ਆਪੋ ਧਾਪੀ ਹੋਇ ਕੈ ਨਿਆਰੇ ਨਿਆਰੇ ਧਰਮ ਚਲਾਵੈ।
ਕੋਈ ਪੂਜੈ ਚੰਦੁ ਸੂਰੁ ਕੋਈ ਧਰਤਿ ਅਕਾਸੁ ਮਨਾਵੈ।
ਪਉਣੁ ਪਾਣੀ ਬੈਸੰਤਰੋ ਧਰਮ ਰਾਜ ਕੋਈ ਤ੍ਰਿਪਤਾਵੈ।
ਫੋਕਟਿ ਧਰਮੀ ਭਰਮਿ ਭੁਲਾਵੈ॥ (ਵਾਰ ੧/੧੮)

ਗੁਰੂ ਨਾਨਕ ਦੇਵ ਜੀ ਨੇ ਭਰਮਾਂ-ਵਹਿਮਾਂ ਦੀ ਇਸ ਹਕੂਮਤ ਦੇ ਵਿਰੁੱਧ ਖੁੱਲ੍ਹਮ-ਖੁੱਲ੍ਹੀ ਬਗ਼ਾਵਤ ਕੀਤੀ। ਲੋਕ ਆਪਣਾ ਆਪ ਭੁੱਲ ਗਏ ਸਨ। ਸਤਿਗੁਰੂ ਜੀ ਨੇ ਉਹਨਾਂ ਨੂੰ ਭਰਮ-ਗੜ੍ਹਾਂ ਦੇ ਹਨੇਰੇ ਵਿਚੋਂ ਧਰੂਹ ਕੇ ਬਾਹਰ ਸਰਬ-ਵਿਆਪਕ ਪਰਮਾਤਮਾ ਦੇ ਚਾਨਣ ਵਿਚ ਲਿਆਂਦਾ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਲੀਮ ਬੜੀ ਸਾਦੀ ਤੇ ਸੌਖੀ ਜਿਹੀ ਹੈ, ਕੋਈ ਉਚੇਚ ਨਹੀਂ। ਕੋਈ ਖ਼ਰਚੀਲੀਆਂ (ਖ਼ਰਚ ਕਰਾਉਣ ਵਾਲੀਆਂ) ਰਸਮਾਂ ਨਹੀਂ। ਕੋਈ ਤਕਲੀਫ਼ ਦੇਣ ਵਾਲੀ ਗੱਲ ਨਹੀਂ। ਸਰੀਰ ਸਾੜਨ ਵਾਲੇ ਸਾਧਨ ਨਹੀਂ। ਇਕ ਲੱਤ ਦੇ ਭਾਰ ਖਲੋ ਕੇ ਜਪ ਕਰਨ ਦਾ ਹੁਕਮ ਨਹੀਂ। ਭੁੱਖ ਤੇ ਵਰਤਾਂ ਦਾ ਅਭਿਆਸ ਨਹੀਂ। ਤੀਰਥ-ਯਾਤਰਾ ਨਹੀਂ। ਇਸ ਧਰਮ ਦੇ ਸਾਰੇ ਹੀ ਸਾਧਨ ਬੜੇ ਸੌਖੇ ਹਨ। ਕੰਮ-ਕਾਰ ਕਰਦਿਆਂ, ਹਲ ਵਾਹੁੰਦਿਆਂ, ਗ੍ਰਿਹਸਤੀ ਹੁੰਦਿਆਂ, ਜ਼ਿੰਦਗੀ ਦੇ ਸਹੀ ਰਾਹੇ ਤੁਰ ਸਕਦੇ ਹਾਂ, ਕੋਈ ਨਿਯਤ ਅਸਥਾਨ ਨਹੀਂ, ਕਿਸੇ ਮਸਜਿਦ, ਮੰਦਰ ਦਾ ਵਿਤਕਰਾ ਨਹੀਂ। ਹਰੇਕ ਮਨੁੱਖ ਆਪਣੇ ਥਾਂ ਰਹਿੰਦਿਆਂ, ਜੀਵਨ-ਵਿਚਾਰਾਂ ਨੂੰ ਸਰਲ ਰੱਖਦਿਆਂ, ਕਾਫ਼ਰ ਹੋਵੇ ਜਾਂ ਮੋਮਨ, ਬ੍ਰਾਹਮਣ ਹੋਵੇ ਚਾਹੇ ਸ਼ੂਦਰ, ਪਰਮਾਤਮਾ ਦਾ ਪ੍ਰੀਤਵਾਨ ਹੋ ਸਕਦਾ ਹੈ।

ਭਾਈ ਗੁਰਦਾਸ ਜੀ ਲਿਖਦੇ ਹਨ:

ਨਿਰੰਕਾਰੁ ਆਕਾਰੁ ਕਰਿ ਜੋਤਿ ਸਰੂਪੁ ਅਨੂਪ ਦਿਖਾਇਆ।
ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦੁ ਸੁਣਾਇਆ। (ਵਾਰ ੧੨/੧੭)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਨੂੰ ਹੋਰ ਭੜਕਾਇਆ ਨਹੀਂ। ਕੋਈ ਔਖਾ ਰਸਤਾ ਨਹੀਂ ਦੱਸਿਆ ਸਗੋਂ ਧਾਰਮਿਕ ਗੁੰਝਲਾਂ ਕੱਟ ਕੇ ਧਰਮ ਦੇ ਤੰਗ ਜਿਹੇ ਘੇਰੇ ਨੂੰ ਵਿਸ਼ਾਲ ਦੁਨੀਆਂ ਜੇਡਾ ਚੌੜਾ ਕਰ ਦਿੱਤਾ। ਉਹਨਾਂ ਦੇ ਉਪਦੇਸ਼ ਵਿਚ ਪਰਲੇ ਦਰਜੇ ਦੀ ਸਾਦਗੀ ਹੈ, ਜੀਵਨ-ਨਿਚੋੜ ਹੈ, ਧਰਮੀ ਬਣਨ ਦਾ ਢੰਗ ਹੈ, ਸੱਚ ਕਮਾਉਣ ਦੀ ਸਿੱਖਿਆ ਹੈ। ਸ੍ਰੀ ਗੁਰੂ ਨਾਨਕ ਸਾਹਿਬ ਦਾ ਦੱਸਿਆ ਰਸਤਾ ਬੜਾ ਸੌਖਾ ਜਿਹਾ ਗਾਡੀ ਰਾਹ ਹੈ। ਭਾਈ ਗੁਰਦਾਸ ਜੀ ਨੇ ਉਸ ਰਾਹ ਦਾ ਇਉਂ ਜ਼ਿਕਰ ਕੀਤਾ ਹੈ:

ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ।
ਗੁਰੁ ਕੈ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ ਕਰੰਦਾ।
ਸਾਧਸੰਗਤਿ ਵਿਚਿ ਜਾਇ ਕੈ ਗੁਰਬਾਣੀ ਦੇ ਪ੍ਰੀਤਿ ਸੁਣੰਦਾ।
ਸੰਕਾ ਮਨਹੁੰ ਮਿਟਾਇ ਕੈ ਗੁਰੁ ਸਿਖਾਂ ਦੀ ਸੇਵ ਕਰੰਦਾ।
ਕਿਰਤ ਵਿਰਤ ਕਰਿ ਧਰਮੁ ਦੀ ਲੈ ਪਰਸਾਦ ਆਨਿ ਵਰਤੰਦਾ।
ਗੁਰਸਿਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪੁ ਖਵੰਦਾ।
ਕਲੀ ਕਾਲ ਪਰਗਾਸ ਕਰਿ ਗੁਰੁ ਚੇਲਾ ਚੇਲਾ ਗੁਰੁ ਸੰਦਾ।
ਗੁਰਮੁਖ ਗਾਡੀ ਰਾਹੁ ਚਲੰਦਾ॥ (ਵਾਰ ੪੦/੧੧)

ਭਾਰਤ ਵਿਚ ਇਕ ਪਾਸੇ ਵਰਣ-ਵੰਡ ਨੇ ਮਨੁੱਖ-ਜਾਤੀ ਨੂੰ ਲੀਰਾਂ-ਲੀਰਾਂ ਕੀਤਾ ਹੋਇਆ ਸੀ, ਦੂਜੇ ਪਾਸੇ ਬਾਹਰੋਂ ਆਏ ਹਾਕਮਾਂ ਨੇ ਕਾਫ਼ਰ-ਮੋਮਨ ਦੇ ਝਗੜੇ ਖੜੇ ਕਰਾਏ ਹੋਏ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਨਜ਼ਰਾਂ ਵਿਚ ਕੋਈ ਜਾਤ ਨਹੀਂ ਸੀ, ਕੋਈ ਵਰਨ ਨਹੀਂ ਸੀ ਅਤੇ ਕੋਈ ਰੰਗ ਨਹੀਂ ਸੀ। ਊਚ-ਨੀਚ, ਖੱਤਰੀ-ਸ਼ੂਦਰ ਦੀ ਜਾਤਿ ਨਾਲ ਜਨਮ-ਮਰਨ ਦੇ ਗੇੜ ਦਾ ਕੋਈ ਰਿਸ਼ਤਾ ਨਹੀਂ ਸੀ। ਇਹ ਸੰਬੰਧ ਮਨੁੱਖ ਦੀ ਆਤਮਾ ਨਾਲ ਹੈ, ਮਨੁੱਖ ਦੇ ਕਰਮਾਂ ਨਾਲ ਹੈ।

ਜਦੋਂ ਸਤਿਗੁਰੂ ਜੀ ਭਾਈ ਮਰਦਾਨੇ ਨੂੰ ਨਾਲ ਲੈ ਕੇ ਮੱਕੇ ਗਏ, ਉਹ ਹੱਜ ਦਾ ਸਮਾਂ ਸੀ। ਹਾਜੀਆਂ ਨੂੰ ਸਤਿਗੁਰੂ ਜੀ ਦੇ ਉਥੇ ਪਹੁੰਚਣ ਦਾ ਪਤਾ ਲੱਗਾ, ਉਹ ਰਲ ਕੇ ਉਹਨਾਂ ਪਾਸ ਆਏ ਤੇ ਪੁੱਛਣ ਲੱਗੇ ਕਿ ਹਿੰਦੂ ਵੱਡਾ ਹੈ ਜਾਂ ਮੁਸਲਮਾਨ? ਸਤਿਗੁਰੂ ਜੀ ਨੇ ਸਾਫ਼ ਲਫ਼ਜ਼ਾਂ ਵਿਚ ਉੱਤਰ ਦਿੱਤਾ ਕਿ ਨੇਕ ਅਮਲ ਹੀ ਮਨੁੱਖ ਨੂੰ ਵੱਡਾ ਬਣਾਉਂਦੇ ਹਨ।

ਭਾਈ ਗੁਰਦਾਸ ਜੀ ਨੇ ਉਸ ਸਾਰੀ ਚਰਚਾ ਨੂੰ ਇਉਂ ਬਿਆਨ ਕੀਤਾ ਹੈ:

ਪੁਛਨਿ ਗਲ ਈਮਾਨ ਦੀ ਕਾਜੀ ਮੁਲਾਂ ਇਕਠੇ ਹੋਈ।
ਵਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ।
ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ?
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।
ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ। (ਵਾਰ ੧/੩੩)

ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗਤ ਵਿਚ ਖਹਿ-ਖਹਿ ਵੇਖੀ, ਦੁਖੀ ਲੋਕਾਂ ਨੂੰ ਸੁਖ ਦਾ ਰਾਹ ਦੱਸਣ ਲਈ ਆਪਣੇ ਸਾਰੇ ਸੁਖ ਕੁਰਬਾਨ ਕਰ ਕੇ ਸਤਿਗੁਰੂ ਜੀ ਘਰੋਂ ਹਜ਼ਾਰਾਂ ਮੀਲਾਂ ਦੇ ਪੈਦਲ ਸਫ਼ਰ 'ਤੇ ਚੱਲ ਪਏ। ਆਪਣੇ ਲੰਮੇ ਸਫ਼ਰਾਂ ਦਾ ਸਾਥੀ ਭਾਈ ਮਰਦਾਨੇ ਨੂੰ ਬਣਾਇਆ, ਜੋ ਇਕ ਗ਼ਰੀਬ ਮਿਰਾਸੀ ਸੀ। ਗ਼ਰੀਬਾਂ ਤੇ ਪੈਰਾਂ ਵਿਚ ਰੁਲਦੇ ਬੰਦਿਆਂ ਦੀ ਰੱਖਿਆ ਦੀ ਖ਼ਾਤਰ ਆਪਣੇ ਆਪ ਨੂੰ 'ਕੁਰਾਹੀਆ' ਅਖਵਾਇਆ।

ਪਹਿਲੀ ਉਦਾਸੀ ਦੇ ਸ਼ੁਰੂ-ਸ਼ੁਰੂ ਵਿਚ ਹੀ ਸਤਿਗੁਰੂ ਜੀ ਸੈਦਪੁਰ ਪਹੁੰਚੇ, ਜਿਸ ਨੂੰ ਅੱਜ ਐਮਨਾਬਾਦ ਆਖਦੇ ਹਾਂ। ਮਲਕ ਭਾਗੋ ਦੀ ਸਾਖੀ ਸਿੱਖ ਇਤਿਹਾਸ ਵਿਚ ਬੜੀ ਪ੍ਰਸਿੱਧ ਹੈ। ਉਸ ਨੇ ਗ਼ਰੀਬਾਂ ਦੇ ਲਹੂ ਨਿਚੋੜ-ਨਿਚੋੜ ਕੇ, ਆਲੇ-ਦੁਆਲੇ ਦੀਆਂ ਝੁੱਗੀਆਂ ਢਾਹ ਕੇ ਆਪਣਾ ਅਹਾਤਾ ਹਰਾ ਕੀਤਾ ਹੋਇਆ ਸੀ। ਪਰ ਉਸ ਦੀ ਫੁਲਵਾੜੀ ਦੀ ਹਵਾੜ ਸਾਹ-ਘੁਟਵੀਂ ਸੀ। ਫੁੱਲਾਂ ਵਿਚ ਗ਼ਰੀਬਾਂ ਦੀਆਂ ਆਹਾਂ ਦਾ ਜਾਦੂ ਭਰਿਆ ਅਸਰ ਸੀ।

ਸਰਾਧਾਂ ਦੇ ਦਿਨ ਸਨ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਸੈਦਪੁਰ ਪਹੁੰਚੇ ਸਨ। ਭਾਗੋ ਨੇ ਆਪਣੇ ਪਿਉ ਦਾ ਸਰਾਧ ਕੀਤਾ। ਬ੍ਰਾਹਮਣਾਂ ਦਾ ਭੋਜਨ ਵਰਜਿਆ। ਇਹ ਲੋਕ ਧਰਮ ਦੇ ਨੇਤਾ ਅਖਵਾਉਂਦੇ ਸਨ ਪਰ ਧਰਮ ਇਹਨਾਂ ਦੇ ਕਿਤੇ ਨੇੜੇ ਹੀ ਢੁਕਿਆ ਹੋਇਆ। ਇਹਨਾਂ ਕਿਉਂ ਪਰਵਾਹ ਕਰਨੀ ਸੀ ਇਹ ਵੇਖਣ ਦੀ ਕਿ ਦਾਨ-ਪੁੰਨ ਕਿਹੋ ਜਿਹੀ ਮਾਇਆ ਵਿਚੋਂ ਕੀਤਾ ਜਾ ਰਿਹਾ ਹੈ? ਇਹਨਾਂ ਲੋਕਾਂ ਦੀ ਇਹ ਅੱਤ ਦਰਜੇ ਦੀ ਗਿਰਾਵਟ ਵੇਖ ਕੇ ਹੀ ਸਤਿਗੁਰੂ ਜੀ ਨੇ ਇਹ ਆਖਿਆ ਸੀ ਕਿ:

ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥ ਉਨ੍ਹਾ ਭਿ ਆਵਹਿ ਓਈ ਸਾਦ ॥
ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥
ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥ (ਪੰਨਾ ੪੭੧)

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਲਕ ਭਾਗੋ ਦੇ ਇਸ ਭੋਜਨ ਨਾਲੋਂ ਹੱਕ ਦੀ ਕਮਾਈ ਕਰਨ ਵਾਲੇ ਗ਼ਰੀਬ ਕਿਰਤੀ ਭਾਈ ਲਾਲੋ ਦੀ ਸਾਦ-ਮੁਰਾਦੀ ਰੋਟੀ ਵਿਚ ਵਧੀਕ ਸੁਆਦ ਦਿਸਿਆ। ਭਾਈ ਲਾਲੋ ਕਿੱਲੇ ਘੜਦਾ-ਘੜਦਾ ਪ੍ਰੇਮ-ਦ੍ਰਿਸ਼ਟੀ ਦਾ ਅੰਗ ਬਣ ਗਿਆ। ਉਸ ਦੀ ਜਾਤ ਨੀਵੀਂ ਸੀ ਪਰ ਉਸ ਦੀ ਕਿਰਤ ਦਸਾਂ ਨਹੁੰਆਂ ਦੀ ਸੀ, ਉਸ ਦੇ ਅੰਦਰ ਨੇਕੀ ਦੀ ਤੜਪ ਸੀ। ਕਿਰਤੀ ਲਾਲੋ ਦੇ ਪ੍ਰੇਮ ਦਾ ਪ੍ਰਭਾਵ ਗੁਰੂ ਜੀ ਨੂੰ ਦੂਰ ਤਕ ਸੱਦ ਮੰਗਵਾਇਆ। ਮਲਕ ਭਾਗੋ ਅਮੀਰ ਹੁੰਦਾ ਹੋਇਆ ਵੀ ਸਤਿਗੁਰੂ ਜੀ ਦੀਆਂ ਨਜ਼ਰਾਂ ਵਿਚ ਭਾਈ ਲਾਲੋ ਦੀ ਬਰਾਬਰੀ ਨਾ ਕਰ ਸਕਿਆ।

ਇਕੋ ਸਿਰਜਣਹਾਰ ਦੇ ਪੈਦਾ ਕੀਤੇ ਹੋਏ ਬੰਦੇ ਆਪੋ ਵਿਚ ਵਿੱਥਾਂ ਪਾ ਕੇ ਲੜ-ਮਰ ਰਹੇ ਸਨ। ਇਕੋ ਰੁੱਖ ਦੀਆਂ ਟਹਿਣੀਆਂ ਵਿਤਕਰਿਆਂ ਦੇ ਝੱਖੜਾਂ ਦੇ ਅਸਰ ਹੇਠ ਆਪੋ ਵਿਚ ਖਹਿ ਰਹੀਆਂ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਡੂੰਘਾ ਮਨੋਰਥ ਸੀ ਖ਼ਲਕਤ ਦਾ ਪਰਸਪਰ ਮਿਲਾਪ। ਉਹ ਸਾਰੇ ਧਰਮਾਂ ਨੂੰ ਅਭੇਦ ਕਰ ਕੇ ਇਕ ਅਕਾਲ ਪੁਰਖ ਦਾ ਧਰਮ ਚਲਾਉਣ ਦਾ ਉਚੇਚਾ ਮਨੋਰਥ ਲੈ ਕੇ ਆਏ ਸਨ। ਉਹਨਾਂ ਵੇਖਿਆ ਕਿ ਕੋਈ ਲੰਘਦਾ ਜਾਂਦਾ ਹਿੰਦੂ, ਮੁੱਲਾਂ ਦੀ ਬਾਂਗ ਸੁਣ ਕੇ ਕੰਨਾਂ ਵਿਚ ਉਂਗਲੀਆਂ ਦੇ ਲੈਂਦਾ ਸੀ। ਕੋਈ ਮੁਸਲਮਾਨ ਮੰਦਰ ਵਿਚ ਖੜਕਦੇ ਟੱਲ

ਜਾਂ ਵੱਜਦੇ ਸੰਖ ਨੂੰ ਸਹਾਰ ਨਹੀਂ ਸਕਦਾ ਸੀ, ਕੋਈ ਥੱਕਿਆ ਨੀਵੀਂ ਜਾਤ ਦਾ ਮਨੁੱਖ ਮੰਦਰ ਦੇ ਖੂਹ ਵਿਚੋਂ ਘੁੱਟ ਦੋ ਘੁੱਟ ਪਾਣੀ ਪੀ ਕੇ ਥਕੇਵਾਂ ਨਹੀਂ ਲਾਹ ਸਕਦਾ ਸੀ। ਇਹ ਉਸ ਸਮੇਂ ਦੀ ਸਮਾਜਕ ਤੇ ਧਾਰਮਿਕ ਨਾ-ਮਿਲਵਰਤਣ ਸੀ।

ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਂਝੇ ਗੁਰਦੁਆਰਿਆਂ ਦੀ ਨੀਂਹ ਰੱਖੀ। ਜਿਥੇ ਕਿਧਰੇ ਗਏ, ਧਰਮਸਾਲ ਬਣਵਾਈ, ਕੀਰਤਨ ਤੇ ਲੰਗਰ ਦਾ ਹੁਕਮ ਕੀਤਾ। ਸਤਿਗੁਰੂ ਜੀ ਨੇ ਲੋਕਾਂ ਨੂੰ ਮਿਲ ਬੈਠਣ ਦਾ ਢੰਗ ਦੱਸਿਆ, ਕੋਝਾ ਮਜ਼ਹਬੀ ਤੁਅੱਸਬ ਦੂਰ ਕੀਤਾ, ਨਾ ਜਾਤ ਰਹਿਣ ਦਿੱਤੀ, ਨਾ ਕੌਮਾਂ-ਕੌਮਾਂ ਦੇ ਭੇਦ ਰਹਿਣ ਦਿੱਤੇ। ਹਰੇਕ ਵਰਣ ਦਾ ਬੰਦਾ ਬਾਣੀ ਪੜ੍ਹ ਸਕਦਾ ਹੈ। ਲੰਗਰ ਦੀ ਇਕੋ ਪਾਲ ਵਿਚ ਵੱਡੇ ਤੋਂ ਵੱਡੇ ਤੇ ਨੀਵੇਂ ਤੋਂ ਨੀਵੇਂ ਮਨੁੱਖ ਬੈਠ ਕੇ ਪ੍ਰਸ਼ਾਦ ਛਕ ਸਕਦੇ ਹਨ। ਕੋਈ ਭਰਮ ਨਹੀਂ, ਕੋਈ ਭ੍ਰਿਸ਼ਟਤਾ ਨਹੀਂ, ਕਾਫ਼ਰ ਦੀ ਲਕੀਰ ਨਹੀਂ, ਮਲੇਛ ਦਾ ਪਰਛਾਵਾਂ ਨਹੀਂ, ਅਤੇ ਸੁੱਚ ਦੀ ਹੱਦ ਨਹੀਂ।

ਗੁਰੂ ਨਾਨਕ ਪਾਤਸ਼ਾਹ ਨੇ ਉੱਚੀ ਪੁਕਾਰ ਕੇ ਆਖ ਦਿੱਤਾ:

ਸੁਇਨੇ ਕਾ ਚਉਕਾ ਕੰਚਨ ਕੁਆਰ ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥
ਗੰਗਾ ਕਾ ਉਦਕੁ ਕਰੰਤੇ ਕੀ ਆਗਿ ॥ ਗਰੁੜਾ ਖਾਣਾ ਦੁਧ ਸਿਉ ਗਾਡਿ ॥੧॥
ਰੇ ਮਨ ਲੇਖੈ ਕਬਹੂ ਨ ਪਾਇ ॥ ਜਾਮਿ ਨ ਭੀਜੈ ਸਾਚ ਨਾਇ ॥੧॥ ਰਹਾਉ ॥
ਦਸ ਅਠ ਲੀਖੇ ਹੋਵਹਿ ਪਾਸਿ ॥ ਚਾਰੇ ਬੇਦ ਮੁਖਾਗਰ ਪਾਠਿ ॥
ਪੁਰਬੀ ਨਾਵੈ ਵਰਨਾਂ ਕੀ ਦਾਤਿ ॥ ਵਰਤ ਨੇਮ ਕਰੇ ਦਿਨ ਰਾਤਿ ॥੨॥
ਕਾਜੀ ਮੁਲਾਂ ਹੋਵਹਿ ਸੇਖ ॥ ਜੋਗੀ ਜੰਗਮ ਭਗਵੇ ਭੇਖ ॥
ਕੋ ਗਿਰਹੀ ਕਰਮਾ ਕੀ ਸੰਧਿ ॥ ਬਿਨੁ ਬੂਝੇ ਸਭ ਖੜੀਅਸਿ ਬੰਧਿ ॥੩॥
ਜੇਤੇ ਜੀਅ ਲਿਖੀ ਸਿਰਿ ਕਾਰ ॥ ਕਰਣੀ ਉਪਰਿ ਹੋਵਗਿ ਸਾਰ ॥
ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ ਸਾਚੇ ਕੇ ਸਿਫਤਿ ਭੰਡਾਰ ॥੪॥੩॥

(ਪੰਨਾ ੧੧੬੮-੬੯)

(11/1968)

ਪੁਰਾਤਨ ਜਨਮਸਾਖੀ : ਇਕ ਅਧਿਐਨ

ਪੁਰਾਤਨ ਜਨਮਸਾਖੀ ਪੰਜਾਬੀ ਸਾਹਿਤ ਵਿਚ ਪ੍ਰਾਪਤ ਪੁਰਾਤਨ ਗਦ-ਰਚਨਾ ਦੀ ਇਕ ਸੁੰਦਰ ਵੰਨਗੀ ਸਾਡੇ ਸਾਹਮਣੇ ਪ੍ਰਸਤੁਤ ਕਰਦੀ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਬਾਣੀ ਨੂੰ ਕੁਝ ਯਥਾਰਥਕ ਅਤੇ ਕੁਝ ਕਾਲਪਨਿਕ ਘਟਨਾਵਾਂ ਅਤੇ ਸ਼ਬਦਾਂ ਰਾਹੀਂ ਵਿਅਕਤ ਕੀਤਾ ਗਿਆ ਹੈ। ਇਸ ਵਿਚੋਂ ਇਉਂ ਜਾਪਦਾ ਹੈ ਕਿ ਕਰਤਾ ਦਾ ਮੁੱਖ ਉਦੇਸ਼ ਗੁਰੂ ਨਾਨਕ ਦੇਵ ਜੀ ਦੀ ਪ੍ਰਮਾਣਿਕ ਜੀਵਨੀ ਲਿਖਣਾ ਨਹੀਂ ਸਗੋਂ ਇਕ ਸ਼ਰਧਾਵਾਨ ਦੇ ਰੂਪ ਵਿਚ ਉਹਨਾਂ ਦੀ ਕੀਰਤੀ, ਵਡਿਆਈ ਅਤੇ ਉਹਨਾਂ ਦੀ ਬਾਣੀ ਤਥਾ ਉਪਦੇਸ਼ਾਂ ਦੀ ਵਿਆਖਿਆ ਇਸ ਢੰਗ ਨਾਲ ਕਰਨੀ ਹੈ ਜਿਸ ਨਾਲ ਕਿ ਗੁਰੂ ਨਾਨਕ ਦੇਵ ਜੀ ਜੇਕਰ ਆਪਣੇ ਤੋਂ ਪਹਿਲਾਂ ਹੋ ਚੁੱਕੇ ਅਵਤਾਰਾਂ ਤੋਂ ਵੱਡੇ ਸਿੱਧ ਨਾ ਹੋ ਸਕਣ ਤਾਂ ਘੱਟੋ-ਘੱਟ ਉਹਨਾਂ ਦੇ ਬਰਾਬਰ ਜ਼ਰੂਰ ਬਣਾਏ ਜਾ ਸਕਣ। ਕੁਝ ਸਾਖੀਆਂ ਉਹਨਾਂ ਦੇ ਰਚੇ ਸ਼ਬਦਾਂ ਦੀ ਉਥਾਨਕਾ ਵਜੋਂ ਦਿੱਤੀਆਂ ਗਈਆਂ ਹਨ ਅਤੇ ਕੁਝ ਸਾਖੀਆਂ ਉਹਨਾਂ ਦੇ ਸ਼ਬਦਾਂ ਦੀ ਵਿਆਖਿਆ ਅਤੇ ਸਪੱਸ਼ਟੀਕਰਨ ਵਜੋਂ। ਇਤਿਹਾਸ ਜਾਂ ਇਤਿਹਾਸਕ ਪ੍ਰਮਾਣੀਕਤਾ ਕਰਤਾ ਦਾ ਉਦੇਸ਼ ਨਹੀਂ, ਸਗੋਂ ਕਿਸੇ ਥਾਂ ਵਾਸਤਵਿਕ, ਕਿਸੇ ਥਾਂ ਕਰਾਮਾਤੀ, ਕਿਸੇ ਥਾਂ ਕਾਲਪਨਿਕ ਅਤੇ ਕਿਸੇ ਥਾਂ ਮਿਥਿਹਾਸਕ ਪ੍ਰਸੰਗ ਦੱਸ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ-ਚਰਿੱਤਰ, ਸਿੱਖਿਆਵਾਂ ਅਤੇ ਉਪਦੇਸ਼ਾਂ ਦਾ ਪ੍ਰਚਾਰ ਪ੍ਰਮੁੱਖ ਹੈ।

ਪੁਰਾਤਨ ਜਨਮਸਾਖੀ ਦੇ ਰਚੈਤਾ ਦੇ ਜੀਵਨ ਸੰਬੰਧੀ ਕੋਈ ਭਰੋਸੇਯੋਗ ਜਾਣਕਾਰੀ ਨਹੀਂ ਮਿਲ ਸਕੀ, ਪਰ ਜਨਮਸਾਖੀ ਦੀ ਪਾਠ-ਸਾਮੱਗਰੀ ਦੇ ਡੂੰਘੇ ਅਧਿਐਨ ਤਥਾ ਇਸ ਦੀ ਸ਼ੈਲੀ, ਸ਼ਬਦਾਵਲੀ ਅਤੇ ਇਸ ਵਿਚ ਆਏ ਸਾਮਿਅਕ ਵਰਤਾਰਿਆਂ ਦੇ ਪ੍ਰਮਾਣਾਂ ਤਥਾ ਹਵਾਲਿਆਂ ਤੋਂ ਕੁਝ ਇਸ ਤਰ੍ਹਾਂ ਦਾ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਇਸ ਸਾਖੀ ਦਾ ਕਰਤਾ ਕੋਈ ਗੁਰੂ ਨਾਨਕ ਦੇਵ ਜੀ ਦਾ ਅਨਿੰਨ ਸ਼ਰਧਾਲੂ ਤੇ ਨਾਮ-ਲੇਵਾ ਹੀ ਹੈ ਅਤੇ ਉਹ ਉੱਚ-ਕੋਟੀ ਦਾ ਵਿਦਵਾਨ, ਦੀਘਰ ਅਨੁਭਵੀ ਅਤੇ ਸੁੰਦਰ ਸ਼ੈਲੀਕਾਰ ਹੈ।

ਇਸੇ ਤਰ੍ਹਾਂ ਇਸ ਜਨਮਸਾਖੀ ਦੇ ਰਚਨ-ਕਾਲ ਬਾਰੇ ਵੀ ਸਾਨੂੰ ਹਿਸਾਬ-ਕਿਤਾਬ ਲਾ ਕੇ ਹੀ ਕਿਧਰੇ ਨਿਰਣੇ ਉੱਤੇ ਪੁੱਜਣਾ ਪੈਂਦਾ ਹੈ ਕਿਉਂਕਿ ਉਸ ਵੇਲੇ ਦੀ ਸ਼ਾਇਦ ਇਹ ਇਕ ਸਾਹਿਤਿਕ ਪਰੰਪਰਾ ਹੀ ਬੱਝ ਚੁੱਕੀ ਪ੍ਰਤੀਤ ਹੁੰਦੀ ਹੈ ਕਿ ਪੀਰਾਂ, ਪੈਗੰਬਰਾਂ ਤਥਾ ਹੋਰ ਉੱਚਤਮ ਵਿਅਕਤੀਆਂ ਅਤੇ ਨਾਇਕਾਂ ਬਾਰੇ ਲਿਖੀਆਂ ਬਹੁਤ ਸਾਰੀਆਂ ਰਚਨਾਵਾਂ ਉੱਤੇ ਰਚੈਤਾ ਆਪਣਾ ਨਾਂ ਅਤੇ ਤਿਥੀ ਗੁਪਤ ਹੀ ਰੱਖਿਆ ਕਰਦੇ ਸਨ। ਅੱਜ ਵਾਂਗ ਰਚਨਾ ਦੇ ਕਰਤਾ ਦੀ ਜੀਵਨੀ, ਰੇਖਾ-ਚਿੱਤਰ, ਜਾਣ-ਪਛਾਣ ਅਤੇ ਰਚਨਾ ਦੀ ਸਾਮੱਗਰੀ ਦੀ ਵਡਿਆਈ, ਵਿਆਖਿਆ ਅਤੇ ਵਿਵੇਚਨ ਉਥਾਨਕਾ, ਭੂਮਿਕਾ ਜਾਂ ਮੁੱਖ-ਬੰਦ ਦੇ ਰੂਪ ਵਿਚ ਨਾਲ ਹੀ ਦੇ ਦੇਣ ਦੀ ਪਰੰਪਰਾ ਹਾਲੀ ਆਰੰਭ ਨਹੀਂ

ਸੀ ਹੋਈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ (ਪ੍ਰਕਾਸ਼) ਹੋਇਆਂ ਅੱਜ ਪੰਜ ਸੌ ਸਾਲ ਹੋ ਗਏ ਹਨ, ਇਸ ਜਨਮਸਾਖੀ ਵਿਚ ਕਿਉਂਕਿ ਉਹਨਾਂ ਦੇ ਜੀਵਨ ਦੀਆਂ ਘਟਨਾਵਾਂ ਉਹਨਾਂ ਦੇ ਜਨਮ ਤੋਂ ਲੈ ਕੇ ਜੋਤੀ ਜੋਤਿ ਸਮਾਉਣ ਤਕ ਦੇ ਸਮੇਂ ਤਕ ਪੁੱਜ ਜਾਂਦੀਆਂ ਹਨ, ਇਸ ਲਈ ਨਿਸ਼ਚੇ ਹੀ ਇਸ ਦਾ ਰਚਨਾ-ਕਾਲ ਵੱਧ ਤੋਂ ਵੱਧ ਚਾਰ ਕੁ ਸੌ ਸਾਲ ਪਿੱਛੇ ਤਕ ਪੁੱਜ ਸਕਦਾ ਹੈ। ਪਰ ਇਸ ਵਿਚ ਆਏ ਹਵਾਲਿਆਂ ਅਤੇ ਪ੍ਰਸੰਗਾਂ ਆਦਿ ਤੋਂ ਇਸ ਦੇ ਰਚਨਾ-ਕਾਲ ਨੂੰ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਪਹਿਲਾਂ ਨਹੀਂ ਮਿਥਿਆ ਜਾ ਸਕਦਾ ਕਿਉਂਕਿ ਗੁਰੂ ਅਰਜਨ ਦੇਵ ਜੀ ਦੇ ਕੁਝ ਸ਼ਬਦ ਇਸ ਵਿਚ ਦਿੱਤੇ ਗਏ ਮਿਲਦੇ ਹਨ। ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਹਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ 1661 ਬਿਕ੍ਰਮੀ ਵਿਚ ਹੋਇਆ ਸੀ। ਇਸ ਜਨਮਸਾਖੀ ਵਿਚ ਆਈ 'ਝੰਡੇ ਬਾਡੀ' ਵਾਲੀ ਸਾਖੀ ਵਿਚ ਜੋ ਜੁਗਾਵਲੀ (ਜੁਗ ਦੀ ਵਾਰਤਾ) ਲੇਖਕ ਨੇ ਦਿੱਤੀ ਹੈ, ਉਸ ਵਿਚ ਕਿਹਾ ਗਿਆ ਹੈ ਕਿ 'ਕਲਿਜੁਗ ਚਾਰ ਹਜ਼ਾਰ ਸਤ ਸੌ ਪੈਂਤੀਸ ਬਰਸ ਵਰਤਿਆ ਹੈ।' ਇਸ ਤੋਂ ਸਾਡੇ ਇਤਿਹਾਸਕਾਰਾਂ ਨੇ ਵਿਸ਼ੇਸ਼ ਕਰਕੇ ਸ. ਕਰਮ ਸਿੰਘ ਨੇ, ਇਹ ਹਿਸਾਬ ਇੰਜ ਲਾਇਆ ਹੈ ਕਿ ਜਨਮਸਾਖੀ ਦੀ ਰਚਨਾ ਸਮੇਂ ਕਲਜੁਗ ਬੀਤਿਆ 4735 ਵਰ੍ਹੇ, ਹਿਸਾਬ ਲਾਉਣ ਵੇਲੇ ਭਾਵ ਸੰਮਤ 1983 ਵਿਚ ਕਲਜੁਗ ਬੀਤਿਆ 5026 ਵਰ੍ਹੇ। ਫ਼ਰਕ ਆਇਆ 291 ਵਰ੍ਹੇ। 1983 ਵਿਚੋਂ 291 ਵਰ੍ਹੇ ਕੱਢ ਦਿਉ ਤਾਂ ਸੰਮਤ ਬਣਦਾ ਹੈ 1692। ਛੇਵੇਂ ਗੁਰੂ ਸਾਹਿਬ ਸੰਮਤ 1695 ਵਿਚ ਜੋਤੀ ਜੋਤਿ ਸਮਾਏ। ਸੋ ਸਿੱਧ ਹੋਇਆ ਕਿ ਇਹ ਜਨਮਸਾਖੀ 1692 ਦੇ ਲਾਗੇ-ਚਾਗੇ ਰਚੀ ਗਈ ਤੇ ਇੰਜ ਹੁਣ ਤਕ ਕੋਈ ਤਿੰਨ ਸਾਢੇ ਤਿੰਨ ਸੌ ਸਾਲ ਪੁਰਾਣੀ ਹੋ ਗਈ ਹੈ। ਇਸ ਜਨਮਸਾਖੀ ਵਿਚ ਬਾਬੇ ਦੇ ਨੌਂ ਬਰਸਾਂ ਵਿਚ ਤੋਰਕੀ ਜਾਂ ਤੁਰਕੀ ਪੜ੍ਹਨ ਦਾ ਵਰਣਨ ਹੈ। ਭਾਰਤ ਵਿਚ ਅਰਬੀ ਤੇ ਫ਼ਾਰਸੀ ਦਾ ਜ਼ੋਰ ਮੁਗ਼ਲਾਂ ਵੇਲੇ ਹੀ ਹੋਇਆ ਸੀ, ਜਿਸ ਤੋਂ ਪਤਾ ਲੱਗਦਾ ਹੈ ਕਿ ਇਹੀ ਜਨਮਸਾਖੀ ਮੁਗ਼ਲਾਂ ਦੇ ਚੜ੍ਹਦੇ ਕਾਲ ਵਿਚ ਭਾਵ ਅਕਬਰ ਦੇ ਰਾਜ ਦੇ ਲਾਗੇ-ਚਾਗੇ ਲਿਖੀ ਗਈ ਤੇ ਇਹ ਵੀ ਲਗਭਗ 17ਵੀਂ ਸਦੀ ਦਾ ਅੱਧ ਹੀ ਬਣਦਾ ਹੈ।

ਇਹ ਪੁਰਾਤਨ ਜਨਮਸਾਖੀ ਸ਼ੁੱਧ ਰੂਪ ਵਿਚ ਸਾਡੇ ਤਕ ਪੁੱਜੀ ਹੈ ਜਾਂ ਕੁਝ ਅਦਲ-ਬਦਲ ਨਾਲ, ਇਸ ਬਾਰੇ ਵੀ ਵਿਸ਼ਵਾਸ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਦੱਸਿਆ ਜਾਂਦਾ ਹੈ ਕਿ ਈਸਟ ਇੰਡੀਆ ਕੰਪਨੀ ਦੇ ਇਕ ਅੰਗਰੇਜ਼ ਅਧਿਕਾਰੀ ਮਿ. ਕੋਲ ਬਰੁਕ ਨੂੰ ਇਸ ਦਾ ਇਕ ਪੁਰਾਣਾ ਨੁਸਖਾ (ਪੁਸਤਕ ਦੀ ਪ੍ਰਤਿ) ਕਿਧਰੋਂ ਹੱਥ ਲੱਗ ਗਿਆ। ਉਸ ਨੇ ਇਹ ਕੰਪਨੀ ਨੂੰ ਭੇਜ ਦਿੱਤਾ, ਕੰਪਨੀ ਨੇ ਇਸ ਨੂੰ 'ਇੰਡੀਆ ਆਫ਼ਿਸ ਲੰਡਨ' ਦੀ ਲਾਇਬਰੇਰੀ ਵਿਚ ਭੇਜ ਦਿੱਤਾ। ਸੰਨ 1883 ਈਸਵੀ ਭਾਵ 1939 ਬਿਕ੍ਰਮੀ ਵਿਚ ਅੰਮ੍ਰਿਤਸਰ ਦੇ ਕੁਝ ਸਿੱਖਾਂ ਨੇ ਉਸ ਵੇਲੇ ਦੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੂੰ ਕਿਹਾ ਕਿ ਇਹ ਜਨਮਸਾਖੀ ਉਹਨਾਂ ਦੇ ਵਾਚਣ ਲਈ ਲੰਡਨ ਤੋਂ ਮੰਗਵਾ ਦਿੱਤੀ ਜਾਵੇ। ਇਸ ਮੰਗ ਨੂੰ ਪਰਵਾਨ ਕਰਦਿਆਂ ਇਹ ਜਨਮਸਾਖੀ ਉਸੇ ਸਾਲ ਭਾਵ ਸੰਨ 1883 ਈਸਵੀ ਵਿਚ ਲਾਹੌਰ ਮੰਗਾ ਲਈ ਗਈ। ਇਸ ਦੇ ਕੁਝ ਫ਼ੋਟੋ ਉਤਾਰੇ ਕਰਵਾ ਕੇ ਗਵਰਨਰ ਨੇ ਕੁਝ ਚੋਣਵੇਂ ਸਿੱਖਾਂ ਨੂੰ ਸੁਗਾਤ ਵਜੋਂ ਦਿੱਤੇ। ਥੋੜ੍ਹੇ ਚਿਰ ਪਿੱਛੋਂ ਸਿੰਘ ਸਭਾ ਲਾਹੌਰ ਨੇ ਇਸ ਨੂੰ ਪੱਥਰ ਦੇ ਛਾਪੇ ਵਿਚ ਛਾਪਿਆ ਤੇ ਇਸ ਦਾ ਨਾਂ 'ਵਲੈਤ

ਵਾਲੀ ਜਨਮਸਾਖੀ' ਰੱਖਿਆ। ਇਕ ਨੁਸਖਾ 1885 ਵਿਚ ਭਾਈ ਗੁਰਮੁਖ ਸਿੰਘ ਨੂੰ ਹਾਫ਼ਜ਼ਾਬਾਦ ਤੋਂ ਮਿਲਿਆ। ਉਹ ਇਸ ਵਲੈਤ ਵਾਲੀ ਜਨਮਸਾਖੀ ਨਾਲ ਬਹੁਤ ਜ਼ਿਆਦਾ ਮਿਲਦਾ ਸੀ, ਕਿਤੇ-ਕਿਤੇ ਅੱਖਰ-ਜੋੜਾਂ, ਪਦਾਂ ਜਾਂ ਵਾਕਾਂ ਦਾ ਹੀ ਅੰਤਰ ਸੀ। ਇਸ ਦਾ ਨਾਂ ਉਹਨਾਂ ਨੇ 'ਹਾਫ਼ਜ਼ਾਬਾਦ ਵਾਲੀ ਜਨਮਸਾਖੀ' ਰੱਖ ਦਿੱਤਾ। ਇਹੋ ਨੁਸਖਾ ਸਿੱਖ ਇਤਿਹਾਸ ਦੇ ਪ੍ਰਸਿੱਧ ਅੰਗਰੇਜ਼ ਵਿਦਵਾਨ ਮਿ. ਮੈਕਾਲਿਫ਼ ਪਾਸ ਪੁੱਜਾ, ਜਿਹੜਾ ਉਹਨਾਂ ਨੇ ਆਪਣੇ ਖ਼ਰਚ ਉੱਤੇ ਗੁਰਮੁਖੀ ਅੱਖਰਾਂ ਵਿਚ ਛਪਵਾਇਆ। ਇਸ ਦੀ ਭੂਮਿਕਾ ਓਰੀਐਂਟਲ ਕਾਲਜ, ਲਾਹੌਰ ਦੇ ਪ੍ਰੋਫ਼ੈਸਰ ਭਾਈ ਗੁਰਮੁਖ ਸਿੰਘ ਨੇ ਲਿਖੀ। ਇਸ ਦਾ ਨਾਂ ਪਿੱਛੋਂ 'ਮੈਕਾਲਿਫ਼ ਵਾਲੀ ਜਨਮਸਾਖੀ' ਵੱਜਣ ਲੱਗਾ। ਵਲੈਤ ਵਾਲੀ ਜਨਮਸਾਖੀ ਦਾ ਫ਼ੋਟੋ ਵਾਲਾ ਨੁਸਖਾ, ਹਾਫ਼ਜ਼ਾਬਾਦੀ ਨੁਸਖੇ ਦਾ ਪੱਥਰ ਦੇ ਛਾਪੇ ਦਾ ਨੁਸਖਾ (ਜਿਹੜਾ 'ਮੈਕਾਲਿਫ਼ ਵਾਲੀ ਸਾਖੀ ਦੇ ਨਾਂ ਨਾਲ ਪ੍ਰਸਿੱਧ ਹੈ) ਤੇ ਸਿੰਘ ਸਭਾ ਲਾਹੌਰ ਦੇ ਪੱਥਰ ਦੇ ਛਾਪੇ ਦਾ ਨੁਸਖਾ—ਤਿੰਨਾਂ ਦਾ ਮੁਕਾਬਲਾ ਕਰ ਕੇ ਪ੍ਰਸਿੱਧ ਵਿਦਵਾਨ ਸਵਰਗੀ ਡਾ. ਭਾਈ ਵੀਰ ਸਿੰਘ ਨੇ ਬੜੀ ਛਾਣ-ਬੀਣ ਉਪਰੰਤ ਜੋ ਨੁਸਖਾ ਤਿਆਰ ਕੀਤਾ, ਅੱਜ 'ਪੁਰਾਤਨ ਜਨਮਸਾਖੀ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਦੇ ਪੁਰਾਤਨ ਜਨਮਸਾਖੀ ਹੋਣ ਦਾ ਨਿਰਣਾ ਕਿਸੇ ਸੀਮਾ ਤਕ ਠੀਕ ਹੀ ਮੰਨਣਾ ਚਾਹੀਦਾ ਹੈ ਕਿਉਂਕਿ 'ਭਾਈ ਬਾਲੇ ਵਾਲੀ ਜਨਮਸਾਖੀ' ਆਪਣੇ ਨਾਂ ਤੋਂ ਬਹੁਤ ਪੁਰਾਣੀ ਪ੍ਰਤੀਤ ਹੁੰਦੀ ਹੈ ਪਰ ਉਸ ਦਾ ਪ੍ਰਮਾਣੀਕ ਨੁਸਖਾ ਵੀ ਦੁਰਲੱਭ ਹੈ। ਜਿਹੜਾ ਨੁਸਖਾ ਲੱਭਦਾ ਹੈ ਉਹ ਆਪਣੀ ਅੰਦਰਲੀ ਗਵਾਹੀ ਅਨੁਸਾਰ ਦਸਵੇਂ ਪਾਤਸ਼ਾਹ ਦੇ ਸਮੇਂ ਦੇ ਨੇੜੇ-ਤੇੜੇ ਦਾ ਜਾਪਦਾ ਹੈ। ਇਸ ਤਰ੍ਹਾਂ ਭਾਈ ਮਨੀ ਸਿੰਘ ਦੀ ਜਨਮਸਾਖੀ ਵੀ ਦਸਵੇਂ ਪਾਤਸ਼ਾਹ ਦੇ ਸਮੇਂ ਤੋਂ ਪਹਿਲਾਂ ਦੀ ਨਹੀਂ ਹੋ ਸਕਦੀ। ਸ੍ਰੀ ਮਿਹਰਬਾਨ ਦੀ ਜਨਮਸਾਖੀ ਜੋ ਵੱਧ ਤੋਂ ਵੱਧ ਪੁਰਾਣੀ ਮੰਨੀ ਜਾਏ ਤਾਂ ਇਸ ਜਨਮਸਾਖੀ ਤੋਂ ਪਹਿਲਾਂ ਦੀ ਨਹੀਂ ਸਿੱਧ ਹੁੰਦੀ, ਇਸ ਦੇ ਨੇੜੇ-ਤੇੜੇ ਦੀ ਸ਼ਾਇਦ ਹੋਵੇ।

ਪੁਰਾਤਨ ਜਨਮਸਾਖੀ ਵਿਚ ਆਈਆਂ ਸਾਖੀਆਂ ਦੀ ਵਿਸ਼ੇਸ਼ਤਾ ਉਹਨਾਂ ਦੀ ਇਤਿਹਾਸਕ ਤੌਰ 'ਤੇ ਠੀਕ ਜਾਂ ਵਿਗਿਆਨਕ ਤੌਰ 'ਤੇ ਤਰਕ-ਪੂਰਨ ਹੋਣ ਵਿਚ ਨਹੀਂ ਸਗੋਂ ਇਹਨਾਂ ਦੀ ਵਿਸ਼ੇਸ਼ਤਾ ਪੰਜਾਬੀ ਗਦ-ਸਾਹਿਤ ਵਿਚ ਇਹਨਾਂ ਦੇ ਸਥਾਨ ਤੋਂ ਅਤੇ ਜਾਂ ਇਹ ਇਹਨਾਂ ਦੇ ਸ਼ੈਲੀਗਤ ਰੂਪ ਵਿਧੀ ਤੋਂ ਵਧੇਰੇ ਮਹੱਤਵਪੂਰਨ ਹੈ।

ਜੇਕਰ ਇਸ ਨੂੰ ਜੀਵਨੀ-ਸਾਹਿਤ ਦੇ ਇਕ ਰੂਪ ਵਿਚ ਜੋਖਿਆ-ਪਰਖਿਆ ਜਾਵੇ ਤਾਂ ਜੀਵਨੀ ਦੇ ਨਵੀਨ ਰੂਪ ਨਾਲ ਇਹ ਮੇਲ ਨਹੀਂ ਖਾਂਦੀ। ਪਰ ਮੱਧਕਾਲ ਵਿਚ ਲਿਖੀਆਂ ਗਈਆਂ ਜੀਵਨੀਆਂ ਨਾਲ ਨਿਰਸੰਦੇਹ ਇਹ ਸਾਵੀਂ ਤੁਲ ਸਕਦੀ ਹੈ। ਮੱਧਕਾਲ ਵਿਚ ਜੀਵਨੀਆਂ ਆਮ ਤੌਰ 'ਤੇ ਧਾਰਮਿਕ ਪੁਰਸ਼ਾਂ ਦੀਆਂ ਹੀ ਲਿਖੀਆਂ ਜਾਂਦੀਆਂ ਸਨ ਅਤੇ ਉਹਨਾਂ ਦਾ ਵਿਧਾਨਿਕ ਰੂਪ ਪਰਸਪਰ ਵਾਰਤਾਲਾਪ, ਪ੍ਰਸ਼ਨੋਤਰੀ, ਗੋਸ਼ਟੀ, ਵਿਆਖਿਆ ਜਾਂ ਕਾਲਪਨਿਕ ਸਾਖੀਆਂ ਤੇ ਘਟਨਾਵਾਂ ਹੀ ਹੁੰਦਾ ਸੀ, ਜਿਨ੍ਹਾਂ ਤੋਂ ਇਹ ਸਿੱਧ ਕੀਤਾ ਜਾ ਸਕੇ ਕਿ ਸੰਬੰਧਿਤ ਜਨਮਸਾਖੀ ਦਾ ਨਾਇਕ ਅਗਮ-ਅਗੋਚਰ ਸ਼ਕਤੀਆਂ ਦਾ ਸਵਾਮੀ ਹੈ ਅਤੇ ਉਹ ਕੋਈ ਸਾਧਾਰਣ ਮਨੁੱਖ ਨਾ ਰਹਿ ਕੇ ਕੋਈ ਦੈਵੀ ਪੁਰਸ਼ ਤਥਾ ਪੀਰ-ਪੈਗ਼ੰਬਰ, ਔਲੀਆ ਅਤੇ ਅਵਤਾਰ ਹੈ। ਇਸ ਤਰ੍ਹਾਂ ਮੱਧਕਾਲ ਵਿਚ ਲਿਖੀਆਂ ਬਹੁਤ ਸਾਰੇ ਧਰਮ ਪੁਰਸ਼ਾਂ ਦੀਆਂ ਜਨਮਸਾਖੀਆਂ ਜਾਂ ਜੀਵਨੀਆਂ ਵਿਚ ਲਗਭਗ ਅਸੀਂ ਇਕੋ ਤਰ੍ਹਾਂ ਦਾ ਰੂਪ ਵਿਧਾਨ ਅਤੇ ਵਿਧੀ ਅਪਣਾਈ ਵੇਖਦੇ ਹਾਂ। ਇਕ ਧਰਮ ਦੇ ਆਗੂ

ਨਾਲ ਜਿਹੜੀਆਂ ਸਾਖੀਆਂ ਤੇ ਕਰਾਮਾਤਾਂ ਆਦਿ ਕਦੇ ਜੁੜ ਗਈਆਂ, ਉਹੋ ਹੀ ਨਵੇਂ ਆਗੂ ਜਾਂ ਮਹਾਤਮਾ ਨਾਲ ਜੋੜ ਦਿੱਤੀਆਂ ਗਈਆਂ, ਜਿਵੇਂ ਮਹਾਤਮਾ ਬੁੱਧ ਨੇ ਆਪਣੇ ਗੁਰੂ ਨੂੰ ਪੜ੍ਹਾਇਆ ਅਤੇ ਹਜ਼ਰਤ ਮੁਹੰਮਦ ਸਾਹਿਬ ਅੱਲ੍ਹਾ ਨੂੰ ਮਿਲਣ ਅਸਮਾਨਾਂ ਉੱਤੇ ਗਏ ਤਾਂ ਗੁਰੂ ਨਾਨਕ ਦੇਵ ਜੀ ਨਾਲ ਵੀ ਪਾਂਧੇ ਨੂੰ ਪੜ੍ਹਾਉਣ ਦੀ ਸਾਖੀ ਜੋੜ ਦਿੱਤੀ ਗਈ। ਵੇਖੋ ਪੁਰਾਤਨ ਜਨਮਸਾਖੀ ਦੀ ਸਾਖੀ ਅੰਕ 2, ਦੇ ਪੱਟੀ, ਯਾਦਾਂ।

ਜਬ ਬਾਬਾ ਬਰਸਾਂ ਸਤਾਂ ਕਾ ਹੋਇਆ ਤਬ ਕਾਲੂ ਕਹਿਆ: 'ਨਾਨਕ ਤੂੰ ਪੜ੍ਹ' ਤਬ ਗੁਰੂ ਨਾਨਕ ਕਉ ਪਾਂਧੇ ਪਾਸ ਲੈ ਗਇਆ। ਕਾਲੂ ਕਹਿਆ ਪਾਂਧੇ ਇਸਨੂੰ ਪੜਾਇ। ਤਬ ਪਾਧੇ ਪੱਟੀ ਦਿਤੀ, ਅਖਰਾਂ ਪੈਂਤੀਨ ਕੀ ਮਹਾਰਨੀ, ਤਬ ਗੁਰੂ ਨਾਨਕ ਲਗਾ ਪੜ੍ਹਨ, ਆਸਾ ਵਿਚ ਪਟੀ ਮ: ੧, ਆਦਿ ਬਾਣੀ ਹੋਈ।

ਅਤੇ ਅੱਗੇ ਰਾਗ ਆਸਾ ਮਹਲਾ ੧ ਪਟੀ ਲਿਖੀ: ਦੇ ਸਿਰਲੇਖ ਹੇਠ ਸ਼ਬਦ ਇੰਜ ਸ਼ੁਰੂ ਹੋ ਜਾਂਦਾ ਹੈ: '੧ੴ ਸਤਿਗੁਰ ਪ੍ਰਸਾਦਿ' ਸਸੈ ਸੋਇ ਸ੍ਰਿਸਟ ਜਿਨਿ ਸਾਜੀ:

ਸਾਖੀ। ਪੰਨਾ 23: ਵੇਈਂ ਪ੍ਰਵੇਸ਼।

ਇਕ ਦਿਨ ਆਗਿਆ ਪਰਮੇਸ਼ਰ ਕੀ ਹੋਈ, ਜੋ ਨਿਤਾ ਪ੍ਰਤਿ ਦਰਿਆਓ ਵੈਂਦਾ ਆਹਾ ਸੁ ਇਕ ਦਿਨ ਇਕੁ ਖਿਜਮਤਿਦਾਰੁ ਲੇਕਰਿ ਗਇਆ, ਕਪੜੇ ਲਾਇ, ਖਿਜਮਤਿਦਾਰ ਕੇ ਹਵਾਲੇ ਕੀਤੇ ਆਪ ਨਾਵਣਿ ਪਇਆ। ਜਿਉਂ ਪਇਆ ਤਿਉਂ ਆਗਿਆ ਪਰਮੇਸ਼ਰ ਕੀ ਨਾਇ, ਸੇਵਕ ਲੈ ਗਏ ਦਰਗਾਹ ਪਰਮੇਸ਼ਰ ਕੀ।' ਅਗੋਂ ਪਰਮੇਸ਼ਰ ਨਾਲ ਗੁਰੂ ਨਾਨਕ ਦੇਵ ਜੀ ਦੀਆਂ ਗੱਲਾਂ ਦਾ ਵਰਣਨ ਹੈ: ਹੁਕਮ ਹੋਆ: ਨਾਨਕ ਇਹ ਅੰਮ੍ਰਿਤ ਮੇਰੇ ਨਾਮ ਕਾ ਪਿਆਲਾ ਹੈ, ਤੂ ਪੀਓ। ਤਬਿ ਨਾਨਕ ਤਸਲੀਮ ਕੀਤੀ, ਪਿਆਲਾ ਪੀਤਾ, ਸਾਹਿਬੁ ਮਿਹਰਬਾਨ ਹੋਆ: ਨਾਨਕ ਮੈਂ ਤੇਰੇ ਨਾਲ ਹਾਂ। ਤੂੰ ਜਾਇ ਕਰ ਮੇਰਾ ਨਾਮ ਜਪਿ ਅਰ ਲੋਕਾਂ ਥੀਂ ਭੀ ਜਪਾਇ।'

ਇਸ ਜਨਮਸਾਖੀ ਦਾ ਸਭ ਤੋਂ ਮੁੱਖ ਸ਼ੈਲੀਗਤ ਲੱਛਣ ਇਸ ਦਾ ਸੰਖਿਪਤ ਹੋਣਾ ਹੈ। ਇਸ ਵਿਚ ਕੁਝ 5 ਸਾਖੀਆਂ ਹਨ ਅਤੇ ਸਵਾਏ ਸਾਖੀ ਦੇ ਅੰਕ 31 ਤੋਂ ਜਾਂ ਕਿ ਜਿਥੇ ਇਕ ਤੋਂ ਵੱਧ ਸ਼ਬਦ ਇਕੋ ਸਾਖੀ ਵਿਚ ਕਹੇ ਗਏ ਹਨ, ਕੋਈ ਸਾਖੀ ਅੱਧ-ਸਫ਼ੇ ਤੋਂ ਵੱਡੀ ਨਹੀਂ। ਕਈ ਇਤਿਹਾਸਕਾਰਾਂ ਨੇ ਇਹਨਾਂ ਸਾਖੀਆਂ ਵਿਚੋਂ ਪੰਜਾਬੀ ਦੀ ਨਿੱਕੀ ਕਹਾਣੀ ਦੇ ਤੱਤ ਵੀ ਕੱਢਣ ਦੇ ਯਤਨ ਕੀਤੇ ਹਨ, ਪਰ ਨਿੱਕੀ ਕਹਾਣੀ ਦਾ ਜੋ ਆਧੁਨਿਕ ਰੂਪ ਹੈ ਉਸ ਨਾਲ ਇਹ ਕਹਾਣੀਆਂ ਮੇਲ ਨਹੀਂ ਖਾਂਦੀਆਂ ਪਰ ਗੁਰੂ ਨਾਨਕ ਦੇਵ ਜੀ ਦੇ ਚਰਿੱਤਰ ਤਥਾ ਬਿੰਬ ਨੂੰ ਉਜਾਗਰ ਕਰਨ ਵਿਚ ਇਹ ਆਪਣੀ-ਆਪਣੀ ਥਾਂ ਅਤੇ ਫਿਰ ਲੜੀਗਤ ਅਤੇ ਸਮੂਹਿਕ ਰੂਪ ਵਿਚ ਬਹੁਤ ਵਧੇਰੀ ਸੀਮਾਂ ਤਕ ਸਹਾਈ ਹੁੰਦੀਆਂ ਹਨ। ਕਈਆਂ ਸਾਖੀਆਂ ਵਿਚੋਂ ਸਾਨੂੰ ਉਸ ਸਮੇਂ ਦੇ ਸਮਾਜਿਕ ਵਰਤਾਰਿਆਂ ਬਾਰੇ ਵੀ ਸੂਚਨਾ ਮਿਲਦੀ ਹੈ, ਜਿਵੇਂ ਉਸ ਵੇਲੇ ਤੁਰਕੀ ਪੜ੍ਹਾਈ ਜਾਂਦੀ ਸੀ, ਪੜ੍ਹਾਈ ਮਸੀਤਾਂ ਜਾਂ ਸ਼ਿਵਾਲਿਆਂ ਵਿਚ ਹੁੰਦੀ ਸੀ, ਮੁਗ਼ਲਾਂ ਦਾ ਦਬ-ਦਬਾ ਸੀ, ਵਿਆਹ ਛੋਟੀ ਉਮਰ ਵਿਚ ਹੁੰਦੇ ਸਨ ਤੇ ਨੌਕਰੀਆਂ ਹਾਕਮਾਂ ਤਕ ਅਸਰ-ਰਸੂਖ਼ ਵਾਲੇ ਲੋਕਾਂ ਨੂੰ ਹੀ ਮਿਲਦੀਆਂ ਸਨ। ਦੇਸ ਵਿਚ ਸਾਧੂਆਂ, ਫ਼ਕੀਰਾਂ ਤੇ ਸੂਫ਼ੀਆਂ ਦੀਆਂ ਮੰਡਲੀਆਂ ਫਿਰਦੀਆਂ ਰਹਿੰਦੀਆਂ ਸਨ, ਹਾਕਮ ਸਖ਼ਤੀ ਨਾਲ ਧਰਮ ਦਾ ਪ੍ਰਚਾਰ ਕਰਦੇ ਸਨ ਤੇ ਸੂਫ਼ੀ ਪ੍ਰੇਮ-ਮੁਹੱਬਤ ਨਾਲ।'

ਇਸ ਜਨਮਸਾਖੀ ਦੀ ਬੋਲੀ ਅੱਜ ਦੀ ਠੇਠ ਤੇ ਟਕਸਾਲੀ ਪੰਜਾਬੀ ਨਹੀਂ ਪਰ ਫਿਰ ਵੀ

ਮੂਲ ਰੂਪ ਵਿਚ ਇਸ ਦਾ ਜੁੱਸਾ ਉਸ ਪੰਜਾਬੀ ਦਾ ਜੁੱਸਾ ਹੈ, ਜਿਹੜੀ ਅੱਜ ਤੋਂ ਸਾਢੇ ਤਿੰਨ ਸੌ ਸਾਲ ਪਹਿਲਾਂ ਸਾਧੂ ਫ਼ਕੀਰਾਂ ਤੇ ਵਾਰਤਾਲਾਪਾਂ ਅਤੇ ਗੋਸ਼ਟੀਆਂ ਲਈ ਵਰਤੀ ਜਾਂਦੀ ਸੀ, ਜਿਸ ਨੂੰ ਸਾਰੇ ਲੋਕ ਜਿਉਂ ਦਾ ਤਿਉਂ ਬੋਲਦੇ ਨਹੀਂ ਸਨ ਤਾਂ ਸਮਝਦੇ ਜ਼ਰੂਰ ਸਨ ਅਤੇ ਜਿਹੜੀ ਇਸ ਜਨਮਸਾਖੀ ਦੇ ਰਚਨ-ਕਾਲ ਤੋਂ ਕੁਝ ਸੌ ਸਾਲ ਪਹਿਲਾਂ ਵਿਕਸਤ ਹੋ ਚੁੱਕੀ ਹੋਈ ਸੀ। ਇਸ ਦ੍ਰਿਸ਼ਟੀ ਤੋਂ ਇਹ ਜਨਮਸਾਖੀ ਸਾਨੂੰ ਚਾਰ-ਪੰਜ ਸੌ ਸਾਲ ਪਹਿਲਾਂ ਦੀ ਪੁਰਾਣੀ ਪੰਜਾਬੀ ਤੇ ਉਹ ਵੀ ਗਦ ਰੂਪ ਦੀ ਵੰਨਗੀ ਪੇਸ਼ ਕਰਦੀ ਹੈ। ਇਸ ਵਿਚ ਭਾਵੇਂ ਫ਼ਾਰਸੀ ਤੇ ਅਰਬੀ ਦੇ ਸ਼ਬਦ ਕਾਫ਼ੀ ਮਿਲਦੇ ਹਨ ਪਰ ਬਹੁਤਾ ਪ੍ਰਭਾਵ ਸੰਸਕ੍ਰਿਤ ਦਾ ਹੀ ਹੈ। ਪ੍ਰਾਂਤਕ ਅੰਤਰ ਵੇਖਣਾ ਹੋਵੇ ਤਾਂ ਇਸ ਵਿਚ ਪੋਠੋਹਾਰੀ ਦੀ ਝਲਕ ਵੀ ਹੈ ਪਰ ਪ੍ਰਧਾਨਤਾ ਜਿਹਲਮ ਦੇ ਨੇੜੇ-ਤੇੜੇ ਦੇ ਇਲਾਕੇ ਦੀ ਹੈ। ਕਿਤੇ-ਕਿਤੇ ਲਹਿੰਦੀ ਦਾ ਅਸਰ ਵੀ ਹੈ। ਕਈ ਥਾਂ 'ਕ, ਕੋ, ਕੀ' ਵਰਤੇ ਹਨ ਅਤੇ ਕਈ ਥਾਂ 'ਦ, ਦੇ, ਦੀ'। ਸ਼ਬਦ-ਜੋੜ ਵੀ ਪ੍ਰਾਚੀਨ ਹਨ। ਗਿਆ ਨੂੰ ਗਇਆ ਅਤੇ ਹੋਇਆ ਨੂੰ ਹੋਆ ਲਿਖਿਆ ਹੈ। ਕਈ ਵਾਰ ਲੇਖਕ ਇਕੋ ਸ਼ਬਦ ਦੇ ਜੋੜ ਵੱਖ-ਵੱਖ ਥਾਵਾਂ ਉੱਤੇ ਵੱਖ-ਵੱਖ ਕਰਦਾ ਹੈ, ਪਰ ਹੋ ਸਕਦਾ ਹੈ ਕਿ ਇਹ ਭੁੱਲ ਉਤਾਰਾ ਕਰਨ ਵਾਲਿਆਂ ਕੋਲੋਂ ਸੁਭਾਵਿਕ ਹੀ ਹੋ ਗਈ ਹੋਵੇ।

ਵਾਕ ਛੋਟੇ-ਛੋਟੇ ਅਤੇ ਸੰਜਮ-ਯੁਕਤ ਹਨ। ਬੋਲੀ ਸੰਜੋਗਾਤਮਕ ਹੈ। ਸ਼ੈਲੀ ਕਾਵਮਈ, ਸਰਸ ਪ੍ਰਵਾਹਮਈ ਅਤੇ ਟੁੰਬਣਸ਼ੀਲ ਹੈ ਅਤੇ ਵਰਣਾਤਮਕ ਹੈ। ਕਈ ਥਾਂ ਵਾਰਤਾਲਾਪ ਅਤੇ ਨਾਟਕ ਤਥਾ ਗੋਸ਼ਟੀ ਦੀ ਵਿਧੀ ਵਰਤੀ ਗਈ ਹੈ।

ਜਨਮਸਾਖੀ ਦੇ ਨਾਇਕ ਤਥਾ ਗੁਰੂ ਨਾਨਕ ਦੇਵ ਜੀ ਦੇ ਵਿਅਕਤਿਤਵ ਦੇ ਚਿਤਰਨ ਵਿਚ ਸਾਖੀਕਾਰ ਕਾਫ਼ੀ ਸੀਮਾ ਤਕ ਸਫ਼ਲ ਰਿਹਾ ਹੈ। ਸਿਵਾਏ ਇਸ ਤੋਂ ਕਿ ਸ਼ਰਧਾ ਅਤੇ ਰਵਾਇਤ ਵੱਸ ਉਸ ਨੇ ਗੁਰੂ ਨਾਨਕ ਦੇਵ ਜੀ ਨੂੰ ਇਕ ਦੈਵੀ ਅਤੇ ਅਗੰਮੀ ਸ਼ਕਤੀ ਅਤੇ ਕਰਾਮਾਤਾਂ ਦਾ ਧਾਰਨੀ ਵਿਖਾਇਆ ਹੈ, ਜਿਹੜਾ ਕਿ ਸਿੱਖੀ ਦੇ ਮੂਲ ਦਰਸ਼ਨ ਨਾਲ ਮੇਲ ਨਹੀਂ ਖਾਂਦਾ, ਕਰਤਾ ਨੇ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਤਥਾ ਚਰਿੱਤਰ ਦਾ ਕਈ ਪੱਖਾਂ ਤੋਂ ਬੜਾ ਸੁੰਦਰ ਬਿੰਬ ਉਜਾਗਰ ਕੀਤਾ ਹੈ। ਗੁਰੂ ਨਾਨਕ ਗਹਿਰ ਗੰਭੀਰ, ਰੱਬ ਦਾ ਭੈ ਮੰਨ ਵਾਲਾ, ਇਕ ਅਕਾਲ ਪੁਰਖ ਉੱਤੇ ਟੇਕ ਰੱਖਣ ਵਾਲਾ, ਵਹਿਮਾਂ-ਭਰਮਾਂ ਅਤੇ ਕਰਮ-ਕਾਂਡ ਨੂੰ ਖੰਡਨ ਕਰਨ ਵਾਲਾ, ਲੋਕਾਂ ਦਾ ਹਿਤਕਾਰੀ, ਸੱਚ ਨੂੰ ਮੂੰਹ ਉੱਤੇ ਕਹਿਣ ਵਾਲਾ, ਨਿਡਰ, ਨਿਰਮਾਣ, ਨਿਰਲੋਭ, ਨਿਧੜਕ, ਤਿਆਗੀ, ਤਪੱਸਵੀ, ਸਾਧਾਰਨ ਗ੍ਰਹਿਸਤੀ, ਜਗਤ-ਤਾਰਕ ਅਤੇ ਸਰਬ-ਸਾਂਝ ਦਾ ਹੋਕਾ ਦੇਣ ਵਾਲਾ ਇਕ ਅਵਤਾਰ ਹੈ ਜਿਹੜਾ ਜਗਤ ਦੇ ਕਲਿਆਣ ਅਤੇ ਨਿਸਤਾਰੇ ਲਈ ਜਨਮਿਆ, ਜੀਵਿਆ ਅਤੇ ਜੋਤੀ ਜੋਤਿ ਸਮਾਇਆ।

ਪੁਰਾਤਨ ਜਨਮਸਾਖੀ ਨੂੰ ਆਪਣੇ ਵਿਸ਼ੇ-ਵਸਤੂ ਅਤੇ ਪੁਰਾਤਨ ਪੰਜਾਬੀ ਗਦ ਦੇ ਸ਼ੈਲੀਗਤ ਦ੍ਰਿਸ਼ਟੀ ਤੋਂ ਪੰਜਾਬੀ ਸਾਹਿਤ ਵਿਚ ਨਿਸ਼ਚੇ ਹੀ ਇਕ ਆਦਰਨੀਯ ਸਥਾਨ ਪ੍ਰਾਪਤ ਹੈ ਅਤੇ ਅੱਗੋਂ ਪ੍ਰਾਪਤ ਰਹੇਗਾ।

(11/1969)

ਭਾਈ ਗੁਰਦਾਸ ਜੀ ਦੀ ਪਹਿਲੀ ਵਾਰ:
ਗੁਰੂ ਨਾਨਕ ਦੇਵ ਜੀ

ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿਚ ਜਿਥੇ ਸਾਨੂੰ ਸਮਕਾਲੀਨ ਸਮਾਜ ਦੀ ਨਿਘਰ ਚੁੱਕੀ ਧਾਰਮਿਕ, ਸਮਾਜਿਕ, ਰਾਜਨੀਤਕ ਅਤੇ ਆਰਥਿਕ ਅਵਸਥਾ ਦੀ ਤਰਸਯੋਗ ਹਾਲਤ ਵਿਖਾਈ ਦਿੰਦੀ ਹੈ, ਉਥੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਬਹੁਤ ਸਾਰੀ ਸਿਧਾਂਤਕ, ਇਤਿਹਾਸਕ ਤੇ ਪ੍ਰਮਾਣਿਕ ਸਾਮੱਗਰੀ ਵੀ ਉਪਲੱਬਧ ਹੁੰਦੀ ਹੈ, ਜਿਸ ਤੋਂ ਸਹਿਜੇ ਹੀ ਗੁਰੂ ਨਾਨਕ ਦੇਵ ਜੀ ਦੀ ਮਹਾਨ ਸ਼ਖ਼ਸੀਅਤ ਦੇ ਦਰਸ਼ਨ ਕੀਤੇ ਜਾ ਸਕਦੇ ਹਨ।

ਗੁਰੂ ਨਾਨਕ ਦੇਵ ਜੀ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੇ ਨਾਇਕ ਹਨ ਜਿਨ੍ਹਾਂ ਦਾ ਟਾਕਰਾ ਉਹਨਾਂ ਲੋਕਾਂ ਅਤੇ ਸ਼ਕਤੀਆਂ ਨਾਲ ਹੁੰਦਾ ਹੈ, ਜੋ ਸਮਾਜ, ਧਰਮ ਅਤੇ ਰਾਜਨੀਤੀ ਲਈ ਹਰ ਤਰ੍ਹਾਂ ਮਾਰੂ ਸਿੱਧ ਹੋ ਕੇ ਸਮੁੱਚੇ ਜਗਤ ਨੂੰ ਗਿਲਾਨੀ ਦੇ ਖੱਡੇ ਵਿਚ ਧਕੇਲ ਰਹੀਆਂ ਸਨ। ਸਾਰੇ ਪਾਸੇ ਅਗਿਆਨਤਾ ਦੀ ਧੁੰਦ, ਲੋਭ ਤੇ ਕੂੜ ਦਾ ਬੋਲ-ਬਾਲਾ, ਪਾਪ ਤੇ ਜ਼ੁਲਮ ਦਾ ਰਾਜ ਹੈ। ਅਸਲ ਵਿਚ ਇਹ ਸਮਾਂ ਉਹੋ ਜਿਹੀ ਜੁਗ-ਗਰਦੀ ਹੈ, ਜਿਹੋ ਜਿਹੇ ਸਮੇਂ ਸਿਰਜਣਹਾਰ ਨੂੰ ਧਰਤੀ ਦੀਆਂ ਪੀੜਾਂ ਦਾ ਭਾਰ ਹਲਕਾ ਕਰਨ ਲਈ ਕਿਸੇ ਅਵਤਾਰ ਜਾਂ ਪੈਗ਼ੰਬਰ ਨੂੰ ਭੇਜਣਾ ਪੈਂਦਾ ਹੈ।

ਭਾਈ ਗੁਰਦਾਸ ਜੀ ਅਨੁਸਾਰ ਅਜਿਹੇ ਸਮੇਂ ਅਕਾਲ ਪੁਰਖ ਸਤਿਗੁਰੂ ਸਰੂਪ ਵਿਚ ਪ੍ਰਗਟ ਹੋ ਕੇ ਆਪਣੀ ਗਿਆਨ-ਮਈ ਜੋਤਿ ਦਾ ਪ੍ਰਕਾਸ਼ਣ ਕਰਦਾ ਹੈ, ਜਿਸ ਦੇ ਪ੍ਰਕਾਸ਼ ਅੰਦਰ ਸੱਚ ਨੂੰ ਪਛਾਣ ਕੇ ਕੋਈ ਵੀ ਮਨੁੱਖ ਭਵਜਲ ਤੋਂ ਪਾਰ ਸੱਚਖੰਡ ਦਾ ਵਸਨੀਕ ਬਣ ਸਕਦਾ ਹੈ। ਜਿਸ ਮਹਾਨ ਆਤਮਾ ਦੁਆਰਾ ਬ੍ਰਹਮ (ਪਰਮਾਤਮਾ) ਆਪਣੇ ਸ਼ਬਦ-ਗਿਆਨ (ਬਾਣੀ) ਨੂੰ ਅਵਤ੍ਰਿਤ ਕਰਦਾ ਹੈ, ਉਹ ਵੀ ਪ੍ਰਭੂ ਨਾਲ ਪੂਰਨ ਅਭੇਦਤਾ ਅਤੇ ਸਮੂਹ ਦੈਵੀ ਸ਼ਕਤੀਆਂ ਨਾਲ ਮਾਲਾ-ਮਾਲ ਹੋਣ ਕਰਕੇ ਗੁਰੂ ਜਾਂ ਸਤਿਗੁਰੂ ਅਖਵਾਉਂਦੀ ਹੈ।

ਭਾਈ ਗੁਰਦਾਸ ਜੀ ਲਈ ਗੁਰੂ ਨਾਨਕ ਮੁੱਖ ਰੂਪ ਵਿਚ ਸਤਿਗੁਰੂ ਜਾਂ ਗੁਰੂ-ਸ਼ਖ਼ਸੀਅਤ ਹੀ ਹਨ, ਜਿਨ੍ਹਾਂ ਨੇ ਉਹਨਾਂ ਸਮੂਹ ਕਾਰਜਾਂ ਨੂੰ ਪੂਰਨ ਸਫਲਤਾ ਨਾਲ ਸਿਰੇ ਚਾੜ੍ਹਿਆ, ਜੋ ਭਾਰਤੀ ਪਰੰਪਰਾ ਵਿਚ ਇਕ ਅਵਤਾਰ ਜਾਂ ਸਾਮੀ ਪਰੰਪਰਾ ਵਿਚ ਇਕ ਪੈਗ਼ੰਬਰ ਕਰਦਾ ਹੈ:

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।...
ਪਾਰਬ੍ਰਹਮੁ ਪੂਰਨ ਬ੍ਰਹਮੁ ਕਲਿਜੁਗਿ ਅੰਦਰਿ ਇਕੁ ਦਿਖਾਇਆ।...
ਕਲਿਜੁਗੁ ਬਾਬੇ ਤਾਰਿਆ ਸਤਿ ਨਾਮੁ ਪੜ੍ਹਿ ਮੰਤ੍ਰੁ ਸੁਣਾਇਆ।

ਕਲਿ ਤਾਰਣਿ ਗੁਰੁ ਨਾਨਕੁ ਆਇਆ॥ (ਵਾਰ ੧/੨੩)

ਵਾਰਕਾਰ ਆਪਣੀ ਵਾਰ ਦੇ ਨਾਇਕ ਦੀ ਸ਼ਕਤੀ ਤੇ ਮਹਿਮਾ ਨੂੰ ਹਰ ਤਰ੍ਹਾਂ ਦੇ ਅਤਿਕਥਨੀ ਅਲੰਕਾਰਾਂ ਦੀ ਵਰਤੋਂ ਦੁਆਰਾ ਵੱਧ ਤੋਂ ਵੱਧ ਪ੍ਰਭਾਵਸ਼ਾਲੀ ਢੰਗ ਨਾਲ ਨਿਰੂਪਣ ਕਰਨ ਦੀ ਪੂਰੀ ਕੋਸ਼ਿਸ਼ ਕਰਦਾ ਹੈ ਪਰ ਭਾਈ ਗੁਰਦਾਸ ਜੀ ਨੂੰ ਕਿਸੇ ਅਤਿਕਥਨੀ ਅਲੰਕਾਰ ਦੀ ਲੋੜ ਨਹੀਂ ਪੈਂਦੀ। ਆਪਣੇ ਨਾਇਕ ਨੂੰ ਸੰਸਾਰ-ਸਟੇਜ ਉਪਰ ਪੇਸ਼ ਕਰਨ ਤੋਂ ਪਹਿਲਾਂ ਉਹਨਾਂ ਨੇ ਪੁਰਾਤਨ ਯੁਗਾਂ, ਵੇਦਾਂ, ਕਤੇਬਾਂ, ਖਟ ਸ਼ਾਸਤਰਾਂ, ਅਵਤਾਰਾਂ, ਪੈਗ਼ੰਬਰਾਂ ਅਤੇ ਬ੍ਰਾਹਮਣ, ਜੋਗੀ, ਕਾਜ਼ੀ, ਮੌਲਵੀ ਆਦਿ ਧਾਰਮਿਕ ਆਗੂਆਂ ਨੂੰ ਇਸ ਤਰ੍ਹਾਂ ਵਾਰੀ-ਵਾਰੀ ਵਰਣਨ ਕੀਤਾ ਹੈ ਕਿ ਉਹ ਸਭ ਦੇ ਸਭ ਉਸ ਕਾਰਜ ਨੂੰ ਸੰਪੂਰਨ ਕਰਨ ਵਿਚ ਅਸਫ਼ਲ ਵਿਖਾਏ ਹਨ, ਜਿਸ ਦੀ ਪੂਰਤੀ ਗੁਰੂ ਨਾਨਕ ਸਾਹਿਬ ਹੀ ਕਰ ਸਕੇ ਹਨ:

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।
ਸਿੰਘੁ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ।...
ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਵੀ ਸਚਾ ਢੋਆ।
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ॥ (ਵਾਰ ੧/੨੭)

ਗੁਰੂ ਨਾਨਕ ਵਰਗੀ ਮਹਾਨ ਸ਼ਖ਼ਸੀਅਤ ਦੀ ਅਭਿਵਿਅਕਤੀ ਲਈ ਸੂਰਜ ਤੇ ਸ਼ੇਰ ਵਰਗੇ ਉਪਮਾਨ ਹੀ ਸਾਰਥਕ ਹੋ ਸਕਦੇ ਹਨ। ਉਹ ਅਜਿਹੀ ਗੁਰਮੁਖ ਸ਼ਖ਼ਸੀਅਤ ਦੇ ਧਾਰਨੀ ਸਨ, ਜਿਨ੍ਹਾਂ ਲਈ ਹਿੰਦੂ-ਮੁਸਲਮਾਨਾਂ ਜਾਂ ਵਰਣ-ਆਸ਼ਰਮਾਂ ਦਾ ਝਗੜਾ ਤੇ ਵੰਡੀਆਂ ਉਸ ਮਨਮੁਖਤਾ ਦੀਆਂ ਪ੍ਰਤੀਕ ਹਨ ਜੋ ਇਕ ਸਾਂਝੀ ਲੋਕਾਈ ਨੂੰ ਦੋ-ਮੂੰਹੀਂ ਕੈਂਚੀ ਵਾਂਗ ਲੀਰੋ-ਲੀਰ ਕਰ ਕੇ ਮਨੁੱਖਤਾ ਨੂੰ ਵਿਅਰਥ ਬਣਾਉਂਦੀ ਹੈ। ਉਹਨਾਂ ਨੇ ਸੂਰਜ ਵਾਂਗ ਸਮੁੱਚੇ ਜਗਤ ਨੂੰ ਰੁਸ਼ਨਾਇਆ। ਸ਼ੇਰ ਦੀ ਭਬਕ ਅਤੇ ਮੱਤਾਂ-ਮਤਾਂਤਰਾਂ ਦੇ ਹਾਮੀ ਕੂੜੇ ਮਨਮੁਖ ਟਿਕ ਨਾ ਸਕੇ ਅਤੇ ਸਾਰੇ ਬ੍ਰਹਿਮੰਡ ਵਿਚ ਚੰਦ ਦੀ ਚਾਨਣੀ ਵਰਗੀ ਮਿੱਠੀ ਸੀਤਲਤਾ ਪਸਰ ਗਈ:

ਛਪੇ ਨਾਹਿ ਛਪਾਇਆ ਚੜਿਆ ਸੂਰਜੁ ਜਗੁ ਰੁਸਨਾਈ।
ਬੁਕਿਆ ਸਿੰਘ ਉਜਾੜ ਵਿਚਿ ਸਭਿ ਮਿਰਗਾਵਲਿ ਭੰਨੀ ਜਾਈ।
ਚੜਿਆ ਚੰਦੁ ਨ ਲੁਕਈ ਕਢਿ ਕੁਨਾਲੀ ਜੋਤਿ ਛਪਾਈ।...
ਜਗਿ ਅੰਦਰਿ ਕੁਦਰਤਿ ਵਰਤਾਈ॥ (ਵਾਰ ੧/੩੪)

ਸਮੁੱਚੇ ਜਗਤ ਵਿਚ ਸਾਂਝੇ ਪੀਰ 'ਜਗਤ-ਗੁਰੂ' ਹੋਣ ਕਰਕੇ ਬਾਬਾ ਨਾਨਕ ਜੀ ਬ੍ਰਹਿਮੰਡੀ ਤੇ ਦੀਰਘ ਦ੍ਰਿਸ਼ਟੀ ਵਾਲੇ ਵਿਸ਼ਾਲ ਅਨੁਭਵੀ ਪੁਰਖ ਹਨ। ਇਸ ਵਿਸ਼ਾਲ ਅਨੁਭਵ ਦੀ ਪ੍ਰਾਪਤੀ ਪਿੱਛੇ ਜਿਥੇ ਧੁਰੋਂ ਬਖ਼ਸ਼ੀ ਹੋਈ ਦੈਵੀ ਰੂਹ ਆਧਾਰ ਬਣਦੀ ਹੈ, ਉਥੇ ਉਹਨਾਂ ਦੀ ਮਨੁੱਖੀ ਜਾਮੇ ਵਿਚ ਆਉਣ ਉਪਰੰਤ ਕੀਤੀ ਕੜੀ ਤਪੱਸਿਆ, ਵੱਡੀ ਘਾਲਣਾ, ਰਸਾਂ-ਕਸਾਂ ਅਤੇ ਦੁਨੀਆਂ ਵਿਚਲੇ ਸਮੂਹ ਸੁਖ-ਆਰਾਮ ਦਾ ਤਿਆਗ ਵੀ ਸ਼ਾਮਲ ਹੈ। ਇਸ ਸਭ ਕੁਝ ਦੇ ਸਦਕਾ ਹੀ ਉਹਨਾਂ ਨੂੰ ਪ੍ਰਭੂ ਦੇ ਦਰ 'ਨਉ ਨਿਧਿ ਨਾਮੁ ਗਰੀਬੀ' ਦੀ ਦਾਤ ਪ੍ਰਾਪਤ ਹੁੰਦੀ ਹੈ। ਜਿਸ ਦੀ ਪ੍ਰਾਪਤੀ ਉਪਰੰਤ ਉਹਨਾਂ ਨੂੰ ਸਾਰੀ ਧਰਤੀ ਦੀਆਂ ਪੀੜਾਂ ਪ੍ਰਤੱਖ ਦਿਖਾਈ ਦੇਣ ਲੱਗਦੀਆਂ ਹਨ ਤੇ ਉਹ ਸਰਬ-ਸਾਂਝੀ ਸ਼ਖ਼ਸੀਅਤ ਵਾਲੇ ਗੁਰੂ ਬਣ ਕੇ ਉਹਨਾਂ ਪੀੜਾਂ ਤੋਂ ਧਰਤੀ ਤੇ ਉਸ ਉਪਰ ਵੱਸਦੇ

ਲੋਕਾਂ ਨੂੰ ਮੁਕਤ ਕਰਵਾਉਣ ਲਈ ਕਮਰਕੱਸਾ ਕਰ ਲੈਂਦੇ ਹਨ:

ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝੁ ਗੁਰੂ ਗੁਬਾਰੁ ਹੈ, ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣਿ ਧਰਤਿ ਲੁਕਾਈ॥ (ਵਾਰ ੧/੨੪)

ਜਦੋਂ ਅਸੀਂ ਗੁਰੂ ਨਾਨਕ ਦੇਵ ਜੀ ਨੂੰ ਇਕ ਮਹਾਨ ਉਦਾਸੀ ਦੇ ਰੂਪ ਵਿਚ ਵਿਚਾਰਦੇ ਹਾਂ ਕਿ ਉਹਨਾਂ ਨੇ ਪੂਰਬ ਤੋਂ ਪੱਛਮ ਤਕ ਤੇ ਉੱਤਰ ਤੋਂ ਦੱਖਣ ਤਕ ਹਜ਼ਾਰਾਂ ਮੀਲਾਂ ਦਾ ਫ਼ਾਸਲਾ ਪੈਦਲ ਤਹਿ ਕੀਤਾ, ਧਰਮ ਅਤੇ ਮੁਕਤੀ ਦੇ ਸਹੀ ਅਰਥ ਅਤੇ ਉਹਨਾਂ ਦੀ ਪ੍ਰਾਪਤੀ ਦੇ ਸਫ਼ਲ ਸਾਧਨਾਂ ਦਾ ਗਿਆਨ ਦੇਣ ਲਈ ਸੁਮੇਰ ਪਰਬਤ ਦੀ ਉਚਾਈ ਉਪਰ ਜਾ ਪੁੱਜੇ। ਹਿੰਦੂਆਂ, ਮੁਸਲਮਾਨਾਂ ਤੇ ਜੋਗੀਆਂ, ਸਭ ਦੇ ਪਖੰਡਾਂ, ਫੋਕੇ ਕਰਮ-ਕਾਂਡਾਂ ਅਤੇ ਥੋਥੇ ਵਿਸ਼ਵਾਸਾਂ ਨੂੰ ਚੂਰ-ਚੂਰ ਕਰ ਦਿੱਤਾ। ਸਿੱਧਾਂ-ਨਾਥਾਂ ਦੀਆਂ ਰਿਧੀਆਂ-ਸਿਧੀਆਂ ਨੂੰ ਵਿਅਰਥ ਬਣਾ ਦਿੱਤਾ ਤਾਂ ਇਹ ਮੰਨਣਾ ਪੈਂਦਾ ਹੈ ਕਿ ਉਹ ਦੈਵੀ ਅਤੇ ਸਰੀਰਕ ਦੋਹਾਂ ਪੱਖਾਂ ਤੋਂ ਅਤਿ ਵੱਡੀ ਸ਼ਕਤੀਸ਼ਾਲੀ ਬਲਵਾਨ ਸ਼ਖ਼ਸੀਅਤ ਦੇ ਮਾਲਕ ਹਨ, ਜੋ ਹਜ਼ਾਰਾਂ ਮੀਲ ਪੈਦਲ ਚੱਲ ਸਕਦੇ ਹਨ ਅਤੇ ਸੁਮੇਰ ਪਰਬਤ ਉਪਰ ਵੀ ਆਸਾਨੀ ਨਾਲ ਚੜ੍ਹ ਸਕਦੇ ਹਨ। ਉਹਨਾਂ ਦੀ ਦੈਵੀ ਸ਼ਕਤੀ ਦਾ ਲੋਹਾ ਹਰ ਕਿਸੇ ਨੂੰ ਮੰਨਣਾ ਪੈਂਦਾ ਹੈ ਤੇ ਉਹ ਵੀ ਪੂਰਨ ਸਤਿਕਾਰ ਸਹਿਤ। ਜਿਵੇਂ ਭਾਈ ਸਾਹਿਬ ਦੀ ਵਾਰ ਵਿਚੋਂ ਅਨੇਕਾਂ ਹਵਾਲੇ ਪ੍ਰਾਪਤ ਹੁੰਦੇ ਹਨ:

ਸਬਦਿ ਜਿਤੀ ਸਿਧਿ ਮੰਡਲੀ... (ਵਾਰ ੧/੩੧)
ਸਿਧਿ ਤੰਤ੍ਰ ਮੰਤ੍ਰਿ ਕਰਿ ਝੜਿ ਪਏ (ਵਾਰ ੧/੪੨)
ਸਿਧਿ ਬੋਲਨਿ ਸੁਭਿ ਬਚਨਿ ਧਨੁ ਨਾਨਕ ਤੇਰੀ ਵਡੀ ਕਮਾਈ।
ਵਡਾ ਪੁਰਖੁ ਪਰਗਟਿਆ ਕਲਿਜੁਗਿ ਅੰਦਰਿ ਜੋਤਿ ਜਗਾਈ। (ਵਾਰ ੧/੪੪)
ਗੜ ਬਗਦਾਦੁ ਨਿਵਾਇ ਕੈ ਮਕਾ ਮਦੀਨਾ ਸਭੇ ਨਿਵਾਇਆ।...
ਹਿੰਦੂ ਮੁਸਲਮਾਣਿ ਨਿਵਾਇਆ॥ (ਵਾਰ ੧/੩੭)

ਮੁੱਕਦੀ ਗੱਲ ਕਿ:

ਉਗਵਣਹੁ ਤੇ ਆਥਵਣੋ ਨਉ ਖੰਡ ਪ੍ਰਿਥਮੀ ਸਭ ਝੁਕਾਈ। (ਵਾਰ ੧/੩੪)

ਇਸ ਤਰ੍ਹਾਂ ਗੁਰੂ ਨਾਨਕ ਸਾਹਿਬ, ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿਚੋਂ ਜਗਤ-ਜੇਤੂ, ਜਗਤ-ਤਾਰਕ ਸਿੱਧ ਹੁੰਦੇ ਹਨ। ਉਹਨਾਂ ਦੀ ਅਗੰਮੀ, ਦੈਵੀ ਤੇ ਮਹਾਨ ਸ਼ਖ਼ਸੀਅਤ ਨੂੰ ਵਿਅਕਤ ਕਰਨ ਲਈ ਮਾਨਵ ਸ਼ਬਦਾਵਲੀ ਪੂਰਨ ਰੂਪ ਵਿਚ ਸਮਰੱਥ ਨਹੀਂ ਹੋ ਸਕਦੀ। ਇਸੇ ਕਰਕੇ ਭਾਈ ਗੁਰਦਾਸ ਜੀ ਉਹਨਾਂ ਨੂੰ 'ਅਕਾਲ ਰੂਪ', 'ਵੱਡਾ ਪੁਰਖ', 'ਜਾਣੀ ਜਾਣ' ਅਤੇ ਅਗੰਮ, ਅਗਾਧ ਸ਼ਖ਼ਸੀਅਤ ਦੇ ਮਾਲਕ ਲਿਖ ਕੇ ਬਿਆਨ ਕਰਦੇ ਹਨ:

ਸਤਿਗੁਰ ਅਗਮ ਅਗਾਧਿ ਪੁਰਖੁ...। (ਵਾਰ ੧/੩੧)
ਬਾਬਾ ਜਾਣੀ ਜਾਣ ਪੁਰਖ...। (ਵਾਰ ੧/੩੯)
ਵਡਾ ਪੁਰਖੁ ਪਰਗਟਿਆ...। (ਵਾਰ ੧/੪੪)

ਆਪਣੀ ਵਿਚਾਰਧਾਰਾ ਦੇ ਸਿਧਾਂਤ ਨੂੰ ਦੂਜਿਆਂ ਦੇ ਮੁਕਾਬਲੇ ਸੱਚਾ, ਵਿਵਹਾਰਕ ਤੇ ਪ੍ਰਵਾਨ

ਕਰਨ ਯੋਗ ਸਿੱਧ ਕਰਦੇ ਸਮੇਂ ਗੁਰੂ ਸਾਹਿਬ ਆਪਣੇ ਵਚਿੱਤਰ ਨਾਟਕੀ ਢੰਗ ਦੇ ਨਾਲ-ਨਾਲ ਖ਼ੂਬਸੂਰਤ ਤੇ ਅਤਿ ਢੁਕਵੀਆਂ ਦਲੀਲਾਂ ਦੀ ਵਰਤੋਂ ਵੀ ਕਰਦੇ ਹਨ, ਜਿਹੜੀਆਂ ਉਹਨਾਂ ਨੂੰ ਇਕ ਮਹਾਨ ਤਰਕਵਾਦੀ ਫ਼ਿਲਾਸਫ਼ਰ ਦੇ ਰੂਪ ਵਿਚ ਪੇਸ਼ ਕਰਦੀਆਂ ਹਨ। ਇਸ ਗੱਲ ਦੀ ਉੱਤਮ ਮਿਸਾਲ ਸਿੱਧਾਂ ਅਤੇ ਮੁਲਤਾਨ ਦੇ ਪੀਰਾਂ ਨਾਲ ਹੋਈ ਵਾਰਤਾ ਵਿਚੋਂ ਮਿਲਦੀ ਹੈ:

ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੁ ਕੇ ਘਰਿ ਮੰਗਣਿ ਜਾਈ। (ਵਾਰ ੧/੪੦)

ਅਗੋਂ ਪੀਰ ਮੁਲਤਾਨ ਦੇ ਦੁਧਿ ਕਟੋਰਾ ਭਰਿ ਲੈ ਆਈ।

ਬਾਬੇ ਕਢਿ ਕਰਿ ਬਗਲ ਤੇ ਚੰਬੇਲੀ ਦੁਧਿ ਵਿਚਿ ਮਿਲਾਈ। (ਵਾਰ ੧/੪੪)

ਉਪਰੋਕਤ ਸਭ ਕੁਝ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਇਕ ਦੂਰ-ਦਰਸ਼ੀ ਸ਼ਖ਼ਸੀਅਤ ਦੇ ਮਾਲਕ ਦੇ ਰੂਪ ਵਿਚ ਵੀ ਨਿਰੂਪਤ ਹੋਏ ਹਨ। ਉਹ ਇਸ ਸਚਾਈ ਤੋਂ ਭਲੀ ਪ੍ਰਕਾਰ ਚੇਤੰਨ ਹਨ ਕਿ ਗੁਰਮਤਿ ਵਿਚਾਰਧਾਰਾ ਨੂੰ ਸਦੀਵੀ ਰੂਪ ਵਿਚ ਸਥਾਪਿਤ ਕਰਨ ਲਈ ਇਕ ਸੰਸਥਾਗਤ ਮਰਯਾਦਾ ਦਾ ਬੰਨ੍ਹਣਾ ਬਹੁਤ ਜ਼ਰੂਰੀ ਹੈ। ਇਸ ਕਰਕੇ ਹੀ ਉਹਨਾਂ ਨੇ ਜਿਥੇ ਆਪਣੀ ਬਾਣੀ ਅਤੇ ਭਗਤਾਂ ਦੀ ਸੱਚੀ ਬਾਣੀ ਨੂੰ ਆਪਣੇ ਪਾਸ ਪੋਥੀ ਦੇ ਰੂਪ ਵਿਚ ਸੁਰੱਖਿਅਤ (ਇਕੱਠਾ) ਕੀਤਾ, ਉਥੇ ਗੁਰਸਿੱਖੀ ਦੇ ਬੂਟੇ ਨੂੰ ਸੰਪੂਰਨ ਰੂਪ ਵਿਚ ਵਧਣ-ਫੁੱਲਣ ਤੇ ਅਮਰ ਪਦਵੀ ਤਕ ਪਹੁੰਚਾਉਣ ਲਈ ਗੁਰਿਆਈ ਕੀ ਪਰੰਪਰਾ ਕਾਇਮ ਕੀਤੀ, ਜਿਸ ਵਿਚ ਜੋਤੀ ਜੋਤਿ ਮਿਲਾ ਕੇ ਕਾਇਆ ਪਲਟ ਲੈਣਾ ਦੁਨੀਆਂ ਦੇ ਇਤਿਹਾਸ ਵਿਚ ਨਵੀਨ, ਪਹਿਲੀ ਤੇ ਵਚਿੱਤਰ ਮਿਸਾਲ ਹੈ।

(11/1982)

ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ

(ਆਗਮਨ, ਸ਼ਖ਼ਸੀਅਤ ਅਤੇ ਸੰਦੇਸ਼)

ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਵਿਅਕਤਿਤਵ ਸੰਬੰਧੀ ਸਾਨੂੰ ਜਾਣਕਾਰੀ ਜਨਮਸਾਖੀਆਂ, ਗੋਸ਼ਟਾਂ, ਪਰਚੀਆਂ ਆਦਿ ਸਾਹਿਤ ਤੋਂ ਮਿਲਦੀ ਹੈ ਅਤੇ ਉਹਨਾਂ ਦੇ ਮਾਨਵ ਕਲਿਆਣ ਲਈ ਦਿੱਤੇ ਸੰਦੇਸ਼ਾਂ ਦੀ ਜਾਣਕਾਰੀ ਦਾ ਸਭ ਤੋਂ ਪ੍ਰਮਾਣਿਕ ਸੋਮਾ (ਆਦਿ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਉਹਨਾਂ ਦੀ ਆਪਣੀ ਰਚਨਾ ਹੈ। ਇਹਨਾਂ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਸੰਬੰਧੀ ਜਾਣਕਾਰੀ ਸਾਨੂੰ ਭਾਈ ਗੁਰਦਾਸ ਜੀ ਦੀਆਂ ਵਾਰਾਂ, ਵਿਸ਼ੇਸ਼ ਕਰਕੇ ਪਹਿਲੀ, 11ਵੀਂ, 24ਵੀਂ ਅਤੇ 26ਵੀਂ ਵਾਰ ਤੋਂ ਵੀ ਮਿਲ ਜਾਂਦੀ ਹੈ। ਪਹਿਲੀ ਵਾਰ ਦਾ ਤਾਂ ਮੂਲ ਉਦੇਸ਼ ਹੀ ਗੁਰੂ ਨਾਨਕ ਸਾਹਿਬ ਦਾ ਵਿਅਕਤਿਤਵ ਦਰਸਾਉਣਾ ਹੈ। ਇਸ ਰਚਨਾ ਦੀ ਭਰੋਸੇਯੋਗਤਾ ਅਤੇ ਪ੍ਰਮਾਣਿਕਤਾ ਦੂਜੇ ਸੋਮਿਆਂ ਤੋਂ ਵਧੇਰੇ ਅਤੇ ਸਰਬ-ਪ੍ਰਵਾਣਿਤ ਹੈ। ਇਸ ਦਾ ਕਾਰਣ ਇੰਦੂ ਭੂਸ਼ਨ ਇਉਂ ਦੱਸਦਾ ਹੈ, "ਭਾਈ ਗੁਰਦਾਸ ਨੇ ਆਪਣੀ ਰਚਨਾ ਗੁਰੂ ਨਾਨਕ ਤੋਂ 60 ਸਾਲ ਮਗਰੋਂ ਰਚੀ, ਜਦੋਂ ਕਿ ਗੁਰੂ ਨਾਨਕ ਦੇਵ ਜੀ ਦੇ ਕੁਝ ਸਮਕਾਲੀ ਅਜੇ ਜਿਉਂਦੇ ਸਨ ਅਤੇ ਉਹਨਾਂ ਵਿਚੋਂ ਇਕ ਨੇ ਤਾਂ ਘੱਟੋ-ਘੱਟ ਮਾਨਸਿਕ ਓਜ਼ ਨੂੰ ਸਾਂਭਿਆ ਹੋਇਆ ਸੀ।"[1] ਇਥੇ ਬੈਨਰਜੀ ਦਾ ਸੰਕੇਤ ਬਾਬਾ ਬੁੱਢਾ ਜੀ ਵੱਲ ਹੈ।

ਇਹ ਨਿਰਣਾ ਕਰਨਾ ਕਿ ਪਹਿਲੀ ਵਾਰ ਕਿਸ ਕਿਸਮ ਦੀ ਰਚਨਾ ਹੈ, ਅਢੁਕਵਾਂ ਨਹੀਂ ਹੋਵੇਗਾ। ਇਹ ਵਾਰ ਨਾ ਤਾਂ ਮੁਕੰਮਲ ਇਤਿਹਾਸਕ-ਜੀਵਨੀ ਹੈ ਅਤੇ ਨਾ ਹੀ ਜੀਵਨ-ਕਥਾ ਵਜੋਂ ਪ੍ਰਵਾਨ ਹੋ ਸਕਦੀ ਹੈ। ਇਤਿਹਾਸਕ-ਜੀਵਨੀ ਵਿਚ ਸੰਬੰਧਿਤ ਵਿਅਕਤੀ ਦੇ ਜਨਮ ਤੋਂ ਲੈ ਕੇ ਚਲਾਣੇ ਤਕ ਉਸ ਦੇ ਜੀਵਨ ਦੀਆਂ ਘਟਨਾਵਾਂ ਦਾ ਵਿਸਥਾਰ-ਪੂਰਵਕ ਵੇਰਵਾ ਤਾਰੀਖ਼ਾਂ, ਨਾਵਾਂ ਅਤੇ ਥਾਵਾਂ ਆਦਿ ਦੇ ਹਵਾਲਿਆਂ ਸਮੇਤ ਸ਼ਾਮਲ ਹੁੰਦਾ ਹੈ, ਪਰ ਇਸ ਵਾਰ ਵਿਚ ਗੁਰੂ-ਜੀਵਨ ਨਾਲ ਸੰਬੰਧਿਤ ਘਟਨਾਵਾਂ ਦਾ ਜ਼ਿਕਰ ਹੈ। ਗੁਰੂ ਨਾਨਕ ਦੇਵ ਜੀ ਦੇ ਬਚਪਨ ਤੋਂ ਲੈ ਕੇ ਅੰਤਿਮ ਸਵਾਸਾਂ ਤਕ ਦੇ ਜੀਵਨ ਦਾ ਕੋਈ ਜ਼ਿਕਰ ਨਹੀਂ। ਇਸ ਤੋਂ ਇਲਾਵਾ ਇਸ ਵਾਰ ਵਿਚ ਗੁਰੂ ਨਾਨਕ ਦੇਵ ਜੀ ਦੇ ਨਿੱਜੀ ਪਰਿਵਾਰ (ਮਾਤਾ, ਪਿਤਾ, ਭੈਣ, ਪਤਨੀ, ਬੱਚੇ) ਬਾਰੇ ਵੀ ਕੋਈ ਜਾਣਕਾਰੀ ਨਹੀਂ ਹੈ। ਇਸ ਤਰ੍ਹਾਂ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਸੰਪੂਰਨ ਇਤਿਹਾਸਕ-ਜੀਵਨੀ ਨਹੀਂ ਕਹੀ ਜਾ ਸਕਦੀ ਹੈ।

ਜੀਵਨ-ਕਥਾ ਵਿਚ ਵੀ ਕਿਸੇ ਵਿਸ਼ੇਸ਼ ਵਿਅਕਤੀ ਦੇ ਜੀਵਨ ਦਾ ਹੀ ਵਰਣਨ ਹੁੰਦਾ ਹੈ।

ਡਾ. ਰਤਨ ਸਿੰਘ ਜੱਗੀ ਅਨੁਸਾਰ, ''ਜੀਵਨੀ ਉਹ ਸਾਹਿਤ ਰੂਪ ਹੈ ਜਿਸ ਵਿਚ ਕਿਸੇ ਵਿਸ਼ੇਸ਼ ਵਿਅਕਤੀ ਦੇ ਜੀਵਨ ਇਤਿਹਾਸ ਨੂੰ ਪ੍ਰਸਤੁਤ ਕੀਤਾ ਜਾਵੇ।''[2] ਇਨਸਾਈਕਲੋਪੀਡੀਆ ਬਰੀਟੈਨਿਕਾ ਅਨੁਸਾਰ, ''ਜੀਵਨੀ ਉਹ ਬਿਰਤਾਂਤ ਹੈ ਜੋ ਕਿਸੇ ਵਿਅਕਤੀ ਦੇ ਜੀਵਨ ਦੀਆਂ ਘਟਨਾਵਾਂ ਨੂੰ ਅੰਕਿਤ ਕਰ ਕੇ ਉਸ ਦੇ ਵਿਅਕਤਿਤਵ ਨੂੰ ਕਲਾਮਈ ਢੰਗ ਨਾਲ ਨਵੇਂ ਸਿਰਿਉਂ ਸਿਰਜਦੀ ਹੈ। ਗਲਪ ਸਾਹਿਤ ਦੇ ਉਲਟ ਇਹ ਅਜਿਹਾ ਜੀਵਨ ਸਿਰਜਦੀ ਹੈ ਜੋ ਵਾਸਤਵ ਵਿਚ ਜੀਵਿਆ ਗਿਆ ਹੋਵੇ।''[3] ਇਤਿਹਾਸਕ-ਜੀਵਨੀ ਅਤੇ ਜੀਵਨ-ਕਥਾ ਵਿਚ ਮੁੱਖ ਅੰਤਰ ਇਹ ਹੁੰਦਾ ਹੈ ਕਿ ਇਤਿਹਾਸਕ-ਜੀਵਨੀ ਲਿਖਣ ਦਾ ਉਦੇਸ਼ ਕਿਸੇ ਵਿਅਕਤੀ ਬਾਰੇ ਜਾਣਕਾਰੀ ਦੇਣਾ ਹੁੰਦਾ ਹੈ ਤਾਂ ਜੀਵਨ-ਕਥਾ ਲਿਖਣ ਦਾ ਉਦੇਸ਼ ਸਮਾਜ ਨੂੰ ਕੋਈ ਸਿੱਖਿਆਦਾਇਕ ਸੰਦੇਸ਼ ਦੇਣਾ ਹੁੰਦਾ ਹੈ। ਜੀਵਨ-ਕਥਾ ਦੇ ਲੇਖਕ ਸ਼ਰਧਾਲੂ ਅਤੇ ਸਮਰਪਿਤ ਹੁੰਦੇ ਹਨ, ਇਥੇ ਕਾਰਣ ਇਸ ਦੇ ਲੇਖਕਾਂ ਵੱਲੋਂ ਆਪਣੇ ਨਾਇਕ ਸੰਬੰਧੀ ਕੁਝ ਅਤਿਕਥਨੀਆਂ ਵੀ ਸ਼ਾਮਲ ਹੋ ਜਾਂਦੀਆਂ ਹਨ। ਸਿੱਖ ਸਾਹਿਤ ਵਿਚ ਇਸ ਕਿਸਮ ਦੀ ਰਚਨਾ ਵਿਚ ਜਨਮਸਾਖੀਆਂ ਆਦਿ ਨੂੰ ਰੱਖਿਆ ਜਾ ਸਕਦਾ ਹੈ।

ਪਰ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਉਪਰੋਕਤ ਦੋਹਾਂ ਕਿਸਮਾਂ ਦੇ ਸਾਹਿਤ ਤੋਂ ਭਿੰਨ 'ਵਾਰ' ਰੂਪ ਵਿਚ ਰਚੀ ਰਚਨਾ ਹੈ। ਇਸ ਕਾਵਿ-ਰੂਪ ਵਿਚ ਆਮ ਕਰਕੇ ਨਾਇਕ ਦਾ ਜੱਸ ਗਾਇਆ ਹੁੰਦਾ ਹੈ। ਪਹਿਲੀ ਵਾਰ ਦਾ ਨਾਇਕ ਗੁਰੂ ਨਾਨਕ ਹੈ, ਜਿਸ ਦਾ ਮੁਕਾਬਲਾ ਵੱਖ-ਵੱਖ ਮਤਾਂ, ਜਾਤਾਂ-ਪਾਤਾਂ ਦੇ ਹਾਮੀ ਲੋਕਾਂ ਤੋਂ ਬਿਨਾਂ ਰਾਜਸੀ ਅਤੇ ਖ਼ੂੰਖ਼ਾਰ ਦਰਿੰਦਿਆਂ ਨਾਲ ਹੈ। ਭਾਈ ਗੁਰਦਾਸ ਜੀ ਨੇ ਇਹ ਕਾਵਿ-ਰੂਪ ਸੋਚੀ-ਸਮਝੀ ਯੋਜਨਾ ਅਧੀਨ ਹੀ ਅਪਣਾਇਆ ਹੈ।

ਪਹਿਲੀ ਵਾਰ ਦੀਆਂ 49 ਪਉੜੀਆਂ ਦੀ ਵਿਸ਼ੇ ਦੇ ਪੱਖ ਤੋਂ ਹੇਠ ਲਿਖੀ ਵੰਡ ਹੋ ਸਕਦੀ ਹੈ :

(ੳ) ਪਹਿਲੀ ਪਉੜੀ ਮੰਗਲਾਚਰਣ ਹੈ।

(ਅ) ਦੂਜੀ ਤੋਂ ਬਾਈਵੀਂ—ਇਸ ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ ਧਾਰਨ ਤੋਂ ਪਹਿਲਾਂ ਦੀ ਅਵਸਥਾ ਅਤੇ ਸਮਕਾਲੀ ਸਮਾਜ ਦੀਆਂ ਪ੍ਰਸਥਿਤੀਆਂ ਦਾ ਵਰਣਨ ਹੈ। ਇਸ ਭਾਗ ਨੇ ਗੁਰੂ ਨਾਨਕ ਦੇਵ ਜੀ ਦੇ ਆਗਮਨ ਲਈ ਪਲਾਟ ਤਿਆਰ ਕੀਤਾ ਹੈ। ਇਸ ਤਰ੍ਹਾਂ ਇਸ ਭਾਗ ਨੇ ਮਸੀਹੀਆਂ ਦੀ ਓਲਡ ਟੈਸਟਾਮੈਂਟ ਵਾਲਾ ਫ਼ਰਜ਼ ਨਿਭਾਇਆ ਹੈ।

(ੲ) ਅਗਲੀਆਂ ਛੇ ਪਉੜੀਆਂ ਵਿਚ ਸਿੱਖ ਲਹਿਰ ਦਾ ਆਗਮਨ ਦੱਸਿਆ ਹੈ।

(ਸ) 29ਵੀਂ ਪਉੜੀ ਤੋਂ ਲੈ ਕੇ 49ਵੀਂ ਪਉੜੀ ਵਿਚ ਪੁਰਾਣੇ ਸਿਧਾਂਤਾਂ ਦੀ ਥਾਂ ਸਿੱਖ ਸਿਧਾਂਤਾਂ ਦੀ ਸਾਰਥਕਤਾ ਦਰਸਾਈ ਗਈ ਹੈ। ਵਿਦਵਾਨਾਂ ਨੇ ਇਸ ਭਾਗ ਨੂੰ ਗੁਰੂ ਨਾਨਕ ਜੀ ਦੇ ਜੀਵਨ, ਵਿਅਕਤਿਤਵ ਅਤੇ ਸੰਦੇਸ਼ਾਂ ਸੰਬੰਧੀ ਜਾਣਕਾਰੀ ਦੇਣ ਦੇ ਪੱਖ ਤੋਂ ਬਹੁਤ ਮਹੱਤਵਪੂਰਨ ਮੰਨਿਆ ਹੈ। ਇਸ ਭਾਗ ਦੇ ਆਧਾਰ 'ਤੇ ਹੀ ਭਾਈ ਮਨੀ ਸਿੰਘ ਜੀ ਨੇ 'ਗਿਆਨ ਰਤਨਾਵਲੀ' ਰਚੀ ਮੰਨੀ ਜਾਂਦੀ ਹੈ ਪਰ ਨਿਰੋਲ ਇਸ ਵਾਰ 'ਤੇ ਆਧਾਰਿਤ ਗੁਰੂ ਨਾਨਕ ਦੇਵ ਜੀ ਦਾ ਜੀਵਨ ਚਿਤਰਨਾ ਸੁਗਮ ਕਾਰਜ ਨਹੀਂ। ਇਸ ਵਾਰ ਤੋਂ ਗੁਰੂ ਜੀ ਦੀ ਸ਼ਖ਼ਸੀਅਤ ਸੰਬੰਧੀ ਕਾਫ਼ੀ ਜਾਣਕਾਰੀ ਹਾਸਲ ਹੋ ਜਾਂਦੀ ਹੈ।

ਗੁਰੂ ਨਾਨਕ ਦੇਵ ਜੀ ਦਾ ਆਗਮਨ

ਵਾਰ ਦੇ ਦੂਜੇ ਹਿੱਸੇ ਵਿਚ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਦੀ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਅਵਸਥਾ ਦਾ ਜ਼ਿਕਰ ਬੜੇ ਵਿਸਥਾਰ ਪੂਰਵਕ ਢੰਗ ਨਾਲ ਕੀਤਾ ਗਿਆ ਹੈ ਜਿਸ ਦਾ ਵਿਧੀ-ਵੱਤ ਵਰਣਨ ਅਸੀਂ ਇਉਂ ਕਰ ਸਕਦੇ ਹਾਂ:

ਸਮਾਜਿਕ ਦੁਫੇੜ

ਉਸ ਸਮੇਂ ਮਨੁੱਖਤਾ ਵਿਚ ਕਈ ਤਰ੍ਹਾਂ ਦੀਆਂ ਵੰਡੀਆਂ ਪੈਣ ਕਾਰਨ, ਮਨੁੱਖ-ਮਨੁੱਖ ਦਾ ਵੈਰੀ ਬਣ ਗਿਆ ਸੀ। ਜੇਕਰ ਹਿੰਦੂ ਤੇ ਮੁਸਲਿਮ ਦੋ ਮੁੱਖ ਵੰਡਾਂ ਸਨ ਤਾਂ ਫਿਰ ਅੱਗੇ ਹਿੰਦੂ ਅਤੇ ਮੁਸਲਿਮ ਵੀ ਕਈ ਤਰ੍ਹਾਂ ਨਾਲ ਵੰਡੇ ਹੋਏ ਸਨ। ਹਿੰਦੂਆਂ ਵਿਚਲੀ ਜਾਤ-ਪਾਤ, ਜੋਗੀਆਂ ਦੇ ਬਾਰਾਂ ਪੰਥ, ਸੰਨਿਆਸੀਆਂ ਦੇ ਵੱਖ-ਵੱਖ ਫ਼ਿਰਕੇ, ਛੇ ਦਰਸ਼ਨ ਆਦਿ ਕਰਕੇ ਸਮੁੱਚੀ ਹਿੰਦੂ ਜਮਾਤ ਜੇਕਰ ਖੇਰੂੰ-ਖੇਰੂੰ ਹੋਈ ਪਈ ਸੀ[4] ਤਾਂ ਦੂਜੇ ਪਾਸੇ ਮੁਸਲਮਾਨਾਂ ਵਿਚ ਵੀ 72 ਫ਼ਿਰਕੇ ਪ੍ਰਚਲਿਤ ਸਨ ਅਤੇ ਇਹਨਾਂ ਦੀ ਆਪਸੀ ਖਿੱਚ-ਧੂਹ ਹੁੰਦੀ ਰਹਿੰਦੀ ਸੀ।[5]

ਧਾਰਮਿਕ ਪਤਨ

ਆਮ ਲੋਕ ਕਰਮ-ਕਾਂਡ ਨੂੰ ਹੀ ਧਰਮ ਸਮਝ ਕੇ ਉਹਨਾਂ ਨਾਲ ਚਿੰਬੜੇ ਪਏ ਸਨ। ਗੁਰੂ ਅਤੇ ਸ਼ਿਸ਼ ਦਾ ਰਿਸ਼ਤਾ ਵੀ ਕੇਵਲ ਸੁਆਰਥਾਂ ਤਕ ਹੀ ਰਹਿ ਗਿਆ ਸੀ ਅਤੇ ਅਗਿਆਨਤਾ ਕਰਕੇ ਸਭ ਭਟਕ ਰਹੇ ਸਨ।[6] ਸੱਚੇ ਗੁਰੂ ਦੀ ਅਣਹੋਂਦ ਕਰਕੇ ਸਾਰੀ ਜਨਤਾ ਅਗਿਆਨਤਾ ਦੇ ਹਨੇਰ 'ਚ ਪਈ ਹੋਈ ਸੀ।[7]

ਸੰਖੇਪ ਵਿਚ ਭਾਈ ਗੁਰਦਾਸ ਜੀ ਨੇ ਧਰਮ ਦੀ ਦੁਰਦਸ਼ਾ ਦਾ ਜ਼ਿਕਰ ਇਉਂ ਕੀਤਾ ਹੈ:

ਕੋਇ ਨ ਕਿਸੈ ਪੂਜਦਾ ਊਚ ਨੀਚ ਸਭਿ ਗਤਿ ਬਿਸਰਾਈ।
ਭਏ ਬਿਅਦਲੀ ਪਾਤਸਾਹ ਕਲਿ ਕਾਤੀ ਉਮਰਾਇ ਕਸਾਈ।
ਰਹਿਆ ਤਪਾਵਸੁ ਤ੍ਰਿਹੁ ਜੁਗੀ ਚਉਥੇ ਜੁਗਿ ਜੋ ਦੇਇ ਸੁ ਪਾਈ।
ਕਰਮ ਭ੍ਰਿਸਟਿ ਸਭਿ ਭਈ ਲੋਕਾਈ॥ *(ਵਾਰ ੧/੭)*

ਰਾਜਸੀ ਧੱਕਾ

ਰਾਜਸੀ ਪ੍ਰਸਥਿਤੀਆਂ ਵੀ ਉਸ ਸਮੇਂ ਬਹੁਤੀਆਂ ਚੰਗੀਆਂ ਨਹੀਂ ਸਨ। 'ਜਿਸ ਦੀ ਲਾਠੀ ਉਸੇ ਦੀ ਭੈਂਸ' ਵਾਲੀ ਗੱਲ ਸੀ। ਜੇਕਰ ਹਿੰਦੂ ਜਨਤਾ ਮੁਸਲਿਮ ਹਾਕਮਾਂ ਦੀ ਕੱਟੜਤਾ ਤੋਂ ਉਪਜੇ ਜ਼ੁਲਮ ਕਰਕੇ ਦੁਖੀ ਸੀ ਤਾਂ ਗ਼ਰੀਬ ਮੁਸਲਿਮ ਜਨਤਾ ਵੀ ਬਹੁਤ ਦੁਖੀ ਸੀ। ਭਾਈ ਗੁਰਦਾਸ ਜੀ ਨੇ ਰਾਜਿਆਂ ਦੇ ਕਰਤੱਵ ਨੂੰ 'ਉਲਟੀ ਵਾੜ ਖੇਤ ਕਉ ਖਾਈ' ਕਹਿ ਕੇ ਤੁਲਨਾ ਦਿੱਤੀ ਹੈ।[8] ਕਾਜ਼ੀ ਜੋ ਕਿ ਨਿਆਂ ਕਰਦੇ ਹਨ, ਰਿਸ਼ਵਤਖ਼ੋਰ ਸਨ।[9]

ਇਖ਼ਲਾਕੀ ਗਿਰਾਵਟ

ਨੈਤਿਕਤਾ ਧਰਮ ਦਾ ਮੂਲ ਹੁੰਦੀ ਹੈ। ਇਸ ਬਿਨਾਂ ਧਰਮ ਸਮਾਜ ਲਈ ਹਾਨੀਕਾਰਕ ਬਣ

ਜਾਂਦਾ ਹੈ। ਸਾਰੇ ਜੀਵਨਾਂ ਵਿਚ ਇਕ ਪਰਮਾਤਮਾ ਨੂੰ ਦੇਖਣਾ ਅਤੇ ਉਹਨਾਂ ਨੂੰ ਇਕ ਸਮਾਨ ਜਾਣਨਾ, ਨੈਤਿਕਤਾ ਦੀ ਸਿਖ਼ਰ ਹੈ। ਪਰ ਉਸ ਸਮੇਂ ਪਰਮਾਤਮਾ ਦੇ ਘਰ ਮੰਦਰਾਂ ਅਤੇ ਮਸਜਿਦਾਂ ਵਿਚ ਅੰਤਰ ਦੇਖਿਆ ਜਾਂਦਾ ਸੀ। ਹਾਕਮ ਸ਼੍ਰੇਣੀ ਨਾਲ ਸੰਬੰਧਿਤ ਲੋਕ ਦੂਜੇ ਮਜ਼ਹਬਾਂ ਦੇ ਧਾਰਮਿਕ ਸਥਾਨਾਂ ਦੀ ਬੇਅਦਬੀ ਕਰਦੇ ਸਨ ਅਤੇ ਦੂਜਿਆਂ ਨੂੰ ਠਿੱਠ ਕਰਨ ਲਈ ਉਹਨਾਂ ਦੀਆਂ ਪੂਜਨੀਕ ਵਸਤਾਂ ਦੀ ਨਿੰਦਾ ਕਰਦੇ ਸਨ।[10] ਉਹ ਇਸ ਤਰ੍ਹਾਂ ਕਰਕੇ ਖ਼ੁਸ਼ੀ ਹਾਸਲ ਕਰਦੇ ਸਨ ਅਤੇ ਆਪਣੇ ਧਰਮ ਤੋਂ ਹੀ ਦੂਰ ਹੁੰਦੇ ਜਾ ਰਹੇ ਸਨ। ਹੋਰ ਤਾਂ ਹੋਰ ਕਾਜ਼ੀ ਜਿਨ੍ਹਾਂ ਨੂੰ ਹਾਕਮਾਂ ਨੇ ਨਿਆਂ ਦੇਣ ਲਈ ਮੁਕੱਰਰ ਕੀਤਾ ਹੋਇਆ ਸੀ, ਉਹ ਇਖ਼ਲਾਕੀ ਤੌਰ 'ਤੇ ਇਤਨੇ ਗਿਰ ਚੁੱਕੇ ਸਨ ਕਿ ਉਹ ਵੱਢੀ ਲੈ ਕੇ ਨਿਆਂ ਕਰਦੇ ਸਨ। ਇਸਤਰੀ ਦੀ ਹਾਲਤ ਇਹ ਸੀ ਕਿ ਉਸ ਨੂੰ ਤਾਂ ਘਰ ਦੇ ਗੁਜ਼ਾਰੇ ਲਈ ਪੈਸੇ ਚਾਹੀਦੇ ਹਨ, ਭਾਵੇਂ ਉਸ ਦਾ ਪਤੀ ਇਹ ਪੈਸੇ ਕਿਸੇ ਵੀ ਵਸੀਲੇ ਜਾਂ ਸਾਧਨ ਰਾਹੀਂ ਪ੍ਰਾਪਤ ਕਰੇ।[11]

ਇਹੀ ਉਹ ਮੁੱਖ ਪ੍ਰਵਿਰਤੀਆਂ ਸਨ ਜਿਨ੍ਹਾਂ ਕਰਕੇ ਗੁਰੂ ਨਾਨਕ ਦੇਵ ਜੀ ਵਰਗੇ ਦੈਵੀ ਮਹਾਂਪੁਰਸ਼ ਦਾ ਆਗਮਨ ਲੋੜੀਂਦਾ ਸੀ। ਭਾਈ ਗੁਰਦਾਸ ਜੀ ਇਥੇ ਮਿਥ ਦਾ ਸਹਾਰਾ ਵੀ ਲੈਂਦੇ ਹਨ ਕਿ ਧਰਤੀ ਹੇਠ ਬਲਦ ਧਰਤੀ ਉਪਰ ਹੁੰਦੇ ਪਾਪਾਂ ਦੇ ਭਾਰ ਕਰਕੇ ਥੱਕ ਗਿਆ ਹੈ ਅਤੇ ਉਸ ਦੀ ਗਤੀ ਕੋਈ ਸਾਧ ਹੀ ਕਰਾ ਸਕਦਾ ਹੈ।[12]

ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ

ਇਸ ਦੁੱਖ ਭਰੇ ਮਾਹੌਲ ਨੂੰ ਠੰਡ ਪਾਉਣ ਲਈ ਅਕਾਲ ਪੁਰਖ ਨੇ ਅਰਜ਼ੋਈ ਸੁਣੀ ਅਤੇ ਗੁਰੂ ਨਾਨਕ ਦੇਵ ਜੀ ਨੂੰ ਜਗ ਉਪਰ ਭੇਜਿਆ:

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੂ ਨਾਨਕ ਜਗ ਮਾਹਿ ਪਠਾਇਆ। (ਵਾਰ ੧/੨੩)

ਇਸ ਵੇਲੇ ਸੱਚੇ ਗੁਰੂ ਦੀ ਅਣਹੋਂਦ ਕਾਰਨ ਸਾਰਾ ਸੰਸਾਰ ਅਗਿਆਨਤਾ ਦੀ ਡੂੰਘੀ ਖਾਈ ਵਿਚ ਪਿਆ ਹੋਇਆ ਸੀ:

ਬਾਝੁ ਗੁਰੂ ਡੁਬਾ ਜਗੁ ਸਾਰਾ॥ (ਵਾਰ ੧/੨੯)

ਸੱਚਮੁੱਚ ਇਹਨਾਂ ਹਾਲਤਾਂ ਵਿਚ ਗੁਰੂ ਨਾਨਕ ਦੇਵ ਜੀ ਵਰਗੀ ਸ਼ਖ਼ਸੀਅਤ ਦਾ ਆਗਮਨ ਜ਼ਰੂਰੀ ਹੋ ਜਾਂਦਾ ਹੈ।

ਸ਼ਖ਼ਸੀਅਤ ਦਾ ਅੰਗਰੇਜ਼ੀ ਰੂਪ personality ਹੈ, ਜਿਸ ਦੀ ਉਤਪਤੀ ਗਰੀਕ ਭਾਸ਼ਾ ਦੇ ਸ਼ਬਦ Persona ਤੋਂ ਹੋਈ ਹੈ, 'ਮੁਖੌਟਾ'। ਪਰ ਸ਼ਖ਼ਸੀਅਤ ਦਾ ਸੰਕਲਪ ਕੇਵਲ ਬਾਹਰੀ ਰੂਪ ਤਕ ਹੀ ਸੀਮਿਤ ਨਹੀਂ ਰਿਹਾ, ਇਹ ਮਨੋ-ਵਿਗਿਆਨਕ ਸੰਕਲਪ ਹੈ, ਜਿਸ ਵਿਚ ਮਨੁੱਖ ਦਾ ਬਾਹਰੀ ਅਤੇ ਅੰਦਰੂਨੀ ਦੋਵੇਂ ਪੱਖ ਸ਼ਾਮਲ ਹਨ। ਬਾਹਰਮੁਖੀ ਸ਼ਖ਼ਸੀਅਤ ਸਮਾਜਿਕ ਹੁੰਦੀ ਹੈ ਜਦੋਂ ਕਿ ਅੰਤਰਮੁਖੀ ਸ਼ਖ਼ਸੀਅਤ ਸਵੈ-ਕੇਂਦਰਿਤ ਹੁੰਦੀ ਹੈ। ਪਰ ਇਹਨਾਂ ਦੋਹਾਂ ਕਿਸਮਾਂ ਦੀ ਸ਼ਖ਼ਸੀਅਤ ਤੋਂ ਬਿਨਾਂ ਇਕ ਹੋਰ ਕਿਸਮ ਦੀ ਵੀ ਸ਼ਖ਼ਸੀਅਤ ਹੈ ਜੋ ਗੁਰੂ ਨਾਨਕ ਦੇਵ ਜੀ ਨੂੰ 'ਸਭ ਤੋਂ ਵੱਡਾ' ਬਣਾਉਂਦੀ ਹੈ—ਉਹ ਹੈ ਉਹਨਾਂ ਦੀ ਦੈਵੀ ਸ਼ਖ਼ਸੀਅਤ।

ਪਰ ਫਿਰ ਵੀ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਦੇ ਕਈ ਹੋਰ ਪੱਖ, ਜਿਨ੍ਹਾਂ ਦਾ ਵਰਣਨ ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਵਿਚ ਕੀਤਾ ਹੈ, ਅਸੀਂ ਵਾਚ ਸਕਦੇ ਹਾਂ:

ਅਕਾਲ ਰੂਪ

ਗੁਰੂ ਨਾਨਕ ਦੇਵ ਜੀ ਅਤੇ ਅਕਾਲ ਪੁਰਖ ਵਿਚ ਕੋਈ ਅੰਤਰ ਨਹੀਂ ਭਾਵ ਕਿ ਗੁਰੂ ਨਾਨਕ ਦੇਵ ਜੀ ਅਕਾਲ ਪੁਰਖ ਨਾਲ ਇਕ-ਮਿਕ ਹੋਏ ਸਨ। ਇਹੀ ਉਹ ਪੱਖ ਸੀ ਜਿਸ ਕਰਕੇ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਦੈਵੀ ਹੈ। ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ :

ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ। (ਵਾਰ ੧/੩੫)

ਅਕਾਲ ਪੁਰਖ ਵੱਲੋਂ ਵਰੋਸਾਏ ਹੋਏ

ਗੁਰੂ ਨਾਨਕ ਦੇਵ ਜੀ ਦਾ ਜਨਮ ਦੁਖੀ ਧਰਤੀ ਦੀ ਬੇਨਤੀ ਨੂੰ ਸੁਣਨ ਬਾਅਦ ਅਕਾਲ ਪੁਰਖ ਦੇ ਹੁਕਮ ਅਨੁਸਾਰ ਹੋਇਆ। ਭਾਈ ਗੁਰਦਾਸ ਜੀ ਅਨੁਸਾਰ :

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ। (ਵਾਰ ੧/੨੩)

ਇਥੇ ਭਾਈ ਗੁਰਦਾਸ ਜੀ ਨੇ ਇਸ ਭੁਲੇਖੇ ਨੂੰ ਕਿ ਗੁਰੂ ਨਾਨਕ ਦੇਵ ਜੀ ਅਕਾਲ ਪੁਰਖ ਦਾ ਅਵਤਾਰ ਹੈ, ਨੂੰ ਰੱਦ ਕਰ ਦਿੱਤਾ ਹੈ ਅਤੇ ਪ੍ਰਭੂ ਅਤੇ ਗੁਰੂ ਨਾਨਕ ਵਿਚ ਸਪੱਸ਼ਟ ਅੰਤਰ ਕਰ ਦਿੱਤਾ ਹੈ।

ਜਗਤ-ਗੁਰੂ

ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਇਸ ਗੱਲ ਦੀ ਪ੍ਰੋੜ੍ਹਤਾ ਕਰਦੀ ਹੈ ਕਿ :

ਨਾਨਕ ਸ਼ਾਹ ਫਕੀਰ।

ਹਿੰਦੂ ਕਾ ਗੁਰੂ ਮੁਸਲਮਾਨ ਕਾ ਪੀਰ।

ਹਿੰਦੁਸਤਾਨ ਦੀ ਉਸ ਸਮੇਂ ਦੀ ਹਾਲਤ, ਜਿਸ ਦਾ ਜ਼ਿਕਰ ਪਹਿਲਾਂ ਹੋ ਚੁੱਕਾ ਹੈ, ਵਿਚ ਇਹ ਗੱਲ ਅਸੰਭਵ ਹੀ ਲੱਗਦੀ ਹੈ। ਸੱਚਮੁੱਚ ਗੁਰੂ ਨਾਨਕ ਦੇਵ ਜੀ ਹੀ ਉਸ ਸਮੇਂ ਦੀ ਇਕੋ-ਇਕ ਅਜਿਹੀ ਸ਼ਖ਼ਸੀਅਤ ਹਨ ਜਿਨ੍ਹਾਂ ਨੂੰ ਉਸ ਸਮੇਂ ਦੇ ਦੋਹਾਂ ਮੁੱਖ ਧਰਮਾਂ ਤੋਂ ਬਰਾਬਰ ਸਨਮਾਨ ਮਿਲਿਆ। ਉਹਨਾਂ ਦਾ ਸਤਿਕਾਰ ਹਰ ਘਰ ਵਿਚ ਹੁੰਦਾ ਸੀ :

ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ। (ਵਾਰ ੧/੩੪)

ਅਲੌਕਿਕ ਪੁਰਸ਼

ਭਾਈ ਗੁਰਦਾਸ ਜੀ ਅਨੁਸਾਰ ਗੁਰੂ ਨਾਨਕ ਦੇਵ ਜੀ ਅਲੌਕਿਕ ਸ਼ਕਤੀਆਂ ਵਾਲੇ ਮਹਾਂਪੁਰਸ਼ ਸਨ। ਭਾਈ ਜੀ ਨੇ ਮੱਕਾ ਫੇਰਨ, ਅੱਖ ਦੇ ਫੋਰ ਵਿਚ ਪੀਰ ਦਸਤਗੀਰ ਦੇ ਪੁੱਤਰ ਨੂੰ ਲੱਖਾਂ ਆਕਾਸ਼ਾਂ ਅਤੇ ਪਾਤਾਲਾਂ ਦੇ ਦਰਸ਼ਨ ਕਰਾਉਣੇ ਆਦਿ ਘਟਨਾਵਾਂ ਗੁਰੂ ਜੀ ਨਾਲ ਜੋੜੀਆਂ, ਪਰ ਭਾਈ ਗੁਰਦਾਸ ਜੀ ਨੇ ਇਹ ਘਟਨਾਵਾਂ ਗੁਰੂ ਜੀ ਨਾਲ ਜੋੜ ਕੇ ਗੁਰਮਤਿ ਅਸੂਲਾਂ ਨੂੰ ਢਾਹ ਨਹੀਂ ਲੱਗਣ ਦਿੱਤੀ, ਕਿਉਂਕਿ ਗੁਰਮਤਿ ਵਿਚ ਕਰਾਮਾਤ ਨੂੰ ਕਹਿਰ ਸਮਝਿਆ ਗਿਆ ਹੈ। ਭਾਈ ਗੁਰਦਾਸ ਜੀ ਆਪਣੀ ਵਾਰ ਵਿਚ ਕਰਾਮਾਤਾਂ ਸੰਬੰਧੀ ਗੁਰੂ ਨਾਨਕ ਦੇਵ ਜੀ ਦਾ ਮਤ ਇਉਂ ਦੱਸਦੇ ਹਨ :

ਬਾਝੋਂ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ। (ਵਾਰ ੧/੪੩)

ਫਿਰ ਜਦੋਂ ਗੁਰੂ ਨਾਨਕ ਦੇਵ ਜੀ ਨੂੰ ਸਿੱਧ ਪੁੱਛਦੇ ਹਨ ਕਿ ਤੁਸਾਂ ਜਗਤ ਨੂੰ ਕਿਹੜੀ ਕਰਾਮਾਤ ਦਿਖਾਈ ਹੈ? ਤਾਂ ਗੁਰੂ ਜੀ ਉੱਤਰ ਦਿੰਦੇ ਹਨ:

ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ। (ਵਾਰ ੧/੪੨)

ਇਹਨਾਂ ਕਰਾਮਾਤਾਂ ਦਾ ਜ਼ਿਕਰ ਭਾਈ ਸਾਹਿਬ ਗੁਰੂ ਨਾਨਕ ਸਾਹਿਬ ਦੀ ਸ਼ਖ਼ਸੀਅਤ ਨੂੰ ਉਭਾਰਨ ਲਈ ਹੀ ਕਰਦੇ ਹਨ। ਭਾਈ ਸਾਹਿਬ ਨੇ ਸਮੇਂ ਦੀ ਲੋੜ ਨੂੰ ਸਾਹਮਣੇ ਰੱਖ ਕੇ ਹੀ ਇਹਨਾਂ ਘਟਨਾਵਾਂ ਦਾ ਸੰਬੰਧ ਗੁਰੂ ਨਾਨਕ ਦੇਵ ਜੀ ਨਾਲ ਜੋੜਿਆ ਹੈ ਕਿਉਂਕਿ ਉਸ ਸਮੇਂ ਇਹ ਧਾਰਨਾ ਪ੍ਰਚਲਿਤ ਹੋ ਚੁੱਕੀ ਸੀ ਕਿ ਧਾਰਮਿਕ ਪੁਰਸ਼ ਗ਼ੈਬੀ ਸ਼ਕਤੀਆਂ ਦੇ ਮਾਲਕ ਹੁੰਦੇ ਹਨ। ਅੱਜ ਵੀ ਇਹਨਾਂ ਸ਼ਕਤੀਆਂ ਨੂੰ ਮਾਨਸਿਕ ਸ਼ਕਤੀਆਂ ਦੇ ਰੂਪ ਵਿਚ ਕਬੂਲ ਕੀਤਾ ਜਾਂਦਾ ਹੈ।

ਬਾਣੀ ਉਚਾਰਣ ਵਾਲੇ

ਕੁਝ ਵਿਦਵਾਨਾਂ ਦਾ ਖ਼ਿਆਲ ਹੈ ਕਿ ਸਿੱਖ ਧਰਮ ਵਿਚਲਾ ਗੁਰੂ, ਅਵਤਾਰ ਦੀ ਥਾਂ ਪੈਗ਼ੰਬਰ ਦੇ ਵਧੇਰੇ ਨੇੜੇ ਹੈ। ਅਵਤਾਰ ਕਰਮ ਰਾਹੀਂ ਪਰ ਪੈਗ਼ੰਬਰ ਪੈਗ਼ਾਮ ਰਾਹੀਂ ਲੋਕਾਂ ਦੀ ਅਗਵਾਈ ਕਰਦਾ ਹੈ। ਗੁਰੂ ਸਾਹਿਬਾਨ ਨੇ ਵੀ ਬਾਣੀ ਉਚਾਰੀ ਜਿਸ ਨੂੰ ਉਹਨਾਂ ਨੇ 'ਧੁਰ ਕੀ ਬਾਣੀ' ਕਿਹਾ ਹੈ। ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਨੂੰ ਬਾਣੀ ਰਚੈਤਾ ਦੇ ਰੂਪ ਵਿਚ ਵੀ ਬਿਆਨਦੇ ਹਨ:

ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ। (ਵਾਰ ੧/੩੮)

ਦਿਗ-ਵਿਜਈ

ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਵਿਚ ਆਪਣੇ ਨਾਇਕ ਦੇ ਮੁਕਾਬਲੇ ਆਪਣੇ ਵਿਰੋਧੀਆਂ ਨੂੰ ਦਲੀਲ, ਬਹਿਸ ਅਤੇ ਕਦੇ-ਕਦੇ ਕਰਾਮਾਤ ਰਾਹੀਂ ਹਰਾਉਂਦਿਆਂ ਦਰਸਾਇਆ ਹੈ। ਗੁਰੂ ਨਾਨਕ ਜੀ ਦੀ ਦਿਗ-ਵਿਜੈ ਦਾ ਵਰਣਨ ਭਾਈ ਜੀ ਇਉਂ ਕਰਦੇ ਹਨ:

ਗੜ ਬਗਦਾਦੁ ਨਿਵਾਇ ਕੈ ਮਕਾ ਮਦੀਨਾ ਸਭੇ ਨਿਵਾਇਆ।
ਸਿਧ ਚਉਰਾਸੀਹ ਮੰਡਲੀ ਖਟਿ ਦਰਸਨਿ ਪਾਖੰਡਿ ਜਿਣਾਇਆ।
ਪਾਤਾਲਾ ਆਕਾਸ ਲਖ ਜੀਤੀ ਧਰਤੀ ਜਗਤ ਸਬਾਇਆ।
ਜੀਤੇ ਨਵ ਖੰਡ ਮੇਦਨੀ ਸਤਿ ਨਾਮੁ ਦਾ ਚੱਕ੍ਰ ਫਿਰਾਇਆ।
ਦੇਵ ਦਾਨੋ ਰਾਕਸਿ ਦੈਤ ਸਭ ਚਿਤਿ ਗੁਪਤਿ ਸਭਿ ਚਰਨੀ ਲਾਇਆ।
ਇੰਦ੍ਰਾਸਣਿ ਅਪਛਰਾ ਰਾਗ ਰਾਗਨੀ ਮੰਗਲੁ ਗਾਇਆ।
ਭਇਆ ਅਨੰਦ ਜਗਤੁ ਵਿਚਿ ਕਲਿ ਤਾਰਨ ਗੁਰੁ ਨਾਨਕੁ ਆਇਆ।
ਹਿੰਦੂ ਮੁਸਲਮਾਣਿ ਨਿਵਾਇਆ। (ਵਾਰ ੧/੩੭)

ਅਥਾਹ-ਅਸਗਾਹ ਗਿਆਨ ਦੇ ਮਾਲਕ

ਗੁਰੂ ਨਾਨਕ ਦੇਵ ਜੀ ਹਿੰਦੂ, ਇਸਲਾਮ, ਬੁੱਧ, ਜੈਨ, ਜੋਗ ਆਦਿ ਸਭ ਮਤਾਂ ਦੇ ਗਿਆਤਾ

ਸਨ ਤਾਂ ਹੀ ਉਹ ਹਰੇਕ ਨਾਲ ਧਰਮ-ਚਰਚਾ ਕਰ ਕੇ ਉਸ ਨੂੰ ਪਛਾੜ ਕੇ ਆਪਣੇ ਵਿਚਾਰਾਂ ਨਾਲ ਸਹਿਮਤ ਕਰਾਉਂਦੇ ਸਨ। ਇਸ ਤੋਂ ਇਲਾਵਾ ਗੁਰੂ ਸਾਹਿਬ ਮਾਨਸਿਕ ਵਿਵਹਾਰਾਂ ਤੋਂ ਵੀ ਕਾਫ਼ੀ ਜਾਣੂ ਸਨ। ਇਸ ਗੱਲ ਦੀ ਪੁਸ਼ਟੀ ਭਾਈ ਗੁਰਦਾਸ ਜੀ ਪੀਰ ਦਸਤਗੀਰ ਦੇ ਪੁੱਤਰ ਨੂੰ ਅੱਖ ਦੇ ਫੋਰ ਵਿਚ ਲੱਖਾਂ ਆਕਾਸ਼ਾਂ ਤੇ ਪਾਤਾਲਾਂ ਦੇ ਦਰਸ਼ਨ ਕਰਵਾਉਣ ਵਾਲੀ ਘਟਨਾ ਰਾਹੀਂ ਕਰਦੇ ਹਨ।[13]

ਬਿਬੇਕਸ਼ੀਲ

ਜਨਮਸਾਖੀਆਂ ਵੀ ਇਹ ਗੱਲ ਸਿੱਧ ਕਰਦੀਆਂ ਹਨ ਕਿ ਗੁਰੂ ਨਾਨਕ ਦੇਵ ਜੀ ਉੱਚ-ਕੋਟੀ ਦੀ ਬੁੱਧੀ ਦੇ ਮਾਲਕ ਸਨ ਜਿਸ ਦੇ ਫ਼ਲਸਰੂਪ ਆਪ ਦੁਆਰਾ ਦਿੱਤੀ ਗਈ ਦਲੀਲ ਅਕੱਟ ਹੁੰਦੀ ਸੀ। ਇਸੇ ਤਰਕ ਕਰਕੇ ਉਹ ਸੁਮੇਰ ਪਰਬਤ ਉਪਰ, ਮੱਕੇ ਵਿਖੇ ਅਤੇ ਅਚਲ ਵਟਾਲੇ ਆਪਣੇ ਵਿਰੋਧੀਆਂ ਨੂੰ ਹਰਾਉਂਦੇ ਹਨ। ਇਸੇ ਤਰ੍ਹਾਂ ਮੁਲਤਾਨ ਵਿਖੇ ਜਦੋਂ ਉਥੋਂ ਦੇ ਪੀਰ ਦੁੱਧ ਦਾ ਭਰਿਆ ਕਟੋਰਾ ਗੁਰੂ ਜੀ ਨੂੰ ਪੇਸ਼ ਕਰ ਕੇ ਇਹ ਦੱਸਣਾ ਚਾਹੁੰਦੇ ਹਨ ਕਿ ਇਥੇ ਉਹਨਾਂ ਦੀ ਜ਼ਰੂਰਤ ਨਹੀਂ ਤਾਂ ਗੁਰੂ ਜੀ ਵੀ ਉਸੇ ਤਰਕ ਵਿਚ ਜਵਾਬ ਦਿੰਦੇ ਹਨ ਅਤੇ ਅਡੋਲ ਦੁੱਧ ਵਿਚ ਚੰਬੇਲੀ ਦਾ ਫੁੱਲ ਰੱਖ ਕੇ ਉਹਨਾਂ ਨੂੰ ਸਮਝਾ ਦਿੱਤਾ ਕਿ ਅਸੀਂ ਫੁੱਲ ਸਮਾਨ ਹੀ ਰਹਾਂਗੇ। ਇਸ ਘਟਨਾ ਦਾ ਵਿਸਥਾਰ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ 44ਵੀਂ ਪਉੜੀ ਵਿਚ ਕੀਤਾ ਹੈ।

ਮਹਾਨ ਯਾਤਰੀ

ਸ਼ਾਇਦ ਜਗਤ ਪ੍ਰਸਿੱਧ ਯਾਤਰੂ ਫ਼ਾਹੀਯਾਨ, ਹਿਊਨ ਸਾਂਗ ਅਤੇ ਅਲਬਰੂਨੀ, ਕਿਸੇ ਨੇ ਵੀ ਗੁਰੂ ਨਾਨਕ ਦੇਵ ਜੀ ਜਿਤਨਾ ਪੰਧ ਨਹੀਂ ਗਾਹਿਆ। ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਗੁਰੂ ਜੀ ਦੀਆਂ ਯਾਤਰਾਵਾਂ ਦਾ ਇਕ ਵਿਸ਼ੇਸ਼ ਮੰਤਵ ਸੀ ਅਤੇ ਉਹ ਮੰਤਵ ਸੀ ਅਧਰਮ ਦੀ ਅੱਗ ਵਿਚ ਸੜਦੀ ਲੋਕਾਈ ਨੂੰ ਧਰਮ ਦੇ ਲੜ ਲਾਉਣਾ। ਉਹਨਾਂ ਨੇ ਦੇਸ਼ ਦੇ ਵੱਖ-ਵੱਖ ਕੋਨਿਆਂ ਵਿਚ ਅਤੇ ਵਿਦੇਸ਼ਾਂ (ਜਿਥੋਂ ਤਕ ਸੰਭਵ ਸੀ) ਵਿਚ ਪਹੁੰਚ ਕੇ, ਸੱਚੇ ਧਰਮ ਦੀ ਸਿੱਖਿਆ ਦਿੱਤੀ। ਭਾਈ ਗੁਰਦਾਸ ਜੀ ਅਨੁਸਾਰ ਗੁਰੂ ਜੀ ਨੇ ਚਾਰ ਚੱਕ, ਨਉ ਖੰਡ ਅਤੇ ਪ੍ਰਿਥਵੀ ਤਾਰੇ।[14]

ਜ਼ੁਲਮ ਵਿਰੋਧੀ ਅਤੇ ਲੋਕਾਂ ਦੇ ਹਮਦਰਦ

ਭਾਈ ਗੁਰਦਾਸ ਜੀ ਗੁਰੂ ਨਾਨਕ ਸਾਹਿਬ ਦੇ ਵਿਅਕਤਿਤਵ ਦੇ ਇਸ ਪੱਖ ਦਾ ਵੀ ਜ਼ਿਕਰ ਕਰਦੇ ਹਨ ਕਿ ਉਹ ਬਾਦਸ਼ਾਹਾਂ ਅਤੇ ਜ਼ਾਲਮਾਂ ਨੂੰ ਲੰਬੇ ਹੱਥੀਂ ਲੈਂਦੇ ਹਨ ਜੋ ਕਿ ਗ਼ਰੀਬ ਜਨਤਾ ਨੂੰ ਕਈ ਤਰ੍ਹਾਂ ਨਾਲ ਤੰਗ ਕਰਦੇ ਹਨ। ਸਿੱਧਾਂ ਨੂੰ ਸੁਮੇਰ ਪਰਬਤ ਉਪਰ ਜਾ ਕੇ ਆਮ ਲੋਕਾਂ ਦੀ ਅਵਸਥਾ ਦਾ ਹਾਲ ਦੱਸਦੇ ਹਨ ਤੇ ਰਾਜਿਆਂ ਦੇ ਜ਼ਾਲਮ ਪੱਖ ਬਾਰੇ ਵੀ ਦੱਸਦੇ ਹਨ ਅਤੇ ਸਿੱਧਾਂ ਨੂੰ ਲੋਕਾਂ ਦੀ ਇਸ ਮੁਸੀਬਤ ਸਮੇਂ ਅਗਵਾਈ ਕਰਨ ਲਈ ਪ੍ਰੇਰਦੇ ਹਨ। ਆਮ ਲੋਕ ਤਾਂ ਬੇਕਸੂਰ ਹਨ, ਉਹ ਅਗਿਆਨਤਾ-ਵੱਸ ਹੀ ਕਾਜ਼ੀ, ਜੋਗੀ, ਬ੍ਰਾਹਮਣ ਅਤੇ ਰਜਵਾੜਿਆਂ ਹੱਥੋਂ

ਆਪਣਾ ਸੋਸ਼ਣ ਕਰਵਾ ਰਹੇ ਹਨ। ਇਸੇ ਕਰਕੇ ਗੁਰੂ ਨਾਨਕ ਦੇਵ ਜੀ ਆਮ ਲੋਕਾਂ ਦੀ ਥਾਂ ਇਹਨਾਂ ਲੋਕਾਂ ਦੀ ਹੀ ਆਲੋਚਨਾ ਕਰਦੇ ਹਨ।[15]

ਨਵੇਂ ਪੰਥ ਦੇ ਉਸਰੱਈਏ

ਗੁਰੂ ਨਾਨਕ ਦੇਵ ਜੀ ਨਿਰੇ ਸਮਾਜ-ਸੁਧਾਰਕ ਨਹੀਂ ਸਨ, ਸਗੋਂ ਉਹ ਨਵੇਂ ਪੰਥ ਦੇ ਸੰਚਾਲਨ ਲਈ ਮੁੱਢ ਤੋਂ ਹੀ ਜਾਗਰੂਕ ਸਨ। ਇਸੇ ਲਈ ਉਹਨਾਂ ਨੇ ਉਦਾਸੀਆਂ ਦੌਰਾਨ ਸੰਗਤਾਂ ਦੀ ਸਥਾਪਨਾ ਵੀ ਕੀਤੀ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵੀ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ।

ਪਹਿਲੀ ਵਾਰ ਵਿਚ ਦੱਸਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਨਵੇਂ ਪੰਥ ਦੀ ਸਥਾਪਨਾ ਲਈ ਪ੍ਰਚਲਿਤ ਮਤਾਂ ਤੋਂ ਨਿਆਰਾ ਮਤ ਚਲਾਇਆ ਅਤੇ ਆਪਣੇ ਜੀਉਂਦੇ-ਜੀਅ ਭਾਈ ਲਹਿਣੇ ਨੂੰ ਗੁਰਗੱਦੀ ਦੇ ਕੇ ਇਸ ਮਤ ਨੂੰ ਨਿਰੰਤਰਤਾ ਬਖ਼ਸ਼ੀ:

ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ।
ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰੁ ਫਿਰਾਇਆ। (ਵਾਰ ੧/੪੫)

ਜੇਕਰ ਉਹ ਅਜਿਹਾ ਨਾ ਕਰਦੇ ਤਾਂ ਹੋ ਸਕਦਾ ਸੀ ਨਾਨਕ-ਪੰਥੀ ਵੀ ਕਬੀਰ-ਪੰਥੀਆਂ ਵਾਂਗ ਹਿੰਦੂ ਮਤ ਦੀ ਝੋਲੀ ਵਿਚ ਜਾ ਡਿੱਗਦੇ। ਉਹਨਾਂ ਨੇ ਬਾਕਾਇਦਾ ਰਹਿਤ-ਮਰਯਾਦਾ ਵੀ ਬਣਾਈ ਜਿਸ ਦੇ ਕਿ ਗੁਰੂ ਜੀ ਖ਼ੁਦ ਧਾਰਨੀ ਸਨ:

ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ। (ਵਾਰ ੧/੩੮)

ਨਿਮਰ ਭਾਵ

ਭਾਈ ਗੁਰਦਾਸ ਜੀ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਕਠਿਨ ਤਪੱਸਿਆ ਉਪਰ ਖ਼ੁਸ਼ ਹੋ ਕੇ ਜੋ ਦਾਤ ਗੁਰੂ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਨੇ ਬਖ਼ਸ਼ੀ, ਉਹ ਸੀ ਨਿਮਰਤਾ।

ਭਾਰੀ ਕਰੀ ਤਪਸਿਆ ਵਡੇ ਭਾਗਿ ਹਰਿ ਸਿਉ ਬਣਿ ਆਈ।
ਬਾਬਾ ਪੈਧਾ ਸਚਿ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ। (ਵਾਰ ੧/੨੪)

ਪਰ ਜਦੋਂ ਕਿਧਰੇ ਕੋਈ ਅਨਿਆਂ ਦੇਖਦੇ ਜਾਂ ਮਾਹੌਲ ਦੇਖਦੇ ਤਾਂ ਸਖ਼ਤ ਸ਼ਬਦ ਪ੍ਰਯੋਗ ਕਰਨ ਤੋਂ ਸੰਕੋਚ ਨਾ ਕਰਦੇ। ਪਹਿਲੀ ਵਾਰ ਦੀ 30ਵੀਂ ਪਉੜੀ ਵਿਚ ਰਾਜਿਆਂ ਨੂੰ 'ਪਾਪੀ' ਕਹਿਣਾ ਅਤੇ ਫਿਰ ਅਚਲ ਦੀ ਗੋਸ਼ਟ ਵਿਚ ਜਦੋਂ ਜੋਗੀ ਆਪ ਜੀ ਦੀਆਂ ਦਲੀਲਾਂ ਦਾ ਕੋਈ ਜਵਾਬ ਨਾ ਦੇ ਸਕੇ ਤਾਂ ਜੋਗੀ ਗੁੱਸੇ ਵਿਚ ਗੁਰੂ ਨਾਨਕ ਦੇਵ ਜੀ ਨੂੰ ਮਿਹਣਾ ਮਾਰਦੇ ਹਨ ਕਿ ਉਹਨਾਂ ਨੇ ਉਦਾਸੀ ਮਤ ਤਿਆਗ ਕੇ ਗ੍ਰਿਹਸਥੀ ਧਾਰਨ ਕਰ ਲਈ ਹੈ ਅਤੇ ਦੁੱਧ ਵਿਚ ਕਾਂਜੀ ਮਿਲਾਉਣ ਵਾਲੀ ਗੱਲ ਕੀਤੀ ਹੈ। ਤਾਂ ਗੁਰੂ ਜੀ ਵੀ ਸੁਭਾਵਿਕ ਗੁੱਸੇ ਵਿਚ ਆ ਕੇ ਬੜਾ ਤਿੱਖਾ ਉੱਤਰ ਦਿੰਦੇ ਹਨ:

ਨਾਨਕ ਆਖੇ, ਭੰਗਰਿਨਾਥ! ਤੇਰੀ ਮਾਉ ਕੁਚਜੀ ਆਹੀ।
ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚਜੇ ਫੁਲੁ ਸੜਾਈ।
ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੁ ਕੇ ਘਰਿ ਮੰਗਣਿ ਜਾਈ। (ਵਾਰ ੧/੪੦)

ਉਲਟੀ ਗੰਗਾ ਵਹਾਉਣ ਵਾਲੇ

ਗੁਰੂ ਨਾਨਕ ਦੇਵ ਜੀ ਪਰੰਪਰਾਵਾਦੀ ਨਹੀਂ ਸਨ। ਉਹਨਾਂ ਨੇ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ। ਗੁਰੂ ਜੀ ਨੇ ਜਦੋਂ ਆਪਣੇ ਦੋਹਾਂ ਪੁੱਤਰਾਂ ਨੂੰ ਦੇਖਿਆ ਕਿ ਉਹ ਆਗਿਆਕਾਰ ਨਹੀਂ ਹਨ ਅਤੇ ਇਮਤਿਹਾਨ ਦੀ ਘੜੀ ਖਿਸਕ ਗਏ ਤਾਂ ਗੁਰੂ ਨਾਨਕ ਦੇਵ ਜੀ ਨੇ ਗੁਰਗੱਦੀ ਭਾਈ ਲਹਿਣਾ ਜੀ ਨੂੰ ਬਖ਼ਸ਼ ਦਿੱਤੀ। ਭਾਈ ਗੁਰਦਾਸ ਜੀ ਨੇ ਇਸ ਘਟਨਾ ਨੂੰ ਉਲਟੀ ਗੰਗਾ ਵਹਾਉਣੀ ਦੱਸਿਆ ਹੈ :

ਉਲਟੀ ਗੰਗ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ।
ਪੁਤਰੀ ਕਉਲੁ ਨ ਪਾਲਿਆ ਮਨਿ ਖੋਟੇ ਆਕੀ ਨਸਿਆਰਾ। (ਵਾਰ ੧/੩੮)

ਗੁਰੂ ਨਾਨਕ ਦੇਵ ਜੀ ਦੇ ਸੰਦੇਸ਼

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਮਨੁੱਖ ਜਾਤੀ ਜੋ ਕਿ ਸੱਚੇ ਧਰਮ ਤੋਂ ਸੱਖਣੀ ਹੋ ਕੇ ਕਰਮ-ਕਾਂਡਾਂ ਵਿਚ ਉਲਝੀ ਹੋਈ ਸੀ, ਅਕਾਲ ਪੁਰਖ ਨੂੰ ਭੁੱਲ ਕੇ ਦੇਵੀ-ਦੇਵਤਿਆਂ ਦੀ ਪੂਜਾ ਵਿਚ ਖੱਜਰ ਹੋ ਰਹੀ ਸੀ, ਜਾਤ-ਪਾਤ ਅਤੇ ਧਰਮ ਦੇ ਨਾਂ 'ਤੇ ਭਿੜ ਰਹੀ ਸੀ, ਨੂੰ 'ਸੋਧਣ' ਦਾ ਮਨ ਬਣਾਇਆ। ਉਹਨਾਂ ਨੇ ਆਪਣੇ ਇਸ ਮੰਤਵ ਲਈ ਹੋਰ ਧਰਮ ਆਗੂਆਂ ਵਾਂਗ ਕੇਵਲ ਉਪਦੇਸ਼ ਹੀ ਨਾ ਦਿੱਤੇ ਸਗੋਂ ਵੱਖ-ਵੱਖ ਮਤਾਂ ਦੇ ਕੇਂਦਰਾਂ ਉਪਰ ਪੁੱਜ ਕੇ ਆਗੂਆਂ ਅਤੇ ਆਮ ਲੋਕਾਂ ਤਕ ਪਹੁੰਚ ਵੀ ਕੀਤੀ। ਜਿਥੋਂ ਤਕ ਸੰਭਵ ਸੀ ਗੁਰੂ ਨਾਨਕ ਦੇਵ ਜੀ ਦੇਸ਼-ਵਿਦੇਸ਼ ਹਰ ਥਾਂ ਗਏ। ਉਹਨਾਂ ਦੇ ਮੁੱਖ ਸੰਦੇਸ਼ਾਂ ਦਾ ਵਰਣਨ ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਵਿਚ ਕੀਤਾ ਹੈ।

ਮਨੁੱਖੀ ਏਕਤਾ

ਮਨੁੱਖਤਾ ਵਿਚ ਧਰਮ, ਜਾਤ ਅਤੇ ਅਮੀਰੀ-ਗ਼ਰੀਬੀ ਨੇ ਵੰਡ ਕੀਤੀ ਹੋਈ ਹੈ। ਇਸ ਵੰਡ ਨੇ ਮਨੁੱਖੀ ਸਮਾਜ ਨੂੰ ਬਹੁਤ ਹਾਨੀ ਪਹੁੰਚਾਈ ਹੈ। ਧਰਮ ਅਤੇ ਜਾਤ ਦੇ ਨਾਂ ਉਪਰ ਹੁੰਦੇ ਫ਼ਸਾਦ ਸਮਾਜ ਦਾ ਹਰ ਪੱਖੋਂ ਦੀਵਾਲਾ ਕੱਢ ਦਿੰਦੇ ਹਨ। ਇਹ ਵੰਡ ਸਰਾਪ ਹੈ। ਗੁਰੂ ਨਾਨਕ ਦੇਵ ਜੀ ਨੇ ਅਜਿਹੀਆਂ ਵੰਡੀਆਂ ਦੀ ਨਿਖੇਧੀ ਕੀਤੀ ਹੈ ਅਤੇ ਇਸ ਵੰਡ ਨੂੰ ਅਰਥਹੀਣ ਦੱਸਿਆ ਹੈ। ਉਹਨਾਂ ਨੇ ਆਪਣੇ ਧਰਮ ਦਾ ਆਧਾਰ 'ਸ਼ੁਭ ਅਮਲਾਂ' ਨੂੰ ਦੱਸਿਆ। ਸ਼ੁਭ ਅਮਲਾਂ ਤੋਂ ਬਿਨਾਂ ਹਿੰਦੂ ਤੇ ਮੁਸਲਮਾਨ ਕੋਈ ਵੀ ਪ੍ਰਵਾਨ ਨਹੀਂ ਚੜ੍ਹਦਾ। ਕੋਈ ਜਾਤ ਜਾਂ ਧਰਮ ਮਰਨ ਉਪਰੰਤ ਜੀਵ ਦੇ ਨਾਲ ਨਹੀਂ ਜਾਂਦੀ, ਉਥੇ ਤਾਂ ਚੰਗੇ-ਮੰਦੇ ਕੰਮ ਹੀ ਜਾਣੇ ਹਨ। ਭਾਈ ਗੁਰਦਾਸ ਜੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਆਪਣੇ ਧਰਮ ਦੀ ਨੀਂਹ ਮਨੁੱਖੀ ਏਕਤਾ ਉਪਰ ਰੱਖੀ, ਜਿਸ ਵਿਚ ਚਾਰੇ ਵਰਨਾਂ ਦੇ ਲੋਕ ਅਤੇ ਅਮੀਰ-ਗ਼ਰੀਬ ਸਭ ਇਕ ਦੂਜੇ ਦਾ ਸਤਿਕਾਰ ਕਰਦੇ ਹਨ :

ਚਾਰੇ ਪੈਰ ਧਰੱਮ ਦੇ ਚਾਰਿ ਵਰਨਿ ਇਕੁ ਵਰਨੁ ਕਰਾਇਆ।
ਰਾਣਾ ਰੰਕੁ ਬਰਾਬਰੀ ਪੈਰੀ ਪਾਵਣਾ ਜਗਿ ਵਰਤਾਇਆ। (ਵਾਰ ੧/੨੩)

ਕਰਮ-ਕਾਂਡ ਵਿਰੋਧੀ

ਰਹੁ-ਰੀਤਾਂ ਅਤੇ ਚਿੰਨ੍ਹ ਧਰਮ ਦਾ ਜ਼ਰੂਰੀ ਅੰਗ ਹੁੰਦੇ ਹਨ। ਪਰ ਜਦੋਂ ਇਹਨਾਂ ਦੀ ਸਾਰਥਿਕਤਾ ਖ਼ਤਮ ਹੋ ਜਾਵੇ ਅਤੇ ਧਰਮ ਦਾ ਕੰਮ ਕੇਵਲ ਇਹਨਾਂ ਦੀ ਪਹਿਰੇਦਾਰੀ ਹੀ ਰਹਿ ਜਾਵੇ ਤਾਂ ਧਰਮ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਇਹ ਕਰਮ-ਕਾਂਡ ਅਤੇ ਭੇਖ ਕਈ ਤਰ੍ਹਾਂ ਦੇ ਭ੍ਰਿਸ਼ਟਾਚਾਰ ਨੂੰ ਜਨਮ ਦੇ ਕੇ ਸਮਾਜ ਨੂੰ ਦੂਸ਼ਿਤ ਕਰਦਾ ਹੈ ਪਰ ਚਲਾਕ ਆਗੂਆਂ ਦੀ ਇਹ ਜ਼ਰੂਰੀ ਲੋੜ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਸਾਰਥਿਕਤਾ ਤੋਂ ਵਿਹੂਣੀਆਂ ਪਰੰਪਰਾਵਾਂ ਦੀ ਨਿਖੇਧੀ ਕੀਤੀ ਅਤੇ ਸਤਿਨਾਮ ਦੇ ਜਾਪ ਦਾ ਉਪਦੇਸ਼ ਹੀ ਦਿੱਤਾ। ਇਸ ਦੀ ਸ਼ਕਤੀ ਨਾਲ ਹੀ ਸੰਸਾਰ-ਸਮੁੰਦਰ ਤੋਂ ਪਾਰ ਹੋਇਆ ਜਾ ਸਕਦਾ ਹੈ। ਭਾਈ ਗੁਰਦਾਸ ਜੀ ਵੀ ਸੰਕੇਤ ਮਾਤਰ ਬਿਆਨ ਕਰਦੇ ਹਨ:

ਕਲਿਜੁਗੁ ਬਾਬੇ ਤਾਰਿਆ ਸਤਿ ਨਾਮੁ ਪੜ੍ਹਿ ਮੰਤ੍ਰੁ ਸੁਣਾਇਆ। (ਵਾਰ ੧/੨੩)

ਧਰਮ ਅਤੇ ਰਾਜਨੀਤੀ

ਗੁਰੂ ਨਾਨਕ ਦੇਵ ਜੀ ਦੀ ਸਮੁੱਚੀ ਰਚਨਾ ਵਿਚ ਰਾਜਨੀਤੀ ਬਾਰੇ ਵਰਣਨ ਨਾਂ-ਮਾਤਰ ਹੀ ਹੋਇਆ ਹੈ। ਉਹ ਉਥੇ ਹੀ ਰਾਜਨੀਤੀ ਬਾਰੇ ਬੋਲਦੇ ਹਨ ਜਿਥੇ ਰਾਜਾ ਅੱਤਿਆਚਾਰੀ ਬਣ ਜਾਂਦਾ ਹੈ। ਪਰ ਉਹ ਰਾਜਨੀਤਕ ਸਮੱਸਿਆਵਾਂ ਤੋਂ ਮੂੰਹ ਵੀ ਨਹੀਂ ਮੋੜਨਾ ਚਾਹੁੰਦੇ। ਉਹ ਉਹਨਾਂ ਧਰਮ-ਗੁਰੂਆਂ ਅਤੇ ਆਗੂਆਂ ਵਿਚੋਂ ਨਹੀਂ ਜੋ ਹਕੂਮਤਾਂ ਦੇ ਜ਼ੁਲਮਾਂ ਤੋਂ ਮੂੰਹ ਮੋੜ ਕੇ ਪਹਾੜਾਂ ਦੀਆਂ ਕੰਦਰਾਂ ਤੇ ਜੰਗਲਾਂ ਵਿਚ (ਅੱਜ-ਕੱਲ੍ਹ ਮਹਿਲ-ਨੁਮਾ ਡੇਰਿਆਂ ਵਿਚ) ਬੈਠ ਕੇ ਮਾਲਾ ਫੇਰਦੇ ਰਹਿੰਦੇ ਹਨ। ਗੁਰੂ ਨਾਨਕ ਦੇਵ ਜੀ ਆਪਣੇ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸੁਮੇਰ ਪਰਬਤ ਉਪਰ ਸਿੱਧਾਂ ਸਾਹਮਣੇ ਵੀ ਕਰਦੇ ਹਨ:

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ। (ਵਾਰ ੧/੩੦)

ਗ੍ਰਿਹਸਥੀ ਮਾਰਗ ਦੀ ਸ੍ਰੇਸ਼ਠਤਾ

ਗੁਰੂ ਨਾਨਕ ਦੇਵ ਜੀ ਨੇ ਉਹਨਾਂ ਲੋਕਾਂ ਦੀ ਆਲੋਚਨਾ ਕੀਤੀ ਹੈ ਜੋ ਅਖੌਤੀ ਤਿਆਗ ਕਰ ਕੇ, ਸੰਸਾਰ ਦੀਆਂ ਸਮੱਸਿਆਵਾਂ ਤੋਂ ਦੌੜ ਜਾਂਦੇ ਹਨ ਅਤੇ ਸੰਸਾਰੀਆਂ ਨੂੰ ਘਟੀਆ ਦੱਸਦੇ ਹਨ। ਗੁਰੂ ਨਾਨਕ ਦੇਵ ਜੀ ਨੇ ਇਸ ਤਰ੍ਹਾਂ ਦੀ ਵਿਚਾਰਧਾਰਾ ਨੂੰ ਸਮਾਜ ਵਿਰੋਧੀ ਦੱਸਿਆ:

ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੂ ਕੇ ਘਰਿ ਮੰਗਣਿ ਜਾਈ।
ਬਿਨੁ ਦਿਤੇ ਕਛੁ ਹਥਿ ਨ ਆਈ॥ (ਵਾਰ ੧/੪੦)

ਗੁਰੂ ਜੀ ਨੇ ਇਸ ਹਠ-ਮਾਰਗ ਦੀ ਥਾਂ 'ਸਹਿਜ-ਮਾਰਗ' ਦੱਸਿਆ ਅਤੇ 'ਘਰਿ ਹੀ ਮਾਹਿ ਉਦਾਸੀ' ਰਹਿਣ ਦਾ ਉਪਦੇਸ਼ ਦਿੱਤਾ।

ਸਿੱਟਾ

ਸਾਰ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿਚੋਂ

ਗੁਰੂ ਨਾਨਕ ਦੇਵ ਜੀ ਦੇ ਵਿਅਕਤਿਤਵ ਦੇ ਸਮੁੱਚੇ ਪੱਖਾਂ ਬਾਰੇ ਜਾਣਕਾਰੀ ਮਿਲਣ ਤੋਂ ਇਲਾਵਾ ਉਹਨਾਂ ਦੇ ਸਮੁੱਚੀ ਮਨੁੱਖਤਾ ਨੂੰ ਦਿੱਤੇ ਕਲਿਆਣਕਾਰੀ ਸੰਦੇਸ਼ਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਹਨਾਂ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਸਹਿਜ-ਗੁਹਜ, ਹੱਸ-ਰਹੱਸ, ਭਗਤੀ-ਸ਼ਕਤੀ, ਚਿੰਤਨ-ਅਹਿਸਾਸ, ਵਿਵੇਕ-ਵਿਸਮਾਦ ਅਤੇ ਗੰਭੀਰ ਭਾਵਾਂ ਦੇ ਸੁਮੇਲ ਸਨ। ਭਾਵੇਂ ਅਡਿੱਗ ਸ਼ਰਧਾ ਅਤੇ ਕਰਾਮਾਤੀ ਸ਼ਕਤੀਆਂ ਗੁਰੂ ਨਾਨਕ ਦੇਵ ਜੀ ਨੂੰ ਪੌਰਾਣ ਪੁਰਸ਼ ਬਣਾਉਂਦੀਆਂ ਜਾਪਦੀਆਂ ਹਨ ਪਰ ਉਹਨਾਂ ਦੀ ਦੈਵੀ-ਸ਼ਖ਼ਸੀਅਤ ਦੇ ਇਸ ਵਾਰ ਰਾਹੀਂ ਸੰਚਾਰਿਤ ਹੁੰਦੇ ਸੰਦੇਸ਼ ਅੱਜ ਦੇ ਸਮਾਜਿਕ ਢਾਂਚੇ ਵਿਚ ਵੀ ਸਾਰਥਿਕ ਹਨ।

ਹਵਾਲੇ ਅਤੇ ਟਿੱਪਣੀਆਂ

1. ਆਈ.ਬੀ. ਬੈਨਰਜੀ, *ਖ਼ਾਲਸੇ ਦੀ ਉਤਪਤੀ*, ਪੰਨਾ 43.
2. ਰਤਨ ਸਿੰਘ ਜੱਗੀ, *ਪੁਰਾਤਨ ਜਨਮਸਾਖੀਆਂ ਦਾ ਵਿਸ਼ਲੇਸ਼ਣਾਤਮਕ ਅਧਿਐਨ*, ਪੰਨਾ 10.
3. *Encyclopeadia Britannica,* vol. III, p. 536.
4. ਭਾਈ ਗੁਰਦਾਸ ਜੀ, ਵਾਰ 1/13.
5. ਉਹੀ, ਵਾਰ 1/20.
6. ਉਹੀ, ਵਾਰ 1/30.
7. ਉਹੀ, ਵਾਰ 1/22.
8. ਉਹੀ, ਵਾਰ 1/30.
9. ਉਹੀ, ਵਾਰ 1/30.
10. ਉਹੀ, ਵਾਰ 1/20.
11. ਉਹੀ, ਵਾਰ 1/30.
12. ਉਹੀ, ਵਾਰ 1/22.
13. ਉਹੀ, ਵਾਰ 1/30.
14. ਉਹੀ, ਵਾਰ 1/27.
15. ਉਹੀ, ਵਾਰ 1/30.

(11/1990)

ਗੁਰੂ ਨਾਨਕ ਜੀ ਦੀ ਮਹਿਮਾ ਦਾ ਖ਼ਜ਼ਾਨਾ

ਗੰਜ ਨਾਮਾ

ਗੁਰਮਤਿ ਅਨੁਸਾਰ ਸਹਿਜ ਸੁਖ ਦੀ ਪ੍ਰਾਪਤੀ ਗੁਰੂ ਦੀ ਕਿਰਪਾ ਨਾਲ ਹੀ ਪ੍ਰਾਪਤ ਹੁੰਦੀ ਹੈ।[1] ਸਰਬ ਸੁਖਾਂ ਦਾ ਦਾਤਾ ਗੁਰੂ ਹੀ ਹੈ, ਗੁਰੂ ਦੇ ਸਭ ਤੋਂ ਵੱਡੇ ਦਾਤਾਰ ਹੋਣ ਦਾ ਦਾਅਵਾ ਗੁਰੂ ਨਾਨਕ ਦੇਵ ਜੀ ਨੇ ਵੀ ਕੀਤਾ ਹੈ।[2] ਇਸੇ ਕਰਕੇ ਗੁਰੂਆਂ ਦੀ ਸਿਫ਼ਤ-ਸਲਾਹ ਕਰਨਾ ਸਿੱਖਾਂ ਵਿਚ ਗੁਰੂ-ਕਾਲ ਤੋਂ ਹੀ ਪਰਵਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ-ਮਹਿਮਾ ਦਾ ਅਮੁੱਕ ਸੋਮਾ ਹੈ। ਸਤੇ ਬਲਵੰਡ ਦੀ ਵਾਰ ਅਤੇ ਭੱਟਾਂ ਦੇ ਸਵੱਈਏ ਤਾਂ ਪ੍ਰਮੁੱਖ ਤੌਰ 'ਤੇ ਗੁਰੂ-ਮਹਿਮਾ ਦਾ ਹੀ ਗਾਇਣ ਕਰਦੇ ਹਨ। ਦੁਨੀਆਂ ਦੇ ਹਰ ਧਰਮ ਵਿਚ ਗੁਰੂ ਜਾਂ ਗੁਰੂ ਤੁਲ ਵਿਅਕਤੀ ਦੀ ਮਹਿਮਾ ਵਿਚ ਸਾਹਿਤ ਭਰਿਆ ਪਿਆ ਹੈ ਪਰ ਜਗਤ ਗੁਰੂ 'ਗੁਰੂ ਬਾਬਾ ਸ੍ਰੀ ਗੁਰੂ ਨਾਨਕ ਦੇਵ ਜੀ' ਦੀ ਮਹਿਮਾ ਦਾ ਘੇਰਾ ਬਹੁਤ ਹੀ ਵਿਸ਼ਾਲ ਹੈ। ਹਿੰਦੂ, ਸਿੱਖਾਂ, ਮੁਸਲਮਾਨਾਂ ਤੇ ਹੋਰ ਮਤਾਂ-ਮਤਾਂਤਰਾਂ ਦੇ ਵਿਅਕਤੀਆਂ, ਸਭ ਨੇ ਅੱਡੋ-ਅੱਡਰੀਆਂ ਭਾਸ਼ਾਵਾਂ ਵਿਚ ਗੁਰੂ ਬਾਬਾ ਜੀ ਦੀ ਮਹਿਮਾ ਕਹੀ ਹੈ।

ਗੁਰੂ ਨਾਨਕ ਦੇਵ ਜੀ ਦਾ ਸਭ ਧਰਮਾਂ ਦੇ ਲੋਕਾਂ ਵੱਲੋਂ ਸਤਿਕਾਰੇ ਜਾਣ ਦਾ ਸਬੂਤ ਇਸ ਅਖਾਣ ਤੋਂ ਸਪੱਸ਼ਟ ਹੈ:

ਨਾਨਕ ਸ਼ਾਹ ਫ਼ਕੀਰ। ਹਿੰਦੂ ਕਾ ਗੁਰੂ ਮੁਸਲਮਾਨ ਕਾ ਪੀਰ।

ਸਾਧਾਂ, ਸੰਤਾਂ, ਪੁਰਾਤਨ ਤੇ ਨਵੀਨ ਕਵੀਆਂ ਨੇ 'ਗੁਰੂ ਨਾਨਕ ਮਹਿਮਾ' ਬਾਰੇ ਲਿਖਿਆ ਹੈ, ਜਿਨ੍ਹਾਂ ਵਿਚੋਂ ਕਈ ਤਾਂ ਰਸਮੀ ਤੌਰ 'ਤੇ ਬੰਦਨਾ ਕਰਨ ਵਾਲੇ ਭੀ ਹੋਣਗੇ ਪਰ ਜ਼ਿਆਦਾਤਰ ਸੱਚੀ ਨਿਸ਼ਚਾ ਵਾਲੇ ਭਗਤ ਹੀ ਹਨ। ਇਸ ਲੇਖ ਵਿਚ ਜਿਸ ਕਵੀ ਦੀ ਰਚਨਾ 'ਗੁਰੂ ਨਾਨਕ ਮਹਿਮਾ' ਬਾਰੇ ਜ਼ਿਕਰ ਕੀਤਾ ਜਾ ਰਿਹਾ ਹੈ, ਉਹ ਗੁਰੂ ਘਰ ਦੇ ਅਨਿੰਨ ਸੇਵਕ ਭਾਈ ਨੰਦ ਲਾਲ ਜੀ 'ਗੋਯਾ' ਹਨ, ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਬਾਰੀ ਕਵੀ ਅਤੇ ਸਭ ਤੋਂ ਵੱਧ ਸਤਿਕਾਰੇ ਜਾਣ ਵਾਲੇ ਗੁਰਸਿੱਖ ਸਨ। ਇਹਨਾਂ ਦੀਆਂ ਰਚਨਾਵਾਂ ਦੀ ਕੀਮਤ ਦਾ ਅੰਦਾਜ਼ਾ ਇਸ ਗੱਲ ਤੋਂ ਲੱਗਦਾ ਹੈ ਕਿ ਗੁਰੂ ਦਰਬਾਰ ਵਿਚ ਇਹਨਾਂ ਰਚਨਾਵਾਂ ਦਾ ਦਰਜਾ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਦੇ ਬਰਾਬਰ ਹੈ ਯਾਨੀ ਕਿ ਇਹ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਚ ਕੀਰਤਨ ਕੀਤੇ ਜਾਣ ਦਾ ਹੱਕ ਰੱਖਦੀਆਂ ਹਨ। ਭਾਈ ਸਾਹਿਬ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਮੁੱਖ ਤੌਰ 'ਤੇ ਫ਼ਾਰਸੀ ਜ਼ੁਬਾਨ ਵਿਚ ਹਨ ਅਤੇ ਪ੍ਰਭੂ-ਭਗਤੀ, ਗੁਰੂ-ਭਗਤੀ ਅਤੇ ਗੁਰਮੁਖ ਜੀਵਨ-ਜਾਚ ਦਾ ਬੇਹਤਰੀਨ ਨਮੂਨਾ ਹਨ।[3]

'ਜੋਤਿ ਬਿਗਾਸ' ਤੇ 'ਗੰਜ ਨਾਮਾ' ਗੁਰੂ ਮਹਿਮਾ ਤੇ ਪ੍ਰਭੂ ਭਗਤੀ ਦਾ ਅਨਮੋਲ ਖ਼ਜ਼ਾਨਾ

ਹਨ। 'ਜੋਤਿ ਬਿਗਾਸ' ਵਿਚ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਮਹਿਮਾ ਹੀ ਮੁੱਖ ਰੱਖੀ ਗਈ ਹੈ। ਗੁਰੂ ਨਾਨਕ ਦੇਵ ਜੀ ਨੂੰ ਰੱਬ ਦਾ ਰੂਪ ਹੀ ਦੱਸਿਆ ਹੈ। ਇਥੇ ਇਹ ਗੱਲ ਸਪੱਸ਼ਟ ਹੈ ਕਿ ਗੁਰੂ ਨਾਨਕ ਸਾਹਿਬ ਰੱਬ ਦੇ ਅਵਤਾਰ ਨਹੀਂ ਹਨ ਕਿਉਂਕਿ ਗੁਰਮਤਿ ਅਨੁਸਾਰ ਰੱਬ ਅਜੂਨੀ ਹੈ। ਇਸ ਬੰਦ ਤੋਂ ਗੁਰੂ ਨਾਨਕ ਮਹਿਮਾ ਦਾ ਆਗ਼ਾਜ਼ ਕੀਤਾ ਹੈ:

ਗੁਰੂ ਨਾਨਕ ਆਮਦ ਨਰਾਇਨ ਸਰੂਪ।
ਹਮਾਨਾ ਨਿਰੰਜਨ ਨਿਰੰਕਾਰ ਰੂਪ॥੧॥

ਗੁਰੂ ਨਾਨਕ (ਪਾਤਸ਼ਾਹ) ਨਰਾਇਣ ਦਾ ਸਰੂਪ ਹੋ ਕੇ (ਜਗਤ 'ਤੇ) ਆਏ। ਨਿਰਸੰਦੇਹ ਉਹ ਨਿਰੰਜਨ ਅਤੇ ਨਿਰੰਕਾਰ ਦਾ ਰੂਪ ਹਨ।[4]

ਅੱਗੇ ਜਾ ਕੇ ਜ਼ਿਕਰ ਹੈ ਕਿ ਸਭ ਦੇਵੀ-ਦੇਵਤੇ, ਪੀਰ-ਪੈਗੰਬਰ ਅਕਾਲ ਪੁਰਖ ਨੇ ਗੁਰੂ ਬਾਬੇ ਦੇ ਚਰਨੀਂ ਪਾਏ ਅਤੇ ਬਾਕੀ ਦੀਆਂ ਨੌਂ ਪਾਤਸ਼ਾਹੀਆਂ ਵੀ ਗੁਰੂ ਨਾਨਕ ਆਪ ਹੀ ਸਨ।

'ਗੰਜ ਨਾਮਾ' ਵਿਚ 'ਗੁਰੂ ਨਾਨਕ ਮਹਿਮਾ' ਇਸ ਲੇਖ ਦਾ ਮੁੱਖ ਵਿਸ਼ਾ ਹੈ, ਇਸ ਲਈ ਇਥੇ 'ਗੰਜ ਨਾਮਾ' ਬਾਰੇ ਹੀ ਵਿਸਥਾਰ ਦਿੱਤਾ ਜਾ ਰਿਹਾ ਹੈ। 'ਗੰਜ ਨਾਮਾ' ਜਿਵੇਂ ਕਿ ਨਾਮ ਤੋਂ ਹੀ ਪ੍ਰਤੱਖ ਹੈ ਕਿ 'ਖ਼ਜ਼ਾਨਿਆਂ ਦਾ ਚਿੱਠਾ' ਯਾਨੀ ਕਿ ਗੁਰੂਆਂ ਦੀ 'ਮਹਿਮਾ ਦਾ ਖ਼ਜ਼ਾਨਾ'। ਇਸ ਰਚਨਾ ਵਿਚ ਦਸਾਂ ਗੁਰੂਆਂ ਦੀ ਮਹਿਮਾ ਲਿਖੀ ਗਈ ਹੈ ਜੋ ਕਿ ਭਾਈ ਨੰਦ ਲਾਲ ਜੀ ਦੀ ਗੁਰੂ ਸਾਹਿਬਾਨ ਪ੍ਰਤੀ ਅਥਾਹ ਸ਼ਰਧਾ ਅਤੇ ਪ੍ਰੇਮ ਦਾ ਪ੍ਰਗਟਾਵਾ ਹੈ। ਭਾਈ ਸਾਹਿਬ ਗੁਰੂ ਨੂੰ ਗਿਆਨ ਰੂਪੀ ਪ੍ਰਕਾਸ਼ ਦਾ ਸੋਮਾ ਦੱਸਦੇ ਹਨ ਜੋ ਕਿ ਹਜ਼ਾਰਾਂ ਸੂਰਜਾਂ ਤੇ ਚੰਦਾਂ ਤੋਂ ਵੱਧ ਕੇ ਪ੍ਰਕਾਸ਼ਮਾਨ ਹੈ ਯਾਨੀ ਕਿ ਮਨ ਦੇ ਅੰਨ੍ਹੇਰੇ ਨੂੰ ਸਿਰਫ਼ ਗੁਰੂ ਦਾ ਪ੍ਰਕਾਸ਼ ਹੀ ਦੂਰ ਕਰ ਸਕਦਾ ਹੈ।

ਗਰ ਫਰੋਜ਼ਦ ਹਜ਼ਾਰ ਮਿਹਰੋ ਮਾਹ
ਆਲਮੇ ਦਾ ਜੁਜ਼ਓ ਤਮਾਮ ਸਿਆਹ॥੫॥ *(ਗੰਜ ਨਾਮਾ)*

ਅਰਥਾਤ ਜੇ ਹਜ਼ਾਰ ਸੂਰਜ ਤੇ ਚੰਦਰਮਾਂ ਚਾਨਣ ਕਰਨ (ਤਾਂ ਵੀ) ਉਸ (ਗੁਰੂ) ਦੇ ਬਗ਼ੈਰ ਸੰਸਾਰ ਵਿਚ ਸਾਰਾ ਹਨੇਰਾ ਹੀ ਜਾਣ। ਯਾਨੀ ਕਿ ਗੁਰੂ ਹੀ ਗਿਆਨ ਦਾ ਪ੍ਰਕਾਸ਼ ਹੈ।

ਸਤਿਗੁਰੂ ਤੋਂ ਬਿਨਾਂ ਸਭ ਕੁਝ ਇਸੇ ਤਰ੍ਹਾਂ ਸਮਝਣਾ ਚਾਹੀਦਾ ਹੈ ਜਿਵੇਂ ਕਿ ਝਾੜਾਂ ਤੇ ਕੰਡਿਆਂ ਨਾਲ ਭਰਿਆ ਖੇਤ (ਯਾਨੀ ਸਭ ਉਜਾੜ, ਨਕਾਰਾ ਤੇ ਦੁਖਦਾਇਕ)।

ਗ਼ੈਰ ਸਤਿਗੁਰ ਹਮਾ ਬ-ਦਾ ਮਾਨਦ।
ਕਾਂ ਚੁਨਾ ਜ਼ਰਇ ਬਾਰ ਵਰ ਦਾਨਦ॥੧੧॥ *(ਗੰਜ ਨਾਮਾ)*

ਗੰਜ ਨਾਮਾ ਦੇ ਬਾਰ੍ਹਵੇਂ ਬੰਦ (ਜੋ ਸਭ ਤੋਂ ਲੰਬਾ ਹੈ) ਵਿਚ ਗੁਰੂ ਨਾਨਕ ਦੇਵ ਜੀ ਦੀ ਵਡਿਆਈ ਨੂੰ ਪੂਰੇ ਵਿਸਥਾਰ ਨਾਲ ਦਰਸਾਇਆ ਗਿਆ ਹੈ। ਇਸੇ ਬੰਦ ਤੋਂ ਹੀ ਅਸਲ 'ਗੁਰੂ ਨਾਨਕ ਮਹਿਮਾ' ਸ਼ੁਰੂ ਹੁੰਦੀ ਹੈ ਅਤੇ 53ਵੇਂ ਬੰਦ ਤਕ ਚੱਲਦੀ ਹੈ। ਉਸ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਅਤੇ ਬਾਕੀ ਗੁਰੂਆਂ ਦੀ ਵਾਰੋ-ਵਾਰੀ ਮਹਿਮਾ ਲਿਖੀ ਹੈ।

ਭਾਈ ਸਾਹਿਬ ਨੇ ਗੁਰੂ ਬਾਬਾ ਨਾਨਕ ਦੇਵ ਜੀ ਨੂੰ ਸਲਤਨਤੇ ਅੱਵਲ ਦਾ ਨਾਮ ਦਿੱਤਾ ਹੈ ਅਤੇ ਉਹਨਾਂ ਦੀਆਂ ਸਿਫ਼ਤਾਂ ਇਸ ਤਰ੍ਹਾਂ ਵਰਣਨ ਕੀਤੀਆਂ ਹਨ ਕਿ ਪਹਿਲੀ ਪਾਤਸ਼ਾਹੀ ਹੀ ਰੱਬ ਦੇ ਪਵਿੱਤਰ ਨੂਰ ਨੂੰ ਚਮਕਾਉਣ ਵਾਲੀ ਅਤੇ ਰੱਬ ਦੇ ਭਰੋਸੇ ਦੇ ਗਿਆਨ ਨੂੰ ਪ੍ਰਗਟ

ਕਰਨ ਵਾਲੀ ਹੈ। ਉਹ ਸਦੀਵੀ ਵਾਕਫ਼ੀ ਦਾ ਝੰਡਾ ਝੁਲਾਉਣ ਅਰਥਾਤ ਸੱਚ ਦਾ ਰਸਤਾ ਦੱਸਣ ਵਾਲੀ ਹੈ, ਅਗਿਆਨਤਾ ਨੂੰ ਦੂਰ ਕਰਨ ਵਾਲੀ, ਪਾਤਾਲ ਤੋਂ ਲੈ ਕੇ ਅਨੰਤ ਤਕ ਰੱਬ ਦੇ ਹੁਕਮ ਦਾ ਪਾਲਣ ਆਪਣੇ ਮੋਢਿਆਂ 'ਤੇ ਉਠਾਣ ਵਾਲੀ ਹੈ। ਲਾਹੂਤ ਤੋਂ ਇਸ ਜਹਾਨ ਤਕ ਸਭ ਉਸ ਦੀਆਂ (ਗੁਰੂ ਨਾਨਕ ਜੀ ਦੀਆਂ) ਦਹਿਲੀਜ਼ਾਂ ਦੀ ਧੂੜ ਵਿਚ ਬੈਠਣ ਵਾਲੇ ਹਨ। ਚਾਰ ਵੇਦਾਂ ਤੇ ਛੇ ਸ਼ਾਸਤਰਾਂ ਦੀ ਬਾਣੀ ਵੀ ਉਸ (ਗੁਰੂ ਬਾਬੇ) ਦੀ ਉਸਤਤ ਕਰਨ ਤੋਂ ਅਸਮਰੱਥ ਹੈ। ਉਸ ਦੇ ਨੂਰ ਨਾਲ ਭਰਿਆ ਝੰਡਾ (ਉਸ ਦੇ ਗਿਆਨ ਦਾ ਪ੍ਰਕਾਸ਼) ਦੋਹਾਂ ਜਹਾਨਾਂ 'ਤੇ ਝੂਲਦਾ ਹੈ। ਉਸ ਦੇ ਬਚਨਾਂ ਦੀ ਮਸ਼ਾਲ ਰੱਬ ਦਾ ਪ੍ਰਕਾਸ਼ ਹੈ। ਉਸ ਦੇ ਨੂਰ ਦੇ ਸਾਹਮਣੇ ਲੱਖਾਂ ਚੰਨ ਸੂਰਜ ਹਨੇਰੇ ਵਿਚ ਡੁੱਬ ਜਾਂਦੇ ਹਨ। ਉਸ (ਗੁਰੂ ਨਾਨਕ) ਦੀਆਂ ਹਦਾਇਤਾਂ ਤੇ ਆਗਿਆ ਸਭ ਲੋਕਾਂ ਲਈ ਸ੍ਰੇਸ਼ਟ ਹਨ। ਉਸ ਦੀ ਸਿਫ਼ਾਰਸ਼ ਦੋਨਾਂ ਜਹਾਨਾਂ ਵਿਚ ਪਹਿਲਾ ਦਰਜਾ ਰੱਖਦੀ ਹੈ। ਉਹਨਾਂ (ਗੁਰੂ ਨਾਨਕ) ਨੂੰ ਰੱਬ ਦਾ ਦਿੱਤਾ ਖ਼ਿਤਾਬ 'ਦੋਹਾਂ ਜਹਾਨਾਂ ਦਾ ਗੁਰੂ' ਸੱਚਾ ਹੈ। ਵਾਹਿਗੁਰੂ ਦੇ ਖ਼ਾਸ ਲੋਕ ਉਸ ਦੇ ਚਰਨਾਂ ਦੀ ਧੂੜੀ ਹਨ ਅਤੇ ਅੰਤ ਵਿਚ ਭਾਈ ਨੰਦ ਲਾਲ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਨਾਮ ਦੇ 'ਨਾਨਕ' ਪਦ ਦੀ ਬਹੁਤ ਕਮਾਲ ਦੀ ਵਿਆਖਿਆ ਕੀਤੀ ਹੈ।

ਦੋ ਨੂਨਿ ਨਾਮਿ ਪਾਕਸ਼ ਨਈਮ ਵ ਨਸੀਰ,
ਵ ਅਲਫ਼ੇ ਮਿਆਨਾ ਅਹਦ,
ਵ ਕਾਫ਼ ਆਖ਼ਰੀਨ ਕਬੀਰ।

ਅਰਥਾਤ—ਉਹਨਾਂ ਦੇ ਪਵਿੱਤਰ ਨਾਮ ਦੇ ਦੋਨੋਂ ਨੂੰਨ (ਨੰਨੇ) ਨਈਮ (ਦਾਤ ਦੇਣ ਵਾਲੇ) ਤੇ ਨਸੀਰ (ਮਦਦ ਦੇਣ ਵਾਲੇ) ਭਾਵ ਕਿ 'ਨਾਨਮ ਨਾਮ ਦੇ ਦੋ (ਨੰਨਾ) ਅੱਖਰਾਂ ਦਾ ਮਤਲਬ ਦਾਤਾ ਤੇ ਮਦਦਗਾਰ ਹੈ। ਇਹਨਾਂ ਦੋਹਾਂ ਅੱਖਰਾਂ ਦੇ ਵਿਚਲਾ 'ਅਲਫ਼' ਇਕ ਓਅੰਕਾਰ ਯਾਨੀ ਇਕ ਰੱਬ ਦਾ ਲਖਾਇਕ ਹੈ। ਆਖ਼ਰੀ ਅੱਖਰ 'ਕਾਫ਼' (ਕੱਕਾ) ਕਬੀਰ (ਵੱਡਿਆਂ ਤੋਂ ਵੱਡਾ) ਦਾ ਲਖਾਇਕ ਹੈ। ਇਸ ਤਰ੍ਹਾਂ ਗੁਰੂ ਜੀ ਦਾ ਨਾਮ ਹੀ ਆਪਣੇ ਆਪ ਵਿਚ ਰੱਬ ਦਾ ਸੂਚਕ, ਵਡਿੱਤਣ ਵਾਲਾ ਤੇ ਦਾਤਾਂ ਬਖ਼ਸ਼ਣ ਵਾਲਾ ਅਤੇ ਮਦਦ ਦੇਣ ਵਾਲਾ ਹੈ।12।

ਅੱਗੇ ਚੱਲ ਕੇ ਭਾਈ ਨੰਦ ਲਾਲ ਜੀ ਗੁਰੂ ਜੀ ਦੀ ਵਡਿਆਈ ਇਸ ਤਰ੍ਹਾਂ ਦੱਸਦੇ ਹਨ ਕਿ ਗੁਰੂ ਨਾਨਕ ਦੇਵ ਜੀ ਵਰਗਾ ਕੋਈ ਫ਼ਕੀਰ ਅੱਜ ਤਕ ਪੈਦਾ ਨਹੀਂ ਹੋਇਆ, ਇਸੇ ਕਰਕੇ ਕੀ ਆਮ ਤੇ ਕੀ ਖ਼ਾਸ, ਕੀ ਦੇਵਤੇ ਤੇ ਕੀ ਮਨੁੱਖ, ਸਭ ਉਸ ਗੁਰੂ ਦੀ ਚਰਨ ਧੂੜ ਨੂੰ ਚੁੰਮਣਾ ਚਾਹੁੰਦੇ ਹਨ।15। ਜਿਸ ਦੀ ਸਿਫ਼ਤ ਆਪ ਖ਼ੁਦਾ ਕਰਨ ਵਾਲਾ ਹੋਵੇ, ਉਸ ਦੀ ਤਾਰੀਫ਼ ਮੇਰੇ ਵਰਗਾ ਬੰਦਾ ਕੀ ਕਰਨਯੋਗ ਹੈ।16।

ਹੱਕ ਚੂ ਖ਼ੁਦ ਵਾਸਿਫ਼ਸ਼ ਗਿਦਹ ਗੋਯਮ ਮਨ।
ਦਰ ਗਹੇ ਵਸਫ਼ੇ ਉ ਦਿਹ ਪੀਯਮ ਮਨ॥੧੬॥

ਗੁਰੂ ਨਾਨਕ ਸਾਹਿਬ ਦਾ ਸੰਦੇਸ਼ ਅਜਿਹਾ ਉੱਚਾ-ਸੁੱਚਾ ਹੈ ਕਿ ਉਸ ਨੇ ਦੁਨੀਆਂ ਵਾਲਿਆਂ ਦੀ ਨੁਹਾਰ ਬਦਲ ਕੇ ਰੱਖ ਦਿੱਤੀ ਤੇ ਸੰਸਾਰੀ ਲੋਕ ਵੀ ਦੇਵਤਿਆਂ ਵਰਗੇ ਹੋ ਗਏ।[5]

ਹਮਾ ਨਸੂਤੀਆ ਮਲਾਇਕਿ ਊ
ਜਲਵਾ-ਅਸ਼ ਦਾਂ ਤਹਿਤੋ ਫੋਕਿ ਨਿਕੂ॥੧੯॥

ਗੁਰੂ ਨਾਨਕ ਸਾਹਿਬ ਦੇ ਰੱਬੀ-ਪ੍ਰੇਮ ਅਤੇ ਨਿਰਮਤਾ ਦੇ ਗੁਣ ਨੂੰ ਭਾਈ ਸਾਹਿਬ ਨੇ ਬੜੇ ਸੋਹਣੇ ਅੰਦਾਜ਼ ਨਾਲ ਬਿਆਨ ਕਰਦਿਆਂ ਕਿਹਾ ਹੈ ਕਿ ਗੁਰੂ ਜੀ ਨੂੰ ਅਕਾਲ ਪੁਰਖ ਨੇ ਖ਼ੁਦ ਆਪ 'ਦੋ ਜਹਾਨਾਂ ਦੇ ਗੁਰੂ' ਦਾ ਖ਼ਿਤਾਬ ਦਿੱਤਾ[6] ਤਾਂ ਸੱਚੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਅੱਗੇ ਬੇਨਤੀ ਕੀਤੀ :

ਗੁ਼ਫਤ ਮਨ ਕੰਦਾ ਓ ਗ਼ੁਲਾਮਿ ਤੁਅਮ
ਖ਼ਾਕਿ ਅਕਦਾਮਿ ਖ਼ਾਸੋ ਆਮਿ ਤੂਅਮ॥੨੩॥

ਅਰਥਾਤ—ਮੈਂ ਤਾਂ ਤੇਰਾ ਬੰਦਾ ਹਾਂ, ਤੇਰਾ ਗ਼ੁਲਾਮ ਹਾਂ ਅਤੇ ਤੇਰੇ ਆਮ-ਖ਼ਾਸ ਬੰਦਿਆਂ ਦੇ ਚਰਨਾਂ ਦੀ ਧੂੜ ਹਾਂ। ਗੁਰੂ ਨਾਨਕ ਸਾਹਿਬ ਨੇ ਖ਼ੁਦ ਵੀ ਬਾਣੀ ਵਿਚ ਆਪਣੇ ਆਪ ਨੂੰ 'ਦਾਸਨ ਦਾਸ' ਕਿਹਾ ਹੈ। ਤਿਲੰਗ ਰਾਗ ਵਿਚ ਆਪਣੇ ਆਪ ਨੂੰ ਰੱਬ ਦੇ ਦਾਸਾਂ ਦੀ ਚਰਨ-ਧੂੜ ਦੱਸਿਆ ਹੈ।[7]

ਵੇਈਂ ਨਦੀ ਵਿਚ ਡੁਬਕੀ ਲਾਉਣ ਤੋਂ ਬਾਅਦ ਜਦੋਂ ਗੁਰੂ ਜੀ ਅਕਾਲ ਪੁਰਖ ਦੇ ਦਰ 'ਤੇ ਗਏ ਤਾਂ ਗੁਰੂ ਜੀ ਤੇ ਅਕਾਲ ਪੁਰਖ ਦੀਆਂ ਗੱਲਾਂ ਹੋਈਆਂ ਤੇ ਅਕਾਲ ਪੁਰਖ ਨੇ ਗੁਰੂ ਨਾਨਕ ਸਾਹਿਬ ਨੂੰ ਆਪਣਾ ਖ਼ਾਸ ਬੰਦਾ ਥਾਪ ਕੇ ਜਗਤ ਦਾ ਉਧਾਰ ਕਰਨ ਵਾਸਤੇ ਭੇਜਿਆ ਤੇ ਆਪਣੀ ਸ਼ਕਤੀ ਨਾਲ ਭਰਪੂਰ ਕੀਤਾ। ਇਸ ਵਾਕਿਆ ਸਮੇਂ ਰੱਬ ਤੇ ਬਾਬੇ ਦੀਆਂ ਗੱਲਾਂ ਦਾ ਵਰਣਨ-ਢੰਗ ਮਿਹਰਬਾਨ ਵਾਲੀ ਸਾਖੀ ਨਾਲ ਕਾਫ਼ੀ ਮਿਲਦਾ-ਜੁਲਦਾ ਪ੍ਰਤੀਤ ਹੁੰਦਾ ਹੈ।[8] ਇਉਂ ਲੱਗਦਾ ਹੈ ਕਿ ਭਾਈ ਸਾਹਿਬ ਨੇ ਇਸ ਦਾ ਹੀ ਅਸਰ ਕਬੂਲਿਆ ਹੋਵੇ। ਪਰਮੇਸ਼ਰ ਨੇ ਗੁਰੂ ਬਾਬੇ 'ਤੇ ਮਿਹਰ ਕੀਤੀ ਅਤੇ ਆਪਣੇ ਪਾਸ ਬੁਲਾਇਆ ਅਤੇ ਫੇਰ ਆਪਣੀ ਸ਼ਕਤੀ ਗੁਰੂ ਨਾਨਕ ਦੇਵ ਜੀ ਨੂੰ ਦਿੱਤੀ ਤੇ ਕਿਹਾ ਕਿ ਮੈਂ ਤੇਰੇ ਵਿਚ ਵੱਸਦਾ ਹਾਂ ਅਤੇ ਮੇਰੇ ਬਿਨਾਂ ਹੋਰ ਕੋਈ ਦੂਜਾ ਨਹੀਂ ਦਿੱਸਦਾ। ਜੋ ਕੁਝ ਮੈਂ ਚਾਹੁੰਦਾ ਹਾਂ, ਉਹੀ ਕਰਦਾ ਹਾਂ ਅਤੇ ਉਹੀ ਇਨਸਾਫ਼ ਦੀ ਗੱਲ ਹੈ। ਭਾਈ ਨੰਦ ਲਾਲ ਜੀ ਦੇ ਕਹੇ ਮੁਤਾਬਕ ਰੱਬ ਨੇ ਗੁਰੂ ਬਾਬੇ ਨੂੰ ਆਪਣਾ ਸਭ ਤੋਂ ਵੱਧ ਵਿਸ਼ਵਾਸ-ਪਾਤਰ ਤੇ ਕਿਰਪਾ-ਪਾਤਰ ਬਣਾਇਆ, ਤਾਂ ਹੀ ਆਪਣੀਆਂ ਸ਼ਕਤੀਆਂ ਬਖ਼ਸ਼ੀਆਂ। ਯਾਨੀ ਕਿ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਕਿ ਗੁਰੂ ਜੀ ਅਸਲ ਰੂਪ ਵਿਚ ਖ਼ੁਦਾ-ਰਸੀਦਾ ਸਨ ਤੇ ਰੱਬ ਵਿਚ ਹੀ ਮਿਲੇ ਹੋਏ ਸਨ।

ਦਰ ਹਮਾ ਜਾ ਪਨਾਹੋ ਯਾਰਿ ਤੂਅਮ।
ਯਾਵਰੀ ਬਖ਼ਸ਼ੋ ਖ਼ਾਸਤ ਗਾਇ ਤੂਅਮ॥੨੭॥

ਅਰਥਾਤ—ਮੈਂ ਸਭ ਥਾਂ ਤੇਰਾ ਦੋਸਤ ਅਤੇ ਤੇਰੀ ਪਨਾਹ ਹਾਂ, ਮੈਂ ਤੇਰੀ ਸਹਾਇਤਾ ਕਰਨ ਵਾਲਾ ਹਾਂ ਤੇ ਤੈਨੂੰ ਚਾਹੁਣ ਵਾਲਾ ਹਾਂ।

ਭਾਈ ਸਾਹਿਬ ਦਾ ਗੁਰੂ ਨਾਨਕ ਪ੍ਰਤੀ ਸ਼ਰਧਾ ਤੇ ਪਿਆਰ ਦੇਖੋ। ਉਹਨਾਂ ਕਿਸ ਸੂਝ-ਬੂਝ ਨਾਲ ਗੁਰੂ ਦੇ ਨਾਮ ਦੀ ਮਹਿਮਾ ਨੂੰ ਅਸਲ ਵਿਚ ਰੱਬ ਦੀ ਹੀ ਮਹਿਮਾ ਦਰਸਾਇਆ ਹੈ।

ਹਰ ਕਿ ਨਾਮਿ ਤੂ ਬਰ ਤਰੀਂ ਦਾਨਦ
ਅਜ ਦਿਲੋ ਜਾਂ ਬ-ਵਸਫ਼ਿ ਮਨ ਖ਼ਾਨਦ॥੨੮॥

(ਹੇ ਨਾਨਕ !) ਜੋ ਵੀ ਤੇਰੇ ਨਾਮ ਨੂੰ ਉੱਚਾ ਸਮਝੇਗਾ, ਉਹ ਦਿਲ-ਜਾਨ ਨਾਲ ਮੇਰੀ ਹੀ ਸਿਫ਼ਤ-ਸ਼ਲਾਘਾ ਕਰ ਰਿਹਾ ਹੋਵੇਗਾ।

ਭਾਈ ਸਾਹਿਬ ਦੀ ਰਚਨਾ ਵਿਚ ਵੱਡਾ ਕਮਾਲ ਇਹ ਹੈ ਕਿ ਆਪ ਗੁਰੂ ਮਹਿਮਾ ਦਾ ਗਾਇਨ ਕਰਦੇ ਹੋਏ ਕਦੀ ਵੀ ਗੁਰੂ ਆਸ਼ੇ ਤੋਂ ਦੂਰ ਨਹੀਂ ਗਏ। ਜਿਸ ਤਰ੍ਹਾਂ ਕਿ ਕਈ ਕਵੀ ਗੁਰੂ ਜੀ ਨੂੰ ਅਵਤਾਰ ਜਾਂ ਕਿਸੇ ਹੋਰ ਰੂਪ ਵਿਚ ਕਰਾਮਾਤਾਂ ਦਿਖਾਣ ਵਾਲਾ ਪੇਸ਼ ਕਰ ਦਿੰਦੇ ਹਨ। ਗੁਰਮਤਿ ਦਾ ਸਿਧਾਂਤ ਹੈ ਕਿ ਪਰਮਾਤਮਾ ਨੂੰ ਉਹੀ ਇਨਸਾਨ ਜਾਣ ਸਕਦਾ ਹੈ ਜਿਸ 'ਤੇ ਅਕਾਲ ਪੁਰਖ ਦੀ ਆਪ ਕਿਰਪਾ ਹੋਵੇ। ਇਸ ਸਿਧਾਂਤ ਦੀ ਵਿਆਖਿਆ ਵੀ ਕੀਤੀ ਹੈ ਤੇ ਗੁਰੂ ਜੀ ਰੱਬ ਵੱਲੋਂ ਬਖ਼ਸ਼ੀ ਤਾਕਤ ਦਾ ਜ਼ਿਕਰ ਕਰ ਕੇ ਗੁਰੂ ਬਾਬੇ ਦੀ ਵਡਿਆਈ ਵੀ ਦਰਸਾਈ ਹੈ। 30ਵੇਂ ਬੰਦ ਵਿਚ ਅਕਾਲ ਪੁਰਖ ਗੁਰੂ ਬਾਬੇ ਨੂੰ ਇਹ ਕਹਿੰਦਾ ਦੱਸਿਆ ਹੈ ਕਿ (ਹੇ ਨਾਨਕ!) ਤੂੰ ਸੰਸਾਰ ਵਿਚ ਜਾਹ ਅਤੇ ਰਾਹ ਦਿਖਾਉਣ ਵਾਲਾ ਬਣ, ਕਿਉਂ ਜੋ ਮੇਰੇ ਬਿਨਾਂ ਇਸ ਜਹਾਨ ਦੀ ਜੌਂ ਭਰ ਵੀ ਕੀਮਤ ਨਹੀਂ। 31ਵੇਂ ਤੇ 32ਵੇਂ ਬੰਦ ਵਿਚ ਗੁਰੂ ਬਾਬੇ ਪਿੱਛੇ ਅਕਾਲ ਪੁਰਖ ਦਾ ਹੱਥ ਸਪੱਸ਼ਟ ਕੀਤਾ ਹੈ।

ਦਰ ਹਕੀਕਤ ਮਨਮ ਚੂ ਰਾਹਨੁਮਾ।
ਤੂ ਜਹਾਂ ਰਾ ਬਪਾਇ ਖ਼ੁਦ ਪੈਮਾ॥੩੧॥

ਅਸਲ ਵਿਚ ਜਦ ਮੈਂ ਰਾਹ ਦਿਖਾਉਣ ਵਾਲਾ ਹਾਂ ਤਾਂ ਤੂੰ ਇਸ ਜਹਾਨ ਦਾ ਪੰਧ ਆਪਣੇ ਪੈਰਾਂ ਨਾਲ ਮੁਕਾ।

ਹਰਕਿ ਰਾ ਖ਼ਾਹਮ ਵ ਸ਼ਵਮ ਹਾਦੀ।
ਅਜ਼ ਤੂ ਦਰ ਦਿਲ ਦਰ ਆਰਮਸ਼ ਸ਼ਾਦੀ॥੩੨॥

ਜਿਸ ਕਿਸੇ ਨੂੰ ਮੈਂ ਚਾਹੁੰਦਾ ਹਾਂ ਅਤੇ ਉਸ ਨੂੰ ਰਾਹ ਦਿਖਾਉਂਦਾ ਹਾਂ, ਤੇਰੇ ਕਾਰਣ ਉਸ ਦੇ ਦਿਲ ਵਿਚ ਖ਼ੁਸ਼ੀ ਲਿਆਂਦਾ ਹਾਂ।

ਗੁਰੂ ਬਾਬੇ ਨੂੰ ਅਕਾਲ ਪੁਰਖ ਨੇ ਔਖੇ ਤੋਂ ਔਖੇ ਕੰਮ ਸੌਂਪੇ ਜੋ ਗੁਰੂ ਜੀ ਨੇ ਅਕਾਲ ਪੁਰਖ ਦੀ ਮਿਹਰ ਨਾਲ ਪੂਰੇ ਕੀਤੇ। ਉਹਨਾਂ ਦਾ ਵਿਸਥਾਰ ਨਾਲ ਵਰਣਨ ਹੈ, ਜਿਸ ਵਿਚ ਭਾਈ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਨੂੰ ਜਾਦੂਗਰਾਂ, ਪਾਪੀਆਂ, ਅਗਿਆਨੀਆਂ ਤੇ ਜੋਤਸ਼ੀਆਂ ਵ.ਗੈਰਾ ਨੂੰ ਰਾਹੇ ਪਾਉਣ ਵਾਲੇ ਦੱਸਿਆ ਹੈ ਕਿਉਂਕਿ ਇਹ ਰੱਬ ਦਾ ਉਹਨਾਂ ਨੂੰ ਹੁਕਮ ਸੀ:

ਰੂ ਨੁਮਾ ਜੁਮਲਾ ਰਾ ਸੂਇ ਫ਼ਿਕਰਮ।
ਕਿ ਨਦਾਰੰਦ ਦੋਸਤ ਜੁਜ਼ ਜ਼ਿਕਰਮ॥੪੬॥

ਉਹਨਾਂ ਸਭਨਾਂ ਦਾ ਮੂੰਹ ਮੇਰੇ ਧਿਆਨ ਵੱਲ ਭਵਾਂ ਦੇ ਤਾਂ ਜੋ ਮੇਰੇ ਸਿਮਰਨ ਤੋਂ ਬਿਨਾਂ (ਉਹ ਸਭ) ਹੋਰ ਕਿਸੇ ਨੂੰ ਮਿੱਤਰ ਨਾ ਸਮਝਣ।

ਖ਼ੁਦਾ ਵੱਲੋਂ ਗੁਰੂ ਨਾਨਕ ਸਾਹਿਬ ਨੂੰ ਪੈਦਾ ਕਰਨ ਦਾ ਪ੍ਰਯੋਜਨ ਦੱਸਦੇ ਹਨ:

ਮਨ ਤੁਰਾ ਆਫ਼ਰੀਦਮ ਅਜ਼ ਪਏ ਆਂ।
ਕਿ ਸ਼ਵੀ ਰਹਿਨੁਮਾ ਬ ਜੁਮਲਾ ਜਹਾਂ॥੪੮॥

ਮੈਂ (ਰੱਬ ਨੇ) ਤੈਨੂੰ (ਗੁਰੂ ਜੀ ਨੂੰ) ਇਸ ਲਈ ਪੈਦਾ ਕੀਤਾ ਹੈ ਤਾਂ ਜੋ ਤੂੰ ਸਾਰੇ ਜਹਾਨ ਨੂੰ ਰਾਹ ਦਿਖਾਣ ਵਾਲਾ ਬਣ ਜਾਵੇਂ।[੭]

ਅਖ਼ੀਰ ਵਿਚ ਭਾਈ ਨੰਦ ਲਾਲ ਜੀ ਗੁਰੂ ਨਾਨਕ ਪਾਤਸ਼ਾਹ ਜੀ ਅਕਾਲ ਪੁਰਖ ਅੱਗੇ ਬੇਨਤੀ ਕਰਦੇ ਦਰਸਾਏ ਹਨ ਕਿ ਹੇ ਅਕਾਲ ਪੁਰਖ! ਮੇਰੀ ਹੋਂਦ ਤੇਰੇ ਬ.ਗੈਰ ਕੁਝ ਵੀ ਨਹੀਂ,

ਮੈਂ ਤੇਰੇ ਹੁਕਮ ਬਗ਼ੈਰ ਕੁਝ ਵੀ ਕਰਨ ਯੋਗ ਨਹੀਂ ਯਾਨੀ ਕਿ ਗੁਰੂ ਪਾਤਸ਼ਾਹ ਦਾ ਅਕਾਲ ਪੁਰਖ 'ਤੇ ਪੱਕਾ ਅਕੀਦਾ ਤੇ ਆਤਮ ਸਮਰਪਣ ਦੀ ਸਿਫ਼ਤ ਨੂੰ ਉਜਾਗਰ ਕੀਤਾ ਹੈ:

ਸ਼ਾਹ ਕੁਫ਼ਤਾ ਚਿ ਲਾਇਕ ਆਨਮ।
ਕਿ ਦਿਲਿ ਜੁਮਲਾ ਬਾਜ਼ ਗਰਦਾਨਮ॥੫੦॥

ਪਾਤਸ਼ਾਹ (ਗੁਰੂ ਜੀ) ਨੇ ਕਿਹਾ ਮੈਂ ਇਸ ਦੇ ਕੀ ਲਾਇਕ ਹਾਂ ਕਿ ਸਭਨਾਂ ਦੇ ਦਿਲਾਂ ਨੂੰ ਸਿੱਧੇ ਪਾਸੇ ਮੋੜ ਦਿਆਂ।

ਮਨ ਕੁਜਾ ਰਾ ਚੁਨੀ ਕਮਾਲ ਕੁਜਾ।
ਮਨ ਕਿ ਵ ਫ਼ੱਰੇ ਜ਼ੁਲਜਲਾਲ ਕੁਜਾ॥੫੧॥

ਮੈਂ ਕਿਥੇ ਤੇ ਅਜਿਹਾ ਕਮਾਲ ਕਿਥੇ? ਮੈਂ ਨਿਗੂਣਾ ਕਿਥੇ ਅਤੇ ਤੇਰੇ (ਰੱਬ ਦੀ) ਸਰੂਪ ਦੀ ਸ਼ਾਨ-ਸ਼ੌਕਤ ਕਿਥੇ? ਯਾਨੀ ਕਿ ਮੇਰੀ ਤੇਰੇ ਨਾਲ ਕੀ ਬਰਾਬਰੀ?

ਲੇਕ ਹੁਕਮਤ ਕਸਮ ਬ ਜਾਨੋ ਬ ਦਿਲ।
ਨਸ਼ਵਮ ਯੱਕ ਜਮਾਂ ਅਜ਼ੋ ਗ਼ਾਫ਼ਿਲ॥੫੨॥

(ਹੇ ਪ੍ਰਭੂ!) ਲੇਕਿਨ ਤੇਰਾ ਹੁਕਮ ਸਿਰ ਮੱਥੇ ਹੈ, ਮੈਂ ਇਕ ਛਿੰਨ ਪਲ ਲਈ ਵੀ ਉਸ ਤੋਂ (ਹੁਕਮ ਤੋਂ) ਗ਼ਾਫ਼ਿਲ ਨਹੀਂ ਰਹਾਂਗਾ ਕਿਉਂਕਿ:

ਹਾਦੀ ਓ ਰਹਿਨੁਮਾਇ ਜੁਮਲਾ ਤੂਈ।
ਰਹਿਬਰੋ ਦਿਲ-ਗਿਰਾਮੀਇ ਜੁਮਲਾ ਤੁਈ॥੫੩॥

ਤੂੰ ਹੀ ਸਭ ਦਾ ਰਾਹ ਦਿਖਾਣ ਵਾਲਾ ਤੇ ਆਗੂ ਹੈਂ, ਰਾਹ ਦਿਖਾਉਣ ਵਾਲਾ ਅਤੇ ਸਭ ਦੇ ਦਿਲਾਂ ਨੂੰ ਆਪਣੇ ਵੱਲ ਮੋੜਨ ਵਾਲਾ ਤੂੰ ਹੀ ਹੈਂ। ਮੈਂ ਤਾਂ ਇਕ ਬਹਾਨਾ ਹਾਂ।

ਹਵਾਲੇ ਅਤੇ ਟਿੱਪਣੀਆਂ

1. ਗੁਰ ਬਿਨੁ ਸਹਜੁ ਨ ਊਪਜੈ ਭਾਈ ਪੂਛਹੁ ਗਿਆਨੀਆ ਜਾਇ॥ (ਪੰਨਾ ੬੩੮)
2. ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ॥ (ਪੰਨਾ ੪੬੫)
3. ਭਾਈ ਨੰਦ ਲਾਲ ਜੀ 'ਗੋਯਾ' ਦੀਆਂ ਪ੍ਰਮੁੱਖ ਰਚਨਾਵਾਂ:
   1. ਜ਼ਿੰਦਗੀ ਨਾਮਾ, 2. ਗ਼ਜ਼ਲਿਆਤ, 3. ਰੁਬਾਈਆਤ, 4. ਗੰਜਨਾਮਾ, 5. ਜੋਤਿ ਬਿਗਾਸ (ਫ਼ਾਰਸੀ), 6. ਜੋਤਿ ਬਿਗਾਸ (ਪੰਜਾਬੀ), 7. ਤੌਸੀਫ਼ੋ ਸਨਾ, 8. ਅਰਜ਼ੁਲ ਅਲਫ਼ਾਜ਼, 9. ਰਹਿਤਨਾਮਾ ਤੇ ਤਨਖ਼ਾਹਨਾਮਾ (ਪੰਜਾਬੀ), 10. ਦਸਤੂਰੁਲ ਇਨਸ਼ਾ (ਫ਼ਾਰਸੀ ਵਾਰਤਕ)
4. ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥
   ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥ (ਪੰਨਾ ੧੩੯੫)
5. ਗੁਰੁ ਨਾਨਕੁ ਜਿਨ ਸੁਣਿਆ ਪੇਖਿਆ
   ਸੇ ਫਿਰਿ ਗਰਭਾਸਿ ਨ ਪਰਿਆ ਰੇ॥੪॥ (ਪੰਨਾ ੬੧੨)
6. ਇਸ ਦਾ ਜ਼ਿਕਰ ਭਾਈ ਸਾਹਿਬ ਨੇ ਜੋਤਿ ਬਿਗਾਸ ਦੇ ਚੌਥੇ ਬੰਦ ਵਿਚ ਵੀ ਕੀਤਾ ਹੈ।
7. ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ॥ (ਪੰਨਾ ੭੨੧)
8. ਤਬ ਸ੍ਰੀ ਪਾਰਬ੍ਰਹਮ ਕਹਿਆ ਜਿ 'ਏ ਨਾਨਕ! ਤੂੰ ਮੈ ਮੁਕਤਾ ਕੀਆ ਜਿ ਕੋਈ ਤੁਮ ਕਉ ਦੇਖਹਿਗਾ ਸੋ ਮੁਕਤੇ ਕੀਏ। ਜਿ ਤੁਮ ਕਉ ਸੁਣਹਿਗੇ ਸੇ ਮੈ ਮੁਕਤੇ ਕੀਏ। ਜਿ ਤੇਰਾ ਨਾਮ ਲੈਹਿਗੇ ਸੇ ਮੈ ਨਿਹਾਲ ਕੀਏ ਹੈ। ਏ ਨਾਨਕ! ਤੈ ਮੇਰਾ ਨਾਮ ਕਲਿਜੁਗ ਕੈ ਬਿਖੈ ਜਪਾਵਣਾ

ਅਰੁ ਦਿੜਾਵਣਾ ਸੈਸਾਰ ਮੇ ਮੇਰਾ ਜਸ ਕਰਣਾ ਕਰਾਵਣਾ। ਸੁ ਧਰਮ ਦਿੜਾਵਣਾ, ਬਤਾਵਣਾ ਜਿਸ ਤੇ ਸੰਸਾਰ ਦਾ ਭਲਾ ਹੋਇ ਅਰੁ ਮੁਕਤਾ ਹੋਇ।' ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, ਏ ਸ੍ਰੀ ਪਾਰਬ੍ਰਹਮ ਜੀ! ਤੂੰ ਦੈਆ ਕਰਿ ਕਰਿ ਕਲਜੁਗਿ ਤੇ ਰਾਖੁ। ਸੈ ਸਾਰੁ ਕਲਿਜੁਗ ਭਰਮਾਇ ਸਟਿਆ ਹੈ। ਕਲਿਜੁਗ ਤੇ ਰਾਖੈ॥ ਤਬ ਸ੍ਰੀ ਪਾਰਬ੍ਰਹਮ ਜੀ ਕਹਿਆ ਜਿ "ਜਾਹਿ ਨਾਨਕ! ਤੂੰ ਮੈ ਬਖਸਿਆ ਹੈ ਤੇਰੇ ਪੀਛੈ ਜਗਤੁ ਬਖਸਾਊਗਾ ਤਬ ਸ੍ਰੀ ਪਾਰਬ੍ਰਹਮਿ ਨਾਨਕੁ ਵਿਦਾ ਕੀਆ।"

9. ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕੁ ਜਗ ਮਾਹਿ ਪਠਾਇਆ॥ (ਵਾਰ ੧/੨੩)

(11-1985)

ਮਹਿਮਾ ਪ੍ਰਕਾਸ਼ ਵਿਚ ਵਰਣਿਤ: ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ

ਮਹਿਮਾ ਪ੍ਰਕਾਸ਼ ਅਠਾਰ੍ਹਵੀਂ ਸਦੀ ਦੇ ਸਿੱਖ ਇਤਿਹਾਸ ਦਾ ਬਹੁਤ ਹੀ ਮਹੱਤਵਪੂਰਣ ਸਾਹਿਤਕ ਸਰੋਤ ਹੈ। ਗੁਰੂ ਵੰਸ਼ ਵਿੱਚੋਂ ਸਭ ਤੋਂ ਪਹਿਲਾਂ ਮਨੋਹਰ ਦਾਸ ਮਿਹਰਵਾਨ ਨੇ (1581-1640 ਈ:) ਵਿਚ ਗੁਰੂ ਨਾਨਕ ਪਾਤਸ਼ਾਹ ਦੀ ਜਨਮਸਾਖੀ ਲਿਖੀ। ਬਾਬਾ ਸਰੂਪ ਦਾਸ ਭੱਲਾ ਰਚਿਤ 'ਮਹਿਮਾ ਪ੍ਰਕਾਸ਼' ਇਕ ਅਜਿਹੀ ਰਚਨਾ ਹੈ, ਜਿਸ ਵਿਚ ਦਸ ਗੁਰੂ ਸਾਹਿਬਾਨ ਦਾ ਇਤਿਹਾਸ ਲਿਖਿਆ ਮਿਲਦਾ ਹੈ। ਬਾਬਾ ਸਰੂਪ ਦਾਸ ਭੱਲਾ ਦਾ ਜਨਮ 1800 ਬਿਕਰਮੀ 1743 ਈ: (ਅਨੁਮਾਨਿਤ) ਨੂੰ ਬਾਬਾ ਬਾਹੜ ਮੱਲ ਜੀ ਦੇ ਗ੍ਰਹਿ ਵਿਖੇ ਗੋਇੰਦਵਾਲ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ।[1] ਬਾਬਾ ਸਰੂਪ ਦਾਸ ਭੱਲਾ ਦਾ ਪਿਛੋਕੜ ਗੁਰੂ ਪਰਿਵਾਰ ਨਾਲ ਜੁੜਦਾ ਹੈ ਅਤੇ ਉਹ ਸ੍ਰੀ ਗੁਰੂ ਅਮਰਦਾਸ ਜੀ ਦੇ ਵੰਸ਼ ਵਿੱਚੋਂ ਸਨ। ਬਾਬਾ ਸਰੂਪ ਦਾਸ ਭੱਲਾ ਨੂੰ ਗੁਰਮਤਿ ਤੋਂ ਇਲਾਵਾ ਭਾਰਤੀ ਧਰਮਾਂ ਤੇ ਦਰਸ਼ਨ ਦੀ ਵੀ ਡੂੰਘੀ ਜਾਣਕਾਰੀ ਸੀ। 'ਮਹਿਮਾ ਪ੍ਰਕਾਸ਼' ਨਾਂ ਦੀਆਂ ਦੋ ਰਚਨਾਵਾਂ ਮਿਲਦੀਆਂ ਹਨ। ਪਹਿਲੀ ਬਾਬਾ ਕ੍ਰਿਪਾਲ ਦਾਸ ਭੱਲਾ ਦੁਆਰਾ ਰਚਿਤ 'ਮਹਿਮਾ ਪ੍ਰਕਾਸ਼' 1800 ਬਿਕਰਮੀ (1743 ਈ:) ਹੈ ਜੋ ਕਿ ਵਾਰਤਕ ਵਿਚ ਹੈ।[2] ਦੂਜੀ ਕ੍ਰਿਤ ਬਾਬਾ ਸਰੂਪ ਦਾਸ ਭੱਲਾ ਦੁਆਰਾ 1833 ਬਿਕਰਮੀ (1776 ਈ:) ਵਿਚ ਲਿਖੀ ਗਈ, ਜੋ ਕਿ ਕਾਵਿ ਰੂਪ ਵਿਚ ਹੈ। ਇਸ ਬਾਰੇ 'ਮਹਿਮਾ ਪ੍ਰਕਾਸ਼' ਵਿਚ ਦਰਜ ਹੈ:

ਦਸ ਅਸਟ ਸਹਸ੍ਰ ਬਿਕ੍ਰਮ ਸੰਮਤ ਅਧਿਕ ਤੇਤੀਸ
ਸਰੂਪ ਦਾਸ ਸਤਿਗੁਰ ਕਹੀ ਮਹਿਮਾ ਪ੍ਰਕਾਸ਼ ਬਖਸ਼ੀਸ਼।[3] *(ਪੰਨਾ 18)*

ਇਸਦੇ ਦੋ ਭਾਗ ਹਨ ਪਹਿਲੇ ਭਾਗ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਦੇ ਜੀਵਨ ਬਿਰਤਾਂਤ ਨਾਲ ਸੰਬੰਧਿਤ 65 ਸਾਖੀਆਂ ਮਿਲਦੀਆਂ ਹਨ।[4] ਇਸ ਭਾਗ ਨੂੰ ਗੁਰੂ ਨਾਨਕ ਮਹਿਮਾ ਵੀ ਕਿਹਾ ਜਾਂਦਾ ਹੈ। ਦੂਜੇ ਭਾਗ ਵਿਚ ਬਾਕੀ ਨੌਂ ਗੁਰੂ ਸਾਹਿਬਾਨ ਦੇ ਮਹੱਤਵਪੂਰਣ ਜੀਵਨ ਬਿਰਤਾਂਤ ਅਤੇ ਇਕ ਸਾਖੀ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਵੀ ਦਰਜ ਹੈ।

'ਮਹਿਮਾ ਪ੍ਰਕਾਸ਼' ਵਿਚ ਦਿੱਤੀਆਂ, ਗੁਰੂ ਸਾਹਿਬਾਂ ਦੇ ਨਾਮ ਅਤੇ ਘਟਨਾਵਾਂ ਦੀਆਂ ਮਿਤੀਆਂ, ਇਸ ਸ੍ਰੋਤ ਦੇ ਮਹੱਤਵ ਨੂੰ ਵਧਾਉਂਦੀਆਂ ਹਨ। ਇਸ ਵਿਚ ਬਾਬਾ ਸਰੂਪ ਦਾਸ ਭੱਲਾ ਨੇ ਪੌਰਾਣਿਕ ਤਪੱਸਵੀ ਰਿਸ਼ੀਆਂ-ਮੁਨੀਆਂ ਅਤੇ ਭਗਤਾਂ ਸੰਬੰਧੀ ਸੰਕੇਤ ਦਿੱਤੇ ਹਨ। ਇਨ੍ਹਾਂ ਸੰਕੇਤਾਂ ਦੀ ਵਰਤੋਂ ਪ੍ਰਤੀਕਾਂ ਦੇ ਤੌਰ ਤੇ 'ਮਹਿਮਾ ਪ੍ਰਕਾਸ਼' ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਨਾਲ ਜੁੜੀਆਂ ਯਾਦਾਂ, ਰੀਤਾਂ, ਰਸਮਾਂ ਵਿਸ਼ਵਾਸਾਂ ਨੂੰ ਸੰਭਾਲਿਆ ਗਿਆ ਹੈ। ਜਿਨ੍ਹਾਂ ਤੋਂ ਸੇਧ ਲੈ ਕੇ

ਆਮ ਲੋਕ ਵੀ ਆਪਣੇ ਜੀਵਨ ਨੂੰ ਉੱਚਾ ਤੇ ਪਵਿੱਤਰ ਬਣਾ ਸਕਦੇ ਹਨ। ਬਾਬਾ ਸਰੂਪ ਦਾਸ ਭੱਲਾ ਨੇ ਗੁਰੂ ਸਾਹਿਬਾਂ ਦੀਆਂ ਜੀਵਨ ਘਟਨਾਵਾਂ ਨੂੰ ਵਰਣਨ ਕਰਦਿਆਂ ਨਾਲ ਹੀ ਸਿੱਖ ਸਿਧਾਂਤ ਦਾ ਵੀ ਉਲੇਖ ਕੀਤਾ ਹੈ। ਇਸ ਰਚਨਾ ਦੀ ਇਕ ਵਿਸ਼ੇਸ਼ਤਾ, ਇਸ ਵਿਚ ਬਾਣੀ ਦੀ ਕੀਤੀ ਗਈ ਵਿਆਖਿਆ ਹੈ। ਸ. ਕਰਮ ਸਿੰਘ ਹਿਸਟੋਰੀਅਨ ਅਨੁਸਾਰ 'ਮਹਿਮਾ ਪ੍ਰਕਾਸ਼' ਦਾ ਆਰੰਭ ਤਾਂ ਬਨਾਰਸ ਵਿਚ ਹੋਇਆ, ਪਰ ਸਮਾਪਤੀ ਸ੍ਰੀ ਅੰਮ੍ਰਿਤਸਰ ਵਿਚ ਹੋਈ।[5] 'ਮਹਿਮਾ ਪ੍ਰਕਾਸ਼' ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਤੇ ਵਿਅਕਤਿਤਵ ਦੇ ਕਈ ਮਹੱਤਵਪੂਰਨ ਗੁਣਾਂ ਬਾਰੇ ਜਾਣਕਾਰੀ ਮਿਲਦੀ ਹੈ। 'ਮਹਿਮਾ ਪ੍ਰਕਾਸ਼' ਵਿਚ ਲੇਖਕ ਦਾ ਮਨੋਰਥ ਗੁਰੂ ਸਾਹਿਬਾਨ ਦੇ ਜੀਵਨ ਚਰਿਤ੍ਰ ਨੂੰ ਪ੍ਰਸਤੁੱਤ ਕਰਨਾ ਹੈ। 'ਮਹਿਮਾ ਪ੍ਰਕਾਸ਼' ਵਿਚਲੀਆਂ ਬਹੁਤੀਆਂ ਸਾਖੀਆਂ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੈ। ਇਸ ਤੋਂ ਇਲਾਵਾ ਕਈ ਸਾਖੀਆਂ ਦੀ ਚੋਣ ਪੁਰਾਤਨ ਜਨਮ ਸਾਖੀ ਤੇ ਹੋਰ ਜਨਮ ਸਾਖੀਆਂ ਵਿੱਚੋਂ ਕੀਤੀ ਗਈ ਹੈ।

'ਸ਼ਖ਼ਸੀਅਤ' ਫਾਰਸੀ ਦੇ ਸ਼ਖਸ ਸ਼ਬਦ ਤੋਂ ਬਣਿਆ ਹੈ, ਜੋ ਕਿ Personality ਦਾ ਸਮਾਨ ਅਰਥੀ ਹੈ। Personality ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ Persona ਤੋਂ ਬਣਿਆ ਹੈ ਜਿਸਦੇ ਅਰਥ ਪਰਦਾ, ਬੁਰਕਾ, ਜਾਂ ਘੁੰਡ ਆਦਿ ਲਏ ਜਾਂਦੇ ਹਨ।[6] ਸ਼ਖ਼ਸੀਅਤ ਕਿਸੇ ਵਿਅਕਤੀ ਦੀ ਵਿਸ਼ੇਸ਼ਤਾ ਜਾਂ ਗੁਣ ਹੈ ਜੋ ਕਿ ਉਸਨੂੰ ਦੂਸਰੇ ਨਾਲੋਂ ਵੱਖਰਤਾ ਪ੍ਰਦਾਨ ਕਰਦੀ ਹੈ। ਸ਼ਖ਼ਸੀਅਤ ਤੋਂ ਵਿਅਕਤੀ ਦੇ ਵਿਵਹਾਰ, ਸੁਭਾਅ, ਚਰਿਤ੍ਰ, ਰਹਿਣ-ਸਹਿਣ ਆਦਿ ਸਾਰੇ ਪੱਖਾਂ ਦੀ ਝਲਕ ਮਿਲਦੀ ਹੈ। ਸ਼ਖ਼ਸੀਅਤ ਵਿਅਕਤੀ ਦੀਆਂ ਅੰਦਰਲੀਆਂ ਚੰਗਿਆਈਆਂ ਦਾ ਸ਼ੀਸ਼ਾ ਹੁੰਦੀ ਹੈ। ਚੰਗੀ ਸ਼ਖ਼ਸੀਅਤ ਆਪਣਾ ਆਲਾ ਦੁਆਲਾ ਵੀ ਮਹਿਕਾ ਦਿੰਦੀ ਹੈ। ਵੱਖ-ਵੱਖ ਵਿਚਾਰਕਾਂ ਅਨੁਸਾਰ ਸ਼ਖ਼ਸੀਅਤ ਦੀ ਪਰਿਭਾਸ਼ਾ:

ਸਰਦਾਰ ਗੁਰਬਖ਼ਸ਼ ਸਿੰਘ ਅਨੁਸਾਰ:

"ਆਦਮੀ ਦੀ ਸ਼ਖ਼ਸੀਅਤ ਉਸਦੀ ਇਕੋ ਅਸਲੀਅਤ ਹੈ, ਉਹ ਕਿਸੇ ਤਰ੍ਹਾਂ ਵੀ ਇਸਨੂੰ ਛੁਪਾ ਨਹੀਂ ਸਕਦਾ। ਇਹ ਇੱਕ ਸ਼ਕਤੀ ਹੈ ਜਿਸਦਾ ਅਸਰ ਰੋਕਿਆ ਨਹੀਂ ਜਾ ਸਕਦਾ।"[7]

ਸਮਾਜ ਵਿਗਿਆਨੀ ਕਿੰਬਾਲ ਯੋਗ ਅਨੁਸਾਰ:

"ਸ਼ਖ਼ਸੀਅਤ ਉਨ੍ਹਾਂ ਆਦਤਾਂ ਰਵੱਈਏ ਅਤੇ ਵਿਚਾਰਾਂ ਤੋਂ ਮਿਲ ਕੇ ਬਣਦੀ ਹੈ ਜਾਂ ਇਨ੍ਹਾਂ ਦਾ ਗਠਜੋੜ ਹੈ ਜੋ ਲੋਕ ਅਤੇ ਵਸਤਾਂ ਬਾਰੇ ਅਸੀਂ ਬਣਾਉਂਦੇ ਹਾਂ।"[8]

ਸੰਖੇਪ ਵਿਚ ਕਹਿ ਸਕਦੇ ਹਾਂ ਕਿ ਹਰ ਮਨੁੱਖ ਦੀ ਆਪਣੀ ਇਕ ਖਾਸ ਸ਼ਖ਼ਸੀਅਤ ਹੁੰਦੀ ਹੈ ਪਰ ਬਹੁਤ ਘੱਟ ਹੀ ਸ਼ਖ਼ਸੀਅਤਾਂ ਅਜਿਹੀਆਂ ਹੁੰਦੀਆਂ ਹਨ ਜੋ ਸਮਾਜ ਵਿਚ ਆਪਣੀ ਖਾਸ ਪਹਿਚਾਣ ਬਣਾਉਂਦੀਆਂ ਹਨ। ਅਜਿਹੀਆਂ ਸ਼ਖ਼ਸੀਅਤਾਂ ਸਮਾਜ ਨੂੰ ਪ੍ਰਭਾਵਿਤ ਕਰਦੀਆਂ ਹੋਈਆਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਇਤਿਹਾਸਕ ਰੂਪ ਵਿਚ ਪ੍ਰੇਰਣਾ ਦਾ ਸਰੋਤ ਬਣਦੀਆਂ ਹਨ।

ਗੁਰੂ ਨਾਨਕ ਸਾਹਿਬ ਇੱਕ ਅਜਿਹੀ ਜੋਤ ਸਨ ਜਿਨ੍ਹਾਂ ਨੇ ਕਈ ਭੁੱਲੇ-ਭਟਕੇ ਰਾਹੀਆਂ ਨੂੰ ਉਨ੍ਹਾਂ ਦੀ ਮੰਜ਼ਿਲ ਦਾ ਰਾਹ ਦੱਸਿਆ। ਜਿਵੇਂ ਪਾਰਸ ਆਪਣੀ ਛੋਹ ਨਾਲ ਲੋਹੇ ਨੂੰ ਸੋਨਾ ਬਣਾ ਸਕਦਾ ਹੈ ਗੁਰੂ ਜੀ ਦਾ ਨਾਮ ਲੈਣ ਨਾਲ ਹੀ ਅਨੇਕਾਂ ਗੁੰਮਰਾਹ ਹੋਈਆਂ ਆਤਮਾਵਾਂ ਵਿਚ ਕੁੰਦਨ ਵਾਂਗ ਸੁੱਚਤਾ ਆ ਜਾਂਦੀ ਹੈ। ਗੁਰੂ ਜੀ ਦੀ ਸ਼ਖ਼ਸੀਅਤ ਬਹੁ-ਪੱਖਾਂ ਤੋਂ ਸੰਪੂਰਨ

ਪ੍ਰਤਿਭਾ ਹੈ। ਸਗੋਂ ਇਸਨੂੰ ਸਰਬ-ਪੱਖੀ ਕਹਿਣਾ ਵਧੇਰੇ ਉਚਿਤ ਹੈ। ਭਾਈ ਗੁਰਦਾਸ ਜੀ ਨੇ ਗੁਰੂ ਸਾਹਿਬ ਨੂੰ ਇਕ ਸੂਰਜ ਕਿਹਾ ਹੈ ਜਿਸਦੇ ਉੱਚੇ ਹੋਣ ਨਾਲ ਹਨੇਰਾ ਦੂਰ ਹੋ ਜਾਂਦਾ ਹੈ, ਧੁੰਦ ਮਿਟ ਜਾਂਦੀ ਹੈ, ਤਾਰੇ ਛਿਪ ਜਾਂਦੇ ਹਨ ਅਤੇ ਰੌਸ਼ਨੀ ਦਾ ਪ੍ਰਕਾਸ਼ ਹੋ ਜਾਂਦਾ ਹੈ। ਗਿਆਨੀ ਗਿਆਨ ਸਿੰਘ ਅਨੁਸਾਰ:

"ਸਤਿਗੁਰ ਅਵਤਾਰ ਕੇਵਲ ਗੁਰੂ ਨਾਨਕ ਹੀ ਹੋਇਆ ਹੈ, ਹੋਰ ਕੋਈ ਸਤਿਗੁਰੂ ਨਹੀਂ ਹੋਇਆ।"[9]

'ਮਹਿਮਾ ਪ੍ਰਕਾਸ਼' ਦਾ ਕਰਤਾ ਸਰੂਪ ਦਾਸ ਭੱਲਾ ਗੁਰੂ ਨਾਨਕ ਪਾਤਸ਼ਾਹ ਨੂੰ ਅਕਾਲ ਪੁਰਖ ਦੇ ਸਮਾਨਾਂਤਰ ਦੇਖਦਾ ਹੋਇਆ ਲਿਖਦਾ ਹੈ ਕਿ ਗੁਰੂ ਜੀ ਦਾ ਪ੍ਰਕਾਸ਼ ਹੋਣ ਨਾਲ ਸਾਰੇ ਪਾਸੇ ਚਾਨਣ ਦਾ ਪਸਾਰਾ ਹੋ ਗਿਆ। ਗੁਰੂ ਜੀ ਦੀ ਪ੍ਰਤਿਭਾ ਨੂੰ ਉਭਾਰਦਾ ਹੋਇਆ ਆਖਦਾ ਹੈ ਕਿ ਉਨ੍ਹਾਂ ਦੇ ਦਰਸ਼ਨ ਕਰਨ ਨਾਲ ਸਾਰਿਆਂ ਦੇ ਦੁੱਖ ਦੂਰ ਹੋ ਜਾਂਦੇ ਹਨ। ਸਰੂਪ ਦਾਸ ਭੱਲਾ ਆਪਣੇ ਇਸ ਤੱਥ ਦੀ ਪੂਰਤੀ ਲਈ ਗੁਰੂ ਜੀ ਦੇ ਬਚਪਨ ਨਾਲ ਸੰਬੰਧਿਤ ਸਾਖੀਆਂ ਦਾ ਜ਼ਿਕਰ ਕਰਦਾ ਹੈ। ਸਾਖੀਆਂ ਵਿਚ ਰਾਇ ਬੁਲਾਰ ਵੀ ਗੁਰੂ ਜੀ ਦੇ ਸਭ ਕੌਤਕ ਵੇਖ ਕੇ ਉਨ੍ਹਾਂ ਦੇ ਗੁਣ ਗਾਇਨ ਕਰਦਿਆਂ ਕਹਿੰਦਾ ਹੈ ਕਿ ਗੁਰੂ ਜੀ ਬਹੁਤ ਵੱਡੇ ਵਲੀ ਹਨ ਜੋ ਸਾਰੇ ਸੁੱਖ ਦੇਣ ਵਾਲੇ ਤੇ ਸਰਬ ਗੁਣਾਂ ਨਾਲ ਭਰਪੂਰ ਹਨ:

ਨਾਨਕ ਜੀ ਜਾਨਾ ਵਲੀ ਪਛਾਨਾ, ਅਤ ਮਨ ਮਾਨਾ, ਗੁਨ ਗਾਏ।
ਭਇਆ ਰਾਇ ਸੁਭਾਗਾ ਕਦਮਨ ਲਾਗਾ ਅਤੇ ਅਨਰਾਗਾ ਮਨ ਮਾਨਾ। (ਪੰਨਾ 85)

'ਮਹਿਮਾ ਪ੍ਰਕਾਸ਼' ਵਿਚ ਗੁਰੂ ਸਾਹਿਬ ਦੇ ਵਿਅਕਤਿਤਵ ਦਾ ਸਰੂਪ ਵਰਣਨ ਇਕ ਆਮ ਆਦਮੀ ਤੋਂ ਹੱਟ ਕੇ ਰੱਬੀ ਪੁਰਖ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਗੁਰੂ ਜੀ ਦੀ ਸੁਰਤੀ ਹਰ ਵੇਲੇ ਪਰਮਾਤਮਾ ਨਾਲ ਜੁੜੀ ਰਹਿੰਦੀ ਹੈ। ਉਜੜਿਆ ਖੇਤ ਹਰਾ ਕਰਨ ਵਾਲੀ ਸਾਖੀ ਅਜਿਹਾ ਸੰਕੇਤ ਕਰਦੀ ਹੈ। ਇਹ ਗੁਰੂ ਸਾਹਿਬ ਦਾ ਇਕ ਕੌਤਕ ਹੀ ਸੀ ਜਿਸ ਨਾਲ ਮੱਝਾਂ ਦੁਆਰਾ ਉਜਾੜਿਆ ਖੇਤ ਹਰਿਆ-ਭਰਿਆ ਹੋ ਜਾਂਦਾ ਹੈ। 'ਮਹਿਮਾ ਪ੍ਰਕਾਸ਼' ਵਿਚ ਜ਼ਿਕਰ ਆਉਂਦਾ ਹੈ:

ਇਹ ਅਚਰਜ ਚਲਿਤ੍ਰ ਦਿਆਲ ਕੇ, ਲਖੈ ਨ ਕੋਊ ਭੇਦ।
ਸੰਤਨ ਮਹਿਮਾ ਅਤਿ ਅਮਿਤ ਹੈ, ਭੇਦ ਨ ਪਾਵੈ ਬੇਦ। (ਪੰਨਾ 83)

ਗੁਰੂ ਜੀ ਨੂੰ ਹਿੰਦੂਆਂ ਤੇ ਮੁਸਲਮਾਨਾਂ ਨੇ ਬਰਾਬਰ ਦਾ ਸਤਿਕਾਰ ਦਿੱਤਾ। ਦੋਨਾਂ ਧਰਮਾਂ ਦੇ ਅਨੁਯਾਈਆਂ ਨੇ ਉਨ੍ਹਾਂ ਨੂੰ ਆਪਣਾ ਸਮਝਿਆ ਤੇ ਉਨ੍ਹਾਂ ਲਈ ਉਹੀ ਨਾਮ ਵਰਤੇ ਜਿਹੜੇ ਕਿ ਉਨ੍ਹਾਂ ਦੇ ਧਰਮਾਂ ਵਿਚ ਕਿਸੇ ਧਾਰਮਿਕ ਸ਼ਖ਼ਸੀਅਤ ਲਈ ਵਰਤੇ ਜਾਂਦੇ ਸਨ। ਬਾਬਾ ਸਰੂਪ ਦਾਸ ਭੱਲਾ ਜੀ ਇਸੇ ਪਰੰਪਰਾ ਦੇ ਅਧੀਨ ਗੁਰੂ ਜੀ ਲਈ ਵੱਖ-ਵੱਖ ਧਾਰਮਿਕ ਨਾਵਾਂ ਦੀ ਵਰਤੋਂ ਕਰਦੇ ਹੋਏ ਉਨ੍ਹਾਂ ਨੂੰ ਸਰਬ-ਸਾਂਝੀਵਾਲਤਾ ਦੇ ਘੇਰੇ ਵਿਚ ਰੱਖਦੇ ਹਨ।

ਬਾਬਾ ਸਰੂਪ ਦਾਸ ਭੱਲਾ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਬਿਲਕੁੱਲ ਉਸੇ ਰੂਪ ਵਿਚ ਹੀ ਵੇਖਿਆ ਜਿਸ ਤਰ੍ਹਾਂ ਸਾਖੀਕਾਰਾਂ ਨੇ। ਸਾਖੀਕਾਰਾਂ ਦੀ ਤਰ੍ਹਾਂ ਉਹ ਗੁਰੂ ਨਾਨਕ ਪਾਤਸ਼ਾਹ ਨੂੰ ਬਚਪਨ ਤੋਂ ਹੀ ਅਧਿਆਤਮਿਕ ਗਿਆਨ ਨਾਲ ਸ਼ਰਸ਼ਾਰ, ਬਿਬੇਕ ਬੁੱਧੀ ਦੇ ਮਾਲਿਕ ਅਤੇ ਪਰਮਾਰਥ ਗਿਆਤਾ ਦੇ ਰੂਪ ਵਜੋਂ ਚਿੱਤਰਦਾ ਹੈ।

ਸਰੂਪ ਦਾਸ ਭੱਲਾ ਇਸ ਤੱਥ ਦੀ ਪੁਸ਼ਟੀ ਕਰਦਾ ਹੈ ਜਿੱਥੇ ਗੁਰੂ ਨਾਨਕ ਪਾਤਸ਼ਾਹ ਨੇ

ਆਮ ਲੋਕਾਂ ਨੂੰ ਸੱਚ ਦੇ ਰਾਹ ਤੇ ਤੋਰਿਆ, ਉੱਥੇ ਨਾਲ ਹੀ ਉਨ੍ਹਾਂ ਨੇ ਸਮਕਾਲੀਨ ਸਮਾਜ ਵਿਚ ਪ੍ਰਚਲਿਤ ਫੋਕੇ ਵਹਿਮਾ-ਭਰਮਾਂ, ਪਾਖੰਡਾਂ ਤੇ ਭੇਖਾਂ ਦਾ ਵਿਰੋਧ ਵੀ ਕੀਤਾ। ਬਾਹਰੀ ਦਿਖਾਵੇ ਨਾਲੋਂ ਉਨ੍ਹਾਂ ਅੰਦਰੂਨੀ ਤੌਰ 'ਤੇ ਵਿਕਾਰਾਂ ਦੀ ਮੈਲ ਧੋਣ ਨੂੰ ਤਰਜੀਹ ਦਿੱਤੀ। ਜਿਸਦੇ ਅੰਦਰੋਂ ਮਨ ਅੰਤਰ ਰੌਸ਼ਨ ਹੋ ਗਿਆ ਉਸਨੂੰ ਪਰਮਾਤਮਾ ਦੀ ਸੱਚੀ ਭਗਤੀ ਦੀ ਲਗਨ ਲੱਗ ਜਾਂਦੀ ਹੈ। 'ਮਹਿਮਾ ਪ੍ਰਕਾਸ਼' ਵਿਚ ਦਰਜ ਹੈ:

ਅੰਤਰ ਪ੍ਰਕਾਸ਼ ਤਾਕੋ ਭਇਆ, ਪ੍ਰੇਮ ਮਗਨ ਲਿਵ ਲਾਇ।
ਭਇਆ ਹਾਸਲ ਵਾਸਲ ਰੱਬ ਦਾ, ਮਗਨ ਭਇਆ ਗੁਨ ਗਾਇ। *(ਪੰਨਾ 184)*

ਗੁਰੂ ਨਾਨਕ ਜੀ ਨੇ ਆਪਣੇ ਜੀਵਨ ਵਿਚ ਸੱਚੀ-ਕਿਰਤ ਕਰਨ ਦਾ ਕੇਵਲ ਸਿਧਾਂਤ ਹੀ ਨਹੀਂ ਦਿੱਤਾ ਸਗੋਂ ਖੁਦ ਸੱਚੀ ਕਿਰਤ ਕਰਕੇ ਇਸਦਾ ਅਸਲ ਨਮੂਨਾ ਜਗਤ ਦੇ ਸਾਹਮਣੇ ਰੱਖਿਆ। ਸੱਚੀ ਉਪਜੀਵਿਕਾ ਦੇ ਨਾਲ ਵੰਡ ਛੱਕਣਾ ਵੀ, ਉਨ੍ਹਾਂ ਦੇ ਮਿਸ਼ਨ ਦਾ ਇਕ ਹਿੱਸਾ ਸੀ। ਇਸ ਲਈ ਕਰਤਾ ਅਨੁਸਾਰ ਸੁਲਤਾਨਪੁਰ ਲੋਧੀ ਵਿਖੇ ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਮੋਦੀਖਾਨੇ ਨੌਕਰੀ ਕੀਤੀ ਤਾਂ ਉਨ੍ਹਾਂ ਉਪਰੋਕਤ ਸਾਰੇ ਕਥਨਾਂ ਨੂੰ ਅਮਲੀ ਜਾਮਾ ਪਹਿਨਾਇਆ। 'ਮਹਿਮਾ ਪ੍ਰਕਾਸ਼' ਕਰਤਾ ਅਨੁਸਾਰ ਗੁਰੂ ਜੀ ਮੋਦੀਖਾਨੇ ਵਿਚ ਬੜੀ ਇਮਾਨਦਾਰੀ ਨਾਲ ਨੌਕਰੀ ਕਰਦੇ ਤੇ ਆਪਣੀ ਤਨਖਾਹ ਵਿੱਚੋਂ ਭੁੱਖਿਆ, ਪਿਆਸਿਆਂ, ਪੀਰਾਂ, ਫਕੀਰਾਂ ਦੀ ਸਹਾਇਤਾ ਵੀ ਕਰਦੇ। 'ਮਹਿਮਾ ਪ੍ਰਕਾਸ਼' ਵਿਚ ਸੱਚੇ ਕਿਰਤੀ ਦੇ ਸਰੂਪ ਵਰਣਨ ਇੰਝ ਬਿਆਨ ਕੀਤਾ ਹੈ:

ਆਪਨੇ ਹਾਥ ਜਾ ਕੋ ਦਏ, ਤਾਂ ਕੀ ਦੁਖ ਭੁਖ ਜਾਇ।
ਦਰਸ਼ਨ ਪ੍ਰਤਾਪ ਸਭ ਦੁਖ ਹਰੇ, ਬਰਕਤ ਆਵੈ ਧਾਇ। *(ਪੰਨਾ 107)*

ਮਹਿਮਾ ਪ੍ਰਕਾਸ਼ ਵਿਚ ਸੱਚੀ ਕਿਰਤ ਬਾਰੇ ਸਾਖੀ ਆਉਂਦੀ ਹੈ ਜਦੋਂ ਗੁਰੂ ਨਾਨਕ ਪਾਤਸ਼ਾਹ ਦੇ ਪਿਤਾ ਜੀ ਉਨ੍ਹਾਂ ਨੂੰ ਕੁਝ ਪੈਸੇ ਸੌਦਾ ਲਿਆਉਣ ਲਈ ਕਹਿੰਦੇ ਹਨ ਪਰ ਆਪ ਰਸਤੇ ਵਿਚ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਦਿੰਦੇ ਹਨ। ਗੁਰੂ ਸਾਹਿਬ ਅਨੁਸਾਰ ਇਹ ਹੀ ਸੱਚਾ-ਸੌਦਾ ਵਪਾਰ ਹੈ, ਜੋ ਲੋਕ ਵਿਚ ਹੀ ਨਹੀਂ, ਸਗੋਂ ਪਰਲੋਕ ਵਿਚ ਵੀ ਸਹਾਈ ਸਿੱਧ ਹੁੰਦਾ ਹੈ।

ਐਸਾ ਬਿਵਹਾਰ ਧਨ ਦਾ ਹਮ ਕੀਨਾ,
ਲੋਕ ਪਰਲੋਕ ਲਾਹਾ ਹਮ ਲੀਨਾ। *(ਪੰਨਾ 10)*

ਗੁਰੂ ਜੀ ਆਪਣੀਆਂ ਉਦਾਸੀਆਂ ਦੌਰਾਨ ਵੱਡੇ-ਵੱਡੇ, ਪੀਰ-ਫਕੀਰਾਂ ਦੇ ਸ਼ੰਕੇ ਨਿਵਰਤ ਕਰਦੇ ਹੋਏ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਆਪਣੇ-ਆਪਣੇ ਧਰਮ ਦੀ ਸਿਰਮੌਰਤਾ ਸਾਬਿਤ ਕਰਨ ਦੀ ਜੱਦੋ-ਜਹਿਦ ਨੂੰ ਵੀ ਖਤਮ ਕਰਨਾ ਚਾਹੁੰਦੇ ਹਨ। ਸ਼ੇਖ ਬਰਾਹਿਮ ਜਦੋਂ ਗੁਰੂ ਜੀ ਨੂੰ ਪੁੱਛਦਾ ਹੈ ਕਿ ਹਿੰਦੂ ਆਖਦੇ ਹਨ ਕਿ ਮੇਰਾ ਰੱਬ ਉੱਚਾ ਹੈ ਅਤੇ ਮੁਸਲਮਾਨ ਆਖਦੇ ਖੁਦਾ ਨੂੰ ਤਾਂ ਗੁਰੂ ਜੀ ਉਸਨੂੰ ਇਨ੍ਹਾਂ ਸਬਦਾਂ ਵਿਚ ਸਮਝਾਉਂਦੇ ਹਨ ਕਿ ਪਰਮਾਤਮਾ ਦੇ ਨਾਮ ਉੱਪਰ ਲੜਾਈ ਕਰਨੀ ਬੇ-ਫਜ਼ੂਲ ਹੈ। ਇਹ ਸਾਨੂੰ ਕਦੇ ਸੱਚ ਦੇ ਰਾਹ ਉੱਪਰ ਨਹੀਂ ਤੋਰ ਸਕਦਾ।

'ਮਹਿਮਾ ਪ੍ਰਕਾਸ਼' ਦਾ ਕਰਤਾ ਆਪਣੀ ਲਿਖਤ ਵਿਚ ਸਫਲ ਹੁੰਦਾ ਹੈ ਕਿ ਗੁਰੂ ਜੀ ਦੀਆਂ ਸਮਕਾਲੀ ਬਹੁਤ ਸਾਰੀਆਂ ਉੱਚ ਕੋਟੀ ਦੀਆਂ ਅਧਿਆਤਮਿਕ ਸ਼ਖਸੀਅਤਾਂ ਨੇ ਉਨ੍ਹਾਂ ਦੀ ਰੂਹਾਨੀ ਪ੍ਰਤਿਭਾ ਅੱਗੇ ਸਿਜਦਾ ਕੀਤਾ। ਸਿੱਧਾਂ ਨਾਲ ਹੋਈ ਗੋਸ਼ਟ ਵਿਚ ਉਨ੍ਹਾਂ ਬੜੇ ਸੰਜਮ ਤੇ ਮਰਿਯਾਦਾ ਵਿਚ ਸਿੱਧਾਂ ਦੁਆਰਾ ਪੁੱਛੇ ਪ੍ਰਸ਼ਨਾਂ ਦੇ ਜੁਆਬ ਦਿੱਤੇ। ਉਨ੍ਹਾਂ ਸਿੱਧਾਂ ਦੁਆਰਾ ਦਿਖਾਈਆਂ

ਕਰਾਮਾਤਾਂ ਨੂੰ ਨਜ਼ਰ-ਅੰਦਾਜ਼ ਕਰਦੇ ਹੋਏ ਉਨ੍ਹਾਂ ਨੂੰ ਸੱਚ ਦੇ ਰਾਹ 'ਤੇ ਚੱਲਣ ਦਾ ਉਪਦੇਸ਼ ਦਿੱਤਾ। 'ਮਹਿਮਾ ਪ੍ਰਕਾਸ਼' ਵਿਚ ਦਰਜ ਹੈ:

ਇਹ ਜੰਤ੍ਰ ਮੰਤ੍ਰ ਅਰੁ ਸਿਧ ਮੋਹ ਨਹੀਂ ਭਾਵਈ।
ਹੋ ਨਾਟਕ ਚੇਟਕ ਕਰਤ ਜਗਤ ਬਸ ਆਵਈ। *(ਪੰਨਾ 302)*

ਇਸ ਤਰ੍ਹਾਂ 'ਮਹਿਮਾ ਪ੍ਰਕਾਸ਼' ਦਾ ਕਰਤਾ ਗੁਰੂ ਨਾਨਕ ਪਾਤਸ਼ਾਹ ਨੂੰ ਇਕ ਦੈਵੀ ਪੁਰਖ ਦੇ ਰੂਪ ਵਿਚ ਵੇਖਦਾ ਹੋਇਆ ਉਨ੍ਹਾਂ ਨੂੰ ਇਕ ਰੱਬੀ ਰੂਪ ਮੰਨਦਾ ਹੈ। ਪਰਮਾਤਮਾ ਨੇ ਉਨ੍ਹਾਂ ਨੂੰ ਇਕ ਖਾਸ ਰੱਬੀ ਮਿਸ਼ਨ ਵਾਸਤੇ ਚੁਣਿਆ ਸੀ। ਇਸ ਮਿਸ਼ਨ ਨੂੰ ਪੂਰਾ ਕਰਦਿਆਂ ਉਨ੍ਹਾਂ ਸੰਸਾਰ ਨੂੰ ਸੱਚ ਦੇ ਰਾਹ 'ਤੇ ਤੋਰਿਆ। ਆਪਣੀ ਕਿਰਪਾ ਦ੍ਰਿਸ਼ਟੀ ਨਾਲ ਕਈਆਂ ਦੀ ਬੰਦ ਖਲਾਸੀ ਵੀ ਕੀਤੀ। ਉਨ੍ਹਾਂ ਦੇ ਦਰਸ਼ਨ ਕਰਕੇ ਕਈ ਵਿਕਾਰੀ ਮਨੁੱਖ ਵੀ ਰੱਬੀ ਰਾਹ ਦੇ ਪਾਂਧੀ ਬਣ ਗਏ। ਸਰੂਪ ਦਾਸ ਭੱਲਾ ਅਨੁਸਾਰ ਗੁਰੂ ਸਾਹਿਬ ਦੀ ਸੰਗਤ ਕਰਨ ਨਾਲ ਸੱਜਣ ਨਾਮ ਦਾ ਠੱਗ ਵੀ ਸਹੀ ਰਸਤੇ 'ਤੇ ਆ ਗਿਆ ਸੀ ਜੋ ਕਿ ਭੋਲੇ-ਭਾਲੇ ਲੋਕਾਂ ਨੂੰ ਠੱਗਦਾ ਸੀ। ਗੁਰੂ ਸਾਹਿਬ ਉਸਦਾ ਸੁਧਾਰ ਕਰਦੇ ਹਨ ਤੇ ਉਸਨੂੰ ਅੰਦਰੂਨੀ ਤੌਰ ਤੇ ਸਾਫ਼ ਹੋਣ ਲਈ ਉਪਦੇਸ਼ ਕਰਦੇ ਹਨ।

ਮਹਿਮਾ ਪ੍ਰਕਾਸ਼ ਵਿਚ ਅੰਕਿਤ ਹੈ:

ਗੁਰ ਸਜਨ ਪਰ ਕਿਰਪਾ ਕਰੀ, ਭਇਆ ਭਗਤ ਅੰਕੂਰ।
ਆਗੇ ਕੋ ਸਤਿਗੁਰ ਚਲੇ, ਦਇਆ ਸਿੰਧ ਭਰਪੂਰ। *(ਪੰਨਾ 130)*

ਸੰਖੇਪ 'ਚ ਕਿਹਾ ਜਾ ਸਕਦਾ ਹੈ ਕਿ 'ਮਹਿਮਾ ਪ੍ਰਕਾਸ਼' ਵਿਚ ਸਰੂਪ ਦਾਸ ਭੱਲਾ ਨੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਜੀਵਨ ਨੂੰ ਬਿਆਨ ਕਰਦਿਆਂ ਹੋਇਆਂ ਉਨ੍ਹਾਂ ਦੀ ਸ਼ਖ਼ਸੀਅਤ ਦੇ ਬਹੁਤ ਸਾਰੇ ਮਹੱਤਵਪੂਰਣ ਪਹਿਲੂ ਉਜਾਗਰ ਕੀਤੇ ਹਨ। ਸਮੁੱਚੇ ਤੌਰ 'ਤੇ ਸਰੂਪ ਦਾਸ ਭੱਲਾ ਦੀ ਰਚਨਾ 'ਮਹਿਮਾ ਪ੍ਰਕਾਸ਼' ਸਿੱਖ ਸਾਹਿਤ ਵਿਚ ਇਕ ਮਹੱਤਵਪੂਰਣ ਸਥਾਨ ਰੱਖਦੀ ਹੈ ਜਿਹੜੀ ਕਿ ਗੁਰ ਇਤਿਹਾਸ ਨੂੰ ਉਲੀਕਣ ਅਤੇ ਤੱਤਕਾਲੀਨ, ਧਾਰਮਿਕ ਤੇ ਸਮਾਜਿਕ ਹਾਲਾਤਾਂ ਨੂੰ ਜਾਨਣ ਵਿਚ ਭਰਪੂਰ ਸਹਾਇਤਾ ਕਰਦੀ ਹੈ।

ਹਵਾਲੇ ਅਤੇ ਟਿੱਪਣੀਆਂ

1. ਭਾਈ ਉੱਤਮ ਸਿੰਘ ਭਾਟੀਆ (ਸੰਪਾ.), *ਗੁਰੂ ਨਾਨਕ ਮਹਿਮਾ ਅਰਥਾਤ ਮਹਿਮਾ ਪ੍ਰਕਾਸ਼* ਭਾਗ 1, ਭਾਸ਼ਾ ਵਿਭਾਗ ਪੰਜਾਬ, 1999, ਪੰਨਾ 1.
2. ਸ. ਗੰਡਾ ਸਿੰਘ, *ਏ ਬਿਬਲਿਓਗ੍ਰਾਫ਼ੀ ਆਫ਼ ਦਾ ਪੰਜਾਬ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1966, ਪੰਨਾ 202.
3: *ਮਹਿਮਾ ਪ੍ਰਕਾਸ਼,* ਭਾਗ 1, ਪੰਨਾ 18.
4. ਸ. ਗੁਰਮੇਲ ਸਿੰਘ ਲਾਂਬਾ (ਸੰਪਾ.), *ਮਹਿਮਾ ਪ੍ਰਕਾਸ਼,* ਭਾਗ 2, ਭਾਸ਼ਾ ਵਿਭਾਗ ਪੰਜਾਬ, 1971, ਪੰਨਾ 18.
5. ਸ. ਕਰਮ ਸਿੰਘ ਹਿਸਟੋਰੀਅਨ, *ਕੱਤਕ ਕਿ ਵਿਸਾਖ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, ਮਿਤੀਹੀਣ, ਪੰਨਾ 220.
6. ਰੂਪ ਸਿੰਘ (ਸੰਪਾ.), *ਪ੍ਰਮੁੱਖ ਸ਼ਖ਼ਸੀਅਤਾਂ,* ਭੂਮਿਕਾ, ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, 2005, ਪੰਨਾ xiv.
7. ਗੁਰਬਖ਼ਸ਼ ਸਿੰਘ, *ਮਨੋਹਰ ਸ਼ਖ਼ਸੀਅਤ,* ਪ੍ਰੀਤ ਨਗਰ ਸ਼ਾਪ, ਪ੍ਰੀਤ ਨਗਰ, ਪੰਜਾਬ, 1969

ਪੰਨਾ 11.

8. ਸੈਮੂਅਲ ਕੋਇਨਿੰਗ, *ਸਮਾਜ ਵਿਗਿਆਨ*, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਪਟਿਆਲਾ, 1982, ਪੰਨਾ 56.
9. ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਦੂਜੀ ਵਾਰ, 1970, ਪੰਨਾ 268.
10. *ਮਹਿਮਾ ਪ੍ਰਕਾਸ਼*, ਭਾਗ 1, ਪੰਨਾ 85.
11. *ਉਹੀ*, ਪੰਨਾ 83.

ਗੁਰੂ ਨਾਨਕ ਸਾਹਿਬ

ਗੁਰੂ ਨਾਨਕ ਸਾਹਿਬ ਦੀ ਜੀਵਨ-ਕਥਾ ਦੋ ਜਨਮਸਾਖੀਆਂ ਵਿਚ ਮਿਲਦੀ ਹੈ। ਇਕ ਵਿਚ ਵਧੀਕ ਪ੍ਰਮਾਣੀਕ ਤੇ ਘੱਟ ਰਹੱਸਵਾਦੀ ਸਾਖੀਆਂ ਹਨ ਤੇ ਜਿਸ ਨੂੰ 'ਵਲਾਇਤ ਵਾਲੀ ਜਨਮਸਾਖੀ' ਆਖਦੇ ਹਨ ਤੇ ਜਿਸ ਨੂੰ ਕੋਲਬਰੁਕ ਸਾਹਿਬ ਨੇ ਈਸਟ ਇੰਡੀਆ ਕੰਪਨੀ ਦੀ ਭੇਟਾ ਕੀਤੀ ਸੀ ਤੇ ਜੋ ਹੁਣ ਛਪੇ ਹੋਏ ਰੂਪ ਵਿਚ ਵੀ ਮਿਲਦੀ ਹੈ ਤੇ ਦੂਜੀ ਜਿਸ ਨੂੰ 'ਬਾਲੇ ਵਾਲੀ ਜਨਮਸਾਖੀ' ਆਖਦੇ ਹਨ, ਪਰ ਇਸ ਵਿਚ ਬਹੁਤ ਕੁਝ ਖੋਟ ਭਰਿਆ ਪਿਆ ਹੈ ਤੇ ਜੋ ਇਉਂ ਜਾਪਦਾ ਹੈ ਕਿ ਬੋਧੀ ਜਾਤਕ ਕਹਾਣੀਆਂ ਜਾਂ ਉਸ ਤੋਂ ਵੀ ਪਹਿਲਾਂ ਦੀਆਂ ਲੋਕ ਕਹਾਣੀਆਂ ਨੂੰ ਨਾਨਕ ਨਾਉਂ ਨਾਲ ਜੋੜ ਕੇ ਉਹਨਾਂ ਦੀ ਵਡਿਆਈ ਕਰਨ ਦੀ ਤੀਬਰਤਾ ਰੱਖਦੀ ਹੈ। ਹੋਰ ਵੀ ਕਈ ਗੋਸ਼ਟੀਆਂ ਅਣਛਪੇ ਰੂਪ ਵਿਚ ਮਿਲਦੀਆਂ ਹਨ, ਪਰ ਉਹਨਾਂ ਵਿਚ ਇੰਨਾ ਜੀਵਨ-ਬਿਰਤਾਂਤ ਗੁਰੂ ਦਾ ਨਹੀਂ ਚਿਤਰਿਆ, ਜਿੰਨਾ ਲਿਖਣ ਵਾਲਿਆਂ ਨੇ ਆਪਣੇ ਮਨ-ਭਾਉਂਦੇ ਫ਼ਲਸਫ਼ੇ ਲਈ ਗੁਰੂ ਦੇ ਮੂੰਹੋਂ ਪ੍ਰਵਾਨਗੀ ਲੈਣ ਦੀ ਕੋਸ਼ਿਸ਼ ਕੀਤੀ ਹੈ। ਇਸ ਕਰਕੇ ਗੁਰੂ ਜੀ ਦਾ ਜੀਵਨ ਤੇ ਫ਼ਲਸਫ਼ਾ ਬਹੁਤ ਕਰੜੀ ਅਮਲ, ਪੁਣ-ਛਾਣ ਤੇ ਸੋਝੀ ਭਰੀ ਨੀਝ ਨਾਲ ਨਿਤਾਰਨਾ ਪੈਂਦਾ ਸੀ।

ਇਵੇਂ ਹੋਣਾ ਕੁਦਰਤੀ ਵੀ ਸੀ। ਗੁਰੂ ਨਾਨਕ ਦੇਵ ਜੀ ਨਿਰਾ ਕੋਈ ਕਵੀ, ਭਗਤ ਜਾਂ ਤਿਆਗੀ, ਵੈਰਾਗੀ, ਸੈਲਾਨੀ ਸਾਧੂ ਨਹੀਂ ਸਨ ਸਗੋਂ ਉਹ ਇਕ ਜਾਤੀ, ਇਕ ਨਵੀਂ ਜੀਵਨ-ਕਣੀ ਬਾਰੇ ਨਵੀਂ ਦੇਸ਼-ਭਗਤੀ ਤੇ ਤਹਿਜ਼ੀਬ ਨੂੰ ਜਨਮ ਦੇਣ ਵਾਲੇ ਪ੍ਰਾਚੀਨ ਕਰਤਾਰੀ ਤੇ ਬਲਵਾਨ ਆਗੂ ਸਨ, ਜਿਨ੍ਹਾਂ ਨੇ ਇਤਿਹਾਸ ਦਾ ਪਾਸਾ ਪਲਟ ਦਿੱਤਾ, ਜੋ ਬਲਦੀ ਲਾਟ ਵਾਂਗ ਅੰਨ੍ਹੇਰੇ ਦਿਲਾਂ ਨੂੰ ਚਾਨਣ ਵੀ ਦਿੰਦੇ ਰਹੇ ਤੇ ਮੋਈਆਂ, ਸੁੱਤੀਆਂ, ਨਿਰਜਿੰਦ ਲੋਥਾਂ ਵਿਚੋਂ ਜੀਵਨ-ਭਬਾਕੇ ਵੀ ਮਚਾਉਂਦੇ ਰਹੇ ਤੇ ਨਾਲ ਹੀ ਜ਼ੋਰ-ਜਬਰ ਕਰਕੇ ਦੂਜਿਆਂ ਦੀ ਅਣਖ, ਆਣ, ਸੁਤੰਤਰਤਾ ਤੇ ਖ਼ੁਸ਼ਹਾਲੀ ਨੂੰ ਮਾਰਨ ਵਾਲੇ ਜਰਵਾਣਿਆਂ ਵਿਰੁੱਧ ਖ਼ੂਨ ਦੇ ਸੋਹਿਲੇ ਵੀ ਗਾਉਂਦੇ ਰਹੇ। ਇਕ ਉਮਾਹੂ ਚਸ਼ਮੇ ਨੂੰ ਜੇ ਕਹੋ ਸਾਫ਼ ਪਾਣੀ ਹੈ ਤਾਂ ਕੀ ਉਸ ਦੀ ਉਪਮਾ ਕੀਤੀ ? ਜੋ ਸਦੀਆਂ ਦੇ ਕੋਹੜ ਕੱਟੇ ਸਾਰੀ ਜਾਤੀ ਦੇ, ਜੋ ਮੋਈਆਂ ਰੂਹਾਂ ਵਿਚ ਬਿਜਲੀ-ਰੌਆਂ ਜਗਾ ਦੇਵੇ, ਜੋ ਨਿਰਮਲ ਪਾਣੀ ਪਿਆਲ ਕੇ ਅੰਦਰ ਜੀਵਨ-ਆਨੰਦ ਦੇ ਵਲਵਲੇ ਜਗਾ ਦੇਵੇ, ਉਸ ਨੂੰ ਕੁਝ ਹੋਰ ਕਹੀਏ ਤਾਂ ਫਬਦਾ ਹੈ।

ਪਾਣੀ ਤਾਂ ਉਹ ਹੀ ਜਿਵੇਂ ਹਰ ਬੰਦਾ ਬੰਦਾ ਹੈ, ਚੰਮ, ਹੱਡੀ, ਮਾਸ, ਲਹੂ ਦਾ ਰਚਿਆ ਪਰ ਇਹੀ ਬੰਦਾ ਜਦੋਂ ਇਕ ਖਿਨ, ਇਕ ਵਲ ਵਿਚ ਨਾਲ ਲੱਗਦਿਆਂ ਨੂੰ ਮਨੁੱਖ ਨੂੰ ਦਿਉਤਾ ਬਣਾਂਦਾ ਫਿਰੇ ਤਾਂ ਉਸ ਨੂੰ ਬੰਦਾ ਕਹਿਣਾ ਅਵੱਗਿਆ ਹੈ, ਆਪਣੀ ਸਮਝ ਦੀ ਬੇਹੋਸ਼ੀ ਹੈ।

ਅਜਿਹੇ ਮਹਾਂਪੁਰਸ਼ ਨਾਲ ਸਿਦਕਵਾਨ ਸ਼ਰਧਾਲੂਆਂ ਦਾ ਅਨੇਕ ਕਥਾ-ਕਹਾਣੀਆਂ ਜੋੜ ਦੇਣਾ ਕੁਦਰਤੀ ਸੀ। 'ਨਾਨਕ ਨਾਮ ਚੜ੍ਹਦੀ ਕਲਾ' ਜਦ ਥਾਂ-ਥਾਂ ਗੂੰਜਦੀ ਹੋਵੇ, ਖ਼ੈਬਰ ਦੇ ਪਹਾੜੀ ਟਿੱਲਿਆਂ 'ਤੇ, ਬੀਕਾਨੇਰ ਦੇ ਮਾਰੂਥਲ ਵਿਚ, ਕਾਹਨੂੰਵਾਨ ਦੀਆਂ ਜੂਹਾਂ ਵਿਚ, ਜਦ ਕੋਈ ਏਸ਼ੀਆ ਦੀ ਧਰਤ ਦਾ ਜ਼ੱਰਾ, 'ਨਾਨਕ ਨਾਮ' ਦੀ ਗੂੰਜ ਮੁਹਰ-ਛਾਪ ਜਾਂ ਲਾਗ ਤੋਂ ਵਾਂਝਿਆ ਨਾ ਰਿਹਾ ਹੋਵੇ, ਤਾਂ ਲੋਕਾਂ ਲਈ ਕੁਦਰਤੀ ਸੀ, ਜੁ ਆਖਦੇ, ਨਾਨਕ ਪਾਰਬ੍ਰਹਮ ਪਰਮੇਸ਼ਰ ਆਪ ਸੀ, ਇਕ ਚਮਤਕਾਰੀ, ਇਲਾਹੀ, ਧੁਰ ਥੀਂ ਅਸੀਸਿਆ, ਕਰਾਮਾਤੀ ਮਹਾਂਪੁਰਖ ਸੀ, ਜਿਸ ਦੀ ਰੱਬੀ-ਛੁਹ ਨਾਲ ਪੱਥਰਾਂ ਦੀ ਜਵਾਲਾ ਪਾਣੀ ਬਣ ਵਗਦੀ ਸੀ, ਜੋ ਜਿਥੇ ਚਾਹੁੰਦਾ ਸੀ, ਅੱਖੀਂ ਮੀਟ ਕੇ ਪਲਾਂ ਵਿਚ ਪੁੱਜ ਸਕਦਾ ਸੀ, ਜੋ ਧਰਤ, ਅਕਾਸ਼, ਪਾਤਾਲ, ਤਿੰਨਾਂ ਲੋਕਾਂ, ਤ੍ਰੈਕਾਲਾਂ, ਤਾਰਾ-ਮੰਡਲਾਂ, ਬ੍ਰਹਮ ਤੇ ਇੰਦਰ ਲੋਕਾਂ, ਸਭ ਦੀ ਟੋਹ ਜਾਣਦਾ ਸੀ, ਸਭ ਉੱਤੇ ਹਾਵੀ ਸੀ, ਸਭ ਦਾ ਵਾਸੀ ਸੀ। ਜਿਸ ਸਾਰੀ ਜ਼ਿੰਦਗੀ ਹੀ, ਇਕ ਦਿਨ ਵੀ ਵਿਹਲੇ ਰਹਿ ਕੇ ਨਾ ਗੁਜ਼ਾਰਿਆ ਹੋਵੇ ਤੇ ਕਾਬਲ, ਮੱਕਾ, ਮਦੀਨਾ, ਬਗ਼ਦਾਦ, ਕਸ਼ਮੀਰ, ਤਿੱਬਤ, ਆਸਾ ਦੇਸ਼ (ਆਸਾਮ), ਸੰਗਲਾਦੀਪ (ਲੰਕਾ), ਸਿੰਧ, ਭਾਰਤ ਪੈਰਾਂ ਨਾਲ ਟੁਰ ਕੇ ਗਾਹਿਆ ਹੋਵੇ, ਰਾਕਸ਼ ਤੇ ਮਾਨਸ-ਖਾਣੇ ਜਾਂਗਲੀ ਤੇ ਧਾੜਵੀ, ਰਾਉ ਤੇ ਰੰਕ, ਹਿੰਦੂ ਤੇ ਮੁਸਲਮਾਨ ਸਭੇ ਜਿਸ ਦੇ ਮੁਰੀਦ ਬਣਦੇ ਜਾਣ, ਉਸ ਦੇ ਜੀਵਨ ਨਾਲ ਅਲੋਕਾਰ ਕਥਾ ਕਹਾਣੀਆਂ ਦਾ ਜੁੜ ਜਾਣਾ ਕੁਦਰਤੀ ਸੀ।

ਨਾਨਕ ਪੜ੍ਹਿਆ, ਮਸੀਤੇ ਵੀ ਤੇ ਪਾਠਸ਼ਾਲਾ ਵਿਚ ਵੀ, ਫ਼ਾਰਸੀ, ਤੋਰਕੀ, ਅਰਬੀ ਵੀ ਤੇ ਸੰਸਕ੍ਰਿਤ ਵੀ। ਪਰ ਬਹੁਤਾ ਪੜ੍ਹਿਆ ਉਹ ਮੇਲ-ਗੇਲ ਨਾਲ, ਸੁਣ-ਵੇਖ ਕੇ, ਪਰਖ ਕੇ। ਉਸ ਹਿੰਦੂ ਫ਼ਲਸਫ਼ੇ ਦਾ ਤੱਤ ਵੀ ਜਾਣ ਲਿਆ ਤੇ ਮੁਸਲਮਾਨੀ ਫ਼ਸਲਫ਼ੇ ਦੀ ਰੂਹ ਵੀ। ਜਪੁ, ਸਿਧ ਗੋਸਟਿ, ਦਖਣੀ ਓਅੰਕਾਰੁ ਆਦਿਕ ਬਾਣੀਆਂ ਕੋਈ ਅਜਿਹਾ ਕਵੀ ਨਹੀਂ ਲਿਖ ਸਕਦਾ, ਜਿਸ ਨੂੰ ਸਾਰੇ ਏਸ਼ੀਆ ਦੇ ਧਾਰਮਿਕ ਫ਼ਸਲਫ਼ੇ ਦੀ ਮੁਕੰਮਲ ਸੁੱਧ-ਬੁੱਧ ਸੋਝੀ ਨਾ ਹੋਵੇ। ਤਰਕ ਉਹੀ ਕਰ ਸਕਦਾ ਹੈ ਜੋ ਜਾਣਦਾ ਹੋਵੇ। ਪਰ ਤਰਕ ਕਰ ਕੇ ਨਵੇਂ ਰਾਹ ਦਰਸਾਉਣ ਦੀ ਦਲੇਰੀ ਉਹ ਕਰ ਸਕਦਾ ਹੈ ਜਿਸ ਨੇ ਜਾਣ ਕੇ ਪਰਖਿਆ ਹੋਵੇ ਤੇ ਪਰਖ ਕੇ ਕੁਝ ਰੱਦਿਆ ਹੋਵੇ, ਕੁਝ ਕਬੂਲਿਆ ਹੋਵੇ, ਕੁਝ ਅੰਦਰੋਂ, ਧੁਰ ਅੰਦਰੋਂ ਕੱਢਿਆ ਹੋਵੇ।

ਸੱਚਾ ਸੌਦਾ ਕੀਤਾ ਗੁਰੂ ਨੇ। ਘਰ ਹੱਟੀ ਪਾਉਣ ਲਈ ਪੈਸੇ ਮਿਲੇ। ਭੁੱਖੇ ਸਾਧੂਆਂ ਨੂੰ ਖੁਆ ਦਿੱਤੇ। ਨਵਾਬ ਦੇ ਮੋਦੀ ਬਣੇ, ਆਪਣੀ ਤਨਖ਼ਾਹ ਦੀ ਰਸਦ ਲੋਕਾਂ ਵਿਚ ਵੰਡ ਦਿੱਤੀ। ਵਿਆਹ ਕੀਤਾ। ਦੋ ਬੱਚੇ ਹੋਏ। ਪਰ ਇਕ ਦਿਨ ਵੇਈਂ ਨਦੀ ਵਿਚ ਨਹਾਉਣ ਗਏ, ਮੁੜ ਤਿੰਨ ਦਿਨ ਤੇ ਤਿੰਨ ਰਾਤਾਂ ਡੁੱਬੇ ਰਹੇ। ਉਸੇ ਅਸਗਾਹ ਪਾਣੀ ਵਿਚ, ਧਿਆਨ ਵਿਚ ਲੀਨ ਹੋਏ। ਆਖਦੇ ਹਨ, ਪਾਰਬ੍ਰਹਮ ਨੇ ਪ੍ਰੇਮ-ਕਟੋਰਾ ਦਿੱਤਾ ਆਪਣੀ ਦਰਗਾਹ ਤੋਂ, ਨਾਲੇ ਵਰ ਦਿੱਤਾ ਤੇ ਆਖਿਆ, "ਮੇਰਾ ਨਾਮ ਪਾਰਬ੍ਰਹਮ ਪਰਮੇਸ਼ਰ। ਤੇਰਾ ਨਾਲ ਗੁਰੂ ਪਰਮੇਸ਼ਰ।" ਜਦ ਇਹ ਗੁਰੂ ਪਰਮੇਸ਼ਰ ਪਾਣੀ ਥੀਂ ਬਾਹਰ ਆਇਆ ਤਾਂ ਪਹਿਲਾਂ ਬਚਨ ਜੋ ਉਸ ਆਖਿਆ, ਇਹ ਸੀ :

ਨਾ ਕੋਈ ਹਿੰਦੂ, ਨਾ ਮੁਸਲਮਾਨ।

ਸਾਰਾ ਮੁਲਕ ਲੜ ਮੋਇਆ ਸੀ, ਪਿਛਲੀਆਂ ਕਈ ਸਦੀਆਂ ਤੋਂ, ਇਸੇ ਗੱਲ ਪਿੱਛੇ ਕਿ ਕੋਈ ਤਾਂ ਹਿੰਦੂ ਹਨ ਤੇ ਕੋਈ ਮੁਸਲਮਾਨ ਹਨ। ਇਕ ਗੱਲ ਕਰੇ ਕਿ ਦੂਆ, 'ਹਿੰਦੂ ਵੱਡਾ

ਕਿ ਮੁਸਲਮਾਣੋਈ'। ਪਰ ਬਾਬੇ ਦੋਹਾਂ ਨੂੰ ਜੁਆਬ ਦਿੱਤਾ, 'ਸੁਭਿ ਅਮਲਾ ਬਾਝਹੁ ਦੋਨੋ ਰੋਈ'। ਇਸ ਦਾ ਅੰਤਰੀਵ ਭਾਵ ਹੁਣ ਤਾਈਂ ਸਮਝਿਆ ਨਹੀਂ ਗਿਆ। ਬਾਬੇ ਦੇ ਇਸ ਕਥਨ ਵਿਚ ਇਕ ਡੂੰਘੀ ਰਮਜ਼ ਲੁਕੀ ਹੋਈ ਸੀ। ਇਕ ਇਹ ਜੁ ਗੁਰੂ ਨਾਨਕ ਦਾ ਪੰਥ, ਹਿੰਦੂ ਮੁਸਲਮਾਨ ਦੋਹਾਂ ਧਰਮਾਂ ਦੀਆਂ ਆਤਮਿਕ ਸਚਿਆਈਆਂ ਦਾ ਪੱਕਾ ਤੇ ਸਹੀ ਵਾਰਸ ਹੈ। ਦੂਜੇ, ਇਹ ਜੁ ਹੁਣ ਤਾਈਂ ਸਚਿਆਈਆਂ ਹਿੰਦੂ ਮੁਸਲਮਾਨਾਂ ਦੀ ਆਪਣੀ-ਆਪਣੀ ਅੱਡਰੀ ਮਲਕੀਅਤ ਸਨ, ਹੁਣ ਸਮੁੱਚੀ ਮਨੁੱਖ-ਜਾਤੀ ਦਾ ਵਿਰਸਾ ਬਣ ਗਈਆਂ ਹਨ। ਕੋਹੜ ਜੋ ਦੋਹਾਂ ਵਿਚ ਪੈ ਗਿਆ ਸੀ, ਉਹ ਵੀ ਬਾਬੇ ਨੇ ਕੱਟਿਆ। ਇਸ ਵਿਗਿਆਪਨ ਵਿਚ ਕੈਸੇ ਅਨੋਖੇ ਅਤੇ ਸਿੱਧੇ-ਸਾਦੇ ਨਿਰੰਕਾਰੀ ਢੰਗ ਵਿਚ ਇਹ ਸਭ ਕੁਝ ਕਹਿ ਦਿੱਤਾ।

ਇਸਲਾਮ ਦੀ ਜਹਾਦ ਤੇ ਲੋਕ-ਜਥੇਬੰਦੀ ਦੀ ਸਪਿਰਟ ਲੈ ਲਈ, ਨਾਲੇ ਪ੍ਰਚਾਰੀ ਉਤਸ਼ਾਹ ਲੈ ਲਿਆ ਸਾਮੀ ਨਸਲ ਦਾ। ਹਿੰਦੂਆਂ ਦੀ ਆਪਾ-ਚੀਨਣ ਤੇ ਸਤ-ਪ੍ਰਾਪਤੀ ਦੇ ਅਨੇਕ-ਪੱਖੀ ਯਤਨਾਂ ਦਾ ਤੱਤ-ਮੂਲ ਵੀ ਸਾਂਭ ਲਿਆ। ਅਵਤਾਰ ਤਾਂ ਹੋਏ ਹੀ ਸਨ, ਦਸਾਂ ਅਵਤਾਰਾਂ ਜਾਂ ਕਲਕੀ ਅਵਤਾਰ ਉੱਤੇ ਗੱਲ ਮੁੱਕ ਚੁੱਕੀ ਸੀ। ਪਰ ਹੁਣ:

ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥ (ਪੰਨਾ ੪੬੨)

ਅਜਿਹਾ ਗੁਰੂ ਜਾਂ ਮਰਦ ਅਗੰਮੜਾ ਪ੍ਰਗਟ ਹੋ ਗਿਆ ਸੀ ਕਲ ਤਾਰਨ ਨੂੰ। ਹੁਣ ਸੰਸਾਰ ਨਿਰੀ ਲੀਲ੍ਹਾ ਹੀ ਨਹੀਂ ਸੀ ਰਹਿ ਗਿਆ, ਇਕ ਥੋੜ੍ਹ-ਚਿਰੀ, ਅਸਾਰ, ਬੇ-ਅਰਥੀ ਖੇਡ, ਸਗੋਂ ਕਿ ਪਾਪ ਨਾਲ ਘੋਲ ਕਰਨ ਲਈ ਅਖਾੜਾ ਬਣ ਗਿਆ ਗੁਸਾਈਂ ਦੇ ਪਹਿਲਵਾਨਾਂ ਲਈ। ਹੁਣ ਹਿੰਦੂ ਹੋਵੇ, ਸ਼ੂਦਰ ਹੋਵੇ, ਬ੍ਰਾਹਮਣ ਹੋਵੇ, ਠੱਗ, ਚੋਰ, ਧਾੜਵੀ ਹੋਵੇ ਜਾਂ ਆਦਮ-ਖਾਣਾ ਜਰਵਾਣਾ ਹੋਵੇ, ਬਾਬਰ ਹੋਵੇ ਜਾਂ ਸੰਗਲਾਦੀਪ ਦਾ ਸ਼ਿਵਨਾਭ ਹੋਵੇ, ਸਭ ਲਈ ਪਾਰ-ਉਤਾਰਾ ਸੰਭਵ ਸੀ। ਗੁਰੂ ਬਾਬੇ ਦੇ ਜ਼ਹੂਰ ਨਾਲ ਕੋਈ ਜਮਾਂਦਰੂ ਉੱਚਾ ਨਹੀਂ ਸੀ ਰਹਿ ਗਿਆ, ਨਾ ਕੋਈ ਜਮਾਂਦਰੂ ਨੀਵਾਂ। ਕਿਸੇ ਨੂੰ ਇਕ ਪਾਸੇ ਪਾਣੀ ਦੇਣ ਥੀਂ ਹਟਕਿਆ, ਕਿਸੇ ਨੂੰ ਇਕੋ ਪਾਸੇ ਰੱਬ ਦਾ ਕਾਅਬਾ ਸਮਝ ਬੈਠਣ ਤੋਂ। ਵਿਚੋਲੇ ਸਭੇ ਉੱਠ ਗਏ, ਕਾਜ਼ੀ, ਮੁੱਲਾਂ, ਸ਼ੇਖ਼, ਬ੍ਰਾਹਮਣ, ਨਾਥ, ਬੋਧ, ਜਿਹੜਾ ਚਾਹੇ ਕਲਿਆਣ ਪ੍ਰਾਪਤੀ ਲਈ ਤਤਪਰ ਹੋਵੇ। ਨਾ ਸੁੱਖਣਾ ਸੁੱਖੇ, ਨਾ ਮੱਥੇ ਰਗੜੇ, ਨਾ ਕਿਸੇ ਤੋਂ ਲਗਨ ਸੁਧਾਏ। ਨਾ ਨਿਆਜ਼ਾਂ ਤੇ ਦੱਖਣਾ ਦੇਵੇ। ਆਪਣੀ ਰਾਖੀ ਹਰ ਕੋਈ ਆਪ ਕਰੇ, ਆਪਣੀ ਕਿਰਤ ਹਰ ਕੋਈ ਆਪ ਕਰੇ, ਆਪਣਾ ਰੱਬ ਹਰ ਕੋਈ ਆਪ ਧਿਆਵੇ, ਕਿਸੇ ਤੋਂ ਡਰੇ ਨਾ, ਕਿਸੇ ਅੱਗੇ ਭਾਇ ਭਰੇ ਨਾ। ਪਰ ਜੀਵੇ ਜਾਂ ਕਿਰਤ ਕਰੇ, ਆਪਣੇ ਆਪ ਲਈ ਨਾ, ਜੀਵੇ ਸਭਨਾਂ ਲਈ, ਵੰਡ ਕੇ ਛਕੇ ਤੇ ਵੰਡ ਕੇ ਇਹ ਨਾ ਆਖੇ, 'ਇਹ ਮੈਂ ਦਿੱਤਾ ਹੈ।' ਆਪਣਾ ਲੰਗਰ ਵੀ ਗੁਰੂ ਕਾ ਜਾਣੇ। ਟਹਿਲ ਭਾਉਣੀ ਆਪਣੀ ਹੋਵੇ। ਇਉਂ ਇਕ ਨਵੇਂ ਸੰਸਾਰ ਸਮਾਜ ਦੀ ਨੀਂਹ ਰੱਖੀ ਗਈ।

ਜੋ ਇਹ ਆਖਦੇ ਹਨ ਕਿ ਗੁਰੂ ਨਾਨਕ ਦਾ ਫ਼ਲਸਫ਼ਾ ਨਿਪਟ ਹਿੰਦੂ ਜਾਂ ਮੁਸਲਮਾਨ, ਭਗਤੀ ਜਾਂ ਵਾਹਦਤ, ਸ੍ਵੈ-ਸਾਧਨ, ਜਹਾਦ ਦਾ ਹੀ ਇਕ ਗੱਠਜੋੜ, ਸੰਗ੍ਰਹਿ, ਪ੍ਰਤੀਬਿੰਬ ਜਾਂ ਝਲਕਾਰਾ ਹੈ, ਉਹ ਭੁੱਲਦੇ ਹਨ। ਕੁਦਰਤ ਵਿਚ ਸਭ ਕੁਝ ਨਿਰਾ ਵਿਕਾਸ ਹੀ ਨਹੀਂ ਕਰਦਾ, ਕਰਾਮਾਤ ਵੀ ਹੁੰਦੀ ਹੈ। ਡਾਰਵਿਨ ਤੇ ਹੀਗਲ ਦੇ ਬੁੱਧੀਵਾਨ ਪੁਜਾਰੀ ਵੀ ਇਸ ਨੂੰ ਮੰਨਦੇ ਹਨ। ਉਨ੍ਹੀਵੀਂ

ਸਦੀ ਵਾਲੀ ਹਠਧਰਮੀ ਹੁਣ ਸਾਇੰਸਦਾਨਾਂ ਵਿਚ ਵੀ ਨਹੀਂ ਰਹੀ। ਜਿਵੇਂ ਕਿ ਪ੍ਰਸਿੱਧ ਅੰਗਰੇਜ਼ ਪਾਰਖੂ, ਆਈ.ਏ. ਰਿਚਰਡਜ਼ ਨੇ ਬੀ.ਬੀ.ਸੀ. ਤੋਂ ਬ੍ਰਾਡਕਾਸਟ ਕਰਦਿਆਂ ਅਕਤੂਬਰ 1947 ਵਿਚ ਆਖਿਆ ਸੀ :

> *ਇਹ ਇਕ ਅਨੋਖਾ ਚਮਤਕਾਰ ਹੈ। ਸਾਹਿਤ ਵਿਚ ਇਕ ਵੰਨਗੀ ਸਭ ਤੋਂ ਨਵੀਨ ਵਧੀਆ ਉਪਜਦੀ ਹੈ, ਝਟਪਟੀ ਵਿਚ ਸੰਭਵ ਉਗਮਦੀ ਹੈ ਤੇ ਮੁੜ ਨਹੀਂ ਆਉਂਦੀ ਕਦੀ ਵੀ। ਇਹ ਗੱਲ ਉਹਨਾਂ ਲੋਕਾਂ ਲਈ, ਜੋ ਵਿਕਾਸ ਦੀ ਥੀਊਰੀ ਨੂੰ ਸਤਹੀ ਤੌਰ 'ਤੇ ਪਰਖਦੇ ਹਨ, ਬੜੀ ਅਨੋਖੀ ਜਿਹੀ ਲੱਗਦੀ ਹੈ। ਪਰ ਹੈ ਇਹ ਸੱਚ। ਸਾਹਿਤ ਦੇ ਹਰ ਖੇਤਰ ਵਿਚ ਜੋ ਸਰਬੋਤਮ ਰਚਨਾ ਹੈ, ਉਹੀ ਇਕੋ ਵਾਰ ਪੈਦਾ ਹੁੰਦੀ ਹੈ, ਉਸ ਦਾ ਕੋਈ ਸਾਨੀ ਨਹੀਂ ਹੁੰਦਾ ਤੇ ਉਸ ਨੂੰ ਮੁੜ ਕੋਈ ਨਹੀਂ ਪਹੁੰਚਦਾ।*

ਇਵੇਂ ਹੀ ਗੁਰੂ ਨਾਨਕ ਸਾਹਿਬ ਦੇ ਜੀਵਨ ਫ਼ਲਸਫ਼ੇ ਬਾਰੇ ਸਮਝਣਾ ਚਾਹੀਦਾ ਹੈ ਤੇ ਉਹ ਜੀਵਨ ਫ਼ਸਲਫ਼ਾ ਇਹਨਾਂ ਤਿੰਨ ਸਤੰਭਾਂ ਉੱਤੇ ਨਿਰਭਰ ਹੈ—ਕਿਰਤ ਕਰੋ, ਵੰਡ ਛਕੋ, ਨਾਮ ਜਪੋ। ਪਹਿਲਾ ਉਪਦੇਸ਼ ਗੁਰੂ ਨਾਨਕ ਜੀ ਨੇ ਸੈਦਪੁਰ ਦੇ ਮਲਕ ਭਾਗੋ ਨੂੰ ਕੀਤਾ ਸੀ, ਉਸ ਦੇ ਅਣਕਮਾਏ ਧਨ ਨਾਲ ਰਚੇ ਬ੍ਰਹਮ-ਭੋਜ ਵਿਚ ਹਿੱਸਾ ਨਾ ਲੈ ਕੇ ਤੇ ਲਾਲੋ ਬਾਢੀ ਦੀ ਹੱਥੀਂ ਕਮਾਈ ਕੋਧਰੇ ਦੀ ਰੋਟੀ ਨੂੰ ਦੁੱਧ ਆਖ ਕੇ ਸਵੀਕਾਰ ਕਰ ਕੇ। ਤਿੰਨ ਸਦੀਆਂ ਪਿੱਛੋਂ, ਕੁਝ ਇਹੋ ਜਿਹੀ ਗੱਲ ਕਾਰਲ ਮਾਰਕਸ ਅਤੇ ਪਰੂਧੋਨ ਨੇ ਵੀ ਆਖਣ ਦਾ ਯਤਨ ਕੀਤਾ ਕਿ ਜਿੰਨਾ, ਕੀਤੀ ਮਿਹਨਤ ਨਾਲੋਂ ਕਮਾਇਆ, ਵਾਧੂ ਧਨ ਕਿਸੇ ਪਾਸ ਹੈ, ਉਹ ਹੋਰ ਮਜ਼ਦੂਰਾਂ ਤੇ ਕਿਰਤੀ ਕਿਰਸਾਨਾਂ ਦੀ ਮਿਹਨਤ ਉੱਤੇ ਧਾੜਾਂ ਮਾਰ ਕੇ ਲੁੱਟਿਆ ਧਨ ਹੈ। ਗੁਰੂ ਨਾਨਕ ਸਾਹਿਬ ਦੇ ਧਾਰਮਿਕ ਫ਼ਲਸਫ਼ੇ ਵਿਚੋਂ ਇਉਂ ਸਮਾਜਵਾਦ, ਇਕ ਅਵੱਸ਼ ਪੈਦਾਵਾਰ ਦਿਸ ਆਉਂਦਾ ਹੈ। ਪਰ ਜਿਵੇਂ ਪਿਛਲੇ ਕੁਝ ਦਹਾਕਿਆਂ ਵਿਚ ਸਮਾਜਵਾਦੀ ਸਮਾਜ ਨੂੰ ਹੋਂਦ ਵਿਚ ਲਿਆਉਣ ਜਾਂ ਉਸ ਨੂੰ ਕਾਇਮ ਰੱਖਣ ਲਈ ਡਿਕਟੇਟਰਸ਼ਾਹੀ, ਖ਼ੁਫ਼ੀਆ ਪੁਲਿਸੀ ਪ੍ਰਬੰਧ, ਜੇਲ੍ਹਖ਼ਾਨੇ ਤੇ ਮੁਕੱਦਮੇਬਾਜ਼ੀਆਂ, ਕਤਲ, ਖ਼ੂਨ ਤੇ ਸਾਜ਼ਿਸ਼ਾਂ ਰਚੀਆਂ ਗਈਆਂ ਹਨ, ਉਹਨਾਂ ਨਾਲੋਂ ਸਿੱਖ ਫ਼ਸਲਫ਼ੇ ਦਾ ਰਾਹ ਬਹੁਤ ਨਿੱਖੜਵਾਂ ਹੈ। ਗੁਰੂ ਨਾਨਕ ਸਾਹਿਬ ਦਾ ਸਮਾਜ ਆਰਥਿਕ ਬਰਾਬਰੀ ਲਿਆਉਂਦਾ ਹੈ। ਰੂਹ ਨੂੰ ਉੱਚਾ ਕਰ ਕੇ, ਅਖ਼ਲਾਕੀ ਤੇ ਆਤਮਿਕ ਪੱਧਰ ਨੂੰ ਇੰਨਾ ਕੋਮਲ ਬਣਾ ਕੇ ਕਿ ਕਬਜ਼ੇ ਹਵਸ, ਹਿਰਸ, ਲੁੱਟ-ਖਸੁੱਟ ਦੀ ਤੀਬਰਤਾ ਮਨੁੱਖ ਵਿਚ ਉੱਠਦੀ ਨਹੀਂ ਤੇ ਕਿਰਤ ਕਰ ਕੇ ਵੰਡ ਛਕਣਾ ਉਸ ਦਾ ਸੁਭਾਵਿਕ ਗੁਣ ਹੋ ਜਾਂਦਾ ਹੈ। ਉਹ ਚੰਮ-ਸਤਹ ਉੱਤੇ ਜੀਉਂਦਾ ਹੀ ਨਹੀਂ। ਉਸ ਲਈ ਭਾਈ ਮੂਲੇ ਵਾਂਗ ਜਿਊਣਾ ਕੂੜ ਤੇ ਮਰਨਾ ਸੱਚ ਹੋ ਜਾਂਦਾ ਹੈ। ਉਹ ਪਲ-ਪਲ ਮਰਨ ਦੇ ਚਾਉ ਵਿਚ ਆਪਾ-ਗ਼ਰਜ਼ੀ ਨੂੰ ਮਾਰਨ ਦੇ ਚਾਉ ਵਿਚ, ਤਨ-ਧਨ ਵਾਰਨ ਦੇ ਚਾਉ ਵਿਚ ਵਿਗਸਦਾ ਹੈ, ਸਹਿਜ-ਸੁਭਾਇ, ਕਿਸੇ ਜਬਰ, ਕਿਬਰ, ਡਰ ਦਾ ਮਾਰਿਆ ਨਹੀਂ ਸਗੋਂ ਇਸ ਲਈ ਕਿ ਉਸ ਦੀ ਰੂਹ ਇਸ ਬਿਨਾਂ ਸਹਿਜ-ਟਿਕਾਉ ਵਿਚ ਨਹੀਂ ਆਉਂਦੀ, ਉਸ ਦੀ ਆਤਮਕ-ਹੋਣੀ ਇਸ ਬਿਨਾਂ ਸੰਪੂਰਨ ਨਹੀਂ ਹੁੰਦੀ, ਉਸ ਦੀ ਆਤਮਾ ਦਾ ਕਿਉਂਕਿ ਇਹ ਨਿੱਜ ਸੁਭਾਉ ਹੈ, ਜਿਵੇਂ ਅਗਨੀ ਦਾ ਜਾਲਣਾ ਤੇ ਪਾਣੀ ਦਾ ਮੈਲ ਧੋਣਾ, ਠੰਢ ਪਾਉਣਾ।

ਆਧੁਨਿਕ ਸਮਾਜਵਾਦੀ ਰਾਜ-ਪ੍ਰਬੰਧ ਦੀ ਰੂਹ ਦਾ, ਰੱਬ ਜਾਂ ਆਤਮਿਕ ਸਾਧਨਾਂ ਜਾਂ ਮਨੋਰਥਾਂ

ਨਾਲ ਕੋਈ ਸੰਬੰਧ ਨਹੀਂ। ਉਸ ਲਈ ਸਰਵੁੱਚ ਮਨੋਰਥ ਸਮਾਜ ਨੂੰ ਸਮਾਜੀ, ਆਰਥਿਕ ਤੇ ਰਾਜਸੀ ਨੀਹਾਂ ਉੱਤੇ ਉਸਾਰਨਾ ਹੈ, ਰਾਹ ਢੰਗ ਭਾਵੇਂ ਕੋਈ ਵੀ ਵਰਤੇ। ਉਥੇ ਵੀ ਆਪਾ-ਗਰਜ਼ੀ ਮਾਰਨੀ ਹੈ, ਸਮਾਜੀ ਸੁਖ ਲਈ ਨਿੱਜੀ ਸੁਖ ਵਿਰਸਾ ਵੰਡ ਕੇ ਛਕਣਾ ਹੈ—'ਜਿੰਨਾ ਤੇ ਜਿਹੋ ਜਿਹਾ ਕੋਈ ਕੰਮ ਕਰੇ ਉਨਾ ਤੇ ਉਹੋ ਜਿਹਾ ਕੋਈ ਖਾਵੇ ਤੇ ਹੁੰਦੇ ਹੋਏ ਜਿੰਨੀ ਕਿਸੇ ਦੀ ਲੋੜ ਹੋਵੇ ਬੱਸ ਉਨੀ ਹੀ ਪੂਰੇ, ਇਹ ਸਿਧਾਂਤ ਹੈ ਸਮਾਜਵਾਦੀ ਦਾ ਵੀ। ਉਥੇ ਵੀ ਇਕਾਈਆਂ ਨੂੰ ਇਹ ਲੌਕਿਕ ਸਮਾਜ, ਇਕ ਵਿਸ਼ਵ ਜਥੇਬੰਦੀ, ਇਕ ਸਰਬ-ਸਾਂਝੇ ਆਰਥਿਕ ਤੇ ਰਾਜਸੀ ਨਿਜ਼ਾਮ ਵਿਚ ਪਰੋਣਾ ਹੈ। ਪਰ ਕਿਵੇਂ, ਇਹ ਸੁਆਲ ਬਹੁਤ ਜ਼ਰੂਰੀ ਹੈ। ਜ਼ਬਰ ਨਾਲ ਮਾਰ-ਕੁੱਟ ਕੇ, ਡਰਾ-ਧਮਕਾ ਕੇ, ਸਾਰੀ ਤਾਕਤ ਨੂੰ ਇਕ ਥਾਂ ਇਕੱਠਾ ਕਰ ਕੇ? ਗੁਰੂ ਜੀ ਨੇ ਵੀ ਜਥੇਬੰਦੀ ਉੱਤੇ ਬਹੁਤ ਜ਼ੋਰ ਦਿੱਤਾ ਹੈ।

ਗੁਰੁ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ। (ਵਾਰ ੧/੪੨)

ਨੌਵੀਂ ਪਾਤਸ਼ਾਹੀ ਤਕ ਉਸ ਨੂੰ ਸੰਗਤ ਆਖਦੇ ਰਹੇ। ਦਸਵੇਂ ਸਤਿਗੁਰਾਂ ਨੇ ਉਸੇ ਨੂੰ 'ਪੰਥ' ਦਾ ਰੂਪ ਦੇ ਦਿੱਤਾ। ਪਰ ਸਮੁੱਚੀ ਤਾਕਤ ਦਾ ਸੋਮਾ ਕੋਈ ਡਿਕਟੇਟਰੀ ਪ੍ਰਬੰਧ ਜਾਂ ਫ਼ੌਜ, ਪੁਲਿਸ ਨਹੀਂ, ਸਗੋਂ ਆਤਮਿਕ ਤੌਰ 'ਤੇ ਭਰ-ਜਾਗਿਆ ਵਿਅਕਤੀਗਤ ਹੈ, ਜਿਸ ਨੂੰ ਸਿੱਖ ਸ਼ਬਦਾਵਲੀ ਵਿਚ ਗੁਰਮੁਖ ਆਖਦੇ ਹਨ। ਇਹੀ ਜੀਆਦਾਨ ਬਖ਼ਸ਼ਦਾ ਹੈ, ਸੁੱਤਿਆਂ ਨੂੰ ਜਗਾਉਂਦਾ ਹੈ, ਜੀਵਨ-ਕਣੀਆਂ ਵੰਡਦਾ ਹੈ। ਜਥੇਬੰਦੀ ਦੀ ਇਕਾਈ ਥਾਂ-ਥਾਂ ਦੀ ਜੁੜੀ ਬਣੀ 'ਸੰਗਤ' ਹੈ। ਇਹ ਸੰਗਤ ਹੀ ਆਪਣੀ ਸ਼ਕਤੀ ਦਾ ਜਿੰਨਾ ਹਿੱਸਾ ਚਾਹੇ, ਮਨ-ਮਰਜ਼ੀ ਨਾਲ ਗੁਰੂ ਸੰਗਤ ਜਾਂ ਗੁਰੂ ਪੰਥ, ਜੋ ਸਮੂਹ ਪੰਥ ਦੀ ਜਥੇਬੰਦੀ ਹੈ, ਨੂੰ ਸੌਂਪਦੀ ਹੈ। ਗੁਰੂ ਪੰਥ ਸਭ ਤੋਂ ਉੱਤੇ ਹੈ। ਉਸ ਦਾ ਹੁਕਮ ਹਰੇਕ ਵਿਅਕਤੀ ਉੱਤੇ ਲਾਗੂ ਹੈ, ਪਰ ਸਥਾਨਕ ਸੰਗਤ ਜਦ ਚਾਹੇ ਉਸ ਨੂੰ ਤਾੜਨਾ ਕਰ ਸਕਦੀ ਹੈ, ਬਖ਼ਸ਼ੀ ਤਾਕਤ ਮੋੜ ਭੀ ਸਕਦੀ ਹੈ। ਇਸ ਤਰ੍ਹਾਂ ਨਾ ਹੀ ਬਹੁ-ਸੰਮਤੀ ਜਾਂ ਡਿਕਟੇਟਰਸ਼ਾਹੀ ਦਾ ਜ਼ਬਰ ਮਾਰਦਾ ਹੈ, ਨਾ ਹੀ ਵਿਅਕਤੀ ਦੀ ਸ਼ਖ਼ਸੀਅਤ ਨੂੰ ਆਪਣੀ ਪੂਰੀ ਆਤਮਿਕ ਪ੍ਰਫੁੱਲਤਾ ਤੋਂ ਕੋਈ ਰੋਕ ਪੈਂਦੀ ਹੈ।

ਗੁਰੂ ਨਾਨਕ ਸਾਹਿਬ ਦਾ ਧਰਮ ਉਹਨਾਂ ਦੀ ਜਾਤ ਜਾਂ ਬਾਣੀ ਦੇ ਜਗਾਏ ਗੁਰਮੁਖਾਂ ਨੇ ਹੀ ਪ੍ਰਚਾਰਿਆ। ਹਰ ਥਾਂ ਦੀ ਸੰਗਤ ਉਹਨਾਂ ਦੀ ਅਗਵਾਈ ਨੂੰ ਹੀ ਹਰ ਵੇਲੇ ਉਡੀਕਦੀ ਸੀ। ਤਾਂ ਬਾਬੇ ਉਥੇ ਧਰਮਸਾਲ ਬੱਧੀ, ਮੰਜੀ ਬਖ਼ਸ਼ੀ। ਇਹਨਾਂ ਮੰਜੀਆਂ ਦੇ ਬਖ਼ਸ਼ਣ ਦਾ ਇਹੋ ਮਨੋਰਥ ਸੀ ਪਰ ਫਿਰ 'ਘਰਿ ਘਰਿ ਅੰਦਰਿ ਧਰਮਸਾਲ' ਹੋ ਗਈ ਕਿ ਹਰ ਵੇਲੇ ਕੋਈ ਕਿਸੇ ਦੀ ਉਚੇਚੀ ਅਗਵਾਈ ਨੂੰ ਉਡੀਕਦਾ ਨਾ ਰਹੇ ਤੇ ਜਦ ਕਣੀ ਅੰਦਰੋਂ ਮੁੱਕਦੀ ਖੁਰਦੀ ਜਾਪੇ ਜਾਂ ਅੱਗੋਂ ਗੱਲ ਨਾ ਸੁੱਝੇ ਜਾਂ ਕੋਈ ਆਤਮਿਕ ਭੀੜਾ ਆਣ ਬਣੇ ਤਾਂ ਗੁਰਮੁਖ ਦਾ ਦੀਦਾਰ ਕਰੇ, ਉਸ ਦੀ ਸੰਗਤ ਵਿਚ ਜਾਵੇ। ਨਿਤਾਪ੍ਰਤਿ ਸੰਗਤ ਇਕ ਥਾਂ ਦੀ ਆਪਣੀ ਥਾਂ ਹੀ ਜੁੜੇ, ਵਿਚਾਰ-ਚਰਚਾ ਕਰੇ, ਸਾਂਝੇ ਮਾਮਲੇ ਸੁਲਝਾਵੇ।

'ਨਾਨਕ ਪ੍ਰਕਾਸ਼' ਵਿਚ ਇਕ ਕਥਾ ਆਉਂਦੀ ਹੈ:

ਗੁਰੂ ਨਾਨਕ ਜੀ ਜਦ ਆਪਣੇ ਅੰਤਲੇ ਦਿਨਾਂ ਵਿਚ ਕਰਤਾਰਪੁਰ ਆਣ ਟਿਕੇ ਤਾਂ ਦੋ ਬੜੇ ਧਨਾਢ ਤੇ ਵਡੇਰੇ ਮਨੁੱਖ ਉਹਨਾਂ ਦੀ ਸੰਗਤ ਕਰਨ ਦੂਰੋਂ ਕਿਤੋਂ ਚੱਲ ਕੇ ਆਏ। ਕੁਝ ਚਿਰ ਪਿੱਛੋਂ ਉਹਨਾਂ ਬੇਨਤੀ ਕੀਤੀ:

'ਜੀਉ ਪਾਤਸ਼ਾਹ, ਅਸੀਂ ਤੇਰੇ ਚਰਨਾਂ ਵਿਚ ਹੀ ਤੇਰੀ ਟਹਿਲ ਸੇਵਾ ਲਈ ਬਾਕੀ ਦਾ ਜੀਵਨ ਬਤੀਤ ਕਰਨਾ ਲੋਚਦੇ ਹਾਂ।' ਪਰ ਗੁਰੂ ਜੀ ਨੇ ਉੱਤਰ ਦਿੱਤਾ:

'ਤੁਸੀਂ ਘਰ ਮੁੜ ਜਾਉ। ਆਪਣਾ ਧਨ ਗਰੀਬਾਂ ਵਿਚ ਵੰਡ ਦਿਉ। ਸਰੀਰ ਆਪਣੇ ਆਲੇ-ਦੁਆਲੇ ਦੇ ਲੋਕਾਂ ਦੀ ਸੇਵਾ ਲਈ ਅਰਪਨ ਕਰੋ। ਇਵੇਂ ਤੁਸੀਂ ਮੇਰੀ ਖ਼ੁਸ਼ੀ ਪ੍ਰਾਪਤ ਕਰੋਗੇ। ਇਹੋ ਮੇਰੀ ਸੇਵਾ ਹੋਵੇਗੀ।'

ਨਾਮ ਜਪਣਾ, ਕਿਰਤ ਕਰਨਾ, ਭਗਤੀ, ਜਾਪ, ਲਿਵਲੀਨਤਾ, ਏਸ਼ੀਆਈ ਧਰਮਾਂ (ਸਮੇਤ ਈਸਾਈ ਮਤ) ਦੀ ਮੂਲ ਜੜ੍ਹ ਹੈ, ਪਰ ਜਿਵੇਂ ਨਾਮ ਜਪਣ ਲਈ ਤਿਆਗ, ਹਠ, ਜੋਗ, ਮਨ-ਮਾਰੀ, ਤਨ-ਜਲਾਈ ਆਦਿ ਕਠਿਨ ਸਾਧਨਾਂ ਨੂੰ ਸਭ ਨੇ ਅਵੱਸ਼ ਬਿਆਨਿਆ ਹੈ, ਉਸ ਤੋਂ ਸਿੱਖ ਧਰਮ ਇਨਕਾਰੀ ਹੈ। ਇਸ ਵਿਚ ਗ੍ਰਹਿਸਤ ਧਰਮ ਪ੍ਰਧਾਨ ਹੈ। ਜਦ ਤਿਆਗ ਕਰ ਕੇ ਵੀ ਆਪਣੀ ਉਪਜੀਵਕਾ ਲਈ 'ਉਨਹੀ ਕੇ ਘਰਿ ਮੰਗਣਿ ਜਾਈ' ਤਾਂ ਤਿਆਗ ਦਾ ਕੀ ਲਾਭ? ਜੇ ਸਰੀਰ ਦਾ ਮਨੋਰਥ ਨਿੱਜੀ ਚੰਮ-ਖ਼ੁਸ਼ੀ ਜਾਂ ਨਿਰਾ ਆਤਮਕ ਵਿਗਾਸ ਜਾਂ ਸਹਿਜ-ਆਨੰਦ ਜਾਂ ਵਿਅਕਤੀਗਤ ਦੀ ਮੁਕਤੀ ਨਹੀਂ (ਜਿਵੇਂ ਕਿ ਸਿੱਖ ਧਰਮ ਮੰਨਦਾ ਹੈ) ਜੇ ਸਰੀਰ ਨੇ ਬਾਕੀ ਸਮਾਜ ਦੀ ਸੇਵਾ ਲਈ ਅਰਪਨ ਹੋਣਾ ਹੈ ਤਾਂ ਸਰੀਰ ਨੂੰ ਮਾਰਨਾ, ਸੁਕਾਣਾ, ਤਸੀਹੇ ਦੇਣੇ ਕਿ ਇਸ ਵਿਚੋਂ ਵਾਸ਼ਨਾ ਮਰੇ, ਅਯੋਗ ਹੈ। ਮਰੀਅਲ ਘੋੜੇ ਵਿਚੋਂ ਵਾਸ਼ਨਾ ਤਾਂ ਮੁੱਕੀ ਪਰ ਉਸ ਕਿਸ ਦਾ ਭਾਰ ਢੋਇਆ, ਕਿਸ ਉਸ ਦੀ ਥਲ-ਥਲ ਕਰਦੀ ਜੁਆਨੀ ਨੂੰ ਗਾਹਿਆ, ਕਿਸ ਉਸ ਦੇ ਨਰੋਏ, ਵਿਗਾਸੇ ਤਨ ਦੀ ਉਡੀਕ ਕੀਤੀ? ਤਾਂ ਤੇ ਨਾਮ ਜਪਣਾ ਹੈ, ਬਿਨਾਂ ਹਠ ਨਾਲ ਤਨ ਮਾਰੇ, ਕਰਮ-ਕਾਂਡ ਦੀ ਕੈਦ ਵਿਚ ਬੱਝੇ ਜਾਂ ਉਗਰ ਮੰਤਰ ਜਾਪ ਕਰਦੇ ਨਾ, ਸਗੋਂ ਇਵੇਂ ਕਿ ਧੁਰ ਅੰਦਰ ਜੁੜ ਜਾਵੇ ਅਨੰਦ ਦੇ ਪਸਾਰੇ ਨਾਲ, ਸਹਿਜ ਸੁਭਾਇ ਅੰਦਰੋਂ 'ਮੈਂ ਮੇਰੀ' ਦੀ ਥਾਂ 'ਤੂੰ ਤੇਰਾ, ਸਭ ਕੁਝ ਤੇਰਾ' ਦੀ ਧੁਨੀ ਗੂੰਜੇ, ਹੋਠ ਭਾਵੇਂ ਜੁੜੇ ਰਹਿਣ, ਅੰਦਰੋਂ ਨਾੜ-ਨਾੜ ਪਈ ਬੋਲੇ, ਗਾਵੇ 'ਵਾਹਿਗੁਰੂ, ਵਾਹਿਗੁਰੂ'।

ਇਸ ਨਾਲ ਆਤਮਿਕ ਜ਼ਬਤ ਵੀ ਅੰਦਰ ਆਉਂਦਾ ਹੈ, ਕਿਉਂ ਜੋ ਅੰਦਰਲੀਆਂ ਵਾਸ਼ਨਾਵਾਂ ਦਾ ਹਰ ਕਿਣਕਾ ਇਕ ਨੁਕਤੇ ਉੱਤੇ ਇਕੱਠਾ ਹੋ ਕੇ ਆਪਾ ਭੁੱਲ ਜਾਂਦਾ ਹੈ ਤੇ ਵਾਸ਼ਨਾ ਮਰਦੀ ਹੈ, ਪਰ ਸਰੀਰ ਤੇ ਆਤਮਾ ਵਿਚ ਆਨੰਦ ਦਾ ਹੁਲਾਸ ਵੀ ਆਉਂਦਾ ਹੈ, ਕਿਉਂ ਜੁ ਹੱਠ ਨਾਲ ਇਹ ਕਮਾਈ ਨਹੀਂ ਕੀਤੀ ਹੁੰਦੀ, ਸਗੋਂ ਸੁਤੇ-ਸਿਧ ਹੀ ਦੈਵੀ ਪ੍ਰਕਾਸ਼ ਅੰਦਰ ਬਲਿਆ ਹੁੰਦਾ ਹੈ।

'ਸਤਿਨਾਮੁ' ਤੇ 'ਵਾਹਿਗੁਰੂ' ਦੋ ਸ਼ਬਦ ਹਨ, ਜਿਨ੍ਹਾਂ ਦਾ ਜਾਪ ਸਿੱਖਾਂ ਵਿਚ ਗੁਰੂ ਨਾਨਕ ਸਾਹਿਬ ਨੇ ਪ੍ਰਚਲਿਤ ਕੀਤਾ। ਨਾਵਾਂ ਵਿਚ ਕੀ ਹੈ, ਸਭੇ ਆਖਦੇ ਹਨ। ਹਾਂ, ਨਾਵਾਂ ਵਿਚ ਉਂਜ ਤਾਂ ਕੁਝ ਵੀ ਨਹੀਂ ਪਰ ਬਹੁਤ ਕੁਝ ਹੈ ਵੀ। ਜਦ ਅਸੀਂ ਕਿਸੇ ਚੀਜ਼ ਦਾ ਨਾਉਂ ਲੈਂਦੇ ਹਾਂ ਤਾਂ ਉਸ ਦੀਆਂ ਸਮੁੱਚੀਆਂ ਖ਼ਾਸੀਅਤਾਂ, ਰੂਪ, ਰੰਗ, ਆਕਾਰ, ਸਭ ਕੁਝ ਸਾਡੇ ਸਾਹਮਣੇ ਆ ਜਾਂਦਾ ਹੈ ਅਤੇ ਇਉਂ ਹੀ ਉਹ ਚੀਜ਼ ਵਸਤੂ ਮਨੁੱਖੀ-ਮਨ ਵਿਚ ਸਾਕਾਰ ਤੇ ਰੂਪਮਾਨ ਹੁੰਦੀ ਹੈ:

ਨਾਮ ਕੇ ਧਾਰੇ ਸਗਲ ਆਕਾਰ॥
ਨਾਮ ਦੇ ਧਾਰੇ ਪੁਰੀਆ ਸਭ ਭਵਨ॥ (ਪੰਨਾ ੨੮੪)

ਨਾਵਾਂ ਵਿਚ ਰੂਪ ਲੁਕੇ ਹਨ—ਸਾਇੰਸ, ਫ਼ਿਲਾਸਫ਼ੀ, ਸਾਧਾਰਨ ਜੀਵਨ-ਦੌੜ ਸਭਨਾਂ ਵਿਚ ਅਸੀਂ ਨਾਵਾਂ ਦੇ ਆਸਰੇ ਚੱਲਦੇ ਹਾਂ। ਨਾਮ ਸਿਮਰਦੇ ਹਾਂ ਕਿਉਂ ਜੁ ਨਾਵਾਂ ਵਿਚ ਉਹਨਾਂ ਦੀਆਂ ਤਸਵੀਰਾਂ, ਝਲਕੇ, ਝਾਂਵਲੇ, ਗੁਣ ਔਗੁਣ ਸਭ ਲੁਕੇ ਪਏ ਹਨ। ਕਿਸੇ ਜਾਤੀ ਦਾ ਸਭਿਆਚਾਰ ਉਸ ਦੇ ਨਾਵਾਂ ਦੇ ਪੈਦਾ ਕੀਤੇ ਵਾਯੂਮੰਡਲ ਉੱਤੇ ਹੀ ਨਿਰਭਰ ਹੁੰਦਾ ਹੈ। ਇਵੇਂ ਅਸੀਂ ਹਰ ਘੜੀ ਕਿਸੇ ਨਾ ਕਿਸੇ ਰੂਪਾਕਾਰ ਦਾ, ਕਿਸੇ ਨਾ ਕਿਸੇ ਤਰ੍ਹਾਂ ਮੰਤਰ ਜਾਪ ਕਰਦੇ ਰਹਿੰਦੇ ਹਾਂ। ਇਹ ਨਾਮ ਹੌਲੀ-ਹੌਲੀ ਆਪ ਹੀ ਵਧੀਕ ਤੋਂ ਵਧੀਕ ਠੋਸ ਖ਼ਾਸੀਅਤਾਂ ਧਾਰਨ ਕਰਦੇ ਜਾਂਦੇ ਹਨ। ਪਹਿਲਾਂ ਸਭ ਕੁਝ ਨਾਮ ਤੋਂ ਹੀ ਸ਼ੁਰੂ ਹੁੰਦਾ ਹੈ:

ਨਾਮ ਕੇ ਧਾਰੇ ਸਗਲੇ ਜੰਤ॥
ਨਾਮ ਕੇ ਧਾਰੇ ਖੰਡ ਬ੍ਰਹਮੰਡ॥ (ਪੰਨਾ ੨੮੪)

ਇਹੀ ਉਪਨਿਸ਼ਦਾਂ ਦੀ ਅਧਿਆਤਮ ਵਿਦਿਆ ਹੈ। ਇਵੇਂ ਹੀ ਮਨੁੱਖ ਨਾਮ ਲੈਂਦੇ-ਲੈਂਦੇ ਨਾਮ ਲਏ ਜਾਣ ਵਾਲੇ ਦੇ ਗੁਣਾਂ ਵਿਚ ਲੱਗਦਾ ਹੈ ਤੇ ਹੌਲੀ-ਹੌਲੀ ਉਹਨਾਂ ਵਿਚ ਲੀਨ ਹੋ ਜਾਂਦਾ, ਉਹਨਾਂ ਨੂੰ ਆਪਣਾ ਸੁਭਾਅ ਬਣਾ ਲੈਂਦਾ ਹੈ:

ਹਉਮੈ ਨਾਵੈ ਨਾਲਿ ਵਿਰੋਧੁ ਹੈ... (ਪੰਨਾ ੫੬੦)

ਇਸ ਲਈ ਜਦ ਨਾਮ ਅੰਦਰ ਆ ਵੱਸਦਾ ਹੈ ਤਾਂ ਹਉਮੈ ਟੁਰ ਜਾਂਦੀ ਹੈ:

ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥ (ਪੰਨਾ ੨੮੪)

ਗੁਰੂ ਨਾਨਕ ਸਾਹਿਬ ਨੇ ਚਾਰ ਉਦਾਸੀਆਂ ਕੀਤੀਆਂ। ਪਹਿਲੀ ਪੂਰਬ ਵੱਲ, ਜਦ ਉਹ ਹਿੰਦੂਆਂ ਦੇ ਪ੍ਰਸਿੱਧ ਤੀਰਥਾਂ ਉੱਤੇ ਗਏ। ਇਥੇ ਵੀ ਕਿਧਰੇ ਗੁਰੂ ਨੇ 'ਮਾਸ ਘਾਸ' ਦੀ ਸਦੀਆਂ ਦੀ ਪੁਰਾਣੀ ਚਰਚਾ ਵਾਦ-ਵਿਵਾਦ ਨੂੰ ਇਹ ਆਖ ਕੇ ਦੂਰ ਕੀਤਾ ਕਿ ਕੀ ਬਨਸਪਤੀ ਤੇ ਕੀ ਜਨੌਰ ਸਭੇ ਪਾਣੀ ਉੱਤੇ ਜੀਉਂਦੇ ਹਨ, ਜਿੰਦ ਪਾਣੀ ਵਿਚ ਹੈ, ਕਿਉਂਕਿ ਇਹ ਸਭ ਸ਼ੈਆਂ ਨੂੰ ਪ੍ਰਫੁੱਲਿਤ ਕਰਦਾ, ਤਾਜ਼ਗੀ ਤੇ ਨਰੋਆਪਨ ਬਖ਼ਸ਼ਦਾ ਹੈ:

ਪਹਿਲਾ ਪਾਣੀ ਜੀਉ ਹੈ... (ਪੰਨਾ ੪੭੨)

ਇਸ ਲਈ ਜੇ ਪਾਣੀ ਪੀਣਾ ਪਾਪ ਨਹੀਂ ਤਾਂ ਉਸ ਨਾਲ ਪਾਲਿਆ ਮਾਸ ਖਾਣਾ ਕਿਵੇਂ ਪਾਪ ਹੈ ਤੇ ਬਨਸਪਤੀ ਨੂੰ ਖਾਣਾ ਕਿਵੇਂ ਪਾਪ ਨਹੀਂ?

ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ॥ (ਪੰਨਾ ੧੨੮੯)

ਇਹ ਗੱਲ ਅੱਜ ਦੇ ਜ਼ਮਾਨੇ ਵਿਚ ਸਾਧਾਰਨ ਜਿਹੀ ਲੱਗਦੀ ਹੈ ਪਰ ਜੋ ਲੋਕ ਹਿੰਦੁਸਤਾਨ ਦੇ ਇਤਿਹਾਸ ਦਾ ਪਿਛੋਕੜ ਜਾਣਦੇ ਹਨ ਕਿ ਪ੍ਰਾਚੀਨ ਸਮਿਆਂ ਤੋਂ ਲੈ ਕੇ 'ਅਹਿੰਸਾ ਪਰਮੋ ਧਰਮ' ਦਾ ਏਨਾ ਚਰਚਾ ਸਾਰੇ ਦੇਸ਼ ਵਿਚ ਫੈਲਿਆ ਹੋਇਆ ਸੀ ਕਿ ਲੋਕਾਂ ਨੇ ਮੂੰਹ ਤੇ ਨਾਸਾਂ ਅੱਗੇ ਟਾਕੀਆਂ ਬੰਨ੍ਹ ਲਈਆਂ ਸਨ ਕਿ ਕੋਈ ਪ੍ਰਮਾਣੂ ਹਵਾ ਵਿਚੋਂ ਸਾਡੇ ਅੰਦਰ ਲੰਘ ਕੇ ਮਾਰਿਆ ਨਾ ਜਾਵੇ। ਪੈਰ ਫੂਕ-ਫੂਕ ਕੇ ਧਰਦੇ ਸਨ, ਪਾਣੀ ਛਾਣ-ਛਾਣ ਪੀਂਦੇ ਸਨ, ਜੂਠਾ ਮੰਗ-ਮੰਗ ਕੇ ਖਾਂਦੇ ਸਨ। ਕਸ਼ਤ੍ਰੀ ਧਰਮ ਅਲੋਪ ਹੋ ਚੁੱਕਾ ਸੀ। ਕ੍ਰਿਸ਼ੀ ਕਰਮ ਦੁਰਕਾਰਿਆ ਜਾ ਚੁੱਕਾ ਸੀ।

ਬਾਹਰਲੇ ਜਰਵਾਣਿਆਂ ਦੇ ਟਾਕਰੇ ਉੱਤੇ ਸਾਡੀ ਬਹੁਤੀ ਲੋਕਾਈ ਤਲਵਾਰ ਚੁੱਕਣ ਨੂੰ ਇਸੇ ਲਈ ਤਿਆਰ ਨਹੀਂ ਸੀ ਕਿ ਉਹ ਜੀਵ-ਹੱਤਿਆ ਨੂੰ ਹਰ ਹਾਲਤ ਵਿਚ ਪਾਪ ਸਮਝਦੀ ਸੀ। ਉਪਜਾਊ ਧਰਤੀ ਬੰਜਰ ਬਣੀ ਪਈ ਸੀ ਅਤੇ ਭੁੱਖ-ਮਰੀ ਦੇਸ਼ ਦਾ ਸਾਧਾਰਨ ਸੰਕਟ ਬਣ ਗਿਆ ਸੀ। ਇਸ ਲਈ ਸਵਾਲ ਨਿਰਾ ਮਾਸ ਖਾਣ ਦਾ ਜਾਂ ਨਾ ਖਾਣ ਦਾ ਨਹੀਂ ਸੀ। ਸਵਾਲ ਸੀ ਵਧੀਕ ਬੁਨਿਆਦੀ, ਸਮਾਜੀ ਤੇ ਰਾਜਸੀ ਵੀ ਅਤੇ ਆਤਮਿਕ ਵੀ। ਇਸ ਲਈ ਗੁਰੂ ਜੀ ਨੇ ਖਾਣ-ਪੀਣ ਦੇ ਬਾਰੇ ਇਕੋ ਵਾਰ ਬੁਨਿਆਦੀ ਹਦਾਇਤ ਕਰ ਦਿੱਤੀ:

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ *(ਪੰਨਾ ੧੬)*

ਹੋਰ ਸਭ ਕੁਝ ਮਨੁੱਖ ਖਾਵੇ-ਪੀਵੇ, ਬੱਸ ਉਹ ਨਾ ਖਾਵੇ, ਜਿਸ ਨਾਲ ਤਨ ਨੂੰ ਪੀੜਾ ਹੋਵੇ ਜਾਂ ਮਨ ਵਿਚ ਵਿਕਾਰਾਂ ਦੀ ਰੌਅ ਵਗ ਤੁਰੇ।

ਇਵੇਂ ਹੀ ਜਗਨਨਾਥ ਪੁਰੀ ਦੇ ਮੰਦਰ ਵਿਚ ਜੋ ਆਰਤੀ ਹੁੰਦੀ ਪਈ ਸੀ, ਨਿੱਕੇ-ਨਿੱਕੇ ਦੀਵੇ ਥਾਲ ਵਿਚ ਬਾਲ ਦੇ ਜਗਨਨਾਥ ਦੀ ਮੂਰਤੀ ਦੀ, ਉਸ ਉੱਤੇ ਗੁਰੂ ਜੀ ਨੇ ਕਿੰਤੂ ਕੀਤਾ ਕਿ ਜਿਸ ਦੀ ਆਰਤੀ ਧਰਤ, ਆਕਾਸ਼, ਚੰਨ, ਸੂਰਜ, ਤਾਰੇ, ਬਨਸਪਤੀ, ਪਹਾੜ, ਦਰਿਆ ਹਰ ਵੇਲੇ ਉਤਾਰ ਰਹੇ ਹਨ, ਕਿਉਂ ਜੋ ਉਸ ਦੇ ਹੁਕਮ ਵਿਚ ਬੱਧੇ ਕਾਰ ਕਰਦੇ ਹਨ, ਉਸ ਦੀ ਆਰਤੀ ਵਿਚ ਨਿੱਕੇ-ਨਿੱਕੇ ਥਾਲਾਂ ਵਿਚ ਬਲਦੇ ਮੱਧਮ ਜਿਹੇ ਦੀਵੇ ਕੀ ਕਰਨਗੇ? ਇਹ ਅਕਹਿ ਕਾਵਿਕ ਖ਼ੂਬਸੂਰਤੀਆਂ ਨਾਲ ਭਰਿਆ ਸ਼ਬਦ ਗੁਰੂ ਜੀ ਨੇ ਇਥੇ ਉਚਾਰਿਆ, ਜਿਸ ਦੀ ਮਿਸਾਲ, ਬੋਲੀ, ਅਲੰਕਾਰਾਂ ਦੇ ਚਮਤਕਾਰਾਂ ਤੇ ਖ਼ਿਆਲਾਂ ਦੀ ਵਿਸ਼ਾਲਤਾ ਕਰਕੇ, ਰਿਗਵੇਦ ਵਿਚ ਅੰਕਿਤ 'ਊਸ਼ਾ' ਨੂੰ ਸੰਬੋਧਨ ਕੀਤੀ ਹੋਈ ਰਿਗਵੇਦ ਵਿਚ ਹੀ ਭਾਵੇਂ ਮਿਲੇ:

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥
ਅਨਹਤਾ ਸਬਦ ਵਾਜੰਤ ਭੇਰੀ ॥ *(ਪੰਨਾ ੬੬੩)*

ਗੁਰੂ ਨਾਨਕ ਜੀ ਦਾ ਕਵੀ-ਮਨ ਕਿਵੇਂ ਰੱਬ ਦੀ ਭਰਪੂਰਤਾ, ਵਿਸ਼ਾਲਤਾ ਤੇ ਖ਼ੂਬਸੂਰਤੀ ਨੂੰ ਇਕ-ਦਮ ਇਕੋ ਨੀਝ ਨਾਲ ਸਭ ਵੇਖ ਸਕਦਾ ਹੈ। ਇਹ ਰੱਬ ਦੀ ਅਨੇਕਾਂ ਦੇਵੀ-ਦੇਵਤਿਆਂ, ਅਵਤਾਰਾਂ ਦੇ ਰੂਪ ਵਿਚ ਹੁੰਦੀ ਪੂਜਾ ਤੋਂ ਲੋਕਾਂ ਦੇ ਮੂੰਹ ਮੋੜ ਕੇ ਏਕੰਕਾਰ ਦੀ ਅਸਗਾਹ ਅਨੰਤਤਾ ਪਰ ਏਕਤਾ ਦਾ ਗਿਆਨ ਦੇਣਾ ਸਾਡੇ ਦੇਸ਼ ਨੂੰ ਅਤਿ ਲੋੜੀਂਦਾ ਸੀ। ਜਦ ਹਰ ਵਿਅਕਤੀਗਤ ਦਾ ਪੂਜਯ ਆਪਣਾ ਹੋਵੇ ਤਾਂ ਲੋਕਾਈ ਦੀ ਸਮੁੱਚੀ ਆਤਮਾ ਨੂੰ ਕਿਵੇਂ ਥਾਂ ਮਿਲ ਸਕਦੀ ਹੈ, ਚਾਹੇ ਸਮਾਜੀ ਤੌਰ 'ਤੇ ਚਾਹੇ ਆਤਮਿਕ ਭਾਈਚਾਰੇ ਵਿਚ ਹੀ। ਕੌਮਾਂ ਕੇਵਲ ਕਿਸੇ ਵਿਸ਼ੇਸ਼ ਜੁਗਰਾਫ਼ਿਆਈ ਹੱਦਬੰਦੀ ਜਾਂ ਰਾਜਸੀ ਚੱਕਰਵਰਤੀ ਰਾਜ ਵਿਚ ਬੰਨ੍ਹੀਂਣ ਨਾਲ ਨਹੀਂ ਉਸਰਦੀਆਂ। ਉਹਨਾਂ ਦੇ ਆਤਮਿਕ ਵਿਸ਼ਵਾਸ ਤੇ ਪੂਜਯ ਵੀ ਸਾਂਝੇ ਹੋਣ, ਬੋਲੀ ਸਾਂਝੀ ਤੇ ਆਪਣੀ ਹੋਵੇ, ਖ਼ੁਰਾਕ, ਪੁਸ਼ਾਕ, ਰਾਗ, ਹੁਨਰ ਵਿਚ ਅੰਤਰਾ ਹੁੰਦੇ ਹੋਏ ਵੀ ਸਮਾਜ ਵਿਚ ਇਕ ਅੰਤਰੀਵ ਸਾਂਝੀ ਤਾਰ ਹੋਵੇ। ਤਦੇ ਕੌਮਾਂ ਉਸਰਦੀਆਂ ਤੇ ਸਾਂਝੇ ਸੁਖ-ਦੁੱਖ ਦੀਆਂ ਭਾਈਵਾਲ ਬਣਦੀਆਂ ਹਨ।

ਸਦੀਆਂ ਜਰਵਾਣੇ ਰਾਜ ਕਰਦੇ ਰਹੇ ਪਰ ਸਾਡੇ ਦੇਸ਼ ਨੂੰ ਇਕ ਕੌਮ ਨਾ ਬਣਾ ਸਕੇ। ਕਿਉਂ ਜੋ ਉਹਨਾਂ ਦਾ ਢੰਗ ਏਕਤਵ ਠੋਸਣ ਦਾ ਜ਼ੋਰ-ਜਬਰ ਦਾ ਬਾਹਰੀ ਜਾਂ ਰਾਜਸੀ ਸੀ, ਆਤਮਿਕ ਨਹੀਂ ਸੀ। ਗੁਰੂ ਜੀ ਨੇ ਆਤਮਿਕ ਢੰਗ ਦਰਸਾਇਆ। ਬੋਲੀ ਆਪਣੀ ਬੋਲੋ, ਪੁਸ਼ਾਕ ਆਪਣੀ ਪਹਿਨੋ, ਖਾਉ ਜੋ ਪਚ ਜਾਵੇ ਤੇ ਜਿਸ ਨਾ ਵਿਕਾਰ ਨਾ ਵਧੇ, ਜਬਰ ਅੱਗੇ ਕਰ ਨਾ ਭਰੋ, ਸਗੋਂ 'ਖੂਨ ਦੇ ਸੋਹਿਲੇ ਗਾਉ ਰੱਤ ਦਾ ਕੁੰਗੂ ਪਾਇ ਕੇ', ਰੱਬ ਦੀ ਸ਼ਖ਼ਸੀਅਤ ਨੂੰ ਖ਼ਾਨਿਆਂ ਵਿਚ ਨਾ ਵੰਡੋ, ਨਾ ਬ੍ਰਹਿਮੰਡ ਦੀ ਲੋਕਾਈ ਨੂੰ ਅਜੋੜੋ, ਨਾ ਜੀਵਨ ਨੂੰ, ਨਾ ਇਸ ਦੇ ਖ਼ਜ਼ਾਨਿਆਂ ਨੂੰ ਵੰਡੋ, ਮਰਨ ਦੀ ਜਾਚ ਸਿੱਖੋ, ਕੁਰਬਾਨ ਹੋਵੋ, ਇਵੇਂ ਗੁਰੂ ਨਾਨਕ ਸਾਹਿਬ ਨੇ ਹਿੰਦੀ ਜਾਤੀ ਨੂੰ ਉਸਾਰਨ ਲਈ ਉਤੇਜਨਾ ਦਿੱਤੀ।

ਦੂਜੀ ਉਦਾਸੀ ਵਿਚ ਗੁਰੂ ਜੀ ਨੇ ਦੱਖਣ ਦਾ ਦੌਰਾ ਕੀਤਾ ਤੇ ਲੰਕਾ ਤਕ ਅੱਪੜੇ। ਲੰਡਨ ਮਿਊਜ਼ਿਅਮ ਦੇ ਖਰੜਾ ਨੰਬਰ 1125 ਦੇ ਨਾਮ ਹੇਠ ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਹੱਥ-ਲਿਖੀ ਬੀੜ ਪਈ ਹੈ ਤੇ ਜੋ ਗੁਜਰਾਤ ਦੀ ਲੜਾਈ, 1849 ਈਸਵੀ ਵਿਚ ਹੈਨਰੀ ਆਰਸਿਕਨ ਨੇ ਲੁੱਟੀ ਸੀ, ਦੇ ਵਾਧੂ ਪੱਤਰਿਆਂ ਵਿਚ ਇਸ ਉਦਾਸੀ ਦਾ ਪੂਰਾ ਹਾਲ ਅੰਕਿਤ ਮਿਲਦਾ ਹੈ। ਰਾਮੇਸ਼ਵਰਮ, ਸਲੂਰ, ਭਾਕੇਰ, ਸ਼ਿਵਕਾਸੀ, ਕੋਲੰਬੂ ਆਦਿ ਥਾਵਾਂ 'ਤੇ ਗੁਰੂ ਤੇ ਗੁਰੂ ਦੇ ਯਾਦਗਾਰੀ ਗੁਰਦੁਆਰੇ ਹੁਣ ਤਾਈਂ ਮਿਲਦੇ ਹਨ। ਬੁਰਹਾਨਪੁਰ, ਸੂਰਤ, ਮਹਾਂਲੱਛਮੀ, ਅਮਰਾਵਤੀ, ਨਿਰਮਲ ਆਦਿਕ ਥਾਵਾਂ ਉੱਤੇ ਵੀ ਗੁਰੂ ਜੀ ਦੀ ਇਸ ਉਦਾਸੀ ਦੀ ਯਾਦ ਵਿਚ ਗੁਰਦੁਆਰੇ ਮਿਲਦੇ ਹਨ। ਇਥੇ ਗੁਰੂ ਗ੍ਰੰਥ ਸਾਹਿਬ ਦੀਆਂ ਕਈ ਪ੍ਰਾਚੀਨ ਬੀੜਾਂ ਵੀ ਪਈਆਂ ਹਨ ਜੋ ਸਿੱਖ ਪ੍ਰਚਾਰਕ ਛੇਵੇਂ ਤੇ ਸੱਤਵੇਂ ਪਾਤਸ਼ਾਹ ਦੇ ਵੇਲੇ ਇਥੋਂ ਲੈ ਗਏ ਸਨ।

ਤੀਜੀ ਉਦਾਸੀ ਕਸ਼ਮੀਰ, ਨੇਪਾਲ, ਤਿੱਬਤ, ਮਾਨਸਰੋਵਰ ਤੇ ਕੈਲਾਸ਼ ਪਰਬਤ ਵੱਲ ਨੂੰ ਕੀਤੀ। ਜਨਮਸਾਖੀ ਵਿਚ ਲਿਖਿਆ ਹੈ ਕਿ ਕੈਲਾਸ਼ ਉੱਤੇ ਜਦ ਚੜ੍ਹੇ ਤਾਂ ਉਥੇ ਰਹਿਣ ਵਾਲੇ ਜੋਗੀ ਚਕ੍ਰਿਤ ਹੋ ਗਏ। ਉਹ ਜਾਣਦੇ ਸਨ ਕਿ ਕੋਈ ਵੀ ਪੁਰਖ ਜੋ ਕਰਾਮਾਤੀ ਸ਼ਕਤੀਆਂ ਤੇ ਜੋਗ-ਸਿੱਧੀਆਂ ਰੱਖਣ ਵਾਲਾ ਨਾ ਹੋਵੇ, ਉਥੇ ਸੁਖਾਲਾ ਨਹੀਂ ਅੱਪੜ ਸਕਦਾ। ਇਸੇ ਲਈ ਜੋਗੀਆਂ ਨੇ ਗੁਰੂ ਜੀ ਨੂੰ ਕੋਈ ਕਰਾਮਾਤ ਦੱਸਣ ਲਈ ਆਖਿਆ ਪਰ ਗੁਰੂ ਜੀ ਨੇ ਉੱਤਰ ਦਿੱਤਾ:

ਗੁਰੁ ਸੰਗਤਿ ਬਾਣੀ ਬਿਨਾ...। *(ਵਾਰ ੧/੪੨)*

ਹੋਰੁ ਕਰਾਮਾਤਿ ਅਸਾਂ ਤੇ ਨਾਹੀ। *(ਵਾਰ ੧/੪੩)*

ਇਉਂ ਗੁਰੂ ਜੀ ਨੇ 'ਸੰਗਤ' ਤੇ 'ਬਾਣੀ' ਨੂੰ ਹੀ ਕਰਾਮਾਤ ਦੱਸਿਆ। ਸੰਗਤ ਹੀ ਗੁਰੂ ਹੈ, ਇਸੇ ਲਈ ਇਸ ਨੂੰ 'ਗੁਰ-ਸੰਗਤ' ਆਖਿਆ ਹੈ। ਸੰਗਤ ਇੱਕੀ ਵਿਸਵੇ ਹੈ, ਗੁਰੂ ਵੀਹ ਵਿਸਵੇ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਆਪਣੇ ਧਰਮ ਦੀ ਨੀਂਹ ਠੀਕ ਠੋਸ ਸਿਧਾਂਤਾਂ ਉੱਤੇ ਰੱਖੀ ਤੇ ਉਸ ਦੀ ਅਗਵਾਈ ਲਈ ਵਿਅਕਤੀ ਦੀ ਥਾਂ ਆਦਰਸ਼ ਨੂੰ ਥਾਪਿਆ, ਜੋ ਬਾਣੀ-ਰੂਪ ਵਿਚ ਹੈ ਤੇ ਕਦੀ ਵੱਟਦਾ ਨਹੀਂ, ਜੋ ਹਰ ਵੇਲੇ ਹਰ ਸ਼ੰਕੇ ਦਾ ਉੱਤਰ ਦਿੰਦਾ ਹੈ, ਸਰੀਰ ਦੇ ਵੀ ਤੇ ਸਰੀਰ ਦੇ ਪਰੇ ਦੇ ਵੀ, ਜੋ ਮਨੁੱਖੀ ਸ਼ਖ਼ਸੀਅਤ ਵਾਂਗ ਬੋਲਦਾ ਵੀ ਹੈ, ਪਰ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦਾ, ਜੋ ਆਪਣੀ ਨਿੱਜੀ ਪੂਜਾ ਨਹੀਂ ਮੰਗਦਾ, ਨਾ ਰੋਸੇ-ਹਾਸੇ ਨਾਲ ਰੁੱਸਦਾ, ਵਿਗਸਦਾ ਹੈ, ਜੋ ਬ੍ਰਹਮ ਹੈ, ਪਰ ਬੋਲਦਾ, ਅੰਦਰ ਵੱਸਦਾ ਹੈ।

ਗੁਰੂ ਨਾਨਕ ਸਾਹਿਬ ਨੇ ਚੌਥੀ ਉਦਾਸੀ ਭਾਰਤ ਤੋਂ ਬਾਹਰ ਦੇ ਪੱਛਮੀ ਦੇਸ਼ਾਂ ਵੱਲ ਨੂੰ

ਕੀਤੀ। ਮੱਕੇ ਵਿਚ ਗੁਰੂ ਨੂੰ ਕਾਅਬੇ ਵੱਲ ਪੈਰ ਕਰ ਕੇ ਸੌਣ ਉੱਤੇ ਤਾੜਨਾ ਹੋਈ। ਗੁਰੂ ਨੇ ਆਪਣੇ ਦੈਵੀ ਭੋਲੇਪਣ ਵਿਚ ਕਿਹਾ:

'ਜਿਧਰ ਰੱਬ ਦਾ ਘਰ ਨਹੀਂ, ਉਧਰ ਮੇਰੇ ਪੈਰ ਕਰ ਦੇਵੋ।'

ਕਾਜ਼ੀ ਹੈਰਾਨ ਹੋਇ ਗਿਆ, ਕਿਧਰ ਨਹੀਂ ਸੀ ਰੱਬ ਦਾ ਘਰ? ਉਸ ਦਾ ਮਨ ਉਸ ਤੋਂ ਪੁੱਛੇ ਤੇ ਉਸ ਨੂੰ ਜਵਾਬ ਨਾ ਅਹੁੜੇ। ਜਦ ਪੁੱਛਿਆ:

'ਤੂੰ ਕੌਣ ਹੈਂ, ਹਿੰਦੂ ਜਾਂ ਮੁਸਲਮਾਨ?'

ਤਾਂ ਬਾਬਾ ਬੋਲਿਆ:

'ਪਾਂਚ ਤੱਤ ਕਾ ਪੁਤਲਾ, ਨਾਨਕ ਮੇਰਾ ਨਾਉਂ। ਬੱਸ, ਮੈਂ ਆਦਮੀ ਹਾਂ, ਹੋਰ ਕੁਝ ਨਹੀਂ।'

ਜਦ ਪੁੱਛਿਆ, 'ਹਿੰਦੂ ਵੱਡਾ ਕਿ ਮੁਸਲਮਾਨ' ਤਾਂ ਬਾਬੇ ਆਖਿਆ

ਸੁਭਿ ਅਮਲਾ ਬਾਝਹੁ ਦੋਨੋ ਰੋਈ।

ਮੁੜਦੀ ਵਾਰ ਗੁਰੂ ਜੀ ਬਗ਼ਦਾਦ ਵੀ ਠਹਿਰੇ, ਜਿਥੇ ਹੁਣ ਤਾਈਂ 927 ਹਿਜਰੀ (1520 ਈ.) ਦੀ ਬਣੀ ਇਸ ਫੇਰੀ ਦੀ ਯਾਦਗਾਰ ਉਥੇ ਖੜੋਤੀ ਹੈ। ਇਸ ਉੱਤੇ ਜੋ ਅੱਖਰ ਗੁਰੂ ਜੀ ਸੰਬੰਧੀ ਉੱਕਰੇ ਹਨ, ਇਹ ਹਨ:

ਗੁਰੂ ਨਾਨਕ ਔਲਦੀ ਹਜ਼ਰਤ ਰਬੁੱਲ ਮਜੀਦ
ਬਾਬਾ ਨਾਨਕ ਫ਼ਕੀਰ।

ਗੁਰੂ ਨਾਨਕ ਜੀ ਨੂੰ ਜੇ ਅਸੀਂ ਭਾਰਤਵਾਸੀ, 'ਗੁਰੂ ਬਾਬਾ, ਅਕਾਲ ਪੁਰਖ' ਆਖਦੇ ਹਾਂ, ਉਸ ਦਾ ਤੁਰਕੀ ਵਿਚ ਇਹ ਬਿਲਕੁਲ ਸਹੀ ਤਰਜਮਾ ਹੈ ਤੇ ਜਦ ਅਸੀਂ ਦੇਖਦੇ ਹਾਂ ਕਿ ਇਸਲਾਮ ਵਿਚ ਕਿਸੇ ਨੂੰ ਰੱਬ ਸਮਝਣਾ ਜਾਂ ਰੱਬ ਨਾਲ ਤੁਲਨਾ ਦੇਣੀ ਵੱਡਾ ਕੁਫ਼ਰ ਹੈ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਜੀ ਨੇ ਕਿਵੇਂ ਮੁਸਲਮਾਨੀ ਦੇਸ਼ਾਂ ਨੂੰ ਆਪਣੀ ਇਲਾਹੀ ਵਡਿਆਈ ਨਾਲ ਪ੍ਰਭਾਵਿਤ ਕੀਤਾ ਸੀ।

ਬਾਬਰ ਦੇ ਤੀਜੇ ਹੱਲੇ ਵੇਲੇ ਗੁਰੂ ਜੀ ਨੇ ਜੋ 'ਬਾਬਰਵਾਣੀ' ਦੇ ਸ਼ਬਦ ਰਾਗ ਆਸਾ ਤੇ ਤਿਲੰਗ ਵਿਚ ਉਚਾਰੇ ਹਨ, ਉਹਨਾਂ ਤੋਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਮਨੁੱਖੀ ਸ਼ਖ਼ਸੀਅਤ ਦੀ ਨਿਰਾਦਰੀ, ਰਾਜਸੀ ਗ਼ੁਲਾਮੀ ਤੇ ਹੀਣ ਦਾਸ-ਭਾਵ ਨੂੰ ਕਿਸ ਅਕਹਿ ਗਰਮੀ ਤੇ ਜੋਸ਼ ਨਾਲ ਧ੍ਰਿਤਕਾਰਦਾ ਸੀ ਤੇ ਉਸ ਵਿਚ ਸੁਹਜ-ਸੁਹੱਪਣ ਨੂੰ ਬਰਬਾਦ ਹੁੰਦਾ ਵੇਖ ਕਿਵੇਂ ਦਰਦ ਦੀ ਹੂਕ ਮਾਰਦਾ ਸੀ। 'ਜਿਨ ਸਿਰਿ ਸੋਹਨਿ ਪਟੀਆ' ਵਾਲਾ ਸ਼ਬਦ ਰੁਲਦੀ ਖ਼ੂਬਸੂਰਦੀ ਦੀ ਆਭਾ ਨੂੰ ਦੇਖ ਕਿਸੇ ਵੱਡੇ ਅਹਿਸਾਸੀ ਤੇ ਸਹਿਜ-ਸੁਆਦ ਮਾਣਨ ਵਾਲੇ ਹਿਰਦੇ ਵਿਚੋਂ ਹੀ ਨਿਕਲ ਸਕਦਾ ਹੈ। ਫਿਰ 'ਪਾਪ ਦੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ' ਵਿਚ ਕਿਸੇ ਜਰਵਾਣੇ ਦੇ ਵਿਰੁੱਧ ਉਸ ਦੀ ਪੇਸ਼ੀ ਵਿਚ ਆਖੀ ਕਿੰਨੀ ਭਰਵੀਂ ਲਲਕਾਰ ਹੈ।

ਗੁਰੂ ਨਾਨਕ ਜੀ ਨੇ ਕੁਝ ਚਿਰ ਆਪਣੇ ਅੰਤਲੇ ਦਿਨਾਂ ਵਿਚ ਕਰਤਾਰਪੁਰ ਰਹਿ ਕੇ ਖੇਤੀ ਵੀ ਕੀਤੀ। ਹੱਥੀਂ ਕਾਰ ਕਰ ਕੇ ਕਮਾਉਣ ਦਾ ਉਪਦੇਸ਼ ਇਉਂ ਗੁਰੂ ਜੀ ਨੇ ਨਿਰੇ ਲਫ਼ਜ਼ਾਂ ਵਿਚ ਹੀ ਨਹੀਂ ਦਿੱਤਾ, ਸਗੋਂ ਅਮਲ ਕਰ ਕੇ, ਉਸ ਨੂੰ ਜੀਉ ਕੇ, ਹੁਣ ਮੁੜ ਉਹ ਘਰਬਾਰੀ ਸੰਸਾਰੀ ਹੋ ਗਏ। ਪੂਜਾ ਨਹੀਂ ਕਰਵਾਈ, ਨਾ ਹੀ ਪੂਜਾ ਦਾ ਧਨ ਅੰਗੀਕਾਰ ਕੀਤਾ। ਜਦ ਸਰੀਰ ਦਾ ਚੋਲਾ ਛੱਡਿਆ ਤਾਂ ਪੁੱਤਰਾਂ ਨੂੰ ਲਾਂਭੇ ਰੱਖ ਕੇ ਗੁਰੂ ਦੀ ਗੱਦੀ ਅਨਿੰਨ ਸਿੱਖ ਭਾਈ ਲਹਿਣੇ

ਨੂੰ ਬਖ਼ਸ਼ੀ। ਸਿਧਾਂਤ ਇਹ ਸੀ ਕਿ ਕੀ ਸੰਸਾਰੀ ਤੇ ਕੀ ਆਤਮਿਕ ਵਡਿਆਈ, ਉਸ ਦਾ ਹੱਕਦਾਰ ਕਿਸੇ ਵਿਸ਼ੇਸ਼ ਆਦਰਸ਼ ਵਿਚ ਜੀਊਣ ਵਾਲਾ ਮਹਾਂਪੁਰਖ ਹੀ ਹੈ, ਕੋਈ ਜਾਇਦਾਦ ਨਹੀਂ ਜੋ ਖ਼ੂਨ ਦੇ ਰਿਸ਼ਤੇ ਵਿਚ ਵੰਡੀ ਜਾ ਸਕੇ। ਸਿੱਖ ਰਾਜ ਦੇ ਨਾਸ਼ ਦਾ ਕਾਰਨ ਵੀ ਇਹ ਸੀ ਕਿ ਉਸ ਵਿਚ ਰਾਜ ਦਾ ਕਬਜ਼ਾ ਵਿਰਾਸਤ ਦਾ ਸ਼ਖ਼ਸੀ ਸੁਆਲ ਬਣ ਗਿਆ ਸੀ। ਬੱਸ ਪੂਰੀ ਸਦੀ ਦੀ ਘਾਲ ਸ਼ਹੀਦੀਆਂ ਦੀ ਜਦੋ-ਜਹਿਦ ਨਾਲ ਪੈਦਾ ਕੀਤਾ ਰਾਜ, ਪੰਜ-ਛੇ ਵਰ੍ਹਿਆਂ ਵਿਚ ਢਹਿ-ਢੇਰੀ ਹੋ ਗਿਆ।

(10/1993)

ਮਾਰਟਨ ਲੂਥਰ ਤੇ ਗੁਰੂ ਨਾਨਕ ਸਾਹਿਬ

ਕੁਝ ਦਿਨ ਹੋਏ, ਇਕ ਸਪਤਾਹਿਕ ਪੱਤਰ ਵਿਚ ਕੈਨੇਡਾ ਦੇ ਇਕ ਦੈਨਿਕ ਅਖ਼ਬਾਰ ਵਿਚ ਛਪਿਆ ਲੇਖ ਛਾਪਿਆ ਗਿਆ ਸੀ। ਜਿਸ ਵਿਚ ਕਿ ਕੈਨੇਡਾ ਦੇ ਕਿਸੇ ਵਿਸ਼ਵ ਵਿਦਿਆਲੇ ਵਿਚ ਪੜ੍ਹ ਰਹੇ ਇਕ ਸਿੱਖ ਵਿਦਿਆਰਥੀ ਦੀ ਉਸ ਅਖ਼ਬਾਰ ਦੇ ਪੱਤਰ-ਪ੍ਰੇਰਕ ਨਾਲ ਸਿੱਖ ਮਤ ਬਾਰੇ ਹੋਈ ਗੱਲਬਾਤ ਦਾ ਵਿਸਥਾਰ ਦਿੱਤਾ ਹੋਇਆ ਸੀ। ਸਿੱਖ ਮਤ ਬਾਰੇ ਪ੍ਰਸ਼ਨਾਂ ਦਾ ਉੱਤਰ ਦਿੰਦੇ ਹੋਏ ਉਸ ਸਿੱਖ ਵਿਦਿਆਰਥੀ ਨੇ ਕਿਹਾ, ''ਸਿੱਖ ਮਤ ਦਾ ਸੰਬੰਧ ਹਿੰਦੂ ਮਤ ਨਾਲ ਇਉਂ ਸਮਝੋ ਜਿਵੇਂ ਕਿ ਈਸਾਈ ਮਤ ਵਿਚ ਰੋਮਨ ਕੈਥੋਲਿਕ ਮਤ ਅਤੇ ਪਰੋਟੈਸਟੈਂਟ ਮਤ ਦਾ ਸੰਬੰਧ ਹੈ। ਗੁਰੂ ਨਾਨਕ, ਸਿੱਖ ਮਤ ਦੇ ਨਿਰਮਾਤਾ, ਮਾਰਟਨ ਲੂਥਰ ਦੇ ਸਮਕਾਲੀ ਹੀ ਸਨ।'' ਇਹ ਭੁਲੇਖਾ-ਪਾਊ ਵਿਚਾਰ ਸਿੱਖ ਮਤ ਬਾਰੇ ਕੇਵਲ ਇਸ ਸਿੱਖ ਵਿਦਿਆਰਥੀ ਦੇ ਹੀ ਨਹੀਂ ਹਨ, ਸਗੋਂ ਅੰਗਰੇਜ਼ੀ ਪੜ੍ਹੇ-ਲਿਖੇ ਢੇਰ ਲੋਕਾਂ ਦੇ ਐਸੇ ਹੀ ਵਿਚਾਰ ਹਨ। ਕਨਿੰਘਮ ਨੇ ਸੌ ਕੁ ਸਾਲ ਹੋਇਆ, ਪਹਿਲੇ-ਪਹਿਲ ਇਹ ਵਿਚਾਰ ਪ੍ਰਗਟ ਕੀਤੇ ਸਨ ਅਤੇ ਇਹਨਾਂ ਵਿਚਾਰਾਂ ਨੂੰ ਬਿਨਾਂ ਵਿਸ਼ਲੇਸ਼ਣ ਕੀਤਿਆਂ ਹੀ ਅਤੇ ਬਗ਼ੈਰ ਸੁਤੰਤਰ ਪੜਤਾਲ ਤੋਂ ਪੱਛਮੀ ਵਿਦਿਆ ਪੜ੍ਹੇ-ਲਿਖੇ ਲੋਕਾਂ ਨੇ ਅਪਨਾ ਲਿਆ ਹੈ। ਅਸਲ ਵਿਚ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਪਣੀ ਬਾਣੀ ਇਸ ਅਤੇ ਹੋਰ ਅਜਿਹੇ ਵਿਚਾਰਾਂ ਦਾ ਭਰਪੂਰ ਵਿਰੋਧ ਕਰਦੀ ਹੈ ਅਤੇ ਵਾਸਤਵ ਵਿਚ ਹੈ ਵੀ ਇਉਂ ਹੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਿਰਮਤ ਕੀਤੇ ਹੋਏ ਸਿੱਖ ਮਤ ਅਤੇ ਹਿੰਦੂ ਸਨਾਤਨ ਧਰਮ ਦਾ ਉਹ ਸੰਬੰਧ ਉੱਕਾ ਨਹੀਂ ਹੈ ਜੋ ਕਿ ਰੋਮਨ ਕੈਥੋਲਿਕ ਈਸਾਈ ਮਤ ਅਤੇ ਪਰੋਟੈਸਟੈਂਟ ਈਸਾਈ ਮਤ ਦਾ ਹੈ। ਇਸ ਵਿਚਾਰਧਾਰਾ ਦੇ ਪਿੱਛੇ ਸਚਾਈ ਕੇਵਲ ਇਤਨੀ ਹੀ ਹੈ ਕਿ: (1) ਮਾਰਟਨ ਲੂਥਰ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ, ਦੋਨੋਂ ਸੋਲ੍ਹਵੀਂ ਸਦੀ ਈਸਵੀ ਵਿਚ ਹੋਏ ਸਨ, ਅਤੇ (2) ਮਾਰਟਨ ਲੂਥਰ ਨੇ ਈਸਾਈ ਮਤ ਦੀ ਜੋ ਵਿਆਖਿਆ ਰੋਮਾਧੀਸ਼ ਮਹਾਂ ਮਹੰਤ ਪੋਪ ਅਤੇ ਉਸ ਦੇ ਪਾਦਰੀ ਕਰਦੇ ਸਨ, ਉਸ ਵਿਆਖਿਆ ਅਤੇ ਉਸ ਉੱਤੇ ਨਿਰਭਰ ਕੁਝ ਪ੍ਰਚਲਿਤ ਰਹੁ-ਰੀਤਾਂ ਦਾ ਖੰਡਨ ਅਤੇ ਵਿਰੋਧ ਕੀਤਾ ਸੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਵਿਸ਼ਵ-ਧਰਮ ਪ੍ਰਚਾਰ ਅਤੇ ਨਿਰਮਤ ਕੀਤਾ, ਉਸ ਦੁਆਰਾ ਭੀ ਹਿੰਦੂ ਮਤ ਦੇ ਕੁਝ ਪ੍ਰਚਲਿਤ ਵਿਸ਼ਵਾਸਾਂ ਅਤੇ ਰਹੁ-ਰੀਤਾਂ ਦਾ ਨਿਰੋਧ ਹੁੰਦਾ ਹੈ, ਜਿਸ ਤੋਂ ਕਿ ਇਹ ਭੁਲੇਖਾ ਸਾਧਾਰਨ ਹੀ ਲੱਗ ਜਾਂਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਅਤੇ ਵਿਚਾਰ ਇਸ ਖੰਡਨ ਅਤੇ ਨਿਰੋਧ 'ਪਰ ਹੀ ਸੀਮਿਤ ਹਨ।

ਇਉਂ ਇਸ ਭੁਲੇਖੇ ਦੀ ਨੀਂਹ ਬੱਝੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਦਵੀ ਤੇ ਉਦੇਸ਼ ਉਹੋ ਹੈ ਜੋ ਕਿ ਮਾਰਟਨ ਲੂਥਰ ਦੇ ਸੀ।

ਇਸ ਪ੍ਰਕਾਰ ਦੇ ਦੋ ਭੁਲੇਖੇ ਜੋ ਕਿ ਸਿਧਾਂਤਕ ਤੌਰ ਉੱਤੇ ਹੀ ਗ਼ਲਤ ਅਤੇ ਅਗਿਆਨ-ਆਸ਼੍ਰਿਤ ਹਨ, ਹੋਰ ਭੀ ਹਨ ਜੋ ਕਿ ਸਿੱਖਾਂ ਅਤੇ ਅਸਿੱਖਾਂ ਦੋਹਾਂ ਵਿਚ ਪ੍ਰਚਲਿਤ ਹਨ। ਉਹ ਹਨ: (1) ਸਿੱਖ ਮਤ ਪ੍ਰਾਚੀਨ ਹਿੰਦੂ ਸਨਾਤਨ ਮਤ ਦਾ ਹੀ ਸੰਸ਼ੋਧਿਤ ਅਤੇ ਸ਼ੁੱਧ ਰੂਪ ਹੈ। (2) ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਚਾਰਿਆ ਸਿੱਖ ਮਤ ਭਾਰਤ ਦੇ ਮੱਧਕਾਲੀਨ ਭਗਤੀ ਸ਼ਰਾਵ ਅਥਵਾ ਲਹਿਰ ਦਾ ਹੀ ਪਰਿਣਾਮ ਜਾਂ ਸ਼ਾਖ਼ਾ ਹੈ।

ਇਹ ਦੋਨੋਂ ਵਿਚਾਰ ਭੀ ਐਵੇਂ ਬਿਨਾਂ ਪੜਤਾਲ-ਪੜਚੋਲ ਕੀਤੇ ਦੇ ਹੀ ਸਵੀਕਾਰ ਕਰ ਲਏ ਗਏ ਹਨ, ਪਰ ਅਸਲ ਵਿਚ ਨਿਰਾਧਾਰ ਹਨ।

ਇਹਨਾਂ ਦੋਹਾਂ ਵਿਚਾਰਾਧਾਰਾਂ ਦੀ ਪੜਚੋਲ ਸਮੀਖਿਆ ਕਿਸੇ ਹੋਰ ਸਮੇਂ ਲਈ ਮੁਲਤਵੀ ਕਰ ਕੇ, ਇਸ ਨੋਟ ਵਿਚ ਕੇਵਲ ਇਤਨਾ ਵਿਚਾਰ ਹੀ ਕੀਤਾ ਜਾਵੇਗਾ ਕਿ ਕੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਦ ਤੇ ਸੰਬੰਧ ਸਨਾਤਨ ਹਿੰਦੂ ਮਤ ਨਾਲ ਉਹੋ ਹੈ ਜਾਂ ਉਹੋ ਜਿਹਾ ਹੈ ਜੋ ਕਿ ਮਾਰਟਨ ਲੂਥਰ ਦਾ ਈਸਾਈ ਮਤ ਨਾਲ ਹੈ?

ਮਾਰਟਨ ਲੂਥਰ ਕੌਣ ਸੀ ਅਤੇ ਉਸ ਦੇ ਵਿਚਾਰ ਉਪਦੇਸ਼ ਕੀ ਸਨ? ਉਸ ਦਾ ਤੇ ਇਹਨਾਂ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਉਹਨਾਂ ਦੇ ਉਪਦੇਸ਼ਾਂ ਨਾਲੋਂ ਕੀ ਅੰਤਰ ਹੈ?

ਮਾਰਟਨ ਲੂਥਰ (1483-1546 ਈ.) ਜਰਮਨੀ ਦੇ ਈਸਲੀਬਨ (Eisleben) ਨਾਮੀ ਪਿੰਡ ਵਿਚ ਇਕ ਸਾਧਾਰਨ ਕਿਸਾਨ ਦੇ ਘਰ ਜਨਮਿਆ। ਲੂਥਰ ਅਜੇ ਤਿੰਨ-ਚਾਰ ਵਰ੍ਹੇ ਦਾ ਹੀ ਹੋਇਆ ਸੀ ਕਿ ਉਸ ਦਾ ਪਰਿਵਾਰ ਇਕ ਲਾਗੇ ਦੇ ਸ਼ਹਿਰ ਮਨਸਫ਼ੀਲਡ (Mansfeld) ਵਿਚ ਜਾ ਵੱਸਿਆ ਅਤੇ ਉਥੇ ਹੀ ਮਾਰਟਨ ਲੂਥਰ ਨੇ ਆਪਣਾ ਬਚਪਨ ਬਿਤਾਇਆ ਅਤੇ ਅਰੰਭਕ ਵਿਦਿਆ ਪ੍ਰਾਪਤ ਕੀਤੀ। ਉਥੇ ਹੀ ਮਾਰਟਨ ਲੂਰਥ ਨੇ ਈਸਾਈ ਜਨਤਾ ਦੇ ਯੂਰਪ ਵਿਚ ਉਸ ਸਮੇਂ ਜੋ ਪ੍ਰਚਲਿਤ ਵਿਚਾਰ ਸਨ, ਉਹ ਗ੍ਰਹਿਣ ਕੀਤੇ ਅਤੇ ਉਹਨਾਂ ਵਿਚਾਰਾਂ ਦੇ ਅਧੀਨ ਤੇ ਪ੍ਰਭਾਵ ਹੇਠ ਹੀ ਮਾਰਟਨ ਲੂਥਰ ਦੀ ਵਿਚਾਰਧਾਰਾ ਤੇ ਕਾਰਜ-ਖੇਤਰ, ਆਯੂ-ਪ੍ਰਯੰਤ ਰਿਹਾ। ਉਹ ਵਿਚਾਰਾਧਾਰਾ ਜਾਂ ਵਿਸ਼ਵਾਸ-ਪ੍ਰਥਾ ਕੁਝ ਇਉਂ ਸੀ: (ੳ) ਜਰਮਨੀ ਦਾ ਮਹਾਰਾਜਾ ਧੀਰਾਜ ਤੁਰਕਾਂ ਤੋਂ ਆਪਣੀ ਪਰਜਾ ਨੂੰ ਬਚਾਉਂਦਾ ਅਤੇ ਉਸ ਦੀ ਰੱਖਿਆ ਕਰਦਾ ਹੈ। (ਅ) ਰੋਮ ਦਾ ਸ੍ਰੀ ਮਹੰਤ ਪਾਦਰੀ, ਪੋਪ, ਈਸਾਈ ਪੰਥ ਦਾ ਪਿਤਾ ਅਤੇ ਵਾਲੀ ਹੈ ਅਤੇ ਉਸ ਨੂੰ ਉਹੋ ਅਧਿਕਾਰ ਹਨ ਜੋ ਪਿਤਾ ਨੂੰ ਆਪਣੇ ਪਰਿਵਾਰ ਉੱਤੇ ਪ੍ਰਾਪਤ ਹੁੰਦੇ ਹਨ। ਮਾਰਟਨ ਲੂਥਰ ਨੇ ਈਸਾਈ ਮਤ ਦੇ ਜਿਨ੍ਹਾਂ ਸਿਧਾਂਤਾਂ ਦੀ ਵਿਆਖਿਆ ਨਵੇਂ ਸਿਰਿਉਂ ਕੀਤੀ ਉਸ ਵਿਆਖਿਆ ਦਾ ਜੋ ਪਰਿਣਾਮ ਫਲ ਈਸਾਈ ਪੰਥ ਨੂੰ ਭੂਕੰਪ ਸਮਾਨ ਹਿਲਾ ਕੇ ਦੋ ਸੰਪ੍ਰਦਾਵਾਂ ਵਿਚ ਖਿੱਲ ਕਰ ਗਿਆ, ਉਸ ਦੀ ਭੂਮੀ ਅਤੇ ਉਸ ਦੀ ਖੇਤਰ-ਸੀਮਾ ਇਹ ਦੋ ਉਪਰੋਕਤ ਵਿਚਾਰ ਹੀ ਸਨ ਤੇ ਰਹੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਚਾਰ ਉਪਦੇਸ਼ ਇਤਨੇ ਪ੍ਰਾਗਯ, ਮੌਲਿਕ, ਅਨੂਠੇ ਤੇ ਸਿਧਾਂਤਕ ਹਨ ਕਿ ਰਾਜੇ-ਰਾਣਿਆਂ ਜਾਂ ਪੰਡਤਾਂ ਨੂੰ ਸ੍ਰੀ ਮਹੰਤ ਦੇ ਪਦ ਅਧਿਕਾਰਾਂ ਨਾਲ ਉਹਨਾਂ ਦਾ ਕੋਈ ਸਿੱਧਾ ਸੰਬੰਧ ਨਹੀਂ ਤੇ ਇਹ ਇਕ ਨੁਕਤਾ ਹੀ ਗੁਰੂ ਨਾਨਕ ਪਦ ਅਤੇ ਮਾਰਟਨ ਲੂਥਰ ਦੀ ਪਦਵੀ ਦੇ ਨਿਖੇੜ ਅੰਤਰੇ ਲਈ ਕਾਫ਼ੀ ਹੈ।

ਪਿੰਡ ਦੀ ਪਾਠਸ਼ਾਲਾ ਵਿਚ ਮੁੱਢਲੀ ਵਿਦਿਆ ਪ੍ਰਾਪਤ ਕਰਨ ਉਪਰੰਤ ਮਾਰਟਨ ਲੂਥਰ ਮਾਗਦੇਬਰਗ (Magdegarg) ਸ਼ਹਿਰ ਦੇ ਉਚੇਰੇ ਸਕੂਲ ਵਿਚ ਜਾ ਪੜ੍ਹਨੇ ਪਿਆ ਅਤੇ ਉਸ

ਤੋਂ ਪਿੱਛੋਂ ਆਈਸਨਖ਼ (Eisenach) ਦੀ ਪ੍ਰਸਿੱਧ ਪਾਠਸ਼ਾਲਾ ਦਾ ਜਾ ਵਿਦਿਆਰਥੀ ਬਣਿਆ। ਇਥੇ ਤਿੰਨ ਸਾਲ ਰਹਿ ਕੇ ਪੜ੍ਹ ਕੇ ਮਾਰਟਨ ਲੂਥਰ ਅਰਫਰਟ (Erfart) ਦੇ ਵਿਸ਼ਵ-ਵਿਦਿਆਲੇ ਵਿਚ ਜਾ ਦਾਖ਼ਲ ਹੋਇਆ। ਉਸ ਸਮੇਂ (ਸੰਨ 1501 ਈ.) ਇਹ ਵਿਸ਼ਵ-ਵਿਦਿਆਲਾ ਜਰਮਨੀ ਅਤੇ ਸਾਰੇ ਯੂਰਪ ਵਿਚ ਪ੍ਰਸਿੱਧ ਤੇ ਮਾਨਯਵਰ ਵਿਸ਼ਵ-ਵਿਦਿਆਲਾ ਸੀ। ਉਥੇ ਮਾਰਟਨ ਲੂਥਰ ਨੇ ਅੰਜੀਲ ਭਾਸ਼ਯ ਅਤੇ ਅੰਜੀਲ ਮੀਮਾਂਸਾ ਉੱਤੇ ਬਹੁਤ ਕੁਝ ਪੜ੍ਹਿਆ-ਸੁਣਿਆ ਪਰ ਉਸ ਦੀਆਂ ਮਨੋਬਿਰਤੀਆਂ ਅਤੇ ਉਸ ਦਾ ਮਾਨਸਿਕ ਝੁਕਾਅ ਇਸ ਪਾਸੇ ਨਹੀਂ ਸੀ ਕਿ ਸੁਦਰਸ਼ਨ ਦ੍ਰਿਸ਼ਟੀ ਜਾਂ ਸ਼ੁੱਧ ਸਿਧਾਂਤ ਕੀ ਹੈ, ਸਗੋਂ ਇਸ ਪਾਸੇ ਸੀ ਕਿ ਕਿਹੜੇ ਸਿਧਾਂਤ ਦੀ ਕਿਹੜੀ ਵਿਆਖਿਆ ਦਾ ਈਸਾਈਆਂ ਦੇ ਨਿਤਾਪ੍ਰਤਿ ਦੀਆਂ ਰਹੁ-ਰੀਤਾਂ ਦੇ ਖੇਤਰ ਵਿਚ ਕੀ ਸਿੱਟਾ ਨਿਕਲਦਾ ਤੇ ਕੀ ਪ੍ਰਭਾਵ ਪੈਂਦਾ ਹੈ ਅਤੇ ਉਸ ਦੇ 'ਪੰਚਨਵਤੀ ਅਨੁਕਰਮਣ' (Ninety five theses) ਜੋ ਕਿ ਪਰੋਟੈਸਟੈਂਟ ਸੰਪ੍ਰਦਾ ਦੀ ਬੁਨਿਆਦ ਤੇ ਅਰੰਭ ਹਨ, ਦਾ ਵਿਸ਼ਾ ਭੀ ਬੁਨਿਆਦੀ ਤੌਰ 'ਤੇ ਇਹੋ ਨਿਤਾਪ੍ਰਤਿ ਦੀਆਂ ਰਹੁ-ਰੀਤਾਂ ਤੇ ਕਰਮ-ਕਾਂਡ ਹੀ ਹਨ। ਇਉਂ ਵਿਚਾਰਿਆਂ ਭੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਦ ਤੇ ਵਿਚਾਰਾਂ ਦਾ ਨਿਖੇੜ ਤੇ ਅੰਤਰਾ ਮਾਰਟਨ ਲੂਥਰ ਨਾਲੋਂ ਸਪੱਸ਼ਟ ਦ੍ਰਿਸ਼ਟੀਗੋਚਰ ਹੋ ਆਉਂਦਾ ਹੈ।

ਯੂਰਪ ਵਿਚ ਈਸਾਈ ਮਤ ਦੇ ਘੇਰੇ ਅੰਦਰ ਮਾਰਟਨ ਲੂਥਰ ਸੋਲ੍ਹਵੀਂ ਸ਼ਤਾਬਦੀ ਈਸਵੀ ਦਾ ਇਕ ਮਹਾਨ ਅਨੁਭਵੀ ਧਾਰਮਿਕ ਨੇਤਾ ਹੋਇਆ ਹੈ ਪਰ ਉਸ ਨੇ ਨਾ ਤਾਂ ਕਿਸੇ ਨਵੇਂ ਧਰਮ ਨੂੰ ਨਿਰਮਤ ਕਰਨ ਦਾ ਦਾਅਵਾ ਹੀ ਕੀਤਾ ਹੈ ਅਤੇ ਨਾ ਹੀ ਉਸ ਨੇ ਕਿਸੇ ਐਸੀ ਵਿਚਾਰਧਾਰਾ ਨੂੰ ਜਨਮ ਦਿੱਤਾ ਜੋ ਕਿ ਪਹਿਲਾਂ ਹੀ ਪ੍ਰਚਲਿਤ ਨਹੀਂ ਹੋ ਚੁੱਕੀ ਸੀ। ਮਾਰਟਨ ਲੂਥਰ ਤਾਂ ਕੇਵਲ ਉਹਨਾਂ ਵਿਚਾਰਾਂ ਦਾ ਚਿੰਨ੍ਹ ਤੇ ਨੇਤਾ ਹੀ ਬਣਿਆ ਜਿਹੜੇ ਕਿ ਉਸ ਤੋਂ ਸੈਂਕੜੇ ਵਰ੍ਹੇ ਪਹਿਲਾਂ ਤੋਂ ਯੂਰਪ ਦੀ ਜਨਤਾ ਵਿਚ ਪ੍ਰਚਲਿਤ ਅਤੇ ਪ੍ਰਿਯ ਹੋ ਚੁੱਕੇ ਸਨ। ਇਸ ਨੁਕਤੇ ਤੋਂ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਲੱਖਣਤਾ ਮਾਰਟਨ ਲੂਥਰ ਨਾਲੋਂ ਸਪੱਸ਼ਟ ਹੈ।

ਉਹ ਕਿਹੜੇ ਵਿਚਾਰ ਸਨ, ਜਿਨ੍ਹਾਂ ਦਾ ਕਿ ਮਾਰਟਨ ਲੂਥਰ ਸੰਕੇਤ ਤੇ ਨੇਤਾ ਬਣ ਗਿਆ ?

ਜੇ ਯੂਰਪ ਦੀ ਉਹਨਾਂ ਸ਼ਤਾਬਦੀਆਂ ਦੀ ਤਵਾਰੀਖ਼ ਨੂੰ ਗਹੁ ਨਾਲ ਵਿਚਾਰੀਏ ਤਾਂ ਉਸ ਧੁੰਦਲੇ ਸਮੇਂ ਵਿਚੋਂ ਇਹ ਸਪੱਸ਼ਟ ਦਿਸ ਆਉਂਦਾ ਹੈ ਕਿ ਉਦੋਂ ਪਿਛਲੇਰੀਆਂ ਸਦੀਆਂ ਤੋਂ ਲੈ ਕੇ ਜਨ-ਸਾਧਾਰਣ ਈਸਾਈ ਆਪਣੇ ਬੱਚਿਆਂ ਨੂੰ ਈਸਾਈ ਮਤ ਦੇ ਬੁਨਿਆਦੀ ਉਪਦੇਸ਼ਾਂ ਦੀ ਸੂਝ-ਬੂਝ ਆਪਣੀ ਮਾਤ੍ਰ-ਭਾਸ਼ਾ ਵਿਚ ਹੀ ਦ੍ਰਿੜ੍ਹਾਉਂਦੇ ਸਨ ਜਿਵੇਂ ਕਿ 'ਈਸ਼ਵਰ-ਪ੍ਰਾਰਥਨਾ' (Lord's Prayer) ਤੇ 'ਦਸ ਧਰਮ ਸਿਧਾਂਤ' (Ten Commandments) ਇਹੋ ਮੂਲ ਲੱਛਣ ਮਾਰਟਨ ਲੂਥਰ ਨੂੰ ਨੇਤਾ ਮੰਨ ਕੇ ਚੱਲੀ ਹੋਈ ਪਰੋਟੈਸਟੈਂਟ ਸੰਪਰਦਾ ਦਾ ਹੈ। ਪੰਦਰ੍ਹਵੀਂ ਸ਼ਤਾਬਦੀ ਈਸਵੀ ਵਿਚ ਸਾਰੇ ਯੂਰਪ ਵਿਚ ਧਾਰਮਿਕ ਜਜ਼ਬਿਆਂ ਦਾ ਪੁਨਰੋਥਾਨ (Religious revival) ਜ਼ੋਰਾਂ ਉੱਤੇ ਸੀ, ਜਿਸ ਦੇ ਕਿ ਕੁਝ ਸਪੱਸ਼ਟ ਕਾਰਨ ਸਨ। ਸਾਰੇ ਯੂਰਪ ਵਿਚ ਮਹਾਂਮਾਰੀ ਦਾ ਰੋਗ ਸਥਾਈ ਰੂਪ ਵਿਚ ਫੈਲਿਆ ਹੋਇਆ ਸੀ ਅਤੇ ਇਉਂ ਮ੍ਰਿਤੂ-ਭੈ ਹਰ ਸਮੇਂ ਲੋਕਾਂ ਦੇ ਮਨਾਂ ਨੂੰ ਭੈ-ਭੀਤ ਕਰ ਰਿਹਾ ਸੀ। ਤੁਰਕਾਂ ਦੀ ਯੂਰਪ ਨੂੰ ਪ੍ਰਾਜੈ ਕਰ ਲੈਣ ਦੀ ਸੰਭਾਵਨਾ ਭੀ ਸਥਾਈ ਰੂਪ ਵਿਚ ਬੜੇ ਚਿਰ ਤੋਂ ਬਣੀ ਹੋਈ ਤੇ ਰਹਿੰਦੀ ਸੀ ਅਤੇ ਇਉਂ ਯੂਰਪ ਦੀ ਭੈ-ਭੀਤ ਤੇ ਤ੍ਰਾਸਮਾਨ ਜਨਤਾ ਧਾਰਮਿਕ ਵਿਸ਼ਵਾਸਾਂ ਵਹਿਮਾਂ ਨੂੰ ਆਪਣੇ ਜੀਵਨ ਦਾ ਵੱਧ ਤੋਂ ਵੱਧ ਆਧਾਰ

ਬਣਾ ਰਹੀ ਸੀ ਅਤੇ ਇਸ ਕਰਕੇ ਧਾਰਮਿਕ ਜਜ਼ਬਿਆਂ ਦੀ ਉਤੇਜਨਾ ਵਧ ਰਹੀ ਸੀ। ਜਿਹੜੀ ਪਰੋਟੈਸਟੈਂਟ ਸੰਪਰਦਾ ਮਾਰਟਨ ਲੂਥਰ ਦੀ ਜਥੇਦਾਰੀ ਹੇਠਾਂ ਸੋਲ੍ਹਵੀਂ ਸ਼ਤਾਬਦੀ ਵਿਚ ਯੂਰਪ ਵਿਚ ਚੱਲੀ, ਉਸ ਦੀ ਚਾਲਿਕ ਸ਼ਕਤੀ (dynamism) ਇਹੋ ਧਾਰਮਿਕ ਜਜ਼ਬਿਆਂ ਦੀ ਉਤੇਜਨਾ ਹੀ ਸੀ ਜਿਸ ਦੀਆਂ ਜੜ੍ਹਾਂ ਇਹਨਾਂ ਬਾਹਰਲੇ ਰਾਜਸੀ ਤੇ ਸਮਾਜਕ ਕਾਰਨਾਂ ਵਿਚ ਸਥਿਤ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਿਰਮਤ ਕੀਤੇ ਹੋਏ ਧਰਮ ਅਤੇ ਉਸ ਦੇ ਵਿਕਾਸ ਦੇ ਐਸੇ ਕਾਰਨ ਜਾਂ ਵਾਤਾਵਰਣ ਉੱਕਾ ਨਹੀਂ ਹਨ ਅਤੇ ਇਉਂ ਭੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਦ ਦਾ ਵਿਸ਼ਲੇਸ਼ਣ ਨਿਖੇੜਾ ਮਾਰਟਨ ਲੂਥਰ ਨਾਲੋਂ ਸਪੱਸ਼ਟ ਹੋ ਆਉਂਦਾ ਹੈ।

ਮਾਰਟਨ ਲੂਥਰ ਤੋਂ ਇਕ-ਦੋ ਸਦੀਆਂ ਪਹਿਲਾਂ ਦੇ ਮੱਧ ਯੂਰਪ ਤੇ ਖ਼ਾਸ ਕਰਕੇ ਜਰਮਨੀ ਦੇ ਸਮਾਜਿਕ ਇਤਿਹਾਸ ਉੱਤੇ ਜੇ ਰਤਾ ਡੂੰਘੀ ਨਜ਼ਰ ਮਾਰੀਏ ਤਾਂ ਇਕ ਹੋਰ ਧਾਰਮਿਕ ਪ੍ਰਵਿਰਤੀ ਉਸ ਸਮੇਂ ਜਨ-ਸਾਧਾਰਨ ਵਿਚ ਪ੍ਰਚਲਿਤ ਦਿੱਸ ਆਉਂਦੀ ਹੈ। ਲੋਕਾਂ ਵਿਚ ਅਜਿਹੇ ਵਿਚਾਰ ਸਪੱਸ਼ਟ ਉੱਭਰ ਰਹੇ ਸਨ ਕਿ ਧਰਮ ਕਿਰਿਆ ਅਤੇ ਧਰਮ ਕਾਰਜਾਂ ਦੇ ਕੁਝ ਖੇਤਰਾਂ ਉੱਤੇ ਜਨਤਾ ਦਾ ਸਿੱਧਾ ਅਧਿਕਾਰ ਹੋਣਾ ਚਾਹੀਦਾ ਹੈ ਅਤੇ ਸ੍ਰੀ ਮਹੰਤ ਪੋਪ ਅਤੇ ਉਸ ਦੇ ਨੀਯਤ ਕੀਤੇ ਹੋਏ ਪਾਦਰੀਆਂ ਦੀ ਸਰਬਰਾਹੀ ਦੀ ਉਥੇ ਲੋੜ ਨਹੀਂ ਹੋਣੀ ਚਾਹੀਦੀ। ਇਹ ਪੁਰੋਹਤ-ਵਿਦਰੋਹੀ ਜਜ਼ਬਾ ਮਾਰਟਨ ਲੂਥਰ ਦੇ ਜਨਮ ਤੋਂ ਚਿਰੋਕਾ ਪਹਿਲਾਂ ਲੋਕਾਂ ਦੇ ਖ਼ਿਆਲਾਂ ਵਿਚ ਹੀ ਨਹੀਂ ਸਗੋਂ ਪ੍ਰਤੱਖ ਤੇ ਯਥਾਰਥ ਰੂਪ ਵਿਚ ਪਰਗਟ ਹੋ ਚੁੱਕਾ ਸੀ। ਮਾਰਟਨ ਲੂਥਰ ਨੇ ਆਪਣੇ ਪ੍ਰਸਿੱਧ 'ਪੰਚਨਵਤੀ ਅਨੁਕ੍ਰਮਣ' ਵਿਚ ਜਿਸ 'ਪੁਰੋਹਿਤ-ਵਿਧਾਨ' (Jus episcopale) ਦੀ ਹਾਮੀ ਭਰੀ ਤੇ ਪ੍ਰਚਾਰ ਕੀਤਾ ਹੈ ਉਹ ਮਾਰਟਨ ਲੂਥਰ ਦੇ ਜਨਮ ਤੋਂ ਪਹਿਲਾਂ ਹੀ ਸਾਕਸਨੀ (Saxony) ਤੇ ਬ੍ਰਾਂਡਨਬਰਗ (Brandengbarg) ਦੇ ਰਾਜਾਂ ਵਿਚ ਪ੍ਰਚਲਿਤ ਤੇ ਪ੍ਰਮਾਣੀਕ ਸੀ, ਜਿਸ ਦੁਆਰਾ ਕਿ ਰਾਜੇ ਤੇ ਨਗਰ ਸਭਾਵਾਂ, ਮੰਗਤਿਆਂ ਦੇ ਪ੍ਰਬੰਧ ਬਾਰੇ ਅਤੇ ਕੰਮ-ਕਾਜ ਤੋਂ ਛੁੱਟੀਆਂ ਬਾਰੇ ਆਪਣੇ ਨਿਯਮ ਆਪ ਬਣਾਉਂਦੇ ਸਨ ਅਤੇ ਸ੍ਰੀ ਮਹੰਤ ਪੋਪ ਦੇ ਨਿਸ਼ਚਿਤ ਕੀਤੇ ਹੋਏ ਕਾਨੂੰਨਾਂ ਨਿਯਮਾਂ ਦੀ ਪਾਲਣਾ ਨਹੀਂ ਸੀ ਕਰਦੇ। ਮਾਰਟਨ ਲੂਥਰ ਦੇ 'ਪੁਰੋਹਿਤ ਵਿਧਾਨ' ਦਾ ਸਾਰੰਸ਼ ਇਹੋ ਹੈ ਕਿ ਲੋਕਾਯਤ ਰਾਜਾਧਿਕਾਰੀ ਸ਼ਾਸਨ ਆਪ ਬਣਾ ਸਕਦੇ ਹਨ, ਬਿਨਾਂ ਸ੍ਰੀ ਮਹੰਤ ਪੋਪ ਅਤੇ ਉਸ ਦੇ ਪਾਦਰੀਆਂ ਦੀ ਸਰਬਰਾਹੀ ਤੇ ਮਨਜ਼ੂਰੀ ਦੇ। ਮਾਰਟਨ ਲੂਥਰ ਦੇ 'ਪੰਚਨਵਤੀ ਅਨੁਕ੍ਰਮਣ ਵਿਚ ਸਭ ਨਾਲੋਂ ਵਧੇਰੇ ਇਹ ਗੱਲ ਹੀ ਸੀ, ਜਿਸ ਨੇ ਕਿ ਪਰੋਟੈਸਟੈਂਟ ਸੰਪਰਦਾਇ ਦਾ ਪ੍ਰਚਾਰ ਤੇ ਤੇਜ਼ ਝੱਟ-ਪਟ ਪ੍ਰਬਲ ਕਰ ਦਿੱਤਾ ਕਿਉਂ ਜੁ ਇਹ ਗੱਲ ਰਾਜਿਆਂ ਰਾਣਿਆਂ ਦੇ ਹਿੱਤ ਤੇ ਲਾਭ ਵਿਚ ਸੀ ਕਿ ਰਾਜਾਧਿਕਾਰ ਤੇ ਰਾਜ-ਸ਼ਕਤੀ, ਪੋਪ ਤੇ ਉਸ ਦੇ ਚੇਲਿਆਂ ਦੇ ਹੱਥੋਂ ਨਿਕਲ ਕੇ ਉਹਨਾਂ ਦੇ ਹੱਥ ਵਿਚ ਆ ਜਾਵੇ ਤੇ ਇਸੇ ਕਾਰਣ ਹੀ ਅੱਧੇ ਯੂਰਪ ਦੇ ਰਾਜੇ-ਰਾਣੇ ਝੱਟ-ਪਟ ਮਾਰਟਨ ਲੂਥਰ ਦੇ ਹਮਾਇਤੀ ਬਣ ਗਏ ਅਤੇ ਪਰੋਟੈਸਟੈਂਟ ਸੰਪਰਦਾਇ ਦੀ ਸਰਪਰਸਤੀ ਕਰਨ ਲੱਗ ਪਏ। ਇਉਂ ਇਹ ਸੰਪਰਦਾ ਥੋੜ੍ਹੇ ਚਿਰ ਵਿਚ ਹੀ ਯੂਰਪ ਦੇ ਵਧੇਰੇ ਭਾਗ ਦਾ ਰਾਜ-ਧਰਮ ਤੇ ਲੋਕ-ਧਰਮ ਬਣ ਗਈ। ਇਹ ਅੰਤਰ ਭੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਧਾਰਮਿਕ ਪਦਵੀ ਤੇ ਉਹਨਾਂ ਦੇ ਵਿਚਾਰ ਉਪਦੇਸ਼ਾਂ ਨੂੰ ਮਾਰਟਨ ਲੂਥਰ ਨਾਲੋਂ ਪ੍ਰਤੱਖ ਨਿਖੇੜਦਾ ਹੈ ਅਤੇ ਇਹੋ ਕਾਰਣ ਹੈ ਕਿ ਸਿੱਖ ਮਤ ਅਤੇ ਸਿੱਖ ਪੰਥ ਨੂੰ ਜਨਮੋਪ੍ਰਾਂਤ ਰਾਜਸੀ ਕੋਪ ਅਤੇ ਅਗਿਆਨ-ਗ੍ਰਸਤ ਗਵਾਂਢੀਆਂ ਦੇ ਉਪੱਦ੍ਰਵਾਂ ਦੇ ਉਪਜਾਏ ਹੋਏ ਸੌ-ਡੇਢ ਸੌ

ਸਾਲ ਲੰਮੇ ਮਾਰੂ ਸੰਗਰਾਮਾਂ ਵਿਚੋਂ ਲੰਘਣਾ ਪਿਆ ਅਤੇ ਫੇਰ ਕਿਤੇ ਜਾ ਕੇ ਸਿੱਖੀ ਤੇ ਸਿੱਖਾਂ ਦੇ ਜੀਵਤ ਰਹਿਣ ਦੇ ਅਧਿਕਾਰ ਨੂੰ ਤਸਲੀਮ ਕੀਤਾ ਗਿਆ।

ਜਿਨ੍ਹਾਂ ਦਿਨਾਂ ਵਿਚ ਲੂਥਰ ਵਿਸ਼ਵ-ਵਿਦਿਆਲੇ ਵਿਚ ਵਿਦਿਆਰਥੀ ਸੀ, ਉਹਨਾਂ ਦਿਨਾਂ ਵਿਚ ਪਾਦਰੀ ਹੀ ਵਿਦਿਆ, ਗਿਆਨ ਤੇ ਵਿਗਿਆਨ ਆਦਿਕ ਦੇ ਭੰਡਾਰੀ ਸਨ, ਜਿਵੇਂ ਕਿ ਸਾਡੇ ਦੇਸ਼ ਵਿਚ ਬ੍ਰਾਹਮਣ ਜਾਤੀ ਹਜ਼ਾਰਾਂ ਵਰ੍ਹੇ ਰਹੀ ਹੈ। ਇਹਨਾਂ ਪਾਦਰੀਆਂ ਵਿਚ ਹੀ ਪਾਦਰੀ-ਪ੍ਰਥਾ ਦੇ ਵਿਰੁੱਧ ਖ਼ਿਆਲ ਉਸ ਸਮੇਂ ਪ੍ਰਤੱਖ ਉਗਮ ਰਹੇ ਸਨ ਅਤੇ ਟ੍ਰੈਕਟ ਆਦਿਕ ਇਸ ਵਿਸ਼ੇ ਉੱਤੇ ਲਿਖ ਕੇ ਵੰਡੇ ਜਾ ਰਹੇ ਸਨ। ਸਮਾਜਵਾਦੀ ਵਿਚਾਰ ਭੀ ਇਉਂ ਹੀ, ਉਦੋਂ ਪ੍ਰਚਾਰੇ ਜਾ ਰਹੇ ਸਨ। ਇਸ ਵਾਤਾਵਰਣ ਦਾ ਪ੍ਰਤੀਕਰਮ ਮਾਰਟਨ ਲੂਥਰ ਉੱਤੇ ਇਉਂ ਹੋਇਆ ਕਿ ਉਹ ਈਸਾਈ ਸੰਨਿਆਸੀ ਬਣ ਗਿਆ ਤਾਂ ਜੁ ਉਹ ਇਸ ਨਵੀਨ ਵਿਚਾਰਧਾਰਾ ਦੇ ਗਿਲਾਨੀ ਪੂਰਤ ਵਾਯੂਮੰਡਲ ਵਿਚੋਂ ਬਾਹਰ ਨਿਕਲ ਕੇ ਈਸਾਈ ਮਤ ਦੇ ਕਰਮ-ਕਾਂਡਾਂ ਵਿਚ ਅਟੰਕ ਪ੍ਰਵੇਸ਼ ਕਰ ਕੇ ਆਤਮਿਕ ਸ਼ਾਂਤੀ ਪ੍ਰਾਪਤ ਕਰ ਸਕੇ। ਇਉਂ ਕੁਝ ਸਮਾਂ ਇਕ ਮੱਠ ਵਿਚ ਬਿਠਾ ਕੇ ਮਾਰਟਨ ਲੂਥਰ ਸ੍ਰੀ ਮਹੰਤ ਪੋਪ ਦੇ ਵਿਧਾਨਾਨੁਸਾਰ ਪਾਦਰੀ ਬਣ ਗਿਆ। ਸ੍ਰੀ ਮਹੰਤ ਪੋਪ ਦੇ ਆਪ ਨਿਯੁਕਤ ਕੀਤੇ ਹੋਏ ਪਾਦਰੀ ਦੀ ਹੈਸੀਅਤ ਵਿਚ ਹੀ ਮਾਰਟਨ ਲੂਥਰ ਨੇ ਪੋਪ ਦੇ ਵਿਧਾਨ ਕੀਤੇ ਹੋਏ ਅਨੁਸ਼ਠਾਨਾਂ (Indulgences) ਦੀ ਵਿਆਖਿਆ ਕੁਝ ਇਸ ਤਰ੍ਹਾਂ ਕੀਤੀ, ਜਿਸ ਤੋਂ ਕਿ ਉਸ ਦਾ ਪੋਪ ਨਾਲ ਵਿਰੋਧ ਹੋ ਗਿਆ, ਜਦੋਂ ਕਿ ਜਰਮਨੀ ਦੇ ਰਾਜੇ-ਰਾਣਿਆਂ ਨੇ ਮਾਰਟਨ ਲੂਥਰ ਦਾ ਪੱਖ ਲੈ ਕੇ ਉਸ ਦੀ ਭਰਪੂਰ ਹਮਾਇਤ ਤੇ ਰੱਖਿਆ ਕੀਤੀ ਤੇ ਉਸ ਨੂੰ ਪੋਪ ਦੇ ਕੋਪ ਤੋਂ ਬਚਾਇਆ ਤੇ ਇਉਂ ਪਰੋਟੈਸਟੈਂਟ ਸੰਪਰਦਾਇ ਦਾ ਜਨਮ ਤੇ ਵਿਕਾਸ ਹੋਇਆ। ਇਹ ਭੀ ਇਕ ਵੱਡਾ ਬੁਨਿਆਦੀ ਅੰਤਰ ਹੈ ਜੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਾਰਟਨ ਲੂਥਰ ਦੀ ਪਦਵੀ ਤੇ ਵਿਚਾਰਾਂ ਨਾਲੋਂ ਪ੍ਰਤੱਖ ਨਿਖੇੜਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਮੁੱਢ ਤੋਂ ਹੀ ਸੁਤੰਤਰ ਤੇ ਸੰਭਵ ਸੀ ਤੇ ਕਿਸੇ ਵਾਦ-ਵਿਵਾਦ ਅਥਵਾ ਵਿਆਖਿਆ ਵਿਖੇਵੇਂ ਦਾ ਸਿੱਟਾ ਨਹੀਂ ਸੀ।

ਇਹ ਅਨੁਸ਼ਠਾਨ ਕੀ ਸਨ ਜਿਨ੍ਹਾਂ ਦਾ ਕਿ ਮਾਰਟਨ ਲੂਥਰ ਨੇ ਵਿਆਖਿਆ ਵਿਰੋਧ ਕੀਤਾ ਅਤੇ ਇਉਂ ਪਰੋਟੈਂਸਟੈਂਟ ਸੰਪਰਦਾਇ ਨੂੰ ਜਨਮ ਦਿੱਤਾ?

ਅਨੁਸ਼ਠਾਨ ਦੀ ਪ੍ਰਥਾ ਈਸਾਈ ਮਤ ਵਿਚ ਪ੍ਰਾਚੀਨ ਸਮਿਆਂ ਤੋਂ ਪ੍ਰਚਲਿਤ ਹੈ, ਈਸਾਈ ਮਤ ਦੇ ਆਦਿ ਤੋਂ ਹੀ ਅਤੇ ਲੂਥਰ ਦੇ ਜਨਮ ਤੋਂ ਕੋਈ ਹਜ਼ਾਰ ਵਰ੍ਹਾ ਪਹਿਲਾਂ ਤੋਂ। ਪ੍ਰਾਚੀਨ ਸਮਿਆਂ ਵਿਚ ਜਦੋਂ ਕਦੇ ਕੋਈ ਈਸਾਈ ਪਾਪ ਜਾਂ ਕੁਰਹਿਤ ਕਰਦਾ ਤਾਂ ਉਹ ਗਿਰਦੇ ਦੇ ਭਰੇ ਦੀਵਾਨ ਵਿਚ ਆਪਣੀ ਭੁੱਲ ਮੰਨ ਲੈਂਦਾ ਸੀ ਅਤੇ ਇਹ ਪ੍ਰਣ ਕਰਦਾ ਸੀ ਕਿ ਪਰਾਸ਼ਚਿਤ ਵਜੋਂ ਉਹ ਕੋਈ ਵਰਤ, ਤਪ ਆਦਿਕ ਕਰਮ ਕਰੇਗਾ। ਜਿਸ ਵੇਲੇ ਸਮਾਂ ਪਾ ਕੇ ਭਰੇ ਦੀਵਾਨ ਵਿਚ ਭੁੱਲ ਮੰਨਣ ਦਾ ਰਿਵਾਜ ਹਟ ਗਿਆ ਤੇ ਆਪਣੀ ਭੁੱਲ ਪਰੋਖ ਤੌਰ 'ਤੇ ਆਮ ਈਸਾਈ ਸੰਗਤ ਕੋਲੋਂ ਲੁਕਾ ਕੇ ਕੇਵਲ ਪਾਦਰੀ ਦੇ ਸਾਹਮਣੇ ਮੰਨਣ ਦਾ ਰਿਵਾਜ ਪੈ ਗਿਆ ਤਾਂ ਉਸ ਸਮੇਂ ਇਹ ਰਿਵਾਜ ਭੀ ਪੈ ਗਿਆ ਕਿ ਜਿਸ ਪਾਦਰੀ ਸਾਹਮਣੇ ਭੁੱਲ ਮੰਨੀ ਜਾਵੇ ਉਹੋ ਨਿਸ਼ਚਿਤ ਕਰੇ ਕਿ ਭੁੱਲ ਮੰਨਣ ਵਾਲਾ ਕੀ ਪ੍ਰਾਸਚਿਤ ਕਰੇ। ਇਹ ਪਰਪਾਟੀ ਅਸਲ ਵਿਚ ਈਸਾਈਆਂ ਨੇ ਬੋਧੀ ਮੱਠਾਂ ਦੇ ਵਿਨਾਯ ਜਾਂ ਰਹਿਤ-ਮਰਯਾਦਾ ਤੋਂ ਮਾਂਗਵੀਂ ਲਈ ਹੈ ਕਿਉਂ ਜੁ ਮਹਾਯਾਨ

ਬੁੱਧ ਧਰਮ ਤੇ ਬੋਧੀ ਮੱਠ ਸੀਰੀਆ ਆਦਿ ਦੇਸ਼ਾਂ ਵਿਚ ਜਿਥੋਂ ਕਿ ਪਹਿਲੋਂ-ਪਹਿਲ ਈਸਾਈ ਮਤ ਦੀ ਰੂਪ-ਰੇਖਾ ਬੱਝੀ, ਲੋਕ ਮਤ ਤੇ ਪ੍ਰਚਲਿਤ ਧਰਮ ਸੀ। ਸਿੱਖੀ ਵਿਚ ਭੁੱਲ ਮੰਨਣ ਅਤੇ ਤਨਖ਼ਾਹ ਲਗਵਾਉਣ ਦੀ ਰੀਤ ਦਾ ਮੂਲ ਭੀ ਇਹ ਬੋਧੀ-ਵਿਨਾਯ ਹੀ ਹੈ ਤੇ ਈਸਾਈਆਂ ਦੀ ਇਸ ਰਹੁ-ਰੀਤ ਨਾਲ ਸਿੱਖਾਂ ਦੀ ਇਸ ਪਰਪਾਟੀ ਦਾ ਕੋਈ ਸੰਬੰਧ ਸਿੱਧਾ ਨਹੀਂ ਹੈ। ਈਸਾਈਆਂ ਵਿਚ ਅਨੁਸ਼ਠਾਨ ਦੀ ਰਹੁ-ਰੀਤ ਜਦੋਂ ਇਉਂ ਪ੍ਰਚਲਿਤ ਹੋਈ ਤਾਂ ਇਹੋ ਜਿਹੇ ਵਿਧਾਨ ਬਣਨੇ ਕੁਦਰਤੀ ਸਨ ਜਿਨ੍ਹਾਂ ਦੁਆਰਾ ਇਹ ਰਹਿਨੁਮਾਈ ਮਿਲੇ ਕਿ ਕਿਸ ਕਿਸਮ ਦੀ ਭੁੱਲ ਦਾ ਪ੍ਰਾਸਚਿਤ ਯੋਗ ਹੈ। ਸਤਵੀਂ ਸ਼ਤਾਬਦੀ ਈਸਵੀ ਦੇ ਲਾਗੇ-ਲਾਗੇ, 'ਅਨੁਰਧ' (Gommutation) ਦੀ ਪ੍ਰਥਾ ਈਸਾਈਆਂ ਵਿਚ ਚੱਲੀ, ਜਿਸ ਦੁਆਰਾ ਕਿ ਨਿਯਤ ਪ੍ਰਾਸਚਿਤ ਵਿਚ ਘਾਟ ਤੇ ਨਰਮੀ ਲਿਆਂਦੀ ਜਾ ਸਕਦੀ ਹੈ। ਇਉਂ ਸਮਝੋ ਕਿ ਜੇ ਕਿਸੇ ਪਾਪ, ਦੁਰਕਰਮ ਦਾ ਨਿਯਤ ਪ੍ਰਾਸਚਿਤ ਛੇ ਮਹੀਨੇ ਫਾਕਾ ਕਰਨਾ ਜਾਂ ਰੋਜ਼ਾ ਰੱਖਣਾ ਹੋਵੇ ਤਾਂ 'ਅਨੁਰੁਧ' ਅਨੁਸਾਰ, ਜੇ ਕੋਈ ਛੇ ਵਾਰ ਈਸਾਈਆਂ ਦੀ ਈਸ਼ਵਰੀ ਪ੍ਰਾਰਥਨਾ ਦਾ ਪਾਠ ਹੀ ਕਰ ਲਵੇ ਤਾਂ ਪ੍ਰਾਸਚਿਤ ਸੰਪੂਰਨ ਹੋਇਆ ਸਮਝਿਆ ਜਾਣ ਲੱਗਾ। ਜਾਂ ਜੇ ਕੋਈ ਛੇ ਰੁਪਏ ਧਰਮ ਕਾਰਜਾਂ ਲਈ ਖ਼ਰਚ ਕਰ ਦੇਵੇ ਜਾਂ ਗਿਰਜੇ ਦੀ ਗੋਲਕ ਵਿਚ ਪਾ ਦੇਵੇ ਤਾਂ ਸਮਝਿਆ ਜਾਣ ਲੱਗਾ ਕਿ ਪ੍ਰਾਸਚਿਤ ਪੂਰਨ ਹੋ ਗਿਆ।

ਇਹੋ 'ਅਨੁਸ਼ਠਾਨ' ਦੇ ਸਿਧਾਂਤ ਤੇ ਮਰਯਾਦਾ ਦਾ ਮੂਲ ਤੇ ਸਾਰੰਸ਼ ਹੈ ਅਤੇ ਮਾਰਟਨ ਲੂਥਰ ਨੇ ਅਨੁਸ਼ਠਾਨ ਦੀ ਇਸ ਪ੍ਰਥਾ ਦਾ ਕਦੇ ਵੀ ਵਿਰੋਧ ਨਹੀਂ ਕੀਤਾ, ਸਗੋਂ ਉਸ ਦੇ ਵਿਚਾਰ ਇਹ ਸਨ ਕਿ ਇਹ ਇਕ ਯੋਗ ਪ੍ਰਥਾ ਹੈ ਕਿਉਂ ਜੁ ਚਰਚ ਜੋ ਕਿ ਪ੍ਰਾਸ਼ਚਿਤ ਨਿਸ਼ਚਿਤ ਕਰਦਾ ਹੈ, ਉਸ ਨੂੰ ਇਹ ਅਧਿਕਾਰ ਭੀ ਹੈ ਕਿ ਉਸ ਨੂੰ ਘਟਾ ਜਾਂ ਨਰਮਾ ਸਕੇ ਅਤੇ ਇਉਂ ਉਸ ਨਿਯਤ ਪ੍ਰਾਸਚਿਤ ਦਾ ਨਿਰੋਧ ਕਰ ਸਕੇ।

ਪਰ ਤੇਰ੍ਹਵੀਂ ਸ਼ਤਾਬਦੀ ਈਸਵੀ ਤਕ ਇਹ ਅਨੁਸ਼ਠਾਨ ਦਾ ਈਸਾਈ ਸਿਧਾਂਤ ਹੋਰ ਦਾ ਹੋਰ ਰੂਪ ਵਟਾ ਚੁੱਕਾ ਸੀ।

ਪ੍ਰਾਚੀਨ ਭਾਵ ਤਾਂ ਅਨੁਸ਼ਠਾਨ ਦਾ ਇਹ ਸੀ ਕਿ ਭੁੱਲ ਕਰਨ ਵਾਲੇ ਦੇ ਮਨ ਵਿਚ ਪਸ਼ਚਾਤਾਪ ਉਤਪੰਨ ਹੋਵੇ ਤਾਂ ਉਹ ਆਪਣੀ ਭੁੱਲ ਖੁੱਲ੍ਹ ਕੇ ਤਸਲੀਮ ਕਰੇ, ਲੁਕਾਵੇ ਨਾ ਅਤੇ ਪ੍ਰਾਸਚਿਤ ਵਜੋਂ ਦੰਡ ਸਵੀਕਾਰ ਕਰੇ। ਹੁਣ ਵਿਚਾਰ ਇਉਂ ਪ੍ਰਚਲਿਤ ਹੋਇਆ ਕਿ ਦੰਡ ਸਵੀਕਾਰ ਕਰਨ ਨਾਲ ਈਸ਼ਵਰੀ ਖਿਮਾ ਤਾਂ ਪ੍ਰਾਪਤ ਹੋ ਆਉਂਦੀ ਹੈ ਪਰੰਤੂ ਲੋਕ-ਦੰਡ ਅਥਵਾ ਰਾਜ-ਦੰਡ ਤੋਂ ਵਿਮੁਕਤ, ਭੁੱਲ ਕਰਨ ਵਾਲਾ, ਨਹੀਂ ਹੋ ਸਕਦਾ। ਕਿਉਂ ਜੁ ਈਸਾਈ ਮਤ ਦੇ ਪ੍ਰਾਚੀਨ ਵਿਧਾਨ ਅਨੁਸਾਰ ਰੋਮ ਦਾ ਸ੍ਰੀ ਮਹੰਤ ਪੋਪ ਦਾ ਇਥੇ-ਉਥੇ ਦੋਹਾਂ ਜਹਾਨਾਂ ਉੱਤੇ ਅਧਿਕਾਰ ਪ੍ਰਾਪਤ ਹੈ, ਇਸ ਲਈ ਅਜਿਹਾ ਲੋਕ-ਦੰਡ ਨਿਸ਼ਚਿਤ ਕਰਨ ਦਾ ਅਧਿਕਾਰ ਭੀ ਉਸ ਨੂੰ ਅਤੇ ਉਸ ਦੇ ਪਾਦਰੀਆਂ ਨੂੰ ਹੀ ਸੀ। ਸਿੱਟਾ ਇਹ ਕਿ ਭੁੱਲ ਮੰਨ ਲੈਣ ਅਤੇ ਤਨਖ਼ਾਹ ਲਗਵਾ ਕੇ ਉਸ ਦੀ ਪੂਰਤੀ ਕਰਨ ਉਪਰੰਤ ਭੀ ਭੁੱਲ ਕਰਨ ਵਾਲਾ ਲੋਕਾਯਤ ਤੇ ਰਾਜ-ਸੱਤਾ ਦੇ ਰੂਬਰੂ ਅਪਰਾਧੀ ਬਣਿਆ ਰਿਹਾ। ਇਸ ਪੱਖ ਨਾਲ ਇਕ ਹੋਰ ਨਵਾਂ ਸਿਧਾਂਤ ਤੇ ਵਿਚਾਰ ਵਿਆਖਿਆ ਕਰ ਕੇ ਜੋੜ ਦਿੱਤਾ ਗਿਆ ਜਿਸ ਦਾ ਕਿ ਨਾਮ ਸੀ 'ਪੁਨਕੋਸ਼' (Thesaurus meritorum) ਸਾਰੰਸ਼ ਇਸ ਸਿਧਾਂਤ ਦਾ ਇਹ ਸੀ ਕਿ ਹਜ਼ਰਤ ਈਸਾ ਦੇ ਅਖੁੱਟ ਪੁੰਨ ਕਰਮ ਤਾਂ ਹੈਨ ਹੀ ਪਰ ਭੂਤ ਤੇ ਵਰਤਮਾਨ ਕਾਲ ਦੇ ਈਸਾਈ ਸਾਧੂ-ਸੰਤਾਂ ਦੇ ਜੋ ਸ਼ੁਭ ਕਰਮ ਹੈਨ ਉਹ ਸਾਰੇ ਇਕ

ਅਪੂਰਨ ਕੋਸ਼ ਵਿਚ ਸੰਚਿਤ ਹਨ ਅਤੇ ਰੋਮ ਦਾ ਸ੍ਰੀ ਮਹੰਤ ਪੋਪ ਉਸ ਕੋਸ਼ ਵਿਚੋਂ ਜਿਸ ਵੇਲੇ ਚਾਹੇ ਕੁਝ ਪੁੰਨ ਕਰਮਾਂ ਦਾ ਫ਼ਲ ਕਿਸੇ ਸ਼ਰਧਾਲੂ ਈਸਾਈ ਭਗਤ ਨੂੰ ਪ੍ਰਦਾਨ ਕਰ ਸਕਦਾ ਹੈ।

ਇਹ ਪੁੰਨਕੋਸ਼ ਦਾ ਸਿਧਾਂਤ ਵੀ ਈਸਾਈਆਂ ਦੀ ਆਪਣੀ ਉਪਜ ਨਹੀਂ ਹੈ, ਸਗੋਂ ਇਹ ਆਪਣੇ ਸਾਰ ਰੂਪ ਵਿਚ ਪ੍ਰਾਚੀਨ ਵੈਦਿਕ ਵਿਚਾਰਧਾਰਾ ਹੈ ਜੋ ਕਿ ਮਹਾਯਾਨ ਬੁੱਧ ਮੱਤ ਦੀ ਵਿਚਾਰ ਪ੍ਰਣਾਲੀ ਨਾਲ ਸੀਮਿਤ ਹੋ ਕੇ ਈਸਵੀ ਸੰਮਤ ਦੀਆਂ ਮੁੱਢਲੀਆਂ ਸ਼ਤਾਬਦੀਆਂ ਵਿਚ ਤੁਰਕਿਸਤਾਨ ਅਤੇ ਮੱਧ ਪੂਰਬ ਦੇ ਦੇਸ਼ਾਂ ਰਾਹੀਂ ਈਸਾਈਆਂ ਦੀ ਵਿਚਾਰਧਾਰਾ ਵਿਚ ਪ੍ਰਵੇਸ਼ ਕਰ ਗਈ ਹੈ ਅਤੇ ਜਿਸ ਨੇ ਈਸਾਈਆਂ ਦੇ 'ਪੁੰਨਕੋਸ਼' ਸਿਧਾਂਤ ਦਾ ਰੂਪ ਵਟਾ ਲਿਆ ਹੈ। ਜੈਮਨੀ ਰਿਸ਼ੀ ਰਚਿਤ ਪੂਰਵ-ਮੀਮਾਂਸਾ ਦਾ ਇਹ ਸਿਧਾਂਤ ਹੈ ਕਿ ਵੈਦਿਕ ਕਰਮ-ਕਾਂਡਾਂ ਦਾ ਜਦੋਂ ਸਪੱਸ਼ਟ ਅਤੇ ਤਤਕਾਲ ਫ਼ਲ ਨਹੀਂ ਹੁੰਦਾ ਤਾਂ ਉਹ ਫ਼ਲ ਅਪੂਰਵ ਕੋਸ਼ੀ ਵਿਚ ਸੰਚਿਤ ਹੋ ਜਾਂਦਾ ਹੈ ਅਤੇ ਸਮਾਂ ਪਾ ਕੇ, ਇਸੇ ਜਨਮ ਵਿਚ ਅਥਵਾ ਕਿਸੇ ਆਗਾਮੀ ਜਨਮ ਵਿਚ ਜਜਮਾਨ ਨੂੰ ਪ੍ਰਾਪਤ ਹੁੰਦਾ ਹੈ। ਇਹੋ ਅਪੂਰਵ ਪੁੰਨਕੋਸ਼ ਹੈ, ਜਿਸ ਦੀ ਕੰਜੀਬਰਦਾਰੀ ਦਾ ਅਧਿਕਾਰ ਈਸਾਈਆਂ ਦੇ ਸ੍ਰੀ ਮਹੰਤ ਪੋਪ ਨੇ ਸਵੈ-ਵੱਸ਼ ਕਰ ਕੇ ਤੇਰ੍ਹਵੀਂ ਸ਼ਤਾਬਦੀ ਈਸਵੀ ਵਿਚ ਈਸਾਈ ਮਤ ਦੇ ਅਨੁਸ਼ਠਾਨ ਸਿਧਾਂਤ ਨੂੰ ਨਵਾਂ ਰੂਪ ਦਿੱਤਾ।

ਇਸ ਨਵੇਂ ਰੂਪ ਅਨੁਸਾਰ ਇਹ ਕਿਹਾ ਗਿਆ ਕਿ ਜੇ ਕੋਈ ਸ਼ਰਧਾਵਾਨ ਈਸਾਈ ਪਾਪ ਕਰ ਕੇ ਉਸ ਪਾਪ ਦੇ ਪ੍ਰਾਸ਼ਚਿਤ ਵਜੋਂ ਗਿਰਜੇ ਵਿਚ ਜਾਂ ਪੋਪ ਨੂੰ ਨਿਸ਼ਚਿਤ ਮਾਇਆ ਦਾਨ ਕਰ ਦੇਵੇ ਤਾਂ ਉਸ ਦੇ ਪਾਪ ਖਿਮਾਂ ਹੋ ਜਾਣਗੇ। ਇਉਂ ਪੋਪ ਦੇ ਦਸਖ਼ਤੀ ਅਨੁਸ਼ਠਾਨ ਪੱਤਰ (Indulgences) ਈਸਾਈ ਦੇਸ਼ਾਂ ਵਿਚ ਆਮ ਚੱਲਣ ਲੱਗ ਪਏ, ਜਿਵੇਂ ਕਿ ਅੱਜ-ਕੱਲ੍ਹ ਮਾਰਗਾਯ ਪੱਤਰ (travelling cheques) ਖ਼ਰੀਦ ਲਈਦੇ ਹਨ ਤਾਂ ਜੁ ਜਿਥੇ ਵੀ ਜਾਈਏ ਉਹਨਾਂ ਨੂੰ ਭਨਾ ਕੇ ਆਪਣਾ ਖ਼ਰਚ-ਪੱਠਾ ਤੋਰ ਲਈਏ।

ਪੋਪ ਨੇ ਖੁੱਲ੍ਹ ਕੇ ਇਹ ਗੱਲ ਕਦੀ ਵੀ ਨਹੀਂ ਸੀ ਆਖੀ ਕਿ ਇਹ ਅਨੁਸ਼ਠਾਨ ਪੱਤਰ ਪਾਪ ਕਰਮਾਂ ਦੇ ਵਿਨਾਸ਼ਕ ਅਤੇ ਈਸ਼ਵਰੀ ਖ਼ਿਮਾ ਪ੍ਰਾਪਤੀ ਦੇ ਸੰਦ ਹਨ। ਬੁੱਧੀਵਾਨ ਤੇ ਵਿਚਾਰਵਾਨ ਪਾਦਰੀਆਂ ਦਾ ਭੀ ਇਹੋ ਮਤ ਸੀ ਕਿ ਇਹ ਅਨੁਸ਼ਠਾਨ ਪੱਤਰ ਪਾਪ ਵਿਨਾਸ਼ਕ ਨਹੀਂ ਹਨ, ਕੇਵਲ ਲੌਕਿਕ ਦੰਡ ਨਵਿਰਤਕ ਹਨ, ਪਰ ਜਨ-ਸਾਧਾਰਣ ਇਹਨਾਂ ਗੂੜ੍ਹ ਅੰਤਰਾਂ ਨੂੰ ਸਮਝਣ ਤੋਂ ਅਸਮਰੱਥ ਸਨ। ਉਹਨਾਂ ਦਾ ਵਿਸ਼ਵਾਸ ਸੀ ਕਿ ਜਿਤਨੀ ਵੱਡੀ ਰਕਮ ਦਾ ਅਨੁਸ਼ਠਾਨ ਪੱਤਰ ਖ਼ਰੀਦਿਆ ਜਾਵੇ, ਉਤਨੇ ਉਗਰ ਪਾਪ ਹੀ ਈਸ਼ਵਰ ਦੇ ਦਰਬਾਰ ਵਿਚ ਬਖ਼ਸ਼ੇ ਜਾਂਦੇ ਹਨ ਅਤੇ ਮਾਰਟਨ ਲੂਥਰ ਨੇ ਅਨੁਸ਼ਠਾਨ ਪੱਤਰਾਂ ਦਾ ਇਹ ਜਨ-ਸਾਧਾਰਨ ਭਾਵ ਹੀ ਸਵੀਕਾਰ ਕਰ ਲਿਆ ਜਿਹੜਾ ਭਾਵ ਕਿ ਪੋਪ ਜਾਂ ਉਸ ਦੇ ਪਾਦਰੀਆ ਨੇ ਕਦੇ ਵੀ ਘੋਸ਼ਿਤ ਨਹੀਂ ਸੀ ਕੀਤਾ ਅਤੇ ਇਸ ਜਨ-ਸਾਧਾਰਨ ਅਤੇ ਮਨੋਕਲਪਿਤ ਭਾਵ ਦਾ ਵਿਰੋਧ ਤੇ ਖੰਡਨ ਹੀ ਆਪਣੇ 'ਪੰਚਨਵਤੀ ਅਨੁਕ੍ਰਮਣ' ਵਿਚ ਕਰ ਮਾਰਿਆ, ਜਿਸ ਦੇ ਕਿ ਛੇ ਅਨੁਕ੍ਰਮਣ ਨਿਮਨਲਿਖਤ ਹਨ:

(1) ਅਨੁਸ਼ਠਾਨ ਕੇਵਲ ਧਾਰਮਿਕ ਸਜ਼ਾ (ecclesiastical penalty) ਹੀ ਬਖ਼ਸ਼ ਸਕਦਾ ਹੈ ਕਿਉਂ ਜੁ ਧਾਰਮਿਕ ਪੁਰੋਹਿਤ ਜੋ ਦੰਡ ਦੇਣ ਉਹ ਬਖ਼ਸ਼ ਵੀ ਸਕਦੇ ਹਨ, ਪਰ ਈਸ਼ਵਰੀ ਦੰਡ ਤਾਂ ਈਸ਼ਵਰ ਹੀ ਬਖ਼ਸ਼ ਸਕਦਾ ਹੈ।

(2) ਅਨੁਸ਼ਠਾਨ ਪੱਤਰ ਪਾਪ ਵਿਨਾਸ਼ਕ ਕਦਾਚਿਤ ਨਹੀਂ ਹੋ ਸਕਦਾ, ਪੋਪ ਨੂੰ ਅਜਿਹਾ ਕੋਈ ਅਧਿਕਾਰ ਨਹੀਂ ਹੈ। ਇਹ ਅਧਿਕਾਰ ਈਸ਼ਵਰ ਨੇ ਆਪਣੇ ਹੱਥ ਹੀ ਰੱਖਿਆ ਹੋਇਆ ਹੈ।

(3) ਈਸ਼ਵਰੀ ਦੰਡ ਨੂੰ ਅਨੁਸ਼ਠਾਨ ਰੋਕ ਨਹੀਂ ਸਕਦਾ। ਇਹ ਸ਼ਕਤੀ ਈਸ਼ਵਰ ਦੇ ਆਪਣੇ ਹੱਥ ਹੀ ਹੈ।

(4) ਨਰਕ-ਕੁੰਡ ਵਿਚ ਭੀ ਅਨੁਸ਼ਠਾਨ ਸਹਾਈ ਨਹੀਂ ਹੋ ਸਕਦੇ। ਧਾਰਮਿਕ ਦੰਡ ਜੀਵਤ ਮਨੁੱਖਾਂ ਉੱਤੇ ਹੀ ਲਾਗੂ ਹਨ। ਮ੍ਰਿਤੂ ਇਹਨਾਂ ਦਾ ਅੰਤ ਕਰ ਦਿੰਦੀ ਹੈ। ਪੋਪ ਨਰਕ ਵਾਸੀ ਆਤਮਾ ਲਈ ਅਰਦਾਸ ਤਾਂ ਕਰ ਸਕਦਾ ਹੈ ਪਰ ਉਸ ਨੂੰ ਨਰਕ-ਲੋਕ ਵਿਚ ਕੋਈ ਸਿੱਧੇ ਅਧਿਕਾਰ ਪ੍ਰਾਪਤ ਨਹੀਂ ਹਨ।

(5) ਜਿਹੜਾ ਈਸਾਈ ਸ਼ਰਧਾਵਾਨ ਸੱਚੇ ਦਿਲੋਂ ਆਪਣੇ ਪਾਪਾਂ ਦਾ ਪਸ਼ਚਾਤਾਪ ਕਰਦਾ ਹੈ, ਈਸ਼ਵਰ ਉਸ ਨੂੰ ਬਖ਼ਸ਼ ਦਿੰਦਾ ਹੈ ਅਤੇ ਕਿਸੇ ਅਨੁਸ਼ਠਾਨ ਦੀ ਉਸ ਨੂੰ ਲੋੜ ਨਹੀਂ ਹੈ। ਈਸਾ ਕ੍ਰਿਸਤੋ ਇਸ ਸੱਚੇ ਪਸ਼ਚਾਤਾਪ ਦੀ ਮੰਗ ਹੀ ਹਰ ਪ੍ਰਾਣੀ ਕੋਲੋਂ ਕਰਦਾ ਹੈ।

(6) 'ਪੁੰਨਕੋਸ਼' ਦੀ ਵਿਸਥਾਰ ਪੂਰਵਕ ਵਿਆਖਿਆ ਨਹੀਂ ਹੋ ਸਕੀ। ਇਹ ਕਹਿਣਾ ਕਠਿਨ ਹੈ ਕਿ ਇਹ ਅਸਲ ਵਿਚ ਕੀ ਹੈ ਅਤੇ ਇਹ ਜਨ-ਸਾਧਾਰਣ ਦੀ ਸਮਝ ਤੋਂ ਪਰੇ ਦੀ ਗੱਲ ਹੈ। ਇਹ ਕ੍ਰਿਸਤੋ ਯਸੂ ਮਸੀਹ ਅਤੇ ਉਸ ਦੇ ਸੰਤਾਂ ਦੇ ਪੁੰਨ ਕਰਮਾਂ ਦੀ ਕੋਸ਼ੀ ਨਹੀਂ ਕਹੀ ਜਾ ਸਕਦੀ ਕਿਉਂਕਿ ਕ੍ਰਿਸਤੋ ਅਤੇ ਸੰਤਾਂ ਦੇ ਪੁੰਨ ਕਰਮ ਤਾਂ ਪੋਪ ਦੀ ਵਿਚੋਲਗੀ ਤੋਂ ਬਿਨਾਂ ਹੀ ਪਾਪੀਆਂ ਦਾ ਉਧਾਰ ਕਰਦੇ ਹਨ। 'ਪੁੰਨਕੋਸ਼' ਦਾ ਅਰਥ ਇਹੋ ਹੋ ਸਕਦਾ ਹੈ ਕਿ ਪੋਪ ਧਾਰਮਿਕ ਦੰਡ ਬਖ਼ਸ਼ ਦੇਵੇ ਜਿਹੜਾ ਕਿ ਉਸ ਨੇ ਜਾਂ ਉਸ ਦੇ ਪਾਦਰੀਆਂ ਦੇ ਨਿਸ਼ਚਿਤ ਕੀਤੇ ਹੋਏ ਹਨ। ਅਸਲੀ ਪੁੰਨਕੋਸ਼ ਤਾਂ ਕਰੁਣਾਨਿਧ ਈਸ਼ਵਰ ਆਪ ਹੀ ਹੋ ਸਕਦਾ ਹੈ, ਜੋ ਕਿ ਸੁਤੇ-ਸਿਧ ਅਘੋਰ ਵਿਨਾਸ਼ਕ ਹੈ।

ਨਵੰਬਰ ਮਹੀਨੇ ਦੀ ਪਹਿਲੀ ਤੇ ਸੰਨ ਈਸਵੀ 1517 ਨੂੰ ਉਪਰੋਕਤ ਛੇ ਤੇ ਬਾਕੀ ਦੇ ਅਨੁਕ੍ਰਮਣ ਜਿਹੜੇ ਕਿ ਪਿੱਛੋਂ ਜਾ ਕੇ 'ਪੰਚਨਵਤੀ ਅਨੁਕ੍ਰਮਣ' ਪ੍ਰਸਿੱਧ ਹੋਏ, ਮਾਰਟਨ ਲੂਥਰ ਨੇ ਸਰਵਦੇਵ ਪੂਜਾ ਉਤਸਵ (All Saints Day) ਵਾਲੇ ਦਿਨ ਵਿਟਨਬਰਗ (Wittenberg) ਦੇ ਵਿਸ਼ਵ-ਵਿਦਿਆਲੇ ਦੇ ਵੱਡੇ ਗਿਰਜੇ ਦੇ ਬੂਹੇ ਅੱਗੇ ਟੰਗ ਦਿੱਤੇ ਜਿਸ ਨਾਲ ਇਕ ਭਾਰੀ ਉਤਸ਼ਾਹ ਲੋਕਾਂ ਵਿਚ ਉੱਠ ਖੜਾ ਹੋਇਆ ਅਤੇ ਜਨ-ਸਾਧਾਰਨ ਤੇ ਰਾਜੇ-ਰਾਣੇ ਰਾਤੋ-ਰਾਤ ਮਾਰਟਨ ਲੂਥਰ ਦੀ ਹਮਾਇਤ 'ਤੇ ਉੱਠ ਖੜੇ ਹੋਏ ਤੇ ਇਉਂ ਰੋਮ ਦੇ ਪੋਪ ਦਾ ਲੌਕਿਕ ਤੇ ਧਾਰਮਿਕ ਅਧਿਕਾਰ ਅੱਧੇ ਯੂਰਪ ਵਿਚੋਂ ਚੁੱਕਿਆ ਗਿਆ। ਇਸ ਦਾ ਸਿੱਟਾ ਇਹ ਨਿਕਲਿਆ ਕਿ ਈਸਾਈ ਮਤ ਦੋ ਸੰਪ੍ਰਦਾਵਾਂ ਵਿਚ ਖਿੱਲ ਹੋ ਗਿਆ, ਰੋਮਨ ਕੈਥੋਲਿਕ ਅਤੇ ਪਰੋਟੈਸਟੈਂਟ, ਜਿਸ ਦਾ ਪਰਿਣਾਮ ਕਿ ਡੇਢ-ਦੋ ਸਦੀਆਂ ਦਾ ਖ਼ੂਨ-ਖ਼ਰਾਬਾ ਯੂਰਪੀ ਦੇਸ਼ਾਂ ਵਿਚ ਨਿਕਲਿਆ, ਜਿਹੜਾ ਖ਼ੂਨ-ਖ਼ਰਾਬਾ ਅਤੇ ਉਸ ਤੋਂ ਉਤਪੰਨ ਹੋਈ ਪਰਸਪਰ ਘਿਰਣਾ ਅਜੇ ਸੌ ਕੁ ਸਾਲ ਹੀ ਹੋਇਆ ਹੈ ਕਿ ਸ਼ਾਂਤ ਹੋਈ ਹੈ।

ਇਹ ਹੈ ਈਸਾਈ ਮਤ ਵਿਚ ਮਾਰਟਨ ਲੂਥਰ ਦੀ ਪਦਵੀ ਤੇ ਉਸ ਦਾ ਕਰਮ-ਖੇਤਰ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਦਵੀ ਤੇ ਉਹਨਾਂ ਦੇ ਕਰਮ-ਖੇਤਰ ਨਾਲੋਂ ਇਹ ਅਸਲੋਂ ਭਿੰਨ ਤੇ ਮੁਖ਼ਤਲਿਫ਼ ਹੈ ਅਤੇ ਇਕ ਦਾ ਦੂਜੇ ਨਾਲ ਮੇਲ-ਮੁਕਾਬਲਾ ਕਰਨਾ ਭਾਰੀ ਭੁੱਲ ਹੈ।

ਮੋਟੇ-ਮੋਟੇ ਅੰਤਰ ਜੋ ਦੋਹਾਂ ਮਹਾਂਪੁਰਖਾਂ ਦੀ ਪਦਵੀ ਤੇ ਕਰਮ-ਖੇਤਰਾਂ ਵਿਚ ਹਨ, ਉਹ ਇਹ ਸਹੀ ਹੁੰਦੇ ਹਨ:

(1) ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਦਾਅਵਾ ਕਿ ਮੈਂ ਜੋ ਗਿਆਨ, ਪ੍ਰਚਾਰ ਤੇ ਉਪਦੇਸ਼ ਪ੍ਰਸਾਰ ਕਰਦਾ ਹਾਂ, ਉਹ ਵਹੀ ਰੂਪ, ਤਿੰਨ-ਕਾਲ ਸਤਿ, ਅਕਾਲ ਪੁਰਖ ਵਾਕ ਹਨ, ਮਨੁੱਖ-ਬੁੱਧੀ ਆਸ਼ਰਿਤ ਜਾਂ ਕਿਸੇ ਵੇਦ-ਕਤੇਬ ਦੀ ਵਿਆਖਿਆ ਅਥਵਾ ਪ੍ਰੌੜ੍ਹਤਾ ਵਜੋਂ ਨਹੀਂ, ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਦੁਨੀਆਂ ਭਰ ਦੇ ਰਿਸ਼ੀਆਂ, ਪੈਗੰਬਰਾਂ, ਨਬੀਆਂ ਤੇ ਅਵਤਾਰਾਂ ਦੀ ਸ਼੍ਰੇਣੀ ਵਿਚ ਸ਼੍ਰੋਮਣੀ ਸਥਾਨ ਦਾ ਅਧਿਕਾਰੀ ਬਣਾਉਂਦੇ ਹਨ। 'ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ' (ਪੰਨਾ ੪੬੬) ਦੇ ਸਪੱਸ਼ਟ ਅਰਥ ਇਹੋ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਾਅਵਾ ਇਹੋ ਸੀ ਕਿ ਉਹਨਾਂ ਦੀ ਜੀਭਾ ਰਾਹੀਂ ਸਰਬਾਸ਼ਰ ਅਕਾਲ ਪੁਰਖ ਆਪ ਵਾਕ ਕਰਦਾ ਹੈ ਜਿਵੇਂ ਕਿ ਮੀਮਾਂਸਾ ਦਾ ਮਤ ਹੈ ਕਿ ਵੇਦ ਈਸ਼ਵਰ ਕ੍ਰਿਤ ਅਥਵਾ ਈਸ਼ਵਰ ਵਾਕ ਹਨ: 'ਹਉ ਆਪਹੁ ਬੋਲ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥' (ਪੰਨਾ ੭੬੩) 'ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ॥' (ਪੰਨਾ ੫੬੬) 'ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥' (ਪੰਨਾ ੧੨੭੯) ਇਤਿਆਦਿ ਗੁਰਵਾਕਾਂ ਤੋਂ ਇਹ ਸਪੱਸ਼ਟ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗਿਆਨ ਉਪਦੇਸ਼ ਉਹਨਾਂ ਦੇ ਆਪਣੇ ਦਾਅਵੇ ਅਨੁਸਾਰ ਈਸ਼ਵਰ-ਵਾਕ, ਵਹੀ ਤੇ ਅਲਹਾਮ ਦਾ ਦਰਜਾ ਰੱਖਦਾ ਹੈ। ਈਸ਼ਵਰ-ਵਾਕ ਤੇ 'ਵਹਜ' ਅਰਥਾਤ 'ਵਹੀ' ਦੁਆਰਾ ਉਤਰਿਆ ਹੋਇਆ ਕਲਾਮ ਉਹ ਸ਼ਬਦ ਹਨ ਜਿਨ੍ਹਾਂ ਬਾਰੇ ਸਿਧਾਂਤ ਹੈ ਕਿ ਇਹ ਉਹ ਬੋਲੀ ਤੇ ਉਹੋ ਸ਼ਬਦ ਇੰਨ-ਬਿੰਨ ਹਨ, ਜੋ ਈਸ਼ਵਰ ਨੇ ਆਪ ਉਚਾਰਣ ਕੀਤੇ। ਮੀਮਾਂਸਾ ਕਰਤਾ ਵੇਦ ਬਾਰੇ ਅਤੇ ਮੁਸਲਮਾਨ ਵਿਦਵਾਨ ਕੁਰਾਨ ਬਾਰੇ ਇਹੋ ਦਾਅਵਾ ਕਰਦੇ ਹਨ ਕਿ ਇਹ ਉਪਰੋਕਤ ਅਰਥਾਂ ਵਿਚ ਈਸ਼ਵਰ-ਕ੍ਰਿਤ ਤੇ 'ਵਹਜ' ਹਨ। ਪਰ ਮੁਸਲਮਾਨਾਂ ਵਿਚ ਇਕ ਸ਼੍ਰੇਣੀ ਦੇ ਵਿਦਵਾਨ ਜੋ ਕਿ 'ਮੁੰਤਜ਼ਿਲਾ' ਕਹੇ ਜਾਂਦੇ ਹਨ, ਉਹਨਾਂ ਦਾ ਮਤ ਹੈ ਕਿ ਕੁਰਾਨ ਸ਼ਰੀਫ਼ ਦੇ ਵਾਕ ਈਸ਼ਵਰ ਦੇ ਸ੍ਵੈ-ਉਚਾਰਣ ਕੀਤੇ ਹੋਏ ਸ਼ਬਦ ਨਹੀਂ ਹਨ ਪਰੰਤੂ ਉਸ ਦੇ ਬਖ਼ਸ਼ੇ ਹੋਏ ਗਿਆਨ ਨੂੰ ਹੀ ਪ੍ਰਗਟਾਉਂਦੇ ਹਨ ਜਿਸ ਦਾ ਨਾਮ 'ਇਲਹਾਮ' ਹੈ। ਭਾਵ ਇਹ ਕਿ ਈਸ਼ਵਰ ਦੀ ਮਾਤ-ਭਾਸ਼ਾ ਜਾਂ ਸਾਂਸਕ੍ਰਿਤਿਕ ਭਾਸ਼ਾ ਤਾਂ ਅਰਬੀ ਨਹੀਂ ਕਹੀ ਜਾ ਸਕਦੀ, ਪਰ ਕੁਰਾਨ ਸ਼ਰੀਫ਼ ਵਿਚ ਜੋ ਗਿਆਨ ਤੇ ਧਰਮ ਅੰਕਤ ਹੈ, ਉਹ ਸਿੱਧਾ ਈਸ਼ਵਰੀ ਗਿਆਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੋ ਦਾਅਵਾ ਇਸ ਵਿਸ਼ੇ ਉੱਤੇ ਹੈ, ਉਸ ਬਾਬਤ ਇਹ ਕਹਿਣਾ ਕਠਿਨ ਹੈ ਕਿ ਉਹ ਗੁਰਵਾਕ ਨੂੰ 'ਵਹਜ' ਕਹਿੰਦੇ ਹਨ ਕਿ 'ਇਲਹਾਮ' ਮੰਨਦੇ ਹਨ। ਇਉਂ ਕਹਿਣਾ ਸ਼ਾਇਦ ਵਧੇਰੇ ਠੀਕ ਹੋਵੇ ਕਿ ਉਹ 'ਵਹਜ' ਤੇ 'ਇਲਹਾਮ' ਦੇ ਅੰਤਰ ਨੂੰ ਹੀ ਨਿਰਾਧਾਰ ਤੇ ਵਿਤੰਡਾਵਾਦ ਮੰਨਦੇ ਹਨ ਅਤੇ ਈਸ਼ਵਰੀ ਗਿਆਨ ਤੇ ਵਿਧਾਨ ਨੂੰ ਕਿਸੇ ਵਿਸ਼ੇਸ਼ ਭਾਸ਼ਾ ਵਿਚ ਸੀਮਤ ਕਰਨ ਨੂੰ ਹੀ

ਅਗਿਆਨ-ਆਸ਼ਰਿਤ ਮੰਨਦੇ ਹਨ ਤੇ ਇਹੋ ਵਿਚਾਰ ਉਹਨਾਂ ਦੇ ਸੰਸਕ੍ਰਿਤ ਬੋਲੀ ਦੇ ਦੇਵ-ਬਾਣੀ ਕਹਿਣ ਬਾਬਤ ਤੇ ਵੇਦ-ਵਾਕਾਂ ਦੇ ਈਸ਼ਵਰ-ਕ੍ਰਿਤ ਮੰਨਣ ਬਾਰੇ ਸਨ ਤੇ ਇਹੋ ਮਤ ਉਹਨਾਂ ਦਾ ਅਰਬੀ ਭਾਸ਼ਾ ਤੇ ਕੁਰਾਨ ਸ਼ਰੀਫ਼ ਦੇ 'ਵਹਜ' ਸਿਧਾਂਤ ਬਾਰੇ ਸੀ ਕਿਉਂ ਜੁ ਦਸਮ ਗੁਰੂ ਦੇ ਸਰਵ ਪ੍ਰਮਾਣੀਕ ਤੇ ਸੰਸ਼ੈਨਿਰੋਧੀ ਬਚਨ ਹਨ, 'ਸਭੇ ਦੇਸ਼ ਵਿਦਿਆ, ਸਭੇ ਲੋਕ ਬਾਣੀ, ਸਭੇ ਕਾਲ ਭਾਸ਼ਾ ਸਮਸਤੋ ਪਰਧਾਨੀ' ਤੇ ਇਹੋ ਸਿਧਾਂਤ ਤੇ ਵਿਆਖਿਆ ਹੀ ਬੁੱਧੀਵਾਨ ਤੇ ਪੱਖਪਾਤ ਤੋਂ ਰਹਿਤ ਭਲੇ ਪੁਰਸ਼ ਸਵੀਕਾਰ ਕਰ ਸਕਦੇ ਹਨ। ਇਉਂ ਵਿਚਾਰਿਆਂ ਗੁਰੂ ਨਾਨਕ ਸਾਹਿਬ ਦੀ ਪਦਵੀ ਉਸ ਸ਼੍ਰੇਣੀ ਦੇ ਮਹਾਂਪੁਰਖਾਂ ਨਾਲ ਸੰਤੁਲਨਾ ਯੋਗ ਹੈ, ਜਿਸ ਨਾਲ ਕਿ ਮਹਾਨ ਅਰਬੀ ਪੈਗ਼ੰਬਰ ਹਜ਼ਰਤ ਮੁਹੰਮਦ ਦਾ ਸੰਬੰਧ ਹੈ ਤੇ ਜਿਸ ਸ਼੍ਰੇਣੀ ਦੇ ਇਕ ਪ੍ਰਸਿੱਧ ਰਤਨ ਗੌਤਮ ਬੁੱਧ ਹਨ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਪਣੇ ਦਾਅਵੇ ਅਨੁਸਾਰ ਹੀ ਇਹਨਾਂ ਦੋ ਉਪਰੋਕਤ ਮਹਾਂਪੁਰਖਾਂ ਨਾਲੋਂ ਭੀ ਇਕ ਭਾਰਾ ਅੰਤਰਾ ਹੈ। ਹਜ਼ਰਤ ਮੁਹੰਮਦ ਦਾ ਇਹ ਦਾਅਵਾ ਤਾਂ ਸੀ ਕਿ ਜਿਹੜਾ ਗਿਆਨ ਉਪਦੇਸ਼ ਉਹ ਪ੍ਰਚਾਰਦੇ ਹਨ, ਉਹ ਈਸ਼ਵਰ-ਕ੍ਰਿਤ ਜਾਂ ਈਸ਼ਵਰ ਪ੍ਰੇਰਿਤ ਹੈ ਪਰ ਉਹ ਨਾਲ ਇਹ ਵੀ ਘੜੀ-ਮੁੜੀ ਸਪੱਸ਼ਟ ਤੌਰ 'ਤੇ ਕਹਿੰਦੇ ਸਨ ਕਿ ਇਹ ਗਿਆਨ ਉਪਦੇਸ਼ ਉਹੋ ਹਨ ਜੋ ਅੱਲਾਹ ਨੇ ਪ੍ਰਾਚੀਨ ਸਮਿਆਂ ਵਿਚ ਨਬੀ ਇਬਰਾਹੀਮ ਨੂੰ ਦਿੱਤੇ ਸਨ। ਅਤੇ ਉਹਨਾਂ ਨੇ ਕਿਹਾ, "ਤੁਸੀਂ ਯਾ ਈਸਾਈ ਬਣੋ ਤੇ ਯਾ ਯਹੂਦੀ ਤਾਂ ਜੁ ਤੁਹਾਨੂੰ ਧਰਮ ਪੱਖ ਦੀ ਪ੍ਰਾਪਤੀ ਹੋਵੇ। ਪਰ ਤੂੰ ਕਹਿ, ਇਬਰਹੀਮ ਦਾ ਧਰਮ ਅਤੇ ਉਹ ਇਬਰਾਹੀਮ ਦ੍ਵੈਤਵਾਦੀ ਨਹੀਂ ਸੀ।"[1] ਇਵੇਂ ਹੀ ਗੌਤਮ ਬੁੱਧ ਦਾ ਬਚਨ ਹੈ ਕਿ ਜਿਹੜੇ ਧਰਮ ਉਪਦੇਸ਼ ਮੈਂ ਪ੍ਰਚਾਰ ਰਿਹਾ ਹਾਂ, ਉਹ ਉਹੋ ਪ੍ਰਾਚੀਨ ਤੇ ਸਨਾਤਨ ਧਰਮ ਉਪਦੇਸ਼ ਹਨ ਜੋ ਕਿ ਬੁੱਧ ਗਤੀ ਨੂੰ ਪ੍ਰਾਪਤ ਹੋਏ ਮਹਾਂਪੁਰਖ, ਬੀਤ ਚੁੱਕੇ ਕਲਪਾਂ ਵਿਚ ਪ੍ਰਚਾਰਦੇ ਰਹੇ ਹਨ, "ਏਸ਼ੋ ਧੱਮਮ ਸਨਾਤਮ।" "ਮੈਂ ਪੁਰਾਤਨ ਰਾਹ ਅਨੁਭਵ ਕੀਤਾ। ਉਹ ਪ੍ਰਾਚੀਨ ਪੰਥ ਜੋ ਕਿ ਪੂਰਵ ਬੁੱਧ ਅਪਣਾਉਂਦੇ ਰਹੇ ਹਨ। ਉਹੋ ਧਰਮ ਪੱਥ ਮੈਂ ਫੜ ਲਿਆ ਹੈ।"[2] ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਵਾਕਾਂ ਅਤੇ ਅਪਰ-ਸਿੱਖ ਗੁਰੂਆਂ ਦੀ ਬਾਣੀ ਤੇ ਕਥਨੀ ਵਿਚ ਕੋਈ ਸੰਕੇਤ ਇਸ਼ਾਰਾ ਅਜਿਹਾ ਨਹੀਂ ਹੈ, ਜਿਸ ਤੋਂ ਇਹ ਸਿੱਧ ਹੋਵੇ ਕਿ ਉਹ ਆਪਣੇ ਗਿਆਨ ਤੇ ਆਪਣੀ ਸ਼ਰੁਤੀ ਅਥਵਾ ਆਪਣੇ ਇਲਹਾਮ ਦੀ ਸੱਤਯ ਸਿਧੀ ਨੂੰ ਕਿਸੇ ਹੋਰ ਬਾਣੀ ਜਾਂ ਇਲਹਾਮ ਉੱਤੇ ਆਧਾਰਿਤ ਜਾਂ ਆਸ਼ਰਿਤ ਮੰਨਦੇ ਹਨ। ਉਹ ਆਪਣੀ ਬਾਣੀ ਨੂੰ ਸਿੱਧਾ ਈਸ਼ਵਰ-ਪ੍ਰੇਰਿਤ ਤੇ ਈਸ਼ਵਰੋਤਪਤ ਗਿਆਨ ਤੇ ਧਰਮ ਹੋਣ ਦਾ ਦਾਅਵਾ ਕਰਦੇ ਹਨ ਅਤੇ ਉਸ ਦੀ ਸੱਤਯ ਸਿਧੀ ਦੀ ਸਾਖੀ ਕਿਸੇ ਹੋਰ ਵਾਕ ਜਾਂ ਇਲਹਾਮ ਨੂੰ ਨਹੀਂ ਬਿਆਨਦੇ। ਇਸ ਦਾ ਭਾਵ ਇਹ ਨਹੀਂ ਕਿ ਜੋ ਉਪਦੇਸ਼ ਗਿਆਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਚਾਰਿਆ, ਉਸ ਦਾ ਜਾਂ ਉਸ ਦੇ ਵਿਕੋਲਿਤਰੇ ਰੂਪਾਂ ਦਾ ਪੰਦਰ੍ਹਵੀਂ ਸਦੀ ਈਸਵੀ ਤੋਂ ਪਹਿਲਾਂ ਅਭਾਵ ਸੀ। ਹੋ ਸਕਦਾ ਹੈ ਤੇ ਇਉਂ ਹੈ ਕਿ ਜੋ ਗਿਆਨ ਉਪਦੇਸ਼ ਸ੍ਰੀ ਗੁਰੂ ਨਾਨਕ ਦੇਵ ਜੀ ਰਾਹੀਂ ਜਗਤ ਦੇ ਕਲਿਆਣ ਹਿਤ ਪੰਦਰ੍ਹਵੀਂ ਸਦੀ ਈਸਵੀ ਵਿਚ ਉਤਰਿਆ ਉਹ ਜਾਂ ਉਸ ਦੇ ਢੇਰ ਸਾਰੇ ਅੰਸ਼ ਪਹਿਲੋਂ ਵੀ, ਪ੍ਰਾਚੀਨ ਸਮਿਆਂ ਤੋਂ, ਸੰਸਾਰ ਵਿਚ ਪ੍ਰਗਟ ਸਨ, ਪਰ ਇਸ ਦਾ ਕਾਰਣ ਇਹ ਹੈ ਕਿ ਜਿਵੇਂ ਕਿ ਯੂਰਪੀਨ

ਸੰਤ ਅੰਬਰੋਸ ਦਾ ਵਚਨ ਹੈ, "ਜੋ ਕੁਝ ਭੀ ਸ੍ਵਤੇ-ਸਿਧ ਤੇ ਸਤ ਹੈ ਉਹ ਜਿਸ ਕਿਸੇ ਨੇ ਭੀ ਕਿਹਾ ਹੈ ਉਸ ਦੀ ਪ੍ਰੇਰਨਾ ਈਸ਼ਵਰ ਸ਼ਕਤੀ (Holy Ghost) ਹੀ ਹੈ।"[3] ਨੁਕਤਾ ਕੇਵਲ ਇਤਨਾ ਹੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗਿਆਨ ਉਪਦੇਸ਼ਾਂ ਦਾ ਮੂਲ ਸੋਮਾ ਕੋਈ ਅੰਨਯ ਧਰਮ ਗਿਆਨ ਨਹੀਂ ਸਗੋਂ ਉਹ ਸਿੱਧੇ ਈਸ਼ਵਰ-ਸ੍ਰਿਸ਼ਟ ਤੇ ਈਸ਼ਵਰ-ਪ੍ਰੇਰਿਤ ਵਾਕ ਹਨ ਅਤੇ ਨਾ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਗਿਆਨ ਉਪਦੇਸ਼ਾਂ ਦੀ ਸਨਦ ਤੇ ਸਾਖੀ ਕੋਈ ਹੋਰ ਅੰਨਯ ਸ਼ਰੁਤੀ-ਗ੍ਰੰਥ, ਇਲਹਾਮੀ ਕਿਤੇਬਾਂ ਜਾਂ ਕੋਈ ਹੋਰ ਪ੍ਰਾਚੀਨ ਸਨਾਤਨ ਅਨੁਭਵ ਤੇ ਪੂਰਵ ਪ੍ਰਚਲਿਤ ਪ੍ਰਥਾ ਹੈ। ਇਹ ਉਪਦੇਸ਼ ਗਿਆਨ ਸਿੱਧੇ ਈਸ਼ਵਰ-ਸ੍ਰਿਸ਼ਟ, ਸ੍ਵਤੇ-ਸਿਧ ਤੇ ਆਪਣੀ ਸਨਦ ਸਾਖੀ ਆਪ ਹੀ ਹਨ। ਇਉਂ ਵਿਚਾਰਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਦ ਪਦਵੀ, ਵੈਦਿਕ ਰਿਸ਼ੀਆਂ, ਭਾਰਤੀ ਬੁੱਧਾਂ, ਤੀਰਥੰਕਰਾਂ ਤੇ ਸਾਮੀ ਨਬੀਆਂ, ਪੈਗ਼ੰਬਰਾਂ ਨਾਲੋਂ ਸਪੱਸ਼ਟ ਭਿੰਨ ਤੇ ਸ੍ਰੇਸ਼ਟ ਦਿਸ ਆਉਂਦੀ ਹੈ ਤੇ ਕੁਝ ਇਹੋ ਜਿਹੇ ਵਿਚਾਰ ਤੇ ਉਕਤੀਆਂ ਯੁਕਤੀਆਂ ਨੇ ਹੀ ਮਹਾਂਕਵੀ ਸੰਤੋਖ ਸਿੰਘ ਦੇ ਮਨ ਨੂੰ ਪ੍ਰਭਾਵਿਤ ਕੀਤਾ ਹੋਵੇਗਾ, ਜਦੋਂ ਕਿ ਉਸ ਨੇ ਕਿਹਾ ਕਿ "ਸ੍ਰੀ ਨਾਨਕ ਪੁਰਸ਼ੋਤਮੰ ਪਰਮ ਪਰਾਵਰ ਨਾਥ।"[4] ਭਾਵਾਰਥ ਇਹ ਕਿ 'ਰ' 'ਵ' 'ਰ', ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਤੋਂ ਪਰੇ ਤੇ ਉੱਚੇ, ਬੁੱਧ ਤੇ ਤੀਰਥੰਕਰ ਜੋ ਪਰਾਵਰ ਕਹੀਦੇ ਹਨ, ਉਹਨਾਂ ਦੇ ਨਾਥ ਗੁਰੂ ਨਾਨਕ ਹਨ। ਸੋ ਇਹ ਪਦਵੀ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਕਵੀ ਨੇ ਕਹੀ ਹੈ, ਇਹ ਵਾਸਤਵਿਕ ਹੈ, ਐਵੇਂ ਕਾਵਯ ਅਤਿਕਥਨੀ ਜਾਂ ਸ਼ਾਇਰ ਦਾ ਮੁਬਾਲਗਾ ਨਹੀਂ ਹੈ। ਇਹ ਮਹਾਂਕਵੀ ਦੀ ਕਥੀ ਹੋਈ ਪਦਵੀ ਓਹੋ ਵਾਸਤਵਿਕ ਕਥਨੀ ਹੈ, ਜਿਸ ਦੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਪਣੇ ਦਾਅਵੇ ਤੋਂ ਪੁਸ਼ਟੀ ਹੁੰਦੀ ਹੈ। ਇਸ ਪਦ-ਪਦਵੀ ਦਾ ਮਾਰਟਨ ਲੂਥਰ ਦੀ ਪਦਵੀ ਨਾਲ ਮੁਕਾਬਲਾ ਕਰਨਾ ਜਾਂ ਤੁਲਨਾ ਦੇਣੀ ਭਾਰੀ ਭੁੱਲ ਤੇ ਅਵੱਗਿਆ ਹੈ। ਮਾਰਟਨ ਲੂਥਰ ਨੇ ਕਿਸੇ ਸਮੇਂ ਅਤੇ ਕਿਵੇਂ ਭੀ ਰਿਸ਼ੀ, ਸ਼ਰੁਤੀ ਦਾ ਸੰਚਾਲਕ ਜਾਂ ਨਬੀ ਪੈਗ਼ੰਬਰ ਹੋਣ ਦਾ ਦਾਅਵਾ ਨਹੀਂ ਕੀਤਾ। ਸਗੋਂ ਉਹ ਆਯੂ ਪ੍ਰਯੰਤ ਆਪਣੇ ਆਪ ਨੂੰ ਅੰਜੀਲ ਦਾ ਅਨੁਯਾਈ ਤੇ ਈਸਾਈ ਪੰਥ ਦਾ ਤੁੱਛ ਸੇਵਕ ਕਹਿੰਦਾ ਤੇ ਸਮਝਦਾ ਰਿਹਾ। ਉਸ ਨੇ ਕੇਵਲ ਅੰਜੀਲ ਤੇ ਈਸਾਈ ਮਤ ਦੇ ਕੁਝ ਸਿਧਾਂਤਾਂ ਤੇ ਰਹੁ-ਰੀਤਾਂ ਦੀ ਅਜਿਹੀ ਵਿਆਖਿਆ ਕੀਤੀ ਜੋ ਕਿ ਰੋਮ ਦੇ ਸ੍ਰੀ ਮਹੰਤ ਪੋਪ ਨੂੰ ਸਵੀਕਾਰ ਨਹੀਂ ਸੀ। ਇਸ ਲਈ ਉਸ ਦੀ ਪਦਵੀ ਉਹੋ ਹੈ ਜੋ ਸਨਾਤਨ ਹਿੰਦੂ ਮਤ ਵਿਚ ਸ਼ੰਕਰਾਚਾਰਯ, ਮਾਧਵਾਚਾਰਯ ਤੇ ਰਾਮਾਨੁਜਾਚਾਰਯ ਦੀ ਹੈ, ਜਿਨ੍ਹਾਂ ਨੇ ਕਿ ਬਦ੍ਰਾਯਣ ਰਿਸ਼ੀ ਦੇ ਰਚੇ ਹੋਏ ਬ੍ਰਹਮ ਸੂਤਰਾਂ ਦੀ ਵਿਆਖਿਆ ਵੱਖੋ-ਵੱਖਰੀ ਕੀਤੀ ਹੈ, ਜਿਸ ਦਾ ਸਿੱਟਾ ਕਿ ਅਦ੍ਵੈਤਵਾਦ, ਦ੍ਵੈਤਵਾਦ ਤੇ ਵਸ਼ਿਸ਼ਟ-ਦ੍ਵੈਤਵਾਦ ਦੇ ਸਿਧਾਂਤ ਹਨ। ਇਹ ਆਚਾਰਯ ਆਪਣੇ ਸਿਧਾਂਤਾਂ ਦੀ ਸਿੱਧੀ ਤੇ ਪੁਸ਼ਟੀ ਦੀ ਸਨਦ ਬ੍ਰਹਮ-ਸੂਤਰਾਂ ਨੂੰ ਹੀ ਮੰਨਦੇ ਹਨ ਤੇ ਕਿਸੇ ਸ੍ਵੈਭਵ ਗਿਆਨ ਦੇ ਸੰਚਾਲਕ ਹੋਣ ਦਾ ਦਾਅਵਾ ਇਹ ਆਚਾਰਯ ਨਹੀਂ ਕਰਦੇ। ਇਉਂ ਮਾਰਟਨ ਲੂਥਰ ਭੀ ਇਕ ਈਸਾਈ ਆਚਾਰਯ ਹੈ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਉਸ ਨੂੰ ਤੁਲਨਾ ਦੇਣੀ ਇਕ ਵੱਡਾ ਭੁਲੇਖਾ ਹੈ।

(2) ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਰਮ-ਖੇਤਰ ਮਾਰਟਨ ਲੂਥਰ ਦੇ ਕਰਮ-ਖੇਤਰ ਨਾਲੋਂ ਬਿਲਕੁਲ

ਵੱਖਰਾ ਤੇ ਭਿੰਨ ਹੈ ਕਿਉਂ ਜੋ ਮਾਰਟਨ ਲੂਥਰ ਕੇਵਲ ਆਪਣੇ ਸਮੇਂ ਤੇ ਆਪਣੇ ਚੁਗਿਰਦੇ ਵਿਚ ਉਗਮ ਤੇ ਪ੍ਰਿਯ ਬਣ ਰਹੇ ਵਿਚਾਰਾਂ ਦਾ ਕੇਵਲ ਪ੍ਰਤਿਨਿਧ ਹੀ ਸੀ, ਕਿਸੇ ਨਵੀਨ ਵਿਚਾਰਧਾਰਾ ਦਾ ਸੰਚਲਕ ਨਹੀਂ ਸੀ। ਤਾਂ ਹੀ ਉਸ ਨੂੰ ਝੱਟ-ਪਟ ਜਨਤਾ ਤੇ ਰਾਜੇ-ਰਾਣਿਆਂ ਦੀ ਹਮਾਇਤ ਪ੍ਰਾਪਤ ਹੋ ਗਈ ਤੇ ਪਰੋਟੈਸਟੈਂਟ ਸੰਪਰਦਾ ਦਿਨਾਂ ਵਿਚ ਹੀ ਸਰਵ-ਪ੍ਰਿਯ ਲਹਿਰ ਦਾ ਰੂਪ ਧਾਰਨ ਕਰ ਗਈ। ਇਸ ਦੇ ਉਲਟ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ਿਆ ਧਰਮ ਗਿਆਨ, ਉਸ ਸਮੇਂ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚੌਗਿਰਦੇ ਵਿਚੋਂ ਪਹਿਲੋਂ ਤੋਂ ਪ੍ਰਚਲਿਤ ਤੇ ਪ੍ਰਿਯ ਧਰਮ ਗਿਆਨ ਨਹੀਂ ਸੀ, ਸਗੋਂ ਇਕ ਨਵੀਂ ਜੀਵਨ-ਜਾਚ, ਇਕ ਵੱਖਰਾ ਧਰਮ ਤੇ ਇਕ ਅਨੂਠਾ ਪੰਥ ਮਾਰਗ ਸੀ ਜਿਸ ਕਾਰਣ ਸਿੱਖੀ ਤੇ ਸਿੱਖਾਂ ਨੂੰ ਕੇਵਲ ਜੀਵਨ ਅਧਿਕਾਰ ਪ੍ਰਾਪਤ ਕਰਨ ਲਈ ਡੇਢ ਸੌ ਵਰ੍ਹੇ ਤਕ ਬਲੀਦਾਨ ਦੇਣਾ ਪਿਆ ਤੇ ਸਿਰ ਤਲੀ ਉੱਤੇ ਰੱਖ ਕੇ ਸਿੱਖੀ ਮਾਰਗ ਉੱਤੇ ਤੁਰਨਾ ਪਿਆ।

(3) ਜਿਸ ਧਰਮ ਗਿਆਨ ਦਾ ਉਪਦੇਸ਼ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਚਾਰਿਆ, ਉਸ ਦੀ ਵਿਚਾਰ-ਸਾਮੱਗਰੀ (Conceptual Content) ਉਸ ਸ਼੍ਰੇਣੀ ਨਾਲੋਂ ਕਿਤੇ ਵੱਖਰੀ ਹੈ, ਜਿਸ ਸ਼੍ਰੇਣੀ ਦੀ ਕਿ ਮਾਰਟਨ ਲੂਥਰ ਦੀ ਵਿਚਾਰਧਾਰਾ ਹੈ। ਮਾਰਟਨ ਲੂਥਰ ਦੇ ਵਿਚਾਰਾਂ ਨੇ ਪ੍ਰਚਲਿਤ ਈਸਾਈ ਮਤ ਨੂੰ ਇਕ ਨਵਾਂ ਜੀਵਨ ਪ੍ਰਦਾਨ ਕੀਤਾ ਅਤੇ ਉਸ ਨੂੰ ਕਈ ਨਵੀਆਂ ਪਗਡੰਡੀਆਂ ਦਰਸਾਈਆਂ ਜਿਨ੍ਹਾਂ ਉੱਤੇ ਚੱਲ ਕੇ ਕਿ ਯੂਰਪ ਦੇ ਈਸਾਈ ਦੇਸ਼ ਆਧੁਨਿਕ ਸਮਾਜਿਕ ਯੁਗ ਦੇ ਮੋਹਰੀ ਬਣ ਗਏ ਹਨ। ਪਰ ਜੋ ਗਿਆਨ ਉਪਦੇਸ਼ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗਤ ਨੂੰ ਦਿੱਤਾ, ਉਸ ਦੇ ਵਿਚਾਰ ਕੋਸ਼ ਵਿਚ ਇਕ ਨਵੇਂ ਯੁਗ ਤੇ ਨਵੀਂ ਵਿਸ਼ਵ-ਸਭਿਅਤਾ ਨੂੰ ਨਿਰਮਤ ਤੇ ਉਜਾਗਰ ਕਰਨ ਦੀ ਸ਼ਕਤੀ ਹੈ, ਜਿਹੜੀ ਪ੍ਰਮਾਣੂ ਸ਼ਕਤੀ ਕਿ ਅਜੇ ਤਕ ਕੁਝ ਰਾਜ ਭੂਗੋਲਿਕ (Geophysical) ਕਾਰਨਾਂ ਕਰਕੇ ਪ੍ਰਜ੍ਵਲਿਤ ਨਹੀਂ ਹੋ ਸਕੀ। ਪਰ ਜਿਸ ਦੀ ਹੋਂਦ ਤੇ ਪ੍ਰਾਗਲਭਤਾ ਵਿਚ ਕਿਸੇ ਦੀਰਘ ਧੀਮਾਨ ਪੁਰਸ਼ ਨੂੰ ਸੰਸ਼ੈ ਨਹੀਂ ਹੋ ਸਕਦਾ।

ਇਹ ਤਿੰਨ ਮੋਟੇ ਅੰਤਰੇ ਸ੍ਰੀ ਗੁਰੂ ਨਾਨਕ ਦੇਵ ਜੀ ਜੀ ਪਦ-ਪਦਵੀ ਤੇ ਵਿਚਾਰਧਾਰਾ ਅਤੇ ਮਾਰਟਨ ਲੂਥਰ ਵਿਚਕਾਰ ਐਸੇ ਮੌਲਿਕ ਤੇ ਬੁਨਿਆਦੀ ਹਨ ਕਿ ਦੋਹਾਂ ਨੂੰ ਕਿਸੇ ਅੰਗ ਤੋਂ ਭੀ ਸੰਤੁਲਿਤ ਕਰਨਾ ਇਕ ਭਾਰੀ ਭੁੱਲ ਹੈ। ਬਿਨਾ ਮੁਬਾਲਗੇ ਦੇ ਤੇ ਸੱਚੀ ਗੱਲ ਤਾਂ ਇਹੋ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਦਵੀ ਦੀ ਸ੍ਰੇਸ਼ਟਤਾ ਤੇ ਉਹਨਾਂ ਦੇ ਗਿਆਨ ਵਿਚਾਰਾਂ ਦੀ ਸਰਵੱਗਯ ਸ਼ਕਤੀ ਅਸੰਤੁਲਿਤ ਤੇ ਅਦੁੱਤੀ ਹੈ।

ਭਵਿਸ਼ਯ ਪੁਰਾਨ ਦੇ ਅਨੁਭਵੀ ਕਰਤਾ ਨੇ ਜੋ ਕਿਹਾ ਹੈ ਕਿ : 'ਤਦਵਇ ਲੋਕ ਰਕਸ਼ਾਰਥੰ ਮੱਲੇਛਾਨੁ ਨਾਸ਼ ਹੇਤਵੇ, ਪਸ਼ਚਮੇਤੁ ਸ਼ੁਭੇ ਦੇਸ਼ੇ, ਵੇਦੀ ਵੰਸੇਚ ਨਾਨਕੋਂ।''

ਇਹ ਬਹੁਤ ਹੱਦ ਤਕ ਠੀਕ ਸਮੀਖਿਆ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਦਵੀ ਤੇ ਕਰਮ-ਖੇਤਰ ਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਦਵੀ ਉਸ ਰਹਿਨੁਮਾ ਦੀ ਹੈ ਜਿਸ ਨੇ ਮਨੁੱਖ ਜਾਤੀ ਦੀ ਹਰ ਪ੍ਰਕਾਰ ਦੇ ਪਾਪ ਅਨਿਆਂ ਤੋਂ ਰੱਖਿਆ ਕਰਨ ਹਿੱਤ ਅਤੇ ਮਲੇਛ ਸ਼ਕਤੀਆਂ ਦਾ ਪ੍ਰਹਾਰ ਕਰਨ ਹਿੱਤ ਆਪਣੇ ਧਰਮ ਗਿਆਨ ਦਾ ਉਪਦੇਸ਼ ਦਿੱਤਾ।

ਹਵਾਲੇ ਅਤੇ ਟਿੱਪਣੀਆਂ

1. ਕੁਰਾਨ, 2.135.
2. ਸਮਯੁਤਨਿਕਾਯ 2.103.
3. St. Ambrose in I. Corinth, 12.3, endorsed by St. Thomas Axquinas in Sum Theol, 1.11, 109.1.
4. ਨਾਨਕ ਪ੍ਰਕਾਸ਼, 1-1.4.

(11/1958)

ਗੁਰੂ ਨਾਨਕ ਸਾਹਿਬ ਦੀ ਪਦ-ਪਦਵੀ

ਅੱਜ ਦਾ ਭਾਸ਼ਨ ਮੈਂ ਪੰਜਾਬੀ ਵਿਚ ਇਸ ਲਈ ਦੇ ਰਿਹਾ ਹਾਂ ਤਾਂ ਜੋ ਇਸ ਦਾ ਲਾਭ ਸਭਨਾਂ ਨੂੰ ਸਮਾਨ ਤੌਰ 'ਤੇ ਪੁੱਜੇ ਅਤੇ ਅਸੀਂ ਆਪਣੀ ਭਾਸ਼ਾ ਨੂੰ ਜੋ ਵਿਦਿਆ ਦਾ ਮਾਧਿਅਮ ਤੇ ਉੱਚ ਵਿਚਾਰ ਪ੍ਰਗਟਾਉਣ ਦਾ ਸਾਧਨ ਬਣਾਉਣ ਦਾ ਉਪਰਾਲਾ ਕਰ ਰਹੇ ਹਾਂ, ਇਸ ਵਿਚ ਕੁਝ ਮੈਂ ਵੀ ਆਪਣਾ ਯੋਗਦਾਨ ਪਾ ਸਕਾਂ।

ਉਂਜ ਸਿੱਖ ਧਰਮ ਵਿਚ ਕਿਸੇ ਭਾਸ਼ਾ ਨੂੰ ਵਡਿਆਇਆ ਜਾਂ ਛੁਟਿਆਇਆ ਨਹੀਂ ਗਿਆ। ਸਾਰੀਆਂ ਭਾਸ਼ਾਵਾਂ ਵਰਗੀਕਰਣ ਕਰ ਕੇ ਚੰਗੀਆਂ-ਮੰਦੀਆਂ ਨਹੀਂ, ਸਗੋਂ ਉਹਨਾਂ ਵਿਚ ਪ੍ਰਗਟਾਏ ਗਏ ਵਿਚਾਰਾਂ ਕਾਰਨ ਪਵਿੱਤਰ ਜਾਂ ਅਪਵਿੱਤਰ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਗਿਆਨ ਪ੍ਰਬੋਧ' ਵਿਚ ਇਸ ਗੱਲ ਦਾ ਨਿਰਣਾ ਇਉਂ ਕਹਿ ਕੇ ਕੀਤਾ ਹੈ:

ਸਭੈ ਅਛਰ ਬਿਦਿਆ ਸਭੈ ਦੇਸ ਬਾਨੀ॥
ਸਭੈ ਦੇਸ ਪੂਜਾ ਸਮਸਤੋ ਪ੍ਰਧਾਨੀ॥ *(ਦਸਮ ਗ੍ਰੰਥ, ਪੰਨਾ ੧੫੧)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਵਿਚਾਰ ਦਾ ਸ੍ਰੋਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੀ ਕਿ ਸ਼ੁੱਧ ਹਿਰਦੇ ਨਾਲ ਕਹੀ ਹੋਈ ਕਿਸੇ ਵੀ ਭਾਸ਼ਾ ਵਿਚ ਉੱਚੀ ਗੱਲ ਪਵਿੱਤਰ ਹੋ ਸਕਦੀ ਹੈ।

ਯਾਦ ਰਹੇ ਕਿ ਸਾਡੇ ਦੇਸ਼ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਸਮਾਜ ਅੰਦਰ ਸੰਸਕ੍ਰਿਤ ਨੂੰ ਦੇਵ-ਭਾਸ਼ਾ ਕਹਿ ਕੇ ਵਡਿਆਇਆ ਅਤੇ ਬਾਕੀ ਭਾਸ਼ਾਵਾਂ ਨੂੰ ਸ਼ੂਦਰ ਜਾਂ ਮਲੇਛ ਭਾਖਾ ਕਹਿ ਕੇ ਨਿੰਦਿਆ ਜਾਂਦਾ ਸੀ। ਇਹ ਗੱਲ ਕਥਨੀ ਮਾਤਰ ਨਹੀਂ। ਇਸ ਦੇ ਪ੍ਰਮਾਣ ਲਈ ਮੈਂ ਇਕ ਬਦੇਸ਼ੀ ਯਾਤਰੀ ਅਲਬਰੂਨੀ ਦੀ 'ਕਿਤਾਬੁਲ ਹਿੰਦ' ਵੱਲ ਤੁਹਾਡਾ ਧਿਆਨ ਦੁਆਉਣਾ ਚਾਹੁੰਦਾ ਹਾਂ, ਜਿਸ ਨੇ 11ਵੀਂ ਸਦੀ ਵਿਚ ਭਾਰਤ ਦੇ ਸਾਰੇ ਹਾਲਾਤ ਦੇਖ-ਪਾਖ ਕੇ ਗੂੜ੍ਹੇ ਅਧਿਐਨ ਤੋਂ ਬਾਅਦ ਇਥੋਂ ਦੇ ਹਿੰਦੂਆਂ ਦੇ ਦ੍ਰਿਸ਼ਟੀਕੋਣ ਨੂੰ ਬਿਆਨਦਿਆਂ ਇੰਜ ਲਿਖਿਆ ਸੀ ਕਿ:

ਹਿੰਦੂ ਲੋਕਾਂ ਦਾ ਵਿਸ਼ਵਾਸ ਹੈ ਕਿ ਇਸ ਦੇਸ਼ ਦੀਆਂ ਭੂਗੋਲਿਕ ਹੱਦਾਂ ਤੋਂ ਪਰ੍ਹੇ ਨਾ ਕੋਈ ਉੱਚ ਵਿਦਿਆ ਪੈਦਾ ਹੋ ਸਕਦੀ ਹੈ ਤੇ ਨਾ ਕੋਈ ਉੱਚੇ ਵਿਚਾਰਾਂ ਵਾਲੀ ਗੱਲ। ਜੋ ਕੁਝ ਵੀ ਹੈ ਉਹ ਸੰਸਕ੍ਰਿਤ ਵਿਚ ਹੀ ਭਰਿਆ ਪਿਆ ਹੈ। ਏਦੂੰ ਪਰ੍ਹੇ ਹੋਰ ਕੁਝ ਨਹੀਂ।

ਉਸ ਨੇ ਇਹ ਵਿਚਾਰ ਸਾਡਿਆਂ ਪੁਰਾਣਾਂ ਅਤੇ ਅਨੇਕਾਂ ਹਿੰਦੂ ਗ੍ਰੰਥਾਂ ਨੂੰ ਪੜ੍ਹਨ ਤੋਂ ਬਾਅਦ ਬਣਾਏ ਸਨ।

ਸ੍ਰੀ ਗੁਰੂ ਨਾਨਕ ਸਾਹਿਬ ਦੀ ਪਹਿਲੀ ਦੇਣ ਜਾਂ ਵਡਿਆਈ ਇਸ ਵਿਚ ਹੈ ਕਿ ਉਹਨਾਂ

ਨੇ ਸਾਡੀ ਪ੍ਰਾਚੀਨ ਪ੍ਰਣਾਲੀ ਦਾ ਵਹਿਮ ਭੰਨ ਕੇ ਉੱਚਤਮ ਵਿਚਾਰਾਂ ਦਾ ਮਾਧਿਅਮ ਇਥੋਂ ਦੀ ਲੋਕ-ਭਾਸ਼ਾ ਪੰਜਾਬੀ ਨੂੰ ਬਣਾਇਆ। ਉਸੇ ਭਾਸ਼ਾ ਵਿਚ ਮੈਂ ਆਪਣਾ ਅੱਜ ਦਾ ਭਾਸ਼ਨ ਦੇ ਰਿਹਾ ਹਾਂ।

ਪਿਛਲੇ ਸਾਲ ਚੰਡੀਗੜ੍ਹ ਵਿਚ ਪੰਜਾਬ ਸਰਕਾਰ ਵੱਲੋਂ ਸੱਦੀ ਗਈ ਇਕੱਤਰਤਾ ਵਿਚ ਬੜੇ-ਬੜੇ ਸ਼ਕਤੀਸ਼ਾਲੀ ਤੇ ਪਦ-ਅਧਿਕਾਰੀ ਸਿੱਖ ਨੇਤਾਵਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਕੁਝ ਉੱਘੇ ਤੇ ਵੱਡੇ ਸਿੱਖ ਨੇਤਾਗਣਾਂ ਦਾ ਇਹ ਵਿਚਾਰ ਸੁਣਨ ਵਿਚ ਆਇਆ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਵਿਚਾਰਾਂ ਦੀ ਧਾਰਾ ਨੂੰ ਸਿੱਖ ਜਗਤ ਨੇ ਸਮਝਿਆ ਨਹੀਂ ਅਤੇ ਨਾ ਹੀ ਇਸ ਬਾਰੇ ਕੋਈ ਅਮਲੀ ਕੰਮ ਕੀਤਾ ਹੈ। ਇਸ ਲਈ ਅਸੀਂ ਸਾਰੇ ਨਰਕਾਂ ਦੇ ਭਾਗੀ ਹਾਂ। ਮੈਂ ਇਸ ਇਕੱਠ ਵਿਚ ਮੁੱਖ ਮੰਤਰੀ ਸਾਹਿਬ ਦੇ ਕਹਿਣ 'ਤੇ ਜੋ ਗੱਲ ਕਹੀ, ਉਹ ਇਥੇ ਫਿਰ ਦੁਹਰਾਉਂਦਾ ਹਾਂ ਕਿ ਬੇਸ਼ੱਕ ਅਸੀਂ, ਜਿਸ ਤੋਂ ਮੇਰਾ ਮਤਲਬ ਆਮ ਸਿੱਖ ਸਮਾਜ ਹੈ, ਗੁਰੂ ਸਾਹਿਬਾਨ ਦੇ ਵਿਚਾਰਾਂ ਤੇ ਹੁਕਮਾਂ ਨੂੰ ਜਿੰਨਾ ਸਮਝਣਾ ਚਾਹੀਦਾ ਸੀ ਨਹੀਂ ਸਮਝਿਆ, ਜਿਸ ਦਾ ਕਸੂਰ ਵੱਡੇ-ਵੱਡੇ ਸ਼ਕਤੀਸ਼ਾਲੀ ਵਿਅਕਤੀਆਂ ਦਾ ਹੀ ਮੰਨਣਾ ਚਾਹੀਦਾ ਹੈ ਤਾਂ ਜੋ ਨਰਕ-ਵਾਸ ਲਈ ਸਿੱਖਾਂ ਦੀ ਚੋਣ ਵੇਲੇ ਮੇਰੇ ਜਿਹੇ ਗ਼ਰੀਬ ਸਿੱਖ ਧੂਹ ਨਾ ਲਏ ਜਾਣ। ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮੈਂ ਸਮਝਣ ਦੀ ਕੋਸ਼ਿਸ਼ ਕੀਤੀ ਹੈ ਅਤੇ ਜਿਵੇਂ ਉਹਨਾਂ ਦੇ ਵਿਚਾਰਾਂ ਨੇ ਕਈ ਧਰਮਾਂ ਦੇ ਸੰਸਥਾਪਕਾਂ ਵਾਂਗ ਭਾਵੇਂ ਸਲਤਨਤਾਂ ਕਾਇਮ ਕਰ ਕੇ ਸਥਿਰ ਨਹੀਂ ਰੱਖੀਆਂ, ਪਰ ਉਹਨਾਂ ਦੇ ਵਿਚਾਰਾਂ ਦੇ ਬੀਜ ਜਿਵੇਂ ਵਧੇ-ਫੁੱਲੇ, ਜੇ ਇਹ ਦੇਖਿਆ ਜਾਏ ਤਾਂ ਸਿੱਖ ਵਿਚਾਰਧਾਰਾ ਕਿਸੇ ਤੋਂ ਪਿੱਛੇ ਨਹੀਂ, ਸਗੋਂ ਅੱਗੇ ਦਿਸਦੀ ਹੈ।

ਹਿੰਦੁਸਤਾਨ ਵਰਗਾ ਸਨਾਤਨ ਧਰਮੀ ਦੇਸ਼ ਹੋਵੇ ਤੇ ਇਸ ਵਿਚ ਰਹਿਣ ਵਾਲਿਆਂ ਦੇ ਵਿਚਾਰ ਇਹ ਹੋਣ ਕਿ ਇਸ ਦੇਸ਼ ਦੀਆਂ ਹੱਦਾਂ ਤੋਂ ਪਰ੍ਹੇ ਨਾ ਕੋਈ ਵਿਚਾਰਧਾਰਾ ਹੈ, ਨਾ ਕਿਸੇ ਤਰ੍ਹਾਂ ਦਾ ਉੱਚਤਮ ਜੀਵਨ ਜੀਵਿਆ ਜਾ ਸਕਦਾ ਹੈ, ਨਾ ਕਿਸੇ ਦਾ ਕਲਿਆਣ ਹੋ ਸਕਦਾ ਹੈ, ਇਸ ਭੂਮੀ ਵਿਚ ਨਵੀਂ ਵਿਚਾਰਧਾਰਾ ਦੇ ਖ਼ਿਆਲ ਦੀਆਂ ਡੂੰਘੀਆਂ ਜੜ੍ਹਾਂ ਗੱਡ ਦੇਣੀਆਂ ਅਤੇ ਇਥੋਂ ਦੇ ਵਾਸੀਆਂ ਨੂੰ ਵਿਆਪਕ ਦ੍ਰਿਸ਼ਟੀ ਦੇਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨ ਦੇਣ ਜਾਂ ਬਖ਼ਸ਼ਿਸ਼ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅੱਜ ਅਸੀਂ ਪੰਜ ਸੌ ਸਾਲਾ ਉਤਸਵ ਮਨਾ ਰਹੇ ਹਾਂ। ਅਸੀਂ ਪੰਜ ਸੌ ਸਾਲ ਦੀ ਸਮਾਜੀ ਦੇ ਰਾਜਸੀ ਹਾਲਤ ਨੂੰ ਸਮਝੀਏ ਤਾਂ ਉਹ ਇਕ ਮੱਧਕਾਲੀ ਯੁਗ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਨਵੀਂ ਰੌਸ਼ਨੀ ਬਖ਼ਸ਼ ਕੇ ਨਵੇਂ ਆਧੁਨਿਕ ਯੁਗ ਦਾ ਆਰੰਭ ਕੀਤਾ। ਵਰਤਮਾਨ ਯੁਗ ਦੀਆਂ ਸਾਰੀਆਂ ਸੋਚ-ਪ੍ਰਣਾਲੀਆਂ ਜਿਥੇ ਕਿਤੇ ਵੀ ਹੋਣ, ਮੈਂ ਡੂੰਘੇ ਅਧਿਐਨ ਤੋਂ ਬਾਅਦ ਇਸ ਸਿੱਟੇ 'ਤੇ ਪੁੱਜਾ ਹਾਂ ਕਿ ਜੇ ਤੁਸੀਂ ਉਹਨਾਂ ਦੀਆਂ ਖੋਲ੍ਹ-ਖੋਲ੍ਹ ਕੇ ਤੇ ਫਰੋਲ-ਫਰੋਲ ਕੇ ਜੜ੍ਹਾਂ ਲੱਭੋ ਤਾਂ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਵਿਚੋਂ ਹੀ ਨਿਕਲਦੀਆਂ ਮਿਲਣਗੀਆਂ। ਇਹ ਇਕ ਲੰਬਾ ਵਿਸ਼ਾ ਹੈ। ਜੇ ਕੋਈ ਡੂੰਘੇ ਧਿਆਨ ਨਾਲ ਇਸ ਦਾ ਮੁਤਾਲਿਆ ਕਰੇ ਤਾਂ ਦੁਨੀਆਂ ਵਿਚ ਜਿਤਨੇ ਪਰਿਵਰਤਨ ਹੋਏ, ਉਹਨਾਂ ਦੇ ਅਸਲੀ ਕਾਰਨ ਕੀ ਸਨ ਤੇ ਜਿਨ੍ਹਾਂ ਵਿਚਾਰਧਾਰਾਵਾਂ ਨੇ ਸਮਾਜ ਨੂੰ ਨਵੀਂ ਕਿਸਮ ਦੀ ਵਿਧੀ ਤੇ ਪ੍ਰਣਾਲੀ ਦਿੱਤੀ, ਜਿਵੇਂ ਸਾਰਥਿਕਤਾ ਤੇ ਲੈਨਿਨਿਸਟ ਵਿਚਾਰਧਾਰਾ ਨੇ ਰੂਸ ਵਿਚ ਖ਼ਾਸ ਕਿਸਮ ਦਾ ਸਮਾਜ ਤੇ ਸਾਮਰਾਜ ਬਣਾ ਲਿਆ ਤਾਂ ਇਸ ਦੇ ਪਿਛੋਕੜ ਵਿਚ ਗੁਰੂ ਸਾਹਿਬਾਂ ਦੇ ਵਿਚਾਰਾਂ

ਦੇ ਬੀਜ ਹੀ ਮਿਲਣਗੇ। ਇਹ ਗੱਲ ਮੈਂ ਨਹੀਂ ਆਖ ਰਿਹਾ, ਪ੍ਰਸਿੱਧ ਇਤਿਹਾਸਕਾਰ ਟੌਆਇਨਬੀ ਨੇ ਵੀ ਲਿਖੀ ਹੈ।

ਸਿੱਧੇ ਰੂਪ ਵਿਚ ਭਾਵੇਂ ਇਤਿਹਾਸਕ ਜਾਂ ਹੋਰ ਕਿਸੇ ਜ਼ਰੀਏ ਨਾਲ ਇਹ ਗੱਲ ਸਾਬਤ ਕਰਨੀ ਕਠਿਨ ਹੋਵੇ, ਪਰ ਇਹ ਹੈ ਸੱਚ। ਇਸ ਨਾਲੋਂ ਵੱਡੀ ਇਨਕਲਾਬੀ ਤੇ ਨਰੋਈ ਵਿਚਾਰਧਾਰਾ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸਿੱਖੀ ਲਈ ਹੋਰ ਕੀ ਹੋ ਸਕਦੀ ਹੈ।

ਪਿਛਲੇ ਪੰਜ ਸੌ ਸਾਲਾਂ ਵਿਚ ਪਹਿਲੇ ਪੰਜਾਬ ਵਿਚ ਜੋ ਪਸ਼ੌਰ ਤੋਂ ਜਮਨਾ ਤਕ ਸੀ, ਜਿੰਨੇ ਵੀ ਸਿੱਖ ਵੱਸਦੇ ਸਨ, ਬਹੁਤ ਉਹ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦੇ ਧਾਰਨੀ ਤੇ ਅਲੰਬਰਦਾਰ ਮੰਨੇ ਜਾਂਦੇ ਸਨ। ਇਸ ਪੰਜਾਬ ਵਿਚ ਇਹਨਾਂ ਗੁਰੂ ਕੇ ਸਿੱਖਾਂ ਦੇ ਯਤਨਾਂ ਅਤੇ ਘਾਲਣਾ ਦਾ ਜੋ ਪ੍ਰਤੀਬਿੰਬ ਬਾਹਰਲੀ ਦੁਨੀਆਂ ਉੱਤੇ ਪਿਆ, ਮੇਰੇ ਵਿਚਾਰ ਵਿਚ ਬਹੁਤ ਮਹਾਨ ਹੈ। ਉਹਨਾਂ ਧਰਮ-ਸੰਸਥਾਪਕਾਂ ਦੇ ਸਿਰਜੇ ਹੋਏ ਸਾਮਰਾਜਾਂ ਦੇ ਟਾਕਰੇ ਉੱਤੇ ਇਹਨਾਂ ਨੂੰ ਅਸੀਂ ਆਮ ਤੌਰ 'ਤੇ ਬੜੀਆਂ ਰਸ਼ਕ ਭਰੀਆਂ ਨਿਗਾਹਾਂ ਨਾਲ ਵੇਖਦੇ ਹਾਂ ਕਿ ਫਲਾਣੇ ਦੇ ਧਰਮ ਅਵਿਲੰਭੀਆਂ ਨੇ ਸਾਲ ਵਿਚ ਏਨੇ ਇਲਾਕੇ ਜਿੱਤ ਲਏ, ਧਿਮਕੇ ਨੇ ਏਡਾ ਵੱਡਾ ਸਾਮਰਾਜ ਸਥਾਪਿਤ ਕਰ ਲਿਆ, ਉਹਨਾਂ ਸਾਮਰਾਜਾਂ ਦੇ ਟਾਕਰੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਯੁਗ-ਪਲਟਾਊ ਵਿਚਾਰਾਂ ਨੂੰ ਇਤਿਹਾਸ ਵਿਚ ਲਾਸਾਨੀ ਥਾਂ ਪ੍ਰਾਪਤ ਹੈ।

ਅੱਜ ਦੇ ਭਾਸ਼ਨ ਵਿਚ ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਦ ਤੇ ਪਦਵੀ ਬਾਰੇ ਵਿਸ਼ੇਸ਼ ਤੌਰ 'ਤੇ ਕੁਝ ਆਖਣਾ ਚਾਹੁੰਦਾ ਹਾਂ ਕਿਉਂਕਿ ਜਿੰਨਾ ਚਿਰ ਕਿਸੇ ਵਿਅਕਤੀ ਜਾਂ ਹਸਤੀ ਨੂੰ ਇਹ ਜਾਣ ਨਾ ਲਿਆ ਜਾਵੇ ਕਿ ਉਹ ਹੈ ਕੀ, ਹਿੰਦੂ ਕਿ ਮੁਸਲਮਾਨ, ਪੜ੍ਹਿਆ ਕਿ ਅਨਪੜ੍ਹ, ਬ੍ਰਾਹਮਣ ਜਾਂ ਖੱਤਰੀ, ਉਨਾ ਚਿਰ ਅਸੀਂ ਉਸ ਦੀ ਵਿਚਾਰਧਾਰਾ ਨੂੰ ਚੰਗੀ ਤਰ੍ਹਾਂ ਨਹੀਂ ਸਮਝ ਸਕਦੇ। ਜਿਵੇਂ ਹੁਣੇ ਪ੍ਰਿੰਸੀਪਲ ਸਾਹਿਬਾਂ ਨੇ ਮੇਰੀ ਪ੍ਰਸੰਸਾ ਤੇ ਵਿਦਵਤਾ ਬਾਰੇ ਕੁਝ ਲਫ਼ਜ਼ ਕਹੇ ਹਨ। ਉਹ ਬਚਨ ਸਤਿ ਤਾਂ ਨਹੀਂ ਹਨ ਪਰ ਮਤਲਬ ਤਾਂ ਉਹਨਾਂ ਦਾ ਇਹੋ ਸੀ ਕਿ ਜੋ ਵਿਅਕਤੀ ਤੁਹਾਡੇ ਸਾਹਮਣੇ ਭਾਸ਼ਨ ਕਰਨ ਵਾਲਾ ਹੈ, ਜਿਸ ਦੇ ਤੁਸੀਂ ਸਰੋਤੇ ਹੋ, ਉਹ ਚੰਗਾ ਪੜ੍ਹਿਆ-ਲਿਖਿਆ ਵਿਦਵਾਨ ਆਦਮੀ ਹੈ, ਇਸ ਲਈ ਉਸ ਦੇ ਮੂੰਹੋਂ ਨਿਕਲੀਆਂ ਗੱਲਾਂ ਦਾ ਜੋ ਤੁਸੀਂ ਮੁੱਲ ਪਾਉਣਾ ਹੈ, ਉਹ ਇਹ ਸਾਰਾ ਪਿਛੋਕੜ ਸਮਝ ਕੇ ਪਾਇਓ ਕਿ ਇਹ ਗੱਲਾਂ ਕਿਹੋ ਜਿਹੇ ਆਦਮੀ ਦੇ ਮੂੰਹੋਂ ਨਿਕਲ ਰਹੀਆਂ ਹਨ। ਇਸ ਲਈ ਲੋੜ ਹੁੰਦੀ ਹੈ ਕਿ ਕਿਸੇ ਵਿਅਕਤੀ ਦੀ ਗੱਲ ਦਾ ਮੁੱਲ ਪਾਉਣ ਤੋਂ ਪਹਿਲਾਂ ਉਸ ਦੀ ਸੰਗਿਆ ਦਾ ਪਤਾ ਕੀਤਾ ਜਾਵੇ।

ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਤੁਸੀਂ ਸੁਣਿਆ ਹੀ ਹੈ ਕਿ ਕੁਝ ਲੋਕ ਉਹਨਾਂ ਨੂੰ ਭਗਤ ਕਹਿੰਦੇ ਹਨ। ਪਰ ਸ੍ਰੀ ਗੁਰੂ ਨਾਨਕ ਸਾਹਿਬ ਭਗਤ ਨਹੀਂ ਸਨ। ਭਗਤ ਸ਼ਬਦ ਦੇ ਸ਼ਾਬਦਿਕ ਅਰਥ ਜੋ ਆਮ ਤੌਰ 'ਤੇ ਵਰਤੀਂਦੇ ਹਨ, ਉਹ ਸ੍ਰੀ ਗੁਰੂ ਨਾਨਕ ਦੇਵ ਜੀ ਵਿਅਕਤਿਤਵ ਦੀ ਢੁੱਕਵੀਂ ਸੰਗਿਆ ਨਹੀਂ। ਹਾਂ, ਜੇ ਤੁਸੀਂ, ਜਿਵੇਂ ਜਨਮਸਾਖੀ ਵਿਚ ਲਿਖਿਆ ਹੋਇਆ ਹੈ:

'ਗੁਰੂ ਨਾਨਕ ਪਾਰਬ੍ਰਹਮ ਦਾ ਨਿੱਜ ਭਗਤ ਥਾ'

ਇਹਨਾਂ ਅਰਥਾਂ ਵਿਚ ਲਵੋ ਤਾਂ ਇਹ ਸੰਗਿਆ ਗ਼ਲਤ ਨਹੀਂ। ਪਰੰਤੂ ਸਾਡੇ ਦੇਸ਼ ਦੀ ਦਾਰਸ਼ਨਿਕ ਭਾਸ਼ਾ ਨੇ ਜੋ ਭਗਤ ਦੇ ਅਰਥ ਨਿਰਧਾਰਿਤ ਕੀਤੇ ਹਨ ਉਹ ਹੋਰ ਹਨ। ਮੱਧਕਾਲੀਨ ਸਮੇਂ ਵਿਚ ਭਗਤੀ ਲਹਿਰ ਚੱਲੀ, ਉਸ ਦੇ ਤਿੰਨ ਮੋਟੇ-ਮੋਟੇ ਸਿਧਾਂਤ ਹਨ। ਬੁੱਧੀਵਾਨ ਲੋਕਾਂ ਨੇ ਜੋ

ਵਿਸ਼ਲੇਸ਼ਣ ਕੀਤਾ ਹੈ ਉਸ ਮੁਤਾਬਿਕ ਭਗਤੀ ਮਤ ਵਾਲਿਆਂ ਤਿੰਨ ਦੇਵਤੇ ਮੰਨੇ ਹਨ—ਬ੍ਰਹਮਾ, ਵਿਸ਼ਨੂੰ, ਸ਼ਿਵ। ਬ੍ਰਹਮਾ ਸੰਸਾਰ ਦੀ ਉਤਪਤੀ, ਵਿਸ਼ਨੂੰ ਸੰਭਾਲ ਅਤੇ ਸ਼ਿਵ ਸੰਘਾਰ ਕਰਦਾ ਹੈ। ਇਹ ਤ੍ਰੈਮੂਰਤੀ ਤਿੰਨ ਅੰਗ ਹਨ ਭਗਤੀ ਮੱਤ ਦੇ। ਇਹਨਾਂ ਤਿੰਨਾਂ ਵਿਚ ਵਿਸ਼ਨੂੰ ਜੋ ਸੰਸਾਰ ਦੇ ਪਾਲਕ ਕਹੇ ਜਾਂਦੇ ਹਨ, ਉਹਨਾਂ ਦਾ ਇਕ ਕੰਮ ਹੋਰ ਵੀ ਮੰਨਿਆ ਹੈ ਕਿ ਉਹ ਜਦੋਂ-ਜਦੋਂ ਧਰਮ ਦੀ ਗਿਲਾਨੀ ਦੂਰ ਕਰਨ ਤੇ ਧਰਮ ਦੇ ਪ੍ਰਚਾਰ ਲਈ ਦੁਨੀਆਂ 'ਤੇ ਆਉਂਦੇ ਰਹੇ ਹਨ ਜਿਵੇਂ ਗੀਤਾ ਦਾ ਪ੍ਰਸਿੱਧ ਸਲੋਕ ਇਸ ਸਿਧਾਂਤ ਨੂੰ ਪ੍ਰਗਟਾਉਂਦਾ ਹੈ:

ਯਦਾ ਯਦਾ ਧਰਮਸਯ ਗਲਾਨਿ
ਭਵਤਿ ਭਾਰਤ, ਅਭਯੁਤ ਥਾਂਨਮ
ਧਰਮਸਯ ਤਦਾਤਮਾਨ ਸੁਜਾਮਿਯਹਮ।

ਕ੍ਰਿਸ਼ਨ ਜੀ ਮਹਾਰਾਜ ਦੇ ਮੂੰਹੋਂ ਗੀਤਾ ਵਿਚ ਇਹ ਕਹਾਇਆ ਕਿ ਜਦੋਂ-ਜਦੋਂ ਧਰਮ ਦੀ ਗਿਲਾਨੀ ਹੁੰਦੀ ਹੈ, ਮੈਂ ਅਵਤਾਰ ਧਾਰਦਾ ਹਾਂ। ਇਉਂ ਵਿਸ਼ਨੂੰ ਜੀ ਮਹਾਰਾਜ ਦੇ ਅਵਤਾਰ ਅਤੇ ਉਪ-ਅਵਤਾਰ 24 ਮੰਨੇ ਜਾਂਦੇ ਹਨ। ਇਹਨਾਂ ਅਵਤਾਰਾਂ ਵਿਚ ਕਈ ਇਹੋ ਜਿਹੇ ਵੀ ਹਨ, ਜਿਨ੍ਹਾਂ ਦਾ ਅੱਧਾ ਧੜ ਮਨੁੱਖ ਦਾ ਅਤੇ ਅੱਧਾ ਸ਼ੇਰ ਦਾ ਦੱਸਿਆ ਜਾਂਦਾ ਹੈ ਅਤੇ ਮੱਛ, ਕੱਛ, ਵਰਾਹ ਆਦਿ ਕਈ ਅਣ-ਮਨੁੱਖੀ ਰੂਪਾਂ ਦੇ ਵੀ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਸ੍ਰੀ ਰਾਮਚੰਦਰ ਅਤੇ ਕ੍ਰਿਸ਼ਨ ਭਗਵਾਨ ਕਲਕੀ ਭਗਵਾਨ ਦੇ ਰੂਪ ਵਿਚ ਹਾਲੀ ਇਕ ਅਵਤਾਰ ਹੋਰ ਵੀ ਧਾਰਨਗੇ। ਅਵਤਾਰਵਾਦ ਭਗਤੀ ਲਹਿਰ ਦਾ ਮੁੱਢਲਾ ਸਿਧਾਂਤ ਹੈ। ਦੂਜਾ ਸਿਧਾਂਤ ਭਗਤੀ ਲਹਿਰ ਦਾ ਇਹ ਹੈ ਕਿ ਮਨੁੱਖ ਦਾ ਕਲਿਆਣ ਕੇਵਲ ਜਿਤਨੇ ਵਿਸ਼ਨੂੰ ਜੀ ਨੇ ਅਵਤਾਰ ਧਾਰੇ ਹਨ, ਉਹਨਾਂ ਵਿਚੋਂ ਕਿਸੇ ਇਕ ਦੀ ਪ੍ਰੇਮਾ-ਭਗਤੀ ਦੁਆਰਾ ਹੀ ਹੋ ਸਕਦਾ ਹੈ। ਜੇ ਇਹ ਦੋਵੇਂ ਸਿਧਾਂਤ ਮੰਨੋ ਤਾਂ ਤੁਸੀਂ ਭਗਤ ਕਹਾ ਸਕਦੇ ਹੋ। ਜੇ ਭਗਤ ਦੇ ਅਰਥ ਖੁੱਲ੍ਹਮ-ਖੁੱਲ੍ਹੇ ਲੈਣੇ ਹੋਣ, ਜਿਵੇਂ ਕਈ ਵਾਰ ਅਸੀਂ ਸਿੱਖ ਲੈਂਦੇ ਹਾਂ ਜਿਹੜਾ ਵੀ ਕੋਈ ਕਿਸੇ ਕੋਲੋਂ ਕੋਈ ਚੀਜ਼ ਸਿੱਖੇ ਉਹ ਹੀ ਸਿੱਖ ਕਿਹਾ ਜਾਂਦਾ ਹੈ। ਜਿਵੇਂ ਮਾਸਟਰ ਕੋਲੋਂ ਪੜ੍ਹਨ ਵਾਲਾ ਉਸ ਦਾ ਸਿੱਖ, ਕਿਸੇ ਹੋਰ ਕੰਮ ਦੇ ਉਸਤਾਦ ਤੋਂ ਸਿੱਖਣ ਵਾਲਾ ਉਸ ਦਾ ਸਿੱਖ, ਇਹ ਸਿੱਖ ਦੇ ਅਰਥ ਦਾ ਸੂਚਕ ਨਹੀਂ। ਸਿੱਖ ਕੇਵਲ ਉਹੋ ਹੋ ਸਕਦਾ ਹੈ ਜੋ ਸਿੱਖ ਧਰਮ ਨੂੰ ਮੰਨਦਾ ਤੇ ਹੋਰ ਕਿਸੇ ਧਰਮ ਦੀ ਅਕਾਂਖਿਆ ਨਾ ਕਰਦਾ ਹੋਵੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਮੁਤਾਬਿਕ ਆਪਣਾ ਜੀਵਨ ਬਤੀਤ ਕਰਦਾ ਹੋਵੇ, ਸਿੱਖ ਦੇ ਅਸਲੀ ਅਰਥ ਇਹ ਹਨ ਪਰ ਜੇ ਡਿਕਸ਼ਨਰੀ ਦੇ ਅਰਥ ਲਏ ਜਾਂ ਤਾਂ ਹਰ ਇਕ ਚੀਜ਼ ਦਾ ਸਿਖਾਂਦਰੂ ਹੀ ਸਿੱਖ ਬਣ ਜਾਂਦਾ ਹੈ। ਜਿਸ ਕੋਲੋਂ ਕੋਈ ਗੱਲ ਸਿੱਖੀ, ਉਹ ਉਸ ਦਾ ਸਿੱਖ। ਇਉਂ ਤਾਂ ਤੋਤੇ ਵੀ ਸਿੱਖ ਕਹੇ ਜਾ ਸਕਦੇ ਹਨ। ਇਸੇ ਤਰ੍ਹਾਂ ਭਗਤ ਦੇ ਅਰਥ ਵੀ ਦੋਨੋਂ ਤਰ੍ਹਾਂ ਦੇ ਹਨ। ਇਕ ਭਗਤੀ ਮਤ ਦਾ ਧਾਰਨੀ ਅਵਤਾਰਵਾਦ ਵਿਚ ਯਕੀਨ ਰੱਖਣ ਵਾਲਾ ਜਿਵੇਂ ਰਾਮਾਨੁਜ, ਰਾਮਾਨੰਦ, ਕਬੀਰ, ਰਵਿਦਾਸ ਆਦਿ ਜੋ ਹੋਏ ਹਨ ਤੇ ਦੂਜਾ ਜਨਮਸਾਖੀ ਵਿਚ ਦੱਸੀ ਗਈ:

ਅਕਾਲ ਪੁਰਖਿ ਦਾ ਨਿਜ ਭਗਤਿ

ਵਾਲੀ ਭਗਤੀ ਦਾ ਧਾਰਨੀ। ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰਵਾਦ ਨੂੰ ਨਹੀਂ ਮੰਨਦੇ ਸੀ, ਉਹਨਾਂ ਦਾ ਕਥਨ ਹੈ:

ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ॥
ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ॥ (ਪੰਨਾ ੫੦੯)

ਜਿਨ੍ਹਾਂ ਦੇ ਅਵਤਾਰਵਾਦ ਬਾਰੇ ਇਸ ਭਾਂਤ ਦੇ ਵਿਚਾਰ ਹੋਣ:

ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥ (ਪੰਨਾ ੧੧੩੬)

ਉਹ ਭਗਤ ਕਿਵੇਂ ਕਹੇ ਜਾ ਸਕਦੇ ਹਨ। ਭਗਤੀ ਦੇ ਨੌਂ ਰੂਪ ਹਨ, ਉਹਨਾਂ ਵਿਚੋਂ ਮੂਲ ਗੁਣ ਪ੍ਰੇਮਾ-ਭਗਤੀ ਹੈ ਜਿਸ ਤੋਂ ਬਿਨਾਂ ਕਲਿਆਣ ਨਹੀਂ ਹੋ ਸਕਦਾ। ਇਸ ਪ੍ਰੇਮਾ-ਭਗਤੀ ਦੇ ਸਿਧਾਂਤ ਨੂੰ ਗੁਰੂ ਸਾਹਿਬਾਨ ਨੇ ਵੀ ਮੰਨਿਆ ਹੈ:

ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥ (ਪੰਨਾ ੮੫੩)

ਸਿੱਖੀ ਸਿਧਾਂਤ ਅਨੁਸਾਰ ਉਭਰਨ ਦੇ ਕਈ ਰਸਤੇ ਹੋ ਸਕਦੇ ਹਨ। ਮਨ ਸ਼ੁੱਧ ਹੋਣਾ ਚਾਹੀਦਾ ਹੈ ਤੇ ਪਰਮਾਤਮਾ ਨੂੰ ਮਿਲਣ ਦੀ ਅਕਾਂਖਿਆ ਤੁਹਾਡੇ ਅੰਦਰ ਪ੍ਰਬਲ ਹੋਣੀ ਚਾਹੀਦੀ ਹੈ ਤਾਂ ਤੁਹਾਨੂੰ ਸ਼ੁਭ ਕਰਮਾਂ ਦੁਆਰਾ ਗੁਰੂ ਦੀ ਪ੍ਰਾਪਤੀ ਹੁੰਦੀ ਹੈ ਤੇ ਗੁਰੂ ਦੀ ਕਿਰਪਾ ਨਾਲ ਤੁਹਾਡਾ ਕਲਿਆਣ ਹੁੰਦਾ ਹੈ। ਸੰਖੇਪ ਵਿਚ ਸਿੱਖ ਭਗਤੀ ਭਾਵਨਾ ਦਾ ਇਹ ਸਾਰ-ਅੰਸ਼ ਹੈ ਜੋ ਉੱਪਰ ਦੱਸੀ ਅਵਤਾਰਵਾਦੀ ਭਗਤੀ ਦੇ ਮਾਰਗ ਨਾਲੋਂ ਬਿਲਕੁਲ ਵਿਲੱਖਣ ਹੈ।

ਅੱਜ ਕੱਲ੍ਹ ਹਿੰਦੀ ਸਾਹਿਤ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਕਈ ਤਰ੍ਹਾਂ ਦੀਆਂ ਅਜੀਬੋ-ਗਰੀਬ ਗੱਲਾਂ ਸਾਡੇ ਵਿਚਾਰਾਂ ਤੇ ਸ਼ਬਦਾਵਲੀ ਵਿਚ ਦਾਖ਼ਲ ਹੋ ਰਹੀਆਂ ਹਨ। ਕਈ ਕਿਤਾਬਾਂ ਤੇ ਲੇਖਾਂ ਦੇ ਹੈਡਿੰਗ ਹੀ ਇਸ ਭਾਂਤ ਦੇ ਹੁੰਦੇ ਹਨ ਜਿਨ੍ਹਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸੰਤ ਜਾਂ ਕਵੀ ਦਰਸਾਇਆ ਗਿਆ ਹੁੰਦਾ ਹੈ। ਅਜਿਹੇ ਕੱਚੀ ਬੁੱਧੀ ਤੇ ਸ੍ਰੀ ਗੁਰੂ ਨਾਨਕ ਦੇਵ ਦੀ ਪਦ-ਪਦਵੀ ਨੂੰ ਨਾ ਸਮਝਣ ਵਾਲਿਆਂ ਨਾਲ ਕੌਣ ਮੱਥਾ ਮਾਰੇ ਕਿ ਸ੍ਰੀ ਗੁਰੂ ਨਾਨਕ ਦੇਵ ਨਾ ਸੰਤ ਤੇ ਨਾ ਹੀ ਸੰਤ-ਕਵੀ ਬਣਦੇ ਹਨ। ਸੰਤ ਦਾ ਪਦ ਅਰਥ ਹੈ, ਜਿਸ ਨੇ ਆਪਣੀਆਂ ਮਨੋਕਾਮਨਾਵਾਂ ਨੂੰ ਇਤਨਾ ਸੋਧ ਲਿਆ ਹੋਵੇ ਕਿ ਉਹ ਮੁਕੰਮਲ ਇਨਸਾਨ ਕਿਹਾ ਜਾ ਸਕੇ। ਸੰਤ ਸ਼ਬਦ ਦੇ ਅਰਥ ਦੋ ਪ੍ਰਕਾਰ ਦੇ ਹਨ। ਇਕ ਗੁਰਬਾਣੀ ਵਿਚ ਜਿਥੇ ਸੰਤ ਪਦ ਆਇਆ ਹੈ ਉਹ ਗੁਰੂ ਜਾਂ ਪਾਰਬ੍ਰਹਮ ਲਈ ਹੈ। ਦੂਜਾ ਆਮ ਸ਼ਬਦਾਂਤਕ ਅਰਥਾਂ ਵਾਲਾ ਸੰਤ ਪਦ ਹੈ ਜਿਸ ਨੂੰ ਸਾਹਮਣੇ ਰੱਖ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸੰਤ ਜਾਂ ਸੰਤ-ਕਵੀ ਦੇ ਪਦ ਤੇ ਧਿੰਗੋਜ਼ੋਰੀ ਖਿੱਚ ਕੇ ਬਿਠਾਇਆ ਜਾ ਰਿਹਾ ਹੈ। ਪ੍ਰਚਲਿਤ ਅਰਥਾਂ ਵਿਚ ਸੰਤ ਉਹ ਹੁੰਦਾ ਹੈ ਜਿਹੜਾ ਆਪਣੇ ਤੋਂ ਉੱਚੇ ਕਿਸੇ ਹੋਰ ਸੋਮੇਂ ਤੋਂ ਪ੍ਰਸਾਰਿਤ ਹੋਏ ਧਰਮ ਦਾ ਧਾਰਨੀ ਜਾਂ ਪ੍ਰਚਾਰਕ ਹੋਵੇ। ਜਿਸ ਨੂੰ ਲੋਕ ਕਹਿਣ ਕਿ ਭਾਈ ਇਹ ਵਿਅਕਤੀ ਧਰਮ ਧਾਰਨਾ ਉੱਤੇ ਏਨੀ ਸ਼ਰਧਾ ਨਾਲ ਚੱਲਿਆ ਕਿ ਇਸ ਦੀ ਧਰਮ ਦੀ ਕਮਾਈ ਐਸੀ ਹੈ ਜੋ ਕਹਿੰਦਾ ਸੀ ਕਰ ਦਿਖਾਈ ਹੈ ਜਾਂ ਜਿਵੇਂ ਵੇਦਾਂ ਵਿਚ ਧਰਮ ਦੱਸਿਆ ਹੈ ਜਾਂ ਗੀਤਾ ਵਿਚ ਧਰਮ ਦਾ ਵਰਣਨ ਹੋਇਆ ਹੈ। ਰਾਮ ਚਰਿਤ ਮਾਨਸ ਨੇ ਜੋ ਧਰਮ ਦੇ ਲੱਛਣ ਦਰਸਾਏ ਹਨ, ਉਹਨਾਂ ਨੂੰ ਐਸੇ ਤਰੀਕੇ ਨਾਲ ਧਾਰਨ ਕੀਤਾ ਹੈ ਕਿ ਉੱਚਤਮ ਤੇ ਸ਼ੁੱਧ ਪਦਵੀ 'ਤੇ ਜਾ ਪੁੱਜਾ ਹੈ ਇਸ ਲਈ ਉਸ ਨੂੰ ਤਾਂ ਭਾਈ ਸੰਤ ਕਹਿਣਾ ਚਾਹੀਦਾ ਹੈ।

ਇਸ ਕਿਸਮ ਦੇ ਸੰਤ-ਪਦ ਦੇ ਅਰਥ ਮਹਾਂਭਾਰਤ ਅਤੇ ਗੀਤਾ ਵਿਚ ਵੀ ਮਿਲਦੇ ਹਨ। ਇਹਨਾਂ ਅਰਥਾਂ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਸੰਤ ਨਹੀਂ ਸਨ ਕਿਉਂਕਿ ਉਹਨਾਂ ਸਾਹਮਣੇ

ਕੋਈ ਐਸਾ ਵਿਅਕਤੀ ਨਹੀਂ ਸੀ ਜਿਸ ਦੇ ਧਰਮ ਦੇ ਉਹ ਪੈਰੋਕਾਰ ਜਾਂ ਗੁਣਾਂ ਦੇ ਧਾਰਨੀ ਬਣ ਕੇ ਉਸ ਦਾ ਪ੍ਰਚਾਰ ਕਰਦੇ ਤੇ ਉਸ ਮੁਤਾਬਿਕ ਆਪਣਾ ਜੀਵਨ ਢਾਲਦੇ। ਉਹਨਾਂ ਦਾ ਕਥਨ ਹੈ:

ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥ (ਪੰਨਾ ੫੯੯)
ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ॥ (ਪੰਨਾ ੯੩੬)

ਮੈਨੂੰ ਅਜਿਹਾ ਹੋਰ ਕੋਈ ਉਸ ਪਰਮੇਸ਼ਰ ਦੀ ਈਸ਼ਵਰੀ ਸੱਤਾ ਬਿਨਾਂ ਨਹੀਂ ਦਿੱਸਦਾ ਜੋ ਆਪਣੇ ਕਿਸੇ ਉੱਚ ਪਦ ਦਾ ਦੁਸ਼ਾਲਾ ਵਿਛਾ ਕੇ ਬੈਠਾ ਹੋਵੇ। ਮੇਰੇ ਲਈ ਤਾਂ ਉਸ ਪਰਮ ਈਸ਼ਵਰ ਦੇ ਉਪਦੇਸ਼ ਹੀ ਗ੍ਰਹਿਣ ਕਰਨ ਯੋਗ ਹਨ।

ਹੁਣ ਗੁਰੂ ਨਾਨਕ ਜੀ ਨੂੰ ਤੁਸੀਂ ਸੰਤ ਕਿਵੇਂ ਕਹੋਗੇ? ਜਿਹੜੇ ਕਿ ਆਪਣੇ ਅਨੁਭਵੀ ਮੌਲਿਕ ਧਰਮ ਦੇ ਸੰਚਾਲਕ ਸਨ।

ਅੱਜ ਜਦੋਂ ਅਸੀਂ ਪੰਜ ਸੌ ਸਾਲਾ ਮਨਾ ਰਹੇ ਹਾਂ, ਬੜਾ ਚੰਗਾ ਹੋਵੇ ਜੇ ਆਪਣੇ ਮਨਾਂ ਨੂੰ ਸਾਫ਼ ਕਰ ਲਈਏ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਦ-ਪਦਵੀ ਤੇ ਸੰਗਿਆ ਕੀ ਸੀ? ਕਈ ਅੰਗਰੇਜ਼ੀ ਦੇ ਲੇਖਕ ਲਿਖਦੇ ਹਨ ਕਿ ਉਹ 'ਰਿਫ਼ਾਰਮਰ' ਸਨ। ਜਦੋਂ ਇਥੇ ਅੰਗਰੇਜ਼ ਲੋਕ ਆਏ ਤਾਂ ਲੋਕਾਂ ਨੇ ਨਵੀਂ-ਨਵੀਂ ਅੰਗਰੇਜ਼ੀ ਸਿੱਖੀ ਤਾਂ ਅੰਗਰੇਜ਼ਾਂ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਬਾਰੇ ਕੁਝ ਸਮਝ ਆਈ, ਉਹ ਉਹਨਾਂ ਨੇ ਯੂਰਪ ਵਿਚ ਹੋਏ 'ਲੂਥਰ' ਨਾਲ ਮੇਲ ਕਰ ਕੇ ਉਹਨਾਂ ਨੂੰ ਸੁਧਾਰਕ ਕਹਿਣ ਦੀ ਨਵੀਂ ਗੱਲ ਚਲਾ ਦਿੱਤੀ।

ਇਹ ਠੀਕ ਹੈ ਕਿ ਲੂਥਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਸੀ, ਪਰ ਕਿਸੇ ਦੇ ਸਮਕਾਲੀ ਹੋਣ ਦਾ ਅਰਥ ਇਹ ਨਹੀਂ ਹੋ ਜਾਂਦਾ ਕਿ ਉਹ ਇਕੋ ਜਿਹੇ ਵਿਚਾਰਾਂ ਦੇ ਧਾਰਨੀ ਸਨ। ਜਿਵੇਂ ਮੈਂ ਇਸੇ ਵੇਲੇ ਇਥੇ ਇਹ ਵਿਚਾਰ ਚਰਚਾ ਕਰ ਰਿਹਾ ਹਾਂ, ਕਾਲਜ ਦੇ ਬੂਹੇ ਅੱਗੇ ਮੂੰਗਫਲੀ ਵਾਲਾ ਮੂੰਗਫਲੀ ਵੇਚ ਰਿਹਾ ਹੈ, ਕੋਈ ਕਿਸੇ ਥਾਂ ਖੜੇ ਬੰਦੇ ਗਾਲੀ-ਗਲੋਚ ਵੀ ਕਰ ਰਹੇ ਹੋਣਗੇ। ਉਹਨਾਂ ਦਾ ਇਕ ਵਿਚਾਰਵਾਨਾਂ ਦੀ ਸਭਾ ਨਾਲ ਕਿਵੇਂ ਟਾਕਰਾ ਕੀਤਾ ਜਾ ਸਕਦਾ ਹੈ? ਬੜੀ ਸੌਖੀ ਜਿਹੀ ਗੱਲ ਲੱਭ ਲਈ ਭਈ ਲੂਥਰ ਸੁਧਾਰਕ ਸੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਸੁਧਾਰਕ ਸਨ। ਸੁਧਾਰਕ ਦਾ ਅਰਥ ਹੈ ਕਿਸੇ ਧਰਮ ਵਿਚ ਆਈਆਂ ਕੁਰੀਤੀਆਂ ਨੂੰ ਦੂਰ ਕਰਨ ਵਾਲਾ, ਜੋ ਇਹ ਕਹੇ ਕਿ ਭਾਈ ਦੇਖੋ, ਜੋ ਤੁਸੀਂ ਕਰ ਰਹੇ ਹੋ, ਇਹ ਫਲਾਣੇ ਧਰਮ ਸ਼ਾਸਤਰ ਅਨੁਸਾਰ ਨਹੀਂ, ਇਹ ਤੁਸੀਂ ਗ਼ਲਤ ਅਰਥ ਕਰ ਰਹੇ ਹੋ ਤੇ ਗ਼ਲਤ ਅਮਲ ਸ਼ੁਰੂ ਕਰ ਦਿੱਤੇ ਹਨ। ਮੈਂ ਇਹ ਗ਼ਲਤ-ਫ਼ਹਿਮੀਆਂ ਦੂਰ ਕਰਦਾ ਹਾਂ। ਇਹ ਹੈ ਸੁਧਾਰਕ ਦਾ ਕਰਮ। ਸ੍ਰੀ ਗੁਰੂ ਨਾਨਕ ਦੇਵ ਜੀ ਉੱਤੇ ਸੁਧਾਰਕ ਹੋਣ ਦੀ ਅਜਿਹੀ ਕੋਈ ਗੱਲ ਕਰਨੀ ਢੁੱਕਦੀ ਨਹੀਂ।

ਅੱਜ ਕੱਲ੍ਹ ਬਹੁਤ ਸਾਰੇ ਲੋਕ ਪੀ.ਐਚ.ਡੀ. ਦੀ ਡਿਗਰੀ ਲੈਣ ਲਈ ਬੜੀਆਂ ਨਵੀਆਂ ਤੋਂ ਨਵੀਆਂ ਗੱਲਾਂ, ਜਿਨ੍ਹਾਂ ਵਿਚ ਕੁਝ ਸਾਰ-ਅੰਸ਼ ਹੁੰਦਾ ਨਹੀਂ, ਘੜਦੇ ਜਾ ਰਹੇ ਹਨ। ਸਭ ਦਾ ਤਾਣ ਤੇ ਤੋੜਾ ਇਥੇ ਆ ਕੇ ਮੁੱਕਦਾ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਕਵੀ ਸਨ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਵਿਤਾ ਵਿਚ ਇਉਂ ਕਿਹਾ ਹੈ ਤੇ ਕਈ ਕਿਤਾਬਾਂ ਦੇ ਹੈਡਿੰਗ ਹਨ:

ਗੁਰੂ ਨਾਨਕ ਦਾ ਸਾਹਿਤਕ ਸੋਹਜ

ਗੁਰੂ ਨਾਨਕ ਕੀ ਕਾਵਿ-ਬਿੰਬਾਵਲੀ

ਜੇ ਉਹਨਾਂ ਨੂੰ ਕਿਹਾ ਜਾਏ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤੁਹਾਡਾ ਕੀ ਵਿਗਾੜਿਆ ਹੈ, ਕਿਉਂ ਤੁਸੀਂ ਉਹਨਾਂ ਨਾਲ ਇਸ ਤਰ੍ਹਾਂ ਕੁਪੱਤ ਕਰਨ ਲੱਗੇ ਹੋ ਤਾਂ ਉਹ ਕਹਿੰਦੇ ਹਨ, 'ਲਓ ਜੀ, ਗੁਰੂ ਨਾਨਕ ਜੀ ਕਵੀ ਨਹੀਂ ਸਨ ਤਾਂ ਹੋਰ ਕੀ ਸਨ ?' ਉਹਨਾਂ ਨੇ ਆਪਣੇ ਆਪ ਨੂੰ ਜੋ 'ਸ਼ਾਇਰ' ਕਿਹਾ ਹੈ।

ਕੱਚੀਆਂ ਤੇ ਫ਼ਜ਼ੂਲ ਗੱਲਾਂ ਕਰਨੀਆਂ ਸਾਡੇ ਪੰਜਾਬੀ ਸਾਹਿਤ ਦੇ ਵਿਦਵਾਨਾਂ ਵਿਚ ਇਕ ਆਮ ਜਿਹੀ ਘਾਟ ਪਾਈ ਜਾਂਦੀ ਹੈ। ਬੋਲਣਾ ਥੋੜ੍ਹਾ ਤੇ ਗੱਲ ਵਿਚਾਰਨੀ ਬਹੁਤੀ, ਇਹ ਸਾਡੇ ਸੁਭਾਓ ਦਾ ਭਾਗ ਨਹੀਂ ਬਣੇ। ਐਵੇਂ ਵਾਧੂ ਦੀ ਚੱਰਰ-ਚੱਰਰ ਲਾਈ ਰੱਖਣੀ, ਕਿਤਾਬਾਂ ਦੀਆਂ ਕਿਤਾਬਾਂ, ਲੇਖਾਂ ਦੇ ਲੇਖ ਲਿਖੀ ਜਾਣੇ ਤੇ ਗੱਲ ਵਿਚ ਕੁਝ ਵੀ ਨਾ ਹੋਣੀ, ਇਹ ਕੋਈ ਸਾਹਿਤਕ ਖੋਜ ਜਾਂ ਚਿੰਤਨ ਨਹੀਂ।

ਕਵੀ ਦੇ ਅਰਥ ਹਨ ਕਿ ਜਿਸ ਆਦਮੀ ਦੀ ਜਿਹੜੀ ਸਮੱਸਿਆ ਹੈ, ਉਹ ਯਥਾਰਥਕ ਵਿਚ ਕਹਿਣ ਦੀ ਥਾਂ ਇਸ਼ਾਰਿਆਂ ਨਾਲ ਰਹੱਸ ਸਮਝਾਵੇ। ਕਵਿਤਾ ਕੀ ਹੈ ? ਕਵਿਤਾ ਬੱਸ ਏਨੀ ਕੁ ਹੀ ਗੱਲ ਹੈ, ਕਹਿਣ ਵਾਲੀ ਗੱਲ ਕਹਿ ਦਿੱਤੀ ਕਿਸੇ ਇਸ਼ਾਰੇ ਨਾਲ, ਐਸੇ ਤਰੀਕੇ ਨਾਲ ਕਿ ਕਹਿਣ ਵਾਲਾ ਵੀ ਖ਼ੁਸ਼ ਤੇ ਦੂਜਾ ਵੀ ਖ਼ੁਸ਼ ਹੋਵੇ। ਗ਼ਾਲਿਬ ਦਾ ਕਹਿਣਾ ਹੈ:

ਦੇਖੀਏ ਤਕਰੀਰ ਕੀ ਲਜ਼ਤ
ਕਿ ਉਸ ਨੇ ਕਹਾ ਔਰ ਮੈਨੇ ਜਾਣਾ ਕਿ
ਗੋਇਆ ਯਿਹ ਭੀ ਮੇਰੇ ਦਿਲ ਮੇਂ ਹੈ।

ਬੱਸ ਇਹੋ ਬਿੰਬ ਹੈ ਤੇ ਇਹੋ ਸ਼ਾਇਰੀ ਤੇ ਕਵਿਤਾ ਦਾ ਭੇਦ ਹੈ। ਕਹਿਣ ਵਾਲਾ ਵਿਅੰਗ ਜਾਂ ਢੰਗ ਨਾਲ ਕਹਿ ਦਿੰਦਾ ਹੈ। ਪਰ ਜਿਸ ਨੂੰ 'ਧੁਰ ਕੀ ਬਾਣੀ ਆਈ' ਉਸ ਦੀ ਬਾਣੀ ਨੂੰ ਕਵਿਤਾ ਨਹੀਂ ਕਿਹਾ ਜਾ ਸਕਦਾ, ਨਾ ਹੀ ਉਸ ਦੀ ਕਵਿਤਾ ਵਾਂਗ ਪਰਖ ਕਰਨੀ ਠੀਕ ਹੈ। ਇਸ ਅਗੰਮੀ ਬਾਣੀ ਨੂੰ ਕਵਿਤਾ ਕਹਿਣਾ, ਉਸ ਦੀ ਸਾਹਿਤਕ ਸੋਧ ਤੇ ਸੋਹਜ ਨੂੰ ਸਾਹਿਤ-ਸ਼ਾਸਤਰ ਦੇ ਗੁਣਾਂ ਦੀਆਂ ਕਸਵੱਟੀਆਂ ਨਾਲ ਪਰਖਣਾ ਇਹ ਇਕ ਤਰ੍ਹਾਂ ਦਾ ਗੁਰਬਾਣੀ ਦਾ ਤ੍ਰਿਸਕਾਰ ਹੈ। ਟੈਗੋਰ ਨੇ ਇਕ ਬੜਾ ਸੋਹਣਾ ਬਚਨ ਗੀਤਾਂਜਲੀ ਵਿਚ ਕਿਹਾ ਹੈ:

ਲਓ ਦੇਖੋ ਉਹ ਇਕ ਸੁਨਿਆਰਾ ਬਾਗ਼ ਵਿਚ ਆ ਵੜਿਆ ਹੈ, ਉਹ ਇਕ ਪੱਥਰ ਦਾ ਟੁਕੜਾ ਲਈ ਫਿਰਦਾ ਹੈ, ਜਿਸ ਉੱਤੇ ਸੋਨੇ ਨੂੰ ਘਸਾ ਕੇ ਦੇਖਦੇ ਹਨ, ਇਹ ਜਿਹੜਾ ਫੁੱਲ ਦੇਖਦਾ ਹੈ ਤੋੜ ਲੈਂਦਾ ਹੈ ਤੇ ਉਸ ਨੂੰ ਆਪਣੀ ਪੱਥਰ ਦੀ ਕਸਵੱਟੀ ਉੱਤੇ ਘਸਾ-ਘਸਾ ਕੇ ਦੇਖਦਾ ਹੈ।

ਜਿਹੜੇ ਲੋਕ ਇਸ ਤਰ੍ਹਾਂ ਦੀਆਂ ਗ਼ਲਤ-ਫ਼ਹਿਮੀਆਂ ਵਿਚ ਪੈ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਆਪਣੀਆਂ ਮਨੋ-ਮਿਥੀਆਂ ਪੱਥਰ ਕਸਵੱਟੀਆਂ 'ਤੇ ਲਾਉਂਦੇ ਹਨ ਉਹਨਾਂ ਦੇ ਹੱਥ ਕੁਝ ਆ ਨਹੀਂ ਸਕਦਾ।

ਬਾਕੀ ਗੱਲ ਰਹੀ 'ਸ਼ਾਇਰ' ਦੀ, ਇਹ ਅਰਬੀ ਦਾ ਸ਼ਬਦ ਹੈ। ਕੁਰਾਨ ਸ਼ਰੀਫ਼ ਤੋਂ ਪਹਿਲਾਂ ਜਿਹੜੀ ਅਰਬੀ ਸੀ ਉਸ ਵਿਚ ਸ਼ਾਇਰ ਦੇ ਅਰਥ ਹੋਰ ਸਨ ਤੇ ਪਿੱਛੋਂ ਜਾ ਕੇ ਹੋਰ ਹੋ ਗਏ। ਸ਼ਾਇਰ ਦੇ ਮੂਲ ਅਰਥ ਹਨ—ਜਿਹੜਾ ਅਦ੍ਰਿਸ਼ ਤੇ ਅਲੌਕਿਕ ਸ਼ਕਤੀਆਂ ਨਾਲ ਸਿੱਧਾ ਸੰਬੰਧ

ਰੱਖਦਾ ਹੋਵੇ, ਉਹ ਹੁੰਦਾ ਹੈ ਸ਼ਾਇਰ।

ਹਜ਼ਰਤ ਮੁਹੰਮਦ ਸਾਹਿਬ ਨੇ ਜਦੋਂ ਇਹ ਦਾਅਵਾ ਕੀਤਾ ਕਿ ਉਹਨਾਂ ਉੱਤੇ ਗ਼ੈਬੀ ਵਹੀ ਨਾਜ਼ਲ ਹੁੰਦੀ ਹੈ ਤਾਂ ਕਈਆਂ ਹੋਰ ਲੋਕਾਂ ਨੇ ਵੀ ਕਹਿਣਾ ਸ਼ੁਰੂ ਕਰ ਦਿੱਤਾ ਕਿ ਜੇ ਮੁਹੰਮਦ ਵੀ ਸ਼ਾਇਰ ਹੈ, ਅਸੀਂ ਵੀ ਸ਼ਾਇਰ ਹਾਂ। ਸਾਨੂੰ ਵੀ ਬ੍ਰਹਮ ਗਿਆਨ ਦੀ ਪ੍ਰਾਪਤੀ ਹੈ, ਸਾਨੂੰ ਵੀ ਇਹੋ ਗਿਆਨ ਉਤਰਦਾ ਹੈ। ਮੁਹੰਮਦ ਸਾਹਿਬ ਨੇ ਕਿਹਾ, ਇਹ ਸ਼ਾਇਰ ਜੋ ਧੋਖੇਬਾਜ਼ ਹੁੰਦੇ ਹਨ ਉਹ ਚੰਗੇ ਨਹੀਂ, ਮੈਨੂੰ ਤਾਂ ਜਬਰੀਲ ਆਪ ਉੱਡ ਕੇ ਆ ਮਿਲਦਾ ਹੈ ਤੇ ਜੋ ਉਹ ਬੋਲਦਾ ਹੈ ਉਹੋ ਮੈਂ ਬੋਲਦਾ ਹਾਂ ਤੇ ਜਿਹੜੇ ਇਹ ਲੋਕ ਜੋ ਸ਼ਾਇਰੀ ਕਰਦੇ ਹਨ, ਉਹ ਹੋਰ ਗੱਲਾਂ ਹਨ।

ਜਿਹੜੇ ਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਵੀ ਜਾਂ ਸ਼ਾਇਰ ਇਹਨਾਂ ਅਰਥਾਂ ਵਿਚ ਲੈਂਦੇ ਹਨ, ਉਹ ਮੁਹੰਮਦ ਸਾਹਿਬ ਦਾ ਇਹ ਨਬੇੜਾ ਸਮਝਣ ਦੇ ਯੋਗ ਨਹੀਂ ਤੇ ਉਹ 'ਨਾਨਕ ਸਾਇਰ ਏਵ ਕਹਤ ਹੈ' ਦੇ ਰਹੱਸ ਨੂੰ ਕਿਵੇਂ ਜਾਣ ਸਕਦੇ ਹਨ ਜਿਸ ਦਾ ਅਲੌਕਿਕ ਤੇ ਅਦ੍ਰਿਸ਼ ਸ਼ਕਤੀਆਂ ਨਾਲ ਸਿੱਧਾ ਸੰਬੰਧ ਹੈ।

ਕੁਝ ਆਦਮੀ ਕਹਿੰਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪੇ ਦਾ ਕੋਈ ਦਾਅਵਾ ਹੀ ਨਹੀਂ ਕੀਤਾ ਕਿ ਮੈਂ ਕੋਈ ਵੱਡਾ ਆਦਮੀ ਜਾਂ ਪੈਗ਼ੰਬਰ ਹਾਂ। ਇਹ ਉਹਨਾਂ ਦੀ ਨਿਰਮਾਣਤਾ ਸੀ। ਪਰ ਇਸ ਦਾ ਇਹ ਮਤਲਬ ਨਹੀਂ ਕਿ ਜੇ ਉਹ ਨਿਰਮਾਣਤਾ ਨਾਲ ਆਪਣੇ ਆਪ ਨੂੰ ਨੀਚ ਕਹਿ ਗਏ ਹਨ ਤਾਂ ਅਸੀਂ ਉਹਨਾਂ ਨੂੰ ਉਸੇ ਸ਼੍ਰੇਣੀ ਵਿਚ ਖੜਾ ਕਰ ਕੇ ਉਹਨਾਂ ਦੀ ਪਦ-ਪਦਵੀ ਦਾ ਮੁਲਾਂਕਣ ਕਰੀਏ। ਜਿਨ੍ਹਾਂ ਲੋਕਾਂ ਨੇ ਗੂੜ੍ਹਾ ਅਧਿਐਨ ਨਹੀਂ ਕੀਤਾ, ਗੁਰੂ-ਪਦ ਦੇ ਰਹੱਸ ਨੂੰ ਨਹੀਂ ਸਮਝਿਆ, ਉਹ ਇਹੋ ਜਿਹੀਆਂ ਕੱਚੀਆਂ ਗੱਲਾਂ ਕਰਦੇ ਹਨ:

ਚਿਤੁ ਜਿਨਿ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ॥ (ਪੰਨਾ ੯੨੦)

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਨਿਮਰਤਾ ਤੇ ਸ਼ਰਧਾ ਨਾਲ ਵੇਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਨਾ ਕਿ ਇਸ ਨਜ਼ਰੀਏ ਤੋਂ ਕਿ ਮੈਂ ਪੰਦਰਾਂ-ਵੀਹ ਕਿਤਾਬਾਂ ਦਾ ਲੇਖਕ ਹਾਂ, ਮੈਂ ਪੀ.ਐੱਚ.ਡੀ. ਤੇ ਕੋਈ ਹੋਰ ਪੜ੍ਹਾਈ ਕੀਤੀ ਹੋਈ ਹੈ, ਮਨ ਵਿਚ ਇਹੋ ਜਿਹੀਆਂ ਮਲੀਨ ਕਾਮਨਾਵਾਂ ਰੱਖਦੇ ਹੋਏ।

ਕਈਆਂ ਨੇ ਕਿਹਾ ਹੈ ਕਿ 'ਗੁਰੂ ਨਾਨਕ ਹਿੰਦੂ ਦਾ ਗੁਰੂ ਸੀ, ਮੁਸਲਮਾਨ ਦਾ ਪੀਰ।' ਜਿਥੋਂ ਤਕ ਪੀਰ ਦੀ ਗੱਲ ਹੈ, ਪੀਰ ਉਹ ਕਹਾ ਸਕਦਾ ਹੈ ਜਿਹੜਾ ਹਜ਼ਰਤ ਮੁਹੰਮਦ ਸਾਹਿਬ ਤੇ ਕੁਰਾਨ ਸ਼ਰੀਫ਼ 'ਤੇ ਇਮਾਨ ਲਿਆਵੇ। ਇਹ ਗੱਲ ਪੱਕੀ ਹੈ। ਪਰ ਐਸਾ ਰਿਸ਼ਤਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹਜ਼ਰਤ ਮੁਹੰਮਦ ਤੇ ਕੁਰਾਨ ਸ਼ਰੀਫ਼ ਨਾਲ ਨਹੀਂ। ਉਹ ਤਾਂ 'ਜਿਤ ਦਰ ਲਖ ਮਹੰਮਦਾ' ਦੇ ਬਚਨ ਉਚਾਰਨ ਵਾਲੇ ਸਨ।

ਕੁਝ ਲੋਕ ਵੱਡੀ ਤੋਂ ਵੱਡੀ ਛਾਲ ਮਾਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਦ-ਪਦਵੀ ਦੱਸਦੇ ਹਨ ਕਿ ਉਹ 'ਵਲੀ-ਅੱਲਾਹ' ਸਨ। ਇਸਲਾਮ ਵਿਚ ਪੈਗ਼ੰਬਰ ਦਾ ਦਰਜਾ ਆਖ਼ਰੀ ਹੈ—'ਆਖ਼ਰ ਨਬੀਆ'। ਇਸਲਾਮ ਦਾ ਕੌਲ ਹੈ, ਹੁਣ ਕਿਸੇ ਨੂੰ ਨਾ ਨਬੀ ਕਹਿ ਸਕਦੇ ਹੋ ਨਾ ਰਸੂਲ। ਸਭ ਤੋਂ ਵੱਡੀ ਜੇ ਇੱਜ਼ਤ ਕਰਨੀ ਹੈ ਤਾਂ ਉਸ ਨੂੰ 'ਵਲੀ ਅੱਲਾਹ' ਕਿਹਾ ਜਾ ਸਕਦਾ ਹੈ। ਯਾਨੀ ਜਿਸ ਨੂੰ ਅੱਲਾਹ ਵੱਲੋਂ ਬਲ ਜਾਂ ਤਾਕਤ ਮਿਲੀ ਹੋਈ ਹੋਵੇ ਉਸ ਨੂੰ ਵਲੀ-ਅੱਲਾਹ

ਕਹਿੰਦੇ ਹਨ। ਅਸਲੀ ਅਰਥਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ 'ਵਲੀ-ਅੱਲਾਹ' ਨਹੀਂ ਹਨ, ਨਾ ਹੀ ਪੈਗ਼ੰਬਰ। ਪੈਗ਼ੰਬਰ ਉਹ ਹੁੰਦਾ ਹੈ ਜਿਸ ਦੀ ਆਪਣੀ ਸ਼ਕਤੀ ਕੋਈ ਨਹੀਂ। ਉਹ ਪਰਮ ਸ਼ਕਤੀ ਨਾਲ ਅਭੇਦ ਹੋਵੇ ਤੇ ਉਹ ਸ਼ਕਤੀ ਉਸ ਨੂੰ ਆਪਣਾ ਪੈਗ਼ਾਮ ਦੇਣ ਦਾ ਵਸੀਲਾ ਬਣਾਵੇ। ਇਹ ਮਰਤਬਾ ਹੈ ਪੈਗ਼ੰਬਰ ਦਾ। ਪਰ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਕੀ ਕਹੀਏ ਤੇ ਕਿਸ 'ਕੈਟੇਗਰੀ' ਵਿਚ ਲਿਆਈਏ। ਉਹਨਾਂ ਦੀ ਬਾਣੀ ਸਮਝਣ ਦਾ ਕਿਵੇਂ ਯਤਨ ਕਰੀਏ ਕਿ ਉਹ ਕਿਸ ਦੇ ਮੂੰਹ ਵਿਚੋਂ ਨਿਕਲਦੀ ਹੈ, ਇਸ ਨੂੰ ਕਹਿਣ ਵਾਲਾ ਕੌਣ ਹੈ ਤੇ ਸਾਨੂੰ ਉਹਨਾਂ ਦੀ ਪਦ-ਪਦਵੀ ਨਿਸ਼ਚਿਤ ਕਰਨੀ ਹੀ ਪਵੇਗੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੰਗਿਆ 'ਗੁਰੂ' ਚਲੀ ਆਉਂਦੀ ਹੈ। ਗੁਰੂ ਕੀ ਚੀਜ਼ ਹੈ, ਗੁਰੂ ਦੇ ਕੀ ਅਰਥ ਹਨ? ਇਸ ਦੇ ਅਰਥ ਅਨੇਕ ਰੂਪਾਂ ਵਿਚ ਲਏ ਜਾਂਦੇ ਹਨ। ਟੋਕਰੀਆਂ ਬਣਾਉਣ ਵਾਲੇ ਤੋਂ ਲੈ ਕੇ ਵਿਦਿਆ ਪੜ੍ਹਾਉਣ ਵਾਲੇ ਤਕ। ਪਰ ਗੁਰੂ ਨਾਨਕ ਜੀ ਅਜਿਹੇ ਕੰਮਾਂ ਦੇ ਗੁਰੂ ਨਹੀਂ। ਉਹਨਾਂ ਦੇ ਗੁਰੂ ਪਦ ਦਾ ਰਹੱਸ ਅਧਿਆਤਮਕ ਅਰਥਾਂ ਨਾਲ ਖੁੱਲ੍ਹਦਾ ਹੈ। ਸਾਡੇ ਦੇਸ਼ ਦੀ ਆਪਣੀ ਪਰੰਪਰਾ ਤੋਂ ਬਾਹਰ ਕੋਈ ਚੀਜ਼ ਬਣਦੀ ਨਹੀਂ। ਜੇ ਅਸੀਂ ਗੁਰੂ ਪਦ ਦੀਆਂ ਪ੍ਰਾਚੀਨ ਜੜ੍ਹਾਂ ਵੱਲ ਜਾਈਏ, ਸੋਚੀਏ ਕਿ ਗੁਰੂ-ਪਦ ਦੇ ਅਧਿਆਤਮਕ ਤੇ ਉੱਤਮ ਅਰਥ ਕੀ ਹਨ ਤੇ ਜਿਸ ਪਦ ਲਈ ਗੁਰੂ ਜੀ ਨੇ ਆਪ ਕਲੇਮ ਕੀਤਾ ਹੈ ਉਸ ਨੂੰ ਸਮਝੇ ਬਿਨਾਂ ਅਸੀਂ ਉਹਨਾਂ ਦਾ ਮਰਤਬਾ ਨਹੀਂ ਸਮਝ ਸਕਦੇ। ਜਿਵੇਂ ਕਿਸੇ ਅਦਾਲਤ ਵਿਚ ਕੋਈ ਮੁਕੱਦਮਾ ਜਾਵੇ, ਕੋਈ ਗੱਲ ਠੀਕ ਤਰੀਕੇ ਨਾਲ ਸਮਝਣੀ ਹੋਵੇ ਤਾਂ ਉਸ ਦਾ ਪਿਛੋਕੜ ਜਾਣਨਾ ਜ਼ਰੂਰੀ ਹੁੰਦਾ ਹੈ। ਭਗਵਤ ਗੀਤਾ ਸਾਡੇ ਦੇਸ਼ ਦੇ ਫ਼ਲਸਫ਼ੇ ਦਾ ਮਹਾਨ ਗ੍ਰੰਥ ਹੈ, ਹਿੰਦੁਸਤਾਨ ਦੀ ਸਾਰੀ ਪ੍ਰਤਿਭਾ ਦੀ ਉੱਤਮ ਟੀਸੀ। ਯੂਰਪ ਇਸ ਦੇ ਫ਼ਲਸਫ਼ੇ ਤੋਂ ਪ੍ਰਭਾਵਿਤ ਹੋਇਆ। ਕਹਿੰਦੇ ਹਨ ਸ਼ਾਸਤਰ ਤੇ ਵੇਦ ਗਾਂ ਦੇ ਥਣ ਹਨ, ਅਰਜਨ ਵੱਛਾ ਹੈ, ਕ੍ਰਿਸ਼ਨ ਜੀ ਚੋਣ ਵਾਲੇ ਹਨ ਤੇ ਗੀਤਾ ਦੁੱਧ ਹੈ। ਆਉ ਅਸੀਂ ਇਸ ਮੰਨੇ-ਪ੍ਰਮੰਨੇ ਗ੍ਰੰਥ ਵਿਚ ਗੁਰੂ ਪਦ ਦੇ ਅਰਥ ਲੱਭੀਏ। ਗੀਤਾ ਦੇ ਪਹਿਲੇ ਅਧਿਆਇ ਵਿਚ ਹੀ ਇਕ ਸਲੋਕ ਹੈ:

ਗੁਰੂ ਬ੍ਰਹਮਾ ਗੁਰੂ ਵਿਸ਼ਨੂੰ ਗੁਰੂ ਮਹੇਸ਼ਵਰਾ,
ਗੁਰੂ ਸਾਖਸ਼ਾਤ ਪਾਰਬ੍ਰਹਮ ਪ੍ਰਮੇਸ਼ਵਰਾ।

ਸਪੱਸ਼ਟ ਹੈ ਤਿੰਨਾਂ ਦੇਵਤਿਆਂ ਦੇ ਉੱਤੇ ਪਾਰਬ੍ਰਹਮ ਹੈ ਤੇ ਉਸ ਦਾ ਸਾਖ਼ਸ਼ਾਤ ਰੂਪ ਗੁਰੂ ਹੈ। ਮਨੁੱਖ ਜਾਤੀ ਦਾ ਧਰਮ ਬਣਦਾ ਹੈ ਕਿ ਉਹ ਗੁਰੂ ਦਾ ਸਤਿਕਾਰ ਕਰੇ ਅਤੇ ਗੁਰੂ ਦੀ ਪਦ-ਪਦਵੀ ਸਮਝੇ ਜਿਸ ਦਾ ਕਲੇਮ ਗੁਰੂ ਨਾਨਕ ਸਾਹਿਬ ਜੀ ਨੇ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਗੁਰੂ ਹੋਣ ਦਾ ਦਾਅਵਾ ਆਪਣੇ ਪੰਜ ਭੌਤਿਕ ਸਰੀਰ ਬਾਰੇ ਨਹੀਂ ਕੀਤਾ। ਆਪਣੇ ਸਰੀਰ ਬਾਰੇ ਨਹੀਂ ਕੀਤਾ। ਆਪਣੇ ਸਰੀਰ ਬਾਰੇ ਤਾਂ ਉਹਨਾਂ ਜਿਨ੍ਹਾਂ ਲਫ਼ਜ਼ਾਂ ਵਿਚ ਨਿਮਰਤਾ ਦਿਖਾਈ ਹੈ, ਉਹ ਨੀਚ ਤੋਂ ਅਤਿ ਨੀਚ ਹੈ 'ਕੀਟਨ ਮਹਿ ਕੀਟ' ਕਿਹਾ ਹੈ। ਉਹਨਾਂ ਨੇ ਆਪਣੇ ਆਪ ਨੂੰ 'ਮੂਰਖ ਮੁਗਧ ਜਨਮ ਭਿਆ' ਵੀ ਕਿਹਾ ਹੈ ਪਰ ਇਸ ਦੇ ਨਾਲ ਹੀ ਜਿਹੜੀ ਉਹਨਾਂ ਦੀ ਆਤਮਾ ਦੀ ਪਰਮਾਤਮਾ ਨਾਲ ਅਭੇਦਤਾ ਹੈ:

ਅਪਰੰਪਰ ਪਾਰਬ੍ਰਹਮੁ ਪਰਮੇਸਰੁ
ਨਾਨਕ ਗੁਰੁ ਮਿਲਿਆ ਸੋਈ ਜੀਉ॥ (ਪੰਨਾ ੫੯੯)

ਇਹ ਗੁਰੂ ਤੇ ਪਾਰਬ੍ਰਹਮ ਨਾਲ ਅਭੇਦ ਹੋਣ ਦਾ ਦਾਅਵਾ ਹੈ ਜੋ ਅੱਜ ਤਕ ਕਿਸੇ ਨੇ ਨਾ ਕੀਤਾ। ਥੋੜ੍ਹਾ ਜਿਹਾ ਇਸ਼ਾਰਾ ਕ੍ਰਿਸ਼ਨ ਜੀ ਦਾ ਕੀਤਾ ਹੋਇਆ ਮਿਲਦਾ ਹੈ ਕਿ 'ਹੇ ਅਰਜਨ, ਤੂੰ ਮੇਰਾ ਅਸਲ ਰੂਪ ਨਹੀਂ ਦੇਖਿਆ।' ਗੁਰੂ ਨਾਨਕ ਜੀ ਤੋਂ ਲੈ ਕੇ ਦਸ ਗੁਰੂ ਹੋਏ ਹਨ, ਉਹਨਾਂ ਨੇ ਇਸ ਪਦ-ਪਦਵੀ ਦਾ ਦਾਅਵਾ ਕੀਤਾ ਹੈ ਅਤੇ ਗੁਰੂ ਨਾਨਕ ਜੀ ਬਾਰੇ ਇਹੋ ਦ੍ਰਿੜ੍ਹ ਕਰਵਾਇਆ ਹੈ, ਜਿਸ ਦਾ ਭਰਪੂਰ ਸਮਰਥਨ ਗੁਰਬਾਣੀ ਵਿਚ ਮੌਜੂਦ ਹੈ।

ਮੇਰਾ ਖ਼ਿਆਲ ਹੈ ਕਿ ਹੁਣ ਤੁਸੀਂ ਗੁਰੂ ਨਾਨਕ ਜੀ ਦੀ ਪਦ-ਪਦਵੀ ਬਾਰੇ ਸੰਗਿਆ ਨੂੰ ਮਨਾਂ 'ਚ ਰੱਖ ਕੇ ਸੋਚੋਗੇ ਕਿ ਜਿਸ ਗੁਰੂ ਨਾਨਕ ਜੀ ਦਾ ਪੰਜ ਸੌ ਸਾਲਾ ਮਨਾਇਆ ਜਾ ਰਿਹਾ ਹੈ ਉਹਨਾਂ ਦਾ ਸਥਾਨ ਸਾਡੇ ਮਨਾਂ ਵਿਚ ਕਿਹੋ ਜਿਹਾ ਹੋਣਾ ਚਾਹੀਦਾ ਹੈ? ਗੁਰੂ ਨਾਨਕ ਜੀ ਗੁਰੂ ਸਨ, ਜੇ ਉਹਨਾਂ ਨੂੰ ਸੰਤ, ਭਗਤ, ਕਵੀ, ਸ਼ਾਇਰ, ਵਲੀ-ਅੱਲਾਹ, ਪੀਰ, ਪੈਗ਼ੰਬਰ ਸਮਝ ਕੇ ਜਾਨਣ ਦੀ ਕੋਸ਼ਿਸ਼ ਕਰਾਂਗੇ ਤਾਂ ਹੱਥ-ਪੱਲੇ ਕੁਝ ਨਹੀਂ ਆਉਣਾ। ਇਹ ਸਭ ਯਤਨ ਨਿਰਾਰਥਕ ਹੀ ਰਹਿਣਗੇ।

ਗੁਰੂ ਨਾਨਕ ਸਾਹਿਬ ਬਾਰੇ ਮੈਂ ਥਿਊਰੈਟੀਕਲ ਪੱਖ ਤੋਂ ਹੀ ਆਪਣਾ ਬਹੁਤਾ ਸਮਾਂ ਖ਼ਰਚ ਕੀਤਾ ਹੈ ਪਰ ਮੈਂ ਦੱਸਣਾ ਚਾਹੁੰਦਾ ਸੀ ਕਿ ਉਹਨਾਂ ਦੀ ਸੰਸਾਰ ਨੂੰ ਦੇਣ ਕੀ ਹੈ। ਬਹੁਤੀਆਂ ਗੱਲਾਂ ਤੇ ਵਿਸਥਾਰ ਕਿਸੇ ਹੋਰ ਸਮੇਂ ਲਈ ਰੱਖਦਾ ਹੋਇਆ ਮੈਂ ਏਨਾ ਕੁ ਜ਼ਰੂਰ ਦੱਸਣਾ ਚਾਹਾਂਗਾ ਕਿ ਉਹਨਾਂ ਜੋ ਵਿਚਾਰਾਂ ਸੰਸਾਰ ਨੂੰ ਦਿੱਤੀਆਂ ਉਹ ਬੜੀਆਂ ਨਰੋਈਆਂ ਤੇ ਏਨੀਆਂ ਮਜ਼ਬੂਤ ਤੇ ਮੌਲਿਕ ਹਨ ਕਿ ਪਿਛਲੇ ਪੰਜ ਸੌ ਸਾਲਾਂ ਵਿਚ ਜਿੰਨੇ ਵੀ ਸੰਸਾਰ ਵਿਚ ਇਨਕਲਾਬ ਆਏ, ਪਰਿਵਰਤਨ ਹੋਏ, ਉਹਨਾਂ ਦੀਆਂ ਜੇ ਜੜ੍ਹਾਂ ਫਰੋਲੀਆਂ ਜਾਣ ਤਾਂ ਤੁਸੀਂ ਹੌਲੀ-ਹੌਲੀ ਜਦੋਂ ਇਹ ਦੇਖੋਗੇ ਕਿ ਇਹ ਵਿਚਾਰ ਕਰੂੰਬਲਾਂ ਕਿਥੋਂ ਤੇ ਕਿਵੇਂ ਫੁੱਟੀਆਂ ਤਾਂ ਇਸ ਦਾ ਸਿਹਰਾ ਭਾਰਤ ਤੇ ਇਸ ਦੇ ਪੰਜਾਬ ਪ੍ਰਾਂਤ ਦੇ ਮਹਾਨ ਗੁਰੂ ਨਾਨਕ ਸਾਹਿਬ ਦੇ ਸਿਰ ਉੱਤੇ ਹੀ ਬੱਝਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਦੁਨੀਆਂ ਵਿਚ ਸਮਾਜਕ ਦਰਜਾਬੰਦੀ ਖ਼ਤਮ ਕੀਤੀ। ਇਹ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਵਾਰ ਅਜਿਹਾ ਕੀਤਾ। ਕਈ ਲੋਕ ਕਹਿੰਦੇ ਹਨ ਕਿ ਜਾਤ-ਪਾਤ ਦਾ ਖੰਡਨ ਕਈਆਂ ਹੋਰਨਾਂ ਸੰਤਾਂ ਭਗਤਾਂ ਨੇ ਵੀ ਕੀਤਾ ਹੈ। ਕਬੀਰ, ਰਾਮਾਨੁਜ ਤੋਂ ਲੈ ਕੇ ਬੁੱਧ ਤਕ ਦੇ ਨਾਮ ਵੀ ਇਸ ਪ੍ਰਣਾਲੀ ਵਿਚ ਲਏ ਜਾ ਸਕਦੇ ਹਨ ਪਰ ਯਾਦ ਰਹੇ ਉਹਨਾਂ ਨੇ ਵਰਣ-ਆਸ਼ਰਮ ਧਰਮ ਦੇ ਬੰਧਨ ਨਹੀਂ ਤੋੜੇ ਸਨ। ਉਹ ਇਹੀ ਕਹਿੰਦੇ ਸਨ ਕਿ ਕਿਸੇ ਵੀ ਜਾਤੀ ਦਾ ਆਦਮੀ ਹੋਵੇ ਜਿਹੜਾ ਰਸਤਾ ਉਹ ਦੱਸ ਰਹੇ ਹਨ ਉਸ 'ਤੇ ਜੋ ਤੁਰੇਗਾ ਉਸ ਦਾ ਆਤਮਿਕ ਕਲਿਆਣ ਹੋ ਜਾਏਗਾ। ਪਰ ਕਿਸੇ ਨੇ ਵਰਣ-ਆਸ਼ਰਮ ਦਾ ਨਿਖੇਧ ਨਹੀਂ ਸੀ ਕੀਤਾ, ਜਿਵੇਂ ਗੁਰੂ ਨਾਨਕ ਜੀ ਨੇ ਕੀਤਾ ਹੈ।

ਦੂਜੀ ਦੇਣ ਉਹਨਾਂ ਦੀ ਸਾਰੀ ਮਨੁੱਖ ਜਾਤੀ ਨੂੰ ਚਾਹੇ ਕੋਈ ਕਿਸੇ ਦੀਪ ਦਾ ਹੋਵੇ, ਆਤਮਿਕ ਕਲਿਆਣ ਦਾ ਸਮਾਨ ਅਧਿਕਾਰ ਨਿਸਚਿਤ ਕਰਨਾ ਹੈ। ਇਹ ਠੀਕ ਹੈ ਕਿ ਸਾਨੂੰ ਆਪਣੇ ਦੇਸ਼ ਉੱਤੇ ਗੌਰਵ ਕਰਨਾ ਚਾਹੀਦਾ ਹੈ ਕਿ ਅਸੀਂ ਮਹਾਨ ਹਾਂ, ਸਾਡਾ ਗਿਆਨ ਮਹਾਨ ਹੈ, ਪਰ ਇਹ ਸਮਝਣਾ ਕਿ ਭਾਰਤ ਭੂਮੀ ਤੋਂ ਪਰੇ ਨਾ ਹੀ ਕੋਈ ਉੱਤਮ ਗਿਆਨ ਹੈ ਤੇ ਨਾ ਹੀ ਆਤਮਕ ਕਲਿਆਣ ਦਾ ਸਾਧਨ, ਕੋਈ ਨਰੋਆ ਵਿਚਾਰ ਨਹੀਂ। ਇਸ ਸੋਚ ਨੇ ਸਾਨੂੰ ਬਾਕੀ ਦੁਨੀਆਂ ਨਾਲੋਂ ਤੋੜ ਰੱਖਿਆ ਸੀ। ਉਹਨਾਂ ਨੇ ਜੋ ਗਿਆਨ ਦਿੱਤਾ ਤੇ ਜਿਸ ਕਿਸਮ ਦੇ ਵਿਚਾਰ

ਭਾਰਤ-ਭੂਮੀ ਤੋਂ ਬਾਹਰ ਜਾ ਕੇ ਦੂਜੇ ਦੇਸ਼ਾਂ ਵਿਚ ਪ੍ਰਚਾਰੇ ਉਸ ਤੋਂ ਪ੍ਰਗਟ ਹੈ ਕਿ ਉਹਨਾਂ ਦਾ ਨਜ਼ਰੀਆ ਕੇਵਲ ਭਾਰਤ-ਭੂਮੀ ਦੇ ਲੋਕਾਂ ਦੀ ਕਲਿਆਣ ਲਈ ਹੀ ਨਹੀਂ ਸਗੋਂ ਸੱਚੇ ਅਰਥਾਂ ਵਿਚ 'ਸਰਬੱਤ ਦੇ ਭਲੇ' ਵਾਲਾ ਸੀ। ਗੁਰੂ ਨਾਨਕ ਜੀ ਦੀਆਂ ਯਾਤਰਾਵਾਂ ਨੇ ਸੰਬੰਧਿਤ ਦੇਸ਼ਾਂ ਦੇ ਲੋਕਾਂ ਦੀ ਇਹ ਸੋਚ ਭੰਨੀ ਕਿ ਜੋ ਕੁਝ ਖੂਹ ਦੇ ਡੱਡੂ ਵਾਂਗ ਆਪਣੇ ਆਪ ਨੂੰ ਉਹ ਸਮਝ ਰਹੇ ਹਨ ਇਸ ਤੋਂ ਪਰੇ ਅਪਾਰ ਸੰਸਾਰ ਹੈ। ਸਾਡੀ ਤੰਗ-ਦਿਲ ਸੋਚ ਨੇ ਜੋ ਬਾਹਰਲੀ ਦੁਨੀਆਂ ਦੀਆਂ ਨਵੀਆਂ ਕਾਢਾਂ ਤੇ ਸੋਚਾਂ ਤੋਂ ਰੌਸ਼ਨਦਾਨ ਤੇ ਦਰਵਾਜ਼ੇ ਖਿੜਕੀਆਂ ਬੰਦ ਕਰ ਰੱਖੇ ਸਨ, ਗੁਰੂ ਨਾਨਕ ਦੇਵ ਜੀ ਨੇ ਖੋਲ੍ਹ ਕੇ ਸਾਨੂੰ ਦੂਰ-ਦ੍ਰਿਸ਼ਟ ਬਣਾਇਆ ਹੈ। ਉਸ ਦਾ ਫ਼ਲ ਹੈ ਕਿ ਭਾਰਤ ਵਾਸੀਆਂ ਵਿਚ ਮੁੜ ਆਜ਼ਾਦ ਹੋਣ ਦੀ, ਆਪਣੀ ਸਭਿਅਤਾ ਦੇ ਗੌਰਵ ਨੂੰ ਵਧਾਉਣ ਦੀ ਰੁਚੀ ਉਤਪੰਨ ਹੋਈ ਜਿਸ ਕਾਰਨ ਭਾਰਤ ਦੀ ਆਜ਼ਾਦੀ ਦੀ ਲੜਾਈ ਦਾ ਮੁੱਢ ਬੱਝਾ। ਉਹਨਾਂ ਨੇ ਇਹ ਵੀ ਇਕ ਨਰੋਆ ਵਿਚਾਰ ਦਿੱਤਾ ਕਿ ਰਾਜਸੀ ਸ਼ਕਤੀ ਉੱਤੇ ਕਿਸੇ ਦਾ ਜਮਾਂਦਰੂ ਹੱਕ ਨਹੀਂ ਹੋ ਸਕਦਾ। ਇਸ 'ਤੇ ਸਭ ਦਾ ਹੱਕ ਹੈ। ਜੇ ਇਹ ਵਿਚਾਰ ਨਾ ਦਿੱਤੇ ਜਾਂਦੇ ਤਾਂ ਨਾ ਕੋਈ ਨਰੋਆ ਧਰਮ ਉਤਪੰਨ ਹੋ ਸਕਦਾ ਸੀ ਤੇ ਨਾ ਹੀ ਸਮਾਜ ਸਿਰਜਣਾ ਕੀਤੀ ਜਾ ਸਕਦੀ ਸੀ ਕਿਉਂਕਿ ਲੋਕ ਰਾਜ ਦੇ ਹੁਕਮ ਨੂੰ ਹੀ ਪਰਮਾਤਮਾ ਦਾ ਹੁਕਮ ਮੰਨਦੇ ਸੀ। ਉਹਨਾਂ ਨੇ ਰਾਜਿਆਂ, ਅਮੀਰਾਂ ਤੋਂ ਨਿਸ਼ੰਗ ਹੋ ਕੇ ਆਪਣੇ ਸੁਤੰਤਰ ਵਿਚਾਰਾਂ ਦੀ ਨੀਂਹ ਧਰੀ ਤੇ ਥਾਂ-ਥਾਂ ਇਹਨਾਂ ਹੁਕਮਰਾਨਾਂ ਨੂੰ ਵੰਗਾਰਿਆ :

ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥ *(ਪੰਨਾ ੪੭੦)*

ਇਹ ਵੱਡੇ ਵਿਚਾਰ ਸਨ ਜੋ ਸ੍ਰੀ ਗੁਰੂ ਨਾਨਕ ਸਾਹਿਬ ਨੇ ਦਿੱਤੇ, ਜਿਨ੍ਹਾਂ ਕਰਕੇ ਸਾਡੇ ਦੇਸ਼ ਦਾ ਆਧੁਨਿਕ ਸੰਸਾਰ ਨਾਲ ਅਗਵਾਈ ਵਾਲਾ ਸੰਬੰਧ ਕਾਇਮ ਹੋਇਆ।

1. ਗੁਰੂ ਨਾਨਕ ਦੇਵ ਜੀ ਨੇ ਸਾਡੇ ਸਮਾਜ ਵਿਚੋਂ ਦਰਜਾਬੰਦੀ ਖ਼ਤਮ ਕੀਤੀ।
2. ਸਾਨੂੰ ਆਪਣੀ ਭਾਰਤ-ਭੂਮੀ ਤੋਂ ਬਾਹਰ ਦੇ ਲੋਕਾਂ ਨਾਲ ਮੋਢੇ ਨਾਲ ਮੋਢਾ ਡਾਹ ਕੇ ਤੁਰਨ ਦੀ ਪ੍ਰੇਰਨਾ ਕੀਤੀ।
3. ਰਾਜਸੀ ਸ਼ਕਤੀ ਸਭ ਲਈ ਇਕ ਸਮਾਨ ਦੇ ਵਿਚਾਰਾਂ ਦੇ ਬੀਜ ਬੀਜੇ।

ਇਹ ਹਨ ਨੁਕਤੇ ਜੋ ਉਹਨਾਂ ਦੇ ਜੀਵਨ ਤੇ ਵਿਚਾਰਾਂ ਦੇ ਅਧਿਐਨ ਤੋਂ ਅਸੀਂ ਲੱਭ ਸਕਦੇ ਹਾਂ। ਉਹਨਾਂ ਦੇ ਵਿਚਾਰ ਕਿਥੇ ਕਿਵੇਂ ਪ੍ਰਗਟੇ ਤੇ ਕਿਵੇਂ-ਕਿਵੇਂ ਵਧ-ਫੁੱਲ ਕੇ ਆਪਣੇ-ਆਪਣੇ ਥਾਂ ਸਥਾਨਕ ਰੂਪ ਧਾਰਨ ਕੀਤਾ ? ਇਹ ਇਕ ਹੋਰ ਮਹਾਨ ਪੱਖ ਹੈ ਜਿਸ ਦਾ ਜਿੰਨਾ-ਜਿੰਨਾ ਅਧਿਐਨ ਕੀਤਾ ਜਾਵੇ ਤਾਂ ਇਹੋ ਸਿੱਧ ਹੁੰਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਚਾਰ ਹੀ ਸੰਸਾਰ ਵਿਚਾਰਧਾਰਾ ਵਿਚ ਇਸ ਆਧੁਨਿਕ ਯੁਗ ਦੀਆਂ ਜੜ੍ਹਾਂ ਹਨ। ਸਿੱਖ ਗੁਰੂਆਂ ਦੇ ਉਪਦੇਸ਼ਾਂ ਉੱਤੇ ਅਸੀਂ ਸਾਰੇ ਲੋਕ ਜਿੰਨਾ ਵੀ ਗੌਰਵ ਕਰੀਏ ਉਨਾ ਹੀ ਥੋੜ੍ਹਾ ਹੈ।

(11/1988)

ਅਗਿਆਨ ਅੰਧਕਾਰ ਦੇ ਵਿਨਾਸ਼ਕ:
ਸ੍ਰੀ ਗੁਰੂ ਨਾਨਕ ਦੇਵ ਜੀ

ਸ੍ਰੀ ਗੁਰੂ ਨਾਨਕ ਸਾਹਿਬ ਦਾ ਜਨਮ ਵੈਸਾਖ ਸੁਦੀ 3 (20 ਵੈਸਾਖ) ਸੰਮਤ 1526 (15 ਅਪਰੈਲ, ਸੰਨ 1469) ਨੂੰ ਬੇਦੀ ਕਾਲੂ ਚੰਦ ਦੇ ਘਰ ਮਾਤਾ ਤ੍ਰਿਪਤਾ ਜੀ ਦੇ ਉਦਰ ਤੋਂ ਰਾਇ ਭੋਇ ਦੀ ਤਲਵੰਡੀ (ਜੋ ਹੁਣ ਨਾਨਕਿਆਣਾ ਪ੍ਰਸਿੱਧ ਹੈ) ਵਿਚ ਹੋਇਆ।

ਸੰਮਤ 1532 ਵਿਚ ਗੋਪਾਲ ਪੰਡਿਤ ਪਾਸ ਹਿੰਦੀ, ਸੰਮਤ 1535 ਵਿਚ ਬ੍ਰਿਜ ਲਾਲ ਪੰਡਿਤ ਪਾਸ ਸੰਸਕ੍ਰਿਤ ਅਤੇ ਸੰਮਤ 1539 ਵਿਚ ਮੌਲਵੀ ਕੁਤਬੁੱਦੀਨ ਪਾਸ ਫ਼ਾਰਸੀ ਪੜ੍ਹਨ ਬਿਠਾਏ, ਪਰ ਇਹਨਾਂ ਤਿੰਨਾਂ ਉਸਤਾਦਾਂ ਨੂੰ ਆਪਣੇ ਆਤਮਿਕ ਬਲ ਨਾਲ ਸ਼ਾਗਿਰਦ ਬਣਾ ਕੇ ਸਮਝਾਇਆ ਕਿ ਵਿਦਿਆ ਦੇ ਤੱਤ ਜਾਣੇ ਬਿਨਾਂ ਪੜ੍ਹਿਆ ਹੋਇਆ ਆਦਮੀ ਭੀ ਮੂਰਖ ਹੈ। ਇਸੇ ਵਰ੍ਹੇ ਕਾਲੂ ਜੀ ਨੇ ਖੱਤਰੀਆਂ ਦੀ ਰੀਤ ਅਨੁਸਾਰ ਹਰਦਿਆਲ, ਕੁਲ ਪੁਰੋਹਿਤ ਤੋਂ ਗੁਰੂ ਸਾਹਿਬ ਦੇ ਜਨੇਊ ਪਵਾਉਣ ਦਾ ਪ੍ਰਬੰਧ ਕੀਤਾ। ਜਦ ਪੁਰੋਹਿਤ ਨੇ ਜਨੇਊ ਲੈ ਕੇ ਮੰਤਰ ਉਪਦੇਸ਼ ਸਹਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗਲ ਪਹਿਰਾਉਣਾ ਚਾਹਿਆ, ਤਦ ਸਤਿਗੁਰੂ ਨੇ ਜਨੇਊ ਨੂੰ ਜਾਤਿ-ਬੰਧਨ ਜਾਣ ਕੇ ਪਹਿਰਣੋਂ ਇਨਕਾਰ ਕੀਤਾ ਅਰ 'ਦਇਆ ਕਪਾਹ ਸੰਤੋਖ ਸੂਤ' ਆਦਿ ਸਲੋਕ ਉਚਾਰੇ, ਜੋ ਵਾਰ ਆਸਾ ਵਿਚ ਹਨ।

ਗੁਰੂ ਸਾਹਿਬ ਦਾ ਮਨ ਸਦਾ ਕਰਤਾਰ ਦੇ ਚਿੰਤਨ ਵਿਚ ਲੀਨ ਰਹਿੰਦਾ ਸੀ ਅਰ ਵਿਹਾਰਾਂ ਵੱਲ ਧਿਆਨ ਨਹੀਂ ਦਿੰਦੇ ਸਨ, ਪਰ ਬਾਬਾ ਕਾਲੂ ਜੀ ਦੀ ਵੱਡੀ ਇੱਛਾ ਸੀ ਕਿ ਕਿਵੇਂ ਘਰ ਦੇ ਧੰਦਿਆਂ ਵਿਚ ਲੱਗਣ, ਇਕ ਵਾਰ ਪਿਤਾ ਨੇ ਕੁਝ ਰੁਪਏ ਦੇ ਕੇ ਆਪ ਨੂੰ ਸੌਦਾ ਕਰਨ ਭੇਜਿਆ, ਰਸਤੇ ਵਿਚ ਕਈ ਦਿਨ ਦੇ ਭੁੱਖੇ ਵਿਦਵਾਨ ਸਾਧੂ ਮਿਲੇ, ਸਾਰਾ ਧਨ ਉਹਨਾਂ ਦੇ ਖਾਨ-ਪਾਨ ਵਾਸਤੇ ਅਰਪ ਦਿੱਤਾ ਜਦ ਘਰ ਆਏ ਤਦ ਪਿਤਾ ਜੀ ਨੇ ਬਹੁਤ ਤਾੜਨਾ ਕੀਤੀ, ਇਸ ਦਸ਼ਾ ਨੂੰ ਦੇਖ ਕੇ ਰਾਇ ਬੁਲਾਰ ਜੋ ਤਲਵੰਡੀ ਦਾ ਸਰਦਾਰ ਸੀ ਅਤੇ ਜਿਸ ਦਾ ਨਿਸ਼ਚਾ ਸੀ ਕਿ ਨਾਨਕ ਦੇਵ ਪਰਮ ਗਿਆਨੀ ਸੰਤ ਹਨ, ਬਹੁਤ ਦੁਖੀ ਹੋਇਆ, ਉਸ ਨੇ ਮੁਨਾਸਿਬ ਜਾਣਿਆ ਕਿ ਗੁਰੂ ਨਾਨਕ ਦੇਵ ਜੀ ਨੂੰ ਸੁਲਤਾਨਪੁਰ ਬੀਬੀ ਨਾਨਕੀ ਜੀ ਪਾਸ ਭੇਜ ਦਿੱਤਾ ਜਾਵੇ ਤਾਂ ਕਿ ਗੁਰੂ ਜੀ ਦੀ ਸ਼ਾਂਤੀ ਵਿਚ ਵਿਘਨ ਨਾ ਪਵੇ। ਸੰਮਤ 1541 ਵਿਚ ਬੀਬੀ ਨਾਨਕੀ ਜੀ ਦਾ ਪਤੀ ਜੈਰਾਮ ਆਪ ਨੂੰ ਸੁਲਤਾਨਪੁਰ ਲੈ ਗਿਆ ਅਰ ਸਭ ਦੀ ਪ੍ਰੇਰਨਾ ਕਰਕੇ ਗੁਰੂ ਸਾਹਿਬ ਨੇ ਦੌਲਤ ਖ਼ਾਂ ਲੋਧੀ ਦਾ ਮੋਦੀਖ਼ਾਨਾ ਸੰਮਤ 1542 ਵਿਚ ਸਾਂਭਿਆ।

24 ਜੇਠ ਸੰਮਤ 1544 ਨੂੰ ਆਪ ਦਾ ਵਿਆਹ ਮੂਲ ਚੰਦ ਜੀ ਦੀ ਸਪੁੱਤਰੀ ਸੁਲੱਖਣੀ

ਜੀ ਨਾਲ ਹੋਇਆ, ਜਿਸ ਤੋਂ ਬਾਬਾ ਸ੍ਰੀ ਚੰਦ ਜੀ ਅਤੇ ਲਖਮੀ ਦਾਸ ਜੀ ਜਨਮੇ।

ਰਾਜ-ਜੋਗੀ ਗੁਰੂ ਨੇ ਵਿਚਾਰਿਆ ਕਿ ਘਰ ਬੈਠ ਕੇ ਉਪਦੇਸ਼ ਕਰਨ ਨਾਲ ਸੰਸਾਰ 'ਤੇ ਪੂਰਨ ਉਪਕਾਰ ਨਹੀਂ ਹੋ ਸਕਦਾ, ਇਸ ਲਈ ਫੁੱਟ, ਈਰਖਾ, ਵੈਰ ਨਾਲ ਸੜਦੀ ਹੋਈ ਲੋਕਾਈ ਨੂੰ ਅੰਮ੍ਰਿਤ ਨਾਮ ਦਾ ਛਿੱਟਾ ਦੇਣ ਵਾਸਤੇ ਸੰਮਤ 1554 ਵਿਚ ਮੋਦੀਖ਼ਾਨਾ ਤਿਆਗ ਕੇ ਦੇਸ਼ਾਂਟਨ ਆਰੰਭਿਆ। ਏਮਨਾਬਾਦ ਵਿਚ ਲਾਲੋ ਤਖਾਣ ਦੇ ਘਰ ਰਹਿ ਕੇ ਖਾਣ-ਪਾਣ ਦੀ ਛੂਤ-ਛਾਤ ਦਾ ਭਰਮ ਮਿਟਾਇਆ। ਹਰਿਦੁਆਰ ਜਾ ਕੇ ਪਿਤਰਾਂ ਨੂੰ ਜਲ ਦੇਣਾ ਅਵਿਦਿਆ-ਕਰਮ ਸਿੱਧ ਕੀਤਾ। ਦਿੱਲੀ, ਕਾਸ਼ੀ ਆਦਿਕ ਅਸਥਾਨਾਂ ਵਿਚ ਧਰਮ ਦਾ ਪ੍ਰਚਾਰ ਕਰਦੇ ਹੋਏ ਗਯਾ ਪਹੁੰਚੇ, ਜਿਥੇ ਪਿੰਡ-ਦਾਨ ਆਦਿਕ ਕਰਮਾਂ ਨੂੰ ਖੰਡਨ ਕੀਤਾ। ਜਗਨਨਾਥ ਪਹੁੰਚ ਕੇ ਕਰਤਾਰ ਦੀ ਸੱਚੀ ਆਰਤੀ ਦਾ ਉਪਦੇਸ਼ ਦਿੱਤਾ।

ਦੂਜੀ ਯਾਤਰਾ ਸੰਮਤ 1567 ਵਿਚ ਦੱਖਣ ਦੀ ਕੀਤੀ, ਅਰ ਬੁੱਧਗਿਰਿ (ਕੋਹਆਬੁ), ਸੇਤੁਬੰਦ, ਰਾਮੇਸ਼ਵਰ, ਸਿੰਗਲਾਦੀਪ ਆਦਿਕ ਅਸਥਾਨਾਂ ਵਿਚ ਕਰਤਾਰ ਦੀ ਭਗਤੀ ਦਾ ਪ੍ਰਚਾਰ ਕੀਤਾ।

ਤੀਜੀ ਯਾਤਰਾ ਸੰਮਤ 1571 ਵਿਚ ਆਰੰਭ ਕੇ ਸਰਮੌਰ ਗੜ੍ਹਵਾੜ ਗੋਰਖਪੁਰ ਸਿੱਕਮ, ਭੂਟਾਨ, ਤਿੱਬਤ ਆਦਿਕ ਵਿਚ ਵਾਹਿਗੁਰੂ ਦੀ ਅਨੰਨਯ ਉਪਾਸਨਾ ਦ੍ਰਿੜ੍ਹਾਈ।

ਚੌਥੀ ਯਾਤਰਾ ਸੰਮਤ 1575 ਵਿਚ ਪੱਛਮ ਦੀ ਕੀਤੀ, ਬਲੋਚਿਸਤਾਨ ਹੁੰਦੇ ਹੋਏ ਮੱਕੇ ਪਹੁੰਚੇ ਅਰ ਇਕ ਦਿਸ਼ਾ ਵੱਲ ਮੁੱਖ ਕਰ ਕੇ ਸਰਵ-ਵਿਆਪੀ ਕਰਤਾਰ ਦੀ ਪ੍ਰਾਰਥਨਾ ਕਰਨੀ ਖੰਡਨ ਕੀਤੀ; ਰੂਸ, ਬਗ਼ਦਾਦ, ਈਰਾਨ ਦੀ ਸੈਰ ਕਰਦੇ ਹੋਏ ਕੰਧਾਰ, ਕਾਬਲ ਵਿਚ ਸਤਿਨਾਮ ਦਾ ਉਪਦੇਸ਼ ਦਿੰਦੇ, ਹਸਨ ਅਬਦਾਲ ਨਿਵਾਸੀ ਵਲੀ ਕੰਧਾਰੀ ਦਾ ਅਭਿਮਾਨ ਦੂਰ ਕੀਤਾ।

ਸੰਮਤ 1579 ਵਿਚ ਕਰਤਾਰਪੁਰ (ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਸੰਮਤ 1561 ਵਿਚ ਆਬਾਦ ਕੀਤਾ ਸੀ) ਬਿਰਾਜ ਕੇ ਗਿਆਨ ਅਤੇ ਭਗਤੀ ਤੇ ਸਦ-ਬ੍ਰਤ ਨਾਲ ਅੰਨ ਦਾ ਲੰਗਰ ਸਭ ਲਈ ਜਾਰੀ ਕੀਤਾ।

ਇਸੇ ਵਰ੍ਹੇ ਕਰਤਾਰਪੁਰ ਵਿਚ ਗੁਰੂ ਸਾਹਿਬ ਦੇ ਮਾਤਾ-ਪਿਤਾ ਦਾ ਦੇਹਾਂਤ ਹੋਇਆ। ਯੋਗ ਪੁਰਸ਼ ਹੀ ਆਚਾਰਯ ਪਦਵੀ ਦੇ ਅਧਿਕਾਰੀ ਹਨ, ਇਹ ਸਿੱਧ ਕਰਨ ਲਈ ਗੁਰੂ ਅੰਗਦ ਦੇਵ ਜੀ ਨੂੰ ਗੁਰਤਾ ਦੇ ਕੇ 23 ਅੱਸੂ (ਸੁਦੀ 10) ਸੰਮਤ 1596 (22 ਸਤੰਬਰ ਸੰਨ 1539) ਨੂੰ ਜੋਤੀ ਜੋਤਿ ਸਮਾਏ। ਅੰਤਿਮ ਸੰਸਕਾਰ ਕਰਨ ਲਈ ਸਿੱਖ, ਹਿੰਦੂ ਅਤੇ ਮੁਸਲਮਾਨਾਂ ਦਾ ਪਰਸਪਰ ਬਹੁਤ ਵਿਵਾਦ ਹੋਇਆ ਕਿਉਂਕਿ ਇਹ ਸਭ ਜਗਤ ਗੁਰੂ ਨੂੰ ਕੇਵਲ ਆਪਣਾ ਹੀ ਗੁਰੂ-ਪੀਰ ਮੰਨਦੇ ਸਨ। ਅੰਤ ਨੂੰ ਗੁਰੂ ਸਾਹਿਬ ਦਾ ਵਸਤਰ ਲੈ ਕੇ ਮੁਸਲਮਾਨਾਂ ਨੇ ਕਬਰ ਬਣਾਈ ਅਤੇ ਸਿੱਖਾਂ ਹਿੰਦੂਆਂ ਨੇ ਸੰਸਕਾਰ ਕੀਤਾ। ਗੁਰੂ ਨਾਨਕ ਦੇਵ ਦੇ ਇਸ ਪਵਿੱਤਰ ਧਾਮ ਦਾ ਨਾਮ 'ਡੇਰਾ (ਦੇਹੁਰਾ) ਬਾਬਾ ਨਾਨਕ' ਹੈ। ਗੁਰੂ ਸਾਹਿਬ ਦੀ ਸਾਰੀ ਅਵਸਥਾ 70 ਵਰ੍ਹੇ 4 ਮਹੀਨੇ ਅਤੇ 3 ਦਿਨ ਦੀ ਸੀ।

ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ॥ (ਪੰਨਾ ੧੫੦)

ਹਰਖ ਅਨੰਤ ਸੋਗ ਨਹੀ ਬੀਆ॥
ਸੋ ਘਰੁ ਗੁਰਿ ਨਾਨਕ ਕਉ ਦੀਆ॥ (ਪੰਨਾ ੧੮੬)

ਗੁਰੁ ਨਾਨਕ ਜਾ ਕਉ ਭਇਆ ਦਇਆਲਾ॥
ਸੋ ਜਨੁ ਹੋਆ ਸਦਾ ਨਿਹਾਲਾ॥ (ਪੰਨਾ ੩੯੬)
ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ
ਤਿਨ੍ ਕਾ ਲੇਖਾ ਨਿਬੜਿਆ॥ (ਪੰਨਾ ੪੩੫)
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ
ਸੇ ਫਿਰਿ ਗਰਭਾਸਿ ਨ ਪਰਿਆ ਰੇ॥ (ਪੰਨਾ ੬੧੨)
ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ
ਫਿਰਿ ਲੇਖਾ ਮੂਲਿ ਨ ਲਇਆ॥ (ਪੰਨਾ ੬੧੨)
ਜੋ ਜੋ ਸਰਣਿ ਪਰਿਓ ਗੁਰੁ ਨਾਨਕ ਅਭੈ ਦਾਨੁ ਸੁਖ ਪਾਏ॥ (ਪੰਨਾ ੮੨੦)
ਚਾਰਿ ਬਰਨ ਚਾਰਿ ਆਸ੍ਰਮ ਹੈ,
ਕੋਈ ਮਿਲੈ ਗੁਰੂ ਗੁਰ ਨਾਨਕ ਸੋ ਆਪਿ ਤਰੈ ਕੁਲ ਸਗਲ ਤਰਾਧੋ॥ (ਪੰਨਾ ੧੨੯੭)
ਹਰਿ ਗੁਰੁ ਨਾਨਕੁ ਜਿਨ ਪਰਸਿਅਉ ਸਿ ਜਨਮ ਮਰਣ ਦੁਹ ਥੇ ਰਹਿਓ॥
(ਪੰਨਾ ੧੩੮੬)

(11/1990)

ਸੂਰਬੀਰ—ਗੁਰੂ ਨਾਨਕ ਸਾਹਿਬ

ਗੁਰੂ ਨਾਨਕ ਦੇਵ ਜੀ ਨੂੰ ਪ੍ਰਮੁੱਖ ਰੂਪ ਵਿਚ ਸੰਤ, ਭਗਤ ਤੇ ਸ਼ਾਂਤੀ-ਨਿਪੁੰਨ ਗੁਰੂ ਦੇ ਰੂਪ ਵਿਚ ਵੇਖਿਆ ਤੇ ਚਿਤਰਿਆ ਜਾਂਦਾ ਹੈ। ਉਹਨਾਂ ਦਾ ਆਮ ਪ੍ਰਭਾਵ ਕਿਸੇ ਅਣਡਿੱਠੀ ਨਾਮ-ਖ਼ੁਮਾਰੀ ਵਾਲਾ ਹੈ। ਉਹਨਾਂ ਦੀਆਂ ਜਿੰਨੀਆਂ ਤਸਵੀਰਾਂ ਵੇਖਣ ਵਿਚ ਆਉਂਦੀਆਂ ਹਨ, ਉਹਨਾਂ ਵਿਚ ਉਹਨਾਂ ਦੇ ਅੱਧ-ਮੁੰਦੇ ਨੈਣ ਕਿਸੇ ਰਹੱਸਵਾਦੀ ਲਿਵ ਦਾ ਦ੍ਰਿਸ਼ ਪੇਸ਼ ਕਰਦੇ ਹਨ। ਉਹਨਾਂ ਦੇ ਹੱਥ ਵਿਚ ਮਾਲਾ ਹੈ। ਉਹਨਾਂ ਦੇ ਸਿਰ 'ਤੇ ਸਜਾਈ ਦਸਤਾਰ ਵਿਚ ਵੀ ਮਾਲਾ ਸੱਜ ਰਹੀ ਹੈ, ਜਿਸ ਤੋਂ ਉਹ ਹਰ ਸਮੇਂ ਸਿਮਰਨ ਵਿਚ ਮਸਤ ਰਹਿਣ ਵਾਲੇ ਪ੍ਰਤੀਤ ਹੁੰਦੇ ਹਨ। ਮਰਦਾਨਾ ਉਹਨਾਂ ਦੀ ਸਮਦਰਸ਼ੀ ਦ੍ਰਿਸ਼ਟੀ ਦਾ ਚਿੰਨ੍ਹ ਹੈ ਤੇ ਵੈਰ-ਵਿਰੋਧ ਤੋਂ ਮੁਕਤ ਝਾਕੀ ਪੇਸ਼ ਕਰਦਾ ਹੈ। ਉਹਨਾਂ ਦੀ ਬਾਣੀ ਵਿਚ ਪਰਮਾਤਮਾ ਦੀ ਸਿਫ਼ਤ-ਸਲਾਹ ਹੈ, ਪ੍ਰੇਮ ਹੈ, ਸਾਈਂ ਲਈ ਬਿਹਬਲਤਾ ਤੇ ਤੜਪ ਹੈ। ਇਹ ਅਗੰਮੀ ਗੀਤ ਮਿਠਾਸ ਨਾਲ ਭਰਪੂਰ ਹਨ। ਉਹਨਾਂ ਨੇ ਸੰਸਾਰ ਦੇ ਰੋਗ ਨੂੰ ਸਮਝਿਆ ਤੇ ਨਾਮ ਦਾਰੂ ਪ੍ਰਦਾਨ ਕੀਤਾ।

ਗੁਰੂ ਜੀ ਦੇ ਜੀਵਨ ਦਾ ਇਹ ਰੂਪ ਅਵੱਸ਼ ਹੀ ਠੀਕ ਹੈ, ਪਰ ਇਹ ਉਹਨਾਂ ਦੇ ਜੀਵਨ ਦਾ ਕੇਵਲ ਇਕ ਪੱਖ ਹੈ। ਗੁਰੂ ਸਾਹਿਬ ਦੀ ਸ਼ਖ਼ਸੀਅਤ ਏਨੀ ਵਿਸ਼ਾਲ ਸੀ ਕਿ ਉਹਨਾਂ ਦੇ ਹਰ ਪਹਿਲੂ ਵਿਚ ਵਚਿੱਤਰਤਾ ਵਿਖਾਈ ਦਿੰਦੀ ਹੈ ਅਤੇ ਉਸ ਵਿਚੋਂ ਇਕ ਪਹਿਲੂ ਸੀ, ਉਹਨਾਂ ਦੀ ਸੂਰਬੀਰਤਾ।

ਉਹ ਭਗਤ ਸਨ, ਪਰ ਕਾਇਰ ਨਹੀਂ, ਬਹਾਦਰ ਭਗਤ ਸਨ। ਉਹ ਅਹਿੰਸਾਧਾਰੀ ਸਨ, ਪਰ ਉਹਨਾਂ ਲਈ 'ਅਹਿੰਸਾ ਪਰਮੋ ਧਰਮ' ਨਹੀਂ ਸੀ, ਉਹ ਸੂਰਬੀਰ ਅਹਿੰਸਕ ਸਨ। ਜਿਸ ਸੰਤ-ਸਿਪਾਹੀ ਦੀ ਸਾਜਨਾ ਗੁਰੂ ਗੋਬਿੰਦ ਸਿੰਘ ਜੀ ਤੋਂ ਕਹੀ ਜਾਂਦੀ ਹੈ, ਉਸ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਸੂਰਬੀਰ ਜੀਵਨ-ਚਲਨ ਰਾਹੀਂ ਰੱਖੀ। ਸੂਰਬੀਰਤਾ ਕੇਵਲ ਸਰੀਰਕ ਬਾਹੂ-ਬਲ ਦਾ ਵਿਖਾਵਾ ਨਹੀਂ, ਸੂਰਬੀਰਤਾ ਕੇਵਲ ਸਰਹੱਤ ਉੱਤੇ ਦੁਸ਼ਮਣ ਦੀ ਫ਼ੌਜ ਨਾਲ ਟਾਕਰਾ ਕਰਨ ਵਿਚ ਹੀ ਨਹੀਂ, ਸੂਰਬੀਰਤਾ ਸੂਰਬੀਰਾਂ ਵਾਲਾ ਚਲਨ ਹੈ, ਸੂਰਬੀਰਾਂ ਵਾਲੀ ਅਣਖ ਹੈ, ਸ੍ਵੈਮਾਨ ਹੈ, ਸੱਚ ਲਈ ਡਟ ਜਾਣ ਵਾਲਾ ਬਲ ਹੈ, ਨਿਆਂ ਲਈ ਆਵਾਜ਼ ਬੁਲੰਦ ਕਰਨ ਦਾ ਸਾਹਸ ਹੈ, ਕੱਚ ਨੂੰ ਕਰਾਰੀ ਸੱਟ ਲਾਉਣ ਦਾ ਤਾਣ ਹੈ; ਝੂਠ, ਫ਼ਰੇਬ, ਧੋਖਾ ਤੇ ਅਨਿਆਂ ਨੂੰ ਖੰਡਨ ਕਰ ਸਕਣ ਦੀ ਜੁਰਅੱਤ ਹੈ। ਅਜਿਹਾ ਸੂਰਬੀਰ ਕਿਸੇ ਸਮਾਜਿਕ, ਧਾਰਮਿਕ, ਭਾਈਚਾਰਕ ਅਤੇ ਰਾਜਸੀ ਵਿਰੋਧ ਦੀ ਪ੍ਰਵਾਹ ਨਹੀਂ ਕਰਦਾ। ਸੱਚ ਤੇ ਯੁੱਧ ਵਿਚ ਜੂਝ ਜਾਣ ਲਈ ਤਿਆਰ ਰਹਿੰਦਾ ਹੈ। ਇਹ ਸੂਰਬੀਰਤਾ ਸਰਹੱਦ 'ਤੇ ਜਰਵਾਣਿਆਂ ਨਾਲ ਵਿਖਾਈ ਸੂਰਬੀਰਤਾ ਨਾਲੋਂ ਕਿਤੇ ਵੱਧ ਕਠਿਨ ਹੈ। ਅਜਿਹੇ ਸੂਰਬੀਰ ਗੁਰੂ ਨਾਨਕ ਦੇਵ ਜੀ ਸਨ। ਉਹਨਾਂ ਦੀਆਂ ਜੀਵਨ ਝਾਕੀਆਂ

ਵਿਚ ਸੱਚ ਨੂੰ ਸੱਚ ਤੇ ਕੱਚ ਨੂੰ ਕੱਚ ਕਹਿਣ ਦੀ ਜੁਰਅੱਤ ਦਿਸਦੀ ਹੈ। ਉਹਨਾਂ ਵਿਚ ਕੂੜ ਦੀ ਨਿਖੇਧੀ ਕਰਨ ਦਾ ਸਾਹਸ ਹੈ। ਪਾਖੰਡ ਨੂੰ ਭੰਡਣ ਦਾ ਤਾਣ ਹੈ। ਉਹ ਇਕੱਲੇ ਕਿਸੇ ਧਾਰਮਿਕ, ਸਮਾਜਿਕ ਜਾਂ ਰਾਜਸੀ ਸ਼ਕਤੀ ਦੇ ਅਨਿਆਂ ਵਿਰੁੱਧ ਡਟ ਸਕਦੇ ਸੀ। ਉਹ ਸਹੀ ਅਰਥਾਂ ਵਿਚ ਸੰਤ-ਸਿਪਾਹੀ ਸਨ। ਅਜਿਹੀ ਸੂਰਬੀਰਤਾ ਦੇ ਦ੍ਰਿਸ਼ ਗੁਰੂ ਨਾਨਕ ਦੇਵ ਜੀ ਦੀਆਂ ਕਈ ਜੀਵਨ-ਘਟਨਾਵਾਂ ਤੋਂ ਪ੍ਰਗਟ ਹੁੰਦੇ ਹਨ।

ਜਨੇਊ ਦੀ ਰਸਮ ਹਿੰਦੂ ਸਮਾਜ ਦੀ ਬੜੀ ਮਹੱਤਤਾ ਵਾਲੀ ਰਸਮ ਹੈ। ਮਹਿਤਾ ਕਾਲੂ ਚੰਗੇ ਘਰਾਣੇ ਦੇ, ਚੰਗੇ ਰਸੂਖ਼ ਵਾਲੇ ਪਤਵੰਤੇ ਸੱਜਣ ਸਨ। ਇਸ ਰਸਮ 'ਤੇ ਉਹਨਾਂ ਦੀ ਬਰਾਦਰੀ ਤੇ ਭਾਈਚਾਰੇ ਦੇ ਕਈ ਵੱਡੇ-ਵੱਡੇ ਲੋਕ ਇਕੱਤਰ ਹੋਏ ਹੋਣਗੇ। ਪੰਡਤ ਵੀ ਸਮਾਜ ਦਾ ਸਤਿਕਾਰਯੋਗ ਧਾਰਮਿਕ ਆਗੂ ਸੀ। ਅਜਿਹੇ ਇਕੱਠਾਂ 'ਤੇ ਮਰਯਾਦਾ ਭੰਗ ਕਰਨੀ, ਸੈਂਕੜੇ ਵਰ੍ਹਿਆਂ ਤੋਂ ਪ੍ਰਵਾਨਿਤ ਧਾਰਮਿਕ ਅਕੀਦੇ 'ਤੇ ਟਿੱਪਣੀ ਕਰਨੀ ਕੋਈ ਸੌਖੀ ਜਿਹੀ ਗੱਲ ਨਹੀਂ, ਬੜੀ ਜੁਰਅੱਤ ਦਾ ਕੰਮ ਹੈ। ਗੁਰੂ ਨਾਨਕ ਪਾਸ ਬਿਬੇਕ-ਬੁੱਧੀ ਹੈ ਜੋ ਇਸ 'ਕੱਚ' ਨੂੰ ਤਾੜ ਲੈਂਦੀ ਹੈ। ਉਹਨਾਂ ਪਾਸ ਉਹ ਦਲੇਰੀ ਹੈ ਜੋ ਬਿਨਾਂ ਕਿਸੇ ਭੈ ਤੋਂ 'ਸੱਚ' ਨੂੰ ਪ੍ਰਗਟ ਕਰ ਸਕਦੀ ਹੈ। ਭਰੀ ਸਭਾ ਵਿਚ 'ਪਾਂਧੇ' ਦੇ ਪਵਿੱਤਰ ਜਨੇਊ ਦਾ ਖੰਡਨ ਕਿਸ ਅੰਦਰਲੇ ਬਲ ਦੇ ਸਹਾਰੇ ਸੀ।

ਜਨੇਊ ਕੇਵਲ ਹਿੰਦੂ ਧਰਮ ਦਾ ਹੀ ਚਿੰਨ੍ਹ ਨਹੀਂ। ਹਰ ਧਰਮ ਦੇ ਚਿੰਨ੍ਹ ਉਸ ਦੇ ਜਨੇਊ ਹਨ। ਜੇ ਉਹਨਾਂ ਦੇ ਗ੍ਰਹਿਣ ਕਰਨ ਵਿਚ ਕਿਸੇ ਸੱਚ ਦੀ ਧਾਰਨਾ ਹੈ, ਦਇਆ, ਸੰਤੋਖ, ਜਤ ਅਤੇ ਸਤ ਦੀ ਭਾਵਨਾ ਪੈਦਾ ਕਰਨ ਦੀ ਸਮਰੱਥਾ ਹੈ, ਤਾਂ ਉਹ ਚਿੰਨ੍ਹ ਮੁਬਾਰਕ ਹਨ, ਨਹੀਂ ਤਾਂ ਨਿੰਦਨੀਯ। ਚਾਹੇ ਇਹ ਕਿਸੇ ਧਰਮ ਦੇ ਕਿਉਂ ਨਾ ਹੋਣ। ਗੁਰੂ ਨਾਨਕ ਦੇ ਪੈਰੋਕਾਰਾਂ 'ਤੇ ਇਹ ਕਸਵੱਟੀ ਵਿਸ਼ੇਸ਼ ਕਰਕੇ ਲਾਗੂ ਹੁੰਦੀ ਹੈ। ਕੀ ਇਹਨਾਂ ਚਿੰਨ੍ਹਾਂ ਨਾਲ ਅਸੀਂ 'ਭੇਖਾਧਾਰੀ' ਸਿੱਖ ਤਾਂ ਨਹੀਂ? ਜਿਨ੍ਹਾਂ ਉੱਚੇ ਆਦਰਸ਼ਾਂ ਦੇ ਪਾਲਣ ਲਈ ਇਹ 'ਕਕਾਰ' ਦਿੱਤੇ ਗਏ ਹਨ, ਕੀ ਉਹ ਆਦਰਸ਼ ਜੀਵਤ ਹਨ?

'ਮੱਝਾਂ' ਨੇ ਖੇਤ ਨੂੰ ਮੂੰਹ ਮਾਰਿਆ ਹੈ, ਖੇਤ ਉੱਜੜਿਆ ਨਹੀਂ ਪਰ ਕਿਸਾਨ ਲਾਲ-ਪੀਲਾ ਹੁੰਦਾ ਹੈ। ਰਾਈ ਦਾ ਪਹਾੜ ਬਣਾਉਂਦਾ ਹੈ। ਗੁਰੂ ਨਾਨਕ ਡਰਦੇ ਨਹੀਂ, ਸੱਚ ਤੇ ਸ੍ਵੈਮਾਨ ਦੀ ਰਾਖੀ ਕਰਦੇ ਹਨ। ਹਾਕਮ ਪਾਸ ਝਗੜਾ ਜਾਂਦਾ ਹੈ, ਸੱਚ ਸੱਚ ਹੋ ਕੇ ਨਿੱਬੜਦਾ ਹੈ, ਝੂਠ ਨੂੰ ਸ਼ਰਮਿੰਦਗੀ ਹੁੰਦੀ ਹੈ। ਇਹ ਹੈ ਸ੍ਵੈਮਾਨ ਲਈ ਦਲੇਰੀ।

ਬਾਬੇ ਨੇ ਮਲਕ ਭਾਗੋ ਨੂੰ ਠੁਕਰਾਉਣ ਦੀ ਜੁਰਅੱਤ ਕੀਤੀ। ਇਹ ਉਸ ਦਾ ਸੁਭਾਅ ਸੀ, ਉਸ ਦੀ ਬਹਾਦਰ ਤਬੀਅਤ ਵਿਚ ਅਜਿਹਾ ਕਰਨ ਦੀ ਦਲੇਰੀ ਸੀ। ਅਯੋਗ ਤਰੀਕੇ ਨਾਲ ਕਮਾਏ ਧਨ ਨੂੰ ਗੁਰੂ ਜੀ ਭੰਡਦੇ ਹਨ। ਭਾਈ ਲਾਲੋ ਦੀ ਸੁੱਚੀ ਕਿਰਤ ਨੂੰ ਸਤਿਕਾਰਦੇ ਹਨ। ਇਹ ਮਿਹਨਤ, ਕਿਰਤ ਤੇ ਘਾਲ ਦੀ ਵਡਿਆਈ ਹੈ। ਸਮਾਜਵਾਦੀ ਧਾਰਾ ਗੁਰੂ ਦੇ ਕਰਮਾਂ 'ਚੋਂ ਜਨਮਦੀ ਹੈ, ਪਰ ਇਹ ਕਠੋਰ, ਨਿਰਦਈ ਤੇ ਸੱਖਣੀ ਧਾਰਾ ਨਹੀਂ। ਇਸ ਦੀ ਨੀਂਹ ਕਿਸੇ ਅੰਦਰਲੇ ਸੱਚੇ ਤਾਣ 'ਤੇ ਆਧਾਰਿਤ ਹੈ। ਗੁਰੂ ਜੀ ਨੇ ਅਯੋਗ ਤਰੀਕੇ ਨਾਲ ਕਮਾਏ ਧਨ ਦਾ ਅਪਮਾਨ ਕੀਤਾ। ਮਲਕ ਭਾਗੋ ਸਰਮਾਏਦਾਰੀ ਦਾ ਚਿੰਨ੍ਹ ਹੈ, ਸਰਮਾਏਦਾਰ ਸਦਾ ਤੋਂ ਰਾਜਸੀ ਸਮਾਜਕ ਤੇ ਧਾਰਮਿਕ ਤਾਕਤਾਂ ਨੂੰ ਸਰਮਾਏ ਦੀ ਸ਼ਕਤੀ ਨਾਲ ਖ਼ਰੀਦ ਕੇ ਆਪਣੀ ਹਮਾਇਤ ਵਿਚ ਰੱਖਦਾ ਹੈ। ਨਿਤਾਣੇ ਭਾਈ, ਮੁੱਲਾਂ, ਪੰਡਤ ਪੈਸੇ ਦੇ ਲੋਭ ਵਿਚ ਉਸ ਦੀ ਬਿਹਤਰੀ ਲਈ ਸੰਖ ਵਜਾਉਂਦੇ

ਤੇ ਲੰਮੀਆਂ ਅਰਦਾਸਾਂ ਕਰਦੇ ਹਨ ਤੇ ਰਹਿਮਤਾਂ ਮੰਗਦੇ ਹਨ, ਪਰ ਗੁਰੂ ਨਾਨਕ ਜੀ ਮਾਇਆਧਾਰੀਆਂ ਨੂੰ 'ਅੰਨ੍ਹਾ' ਤੇ 'ਬੋਲਾ' ਕਹਿਣ ਦੀ ਦਲੇਰੀ ਰੱਖਦੇ ਹਨ। 'ਕਰੇਂਗੇ ਸੋ ਭਰੇਂਗੇ' ਵਾਲੀ ਦ੍ਰਿਸ਼ਟੀ ਨਹੀਂ, ਸਗੋਂ ਇਕ ਚੇਤੰਨ ਉਸਾਰੂ, ਕ੍ਰਾਂਤੀਕਾਰੀ ਯੋਧੇ ਵਾਲਾ ਸਾਹਸ ਹੈ। ਦੁਨੀਆਂ ਬਹੁਤ ਤਰੱਕੀ ਕਰ ਗਈ ਹੈ, ਕਿੰਨਾ ਇਲਮ ਤੇ ਵਿਗਿਆਨ ਨੇ ਵਿਕਾਸ ਕੀਤਾ ਹੈ। ਲੋਕ ਆਜ਼ਾਦ ਹਨ। ਉਹਨਾਂ ਪਾਸ ਵਿਧਾਨਕ ਹੱਕ ਹਨ, ਪ੍ਰੈਸ ਹੈ, ਪਰ ਕੱਚ ਨੂੰ ਕੱਚ ਕਹਿਣ ਦੀ ਕਿੰਨੀ ਦਲੇਰੀ ਹੈ? ਮਲਕ ਭਾਗੋਆਂ ਨੂੰ ਠੁਕਰਾਉਣ ਦੀ ਕਿੰਨੀ ਜੁਰਅੱਤ ਹੈ? ਭਾਈ ਲਾਲੋ ਵਰਗਿਆਂ ਨੂੰ ਸਤਿਕਾਰਣ ਦਾ ਕਿੰਨਾ ਸਾਹਸ ਹੈ? ਧਰਮ ਅਸਥਾਨਾਂ 'ਤੇ ਚੜ੍ਹਨ ਵਾਲਾ ਪੈਸਾ ਕੌਣ ਪਰਖੇ ਕਿ 'ਦੁੱਧ' ਹੈ ਜਾਂ 'ਖ਼ੂਨ'? ਕਿਸ ਪਾਸ ਸਮਾਂ ਹੈ, ਤੇ ਕਿਸ ਪਾਸ ਏਨੀ ਦਲੇਰੀ?

'ਰੱਬ ਕੇਵਲ ਇਕ ਖ਼ਾਸ ਦਿਸ਼ਾ ਵੱਲ ਹੈ, ਹਰ ਪਾਸੇ ਨਹੀਂ", ਗੁਰੂ ਨਾਨਕ ਦੇਵ ਜੀ ਨੂੰ ਪੂਰਾ ਵਿਸ਼ਵਾਸ ਸੀ ਕਿ ਸੱਚ ਨਹੀਂ, ਕੂੜ ਹੈ, ਕੂੜ ਦੀ ਕੰਧ ਤੋੜਨੀ ਜ਼ਰੂਰੀ ਹੈ, ਸੱਚ ਪ੍ਰਗਟ ਹੋਣਾ ਚਾਹੀਦਾ ਹੈ ਪਰ 'ਕੂੜ' ਨੂੰ 'ਕੂੜ' ਕਹਿਣ ਲਈ ਕਿੰਨੀ ਜੁਰਅਤ ਦੀ ਲੋੜ ਹੈ, ਖ਼ਾਸ ਕਰਕੇ ਅਜਿਹੀ ਮੁਤਬਰਕ ਜਗ੍ਹਾ 'ਤੇ ਜੋ ਧਰਮ ਦਾ ਕੇਂਦਰ ਹੈ ਤੇ ਜਿਥੇ ਕੱਟੜ ਸ਼ਰੱਈ ਲੋਕਾਂ ਦੀ ਭੀੜ ਰਹਿੰਦੀ ਸੀ। 'ਕਾਬੇ' ਵੱਲ ਲੱਤਾਂ ਪਸਾਰਨੀਆਂ ਮੌਤ ਨੂੰ ਮੁੱਲ ਲੈਣਾ ਸੀ (ਨਹੀਂ ਵਿਸ਼ਵਾਸ ਤਾਂ ਹੁਣ ਪਰਖ ਕੇ ਵੇਖਿਆ ਜਾ ਸਕਦਾ ਹੈ) ਪਰ ਸੱਚ ਲਈ ਸੂਰਮਾ ਮਰ ਸਕਦਾ ਹੈ। ਗੁਰੂ ਨਾਨਕ ਦੇਵ ਜੀ ਉਥੋਂ ਦਾ ਕੋਈ ਮੰਨਿਆ ਪ੍ਰਮੰਨਿਆ ਪੀਰ ਨਹੀਂ, ਜੋ ਉਸ ਦਾ ਇਹ ਕਰਮ ਕੋਈ ਰੱਬੀ ਪੈਗ਼ਾਮ ਸਮਝਿਆ ਜਾਂਦਾ, ਉਸ ਨੂੰ 'ਟੰਗੋਂ ਪਕੜ ਘਸੀਟਿਆ ਗਿਆ'। ਸ਼ਾਇਦ ਇਸ ਤੋਂ ਕੁਝ ਵੱਧ ਹੀ ਹੋਇਆ ਹੋਵੇ ਪਰ ਸੱਚ ਪ੍ਰਗਟ ਕਰਨ ਲਈ ਸੂਰਮਾ ਕਸ਼ਟ ਝੱਲ ਸਕਦਾ ਹੈ, ਇਕ ਇਕੱਲਾ ਸਾਰੀ ਜਮਾਤ ਦਾ ਸਾਹਮਣਾ ਕਰ ਸਕਦਾ ਹੈ, ਜਾਣਦੇ ਹੋਏ ਵੀ ਕਿ ਅਸੀਂ ਗ਼ਲਤ ਵਿਸ਼ਵਾਸਾਂ ਦਾ ਖੰਡਨ ਕਰਨ ਦੀ ਦਲੇਰੀ ਰੱਖਦੇ ਹਾਂ।

ਇਹੋ ਗੱਲ ਹਰਿਦੁਆਰ ਵਾਪਰੀ, ਬਾਹਾਂ ਉੱਚੀਆਂ ਕਰ ਕੇ ਰੌਲਾ ਪਾਉਣ ਨਾਲ ਕੁਝ ਨਹੀਂ ਬਣਦਾ, ਸੱਚ ਪ੍ਰਗਟ ਕਰਨ ਲਈ ਮੌਤ ਸਹੇੜਨੀ ਪੈਂਦੀ ਹੈ, ਹਰਿਦੁਆਰ ਵਿਚ ਸੂਰਜ ਦੇ ਵਿਰੁੱਧ ਪਾਣੀ ਦੇਣਾ ਮੌਤ ਨੂੰ ਆਵਾਜ਼ਾਂ ਮਾਰਨੀਆਂ ਹਨ, ਸੰਭਵ ਹੈ ਕਿ ਕੁਝ ਮਜ਼ਹਬੀ ਗਰਮ-ਜੋਸ਼ ਵਾਲਿਆਂ ਨੇ ਬਾਬੇ ਨੂੰ ਇਥੋਂ ਵੀ 'ਟੰਗੋਂ ਪਕੜ ਘਸੀਟਿਆ' ਹੋਵੇ, ਪਰ ਬਹਾਦਰ ਬਾਬਾ ਤਾਂ ਇਸ ਕੰਮ ਲਈ ਪਹਿਲਾਂ ਹੀ ਤਿਆਰ ਸੀ। ਕਿੰਨੇ ਲੋਕ ਸੱਚ ਪ੍ਰਗਟ ਕਰਨ ਲਈ ਘਸੀਟੇ ਜਾਣ ਦੀ ਜੁਰਅਤ ਰੱਖਦੇ ਹਨ? ਕੁਰੂਕਸ਼ੇਤਰ ਵਿਚ ਵੀ ਗੁਰੂ ਨੇ ਅਜਿਹੀ ਹੀ ਦਲੇਰੀ ਦਿਖਾਈ, ਐਡੇ ਵੱਡੇ ਮੇਲੇ ਵਿਚ ਇਕੱਲਾ ਬਾਬਾ ਨਾਨਕ ਲੋਕਾਂ ਦਾ ਧਿਆਨ ਕਿਥੋਂ ਖਿੱਚ ਸਕਦਾ ਸੀ? ਕੋਈ ਅਜਿਹੀ ਜੁਗਤੀ ਦੀ ਲੋੜ ਸੀ ਜੋ ਲੋਕਾਂ ਦਾ ਧਿਆਨ ਖਿੱਚ ਸਕਦੀ। ਜੋ ਜੁਗਤੀ ਗੁਰੂ ਨਾਨਕ ਦੇਵ ਜੀ ਨੇ ਇਥੇ ਵਰਤੀ, ਉਸ ਨੇ ਲੋਕਾਂ ਨੂੰ ਕਿੰਨਾ ਉਕਸਾਇਆ ਹੋਵੇਗਾ ਤੇ ਕਿਸ ਬਹਾਦਰੀ ਨਾਲ ਗੁਰੂ ਜੀ ਨੇ ਸੱਚ ਤੇ ਕੱਚ ਦਾ ਨਿਰਣਾ ਕੀਤਾ ਹੋਵੇਗਾ, ਇਸ ਗੱਲ ਦਾ ਅੰਦਾਜ਼ਾ ਲਾਉਣਾ ਕਠਿਨ ਹੈ।

ਜੋਗੀਆਂ ਦੇ ਟਿੱਲੇ 'ਤੇ ਗੁਰੂ ਨਾਨਕ ਦੇਵ ਜੀ ਕੋਈ ਸਿੱਖ ਸੇਵਕਾਂ ਦੀ ਸੈਨਾ ਲੈ ਕੇ ਨਹੀਂ ਗਏ। ਜੰਤਰਾਂ, ਮੰਤਰਾਂ ਤੇ ਰਿਧੀਆਂ ਦੇ ਮਾਲਕ ਜੋਗੀਆਂ ਨੂੰ ਗੁਰੂ ਜੀ ਨੇ 'ਕਾਇਰ' ਕਹਿਣ ਦੀ ਦਲੇਰੀ ਕੀਤੀ। ਉਹ ਕਾਇਰ ਸਨ ਜੋ ਸਮਾਜਿਕ, ਧਾਰਮਿਕ ਤੇ ਰਾਜਸੀ ਅਧੋਗਤੀ ਦਾ ਟਾਕਰਾ ਨਾ ਕਰ ਸਕੇ ਤੇ ਇਕਾਂਤ-ਵਾਸੀ ਹੋ ਗਏ। ਸਵਾਰਥੀ ਤੇ ਨਿੱਜੀ ਕਲਿਆਣ ਲਈ ਜੋਗ-ਸਾਧਨਾ

ਅਪਨਾ ਲਈ ਪਰ ਸਮਾਜਿਕ ਕਲਿਆਣ ਲਈ ਤਾਂ ਕਰਮ-ਜੋਗੀ ਤੇ ਸੂਰਬੀਰ ਜੋਗੀ ਦੀ ਲੋੜ ਸੀ। ਗੁਰੂ ਨਾਨਕ ਦੇਵ ਜੀ ਅਜਿਹੇ ਕਰਮ-ਜੋਗੀ ਸਨ, ਜਿਨ੍ਹਾਂ ਨੇ ਸੂਰਬੀਰਤਾ ਨਾਲ 'ਕੱਚ' ਵਿਰੁੱਧ ਲੜਾਈ ਲੜੀ। ਰਾਜਸੀ ਖੇਤਰ ਵਿਚ ਵੀ ਗੁਰੂ ਨਾਨਕ ਦੇਵ ਜੀ ਸਭ ਤੋਂ ਬਲਵਾਨ ਯੋਧਾ ਸਿੱਧ ਹੋਏ। ਇਕ ਇਕੱਲਾ ਵਿਅਕਤੀ ਬਾਬਰ ਦੇ ਹਮਲੇ ਦੀ ਨਿਖੇਧੀ ਕਰਦਾ ਹੈ। ਅੱਯਾਸ਼ ਹਕੂਮਤ ਦੇ ਗਿਰੇ ਹੋਏ ਚਲਨ ਤੇ ਭਾਰਤੀ ਜਨਤਾ ਦੀ ਬੁਜ਼ਦਿਲੀ ਨੂੰ ਭੰਡਣ ਦੀ ਜੁਰਅਤ ਰੱਖਦਾ ਹੈ। ਉਹ ਆਪ 'ਕੈਦ' ਹੋ ਜਾਂਦਾ ਹੈ ਪਰ 'ਸੱਚ' ਨੂੰ ਕੈਦ ਨਹੀਂ ਰੱਖ ਸਕਦਾ। 'ਸੱਚ' ਮੱਲੋ-ਮੱਲੀ ਉਸ ਦੇ ਅੰਦਰੋਂ ਪ੍ਰਗਟ ਹੁੰਦਾ ਹੈ। ਉਹ ਰਾਜਿਆਂ ਨੂੰ 'ਸ਼ੀਂਹ' ਤੇ ਅਹਿਲਕਾਰਾਂ ਨੂੰ 'ਕੁੱਤੇ' ਕਹਿ ਸਕਦਾ ਹੈ। ਸਰਕਾਰੀ ਖੇਤਰ ਵਿਚ ਉੱਚੀਆਂ ਤਲਬਾਂ ਦੇ ਲਾਲਚ ਵਿਚ ਆ ਕੇ ਅਹਿਲਕਾਰ ਸਦਾ ਹੀ ਚਾਪਲੂਸ ਤੇ ਖ਼ੁਸ਼ਾਮਦ ਪ੍ਰਸਤ ਹੋ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਸ੍ਵੈਮਾਨ ਦਾ ਜੀਵਨ ਜੀਊਣ ਦੀ ਦਲੇਰੀ ਬਖ਼ਸ਼ਦੇ ਹਨ।

ਗੁਰੂ ਜੀ ਨੇ ਜੀਵਨ ਦੀ ਹਰ ਘਟਨਾ ਵਿਚ ਸੂਰਮਗਤੀ ਵਿਖਾਈ। ਡੰਕੇ ਦੀ ਚੋਟ ਨਾਲ 'ਕੱਚ' ਨੂੰ ਭੰਡਿਆ ਤੇ 'ਸੱਚ' ਨੂੰ ਪ੍ਰਗਟ ਕੀਤਾ। ਹਰ ਮੌਕੇ 'ਤੇ ਮੌਤ ਸਹੇੜੀ। ਇਹ ਬਾਹਰਲੀ ਸੂਰਮਗਤੀ ਦਾ ਆਧਾਰ ਅੰਦਰਾ ਪਰਮਾਤਮ ਤਾਣ ਸੀ। ਸੱਚ ਉਹਨਾਂ ਦੇ ਧੁਰ ਅੰਦਰ ਨਿਵਾਸ ਰੱਖਦਾ ਸੀ ਜੋ ਸੌ ਪਰਦੇ ਪਾੜ ਕੇ ਵੀ ਜ਼ਾਹਰ ਹੋਣੋਂ ਨਹੀਂ ਸੀ ਰਹਿੰਦਾ। ਉਹਨਾਂ ਦੀ ਸ਼ਕਤੀ ਦਾ ਆਧਾਰ ਪਰਮਾਤਮਾ ਨਾਲ ਇਕਮਿਕਤਾ ਸੀ। ਜੀਵਨ ਘਟਨਾਵਾਂ ਉਸ ਅੰਦਰਲੀ ਸ਼ਕਤੀ ਦਾ ਬਾਹਰਮੁਖੀ ਪ੍ਰਗਟਾਅ ਸਨ।

ਇਹਨਾਂ ਇਤਿਹਾਸਕ ਜੀਵਨ ਘਟਨਾਵਾਂ ਦੀ ਪ੍ਰੋੜ੍ਹਤਾ ਗੁਰੂ ਨਾਨਕ ਦੇਵ ਜੀ ਦੀ ਆਪਣੀ ਬਾਣੀ ਤੋਂ ਮਿਲਦੀ ਹੈ। ਇਹ ਬਾਣੀ ਉਹਨਾਂ ਦੀਆਂ ਜੀਵਨ ਘਟਨਾਵਾਂ ਵਿਚ ਪ੍ਰਗਟ ਹੋਈ ਦਲੇਰੀ ਦੀ ਸਾਖ ਭਰਦੀ ਹੈ। ਸਗੋਂ ਉਹਨਾਂ ਨੂੰ ਅੰਕਿਤ ਕਰ ਕੇ ਗੁਰੂ ਸਾਹਿਬ ਨੇ ਕਿਸੇ ਸ਼ੰਕੇ ਦੀ ਗੁੰਜਾਇਸ਼ ਨਹੀਂ ਰਹਿਣ ਦਿੱਤੀ। ਉਪਰ ਬਿਆਨ ਕੀਤੀਆਂ ਘਟਨਾਵਾਂ ਨਾਲ ਸੰਬੰਧਿਤ ਬਾਣੀਆਂ ਇਹ ਹਨ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ (ਪੰਨਾ ੪੭੧)
ਲਖ ਚੋਰੀਆ ਲਖ ਜਾਰੀਆ
ਲਖ ਕੂੜੀਆ ਲਖ ਗਾਲਿ ॥ (ਪੰਨਾ ੪੭੧)
ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥ (ਪੰਨਾ ੪੭੧)
ਤਗੁ ਨ ਇੰਦ੍ਰੀ ਤਗੁ ਨ ਨਾਰੀ ॥ (ਪੰਨਾ ੪੭੧)

ਚਿੰਨ੍ਹਾਂ ਦੇ ਆਦਰਸ਼ਾਂ ਕਰਕੇ ਹੀ ਚਿੰਨ੍ਹਾਂ ਦੀ ਮਹੱਤਤਾ ਹੈ:

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥ (ਪੰਨਾ ੪੭੨)
ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥ (ਪੰਨਾ ੪੭੨)
ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥ (ਪੰਨਾ ੪੭੨)

ਇਹ ਸੂਤਕ ਕੇਵਲ ਹਿੰਦੂ ਸਮਾਜ ਦੇ ਸੂਤਕ ਤਕ ਸੀਮਿਤ ਨਹੀਂ ਸਗੋਂ ਸਾਰੇ ਪ੍ਰਾਣੀਆਂ ਦੇ ਕਰਮ-ਇੰਦਰਿਆਂ ਦਾ ਸੂਤਕ ਹੈ। ਸੂਤਕ ਰੱਖਣਾ ਹੈ ਤਾਂ ਅੱਖਾਂ, ਕੰਨਾਂ, ਨੱਕ, ਮਨ, ਜ਼ਬਾਨ ਦਾ ਸੂਤਕ ਰੱਖੋ:

ਜੇ ਮੋਹਾਕਾ ਘਰੁ ਮੁਹੈ... (ਪੰਨਾ ੪੭੨)

ਪਿਤਰਾਂ ਲਈ ਕੀਤੇ ਜਾਂਦੇ ਫੋਕਟ ਕਰਮ-ਕਾਂਡ ਦੇ 'ਕੂੜ' ਨੂੰ ਨੰਗਾ ਕਰਨ ਦੀ ਦਲੇਰੀ ਕੀਤੀ ਹੈ। ਜਿਊਂਦਿਆਂ ਉਹਨਾਂ ਨੂੰ ਕੋਈ ਪੁੱਛਦਾ ਨਹੀਂ, ਮਰਨ 'ਤੇ ਲੋਕਾਚਾਰੀ ਵਜੋਂ ਸ਼ਰਾਧ ਕੀਤੇ ਜਾਂਦੇ ਹਨ ਤੇ ਵੱਡੀ ਦੁੱਖ ਦੀ ਗੱਲ ਇਹ ਹੈ ਕਿ ਚੋਰੀ ਦੇ ਧਨ ਨਾਲ ਇਹ ਪੁੰਨ ਦੇ ਕੰਮ ਕੀਤੇ ਜਾਂਦੇ ਹਨ।

ਚੋਰੀ ਦੇ ਧਨ ਨਾਲ ਕੀਤੇ ਕਰਵਾਏ ਸਾਰੇ ਪੂਜਾ-ਪਾਠ ਕਰਨ-ਕਰਵਾਉਣ ਵਾਲਿਆਂ ਲਈ ਬਾਧਕ ਹਨ। ਅਸੀਂ ਅੱਜ ਮਾਇਆ ਕਬੂਲਣ ਤੋਂ ਪਹਿਲਾਂ ਤੇ ਅਰਦਾਸ ਕਰਨ ਸਮੇਂ ਉਸ ਦੀ ਨੇਕ ਕਮਾਈ ਦੀ ਪੁੱਛ-ਪੜਤਾਲ ਕਰਦੇ ਹਾਂ? ਪਰਾਏ ਮਾਲ ਦੇ ਚੋਰ ਤੇ ਦਲਾਲ ਦੋਵੇਂ ਗੁਨਾਹਗਾਰ ਹਨ:

ਗਊ ਬਿਰਾਹਮਣ ਕਉ ਕਰੁ ਲਾਵਹੁ...॥ (ਪੰਨਾ ੪੭੧)
ਮਾਣਸ ਖਾਣੇ ਕਰਹਿ ਨਿਵਾਜ ॥ (ਪੰਨਾ ੪੭੧)

ਇਹਨਾਂ ਸ਼ਬਦਾਂ ਵਿਚ ਠੀਕ ਪੁਰਾਤਨ ਪ੍ਰਚਲਿਤ ਪ੍ਰਵਾਨਿਤ ਫੋਕਟ ਰੀਤਾਂ ਦੀ ਤੇ ਪਾਖੰਡੀ ਬ੍ਰਾਹਮਣਾਂ ਤੇ ਮੁਲਾਣਿਆਂ ਦੀ ਨਿਖੇਧੀ ਕੀਤੀ ਹੈ ਪਰ ਇਹ ਤਾਂ ਕਸਵੱਟੀ ਹੈ ਜਿਸ 'ਤੇ ਅਸੀਂ ਆਪਣੇ ਆਪ ਨੂੰ ਪਰਖਣਾ ਹੈ। ਅਸੀਂ ਕਿਥੇ ਖੜੇ ਹਾਂ, ਸਾਫ਼ ਦਿਸ ਆਵੇਗਾ:

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥ (ਪੰਨਾ ੪੬੮)

ਰਾਜ ਦਰਬਾਰ ਦਾ ਅਜਿਹਾ ਚਰਿੱਤਰ-ਹੀਣ ਚਲਨ ਪੇਸ਼ ਕਰ ਸਕਣਾ ਗੁਰੂ ਨਾਨਕ ਦੇਵ ਜੀ ਦੀ ਹਿੰਮਤ ਸੀ। ਅੱਜ ਵੀ ਸਰਕਾਰੀ ਕੰਮ-ਕਾਜ ਵਿਚ ਜਿਥੇ 'ਕਾਮ ਨੇਬ' ਨੂੰ ਪੁੱਛ ਕੇ ਫ਼ੈਸਲੇ ਹੁੰਦੇ ਹਨ, ਉਹਨਾਂ ਨੂੰ ਭੰਡਣ ਦੀ ਦਲੇਰੀ ਹੋਣੀ ਚਾਹੀਦੀ ਹੈ। ਕਾਮ ਦੀ ਕਮਜ਼ੋਰੀ ਅਧਿਕਾਰੀਆਂ ਦੀ ਸਭ ਤੋਂ ਵੱਡੀ ਗਿਰਾਵਟ ਹੈ ਜੋ ਸਾਰੇ ਰਾਸ਼ਟਰ ਦੇ ਸ਼ਿਸ਼ਟਾਚਾਰ ਭੰਗ ਕਰਦੀ ਹੈ। 'ਅੰਧੀ ਰਈਅਤ' ਇਸ ਨੂੰ ਬਰਦਾਸ਼ਤ ਕਰੀ ਜਾਂਦੀ ਹੈ। ਕੋਈ ਸੂਰਮਾ ਹੀ ਇਸ ਨਾਲ ਟੱਕਰ ਲੈਂਦਾ ਹੈ।

ਬਾਬਰ ਦੇ ਹਮਲੇ ਸੰਬੰਧੀ ਤਿੰਨ ਸ਼ਬਦ ਹਨ। ਤਿੰਨਾਂ ਵਿਚ ਹੀ ਗੁਰੂ ਜੀ ਹਮਲੇ ਤੋਂ ਪੈਦਾ ਹੋਈ ਅਧੋਗਤੀ ਦੀ ਨਿਰਖ-ਪਰਖ ਕਰਦੇ ਹਨ:

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥ (ਪੰਨਾ ੩੬੦)

ਇਹ ਗੁਰੂ ਜੀ ਦੀ ਦੱਸੀ ਸੂਰਬੀਰਤਾ ਹੈ।

ਗੁਰੂ ਨਾਨਕ ਦੇਵ ਜੀ ਨੇ ਤਿੰਨ ਵਾਰਾਂ ਲਿਖੀਆਂ ਹਨ, ਜਿਨ੍ਹਾਂ ਵਿਚ ਉਹਨਾਂ ਨੇ ਕੁਲ ਸੰਸਾਰ ਵਿਚ ਹੋ ਰਹੀ 'ਸੱਚ' ਤੇ 'ਕੱਚ' ਦੀ ਲੜਾਈ ਨੂੰ ਵਿਅਕਤ ਕੀਤਾ ਹੈ। ਮਨੁੱਖ ਨੂੰ ਸੂਰਮਾ ਬਣਨ ਦੀ ਪ੍ਰੇਰਨਾ ਕੀਤੀ ਹੈ। ਗੁਰਮੁਖ ਸੂਰਮਾ ਹੈ ਜੋ ਜੀਵਨ ਦੇ ਹਰ ਪਗ 'ਤੇ ਕੂੜ ਤੇ ਕੱਚ ਵਿਰੁੱਧ ਲੜਦਾ ਹੈ। ਇਹ ਸੰਗਰਾਮ ਹਰ ਥਾਂ ਹਰ ਸਮੇਂ ਹੋ ਰਿਹਾ ਹੈ। ਸੰਸਾਰ ਤਾਂ ਹੈ ਹੀ ਲੜਾਈ ਦਾ ਅਹਾਤਾ। ਉੱਚੀਆਂ ਕਦਰਾਂ-ਕੀਮਤਾਂ ਦੀ ਕੱਚ ਤੇ ਕੂੜ ਨਾਲ ਟੱਕਰ ਹੈ। ਇਹ ਕੀਮਤਾਂ ਮਨੁੱਖੀ ਸੁਭਾਅ ਰਾਹੀਂ ਵਿਅਕਤ ਹੋ ਰਹੀਆਂ ਹਨ। ਇਕ ਇਕੱਲਾ ਵਿਅਕਤੀ ਬਹੁਤ

ਕੁਝ ਕਰ ਸਕਦਾ ਹੈ। ਇਕ ਇਕੱਲੇ ਗੁਰੂ ਨਾਨਕ ਜੀ ਸਾਰੇ ਧਾਰਮਿਕ, ਸਮਾਜਿਕ, ਭਾਈਚਾਰਕ ਤੇ ਰਾਜਸੀ ਅਨਿਆਂ ਵਿਰੁੱਧ ਡਟ ਸਕਦੇ ਹਨ। ਸੰਸਾਰ ਅਖਾੜੇ ਵਿਚ ਲੋੜ ਕੇਵਲ ਸੂਰਮਾ ਬਣਨ ਦੀ ਹੈ:

ਆਪੇ ਛਿੰਝ ਪਵਾਇ ਮਲਾਖਾੜਾ ਰਚਿਆ ॥
ਲਥੇ ਭੜਥੂ ਪਾਇ ਗੁਰਮੁਖਿ ਮਚਿਆ ॥
ਮਨਮੁਖ ਮਾਰੇ ਪਛਾੜਿ ਮੂਰਖ ਕਚਿਆ ॥
ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਿਆ ॥ (ਪੰਨਾ ੧੨੮੦)

(11/1976)

ਗੁਰੂ ਨਾਨਕ ਕੀ ਵਡਿਆਈ

'ਸਭ ਤੇ ਵਡਾ ਸਤਿਗੁਰੁ ਨਾਨਕੁ' ਕਹਿਣ ਵਾਲਾ ਮਹਾਂਪੁਰਸ਼ ਭਵਿੱਖਤ ਦੀ ਹਕੀਕਤ ਨੂੰ ਚੰਗੀ ਤਰ੍ਹਾਂ ਅਨੁਭਵ ਕਰ ਰਿਹਾ ਸੀ ਕਿ ਬਾਬੇ ਨਾਨਕ ਦੀ ਮਹਾਨ ਸ਼ਖ਼ਸੀਅਤ ਤੇ ਸੁਚੱਜੀ ਸ੍ਰੇਸ਼ਟ ਸਿੱਖਿਆ ਕਿਵੇਂ ਲੋਕ-ਜੀਵਨ ਨੂੰ ਪ੍ਰਭਾਵਿਤ ਕਰੇਗੀ ਤੇ ਕੀ-ਕੀ ਰੰਗ ਲਿਆਵੇਗੀ। ਇਸ ਬਹੁ-ਬਿਧਿ ਰੰਗੁਲੇ ਮਹਾਂਪੁਰਸ਼ ਦੀ, ਜੋ ਗ੍ਰਿਹਿਸਤੀ ਵੀ ਸੀ ਤੇ ਸੰਤ ਵੀ, ਕਵੀ ਵੀ ਤੇ ਗਵੱਈਆ ਵੀ, ਸੈਲਾਨੀ ਵੀ ਤੇ ਰੂਹਾਨੀ ਪੈਗ਼ੰਬਰ ਵੀ ਸੀ, ਤਸਵੀਰ ਪੰਜ ਸੌ ਵਰ੍ਹਿਆਂ ਵਿਚ ਅਨੇਕਾਂ ਕਲਮਾਂ ਨੇ ਅਨੇਕਾਂ ਰੰਗ ਭਰ ਕੇ ਪੇਸ਼ ਕੀਤੀ ਹੈ, ਪਰ ਸੌ ਸਿਆਣਿਆਂ ਇਕੋ ਮਤ ਹੈ। ਕੀ ਪੂਰਬ ਤੇ ਕੀ ਪੱਛਮ, ਕੀ ਹਿੰਦੂ ਤੇ ਕੀ ਮੁਸਲਿਮ, ਕੀ ਦੇਸੀ ਤੇ ਕੀ ਵਿਦੇਸ਼ੀ ਹਰ ਇਕ ਨੇ ਉਸ ਦੇ ਗੁਣ ਗਾਏ ਹਨ। ਜਿਸ ਕਿਸੇ ਹਿੰਦ, ਪੰਜਾਬ ਜਾਂ ਸਿੱਖ ਇਤਿਹਾਸ 'ਤੇ ਕਲਮ ਉਠਾਈ ਹੈ, ਉਸ ਨੇ ਗੁਰੂ ਨਾਨਕ ਦੇਵ ਜੀ ਨੂੰ ਸਰਬ-ਪ੍ਰਥਮ ਸ਼ਰਧਾਂਜਲੀ ਅਰਪਣ ਕੀਤੀ ਹੈ, ਪਰ ਸਭ ਦਾ ਰੰਗ-ਢੰਗ ਆਪਣਾ ਹੈ, ਹਾਵ-ਭਾਵ ਤੇ ਪ੍ਰਭਾਵ ਆਪਣਾ ਹੈ। ਪਰ ਕਮਾਲ ਇਸ ਵਿਚ ਹੈ ਕਿ ਹਰ ਧਰਮ ਦੇ ਲੇਖਕ ਨੇ ਉਹਨਾਂ ਨੂੰ ਆਪਣਾ ਬਣਾ ਕੇ ਲਿਖਿਆ ਹੈ। ਉਸ ਜ਼ਮਾਨੇ ਆਮ ਹਾਲ ਇਹ ਸੀ ਕਿ ਮੁਸਲਮਾਨ ਹਿੰਦੂ ਅਵਤਾਰਾਂ ਦਾ ਆਦਰ ਕਰਨ ਦੀ ਲੋੜ ਹੀ ਨਹੀਂ ਸੀ ਸਮਝਦੇ ਤੇ ਹਿੰਦੂ ਹਿਰਦਿਆਂ ਵਿਚ ਵੀ ਰਾਜਨੀਤਕ ਕਾਰਨਾਂ ਕਰਕੇ ਪੀਰਾਂ-ਨਬੀਆਂ ਲਈ ਕੋਈ ਸਤਿਕਾਰ ਨਹੀਂ ਸੀ। ਕਾਫ਼ਰਾਂ ਦੇ ਦੇਵਤੇ ਆਪਣੇ ਸਨ ਤੇ ਮਲੇਛਾਂ ਦੇ ਆਪਣੇ। ਮਗਰ ਗੁਰੂ ਨਾਨਕ ਦੇਵ ਜੀ ਸਭ ਦੇ ਸਾਂਝੇ। ਸਾਰੇ ਹੀ ਕਹਿੰਦੇ ਸਨ:

ਬਾਬਾ ਨਾਨਕ ਸ਼ਾਹ ਫ਼ਕੀਰ।
ਹਿੰਦੂ ਦਾ ਗੁਰੂ, ਮੁਸਲਮਾਨ ਕਾ ਪੀਰ।

'ਜ਼ਾਹਰ ਪੀਰ ਜਗਤ ਗੁਰ ਬਾਬਾ' ਵਿਚ ਦੋਵੇਂ ਵਿਸ਼ੇਸ਼ਣ ਵਰਤ ਕੇ ਭਾਈ ਗੁਰਦਾਸ ਜੀ ਨੇ ਇਥੇ ਲੋਕ-ਪ੍ਰਿਯਤਾ ਨੂੰ ਦਰਸਾਇਆ ਹੈ।

ਅੱਜ ਤਕ ਇਹ ਵਿਚਾਰ ਪ੍ਰਵਾਨ ਕੀਤਾ ਜਾਂਦਾ ਰਿਹਾ ਹੈ ਕਿ ਕਿਸੇ ਮਹਾਂਪੁਰਸ਼ ਬਾਰੇ ਇਸ ਤਰ੍ਹਾਂ ਦੀ ਸਰਬ-ਪਰਵਾਨਗੀ ਨਹੀਂ ਦਿੱਸਦੀ:

ਡਾ. ਗੋਕਲ ਚੰਦ ਨਾਰੰਗ ਦਾ ਅਨੁਮਾਨ ਇਕ ਹਕੀਕਤ ਹੀ ਸੀ:

'Nanak (Guru) was the first Hindu hero who could command the allegiancde of all parties because he did not indentify himself with any party."

ਡਾ. ਸਰ ਮੁਹੰਮਦ ਇਕਬਾਲ ਉਹਨਾਂ ਦੇ ਉਪਦੇਸ਼ ਵਿਚ ਤੌਹੀਦ ਦੀ ਆਵਾਜ਼ ਸੁਣਦੇ ਹਨ:

ਫਿਰ ਉਠੀ ਆਖ਼ਿਰ ਸਦਾਅ ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦਿ-ਕਾਮਿਲ ਨੇ ਜਗਾਯਾ ਖ਼ਾਬ ਸੇ। (ਬਾਂਗਿਦਰਾ)

... ...

ਚਿਸ਼ਤੀ ਨੇ ਜਿਸ ਜ਼ਿਮੀਂ ਮੇਂ ਪੈਗ਼ਾਮਿ ਹੱਕ ਸੁਨਾਯਾ।
ਨਾਨਕ ਨੇ ਜਿਸ ਚਮਨ ਮੇਂ ਵਾਹਦਤ ਕਾ ਗੀਤ ਗਾਯਾ।
ਮੇਰਾ ਵਤਨ ਵੁਹੀ ਹੈ, ਮੇਰਾ ਵਤਨ ਵੁਹੀ ਹੈ।

ਸਾਹਿਰ ਲੁਧਿਆਣਵੀ ਨੇ ਇਸੇ ਗੱਲ ਨੂੰ ਇਉਂ ਦੁਹਰਾਇਆ ਹੈ:

ਤੂਨੇ ਹਰ ਮਜ਼ਹਬ ਕੋ ਯਕਸਾਂ ਕਹਿ ਕੇ ਯਕ ਜਾ ਕਰ ਦੀਆ।
ਬਾਦਾਇ ਤੌਹੀਦ ਸੇ ਹਰ ਇਕ ਕਾ ਸਾਗਰ ਭਰ ਦੀਆ।
ਨਾਮ ਕੀ ਮਸਤੀ ਕਾ ਰਹਤਾ ਥਾ ਤੁਝੇ ਹਰਦਮ ਸਰੂਰ।
ਹੇਚ ਥਾ ਤੇਰੀ ਨਜ਼ਰ ਮੇਂ ਬਾਦਸ਼ਾਹੋਂ ਕਾ ਗ਼ਰੂਰ।

ਖ਼ਵਾਜਾ ਹਸਨ ਨਿਜ਼ਾਮੀ ਕਹਿੰਦੇ ਹਨ:

ਸੱਚੇ ਖ਼ੁਦਾ ਕਾ ਸੱਚਾ ਵਲੀ,
ਤੌਹੀਦ ਕਾ ਸਮੁੰਦਰ, ਹੱਕਾਨੀਅਤ ਕਾ
ਤੂਤੀਏ ਹਜ਼ਾਰ ਦਾਸਤਾਂ—
ਸਤਿਗੁਰੂ ਨਾਨਕ ਸਾਹਿਬ।

ਅਹਿਮਦੀਆ ਫ਼ਿਰਕੇ ਦੇ ਬਾਨੀ ਮਿਰਜ਼ਾ ਗ਼ੁਲਾਮ ਅਹਿਮਦ ਦੇ ਲਫ਼ਜ਼ ਹਨ:

ਬੂਦ ਨਾਨਕ ਆਰਫ਼ ਮਰਦਿ ਖ਼ੁਦਾ
ਰਾਜ਼ਹਾਇ ਮਾਅਰਫ਼ਤ ਰਾ ਰਾਹ-ਕੁਸ਼ਾ।

ਇਕ ਈਰਾਨੀ ਦਰਵੇਸ਼ ਇਸ ਸਿੱਟੇ ਉੱਤੇ ਪਹੁੰਚਦਾ ਹੈ:

ਬਾਬਾ ਨਾਨਕ ਬਿਲਾ ਸ਼ੱਕੋ-ਸ਼ੁਬਹ ਨਬੀ ਅਸਤ।

ਡਾ. ਖ਼ੁਦਾ ਦਾਦ (ਡੇਹਰਾਦੂਨ) ਕਿਹਾ ਕਰਦੇ ਸਨ:

Budha attained Budh hood,
Guru Nanak was born Budha.

ਹਿੰਦੂ ਉਸ ਨੂੰ ਹਿੰਦੂ ਅਵਤਾਰ ਸਿੱਧ ਕਰਦੇ ਥੱਕ ਗਏ ਅਤੇ ਮੁਸਲਮਾਨਾਂ ਦੀ ਵੱਡੀ ਦਲੀਲ ਸੀ ਕਿ ਉਹ ਮੱਕੇ ਹੱਜ ਲਈ ਗਏ ਸਨ, ਇਸ ਲਈ ਮੁਸਲਮਾਨ ਸਨ। ਪਰ ਉਹ ਇਹ ਨਹੀਂ ਜਾਣਦੇ ਕਿ ਉਹ ਅਨੋਖਾ ਨਿਰੰਕਾਰੀ ਯਾਤਰੀ ਸੀ ਜੋ ਮੱਕੇ-ਮਦੀਨੇ ਜਾ ਸਕਦਾ ਸੀ ਤੇ ਉਹ ਅਜੀਬ ਕਿਸਮ ਦਾ ਹਾਜੀ ਸੀ ਜੋ ਜਗਨਨਾਥ ਤੇ ਹਰਿਦੁਆਰ ਵੀ ਪਹੁੰਚਿਆ ਸੀ। ਸਿੰਘ ਸਭਾ ਲਹਿਰ ਸਮੇਂ 19ਵੀਂ ਸਦੀ ਦੇ ਅੰਤ ਵਿਚ ਈਸਾਈ ਪ੍ਰਚਾਰਕਾਂ ਇਹ ਸਿੱਧ ਕਰਨ ਦਾ ਯਤਨ ਕੀਤਾ ਕਿ ਉਹ ਈਸਾਈ ਮਤ ਦੇ ਵੱਡੇ ਪਾਦਰੀ ਸਨ ਤੇ ਉਹਨਾਂ ਦਾ ਨਾਮ ਸੀ 'ਨਨਸ਼ਯੂ'। ਇਹ ਰੋਮਨ ਲਫ਼ਜ਼ ਹੈ, ਜਿਸ ਦਾ ਅਰਥ ਹੈ 'ਮਾਨਯੋਗ ਧਰਮਾਤਮਾ'। ਨਾਨਕ ਪਦ ਇਸੇ ਤੋਂ ਬਣਿਆ ਹੈ।

ਪਾਦਰੀ 'ਵਾਲਸੀ' ਨੇ ਇਸ 'ਤੇ 'ਹਰਿ ਚਰਿੱਤਰ' ਨਾਮ ਦੀ ਪੁਸਤਕ ਲਿਖੀ। ਉਹ ਕਿਹਾ

ਕਰਦਾ ਸੀ ਕਿ ਇਹ ਈਸਾਈ ਮਹਾਤਮਾ ਵਲੈਤ ਤੋਂ ਚੱਲ ਕੇ ਇਧਰ ਪੰਜਾਬ ਦੇਸ਼ ਆਏ ਸਨ।

ਅਸੀਂ ਇਸ ਕਪੋਲ ਕਲਪਣਾ 'ਤੇ ਬਹਿਸ ਦੀ ਲੋੜ ਨਹੀਂ ਸਮਝਦੇ ਪਰ ਇਹ ਪ੍ਰਚਾਰ ਦੱਸਦਾ ਹੈ ਕਿ ਇਹ ਈਸਾਈ ਪ੍ਰਚਾਰਕ ਵੀ ਉਸ ਮਹਾਨ ਗੁਰੂ ਨੂੰ ਆਪਣਾ ਸਿੱਧ ਕਰਨ ਦਾ ਜਿਵੇਂ-ਕਿਵੇਂ ਯਤਨ ਕਰਦੇ ਰਹੇ ਸਨ।

ਮੁਸਲਮਾਨ ਸ਼ਾਇਰਾਂ ਵੱਲੋਂ ਪੇਸ਼ ਕੀਤੀ ਅਕੀਦਤ ਤੋਂ ਜ਼ਾਹਰ ਹੈ ਕਿ ਉਹਨਾਂ ਦੇ ਗੁਰੂ ਜੀ ਲਈ ਕਿਸ ਕਿਸਮ ਦੇ ਜਜ਼ਬਾਤ ਸਨ। ਅਬਦੁਲ ਕਰੀਮ ਬਿਸਮਿਲ ਦਾ ਸ਼ਿਅਰ ਹੈ:

ਤੂ ਵੁਹ ਕਾਅਬਾ ਹੈ ਕਿ ਕਾਅਬਾ ਨੇ ਕੀਆ ਤੇਰਾ ਤਵਾਫ਼।
ਜ਼ਾਹਰੋ ਬਾਤਨ ਤੇਰਾ ਮਾਨਿੰਦ ਆਈਨਾ ਹੈ ਸਾਫ਼।

ਜ਼ਿਆ ਫ਼ਤਿਹਾਬਾਦੀ ਕਹਿੰਦੇ ਹਨ:

ਜਲਵਾਗਰ ਸਿਹਨ ਗੁਲਿਸਤਾਂ ਮੇਂ ਪਇ ਕਾਮਲ ਕੀ ਰਾਤ।
ਦਰ ਹਕੀਕਤ ਇਕ ਸ਼ੁਆਇ ਹੱਕ ਗੁਰੂ ਨਾਨਕ ਕੀ ਜ਼ਾਤ।
ਜ਼ਿੰਦਗੀ ਕੀ ਤਰਜਮਾਨੀ ਇਕ ਨਏ ਅੰਦਾਜ਼ ਸੇ।
ਆਸਮਾਂ ਤਕ ਰਸਾਈ ਜ਼ਰਾਤਿ ਪ੍ਰਵਾਜ਼ ਸੇ।
ਦਿਲ ਮੇਂ ਭਗਤੀ ਕੀ ਹਰਾਰਤ, ਆਂਖ ਮੇਂ ਨੂਰਿ ਹਯਾਤ।
ਇਕ ਹਕੀਕਤ ਇਕ ਸਚਾਈ ਗੁਰੂ ਨਾਨਕ ਕੀ ਬਾਤ।

ਮੁੰਤਜ਼ਿਰ ਲਿਖਦਾ ਹੈ:

ਨਾਨਕਿ ਆਜ਼ਮ ਕੀ ਹਰ ਤਾਲੀਮ ਆਲਮਗੀਰ ਥੀ।
ਉਲਫ਼ਤਿ ਇਨਸਾਂ ਕੀ ਜੀਤੀ-ਜਾਗਤੀ ਤਸਵੀਰ ਥੀ।
ਰਹਿਨੁਮਾ ਥੇ ਆਪ ਹਰ ਪੀਰੋ ਜਵਾਂ ਕੇ ਵਾਸਤੇ।
ਬਾਇਸਿ ਰਹਿਮਤ ਜ਼ਿਮੀਂ ਔ ਆਸਮਾਂ ਕੇ ਵਾਸਤੇ।
ਆਪ ਖ਼ੁਦ ਮੁਰਸ਼ਿਦ ਥੇ, ਮੁਰਸ਼ਿਦ ਆਪ ਕਾ ਕੋਈ ਨ ਥਾ।
ਆਪ ਕਾ ਰਹਿਬਰ ਬਜੁਜ਼, ਜ਼ਾਤੇ-ਖ਼ੁਦ ਕੋਈ ਨ ਥਾ।

ਸਧਨਾ ਭਗਤ ਮੁਸਲਮਾਨ ਸੀ, ਇਕ ਪ੍ਰਾਚੀਨ ਹੱਥ-ਲਿਖਤ ਵਿਚ ਉਸ ਦੇ ਸਲੋਕ ਮਿਲਦੇ ਹਨ, ਜਿਨ੍ਹਾਂ ਵਿਚੋਂ ਦੋ ਇਸ ਪ੍ਰਕਾਰ ਹਨ:

ਪਿਰੀ ਮਹਿੰਡੋ ਪਾਤਸ਼ਾਹੁ ਮੈਂ ਪਿਰੀਆ ਵਜ਼ੀਰੁ।
ਪਿਰੀ ਵਿਛੋੜਾ ਕਿਉਂ ਸਹਨਿ, ਜਿਸ ਸਿਰਿ ਨਾਨਕੁ ਪੀਰੁ।
ਪਿਰੀਆ ਸੰਦਾ ਮੋਹਣਾ, ਮੱਥੈ ਤੇ ਲਿਖਿਓਮੁ,
ਜਿਨਾ ਮਸਤਕਿ ਲਿਖਿਆ, ਨਾਨਕ ਤਿਨ ਮਿਲਿਓਨੁ।

ਹਿੰਦੂ ਜਨਤਾ ਗੁਰੂ ਨਾਨਕ ਸਾਹਿਬ ਨੂੰ ਸਦਾ ਤੋਂ ਆਪਣਾ ਸਮਝਦੀ ਆ ਰਹੀ ਹੈ ਤੇ ਉਸ 'ਤੇ ਮਾਣ ਵੀ ਕਰਦੀ ਹੈ। ਭਾਈ ਪਰਮਾਨੰਦ ਲਿਖਦੇ ਹਨ:

"ਪੰਜਾਬ ਕੇ ਮੁਸਤਕਬਿਲ ਕੀ ਸਾਰੀ ਤਵਾਰੀਖ਼ ਗੁਰੂ ਨਾਨਕ ਸੇ ਸ਼ੁਰੂ ਹੋਤੀ ਹੈ।"

ਡਾ. ਹਰੀ ਰਾਮ ਗੁਪਤਾ ਆਪ ਦੀ ਇਤਿਹਾਸਕ ਅਹਿਮੀਅਤ ਬਿਆਨ ਕਰਦੇ ਕਹਿੰਦੇ ਹਨ:

Guru Nanak gave the people of the Punjab an ideal which was ultimately to mould his followers into a nation, Convert this province into a Sovoreign State and thus give the Punjab a place on the map of the world which will always serve as a source of inspiration, privilege and pride to every Punjabi, without any consideration of the caste, creed or religion.

(The Spokesman, Delhi, Nov. 1951)

ਭਾਰਤੀ ਵਿਦਿਆ ਭਵਨ ਦੇ ਵਿਦਵਾਨਾਂ ਦੀ ਰਾਇ ਧਿਆਨ ਗੋਚਰੇ ਕਰਨ ਵਾਲੀ ਹੈ:

Nanak (Guru) holds a unique place among the medieval saints of India. He cut himself adrift from all associations with prevailing Sectarian religions and although his approach to God was through love and devotion. He did not adopt the imagery or symbolism of vaishanavism or any other creed. His was the first and also the last successful attempt to bring together the Hindus and Muslims in a common fold of spiritual and social brotherhood.

(The History and Culture of the Indian People, Vol. VI, p. 589, Bhartiya Vidya Bhawan, Bombay)

ਸੰਸਾਰ ਦੇ ਗਿਆਨ-ਗ੍ਰੰਥਾਂ ਵਿਚ ਆਪ ਦਾ ਮਹੱਤਵ ਪ੍ਰਗਤੀਵਾਦੀ ਵਿਚਾਰਾਂ ਕਰਕੇ ਸਵੀਕਾਰ ਕੀਤਾ ਗਿਆ ਹੈ:

Nanak believed in monotheistic diety whom he designated Sat Nam (true name) and who had created all men equal. This emphasis on equality contradicted Hindu caste practices and led him to denounce caste differences and to insist upon the diginity of labour.

(Encyclopaedia Americana)

ਪੰਜਾਬ ਵਾਸੀਆਂ ਵੀ ਇਸ ਮਹਾਂਪੁਰਸ਼ ਦੇ ਗੌਰਵ, ਸਨਮਾਨ ਤੇ ਅਹਿਸਾਨ ਨੂੰ ਭੁਲਾਇਆ ਨਹੀਂ। ਜਦੋਂ ਬੰਦਾ ਬਹਾਦਰ ਦੀ ਅਗਵਾਈ ਵਿਚ 1710 ਈਸਵੀ ਵਿਚ ਸਰਹਿੰਦ ਫ਼ਤਹਿ ਕਰ ਕੇ ਸਿੱਖਾਂ ਨੇ ਪਹਿਲੀ ਰਾਜਧਾਨੀ ਲੋਹਗੜ੍ਹ ਤੋਂ ਨਾਨਕਸ਼ਾਹੀ ਸਿੱਕਾ ਚਲਾਇਆ ਤਾਂ ਉਸ ਉੱਤੇ ਇਹ ਅੱਖਰ ਉਕਰੇ ਗਏ:

ਸਿੱਕਾ ਜ਼ਦ ਬਰ ਹਰ ਦੂ ਆਲਮ,
ਤੇਗ਼ੋ ਨਾਨਕ ਵਾਹਬ ਅਸਤ।
ਫ਼ਤਿਹ ਗੋਬਿੰਦ ਸਿੰਘ ਸ਼ਾਹਿਸ਼ਾਹਾਂ
ਫ਼ਜ਼ਲਿ ਸੱਚਾ ਸਾਹਿਬ ਅਸਤ।

''ਗੁਰੂ ਨਾਨਕ ਦੀ ਬਖ਼ਸ਼ੀ ਤੇਗ਼ ਦੇ ਸਦਕੇ ਦੋ ਜਹਾਨਾਂ 'ਤੇ ਸਿੱਕਾ ਚਲਾਇਆ। ਇਹ

ਫ਼ਤਿਹ ਗੁਰੂ ਗੋਬਿੰਦ ਸਿੰਘ ਜੀ ਦੀ ਹੈ ਤੇ ਕਿਰਪਾ ਅਕਾਲ ਪੁਰਖ ਦੀ ਹੈ।''

ਫਿਰ ਜਦ ਸਰਕਾਰੀ ਮੋਹਰ ਬਣਵਾਈ ਗਈ ਤਾਂ ਉਸ ਉੱਤੇ ਇਹ ਸ਼ਿਅਰ ਅੰਕਿਤ ਸੀ :

ਅਜ਼ਮਤੇ ਨਾਨਕ ਗੁਰੂ ਹਮ ਜ਼ਾਹਰੋ, ਹਮ ਬਾਤਨ ਅਸਤ।

ਪਾਦਸ਼ਾਹੋ ਦੀਨੋ ਦੁਨੀਆ ਆਪ ਸੱਚਾ ਸਾਹਿਬ ਅਸਤ।

ਪਿੱਛੋਂ ਇਸੇ ਮੋਹਰ ਨੂੰ ਇਹਨਾਂ ਸ਼ਬਦਾਂ ਨਾਲ ਸ਼ਿੰਗਾਰਿਆ ਗਿਆ ਤੇ ਬਾਬੇ ਨਾਨਕ ਨੂੰ ਬਾਰ-ਬਾਰ ਚਿਤਾਰਿਆ ਗਿਆ :

ਦੇਗੋ ਤੇਗੋ ਫ਼ਤਹਿ ਓ ਨੁਸਰਤ ਬੇਦਰੰਗ।

ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਮਹਾਰਾਜਾ ਰਣਜੀਤ ਸਿੰਘ ਦਾ ਨਾਨਕਸ਼ਾਹੀ ਸਿੱਕਾ ਇਸ ਸ਼ਿਅਰ ਨਾਲ ਸੁਸ਼ੋਭਿਤ ਸੀ। ਜ਼ਾਹਰ ਹੈ ਕਿ ਗੁਰੂ ਨਾਨਕ ਸਾਹਿਬ ਧਰਮ ਤੇ ਸਟੇਟ ਦੋਹਾਂ ਦੇ ਮੋਢੀ ਬਣੇ ਕੇ ਜੁਗੋ-ਜੁਗ ਉਹਨਾਂ ਦੀ ਜੈ ਜੈ ਕਾਰ ਹੋਈ।

ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ॥ *(ਪੰਨਾ ੬੧੧)*

(11/1989)

ਸਭ ਤੇ ਵਡਾ ਸਤਿਗੁਰੂ ਨਾਨਕ

ਗੁਰੂ ਨਾਨਕ ਵੱਡਾ ਹੈ ਕਿਉਂਕਿ ਉਹਨਾਂ ਦੀ ਬਾਣੀ ਵਿਚ ਬਿਆਨ ਕੀਤਾ ਉਹਨਾਂ ਦਾ ਧਰਮ ਵੱਡਾ ਤੇ ਵਿਸ਼ਾਲ ਹੈ, ਜਿਸ 'ਚ ਦੁਨੀਆਂ ਭਰ ਦੇ ਸਾਰੇ ਧਰਮ ਆ ਸਕਦੇ ਹਨ। ਬਾਬੇ ਨਾਨਕ ਦੇਵ ਜੀ ਦੀ ਧਰਮਸਾਲ ਵੱਡੀ ਹੈ, ਕਿਉਂਕਿ ਸਾਰੀ ਧਰਤੀ ਉਹਨਾਂ ਦੀ ਧਰਮਸਾਲ ਹੈ। ਗੁਰੂ ਨਾਨਕ ਦੇਵ ਜੀ ਦੇ ਗਾਵਣਹਾਰੇ ਵੱਡੇ ਭੀ ਹਨ ਤੇ ਬਹੁਤੇ ਭੀ ਹਨ। ਗੁਰੂ ਜੀ ਦਾ ਜ਼ਬਤ ਅਤੇ ਡਰ ਵੱਡਾ ਹੈ, ਗੁਰੂ ਜੀ ਦਾ ਹੁਕਮ ਵੱਡਾ ਹੈ, ਗੁਰੂ ਜੀ ਦੇ ਰੱਬ ਦੀ ਸ਼ਕਤੀ ਵੱਡੀ ਹੈ, ਗੁਰੂ ਜੀ ਦੀ ਕੁਦਰਤ ਵੱਡੀ ਹੈ, ਗੁਰੂ ਜੀ ਦਾ ਇਤਿਹਾਸ ਵੱਡਾ ਹੈ, ਉਥੇ ਅਨੇਕਾਂ ਬੁੱਧ ਹਨ। ਗੁਰੂ ਜੀ ਦੀਆਂ ਸਿਫ਼ਤ-ਸਲਾਹ ਦੀਆਂ ਗੰਢਾਂ ਭੀ ਵੱਡੀਆਂ ਹਨ। ਇਹ ਸਭ ਵਡੱਤਣਾਂ ਉਹਨਾਂ ਦੀ ਬਾਣੀ ਵਿਚ ਹਨ।

ਰੱਬ ਦਾ ਹੁਕਮ ਇਕ ਸ਼ਬਦ ਨਹੀਂ, ਇਕ ਵਾਕ ਨਹੀਂ, ਕੁਝ ਅੱਖਰ ਅਤੇ ਧੁਨੀਆਂ ਨਹੀਂ, ਸਗੋਂ ਇਹ ਇਕ ਸ਼ਕਤੀ ਹੈ, ਸਿਰਜਣ-ਸ਼ਕਤੀ ਹੈ, ਇਹ ਹਰ ਪਲ ਸਿਰਜਦੀ ਹੈ, ਨਵੇਂ ਤੋਂ ਨਵਾਂ ਸਿਰਜਦੀ ਹੈ, ਵੱਖ-ਵੱਖ ਅਕਾਰਾਂ ਵਿਚ ਸਿਰਜਦੀ ਹੈ, ਵੱਖ-ਵੱਖ ਨੁਹਾਰਾਂ ਵਿਚ ਸਿਰਜਦੀ ਹੈ, ਵੱਖ-ਵੱਖ ਰੂਪਾਂ ਵਿਚ ਸਿਰਜਦੀ ਹੈ, ਮਾਨੋ ਹੁਕਮ ਇਕ ਰੱਬੀ ਸ਼ਕਤੀ ਦਾ ਕਾਰਖ਼ਾਨਾ ਹੈ, ਇਥੇ ਕਰੋੜਾਂ ਆਕਾਸ਼-ਗੰਗਾ ਬਣਦੀਆਂ ਹਨ। ਇਕ-ਇਕ ਗੰਗਾ ਅਤੇ ਕਰੋੜਾਂ ਨਵੇਂ ਤਾਰੇ ਅਤੇ ਸਿਆਰੇ ਬਣਾ-ਬਣਾ ਕੇ ਬਾਹਰ ਆਕਾਸ਼ ਵਿਚ ਘੁੰਮਣ ਲਈ ਸੁੱਟ ਰਹੀ ਹੈ ਅਤੇ ਉਹ ਆਕਾਸ਼ ਦੀ ਚੌੜੀ ਰੌੜ ਵਿਚ ਲਾਟੂਆਂ ਵਾਂਗ ਘੁੰਮ ਰਹੇ ਹਨ।

ਹੁਕਮ ਕੇਵਲ ਅਕਾਰ ਅਤੇ ਸਰੀਰ ਹੀ ਨਹੀਂ ਰਚਦਾ, ਉਹਨਾਂ ਅਕਾਰਾਂ ਅਤੇ ਸਰੀਰਾਂ ਵਿਚ ਜਿੰਦਾਂ ਘੜ-ਘੜ ਪਾਉਂਦਾ ਹੈ, ਸਰੀਰਾਂ ਅਤੇ ਜਿੰਦਾਂ ਵਿਚ ਇਕ-ਸੁਰਤਾ ਪੈਦਾ ਕਰਦਾ ਹੈ। ਇਹ ਹੁਕਮ ਦੀ ਸਿਰਜਣ-ਸ਼ਕਤੀ ਅੰਨ੍ਹੀ ਨਹੀਂ ਹੈ, ਇਹ ਕਿਸੇ ਦੇ ਧੱਕੇ ਮਾਰਨ 'ਤੇ ਨਹੀਂ ਚੱਲ ਰਹੀ, ਇਹ ਸਹੰਸਰ ਨੈਣਾਂ ਵਾਲੀ ਹੈ, ਸਹੰਸਰ ਕੰਨਾਂ ਵਾਲੀ ਹੈ, ਸਹੰਸਰ ਰਮਜ਼ਾਂ ਵਾਲੀ ਹੈ, ਸਹੰਸਰ ਦ੍ਰਿਸ਼ਟੀਕੋਣਾਂ ਵਾਲੀ ਹੈ।

ਇਹ ਵਡਿਆਈਆਂ ਸਾਡੀਆਂ ਨਹੀਂ, ਇਹ ਵੱਡੇ ਦੀਆਂ ਵਡਿਆਈਆਂ ਹਨ। ਉਹ ਨਿਮਾਣੇ ਬੂਟਿਆਂ ਨਾਲ ਸੁੰਦਰ ਫੁੱਲ ਟੰਗ ਕੇ ਉਹਨਾਂ ਨੂੰ ਵੱਡਾ ਬਣਾ ਦੇਂਦਾ ਹੈ। ਉਹ ਫੁੱਲਾਂ ਨੂੰ ਸੁਗੰਧੀ ਨਾਲ ਭਰ ਕੇ ਸੰਸਾਰ ਵਿਚ ਪ੍ਰਸਿੱਧ ਬਣਾ ਦੇਂਦਾ ਹੈ। ਉਹਨਾਂ ਵੱਲ ਖਿੱਚੇ ਜਾਣ ਲਈ ਅਨੇਕਾਂ ਕੀੜਿਆਂ ਨੂੰ ਮੀਲਾਂ ਤੋਂ ਸੁਗੰਧੀ ਗ੍ਰਹਿਣ ਕਰਨ ਵਾਲਾ ਨੱਕ ਦੇਂਦਾ ਹੈ, ਹਨੇਰੀਆਂ ਰਾਤਾਂ ਵਿਚ ਦਿਸਣ ਲਈ ਚਿੱਟਾ ਤੇ ਉੱਜਲਾ ਰੂਪ ਦੇ ਦੇਂਦਾ ਹੈ। ਹੁਕਮ ਸਰੀਰ ਹੀ ਨਹੀਂ, ਨਾਲ ਜਿੰਦ ਦੇਂਦਾ ਹੈ; ਜਿੰਦ ਹੀ ਨਹੀਂ, ਨਾਲ ਸੰਬੰਧ ਦੇਂਦਾ ਹੈ। ਇਹ ਸੰਬੰਧ ਸਾਰੇ ਸੰਸਾਰ ਦੇ ਜੀਵਾਂ ਨੂੰ

ਮਾਲਾ ਦੇ ਮਣਕਿਆਂ ਵਾਂਗ ਪਰੋਂਦੇ ਹਨ।

ਹੁੰਦਾ ਸਭ ਕੁਝ ਉਸ ਦੇ ਹੁਕਮ ਨਾਲ ਹੈ ਪਰ ਉਹ ਦੁੱਖ ਦੇਣ ਤੋਂ ਪਹਿਲਾਂ ਉਸ ਨੂੰ ਪਹਿਲਾਂ ਨੀਚ ਕਰਮਾਂ ਵੱਲ ਪ੍ਰੇਰ ਕੇ ਨੀਚ ਬਣਾਉਂਦਾ ਹੈ। ਸੁਖ ਦੇਣ ਤੋਂ ਪਹਿਲਾਂ ਉਸ ਨੂੰ ਚੰਗਾ ਬਣਾਉਂਦਾ ਹੈ। ਨੀਚ ਘਿਰਣਾ ਦਾ ਪਾਤਰ ਨਹੀਂ, ਸਗੋਂ ਉਸ ਨੂੰ ਹਮਦਰਦੀ ਦੀ ਲੋੜ ਹੈ। ਤਰਸ ਦੋਹਾਂ ਮਨੁੱਖਾਂ ਨੂੰ ਉੱਚਾ ਬਣਾਉਂਦਾ ਹੈ ਪਰ ਘਿਰਣਾ ਅਤੇ ਨਫ਼ਰਤ ਤਾਂ ਸੰਢਿਆਂ ਅਤੇ ਕੁੱਤਿਆਂ ਦਾ ਔਗੁਣ ਹੈ। ਮਨੁੱਖ ਸਰੀਰ ਦੇ ਰੂਪ ਕਰਕੇ ਨਹੀਂ ਮਨੁੱਖੀ ਗੁਣਾਂ ਕਰਕੇ ਮਨੁੱਖ ਬਣਦਾ ਹੈ।

ਉਸ ਦੇ ਹੁਕਮ ਵਿਚੋਂ ਬਖ਼ਸ਼ਿਸ਼ਾਂ ਮੀਂਹ ਵਾਂਗ ਵਰ੍ਹਦੀਆਂ ਹਨ, ਉਹ ਪਲਾਂ ਵਿਚ ਸੜਦੇ ਥਲਾਂ ਨੂੰ ਜਲਾਂ ਵਿਚ ਬਦਲ ਕੇ ਉਹਨਾਂ ਦੇ ਧੁਰ ਕਾਲਜੇ ਵਿਚ ਠੰਡ ਪਾ ਸਕਦਾ ਹੈ। ਜਿਹੜੇ ਜੂਨਾਂ ਵਿਚ ਘੁੰਮਦੇ ਫਿਰਦੇ ਹਨ, ਇਹਨਾਂ ਨੂੰ ਇਕ ਲੰਮੀ ਸਜ਼ਾ ਭੀ ਉਸ ਦੇ ਹੁਕਮ ਵਿਚ ਹੈ।

ਜਿਸ ਨੇ ਹੁਕਮ ਬੁੱਝ ਲਿਆ ਹੈ, ਉਸ ਦੀ ਇਕੋ-ਇਕ ਨਿਸ਼ਾਨੀ ਹੈ, ਉਸ ਵਿਚੋਂ ਹਉਮੈ ਮਿਟ ਜਾਂਦੀ ਹੈ। ਹੁਕਮ ਦਾ ਪਾਣੀ ਨੀਵੀਆਂ ਅਤੇ ਡੂੰਘੀਆਂ ਝੀਲਾਂ ਵਿਚ ਜਮ੍ਹਾਂ ਹੁੰਦਾ ਹੈ, ਉੱਚੇ ਟਿੱਲੇ ਹਮੇਸ਼ਾਂ ਤਪਦੇ ਰਹਿੰਦੇ ਹਨ ਅਤੇ ਉਹਨਾਂ ਖੁਸ਼ਕ ਟਿੱਲਿਆਂ ਤੋਂ ਹਮੇਸ਼ਾਂ ਖੇਹ ਅਤੇ ਘੱਟਾ ਉੱਡਦਾ ਰਹਿੰਦਾ ਹੈ। ਜਿਹੜਾ ਮੈਂ-ਮੈਂ ਕਰਦਾ ਹੈ, ਹਉ-ਹਉ ਕੂਕਦਾ ਹੈ, ਉਸ ਨੂੰ ਅਜੇ ਤਕ ਹੁਕਮ ਦੀ ਸਮਝ ਨਹੀਂ ਪਈ। ਉਸ ਦੇ ਕੰਨਾਂ ਦੇ ਅੰਦਰ ਬ੍ਰਹਿਮੰਡ ਵਿਚ ਵਿਆਪਕ ਹੁਕਮ ਦੀ ਮਿੱਠੀ ਧੁਨੀ ਨਹੀਂ ਪਈ। ਉਸ ਦੇ ਨੈਣਾਂ ਨੇ ਹੁਕਮੀ ਦੇ ਹੁਕਮ ਦੇ ਦਰਸ਼ਨ ਨਹੀਂ ਕੀਤੇ। ਉਹ ਹੁਕਮ ਵੱਲ ਨਹੀਂ ਹਉਮੈ ਵੱਲ ਦਿਨ-ਰਾਤ ਦੌੜ ਰਿਹਾ ਹੈ। ਜਿਸ ਅਭਾਗੇ ਨੂੰ ਹੁਕਮ ਦੀ ਗੋਦ ਵਿਚ ਨਿੱਸਲ ਹੋ ਕੇ ਸੌਣ ਦਾ ਸਮਾਂ ਨਹੀਂ ਮਿਲਿਆ, ਉਹ ਸੱਚੀ ਜ਼ਿੰਦਗੀ ਦੀ ਮਾਂ ਦਾ, ਮਾਂ-ਮਹਿਟਰ ਪੁੱਤਰ ਹੈ। ਜਿਹੜਾ ਚਿੰਤਾ ਦੇ ਤਿੱਖੇ ਅਤੇ ਡੂੰਘੇ ਪਾਣੀ ਵਿਚ ਗੋਤੇ ਖਾ ਰਿਹਾ ਹੈ, ਉਹ ਹੁਕਮ ਦੇ ਮਲਾਹਾਂ ਤੋਂ ਬਹੁਤ ਦੂਰ ਹੈ। ਉਸ ਦਾ ਮਲਾਹਾਂ ਦੇ ਖ਼ਾਨਦਾਨ ਨਾਲ ਕੋਈ ਸੰਬੰਧ ਨਹੀਂ। ਹੁਕਮ ਦੀ ਡੂੰਘੀ ਨੀਂਦਰ ਵੱਡੀ ਸਮਾਧੀ ਹੈ। ਹਉਮੈ ਵਾਲਾ ਤਮਾਸ਼ਾ ਕਰਦਾ ਹੈ, ਪਰ ਹੁਕਮ ਵਾਲਾ ਤਮਾਸ਼ਾ ਵੇਖਦਾ ਹੈ। ਤਮਾਸ਼ੇ ਦਾ ਆਦਰਸ਼ ਤਮਾਸ਼ਾ ਬਣਨਾ ਨਹੀਂ, ਤਮਾਸ਼ਾ ਦੇਖਣਾ ਹੈ। ਹਉਮੈ ਤਮਾਸ਼ਬੀਨ ਨੂੰ ਤਮਾਸ਼ਾ ਬਣਾ ਕੇ ਰੱਖ ਦੇਂਦੀ ਹੈ। ਸਭ ਕੁਝ ਹੁਕਮ ਵਿਚ ਹੈ, ਫੁੱਲ ਭੀ ਅਤੇ ਕੰਡੇ ਭੀ। ਉੱਜਲਾ ਦਿਨ ਭੀ ਅਤੇ ਕਾਲੀ-ਬੋਲੀ ਰਾਤ ਭੀ। ਤੜਫਾਉਣ ਵਾਲੀ ਬੇਚੈਨੀ ਭੀ ਅਤੇ ਸੁਖ ਤੇ ਸ਼ਾਂਤੀ ਨਾਲ ਭਰਿਆ ਆਰਾਮ ਭੀ। ਚੀਕ ਮਾਰ ਕੇ ਆਰੰਭ ਕੀਤਾ ਜੀਵਨ ਭੀ ਅਤੇ ਲੰਮਾ ਹਉਕਾ ਭਰ ਕੇ ਆਰੰਭ ਕੀਤੀ ਹੋਈ ਮੌਤ ਭੀ। ਨਰਕ ਭੀ ਤੇ ਸੁਰਗ ਭੀ।

ਹਉਮੈ ਦਾ ਸਭ ਤੋਂ ਵੱਡਾ ਕਾਰਣ 'ਜ਼ੋਰ' ਹੈ। ਪਰ ਜ਼ੋਰ ਸਾਡਾ ਨਹੀਂ। ਅਸੀਂ ਨਿਤਾਣੇ ਹਾਂ, ਪਰ ਦਮ ਭਰਦੇ ਹਾਂ ਕਿ ਅਸੀਂ ਸਤਾਣੇ ਹਾਂ। ਅਸੀਂ ਕਮਜ਼ੋਰ ਹਾਂ, ਪਰ ਜ਼ੋਰਾਵਰ ਹੋਣ ਦਾ ਦਾਅਵਾ ਕਰਦੇ ਹਾਂ। ਅਸੀਂ ਨਿਰਬਲ ਹਾਂ ਪਰ ਆਪਣੇ ਆਪ ਨੂੰ ਬਲਵਾਨ ਸਮਝ ਕੇ ਮੋਢਿਆਂ ਉਪਰ ਦੀ ਥੁੱਕਦੇ ਹਾਂ।

ਗੁਰੂ ਨਾਨਕ ਦੇਵ ਜੀ ਨੇ ਸਾਡਾ ਇਹ ਅਸਲ ਵਰਗਾ ਜ਼ੋਰ ਦਾ ਭੁਲੇਖਾ ਪੂਰੀ ਤਾਕਤ

ਨਾਲ ਦੂਰ ਕਰਨ ਦਾ ਯਤਨ ਕੀਤਾ ਹੈ। ਨਾ ਅਸੀਂ ਆਪਣੀ ਸ਼ਕਤੀ ਨਾਲ ਆਪਣਾ ਮੂੰਹ ਬਣਾਇਆ ਹੈ, ਨਾ ਅਸੀਂ ਆਪਣੀ ਸ਼ਕਤੀ ਨਾਲ ਆਪਣੇ ਬੁੱਲ੍ਹ ਬਣਾਏ ਹਨ, ਨਾ ਅਸੀਂ ਆਪਣੀ ਸ਼ਕਤੀ ਨਾਲ ਦੰਦ ਬਣਾਏ ਹਨ, ਨਾ ਅਸੀਂ ਆਪਣੀ ਸ਼ਕਤੀ ਨਾਲ ਆਪਣੇ ਬੋਲ-ਤੰਤੂ ਬਣਾਏ ਹਨ, ਨਾ ਅਸੀਂ ਆਪਣੇ ਬਲ ਨਾਲ ਸਾਲਾਂ-ਬੱਧੀ ਦਿਲ ਵਾਂਗ ਦਿਨ-ਰਾਤ ਅਤੇ ਲਗਾਤਾਰ ਚੱਲਣ ਵਾਲੇ ਫੇਫੜੇ ਬਣਾਏ ਹਨ। ਇਹ ਇਕ-ਇਕ ਅੰਗ ਅਰਬਾਂ ਕੋਸ਼ਾਂ ਨਾਲ ਬਣਿਆ ਹੋਇਆ ਹੈ, ਹਰ ਕੋਸ਼ ਆਪਣੇ ਆਪ ਵਿਚ ਸੰਪੂਰਨ ਹੈ, ਇਹਨਾਂ ਸਾਰਿਆਂ ਨੂੰ ਕਿਸੇ ਦਾ ਜ਼ੋਰ ਇਕ-ਸੁਰ ਕਰਦਾ ਹੈ, ਇਕ ਸੇਧ ਦੇਂਦਾ ਹੈ, ਖ਼ਾਸ ਗਿਣਤੀ ਵਿਚ ਲਹਿਰਾਂ ਪੈਦਾ ਕਰਦਾ ਹੈ, ਫਿਰ ਹੀ ਅਸੀਂ ਉੱਚੀਆਂ-ਨੀਵੀਆਂ ਧੁਨੀਆਂ ਪੈਦਾ ਕਰ ਸਕਦੇ ਹਾਂ। ਇਹ ਕੇਵਲ ਧੁਨੀ ਮਾਤਰ ਧੁਨੀਆਂ ਨਹੀਂ ਹੁੰਦੀਆਂ, ਸਗੋਂ ਇਹ ਅਰਥ ਭਰਪੂਰ ਹੁੰਦੀਆਂ ਹਨ, ਇਹਨਾਂ ਨਾਲ ਜਜ਼ਬੇ ਅਤੇ ਸਮਝ ਦੀ ਡੂੰਘੀ ਸਾਂਝ ਹੁੰਦੀ ਹੈ।

ਜਿੰਨਾ ਜ਼ੋਰ ਆਖਣ 'ਤੇ ਲੱਗਦਾ ਹੈ, ਉਸ ਤੋਂ ਕਈ ਗੁਣਾ ਵੱਧ ਜ਼ੋਰ ਚੁੱਪ ਰਹਿਣ 'ਤੇ ਲੱਗਦਾ ਹੈ। ਸਾਡੇ ਅੰਦਰ ਹਰ ਸਮੇਂ ਤੂਫ਼ਾਨ ਆਏ ਰਹਿੰਦੇ ਹਨ, ਜਦੋਂ ਅਸੀਂ ਆਪਣੇ ਵੱਲੋਂ ਚੁੱਪ ਕਰ ਜਾਂਦੇ ਹਾਂ, ਅਸਲ ਵਿਚ ਉਸ ਵੇਲੇ ਭੀ ਚੁੱਪ ਨਹੀਂ ਕਰ ਸਕਦੇ। ਅਸੀਂ ਭੀ ਸਾਗਰ ਦੇ ਪਾਣੀਆਂ ਵਾਂਗ ਹਾਂ। ਸਾਡੇ ਅੰਦਰ ਭੀ ਸਾਗਰ ਦੀਆਂ ਰੌਆਂ ਵਾਂਗ ਤੇਜ਼ ਧਾਰਾਵਾਂ ਚੱਲਦੀਆਂ ਹਨ ਪਰ ਇਹਨਾਂ ਦਾ ਕਾਰਣ ਅਸੀਂ ਨਹੀਂ ਹਾਂ, ਦੂਰ ਵੱਸਦੇ ਸੂਰਜ ਦੀਆਂ ਕਿਰਨਾਂ ਹਨ। ਕਿਰਨਾਂ ਨਹੀਂ, ਉਹਨਾਂ ਵਿਚਲੀ ਗਰਮੀ ਹੈ। ਗਰਮੀ ਨਹੀਂ, ਗਰਮੀ ਨਾਲ ਪੈਦਾ ਕੀਤੇ ਖਲਾਅ ਹਨ, ਜਿਹਨਾਂ ਨੂੰ ਭਰਨ ਲਈ ਹਵਾਵਾਂ ਚੱਲੀਆਂ ਅਤੇ ਹਵਾਵਾਂ ਨੇ ਸਾਗਰ ਵਿਚ ਰੌਆਂ ਪੈਦਾ ਕਰ ਦਿੱਤੀਆਂ ਅਤੇ ਰੌਆਂ ਨੇ ਸਾਗਰ ਵਿਚ ਨਵਾਂ ਵਾਯੂਮੰਡਲ ਪੈਦਾ ਕਰ ਦਿੱਤਾ। ਸਾਗਰ ਦੀਆਂ ਰੌਆਂ ਉਪਰ ਸਾਰੇ ਬ੍ਰਹਿਮੰਡਾਂ ਦਾ ਜ਼ੋਰ ਲੱਗਾ ਹੈ, ਸਾਡੇ ਅੰਦਰ ਦੀਆਂ ਰੌਆਂ ਉਪਰ ਬ੍ਰਹਿਮੰਡ ਦੇ ਸਿਰਜਣਹਾਰ ਦਾ ਜ਼ੋਰ ਲੱਗਾ ਹੈ। ਏਡੇ ਵੱਡੇ ਸਾਗਰਾਂ ਦੇ ਤੂਫ਼ਾਨ ਨੂੰ ਚੁੱਪ ਤੇ ਸ਼ਾਂਤ ਕਰਾਉਣ ਦੀ ਸਾਡੇ ਨਿਰਬਲਾਂ ਵਿਚ ਸਮਰੱਥਾ ਨਹੀਂ ਹੈ।

ਪ੍ਰਭੂ ਦੇ ਜ਼ੋਰ ਤੋਂ ਬਿਨਾਂ ਅਸੀਂ ਮੰਗ ਭੀ ਨਹੀਂ ਸਕਦੇ। ਅਸੀਂ ਪਾਣੀ ਮੰਗ ਕੇ ਪੀਂਦੇ ਹਾਂ, ਪਰ ਆਮ ਆਦਮੀ ਨਹੀਂ ਜਾਣਦੇ ਕਿ ਇਹ ਮੰਗ ਕਿਸ ਤਰ੍ਹਾਂ ਪੈਦਾ ਹੋਈ ਹੈ। ਸਾਡੇ ਸਰੀਰ ਵਿਚੋਂ ਹਰ ਸਮੇਂ ਪਾਣੀ ਖ਼ਰਚ ਹੁੰਦਾ ਅਤੇ ਘਟਦਾ ਰਹਿੰਦਾ ਹੈ, ਪਾਣੀ ਦੇ ਘਟਣ ਨਾਲ ਲਹੂ ਗਾਹੜਾ ਹੋ ਜਾਂਦਾ ਹੈ ਅਤੇ ਖ਼ੁਰਾਕ ਨਾਲ ਭਰੀ ਹੋਈ ਗਾਹੜੇ ਲਹੂ ਦੀ ਗੱਡੀ ਸੂਖ਼ਮ ਨਾੜੀਆਂ ਵਿਚ ਚੱਲ ਨਹੀਂ ਸਕਦੀ ਜਿਸ ਕਰਕੇ ਸਰੀਰ ਦੇ ਇਹਨਾਂ ਭਾਗਾਂ ਵਿਚ ਭਿਆਨਕ ਬਿਪਤਾਵਾਂ ਪੈਦਾ ਹੋ ਜਾਂਦੀਆਂ ਹਨ। ਇਹ ਸਭ ਕੁਝ ਦਾ ਸਾਨੂੰ ਕੋਈ ਪਤਾ ਨਹੀਂ ਹੁੰਦਾ ਪਰ ਜਿਸ ਨੇ ਇਹ ਸਭ ਕੁਝ ਬਣਾਇਆ ਹੈ, ਉਸ ਨੇ ਸਾਡੇ ਮੂੰਹ ਵਿਚ ਪਿਆਸ-ਗ੍ਰੰਥੀਆਂ ਬਣਾ ਛੱਡੀਆਂ ਹਨ। ਜਦੋਂ ਸਾਡੇ ਸਰੀਰ ਵਿਚੋਂ ਪਾਣੀ ਘਟ ਜਾਂਦਾ ਹੈ ਤਾਂ ਇਹ ਗ੍ਰੰਥੀਆਂ ਖ਼ੁਸ਼ਕ ਹੋ ਕੇ ਖ਼ਤਰੇ ਨੂੰ ਪ੍ਰਗਟ ਕਰਦੀਆਂ ਹਨ, ਮੂੰਹ ਸੁੱਕਣ ਲੱਗ ਜਾਂਦਾ ਹੈ, ਆਦਮੀ ਮੁੜ-ਮੁੜ ਕੇ ਮੂੰਹ ਘੁੱਟਦਾ, ਬੁੱਲ੍ਹਾਂ ਉਪਰ ਜ਼ਬਾਨ ਫੇਰਦਾ ਹੈ ਅਤੇ ਫਿਰ ਪਾਣੀ ਦੀ ਮੰਗ ਕਰਦਾ ਹੈ। ਇਸ ਲਈ ਅਸੀਂ ਆਪਣੀ ਸ਼ਕਤੀ ਨਾਲ ਮੰਗ ਵੀ ਨਹੀਂ ਕਰ ਸਕਦੇ। ਮੰਗ ਸਾਡੀ ਹੁੰਦੀ ਹੈ ਪਰ ਮੰਗੀ ਜਾਂਦੀ ਹੈ ਉਸ ਦੇ ਜ਼ੋਰ ਕਰਕੇ। ਉਹ ਮੰਗਾਂ ਭੀ ਪੈਦਾ ਕਰਦਾ ਹੈ ਅਤੇ ਉਹਨਾਂ ਮੰਗਾਂ ਦੀ ਪੂਰਤੀ

ਭੀ ਕਰਦਾ ਹੈ, ਉਸ ਨੇ ਕੇਵਲ ਖਾਣ ਲਈ ਮੂੰਹ ਨਹੀਂ ਬਣਾਇਆ, ਇਸ ਖਾਧੇ ਨੂੰ ਸੰਭਾਲਣ ਲਈ ਅਨੇਕਾਂ ਵੱਡੇ-ਵੱਡੇ ਕਾਰਖ਼ਾਨੇ ਭੀ ਬਣਾਏ ਹਨ। ਉਸ ਨੇ ਕੇਵਲ ਪਿਆਸ ਨਹੀਂ ਬਣਾਈ, ਪਾਣੀ ਭੀ ਦਿੱਤਾ ਹੈ।

ਅਸੀਂ ਜੀਊਂਦੇ ਹਾਂ, ਪਰ ਆਪਣੇ ਜ਼ੋਰ ਕਰਕੇ ਨਹੀਂ, ਸਭ ਤੋਂ ਵੱਡੇ ਜ਼ੋਰਾਵਰ ਦੇ ਜ਼ੋਰ ਕਰਕੇ। ਅਸੀਂ ਬੀਮਾਰ ਹੁੰਦੇ ਹਾਂ, ਡਾਕਟਰ ਦੁਆਈ ਦੇਂਦਾ ਹੈ ਪਰ ਅਰੋਗਤਾ ਪਰਮਾਤਮਾ ਬਖ਼ਸ਼ਦਾ ਹੈ। ਪੈਸਿਆਂ ਦਾ ਹੱਕਦਾਰ ਡਾਕਟਰ ਹੈ ਕਿਉਂਕਿ ਉਸ ਨੇ ਮਿਹਨਤ ਨਾਲ ਬੀਮਾਰੀ ਲੱਭੀ ਹੈ, ਉਸ ਲਈ ਠੀਕ ਦਵਾ ਦਿੱਤੀ ਹੈ ਪਰ ਤੰਦਰੁਸਤੀ ਦੇਣ ਦਾ ਧੰਨਵਾਦ ਲੈਣ ਵਾਲਾ ਰੱਬ ਹੈ। ਜੇ ਰੱਬ ਵਿਚ ਆਪ ਨਾ ਖੜੋਵੇ ਤਾਂ ਸੈਂਕੜੇ ਦਵਾਵਾਂ ਕਾਟ ਨਹੀਂ ਕਰਦੀਆਂ, ਕੋਈ ਅਸਰ ਨਹੀਂ ਪਾਉਂਦੀਆਂ। ਇਕੋ ਰੋਗ ਹੁੰਦਾ ਹੈ, ਇਕੋ ਡਾਕਟਰ ਹੁੰਦਾ ਹੈ, ਇਕੋ ਦਵਾ ਹੁੰਦੀ ਹੈ, ਪਰ ਸ਼ਫ਼ਾ ਸਭ ਬੀਮਾਰਾਂ ਦੀ ਵੱਖਰੀ-ਵੱਖਰੀ ਹੁੰਦੀ ਹੈ।

ਮਾਰਨ ਵਾਲਾ ਭੀ ਉਹੋ ਹੈ, ਜੇ ਉਹ ਨਾ ਮਾਰਨਾ ਚਾਹੇ ਤਾਂ ਫਾਂਸੀ ਦਿੱਤੇ ਹੋਏ ਭੀ ਜ਼ਿੰਦਾ ਰਹਿੰਦੇ ਵੇਖੇ ਗਏ ਹਨ।

ਨਾ ਕੋਈ ਆਪਣੀ ਸ਼ਕਤੀ ਨਾਲ ਰਾਜਾ ਬਣ ਸਕਦਾ ਹੈ ਅਤੇ ਨਾ ਹੀ ਕੋਈ ਆਪਣੇ ਬਲ ਨਾਲ ਦੌਲਤ ਇਕੱਠੀ ਕਰ ਸਕਦਾ ਹੈ। ਸਾਅਦੀ ਨੇ ਠੀਕ ਹੀ ਲਿਖਿਆ ਹੈ ਕਿ ਰੱਬ ਮੂਰਖਾਂ ਨੂੰ ਪੈਸਾ ਦੇ ਕੇ ਅਕਲਮੰਦਾਂ ਨੂੰ ਉਹਨਾਂ ਦੇ ਅਧੀਨ ਗ਼ੁਲਾਮ ਬਣਾ ਕੇ ਦੱਸ ਦੇਂਦਾ ਹੈ ਕਿ ਕੋਈ ਸਿਆਣਪ ਰੱਬ ਦੀ ਸ਼ਕਤੀ ਤੇ ਰਹਿਮਤ ਤੋਂ ਵੱਡੀ ਨਹੀਂ ਹੈ। ਮੁਗਧ ਘੋੜਿਆਂ ਉਪਰ ਸਵਾਰ ਹੁੰਦੇ ਹਨ ਅਤੇ ਪੰਡਤ ਪਿਆਦੇ ਬਣ ਕੇ ਅੱਗੇ-ਅੱਗੇ ਦੌੜਦੇ ਹਨ।

ਸਾਡੇ ਪਾਸ ਸਭ ਤੋਂ ਕੀਮਤੀ ਚੀਜ਼ ਸੁਰਤੀ ਹੈ, ਸੁਰਤੀ ਰਾਹੀਂ ਅਸੀਂ ਰੱਬ ਨਾਲ ਜੁੜ ਜਾਂਦੇ ਹਾਂ, ਸਾਰਾ ਗਿਆਨ ਟਿਕੀ ਹੋਈ ਸੁਰਤੀ ਦੀ ਝੀਲ ਵਿਚ ਮੱਸਿਆ ਦੀ ਰਾਤ ਦੇ ਤਾਰਿਆਂ ਵਾਂਗ ਉੱਤਰ ਆਉਂਦਾ ਹੈ, ਪਰ ਇਹ ਸੁਰਤੀ ਤਾਕਤ ਨਾਲ ਪ੍ਰਾਪਤ ਨਹੀਂ ਹੁੰਦੀ। ਕਈ ਤਪੱਸਵੀਆਂ ਨੇ ਸੁਰਤੀ ਜੋੜਦਿਆਂ ਹੋਇਆਂ ਲੰਮੀਆਂ ਉਮਰਾਂ ਲੰਘਾ ਲਈਆਂ ਪਰ ਭੇਡਾਂ ਚਾਰਨ ਵਾਲੇ ਨੂੰ ਫ਼ਰੀਦ ਤੋਂ ਪਹਿਲਾਂ ਰੱਬ ਦੇ ਦੀਦਾਰ ਹੋ ਗਏ। ਉਸ ਨੂੰ ਪਰਾਲੀ ਦਾ ਬੇੜ ਵੱਟਦਿਆਂ ਦੇਰ ਲੱਗੀ ਪਰ ਰੱਬ ਮਿਲਣ ਵੇਲੇ ਦੇਰੀ ਨਹੀਂ ਸੀ ਲੱਗੀ। ਜੁਗਤੀ ਲੱਭਿਆਂ ਨਹੀਂ, ਆਪ ਹੀ ਮਿਲ ਜਾਂਦੀ ਹੈ। ਮਹਾਤਮਾ ਬੁੱਧ ਨੂੰ ਕਦੋਂ ਪਤਾ ਸੀ ਕਿ ਉਸ ਨੂੰ ਕੋਹੜੇ ਨੇ ਮਾਨਸਿਕ ਠੋਕਰ ਮਾਰ ਕੇ ਪਲਟ ਦੇਣਾ ਹੈ। ਬਾਬਾ ਬੁੱਢਾ ਜੀ ਨੂੰ ਅੱਗ ਬਾਲਣ ਵੇਲੇ ਜੁਗਤੀ ਲੱਭ ਪਈ ਸੀ। ਅਸ਼ਟਾਵਕ੍ਰ ਨੇ ਇਕ ਮਨ ਦੀ ਭੇਟਾ ਮੰਗ ਕੇ ਰਾਜੇ ਵਿਕ੍ਰਮ ਨੂੰ ਸਾਰੀ ਰਮਜ਼ ਸਮਝਾ ਦਿੱਤੀ ਸੀ। ਆਪਣੇ ਜ਼ੋਰ ਨਾਲ ਨਹੀਂ, ਪ੍ਰਭੂ ਦੇ ਜ਼ੋਰ ਨਾਲ ਜੁਗਤੀ ਦੇ ਅਨਲ ਪੰਛੀ ਮੋਢਿਆਂ ਉਪਰ ਆ ਕੇ ਨੱਚਣ ਤੇ ਗੁਟਕਣ ਲੱਗ ਪੈਂਦੇ ਹਨ। ਸਾਫ਼ ਆਕਾਸ਼ਾਂ ਵਿਚ ਇਕ ਦਮ ਬੱਦਲ ਉਮਡ ਆਉਂਦੇ ਹਨ ਅਤੇ ਧਰਤੀ ਨੂੰ ਕੰਬਾ ਦੇਣ ਵਾਲੀਆਂ ਗਰਜਾਂ ਅਤੇ ਹਨੇਰੇ ਵਿਚ ਲੁਕੀਆਂ ਚੀਜ਼ਾਂ ਨੂੰ ਚਮਕਾ ਦੇਣ ਵਾਲੀਆਂ ਲਿਸ਼ਕਾਂ ਪੈਣ ਲੱਗ ਪੈਂਦੀਆਂ ਹਨ। ਇਕ ਦਮ ਸਿਰ 'ਤੇ ਸੋਟੀ ਰੱਖ ਕੇ ਮੂਰਖ ਝੀਊਰ ਤੋਂ ਗੀਤਾ ਦੇ ਅਰਥ ਕਰਵਾਏ ਜਾ ਸਕਦੇ ਹਨ।

ਹੁਕਮ ਅਤੇ ਜ਼ੋਰ ਵਿਚ ਵਧੇਰੇ ਵਿੱਥ ਨਹੀਂ ਹੈ। ਸਭ ਕੁਝ ਉਸ ਦੇ ਹੁਕਮ ਵਿਚ ਹੁੰਦਾ ਹੈ ਅਤੇ ਉਸ ਦੇ ਜ਼ੋਰ ਨਾਲ ਹੀ ਸਾਰੇ ਕੰਮ ਹੋ ਰਹੇ ਹਨ। ਜਿਸ ਦੇ ਕੋਲ ਹੁਕਮ ਹੈ, ਉਸ

ਕੋਲ ਹੀ ਜ਼ੋਰ ਹੈ। ਇਹ ਨਹੀਂ ਹੋ ਸਕਦਾ ਕਿ ਹੁਕਮ ਉਸ ਦਾ ਹੋਵੇ ਅਤੇ ਜ਼ੋਰ ਸਾਡਾ ਚੱਲੇ।

ਇਹੋ ਕਾਰਣ ਹੈ ਕਿ ਸੰਸਾਰ ਵਿਚ ਇਕ ਕਰੜਾ ਜ਼ਬਤ ਹੈ ਅਤੇ ਉਸ ਦੀ ਕੋਈ ਭੀ ਉਲੰਘਣਾ ਨਹੀਂ ਕਰ ਸਕਦਾ।

ਇਹ ਮੀਲਾਂ ਲੰਮੀਆਂ ਹਵਾਵਾਂ ਦੀਆਂ ਡਾਚੀਆਂ ਬੇਮੁਹਾਰੀਆਂ ਨਹੀਂ ਹਨ, ਇਹਨਾਂ ਦੇ ਭੀ ਨੱਕਾਂ ਵਿਚ ਨਕੇਲਾਂ ਪਾਈਆਂ ਹੋਈਆਂ ਹਨ। ਇਹ ਕਾਇਮ ਕੀਤੀਆਂ ਹੱਦਾਂ ਤੋਂ ਇਧਰ-ਉਧਰ ਨਹੀਂ ਹੋ ਸਕਦੀਆਂ। ਇਹਨਾਂ ਦੇ ਉਚਾਵਿਆਂ ਉਪਰ ਬੱਦਲਾਂ ਦੀਆਂ ਮਸ਼ਕਾਂ ਲੱਦੀਆਂ ਹੋਈਆਂ ਹਨ, ਸੰਜੀਵਨੀ ਬੂੰਦਾਂ ਨੂੰ ਵਰ੍ਹਾ ਕੇ ਬਨਸਪਤੀ ਨੂੰ ਹਰਿਆ-ਭਰਿਆ ਕਰਨਾ ਇਹਨਾਂ ਦਾ ਕੰਮ ਹੈ। ਯੁਗਾਂ ਤੋਂ ਦਰਿਆ ਚੱਲ ਰਹੇ ਹਨ, ਇਹ ਆਪਣੇ ਮਿੱਟੀ ਦੇ ਕੰਢੇ ਤੋੜ ਸਕਦੇ ਹਨ ਪਰ ਨੇਮਾਂ ਦੇ ਕੰਢਿਆਂ ਦੀ ਉਲੰਘਣਾ ਕਰਨ ਦੀ ਇਹਨਾਂ ਵਿਚ ਸਮਰੱਥਾ ਨਹੀਂ ਹੈ।

ਸਾਰੀਆਂ ਧਰਤੀਆਂ ਦੇ ਸਾਰੇ ਸੂਰਜ ਬੜੇ ਬਲਵਾਨ ਹਨ, ਪਰ ਜਦੋਂ ਹੁਕਮੀ ਅਤੇ ਜ਼ੋਰਾਵਰ ਉਂਗਲੀ ਦਾ ਇਸ਼ਾਰਾ ਕਰਦਾ ਹੈ ਤਾਂ ਸੂਰਜ ਆਪਣੇ ਮਸਾਲਿਆਂ ਦੇ ਮੱਚਦੇ ਸਰੀਰ ਦੇ ਹਜ਼ਾਰਾਂ ਮੀਲਾਂ ਦੇ ਟੁਕੜੇ ਬਾਹਰ ਸੁੱਟ ਦੇਂਦਾ ਹੈ। ਇਹ ਸਾਰਾ ਸੂਰਜ ਦਾ ਪ੍ਰਵਾਹ ਇਕ ਜ਼ਬਤ ਵਿਚ ਹੁੰਦਾ ਹੈ, ਨੇਮਾਂ ਅਨੁਸਾਰ ਅਤੇ ਸੀਮਾ ਦੇ ਵਿਚ-ਵਿਚ ਘੁੰਮਦਾ ਹੈ। ਇਸ਼ਾਰੇ ਨਾਲ ਹੀ ਠੰਢਾ ਹੁੰਦਾ ਹੈ, ਇਸ਼ਾਰੇ ਨਾਲ ਹੀ ਗੈਸਾਂ ਨੂੰ ਪਾਣੀਆਂ ਵਿਚ ਬਦਲ ਕੇ ਅੱਗ ਦੀਆਂ ਸੰਤਾਨਾਂ ਨੂੰ ਉਪਜਾਊ ਧਰਤੀਆਂ ਦੇ ਰੂਪ ਵਿਚ ਪਲਟ ਦੇਂਦਾ ਹੈ। ਉਸ ਨੇ ਸੂਰਜਾਂ, ਚੰਦਾਂ, ਧਰਤੀਆਂ, ਤਾਰਿਆਂ ਅਤੇ ਸਿਆਰਿਆਂ ਲਈ ਚੱਲਣ, ਠਹਿਰਨ ਤੇ ਦੌੜਨ ਲਈ ਨੇਮ ਬਣਾਏ ਹੋਏ ਹਨ। ਉਹਨਾਂ ਨੇਮਾਂ ਦੀ ਕੋਈ ਉਲੰਘਣਾ ਨਹੀਂ ਕਰ ਸਕਦਾ। ਕੋਈ ਬੁੱਧ ਉਸ ਦੀ ਮਰਜ਼ੀ ਤੋਂ ਬਿਨਾਂ ਵੈਰਾਗੀ ਨਹੀਂ ਹੋ ਸਕਦਾ। ਕੋਈ ਦੇਵਤਾ ਉਸ ਦੀ ਇੱਛਾ ਤੋਂ ਬਿਨਾਂ ਕੁਸਕ ਤਕ ਨਹੀਂ ਸਕਦਾ। ਉਸ ਦੇ ਹੁਕਮ ਵਿਚ ਵੀ ਵਿਸਮਾਦ ਹੈ, ਉਸ ਦੇ ਜ਼ੋਰ ਵਿਚ ਵੀ ਵਿਸਮਾਦ ਹੈ ਅਤੇ ਉਸ ਦੇ ਜ਼ਬਤ ਵਿਚ ਵੀ ਵਿਸਮਾਦ ਹੈ। ਜਿਵੇਂ ਉਸ ਨੇ ਧਰਤੀ ਨੂੰ ਹਵਾਵਾਂ ਦੇ ਉਛਾੜਾਂ ਵਿਚ ਵਲੇਟ ਕੇ ਰੱਖਿਆ ਹੋਇਆ ਹੈ, ਜਿਹੜਾ ਇਸ ਨੂੰ ਜਾਣਦਾ ਤੇ ਸਮਝਦਾ ਹੈ, ਉਹ ਹਰ ਵੇਲੇ ਉਸ ਦੇ ਵਿਸਮਾਦ ਵਿਚ ਸਾਹ ਲੈਂਦਾ ਹੈ।

ਪਾਣੀ ਅਤੇ ਧਰਤੀ ਦੀ ਯੁਗਾਂ ਦੀ ਲੜਾਈ ਭੀ ਇਕ ਅਸਚਰਜ ਲੜਾਈ ਹੈ, ਪਾਣੀ ਨੇ ਧਰਤੀ ਦੇ ਵਿਸ਼ਾਲ ਸਰੀਰ ਦੇ ਤਿੰਨ ਹਿੱਸਿਆਂ ਉਪਰ ਕਬਜ਼ਾ ਕਰ ਲਿਆ ਹੈ ਕਿਉਂਕਿ ਧਰਤੀ ਦੇ ਤਿੰਨ ਹਿੱਸੇ ਪਾਣੀ ਵਿਚ ਡੁੱਬੇ ਹੋਏ ਹਨ, ਜਿਹੜਾ ਚੌਥਾ ਹਿੱਸਾ ਬਚਿਆ ਹੋਇਆ ਹੈ, ਉਸ ਦੀਆਂ ਸਿਰ-ਚੋਟੀਆਂ ਉਪਰ ਭੀ ਨਦੀਆਂ ਦੇ ਬਰਛੇ ਦਿਨ-ਰਾਤ ਚੱਲਦੇ ਰਹਿੰਦੇ ਹਨ, ਉਸ ਨੂੰ ਕੱਟ-ਕੱਟ ਕੇ ਘਸਾ-ਘਸਾ ਕੇ ਪਾਣੀ ਧਰਤੀ ਨੂੰ ਆਪਣੇ ਪੈਰਾਂ ਹੇਠ ਮਸਲ ਦੇਣਾ ਚਾਹੁੰਦਾ ਹੈ ਪਰ ਧਰਤੀ ਪਾਣੀ ਦੀ ਸਹਾਇਤਾ ਨਾਲ ਆਪਣੇ ਵਿਚੋਂ ਖ਼ੁਰਾਕ ਅਤੇ ਜੜ੍ਹੀਆਂ-ਬੂਟੀਆਂ ਪੈਦਾ ਕਰ ਕੇ ਜੀਵਾਂ ਦਾ ਭਲਾ ਕਰ ਰਹੀ ਹੈ। ਪਾਣੀ ਭੀ ਕੋਹਲੂ ਦੇ ਬਲਦ ਵਾਂਗ ਮੁੜ-ਮੁੜ ਕੇ ਆਪਣੇ ਪੁਰਾਣੇ ਪਿਰਾਣੇ ਵਿਚ ਘੁੰਮ ਰਿਹਾ ਹੈ। ਧਰਤੀ ਤੇ ਧਰਤੀ ਦੀਆਂ ਤਹਿਆਂ ਹੇਠਾਂ ਜਿਵੇਂ ਦੂਰ-ਦੂਰ ਤਕ ਸੰਗਮਰਮਰ ਦੀਆਂ ਚੱਟਾਨਾਂ ਬਣ ਜਾਂਦੀਆਂ ਹਨ ਅਤੇ ਜਿਵੇਂ ਪਟਰੌਲ ਰੂਪ ਧਾਰਦਾ ਹੈ, ਇਹ ਇਕ ਧਰਤੀ ਦੇ ਅੰਚਲ ਹੇਠ ਦੀ ਗੁਪਤ ਅਤੇ ਅਨੋਖੀ ਕਹਾਣੀ ਹੈ।

ਜਿਵੇਂ ਜੀਵਾਂ ਨੂੰ ਕੁਦਰਤ ਨੇ ਸੰਤਾਨ ਉਤਪਤੀ ਦੀ ਪ੍ਰਣਾਲੀ ਦਿੱਤੀ ਹੈ, ਇਹ ਭੀ ਅਸਚਰਜ

ਲੀਲ੍ਹਾ ਹੈ। ਜੀਵ ਕਿਸ ਤਰ੍ਹਾਂ ਜ਼ਬਾਨ ਦੇ ਵੱਖ-ਵੱਖ ਹਿੱਸਿਆਂ ਰਾਹੀਂ ਖੱਟੇ ਤੇ ਮਿੱਠੇ ਸਵਾਦ ਚੱਖਦਾ ਹੈ ਅਤੇ ਕੁਦਰਤ ਨੇ ਕਿਵੇਂ ਸਵਾਦ ਲੈਣ ਲਈ ਜ਼ਬਾਨ ਦੇ ਵੱਖਰੇ-ਵੱਖਰੇ ਹਿੱਸਿਆਂ ਵਿਚ ਵੱਖ-ਵੱਖ ਸਵਾਦ ਲੈਣ ਵਾਲੇ ਵਿਭਾਗ ਕਾਇਮ ਕੀਤੇ ਹਨ, ਦੀ ਕਹਾਣੀ ਨਾਲੋਂ ਕੋਈ ਹੋਰ ਅਨੋਖੀ ਕਹਾਣੀ ਨਹੀਂ ਹੈ।

ਕਿਵੇਂ ਇਕ ਪਾਸੇ ਦਾ ਸੰਜੋਗ ਦੂਜੇ ਪਾਸੇ ਦਾ ਵਿਜੋਗ ਬਣਦਾ ਹੈ, ਕਿਵੇਂ ਇਕ ਪਾਸੇ ਰਾਤ ਦੀ ਕਾਲੀ ਤੇ ਤਾਰਿਆਂ ਜੜਤ ਚਾਦਰ ਇਕੱਠੀ ਕੀਤੀ ਜਾਂਦੀ ਹੈ ਅਤੇ ਦੂਜੇ ਪਾਸੇ ਰੌਸ਼ਨੀ ਦੀ ਉੱਜਲੀ ਚਾਦਰ ਵਿਛਾਈ ਜਾਂਦੀ ਹੈ। ਇਕੋ ਵੇਲੇ ਇਕ ਪਾਸੇ ਧਾਹੀਂ ਮਾਰ ਕੇ ਰੋਇਆ ਜਾਂਦਾ ਹੈ ਅਤੇ ਦੂਜੇ ਪਾਸੇ ਖੁਸ਼ੀਆਂ ਮਨਾਈਆਂ ਜਾਂਦੀਆਂ ਅਤੇ ਵਧਾਈਆਂ ਲਈਆਂ ਜਾਂਦੀਆਂ ਹਨ। ਕਿਵੇਂ ਇਕ ਪਾਸੇ ਭੁੱਖਾਂ ਭੱਖ ਉੱਠਦੀਆਂ ਹਨ ਅਤੇ ਦੂਜੇ ਪਾਸੇ ਉਹਨਾਂ ਨੂੰ ਸ਼ਾਂਤ ਕਰਨ ਲਈ ਸੰਸਾਰਕ ਤੇ ਸਰੀਰਕ ਪਦਾਰਥ ਹੁੰਦੇ ਹਨ। ਕਿਸ ਤਰ੍ਹਾਂ ਲੋਕੀਂ ਯੋਗ-ਸੁਖ ਛੱਡ ਕੇ ਭੋਗ-ਸੁਖ ਵੱਲ ਦੌੜਦੇ ਜਾਂਦੇ ਹਨ। ਪਵਿੱਤਰ ਨਦੀਆਂ ਨਾਲੋਂ ਮਿਰਗ-ਤ੍ਰਿਸ਼ਨਾ ਦੀਆਂ ਨਦੀਆਂ ਵਧੇਰੇ ਭੱਜ-ਭੱਠ ਪਾਈ ਰੱਖਦੀਆਂ ਹਨ।

ਤੇਰੇ ਰਾਹ ਤੇ ਤੇਰੀਆਂ ਉਜਾੜਾਂ, ਤੇਰੀ ਦੂਰੀ ਤੇ ਤੇਰੀ ਨੇੜਤਾ ਸਭ ਵਿਸਮਾਦ ਦੇ ਸੋਮੇ ਹਨ।

ਪੌਣ, ਪਾਣੀ, ਅੱਗ ਤੇ ਧਰਤੀ ਸਾਰੇ ਵਿਸਮਾਦ ਦੇ ਰਸ ਵਿਚ ਡੁੱਬੇ ਹੋਏ ਹਨ ਅਤੇ ਇਹਨਾਂ ਦਾ ਦਰਸ਼ਨ ਭੀ ਵਿਸਮਾਦ ਹੈ। ਸਵਾਦ ਤੇ ਖਾਣੀਆਂ, ਸੰਜੋਗ ਤੇ ਵਿਜੋਗ, ਭੁੱਖ ਤੇ ਭੋਗ, ਉਜਾੜ ਤੇ ਰਾਹ, ਨੇੜੇ ਤੇ ਦੂਰ ਸਭ ਵਿਸਮਾਦ-ਦਾਤੇ ਹਨ। ਇਹ ਵਿਸਮਾਦ ਦੇ ਬੂਟੇ ਦੇ ਸੁਗੰਧਿਤ ਫੁੱਲ ਅਤੇ ਮਿੱਠੇ ਫ਼ਲ ਹਨ। ਮਰਦਾਨਾ ਘਾਬਰਦਾ ਹੈ ਪਰ ਬਾਬਾ ਪੌਣ ਭਖ ਕੇ ਭੀ ਖੁਸ਼ੀਆਂ ਮਨਾਉਂਦਾ ਹੈ, ਪਾਣੀ ਪੀ ਕੇ ਭੀ ਕਾਲਜੇ ਨੂੰ ਠੰਢ ਪਾ ਲੈਂਦਾ ਹੈ। ਅੱਗ ਵਿਚੋਂ ਭੀ ਉਸ ਦੀ ਜੋਤ ਦੇ ਝਉਲੇ ਪੈਂਦੇ ਹਨ। ਗੁਰੂ ਦਾ ਸਿੱਖ, ਪੁੱਤਰ ਦੇ ਵਿਆਹ ਦੇ ਸੰਜੋਗ ਦਾ ਭੀ ਆਨੰਦ ਮਾਣਦਾ ਹੈ ਤੇ ਪੁੱਤਰ ਦੇ ਵਿਜੋਗ ਲਈ ਭੀ ਪੂਰੀ-ਪੂਰੀ ਤਿਆਰੀ ਕਰੀ ਜਾਂਦਾ ਹੈ। ਉਹ ਭੁੱਖ ਨਾਲ ਰੱਜ ਲੈਂਦਾ ਹੈ ਅਤੇ ਰੁੱਖੀ-ਮਿੱਸੀ ਖਾ ਕੇ, ਚੇਤੰਨ ਰਹਿ ਕੇ ਰੱਬ ਦੀ ਸੰਭਾਲ ਕਰਦਾ ਹੈ। ਉਹ ਰਾਹਾਂ 'ਤੇ ਜਿਸ ਖੁਸ਼ੀ ਅਤੇ ਉਤਸ਼ਾਹ ਨਾਲ ਚੱਲਦਾ ਹੈ, ਉਸੇ ਚਾਅ ਅਤੇ ਉਤਸ਼ਾਹ ਨਾਲ ਉਜਾੜਾਂ ਵਿਚ ਚੱਲਦਾ ਹੈ।

ਉਹ ਜਾਣਦਾ ਹੈ ਕਿ ਰੱਬ ਦੀ ਸਿਫ਼ਤ-ਸਲਾਹ ਦਾ ਅਨੋਖਾ ਸਵਾਦ ਹੁੰਦਾ ਹੈ। ਸਿਫ਼ਤ-ਸਲਾਹ ਨਾਲ ਰੱਬ ਦੇ ਪੱਲੇ ਨਾਲ ਸਾਡਾ ਗੰਢ-ਚਿਤਰਾਵਾ ਹੋ ਜਾਂਦਾ ਹੈ। ਬਾਬੇ ਫ਼ਰੀਦ ਜੀ ਦੀ ਸ਼ਿਕਾਇਤ ਹੈ, ਪਿਆਰ ਦੀਆਂ ਪੋਲੀਆਂ ਅਤੇ ਕੱਚੀਆਂ ਗੰਢਾਂ ਖੁੱਲ੍ਹ ਜਾਂਦੀਆਂ ਹਨ, ਇਸ ਲਈ ਰੱਬ ਨਾਲ ਪੀਚਵੀਆਂ ਅਤੇ ਪੱਕੀਆਂ ਗੰਢਾਂ ਪਾਉਣੀਆਂ ਚਾਹੀਦੀਆਂ ਹਨ।

ਬਾਬੇ ਨਾਨਕ ਜੀ ਨੇ ਗੰਢ ਸ਼ਬਦ ਦੀ ਜੋ ਵਰਤੋਂ ਆਪਣੀ ਬਾਣੀ ਵਿਚ ਕੀਤੀ ਹੈ, ਉਸ ਦੀ ਮਿਸਾਲ ਕਿਸੇ ਭੀ ਭਾਸ਼ਾ ਵਿਚੋਂ ਲੱਭਣੀ ਸੌਖੀ ਨਹੀਂ।

ਮਿੱਟੀ ਜਾਂ ਸ਼ੀਸ਼ੇ ਦੀ ਵਸਤੂ ਟੁੱਟ ਜਾਵੇ ਤਾਂ ਫ਼ਿਕਰ ਕਰਨਾ ਚਾਹੀਦਾ ਹੈ, ਕਿਉਂਕਿ ਇਹ ਮੁੜ ਕੇ ਬਣ ਨਹੀਂ ਸਕਦੀਆਂ ਪਰ ਇਸ ਤੋਂ ਕਿਤੇ ਕੀਮਤੀ ਲੋਹੇ ਅਤੇ ਲੋਹੇ ਤੋਂ ਕਿਤੇ ਕੀਮਤੀ ਸੋਨੇ ਦੀ ਵਸਤੂ ਟੁੱਟ ਜਾਵੇ ਤਾਂ ਚਿੰਤਾ ਦੀ ਲੋੜ ਨਹੀਂ ਕਿਉਂਕਿ ਅੱਗ ਵਿਚ ਤਾਅ ਕੇ ਇਸ

ਦਾ ਗੰਢ ਪਾਇਆ ਜਾ ਸਕਦਾ ਹੈ। ਪਤੀ ਅਤੇ ਪਤਨੀ ਨੂੰ ਕਿਉਂਕਿ ਇਕ-ਦੂਜੇ ਦੇ ਅਤਿ ਨੇੜੇ ਰਹਿਣਾ ਪੈਂਦਾ ਹੈ, ਇਸ ਕਰਕੇ ਜਦੋਂ ਉਹਨਾਂ ਦੇ ਸਾਹਮਣੇ ਇਕ-ਦੂਜੇ ਦੀਆਂ ਕਰਤੂਤਾਂ, ਸੁਭਾਅ, ਇਤਿਹਾਸ ਅਤੇ ਵੱਖ-ਵੱਖ ਦ੍ਰਿਸ਼ਟੀਕੋਣ ਆ ਜਾਂਦੇ ਹਨ ਤਾਂ ਉਹਨਾਂ ਵਿਚ ਖੁੜਬਾ-ਖੁੜਬੀ ਹੋ ਜਾਂਦੀ ਹੈ, ਕਈ ਵਾਰ ਉਹ ਇਕ ਦੂਜੇ ਤੋਂ ਹਮੇਸ਼ਾ ਲਈ ਵੱਖ ਹੋ ਜਾਂਦੇ ਹਨ ਪਰ ਜੇ ਉਹਨਾਂ ਦੇ ਵਿਚਕਾਰ ਬੱਚਾ ਹੋਵੇ ਤਾਂ ਉਹ ਇਕ ਹੀ ਤੋਤਲੀ ਗੱਲ ਨਾਲ ਉਹਨਾਂ ਦੋਹਾਂ ਦੀ ਕੁੜੱਤਣ ਨੂੰ ਮਾਖਿਓ ਵਿਚ ਪਲਟ ਸਕਦਾ ਹੈ। ਦੋਹਾਂ ਦੇ ਗਿਲੇ ਤੇ ਸ਼ਿਕਾਇਤਾਂ ਦਾ ਘੱਟਾ ਬੱਚਾ ਦਿਨ ਅਤੇ ਰਾਤ ਵਿਚ ਕਈ ਵਾਰ ਝਾੜ ਛੱਡਦਾ ਹੈ।

ਸਰਕਾਰ ਅਤੇ ਲੋਕਾਂ ਵਿਚ ਉਤਨਾ ਚਿਰ ਹੀ ਚੰਗੇ ਸੰਬੰਧ ਰਹਿੰਦੇ ਹਨ, ਜਿੰਨਾ ਚਿਰ ਸਰਕਾਰ ਵੱਲੋਂ ਯੋਗ ਟੈਕਸ ਲਾਏ ਜਾਣ ਅਤੇ ਜਨਤਾ ਉਹਨਾਂ ਠੀਕ ਟੈਕਸਾਂ ਨੂੰ ਸਮੇਂ ਸਿਰ ਦੇਂਦੀ ਰਹੇ। ਭੁੱਖਾ ਤਸੱਲੀਆਂ ਨਾਲ ਨਹੀਂ, ਖ਼ੁਰਾਕ ਖਾ ਕੇ ਰੱਜਦਾ ਹੈ। ਭੁੱਖੇ ਅੱਗੇ ਬਾਤ ਪਾਈ ਦਾ ਉੱਤਰ ਕੇਵਲ ਰੋਟੀ ਹੈ। ਕਾਲ ਅਤੇ ਔੜ ਦਾ ਇਲਾਜ ਕੇਵਲ ਬਾਰਸ਼ ਹੈ। ਖੂਹਾਂ, ਡਿੱਗੀਆਂ ਅਤੇ ਚੰਦ ਬਰਸਾਤੀ ਨਹਿਰਾਂ ਨਾਲ ਕਾਲ ਦੂਰ ਨਹੀਂ ਹੋ ਸਕਦਾ।

ਮਧੁਰ ਭਾਸ਼ਾ ਪ੍ਰੀਤ ਲਈ ਪੀਚਵੀਂ ਗੰਢ ਹੈ। ਮਿੱਠ-ਬੋਲਾ ਬਦੋ-ਬਦੀ ਕਾਲਜੇ ਵਿਚ ਵੜ ਜਾਂਦਾ ਹੈ, ਉਸ ਦਾ ਦਰਸ਼ਨ ਬੜਾ ਸੁਖਾਵਾਂ ਅਤੇ ਪਿਆਰਾ ਹੁੰਦਾ ਹੈ। ਹੰਕਾਰ ਕੁਰੂਪ ਹੁੰਦਾ ਹੈ, ਪਰ ਨਿਮਰਤਾ ਸੁੰਦਰ ਰਾਜਕੁਮਾਰੀ ਹੁੰਦੀ ਹੈ। ਨੀਵਾਣਾਂ ਵੱਲ ਚੱਲਦੇ ਪਾਣੀ ਹਮੇਸ਼ਾ ਠੰਢੇ ਅਤੇ ਮਿੱਠੇ ਹੁੰਦੇ ਹਨ। ਮਿੱਠੇ ਬੋਲਾਂ ਨਾਲ ਨਵਾਂ ਕੁਝ ਗੁਆਚਦਾ ਨਹੀਂ, ਪਰ ਕਈ ਕੁਝ ਤੇ ਪੁਰਾਣਾ ਵਿਗੜਿਆ ਗੁਆਚਾ ਲੱਭ ਪੈਂਦਾ ਹੈ।

ਪੌਣ ਗੁਰੂ ਹੈ, ਸਾਰਾ ਗਿਆਨ ਹਵਾ ਦੇ ਪੰਘੂੜੇ ਵਿਚ ਝੂਟੇ ਲੈ ਰਿਹਾ ਹੈ। ਅਸੀਂ ਸਾਰੇ ਗਿਆਨ ਦੀ ਹਵਾ ਵਿਚ ਸਾਹ ਲੈ ਰਹੇ ਹਾਂ। ਸਾਡਾ ਚੁਫੇਰਾ ਗਿਆਨ ਨਾਲ ਭਰਿਆ ਪਿਆ ਹੈ। ਸਾਡਾ ਸਮਾਜ ਸਦੀਆਂ ਭਰ ਦੇ ਪਰਖੇ ਹੋਏ ਗਿਆਨ ਦਾ ਭੰਡਾਰਾ ਹੈ। ਸਾਰੀ ਬਾਣੀ ਗੁਰੂਆਂ ਦੇ ਸਾਹਾਂ ਦੀ ਸੁਗੰਧੀ ਹੈ, ਸਾਹਾਂ ਦਾ ਤਾਲ ਹੈ, ਸਾਹਾਂ ਦੀ ਇਕਸੁਰਤਾ ਤੇ ਲੈਅ ਹੈ। ਗੁਰੂਆਂ ਦਾ ਦਿਲ ਸਾਰੰਗੀ ਦੀਆਂ ਮੀਂਡਾਂ ਹਨ। ਗੁਰੂਆਂ ਦੀ ਦਿਮਾਗ਼ੀ ਚੇਤਨਾ ਦਾ ਪ੍ਰਕਾਸ਼ ਹੈ। ਗੁਰੂ ਮਨ ਉਪਰ ਪਏ ਹੋਏ ਵਿਸਮਾਦਾਂ ਦਾ ਵਰਣਨ ਹੈ।

ਜਨਮਸਾਖੀਆਂ ਦੇ ਗੁਰੂ ਨਾਨਕ ਨਾਲੋਂ ਜਪੁਜੀ ਸਾਹਿਬ ਜੀ ਦਾ ਗੁਰੂ ਨਾਨਕ ਬਹੁਤ ਵੱਡਾ ਹੈ। ਸਾਖੀ ਇਕ ਇਤਿਹਾਸਕ ਕਹਾਣੀ ਹੈ ਪਰ ਗੁਰਬਾਣੀ ਗੁਰੂ ਤੇ ਰੱਬ ਦੇ ਮੇਲ ਦੀ 'ਸਾਖੀ' ਹੈ। ਸੋਦਰ ਵਾਲੀ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਦੇ ਆਪਣੇ ਕੰਨ ਹਨ, ਜਿਨ੍ਹਾਂ ਨੂੰ ਸਾਰੇ ਬ੍ਰਹਿਮੰਡ ਵਿਚ ਹੋ ਰਿਹਾ ਪ੍ਰਭੂ-ਜੱਸ ਤੇ ਪ੍ਰਭੂ-ਕੀਰਤਨ ਸੁਣ ਰਿਹਾ ਹੈ। 'ਮੰਨੈ' ਦੀਆਂ ਚਾਰ ਪਉੜੀਆਂ ਵਿਚ ਗੁਰੂ ਨਾਨਕ ਦਾ ਆਪਣਾ ਮਨ ਹੈ। 'ਅਸੰਖ ਜਪ' ਦੀ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਦਾ ਸਰਬ-ਸਾਂਝਾ ਧਰਮ ਹੈ। 'ਲਖ ਪਾਤਾਲਾਂ' ਦੀ ਅਤੇ 'ਅੰਤ ਨ ਸਿਫਤੀ ਕਹਣ ਨ ਅੰਤੁ' ਦੀ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਦੇ ਰੱਬ ਦਾ ਦੇਸ਼ ਅਤੇ ਕਾਲ ਹੈ। 'ਅਮੁਲ' ਦੀ ਪਉੜੀ ਵਿਚ ਗੁਰੂ ਨਾਨਕ ਦੀਆਂ ਕੀਮਤਾਂ ਹਨ। 'ਗਿਆਨ ਖੰਡ' ਬਹੁਤ ਵੱਡਾ ਹੈ। ਉਥੇ 'ਇਕ' ਨਹੀਂ 'ਕੇਤੇ' ਹਨ, ਕੇਤੇ ਪੌਣਾਂ, ਕੇਤੇ ਪਾਣੀ, ਕੇਤੇ ਵੈਸੰਤਰ, ਕੇਤੇ ਕਾਨ, ਕੇਤੇ ਮਹੇਸ, ਕੇਤੇ ਬਰਮੇ, ਕੇਤੀਆ ਕਰਮ ਭੂਮੀਆਂ, ਕਿਤਨੇ ਮੇਰ ਪਰਬਤ, ਕੇਤੇ ਧਰੂਹ, ਕੇਤੇ

ਉਪਦੇਸ਼, ਕੇਤੇ ਇੰਦ, ਕੇਤੇ ਚੰਦ, ਕੇਤੇ ਸੂਰਜ ਮੰਡਲ, ਕੇਤੇ ਰਤਨ ਤੇ ਕੇਤੇ ਸਾਗਰ ਹਨ। ਬਾਬੇ ਨਾਨਕ ਦਾ 'ਸਰਮ ਖੰਡ' ਭੀ ਬਾਬੇ ਜਿੱਡਾ ਵੱਡਾ ਹੈ। ਉਥੇ ਅਨੂਪ ਘਾੜਤਾਂ ਘੜੀਆਂ ਜਾਂਦੀਆਂ ਹਨ, ਉਥੇ ਸੁਰਤਿ, ਮਤਿ, ਮਨਿ, ਬੁਧਿ ਅਤੇ ਸੁਧਿ ਘੜੀ ਜਾਂਦੀ ਹੈ। ਇਸ ਘਾੜਤ ਨੂੰ ਉਹ ਦੇਖਦਾ ਹੈ ਅਤੇ ਮਿਹਰ ਦੀ ਨਜ਼ਰ ਨਾਲ ਨਿਹਾਲ ਕਰ ਦੇਂਦਾ ਹੈ। ਉਹ ਇਸ ਘਾੜਤ ਨੂੰ ਵੇਖ ਕੇ ਵਿਗਸਦਾ ਹੈ।

ਇਸੇ ਕਰਕੇ ਗੁਰੂ ਨਾਨਕ ਦਾ ਵਿਹੜਾ ਬਹੁਤ ਹੀ ਵੱਡਾ ਹੈ। ਪਾਣੀ ਪਿਤਾ ਤੇ ਧਰਤੀ ਮਾਤਾ ਹੈ। ਦਿਨ ਅਤੇ ਰਾਤ ਜਗਤ-ਬਾਲ ਦੇ ਖਿਡਾਵੇ ਹਨ।

ਬਾਬਾ ਆਕਾਸ਼ ਦੇ ਥਾਲ ਤੋਂ ਬਿਨਾਂ ਆਰਤੀ ਨਹੀਂ ਕਰ ਸਕਦਾ। ਬਾਬਾ ਚੰਦਾਂ, ਸੂਰਜਾਂ ਤੋਂ ਨਿੱਕੇ ਦੀਵਾ ਨਹੀਂ ਜਗਾ ਸਕਦਾ। ਬਾਬਾ ਬਨਸਪਤੀ ਦੀ ਸਾਰੀ ਪੁਸ਼ਪਾਵਲੀ ਤੋਂ ਬਿਨਾਂ ਕੋਈ ਭੇਟਾ ਨਹੀਂ ਦੇ ਸਕਦਾ। ਉਹ ਹਵਾਵਾਂ ਦੇ ਚਉਰ ਤੋਂ ਬਿਨਾਂ ਕੋਈ ਨਿੱਕਾ ਚਉਰ ਨਹੀਂ ਝੁਲਾ ਸਕਦਾ।

ਬਾਬਾ ਜੀ ਦਾ ਇਸ਼ਟ ਉਹ ਹੈ ਜੋ ਦੋ ਨੈਣਾਂ ਨਾਲ ਤੇ ਸਹੰਸਰ ਨੈਣਾਂ ਨਾਲ ਇਕੋ ਵਾਰ ਵੇਖੇ। ਦੋ ਪੈਰਾਂ ਨਾਲ ਅਤੇ ਸਹੰਸਰ ਪੈਰਾਂ ਨਾਲ ਇਕੱਠਾ ਤੁਰੇ। ਦੋ ਬਾਹਵਾਂ ਨਾਲ ਤੇ ਸਹੰਸਰ ਬਾਹਵਾਂ ਨਾਲ ਇਕੱਠਾ ਘੁੱਟੇ। ਇਕ ਮਨ ਨਾਲ ਤੇ ਸਹੰਸ ਮਨਾਂ ਨਾਲ ਇਕੱਠਾ ਮੰਨੇ।

ਬਾਬਾ ਜੀ ਸਭ ਤੀਰਥਾਂ ਨੂੰ ਸਤਿਕਾਰ ਦੇਂਦੇ ਹਨ, ਪਰ ਉਹਨਾਂ ਦੇ ਗੁੰਮਰਾਹ ਪੁਜਾਰੀਆਂ ਅਤੇ ਭੁੱਲੇ ਹੋਏ ਯਾਤਰੀਆਂ ਨੂੰ ਇਕ ਪਿਆਰੀ ਅਤੇ ਸੁਝਾਊ ਸੇਧ ਦੇਂਦੇ ਹਨ। ਬਾਬਾ ਜੀ ਸਭ ਮਸੀਤਾਂ ਨੂੰ ਨਿਮਾਜ਼ ਪੜ੍ਹਨ ਯੋਗ ਸਮਝਦੇ ਹਨ ਪਰ ਉਹਨਾਂ ਨਿਮਾਜ਼ੀਆਂ ਨਾਲ ਨਹੀਂ ਰਲਦੇ ਜੋ ਨਿਮਾਜ਼ ਪੜ੍ਹਨ ਦੇ ਨਾਲ-ਨਾਲ ਵਛੇਰਿਆਂ ਦੀ ਰਾਖੀ ਕਰਦੇ ਹਨ।

(8/1968)

ਗੁਰੂ ਨਾਨਕ ਸਾਹਿਬ ਦੀਆਂ ਯਾਦਗਾਰਾਂ : ਧਰਮਸ਼ਾਲਾਵਾਂ

ਭਾਈ ਗੁਰਦਾਸ ਜੀ ਨੇ ਲਿਖਿਆ ਹੈ:

ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ।
ਸਿਧਾਸਣਿ ਸਭਿ ਜਗਤਿ ਦੇ ਨਾਨਕ ਆਦਿ ਮਤੇ ਜੇ ਕੋਆ।
ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ। *(ਵਾਰ ੧/੨੭)*

(1)

ਗੁਰੂ ਨਾਨਕ ਸਾਹਿਬ ਨੇ ਪਹਿਲੇ-ਪਹਿਲ ਜਿਹੜੀ ਧਰਮਸਾਲਾ ਕਾਇਮ ਕੀਤੀ ਉਹ ਸੀ ਸੱਜਣ ਠੱਗ ਦੇ ਰਿਹਾਇਸ਼ੀ ਸਥਾਨ ਪਰ ਤੁਲੰਬਾ ਅਥਵਾ ਮਖ਼ਦੂਮਪੁਰ ਇਲਾਕਾ ਮੁਲਤਾਨ (ਪਾਕਿਸਤਾਨ) ਦੀ ਧਰਮਸਾਲਾ, ਜੋ ਉਥੇ ਅੱਜ ਤਕ ਉਸੇ ਤਰ੍ਹਾਂ ਕਾਇਮ ਹੈ। ਇਸ ਤੋਂ ਬਾਅਦ ਗੁਰੂ ਸਾਹਿਬ ਦੇਸ-ਵਿਦੇਸ਼ ਦੀ ਯਾਤਰਾ ਕਰਦੇ ਹੋਏ ਜਿਥੇ-ਕਿਤੇ ਵੀ ਗਏ, ਉਥੇ ਧਰਮਸ਼ਾਲਾਵਾਂ ਕਾਇਮ ਕੀਤੀਆਂ। ਪਹਿਲਾਂ ਉਹਨਾਂ ਨੇ ਪੂਰਬੀ ਦੇਸ਼ਾਂ ਦੀ ਯਾਤਰਾ ਸਮੇਂ ਹਰਿਦੁਆਰ, ਬਨਾਰਸ, ਪਟਨੇ, ਗਯਾ, ਕਾਮਰੂਪ ਵਿਚ ਤੇ ਫੇਰ ਉੱਤਰ, ਪੱਛਮ ਤੇ ਦੱਖਣ ਦੇ ਇਲਾਕਿਆਂ ਵਿਚ, ਇਥੋਂ ਤਕ ਕਿ ਹਿੰਦੁਸਤਾਨ ਤੋਂ ਬਾਹਰ ਅਰਬ, ਇਰਾਕ, ਅਫ਼ਗ਼ਾਨਿਸਤਾਨ, ਲੰਕਾ, ਚੀਨ ਆਦਿ ਇਲਾਕਿਆਂ ਵਿਚ ਜਿਥੇ ਵੀ ਉਹ ਗਏ, ਇਸੇ ਤਰ੍ਹਾਂ ਨਵੇਂ ਤੋਂ ਨਵੇਂ ਸਤਿਸੰਗੀਆਂ ਦੀਆਂ ਜਥੇਬਦੀਆਂ ਤੇ ਧਰਮ ਦੇ ਕੇਂਦਰ, ਧਰਮਸ਼ਾਲਾਵਾਂ ਉਹਨਾਂ ਦੇ ਜੀਵਨ ਦਾ ਅੰਗ ਬਣੀਆਂ ਰਹੀਆਂ। ਬਿਸੀਅਰ ਅਥਵਾ ਬੁਸ਼ਹਰ (Bushire) ਦੇਸ ਦੇ ਵਸਨੀਕ ਭਾਈ ਝੰਡੇ ਬਾਢੀ ਨੂੰ ਮੰਜੀ ਦੀ ਬਖ਼ਸ਼ਿਸ਼ ਇਸ ਗੱਲ ਦਾ ਚੇਤਾ ਕਰਾਉਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਆਪਣੀਆਂ ਇਹਨਾਂ ਯਾਤਰਾਵਾਂ ਅਥਵਾ ਉਦਾਸੀਆਂ ਵਿਚ ਨਾਮ-ਬਾਣੀ ਦੇ ਪ੍ਰਚਾਰ ਲਈ ਥਾਉਂ-ਥਾਈਂ ਕੇਂਦਰ ਬਣਾ ਕੇ ਉਹਨਾਂ ਦੇ ਨਾਲੋ-ਨਾਲ ਭਾਈ ਝੰਡੇ ਬਾਢੀ ਜਿਹੇ ਪ੍ਰਚਾਰਕ ਵੀ ਥਾਪਦੇ ਜਾ ਰਹੇ ਹਨ ਤੇ ਇਸ ਤਰ੍ਹਾਂ ਜੋ ਗੁਰਦੁਆਰਾ ਜਾਂ ਧਰਮਸ਼ਾਲਾਵਾਂ ਬਣਦੀਆਂ ਜਾਂਦੀਆਂ ਸਨ, ਉਹਨਾਂ ਵਿਚ ਗੁਰੂ ਬਾਬੇ ਦੀ ਹਦਾਇਤ ਮੁਤਾਬਿਕ ਗੁਰਬਾਣੀ ਕੀਰਤਨ ਦਾ ਪ੍ਰਵਾਹ ਵੀ ਚੱਲਦਾ ਜਾਂਦਾ ਸੀ। ਇਸੇ ਕਾਰਣ ਭਾਈ ਗੁਰਦਾਸ ਜੀ ਨੇ ਉਸ ਸਮੇਂ ਦਾ ਹਾਲ ਦੱਸਦਿਆਂ ਹੋਇਆਂ ਲਿਖਿਆ ਹੈ:

ਗੰਗ ਬਨਾਰਸ ਹਿੰਦੂਆਂ ਮੁਸਲਮਾਣਾਂ ਮਕਾ ਕਾਬਾ।
ਘਰਿ ਘਰਿ ਬਾਬਾ ਗਾਵੀਐ ਵਜਨਿ ਤਾਲ ਮ੍ਰਿਦੰਗੁ ਰਬਾਬਾ।...
ਜਾਹਰ ਪੀਰੁ ਜਗਤੁ ਗੁਰ ਬਾਬਾ।। *(ਵਾਰ ੨੪/੪)*

(2)

ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਵਿਚ ਉੱਤਰ, ਪੂਰਬ, ਪੱਛਮ ਤੇ ਦੱਖਣ ਦੇ ਭਾਰਤੀ ਇਲਾਕਿਆਂ ਦੀ ਯਾਤਰਾ ਕੀਤੀ। ਇਸ ਦੌਰਾਨ ਉਹ ਦੇਸ਼ ਤੋਂ ਬਾਹਰ ਤਿੱਬਤ, ਚੀਨ, ਸੰਗਲਾਦੀਪ, ਅਰਬ, ਇਰਾਕ, ਬਲੋਚਿਸਤਾਨ, ਅਫ਼ਗਾਨਿਸਤਾਨ ਆਦਿ ਏਸ਼ੀਆਈ ਦੇਸ਼ਾਂ ਵਿਚ ਵੀ ਗਏ, ਜਿਸ ਦੇ ਪ੍ਰਮਾਣ ਵਜੋਂ ਇਹਨਾਂ ਦੇਸ਼ਾਂ ਵਿਚ ਉਹਨਾਂ ਦੇ ਪਵਿੱਤਰ ਸਥਾਨ ਬਣੇ ਹੋਏ ਕਿਸ ਨਾ ਕਿਸੇ ਰੂਪ ਵਿਚ ਮਿਲਦੇ ਹਨ ਤੇ ਅਫ਼ਗਾਨਿਸਤਾਨ ਦੀਆਂ ਹੱਦਾਂ ਲੰਘ ਕੇ ਕਈ ਥਾਵੇਂ ਸੋਵੀਅਤ ਰੂਸ ਦੇ ਇਲਾਕਿਆਂ ਵਿਚ ਵੀ ਉਹਨਾਂ ਦੇ ਯਾਦਗਾਰੀ ਸਥਾਨ ਪਾਏ ਜਾਂਦੇ ਹਨ। ਇਸ ਦੌਰਾਨ ਵਿਚ ਸਭ ਤੋਂ ਆਖ਼ਰੀ ਧਰਮਸ਼ਾਲਾ ਜੋ ਉਹਨਾਂ ਨੇ ਕਾਇਮ ਕੀਤੀ ਉਹ ਦਰਿਆ ਰਾਵੀ ਦੇ ਪਰਲੇ ਕੰਢੇ ਦੇਹਰਾ ਬਾਬਾ ਨਾਨਕ ਦੇ ਸਾਹਮਣੇ ਕਰਤਾਰਪੁਰ ਹੈ। ਇਥੇ ਹੀ ਗੁਰੂ ਨਾਨਕ ਦੇਵ ਜੀ ਸੰਮਤ 1596 ਬਿਕ੍ਰਮੀ (1539 ਈ.) ਵਿਚ ਜੋਤੀ ਜੋਤਿ ਸਮਾ ਗਏ।

ਧਰਮਸਾਲਾ ਜਾਂ ਗੁਰਦੁਆਰਾ ਸਮਾਨ ਅਰਥ ਰੱਖਣ ਵਾਲੇ ਦੋ ਵੱਖੋ-ਵੱਖ ਸ਼ਬਦ ਹਨ ਜਿਨ੍ਹਾਂ ਦਾ ਜੇ ਕੋਈ ਫ਼ਰਕ ਹੈ ਤਾਂ ਉਹ ਕੇਵਲ ਨਾਮ-ਮਾਤਰ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਧਰਮਸ਼ਾਲਾਵਾਂ ਕਾਇਮ ਹੋਣੀਆਂ, ਰੋਜ਼ ਸਵੇਰੇ ਅਤੇ ਸ਼ਾਮ ਨੂੰ ਸਿੱਖਾਂ ਦਾ ਉਥੇ ਨੇਮ ਨਾਲ ਤੰਤੀ ਸਾਜ਼ ਲੈ ਕੇ ਸ਼ਬਦ-ਕੀਰਤਨ ਕਰਨਾ, ਰਬਾਬ ਤੇ ਮ੍ਰਿਦੰਗ ਦੀ ਮਧੁਰ ਧੁਨੀ ਉੱਠਣੀ, ਸਤਿਸੰਗੀਆਂ ਦਾ ਇਸ਼ਨਾਨ ਕਰ ਕੇ ਬਾਣੀ ਦਾ ਗਾਇਨ ਕਰਦਿਆਂ ਹੋਇਆਂ ਉਸ ਪ੍ਰੇਮ-ਸੰਮੇਲਨ ਵਿਚ ਸਾਮਲ ਹੋਣਾ ਆਦਿ ਗੱਲਾਂ ਭਾਈ ਗੁਰਦਾਸ ਜੀ ਨੇ ਇਸ਼ਾਰੇ ਵਜੋਂ ਆਪਣੀ ਬਾਣੀ ਵਿਚ ਕਥਨ ਕੀਤੀਆਂ ਹਨ ਜਿਵੇਂ ਕਿ ਉਹ ਲਿਖਦੇ ਹਨ:

ਕੁਰਬਾਣੀ ਤਿਨ੍ਹਾਂ ਗੁਰਸਿਖਾਂ ਪਿਛਲ ਰਾਤੀ ਉਠਿ ਬਹੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਅੰਮ੍ਰਿਤੁ ਵੇਲੈ ਸਰਿ ਨਾਵੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਹੋਇ ਇਕ ਮਨਿ ਗੁਰ ਜਾਪੁ ਜਪੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਸਾਧਸੰਗਤਿ ਚਲਿ ਜਾਇ ਜੁੜੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਗੁਰਬਾਣੀ ਨਿਤਿ ਗਾਇ ਸੁਣੰਦੇ। *(ਵਾਰ ੧੨/੨)*

(3)

ਗੁਰੂ ਨਾਨਕ ਦੇਵ ਜੀ ਦੀਆਂ ਧਰਮਸ਼ਾਲਾਵਾਂ ਜੋ ਉਹਨਾਂ ਨੇ ਆਪ ਕਾਇਮ ਕੀਤੀਆਂ ਜਾਂ ਉਹਨਾਂ ਤੋਂ ਪਿੱਛੋਂ ਪ੍ਰੇਮੀ ਸਿੱਖਾਂ ਨੇ ਉਹਨਾਂ ਦਾ ਜੀਵਨ ਪੜ੍ਹ-ਸੁਣ ਕੇ ਉਹਨਾਂ ਦੀ ਯਾਦ ਵਿਚ ਜਾਂ ਉਹਨਾਂ ਦੇ ਸਿਮਰਤੀ-ਚਿੰਨ੍ਹ ਵਜੋਂ ਕਾਇਮ ਕੀਤੀਆਂ, ਜ਼ਿਲ੍ਹੇਵਾਰ ਯਥਾਕ੍ਰਮ ਇਹ ਹਨ:

(ੳ) ਪੱਛਮੀ ਪੰਜਾਬ (ਪਾਕਿਸਤਾਨ) ਦੀਆਂ ਧਰਮਸ਼ਾਲਾਵਾਂ

ਜ਼ਿਲ੍ਹਾ ਸ਼ੇਖ਼ੂਪੁਰਾ : ਜਨਮ-ਸਥਾਨ ਸ੍ਰੀ ਨਨਕਾਣਾ ਸਾਹਿਬ, ਗੁਰਦੁਆਰਾ ਬਾਲ ਲੀਲ੍ਹਾ, ਪੱਟੀ ਸਾਹਿਬ, ਕਿਆਰਾ ਸਾਹਿਬ, ਮਾਲ ਜੀ ਸਾਹਿਬ, ਤੰਬੂ ਸਾਹਿਬ ਤੇ ਗੁਰਦੁਆਰਾ ਖਰਾ ਸੌਦਾ, ਅਥਵਾ ਸੱਚਾ ਸੌਦਾ ਚੂਹੜਕਾਣਾ।

ਲਾਹੌਰ : ਧਰਮਸ਼ਾਲਾ ਗੁਰੂ ਨਾਨਕ, ਗੁਰਦੁਆਰਾ ਪਿੰਡ ਚਾਹਿਲ, ਪਿੰਡ ਖਾਲੜਾ,

ਅਮੀ ਸ਼ਾਹ, ਜਾਹਮਣ, ਘਵਿੰਡੀ, ਗੁਰੂਆਣਾ ਪੱਟੀ, ਮਾਲ ਸਾਹਿਬ ਕੰਗਣਪੁਰ, ਮਾਂਗ, ਦਾਤਣ ਸਾਹਿਬ ਆਦਿ।

ਗੁਜਰਾਂਵਾਲਾ : ਰੋੜੀ ਸਾਹਿਬ, ਏਮਨਾਬਾਦ, ਚੱਕੀ ਸਾਹਿਬ ਤੇ ਖੂਹ ਭਾਈ ਲਾਲੋ।

ਗੁਜਰਾਤ : ਗੁਰਦੁਆਰਾ ਨਾਨਕਸਰ (ਡਿੰਗਾ), ਗੁਰਦੁਆਰਾ ਕੇਰ ਸਾਹਿਬ (ਜੈ ਸੁਖ ਚਿੱਲੀਆਂ ਵਾਲਾ)।

ਸਿਆਲਕੋਟ : ਨਾਨਕ ਸ਼ਾਹ (ਸਾਹੋਵਾਲ), ਸੀਓ ਕੇ, ਬਾਬੇ ਦੀ ਬੇਰ, ਫਤੇ ਭਿੰਡਰ, ਬਾਵਲੀ ਸਾਹਿਬ।

ਜਿਹਲਮ : ਗੁਰਦੁਆਰਾ ਚੋਹਾ ਸਾਹਿਬ (ਰੁਹਤਾਸ) ਤੇ ਟਿੱਲਾ ਬਾਲ ਗੁੰਦਾਈ (ਜੋਗੀ ਟਿੱਲਾ)।

ਅਟਕ : ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ।

ਕੋਹਾਣ : ਗੁਰਦੁਆਰਾ ਹੰਗੂ (ਚਸ਼ਮਾ ਸਾਹਿਬ), ਨਰਿਆਬ ਤੇ ਬ੍ਰਹਮਜ਼ਈ।

ਡੇਰਾ ਗ਼ਾਜ਼ੀ ਖ਼ਾਨ : ਥੜ੍ਹਾ ਸਾਹਿਬ ਗੁਰੂ ਨਾਨਕ ਦੇਵ ਜੀ।

ਪਿਸ਼ਾਵਰ : ਗੁਰਦੁਆਰਾ ਗੋਰਖ ਹੱਟੜੀ (ਗੰਜ ਮਹੱਲਾ)।

ਮਿੰਟਗੁਮਰੀ : ਨਾਨਕਸਰ ਹੜੱਪਾ, ਸ਼ਤਘਰਾ, ਨਨਕਾਣਾ ਸਾਹਿਬ ਦੀਪਾਲਪੁਰ, ਨਾਨਕਸਰ (ਪਾਕਪਟਨ), ਖਰਾਹੜ, ਮਹਮੂਦਪੁਰ ਤੇ ਚਾਵਲੀ ਮਸ਼ਾਇਖ।

ਮੁਲਤਾਨ : ਮਖ਼ਦੂਮਪੁਰ (ਤੁਲੰਬਾ) ਸੱਜਣ ਠੱਗ ਦਾ ਸਥਾਨ।

(ਅ) ਪੂਰਬੀ ਪੰਜਾਬ ਤੇ ਭਾਰਤ ਦੇ ਗੁਰਦੁਆਰੇ ਧਰਮਸ਼ਾਲਾਵਾਂ

ਗੁਰਦਾਸਪੁਰ : ਗੁਰੂ ਨਾਨਕ ਦਾ ਵਿਆਹ ਸਥਾਨ (ਬਟਾਲਾ), ਕੰਧ ਸਾਹਿਬ (ਬਟਾਲਾ), ਅਚਲ ਵਟਾਲਾ ਤੇ ਦੇਹਰਾ ਬਾਬਾ ਨਾਨਕ, ਪਿੰਡ ਮੂਮਨ (ਸ੍ਰੀ ਚੰਦ), ਪਿੰਡ ਬਾਰਠ (ਸ੍ਰੀ ਚੰਦ), ਚੋਲਾ ਸਾਹਿਬ, ਦਰਬਾਰ ਕਰਤਾਰਪੁਰ, ਬਾਬੇ ਦੀ ਬੇਰ (ਮਲ੍ਹੇ ਪਿੰਡ ਦੇ ਨੇੜੇ), ਗਾਲੜੀ (ਸ੍ਰੀ ਚੰਦ)।

ਜਲੰਧਰ : ਟਾਹਲੀ ਸਾਹਿਬ, ਦੌਲਤਪੁਰ, ਨਾਨਕਿਆਣਾ ਕਰਤਾਰਪੁਰ।

ਕਪੂਰਥਲਾ : ਸੁਲਤਾਨਪੁਰ ਲੋਧੀ—ਗੁਰਦੁਆਰਾ ਬੇਰ ਸਾਹਿਬ, ਹੱਟ ਸਾਹਿਬ, ਗੁਰੂ ਕਾ ਬਾਗ਼, ਸੰਤ ਘਾਟ, ਬੀਬੀ ਨਾਨਕੀ ਜੀ ਦੀ ਧਰਮਸ਼ਾਲਾ ਤੇ ਕੋਠੜੀ ਸਾਹਿਬ।

ਲੁਧਿਆਣਾ : ਲੁਧਿਆਣੇ ਸ਼ਹਿਰ ਵਿਚ ਗਊ ਘਾਟ ਦੇ ਮਹੱਲੇ ਠੱਕਰ ਵਾਲ।

ਅੰਮ੍ਰਿਤਸਰ : ਗੁਰਦੁਆਰਾ ਨਾਨਕਸਰ (ਵੇਰਕਾ), ਖਡੂਰ ਸਾਹਿਬ, ਥੰਮ੍ਹ ਸਾਹਿਬ (ਉਦੋਕੇ), ਬੇਰ ਬਾਬਾ ਨਾਨਕ (ਵੈਰੋਕੇ)।

ਸਰਸਾ : ਗੁਰਦੁਆਰਾ ਗੁਰੂ ਨਾਨਕ ਸਾਹਿਬ।

ਰੋਪੜ : ਚਰਨ ਕੰਵਲ (ਕੀਰਤਪੁਰ ਸਾਹਿਬ)।

ਕਰਨਾਲ : ਸਿੱਧ ਬਟੀ (ਥਨੇਸਰ), ਸਰਸ੍ਵਤੀ (ਪਹੋਆ), ਕਰ੍ਹਾ ਪਿੰਡ, ਚੀਕਾ (ਭਾਗਲ)।

ਕਾਂਗੜਾ : ਜਵਾਲਾਮੁਖੀ।

ਫ਼ਿਰੋਜ਼ਪੁਰ : ਨਾਂਗੇ ਦੀ ਸਰਾਇ (ਜਨਮ ਸਥਾਨ ਗੁਰੂ ਅੰਗਦ ਦੇਵ ਜੀ), ਬਟ ਤੀਰਥ, ਨਾਨਕਸਰ, ਤਖਤੂਪੁਰਾ, ਗੋਬਿੰਦਗੜ੍ਹ (ਦਾਊਧਰ) ਪੱਤੋ।

ਸੰਗਰੂਰ : ਨਾਨਕਿਆਣਾ।

ਸ੍ਰੀਨਗਰ : ਮੱਟਨ ਸਾਹਿਬ।

ਪਟਿਆਲਾ : ਪਿੰਡ ਮਨਸੂਰਪੁਰ ਚੁਬਾਰਾ ਸਾਹਿਬ (ਛੀਟਾਂ ਵਾਲਾ), ਗੁਰਦੁਆਰਾ ਸੁਨਾਮ, ਕਮਾਲਪੁਰ, ਪੰਜੌਰ, ਜੌਹੜ ਜੀ।

ਫ਼ਰੀਦਕੋਟ : ਅਕਾਲ ਗੜ੍ਹ, ਲੱਖੀ ਜੰਗਲ।

ਦਿੱਲੀ : ਟਿੱਲਾ ਮਜਨੂੰ, ਗੁਰਦੁਆਰਾ ਨਾਨਕ ਪਿਆਉ।

ਆਗਰਾ : ਮਾਹੀ ਥਾਨ, ਮਹੱਲੇ।

ਅਲਮੋੜਾ : ਰੀਠਾ ਸਾਹਿਬ, ਨਾਨਕ ਮਤਾ।

ਅਜਮੇਰ : ਪੁਸ਼ਕਰ ਤੀਰਥ।

ਇਸ ਤੋਂ ਇਲਾਵਾ ਹਿੰਦੁਸਤਾਨ ਦੇ ਲਗਭਗ ਹਰੇਕ ਇਲਾਕੇ ਵਿਚ ਅਤੇ ਹਿੰਦੁਸਤਾਨੋਂ ਬਾਹਰ ਗਵਾਂਢੀ ਦੇਸ਼ਾਂ ਵਿਚ ਵੀ ਜਿਨ੍ਹਾਂ ਵਿਚ ਅਫ਼ਗ਼ਾਨਿਸਤਾਨ, ਬਲੋਚਿਸਤਾਨ, ਤੁਰਕਿਸਤਾਨ, ਸੋਵੀਅਤ ਦੇਸ਼, ਅਰਬ, ਇਰਾਕ, ਤਿੱਬਤ, ਚੀਨ, ਲੰਕਾ ਆਦਿ ਮਸ਼ਹੂਰ ਹਨ। ਗੁਰੂ ਨਾਨਕ ਸਾਹਿਬ ਦੇ ਅਨੇਕਾਂ ਸਿਮਰਤੀ-ਚਿੰਨ੍ਹ ਜੋ ਉਹਨਾਂ ਦੀ ਵਿਦੇਸ਼ ਯਾਤਰਾ ਦੀ ਗਵਾਹੀ ਦਿੰਦੇ ਹਨ, ਕਿਤਨੇ ਹੀ ਥਾਈਂ ਮਿਲਦੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਸਾਹਿਬ ਕਿਤਨੇ ਵੱਡੇ ਧਰਮ ਪ੍ਰਚਾਰਕ, ਵਿਸ਼ਵ-ਏਕਤਾ ਦੇ ਪ੍ਰਦਰਸ਼ਕ ਅਤੇ ਅਦੁੱਤੀ ਸਮਾਜ ਸੁਧਾਰਕ ਸਨ। ਉਹਨਾਂ ਦੇ ਪਵਿੱਤਰ ਉਪਦੇਸ਼ਾਂ ਨੂੰ ਨਾ ਕੇਵਲ ਹਿੰਦੁਸਤਾਨ ਹੀ ਅਪਣਾਉਂਦਾ ਸੀ, ਸਗੋਂ ਹੋਰ ਦੇਸ਼ ਵੀ ਉਹਨਾਂ ਦੀ ਅੰਮ੍ਰਿਤ ਭਿੰਨੀ ਬਾਣੀ ਤੋਂ ਅਘਾਉਂਦੇ ਜਾਂ ਰੱਜਦੇ ਨਹੀਂ ਸਨ ਥੱਕਦੇ।

(4)

ਗੁਰੂ ਨਾਨਕ ਸਾਹਿਬ ਦੇ ਸਿਮਰਤੀ-ਚਿੰਨ੍ਹ, ਗੁਰਦੁਆਰੇ ਜਾਂ ਧਰਮਸ਼ਾਲਾਵਾਂ, ਜਿਨ੍ਹਾਂ ਦੀ ਸਥਾਪਨਾ ਉਹਨਾਂ ਨੇ ਆਪਣੇ ਸਮੇਂ ਵਿਚ ਜਾਂ ਉਸ ਤੋਂ ਪਿੱਛੋਂ ਹੋਈ, ਕਿਸ ਆਦਰਸ਼ ਦੇ ਪ੍ਰਤੀਕ ਸਨ ਤੇ ਉਹਨਾਂ ਦੇ ਥਾਪਣ ਦਾ ਅਸਲ ਉਦੇਸ਼ ਕੀ ਸੀ, ਇਸ ਵਿਚਾਰ ਵੱਲ ਜਾਈਏ ਤਾਂ ਸਾਨੂੰ ਇਸ ਬਾਰੇ ਬਹੁਤ ਸਾਰੇ ਪ੍ਰਮਾਣ ਗੁਰਬਾਣੀ ਤੇ ਪੁਰਾਤਨ ਸਿੱਖ ਸਾਹਿਤ ਵਿਚੋਂ ਸਹਿਜੇ ਹੀ ਮਿਲ ਜਾਂਦੇ ਹਨ।

ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਰਾਹੀਂ ਧਰਮਸ਼ਾਲਾਵਾਂ ਨੂੰ ਧਰਮ ਦਾ ਸਥਾਨ ਦੱਸ ਕੇ ਗੁਰਸਿੱਖਾਂ ਨੂੰ ਉਥੇ ਇਕੱਤਰ ਹੋਣਾ, ਇਕ ਦੂਜੇ ਦੇ ਚਰਨੀਂ ਹੱਥ ਲਾ ਕੇ ਧੂੜੀ ਮੱਥੇ ਉਪਰ ਲਾਉਣੀ, ਗੁਰਸਿੱਖਾਂ ਦੇ ਪੈਰ ਧੋਣੇ ਤੇ ਪੱਖਾ ਝੱਲਣ ਦੀ ਸੇਵਾ ਦਾ ਜ਼ਿਕਰ ਕੀਤਾ ਹੈ:

ਮੈ ਬਧੀ ਸਚੁ ਧਰਮ ਸਾਲ ਹੈ ॥
ਗੁਰਸਿਖਾ ਲਹਦਾ ਭਾਲਿ ਕੈ ॥
ਪੈਰ ਧੋਵਾ ਪਖਾ ਫੇਰਦਾ
ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥੧੦॥ (ਪੰਨਾ ੭੩)

ਇਸੇ ਭਾਵ ਨੂੰ ਫੇਰ ਅੱਗੇ ਚੱਲ ਕੇ ਪ੍ਰੇਮ ਭਰੀ ਜੋਦੜੀ ਸਹਿਤ ਇਕ ਥਾਵੇਂ ਇਸ ਤਰ੍ਹਾਂ ਖੋਲ੍ਹ ਕੇ ਦੱਸਿਆ ਹੈ ਤੇ ਪ੍ਰਭੂ ਅੱਗੇ ਧਰਮਸਾਲਾ ਵਿਚ ਵਾਸਾ ਪਾਉਣ ਲਈ ਬੇਨਤੀ ਕੀਤੀ ਹੈ:

ਹਉ ਮਾਗਉ ਤੁਝੈ ਦਇਆਲ ਕਰਿ ਦਾਸਾ ਗੋਲਿਆ ॥
ਨਉ ਨਿਧਿ ਪਾਈ ਰਾਜੁ ਜੀਵਾ ਬੋਲਿਆ ॥
ਅੰਮ੍ਰਿਤ ਨਾਮੁ ਨਿਧਾਨੁ ਦਾਸਾ ਘਰਿ ਘਣਾ ॥
ਤਿਨ ਕੈ ਸੰਗਿ ਨਿਹਾਲੁ ਸ੍ਰਵਣੀ ਜਸੁ ਸੁਣਾ ॥
ਕਮਾਵਾ ਤਿਨ ਕੀ ਕਾਰ ਸਰੀਰੁ ਪਵਿਤੁ ਹੋਇ ॥
ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ ॥
ਆਪਹੁ ਕਛੂ ਨ ਹੋਇ ਪ੍ਰਭ ਨਦਰਿ ਨਿਹਾਲੀਐ ॥
ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮ ਸਾਲੀਐ ॥ (ਪੰਨਾ ੫੧੮)

ਮੁਹਸਿਨਫ਼ਾਨੀ ਤੇ ਹੋਰ ਮੁਸਲਮਾਨ ਇਤਿਹਾਸਕਾਰਾਂ ਦੇ ਕਥਨ ਅਨੁਸਾਰ ਗੁਰੂ ਅਰਜਨ ਦੇਵ ਜੀ ਦੇ ਸਮੇਂ ਗੁਰਸਿੱਖੀ ਦਾ ਬਹੁਤਾ ਪ੍ਰਚਾਰ ਹੋਣ ਕਰਕੇ ਧਰਮਸ਼ਾਲਾਵਾਂ ਅਥਵਾ ਧਰਮ ਪ੍ਰਚਾਰ ਦੇ ਕੇਂਦਰ ਨਾ ਕੇਵਲ ਪੰਜਾਬ ਵਿਚ ਹੀ ਸਗੋਂ ਪੰਜਾਬ ਦੀਆਂ ਹੱਦਾਂ ਤੋਂ ਬਾਹਰ ਸਾਰੇ ਹਿੰਦੁਸਤਾਨ ਵਿਚ ਲਗਭਗ ਹਰੇਕ ਥਾਵੇਂ ਫੈਲ ਗਏ ਸਨ ਤੇ ਹਰ ਥਾਵੇਂ ਗੁਰਬਾਣੀ ਦੇ ਸ਼ਬਦ-ਕੀਰਤਨ ਦਾ ਅਖੰਡ ਪ੍ਰਵਾਹ ਚੱਲਣ ਲੱਗ ਪਿਆ ਸੀ। ਇਸੇ ਕਾਰਣ ਭਾਈ ਗੁਰਦਾਸ ਜੀ ਨੇ ਜੋ ਉਹਨਾਂ ਦਾ ਦਰਬਾਰੀ ਲਿਖਾਰੀ ਸੀ, ਆਪਣੀ ਪੁਸਤਕ 'ਵਾਰਾਂ ਗਿਆਨ ਰਤਨਾਵਲੀ' ਵਿਚ ਇਕ ਥਾਵੇਂ ਸਾਫ਼ ਤੇ ਸਪੱਸ਼ਟ ਸ਼ਬਦਾਂ ਵਿਚ ਲਿਖਿਆ ਹੈ:

ਗੁਰਸਿਖ ਸਾਧ ਅਸੰਖ ਜਗਿ ਧਰਮਸਾਲ ਥਾਇ ਥਾਇ ਸੁਹਾਇਆ। (ਵਾਰ ੨੩/੨)

ਤੇ ਇਥੇ ਹੀ ਬੱਸ ਨਹੀਂ ਕੀਤੀ, ਸਗੋਂ ਭਾਈ ਗੁਰਦਾਸ ਜੀ ਨੇ ਸਿੱਖਾਂ ਦੇ ਉਹ ਸਾਰੇ ਕਰਮ, ਜੋ ਉਹ ਧਰਮਸਾਲਾ ਵਿਚ ਜਾ ਕੇ ਕਰਦੇ ਹਨ, ਸੰਕੇਤ ਮਾਤਰ ਵੇਰਵਾ ਦੇ ਕੇ ਲਿਖ ਦਿੱਤੇ ਹਨ:

ਧਰਮਸਾਲ ਹੈ ਮਾਨਸਰੁ ਹੰਸ ਗੁਰਸਿਖ ਵਾਹੁ।
ਰਤਨ ਪਦਾਰਥ ਗੁਰ ਸਬਦੁ ਕਰਿ ਕੀਰਤਨੁ ਖਾਹੁ। (ਵਾਰ ੯/੧੪)

ਅਰਥਾਤ—ਧਰਮਸਾਲਾ ਅਥਵਾ ਗੁਰਦੁਆਰਾ ਇਕ ਪ੍ਰਕਾਰ ਦੇ ਮਾਨਸਰੋਵਰ ਹਨ, ਜਿਥੇ ਸਤਿਗੁਰੂ ਦੇ ਹੰਸ ਰੂਪ ਸਿੱਖ ਗੁਰੂ ਸ਼ਬਦ ਰਤਨ-ਪਦਾਰਥ ਦਾ ਕੀਰਤਨ ਕਰ ਕੇ ਰਸ ਚੱਖਦੇ ਤੇ ਮਾਣਦੇ ਹਨ।

ਧਰਮਸਾਲਾਵਾਂ ਉਸ ਸਮੇਂ ਕਿਹੋ ਜਿਹੀਆਂ ਹੁੰਦੀਆਂ ਸਨ ਤੇ ਉਹਨਾਂ ਵਿਚ ਸਤਿਸੰਗੀ ਸਿੱਖ ਪ੍ਰੇਮ-ਭਾਵਨਾ ਸਹਿਤ ਕਿਵੇਂ ਆਉਂਦੇ ਤੇ ਜਥਾ-ਸਥਾਨ ਨਿਰਮਤਾ ਸਹਿਤ ਮਿਲ ਬੈਠਦੇ ਸਨ, ਇਹੋ ਗੱਲਾਂ ਭਾਈ ਗੁਰਦਾਸ ਜੀ ਨੇ ਇਕ-ਦੋ ਥਾਵੀਂ ਕਬਿੱਤ ਸਵੈਯਾਂ ਵਿਚ ਵੀ ਲਿਖੀਆਂ ਹਨ, ਜਿਵੇਂ ਕਿ ਉਹਨਾਂ ਦਾ ਕਥਨ ਹੈ:

ਜੈਸੇ ਤੌ ਮਰਾਲ ਮਿਲਿ ਬੈਠਤ ਹੈ ਮਾਨਸਰ,
ਮੁਕਤਾ ਅਮੋਲ ਖਾਇ ਖਾਇ ਬਿਗਸਾਤ ਹੈਂ।

ਜੈਸੇ ਤੌ ਸੁਜਾਨ ਮਿਲਿ ਬੈਠਤ ਹੈਂ ਪਾਕਸਾਲਿ,
ਅਨਿਕ ਪ੍ਰਕਾਰ ਬਿੰਜਨਾਦਿ ਰਸ ਪਾਤ ਹੈਂ।
ਜੈਸੇ ਦ੍ਰੁਮ ਛਾਯਾ ਮਿਲਿ ਬੈਠਤ ਅਨੇਕ ਪੰਖੀ,
ਖਾਇ ਫਲ ਮਧੁਰ ਬਚਨ ਕੈ ਸੁਹਾਤ ਹੈਂ।
ਤੈਸੇ ਗੁਰ ਸਿਖ ਮਿਲਿ ਬੈਠਤ ਧਰਮਸਾਲ,
ਸਹਜ ਸਬਦ ਰਸ ਅੰਮ੍ਰਿਤ ਅਘਾਤ ਹੈਂ।

(5)

ਸਿੱਖਾਂ ਦੇ ਪ੍ਰਸਿੱਧ ਇਤਿਹਾਸਕਾਰ ਕਵੀ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਨੇ 'ਗੁਰ ਪ੍ਰਤਾਪ ਸੂਰਜ' ਵਿਚ ਇਹ ਦੱਸ ਕੇ ਕਿ ਧਰਮਸਾਲਾ ਜਿਥੇ ਗੁਰਸਿੱਖ ਨਾਮ-ਬਾਣੀ ਦੇ ਅਭਿਆਸ ਤੇ ਕਥਾ-ਕੀਰਤਨ ਲਈ ਮਿਲ ਬੈਠਣ, ਅਤਿਅੰਤ ਸੁੰਦਰ ਤੇ ਸਾਫ਼-ਸੁਥਰੀ ਹੋਣੀ ਅਤਿ ਜ਼ਰੂਰੀ ਹੈ ਤੇ ਉਸ ਦੀ ਸੇਵਾ-ਸੰਭਾਲ ਤੇ ਆਈਆਂ ਸੰਗਤਾਂ ਦੀ ਪ੍ਰਸ਼ਾਦ-ਪਾਣੀ ਦੀ ਸੇਵਾ ਲਈ ਕਿਸੇ ਯੋਗ ਵਿਅਕਤੀ ਦਾ ਬਤੌਰ ਸੇਵਾਦਾਰ ਦੇ ਨਿਯੁਕਤ ਹੋਣਾ ਹੋਰ ਵੀ ਲੋੜੀਂਦੀ ਗੱਲ ਹੈ, ਆਪਣੀ ਰਾਇ ਇਸ ਤਰ੍ਹਾਂ ਪ੍ਰਗਟ ਕਰ ਦਿੱਤੀ ਹੈ:

ਜਿਸ ਮਹਿ ਯਥਾ ਸਕਤਿ ਹ੍ਵੈ ਆਵੈ।
ਧਰਮ ਸਾਲ ਸੁੰਦਰ ਬਨਵਾਵੈ।
ਤਿਸ ਮੈ ਰਾਖੇ ਸਿੱਖ ਟਿਕਾਇ।
ਪੰਥੀ ਕੋ ਭੋਜਨ ਮਿਲ ਜਾਇ। *(ਗੁਰ ਪ੍ਰਤਾਸ ਸੂਰਜ, ਰਾਸਿ ੧, ਅਧਿ. ੬੪)*

ਧਰਮਸਾਲਾ ਅਥਵਾ ਗੁਰਦੁਆਰੇ ਦਾ ਸੇਵਾਦਾਰ ਜਾਂ ਗ੍ਰੰਥੀ ਕਿਹੋ ਜਿਹਾ ਹੋਵੇ, ਇਸ ਬਾਰੇ ਰਹਿਤਨਾਮਾ ਭਾਈ ਚੌਪਾ ਸਿੰਘ ਦੇ ਇਹ ਵਾਕ ਖ਼ਾਸ ਤੌਰ 'ਤੇ ਵਿਚਾਰਨਯੋਗ ਹਨ:

ਧਰਮਸਾਲੀਆ ਪੀਰ ਔਰ ਮਸੰਦ ਨਾ ਬਣੇ।
ਗੁਰੂ ਕਾ ਸਿਖ ਜੋ ਧਰਮਸਾਲੀਆ ਹੋਵੈ ਸੋ ਕੈਸਾ ਹੋਵੈ?
ਨਿਰਲੋਭੀ, ਜਤੀ ਸਤੀ, ਪਰਸੁਆਰਥੀ, ਧੀਰਜੀ, ਉਦਾਰ, ਦਯਾਵਾਨ, ਤਪੀਆ। ਆਨੰਦੀ, ਰਹਿਤਵਾਨ, ਮਸਤਰ ਬਿਨਾਂ, ਪੜਦੇ ਕੱਜੂ, ਸੁਚੇਤ. ਦੇਹ ਪਵਿੱਤਰ। ਟਹਿਲ ਕਰੇ, ਵੰਡ ਖਾਏ, ਪਰਦੇਸੀ ਸਿਖ ਦੀ ਚੀਜ਼ ਵਸਤੂ ਦੀ ਸੁਚੇਤੀ ਰਖੇ। ਦਰਦਵੰਦ ਹੋਵੇ, ਜਿਸ ਵਿਚ ਇਹ ਗੁਣ ਹੋਣ ਉਹ ਧਰਮਸਾਲੀਆ ਹੋਵੇ। (ਰਹਿਤਨਾਮਾ ਭਾਈ ਚੌਪਾ ਸਿੰਘ)

ਗੁਰੂ ਨਾਨਕ ਦੇਵ ਜੀ ਨੇ ਚੂੰਕਿ ਪਹਿਲੇ-ਪਹਿਲ ਪਿੰਡ ਤੁਲੰਬਾ (ਮੁਲਤਾਨ) ਦੇ ਸਥਾਨ ਸੱਜਣ ਠੱਗ ਦੇ ਘਰ 'ਪਰ ਧਰਮਸਾਲਾ ਸਥਾਪਿਤ ਕੀਤੀ ਸੀ ਜੋ ਪੁਰਾਤਨ ਜਨਮਸਾਖੀ ਦੇ ਕਥਨ ਅਨੁਸਾਰ ਪਹਿਲੀ ਧਰਮਸਾਲਾ ਸੀ ਤੇ ਫੇਰ ਝੰਡੇ ਬਾਢੀ ਨੂੰ ਮੰਜੀ ਦੇ ਕੇ ਬਿਸ਼ਹਿਰ ਅਤੇ ਰਾਵੀਓਂ ਪਾਰ ਕਰਤਾਰਪੁਰ ਧਰਮਸਾਲਾ ਕਾਇਮ ਕੀਤੀ, ਇਸ ਲਈ ਧਰਮਸਾਲਾ-ਪ੍ਰਣਾਲੀ ਦੇ ਪ੍ਰਮੁੱਖ ਆਗੂ ਹੋਣ ਕਰਕੇ ਉਹਨਾਂ ਦੇ ਇਸ ਬਾਰੇ ਕੀ ਵਿਚਾਰ ਸਨ, ਉਹ ਜਨਮਸਾਖੀ ਗੁਰੂ ਨਾਨਕ (ਭਾਈ ਪੈੜਾ ਮੋਖਾ) ਦੇ ਕਥਨ ਅਨੁਸਾਰ ਇਸ ਪ੍ਰਕਾਰ ਹਨ:

ਸ੍ਰੀ ਗੁਰੂ ਨਾਨਕ ਦੇਵ ਜੀ ਬਚਨ ਕਰਤੇ ਹੈਂ ਹਰ ਇਕ ਧਰਮਸਾਲਾ ਮੈ ਕੋਈ ਮਾਨੁਖ

ਸੇਵਾ ਕਰੈਗਾ, ਜਲ ਭਰੈਗਾ, ਝਾੜੂ ਕਰੈਗਾ, ਉਸ ਦਾ ਮਨ ਨਿਰਮਲ ਹੋਵੇਗਾ, ਪਾਪ ਦੂਰਿ ਹੋਵਨਿਗੇ, ਅੰਤਿ ਸਮੇਂ ਸਦਗਤਿ ਕਾ ਅਧਿਕਾਰੀ ਹੋਵੇਗਾ, ਸਤਿਨਾਮ ਸਿਮਰੈਗਾ, ਸੋ ਸਰਬ ਸੁਖਾਂ ਦਾ ਅਧਿਕਾਰੀ ਹੋਵੇਗਾ। (ਜਨਮਸਾਖੀ ਗੁਰੂ ਨਾਨਕ)

ਗੁਰੂ ਨਾਨਕ ਸਾਹਿਬ ਚੂੰਕਿ ਸ਼ੁਰੂ ਤੋਂ ਹੀ ਸੁਤੰਤਰ ਵਿਚਾਰਾਂ ਦੇ ਮਾਲਕ ਸਨ ਅਜਿਹੇ ਸੁਤੰਤਰ ਵਿਚਾਰਾਂ ਵਾਲੇ ਕਿ ਦਿਮਾਗ਼ੀ ਗ਼ੁਲਾਮੀ ਦੇ ਖ਼ਿਆਲ ਉਹਨਾਂ ਨੂੰ ਛੂਹ ਤਕ ਨਹੀਂ ਗਏ ਸਨ, ਜਿਸ ਕਰਕੇ ਇਕ ਅਕਾਲ ਪੁਰਖ ਤੋਂ ਛੁੱਟ ਕਿਸੇ ਵੀ ਦੇਵੀ-ਦੇਵਤੇ ਦੀ ਪੂਜਾ ਕਰਨਾ, ਉਹਨਾਂ ਦੀਆਂ ਨਜ਼ਰਾਂ ਵਿਚ ਕੁਫ਼ਰ ਸੀ ਤੇ ਉਹ ਇਸੇ ਕਾਰਣ ਕਿਸੇ ਦੇਵੀ-ਦੇਵਤੇ ਜਾਂ ਬੰਦੇ ਦੇ ਗ਼ੁਲਾਮ ਬਣਨਾ ਅਥਵਾ ਆਪਣੇ ਸ਼ਰਧਾਲੂਆਂ ਨੂੰ ਅਜਿਹੀ ਗ਼ੁਲਾਮੀ ਦਾ ਉਪਦੇਸ਼ ਦੇਣਾ ਉੱਕਾ ਹੀ ਪਸੰਦ ਨਹੀਂ ਸਨ ਕਰਦੇ, ਜਿਸ ਕਰਕੇ ਉਹ ਕਦੇ ਕਿਸੇ ਦੇ ਗ਼ੁਲਾਮ ਨਾ ਬਣੇ ਤੇ ਹਮੇਸ਼ਾਂ ਸੁਤੰਤਰ ਰਹਿ ਕੇ ਵਿਚਰਦੇ ਰਹੇ। ਦੇਸ਼ ਵਿਚ ਥਾਉਂ-ਥਾਈਂ ਧਰਮਸਾਲਾਵਾਂ ਸਥਾਪਨ ਕਰ ਕੇ ਉਹਨਾਂ ਦਾ ਉਦੇਸ਼ ਇਹੋ ਸੁਤੰਤਰਤਾ ਦਾ ਸੰਦੇਸ਼ ਦੇਣਾ ਸੀ।

(11/1968)

ਗੁਰੂ ਨਾਨਕ ਸਾਹਿਬ ਦੀ ਪ੍ਰਚਾਰ-ਜੁਗਤਿ

ਗੁਰੂ ਨਾਨਕ ਦੇਵ ਜੀ ਗੁਰਮਤਿ ਦੀ ਜੀਵਨ-ਜਾਚ ਦੇ ਮੋਢੀ ਹੀ ਨਹੀਂ ਸਨ, ਸਗੋਂ ਮਹਾਨ ਪ੍ਰਚਾਰਕ ਵੀ ਸਨ। ਉਹਨਾਂ ਨੇ ਆਪਣੇ ਸਮੇਂ ਦੀ ਮਨੁੱਖਤਾ ਦੀ ਨਿੱਘਰੀ ਹੋਈ ਅਵਸਥਾ ਦਾ ਸਹੀ ਅੰਦਾਜ਼ਾ ਲਾਉਣ ਲਈ ਚਹੁੰਆਂ ਪਾਸੇ ਦੂਰ-ਦੁਰਾਡੇ ਉਦਾਸੀਆਂ (ਦੇਸ਼ ਰਟਨ) ਕੀਤੀਆਂ ਅਤੇ 'ਧਿਆਨ ਧਰ' ਕੇ ਜੋ ਅਨੁਭਵ ਕੀਤਾ ਸੀ:

ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋਦੇ ਫਿਰਿ ਘਾਲਿ ਕਮਾਈ।...
ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ। (ਵਾਰ ੧/੨੪)

ਉਸ ਨੂੰ ਸਮੇਂ ਦੀਆਂ ਪ੍ਰਚਲਿਤ ਮੁੱਖ ਸੰਪਰਦਾਵਾਂ ਦੇ ਗੜ੍ਹ 'ਤੇ ਜਾ ਕੇ, ਆਪ ਆਪਣੀ ਅੱਖੀਂ ਇਹਨਾਂ ਤਟ-ਤੀਰਥਾਂ 'ਤੇ ਜਾ ਕੇ ਉਸ ਨਿੱਘਰੀ ਹੋਈ ਹਾਲਤ ਦੇ ਮੂਕ ਦਰਸ਼ਕ ਹੀ ਨਾ ਰਹਿੰਦੇ ਸਗੋਂ ਉਥੇ ਉਹਨਾਂ ਪਵਿੱਤਰ ਥਾਵਾਂ ਉੱਪਰ ਸ਼ਰਧਾ ਤੇ ਅੰਧ-ਵਿਸ਼ਵਾਸ ਨਾਲ ਜੁੜੇ ਲੋਕਾਂ ਨੂੰ ਉਹਨਾਂ ਦੀ ਨਿੱਘਰੀ ਅਵਸਥਾ ਤੋਂ ਚੇਤੰਨ ਵੀ ਕਰਵਾਉਂਦੇ ਅਤੇ ਉਹਨਾਂ ਅੰਦਰ ਇਕ ਨਵੀਂ ਜਾਗ੍ਰਤੀ ਉਭਾਰ, ਨਵਾਂ ਜੀਵਨ-ਉਮਾਹ ਪੈਦਾ ਕਰ ਦਿੰਦੇ। ਉਹਨਾਂ ਨੂੰ ਬਿਨਾਂ ਸਿੱਧੇ ਰੂਪ ਵਿਚ ਇਹ ਕਿਹਾ ਕਿ 'ਤੁਸੀਂ ਮੇਰੇ ਮਗਰ ਲੱਗੋ, ਮੇਰੇ ਵਾਲੇ ਜੀਵਨ-ਮਾਰਗ ਨੂੰ ਪਕੜੋ', ਆਪਣੇ ਸ਼ਰਧਾਲੂ ਬਣਾ ਲੈਂਦੇ। ਉਹ ਲੋਕ ਉਹਨਾਂ ਵੱਲੋਂ ਦੱਸੇ ਜੀਵਨ-ਸੱਚ ਦੀ ਸਾਰਥਿਕਤਾ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਦੇ ਦੱਸੇ ਹੋਏ ਮਾਰਗ ਨੂੰ ਅਪਣਾ ਲੈਂਦੇ। ਭਾਈ ਗੁਰਦਾਸ ਜੀ ਇਸੇ ਲਈ ਕਹਿੰਦੇ ਹਨ ਕਿ ਬਾਬਾ ਜਿਥੇ ਵੀ ਪੈਰ ਧਰਦਾ ਉਥੇ 'ਧਰਮਸਾਲ' 'ਪੂਜਾ ਆਸਣ' ਬਣ ਜਾਂਦਾ। ਜਿਸ 'ਮਠ' ਅਥਵਾ 'ਮਤੇ' ਉਪਰ 'ਬਾਬਾ' ਜਾਂਦਾ, ਉਹ ਆਪ ਦੀ ਫੇਰੀ ਮਗਰੋਂ ਆਪ ਦਾ ਸਪਰਸ਼ ਪ੍ਰਾਪਤ ਕਰ ਉਹਨਾਂ ਦੇ ਨਾਂ ਨਾਲ ਹੀ ਸੰਬੰਧਿਤ ਹੋ ਜਾਂਦਾ। ਅਗਿਆਨਤਾ ਦੀ ਸਾਰੀ ਧੁੰਦ ਮਿਟ ਜਾਂਦੀ। ਬਾਬਾ ਗੁਰਮੁਖ ਰੂਪ ਵਿਚ ਕਲਿ ਤਾਰਣਿ ਜੁ ਆਇਆ ਸੀ। ਕੋਈ ਉਸ ਦੇ ਚੁੰਬਕੀ ਬੋਲਾਂ ਦੀ ਤਾਬ ਨਾ ਲਿਆ ਸਕਦਾ:

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।
ਸਿੰਘੁ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ।
ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ।
ਸਿਧਾਸਣਿ ਸਭਿ ਜਗਤਿ ਦੇ ਨਾਨਕ ਆਦਿ ਮਤੇ ਜੇ ਕੋਆ।
ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ। (ਵਾਰ ੧/੨੭)

ਇਹ ਸਭ ਗੁਰੂ ਸਾਹਿਬ ਦੇ ਪ੍ਰਚਾਰ ਦੇ ਢੰਗ ਸਦਕਾ ਹੀ ਸੀ। ਆਪ ਜਿਸ ਨੂੰ ਮਿਲਦੇ,

ਆਪਣੇ 'ਬੋਲਾਂ' ਨਾਲ ਮੋਹ ਲੈਂਦੇ, ਉਹ ਆਪ ਜੀ ਨਾਲ ਵਿਚਾਰ-ਵਟਾਂਦਰਾ ਕਰ ਕੇ, ਆਪ ਜੀ ਨੂੰ ਸੁਣ ਕੇ, ਹਮੇਸ਼ਾਂ ਲਈ ਆਪ ਦਾ ਹੀ ਹੋ ਜਾਂਦਾ, ਚਾਹੇ ਉਹ ਦੁਨੀਆਂ ਤੋਂ ਭੱਜ ਕੇ ਦੂਰ-ਦੁਰਾਡੀਆਂ ਉੱਚੀਆਂ ਪਹਾੜੀਆਂ ਦੀਆਂ ਗੁਫ਼ਾਵਾਂ ਤੇ ਕੰਦਰਾਂ ਵਿਚ ਲੁਕ ਬੈਠੇ ਜੋਗੀ ਹੁੰਦੇ ਜਾਂ ਤੀਰਥ-ਸਥਾਨਾਂ ਉੱਤੇ ਬੈਠੇ ਪੰਡਤ ਅਥਵਾ ਮੱਕੇ ਬੈਠੇ ਮੌਲਾਣੇ।

ਆਪ ਜੀ ਦੀ ਸ਼ਖ਼ਸੀਅਤ, ਆਪ ਜੀ ਦੀ ਦੂਜਿਆਂ ਤਕ ਅਪੜਨ ਲਈ ਪਹੁੰਚ-ਵਿਧੀ ਅਥਵਾ ਗੱਲ ਕਹਿਣ ਦਾ ਢੰਗ, ਆਪ ਦਾ ਭਾਸ਼ਾ ਉਪਰ ਅਧਿਕਾਰ, ਜਿਸ ਨਾਲ ਗੱਲ ਕਰ ਰਹੇ ਹੋਣ, ਉਸ ਵੱਲੋਂ ਅਪਣਾਏ ਹੋਏ ਜੀਵਨ-ਮਾਰਗ ਦਾ, ਉਸ ਦੀ ਆਚਾਰ-ਸੰਘਤਾ ਅਥਵਾ ਵਿਚਾਰਧਾਰਾ ਦਾ ਐਨਾ ਡੂੰਘਾ ਤੇ ਦੀਰਘ ਗਿਆਨ ਹੁੰਦਾ; ਆਪ ਦੀ ਬਿੰਬਾਵਲੀ ਤੇ ਪ੍ਰਤੀਕ ਆਪ ਨੂੰ ਐਨੇ ਸਪੱਸ਼ਟ ਹੁੰਦੇ ਕਿ ਆਪ ਇਹਨਾਂ ਸਭ ਦੇ ਟਾਕਰੇ ਉੱਤੇ ਆਪਣਾ ਪੱਖ ਸਫ਼ਲਤਾ ਪੂਰਬਕ ਪੇਸ਼ ਕਰ ਸਕਦੇ। ਆਪ ਜੀ ਦੀਆਂ ਪ੍ਰਾਪਤ ਜਨਮਸਾਖੀਆਂ ਤੋਂ, ਆਪ ਜੀ ਦੀ ਬਾਣੀ ਤੋਂ ਆਪ ਜੀ ਦੇ ਪ੍ਰਚਾਰ-ਢੰਗ ਦਾ ਇਕ ਬੜਾ ਸਪੱਸ਼ਟ ਤੇ ਸੁਨਿਸਚਿਤ ਮਾਡਲ ਸਾਡੇ ਦ੍ਰਿਸ਼ਟੀਗੋਚਰ ਹੁੰਦਾ ਹੈ ਜੋ ਨਿਰਸੰਦੇਹ ਸਾਡੇ ਅੱਜ ਦੇ ਪ੍ਰਚਾਰਕਾਂ ਲਈ ਇਕ ਸਾਰਥਕ ਦਿਸ਼ਾ-ਨਿਰਦੇਸ਼ ਦੇ ਸਕਦਾ ਹੈ। ਅੱਜ ਜਦੋਂ ਅਸੀਂ ਆਪਣੇ ਪ੍ਰਚਾਰ ਨੂੰ ਸਮੇਂ ਦਾ ਹਾਣੀ ਨਹੀਂ ਮੰਨਦੇ, ਇਸ ਮਾਡਲ ਦਾ ਅਧਿਐਨ ਹੋਰ ਵੀ ਮਹੱਤਵਪੂਰਨ ਬਣ ਜਾਂਦਾ ਹੈ।

ਇਕ ਗੱਲ ਤਾਂ ਗੁਰੂ ਸਾਹਿਬ ਦੀ ਬਾਣੀ ਤੋਂ ਹੀ ਭਲੀ-ਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਗੁਰੂ ਸਾਹਿਬ ਦੀ ਸ਼ਖ਼ਸੀਅਤ ਬੜੀ ਅਦਭੁੱਤ, ਵਿਲੱਖਣ ਸੀ ਅਤੇ ਇਸ ਦੇ ਅਨੇਕ ਉਦਾਹਰਣ ਸਾਨੂੰ ਆਪ ਜੀ ਦੀ ਸੁਪ੍ਰਸਿੱਧ ਬਾਣੀ ਆਸਾ ਰਾਗ ਵਿਚਲੀ ਵਾਰ ਤੋਂ ਮਿਲ ਜਾਂਦੇ ਹਨ:

ਤਗੁ ਨ ਇੰਦ੍ਰੀ ਤਗੁ ਨ ਨਾਰੀ ॥
ਭਲਕੇ ਥੁਕ ਪਵੈ ਨਿਤ ਦਾੜੀ ॥
ਤਗੁ ਨ ਪੈਰੀ ਤਗੁ ਨ ਹਥੀ ॥
ਤਗੁ ਨ ਜਿਹਵਾ ਤਗੁ ਨ ਅਖੀ ॥
ਵੇਤਗਾ ਆਪੇ ਵਤੈ ॥
ਵਟਿ ਧਾਗੇ ਅਵਰਾ ਘਤੈ ॥
ਲੈ ਭਾੜਿ ਕਰੇ ਵੀਆਹੁ ॥
ਕਢਿ ਕਾਗਲੁ ਦਸੇ ਰਾਹੁ ॥
ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥
ਮਨਿ ਅੰਧਾ ਨਾਉ ਸੁਜਾਣੁ ॥ (ਪੰਨਾ ੪੭੧)

ਕੀ ਉਪਰੋਕਤ ਵਾਕ ਪੜ੍ਹ ਕੇ ਇਉਂ ਨਹੀਂ ਲੱਗਦਾ ਜਿਵੇਂ ਕੋਈ ਕਿਸੇ ਮੇਲੇ ਵਿਚ ਆਪਣੇ ਆਲੇ-ਦੁਆਲੇ ਲੋਕਾਂ ਨੂੰ ਇਕੱਠਾ ਕਰ ਅਥਵਾ ਕਿਸੇ ਸ਼ਾਹ-ਰਾਹ ਦੇ ਕੰਢੇ ਉੱਤੇ ਖਲੋ, ਲੰਘਦਿਆਂ ਰਾਹੀਆਂ ਨੂੰ ਹੱਥ ਉੱਚਾ ਕਰ ਕੇ, ਹੋਕੇ ਦੇ ਕੇ ਆਕ੍ਰਸ਼ਤ ਕਰ ਰਿਹਾ ਹੋਵੇ, 'ਆਓ ਤੁਹਾਨੂੰ ਇਕ ਅਜੂਬਾ ਵਿਖਾਵਾਂ', 'ਹੈਰਾਨੀਜਨਕ ਗੱਲਾਂ ਦੱਸਾਂ' ਅਥਵਾ:

ਬੋਲਾ ਜੇ ਸਮਝਾਈਐ ਪੜੀਅਹਿ ਸਿੰਮ੍ਰਿਤਿ ਪਾਠ ॥
ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ ॥...

ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸ ॥ (ਪੰਨਾ ੧੪੩)

ਰਾਹੀਂ ਸਾਧਾਰਨ ਤਰਕ ਅਤੇ ਸਾਡੇ ਕਰਮ-ਕਾਂਡ ਦੀ ਪੂਰਨ ਗੰਭੀਰਤਾ ਨਾਲ ਅਸਾਰਥਕਤਾ ਪ੍ਰਗਟ ਕਰ ਰਿਹਾ ਹੋਵੇ। 'ਜਨਮਸਾਖੀਆਂ' ਵਿਚ ਆਪ ਜੀ ਦੀ ਸ਼ਖ਼ਸੀਅਤ ਦਾ ਇਹ ਪੱਖ ਹੋਰ ਵੀ ਪ੍ਰਬਲ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਆਪ ਬੜੀ ਹੀ ਮਾਸੂਮੀਅਤ ਨਾਲ ਭੋਲੇ-ਭਾਲੇ ਬਣ, ਕਿਸੇ ਧਰਮ-ਸਥਾਨ ਉਪਰ ਜਾ ਕੇ ਉਹ ਕੁਝ ਕਰਦੇ ਅਥਵਾ ਕਰਨ ਲੱਗ ਪੈਂਦੇ ਜੋ ਉਥੋਂ ਦੀ ਪਰੰਪਰਾ ਦੇ ਅਨੁਕੂਲ ਨਾ ਹੁੰਦਾ ਅਤੇ ਉਹਨਾਂ ਰਹੁ-ਰੀਤਾਂ ਦੇ ਸਥਾਨਕ ਅਖੌਤੀ ਰਾਖਿਆਂ ਦੇ ਇਤਰਾਜ਼ ਕਰਨ 'ਤੇ ਉਹਨਾਂ ਤੋਂ ਅਗਵਾਈ ਦੀ ਜਾਚਨਾ ਕਰ, ਉਹਨਾਂ ਦੇ ਤਰਕ ਨਾਲ ਹੀ ਉਹਨਾਂ ਦੀ ਪ੍ਰਚਲਿਤ ਰਹੁ-ਰੀਤ ਅਥਵਾ ਕੀਤੇ ਜਾ ਰਹੇ ਕਰਮ-ਕਾਂਡ ਦੀ ਅਸਾਰਥਕਤਾ ਦਾ ਗਿਆਨ ਉਹਨਾਂ ਨੂੰ ਸਹਿਜ ਰੂਪ ਵਿਚ ਹੀ ਕਰਵਾ ਜਾਂਦੇ, ਆਪਣੇ ਤੇ ਉਹਨਾਂ ਵਿਚਕਾਰ ਕੋਈ ਉੱਚਤਾ ਜਾਂ ਨੀਵੇਂਪਣ ਦੀ ਵਿੱਥ ਉਸਾਰ ਕੇ ਨਹੀਂ, ਸਗੋਂ ਆਪ ਉਹਨਾਂ ਵਰਗੇ, ਉਹਨਾਂ ਵਿਚੋਂ ਹੀ ਇਕ ਹੋ ਕੇ, ਜੀਵਨ ਨੂੰ ਸਮਝ ਕੇ, ਅਥਵਾ ਜੀਵਨ ਦੇ ਅਸਲ ਮਨੋਰਥ ਨੂੰ ਪ੍ਰਾਪਤ ਕਰਨ ਦੇ ਹਮ-ਇੱਛੁਕ ਹੋਣ ਦੇ ਰੂਪ ਵਿਚ। ਗੁਰੂ ਸਾਹਿਬ ਨੇ ਹਰਿਦੁਆਰ, ਕੁਰੂਕਸ਼ੇਤਰ, ਜਗਨਨਾਥ ਪੁਰੀ ਅਥਵਾ ਮੱਕੇ ਮਦੀਨੇ ਵਿਚ ਜਾ ਕੇ ਸਥਾਨਕ ਲੋਕਾਂ ਦੀ ਜਿਵੇਂ ਅਗਵਾਈ ਕੀਤੀ ਅਥਵਾ ਉਥੇ ਜਾ ਕੇ ਆਪਣੇ ਵਿਚਾਰਾਂ ਨੂੰ ਜਿਵੇਂ ਪ੍ਰਚਾਰਿਆ, ਉਹ ਅਸੀਂ ਸਭ ਜਾਣਦੇ ਹਾਂ। ਗੁਰੂ ਸਾਹਿਬ ਦੇ ਵਿਚਾਰਾਂ ਦੇ ਪ੍ਰਚਾਰ-ਮਾਡਲ ਦਾ ਇਹ ਇਕ ਕੇਂਦਰੀ ਨੁਕਤਾ ਹੈ।

ਸਥਾਨਕ ਰਹੁ-ਰੀਤਾਂ ਤੋਂ ਵੱਖਰੇ ਰੂਪ ਵਿਚ ਵਿਚਰਨ ਅਥਵਾ ਵੱਖਰਾ ਤੇ ਕਈ ਵਾਰੀ ਵਿਪਰੀਤ ਕਰਮ ਕਰਨ ਨਾਲ ਉਹ ਲੋਕਾਂ ਦੇ ਧਿਆਨ ਨੂੰ ਵੀ ਆਕ੍ਰਸ਼ਿਤ ਕਰ ਲੈਂਦੇ, ਆਪਣੀ ਸੁਹਿਰਦ ਮਾਸੂਮਤਾ ਅਤੇ ਭੋਲੇਪਣ ਰਾਹੀਂ ਉਹਨਾਂ ਦੀ ਭਾਵੁਕ ਹਮਦਰਦੀ ਵੀ ਜਿੱਤ ਲੈਂਦੇ, ਧਾਰਨ ਕੀਤੀ ਅਣਜਾਣਤਾ (assurned ignorance) ਨਾਲ ਉਹਨਾਂ ਦੀ ਕਰੁਣਾ ਦੇ ਪਾਤਰ ਵੀ ਬਣ ਜਾਂਦੇ, ਗਿਆਨ ਪ੍ਰਾਪਤ ਕਰਨ ਦੀ ਅਕਾਂਖਿਆ ਦੁਆਰਾ ਪ੍ਰਗਟ ਹੁੰਦੀ ਸੁਹਿਰਦਤਾ ਸਦਕਾ, ਉਹਨਾਂ ਦਾ ਪਿਆਰ ਵੀ ਪਾ ਲੈਂਦੇ ਅਤੇ ਉਸ ਪਰੰਪਰਾ ਅਥਵਾ ਸੰਪਰਦਾ ਦੇ ਡੂੰਘੇ ਅਧਿਐਨ ਦੇ ਹੁੰਦਿਆਂ ਵੀ ਨਿਮਰਤਾ ਸਦਕਾ ਉਹਨਾਂ ਦੇ ਸਤਿਕਾਰ ਤੇ ਦਿਲੀ ਸ਼ਰਧਾ ਦੇ ਪਾਤਰ ਵੀ ਬਣ ਜਾਂਦੇ। ਵਿਪਰੀਤ ਕਰਮ ਨੂੰ ਵੇਖ ਗੁੱਸੇ ਨਾਲ ਭਰੇ ਆਏ ਇਹੋ ਜਿਹੇ ਵਿਅਕਤੀ ਆਪ ਨਾਲ ਸੰਬਾਦ ਕਰ, ਨਿੰਮੋਝੂਣੇ ਹੋਏ ਇਹਨਾਂ ਵਾਸਤੇ ਸ਼ਰਧਾ ਲਈ ਮੁੜਦੇ। ਆਪਣੇ ਸੰਬੋਧਨ ਵਰਗ ਨਾਲ ਜਦੋਂ ਕਿਸੇ ਪ੍ਰਚਾਰਕ ਦਾ ਇਹੋ ਜਿਹਾ ਰਿਸ਼ਤਾ ਬਣ ਜਾਵੇ, ਫਿਰ ਉਹ ਜੋ ਵੀ ਕਹੇਗਾ ਸਰੋਤਿਆਂ ਲਈ ਕਿੰਤੂ-ਮੁਕਤ ਪਰਮ-ਸੱਚ ਬਣ, ਉਹਨਾਂ ਦੇ ਹਿਰਦਿਆਂ ਵਿਚ ਲਹਿ ਜਾਵੇਗਾ।

ਲੋਕਾਂ ਨੂੰ ਉਹਨਾਂ ਦੇ ਹਾਸੋ-ਹੀਣੇ ਵਿਅਕਤਿਤਵ, ਉਹਨਾਂ ਦੇ ਅਸੰਗਤੀ ਭਰੇ ਵਿਵਹਾਰਾਂ ਤੇ ਕਰਨੀਆਂ ਦਾ ਗਿਆਨ ਕਰਵਾਉਣ ਲਈ ਉਹ ਆਪ ਐਸੇ ਅਸੰਗਤੀ ਤੇ ਹਾਸੋ-ਹੀਣੇ ਰੂਪ ਨੂੰ ਧਾਰਨ ਕਰ ਲੈਂਦੇ ਕਿ ਲੋਕ ਉਹਨਾਂ ਨਾਲ ਅਸੰਗਤਾ ਜਾਂ ਅਸਾਧਾਰਨਤਾ ਕਰਕੇ ਆਕ੍ਰਸ਼ਿਤ ਤਾਂ ਹੁੰਦੇ ਹੀ, ਆਪਣੇ ਜੀਵਨ ਦਾ ਨਿਰੀਖਣ ਕਰਨ ਲਈ ਵੀ ਤਿਆਰ ਹੋ ਜਾਂਦੇ ਕਿ ਕਿਤੇ ਉਹਨਾਂ ਦੇ ਜੀਵਨ ਵਿਚ ਕੋਈ ਐਸਾ ਅਸੰਗਤਾ ਜਾਂ ਅਸਾਧਾਰਨਤਾ ਤਾਂ ਨਹੀਂ—ਇੰਜ ਸਹਿਜ ਰੂਪ ਵਿਚ ਹੀ ਉਹ ਇਹੋ ਜਿਹੇ ਛਿਦਰਾਂ ਤੋਂ ਮੁਕਤ ਹੋ ਜਾਂਦੇ। ਅਸਲ ਵਿਚ ਗੁਰੂ ਸਾਹਿਬ ਲਈ ਆਪਣੇ ਸਮਕਾਲੀਆਂ ਨੂੰ ਉਹਨਾਂ ਦੀਆਂ ਕਮਜ਼ੋਰੀਆਂ ਤੋਂ ਸੁਚੇਤ ਕਰ, ਉਹਨਾਂ ਤੋਂ ਮੁਕਤ

ਕਰਨ ਵਿਚ ਸਭ ਤੋਂ ਵੱਡੀ ਸਮੱਸਿਆ ਇਹ ਸੀ ਕਿ ਉਹ ਸ਼ਾਸਕਾਂ ਦੇ ਟਾਕਰੇ 'ਤੇ ਆਪਣੇ ਆਪ ਨੂੰ ਕਮਜ਼ੋਰ ਸਮਝ, ਪਹਿਲਾਂ ਹੀ ਹੀਣਤਾ-ਗ੍ਰਸਤ ਸਨ ਤੇ ਜੋ ਗੁਰੂ ਸਾਹਿਬ ਵੀ ਜਿਥੇ ਉਹਨਾਂ ਨੂੰ ਉਹਨਾਂ ਦੀਆਂ ਕਮਜ਼ੋਰੀਆਂ ਅਥਵਾ ਉਹਨਾਂ ਦੇ ਨਿੱਘਰੇ ਹੋਣ ਦਾ ਅਹਿਸਾਸ ਕਰਵਾਉਂਦੇ ਤਾਂ ਇਹ ਹੀਣਤਾ-ਭਾਵ ਹੋਰ ਵਧ ਸਕਦਾ ਸੀ। ਇਸੇ ਲਈ ਗੁਰੂ ਸਾਹਿਬ ਦੇ ਪ੍ਰਚਾਰ ਦਾ ਢੰਗ ਉਹ ਸੀ, ਜਿਸ ਨੂੰ ਅੱਜ ਅਸੀਂ Auto-suggestion ਵਾਲਾ ਢੰਗ ਕਹਿੰਦੇ ਹਾਂ। ਸਹਿਜ ਰੂਪ ਵਿਚ ਆਪ ਹੀ ਆਪਣੀ ਕਮਜ਼ੋਰੀ ਦਾ ਅਹਿਸਾਸ ਕਰ, ਉਸ ਤੋਂ ਮੁਕਤ ਹੋਣ ਲਈ ਯਤਨਸ਼ੀਲ ਹੋਣਾ।

ਪੁਰਾਤਨ ਤੇ ਹੋਰ ਜਨਮਸਾਖੀਆਂ ਵਿਚ ਉਦਾਸੀਆਂ ਸਮੇਂ ਗੁਰੂ ਜੀ ਦੇ ਪਹਿਰਾਵੇ ਨੂੰ ਵੱਖ-ਵੱਖ ਵਿਵਰਣ ਆਪ ਜੀ ਦੇ ਪ੍ਰਚਾਰ-ਮਾਡਲ ਦੇ ਇਕ ਹੋਰ ਪੱਖ ਨੂੰ ਸਾਡੇ ਦ੍ਰਿਸ਼ਟੀਗੋਚਰ ਕਰਦਾ ਹੈ। ਇਹ ਪਹਿਰਾਵਾ ਜਾਂ ਤਾਂ ਸਮਾਨ ਰੂਪ ਦਾ ਹੁੰਦਾ ਅਤੇ ਇਸ ਸਦਕਾ ਗੁਰੂ ਸਾਹਿਬ ਦੀ ਸਥਾਨਕ ਲੋਕਾਂ ਨਾਲ ਇਕ ਭਾਵੁਕ ਸਾਂਝ ਪੈ ਜਾਂਦੀ। ਉਹ ਗੁਰੂ ਸਾਹਿਬ ਨੂੰ ਆਪਣੇ ਵਰਗੇ ਹੀ ਸਮਝਦੇ, ਜਿਵੇਂ ਗੁਰੂ ਸਾਹਿਬ ਦਾ ਮੱਕੇ ਦੀ ਉਦਾਸੀ ਸਮੇਂ ਦਾ ਪਹਿਰਾਵਾ ਸੀ: 'ਤਬ ਨੀਲੇ ਬਸਤ੍ਰ ਥੇ'' ਅਤੇ ਜਾਂ ਬਿਲਕੁਲ ਵਿਰੋਧੀ ਤੌਰ 'ਤੇ ਉਸ ਸਥਾਨ ਵਿਚ ਓਪਰਾ ਤੇ ਅਨੋਖਾ ਦਿਸਣ ਵਾਲਾ। ਇੰਜ ਉਹ ਉਸ ਸਥਾਨ ਉਪਰ ਇਕੱਠੀ ਹੋਈ ਭੀੜ ਦੇ ਧਿਆਨ ਦਾ ਕੇਂਦਰ ਬਣ ਜਾਂਦੇ।

ਪਹਿਲੀ ਉਦਾਸੀ—"...ਪਹਿਰਾਵਾ ਬਾਬੇ ਕਾ: ਏਕੁ ਬਸਤਰੁ ਅੰਬੋਆ, ਏਕੁ ਬਸਤਰੁ ਚਿਟਾ, ਏਕੁ ਪੈਰਿ ਜੁਤੀ, ਏਕੁ ਪੈਰ ਖੰਉਸ, ਮਥਿ ਖਫਨੀ, ਸਿਰਿ ਟੋਪੀ ਕਲੰਦਰੀ, ਮਾਲਾ ਹਡਾਂ ਦੀ, ਮਥੇ ਤਿਲਕੁ ਕੇਸਰ ਕਾ।..."

ਉਦਾਸੀ ਦੂਜੀ—"...ਤਦਹੂੰ ਪੈਰੀ ਖੜਾਵਾਂ ਕਾਠ ਕੀਆਂ। ਹਥਿ ਆਸਾ। ਸਿਰਿ ਰਸੇ ਪਲੇਟੇ, ਬਾਹਾਂ ਜਾਂਘਾ ਰਸੇ ਪਲੇਟੇ। ਮਥੇ ਟਿਕਾ ਬਿੰਦੁਲੀ ਕਾ।..."

ਤੀਜੀ ਉਦਾਸੀ—"...ਅਤੈ ਪੈਰੀਂ ਚਮੜਾ ਅਤੈ ਸਿਰਿ ਚਮੜਾ, ਸਾਰੀ ਦੇਹ ਲਪੇਟਿਅਸੁ ਅਤੇ ਮਾਥੇ ਟਿਕਾ ਕੇਸਰ ਕਾ।..."

ਇਹ ਵੀ ਗੁਰੂ ਸਾਹਿਬ ਦਾ ਆਪਣੇ ਪ੍ਰਚਾਰ ਨੂੰ ਵਧੇਰੇ ਅਸਰਦਾਰ ਬਣਾਉਣ ਲਈ ਲੋਕਾਂ ਨਾਲ ਜੁੜਨ ਦਾ ਇਕ ਢੰਗ ਸੀ।

ਗੁਰੂ ਸਾਹਿਬ ਦੇ ਪ੍ਰਚਾਰ ਦਾ ਇਕ ਹੋਰ ਕੇਂਦਰੀ ਨੁਕਤਾ ਸੰਬੰਧਿਤ ਸਮਾਜ, ਸਮੁਦਾਏ ਅਥਵਾ ਪਰੰਪਰਾ ਨਾਲ ਇਕ ਸੰਬਾਦ ਰਚਾਉਣ ਦਾ ਸੀ—ਦਿਗ ਵਿਜੈ ਦੀ ਭਾਵਨਾ ਨਾਲ ਨਹੀਂ ਤਾਂ ਜੋ ਆਪਣੀ ਉੱਚਤਾ ਸਥਾਪਿਤ ਹੋ ਸਕੇ, ਨਾ ਹੀ ਪ੍ਰਤੱਖ ਦੀ ਪੱਧਰ 'ਤੇ ਆਪਣੇ ਜੀਵਨ-ਮਾਰਗ ਨੂੰ ਉੱਚਾ ਅਥਵਾ ਉਹਨਾਂ ਦੇ ਧਰਮ, ਆਚਾਰ-ਵਿਹਾਰ ਨੂੰ ਨੀਵਾਂ ਦੱਸ, ਉਹਨਾਂ ਅੰਦਰ ਕਿਸੇ ਹੀਣਤਾ-ਭਾਵ ਨੂੰ ਪੈਦਾ ਕਰ, ਉਹਨਾਂ ਨੂੰ ਆਪਣੇ ਮਗਰ ਲਾ ਲੈਣ ਲਈ, ਸਗੋਂ ਇਹ ਸੰਬਾਦ ਐਸੇ ਢੰਗ ਨਾਲ ਰਚਾਇਆ ਜਾਂਦਾ ਕਿ ਇੰਜ ਦਾ ਪ੍ਰਭਾਵ ਪਵੇ ਜਿਵੇਂ ਰਲ-ਮਿਲ ਕੇ ਮਨੁੱਖਾ ਜੀਵਨ, ਇਸ ਦੇ ਉਦੇਸ਼ ਤੇ ਇਸ ਉਦੇਸ਼ ਦੀ ਪ੍ਰਾਪਤੀ ਲਈ ਇਕੱਠੇ ਬੈਠ ਕੇ ਪਰਸਪਰ ਸਹਾਇਤਾ ਲਈ ਵਿਚਾਰ ਕੀਤੀ ਜਾ ਰਹੀ ਹੋਵੇ। ਸਭ ਸਮਾਨ ਪੱਧਰ 'ਤੇ ਬੈਠ ਕੇ ਆਪਣੇ-ਆਪਣੇ ਵਿਚਾਰ ਦੱਸ ਰਹੇ ਹੋਣ, ਹਰ ਇਕ ਦੇ ਵਿਅਕਤਿੱਤਵ ਅਥਵਾ ਵਿਚਾਰ ਤੇ ਦ੍ਰਿਸ਼ਟੀਕੋਣ ਨੂੰ ਸਮਾਨ ਸਤਿਕਾਰ ਦੇ ਕੇ, ਧਿਆਨ ਤੇ ਮਹੱਤਵ ਦਿੱਤਾ ਜਾ ਰਿਹਾ ਹੋਵੇ। ਉਸ ਦੇ ਸਹੀ ਸਰੂਪ ਨੂੰ ਉਘਾੜਿਆ

ਜਾ ਰਿਹਾ ਹੋਵੇ ਤੇ ਸਹੀ ਨਤੀਜਾ ਕੱਢ ਸਭ ਨੂੰ ਆਪਣੇ-ਆਪਣੇ ਮਾਰਗ ਦੇ ਸਹੀ ਸਰੂਪ ਨੂੰ ਅਪਨਾਉਣ ਲਈ ਕਿਹਾ ਜਾਵੇ। ਉਦੇਸ਼ ਇਹ ਹੁੰਦਾ ਸੀ ਕਿ ਉਹਨਾਂ ਦੇ ਕੋਟੀ-ਮੂਲਕ ਨਿਰਣਿਆਂ ਨੂੰ ਸਿਰਜਿਆ ਨਾ ਜਾਵੇ ਸਗੋਂ ਇਸ ਨੂੰ ਜੁੜੇ ਤੇ ਭਾਗ ਲੈ ਰਹੇ ਸਰੋਤਿਆਂ ਉਪਰ ਛੱਡ ਦਿੱਤਾ ਜਾਵੇ। ਉਦੇਸ਼ ਗੁਣਾਂ ਦੀ ਆਪਣੇ ਜੀਵਨ-ਅਨੁਭਵਾਂ ਦੀ ਸਾਂਝ ਦਾ ਹੋਵੇ, ਆਪਣੀ ਅਥਵਾ ਆਪਣੀ ਜੀਵਨ-ਦ੍ਰਿਸ਼ਟੀ ਜਾਂ ਮਤਿ ਦੀ ਉੱਚਤਾ ਨੂੰ ਸਥਾਪਿਤ ਕਰ ਕੇ ਉਸ ਨੂੰ ਦੂਜਿਆਂ ਉਪਰ ਠੋਸਣ ਦਾ ਨਹੀਂ। ਇਸ ਸੰਬਾਦ ਵਿਧੀ ਦੀ ਉੱਤਮ ਉਦਾਹਰਣ ਰਾਗ ਰਾਮਕਲੀ ਵਿਚ ਗੁਰੂ ਨਾਨਕ ਸਾਹਿਬ ਦੀ ਸੁਪ੍ਰਸਿੱਧ ਰਚਨਾ 'ਸਿਧ ਗੋਸਟਿ' ਹੈ। ਸਿੱਧਾਂ ਵੱਲੋਂ ਆਰੰਭ ਉੱਤੇ ਹੀ 'ਸੰਤ ਸਭਾ' ਦੇ ਜੈਕਾਰ ਕਰਨ ਉੱਤੇ ਗੁਰੂ ਸਾਹਿਬ ਉਹਨਾਂ ਦੇ ਇਸ ਸਿਧਾਂਤ ਦੇ ਸਮਰਥਕ ਨਹੀਂ, ਪਰ ਬਿਨਾਂ ਉਹਨਾਂ ਦਾ ਸਿੱਧਾ ਵਿਰੋਧ ਕੀਤਿਆਂ ਅਥਵਾ ਬਿਨਾਂ ਸਿੱਧੇ ਰੂਪ ਵਿਚ ਇਹ ਕਿਹਾਂ ਕਿ ਉਹ ਇਸ ਵਿਚਾਰ ਦੇ ਸਮਰਥਕ ਨਹੀਂ, ਸਗੋਂ 'ਅਪਰ ਅਪਾਰ' 'ਸਚੇ' ਪ੍ਰਭੂ ਵਿਚ ਵਿਸ਼ਵਾਸ ਰੱਖਦੇ ਹਨ, ਆਪ ਕਹਿੰਦੇ ਹਨ:

ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ ॥
ਮਸਤਕੁ ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ ॥
ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ ॥ (ਪੰਨਾ ੯੩੮)

ਨਮਸਕਾਰ ਤਾਂ ਅਕਾਲ ਪੁਰਖ ਨੂੰ ਹੈ ਜੋ ਸਦੀਵੀ ਰੂਪ ਵਿਚ ਵਿਆਪਕ ਹੈ ਪਰ ਸੰਤਾਂ ਦੀ ਸੰਗਤ ਦਾ ਮਹੱਤਵ ਜ਼ਰੂਰ ਹੈ ਕਿ ਇਸ ਦੁਆਰਾ ਸੱਚ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਸੰਤਾਂ ਅਥਵਾ ਸੰਤ-ਮੰਡਲ ਬਾਰੇ ਗੁਰੂ ਪਿਤਾ ਦਾ ਦ੍ਰਿਸ਼ਟੀਕੋਣ ਇਸ ਤੋਂ ਵੱਧ ਵਿਚ ਕਿਵੇਂ ਸਪੱਸ਼ਟ ਕੀਤਾ ਜਾ ਸਕਦਾ ਹੈ। 'ਸੰਤ ਸਭਾ' ਸੱਚ ਨੂੰ ਦ੍ਰਿੜ੍ਹ ਕਰਵਾਉਣ ਦਾ ਅਤੇ ਇਸ ਕਰਕੇ ਸਤਿਕਾਰ ਯੋਗ ਤੇ ਧੰਨਤਾ ਦੀ ਪਾਤਰ ਹੈ ਪਰ ਇਹ ਅੰਤਿਮ ਸੱਚ ਅਥਵਾ ਅਕਾਲ ਪੁਰਖ ਦਾ ਬਦਲ ਤੇ ਨਿਸ਼ਾਨਾ ਨਹੀਂ, ਭਾਵ ਗੁਰੂ ਸਾਹਿਬ ਆਪਣੇ ਤੋਂ ਵੱਖਰੇ ਮਤਿ ਰੱਖਣ ਵਾਲੇ ਦਾ ਬਿਨਾਂ ਦਿਲ ਦੁਖਾਇਆਂ, ਬਿਨਾਂ ਸਿੱਧੇ ਰੂਪ ਵਿਚ ਇਹ ਕਿਹਾਂ ਕਿ ਉਹ ਗ਼ਲਤ ਹੈ, ਆਪਣੀ ਗੱਲ ਕਹਿ ਦਿੱਤੀ ਹੈ। ਇਸੇ ਰਚਨਾ ਵਿਚ ਅੱਗੇ ਵੇਖੋ ਜਦੋਂ ਚਰਪਟ ਗੁਰੂ ਸਾਹਿਬ ਉੱਤੇ ਇਹ ਪ੍ਰਸ਼ਨ ਕਰਦਾ ਹੈ:

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ॥ (ਪੰਨਾ ੯੩੮)

ਤਾਂ ਪਹਿਲਾਂ 'ਸੱਚ ਦਾ ਗਿਆਤਾ'' ਕਹਿ ਕੇ ਉਸ ਪ੍ਰਤੀ ਸਤਿਕਾਰ ਪ੍ਰਗਟ ਕਰਦੇ ਹਨ। ਫਿਰ ਜਿਵੇਂ ਇਕ ਆਗਿਆਕਾਰ ਸ਼ਰਧਾਵਾਨ ਅਥਵਾ ਜਗਿਆਸੂ ਵਾਂਗ ਕਹਿੰਦੇ ਹਨ, ਸੱਚੀ-ਮੁੱਚੀਂ ਜੇਕਰ ਇਸ ਬਾਰੇ ਤੁਸੀਂ ਮੇਰੇ ਵਿਚਾਰ ਸੁਣਨੇ ਹੀ ਹਨ ਤਾਂ ਉਹ ਇਉਂ ਹੈ। ਆਪ ਦਾ ਫ਼ੁਰਮਾਨ ਹੈ:

ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ ॥
ਸਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ ॥੪॥
ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥ (ਪੰਨਾ ੯੩੮)

ਇਹ ਗੁਰੂ ਨਾਨਕ ਸਾਹਿਬ ਦੇ ਪ੍ਰਚਾਰ-ਮਾਡਲ ਦਾ ਇਕ ਹੋਰ ਪੱਖ ਹੈ, ਬਿਨਾਂ ਕਿਸੇ ਦਾ ਦਿਲ ਦੁਖਾਇਆਂ ਆਪਣੀ ਗੱਲ ਕਹਿਣੀ ਅਤੇ ਦੂਜੇ ਦੇ ਸ੍ਵੈਮਾਨ ਨੂੰ ਸਵੀਕਾਰ ਕਰਦੇ, ਯੋਗ ਮਾਣ ਦਿੰਦਿਆਂ ਆਪਣੇ ਵਿਚਾਰ ਸਪੱਸ਼ਟ ਕਰਨੇ।

ਗੁਰੂ ਸਾਹਿਬ ਦੇ ਪ੍ਰਚਾਰ-ਮਾਡਲ ਦਾ ਇਕ ਗੁਣ ਇਹ ਹੈ ਕਿ ਆਪ ਬਹੁਤ ਘੱਟ ਸਿੱਧੀ ਸਿੱਖਿਆ ਦਿੰਦੇ ਸਨ ਸਗੋਂ ਬਹੁਤੀ ਵਾਰੀ ਸਥਿਤੀ ਨੂੰ ਆਪਣੇ ਉਪਰ ਢੁਕਾ ਕੇ ਜਾਂ ਆਪਣੇ ਆਪ ਨੂੰ ਸੰਬੋਧਿਤ ਵਰਗ ਦਾ ਭਾਗ ਬਣਾ ਕੇ ਗੱਲ ਕਹਿੰਦੇ। ਕਈ ਵਾਰੀ ਇਉਂ ਵੀ ਕਰਦੇ ਹਨ ਕਿ ਜਦੋਂ ਮੇਰੇ ਜੀਵਨ ਵਿਚ ਕਦੀ ਇਹੋ ਜਿਹੀ ਸਥਿਤੀ ਆਈ ਸੀ ਤਾਂ ਮੇਰੀ ਸੋਚ ਪ੍ਰਣਾਲੀ ਇਉਂ ਦੀ ਸੀ ਅਤੇ ਅੰਤ ਮੈਂ ਇਸ ਨਿਰਣੇ 'ਤੇ ਪੁੱਜਾ ਸੀ ਜਿਵੇਂ ਸੁਝਾਅ ਰਹੇ ਹੋਣ ਕਿ ਵੇਖ ਲਵੋ, ਜੇ ਤੁਹਾਨੂੰ ਵੀ ਇਹ ਠੀਕ ਲੱਗੇ? ਗੁਰੂ ਅਰਜਨ ਪਿਤਾ ਦੇ ਇਹ ਬੋਲ ਇਸ ਪ੍ਰਕਾਰ ਦੀ ਵਿਚਾਰ-ਸੰਚਾਰ ਵਿਧੀ ਦਾ ਆਦਰਸ਼ਕ ਪ੍ਰਮਾਣ ਹਨ:

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥
ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥
ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥ (ਪੰਨਾ ੩੭੧)

ਇਹ ਉਸ ਸਮੇਂ ਦੇ ਉਚਾਰੇ ਹੋਏ ਬੋਲ ਹਨ, ਜਦੋਂ ਗੁਰੂ-ਘਰ ਨਾਲ ਈਰਖਾ ਕਰਨ ਵਾਲਿਆਂ ਦਾ ਚੁੱਕਿਆ-ਚੁਕਾਇਆ, ਵੇਲੇ ਦਾ ਹਾਕਮ ਸੁਲਹੀ ਖ਼ਾਂ ਗੁਰੂ-ਘਰ ਉੱਤੇ ਚੜ੍ਹਾਈ ਕਰਨ ਦੇ ਇਰਾਦੇ ਨਾਲ ਗੁਰੂ-ਘਰ ਵੱਲ ਆਪਣੇ ਫ਼ੌਜੀ ਬਲ ਨਾਲ ਤੁਰ ਪੈਂਦਾ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਇਕ ਸਲਾਹ ਇਹ ਬਣਦੀ ਹੈ ਕਿ ਉਸ ਵੱਲ ਪੱਤਰ ਲਿਖ ਕੇ ਆਪਣਾ ਪੱਖ ਸਪੱਸ਼ਟ ਕੀਤਾ ਜਾਵੇ। ਫਿਰ ਇਹ ਰਾਏ ਬਣਦੀ ਹੈ ਕਿ ਚਿੱਠੀ ਦੀ ਥਾਂ ਦੋ-ਚਾਰ ਸਿਆਣਿਆਂ ਮੁਹਤਬਰ ਬੰਦਿਆਂ ਨੂੰ ਉਸ ਪਾਸ ਭੇਜ ਕੇ ਉਸ ਦੀ ਗ਼ਲਤ-ਫ਼ਹਿਮੀ ਦੂਰ ਕੀਤੀ ਜਾਵੇ। ਇਕ ਰਾਇ ਇਹ ਵੀ ਹੈ ਕਿ ਕਿਉਂ ਨਾ ਉਸ ਨਾਲ ਟਾਕਰੇ ਦੀ ਤਿਆਰੀ ਹੀ ਕਰ ਲਈ ਜਾਵੇ, ਗੁਰੂ ਸਾਹਿਬ ਕਹਿੰਦੇ ਹਨ ਕਿ ਸਭ ਛੱਡ ਕੇ ਇਕ ਪ੍ਰਭੂ ਦੀ ਸ਼ਰਨ ਤੱਕੀ। ਉਸ ਦੇ ਭਾਣੇ ਵਿਚ ਰਹਿ ਕੇ ਉਸ ਦੇ ਹੁਕਮ ਅਨੁਸਾਰ ਜੋ ਵੀ ਹੋਣਾ ਹੈ, ਉਸ ਨੂੰ ਸਹਿਜ ਪ੍ਰਵਾਨ ਕਰਨ ਦਾ ਅੰਤਮ ਫ਼ੈਸਲਾ ਕੀਤਾ। ਮਨੁੱਖੀ ਚਤੁਰਤਾ ਨੂੰ ਉਸ ਦੀ ਰਜ਼ਾ ਦੇ ਟਾਕਰੇ ਉਪਰ ਤੁੱਛ ਸਮਝਦਿਆਂ ਜੋ ਹੋਣਾ ਹੈ, ਉਸ ਨੂੰ ਬਰਦਾਸ਼ਤ ਕਰਨ ਲਈ ਆਪਣੇ ਆਪ ਨੂੰ ਮਾਨਸਿਕ ਤੌਰ 'ਤੇ ਤਿਆਰ ਕਰ ਲਿਆ ਤੇ ਫਿਰ ਹੋਇਆ ਕੀ? ਆਸਾ ਰਾਗ ਦੇ ਲਿਖੇ ਸ਼ਬਦ ਦੀਆਂ ਰਹਾਉ ਵਾਲੀਆਂ ਤੁਕਾਂ ਵਿਚ ਇਉਂ ਦੱਸਿਆ ਹੈ ਕਿ ਭਟਕਣ, ਚਿੰਤਾ ਮੁੱਕ ਗਈ, ਮਨ ਨੂੰ ਸ਼ਾਂਤੀ ਅਤੇ ਸੁਖ ਮਿਲਿਆ, ਟਿਕਾਓ ਵਾਲੀ ਅਵਸਥਾ ਨੂੰ ਧਾਰਨ ਕੀਤਾ ਤੇ 'ਦੁਸ਼ਮਣ ਦੂਤ' ਵੀ ਟਲ ਗਏ ਅਥਵਾ ਖ਼ਤਮ ਹੋ ਗਏ:

ਮਹਾ ਅਨੰਦ ਅਚਿੰਤ ਸਹਜਾਇਆ॥
ਦੁਸਮਨ ਦੂਤ ਮੁਏ ਸੁਖ ਪਾਇਆ॥ (ਪੰਨਾ ੩੭੧)

ਗੁਰੂ ਸਾਹਿਬ ਕਹਿੰਦੇ ਹਨ ਮੈਨੂੰ ਅਕਾਲ ਪੁਰਖ ਵੱਲੋਂ ਇਹ ਹੀ ਸਿੱਖਿਆ ਤੇ ਅਗਵਾਈ ਮਿਲੀ ਹੈ ਕਿ ਜੋ ਕੁਝ ਹੋ ਰਿਹਾ ਹੈ, ਇਹ ਸਭ ਉਸ ਦੇ ਹੁਕਮ ਅਨੁਸਾਰ ਹੈ ਤੇ ਉਸ ਸਰਬ-ਸਮਰੱਥ ਅਕਾਲ ਪੁਰਖ ਦੀ ਓਟ-ਆਸਰੇ ਅਤੇ ਉਸ ਉਪਰ ਪੂਰਨ ਭਰੋਸੇ ਤੋਂ ਬਿਨਾਂ ਸਭ ਕੁਝ ਨਿਰਾਰਥਕ

ਹੈ। ਆਪ ਦਾ ਫ਼ੁਰਮਾਨ ਹੈ:

ਸਤਿਗੁਰਿ ਮੋ ਕਉ ਦੀਆ ਉਪਦੇਸੁ ॥ ਜੀਉ ਪਿੰਡੁ ਸਭੁ ਹਰਿ ਕਾ ਦੇਸੁ ॥
ਜੋ ਕਿਛੁ ਕਰੀ ਸੁ ਤੇਰਾ ਤਾਣੁ ॥ ਤੂੰ ਮੇਰੀ ਓਟ ਤੂੰਹੈ ਦੀਬਾਣੁ ॥੨॥
ਤੁਧਨੋ ਛੋਡਿ ਜਾਈਐ ਪ੍ਰਭ ਕੈਂ ਧਰਿ ॥ ਆਨ ਨ ਬੀਆ ਤੇਰੀ ਸਮਸਰਿ ॥
ਤੇਰੇ ਸੇਵਕ ਕਉ ਕਿਸ ਕੀ ਕਾਣਿ ॥ ਸਾਕਤੁ ਭੂਲਾ ਫਿਰੈ ਬੇਬਾਣਿ ॥੩॥
ਤੇਰੀ ਵਡਿਆਈ ਕਹੀ ਨ ਜਾਇ ॥ ਜਹ ਕਹ ਰਾਖਿ ਲੈਹਿ ਗਲਿ ਲਾਇ ॥
ਨਾਨਕ ਦਾਸ ਤੇਰੀ ਸਰਣਾਈ ॥ ਪ੍ਰਭਿ ਰਾਖੀ ਪੈਜ ਵਜੀ ਵਾਧਾਈ ॥੪॥

(ਪੰਨਾ ੩੭੧)

ਜਦੋਂ ਕਦੀ ਸਿੱਧੀ ਸਿੱਖਿਆ ਦਿੱਤੇ ਬਿਨਾਂ ਨਹੀਂ ਰਿਹਾ ਜਾ ਸਕਦਾ, ਉਦੋਂ ਆਪ ਸਾਰੀ ਸਿੱਖਿਆ ਨੂੰ ਬੜੇ ਤਰਕਸ਼ੀਲ ਢੰਗ ਨਾਲ, ਹਮਦਰਦੀ ਭਰੇ ਲਹਿਜ਼ੇ ਵਿਚ, ਘਿਰਣਾ ਜਾਂ ਸ੍ਵੈ-ਉੱਚਤਾ ਦੀ ਭਾਵਨਾ ਨਾਲ ਨਹੀਂ, ਸਗੋਂ ਬਰਾਬਰ ਦਾ ਬਣ ਕੇ ਭਾਈ, ਮਿੱਤਰ, ਭੋਲਾ, ਅੰਞਾਣਾ ਆਦਿ ਸ਼ਬਦਾਂ ਨਾਲ ਸੰਬੋਧਿਤ ਕਰ ਕੇ ਦਿੰਦੇ ਹਨ ਜਿਸ ਵਿਚ ਇਕ ਪਿਆਰ, ਸਨੇਹ ਤੇ ਹਿਤ-ਭਰੀ ਗਲਵਕੜੀ ਦਾ ਨਿੱਘ ਹੁੰਦਾ ਹੈ। ਇਸ ਸਿੱਖਿਆ ਲਈ ਵਰਤੀ ਗਈ ਸ਼ਬਦਾਵਲੀ, ਪ੍ਰਤੀਕ ਅਤੇ ਇਹਨਾਂ ਨਾਲ ਉਸਾਰੇ ਗਏ ਬਿੰਬ ਉਸ ਸੰਬੋਧਿਤ ਵਰਗ ਦੇ ਹੀ ਲਏ ਜਾਂਦੇ ਹਨ। ਇਥੋਂ ਤਕ ਕਿ ਉਹਨਾਂ ਦੇ ਜੀਵਨ ਅਥਵਾ ਕਾਰ-ਵਿਹਾਰ, ਆਚਾਰ-ਵਿਚਾਰ ਵਿਚ ਆ ਚੁੱਕੇ ਪਤਨ ਨੂੰ ਵੀ ਗੁਰੂ ਸਾਹਿਬ ਆਪਣੇ ਮਾਪ-ਦੰਡਾਂ ਨਾਲ ਨਹੀਂ, ਉਹਨਾਂ ਦੇ ਸਵੀਕ੍ਰਿਤ ਅਥਵਾ ਉਹਨਾਂ ਦੇ ਮਾਰਗ ਦੇ ਪ੍ਰਵਾਣਿਤ ਅਸੂਲਾਂ ਨੂੰ ਆਧਾਰ ਬਣਾ ਕੇ ਹੀ ਜਤਲਾਉਂਦੇ ਹਨ ਅਤੇ ਉਹਨਾਂ ਨੂੰ ਆਪ ਹੀ ਇਸ ਦਾ ਅਨੁਭਵ ਕਰਨ ਲਈ ਛੱਡ ਦਿੰਦੇ ਹਨ। ਜਦੋਂ ਮੁਸਲਮਾਨ ਨੂੰ ਸੰਬੋਧਿਤ ਹੁੰਦੇ ਹਨ ਤਾਂ ਆਪ ਦੇ ਬੋਲ ਹਨ:

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥ (ਪੰਨਾ ੧੪੧)
ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥ (ਪੰਨਾ ੧੪੧)

ਇੰਜ ਹੀ ਹੋਰ ਸਮਕਾਲੀ ਸੰਪਰਦਾਵਾਂ ਨੂੰ ਸੰਬੋਧਨ ਕਰਦਿਆਂ ਕੀਤਾ ਹੈ। ਕਿਤੇ ਵੀ ਕਿਸੇ ਨੂੰ ਵੀ ਆਪਣਾ ਮਤਿ ਬਦਲਣ ਲਈ ਨਹੀਂ ਕਿਹਾ ਕਿਉਂਕਿ ਗੁਰੂ ਸਾਹਿਬ ਦਾ ਉਦੇਸ਼ ਸੱਚੇ-ਸੁੱਚੇ ਮਾਨਵ-ਸਮਾਜ ਦੀ ਉਸਾਰੀ ਦਾ ਹੈ, ਕਿਸੇ ਸੰਪਰਦਾ-ਵਿਸ਼ੇਸ਼ ਦੀ ਉਸਾਰੀ ਦਾ ਨਹੀਂ। ਉਹ ਉਸਾਰੀ ਲਈ ਆਪਣੇ ਵਿਚਾਰ ਅਥਵਾ ਆਪਣੇ ਮਾਰਗ ਦਾ ਉਲੇਖ ਜ਼ਰੂਰ ਕਰਦੇ ਹਨ ਪਰ ਉਸ ਨੂੰ ਇਸ ਸਮਾਜ-ਸਥਾਪਤੀ ਦਾ ਇਕ ਤੇ ਕੇਵਲ ਇਕ ਮਾਰਗ ਦੱਸ ਕੇ ਨਹੀਂ। ਉਹਨਾਂ ਦਾ ਬਲ

ਕੇਵਲ ਸੁਹਿਰਦਤਾ ਹੈ ਤੇ ਕੇਵਲ ਤਨੋਂ ਨਹੀਂ ਮਨੋਂ ਹੋ ਕੇ, ਉਸ ਨੂੰ ਉੱਚੇ ਅਸੂਲਾਂ ਨੂੰ ਅਪਨਾਉਣ ਲਈ ਪ੍ਰੇਰਦੇ ਹਨ, ਕਥਨੀ ਕਰ ਕੇ ਹੀ ਨਹੀਂ, ਕਰਣੀ ਕਰ ਕੇ ਉਸ ਨੂੰ ਧਾਰਨ ਕਰਨ ਲਈ ਕਹਿੰਦੇ ਹਨ। ਆਪਣੇ ਮਾਰਗ ਦੀ ਆਤਮਾ ਤਕ ਪੁੱਜ ਕੇ, ਉਸ ਨੂੰ ਜੀਵਨ-ਆਧਾਰ ਬਣਨ ਲਈ ਕਿਹਾ ਹੈ, ਕੇਵਲ ਸਤਹੀ ਪੱਧਰ ਤਕ ਰਹਿ ਜਾਣ ਤੋਂ ਮਨੁੱਖ ਨੂੰ ਵਰਜਿਆ ਹੈ। ਇਥੋਂ ਹੀ ਪ੍ਰਚਾਰਕ ਦੇ ਰੂਪ ਵਿਚ ਗੁਰੂ ਸਾਹਿਬ ਦੀ ਪ੍ਰਚਾਰ-ਜੁਗਤ ਦਾ ਇਕ ਮਹੱਤਵਪੂਰਣ ਪੱਖ ਸਾਡੇ ਦ੍ਰਿਸ਼ਟੀਗੋਚਰ ਹੁੰਦਾ ਹੈ। ਉਹਨਾਂ ਦਾ ਉਦੇਸ਼ ਮਾਨਵ-ਕਲਿਆਣ ਸੀ। ਉਹ ਕਦੀ ਵੀ, ਆਪਣੀ ਗੱਲ ਕਿਸੇ ਉੱਤੇ ਠੋਸਦੇ ਨਹੀਂ ਸਨ, ਸਗੋਂ ਜਿਥੇ ਵੀ ਜਿਸ ਮਾਰਗ ਰਾਹੀਂ ਵੀ ਕੋਈ ਪੁੱਜਾ ਹੈ, ਉਸ ਨੂੰ ਉਥੋਂ ਉਪਰ ਚੁੱਕਣਾ ਚਾਹੁੰਦੇ ਸਨ। ਦ੍ਰਿਸ਼ਟੀ ਏਕੀਕਰਣ ਕਰਨ ਦੀ ਨਹੀਂ ਸਗੋਂ ਵਿਦਵਤਾ ਵਿਚ ਏਕਤਾ (unity in diversity) ਵੇਖਣ ਦੀ ਹੈ।

ਗੁਰੂ ਸਾਹਿਬ ਆਪਣੀ ਗੱਲ ਤੇ ਸਫਲ ਸੰਚਾਰ ਲਈ ਜਿਨ੍ਹਾਂ ਜੁਗਤਾਂ ਦੀ ਵਰਤੋਂ ਕਰਦੇ ਹਨ ਅਥਵਾ ਜੋ ਪ੍ਰਤੀਕ ਆਦਿ ਵਰਤਦੇ ਹਨ, ਉਹ ਵੀ ਸੰਬੋਧਿਤ ਵਰਗ ਦੇ ਭਾਵਾਤਮਕ ਸਾਂਝ ਵਾਲੇ ਖੇਤਰ ਦੇ ਹੀ ਹੁੰਦੇ ਹਨ, ਭਾਰਤੀ ਮਿਥਿਹਾਸ ਅਥਵਾ ਸਾਮੀ ਗ੍ਰੰਥਾਂ ਦੇ ਬਿੰਬ ਇਸੇ ਦੇ ਉਦਾਹਰਣ ਹਨ। ਭਗਤਾਂ ਦੇ ਜੀਵਨ ਦੇ ਦ੍ਰਿਸ਼ਟਾਂਤ ਜਿਵੇਂ ਭਗਤ ਆਦਿ ਲੋਕਯਾਨਿਕ ਸਾਮੱਗਰੀ ਦੀ ਵਰਤੋਂ, ਸਭ ਇਸੇ ਦੇ ਪ੍ਰਮਾਣ ਹਨ।

ਸਾਰੰਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਪ੍ਰਚਾਰ ਦਾ ਜੋ ਮਾਡਲ ਉਹਨਾਂ ਦੀ ਬਾਣੀ ਅਥਵਾ ਜਨਮਸਾਖੀਆਂ ਤੋਂ ਉੱਘੜਦਾ ਹੈ ਉਹ ਬੜਾ ਸਾਰਥਕ ਮਾਡਲ ਹੈ, ਬੜਾ ਹੀ ਮਨੋਵਿਗਿਆਨਕ ਤੇ ਮਨੁੱਖ ਦੀ ਮੁੱਢਲੀ ਪ੍ਰਵਿਰਤੀ ਦੇ ਅਨੁਸਾਰ ਹੈ, ਕਿਉਂਕਿ ਆਪ ਆਪਣੀ ਗੱਲ ਵਿਚਾਰਧਾਰਾ ਨੂੰ ਠੋਸਣ ਅਥਵਾ ਜ਼ਬਰਦਸਤੀ ਨਾਲ ਮਨਾਉਣਾ ਨਹੀਂ ਸਨ ਚਾਹੁੰਦੇ ਸਗੋਂ ਸੁਝਾਓ ਤੇ ਪ੍ਰੇਰਣਾ ਦੇਣੀ ਚਾਹੁੰਦੇ ਸਨ। ਉਹਨਾਂ ਦਾ ਉਦੇਸ਼ ਸੰਬਾਦ ਰਚਾ ਕੇ ਕੇਵਲ ਆਪਣੀ ਗੱਲ ਸੁਣਾਨ ਦਾ ਹੀ ਨਹੀਂ ਸਗੋਂ ਪੂਰਨ ਸਹਾਨੁਭੂਤੀ ਨਾਲ ਦੂਜੀ ਧਿਰ ਦੀ ਗੱਲ ਵਿਚਾਰ ਨੂੰ ਪੂਰੇ ਧਿਆਨ ਨਾਲ ਸੁਣਨ ਤੇ ਸਮਝਣ ਦਾ ਹੈ ਜਿਸ ਨਾਲ ਸੰਬੋਧਿਤ ਵਰਗ ਕੇਵਲ ਲੈਣ ਵਾਲੀ ਧਿਰ ਹੀ ਨਹੀਂ ਰਹਿੰਦਾ। ਉਸ ਅੰਦਰ ਕਿਸੇ ਪ੍ਰਕਾਰ ਦੀ ਹੀਣਤਾ ਦਾ ਭਾਵ ਪੈਦਾ ਹੋਣ ਦੀ ਸੰਭਾਵਨਾ ਹੀ ਨਹੀਂ ਬਣਦੀ, ਸਗੋਂ ਉਹ ਸਾਰੀ ਵਿਚਾਰ ਦਾ ਭਾਗੀਦਾਰ ਬਣ ਕੇ ਆਪਣੇ ਆਪ ਨੂੰ ਬਰਾਬਰ ਦਾ ਸਾਂਝੀਦਾਰ ਸਮਝਦਾ ਹੈ। ਇਸ ਸੰਬਾਦ ਵਿਚ ਉਦੇਸ਼ ਕੋਈ ਕੋਟੀ-ਮੂਲਕ ਨਿਰਣੇ ਦੇਣ ਦਾ ਨਹੀਂ ਹੁੰਦਾ ਸਗੋਂ ਨਿਰਲੇਪ ਜਿਹੇ ਰੂਪ ਵਿਚ ਸਾਰੇ ਵਿਚਾਰ ਤੇ ਸਥਿਤੀ ਦਾ ਵਿਸ਼ਲੇਸ਼ਣ ਕਰ ਕੇ ਉਸ ਨੂੰ ਰਲ-ਮਿਲ ਕੇ ਸਮਝਣ ਲਈ ਉਪਰਾਲਾ ਕਰਨ ਦਾ ਹੁੰਦਾ ਹੈ, ਕਿਸੇ ਦਿਗ-ਵਿਜੈ ਦੀ ਭਾਵਨਾ, ਕਿਸੇ ਧਿਰ ਨੂੰ ਨੀਵਾਂ ਜਾਂ ਹਾਰਿਆ ਹੋਇਆ ਵਿਖਾਣ ਦੀ ਭਾਵਨਾ ਨਹੀਂ ਹੁੰਦੀ ਸਗੋਂ ਜੀਵਨ-ਉਦੇਸ਼ ਦੀ ਪ੍ਰਾਪਤੀ ਅਥਵਾ ਸੱਚ ਨੂੰ ਸਮਝਣ ਲਈ ਰਲ ਬੈਠ, ਇਕ ਦੂਜੇ ਦੇ ਸਹਾਈ ਹੋਣ ਦੀ ਲੋਚਾ ਹੁੰਦੀ ਹੈ। ਸਤਿਗੁਰੂ ਬਖ਼ਸ਼ਿਸ਼ ਕਰਨ, ਅਸੀਂ ਉਹਨਾਂ ਦੇ ਮਤਿ ਦੇ ਪ੍ਰਚਾਰਕ, ਇਸ ਮਾਡਲ ਵਿਚੋਂ ਕੁਝ ਗ੍ਰਹਿਣ ਕਰ, ਉਸ ਗੁਰੂ ਦੀ ਅਗਵਾਈ ਨੂੰ ਆਪਣੇ ਕਾਰਜਾਂ ਅਤੇ ਜੀਵਨ ਵਿਵਹਾਰ ਵਿਚ ਸਾਰਥਕ ਰੂਪ ਵਿਚ ਗ੍ਰਹਿਣ ਕਰ ਸਕੀਏ ਤੇ ਇਹ ਪ੍ਰਚਾਰ ਸਾਡੇ ਲਈ ਕੇਵਲ ਕਿੱਤਾ ਨਾ ਬਣ ਕੇ ਸਾਡੇ ਜੀਵਨ ਦਾ ਮਿਸ਼ਨ ਬਣ ਸਕੇ।

ਗੁਰੂ ਸਾਹਿਬ ਦੇ ਇਸ ਮਾਡਲ ਦਾ ਇਕ ਬੜਾ ਹੀ ਸਾਰਥਕ ਪੱਖ ਇਹ ਹੈ ਕਿ ਗੁਰੂ

ਸਾਹਿਬ ਕਥਨੀ ਦੇ ਸੂਰੇ ਹੀ ਨਹੀਂ ਸਨ ਸਗੋਂ ਕਰਨੀ ਦੇ ਸੂਰੇ ਵੀ ਸਨ। ਜੋ ਕੁਝ ਉਹ ਕਹਿੰਦੇ ਸਨ, ਉਹ ਕੇਵਲ ਉਹਨਾਂ ਦਾ ਵਿਸ਼ਵਾਸ ਹੀ ਨਹੀਂ ਸੀ ਹੁੰਦਾ, ਜੀਵਨ ਹੁੰਦਾ ਸੀ। ਉਹ ਆਪ ਪਹਿਲਾਂ ਉਸ ਨੂੰ ਜੀਵਨ ਵਿਚ ਧਾਰ ਉਸ ਦਾ ਪਰਿਣਾਮ ਵੇਖ ਚੁੱਕੇ ਹੁੰਦੇ ਸਨ। ਉਹ ਆਪ ਉਸ ਦਾ ਸਾਕਾਰ ਮਾਨਵੀ ਕ੍ਰਿਤ ਮਾਡਲ ਹੁੰਦੇ ਸਨ। ਉਹ ਕੇਵਲ ਇਕ ਪ੍ਰਯੋਗ ਹੀ ਨਹੀਂ ਸੀ ਹੁੰਦਾ ਜੋ ਉਹ ਦੂਜਿਆਂ ਉਪਰ ਕਰਨਾ ਚਾਹੁੰਦੇ ਸਨ ਸਗੋਂ ਜੀਵਨ-ਤਜਰਬੇ 'ਤੇ ਆਧਾਰਿਤ ਪਰਖਿਆ ਭਾਂਪਿਆ ਹੋਇਆ ਜੀਵਨ-ਤੱਤ ਹੁੰਦਾ ਸੀ ਜਿਸ ਦੀ ਸਾਂਝ ਕਰ ਉਹ ਸਮੁੱਚੇ ਮਾਨਵ ਕਲਿਆਣ ਦੇ ਉਦੇਸ਼ ਦੀ ਪ੍ਰਾਪਤੀ ਕਰਨਾ ਲੋੜਦੇ ਸਨ।

(11/1996)

ਹਸਮੁਖ ਗੁਰੂ ਨਾਨਕ ਸਾਹਿਬ

ਹਸਣ ਹਸਾਉਣ ਦੇ ਵਿਕੋਲਿਤਰੇ ਢੰਗ ਕੇਵਲ ਤਨ ਲਈ ਹੀ ਨਹੀਂ ਸਗੋਂ ਮਨ ਲਈ ਵੀ ਇਕ ਨਰੋਆ ਸਾਧਨ ਹਨ। ਹੱਸ ਸਕਣਾ ਇਕ ਕਲਾ ਹੈ। ਮੂਰਖ ਦੇ ਹੱਥ ਆਈ ਇਹ ਕਲਾ ਉਸ ਦੇ ਅੰਦਰ ਵਾਂਗ ਖੋਖਲੀ ਹੈ ਅਤੇ ਸੁਘੜ ਦੇ ਹੱਥ ਆਈ ਇਹੋ ਕਲਾ ਉਸ ਦੀ ਆਤਮਿਕ ਭਰਪੂਰਤਾ ਦਾ ਚਿੰਨ੍ਹ ਹੈ। ਹਾਸੇ ਅਤੇ ਹਾਸ-ਵਿਅੰਗ ਦਾ ਕਲਾਮਈ ਸੰਬੰਧ ਹੈ। ਹਾਸੇ ਦੀ ਤੀਬਰਤਾ ਅਤੇ ਹਾਸ-ਵਿਅੰਗ ਦੀ ਤੀਖਣਤਾ ਉਸ ਦੇ ਜ਼ਬਤ ਅਧੀਨ ਪ੍ਰਗਟਾਅ ਵਿਚ ਹੈ। ਹਾਸੇ ਨਾਲੋਂ ਹਾਸ-ਵਿਅੰਗ ਦਾ ਜ਼ਾਬਤਾ ਕੁਝ ਕਠਿਨ ਹੈ, ਹਾਸਾ ਵਕਤੀ ਖੁਸ਼ੀ ਹੈ, ਵਿਅੰਗ ਚਿਰ-ਸਥਾਈ ਅਵਸਥਾ ਹੈ। ਗੁਰੂ ਨਾਨਕ ਦੇਵ ਜੀ ਇਕ ਬਹੁਪੱਖੀ ਸ਼ਖ਼ਸੀਅਤ ਦੇ ਸੁਆਮੀ ਹੋਣ ਕਾਰਨ ਹਾਸ-ਵਿਅੰਗ ਦੇ ਪੱਖੋਂ, ਅਤਿ ਸੰਜੀਦਾ ਧਾਰਮਿਕ ਰੁਚੀਆਂ ਨੂੰ ਇਕ ਪ੍ਰਸੰਸਾ-ਜਨਕ ਨਰੋਈ ਸੇਧ ਬਖ਼ਸ਼ਦੇ ਹਨ।

ਗੁਰੂ ਨਾਨਕ ਦੇਵ ਜੀ ਦੀ ਭਰਪੂਰ ਸ਼ਖ਼ਸੀਅਤ ਵਿਚੋਂ ਹਾਸ-ਰਸ ਦਾ ਅੰਗ ਨਿਖੇੜਨਾ ਇਕ ਕਠਿਨ ਸਮੱਸਿਆ ਹੈ। ਇਤਿਹਾਸਕ ਪੱਖੋਂ ਸਤਿਗੁਰੂ ਜੀ ਦੇ ਜੀਵਨ ਬਾਰੇ ਪੂਰਨ ਸੇਧ ਨਹੀਂ ਮਿਲਦੀ, ਸਾਖੀਕਾਰਾਂ ਦਾ ਉਪਰਾਲਾ ਵੀ ਇਸ ਪੱਖੋਂ ਊਣਾ ਹੈ। ਜਾਂ ਤਾਂ ਅਪਾਰ ਸ਼ਰਧਾ ਅਧੀਨ ਬੇਲੋੜੀਆਂ ਕਰਾਮਾਤਾਂ ਦੀ ਭਰਮਾਰ ਹੇਠਾਂ ਇਸ ਚਾਨਣ-ਸੋਮੇ ਨੂੰ ਧੁੰਦਲਾ ਕਰ ਦਿੱਤਾ ਗਿਆ ਹੈ ਜਾਂ ਧਾਰਮਿਕ ਵਿਖੇਪਤਾ ਕਾਰਨ ਸਤਿਗੁਰੂ ਜੀ ਨੂੰ ਕਿਸੇ ਸੰਪਰਦਾਇਕ ਆਗੂ ਦੀ ਪੱਧਰ ਤਕ ਲਿਆਉਣ ਲਈ ਸਤਿਗੁਰੂ ਜੀ ਦੀ ਸਰਲ ਸਿੱਖਿਆ ਦੀ ਸੇਧ ਬਦਲ ਦਿੱਤੀ ਗਈ ਹੈ। ਇਸ ਸਥਿਤੀ ਵਿਚ ਸਤਿਗੁਰੂ ਜੀ ਦੇ ਸਵੈਮਾਨਤ ਸਹੀ-ਸਹੀ ਸਰੂਪ ਦੀ ਜਾਣਕਾਰੀ ਅਤੇ ਉਹਨਾਂ ਦੀ ਉੱਤਮ ਸਿੱਖਿਆ ਦੀ ਸੇਧ ਲੱਭਣ ਲਈ ਸਤਿਗੁਰੂ ਜੀ ਦੀ ਪਾਵਨ ਬਾਣੀ ਦੇ ਨਾਲ-ਨਾਲ ਪੁਰਾਤਨ ਹੱਥ-ਲਿਖਤਾਂ ਦਾ ਸਹਾਰਾ ਲੈਣਾ ਅਵੱਸ਼ਕ ਜਾਪਦਾ ਹੈ। ਇਸੇ ਸਹਾਰੇ ਹੀ ਸਤਿਗੁਰੂ ਜੀ ਦੀ ਹਾਸ-ਰਸੀ ਰੁਚੀ ਤਕ ਅਪੜਨ ਦਾ ਉਪਰਾਲਾ ਹੈ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਸ਼ਵ ਸਾਹਿਤ ਨੂੰ ਅਮੋਲ ਦੇਣ ਹੈ। ਕਾਵਿ ਸਾਹਿਤ ਦੇ ਰੂਪਕ ਪੱਖ ਦੇ ਅਨੇਕ ਲੱਛਣਾਂ ਤੋਂ ਛੁੱਟ ਭਰਮਾਂ ਉਪਰ ਸਤਿਗੁਰੂ ਜੀ ਦੀ ਢੁੱਕਵੀਂ ਤੇ ਚਿੱਤਰਮਈ ਬਾਣੀ ਦੀ ਅਗਵਾਈ ਵਿਚੋਂ ਹਾਸ-ਵਿਅੰਗ ਦਾ ਉਚੇਰਾ ਵਰਣਨ ਕੇਵਲ ਉਹਨਾਂ ਦੀ ਬਾਣੀ ਦਾ ਹੀ ਨਹੀਂ, ਉਹਨਾਂ ਦੇ ਉਦੇਸ਼ ਦਾ ਵੀ ਮਹੱਤਵਪੂਰਨ ਅੰਗ ਬਣਦਾ ਹੈ। ਇਸ ਵਿਚ ਉੱਕਾ ਸੰਦੇਹ ਨਹੀਂ ਕਿ ਗੁਰੂ ਨਾਨਕ ਬਾਣੀ ਦਾ ਹਾਸ-ਰਸੀ ਪੱਖ ਉਹਨਾਂ ਦੇ ਸੀਮਿਤ-ਦ੍ਰਿਸ਼ਟੀ ਸ਼ਰਧਾਲੂਆਂ ਨੇ ਅੱਖੋਂ ਓਹਲੇ ਰੱਖਿਆ, ਕਿਉਂਕਿ ਪਰੰਪਰਾਗਤ ਸ਼ਰਧਾ ਵਜੋਂ ਲੋਕਾਂ ਨੇ ਸਤਿਗੁਰੂ ਜੀ ਨੂੰ 'ਬਾਬਾ' ਆਖਣਾ ਆਰੰਭ ਕਰ ਦਿੱਤਾ। ਇਥੋਂ ਤਕ ਕਿ ਕਈ ਸਾਖੀਕਾਰਾਂ ਨੇ ਉਹਨਾਂ ਦੇ ਬਚਪਨ

ਅਤੇ ਬਾਲ-ਲੀਲਾ ਦਾ ਵਰਣਨ ਵੀ 'ਬਾਬਾ' ਆਖ ਕੇ ਹੀ ਕੀਤਾ। ਇਸੇ ਅਗਵਾਈ ਅਧੀਨ ਪੂਰਵਵਾਦੀ ਚਿੱਤਰਕਾਰਾਂ ਨੇ ਸਤਿਗੁਰੂ ਜੀ ਦਾ ਸਰੂਪ ਚਿਤਰਨ ਲਈ 'ਚਿੱਟਾ ਦਾਹੜਾ', 'ਬੁੱਢੀ ਅਵਸਥਾ' ਅਤੇ 'ਭਰਪੂਰ ਗੰਭੀਰਤਾ' ਨੂੰ ਹੀ ਅਧਾਰ ਬਣਾਇਆ। ਇਥੋਂ ਤਕ ਹੀ ਬੱਸ ਨਹੀਂ, ਇਕ ਥਾਂ ਉਹਨਾਂ ਦੀ ਪਹਿਲੀ ਉਦਾਸੀ ਸਮੇਂ ਦਾ ਚਿੱਤਰ, ਸਤਿਗੁਰੂ ਜੀ ਦੀ ਭਰਪੂਰ ਜੁਆਨੀ ਦੀ 30 ਸਾਲਾਂ ਦੀ ਆਯੂ ਨੂੰ ਵੀ ਚਿੱਟੇ ਦਾਹੜੇ ਨਾਲ ਪੇਸ਼ ਕੀਤਾ। ਇਉਂ ਪ੍ਰਤੀਤ ਹੁੰਦਾ ਹੈ ਕਿ ਸਤਿਗੁਰੂ ਜੀ ਦੀ ਵਡਿਆਈ ਦਾ ਧੁਰਾ ਹੀ ਅਤਿ ਸੰਜੀਦਗੀ ਨੂੰ ਮਿਥ ਲਿਆ ਗਿਆ ਸੀ। ਜਦੋਂ ਕਿ ਗੁਰੂ ਨਾਨਕ ਦੇਵ ਜੀ ਦੀ ਵਿਸ਼ੇਸ਼ ਵਡਿੱਤਣ ਇਸ ਗੱਲ ਤੋਂ ਪ੍ਰਤੱਖ ਜਾਪਦੀ ਹੈ ਕਿ ਉਹਨਾਂ ਨੇ ਅਤਿ ਗੰਭੀਰ ਸਮੱਸਿਆਵਾਂ ਦੀ ਕੁੜੱਤਣ ਨੂੰ ਵੀ ਹਾਸ-ਰਸ ਦੀ ਚਾਸ਼ਨੀ ਵਿਚ ਸਮੋਇਆ, ਜਿਵੇਂ ਗੰਗਾ ਕੰਢੇ ਹਰਿਦੁਆਰ ਵਰਗੇ ਕਰਮ-ਕਾਂਡੀ ਚੁਗਿਰਦੇ ਵਿਚ ਪੰਡਤਾਂ ਦੇ 'ਪਿਤਰਾਂ ਵੱਲ ਪਾਣੀ ਪੁਚਾਣ' ਦੇ ਭਰਮ ਨੂੰ ਨਿੱਕੀ ਜਿਹੀ ਹਾਸ-ਰਸੀ ਛੁਹ ਨਾਲ ਪ੍ਰਭਾਵਿਤ ਕਰ ਲਿਆ, ਨਹੀਂ ਤਾਂ ਇਹੋ ਜਿਹੀ ਅਵਸਥਾ ਨੂੰ ਗੰਭੀਰਤਾ ਨਾਲ ਨਜਿੱਠਿਆਂ ਭਾਵੇਂ ਬਹੁਤ ਕਰੜੇ ਸਿੱਟੇ ਨਿਕਲਣ ਦਾ ਡਰ ਹੁੰਦਾ।

ਵਿਆਖਿਆਮਈ ਵੰਨਗੀ ਲਈ ਕੁਝ ਉਦਾਹਰਨਾਂ ਪ੍ਰਚਲਿਤ ਸਾਖੀਆਂ ਦੇ ਆਧਾਰ 'ਤੇ ਦ੍ਰਿਸ਼ਟੀਗੋਚਰ ਹਨ, ਜਿਨ੍ਹਾਂ ਵਿਚੋਂ ਬਹੁਤਾ ਕਰਕੇ ਵਿਅੰਗਮਈ ਟਕੋਰ ਦੁਆਰਾ ਜਾਂ ਉਪਦੇਸ਼ਮਈ ਸੂਖ਼ਮ ਸੈਨਤ ਜਾਂ ਵਿਚਾਰਸ਼ੀਲ ਅਨੁਭਵੀ ਜੁਗਤ ਦੁਆਰਾ ਹਾਸ-ਰਸ ਉਤਪੰਨ ਕਰ ਕੇ ਸਾਹਿਤਕ ਵਿਸ਼ੇ-ਵਸਤੂ ਨੂੰ ਸ਼ਿੰਗਾਰਿਆ।

ਹਾਸ-ਰਸ ਨੂੰ ਸਮਝਣ ਲਈ ਇਹ ਉਚਿਤ ਹੈ ਕਿ ਹਰ ਉਹ ਵਾਕ ਜਿਥੇ 'ਹਾਸੇ' ਸ਼ਬਦ ਦਾ ਵਰਣਨ ਹੋਵੇ, ਹਾਸ-ਰਸ ਨਹੀਂ ਹੋ ਜਾਂਦਾ, ਜਿਵੇਂ:

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥ (ਪੰਨਾ ੫੨੨)

ਇਹ ਜ਼ਰੂਰੀ ਨਹੀਂ ਕਿ ਹਾਸ-ਰਸ ਵਾਲੀ ਪੰਕਤੀ ਵਿਚ 'ਹਾਸਾ' ਸ਼ਬਦ ਜ਼ਰੂਰ ਹੋਵੇ ਸਗੋਂ ਹਾਸ-ਰਸ ਤਾਂ ਵਿਚਾਰਸ਼ੀਲ ਵਿਅੰਗ ਜਾਂ ਕਲਾਤਮਕ ਕਟਾਖ਼ਸ਼ ਰਾਹੀਂ ਭਲੀ-ਭਾਂਤ ਉਤਪੰਨ ਹੁੰਦਾ ਹੈ। ਨਿੱਕਾ ਜਿਹਾ ਗੁਣਾਤਮਕ ਅੱਖਰੀ ਅਦਲ-ਬਦਲ ਵੀ ਅੱਛੇ-ਖ਼ਾਸੇ ਹਸ-ਰਸ ਦਾ ਕਾਰਨ ਬਣ ਸਕਦਾ ਹੈ, ਹਾਸ-ਰਸ ਦਾ ਸੰਬੰਧ ਸਾਹਿਤ ਦੇ ਬਾਕੀ ਨੌਂ ਰਸਾਂ ਵਾਂਗ ਸਾਹਿਤ ਨੂੰ ਸ਼ਿੰਗਾਰਨ ਲਈ ਭਾਵ ਪੂਰਤ ਉਪਰਾਲਾ ਹੈ। ਤਾਂ ਜੋ ਸਾਹਿਤਕ ਪ੍ਰਭਾਵ ਉਤੇਜਿਤ ਹੋ ਸਕੇ। ਕੇਵਲ ਇਤਨਾ ਹੀ ਨਹੀਂ ਹਾਸ-ਰਸੀ ਛੁਹ ਨਾਲ ਤਾਂ ਦੁੱਖ ਅਤੇ ਨਿਰਾਸਤਾ ਦੀ ਸਥਿਤੀ ਵਿਚ ਵੀ ਭਰਪੂਰ ਆਸ਼ਾ ਦੀ ਸ਼ੋਕਮਈ ਝਲਕ ਉਤਪੰਨ ਕੀਤੀ ਜਾ ਸਕਦੀ ਹੈ।

ਉਪਰੋਕਤ ਵਿਚਾਰਾਂ ਦੇ ਪ੍ਰਭਾਵ ਅਧੀਨ, ਪੁਰਾਤਨ ਸਾਖੀਕਾਰਾਂ ਦੇ ਦ੍ਰਿਸ਼ਟੀਕੋਣ ਤੋਂ ਗੁਰੂ ਨਾਨਕ ਦੇਵ ਜੀ ਦੀ ਹਾਸ-ਰਸੀ ਪ੍ਰਤਿਭਾ ਨੂੰ ਵਿਚਾਰਨਾ, ਇਸ ਲੇਖ ਦੇ ਆਸ਼ੇ ਲਈ ਸਹਾਇਕ ਸਿੱਧ ਹੋਵੇਗਾ :

1. ਗੁਰੂ ਨਾਨਕ ਦੇਵ ਜੀ ਵਰਿਹਾਂ ਸਤਾਂ ਦੇ ਸਨ, ਕਿ ਪਿਤਾ ਕਾਲੂ ਜੀ ਵਿਦਿਆ ਵਾਸਤੇ ਇਨ੍ਹਾਂ ਨੂੰ ਪਾਂਧੇ ਪਾਸ ਲੈ ਗਏ ਤਬ ਗੁਰੂ ਨਾਨਕ ਜੀ, ਇਕ ਦਿਨ ਪੜ੍ਹਿਆ ਅਗਲੇ ਦਿਨ ਚੁਪ ਕਰ ਰਹਿਆ ਤਾਂ ਪਾਂਧੇ ਪੁਛਿਆ, 'ਨਾਨਕ ਤੂੰ ਪੜ੍ਹਦਾ ਕਿਉਂ ਨਹੀ", ਤਬ ਗੁਰੂ

ਨਾਨਕ ਕਹਿਆ, ਹੇ ਪੰਡਤ, ਤੂੰ ਕੁਛ ਪੜਿਆ ਹੈ ਜੋ ਮੇਰੇ ਤਾਈਂ ਪੜਾਉਂਦਾ ਹੈਂ।

(ਪੁਰਾਤਨ ਜਨਮਸਾਖੀ, ਪੰਨਾ 4)

ਪੰਡਤ ਵਿਚਾਰਵਾਨ ਸੀ, ਇਹ ਵਿਅੰਗ ਸਮਝ ਕੇ ਹੱਸ ਪਿਆ।

2. ਵੈਦ ਵਾਲੀ ਵਾਰਤਾ ਵਿਚ "ਬਾਬਾ ਨਾਨਕ ਮਹੀਨੇ ਤਿੰਨ ਤਾਈਂ ਖਾਵੇ ਪੀਵੇ ਕੁਝ ਨਾਹੀਂ, ਅੰਦਰ ਚੁਪ ਕਰ ਪੈ ਰਿਹਾ, ਸਾਰਾ ਪਰਿਵਾਰ ਵੇਦੀਆਂ ਦਾ ਓਦਰਿਆ। ਸਭੇ ਲਗੇ ਆਖਣ, ਕਾਲੂ ਕਿਛ ਦਾਰੂ ਕਰਿ। ਮਹਿਤਾ ਕਾਲੂ ਵੈਦ ਨੂੰ ਲੈ ਆਇਆ। ਤਬ ਵੈਦ ਬਾਂਹ ਪਕੜ ਲੱਗਾ ਦੇਖਣ। ਤਬ ਬਾਬਾ ਹਸਿਆ। ਸਲੋਕ ਦਿਤੋਸੁ:

ਵੈਦ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥

(ਪੁਰਾਤਨ ਜਨਮਸਾਖੀ, ਪੰਨਾ 11)

ਇਹ ਕਿਹੋ ਜਿਹੀ ਅਵਸਥਾ ਹੈ ਕਿ ਵੈਦ ਨਬਜ਼ ਦੇਖਣ ਬੈਠਾ ਤਾਂ ਮਰੀਜ਼ ਨੇ ਉਸਦੇ ਅੰਤਰ ਆਤਮੇ ਨੂੰ ਜਾ ਚੋਭ ਲਾਈ। ਬਾਬਾ ਹੱਸਿਆ ਤੇ ਵੈਦ ਨੂੰ ਅੰਦਰ ਦੀ ਸੋਝੀ ਆਈ।

3. ਜੰਞੂ ਦੀ ਰਸਮ ਸਮੇਂ ਗੁਰੂ ਜੀ ਪਰੋਹਤ ਨੂੰ ਅਗੋਵਾਲੀ ਹੋ ਕੇ ਜਨੇਊ ਦੀ ਜਾਚ ਸਿਖਾ ਰਹੇ ਹਨ ਕਿ "ਇਹ ਜਨੇਊ ਜੀਅ ਕਾ ਹਈ ਤਾਂ ਪਾਂਡੇ ਘਤਿ"। ਥੋੜੇ ਜਹੇ ਵਿਅੰਗ-ਭਰਪੂਰ ਅੱਖਰਾਂ ਵਿਚ ਕਿਤਨਾ ਵੱਡਾ ਉਪਦੇਸ਼ ਬਾਬਾ ਜੀ ਨੇ ਬਖਸ਼ਿਆ।

4. ਜਬ ਬਾਬਾ ਬਰਸਾਂ ਬਾਰ੍ਹਾਂ ਦਾ ਹੋਇਆ, ਤਬ ਵੀਵਾਹਿਆ। ਇਸਤਰੀਆਂ ਨੂੰ ਮਨੁੱਖ ਦੇ ਸੋਹਿਲੇ ਗਾਉਂਦਿਆਂ ਤਕ ਬਾਬੇ ਨੇ ਅਪਨੇ ਲਾਲਨ ਦੇ ਸੋਹਿਲੇ ਗਾਵੇ:

ਆਵੋ ਮੀਤ ਪਿਆਰੇ ਮੰਗਲ ਗਾਵਹੁ ਨਾਰੇ...

(ਜਨਮਸਾਖੀ ਸੋਢੀ ਮਿਹਰਵਾਨ, ਪੰਨਾ 30)

ਇਸਤਰੀਆਂ ਤਾਂ ਗੀਤ ਸਿਠਣੀਆਂ ਗਾਉਂਦੀਆਂ ਹੀ ਹਨ ਪਰ ਜੰਞ ਚੜ੍ਹਦਾ ਲਾੜਾ ਵੀ ਪ੍ਰਭੂ ਭਗਤੀ ਵਿਚ ਰੰਗਿਆ ਹੋਇਆ ਕਿਹੋ ਜਿਹੀ ਅਲੌਕਿਕ ਅਵਸਥਾ ਉਤਪੰਨ ਕਰ ਰਿਹਾ ਹੋਵੇਗਾ।

5. ਵੇਈਂ ਇਸ਼ਨਾਨ ਤੋਂ ਪਿਛੋਂ ਬਾਬਾ ਜੀ ਡੇਰੇ ਆਇ ਦਾਖਲ ਹੋਇ, ਡੇਰਾ ਲੋਟਾਇ ਦਿਤਾ, ਖਫਨੀ ਪਹਿਨ ਖੜੇ ਹੋਇ।

(ਪੁਰਾਤਨ ਜਨਮਸਾਖੀ, ਪੰਨਾ 17)

ਪਹਿਰਾਵੇ ਦੀ ਸਰਲਤਾ ਰਾਹੀਂ ਹੀ ਵਿਚਾਰਸ਼ੀਲ ਸੰਕੇਤਕ ਪ੍ਰਤਿਭਾ ਉਜਾਗਰ ਕੀਤੀ।

6. ਗੁਰੂ ਜੀ ਸੁਲਤਾਨਪੁਰ ਕਾਜ਼ੀ ਨਾਲ ਨਿਮਾਜ਼ ਪੜ੍ਹਨ ਗਏ ਤਾਂ ਬਾਬਾ ਨਾਨਕ ਹੱਸਿਆ। ਜਾਂ ਫਿਰ ਨਿਮਾਜ਼ ਉਪਰ ਖੜਿਆਂ ਕਾਜ਼ੀ ਨੇ ਸਿਜਦਾ ਕੀਤਾ ਤਾਂ ਫੇਰ ਬਾਬਾ ਹੱਸਿਆ ਤੇ ਆਖਿਆ, ਕਾਜ਼ੀ ਤੂੰ ਤਾਂ ਸੋਚਦਾ ਸੀ ਕਿ ਘਰ ਘੋੜੀ ਸੂਈ ਹੈ ਕਿਤੇ ਵਛੇਰਾ ਖੂਹ ਵਿਚ ਨਾ ਡਿੱਗ ਪਵੇ। ਸੋ ਤੂੰ ਨਿਮਾਜ਼ ਕਿਥੇ ਪੜ੍ਹਦਾ ਸੀ ? ਇਹੋ ਜਿਹੀ ਗੰਭੀਰ ਸੰਪਰਦਾਇਕ ਸਥਿਤੀ ਸਮੇਂ ਬਾਬਾ ਜੀ ਦਾ ਹਾਸ-ਵਿਅੰਗ ਕਾਜ਼ੀ ਨੂੰ ਪਾਣੀ-ਪਾਣੀ ਕਰ ਗਿਆ।

7. ਪਹਿਲੀ ਉਦਾਸੀ ਸਮੇਂ ਪਹਿਰਾਵਾ ਬਾਬੇ ਦਾ ਏਕੁ ਬਸਤਰੁ ਅੰਬੋਆ, ਏਕ ਬਸਤਰ ਚਿੱਟਾ। ਏਕੁ ਪੈਰਿ ਜੁਤੀ, ਏਕੁ ਪੈਰਿ ਖਉਸ, ਗਲ ਕਫਨੀ, ਸਿਰ ਟੋਪੀ ਕਲੰਦਰੀ ਮਾਲਾ ਹਡਾਂ

ਦੀ, ਮਥੇ ਤਿਲਕੁ ਕੇਸਰ ਕਾ।

(ਪੁਰਾਤਨ ਜਨਮਸਾਖੀ, ਪੰਨਾ 25)

ਚੇਤਨ ਬੁੱਧੀ ਸਤਿਗੁਰੂ ਦਾ ਇਹ ਵਿਲੱਖਣ ਸਰੂਪ ਬਾਹਰਮੁਖੀ ਹਾਸੋ-ਹੀਣਤਾ ਨਹੀਂ ਸਗੋਂ ਵਿਚਾਰਸ਼ੀਲ ਬੁੱਧੀ ਲਈ ਅੰਤਰ-ਆਤਮਿਕ ਮਾਨਵੀ-ਪ੍ਰਕਾਸ਼ ਸੀ।

8. ਗੁਰੂ ਨਾਨਕ ਜੀ ਸੁਲਤਾਨਪੁਰੋਂ ਚਲੇ ਬਾਬੇ ਦੀ ਖੁਸ਼ੀ ਹੋਈ, ਮਰਦਾਨਾ ਇਕ ਦਿਨ ਸ਼ਹਰ ਨੂੰ ਭੇਜਿਆ ਜਾਂ ਗਇਆ ਤਾਂ ਪੂਜਾ ਬਹੁਤ ਲਾਗੀ, ਜਾਂ ਗਇਆ ਤਾਂ ਸਾਰਾ ਸ਼ਹਿਰ ਆਇ ਪੈਰੀਂ ਪਇਆ ਜਾਂ ਗਇਆ ਤਾਂ ਪੰਜੀਹੇ ਕਪੜੇ ਪੰਡਿਤ ਬੰਨ੍ਹ ਕੇ ਲੈ ਆਇਆ। ਬਾਬਾ ਹਸਦਾ ਹਸਦਾ ਨਿਲੇਟ ਹੋਆ। ਤਬ ਗੁਰੂ ਬੋਲਿਆ ਮਰਦਾਨਿਆ ਸੁਟਿ ਘਤਿ। ਇਹ ਅਸਾਡੇ ਕਿਤੇ ਕੰਮ ਨਹੀਂ।

(ਪੁਰਾਤਨ ਜਨਮਸਾਖੀ, ਪੰਨਾ 20)

ਇਥੇ ਬਾਬੇ ਦੀ ਹਸਮੁਖਤਾ ਕਿਤਨੀ ਪ੍ਰਤੱਖ ਹੈ ਕਿ ਇਤਨੇ ਪ੍ਰਭਾਵਸ਼ਾਲੀ ਗੁਰੂ ਜੀ 'ਹਸ ਹਸ ਨਿਲੇਟ ਹੋਇ' ਸੋ ਕਿਤਨਾ ਉੱਚ-ਪੱਧਰੀ ਦ੍ਰਿਸ਼ ਇਹ ਹੋਵੇਗਾ।

9. ਕੁਰਖੇਤਰ ਚੰਨ ਗ੍ਰਹਿਣ ਸਮੇਂ ਜਦੋਂ ਹਿੰਦੂ ਲੋਕ ਅੱਗ ਵੀ ਨਹੀਂ ਬਾਲਦੇ। ਗੁਰੂ ਜੀ ਨੇ ਭੁਲਿਆਂ ਨੂੰ ਸੇਧ ਦੇਣ ਲਈ ਉਥੇ ਮਾਸ ਜਾ ਰਿੰਨ੍ਹਿਆ ਤੇ ਸਲੋਕੁ ਉਚਾਰਿਆ।

(ਜਨਮਸਾਖੀ ਸੋਢੀ ਮਿਹਰਵਾਨ, ਪੰਨਾ 370)

ਇਹੋ ਜਿਹੀ ਵਿਪਰੀਤ ਜੁਗਤੀ ਰਾਹੀਂ ਇਕ ਅਣਕਿਆਸੇ ਸੰਗਰਾਮ 'ਤੇ ਹੋਵੀ ਹੋਏ।

10. ਮਰਦਾਨੇ ਨੂੰ ਛਤਰਾ ਬਣਾਣ ਦੀ ਸਾਖੀ ਵਿਚ:
"ਤਿਚਰਾਂ ਨੂੰ ਉਨਾਂ ਔਰਤਾਂ ਦੇ ਖਸਮ ਘਰੀਂ ਆਏ ਦੇਖਣ ਤਾਂ ਰੰਨਾਂ ਛਤਰੀਆਂ ਤੇ ਕੁਤੀਆਂ ਹੋਇ ਬੈਠੀਆਂ ਹਨ।"

(ਜਨਮਸਾਖੀ ਭਾਈ ਬਾਲਾ)

ਉਹਨਾਂ ਤੀਵੀਆਂ ਨੂੰ ਗੁਰੂ ਜੀ ਨੇ ਕਿਹੋ ਜਿਹੀ ਦਿੱਬ-ਦ੍ਰਿਸ਼ਟ ਬਖ਼ਸ਼ੀ ਕਿ ਉਹਨਾਂ ਦੀਆਂ ਮੰਦ-ਭਾਵਨਾਵਾਂ ਉਹਨਾਂ ਨੂੰ ਉਜਾਗਰ ਰੂਪ ਵਿਚ ਦਿਸਣ ਲੱਗ ਪਈਆਂ ਜੋ ਕਿ ਅਣ-ਮਨੁੱਖਤਾ ਦੀ ਹੱਦ ਤਕ ਨੀਵੀਂ ਪੱਧਰ ਦੀਆਂ ਹਨ।

11. ਸੂਈ ਅਮਾਨਤ ਰੱਖਣ ਦੀ ਵਾਰਤਾ ਕਈ ਥਾਈਂ ਕਾਰੂ ਬਾਦਸ਼ਾਹ ਨਾਲ ਵਾਪਰੀ ਦੱਸੀ ਹੈ ਤੇ ਕਈ ਥਾਈਂ ਦੁਨੀ ਚੰਦ ਖੱਤਰੀ ਨਾਲ। ਦੁਨੀ ਚੰਦ ਦੇ ਦਰ ਉਪਰ ਸਤ ਧੁਜਾਂ ਬੱਧੀਆਂ ਥੀਆਂ। ਲਾਖ ਲਾਖ ਕੀ ਏਕੁ ਧੁਜ ਸੀ। ਤਦਹੁ ਬਾਬੇ ਇਕ ਸੂਈ ਦਿੱਤੀ। ਆਖਿਓਸਿ "ਜੀ ਅਸਾਡੀ ਅਮਾਨ ਸਾਂਭ ਅਸੀਂ ਆਗੈ ਮੰਗ ਲੈਹਿਗੇ"। ਤਬ ਦੁਨੀ ਚੰਦ ਆਖਿਆ ਇਹ ਸੂਈ ਮੇਰੇ ਪਾਸ ਆਗੈ ਚਲਣ ਦੀ ਨਾਹੀ ਫੇਰ ਲੇਵਹੁ। ਤਬ ਬਾਬੇ ਆਖਿਆ ਏਹ ਧੁਜਾ ਕਿਉ ਕਰ ਪਹੁੰਚਾਵੇਗਾ ਤਾਂ ਦੁਨੀ ਚੰਦ ਮਥਾ ਟੇਕਿਆ ਤੇ ਬਾਬੇ ਦਾ ਸਿੱਖ ਹੋਇਆ। ਹੈ ਕੋਈ ਇਹੋ ਜਿਹਾ ਚੇਤੰਨ ਬੁੱਧੀ ਆਗੂ ਜੋ ਇਸ ਸਰਲ ਸੰਜਮਤਾ ਰਾਹੀਂ ਜੁਗਾਂ ਦੀ ਕਕਰੀ ਪ੍ਰਸਥਿਤੀ ਬਦਲ ਦੇਵੇ?

12. "ਵਸਦਾ ਰਹੇ ਤੇ ਉਜੜ ਜਾਵੇ" ਵਾਲੀ ਸਾਖੀ ਵਿਚ ਮਰਦਾਨੇ ਆਖਿਆ, "ਜੀ, ਤੇਰੇ ਦਰ ਭਲਾ ਨਿਆਓ ਡਿਠਾ, ਜਿਥੇ ਬੈਠਣੇ ਨਾ ਦੇਣ, ਸੋ ਵਸਾਇਆ ਅਤੇ ਜਿਨ੍ਹਾਂ ਸੇਵਾ

ਬੰਦਗੀ ਬਹੁਤ ਕੀਤੀ ਜੋ ਸ਼ਹਰ ਉਜਾੜਿਆ।'' ਤਬ ਗੁਰੂ ਬਾਬੇ ਆਖਿਆ ''ਮਰਦਾਨਿਆ, ਉਸ ਸ਼ਹਰ ਕਾ ਆਦਮੀ ਅਵਰ ਸ਼ਹਰ ਜਾਵੇਗਾ ਤਾਂ ਹੋਰ ਭੀ ਵਿਗੜਨਗੇ ਅਤੇ ਇਸ ਸ਼ਹਰ ਦਾ ਆਦਮੀ ਹੋਰਤ ਸ਼ਹਰ ਜਾਵੇਗਾ ਤਾਂ ਉਨਾਂ ਦੀ ਭੀ ਗਤਿ ਕਰੇਗਾ।''

(ਵਜ਼ੀਰ ਹਿੰਦ ਪ੍ਰੈਸ, ਜਨਮਸਾਖੀ, ਪੰਨਾ 50)

ਇਹੋ ਜਿਹੀ ਗੁਹਜ ਰਮਜ਼ ਗੁਰੂ ਨਾਨਕ ਦੇਵ ਜੀ ਹੀ ਬਖ਼ਸ਼ ਸਕਦੇ ਸਨ ਤੇ ਉਹ ਵੀ ਇਤਨੀ ਪ੍ਰਸੰਸਾ-ਜਨਕ ਸਰਲਤਾ ਨਾਲ।

13. ਦੁਨੀ ਚੰਦ ਖੱਤਰੀ ਨਾਲ ਇਕ ਵਾਰਤਾ ਹੋਈ। ਦੁਨੀ ਚੰਦ ਦੇ ਪਿਤਾ ਦਾ ਸ਼ਰਾਧ ਥਾ ਤਿਸ ਕੇ ਨਾਉ ਕੇ ਬ੍ਰਾਹਮਣ ਜਿਵਾਏ। ਤਬ ਬਾਬਾ ਬੋਲਿਆ ਤੇਰਾ ਪਿਤਾ ਅਜ ਤੀਸਰਾ ਦਿਨ ਹੋਆ ਹੈ, ਕੁਛ ਨਾਹੀ ਖਾਧਾ ਅਤੇ ਤੂੰ ਆਖਦਾ ਹੈ ਜੋ ਸੌ ਮਨੁੱਖ ਜਿਵਾਇਆ ਹੈ। ਉਹ ਤਾਂ ਬਘਿਆੜ ਦਾ ਜਨਮ ਹੈ।'' ਤਾਂ ਦੁਨੀ ਚੰਦ ਨੂੰ ਆਤਮਿਕ ਦ੍ਰਿਸ਼ਟੀ ਮਿਲੀ ਕਿ 'ਜੀਉਂਦੇ ਪਿਤਰ ਨਾ ਪੂਜਈ ਮੋਇ ਸਰਾਧ ਕਰਾਈ' ਇਕ ਵਿਅਰਥ ਕਿਰਿਆ ਹੈ।
14. ਬਾਬਰ ਨਾਲ ਮੇਲ ਸਮੇਂ ਗੁਰੂ ਜੀ ਨੂੰ ਬਾਬਰ ਵੱਲੋਂ ਭੰਗ ਪੇਸ਼ ਕੀਤੀ ਗਈ ਤਾਂ ਗੁਰੂ ਜੀ ਨੇ 'ਭਉ ਤੇਰਾ ਭਾਂਗ ਖਲੜੀ ਮੇਰਾ ਚੀਤਿ' ਸਲੋਕ ਤਿਲੰਗ ਰਾਗ ਵਿਚ ਉਚਾਰਿਆ ਤੇ ਬਾਬਰ ਨੂੰ ਘਟੀਆ ਨਸ਼ੇ ਵਰਤਣ ਦੇ ਉਲਟ ਪ੍ਰਭੂ ਭਗਤੀ ਦਾ ਗਿਆਨ ਬਖ਼ਸ਼ਿਆ।
15. ਰਾਜਾ ਸ਼ਿਵਨਾਭ ਨੇ ਗੁਰੂ ਨਾਨਕ ਦੇਵ ਜੀ ਦੀ ਪਰੀਖਿਆ ਲਈ 'ਭਲੀਆਂ ਸਰੂਪੀ ਇਸਤਰੀਆਂ ਬੁਲਾਈਆਂ'' ਤਾਂ ਗੁਰੂ ਜੀ ਨੇ ਉਹਨਾਂ ਨੂੰ ''ਗਾਛੋ ਪੁਤਰੀ ਰਾਜਕੁਆਰ'' ਨਾਲ ਸੰਬੋਧਨ ਕਰ ਕੇ ਉਹਨਾਂ ਦੀ ਮੰਦ ਭਾਵਨਾ ਨੂੰ ਹਾਸ-ਰਸਿ ਦੁਆਰਾ ਤ੍ਰਿਪਤੀ ਬਖ਼ਸ਼ੀ।
16. ਜਗਨ ਨਾਥ ਪੁਰੀ ਦੇ ਆਗਮਨ ਸਮੇਂ ਬ੍ਰਾਹਮਣਾਂ ਨੂੰ ਆਰਤੀ ਕਰਦਿਆਂ ਵੇਖ ਕੇ ਬਾਬਾ ਜੀ ਦੇ ਵਿਸ਼ਾਲ ਹਿਰਦੇ ਵਿਚ ਉਛਾਲ ਆਇਆ ਅਤੇ, 'ਗਗਨ ਮਹਿ ਥਾਲ ਰਵਿ ਚੰਦ ਦੀਪਕ ਬਨੇ' ਦਾ ਮਹਾਂਵਾਕ ਉਚਾਰਨ ਕੀਤਾ। ਉਹ ਕੇਵਲ ਪਰੰਪਰਾਗਤ ਪੰਡਤਾਈ ਲਈ ਹੀ ਨਿੰਦਾ ਭਰਪੂਰ ਸੰਕੇਤ ਨਹੀਂ ਸੀ, ਉਹ ਅਜੋਕੀ ਅਸ਼ਰਧਕ ਸਿੱਖੀ ਲਈ ਵੀ ਉਚ-ਪੱਧਰੀ ਵਿਅੰਗ ਸੀ।
17. ਕੌਡਾ ਰਾਖਸ਼ ਜਦੋਂ ਪਸ਼ੂ ਬਿਰਤੀ ਦੇ ਅਧੀਨ ਮਰਦਾਨੇ ਨੂੰ ਤਪਦੇ ਕੜਾਹੇ ਵਿਚ ਤਲਣ ਲੱਗਾ ਤਾਂ ਸੂਖ਼ਮ ਚਿਤ ਸਤਿਗੁਰੂ ਜੀ ਨੇ ਸਾਖਸ਼ਾਤ ਦਰਸ਼ਨ ਦੇ ਕੇ ਉਸ ਦੇ ਤਪਦੇ ਮਨ ਨੂੰ ਤ੍ਰਿਪਤੀ ਬਖਸ਼ੀ। ਬਿਨਾਂ ਕਿਸੇ ਗੰਭੀਰ-ਵਿਵਾਦ ਦੇ ਕੌਡੇ ਰਾਖਸ਼ ਨੂੰ ਗਿਆਨ ਪ੍ਰਾਪਤ ਹੋਇਆ। ਪਰਉਪਕਾਰੀ ਬਾਬਾ ਜੀ ਇਤਨੇ ਅਣਮਨੁੱਖੀ ਟਾਕਰੇ 'ਤੇ ਵੀ ਅਕਾਲ ਆਸਰੇ ਹੱਸਦੇ-ਹੱਸਦੇ ਜਾ ਪੁੱਜਦੇ ਸਨ।
18. ਸੁਮੇਰ ਪਰਬਤ ਉਪਰ ਸਿਧਾਂ ਨਾਲ ਗੋਸ਼ਟ ਸਮੇਂ ''ਤਦਹੁ ਪਿਆਲੇ ਕਾ ਵਖਤੁ ਹੋਯਾ ਸੁਰਾਹੀ ਫਿਰੀ ਤਬ ਬਾਬੇ ਪਾਸ ਭੀ ਲੈ ਆਏ। ਤਬ ਬਾਬੇ ਪੁਛਿਆ, ''ਏਹੁ ਕਿਆ ਹੈ?'' ਤਬ ਸਿਧਾਂ ਆਖਿਆ ''ਏਹੁ ਸਿਧਾਂ ਕਾ ਪਿਆਲਾ ਹੈ।'' ਤਬ ਸਿੱਧਾਂ ਆਖਿਆ ਇਸ ਵਿਚ ਗੁੜ ਅਤੇ ਧਾਵੇ (ਮਹੂਆ) ਕੇ ਫੁੱਲ ਪਾਏ ਹੈਨ। (ਗੁੜ ਅਤੇ ਧਾਵਿਆਂ ਦੀ ਸ਼ਰਾਬ ਸਿਧ ਪੀਂਦੇ ਸਨ) ਤਬ ਬਾਬਾ ਬੋਲਿਆ ਸ਼ਬਦ ਰਾਗ ਆਸਾ ਵਿਚ:

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ॥

ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ॥੧॥

ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ॥ (ਪੰਨਾ ੩੬੦)

ਸਿਧਾਂ ਨੂੰ ਸ਼ਰਾਬ ਦਾ ਚਸਕਾ ਤੇ ਬਾਬਾ ਜੀ ਨੂੰ ਰਾਮ ਰਸ ਦਾ ਕਿਹੋ ਜਿਹੀ ਪ੍ਰਤੀਕੂਲ ਸਥਿਤੀ ਵਿਚ ਅਤੇ ਉਹ ਵੀ ਸਰਵ-ਪ੍ਰਵਾਨਿਤ ਪਰੰਪਰਾ ਦੇ ਮੂੰਹੀਂ-ਦੁਹੀਂ, ਬਾਬਾ ਜੀ ਨੇ ਉਹਨਾਂ ਦੇ ਕਰਮ 'ਤੇ ਹੱਸ ਛੱਡਿਆ ਤੇ ਸੋਝੀ ਬਖ਼ਸ਼ੀ।

18(ੳ) ਰਾਸਧਾਰੀ ਟੋਲੀ, ਲੋਕਾਂ ਦੇ ਮਨ-ਪ੍ਰਚਾਵੇ ਲਈ ਹਾਸ ਰਸ ਦੀ ਸਮਗਰੀ ਇਕੱਤਰ ਕਰ ਰਹੀ ਸੀ। ਸਤਿਗੁਰੂ ਨੇ ਉਹਨਾਂ 'ਤੇ ਹੱਸ ਛੱਡਿਆ ਤੇ ਲੋਕਾਂ ਨੂੰ ਹੱਸਣ ਵਾਲਿਆਂ ਉਪਰ ਹੱਸ ਕੇ ਗੁਣਾਤਮਕ ਗਿਆਨ ਬਖਸ਼ਿਆ।

ਵਾਇਨਿ ਚੇਲੇ ਨਚਨਿ ਗੁਰ॥ ਪੈਰ ਹਲਾਇਨਿ ਫੇਰਨਿ੍ ਸਿਰ॥

ਉਡਿ ਉਡਿ ਰਾਵਾ ਝਾਟੈ ਪਾਇ॥ ਵੇਖੈ ਲੋਕੁ ਹਸੈ ਘਰਿ ਜਾਇ॥

ਰੋਟੀਆ ਕਾਰਣਿ ਪੂਰਹਿ ਤਾਲ॥ ਆਪੁ ਪਛਾੜਹਿ ਧਰਤੀ ਨਾਲਿ॥ (ਪੰਨਾ ੪੬੫)

19. ਮੱਕੇ ਦੀ ਪ੍ਰਸਿੱਧ ਸਾਖੀ ਵਿਚ ਜਦੋਂ ਬਾਬਾ ਜੀ ਨੂੰ ਮੱਕੇ ਵੱਲ ਚਰਨ ਪਸਾਰਿਆਂ ਹਾਜੀ ਨੇ ਡਿੱਠਾ ਤਾਂ "ਜੀਵਣਿ ਮਾਰੀ ਲਤਿ ਦੀ ਕੇੜਾ ਸੁਤਾ ਕੁਫਰ ਕੁਫਾਰੀ" ਤਾਂ ਬਾਬੇ ਨੇ ਬੜੇ ਨਰਮ ਸੁਭਾ ਅਨੁਸਾਰ ਕਿਹਾ ਕਿ ਜਿਧਰ ਮੱਕਾ ਨਾ ਹੋਵੇ ਉਧਰ ਮੇਰੇ ਪੈਰ ਕਰ ਦੇ। ਹਾਜੀ ਨੂੰ ਸੁਣਦੇ ਸਾਰ ਸੋਝੀ ਹੋਈ। ਜਿਹੜੀ ਸੋਝੀ ਉਸ ਨੂੰ ਵਰ੍ਹਿਆਂ ਦੀ ਪ੍ਰਸਿਤਿਸ਼ ਨਾਲ ਨਾ ਮਿਲੀ ਬਾਬੇ ਜੀ ਨੇ ਵਿਚਾਰਸ਼ੀਲ ਜੁਗਤ ਨਾਲ ਛਿਨ ਪਲ ਵਿਚ ਬਖਸ਼ ਦਿੱਤੀ।

20. ਤਬ ਬਾਬੇ ਕਹਿਆ ਕਿ ਬਚਾ ਅੰਗਦਾ, ਇਕ ਮੇਰਾ ਮੇਲੀ ਹੈ, ਚਲਿ ਉਸ ਨੂੰ ਮਿਲੁ" ਤਾਂ ਸਿਆਲਕੋਟ ਵਿਚ ਮੂਲੇ ਖਤਰੀ ਨੂੰ ਮਿਲਣ ਗਏ, ਮੂਲੇ ਦੀ ਤੀਵੀਂ ਨੇ ਟਾਲਣ ਲਈ ਆਖ ਦਿੱਤਾ ਕਿ ਮੂਲਾ ਘਰ ਨਹੀਂ। ਤਾਂ ਗੁਰੂ ਜੀ ਬਚਨ ਕੀਤਾ:

ਨਾਲ ਕਿਰਾੜਾਂ ਦੋਸਤੀ...

(ਜਨਮਸਾਖੀ ਪੰ. ਸ਼ੰਭੂ ਨਾਥ, ਪੰਨਾ 76)

21. ਗੁਰੂ ਅੰਗਦ ਦੇਵ ਜੀ ਦੀ ਪ੍ਰੀਖਿਆ ਲਈ ਹਾਸੇ ਹਾਸੇ ਵਿਚ ਕਈ ਸੁਝਾਵ ਮਈ ਬਚਨ ਕੀਤੇ। ਜਦੋਂ ਘਾਹ ਦੀ ਪੰਡ ਚੁੱਕ ਕੇ ਭਾਈ ਲਹਿਣਾ ਜੀ ਖੇਤੋਂ ਪਰਤੇ ਤਾਂ ਮਾਤਾ ਜੀ ਨੇ ਬਾਬਾ ਜੀ ਨੂੰ ਕਿਹਾ ਕਿ ਭਲੇ ਘਰ ਦਾ ਪੁਰਸ਼ ਹੈ ਤੁਸਾਂ ਇਸ ਦੇ ਕੱਪੜੇ ਚਿੱਕੜ ਨਾਲ ਖਰਾਬ ਕਰਵਾ ਦਿੱਤੇ ਹਨ ਤਾਂ ਬਾਬਾ ਜੀ ਨੇ ਹੱਸ ਹੱਸ ਗੁਝੀ ਰਮਜ਼ ਵਿਚ ਕਿਹਾ, ਭਲੀਏ ਲੋਕੇ, ਇਹ ਚਿੱਕੜ ਨਹੀਂ, ਕੇਸਰ ਦੇ ਛਿੱਟੇ ਹਨ।

ਜਨਮਸਾਖੀਆਂ ਦੇ ਉਪਰੋਕਤ ਵਿਸਥਾਰ ਤੋਂ ਅਸਾਨੂੰ ਸਤਿਗੁਰੂ ਜੀ ਬਾਬਤ ਉਹਨਾਂ ਦੇ ਪੂਰਨੇ ਚਿਤਰਨ ਦਾ ਹੋਰ ਲੋਕਾਂ ਦੇ ਉਪਰਾਲੇ ਦੀ ਟੋਹ ਮਿਲਦੀ ਹੈ। ਪਰ ਸਤਿਗੁਰੂ ਜੀ ਦੀ ਹਾਸਰਸੀ ਸ਼ਖ਼ਸੀਅਤ ਦਾ ਥਹੁ ਉਹਨਾਂ ਦੀ ਆਪਣੀ ਉਚਾਰੀ ਬਾਣੀ ਵਿਚੋਂ ਕਿਤੇ ਅਧਿਕ ਲੱਭਦਾ ਹੈ। ਉਹਨਾਂ ਦੀ ਮਨੁੱਖੀ ਮਨ ਤਕ ਪਹੁੰਚ ਕਿਤਨੀ ਭਾਵਪੂਰਤ ਤੇ ਕਿਤਨੀ ਸਰਲ ਸੀ ਕਿ ਨਿੱਕੇ ਜਿਹੇ ਵਿਅੰਗ ਨਾਲ ਫੇਰ ਡੂੰਘੀ ਸਥਿਤੀ ਨੂੰ ਪੰਡਤਾਈ ਪਕੜ ਤੋਂ ਮੁਕਤ ਕਰ ਕੇ ਆਮ ਆਦਮੀ ਦੀ ਸੂਝ ਪੱਧਰ ਦਾ ਬਣਾ ਦਿੱਤਾ।

ਆਮ-ਪੱਧਰੀ ਇਕ-ਪੱਖੇ ਤੁਕਬੰਦ ਤੇ ਨਕਲੀਏ ਇਸ ਕਾਵਿਕ-ਗੁਣ ਨੂੰ ਵਿਅਕਤੀਗਤ

ਪ੍ਰਸੰਨਤਾ ਲਈ ਵਰਤਦੇ ਚਲੇ ਆ ਰਹੇ ਹਨ। ਪਰ ਗੁਰੂ ਨਾਨਕ ਸਾਹਿਬ ਨੇ ਲੋਕ-ਭਲੇ ਨੂੰ ਮੁੱਖ ਰੱਖਦਿਆਂ ਇਸ ਗੁਣ ਨੂੰ ਸੰਵਾਰਿਆ, ਲਿਸ਼ਕਾਇਆ ਤੇ ਵਿਕਾਸ-ਮਈ ਕਲਾ ਦੀ ਪ੍ਰਤੀਕ ਬਣਾਇਆ। ਜਿਹੜਾ ਹਾਸ-ਰਸੀ ਗੁਣ, ਵਕਤੀ ਤੇ ਵਿਅਕਤੀਗਤ ਪ੍ਰਸੰਨਤਾ ਦੀ ਪੱਧਰ ਤਕ ਵਰਤੀਂਦਾ ਰਿਹਾ, ਉਹ ਗੁਰੂ ਨਾਨਕ ਸਾਹਿਬ ਦੀ ਵਿਸ਼ਵ ਸਨਮਾਨਤ ਚੇਤੰਨ ਬੁੱਧੀ ਅਤੇ ਪ੍ਰਤਿਭਾਸ਼ੀਲ ਅੱਖਰੀ ਸੰਜਮਤਾ ਤੇ ਸੰਗੀਤਮਈ ਸ਼ਬਦਾਵਲੀ ਨਾਲ ਇਸ ਹੱਦ ਤਕ ਨਿਪੁੰਨ ਹੋਇਆ ਕਿ ਨਿੱਕੀ ਜਿਹੀ ਮੁਸਕਾਨ-ਮਈ ਕਲਪਨਾ ਹੇਠਾਂ ਅਨੇਕ ਸੋਚਣੀਆਂ ਦਾ ਪਸਾਰਾ ਪ੍ਰਤੀਤ ਹੋਣ ਲੱਗਾ। ਗੁਰੂ ਨਾਨਕ ਬਾਣੀ 'ਚੋਂ ਵੰਨਗੀ ਮਾਤਰ ਕੁਝ ਪ੍ਰਮਾਣ ਉਦਾਹਰਣ ਵਜੋਂ ਅੰਕਤ ਹਨ:

੧. *ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥*
ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ ॥ (ਪੰਨਾ ੧੨੮੬)

ਸਤਿਗੁਰੂ ਜੀ ਸੰਸਾਰੀ ਗੁਰੂਆਂ ਦੇ ਪਖੰਡ ਦਾ ਖੰਡਨ ਬੜੇ ਵਿਅੰਗ ਨਾਲ ਕਰਦੇ ਹਨ। ਆਪਣਾ ਜੀਵਨ ਡੋਬਣ ਵਾਲੇ ਗੁਰੂ ਦਾ ਚੇਲਿਆਂ ਨੂੰ ਤਾਰਨ ਦਾ ਲਾਰਾ ਇਸ ਤਰ੍ਹਾਂ ਹੈ ਜਿਵੇਂ ਚੂਹਾ ਆਪ ਤਾਂ ਖੁੱਡ ਵਿਚ ਸਮਾ ਨਾ ਸਕੇ ਪਰ ਲੱਕ ਨਾਲ ਛੱਜ ਬੰਨ੍ਹ ਲਵੇ।

੨. *ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥*
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ ॥
ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ ॥ (ਪੰਨਾ ੧੪੯)

ਇਹ ਸਲੋਕ ਜੈਨੀ ਸਰੇਵੜਿਆਂ ਪ੍ਰਥਾਇ ਉਚਾਰ ਕੇ ਸਤਿਗੁਰੂ ਜੀ ਨੇ ਵਿਅੰਗ ਰਾਹੀਂ ਵਹਿਮਾਂ-ਭਰਮਾਂ ਨੂੰ ਨਿੰਦਿਆ ਹੈ।

ਜੈਨੀ ਲੋਕ ਸਿਰ ਦੇ ਵਾਲ ਇਕ-ਇਕ ਕਰਕੇ ਹੱਥਾਂ ਨਾਲ ਪੁੱਟਦੇ ਹਨ। ਹੱਥ ਨੂੰ ਸੁਆਹ ਮਲਦੇ ਹਨ ਕਿ ਵਾਲ ਠੀਕ ਪਕੜ ਵਿਚ ਆ ਜਾਣ। ਉਹ ਭੇਡਾਂ ਵਾਂਗ ਵਾਲੋਂ ਰਹਿਤ ਹੋਣਾ ਚਾਹੁੰਦੇ ਹਨ। ਮਾਂ ਪਿਉ ਵਾਲੀ ਕਿਰਤ ਛੱਡ ਕੇ ਪਾਖੰਡਾਂ ਵਿਚ ਪੈ ਜਾਂਦੇ ਹਨ ਤੇ ਘਰ ਵਾਲੇ ਉਹਨਾਂ ਵਿਹਲੜਾਂ ਲਈ ਧਾਹਾਂ ਮਾਰ-ਮਾਰ ਰੋਂਦੇ ਹਨ।

੩. *ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ ॥*
ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ ॥
ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ ॥...
ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ ॥...
ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ ॥ (ਪੰਨਾ ੧੪੯-੫੦)

ਇਹ ਤੁਕਾਂ ਵੀ ਉਪਰਲੇ ਸਲੋਕ ਨਾਲ ਰਲਦੀਆਂ ਹਨ। ਜੈਨੀਆਂ ਦੇ ਵਹਿਮਾਂ ਦਾ ਵਧੇਰੇ ਵਿਸਥਾਰ ਹੈ ਕਿ ਝੁੰਬਾਂ ਮਾਰ ਕੇ ਇਉਂ ਇਕੱਠੇ ਬਹਿੰਦੇ ਹਨ ਜਿਵੇਂ ਕਿਸੇ ਦੇ ਮਰਨੇ ਜਾਂ ਸਿਆਪੇ 'ਤੇ ਬੈਠੇ ਹੋਵਣ। ਹੱਥ ਵਿਚ ਸੂਤ ਦਾ ਫੁੰਮਣ ਤੇ ਲੱਕ ਨਾਲ ਪਿਆਲੇ ਬੰਨ੍ਹ ਕੇ ਅੱਗੇ ਪਿੱਛੇ ਤੁਰਦੇ ਹਨ। ਦਾਨ ਤੇ ਇਸ਼ਨਾਨ-ਰਹਿਤ ਇਸ ਫ਼ਿਰਕੇ ਦੇ ਸਿਰ ਵਿਚ ਸੱਤ ਮੁੱਠਾਂ ਸੁਆਹ ਦੀਆਂ, ਜੋ ਪਾਖੰਡੀ ਹਰ ਪਰ-ਸੁਆਰਥੀ ਨਹੀਂ।

੪. ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ ॥

ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ॥ (ਪੰਨਾ ੧੨੪੫)

ਸਤਿਗੁਰੂ ਜੀ ਦਾ ਇਹ ਵਿਅੰਗ ਅਜੋਕੇ ਗਿਆਨੀਆਂ 'ਤੇ ਵੀ ਢੁੱਕਦਾ ਹੈ ਕਿ ਜੋ ਨਾਮ ਬਾਣੀ ਨੂੰ ਵੇਚਣ ਦਾ ਵਿਹਾਰ ਕਰਦੇ ਹਨ ਉਹਨਾਂ ਦੇ ਜੀਵਨ ਨੂੰ ਧਿਰਕਾਰ ਹੈ। ਜਿਨ੍ਹਾਂ ਦੀ ਖੇਤੀ ਪਹਿਲਾਂ ਹੀ ਨਾਲ ਦੇ ਨਾਲ ਉੱਜੜਦੀ ਜਾਵੇ ਉਹ ਖਲਵਾੜੇ ਵਿਚ ਕੀ ਲੈ ਜਾਣਗੇ ?

੫. ਗਿਆਨ ਵਿਹੂਣਾ ਗਾਵੈ ਗੀਤ॥ ਭੁਖੇ ਮੁਲਾਂ ਘਰੇ ਮਸੀਤਿ॥
ਮਖਟੂ ਹੋਇ ਕੈ ਕੰਨ ਪੜਾਏ॥ ਫਕਰੁ ਕਰੇ ਹੋਰੁ ਜਾਤਿ ਗਵਾਏ॥
ਗੁਰੁ ਪੀਰੁ ਸਦਾਏ ਮੰਗਣ ਜਾਇ॥ ਤਾ ਕੈ ਮੂਲਿ ਨ ਲਗੀਐ ਪਾਇ॥

(ਪੰਨਾ ੧੨੪੫)

ਇਹ ਬੜੀ ਢੁੱਕਵੀਂ ਟਕੋਰ ਭੇਖੀ ਗੁਰਾਂ-ਪੀਰਾਂ ਲਈ ਹੈ ਕਿ ਮਖੱਟੂ ਤੇ ਭੇਖੀ ਗੁਰੂ ਚਾਹੁੰਦੇ ਹਨ ਕਿ ਘਰ ਵਿਚ ਹੀ ਮਸੀਤ ਬਣਾ ਕੇ ਰੱਖੀਏ ਤੇ ਚੜ੍ਹਾਵਾ ਆਉਂਦਾ ਰਹੇ। ਜਿਹੜਾ ਭੇਖੀ ਗੁਰੂ ਦਰ-ਦਰ ਮੰਗਣ ਟੁਰ ਪਵੇ ਜਾਣੋ ਉਸ ਦੇ ਆਪਣੇ ਪੱਲੇ ਕੁਝ ਨਹੀਂ ਤੇ ਇਹੋ ਜਿਹੇ ਦੇ ਪੈਰੀਂ ਪੈਣਾ ਮੂਰਖਤਾ ਹੈ।

੬. ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ॥ (ਪੰਨਾ ੫੬)

ਗੁਰੂ ਨਾਨਕ ਦੇਵ ਜੀ ਦੀ ਸਰਬ-ਸਾਂਝੀ ਸਿੱਖਿਆ ਹਰ ਸਮੇਂ ਤੇ ਹਰ ਯੁਗ ਲਈ ਸਾਂਝੀ ਹੈ। ਜਦੋਂ ਉਹਨਾਂ ਨੇ ਅਜੋਕੇ ਪਾਠੀਆਂ ਵਾਂਗ ਪੰਡਤਾਂ ਨੂੰ ਬਿਨਾਂ ਅਰਥ ਵਿਚਾਰ ਕੇ ਪੋਥੀਆਂ ਰਟਦੇ ਤੱਕਿਆ ਤਾਂ ਕਹਿਣੋ ਰਹਿ ਨਾ ਸਕੇ ਕਿ ਇਹ ਫੋਕੀਆਂ ਮੱਤਾਂ ਤਾਂ ਕੇਵਲ ਮਾਇਆ ਦਾ ਵਪਾਰ ਹੈ।

੭. ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ॥...
ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥...
ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ॥
ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ॥ (ਪੰਨਾ ੧੦੧੩)

ਇਹ ਵਿਅੰਗ ਉਹਨਾਂ ਸੰਨਿਆਸੀਆਂ ਲਈ ਹੈ ਜੋ ਪਿੰਡੇ 'ਤੇ ਖ਼ਾਕ ਮਲ ਕੇ ਮਾਇਆ ਦੇ ਰਾਹ 'ਤੇ ਤੁਰਦੇ ਹਨ।

੮. ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ॥
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ॥
ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ॥ (ਪੰਨਾ ੧੦੧੩)

ਇਹ ਵੀ ਉਪਰਲੇ ਸਲੋਕ ਦੀਆਂ ਅਗਲੀਆਂ ਤੁਕਾਂ ਹਨ ਕਿ ਹੱਥ ਵਿਚ ਕਮੰਡਲ ਲੈ ਕੇ, ਲੀਰਾਂ ਤਨ 'ਤੇ ਲਟਕਾ ਕੇ ਘਰ ਗ੍ਰਿਹਸਤ ਦਾ ਤਿਆਗ ਕਰ ਕੇ, ਤ੍ਰਿਸ਼ਨਾ ਮਨੋਂ ਨਹੀਂ ਕੱਢ ਸਕਿਆ ਤਾਂ ਸਭ ਵਿਅਰਥ ਹੈ।

੯. ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ॥੧॥ ਰਹਾਉ॥
ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ॥
ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ॥ (ਪੰਨਾ ੬੬੨)

ਸਤਿਗੁਰੂ ਜੀ ਇਹੋ ਜਿਹੇ ਪਦਮ ਆਸਣ ਲਗਾ ਕੇ ਬੈਠੇ ਪੰਡਤ ਉਪਰ ਹੈਰਾਨ ਹੁੰਦੇ ਹਨ ਜੋ ਪ੍ਰਾਣਾਯਾਮ ਕਰਦਿਆਂ ਇਹ ਕਹਿੰਦਾ ਹੈ ਕਿ ਉਸ ਨੂੰ ਤਿੰਨ ਲੋਕਾਂ ਦੀ ਸੋਝੀ ਹੋ ਗਈ ਹੈ ਪਰ ਪਿੱਠ ਪਿੱਛੇ ਪਿਆ ਕੁਝ ਦਿੱਸਦਾ ਨਹੀਂ। ਇਸ ਅਸਚਰਜ ਕੌਤਕ 'ਤੇ ਗੁਰੂ ਜੀ ਵਿਅੰਗਮਈ ਟਕੋਰ ਕਰਦੇ ਹਨ।

੧੦. ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥ *(ਪੰਨਾ ੭੮੯)*

ਤੀਰਥਾਂ ਉਪਰ ਨ੍ਹਾਵਣ ਗਿਆਂ ਜੇ ਮਨ ਖੋਟੇ ਵਿਕਾਰਾਂ ਨਾਲ ਭਰੇ ਹੋਣ ਤਾਂ ਉਹ ਤੀਰਥ ਭਾਵੇਂ ਬਦਰੀਨਾਥ ਹੋਵੇ ਤੇ ਭਾਵੇਂ ਸਿੱਖ ਤੀਰਥ ਅਸਥਾਨ ਹੋਵੇ, ਮਨ ਖੋਟਾ ਅਤੇ ਤਨ ਚੋਰ ਹੁੰਦਿਆਂ ਸਭ ਇਸ਼ਨਾਨ ਵਿਅਰਥ ਹਨ ਤਾਂ ਗੁਰੂ ਆਸ਼ਾ ਪ੍ਰਤੱਖ ਹੈ ਕਿ:

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥ *(ਪੰਨਾ ੪੭੨)*

੧੧. ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ ॥
ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ ਤਿਸੁ ਨਾਮੁ ਪਰਿਓ ਹੈ ਧ੍ਰਕਟੀ ॥
(ਪੰਨਾ ੫੨੮)

ਜਿਵੇਂ ਕੰਜਰੀ ਦੇ ਘਰ ਜੰਮੇ ਪੁੱਤਰ ਨੂੰ ਲੋਕ ਲਾਹਨਤੀ ਆਖਦੇ ਹਨ, ਤਿਵੇਂ ਪ੍ਰਭੂ ਦੇ ਨਾਮ ਬਿਨਾਂ ਸੋਹਣੀ ਇਸਤਰੀ ਵੀ ਨੱਕ-ਵੱਢੀ ਅਖਵਾਂਦੀ ਹੈ।

੧੨. ਸਉ ਓਲਾਮ੍ਹੇ ਦਿਨੈ ਕੇ ਰਾਤੀ ਮਿਲਨ੍ਹਿ ਸਹੰਸ ॥
ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ ॥
ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥
ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ ॥ *(ਪੰਨਾ ੭੯੦)*

ਮੋਤੀ ਨਾ ਮਿਲਣ ਤਾਂ ਹੰਸ ਭੁੱਖਾ ਰਹਿ ਲੈਂਦਾ ਹੈ ਪਰ ਗੁਰੂ ਜੀ ਇਕ ਹਾਸ-ਵਿਅੰਗੀ ਮੂਰਤ-ਚਿੱਤਰ ਪੇਸ਼ ਕਰਦੇ ਹਨ ਕਿ ਹੰਸ ਮੁਰਦਾ ਪਸ਼ੂਆਂ ਦੀਆਂ ਹੱਡੀਆਂ ਖਾਣ ਜੁਟਾ ਹੋਇਆ ਹੈ।

੧੩. ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ ॥
ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥...
ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ ॥ *(ਪੰਨਾ ੭੯੦)*

ਇਹ ਵੀ ਉਪਰਲੀ ਵਾਰ ਦਾ ਇਕ ਸਲੋਕ ਹੈ ਕਿ ਰੰਡੀਆਂ ਤੇ ਦੱਲੀਆਂ ਵਾਂਗ ਅਧਰਮੀ ਲੋਕਾਂ ਦਾ ਵੀ ਆਪਸ ਵਿਚ ਬੈਠਣ-ਉੱਠਣ ਹੈ। ਖੋਤੇ ਨੂੰ ਚੰਦਨ ਵਿਚ ਨੁਹਾ ਦੇਈਏ ਤਾਂ ਵੀ ਉਸ ਦੀ ਇੱਛਾ ਸੁਆਹ ਵਿਚ ਲੇਟਣ ਦੀ ਹੀ ਹੋਵੇਗੀ।

੧੪. ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ੍ ॥
ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ੍ ॥ *(ਪੰਨਾ ੭੨੯)*

ਬਗਲਾ ਚਿੱਟ-ਕੱਪੜੀਆ ਤੀਰਥ ਉਪਰ ਵੱਸਦਾ ਹੈ ਪਰ ਅੰਦਰੋਂ ਮੱਛੀ ਪਕੜਨ ਦੀ ਲਾਲਸਾ

ਹੈ। ਦੰਭੀ ਸਫ਼ੇਦ-ਪੋਸ਼ਾਂ ਨੂੰ ਬਗਲੇ ਨਾਲ ਉਪਮਾ ਦਿੱਤੀ ਗਈ ਹੈ।

੧੫. ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥ *(ਪੰਨਾ ੧੨੮੮)*

੧੬. ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥
ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ ॥ *(ਪੰਨਾ ੫੫੬)*

ਕਲਯੁਗੀ ਲੋਕਾਂ ਦੇ ਜਿੰਨਾਂ ਵਰਗੇ ਕੁਟੰਬ ਦਾ ਵਰਣਨ ਹੈ। ਮਨੁੱਖੀ ਜਾਮੇ ਵਿਚ ਭੂਤਨੇ-ਭੂਤਨੀਆਂ ਫਿਰ ਰਹੇ ਹਨ।

੧੭. ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥ *(ਪੰਨਾ ੧੨੪੬)*

੧੮. ਮਛੀ ਤਾਰੂ ਕਿਆ ਕਰੇ ਪੰਖੀ ਕਿਆ ਆਕਾਸੁ ॥
ਪਥਰ ਪਾਲਾ ਕਿਆ ਕਰੇ ਖੁਸਰੇ ਕਿਆ ਘਰ ਵਾਸੁ ॥
ਕੁਤੇ ਚੰਦਨੁ ਲਾਈਐ ਭੀ ਸੋ ਕੁਤੀ ਧਾਤੁ ॥...
ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ ॥ *(ਪੰਨਾ ੧੪੩)*

ਮੂਰਖ ਦੀ ਵਿਅਰਥ ਬੋਲਣ ਦੀ ਆਦਤ ਨਹੀਂ ਜਾ ਸਕਦੀ ਇਸ ਨੂੰ ਕੁੱਤੇ, ਖੁਸਰੇ, ਪੰਖੀ ਤੇ ਮੱਛੀ ਆਦਿ ਦੀ ਤੁਲਨਾ ਦੇ ਕੇ ਸਮਝਾਇਆ ਹੈ। ਉਪਰੋਕਤ ਉਦਾਹਰਣਾਂ ਗੁਰੂ ਨਾਨਕ ਬਾਣੀ ਵਿਚੋਂ ਇੱਕਾ-ਦੁੱਕਾ ਲਈਆਂ ਗਈਆਂ ਹਨ। ਪਰ ਆਸਾ ਦੀ ਵਾਰ ਤਾਂ ਹਾਸ-ਵਿਅੰਗ ਦੀ ਸਿਰਕੱਢ ਨਮੂਨਾ ਪੇਸ਼ ਕਰਦੀ ਹੈ। ਸਾਰੀ ਵਾਰ ਹੀ ਵਿਅੰਗਮਈ ਸਿੱਖਿਆ ਦੀ ਚੋਣਵੀਂ ਮਿਸਾਲ ਹੈ। ਜਿਵੇਂ :

੧੯. ਵਾਇਨਿ ਚੇਲੇ ਨਚਨਿ ਗੁਰ ॥
ਪੈਰ ਹਲਾਇਨਿ ਫੇਰਨਿ੍ ਸਿਰ ॥
ਉਡਿ ਉਡਿ ਰਾਵਾ ਝਾਟੈ ਪਾਇ ॥
ਵੇਖੈ ਲੋਕੁ ਹਸੈ ਘਰਿ ਜਾਇ ॥
ਰੋਟੀਆ ਕਾਰਣਿ ਪੂਰਹਿ ਤਾਲ ॥
ਆਪੁ ਪਛਾੜਹਿ ਧਰਤੀ ਨਾਲਿ ॥ *(ਪੰਨਾ ੪੬੫)*

ਰਾਸਧਾਰੀਆਂ ਦੇ ਸਾਂਗ ਨੂੰ ਮੂਰਤੀਮਾਨ ਕਰਦਿਆਂ ਉਹਨਾਂ ਦੀ ਹਾਸੋਹੀਣੀ ਅਵਸਥਾ ਦੱਸਦੇ ਹਨ ਕਿ ਗੁਰੂ ਦੇ ਚੇਲੇ ਸਾਂਗ ਬਣ-ਬਣ ਨੱਚਦੇ ਹਨ, ਮਿੱਟੀ-ਘੱਟਾ ਉਹਨਾਂ ਦੇ ਸਿਰ ਵਿਚ ਪੈਂਦਾ ਹੈ, ਆਪਣੇ ਆਪ ਨੂੰ ਪਟਾਕ-ਪਟਾਕ ਸੁੱਟਦੇ ਹਨ ਤੇ ਲੋਕਾਂ ਦੇ ਹੱਸਣ ਦਾ ਕਾਰਨ ਬਣਦੇ ਹਨ।

੨੦. ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥ ਮਨਿ ਅੰਧਾ ਨਾਉ ਸੁਜਾਣੁ ॥ *(ਪੰਨਾ ੪੭੧)*

ਕਿਹੀ ਅਸਚਰਜ ਤੇ ਹਾਸੋਹੀਣੀ ਅਵਸਥਾ ਹੈ ਕਿ ਵਿਰੋਧਾਤਮਕ ਨਾਂ ਰੱਖ ਕੇ ਲੋਕੀਂ ਖ਼ੁਸ਼ ਹੁੰਦੇ ਹਨ।

੨੧. ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥

ਛੋਡੀਲੇ ਪਾਖੰਡਾ ॥ ਨਾਮਿ ਲਇਐ ਜਾਹਿ ਤਰੰਦਾ ॥ (ਪੰਨਾ ੪੭੧)

ਹਿੰਦੂ ਦੀ ਤੁੱਛ ਬੁੱਧੀ 'ਤੇ ਹਾਸਾ ਆਉਂਦਾ ਹੈ ਕਿ ਗਊ ਨੂੰ ਮਸੂਲ ਲਗਾਂਦਾ ਹੈ ਤੇ ਉਸ ਦੇ ਗੋਬਰ ਦਾ ਚਉਕਾ ਕਰ ਕੇ ਸੁੱਚਮ ਢੂੰਡਦੇ ਹਨ। ਧੋਤੀਆਂ ਟਿੱਕਿਆਂ ਵਾਲੇ ਮਲੇਛਾਂ ਦਾ ਦਾਨ ਖਾਂਦੇ ਹਨ। ਇਹ ਪਖੰਡ ਹੀ ਹਾਸੇ ਦਾ ਕਾਰਨ ਬਣਦੇ ਹਨ।

੨੨. ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥ ਉਨ੍ਹਾ ਭਿ ਆਵਹਿ ਓਈ ਸਾਦ ॥
ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥ (ਪੰਨਾ ੪੭੧)

੨੩. ਅਭਾਖਿਆ ਕਾ ਕੁਠਾ ਬਕਰਾ ਖਾਣਾ ॥
ਚਉਕੇ ਉਪਰਿ ਕਿਸੈ ਨ ਜਾਣਾ ॥
ਦੇ ਕੈ ਚਉਕਾ ਕਢੀ ਕਾਰ ॥ ਉਪਰਿ ਆਇ ਬੈਠੇ ਕੂੜਿਆਰ ॥ (ਪੰਨਾ ੪੭੨)

੨੪. ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥
ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥ (ਪੰਨਾ ੪੭੨)

੨੫. ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ॥
ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ॥ (ਪੰਨਾ ੪੭੨)

੨੬. ਅੰਨੁ ਨ ਖਾਇਆ ਸਾਦੁ ਗਵਾਇਆ ॥
ਬਹੁ ਦੁਖੁ ਪਾਇਆ ਦੂਜਾ ਭਾਇਆ ॥...
ਅਲੁ ਮਲੁ ਖਾਈ ਸਿਰਿ ਛਾਈ ਪਾਈ ॥ (ਪੰਨਾ ੪੬੭)

੨੭. ਪੜਿ ਪੁਸਤਕ ਸੰਧਿਆ ਬਾਦੰ ॥
ਸਿਲ ਪੂਜਸਿ ਬਗੁਲ ਸਮਾਧੰ ॥ (ਪੰਨਾ ੪੭੦)

੨੮. ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥ (ਪੰਨਾ ੪੬੬)

ਮੁਸਲਮਾਨੀ ਰਿਵਾਜ ਅਨੁਸਾਰ ਮੁਰਦੇ ਨੂੰ ਦੱਬਦੇ (ਦਫ਼ਨ ਕਰਦੇ) ਹਨ, ਸਾੜਦੇ ਨਹੀਂ। ਸਤਿਗੁਰੂ ਜੀ ਤਨਜ਼ ਨਾਲ ਕਹਿੰਦੇ ਹਨ ਕਿ ਮੁਸਲਮਾਨ ਦੀ ਮਿੱਟੀ ਘੁਮਿਆਰ ਦੇ ਪੇੜੇ ਪੈ ਗਈ। ਉਸ ਨੇ ਭਾਂਡੇ ਘੜੇ ਤੇ ਇੱਟਾਂ ਬਣਾਈਆਂ। ਫਿਰ ਆਵੇ ਵਿਚ ਰੱਖ ਕੇ ਅੱਗ ਲਗਾਈ। ਤਾਂ ਉਹ ਮਿੱਟੀ ਸੜਦੀ ਹੋਈ ਪੁਕਾਰ ਕਰੀ ਜਾ ਰਹੀ ਹੈ, ਦਫ਼ਨ ਕੀਤਾ ਮੁਸਲਮਾਨ ਫਿਰ ਅੱਗ ਵਿਚ ਸੜ ਰਿਹਾ ਹੈ।

ਉਪਰੋਕਤ ਉਦਾਹਰਣਾਂ ਨੂੰ ਗਹੁ ਨਾਲ ਵਿਚਾਰਿਆਂ ਇਉਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਦਾ ਹਾਸ-ਵਿਅੰਗ ਸਾਹਿਤਕ ਪੱਖੋਂ ਰੂਹਾਨੀ ਕਾਵਿ-ਸ਼੍ਰੇਣੀ ਦਾ ਹੈ। ਪਰ ਉਸ ਦੀ ਸੁਚੱਜੀ ਵਰਤੋਂ ਕਾਰਣ ਇਸ ਦਾ ਪ੍ਰਭਾਵ ਅਤਿ ਵਿਸ਼ੇਸ਼ਤਾ ਭਰਪੂਰ ਸੀ। ਆਮ ਪੱਧਰੀ ਹਾਸ-ਰਸ ਕੇਵਲ ਸਾਹਿਤਕ ਨੇਮਾਂ ਅਨੁਸਾਰ ਅਤਿ ਸੀਮਿਤ ਚਿੰਤਨ ਤਕ ਹੀ ਵਰਤਿਆ ਜਾ ਸਕਦਾ ਹੈ ਪਰ ਗੁਰੂ ਨਾਨਕ ਸਾਹਿਬ ਦੀ ਉੱਚ-ਪੱਧਰੀ ਕਲਾਤਮਕ ਛੁਹ ਨਾਲ ਇਹ ਸੰਪਰਦਾਇਕ ਕੁਰੂਪਤਾ ਨੂੰ ਸੁਆਰਣ ਲਈ ਵਰਤਿਆ ਜਾਂਦਾ ਰਿਹਾ, ਗੁਰੂ ਨਾਨਕ ਸਾਹਿਬ ਦੀ ਭਰਪੂਰ ਸ਼ਖ਼ਸੀਅਤ ਨੇ ਇਸ ਕਲਾ ਰਾਹੀਂ ਅਤੇ ਕਠੋਰਤਾ ਦੇ ਅੰਤਰੀਵ ਆਤਮੇ ਨੂੰ ਕੇਵਲ ਗਰਮਾਇਆ ਹੀ ਨਹੀਂ ਸਗੋਂ ਆਉਂਦੀਆਂ

ਸਦੀਆਂ ਤਕ ਗਰਮਾਏ ਰੱਖਣ ਦਾ ਸਾਧਨ ਵੀ ਬਣਾਇਆ। ਗੁਰੂ ਨਾਨਕ ਦੇਵ ਜੀ ਦੀ ਵਿੱਲਖਣ ਸੂਝ-ਬੂਝ ਰਾਹੀਂ ਇਹ ਹਾਸ-ਵਿਅੰਗ ਦੀ ਆਮ ਵਰਤੀਂਦੀ ਔਸ਼ਧੀ ਨਾ ਕੇਵਲ ਚਿਰ-ਸੁੱਤੀ ਸੋਚਣੀ ਦੇ ਮੂੰਹ 'ਤੇ ਛਿਨ-ਭੰਗਰ ਖੇੜਾ ਹੀ ਲਿਸ਼ਕਾ ਸਕੀ, ਸਗੋਂ ਸਦੀਆਂ ਦੇ ਕਠੋਰ ਚਿੰਤਨ ਨੂੰ ਮਨਾਂ ਵਿਚੋਂ ਹੂੰਝ ਗਈ। ਉਹ ਆਪ ਨਿਰਾ ਸੱਚ ਸੀ, ਉਸ ਨੇ ਮਨੁੱਖਤਾ ਨੂੰ ਗਰਮਾ ਦਿੱਤਾ। ਉਹ ਆਪ ਨਿਰਾ ਖੇੜਾ ਸੀ, ਉਸ ਨੇ ਸਾਹਿਤ ਨੂੰ ਰੁਸ਼ਨਾ ਦਿੱਤਾ।

ਜਿਵੇਂ ਗੁਰੂ ਨਾਨਕ ਸਾਹਿਬ ਦੇ 'ਸਚਿ' ਦਾ ਸਰੂਪ ਅਲੌਕਿਕ ਪੱਧਰ ਤਕ ਉੱਚਾ ਸੀ, ਤਿਵੇਂ ਗੁਰੂ ਨਾਨਕ ਸਾਹਿਬ ਦਾ 'ਹਾਸ-ਰਸ' ਵਿਸ਼ੇਸ਼ ਪੱਧਰ ਤਕ ਡੂੰਘਾ ਸੀ। ਉਸ ਦੀ ਪ੍ਰਤਿਭਾ ਨੂੰ ਮੇਰੀ ਸੌ-ਸੌ ਨਮਸਕਾਰ !

(11/1975)

ਬਾਬਾ ਨਾਨਕ ਉਰਦੂ ਸ਼ਾਇਰਾਂ ਦੀ ਨਜ਼ਰ ਵਿਚ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਾਜਿਕ ਸਿੱਥਲਤਾ, ਆਰਥਿਕ ਮੰਦਹਾਲੀ, ਰਾਜਨੀਤਕ ਦਾਸਤਾ, ਆਤਮਿਕ ਨਿਰਬਲਤਾ, ਰੱਬੀ ਅਨੇਕਤਾ ਅਤੇ ਕਰਤੱਵ ਪ੍ਰਤੀ ਉਪਰਾਮਤਾ ਵਿਰੁੱਧ ਆਪਣੀ ਆਵਾਜ਼ ਹੀ ਬੁਲੰਦ ਨਹੀਂ ਕੀਤੀ ਸਗੋਂ ਅੰਤ ਤੀਕ ਮਿਸਾਲੀ ਅਤੇ ਲਾਸਾਨੀ ਜੀਵਨ ਜਿਉਂਦਿਆਂ ਆਪਣੇ ਆਪ ਨੂੰ ਅੱਗੇ ਰੱਖਿਆ। ਮਨੁੱਖਤਾ ਦੇ ਪੈਗ਼ੰਬਰ ਅਤੇ ਬਹਾਰਾਂ ਦੇ ਪਿਆਂਬਰ ਸ੍ਰੀ ਗੁਰੂ ਨਾਨਕ ਦੇਵ ਜੀ ਅਜਿਹੀ ਅਨੁਪਮ ਸਜਾਤੀਆ ਅਤੇ ਭਰਾਤਰੀਅਤਾ ਫ਼ਿਲਾਸਫ਼ੀ ਨੂੰ ਉਰਦੂ ਸ਼ਾਇਰਾਂ ਨੇ ਆਪਣੇ ਵਿਸ਼ੇਸ਼ ਰੰਗ ਵਿਚ ਇਸ ਤਰ੍ਹਾਂ ਦਰਸਾਇਆ ਹੈ ਕਿ ਪੜ੍ਹਦਿਆਂ ਹੀ ਗੁਰੂ ਜੀ ਦੀ ਨੂਰਾਨੀ ਸ਼ਖ਼ਸੀਅਤ ਦ੍ਰਿਸ਼ਟੀਮਾਨ ਹੋ ਉੱਠਦੀ ਹੈ।

ਮਹਾਂਕਵੀ ਡਾ. ਇਕਬਾਲ ਨੇ ਗੁਰੂ ਜੀ ਦੀ ਪ੍ਰੇਮ-ਭਰਪੂਰ ਏਕਤਾਮਈ ਆਵਾਜ਼ ਨੂੰ ਮਾਜ਼ੀ ਦੇ ਨੂਰੀ ਝਰੋਖਿਆਂ ਰਾਹੀਂ ਸੁਣਿਆ ਅਤੇ ਕਹਿ ਉੱਠਿਆ:

ਫਿਰ ਉਠੀ ਆਖ਼ਿਰ ਸਦਾਅ ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦਿ-ਕਾਮਿਲ ਨੇ ਜਗਾਯਾ ਖ਼੍ਵਾਬ ਸੇ।

ਭਾਵ—'ਅੰਤ ਪੰਜਾਬ ਦੇ ਮੈਦਾਨਾਂ 'ਚੋਂ ਮਹਾਂ-ਮਾਨਵ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਏਕਤਾਮਈ ਆਵਾਜ਼ ਬੁਲੰਦ ਹੋਈ। ਇਸ ਪੂਰਨ ਪੁਰਖ ਨੇ ਗ਼ਫ਼ਲਤ ਦੀ ਨੀਂਦ ਸੁੱਤੇ ਭਾਰਤ ਨੂੰ ਆ ਜਗਾਇਆ।' ਡਾ. ਇਕਬਾਲ ਆਪਣੀ ਇਕ ਹੋਰ ਰਚਨਾ ਵਿਚ ਲਿਖਦੇ ਹਨ:

ਨਾਨਕ ਨੇ ਜਿਸ ਚਮਨ ਮੇਂ ਵਹਿਦਤ ਕਾ ਗੀਤ ਗਾਇਆ।
ਮੇਰਾ ਵਤਨ ਵੁਹੀ ਹੈ, ਮੇਰਾ ਵਤਨ ਵੁਹੀ ਹੈ।

ਭਾਵ—ਮੈਂ ਉਸ ਬਾਗ਼ ਦੀ ਹੀ ਬੁਲਬੁਲ ਹਾਂ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਬੀ-ਏਕਤਾ ਦੇ ਦੋ ਸ਼ਬਦ ਉਚਾਰੇ ਹਨ।

ਪ੍ਰਸਿੱਧ ਸ਼ਾਇਰ ਤਲੋਕ ਚੰਦ ਮਹਿਰੂਮ ਨੇ ਗੁਰੂ ਜੀ ਦੀ ਪੂਰਨ ਸ਼ਖ਼ਸੀਅਤ ਅਤੇ ਰੂਹਾਨੀਅਤ ਨੂੰ ਇਕ ਵਾਰਤਾਲਾਪ ਰਾਹੀਂ ਉਜਾਗਰ ਕੀਤਾ ਹੈ:

ਬਾਬਰ: ਨ ਮੈਖ਼ਾਨੇ ਕੋ ਦੇਖਾ ਚਾਹੀਏ ਚਸ਼ਮਿ ਹਕਾਰਤ ਸੇ।
ਕਿ ਹੋਤੀ ਹੈ ਯਹਾਂ ਸੇ ਬੇ-ਖ਼ੁਦੀ ਕੀ ਇਬਤਦਾ ਬਾਬਾ।

ਭਾਵ—ਬਾਬਰ ਗੁਰੂ ਜੀ ਨੂੰ ਕਹਿੰਦਾ ਹੈ ਕਿ ਸ਼ਰਾਬਖ਼ਾਨੇ ਤੋਂ ਘਿਰਣਾ ਨਹੀਂ ਕਰਨੀ ਚਾਹੀਦੀ ਕਿਉਂਕਿ ਮਸਤੀ ਇਥੋਂ ਹੀ ਜਨਮ ਲੈਂਦੀ ਹੈ।

ਬਾਬਾ ਨਾਨਕ: ਮੁਨਾਸਬ ਹੈ ਯਹੀ ਤਰਕੇ ਮੈ-ਅੰਗੂਰ ਕਰ ਸ਼ਾਹਾ।
ਹਮਾਰੇ ਜਾਮ ਸੇ ਥੋੜੀ ਸੀ ਅਬ ਮਨਜ਼ੂਰ ਕਰ ਸ਼ਾਹਾ।

ਭਾਵ—ਗੁਰੂ ਜੀ ਫ਼ੁਰਮਾਉਂਦੇ ਹਨ ਕਿ ਉਚਿਤ ਇਹ ਹੀ ਹੈ ਕਿ ਤੁਸੀਂ ਇਸ ਮਤ-ਨਾਸੀ ਸ਼ਰਾਬ ਕਾ ਖਹਿੜਾ ਛੱਡ ਕੇ ਸਾਡੇ ਰੂਹਾਨੀ ਪਿਆਲੇ 'ਚੋਂ ਨਾਮ-ਖ਼ੁਮਾਰੀ ਦੀਆਂ ਦੋ ਘੁੱਟਾਂ ਭਰ ਕੇ ਦੇਖੋ।

ਅੱਜ ਦੇ ਚੋਟੀ ਦੇ ਸ਼ਾਇਰ ਜਨਾਬ ਜੋਸ਼ ਮਲੀਸਾਨੀ ਨੇ ਵੀ ਗੁਰੂ ਜੀ ਅਤੇ ਬਾਬਰ ਦੀ ਮੁਲਾਕਾਤ ਦਾ ਚਿੱਤਰ ਪੇਸ਼ ਕਰਦਿਆਂ ਲਿਖਿਆ ਹੈ:

ਇਕ ਤਰਫ਼ ਮੰਜ਼ਿਲ ਕੀ ਬੁਨਿਆਦੇਂ ਜਮੀਂ ਕੇ ਫ਼ਰਸ਼ ਪਰ।
ਇਕ ਤਰਫ਼ ਇਕ ਮਰਦਿ-ਕਾਮਿਲ ਕੀ ਨਿਗਾਹੇਂ ਅਰਸ਼ ਪਰ।

ਭਾਵ—ਮੁਲਾਕਾਤ ਸਮੇਂ ਇਕ ਪਾਸੇ ਬਾਬਰ ਦੀ ਅਲਪ ਕਾਲਿਕ ਸਕੰਦਰੀ ਸ਼ਾਨ ਸੀ ਅਤੇ ਦੂਜੇ ਪਾਸੇ ਪੂਰਨ ਪੁਰਖ ਗੁਰੂ ਜੀ ਦਾ ਸਥਾਈ ਅੰਬਰੀ-ਜਲਾਲ ਪ੍ਰਕਾਸ਼ਮਾਨ ਸੀ। ਨਾਮ-ਖ਼ੁਮਾਰੀ ਦੇ ਆਸ਼ਕ ਗੁਰੂ ਜੀ ਬਾਬਰ ਦੇ ਸ਼ਾਹੀ-ਮਨ ਦੀ ਸਕਰੀਨ ਤੇ ਅੰਗੂਰੀ-ਪਾਣੀ ਦੀ ਹਕੀਕਤ ਪ੍ਰਕਾਸ਼ਮਾਨ ਕਰਦੇ ਫ਼ੁਰਮਾਉਂਦੇ ਹਨ:

ਯੇ ਪਰੀ ਸ਼ੀਸ਼ੇ ਮੇਂ ਜ਼ਹਿਰੀ ਨਾਗ ਸੇ ਕਮ ਨਹੀਂ।
ਸ਼ਕਲ ਪਾਨੀ ਕੀ ਹੇ ਲੇਕਿਨ ਆਗ ਸੇ ਕਮ ਨਹੀਂ।

ਗੁਰੂ ਜੀ ਨਾਮ-ਖ਼ੁਮਾਰੀ ਦੇ ਸਦੀਵੀ ਖ਼ੁਮਾਰ ਦੀ ਸ਼ਾਨ ਦੱਸਦੇ ਕਹਿੰਦੇ ਹਨ:

ਮੈਂਨੇ ਜੋ ਪੀ ਹੈ ਕਿਆਮਤ ਤਕ ਉਤਰ ਸਕਤੀ ਨਹੀਂ।

ਮਸ਼ਹੂਰ ਉਰਦੂ ਕਵੀ ਮੁਨਸ਼ੀ ਬਸ਼ੇਸ਼ਵਰ ਪ੍ਰਸ਼ਾਦ ਮਨੱਵਰ ਲਖਨਵੀ ਲਿਖਦੇ ਹਨ:

ਪਾਰਸ ਜਿਸੇ ਫ਼ਰਾਇਜ਼ਿ-ਮੋਦੀ ਨੇ ਕਰ ਦੀਆ।
ਸਰ ਜਿਸ ਕੇ ਆਗੇ ਖਮ ਸ਼ਾਹਿ ਲੋਧੀ ਨੇ ਕਰ ਦੀਆ।

ਭਾਵ—ਅਤੀ ਪ੍ਰੇਮ ਅਤੇ ਈਮਾਨਦਾਰੀ ਨਾਲ ਨਿਭਾਈਆਂ ਮੋਦੀਖ਼ਾਨੇ ਦੀਆਂ ਜ਼ੁੰਮੇਵਾਰੀਆਂ ਨੇ ਗੁਰੂ ਜੀ ਨੂੰ ਪਾਰਸ ਬਣਾ ਦਿੱਤਾ, ਇਹ ਦੇਖ ਲੋਧੀ ਬਾਦਸ਼ਾਹਾਂ ਨੇ ਉਹਨਾਂ ਦੇ ਚਰਨਾਂ 'ਤੇ ਸਿਰ ਝੁਕਾ ਦਿੱਤਾ।

ਨਾਕੂਸ ਕੀ ਸਦਾ ਕੇ ਮਤਲਬ ਬਿਆਂ ਕੀਏ।
ਰਾਜ਼-ਏ-ਨਿਹਾਂ ਨਿਮਾਜ਼-ਓ-ਅਜ਼ਾਂ ਕੇ ਅਯਾਂ ਕੀਏ।

ਭਾਵ—ਗੁਰੂ ਜੀ ਨੇ ਪੂਜਾ ਦੇ ਸਹੀ ਰੂਪ ਅਤੇ ਨਿਮਾਜ਼ ਦੀਆਂ ਸਹੀ ਤਸ਼ਰੀਹਾਂ ਪੇਸ਼ ਕੀਤੀਆਂ।

ਲਾਲਾ ਦਇਆ ਰਾਮ ਨੇ ਗੁਰੂ ਜੀ ਪ੍ਰਤੀ ਅਕੀਦਤ ਦੇ ਫੁੱਲ ਪੇਸ਼ ਕਰਦਿਆਂ ਲਿਖਿਆ ਹੈ:

ਦਰਿਆਇ ਸਖ਼ਾਵਤ ਬਹਿਰਿ ਕਰਮ ਹੈਂ ਬਾਬਾ ਨਾਨਕ ਸ਼ਾਹ ਗੁਰੂ।
ਕਰ ਅਰਦਾਸ ਝੁਕਾਓ ਸਰ ਦਮ ਦਮ ਪਰ ਬੋਲੋ ਵਾਹ ਗੁਰੂ।

ਭਾਵ—ਸ਼ਾਹ ਗੁਰੂ ਬਾਬਾ ਨਾਨਕ ਰਹਿਮਤ ਦੇ ਭੰਡਾਰ ਅਤੇ ਦਇਆ ਦੇ ਸਾਗਰ ਹਨ। ਸਿਰ ਝੁਕਾ ਅਰਦਾਸ ਕਰੋ ਅਤੇ ਹਰ ਪਲ ਵਾਹਿਗੁਰੂ-ਵਾਹਿਗੁਰੂ ਉਚਾਰੋ।

ਮੁੰਤਜ਼ਿਰ ਗੁਜਰਾਂਵਾਲਵੀ ਲਿਖਦੇ ਹਨ:

ਨਾਨਕਿ-ਆਜ਼ਮ ਕੀ ਹਰ ਤਾਲੀਮ ਆਲਮਗੀਰ ਥੀ।
ਉਲਫ਼ਤਿ-ਇਨਸਾਂ ਕੀ ਜੀਤੀ-ਜਾਗਤੀ ਤਸਵੀਰ ਥੀ।

ਭਾਵ—'ਮਹਾਨ ਗੁਰੂ ਬਾਬਾ ਨਾਨਕ ਦੀ ਹਰ ਸਿੱਖਿਆ ਵਿਸ਼ਵ-ਵਿਆਪੀ ਅਤੇ ਮਾਨਵੀ-ਪਿਆਰ ਦਾ ਜਿਉਂਦਾ-ਜਾਗਦਾ ਸ਼ਾਹਕਾਰ ਸੀ।

ਤੂ ਵੋਹ ਕਾਅਬਾ ਹੈ ਕਿ ਕਾਅਬਾ ਨੇ ਕੀਆ ਤੇਰਾ ਤਵਾਫ਼।
ਜ਼ਾਹਿਰ ਓ ਬਾਤਨ ਤੇਰਾ ਮਾਨਿੰਦਿ ਆਈਨਾ ਸਾਫ਼।

ਭਾਵ—ਮਾਨਵੀ ਰੂਪ ਵਿਚ ਗੁਰੂ ਜੀ ਉਹ ਪਾਕ-ਪਵਿੱਤਰ ਤੀਰਥ ਸਨ, ਜਿਸ ਦੇ ਦੀਦਾਰ ਲਈ 'ਕਾਅਬਾ' ਜਿਹੇ ਤੀਰਥ ਅਸਥਾਨ ਵੀ ਬੇਕਰਾਰ ਸਨ।

ਕ੍ਰਿਸ਼ਨ ਮੋਹਨ ਐਮ.ਏ. ਲਿਖਦੇ ਹਨ:

ਪਹਿਲੇ ਪਹਿਲੇ ਨਾਨਕ ਨੇ ਹੀ ਯਕਜਹਿਤੀ ਕੀ ਸ਼ਿਕਸ਼ਾ ਦੀ,
ਆਪਸ ਮੇਂ ਮਿਲ ਕਰ ਰਹਿਨੇ ਕੀ ਕਦਰ-ਓ-ਕੀਮਤ ਸਮਝਾ ਦੀ।

ਭਾਵ—ਪਹਿਲਾਂ-ਪਹਿਲ ਬਾਬਾ ਨਾਨਕ ਨੇ ਹੀ ਏਕਤਾ ਦਾ ਪਾਠ ਪੜ੍ਹਾਇਆ ਅਤੇ ਪ੍ਰੇਮ-ਸਹਿਤ ਰਹਿਣਾ ਸਿਖਾਇਆ।

ਗੁਰੂ ਜੀ ਸੱਚੇ ਦਿਲੋਂ ਹਿੰਦੂ-ਮੁਸਲਮਾਨ ਏਕਤਾ ਲਈ ਸਰਗਰਮ ਰਹੇ। ਉਹਨਾਂ ਦੇ ਏਕਤਾਮਈ ਉਦੇਸ਼ ਨੂੰ ਸ੍ਰੀ ਗੋਪੀ ਨਾਥ ਅਮਨ ਨੇ ਆਪਣੇ ਇਕ ਸ਼ਿਅਰ ਵਿਚ ਇਸ ਤਰ੍ਹਾਂ ਦਰਸਾਇਆ ਹੈ:

ਵੋਹ ਹਸਤੀ ਮਹਿਵ ਥੀ ਜੋ ਦੋਨੋਂ ਫ਼ਿਰਕੋਂ ਕੇ ਮਿਲਾਨੇ ਮੇਂ।
ਵੋਹ ਹਸਤੀ ਆਈ ਹਿੰਦੁਸਤਾਂ ਮੇਂ ਲੋਧੀ ਕੇ ਜ਼ਮਾਨੇ ਮੇਂ।

ਸ. ਦਰਸ਼ਨ ਸਿੰਘ ਦੁੱਗਲ ਫ਼ੁਰਮਾਉਂਦੇ ਹਨ:

ਪੀਰਿ ਨਨਕਾਣਾ! ਤੇਰੀ ਰੂਹਿ-ਸਦਾਕਤ ਕੋ ਸਲਾਮ,
ਜਾਵਦਾਂ ਪਰਚਮਿ ਉਲਫ਼ਤ ਤੇਰਾ ਲਹਿਰਾਤਾ ਹੈ।

ਭਾਵ—ਨਨਕਾਣੇ ਵਿਚ ਪ੍ਰਗਟ ਹੋਏ ਗੁਰੂ, ਤੇਰੀ ਸੱਚੀ ਆਤਮਾ ਨੂੰ ਮੇਰਾ ਪ੍ਰਣਾਮ। ਤੇਰਾ ਲਹਿਰਾਇਆ ਪ੍ਰੇਮ-ਰੂਪੀ ਸਦੀਵੀ ਝੰਡਾ ਹਰ ਪਾਸੇ ਲਹਿਰਾਉਂਦਾ ਹੈ।

ਗੁਰੂ ਜੀ ਦੇ ਪ੍ਰਗਟ ਹੋਣ ਦੀ ਸ਼ਾਨ ਨੂੰ ਇਕ ਕਵੀ ਨੇ ਆਪਣੇ ਸ਼ਬਦਾਂ ਵਿਚ ਇਸ ਤਰ੍ਹਾਂ ਰੁਸ਼ਨਾਇਆ ਹੈ:

ਸੁਨੋ ਕਿ ਵਾਦੀਏ ਪੰਜਾਬ ਸੇ ਸਦਾਅ ਆਈ,
ਫ਼ਰੇਬਿ-ਸੁਬ੍ਹਾ ਨਾ ਖਾਓ ਕਿ ਰੌਸ਼ਨੀ ਹੈ ਯਹਾਂ।

ਭਾਵ—ਗਗਨਾਂ ਦੇ ਸੂਰਜ ਦੇ ਧੋਖੇ 'ਚ ਨਾ ਆਓ, ਹਕੀਕੀ ਸੂਰਜ ਦਾ ਨੂਰ ਤਾਂ ਪੰਜਾਬ ਦੇ ਮੈਦਾਨਾਂ ਵਿਚ ਮੋਤੀ ਲੁਟਾ ਰਿਹਾ ਹੈ।

'ਮਿਟੀ ਧੁੰਧੁ ਜਗਿ ਚਾਨਣੁ ਹੋਆ' ਭਾਈ ਗੁਰਦਾਸ ਜੀ ਦੀ ਇਹ ਮਿੱਠੀ ਗੁੰਜਾਰ, ਰਾਮ ਕ੍ਰਿਸ਼ਨ ਮੁਜ਼ਤਰ ਦੇ ਨਿਮਨ-ਲਿਖਤ ਸ਼ਿਅਰ 'ਚੋਂ ਸਾਫ਼ ਸੁਣਾਈ ਦਿੰਦੀ ਹੈ:

ਓਅੰਕਾਰ ਕਾ ਸੂਰਜ ਨਿਕਲਾ, ਦੂਰ ਹੂਆ ਅੰਧਿਆਰਾ।
ਨਾਨਕ ਕੀ ਬਾਨੀ ਸੁਨ ਕਰ, ਜਾਗ ਉਠਾ ਜਗ ਸਾਰਾ।

ਕੌਸਰ ਸਾਹਿਬ ਲਿਖਦੇ ਹਨ:

ਬਜਾ ਹੈ ਉਸ ਕੋ ਕਹੇਂ ਹਮ ਖ਼ੁਦਾ ਮੁਹੱਬਤ ਕਾ।

ਖ਼ਲੂਸ ਸ਼ੇਵਾ ਮਜੱਸਮ ਵੋਹ ਬੁੱਤ ਸਦਾਕਤ ਕਾ।

ਭਾਵ—ਗੁਰੂ ਜੀ ਸੱਚਮੁੱਚ ਹੀ ਪ੍ਰੇਮ ਦੀ ਸਿਖਰ ਸਨ। ਪ੍ਰੇਮ ਰੂਪੀ ਪਰਮਾਤਮਾ ਸਨ। ਉਹਨਾਂ ਦਾ ਵਤੀਰਾ ਸਤਿਕਾਰ ਭਰਿਆ ਤੇ ਉਹ ਆਪ ਸੱਚ ਦਾ ਜਿਉਂਦਾ-ਜਾਗਦਾ ਸ਼ਾਹਕਾਰ ਸਨ।

ਦਿਲੋਂ ਕੋ ਜੀਤ ਲੀਆ ਜਿਸ ਨੇ ਗ਼ਮ-ਗੁਜ਼ਾਰੀ ਸੇ।

ਜੋ ਬਾਮਿ-ਔਜ਼ ਪੇ ਪਹੁੰਚਾ ਥਾ ਇਨਕਸਾਰੀ ਸੇ।

ਭਾਵ—ਗੁਰੂ ਜੀ ਨੇ ਹਮਦਰਦੀ ਅਤੇ ਪਿਆਰ ਰਾਹੀਂ ਦਿਲਾਂ ਨੂੰ ਜਿੱਤਿਆ ਅਤੇ ਉਹ ਨਿਮਰਤਾ ਰਾਹੀਂ ਵੱਧ ਤੋਂ ਵੱਧ ਉੱਨਤੀ ਦੀ ਉੱਚਤਮ ਸੀਮਾ 'ਤੇ ਪਹੁੰਚੇ। ਸਰਲਤਾ ਅਤੇ ਸਪੱਸ਼ਟਤਾ ਦੇ ਮਾਹਰ ਬਾਬਾ ਨਾਨਕ ਦੀ ਅਜ਼ੀਮ ਫ਼ਿਲਾਸਫ਼ੀ ਨੂੰ ਸਰਲ ਸ਼ਬਦਾਂ ਦਾ ਹੀ ਜਨਤਕ ਜਾਮਾ ਪਹਿਨਾਉਂਦਾ ਹੋਇਆ ਕਵੀ ਲਿਖਦਾ ਹੈ:

ਅਦਾਏ-ਫ਼ਰਜ਼ ਜ਼ਰੂਰੀ ਹੈ ਆਦਮੀ ਕੇ ਲੀਏ।

ਯੇਹੀ ਪਿਆਮ ਹੈ ਨਾਨਕ ਕਾ ਹਰ ਕਿਸੀ ਕੇ ਲੀਏ।

ਮੰਦਰ ਮਸਜਿਦ ਦੀ ਕੈਦ ਤੋਂ ਆਜ਼ਾਦ ਸ੍ਰੀ ਗੁਰੂ ਨਾਨਕ ਦੇਵ ਜੀ ਇਕੋ ਸਰਵ-ਵਿਆਪੀ, ਸਰਵ-ਸੰਪੰਨ ਨਿਰੰਕਾਰੀ ਜੋਤ ਦੇ ਪਰਵਾਨੇ ਸਨ। ਸ਼ਾਕਰ ਸਾਹਿਬ ਦੇ ਇਸ ਸ਼ਿਅਰ ਵਿਚੋਂ ਗੁਰੂ ਜੀ ਦੀ ਫ਼ਿਲਾਸਫ਼ੀ ਅਤੇ ਸ਼ਖ਼ਸੀਅਤ ਦਾ ਨੂਰ ਆਪ-ਮੁਹਾਰੇ ਛਲਕਦਾ ਹੈ:

ਉਸ ਕਾ ਸਜਦਾ ਸੰਗਿ-ਦਰ ਕੀ ਕੈਦ ਸੇ ਆਜ਼ਾਦ ਥਾ।

ਏਕ ਏਕ ਜ਼ੱਰੇ ਮੇਂ ਨਾਨਕ ਕਾ ਖ਼ੁਦਾ ਆਬਾਦ ਥਾ।

ਗੁਰੂ ਜੀ ਨੇ ਇਕ ਪਾਸੇ ਕਾਅਬੇ ਦੇ ਦਰਾਂ 'ਤੇ ਹਰ ਪਾਸ ਫੈਲੇ ਰੱਬੀ ਨੂਰ ਨੂੰ ਦਰਸਾਇਆ ਅਤੇ ਦੂਜੇ ਪਾਸੇ ਗੰਗਾ ਦੇ ਘਟਾਂ 'ਤੇ ਵਹਿਮਾਂ ਨੂੰ ਫਿਟਕਾਰਿਆ। ਵਫ਼ਾ ਸਾਹਿਬ ਦਾ ਇਹ ਸ਼ਿਅਰ ਗੁਰੂ ਜੀ ਦੇ ਇਸ ਉਪਕਾਰ ਵੱਲ ਹੀ ਇਸ਼ਾਰਾ ਕਰਦਾ ਹੈ:

ਮੱਕੇ ਮੇਂ ਬਤਾਇਆ ਥਾ ਕਿ ਹਰ ਸਿੱਮਤ ਖ਼ੁਦਾ ਹੈ।

ਗੰਗਾ ਪੇ ਬਤਾਇਆ ਕਿ ਕਿਉਂ ਵਹਿਮ ਕੀਆ ਹੈ।

ਰਿਸ਼ੀ ਪਟਿਆਲਵੀ ਨੇ ਗੁਰੂ ਜੀ ਪ੍ਰਤੀ ਸ਼ਰਧਾ ਦੇ ਫੁੱਲ ਭੇਟਾ ਕਰਦਿਆਂ ਫ਼ੁਰਮਾਇਆ ਹੈ:

ਸਤਾਰੋਂ ਕੋ ਜ਼ੀਆ ਦੇਤੀ ਹੈ, ਜਿਸ ਕੀ ਸ਼ਕਲ ਨੂਰਾਨੀ।

ਕਬੂਲੀ ਹੰਸ ਕੇ ਸੁਲਤਾਨੋਂ ਨੇ, ਜਿਸ ਕੇ ਦਰ ਦੀ ਦਰਬਾਨੀ।

ਭਾਵ—ਸੂਰਜ ਪ੍ਰਤਾਪੀ ਨਾਇਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ-ਸਪਰਸ਼ ਲਈ ਬਾਦਸ਼ਾਹ ਵੀ ਬੇਕਰਾਰ ਰਹਿੰਦੇ ਸਨ।

ਸ. ਪੂਰਨ ਸਿੰਘ ਹੁਨਰ ਆਪਣੀ ਕਵਿਤਾ 'ਤਰਾਨਾ-ਏ-ਤੌਹੀਦ' ਵਿਚ ਲਿਖਦੇ ਹਨ:

ਹਿੰਦੂ ਮੁਸਲਿਮ ਕੋ ਬਾਹਮ, ਤੂਨੇ ਯਕਜਾ ਕਰ ਦੀਆ।

ਬਾਦਾ-ਏ-ਤੌਹੀਦ ਸੇ ਦੋਨੋਂ ਕਾ ਸਾਗਰ ਭਰ ਦੀਆ।

ਭਾਵ—ਗੁਰੂ ਜੀ ਨੇ ਰੱਬੀ ਏਕਤਾ ਦੀ ਮੈਅ ਪਿਲਾ ਕੇ ਭਾਰਤੀ ਵਾਤਾਵਰਨ ਨੂੰ ਹਿੰਦੂ-ਮੁਸਲਿਮ ਏਕਤਾ ਦੀ ਮਸਤੀ ਨਾਲ ਮਹਿਕਾ ਦਿੱਤਾ। ਪਰਮਾਤਮਾ ਦੀ ਯਾਦ ਵਿਚ ਮਹਿਵ ਗੁਰੂ ਜੀ ਦਾ ਧਰਮ ਸਚਾਈ ਅਤੇ ਪੈਗ਼ਾਮ ਸੁਲਹ-ਸਫ਼ਾਈ ਸੀ। 'ਸਾਹਿਰ ਸਿਆਲਕੋਟੀ' ਦਾ ਇਹ ਸ਼ਿਅਰ

ਇਸ ਤੱਤ ਨੂੰ ਹੀ ਉਜਾਗਰ ਕਰਦਾ ਹੈ:

ਰਾਸਤੀ ਮਜ਼ਹਬ ਥਾ ਤੇਰਾ ਆਸਤੀ ਪੈਗ਼ਾਮ ਥਾ।
ਪਰ ਘੜੀ ਹਰ ਵਕਤ ਤੇਰੇ ਲਬ ਪੇ ਹਰਿ ਕਾ ਨਾਮ ਥਾ।

ਗੁਰੂ ਜੀ ਨੇ ਝੂਠੇ ਦੰਦ-ਖੰਡੀ ਮੁਨਾਰਿਆਂ ਦੇ ਵਾਸੀ ਮਲਕ ਭਾਗੋ ਦੀ ਥਾਂ ਗ਼ਰੀਬੜੇ ਕਿਰਤੀ ਭਾਈ ਲਾਲੋ ਨੂੰ ਸੀਨੇ ਲਾਲ ਲਾਇਆ। 'ਹੁਮਾ ਹਰਨਾਲਵੀ' ਦੇ ਇਸ ਸ਼ਿਅਰ ਵਿਚੋਂ ਇਹ ਸਮਾਜਵਾਦੀ ਸਦਾਅ ਹੀ ਸੁਣਾਈ ਦਿੰਦੀ ਹੈ:

ਗ਼ਰੀਬੋਂ ਸੇ ਦਾਮਨ ਬਚਾਤਾ ਨ ਥਾ।
ਅਮੀਰੋਂ ਕੋ ਖ਼ਾਤਰ ਮੇਂ ਲਾਤਾ ਨ ਥਾ।

ਗੁਰੂ ਜੀ ਦੀ ਕ੍ਰਾਂਤੀਕਾਰੀ ਛੋਹ ਪਾਉਂਦਿਆਂ ਹੀ ਸੁਆਰਥੀ ਮਾਨਵ ਮਾਨਵਤਾ ਦੇ ਸੇਵਕ ਬਣ ਗਏ। 'ਜਗਨ ਨਾਥ ਕਮਾਲ' ਦਾ ਇਹ ਸ਼ਿਅਰ ਇਸ ਸਚਾਈ ਨੂੰ ਹੀ ਪ੍ਰਗਟਾਉਂਦਾ ਹੈ:

ਐ ਗੁਰੂ ਤੇਰਾ ਕਰਮ ਭੀ ਇਨਕਲਾਬ ਆਮੇਜ਼ ਹੈ,
ਖ਼ੁਦਗ਼ਰਜ਼ ਇਨਸਾਨ ਕੋ ਖ਼ਿਦਮਤ ਕਾ ਬੰਦਾ ਕਰ ਦੀਆ।

ਜਿਸ ਇਨਕਲਾਬੀ ਅਤੇ ਵਿਗਿਆਨਕ ਢੰਗ ਰਾਹੀਂ ਗੁਰੂ ਜੀ ਨੇ ਗੰਗਾ ਦੇ ਤਟ 'ਤੇ ਫੋਕੀਆਂ ਰਸਮਾਂ ਦਾ ਖੰਡਨ ਕੀਤਾ, ਉਸ ਨੂੰ 'ਕਮਾਲ ਸਾਹਿਬ' ਨੇ ਬੜੀ ਕਮਾਲ ਨਾਲ ਚਿਤਰਿਆ ਹੈ:

ਆਜ ਤਕ ਗੁਨਗਨਾਤੀ ਹੈਂ ਯੇ ਗੰਗਾ ਦੀ ਲਹਿਰੇਂ,
ਖ਼ੁਦ ਤਮਾਸ਼ਾ ਬਨ ਕੇ ਰਸਮੋਂ ਕੋ ਤਮਾਸ਼ਾ ਕਰ ਦੀਆ।

ਗੁਰੂ ਜੀ ਦੀ ਸਿਖਰੀਂ ਪਹੁੰਚੀ ਪਵਿੱਤਰਤਾ ਦਾ ਜ਼ਿਕਰ ਕਰਦਿਆਂ ਸ੍ਰੀ ਸੋਹਨ ਲਾਲ ਸਾਹਿਰ ਨੇ ਫ਼ੁਰਮਾਇਆ ਹੈ:

ਵੋਹ ਇਤਨੇ ਪਾਕ ਥੇ,
ਪਾਕੀਜ਼ਗੀ ਕੋ ਨਾਜ਼ ਥਾ ਉਨ ਪਰ।

ਬਾਬਾ ਨਾਨਕ ਨੇ ਢਹਿੰਦੀਆਂ ਕਲਾਂ ਵੱਲ ਜਾ ਰਹੇ ਹਰ ਮਾਨਵ ਦੇ ਮਨ ਨੂੰ ਰੁਸ਼ਨਾਇਆ। ਉਹਨਾਂ ਦੀ ਬਾਣੀ ਦਾ ਸਰਬ-ਲੋਕ-ਪ੍ਰਿਯ ਨੂਰ 'ਕੈਸ ਸਾਹਿਬ' ਦੇ ਇਸ ਸ਼ਿਅਰ ਵਿਚੋਂ ਪ੍ਰਤੱਖ ਨਜ਼ਰੀਂ ਆਉਂਦਾ ਹੈ:

ਰੂਹ-ਪਰਵਰ ਹੈ ਤੇਰਾ ਰੰਗਿ-ਕਲਾਮ,
ਇਸ ਸੇ ਹਰ ਜ਼ਿੰਦਗੀ ਨਿਖਰਤੀ ਹੈ।

ਗੁਰੂ ਜੀ ਮਾਨਵੀ ਪਿਆਰ ਅਤੇ ਰੱਬੀ ਏਕਤਾ ਦੀ ਜਿਉਂਦੀ-ਜਾਗਦੀ ਤਸਵੀਰ ਸਨ। ਸਾਰਾ ਵਿਸ਼ਵ ਹੀ ਉਹਨਾਂ ਦੀ ਮਹਾਨਤਾ ਦਾ ਕਾਇਲ ਸੀ। ਸ੍ਰੀ ਮੇਲਾ ਰਾਮ ਵਫ਼ਾ ਨੇ ਆਪਣੇ ਇਕ ਸ਼ਿਅਰ ਵਿਚ ਗੁਰੂ ਜੀ ਦੀ ਆਲਮਗੀਰ ਅਜ਼ਮਤ ਨੂੰ ਹੀ ਦਰਸਾਇਆ ਹੈ:

ਤੁਝੇ ਸਾਰਾ ਜਹਾਂ ਪੈਗ਼ੰਬਰਿ-ਤੌਹੀਦ ਕਹਿਤਾ ਹੈ,
ਤੇਰੀ ਅਜ਼ਮਤ ਸੇ ਹੋ ਸਕਤਾ ਨਹੀਂ ਕੋਈ ਭੀ ਇਨਕਾਰੀ।

ਅੱਜ ਵੀ ਬਾਬਾ ਨਾਨਕ ਦੇ ਲਾਏ ਚਮਨ ਵੱਲ ਲੋਕਾਂ ਦੀਆਂ ਭੀੜਾਂ ਕਿਸੇ ਅਗੰਮੀ ਨਸ਼ੇ ਵਿਚ ਸਰਸ਼ਾਰ ਆਪਸੀ ਪਿਆਰ ਦੀਆਂ ਸ਼ਾਹਕਾਰ ਬਣੀਆਂ, ਤੁਰੀਆਂ ਜਾਂਦੀਆਂ ਨਜ਼ਰ ਆਉਂਦੀਆਂ ਹਨ। ਨਾਮ-ਖ਼ੁਮਾਰੀ ਦੇ ਮਤਵਾਲਿਆਂ ਨੂੰ ਦੇਖ 'ਅਖ਼ਤਰ ਰਜ਼ਵਾਨੀ ਸਾਹਿਬ' ਕਹਿ ਉੱਠੇ:

ਵੋਹ ਕੌਨ ਸਾ ਮੈਖ਼ਾਨਾ ਹੈ ਜਿਸ ਕੀ ਜਾਨਿਬ
ਨਾਨਕ ਕੇ ਪਰਸਤਾਰ ਚਲੇ ਆਤੇ ਹੈਂ।

ਡਾ. ਇਕਬਾਲ ਦਾ ਇਕ ਸ਼ਿਅਰ ਹੈ:

ਹਜ਼ਾਰੋਂ ਸਾਲ ਨਰਗਸ ਅਪਨੀ ਬੇਨੂਰੀ ਪੇ ਰੋਤੀ ਹੈ,
ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।

ਅੱਜ ਉਸ ਦੀਦਾਵਰ ਮਾਨਵੀ ਪਿਆਰ ਦੇ ਸ਼ਾਹ ਫ਼ਕੀਰ, ਇਨਸਾਨੀ ਉਲਫ਼ਤ ਦੇ ਮੈਖ਼ਾਨੇ ਦੇ ਪੀਰ ਨੂੰ 'ਅਖ਼ਤਰ ਸਾਹਿਬ' ਹੀ ਨਹੀਂ ਸਮੁੱਚੀ ਮਾਨਵ ਜਾਤੀ ਹੀ ਢੂੰਡ ਰਹੀ ਹੈ:

ਬੇਕੈਫ਼ ਹੈ ਮੈ, ਜਾਮ-ਓ-ਸਬੂ ਖ਼ਾਲੀ ਹੈ,
ਅਬ ਢੂੰਡੀਏਗਾ ਪੀਰੇ-ਮਗਾਂ ਨਾਨਕ ਸਾ।

(3/1970)

ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ

ਗੁਰੂ ਨਾਨਕ ਜੀ ਦੀ ਜੀਵਨ-ਕਥਾ ਪੜ੍ਹ ਕੇ ਇਕ ਸੁਆਲ ਮਨ ਵਿਚ ਉੱਠਦਾ ਹੈ ਕਿ ਉਹ ਕਿਹੋ ਜਿਹੀ ਸ਼ਖ਼ਸੀਅਤ ਹੋਵੇਗੀ ਜੋ ਠੱਗਾਂ ਨੂੰ ਸੱਜਣ, ਹੰਕਾਰੀਆਂ ਨੂੰ ਵਲੀ, ਮਾਨਸ-ਖਾਣਿਆਂ ਨੂੰ ਮਨੁੱਖ, ਜਾਦੂਗਰਨੀਆਂ ਨੂੰ ਸੰਸਾਰੀ ਅਤੇ ਮੰਦਿਆਂ ਨੂੰ ਚੰਗੇ ਪੁਰਸ਼ ਬਣਾ ਗਈ। 'ਜਿਥੇ ਹੋਰ ਗੁਣ ਕਿਸੇ ਚੰਗੇ ਪ੍ਰਚਾਰਕ ਵਿਚ ਚਾਹੀਦੇ ਹਨ', ਹੈਨਰੀ ਲਿੰਕ ਲਿਖਦਾ ਹੈ, 'ਉਥੇ ਇਕ ਵੱਡਾ ਗੁਣ ਪ੍ਰਭਾਵਸ਼ਾਲੀ ਸ਼ਖ਼ਸੀਅਤ ਵਾਲਾ ਹੋਣਾ ਚਾਹੀਦਾ ਹੈ।' ਅੱਜ ਅਸੀਂ ਸਤਿਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਬਾਰੇ ਹੀ ਵਿਚਾਰ ਕਰਾਂਗੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰੱਬੀ ਭੱਟਾਂ ਦੀ ਬਾਣੀ ਦਰਜ ਹੈ, ਉਹਨਾਂ ਨੇ ਜੋ ਗੁਰੂ ਘਰ ਦੇ ਸੰਬੰਧ ਵਿਚ ਅਨੁਭਵ ਕੀਤਾ ਉਹ 'ਸੱਚ ਕੀ ਬਾਣੀ' ਕਰਕੇ ਲਿਖਿਆ ਅਤੇ ਉਸ ਨੂੰ ਅਸੀਂ ਪੜ੍ਹਦੇ ਹਾਂ। ਉਹਨਾਂ ਦਾ ਮੁਖੀ 'ਕਲਸਹਾਰ' ਸੀ। ਉਸ ਨੇ ਮਹਲੇ ਪਹਿਲੇ ਕੇ ਸਿਰਲੇਖ ਹੇਠਾਂ ਗੁਰੂ ਨਾਨਕ ਜੀ ਦਾ ਚਿੱਤਰ ਖਿੱਚਿਆ ਹੈ। ਕਲਸਹਾਰ ਭੱਟ ਇਕ ਗੱਲ ਨੂੰ ਮੁੜ-ਮੁੜ ਦੁਹਰਾਉਂਦਾ ਹੈ ਕਿ ਗੁਰੂ ਨਾਨਕ 'ਰਾਜ-ਜੋਗ' ਮਾਣ ਰਹੇ ਸਨ।

'ਰਾਜ-ਜੋਗ' ਸ਼ਬਦ ਨੂੰ ਕੁਝ ਧਿਆਨ ਨਾਲ ਦੇਖਿਆਂ ਗੁਰੂ ਨਾਨਕ ਦੇਵ ਜੀ ਦਾ ਸ਼ਬਦ-ਚਿੱਤਰ ਸਾਹਮਣੇ ਆ ਜਾਂਦਾ ਹੈ। ਉਹ ਅਤੀ ਸਾਧਾਰਣ ਢੰਗ ਵਿਚ ਰਹਿੰਦੇ ਸਨ। ਰਹਿੰਦੇ ਦੁਨੀਆਂ ਵਿਚ ਸਨ, ਪਰ ਦੁਨੀਆਂ ਤੋਂ ਉੱਚੇ ਸਨ। ਗ੍ਰਿਹਸਥੀ ਸਨ। ਖੇਤੀ-ਬਾੜੀ ਵੀ ਕਰਦੇ ਸਨ, ਕੋਈ ਵੱਖਰੀ ਚਟਕ-ਮਟਕ ਗੁਰੂ ਜੀ ਨਹੀਂ ਸਨ ਰੱਖਦੇ, ਕੋਈ ਵੱਖਰਾ ਬਾਣਾ ਕਰਤਾਰਪੁਰ ਆ ਕੇ ਨਹੀਂ ਸਨ ਪਾਉਂਦੇ, ਸਗੋਂ ਸਾਧਾਰਨ, ਆਮ ਗ੍ਰਿਹਸਤੀਆਂ ਜਿਹੇ ਪਹਿਰਾਵੇ ਵਿਚ ਹੀ ਰਹਿੰਦੇ ਸਨ, ਨਾ ਹੀ ਉਹਨਾਂ ਦੁਆਲੇ ਖ਼ੁਸ਼ਾਮਦੀਆਂ ਦੀ ਭੀੜ ਹੁੰਦੀ ਸੀ।

ਭਾਈ ਲਹਿਣਾ ਜੀ ਇਸੇ ਗੱਲ ਤੋਂ ਪ੍ਰਭਾਵਿਤ ਹੋਏ ਸਨ। ਉਹ ਜਦੋਂ ਪਹਿਲੀ ਵਾਰ ਮਿਲਣ ਲਈ ਆਏ ਸਨ ਤਾਂ ਸਾਡਾ ਇਤਿਹਾਸ ਕਹਿੰਦਾ ਹੈ ਕਿ ਭਾਈ ਲਹਿਣਾ ਜੀ ਨੇ ਗੁਰੂ ਨਾਨਕ ਜੀ ਵੱਲ ਦੇਖਿਆ ਤਾਂ ਪਹਿਲੀ ਨਜ਼ਰ ਹੀ ਸ਼ਖ਼ਸੀਅਤ ਦਾ ਰੁਹਬ ਮਨ ਉੱਤੇ ਛਾ ਗਿਆ ਅਤੇ ਗੱਟੀਆਂ ਗਿਣਦੇ ਨਾਲ ਆਏ ਸਨ। ਇਸੇ ਤਰ੍ਹਾਂ ਪਹਿਲਾ ਪ੍ਰਭਾਵ ਹਰ ਮਿਲਣ ਵਾਲੇ ਉੱਤੇ ਪੈਂਦਾ ਸੀ।

ਭਾਈ ਗੁਰਦਾਸ ਜੀ ਵੀ ਦੱਸਦੇ ਹਨ ਕਿ ਉਹਨਾਂ ਦੀ ਸ਼ਖ਼ਸੀਅਤ ਦੇ ਡੂੰਘੇ ਪ੍ਰਭਾਵ ਦੀ ਛਾਪ ਹਰ ਮਨ ਉੱਤੇ ਲੱਗਦੀ ਸੀ। ਭਾਈ ਗੁਰਦਾਸ ਜੀ ਦੀ ਲਿਖੀ ਪਹਿਲੀ ਵਾਰ ਗੁਰੂ ਜੀ ਦੀ ਸ਼ਖ਼ਸੀਅਤ ਦਰਸਾਉਣ ਲਈ ਇਕ ਚੰਗੀ ਗਵਾਹੀ ਹੈ:

ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ।

ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ।
ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ।
ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮ੍ਹਣਿ ਮਉਲਾਣੇ।
ਸਿਰੋ ਨ ਮਿਟੇ ਆਵਣਿ ਜਾਣੇ॥੨੧॥
ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਪ੍ਰਭੁ ਆਪੇ ਹੋਆ।
ਆਪੇ ਪਟੀ ਕਲਮਿ ਆਪਿ ਆਪੇ ਲਿਖਣਿਹਾਰਾ ਹੋਆ।
ਬਾਝੁ ਗੁਰੂ ਅੰਧੇਰੁ ਹੈ ਖਹਿ ਖਹਿ ਮਰਦੇ ਬਹੁ ਬਿਧਿ ਲੋਆ।
ਵਰਤਿਆ ਪਾਪੁ ਜਗਤ੍ਰਿ ਤੇ ਧਉਲੁ ਉਡੀਣਾ ਨਿਸਿ ਦਿਨਿ ਰੋਆ।
ਬਾਝੁ ਦਇਆ ਬਲਹੀਣ ਹੋਉ ਨਿਘਰੁ ਚਲੌਂ ਰਸਾਤਲਿ ਟੋਆ।
ਖੜਾ ਇਕਤੇ ਪੈਰਿ ਤੇ ਪਾਪ ਸੰਗਿ ਬਹੁ ਭਾਰਾ ਹੋਆ।
ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚ ਕੋਆ।
ਧਰਮ ਧਉਲੁ ਪੁਕਾਰੈ ਤਲੈ ਖੜੋਆ॥੨੨॥ (ਵਾਰ ੧/੨੨)

ਉਹ ਕਹਿੰਦੇ ਹਨ ਕਿ 'ਜਿਥੇ ਬਾਬਾ ਪੈਰ ਧਰੇ ਪੂਜਾ ਆਸਣ ਥਾਪਣ ਸੋਆ।' ਜਿਥੇ ਉਹ ਜਾਂਦੇ ਸਨ, ਉਥੇ ਹੀ ਸਾਰੇ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ, ਮਿੱਠੇ ਬਚਨ ਸੁਣ ਕੇ ਆਪਣੇ ਜੀਵਨ ਨੂੰ ਠੀਕ ਰਸਤੇ ਉੱਤੇ ਪਾ ਲੈਂਦੇ ਸਨ। ਜਿਥੇ ਵੀ ਗੁਰੂ ਨਾਨਕ ਦੇਵ ਜੀ ਗਏ, ਉਹ ਥਾਂ ਪੂਜਾ-ਅਸਥਾਨ ਬਣ ਗਿਆ। ਸ਼ੇਰ ਦੇ ਨਿਕਲਣ ਨਾਲ ਜਿਵੇਂ ਹਰਨਾਂ ਦੀ ਡਾਰ ਨੱਸ ਜਾਂਦੀ ਹੈ, ਇਸੇ ਤਰ੍ਹਾਂ ਗੁਰੂ-ਰੂਪੀ ਸ਼ੇਰ ਦੇ ਪ੍ਰਗਟ ਹੋਣ ਉਪਰੰਤ ਪਾਖੰਡ ਰੂਪੀ ਹਰਨ ਨੱਸ ਗਏ। ਗੁਰੂ-ਸੂਰਜ ਦੇ ਨਿਕਲਣ ਨਾਲ ਜਹਾਲਤ ਦੀ ਅੰਨ੍ਹੇਰੀ ਖ਼ਤਮ ਹੋ ਗਈ।

ਗੁਰੂ ਨਾਨਕ ਦੇਵ ਜੀ ਸੁਮੇਰ ਪਰਬਤ ਉੱਤੇ ਗਏ। ਸਿੱਧ ਮੰਡਲੀ ਦੁਨੀਆਂ ਤੋਂ ਉਪਰਾਮ ਹੋਈ, ਜਗਤ ਛੱਡ ਕੇ ਪਹਾੜਾਂ ਉਪਰ ਆ ਬੈਠੀ ਸੀ। ਉਹਨਾਂ ਦਾ ਖ਼ਿਆਲ ਸੀ ਕਿ ਕੋਈ ਉੱਤੇ ਨਹੀਂ ਆ ਸਕਦਾ। 'ਗੁਰੂ ਨਾਨਕ ਦੇਵ ਜੀ ਨੂੰ ਸਾਹਮਣੇ ਦੇਖ ਕੇ' ਭਾਈ ਗੁਰਦਾਸ ਜੀ ਕਹਿੰਦੇ ਹਨ, 'ਸਿਧ ਤ੍ਰਭਕ ਗਏ। ਪਹਿਲੀ ਨਜ਼ਰ ਹੀ ਇਹ ਬੁੱਝ ਗਏ ਕਿ ਇਹ ਕੋਈ ਮਹਾਨ ਸ਼ਕਤੀ ਵਾਲਾ ਅਵਤਾਰ ਹੈ। 'ਸਭ ਸਿਧੀ ਇਹ ਬੁਝਿਆ, ਕਲਿ ਤਾਰਣ ਨਾਨਕ ਅਵਤਾਰਾ'। ਗੁਰੂ ਨਾਨਕ ਦੇਵ ਜੀ ਦੇ ਤੇਜ ਨੇ ਹੀ ਸਿੱਧਾਂ ਉੱਤੇ ਪ੍ਰਗਟ ਕਰ ਦਿੱਤਾ ਕਿ ਜਦ ਪਹਿਲਾ ਝਲਕਾ ਇਨਸਾਨ 'ਤੇ ਪਵੇ ਤਾਂ ਇਨਸਾਨ ਸਿਜਦੇ ਵਿਚ ਝੁਕ ਜਾਏ। ਭਾਈ ਗੁਰਦਾਸ ਜੀ ਦੋ-ਅੱਖਰੀ ਗੱਲ ਕਰਦੇ ਹੋਏ ਲਿਖਦੇ ਹਨ, 'ਕਿਹੜਾ ਝਲੇ ਗੁਰੂ ਦੀ ਝਾਲਾ'। ਗੁਰੂ ਦੀ ਝਾਲ, ਤੇਜ, ਤਾਬ ਅੱਗੇ ਨਿਰੀਆਂ ਸਿਧੀਆਂ ਦੇ ਆਸਰੇ ਰਹਿਣ ਵਾਲੇ ਹਾਰ ਗਏ।

ਬਗ਼ਦਾਦ ਦੀ ਵਿਥਿਆ ਉਹਨਾਂ ਦੀ ਮਹਾਨ ਸ਼ਖ਼ਸੀਅਤ ਉੱਤੇ ਚੰਗਾ ਚਾਨਣ ਪਾਉਂਦੀ ਹੈ। ਬਾਬੇ ਨੇ ਬਾਂਗ ਦਿੱਤੀ, ਦਿਲ-ਖਿੱਚਵੀਂ ਆਵਾਜ਼ ਸੀ, 'ਸੁਨ ਮੁਨ ਨਗਰੀ ਭਈ ਦੇਖ ਪੀਰ ਹੋਆ ਹੈਰਾਨਾ' ਕਹਿੰਦੇ ਹਨ ਕਿ ਸੰਗਸਾਰ ਕਰਨ ਦਾ ਹੁਕਮ ਵੀ ਪੀਰ ਨੇ ਦੇ ਦਿੱਤਾ ਸੀ ਪਰ ਪੱਥਰ ਮਾਰਨ ਵਾਲਿਆਂ ਦੇ ਹੱਥ ਉਥੇ ਦੇ ਉਥੇ ਹੀ ਰਹਿ ਗਏ ਜਦ ਉਹਨਾਂ ਤੇਜ-ਮਈ ਚਿਹਰਾ ਦੇਖਿਆ।

ਭਾਈ ਗੁਰਦਾਸ ਜੀ ਨੇ ਇਕ ਹੋਰ ਸ਼ਬਦ ਗੁਰੂ ਜੀ ਲਈ ਵਰਤਿਆ ਹੈ। ਉਹ ਬਾਬੇ

ਨੂੰ ਅਕਾਲ ਰੂਪ ਕਹਿੰਦੇ ਹਨ। ਭਾਵ ਗੁਰੂ ਨਾਨਕ ਅਕਾਲ ਨਹੀਂ ਪਰ ਅਕਾਲ-ਰੂਪ ਜ਼ਰੂਰ ਹੈ। ਅਕਾਲ, ਸਾਹਿਬ ਕਮਾਲ ਹੈ, ਹੁਸਨਲ ਚਰਾਗ਼ ਹੈ, ਸਾਹਿਬੁਲ ਦਿਮਾਗ਼ ਹੈ, ਹੁਸਨਲ ਵਜੂ ਹੈ, ਮਿੱਠ-ਬੋਲੜਾ ਹੈ, ਇਹ ਉਸ ਦਾ ਰੂਪ ਵੀ ਸਾਰੀਆਂ ਸਿਫ਼ਤਾਂ ਵਾਲਾ ਹੈ।

ਸ਼ਖ਼ਸੀਅਤ ਦੀ ਮੁਕੰਮਲ ਛਾਪ ਉਹ ਸਿਲਾਂ ਉੱਤੇ ਉਕਰੇ ਹੋਏ ਸ਼ਬਦ ਹਨ ਜੋ ਬਗ਼ਦਾਦ ਵਿਚ ਪਏ ਹਨ:

> *ਇਸ ਰਬੁਲ ਮਸੀਦ ਬਾਬਾ ਨਾਨਕ ਫ਼ਕੀਰ ਓਲਿਆ ਨੇ ਹੀ ਚਾਰੇ ਚੱਕ ਤੇ ਨੌਂ ਖੰਡ ਪ੍ਰਿਥਮੀ ਤਾਰੀ।*

ਸੀ.ਐਚ. ਪੇਨ ਗੁਰੂ ਨਾਨਕ ਜੀ ਦੀ ਉਪਮਾ ਕਰਦਾ ਹੋਇਆ ਲਿਖਦਾ ਹੈ ਕਿ "ਗੁਰੂ ਨਾਨਕ ਜੀ ਨੇ ਉਹ ਗੱਲ ਸਮਝ ਲਈ ਸੀ ਜਿਹੜੀ ਦੂਜੇ ਸੁਧਾਰਕਾਂ ਨੇ ਨਹੀਂ ਸੀ ਸਮਝੀ। ਗਲ ਇਹ ਹੈ ਕਿ ਧਰਮ ਉਹੋ ਜ਼ਿੰਦਾ ਰਹਿ ਸਕਦਾ ਹੈ ਜਿਹੜਾ ਵਰਤੋਂ ਸਿਖਾਲੇ, ਜਿਹੜਾ ਇਹ ਨਾ ਸਿਖਾਲੇ ਕਿ ਦੁਨੀਆਂ ਤੋਂ ਨੱਸਣਾ ਕਿਵੇਂ ਹੈ, ਜਿਹੜਾ ਇਹ ਨਾ ਸਿਖਾਲੇ ਕਿ ਬਦੀਆਂ ਤੋਂ ਬਚੀਦਾ ਕਿਵੇਂ ਹੈ, ਬਲਕਿ ਇਹ ਸਿਖਾਲੇ ਕਿ ਬਦੀਆਂ ਦਾ ਟਾਕਰਾ ਕਰ ਕੇ ਕਾਮਯਾਬ ਕਿਵੇਂ ਹੋਈਦਾ ਹੈ।"

ਮੁਹੰਮਦ ਲਤੀਫ਼ ਗੁਰੂ ਨਾਨਕ ਦੇਵ ਜੀ ਬਾਰੇ ਲਿਖਦਾ ਹੈ, "ਉਹ ਕਦੀ ਵੀ ਆਪਣੇ ਆਪ ਨੂੰ ਰੱਬ ਨਹੀਂ ਸੀ ਮੰਨਦੇ ਤੇ ਨਾ ਹੀ ਉਹਨਾਂ ਕਦੀ ਆਪਣੇ ਆਪ ਨੂੰ ਕਰਾਮਾਤੀ ਆਖਿਆ। ਆਪਣੇ ਆਪ ਨੂੰ ਉਹ ਸਿਰਫ਼ ਆਦਮੀ ਕਹਿੰਦੇ ਸਨ, ਬਾਕੀ ਮਨੁੱਖਾਂ ਵਾਂਗੂੰ ਉਹ ਮਨੁੱਖ ਸਨ।"

ਸਰ ਚਾਰਲਸ ਗੱਫ਼ ਲਿਖਦਾ ਹੈ, "ਗੁਰੂ ਨਾਨਕ ਸੱਚ ਦੀ ਭਾਲ ਲਈ ਬਚਪਨ ਤੋਂ ਹੀ ਕੋਸ਼ਿਸ਼ ਕਰ ਰਿਹਾ ਸੀ। ਉਸ ਕਿਤਾਬਾਂ ਪੜ੍ਹੀਆਂ, ਇਕਲਵਾਂਝੇ ਬੈਠ ਕੇ ਸੋਚਿਆ, ਸਫ਼ਰ ਵੀ ਕੀਤੇ ਪਰ ਪ੍ਰਚਲਿਤ ਧਰਮਾਂ ਵਿਚ ਉਸ ਨੂੰ ਸਚਾਈ, ਜਿਸ ਦਾ ਉਹ ਚਾਹਵਾਨ ਸੀ, ਨਾ ਮਿਲੀ। ਆਖ਼ਰ ਉਸ ਨੇ ਹੋਰ ਡੂੰਘਾ ਜਾ ਕੇ ਵਾਹਿਗੁਰੂ ਦੀ ਏਕਤਾ ਅਤੇ ਮਨੁੱਖਾਂ ਦੀ ਸਾਂਝੀਵਾਲਤਾ ਵਾਲਾ ਆਦਰਸ਼ ਲੱਭਿਆ।"

ਡਾਕਟਰ ਗੋਕਲ ਚੰਦ ਨਾਰੰਗ ਗੁਰੂ ਜੀ ਬਾਰੇ ਲਿਖਦਾ ਹੈ ਕਿ "ਜੇ ਗੁਰੂ ਨਾਨਕ ਜੀ ਦੇ ਆਉਣ ਤੋਂ ਪਹਿਲਾਂ ਤੇ ਜਾਣ ਤੋਂ ਬਾਅਦ ਦੇ ਹਾਲਾਤ ਵੇਖੇ ਜਾਣ ਤਾਂ ਨਿਰਸੰਦੇਹ ਅਸੀਂ ਇਸ ਨਤੀਜੇ ਉੱਤੇ ਪਹੁੰਚਦੇ ਹਾਂ ਕਿ ਜਿਸ ਹਾਲਤ ਵਿਚ ਹਿੰਦੂ ਗੁਰੂ ਜੀ ਤੋਂ ਪਹਿਲਾਂ ਸਨ, ਕਈ ਦਰਜੇ ਉੱਚੇ ਉਹ ਉਹਨਾਂ ਦੇ ਜਾਣ ਉਪਰੰਤ ਹੋ ਗਏ।" ਤੇ "ਗੁਰੂ ਨਾਨਕ ਨੂੰ ਦੁਨੀਆਂ ਦੇ ਇਤਿਹਾਸ ਵਿਚ ਬਹੁਤ ਉੱਚੀ ਥਾਂ ਪ੍ਰਾਪਤ ਹੈ ਤੇ ਪੰਜਾਬ ਦੇ ਇਤਿਹਾਸ ਵਿਚ ਤਾਂ ਉਹ ਸਭ ਤੋਂ ਉੱਚੇ ਹਨ। ਉਹ ਮਨੁੱਖਤਾ ਦਾ ਰਾਖਾ ਸੀ ਤੇ ਪੰਜਾਬ ਨੂੰ ਉਹਨਾਂ 'ਤੇ ਮਾਣ ਹੈ। ਗੁਰੂ ਨਾਨਕ ਨੂੰ ਲੂਥਰ ਨਾਲ ਤੁਲਣਾ ਨਹੀਂ ਦੇਣੀ ਚਾਹੀਦੀ।"

ਸਾਧੂ ਟੀ.ਐਲ. ਵਾਸਵਾਨੀ ਆਪਣੀ ਕਿਤਾਬ ਦਾ ਇਕ ਕਾਂਡ ਹੀ ਇਸ ਉੱਤੇ ਲਿਖਦਾ ਹੈ ਕਿ "ਗੁਰੂ ਨਾਨਕ ਦੀ ਤੁਲਣਾ ਜਾਂ ਮੁਕਾਬਲਾ ਲੂਥਰ ਨਾਲ ਨਹੀਂ ਕਰਨਾ ਚਾਹੀਦਾ। ਜੋ ਕਰਦੇ ਹਨ, ਉਹ ਗੁਰੂ ਨਾਨਕ ਨਾਲ ਇਨਸਾਫ਼ ਨਹੀਂ ਕਰ ਰਹੇ। ਗੁਰੂ ਨਾਨਕ ਦੇਵ ਜੀ ਦੀ ਨਿਮਰਤਾ ਤੋਂ ਸਾਰੇ ਪ੍ਰਭਾਵਿਤ ਹੁੰਦੇ ਸਨ ਅਤੇ ਲੂਥਰ ਇਕ ਅਭਿਮਾਨੀ ਪੁਰਸ਼ ਸੀ। ਲੂਥਰ ਦੇ ਖ਼ਤ ਤੇ ਉਸ ਦੀਆਂ ਕੀਤੀਆਂ ਗੱਲਾਂ (Table Talks in 6 volumes) ਇਹ ਚੰਗੀ ਤਰ੍ਹਾਂ

ਦੱਸਦੇ ਹਨ ਕਿ ਉਸ ਵਿਚ ਕਿਤਨਾ ਕੁ ਅਭਿਮਾਨ ਸੀ।''

ਗਰੀਨਲੀਜ਼ (Greenlees) ਵਰਤਮਾਨ ਸਮੇਂ ਦਾ ਵਿਦਵਾਨ ਗੁਰੂ ਨਾਨਕ ਜੀ ਦੀ ਵੱਡੀ ਸਿਫ਼ਤ ਹੀ 'ਨਿਮਰਤਾ' ਲਿਖਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਅਤੇ ਇਤਿਹਾਸ ਵਿਚ ਇਕ ਨਵਾਂ ਤਜਰਬਾ ਪੇਸ਼ ਕੀਤਾ ਹੈ। ਉਹਨਾਂ ਦੱਸਿਆ ਹੈ ਕਿ ਰੱਬ ਇਕ ਹੈ। ਉਸ ਦੀ ਸ਼ਖ਼ਸੀਅਤ ਨੂੰ ਹਿੱਸਿਆਂ ਵਿਚ ਨਾ ਵੰਡੋ। ਉਸ ਸਭ ਦਾ ਸਾਂਝਾ ਹੈ। ਉਹ ਹਰ ਇਕ ਦੇ ਅੰਦਰ ਮੌਜੂਦ ਹੈ। ਕੌਮਾਂ ਕਿਸੇ ਭੂਗੋਲਿਕ ਹੱਦ ਵਿਚ ਬੰਦ ਕੀਤਿਆਂ ਨਹੀਂ ਬਣਦੀਆਂ। ਕੌਮਾਂ ਦੇ ਆਤਮਿਕ ਵਿਸ਼ਵਾਸ ਤੇ ਪੂਜਣਯੋਗ ਵਸਤਾਂ ਸਾਂਝੀਆਂ ਹੋਣ, ਬੋਲੀ ਸਾਂਝੀ ਤੇ ਆਪਣੀ ਹੋਵੇ ਤਾਂ ਕੌਮਾਂ ਬਣਦੀਆਂ ਹਨ। ਵੱਖ-ਵੱਖ ਧਰਮਾਂ ਦੇ ਭਿੰਨ-ਭਿੰਨ ਰਸਤੇ ਹਨ ਪਰ ਸਾਰਿਆਂ ਦਾ ਨਿਸ਼ਾਨਾ ਇਕ ਹੈ, ਪਹੁੰਚਣਾ ਸਭ ਨੇ ਇਕੋ ਥਾਂ 'ਤੇ ਹੀ ਹੈ, ਧਰਮ ਬਾਰੇ ਸਾਰੇ ਸੱਚੇ ਹਨ, ਜੇ ਨੇਕ ਨੀਯਤੀ ਨਾਲ, ਦਿਲ ਦੀ ਸਫ਼ਾਈ ਨਾਲ, ਹਿਰਦੇ ਦੀ ਸਰਲਤਾ ਨਾਲ ਉਹਨਾਂ ਉਪਰ ਚੱਲਿਆ ਜਾਏ। ਉਹਨਾਂ ਨੇ ਲੋਕਾਂ ਨੂੰ ਢਹਿੰਦੀ ਕਲਾ ਤੋਂ ਚੜ੍ਹਦੀ ਕਲਾ ਵਿਚ ਲੈ ਆਂਦਾ ਅਤੇ ਆਤਮਾ ਨੂੰ ਬਲਵਾਨ ਕਰਨ ਲਈ ਪ੍ਰੇਰਿਆ। ਆਪਣੀ ਮਾਤ-ਭਾਸ਼ਾ ਬੋਲਣ ਲਈ ਆਖਿਆ। ਉਹ ਕੁਝ ਖਾਣ ਲਈ ਆਖਿਆ ਜੋ ਪਚ ਜਾਏ, ਜਿਸ ਨਾਲ ਵਿਕਾਰ ਨਾ ਵਧਣ। ਜਬਰ ਅੱਗੇ ਝੁਕਣਾ ਕਾਇਰਤਾ ਦੱਸੀ, ਸਗੋਂ ਆਖਿਆ, ''ਰਤੁ ਦਾ ਕੁੰਗੂ ਪਾ ਕੇ ਖ਼ੂਨ ਦੇ ਸੋਹਿਲੇ ਗਾਉ।'' ਇਹਨਾਂ ਤੇ ਹੋਰ ਗੁਣਾਂ ਵਾਲਾ ਸੀ ਸਤਿਗੁਰੂ ਨਾਨਕ ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਵੱਡਾ ਆਖਿਆ।

(11/1957)

ਆਧੁਨਿਕ ਬੋਧ ਦੇ ਪਿਤਾਮਾ: ਗੁਰੂ ਨਾਨਕ ਸਾਹਿਬ

ਪਦਾਰਥਕ ਅਤੇ ਬੌਧਿਕ ਵਿਕਾਸ ਨਿਰੰਤਰ ਜਾਰੀ ਰਹਿਣ ਵਾਲੀ ਪ੍ਰਕਿਰਿਆ ਹੈ। ਆਧੁਨਿਕ ਯੁਗ ਨੂੰ ਵਿਗਿਆਨਕ ਲੱਭਤਾਂ ਤੋਂ ਇਲਾਵਾ ਕਾਰਲ ਮਾਰਕਸ, ਫ਼ਰਾਇਡ, ਆਇਨ-ਸਟਾਇਨ, ਥਾਮਸ ਮੋਰ, ਮਾਰਟਨ ਲੂਥਰ ਆਦਿ ਵੱਲੋਂ ਬੌਧਿਕ ਵਿਕਾਸ ਦੇ ਖੇਤਰ ਵਿਚ ਪਾਏ ਪੂਰਨਿਆਂ ਬਾਰੇ ਭਾਵੇਂ ਕੌਮਾਂਤਰੀ ਪੱਧਰ 'ਤੇ ਚਰਚਾ ਹੋਈ ਹੈ ਪਰ ਗੁਰੂ ਨਾਨਕ ਸਾਹਿਬ ਜਿਨ੍ਹਾਂ ਦਾ ਜਨਮ ਮੱਧ-ਯੁਗ ਦੇ ਅੰਤਲੇ ਸਾਲਾਂ ਅਤੇ ਆਧੁਨਿਕ ਯੁਗ ਦੇ ਆਰੰਭਕ ਸਾਲਾਂ ਵਿਚ ਮੰਨਿਆ ਜਾ ਸਕਦਾ ਹੈ, ਦੁਆਰਾ ਆਧੁਨਿਕ ਯੁਗ ਦੀ ਸਿਰਜਨਾ ਲਈ ਪਾਏ ਯੋਗਦਾਨ ਤੋਂ ਅਜੇ ਦੁਨੀਆਂ ਜਾਣੂ ਨਹੀਂ। ਇਹ ਲੇਖ ਇਸ ਪਾਸੇ ਧਿਆਨ ਦਿਵਾਉਣ ਦਾ ਇਕ ਨਿਮਾਣਾ ਯਤਨ ਹੈ।

ਆਧੁਨਿਕਤਾ ਵਿਚੋਂ ਆਧੁਨਿਕ ਬੋਧ ਜਨਮ ਲੈਂਦਾ ਹੈ। ਮੁੱਲਾਂ ਦੇ ਟਕਰਾਅ ਵਿਚੋਂ ਨਵੀਆਂ ਕੀਮਤਾਂ ਨੂੰ ਲੱਭਣ ਅਤੇ ਪੁਰਾਣੀਆਂ ਰੂੜ੍ਹੀਆਂ ਨੂੰ ਤਿਆਗਣ ਦੀ ਪ੍ਰਕਿਰਿਆ ਆਧੁਨਿਕ ਬੋਧ ਨੂੰ ਜਨਮ ਦਿੰਦੀ ਹੈ। ਗੁਰੂ ਨਾਨਕ ਸਾਹਿਬ ਨੇ ਭਾਰਤ ਵਿਚ ਸਥਾਪਿਤ ਕਦਰਾਂ-ਕੀਮਤਾਂ ਵਿਚੋਂ ਬਹੁਤ ਸਾਰੀਆਂ ਨੂੰ ਰੱਦ ਕੀਤਾ। ਬਹੁ-ਦੇਵਵਾਦ (Polytheism), ਮੂਰਤੀ-ਪੂਜਾ, ਜਾਤ-ਪਾਤ, ਮਾਇਆਵਾਦ ਦੀ ਥਾਂ ਇਕ-ਈਸ਼ਵਰਵਾਦ (Monotheism) ਤੇ ਭਗਤੀਵਾਦ ਦੀ ਸਥਾਪਨਾ ਕੀਤੀ। ਗੁਰੂ ਨਾਨਕ ਸਾਹਿਬ ਭਾਰਤੀ ਧਾਰਮਿਕ ਮੱਤਾਂ ਵੱਲੋਂ ਸਥਾਪਿਤ ਮੁੱਲਾਂ ਦੇ ਉਸ ਤਰ੍ਹਾਂ ਪ੍ਰਸ਼ੰਸਕ ਨਹੀਂ, ਜਿਵੇਂ 19ਵੀਂ ਤੇ 20ਵੀਂ ਸਦੀ ਦੇ ਕੁਝ ਪ੍ਰਸਿੱਧ ਚਿੰਤਕ ਵਿਵੇਕਾਨੰਦ, ਅਰਬਿੰਦੂ ਤੇ ਡਾ. ਰਾਧਾ ਕ੍ਰਿਸ਼ਨਨ ਹਨ। ਗੁਰੂ ਜੀ ਨੇ ਭਾਰਤੀ ਸਭਿਆਚਾਰ 'ਚੋਂ, ਜੋ ਠੀਕ ਸੀ ਅਪਣਾ ਲਿਆ, ਜੋ ਤਿਆਗਣਯੋਗ ਸੀ ਉਹ ਤਿਆਗ ਦਿੱਤਾ। ਉਹਨਾਂ ਨੇ ਦੇਸ਼ ਭਗਤੀ, ਜਿਸ ਨੂੰ ਇਲਾਕਾ-ਪ੍ਰਸਤੀ ਵੀ ਕਿਹਾ ਜਾਂਦਾ ਹੈ, ਨੂੰ ਕੋਈ ਮਹੱਤਵ ਨਹੀਂ ਦਿੱਤਾ। ਗੁਰੂ ਜੀ ਦੀ ਵਿਸ਼ਾਲ ਦ੍ਰਿਸ਼ਟੀ ਬ੍ਰਹਿਮੰਡ ਦੇ ਕਿਨਾਰਿਆਂ ਨੂੰ ਛੂਹਣ ਵਾਲੀ ਹੈ। ਉਹਨਾਂ ਅਨੁਸਾਰ ਸਾਰਾ ਬ੍ਰਹਿਮੰਡ ਮਨੁੱਖ ਦਾ ਹੈ। ਇਹ ਉਹ ਨੁਕਤਾ ਹੈ ਜਿਹੜਾ ਕੌਮਾਂਤਰੀਵਾਦ ਨੂੰ ਵਧਾਉਣ ਵਾਲਾ ਹੈ ਪਰ ਗੁਰੂ ਨਾਨਕ ਸਾਹਿਬ ਦਾ ਕੌਮਾਂਤਰੀਵਾਦ ਕੌਮ-ਪ੍ਰਸਤੀ ਦਾ ਵਿਰੋਧੀ ਵੀ ਨਹੀਂ ਹੈ। ਹਿੱਤਾਂ ਦੀ ਵਿਸ਼ਾਲਤਾ ਦਾ ਇਹ ਭਾਵ ਨਹੀਂ ਕਿ ਆਪਣੀ ਕੌਮ ਦੇ ਹਿੱਤ ਵਿਸਾਰ ਦਿੱਤੇ ਜਾਣ।

ਗੁਰੂ ਨਾਨਕ ਸਾਹਿਬ ਨੇ ਵਹਿਮਾਂ-ਭਰਮਾਂ ਤੇ ਰੂੜ੍ਹੀਆਂ ਤੋਂ ਇਲਾਵਾ ਕਰਮ-ਕਾਂਡਾਂ ਤੇ ਭੇਖਾਂ ਦਾ ਖੰਡਨ ਕੀਤਾ। ਇਹ ਸਭ ਕਦਰਾਂ-ਕੀਮਤਾਂ ਸਿੱਖਾਂ ਨੇ ਅਪਣਾ ਲਈਆਂ ਹਨ। ਸੰਗਤ ਤੇ ਪੰਗਤ ਦੀ ਪਰੰਪਰਾ ਨੇ ਮਨੁੱਖੀ ਬਰਾਬਰੀ, ਭਾਈਚਾਰਾ ਤੇ ਮਾਨਵਵਾਦੀ ਮੁੱਲਾਂ ਨੂੰ ਸਥਾਪਿਤ ਕੀਤਾ ਹੈ। ਇਸ ਪਰੰਪਰਾ ਦੀ ਨੀਂਹ ਵੀ ਗੁਰੂ ਨਾਨਕ ਸਾਹਿਬ ਨੇ ਹੀ ਰੱਖੀ ਸੀ। ਸੰਗਤ ਤੇ ਪੰਗਤ ਵਿਚ ਹਰ ਵਿਅਕਤੀ ਬਿਨਾਂ ਕਿਸੇ ਵਿਤਕਰੇ ਦੇ ਸ਼ਾਮਲ ਹੋ ਸਕਦਾ ਹੈ। ਇਉਂ ਇਸ ਪਰੰਪਰਾ

ਨੇ ਜਾਤੀ ਹਉਮੈ ਨੂੰ ਸੱਟ ਮਾਰੀ ਤੇ ਮਨੁੱਖੀ ਏਕਤਾ ਨੂੰ ਬੜ੍ਹਾਵਾ ਦਿੱਤਾ।

ਇਕ ਹੋਰ ਮੁੱਲ ਜੋ ਭਾਰਤਵਾਸੀਆਂ ਨੂੰ ਗੁਰਮਤਿ ਨੇ ਦਿੱਤਾ, ਉਹ ਸੀ ਨਿਰਭੈਤਾ ਦਾ। ਜ਼ੁਲਮ ਅਤੇ ਦਬਾਅ ਵਿਰੁੱਧ ਸੰਘਰਸ਼ ਕਰਨਾ ਸਿੱਖ ਧਰਮ ਤੇ ਸਿੱਖ ਲਹਿਰ ਦਾ ਇਕ ਉਦੇਸ਼ ਰਿਹਾ ਹੈ। ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਨਿਰਭੈਤਾ ਦੇ ਸਦਗੁਣ ਨੂੰ ਧਾਰਨ ਕਰਨ ਲਈ ਤੇ ਜ਼ਾਲਮ ਰਾਜਿਆਂ ਵਿਰੁੱਧ ਸੰਘਰਸ਼ ਦੀ ਪ੍ਰੇਰਨਾ ਦਿੰਦਿਆਂ ਕੁਰਬਾਨੀ ਤੇ ਤਿਆਗ ਉਪਰ ਬਲ ਦਿੱਤਾ ਗਿਆ ਹੈ। ਸਿੱਖੀ ਨੇ ਅਹਿੰਸਾ ਨੂੰ ਆਦਰਸ਼ ਨਾ ਮੰਨਦਿਆਂ ਰਣ-ਤੱਤੇ ਵਿਚ ਜੂਝ ਮਰਨ ਦੀ ਜਾਚ ਸਿਖਾਈ। 'ਅਹਿੰਸਾ ਪਰਮੋ ਧਰਮ' ਦੇ ਸਿਧਾਂਤ ਨੇ ਭਾਰਤੀਆਂ ਨੂੰ ਨਿਰਜਿੰਦ ਕਰ ਦਿੱਤਾ ਸੀ। ਇਸ ਨਿਰਭੈਤਾ ਦੀ ਸਪਿਰਟ ਕਾਰਣ ਸਿੱਖਾਂ ਨੇ 18ਵੀਂ ਸਦੀ ਵਿਚ ਅਤੇ ਭਾਰਤੀ ਸੁਤੰਤਰਤਾ ਦੇ ਅੰਦੋਲਨ ਵਿਚ ਬੇਮਿਸਾਲ ਤੇ ਅਣਗਿਣਤ ਕੁਰਬਾਨੀਆਂ ਕੀਤੀਆਂ।

ਕਿਰਤ ਦਾ ਸਤਿਕਾਰ ਤੇ ਵਿਹਲੜਾਂ ਦਾ ਤ੍ਰਿਸਕਾਰ ਵੀ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਬੜੀ ਮਹੱਤਤਾ ਰੱਖਦਾ ਹੈ। ਗੁਰੂ ਜੀ ਨੇ ਗ੍ਰਿਹਸਤ ਅਤੇ ਕਿਰਤ ਧਾਰਨ ਕਰਨ ਦੀ ਸਿੱਖਿਆ ਦਿੱਤੀ ਅਤੇ ਦੂਜਿਆਂ ਦੀ ਕਮਾਈ ਨੂੰ ਲੁੱਟ-ਖਸੁੱਟ ਜਾਂ ਭੀਖ ਮੰਗ ਕੇ ਪ੍ਰਾਪਤ ਕਰਨ ਨੂੰ ਨਿੰਦਿਆ। ਗੁਰੂ ਜੀ ਦੀਆਂ ਨਜ਼ਰਾਂ ਵਿਚ ਵਿਹਲੜ ਬੰਦੇ ਲਈ ਕੋਈ ਸਤਿਕਾਰ ਨਹੀਂ। ਗੁਰੂ-ਘਰ ਵਿਚ ਕਿਰਤੀ ਸਿੱਖਾਂ ਦਾ ਹਮੇਸ਼ਾ ਸਤਿਕਾਰ ਹੋਇਆ ਹੈ। ਸ੍ਰੀ ਅਰਬਿੰਦੂ ਨੇ ਲਿਖਿਆ ਹੈ ਕਿ ਭਾਰਤ ਵਿਚ ਦਰਸ਼ਨ ਦਾ ਵਧੇਰੇ ਵਿਕਾਸ ਹੋਣ ਕਾਰਨ ਇਥੇ 13ਵੀਂ ਸਦੀ ਤੋਂ ਬਾਅਦ ਭੌਤਿਕ ਕੀਮਤਾਂ ਦਾ ਪਤਨ ਹੋਣਾ ਸ਼ੁਰੂ ਹੋਇਆ। ਫ਼ਲਸਰੂਪ ਲੋਕਾਂ ਨੇ ਖ਼ੁਸ਼ਹਾਲੀ ਵੱਲੋਂ ਮੂੰਹ ਮੋੜ ਕੇ ਸੰਨਿਆਸ ਧਾਰਨ ਕਰ ਕੇ, ਘਰ-ਬਾਰ ਤਿਆਗ ਕੇ ਜੰਗਲਾਂ-ਪਹਾੜਾਂ ਵੱਲ ਚਾਲੇ ਪਾ ਦਿੱਤੇ। ਇਸ ਸੋਚ ਵਿਚ ਸ਼ੰਕਰ ਦੇ ਅਦ੍ਵੈਤਵਾਦ ਤੇ ਬੁੱਧ ਦੇ ਸੁੰਨਵਾਦ ਦਾ ਬਹੁਤ ਯੋਗਦਾਨ ਸੀ। ਇਸ ਸੋਚ ਬਾਰੇ ਮੈਲਕਾਮ ਡਾਰਲਿੰਗ ਲਿਖਦਾ ਹੈ, "ਭਾਰਤੀ ਧਰਮ ਮਨੁੱਖ ਨੂੰ ਮੋਹ-ਮਾਇਆ ਦੇ ਤਿਆਗ ਦੀ ਤੇ ਹਿੰਦੂ ਧਰਮ ਤਾਂ ਸਾਰੇ ਸੰਸਾਰ ਨੂੰ ਹੀ ਮਾਇਆ ਸਮਝਣ ਦੀ ਸਿੱਖਿਆ ਦਿੰਦੇ ਰਹੇ ਹਨ। ਸ੍ਰੀ ਰਾਬਿੰਦਰ ਨਾਥ ਟੈਗੋਰ ਅਨੁਸਾਰ ਭਾਰਤੀ ਸਭਿਅਤਾ ਅਸੀਮ ਦੇ ਸੰਕਲਪ ਨਾਲ ਬੱਝੀ ਰਹੀ ਹੈ ਜਦ ਕਿ ਪ੍ਰਗਤੀ ਦਾ ਸੰਕਲਪ ਮਨੁੱਖ ਨੂੰ ਪਦਾਰਥਕ ਵਸਤਾਂ ਦਾ ਵੱਧ ਤੋਂ ਵੱਧ ਉਤਪਾਦਨ ਕਰਨ ਦੀ ਪ੍ਰੇਰਨਾ ਦਿੰਦਾ ਹੈ ਤਾਂ ਜੋ ਉਹ ਆਪਣੀਆਂ ਸੁਖ-ਸੁਵਿਧਾਵਾਂ ਵਿਚ ਵਾਧਾ ਕਰ ਸਕੇ।"[1]

ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਦੇ ਫ਼ਲਸਰੂਪ ਸੰਨਿਆਸਵਾਦ ਨੂੰ ਠੱਲ੍ਹ ਪਾਈ ਤੇ ਲੋਕ ਕਿਰਤ ਵੱਲ ਵਿਸ਼ੇਸ਼ ਤਵੱਜੋ ਦੇਣ ਲੱਗੇ। ਇਸ ਦਾ ਪ੍ਰਤੱਖ ਸਿੱਟਾ ਇਹ ਸੀ ਕਿ ਸ਼ਹਿਰੀਕਰਣ ਕੀਤਾ ਗਿਆ ਤੇ ਸਿੱਖ ਗੁਰੂਆਂ ਨੇ ਕਈ ਨਵੇਂ ਸ਼ਹਿਰ ਵਸਾ ਕੇ ਵਪਾਰ ਤੇ ਉਦਯੋਗ ਆਦਿ ਨੂੰ ਵਧਾਉਣ ਲਈ ਉਪਰਾਲੇ ਕੀਤੇ। ਅੱਜ ਦੇਸ਼ ਭਰ ਵਿਚੋਂ ਪੰਜਾਬੀ ਸਭ ਤੋਂ ਵਧੇਰੇ ਖ਼ੁਸ਼ਹਾਲ ਨਜ਼ਰ ਆਉਂਦੇ ਹਨ ਤੇ ਉਹਨਾਂ ਨੇ ਪੰਜਾਬ ਵਿਚ ਹਰਾ ਇਨਕਲਾਬ ਲਿਆਉਣ ਪਿੱਛੋਂ ਹਰਿਆਣਾ, ਰਾਜਸਥਾਨ ਤੇ ਉੱਤਰ ਪ੍ਰਦੇਸ਼ ਦੀਆਂ ਨਾ-ਵਾਹੁਣਯੋਗ ਜ਼ਮੀਨਾਂ ਨੂੰ ਆਪਣੀ ਮਿਹਨਤ ਸਦਕਾ ਹਰਾ-ਭਰਾ ਕਰ ਕੇ, ਦੇਸ਼ ਦੇ ਖ਼ਜ਼ਾਨੇ ਵਿਚ ਵਾਧਾ ਵੀ ਕੀਤਾ ਹੈ ਤੇ ਦੇਸ਼ ਨੂੰ ਅੰਨ ਵਿਚ ਆਤਮ-ਨਿਰਭਰ ਕਰਨ ਦੀ ਲਹਿਰ ਵਿਚ ਸਭ ਤੋਂ ਵੱਧ ਹਿੱਸਾ ਪਾਇਆ ਹੈ।

ਇਕ ਹੋਰ ਅਹਿਮ ਤਬਦੀਲੀ ਜੋ ਸਿੱਖ ਸਮਾਜ ਨੇ ਲਿਆਂਦੀ, ਉਹ ਸੀ ਇਸਤਰੀ ਦਾ ਮਾਣ ਤੇ ਸਨਮਾਨ। ਗੁਰੂ ਨਾਨਕ ਸਾਹਿਬ ਦੀ ਬਾਣੀ ਸਭ ਨੂੰ ਇਸਤਰੀ ਦਾ ਸਤਿਕਾਰ ਕਰਨ

ਦਾ ਆਦੇਸ਼ ਦਿੰਦੀ ਹੈ। ਬੇਬੇ ਨਾਨਕੀ, ਮਾਤਾ ਖੀਵੀ, ਬੀਬੀ ਭਾਨੀ, ਮਾਤਾ ਗੁਜਰੀ, ਮਾਤਾ ਸਾਹਿਬ ਕੌਰ, ਮਾਈ ਭਾਗੋ, ਰਾਣੀ ਜਿੰਦਾਂ ਨੇ ਆਪਣਾ ਵਿਸ਼ੇਸ਼ ਸਥਾਨ ਬਣਾ ਰੱਖਿਆ ਹੈ। 18ਵੀਂ ਸਦੀ ਵਿਚ ਸਿੱਖ ਬੀਬੀਆਂ ਨੇ ਜਿਸ ਦ੍ਰਿੜ੍ਹਤਾ, ਸੂਰਬੀਰਤਾ ਤੇ ਕੁਰਬਾਨੀ ਦੀਆਂ ਮਿਸਾਲਾਂ ਪੇਸ਼ ਕੀਤੀਆਂ, ਉਹ ਸੰਸਾਰ ਵਿਚ ਕਿਧਰੇ ਪ੍ਰਾਪਤ ਨਹੀਂ ਹੁੰਦੀਆਂ। ਇਹਨਾਂ ਬੀਬੀਆਂ ਨੇ ਇਸਤਰੀਤੱਵ ਦੇ ਜਿਸ ਸਿਖ਼ਰ ਨੂੰ ਪ੍ਰਾਪਤ ਕੀਤਾ, ਉਸ ਉਪਰ ਇਸਤਰੀ ਸਮਾਜ ਮਾਣ ਕਰ ਸਕਦਾ ਹੈ। ਪਰਦਾ ਪ੍ਰਥਾ ਤੇ ਸਤੀ ਪ੍ਰਥਾ ਨੂੰ ਸਿੱਖਾਂ ਵਿਚੋਂ ਪੂਰੀ ਤਰ੍ਹਾਂ ਵੱਖ ਕਰ ਦਿੱਤਾ ਗਿਆ ਹੈ। ਅੰਤਰਜਾਤੀ ਤੇ ਵਿਧਵਾ ਵਿਆਹ ਨੂੰ ਧਾਰਮਿਕ ਪ੍ਰਵਾਨਗੀ ਹਾਸਲ ਹੈ। ਗੁਰੂ ਨਾਨਕ ਸਾਹਿਬ ਦੀ ਕਲਿਆਣਕਾਰੀ ਸਿੱਖਿਆ ਕਾਰਣ ਸਦੀਆਂ ਤੋਂ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੀ ਇਸਤਰੀ ਵਿਚ ਸਵੈ-ਵਿਸ਼ਵਾਸ ਤੇ ਉਸਾਰੂ ਕੰਮ ਕਰਨ ਦੀ ਚਾਹ ਪੈਦਾ ਹੋ ਗਈ। ਸਿੱਖ ਬੀਬੀਆਂ ਨੇ ਧਾਰਮਿਕ ਤੇ ਰਾਜਨੀਤਕ ਜ਼ਿੰਮੇਵਾਰੀ ਨੂੰ ਪੂਰੀ ਯੋਗਤਾ ਅਤੇ ਸਮਰੱਥਾ ਨਾਲ ਨਿਭਾਇਆ।

ਸ੍ਰੀ ਅਰਬਿੰਦੂ ਦਾ ਕਥਨ ਹੈ, "ਸਿੱਖਾਂ ਦਾ ਖ਼ਾਲਸਾ ਸੰਪਰਦਾਇ ਇਕ ਅਜਿਹੀ ਰਚਨਾ ਸੀ ਜੋ ਹੈਰਾਨੀਜਨਕ ਰੂਪ ਵਿਚ ਮੌਲਿਕ ਅਤੇ ਅਨੂਠੀ ਸੀ ਅਤੇ ਉਸ ਦੀ ਦ੍ਰਿਸ਼ਟੀ ਭੂਤ ਉਪਰ ਨਹੀਂ, ਭਵਿੱਖ ਉਪਰ ਲੱਗੀ ਹੋਈ ਸੀ।"[2]

ਭਾਰਤੀ ਸਭਿਆਚਾਰ ਅਤੀਤਮੁਖੀ ਹੈ। ਭਾਰਤੀ ਲੋਕ ਆਪਣੇ ਬੀਤੇ ਉਪਰ ਮਾਣ ਕਰਨ ਵਾਲੇ ਹਨ। ਸਦੀਆਂ ਪਹਿਲਾਂ ਗੁਜ਼ਰ ਚੁੱਕੇ ਸਮੇਂ ਦੀ ਪ੍ਰਸੰਸਾ ਕਰ ਕੇ ਭਾਰਤੀ ਬਹੁਤ ਖ਼ੁਸ਼ ਹੁੰਦੇ ਹਨ। ਭਾਰਤੀ ਲੋਕ ਆਪਣੇ ਵਰਤਮਾਨ ਅਤੇ ਭਵਿੱਖ ਬਾਰੇ ਘੱਟ ਸੋਚਦੇ ਹਨ। ਇਸ ਤੋਂ ਉਲਟ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਵਿਕਾਸਮੁਖੀ ਹੋਣ ਦੇ ਨਾਲ ਇਨਕਲਾਬੀ ਵੀ ਸੀ।

ਗੁਰੂ ਨਾਨਕ ਸਾਹਿਬ ਦੀ ਸਮੁੱਚੀ ਬਾਣੀ ਵਿਚ ਕਿਧਰੇ ਵੀ ਭੂਤ ਦੀ ਪ੍ਰਸ਼ੰਸਾ ਪ੍ਰਾਪਤ ਨਹੀਂ ਹੁੰਦੀ, ਸਗੋਂ ਸਮਾਜ ਨੂੰ ਸੁਖੀ ਤੇ ਖ਼ੁਸ਼ਹਾਲ ਬਣਾਉਣ ਦੀ ਚਾਹ ਨਜ਼ਰ ਆਉਂਦੀ ਹੈ। ਮਨੁੱਖੀ ਸਦਾਚਾਰ ਤੇ ਨੈਤਿਕਤਾ ਉਪਰ ਬਲ ਦਿੱਤਾ ਹੈ ਤਾਂ ਜੋ ਚੰਗਾ ਸਮਾਜ ਬਣ ਸਕੇ। ਉਹ ਗੁਰਮੁਖਾਂ ਦੀ ਜਥੇਬੰਦੀ 'ਸੰਗਤ' ਬਣਾਉਣ ਦੇ ਮੁਦਈ ਸਨ। ਉਹਨਾਂ ਦੀ ਵਿਚਾਰਧਾਰਾ ਪ੍ਰਗਤੀਵਾਦੀ ਹੈ। ਗੁਰੂ ਜੀ ਨੇ ਸਮਾਜ ਅਤੇ ਸਭਿਆਚਾਰ ਵਿਚ ਮਨੁੱਖੀ ਕਦਰਾਂ-ਕੀਮਤਾਂ ਦੀ ਨਵੀਂ ਚੇਤਨਾ ਦਾ ਸੰਚਾਰ ਕੀਤਾ। ਗੁਰੂ ਨਾਨਕ ਸਾਹਿਬ ਨੇ ਆਪਣੇ ਤੋਂ ਪਹਿਲਾਂ ਦੇ ਅਤੇ ਸਮਕਾਲੀ ਭਗਤਾਂ ਜਾਂ ਸੰਤਾਂ ਨਾਲੋਂ ਵਧੇਰੇ ਚੇਤਨ ਰੂਪ ਵਿਚ ਸਭਿਆਚਾਰਕ ਕ੍ਰਾਂਤੀ ਲਿਆਉਣ ਦਾ ਯਤਨ ਕੀਤਾ।

ਭਾਰਤੀ ਲੋਕਾਂ ਵਿਚ ਭਾਵਨਾਤਮਕ ਏਕਤਾ ਨੂੰ ਪੱਕਿਆਂ ਕਰਨ ਲਈ ਗੁਰੂ ਜੀ ਨੇ ਆਪਣੀ ਬਾਣੀ ਦੇ ਸੰਚਾਰ ਲਈ ਸੰਗੀਤ ਨੂੰ ਮਾਧਿਅਮ ਬਣਾ ਕੇ ਭਾਰਤ ਦੇ ਵੱਖ-ਵੱਖ ਸੰਗੀਤ-ਪ੍ਰਬੰਧਾਂ ਦੀ ਵਰਤੋਂ ਕੀਤੀ। ਇਸ ਬਾਰੇ ਸਿਰਦਾਰ ਕਪੂਰ ਸਿੰਘ ਲਿਖਦੇ ਹਨ:

> *ਇਹ ਸਪੱਸ਼ਟ ਹੈ ਕਿ ਆਪਣੀ ਦੱਖਣ ਦੀ ਉਦਾਸੀ ਸਮੇਂ ਸਤਿਗੁਰੂ ਨਾਨਕ ਪਾਤਸ਼ਾਹ ਨੂੰ ਦੱਖਣੀ ਭਾਰਤ ਦੇ ਸੰਗੀਤ ਤੇ ਉਥੋਂ ਦੇ ਮੰਦਰਾਂ ਦੀ ਭਵਨ-ਨਿਰਮਾਣ ਕਲਾ ਨੇ ਪ੍ਰਭਾਵਿਤ ਕੀਤਾ ਸੀ ਅਤੇ ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੇ ਉਤਰਾਧਿਕਾਰੀਆਂ ਰਾਹੀਂ ਬਾਣੀ ਵਿਚ ਵਰਤੇ ਗਏ ਕਈ ਰਾਗ ਅਤੇ ਰਾਗਣੀਆਂ ਪਹਿਲੀ ਵੇਰ ਉੱਤਰੀ ਭਾਰਤ ਵਿਚ ਦਿਖਾਈ ਦਿੱਤੇ।"[3]*

ਗੁਰੂ ਜੀ ਨੇ ਸੰਗੀਤ ਤੇ ਸਾਹਿਤ ਨੂੰ ਸਮਾਜਿਕ ਕਾਰਜ ਲਈ ਵਰਤਿਆ। ਉਹਨਾਂ ਨੇ ਇਸ ਮਾਧਿਅਮ ਰਾਹੀਂ ਸਮੇਂ ਦੀ ਬੇਅਸਰ ਰਾਜ-ਵਿਵਸਥਾ ਨੂੰ ਭੰਡਿਆ, ਜ਼ਾਲਮਾਂ ਦੀ ਨਿਖੇਧੀ ਕੀਤੀ ਤੇ ਗ਼ਰੀਬਾਂ, ਮਜ਼ਲੂਮਾਂ ਦਾ ਪੱਖ ਪੂਰਿਆ। ਗੁਰੂ ਨਾਨਕ ਸਾਹਿਬ ਨੇ ਪ੍ਰਚਲਿਤ ਹਰਮਨ ਪਿਆਰੇ ਕਾਵਿ-ਰੂਪ ਦੇ ਮਾਧਿਅਮ ਰਾਹੀਂ ਆਪਣਾ ਉਪਦੇਸ਼ ਦੇ ਕੇ ਪਰੰਪਰਾਵਾਦੀ ਕਾਵਿ ਪ੍ਰਤੀ ਆਪਣੀ ਚੇਤਨਤਾ ਦਾ ਪ੍ਰਗਟਾਵਾ ਕੀਤਾ।

ਗੁਰਮਤਿ ਨੇ ਹਿੰਦੂ ਮਤ ਦੇ ਸਮਾਜਿਕ ਆਧਾਰ ਜਾਤ-ਪਾਤ ਉਪਰ ਕਰਾਰੀ ਸੱਟ ਮਾਰੀ। ਗੁਰੂ ਨਾਨਕ ਸਾਹਿਬ ਦੀ ਬਾਣੀ ਮਨੁੱਖ ਦੀ ਨਵੀਂ ਘਾੜਤ ਘੜਨ ਲਈ ਯਤਨਸ਼ੀਲ ਹੈ। ਮਨੁੱਖੀ ਅਧਿਕਾਰਾਂ ਦੇ ਮੁੱਦੇ ਨੂੰ ਪਹਿਲੀ ਵਾਰ ਗੁਰੂ ਨਾਨਕ ਸਾਹਿਬ ਨੇ ਧਾਰਮਿਕ ਪ੍ਰਵਾਨਗੀ ਦਿੱਤੀ। 'ਸਭ ਮਨੁੱਖਾਂ ਨੂੰ ਬਰਾਬਰੀ ਤੇ ਸੁਤੰਤਰਤਾ' ਸਿੱਖੀ ਦਾ ਮੈਨੀਫ਼ੈਸਟੋ ਹੈ। ਜਾਤ-ਪਾਤ, ਲਿੰਗ, ਨਸਲ, ਦੇਸ਼, ਧਰਮ ਆਦਿ ਕਾਰਨਾਂ ਕਰਕੇ ਹੁੰਦੇ ਵਿਤਕਰੇ ਦੂਰ ਕਰਨ ਦਾ ਸੰਦੇਸ਼ ਦਿੰਦੀ ਹੈ ਗੁਰੂ ਨਾਨਕ ਸਾਹਿਬ ਦੀ ਬਾਣੀ। ਗੁਰੂ ਜੀ ਦੇ ਇਹਨਾਂ ਵਿਚਾਰਾਂ ਕਾਰਨ ਉਸ ਸਮੇਂ ਨੀਵੀਆਂ ਜਾਤਾਂ ਦੇ ਲੋਕ, ਕਿਰਤੀ ਲੋਕ ਅਤੇ ਸ਼ੋਸ਼ਿਤ ਵਰਗ ਬੜੀ ਤੇਜ਼ੀ ਨਾਲ ਸਿੱਖ ਸਜੇ। ਡਾ. ਰਾਧਾ ਕ੍ਰਿਸ਼ਨਨ ਲਿਖਦੇ ਹਨ :

> *ਨਾਨਕ ਨੇ ਸਵੈ-ਅਭਿਮਾਨੀ ਨਰ-ਨਾਰੀਆਂ ਜਿਨ੍ਹਾਂ ਵਿਚ ਆਪਣੇ ਨੇਤਾਵਾਂ ਪ੍ਰਤੀ ਸ਼ਰਧਾ ਹੋਵੇ ਅਤੇ ਜੋ ਸਭ ਨਾਲ ਬਰਾਬਰੀ ਅਤੇ ਭਾਈਚਾਰੇ ਵਾਲਾ ਵਿਵਹਾਰ ਕਰ ਸਕਦੇ ਹੋਣ, ਦਾ ਇਕ ਰਾਸ਼ਟਰ ਬਣਾਉਣ ਦੀ ਕੋਸ਼ਿਸ਼ ਕੀਤੀ।*[4]

ਆਧੁਨਿਕ ਬੋਧ ਨੂੰ ਗੁਰੂ ਨਾਨਕ ਸਾਹਿਬ ਨੇ ਇਹ ਸੇਧ ਵੀ ਦਿੱਤੀ ਕਿ ਰਾਜ ਨੂੰ ਧਰਮ-ਨਿਰਪੱਖ ਰਹਿਣਾ ਚਾਹੀਦਾ ਹੈ। ਗੁਰੂ ਨਾਨਕ ਸਾਹਿਬ ਧਰਮਪੱਖੀ ਹਨ, ਪਰ ਉਹਨਾਂ ਲਈ ਧਰਮ ਦਾ ਭਾਵ ਸੰਪਰਦਾਇ ਵਾਲਾ ਨਾ ਹੋ ਕੇ ਸਚਿਆਰ ਹੋਣ ਦੀ ਕਿਰਿਆ ਹੈ। ਕਿਸੇ ਦੇਸ਼ ਵਿਚ ਇਕ ਸੰਪਰਦਾਇ ਦੇ ਅਨੁਯਾਈ ਬਹੁ-ਗਿਣਤੀ ਵਿਚ ਹੋ ਸਕਦੇ ਹਨ, ਪਰ ਦੂਜੇ ਸੰਪਰਦਾਇ ਦੇ ਅਨੁਯਾਈ ਘੱਟ-ਗਿਣਤੀ ਵਿਚ ਹੋ ਸਕਦੇ ਹਨ ਪਰ ਰਾਜ ਨੂੰ ਨਿਰਪੱਖ ਰਹਿੰਦਿਆਂ ਸਭ ਨਾਗਰਿਕਾਂ ਨੂੰ ਵਿਕਾਸ ਕਰਨ ਦੇ ਸਮਾਨ ਅਧਿਕਾਰ ਜਾਂ ਮੌਕੇ ਦੇਣੇ ਚਾਹੀਦੇ ਹਨ। ਗੁਰੂ ਜੀ ਮਜ਼ਹਬ ਦੇ ਆਧਾਰ 'ਤੇ ਕੁਝ ਲੋਕਾਂ ਨੂੰ ਵਿਸ਼ੇਸ਼ਾਧਿਕਾਰ ਤੇ ਕੁਝ ਨੂੰ ਅਧਿਕਾਰਾਂ ਤੋਂ ਵੰਚਿਤ ਕਰਨ ਦੇ ਵਿਰੋਧੀ ਹਨ। ਗੁਰੂ ਜੀ ਦੀਆਂ ਤਤਕਾਲੀ ਰਾਜ ਨਾਲ ਸੰਬੰਧਿਤ ਟਿੱਪਣੀਆਂ ਇਹ ਮਾਰਗ ਦਰਸ਼ਨ ਦਿੰਦੀਆਂ ਹਨ ਕਿ ਰਾਜ ਸੰਪਰਦਾਇਕਤਾ (ਫ਼ਿਰਕਾਪ੍ਰਸਤੀ) ਤੋਂ ਉਪਰ ਰਹੇ। ਗੁਰੂ ਜੀ ਨੇ ਆਪਣੇ ਸਮੇਂ ਵਿਚ ਹਿੰਦੂਆਂ ਤੇ ਮੁਸਲਮਾਨਾਂ ਨੂੰ ਇਕ ਦੂਜੇ ਦੇ ਨੇੜੇ ਕਰਨ ਲਈ ਪੂਰਾ ਯਤਨ ਹੀ ਨਹੀਂ ਕੀਤਾ, ਸਗੋਂ ਸਫ਼ਲਤਾ ਵੀ ਪ੍ਰਾਪਤ ਕੀਤੀ। ਭਾਵੇਂ ਕਿ ਮੁਗ਼ਲ ਬਾਦਸ਼ਾਹ ਅਕਬਰ ਨੇ ਵੀ ਬਾਅਦ ਵਿਚ ਇਹ ਯਤਨ 'ਦੀਨ-ਏ-ਇਲਾਹੀ' ਨਾਂ ਦਾ ਧਰਮ ਚਲਾ ਕੇ ਕੀਤਾ ਸੀ ਪਰ ਉਹ ਅਸਫ਼ਲ ਸਿੱਧ ਹੋ ਗਿਆ। ਵੀ.ਏ. ਸਮਿੱਥ ਵਰਗੇ ਇਤਿਹਾਸਕਾਰ ਦਾ ਮੱਤ ਸੀ ਕਿ (ਅਕਬਰ ਦੀ) ਇਹ ਸਾਰੀ ਯੋਜਨਾ ਇਕ ਹਾਸੋ-ਹੀਣੇ ਫੋਕੇ ਅਭਿਮਾਨ ਅਤੇ ਬੇਰੋਕ ਆਪ-ਹੁਦਰੇਪਣ ਦੀ ਇਕ ਅਨੋਖੀ ਉਪਜ ਦਾ ਨਤੀਜਾ ਹੈ।[5]

ਉਸ ਦੇ ਇਸ ਧਰਮ ਨੂੰ ਲੋਕਾਂ ਨੇ ਕੋਈ ਮਾਨਤਾ ਨਹੀਂ ਦਿੱਤੀ ਜਦੋਂ ਕਿ ਗੁਰੂ ਨਾਨਕ ਸਾਹਿਬ ਦੇ ਮੱਤ ਨੂੰ ਵੱਡੀ ਗਿਣਤੀ ਵਿਚ ਲੋਕਾਂ ਨੇ ਜਿਨ੍ਹਾਂ ਵਿਚ ਹਿੰਦੂ ਤੇ ਮੁਸਲਮਾਨ ਵੀ ਸਨ,

ਅਪਣਾਇਆ।

ਗੁਰਮਤਿ ਨੇ 'ਸਾਝ ਕਰੀਜੈ ਗੁਣਹ ਕੇਰੀ' ਅਨੁਸਾਰ ਅਨਮਤਾਂ ਦੇ ਮਹਾਂਪੁਰਸ਼ਾਂ ਨੂੰ ਵੀ ਸਤਿਕਾਰ ਦਿੱਤਾ। ਗੁਰੂ ਅਰਜਨ ਸਾਹਿਬ ਜੀ ਨੇ ਬਾਣੀ ਦੀ ਸੰਪਾਦਨਾ ਕਰਦਿਆਂ ਭਗਤਾਂ ਤੇ ਹੋਰ ਸੰਤਾਂ ਦੀ ਬਾਣੀ ਨੂੰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਦਿੱਤਾ। ਸਾਈਂ ਮੀਆਂ ਮੀਰ ਪਾਸੋਂ ਹਰਿਮੰਦਰ ਸਾਹਿਬ ਦੀ ਨੀਂਹ ਰਖਵਾਈ। ਇਥੋਂ ਤਕ ਕਿ ਗੁਰੂ ਤੇਗ਼ ਬਹਾਦਰ ਜੀ ਨੇ ਦੂਜੇ ਧਾਰਮਿਕ ਮਤ ਲਈ ਕੁਰਬਾਨੀ ਦਿੱਤੀ। ਇਸ ਸ਼ਹੀਦੀ ਦਾ ਮਨੋਰਥ ਧਾਰਮਿਕ ਆਜ਼ਾਦੀ ਨੂੰ ਬੜ੍ਹਾਵਾ ਦੇਣਾ ਸੀ। ਇਹ ਕਹਿਣਾ ਵੀ ਅਤਿਕਥਨੀ ਨਹੀਂ ਹੋਵੇਗੀ ਕਿ ਅਜੋਕੇ ਸਿੱਖ ਵੀ ਫ਼ਿਰਕਾਪ੍ਰਸਤ ਨਹੀਂ। ਉਹਨਾਂ ਗਿਲੇ-ਸ਼ਿਕਵਿਆਂ ਦੇ ਬਾਵਜੂਦ ਕਦੇ ਫ਼ਿਰਕੂ ਦੰਗੇ ਨਹੀਂ ਕੀਤੇ। ਉਹ ਦੂਜੇ ਧਰਮਾਂ ਦੇ ਲੋਕਾਂ ਨਾਲ ਘਿਓ-ਖਿਚੜੀ ਹਨ। ਸਿੱਖ ਇਤਿਹਾਸ (16ਵੀਂ ਸਦੀ ਤੋਂ 18ਵੀਂ ਸਦੀ) ਯੁੱਧਾਂ ਦਾ ਇਤਿਹਾਸ ਹੈ, ਪਰ ਇਹ ਹੈਰਾਨੀ ਦੀ ਗੱਲ ਹੈ ਕਿ ਉਹਨਾਂ ਦਾ ਕੋਈ ਵੀ ਯੁੱਧ ਕਿਸੇ ਫ਼ਿਰਕੇ ਵਿਰੁੱਧ ਲਾਮਬੰਦ ਨਹੀਂ ਹੋਇਆ।

ਇਉਂ ਅਸੀਂ ਦੇਖਦੇ ਹਾਂ ਕਿ ਜਿਨ੍ਹਾਂ ਕਦਰਾਂ-ਕੀਮਤਾਂ ਨੂੰ ਆਧੁਨਿਕ ਬੋਧ ਦਾ ਆਧਾਰ ਮੰਨਿਆ ਜਾਂਦਾ ਹੈ, ਉਹਨਾਂ ਦਾ ਨਿਕਾਸ-ਵਿਕਾਸ ਗੁਰੂ ਨਾਨਕ ਸਾਹਿਬ ਤੋਂ ਸ਼ੁਰੂ ਹੁੰਦਾ ਹੈ। ਗੁਰੂ ਨਾਨਕ ਸਾਹਿਬ ਨੇ ਬਹੁਤ ਸਾਰੀਆਂ ਮੌਲਿਕ ਕਦਰਾਂ-ਕੀਮਤਾਂ ਦਿੱਤੀਆਂ ਜਿਨ੍ਹਾਂ ਦੀ ਅਜੋਕੇ ਯੁੱਗ ਨੂੰ ਬਹੁਤ ਲੋੜ ਹੈ। ਇਉਂ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਸਾਹਿਬ ਆਧੁਨਿਕ ਬੋਧ ਦੇ ਪਿਤਾਮਾ ਸਨ।

ਹਵਾਲੇ ਅਤੇ ਟਿੱਪਣੀਆਂ

1. Sir Malcom Darling, *The Punjab Peasant In Prosperity and Debt*, p. 147.
2. Sri Aurobindo, *The Foundations of Indian Culture*, p.380.
3 Kapur Singh; *Parasaraprasna*, p.19.
4: Dr. S. Radha Krishnan, *Religion and Culture*, p. 142.
5. V.A. Smith, *Akbar The Great Mogul*, pp. 153-54.

(11/1998)

ਬਾਣੀ

ਤੇ

ਵਿਚਾਰਧਾਰਾ

ਜਪੁ ਜੀ ਦਾ ਸਿਧਾਂਤ

ਧਰਮ, ਦਰਸ਼ਨ, ਵਿਗਿਆਨ ਤੇ ਕਲਾ ਦੇ ਸਾਹਮਣੇ ਸਦੀਆਂ ਤੋਂ ਇਹ ਸਵਾਲ ਚੱਕਰ ਲਾ ਰਿਹਾ ਹੈ ਕਿ ਜ਼ਿੰਦਗੀ ਦੀ ਹਕੀਕਤ ਕੀ ਹੈ ਤੇ ਇਸ ਨੂੰ ਕਿਵੇਂ ਪਾਇਆ ਜਾ ਸਕਦਾ ਹੈ। ਭਾਵੇਂ ਇਸ ਪਾਸੇ ਹੋਰਾਂ ਵੀ ਕਈ ਯਤਨ ਕੀਤੇ ਹਨ ਪਰ ਅਧਿਆਤਮਵਾਦ ਤੇ ਤਜਰਬੇ ਸਭ ਤੋਂ ਵੱਧ ਸਫ਼ਲ ਹਨ। ਗੁਰੂ ਨਾਨਕ ਸਾਹਿਬ ਨੇ ਆਪਣੇ ਰਹੱਸਵਾਦੀ ਦਾਰਸ਼ਨਿਕ ਕਾਵਿ 'ਜਪੁ' ਵਿਚ ਇਸ ਮਹਾਨ ਸਵਾਲ ਨੂੰ ਆਪਣੀ ਤਰ੍ਹਾਂ ਸੁਲਝਾਂਦਿਆਂ ਜ਼ਿੰਦਗੀ ਦਾ ਨਵਾਂ ਰਾਜ-ਮਾਰਗ ਪੇਸ਼ ਕੀਤਾ ਹੈ। ਰਹੱਸਵਾਦੀ ਅਨੁਭਵ ਭਾਵੇਂ ਨਿਰਾ-ਪੁਰਾ ਦਰਸ਼ਨ ਨਹੀਂ ਪਰ ਉਸ ਦੇ ਪਿੱਛੇ ਸਿਧਾਂਤ ਅਵੱਸ਼ ਹੈ। ਜਪੁ, ਰਹੱਸਵਾਦੀ ਰਚਨਾ ਹੋਣ ਦੇ ਨਾਤੇ ਇਕ ਆਤਮ ਅਨੁਭਵ ਦੀ ਵਸਤੂ ਹੈ ਤੇ ਇਸ ਅਨੁਭਵ ਵਿਚ ਜੀਵਨ ਦੇ ਬੁਨਿਆਦੀ ਤੱਤਾਂ ਦਾ ਨਿਰਣਾ ਕੀਤਾ ਗਿਆ ਹੈ।

ਆਸਤਿਕ ਦੁਨੀਆਂ ਵਿਚ ਕਿਤੇ-ਕਿਤੇ ਜੀਵਨ-ਆਦਰਸ਼ਾਂ ਤੇ ਸਾਧਨਾਂ ਦਾ ਭੇਦ ਪਾਇਆ ਜਾਂਦਾ ਹੈ। ਕੁਝ ਮਜ਼ਹਬ ਸੁਰਗ ਜਾਂ ਬਹਿਸ਼ਤ ਦੀ ਪ੍ਰਾਪਤੀ ਨੂੰ ਜੀਵਨ ਨਿਸ਼ਾਨਾ ਮੰਨਦੇ ਹਨ ਪਰ ਕੁਝ 'ਮੁਕਤੀ' ਹੀ ਅੰਤਮ ਮਨੋਰਥ ਦੱਸਦੇ ਹਨ। ਕਈ ਤਮਾਮ ਜੀਵਨ ਗੁੰਝਲਾਂ ਦਾ ਮੂਲ 'ਮਾਇਆ' ਤੇ ਕਈ 'ਸ਼ੈਤਾਨ' ਦਾ ਨਾਮ ਲੈਂਦੇ ਹਨ। ਮਹਾਤਮਾ ਬੁੱਧ 'ਤ੍ਰਿਸ਼ਨਾ' ਨੂੰ ਤੇ ਸ਼ੰਕਰ 'ਅਵਿਦਿਆ' ਨੂੰ ਰੋਗਾਂ ਦਾ ਮੂਲ ਕਹਿੰਦੇ ਹਨ। ਪਰ ਗੁਰੂ ਸਾਹਿਬ ਇਹਨਾਂ ਦੇ ਹਾਮੀ ਨਾ ਹੁੰਦੇ ਹੋਏ ਜ਼ਿੰਦਗੀ ਦੀ ਸਮੱਸਿਆ ਨੂੰ ਹੋਰ ਤਰ੍ਹਾਂ ਪੇਸ਼ ਕਰਦੇ ਹਨ। ਉਹਨਾਂ ਦਾ ਖ਼ਿਆਲ ਹੈ ਕਿ ਸਾਡੀ ਨਿੱਕੀ ਜਿੰਦ ਮਹਾਂਸਾਗਰ ਦੀ ਅੰਸ਼ ਹੈ, ਇਹ ਆਤਮ ਕਿਰਨ ਕਿਸੇ ਸੂਰਜ ਦਾ ਭਾਗ ਹੈ ਤੇ ਉਸ ਪਰਮ-ਸੱਚ ਨੂੰ ਮਿਲਣਾ ਹੀ ਇਸ ਦਾ ਮੁੱਖ ਆਦਰਸ਼ ਹੈ।

ਸੋ ਮਨੁੱਖੀ ਜੀਵਨ ਦੇ ਸਨਮੁਖ ਇਹ ਸਵਾਲ ਨਹੀਂ ਕਿ ਉਹ ਸੁਰਗ ਦੀ ਤਲਾਸ਼ ਲਈ ਧਰਮ-ਕਰਮ ਕਰੇ ਜਾਂ ਸੰਸਾਰ ਦੇ ਕਰਮ-ਖੇਤਰ ਤੋਂ ਮੁਕਤੀ ਜਾਂ ਛੁਟਕਾਰੇ ਦੀ ਤਾਂਘ ਕਰੇ। ਸਵਾਲਾਂ ਦਾ ਸਵਾਲ ਇਹ ਹੈ ਕਿ ਮਨੁੱਖ ਕੂੜ ਦੀ ਪਾਲ ਤੋੜ ਕੇ ਸਚਿਆਰ ਕਿਵੇਂ ਹੋ ਸਕਦਾ ਹੈ?

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ (ਪੰਨਾ ੧)

ਪੇਸ਼ਤਰ (ਪਹਿਲਾਂ) ਇਸ ਦੇ ਕਿ ਪੁਰਾਣੇ ਤਜਰਬਿਆਂ ਦੀ ਪੜਤਾਲ ਕੀਤੀ ਜਾਵੇ। ਗੁਰੂ ਸਾਹਿਬ ਪਹਿਲੇ ਮੁੱਢ ਵਿਚ ਉਸ ਪਰਮ ਸੱਚ ਦਾ ਸਰੂਪ ਚਿਤਰਣ ਕਰਦੇ ਹਨ ਕਿ ਉਹ ਇਕ ਵਿਸਮਾਦ ਰੂਪ, ਸਿਰਜਨਾਤਮਕ ਸ਼ਕਤੀ ਦਾ ਸੁਆਮੀ ਹੈ, ਦਵੈਸ਼ ਤੇ ਕਾਲ, ਜੋਨੀਆਂ ਤੋਂ ਰਹਿਤ ਆਪਣੇ ਆਪ ਪ੍ਰਕਾਸ਼ਿਤ ਸੱਤਾ ਹੈ। ਸਭ ਤੋਂ ਵੱਡੀ ਸਿਫ਼ਤ ਉਸ ਦੀ ਇਹ ਹੈ ਕਿ ਉਹ ਹੈ, ਪਹਿਲੇ ਵੀ ਸੀ ਅਤੇ ਅੱਗੇ ਨੂੰ ਵੀ ਸਦਾ ਰਹੇਗਾ। ਉਸ ਨੇ ਆਪਣੀ ਮਰਜ਼ੀ ਅਨੁਸਾਰ ਇਹ ਸੰਸਾਰ ਦਾ ਆਕਾਰ ਘੜ ਕੇ ਸਾਨੂੰ ਜੀਵਨ-ਚੱਕਰ ਵਿਚ ਪਾਇਆ ਹੋਇਆ ਹੈ। ਸਾਡਾ ਕੰਮ ਇਸ ਚੱਕਰ

ਵਿਚ ਘੁੰਮਦਿਆਂ ਨਦੀ ਵਾਂਗ ਅਨੇਕ ਵਲ ਪਾਂਦਿਆਂ ਉਸ ਸੱਤਾ ਤੇ ਸਾਗਰ ਪਾਸ ਪਹੁੰਚਣਾ ਹੈ। ਦੂਜੇ ਸ਼ਬਦਾਂ ਵਿਚ ਸੱਚ ਨਾਲ ਅਭੇਦ ਹੋਣਾ ਜਾਂ ਸਚਿਆਰ ਹੋਣਾ ਸਾਡਾ ਜੀਵਨ ਮਨੋਰਥ ਹੈ। ਅਸੀਂ ਉਸ ਪਰਮ-ਤੱਤ ਦੀ ਅੰਸ਼ ਮਾਤਰ ਹੋਣ ਦੇ ਬਾਵਜੂਦ ਆਪਣੀ ਵੱਖਰੀ ਹੋਂਦ ਦਾ ਅਹਿਸਾਸ ਕਰਦੇ ਹਾਂ ਕਿ ਅਸੀਂ ਹਾਂ। ਗੁਰੂ ਸਾਹਿਬ ਇਸ ਬੁਨਿਆਦੀ ਕੂੜੀ ਮਨੌਤ ਨੂੰ 'ਹਉਮੈ' ਜਾਂ 'ਕੂੜ ਦੀ ਪਾਲ' ਕਹਿੰਦੇ ਹਨ। ਹਉਮੈ ਉਹ ਦੀਵਾਰ ਹੈ ਜੋ ਜ਼ਿੰਦਗੀ ਨੂੰ ਸ਼ਹੁ-ਸਾਗਰ ਦੇ ਪਾਣੀਆਂ ਨਾਲੋਂ ਨਿਖੇੜਦੀ ਹੈ, ਇਸੇ ਵਿੱਥਾਂ ਪਾਉਣ ਵਾਲੀ ਰੁਕਾਵਟ ਨੂੰ ਦੂਰ ਕਰਨਾ ਹੀ ਜੀਵਨ ਦੀ ਇਕ ਵੱਡੀ ਸਮੱਸਿਆ ਹੈ।

ਦੁਨੀਆਂ ਦੇ ਦਰਸ਼ਨ-ਸ਼ਾਸਤਰੀ ਗਿਆਨ ਮਾਰਗ ਰਾਹੀਂ ਤੇ ਬੋਧੀ, ਜੋਗੀ ਆਦਿ ਸਮਾਧੀਆਂ ਲਾ ਕੇ ਧਿਆਨ ਮਾਰਗ ਰਾਹੀਂ ਜ਼ਿੰਦਗੀ ਦੀ ਤਸੱਲੀ ਲੱਭਦੇ ਹਨ। ਚਾਰ ਵਾਕੀਏ ਜਾਂ ਕੁਝ ਪਦਾਰਥਵਾਦੀ ਸਰੀਰਕ ਭੋਗਾਂ ਵਿਚ ਹੀ ਪਰਮਾਨੰਦ ਸਮਝਦੇ ਹਨ ਤੇ ਸੰਸਾਰੀ ਚਾਤਰ ਕੂਟਨੀਤਿਗ ਚਤੁਰਾਈ ਤੇ ਸਿਆਣਪ ਨਾਲ ਹੀ ਮੰਜ਼ਿਲ 'ਤੇ ਜਾਣਾ ਚਾਹੁੰਦੇ ਹਨ। ਗੁਰੂ ਸਾਹਿਬ ਦੇ ਜ਼ਮਾਨੇ ਵਿਦੇਸ਼ੀ ਮੁਸਲਮਾਨ ਹਾਕਮਾਂ ਦੇ ਦਿਮਾਗ਼ ਵਿਚ ਇਹ ਵੀ ਗੱਲ ਸੀ ਕਿ ਕਾਫ਼ਰਾਂ ਨੂੰ ਮੋਮਨ ਬਣਾਉਣ ਹਿੱਤ ਜੇਕਰ ਮੁਲਕਾਂ 'ਤੇ ਕਬਜ਼ੇ ਕਰੀਏ ਤਾਂ ਰੱਬੀ ਬਰਕਤਾਂ ਦੇ ਪਾਤਰ ਬਣੀਦਾ ਹੈ। ਪਰ ਗੁਰੂ ਸਾਹਿਬ ਇਹਨਾਂ ਤਰੀਕਿਆਂ ਵਿਚੋਂ ਕਿਸੇ ਦੀ ਵੀ ਹਾਮੀ ਨਹੀਂ ਭਰਦੇ। ਅਸਲ ਮਸਲਾ ਤਾਂ ਕੂੜ ਦੇ ਪਰਦੇ ਨੂੰ ਪਰੇ ਹਟਾਉਣਾ ਹੈ ਤੇ ਇਹ ਪਰਦਾ ਹਉਮੈ ਹੈ। ਸੋ ਸਤਿਗੁਰਾਂ ਦੇ ਆਪਣੇ ਅਨੁਭਵ ਅਨੁਸਾਰ ਹਉਮੈ ਦੂਰ ਕਰਨ ਦਾ ਇਕੋ ਇਕ ਰਸਤਾ 'ਹੁਕਮ ਰਜਾਈ ਚਲਣਾ' ਹੈ।

ਹੁਕਮ (Supreme Will) ਰੱਬੀ ਇੱਛਾ ਹੀ ਹੈ ਤੇ ਰਜ਼ਾ ਉਸ ਅਨੁਸਾਰ ਚੱਲਣਾ ਹੈ। ਦਰਅਸਲ ਸਾਡੀ ਸਾਰੀ ਜ਼ਿੰਦਗੀ ਹੁਕਮ ਤੇ ਹਉਮੈ ਦੀ ਟੱਕਰ ਹੈ, ਸੁਪਰੀਮ ਵਿੱਲ ਤੇ ਸਾਡੀ will ਦਾ ਦ੍ਵੰਦ (conflict) ਹੈ। ਗੁਰੂ ਸਾਹਿਬ ਦੇ ਖ਼ਿਆਲ ਵਿਚ ਤਾਂ ਸਾਰੇ ਸੰਸਾਰ ਦੀ ਪੈਦਾਇਸ਼ ਦੀ ਜ਼ਿੰਮੇਵਾਰ ਹਉਮੈ ਹੈ। ਸਿੱਧਾਂ ਨੇ ਪੁੱਛਿਆ ਸੀ :

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥
ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥ *(ਪੰਨਾ ੯੪੬)*

ਸੋ ਮਨੁੱਖੀ ਸ਼ਖ਼ਸੀਅਤ ਦੀ ਅੰਤਰੀਵ ਹੋਂਦ ਹਉਮੈ ਹੈ, ਜੇ ਇਹ ਨਾ ਹੋਵੇ ਤਾਂ ਬਾਕੀ ਸ਼ਖ਼ਸੀ ਹੋਂਦ ਕੁਝ ਨਹੀਂ ਰਹਿ ਜਾਂਦੀ। ਕੀ ਗੁਰੂ ਸਾਹਿਬ ਦੇ ਅਧਿਆਤਮਕ ਰਹੱਸਵਾਦ ਨੂੰ ਸ਼ਖ਼ਸੀਅਤ ਦਾ ਵਿਨਾਸ਼ ਮਨਜ਼ੂਰ ਹੈ, ਨਹੀਂ ਇਹ ਗੱਲ ਕਦੇ ਨਹੀਂ। ਸਗੋਂ ਹੁਕਮ ਦੀ ਹਸਤੀ ਅੱਗੇ ਹਉਮੈ ਦੀ ਹਸਤੀ ਦਾ ਕੱਦ ਛੁਟੇਰਾ ਦੱਸ ਕੇ ਉਹ ਜ਼ਿੰਦਗੀ ਵਿਚ ਇਕਸੁਰਤਾ ਪੈਦਾ ਕਰਨਾ ਚਾਹੁੰਦੇ ਹਨ। ਜੇ ਇਹ ਗ਼ਲਤ ਅਭਿਮਾਨ ਦੂਰ ਹੋ ਜਾਵੇ ਤਾਂ ਨਾ ਵਿਅਕਤੀ ਦੀ ਆਤਮਕ ਸ਼ਾਂਤੀ ਨੂੰ ਠੇਸ ਲੱਗ ਸਕਦੀ ਹੈ ਤੇ ਨਾ ਹੀ ਦੁਨੀਆਂ ਦੇ ਅਮਨ ਨੂੰ ਖ਼ਤਰਾ ਹੋ ਸਕਦਾ ਹੈ। ਆਖ਼ਰ ਦੇਸ਼ਾਂ ਜਾਂ ਕੌਮਾਂ ਦੀ ਸਮਿਲਿਤ ਹਉਮੈ ਹੀ ਉਲਾਰ ਪੈਦਾ ਕਰ ਕੇ ਲੜਾਈ-ਝਗੜਿਆਂ ਨੂੰ ਜਨਮ ਦਿੰਦੀ ਹੈ। ਇਹੋ ਹਉਮੈ ਮਮਤਾ-ਕਬਜ਼ੇ ਦੀ ਭਾਵਨਾ ਨੂੰ ਜਨਮ ਦਿੰਦੀ ਹੈ ਤੇ ਕਬਜ਼ੇ ਦੀ ਭਾਵਨਾ (exploitation) ਲੁੱਟ-ਖਸੁੱਟ ਹੈ। ਸੋ ਹਉਮੈ ਇਕ ਬੁਨਿਆਦੀ ਰੋਗ ਹੈ ਇਸ ਦਾ ਇਲਾਜ ਜ਼ਰੂਰੀ ਹੈ। ਨਿਤਸ਼ੇ ਨੇ (super man) ਪਰਮ ਮਨੁੱਖ ਦੀ ਫ਼ਿਲਾਸਫ਼ੀ ਜੋ ਜਰਮਨ ਕੌਮ ਨੂੰ ਦਿੱਤੀ, ਉਸ ਨੇ ਇਕ 'ਜਥੇਬੰਦੀ ਹਉਮੈ' ਬਣ ਕੇ ਸਾਰੇ ਵਿਸ਼ਵ-ਅਮਨ ਨੂੰ ਗ੍ਰਸ ਲਿਆ, ਨਵੇਂ ਇਤਿਹਾਸ

ਦੀ ਇਹ ਉਗਾਹੀ ਹਉਮੈ ਵਾਲੇ ਰੋਗ ਦਾ ਬੜਾ ਸਪੱਸ਼ਟ ਉਦਾਹਰਣ ਹੈ ਜੇਕਰ ਹੁਕਮ ਹੈ ਬੁਝ ਲਿਆ ਜਾਵੇ ਤਾਂ ਫਿਰ ਕਿਸੇ ਤਰ੍ਹਾਂ ਵੀ ਹਉਮੈ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।[2]

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ (ਪੰਨਾ ੧)

ਹਉਮੈ ਤੇ ਹੁਕਮ ਦੇ ਵਿਰੋਧ ਦੀ ਵਿਆਖਿਆ ਬਾਣੀ ਵਿਚ ਆਮ ਮਿਲਦੀ ਹੈ। ਇਹ ਸ਼ਬਦ ਇਸ ਦ੍ਵੰਦ ਨੂੰ ਅੱਛੀ ਤਰ੍ਹਾਂ ਪ੍ਰਗਟ ਕਰਦਾ ਹੈ :

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥
ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥
ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥ (ਪੰਨਾ ੫੬੦)

ਸੋ ਇਸ ਹਉਮੈ ਵਾਲੇ ਰੋਗ ਦੀ ਨਵਿਰਤੀ ਇਕੋ ਤਰ੍ਹਾਂ ਹੋ ਸਕਦੀ ਹੈ ਕਿ 'ਹੁਕਮ ਰਜਾਈ' ਚੱਲਿਆ ਜਾਵੇ।

ਹੁਕਮ ਕੀ ਹੈ—ਰੱਬੀ ਇੱਛਾ ਜਿਸ ਤੋਂ ਬਾਹਰ ਕੁਝ ਵੀ ਨਹੀਂ। ਸਭ ਕੁਝ ਉਸੇ ਦੀ ਛਤਰ-ਛਾਇਆ ਹੇਠ ਵਾਪਰਦਾ ਹੈ। 'ਜੇਤਾ ਕੀਤਾ ਤੇਤਾ ਨਾਉ' ਇਹੋ ਹੈ। ਗੁਰਬਾਣੀ ਵਿਚ ਹੁਕਮ, ਨਾਮ ਤੇ ਸ਼ਬਦ ਤਿੰਨਾਂ ਨੂੰ ਇਕੋ ਅਰਥ ਵਿਚ ਵਰਤਿਆ ਗਿਆ ਹੈ :

ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮ ਪਤਾਲੰ ॥
ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੈਆਲੰ ॥ (ਪੰਨਾ ੧੨੭੫)
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥ (ਪੰਨਾ ੭੨)

ਨਵੀਂ ਸ਼ਬਦਾਵਲੀ ਵਿਚ ਆਖੀਏ ਤਾਂ ਇਉਂ ਕਹਾਂਗੇ ਕਿ ਹੁਕਮ ਸਰਬ-ਵਿਆਪਕ ਵਿਸ਼ਵਾਰਥੀ ਇੱਛਾ ਹੈ ਤੇ ਹਉਮੈ ਨਿੱਕੀ ਜਿਹੀ ਸੁਆਰਥੀ ਇੱਛਾ। ਇਸ ਕਰਕੇ ਅੱਧੇ ਤੋਂ ਵੱਧ ਜਪੁ ਜੀ ਬਾਣੀ ਵਿਚ ਖ਼ਾਸ ਕਰਕੇ 17 ਤੋਂ 27 ਪਉੜੀਆਂ ਤਕ ਹੁਕਮ ਜਾਂ ਨਾਮ ਦੀ ਹੈਸੀਅਤ ਵੱਡੀ ਕਰ ਕੇ ਦੱਸੀ ਗਈ ਹੈ ਤਾਂ ਕਿ ਉਸ ਨੂੰ ਵੇਖ ਕੇ ਹਉਮੈ ਦਾ ਕੱਦ ਆਪਣੇ ਆਪ ਛੋਟਾ ਹੁੰਦਾ ਜਾਵੇ। ਭਾਰਤੀ ਦਰਸ਼ਨਾਂ ਵਿਚੋਂ ਵੇਦਾਂਤ ਸ਼੍ਰੋਮਣੀ ਹੈ ਤੇ ਉਸ ਨੇ 'ਅਹੰ ਬ੍ਰਹਿਮ ਅਸਮੀ' (ਮੈਂ ਬ੍ਰਹਮ ਹਾਂ) ਦਾ ਜੋ ਮੂਲ ਮੰਤਰ ਰੱਖਿਆ ਹੈ, ਇਹ ਗੁਰੂਆਂ ਦੇ 'ਹਉਮੈ' ਤਿਆਗ ਵਾਲੇ ਸਿਧਾਂਤ ਦੇ ਪ੍ਰਤਿਕੂਲ ਹੈ। ਕੋਈ ਨਿੱਕਾ ਬੁਲ-ਬੁਲਾ ਇਹ ਦਾਅਵਾ ਕਰਦਾ ਫੱਬਦਾ ਨਹੀਂ ਕਿ ਉਹ ਮਹਾਂਸਾਗਰ ਹੈ। ਕਹਿਣਾ ਇਹੋ ਬਣਦਾ ਹੈ :

ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥
ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥ (ਪੰਨਾ ੫)

ਇਹ ਜਪੁ ਜੀ ਦਾ ਨਹੀਂ, ਰਹੱਸਵਾਦੀ ਜੀਵਨ ਦਾ ਬੁਨਿਆਦੀ ਧੁਰਾ ਹੈ ਕਿ ਹੁਕਮ ਮੰਨਣ

ਵਾਲਾ ਸਰਬ-ਵਿਆਪੀ ਦ੍ਰਿਸ਼ਟੀਕੋਣ (universal outlook) ਰੱਖਦਾ ਹੈ ਜਦੋਂ ਕਿ ਹਉਮੈ ਵਾਲੇ ਦਾ ਨੁਕਤਾ-ਨਿਗਾਹ ਆਪਣੇ ਤੋਂ ਉਤਾਂਹ ਨਹੀਂ ਉੱਠ ਸਕਦਾ। ਹਉਮੈ ਦੀਆਂ ਗਲਵੱਕੜੀਆਂ ਪਾਉਣ ਵਾਲੀਆਂ ਲੰਮੀਆਂ ਬਾਹਾਂ ਨਹੀਂ ਹੁੰਦੀਆਂ, ਇਸ ਕਰਕੇ ਕੌਮਾਂਤਰੀ ਜਾਂ ਮਾਨਵਵਾਦੀ ਬਣਨ ਲਈ ਹੁਕਮਵਾਦੀ ਹੋਣਾ ਹੀ ਵਧੇਰੇ ਲਾਭਵੰਦਾ ਹੈ। ਫੇਰ ਹੁਕਮੀ ਬੰਦਾ ਸੁਖ ਵਿਚ ਗਰਬਦਾ ਨਹੀਂ, ਉਸ ਦੀ ਦਾਤ ਸਮਝਦਾ ਹੈ ਤੇ ਦੁੱਖ ਵਿਚ ਘਬਰਾਂਦਾ ਨਹੀਂ, ਸਬਰ ਰੱਖ ਕੇ ਸਾਵੀਂ-ਪੱਧਰੀ ਜ਼ਿੰਦਗੀ ਬਰਕਰਾਰ ਰੱਖਦਾ ਹੈ। ਗੁਰੂ ਸਾਹਿਬ ਇਸੇ ਰਜ਼ਾ ਅਧੀਨ ਹੋਣ ਨੂੰ ਹੀ ਸ੍ਰੇਸ਼ਟਾਚਾਰ ਜਾਂ ਧਰਮ ਕਹਿੰਦੇ ਹਨ। ਇਹੋ ਬਾਰ-ਬਾਰ ਦ੍ਰਿੜ੍ਹ ਕਰਾਇਆ ਹੈ:

ਜੋ ਤੁਧੁ ਭਾਵੈ ਸਾਈ ਭਲੀ ਕਾਰ॥ (ਪੰਨਾ ੩)
ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥ (ਪੰਨਾ ੬)
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥
ਵੇਖੈ ਵਿਗਸੈ ਕਰਿ ਵੀਚਾਰੁ॥ (ਪੰਨਾ ੮)

ਹੁਣ ਸਵਾਲ ਉੱਠਦਾ ਹੈ ਕਿ ਹੁਕਮ ਮੰਨਿਆ ਕਿਵੇਂ ਜਾਵੇ ? ਉਸ ਪਰਮ-ਤੱਤ ਦਾ ਰਹੱਸਵਾਦੀ ਅਨੁਭਵ ਪ੍ਰਾਪਤ ਕਿਵੇਂ ਹੋਵੇ ਤੇ ਵਰਤਦੇ ਭਾਣੇ ਦਾ ਦਰਬਾਰ ਕਿਵੇਂ ਸਾਮਰਤੱਖ ਮੂਰਤੀਮਾਨ ਹੋਵੇ ? ਇਸ ਦਾ ਉੱਤਰ 'ਨਾਮ ਸਿਮਰਨ' ਤੇ ਕੀਰਤਨ ਦਾ ਮਾਰਗ ਹੈ, ਇਸ ਪ੍ਰੇਮ ਭੇਟ ਦੁਆਰਾ ਹੀ ਵਿਸ਼ਵ ਚੇਤਨਾ ਨਾਲ ਸਾਂਝ ਜੋੜੀ ਜਾ ਸਕਦੀ ਹੈ:

ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥ (ਪੰਨਾ ੨)

ਸੋ ਸਾਰੀ ਵਿਚਾਰ ਦਾ ਸਿੱਟਾ ਇਹ ਹੈ ਕਿ ਪਰਮ-ਤੱਤ ਦਾ ਅਨੁਭਵ ਪ੍ਰਾਪਤ ਕਰਨ ਵਿਚ ਰੁਕਾਵਟ ਹਉਮੈ ਦੀ ਹੈ, ਜੋ ਹੁਕਮ ਬੁੱਝਣ ਨਾਲ ਦੂਰ ਹੋ ਸਕਦੀ ਹੈ ਤੇ ਇਸ ਹੁਕਮ ਮੰਨਣ ਦੀ ਜਾਚ ਕਿਸੇ ਕਰਮ-ਕਾਂਡ ਜਾਂ ਗਿਆਨ-ਕਾਂਡ ਰਾਹੀਂ ਨਹੀਂ ਆਉਂਦੀ, ਇਹ ਕੀਰਤਨ ਜਾਂ ਸਿਫ਼ਤ-ਸਲਾਹ ਰਾਹੀਂ ਆਉਂਦੀ ਹੈ। ਰੱਬੀ ਗੁਣਾਂ ਦਾ ਗਾਇਕ ਜ਼ਿੰਦਗੀ ਨੂੰ ਪਰਮ-ਸੱਚ ਦੇ ਬੁਨਿਆਦੀ ਗੁਣਾਂ ਵੱਲ ਲਿਜਾਂਦਾ ਹੈ ਤੇ ਕੂੜ ਦੀ ਵਲਗਣ ਵਿਚੋਂ ਕੱਢ ਦਿੰਦਾ ਹੈ। ਇਸ ਕਰਕੇ ਪ੍ਰਭੂ ਕੀਰਤਨ ਦੀ ਬਾਰ-ਬਾਰ ਤਾਕੀਦ ਕੀਤੀ ਗਈ ਹੈ:

ਜਿਨਿ ਸੇਵਿਆ ਤਿਨਿ ਪਾਇਆ ਮਾਨੁ॥
ਨਾਨਕ ਗਾਵੀਐ ਗੁਣੀ ਨਿਧਾਨੁ॥
ਗਾਵੀਐ ਸੁਣੀਐ ਮਨਿ ਰਖੀਐ ਭਾਉ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥ (ਪੰਨਾ ੨)

ਇਹ ਗਾਉਣਾ ਅਸਾਂ ਇਕੱਲਿਆਂ ਨਹੀਂ ਕਰਨਾ ਸਗੋਂ ਸਾਰੀ ਕਾਇਨਾਤ, ਸਭੇ ਦੇਵੀ ਦੇਵਤਾ ਤੇ ਪਰਮ ਮਨੁੱਖ ਉਸ ਦੇ ਦਰਵਾਜ਼ੇ 'ਤੇ ਖੜੇ ਗਾਇਨ ਕਰ ਰਹੇ ਹਨ। ਸੋਦਰੁ ਦੀ ਪਉੜੀ ਵਿਚ ਇਸੇ ਚਿੱਤਰ ਨੂੰ ਵਿਸਮਾਦੀ ਬਣਾ ਕੇ ਪੇਸ਼ ਕੀਤਾ ਹੈ ਕਿ ਗੁਣ ਗਾਉਣ ਦਾ ਆਦਰਸ਼ ਦ੍ਰਿੜ੍ਹ ਹੋਵੇ ਤੇ ਉਸ ਮਹਾਨ ਸੱਤਾ ਦੀ ਵਾਹਦਾਨੀਅਤ ਤੇ ਲਾਸਾਨੀਅਤ ਦਾ ਨਿਸਚਾ ਪਰਪੱਕ

ਹੋਵੇ। ਇਸ ਤੋਂ ਇਹ ਵੀ ਸਪੱਸ਼ਟ ਹੈ ਕਿ ਹੋਰ ਦੈਵੀ ਤਾਕਤਾਂ ਜਾਂ ਸੰਸਾਰੀ ਤਾਕਤਾਂ ਪੂਜਣ ਯੋਗ ਨਹੀਂ, ਸਭ ਹੇਚ ਹਨ ਤੇ 'ਪਾਤਿਸਾਹੁ ਸਾਹਾ ਪਾਤਿਸਾਹਿਬੁ' ਦੀ ਰਜ਼ਾ ਵਿਚ ਰਹਿਣਾ ਹੀ ਸੱਚਾ ਧਰਮ ਹੈ। ਪਰ ਗਾਉਣ ਵਾਲਿਆਂ ਦੀ ਆਪਣੀ ਹਉਮੈ ਨਾ ਬਣ ਜਾਵੇ, ਇਸ ਕਰਕੇ ਉਥੇ ਵੀ ਗੁਰੂ ਸਾਹਿਬ ਨੇ ਸਾਫ਼ ਕਹਿ ਦਿੱਤਾ ਹੈ ਕਿ ਅਸਲ ਗਵੱਈਏ ਉਹੋ ਹਨ ਜਿਨ੍ਹਾਂ ਦੇ ਗੀਤ ਤੈਨੂੰ ਪਸੰਦ ਹਨ, ਭਾਵੇਂ ਗਾਉਣ ਵਾਲਿਆਂ ਦੀ ਗਿਣਤੀ ਬੇਅੰਤ ਹੈ:

ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥
ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥ (ਪੰਨਾ ੬)

ਫਿਰ ਅਜਿਹੇ ਗਵੱਈਆਂ ਦਾ ਰੁਤਬਾ ਇਉਂ ਕਹਿ ਕੇ ਵਰਣਨ ਕੀਤਾ ਗਿਆ ਹੈ ਕਿ ਜਿਵੇਂ ਪਾਣੀ ਦਾ ਸੁਲਤਾਨ ਸਮੁੰਦਰ ਹੈ, ਤਿਵੇਂ ਉਹ ਜ਼ਿੰਦਗੀ ਦੇ ਪਾਤਸ਼ਾਹ ਹਨ:

ਜਿਸ ਨੋ ਬਖਸੇ ਸਿਫਤਿ ਸਾਲਾਹ ॥
ਨਾਨਕ ਪਾਤਿਸਾਹੀ ਪਾਤਿਸਾਹੁ ॥ (ਪੰਨਾ ੫)

ਦੁਨਿਆਵੀ ਪਾਤਸ਼ਾਹ ਤੋਂ ਅੱਖਾਂ ਫੇਰ ਕੇ ਰੱਬੀ ਹੁਕਮ ਅਨੁਸਾਰ ਚੱਲਣ ਵਾਲਿਆਂ ਨੂੰ ਨਵੇਂ ਪਾਤਸ਼ਾਹ ਸਥਾਪਿਤ ਕਰ ਕੇ ਗੁਰੂ ਜੀ ਇਸ ਰਹੱਸਵਾਦ ਦੀ ਤਹਿ ਹੇਠ ਇਕ ਨਵੀਂ ਇਨਕਲਾਬੀ ਜਮਾਤ ਦਾ ਬੀ ਬੀਜ ਰਹੇ ਹਨ ਜੋ ਅਧਿਆਤਮਕਤਾ ਦੀ ਸ਼ਕਤੀ ਦਾ ਮਨੋਹਰ ਪ੍ਰਯੋਗ ਸੀ।

ਆਮ ਤੌਰ 'ਤੇ ਭਾਰਤੀ ਮਤ ਆਤਮ ਕਲਿਆਣ ਲਈ ਬਨਵਾਸ ਲੈਣਾ ਵੀ ਇਕ ਜ਼ਰੂਰੀ ਅੰਗ ਸਮਝਦੇ ਸਨ ਪਰ ਗੁਰੂ ਸਾਹਿਬਾਨ ਨੇ ਇਸ ਬਿਰਤੀ ਦੇ ਰਾਹ ਨੂੰ 'ਮਤਿ ਵਿਚਿ ਰਤਨ ਜਵਾਹਰ ਮਾਣਿਕ' ਕਹਿ ਕੇ ਰੱਦ ਕਰ ਦਿੱਤਾ ਹੈ। ਪਰ ਇਹ ਗੱਲ ਜ਼ਰੂਰ ਹੈ ਕਿ ਇਸ ਆਤਮਕ ਖ਼ਜ਼ਾਨੇ ਦੀ ਸੋਝੀ ਗੁਰੂ ਤੋਂ ਹੁੰਦੀ ਹੈ। ਗੁਰੂ ਨਾਨਕ ਸਾਹਿਬ ਦੇ ਜ਼ਮਾਨੇ ਭਾਰਤੀ ਧਰਮ ਮੰਡਲ ਵਿਚ ਦੋ ਵੱਡੀਆਂ ਜਮਾਤਾਂ ਸਨ—ਇਕ ਦਾ ਨੇਤਾ ਬ੍ਰਾਹਮਣ ਸੀ, ਦੂਜੇ ਦਾ ਜੋਗੀ। ਬ੍ਰਾਹਮਣ 'ਵੇਦ' ਨੂੰ ਅਥਾਰਿਟੀ ਮੰਨਦਾ ਸੀ ਤੇ ਜੋਗੀ 'ਨਾਦ' ਨੂੰ ਸਭੋ ਕੁਝ ਆਖਦਾ ਸੀ। ਸਤਿਗੁਰੂ ਨਾਨਕ ਦੇਵ ਜੀ ਨੇ 'ਗੁਰੂ ਜੋਤਿ' ਨੂੰ ਇਹ ਪਦਵੀ ਦਿੱਤੀ ਕਿ ਇਸ ਪਰਮਾਰਥਕ ਅਗਵਾਈ ਦੇ ਇਹੋ ਯੋਗ ਹੈ:

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥ (ਪੰਨਾ ੨)

ਇਸ ਗੁਰੂ ਤੋਂ ਵੀ ਮੁਕਤੀ ਜਾਂ ਸੁਰਗ ਦੀ ਮੰਗ ਨਹੀਂ ਕਰਨੀ, ਸਗੋਂ ਇਹੋ ਮੰਗਣਾ ਹੈ ਕਿ ਉਹ ਰਜ਼ਾ ਦਾ ਮਾਲਕ ਕਦੀ ਵਿਸਰੇ ਨਾ ਤਾਂ ਕਿ ਹਉਮੈ ਦਾ ਸੰਕਲਪ ਪੈਦਾ ਹੀ ਨਾ ਹੋਵੇ:

ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ (ਪੰਨਾ ੨)

ਸੋ ਗੁਰੂ ਦੀ ਰਹਿਨੁਮਾਈ ਵਿਚ ਜੋ ਜਗਿਆਸੂ ਇਸ ਹੁਕਮ ਦੀ ਆਵਾਜ਼ ਜਾਂ ਨਾਮ ਨੂੰ ਸੁਣਦਾ, ਮੰਨਦਾ ਤੇ ਆਪਣੇ ਅਸਲੀ ਅਨੁਭਵ ਵਿਚ ਲਿਆਉਂਦਾ ਹੈ, ਉਹ ਪੰਚ ਹੈ। ਪੰਚ ਹੁਕਮੀ ਜੀਵਨ ਬਸਰ ਕਰਨ ਵਾਲੇ ਪੂਰਨ ਮਨੁੱਖ ਦਾ ਸੰਕਲਪ ਹੈ ਜੋ ਅਸੰਖ ਭਾਂਤ ਦੀ ਦੁਨੀਆਂ ਵਿਚ ਰਹਿੰਦਾ ਹੋਇਆ ਵੀ 'ਜੋ ਤੁਧੁ ਭਾਵੈ ਸਾਈ ਭਲੀ ਕਾਰ' ਹੀ ਮੰਨਦਾ ਹੈ।

ਇਹ ਠੀਕ ਹੈ ਕਿ ਹਉਮੈ ਦੇ ਘਟਣ ਨਾਲ ਰੱਬ ਦਾ ਰਿਸ਼ਤਾ ਵਧਦਾ ਤੇ ਅਸਲ ਧਰਮ ਨਾਲ ਸੰਬੰਧ ਜੁੜਦਾ ਹੈ, ਨਾਲ ਹੀ ਹਉਮੈ ਦਾ ਅਭਾਵ ਮਨੁੱਖੀ ਰਿਸ਼ਤੇ ਨੂੰ ਵੀ ਸਾਵਾਂ-ਪੱਧਰਾ

ਕਰ ਦਿੰਦਾ ਹੈ। ਹਉਮੈ ਵਾਲਾ ਜਿਥੇ ਜਗਤ ਜਿੱਤਣ ਦੇ ਦਾਅਵੇ ਕਰਦਾ ਹੈ, ਉਥੇ ਹੁਕਮ ਵਾਲਾ ਮਨ ਦੀ ਜਿੱਤ ਵੱਲ ਸਮਾਂ ਲਾਉਂਦਾ ਹੈ। ਮਨ ਦੀ ਜਿੱਤ ਦਾ ਅਰਥ ਸਪੱਸ਼ਟ ਬੁਰਿਆਈਆਂ ਉੱਤੇ ਕਾਬੂ ਹੈ। ਸਤਿਗੁਰਾਂ ਭਗਤੀ ਮਾਰਗ ਦੇ ਨਾਲ ਦੁਨਿਆਵੀ ਜੀਵਨ ਨੂੰ ਸ੍ਰੇਸ਼ਟ ਬਣਾਉਣ ਲਈ ਦੈਵੀ ਗੁਣਾਂ ਦੇ ਵਿਕਾਸ 'ਤੇ ਵੀ ਜ਼ੋਰ ਦਿੱਤਾ ਹੈ। ਇਸੇ ਲਈ ਜਪੁਜੀ ਅੰਦਰ ਸਦਾਚਾਰਕ ਪੱਖ ਦੀ ਪੁਸ਼ਟੀ ਇਹ ਕਹਿ ਕੇ ਕੀਤੀ ਗਈ ਹੈ:

ਸਭਿ ਗੁਣ ਤੇਰੇ ਮੈ ਨਾਹੀ ਕੋਇ ॥
ਵਿਣੁ ਗੁਣ ਕੀਤੇ ਭਗਤਿ ਨ ਹੋਇ ॥ (ਪੰਨਾ ੪)

ਚੂੰਕਿ ਕਰਮ-ਜੋਗੀ ਜੀਵਨ ਬਸਰ ਕਰਨ ਵਾਲੇ ਨੂੰ ਇਸ ਦੁਨੀਆਂ ਦੇ ਮਨੁੱਖ ਨਾਲ ਦੋ-ਚਾਰ ਹੋਣਾ ਹੀ ਪੈਣਾ ਹੈ, ਇਸ ਕਰਕੇ ਸਤਿਗੁਰੂ ਸਤਿ, ਸੰਤੋਖ, ਸੂਝ-ਬੂਝ, ਏਕਾਗਰਤਾ, ਘਾਲ ਕਮਾਈ, ਸਗਲ ਜਮਾਤੀ ਵਾਲੀ ਸਾਂਝ, ਪ੍ਰੇਮ, ਜੀਵਨ ਜੁਗਤੀ, ਅਦਬ-ਅਦਾਬ, ਜਤ-ਸਤ, ਧੀਰਜ ਤੇ ਦ੍ਰਿੜ੍ਹਤਾ—ਇਹਨਾਂ ਗੁਣਾਂ ਨੂੰ ਜੀਵਨ ਵਿਕਾਸ ਲਈ ਜ਼ਰੂਰੀ ਸਮਝਦੇ ਹਨ। ਇਹ ਸਭ ਕੁਝ ਕਰ ਕੇ ਫਿਰ ਦਾਅਵਾ ਨਹੀਂ ਕਰਨਾ ਕਿ ਮੈਂ ਹੁਕਮ ਮੰਨਣ ਵਾਲਾ ਹਾਂ, ਭਗਤੀ ਕਰਦਾ ਹਾਂ ਜਾਂ ਦੈਵੀ ਗੁਣਾਂ ਦਾ ਧਾਰਨੀ ਹਾਂ। ਸਗੋਂ ਇਹਨਾਂ ਦਾਅਵਿਆਂ ਨੂੰ ਕੂੜੀ ਹਉਮੈ ਵਾਲਿਆਂ ਦੀ 'ਕੂੜੀ ਠੀਸ' ਕਿਹਾ ਹੈ।

ਅੰਤ ਵਿਚ ਸਤਿਗੁਰੂ ਜੀਵਨ ਦੇ ਵਿਕਾਸ ਨੂੰ ਪੰਜ ਸਟੇਜਾਂ ਵਿਚੋਂ ਲੰਘਦਾ ਦਿਖਾਉਂਦੇ ਹਨ। ਪਹਿਲਾ ਧਰਮ ਖੰਡ ਹੈ ਜਿਸ ਵਿਚ ਮਰਯਾਦਾ ਦਾ ਪਾਲਣ ਜ਼ਰੂਰੀ ਹੈ ਕਿਉਂਕਿ ਪਰਮਾਰਥ ਦਾ ਮਾਰਗ ਕੋਈ ਜਾਦੂ ਨਹੀਂ, ਇਹ ਤਾਂ ਇਕ 'ਕਰਮੀ ਕਰਮੀ ਹੋਇ ਵਿਚਾਰੁ' ਦਾ ਸ਼ਾਹ-ਰਾਹ ਹੈ। ਇਸ ਲਈ 'ਸ਼ੁਭ ਕਰਮ' ਇਕ ਪਹਿਲੀ ਗੱਲ ਹੈ। ਦੂਸਰੇ ਇਹ ਧਰਮ-ਕਰਮ ਕਿਸੇ ਭਰਮ-ਵਹਿਮ ਦੇ ਆਸ਼ਰਿਤ ਨਹੀਂ ਸਗੋਂ ਗਿਆਨ ਦੀ ਰੌਸ਼ਨੀ ਵਿਚ ਉਠਾਏ ਕਦਮ ਹਨ। ਇਸੇ ਕਰਕੇ ਗਿਆਨ ਖੰਡ ਦੀ ਅਵਸਥਾ ਵਿਚ ਜਗਿਆਸੂ ਦਾ ਦ੍ਰਿਸ਼ਟੀਕੋਣ ਸੰਕੀਰਣ ਨਹੀਂ ਰਹਿਣਾ ਸਗੋਂ ਵਿਸ਼ਾਲ ਹੁੰਦਾ ਜਾਂਦਾ ਹੈ। ਜਦ ਵਿਵੇਕ ਜਾਂ wisdom ਦਾ ਤੀਜਾ ਨੇਤਰ ਖੁੱਲ੍ਹਦਾ ਹੈ ਤਾਂ ਇਹ ਦੁਨੀਆਂ ਹੀ ਨਜ਼ਰ ਵਿਚ ਨਹੀਂ ਹੁੰਦੀ ਸਗੋਂ 'ਕੇਤੇ ਬਰਮੇ ਘਾੜਤ ਘੜੀਅਹਿ ਰੂਪ ਰੰਗ ਕੇ ਵੇਸ' ਦੇ ਕਈ ਵਿਸਮਾਦੀ ਚਿੱਤਰ ਦਿੱਸਦੇ ਹਨ। ਇਸ ਵਿਸ਼ਾਲਤਾ ਦਾ ਪ੍ਰਭਾਵ ਇਹ ਪੈਂਦਾ ਹੈ ਕਿ ਜਗਿਆਸੂ ਦੀ ਖੂਹ ਦੇ ਡੱਡੂ ਵਾਲੀ ਪੁਜ਼ੀਸ਼ਨ ਬਦਲ ਜਾਂਦੀ ਹੈ। ਹਉਮੈ ਦਾ ਪਿੰਜਰਾ ਤੋੜ ਕੇ ਰੂਹ ਉੱਚੀਆਂ ਉਡਾਰੀਆਂ ਦੀ ਵਿਉਂਤ ਵਿਉਂਤਦੀ ਹੈ। ਇਹ ਕਰਮ-ਜੋਗ ਤੇ ਗਿਆਨ-ਜੋਗ ਦੇ ਖੰਭ ਹਨ ਜਿਨ੍ਹਾਂ ਦੇ ਫੜਫੜਾਉਣ ਨਾਲ ਆਨੰਦ ਦਾ ਹੁਸੀਨ ਮੁਕਾਮ 'ਸਰਮ ਖੰਡ' ਆ ਜਾਂਦਾ ਹੈ। ਸਰਮ ਸੰਸਕ੍ਰਿਤ ਵਿਚ ਆਨੰਦ ਨੂੰ ਕਹਿੰਦੇ ਹਨ, ਇਹ ਅਨੰਦ ਦਾ ਮੰਡਲ ਹੈ ਜਿਥੇ ਅਨੋਖੀ ਕਿਸਮ ਦੀ ਸੁੰਦਰਤਾ ਦੀ ਘਾੜਤ ਹੁੰਦੀ ਹੈ। ਉਥੇ ਦੀ ਗੱਲ ਦੱਸਣੀ ਜ਼ਰਾ ਔਖੀ ਹੈ ਕਿਉਂਕਿ ਰਹੱਸਮਈ ਹੋਣ ਕਰਕੇ ਉਸ ਦਾ ਸ਼ਬਦਾਂ ਵਿਚ ਪੂਰਾ ਬਿਆਨ ਨਹੀਂ ਆ ਸਕਦਾ। ਜਦੋਂ ਰਹੱਸਵਾਦੀ ਦੀ ਅਨੰਦ ਨਾਲ ਮਖ਼ਮੂਰ ਹੋ ਕੇ ਮਸਤ ਅਲਮਸਤ ਅਵਸਥਾ ਹੋ ਜਾਂਦੀ ਹੈ ਤਾਂ ਆਪਣੇ ਆਪ ਬਖ਼ਸ਼ਿਸ਼ ਦਾ ਦਰ ਖੁੱਲ੍ਹਦਾ ਹੈ ਤੇ ਉਹ ਸੱਚ ਖੰਡ ਦਾ ਪੂਰਨ ਅਨੰਦ ਮਾਣਦਾ ਹੈ। ਕਰਮ ਖੰਡ ਤੇ ਸੱਚ ਖੰਡ ਵਿਚ ਕੋਈ ਬਹੁਤਾ ਅੰਤਰ ਨਹੀਂ। ਜਦੋਂ ਵੀ ਰੱਬ ਦੀ 'ਨਜ਼ਰਿ-ਕਰਮ' ਜਿਸ ਨੂੰ 'ਨਦਰੀ ਕਰਮ' ਕਿਹਾ ਹੈ, ਹੋਈ ਤਾਂ ਵਿਗਾਸ ਦੀ ਹੱਦ ਨਹੀਂ ਰਹਿੰਦੀ ਤੇ ਉਸ ਦਾ ਬਿਆਨ ਵੀ ਸੰਭਵ ਨਹੀਂ। ਪਰਮ

ਸੱਚ ਦਾ ਚਿੱਤਰ ਕਰਤਾ ਪੁਰਖ ਤੇ ਹੋਰ ਗੁਣਾਂ ਵਾਲਾ ਦੱਸਿਆ ਸੀ ਪਰ ਇਸ ਥਾਂ ਆ ਕੇ ਉਸ ਨੂੰ ਨਿਰੰਕਾਰ (Formless) ਕਿਹਾ ਹੈ, ਇਸ ਲਈ ਇਸ ਅਵਸਥਾ ਦਾ ਚਿੱਤਰ ਵਰਣਨ ਤੋਂ ਪਰੇ ਹੈ, ਅਤਿ ਔਖਾ ਕੰਮ ਹੈ।

ਸਚ ਖੰਡਿ ਵਸੈ ਨਿਰੰਕਾਰੁ ॥
ਕਰਿ ਕਰਿ ਵੇਖੈ ਨਦਰਿ ਨਿਹਾਲ ॥...
ਵੇਖੈ ਵਿਗਸੈ ਕਰਿ ਵੀਚਾਰੁ ॥
ਨਾਨਕ ਕਥਨਾ ਕਰੜਾ ਸਾਰੁ ॥੩੭॥ (ਪੰਨਾ ੮)

ਅੰਤ ਵਿਚ ਗੁਰੂ ਸਾਹਿਬ ਅਲੰਕਾਰਕ ਤਰੀਕੇ ਨਾਲ ਸਾਰੰਸ਼ ਵਜੋਂ ਵਿਅਕਤੀਗਤ ਜੀਵਨ ਤੇ ਸਮੂਹਿਕ ਜੀਵਨ ਦੀ ਸਾਂਝ ਲਈ ਇਕ ਆਦਰਸ਼ (ਪੈਟਰਨ) ਪੇਸ਼ ਕਰਦੇ ਹਨ। ਜੇ ਵਿਅਕਤਿੱਤਵ ਨੂੰ ਹਉਮੈ ਦੀ ਮੈਲ ਲਾਹ ਕੇ ਅੰਦਰੂਨੀ ਤੌਰ 'ਤੇ ਸੁਹਣੇਰਾ ਤੇ ਉਚੇਰਾ ਕਰਨਾ ਹੈ ਤਾਂ ਇਸ ਆਤਮਕ ਸੋਨੇ ਨੂੰ ਸੱਚੀ ਟਕਸਾਲ ਵਿਚ ਢਾਲਣਾ ਹੋਵੇਗਾ ਤੇ ਇਹ ਟਕਸਾਲ ਨਾਮ, ਹੁਕਮ ਜਾਂ ਸ਼ਬਦ ਦੀ ਹੈ ਅਤੇ ਬਹਿਰੂਨੀ ਤੌਰ 'ਤੇ ਇਸ ਵਿਸ਼ਵ-ਸਾਰ ਨੂੰ ਵੀ ਅਨੁਭਵ ਕਰਨਾ ਹੋਵੇਗਾ ਕਿ ਅਸੀਂ ਸਭ ਪਰਮੇਸ਼ਰ ਦੇ ਬਾਲਕ ਹਾਂ, ਅਸਾਡਾ ਕੰਮ ਰਲ-ਮਿਲ ਕੇ ਜ਼ਿੰਦਗੀ ਦੀ ਖੇਡ ਖੇਡਣਾ ਹੈ। ਇਹ ਕੌਮਾਂਤਰੀ ਦ੍ਰਿਸ਼ਟੀਕੋਣ 'ਸਰਬੱਤ ਦੇ ਭਲੇ' ਦਾ ਨਾਅਰਾ ਦੇਣ ਵਾਲੇ ਗੁਰੂ ਜੀ ਦਾ ਇਕ ਅਮਲੀ ਅਨੁਭਵ ਹੈ। ਅਸੀਂ ਤਮਾਮ ਜੀਵ ਉਸ ਪਰਮ-ਸੱਚ ਦੇ ਝੁਲਾਏ ਝੂਲਣੇ ਵਿਚ ਝੂਲ ਰਹੇ ਹਾਂ, ਪਾਣੀ ਸਭ ਦਾ ਪਿਤਾ ਹੈ ਤੇ ਧਰਤੀ ਅਸਾਡੀ ਮਾਂ ਹੈ, ਜਿਸ ਦੀ ਛਾਤੀ ਦੀ ਰਹਿਮਤ ਦਾ ਦੁੱਧ ਪਾਨ ਕਰ ਕੇ ਜੀਉਂਦੇ ਹਾਂ। ਦਿਨ-ਰਾਤ ਸਾਡੇ ਖਿਡਾਵੇ ਰੱਖੇ ਗਏ ਹਨ। ਸਾਡਾ ਕੰਮ ਜੀਵਨ ਦੀ ਬਾਜ਼ੀ ਨੂੰ ਚੰਗੀ ਤਰ੍ਹਾਂ ਖੇਡਣਾ ਹੈ ਕਿਉਂਕਿ ਉਹ ਮੁਨਸਫ਼ ਸਾਰੀ ਖੇਡ ਦੀ ਖ਼ੁਦ ਦੇਖ-ਭਾਲ ਕਰ ਰਿਹਾ ਹੈ। ਜੇ ਅਸੀਂ ਚੰਗੇ ਖਿਲਾੜੀ ਸਿੱਧ ਹੋਏ ਤਾਂ ਉਸ ਪਰਮ-ਸੱਚ ਦੇ ਨੇੜੇ ਪੁੱਜ ਸਕਾਂਗੇ ਨਹੀਂ ਤਾਂ ਦੂਰ ਡਿੱਗ ਕੇ ਝੂਰਨਾ ਪਵੇਗਾ। ਜੋ ਇਸ ਕਰਮ-ਭੂਮੀ ਤੇ ਹਉਮੈ ਤਿਆਗ ਕੇ ਨਾਮ-ਮਾਰਗ 'ਤੇ ਚੱਲੇ ਹਨ ਤੇ ਜਿਨ੍ਹਾਂ ਇਸ ਪਾਸੇ ਘਾਲ ਘਾਲੀ ਹੈ, ਉਹ ਸਚਿਆਰ ਹੋ ਕੇ ਮੁੱਖ ਉੱਜਲਾ ਲਿਜਾਂਦੇ ਹਨ ਤੇ ਹੋਰਾਂ ਨੂੰ ਵੀ ਛੁਟਕਾਰਾ ਦਿਵਾਂਦੇ ਹਨ।

ਜਪੁ ਜੀ ਵਿਚ ਆਏ ਸਿਧਾਂਤਾਂ ਨੂੰ ਸੰਖੇਪ ਵਿਚ ਇਉਂ ਗਿਣ ਸਕਦੇ ਹਾਂ :

1. ਜ਼ਿੰਦਗੀ ਦਾ ਮਨੋਰਥ ਸੁਰਗ ਜਾਂ ਮੁਕਤੀ ਨਹੀਂ, ਸਚਿਆਰ ਹੋਣਾ ਹੈ। ਰੱਬੀ ਹੋਣਾ ਹੈ।
2. ਸਚਿਆਰ ਹੋਣ ਲਈ ਹਉਮੈ ਦੀ ਦੀਵਾਰ ਢਾਹੁਣੀ ਜ਼ਰੂਰੀ ਹੈ, ਇਸ ਤੋਂ ਬਿਨਾਂ ਪਰਮ-ਸੱਚ ਦਾ ਦਰਸ਼ਨ ਜਾਂ ਅਨੁਭਵ ਨਹੀਂ ਹੁੰਦਾ।
3. ਹਉਮੈ ਮੇਟਣ ਦਾ ਅਰਥ ਮਨੁੱਖੀ ਸ਼ਖ਼ਸੀਅਤ ਦਾ ਵਿਨਾਸ਼ ਨਹੀਂ ਸਗੋਂ ਸਰਬ-ਵਿਆਪਕ ਹੁਕਮ ਨੂੰ ਬੁੱਝਣਾ ਹੈ।
4. ਹੁਕਮ ਬੁੱਝਣ ਦਾ ਅਨੁਭਵ ਨਾਮ ਸਿਮਰਨ ਜਾਂ ਕੀਰਤਨ ਦੁਆਰਾ ਹੁੰਦਾ ਹੈ।
5. ਇਸ ਮਾਰਗ 'ਤੇ ਚੱਲਣ ਲਈ ਸੰਸਾਰ ਤਿਆਗ ਜ਼ਰੂਰੀ ਨਹੀਂ, ਇਹ ਨਾਮ ਦਾ ਖ਼ਜ਼ਾਨਾ ਅੰਦਰ ਹੈ ਤੇ ਇਸ ਦੀ ਸੋਝੀ ਗੁਰੂ ਤੋਂ ਹੋ ਸਕਦੀ ਹੈ।
6. ਬਾਣੀ ਜਾਂ ਸ਼ਬਦ ਹੀ ਗੁਰੂ ਹੈ ਤੇ ਇਸੇ ਟਕਸਾਲ ਵਿਚ ਜੀਵਨ ਦਾ ਗਹਿਣਾ ਘੜਿਆ ਜਾਂਦਾ ਹੈ।

7. ਇਹ ਪਰਮਾਰਥਕ ਕਰਮ ਕੋਈ ਅਲੌਕਾਰ ਜਾਣੂ-ਟੂਣਾ ਨਹੀਂ ਬਲਕਿ ਕਰਮ-ਜੋਗ ਤੇ ਗਿਆਨ-ਜੋਗ ਦਾ ਸੁਮੇਲ ਹੈ।
8. ਇਸ ਕਰਮ-ਜੋਗ ਵਿਚ ਇਕੱਲੀ ਭਗਤੀ ਹੀ ਸ਼ਾਮਲ ਨਹੀਂ, ਇਸ ਨਾਲ ਸਦਾਚਾਰਕ ਗੁਣਾਂ ਦਾ ਵਿਕਾਸ ਵੀ ਜ਼ਰੂਰੀ ਹੈ।
9. ਇਤਨਾ ਕੁਝ ਕਰਕੇ ਹੀ ਜਗਿਆਸੂ ਦੀ ਟੇਕ ਕੇਵਲ ਬਖ਼ਸ਼ਿਸ਼ 'ਤੇ ਹੀ ਰਹਿਣੀ ਚਾਹੀਦੀ ਹੈ, ਆਪਣੀ ਘਾਲ-ਕਮਾਈ ਦਾ ਗੁਮਾਨ ਕਰ ਕੇ ਫਿਰ ਹਉਮੈ ਦੇ ਫੰਧੇ ਵਿਚ ਨਹੀਂ ਫਸ ਜਾਣਾ ਚਾਹੀਦਾ।
10. ਜ਼ਿੰਦਗੀ ਦੀ ਏਕਤਾ ਦਾ ਅਨੁਭਵ ਹੀ ਸਾਰੇ ਧਰਮ ਦਾ ਸਾਰ ਹੈ। ਜਿਸ ਨੇ ਇਸ ਏਕਤਾ ਨੂੰ ਜਾਣ ਲਿਆ, ਉਹੋ ਸਚਿਆਰ, ਪਰਮ ਮਨੁੱਖ ਪੰਚ ਪਰਵਾਣ ਹੈ।

ਹਵਾਲੇ ਅਤੇ ਟਿੱਪਣੀਆਂ

1. ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ॥
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ॥ (ਪੰਨਾ ੧੨੬੩)
2. ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ॥
ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ॥ (ਪੰਨਾ ੬੭)

(9/1969)

ਜਪੁ ਜੀ ਦਾ ਵਿਸ਼ਵ ਸੰਦੇਸ਼

ਮਹਾਂਪੁਰਖ ਸਭ ਦੇ ਸਾਂਝੇ ਹੁੰਦੇ ਹਨ। ਉਹਨਾਂ ਦਾ ਬੋਲ ਸਰਬ-ਸਾਂਝਾ ਧਨ ਹੁੰਦਾ ਹੈ। ਅਜਿਹੀ 'ਗੰਗੋਤਰੀ' ਹੁੰਦੀ ਹੈ ਜਿਸ ਵਿਚ ਹਰ ਕੋਈ ਬਿਨਾਂ ਭਿੰਨ-ਭੇਦ ਦੇ ਟੁੱਭੀ ਮਾਰ ਕੇ ਠੰਡ ਮਾਣ ਲੈਂਦਾ ਹੈ ਅਤੇ ਜਿਸ ਦਾ ਸੁਭਾਅ ਹੁੰਦਾ ਹੈ ਸਭ ਦੀ ਮੈਲ ਧੋ ਦੇਣੀ। ਜਲ ਦਾ ਧਰਮ ਹੈ ਵਗਦੇ ਰਹਿਣਾ। ਹਰ ਪ੍ਰਕਾਰ ਦੀ ਬਨਸਪਤੀ ਦੀ, ਹਰ ਪ੍ਰਕਾਰ ਦੇ ਜੀਵਾਂ ਦੀ ਪਿਆਸ ਮਿਟਾਉਂਦਿਆਂ ਲਕਸ਼ ਵੱਲ ਵਧਦੇ ਜਾਣਾ। ਜੋ ਸੰਪਰਦਾ ਦੀ ਚਾਰ-ਦੀਵਾਰੀ ਵਿਚ ਰੁਕ ਜਾਂਦਾ ਹੈ, ਉਸ ਅੰਦਰ ਵਿਸ਼ਵ ਕਲਿਆਣ ਵਾਲਾ ਗੁਣ ਸੁੰਗੜ ਜਾਂਦਾ ਹੈ। ਸੋਮਾ ਫੁੱਟਦਾ ਜ਼ਰੂਰ ਕਿਸੇ ਵਿਸ਼ੇਸ਼ ਥਾਂ ਹੈ, ਪਰ ਉਸ ਦਾ ਉਮਾਹ ਹੁੰਦਾ ਹੈ ਪਸਰ ਜਾਣ ਲਈ, ਸੋਕੇ ਵਿਚ ਹਰਿਆਵਲ ਲਿਆ ਦੇਣ ਲਈ, ਹਰਿਆਵਲ ਨੂੰ ਸੋਕੇ ਤੋਂ ਸੁਰੱਖਿਅਤ ਰੱਖਣ ਲਈ, ਜੀਵਨ ਦੀ ਤਾਜ਼ਗੀ ਦੇ ਕੇ ਫੇਰ ਸੋਮਿਆਂ ਦੇ ਸੋਮੇ ਵਿਚ ਸਮਾ ਜਾਣ ਲਈ।

ਜਪੁ ਜੀ ਦੇ ਕਰਤਾ ਸ੍ਰੀ ਗੁਰੂ ਨਾਨਕ ਦੇਵ ਜੀ ਭਾਰਤ ਦੀਆਂ ਸਾਰੀਆਂ ਜਾਤੀਆਂ ਲਈ ਅਤੇ ਧਰਮਾਂ ਲਈ ਸਾਂਝੇ ਸਨ। ਸਭ ਨੇ ਉਹਨਾਂ ਨੂੰ ਸੁਣਿਆ, ਉਹਨਾਂ ਨੂੰ ਆਤਮਿਕ ਆਗੂ ਸਵੀਕਾਰਿਆ, ਵਿਸ਼ੇਸ਼ ਕਰਕੇ ਸਭ ਨੇ ਆਪਣੇ ਵਿਚੋਂ ਹੀ ਜਾਣ ਕੇ ਆਪਣਾ ਸਮਝਿਆ। ਅਜਿਹੇ ਸਾਂਝੇ ਪਰਮ ਮਨੁੱਖ ਦਾ ਸੰਦੇਸ਼ ਵੀ ਸਾਂਝਾ ਹੀ ਹੋਣਾ ਸੀ। ਡਾ. ਗੰਡਾ ਸਿੰਘ ਦੇ ਸ਼ਬਦਾਂ ਵਿਚ, 'ਗੁਰੂ ਨਾਨਕ ਦੇਸ਼ ਦੇ ਹਿੰਦੂਆਂ ਅਤੇ ਮੁਸਲਮਾਨਾਂ ਵੱਲੋਂ ਸਤਿਕਾਰਿਆ ਗਿਆ। ਉਹਨਾਂ ਨੇ ਸ਼ਰਧਾ ਨਾਲ ਉਸ ਨੂੰ 'ਬਾਬਾ ਨਾਨਕ' ਅਤੇ 'ਨਾਨਕ ਸ਼ਾਹ' ਆਖਿਆ।'[1]

ਗੁਰੂ ਨਾਨਕ ਸਾਹਿਬ ਨੇ ਆਤਮ ਖੋਜੀਆਂ ਨੂੰ ਉਹਨਾਂ ਦੇ ਤੰਗ ਦਾਇਰੇ ਵਿਚੋਂ ਕੱਢਿਆ ਅਤੇ ਅਜਿਹਾ ਅਮਲੀ ਵਿਵਹਾਰ ਅਤੇ ਸੱਚ ਦਾ ਮਾਰਗ ਦੱਸਿਆ, ਜਿਸ 'ਤੇ ਹਰ ਕੋਈ ਸਹਿਜੇ ਹੀ ਬਿਨਾਂ ਝਿਜਕ ਦੇ ਚੱਲ ਕੇ ਮਨੋਰਥ ਦੇ ਟੀਚੇ 'ਤੇ ਅੱਪੜ ਸਕਦਾ ਹੈ। ਇਸ 'ਸ਼ੁਭ ਅਮਲ' ਦੀ ਘਾਟ ਕਰਕੇ ਹੀ ਭਾਰਤ ਦੇ ਦੋਵੇਂ ਸ਼੍ਰੋਮਣੀ ਧਰਮ—ਹਿੰਦੂ ਤੇ ਮੁਸਲਮਾਨ ਰੋ ਰਹੇ ਸਨ।[2] ਧਰਮ ਜੋ ਮਨੁੱਖੀ ਕਲਿਆਣ ਲਈ 'ਜੀਵਨ-ਜਾਚ' ਹੁੰਦਾ ਹੈ, ਦੀ ਵਾਸਤਵਿਕਤਾ ਨੂੰ ਭੁੱਲ ਕੇ ਚਿੰਨ੍ਹਾਂ ਵਿਚ, ਭੇਖਾਂ ਵਿਚ, ਰਸਮੀ ਕਿਰਿਆ ਜਾਂ ਕਰਮ-ਕਾਂਡ ਵਿਚ ਹੀ ਧਰਮ ਸਮਝ ਲਿਆ ਜਾਂਦਾ ਸੀ। ਧਰਮ ਵੱਖ-ਵੱਖ ਸੰਪਰਦਾਇਕ ਸੀਮਾਵਾਂ ਵਿਚ ਵੰਡਿਆ ਹੋਇਆ ਸੀ। ਧਰਮ ਦਾ ਰੂਪ ਅਜਿਹਾ ਬਣ ਗਿਆ ਜੋ ਅਨੇਕ ਵਿਚ ਏਕ ਹੋ ਕੇ ਪੱਸਰਣ ਦੀ ਥਾਂ ਸੰਪਰਦਾ ਦੇ ਨਿੱਜ-ਘੇਰੇ ਵਿਚ ਸੁੰਗੜਦਾ ਜਾ ਰਿਹਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਘੁਟਣ ਦੀ ਜ਼ੰਜੀਰ ਦੀਆਂ ਕੜੀਆਂ ਨੂੰ ਢਿੱਲਿਆਂ ਕੀਤਾ। ਸੰਪਰਦਾਇਕ ਭੇਖ ਤੇ ਚਿੰਨ੍ਹਾਂ ਨੂੰ ਅਰਥ-ਵਿਹੂਣੇ ਦੱਸਿਆ ਅਤੇ ਉਹਨਾਂ ਦੀ ਥਾਂ ਅਜਿਹੇ ਗੁਣਾਂ ਦਾ ਅਮਲੀ ਆਦਰਸ਼ ਦੱਸਿਆ ਜੋ ਸਰਬ-ਸਾਂਝਾ ਅਖੁੱਟ ਧਨ

ਬਣ ਸਕਦਾ ਸੀ। ਉਦਾਹਰਣ ਵਜੋਂ ਜਪੁ ਜੀ ਸਾਹਿਬ ਦੀ 28ਵੀਂ ਪਉੜੀ ਹੀ ਵੇਖੋ, ਮੁੰਦਰਾ, ਚਿੱਪੀ, ਝੋਲੀ, ਸੁਆਹ ਅਤੇ ਡੰਡਾ ਆਦਿ ਧਾਰਨਾ ਜੋਗੀ ਦੀ ਨਿਸ਼ਾਨੀ ਸਮਝੀ ਜਾਂਦੀ ਹੈ। ਇਸ ਭੇਖ ਦਾ ਨਾ ਕੋਈ ਲਾਭ ਹੈ, ਨਾ ਹੀ ਹਰ ਇਕ ਇਸ ਨੂੰ ਧਾਰਨ ਕਰ ਸਕਦਾ ਹੈ। ਜੋਗ ਦਾ ਭਾਵ ਹੈ ਚਿੱਤ ਬਿਰਤੀਆਂ ਨੂੰ ਅਧੀਨ ਕਰ ਕੇ ਪ੍ਰਭੂ ਨਾਲ ਸੰਯੁਕਤ ਹੋਣਾ। ਚਿੰਨ੍ਹਾਂ ਨੂੰ ਸਭ ਕੁਝ ਸਮਝ ਲੈਣ ਵਾਲਾ ਅਸਲੀ ਗਿਆਨ ਤੋਂ ਵਿਹੂਣਾ ਹੁੰਦਾ ਹੈ।[3] ਅਜਿਹਾ ਜੋਗ ਤਾਂ ਹੋਰ ਕੋਈ ਧਾਰ ਸਕਦਾ ਹੈ, ਜਿਸ ਨਾਲ ਉਚੇਰਾ ਸਦਾਚਾਰਕ ਜੀਵਨ ਬਤੀਤ ਕਰਦਿਆਂ ਮਾਇਆ ਵਿਚ ਨਿਰਲੇਪ ਰਹਿੰਦਿਆਂ ਪਰਮ ਲਕਸ਼ ਪ੍ਰਾਪਤ ਹੋ ਜਾਏ। ਜੇ ਮੁੰਦਰਾਂ ਦੇ ਥਾਂ ਸੰਤੋਖ,[4] ਖੱਪਰ ਤੇ ਝੋਲੀ ਦੀ ਥਾਂ ਘਾਲਣਾ, ਸੁਆਹ ਦੇ ਥਾਂ ਅਕਾਲ ਪੁਰਖ ਵੱਲ ਸਦਾ ਧਿਆਨ, ਗੋਦੜੀ ਦੀ ਥਾਂ ਮ੍ਰਿਤੂ ਦੇ ਖ਼ਿਆਲ ਦਾ ਡਰ, ਸਰੀਰ ਨੂੰ ਵਿਕਾਰ ਰਹਿਤ ਰੱਖਣ ਦੀ ਜੁਗਤੀ ਅਤੇ ਡੰਡੇ ਦੀ ਥਾਂ ਪ੍ਰਭੂ ਨਿਸਚਾ ਆਦਿ ਜੇ ਜੋਗ ਦੇ ਲੱਛਣ ਹੋਣ ਤਾਂ ਐਸਾ ਜੋਗੀ ਹਰ ਇਕ ਬਣ ਸਕਦਾ ਹੈ। ਕੋਈ ਵੀ ਜਾਤੀ ਇਹਨਾਂ ਗੁਣਾਂ ਤੋਂ ਇਨਕਾਰੀ ਨਹੀਂ ਹੋ ਸਕਦੀ।

ਸਾਧੂ ਟੀ.ਐਲ. ਵਾਸਵਾਨੀ ਅਨੁਸਾਰ ਗੁਰੂ ਨਾਨਕ ਨੇ ਉਹ ਧਰਮ ਪ੍ਰਚਾਰਿਆ ਜੋ ਮਨੁੱਖਾਂ ਦੇ ਜੀਵਨ ਲਈ ਹੈ, ਜਿਹੜਾ ਸਦਾ ਮਾਨਵ ਹਿਰਦੇ ਵਿਚ ਚਮਕੇਗਾ। ਜੋ ਸੇਵਾ ਅਤੇ ਕੁਰਬਾਨੀ ਦਾ ਧਰਮ ਹੈ।[5]

ਕੋਈ ਮਤਿ, ਧਰਮ ਜਾਂ ਸੰਪਰਦਾ ਕਦੇ ਵੀ ਸਰਬ-ਲੌਕਿਕ ਨਹੀਂ ਬਣ ਸਕਦੀ, ਸਰਬ-ਲੌਕਿਕ ਤਾਂ ਕੋਈ ਵਿਚਾਰ ਹੀ ਹੋ ਸਕਦਾ ਹੈ, ਵਿਚਾਰ ਵੀ ਉਹ ਜੋ ਨਿਰਾ ਦਿਮਾਗ਼ੀ ਘਾੜਤ ਨਾ ਹੋਵੇ ਸਗੋਂ ਜੀਵਨ ਦੇ ਅਸਲ ਤਜਰਬੇ ਜਾਂ ਅਨੁਭਵ ਤੋਂ ਉਗਮਿਆ ਹੋਵੇ ਅਤੇ ਉਹ ਕਿਸੇ ਵਿਅਕਤੀ ਵਿਸ਼ੇਸ਼ ਲਈ ਆਧਾਰ ਨਾ ਹੋਵੇ ਸਗੋਂ ਲੋਕਾਈ ਲਈ ਪ੍ਰੇਰਨਾ ਬਣ ਸਕੇ। ਮਨੁੱਖ ਜਾਤੀ ਵਿਚ ਪ੍ਰਵਾਨ ਧਰਮ 'ਨਿਰਮਲ ਕਰਮ' ਅਤੇ 'ਹਰੀ ਦਾ ਨਾਮ' ਹੀ ਹਨ।[6] ਨਿਰਮਲ ਕਰਮ ਦੀ ਘਾੜਤ ਕਿਵੇਂ ਹੋਵੇ ? ਜਪੁ ਜੀ ਦੀ ਅਖ਼ੀਰਲੀ ਪਉੜੀ 'ਜਤੁ ਪਹਾਰਾ...' ਜੁਗਤੀ ਦੱਸਦੀ ਹੈ। ਸਦਾਚਾਰਕ ਜੀਵਨ ਦੁਆਰਾ ਉਚੇਰੀ ਹੋਈ ਆਤਮਾ ਪ੍ਰਭੂ ਦੇ ਨਾਮ ਸਿਮਰਨ ਦੁਆਰਾ ਹੀ ਪ੍ਰਭੂ-ਮਿਲਾਪ ਪ੍ਰਾਪਤ ਕਰ ਸਕਦੀ ਹੈ। ਪ੍ਰਭੂ-ਮਿਲਾਪ ਜਾਂ ਮੁਕਤੀ ਪ੍ਰਾਪਤ ਕਰਨ ਦਾ ਇਹ ਅਧਿਕਾਰ ਵੀ ਕਿਸੇ ਵਿਸ਼ੇਸ਼ ਜਾਤ ਤਕ ਸੀਮਿਤ ਨਹੀਂ ਸਗੋਂ ਕਿਸੇ ਵੀ ਜਾਤੀ, ਧਰਮ, ਲਿੰਗ, ਰੰਗ ਅਤੇ ਦੇਸ਼ ਵਾਲਾ ਇਸ ਸਾਧਨ ਦੁਆਰਾ ਮੁਕਤ ਹੋ ਸਕਦਾ ਹੈ:

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ (ਪੰਨਾ ੮)

ਪਿਤਾ-ਭਾਵ, ਭਰਾਤਰੀ-ਭਾਵ

ਇਹ ਇਕ ਅਜਿਹਾ ਆਦਰਸ਼ ਹੈ ਜੋ ਸਰਬ ਜਗਤ ਵਿਚ ਪ੍ਰਵਾਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਆਦਰਸ਼ ਧਾਗੇ ਨਾਲ ਖਿੰਡੀ ਹੋਈ ਮਨੁੱਖ ਜਾਤੀ ਨੂੰ ਪਰੋਇਆ। ਪ੍ਰਭੂ ਦੀ ਏਕਤਾ ਅਤੇ ਉਸ ਪ੍ਰਤੀ ਪਿਤਾ-ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਹਿਲਾ ਅਤੇ ਪ੍ਰਮੁੱਖ ਸੰਦੇਸ਼ ਹੈ। ਜਪੁ ਜੀ ਦਾ ਆਰੰਭ ਹੀ ਇਸ ਸੰਦੇਸ਼ ਨਾਲ ਹੁੰਦਾ ਹੈ। ਇਸ਼ਟ ਅਨੇਕਤਾ ਮਨੁੱਖਾਂ ਨੂੰ ਧੜਿਆਂ ਵਿਚ ਅਤੇ ਵੈਰ-ਵਿਰੋਧ ਵਿਚ ਵੰਡਦੀ ਹੈ। ਜਪੁ ਜੀ ਦਾ ਪ੍ਰਥਮ ਅੱਖਰ '੧' ਇਸ਼ਟ

ਅਨੇਕਤਾ ਦੇ ਝਗੜੇ ਨੂੰ ਮੁਕਾਉਂਦਾ ਹੈ। ਸਰਬ ਜਗਤ ਨੂੰ ਰਚਨ ਵਾਲੀ, ਪਾਲਣ ਵਾਲੀ ਅਤੇ ਸੰਘਾਰਨ ਵਾਲੀ ਧਰਮ ਸ਼ਕਤੀ ਇਕ ਹੀ ਹੈ। ਖ਼ੁਦਾ ਜਾਂ ਅੱਲਾਹ ਉਸੇ ਇਕ ਦੇ ਨਾਮ ਹਨ, ਹਰੀ, ਰਾਮ, ਪ੍ਰਭੂ, ਈਸ਼ਵਰ ਜਾਂ ਭਗਵਾਨ ਉਸੇ ਇਕ ਦੇ ਨਾਮ ਹਨ। ਗੌਡ (God) ਵੀ ਉਸੇ ਦਾ ਨਾਮ ਹੈ। ਇਹ ਨਾਮ ਮਨੁੱਖਾਂ ਦੇ ਘੜੇ ਹਨ, ਅਨੇਕ ਨਾਮ ਹੁੰਦਿਆਂ ਵੀ ਉਹ ਇਕ ਹੈ। ਉਹ ਕਿਸੇ ਇਕ ਵਿਸ਼ੇਸ਼ ਜਾਤੀ ਦਾ ਨਹੀਂ, ਉਹ ਸਰਬ ਜਾਤੀਆਂ ਦਾ ਰਚਨਹਾਰਾ ਬਾਪ ਹੈ।[7] ਸਰਬ ਰਚਿਤ ਜੀਵ ਉਸੇ ਦੀ ਸੰਤਾਨ ਹਨ, ਵੱਖ-ਵੱਖ ਜਾਤੀ ਦਾ ਵੱਖ-ਵੱਖ ਜਨਮਦਾਤਾ ਇਸ਼ਟ ਨਹੀਂ ਹੈ, ਵੰਡੀਆਂ ਅਤੇ ਹੱਦਾਂ ਵਿਚ ਸੀਮਿਤ ਰਹਿਣਾ ਸੁਆਰਥੀ ਮਨੁੱਖ ਦੀ ਘਾੜਤ ਹੈ। ਏਕ ਪਿਤਾ ਦੀ ਨਜ਼ਰ ਸਾਰਿਆਂ 'ਤੇ ਇਕੋ ਜਿਹੀ ਹੈ, ਉਸ ਦੀ ਰਚਨਾ ਨੂੰ ਘਿਰਣਾ ਕਰਨ ਵਾਲਾ ਉਸ ਤੋਂ ਦੂਰ ਹੈ, ਉਸ ਦੀ ਖ਼ਲਕਤ ਪਿਆਰਨ ਵਾਲਾ ਉਸ ਦੇ ਨੇੜੇ ਹੈ, ਉਸ ਦਾ ਪਿਆਰਾ ਹੈ। ਇਸ 'ਇਕ' ਦੇ ਅਹਿਸਾਸ ਨੂੰ ਜਪੁ ਜੀ ਵਿਚ ਅਤੇ ਬਾਕੀ ਬਾਣੀ ਵਿਚ 'ਸਰਬੱਤ ਦੇ ਗੁਰੂ' ਨੇ ਵਿਸ਼ੇਸ਼ ਕਰਕੇ ਬਾਰ-ਬਾਰ ਦ੍ਰਿੜ੍ਹ ਕਰਵਾਇਆ ਹੈ:

ਸਭਨਾ ਜੀਆ ਕਾ ਇਕੁ ਦਾਤਾ[8] ਸੋ ਮੈ ਵਿਸਰਿ ਨ ਜਾਈ ॥ (ਪੰਨਾ ੨)

ਪੰਚਾ ਕਾ ਗੁਰੁ ਏਕੁ ਧਿਆਨੁ ॥ (ਪੰਨਾ ੩)

ਕਿਉਂਕਿ ਜਦੋਂ ਇਹ ਨਿਸ਼ਚਾ ਹੋ ਜਾਵੇ ਕਿ ਸਭ ਦਾ ਮਾਲਕ ਇਕੋ ਪਰਮਾਤਮਾ ਹੀ ਹੈ ਤਾਂ ਮਜ਼ਹਬਾਂ ਅੰਦਰ ਪਰਸਪਰ ਵੈਰ ਮੁੱਕ ਜਾਂਦਾ ਹੈ। ਦੂਜੇ ਅਰਥਾਂ ਵਿਚ ਮਨੁੱਖ ਮਨੁੱਖ ਦੇ ਨੇੜੇ ਹੋ ਜਾਂਦਾ ਹੈ। ਇਕ ਪਿਉ ਦੀ ਸਾਰੀ ਪੈਦਾਇਸ਼ ਸਮਝਣ ਨਾਲ ਭਰਾਤਰੀ-ਭਾਵ ਉਪਜਦਾ ਹੈ।

ਜਿਥੇ ਜਪੁ ਜੀ ਵਿਚ ਉਸ 'ਇਕ' ਦਾ ਵਿਸ਼ਵਾਸ ਬਾਰ-ਬਾਰ ਨਿਸਚੇ ਕਰਾਇਆ ਹੈ, ਉਥੇ ਭਰਾਤਰੀ-ਭਾਵ (brotherhood of the man) ਦਾ ਅਹਿਸਾਸ ਵੀ ਸਮੁੱਚੀ ਮਨੁੱਖਤਾ ਨਾਲ ਭਰਾਤਰੀ ਸਾਂਝ ਦੇ ਵਿਚਾਰ ਨਾਲ ਕਿਸੇ ਦੂਜੀ ਜਾਤੀ, ਦੂਜੇ ਦੇਸ਼ ਵਾਸੀ, ਦੂਜੀ ਨਸਲ ਜਾਂ ਰੰਗ ਵਾਲੇ ਨਾਲ ਨਫ਼ਰਤ ਦੀ ਥਾਂ ਹਿੱਤ ਜਾਂ ਪਿਆਰ ਉਪਜਦਾ ਹੈ।[9] ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੇ ਜਗਤ ਨੂੰ ਹੀ ਆਪਣਾ ਜਮਾਤੀ (ਮਿੱਤਰ) ਆਖਿਆ ਹੈ:

ਆਈ ਪੰਥੀ ਸਗਲ ਜਮਾਤੀ...॥ (ਪੰਨਾ ੬)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਨਵਤਾ ਦਾ ਧਰਮ ਪ੍ਰਚਾਰਿਆ। ਮਾਨਵਤਾ ਦਾ ਧਰਮ ਹੈ ਸਾਰੀ ਵਿਸ਼ਵ ਜਾਤੀ ਨੂੰ ਗਲਵਕੜੀ ਵਿਚ ਲੈਣਾ। ਨਿਖੇੜਨ ਵਾਲਾ ਅਤੇ ਦੂਜਿਆਂ ਨੂੰ ਹੜੱਪ ਕਰਨ ਵਾਲਾ ਧਰਮ ਕਦੀ ਵੀ ਮਾਨਵ ਧਰਮ ਨਹੀਂ ਹੋ ਸਕਦਾ। ਜਬਰ, ਤਾਕਤ ਨਾਲ ਪ੍ਰਚਾਰਿਆਂ ਕਦੇ ਵੀ ਕੋਈ ਧਰਮ ਵਿਸ਼ਵ ਧਰਮ ਨਹੀਂ ਬਣ ਸਕਦਾ।

ਮਨੁੱਖ-ਮਨੁੱਖ ਅੰਦਰ ਵਿਤਕਰਾ ਪਾਉਣ ਵਾਲਾ ਵਿਚਾਰ ਊਚਤਾ-ਨੀਚਤਾ ਦਾ ਹੈ। ਵਿਸ਼ਵ-ਪ੍ਰਿਯ ਉਹੋ ਹੀ ਵਿਚਾਰ ਹੋ ਸਕਦਾ ਹੈ ਜੋ ਇਸ ਵਿਤਕਰੇ ਨੂੰ ਮਿਟਾਉਣ ਦਾ ਪਰਚਮ ਝੁਲਾਵੇ। ਜਪੁ ਜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਕਿ ਜਦੋਂ ਸਾਰਿਆਂ ਵਿਚ ਇਕ ਪ੍ਰਭੂ ਦੀ ਜੋਤਿ ਹੀ ਜਗ ਰਹੀ ਹੈ, ਫੇਰ ਉੱਚੇ-ਨੀਵੇਂ ਦਾ ਵਿਤਕਰਾ ਕਿਉਂ ਕੀਤਾ ਜਾਵੇ ? ਜਾਤੀ ਕਰਕੇ, ਧਨ ਕਰਕੇ ਅਤੇ ਸ਼ਕਤੀ ਕਰਕੇ ਨਾ ਕੋਈ ਉੱਚਾ ਹੈ ਅਤੇ ਨਾ ਇਹਨਾਂ ਦੀ ਘਾਟ ਵਾਲਾ ਨੀਵਾਂ। ਸਰਬ ਮਨੁੱਖ ਪ੍ਰਤੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਵਾਜ਼ ਸੀ:

ਨਾਨਕ ਉਤਮੁ ਨੀਚੁ ਨ ਕੋਇ॥ (ਪੰਨਾ ੭)

ਵਿਨੋਭਾ ਜੀ ਇਸ ਕਥਨ ਨੂੰ ਇਕ ਅਲੰਕਾਰ ਦੁਆਰਾ ਸਪੱਸ਼ਟ ਕਰਦੇ ਹਨ:

> *ਏਕ ਪਾਨੀ ਕੀ ਲਹਿਰ ਊਂਚੀ ਚਲੀ ਜਾਤੀ ਹੈ। ਦੂਸਰੀ ਲਹਿਰ ਉਤਨੀ ਊਂਚੀ ਨਹੀਂ ਜਾਤੀ ਪਰੰਤੂ ਸਬ ਪਾਨੀ ਕੀ ਹੀ ਲਹਿਰੇਂ ਹੈਂ, ਸਬ ਪਾਨੀ ਹੀ ਪਾਨੀ ਹੈ।*[10]

ਵਿਸ਼ਵ-ਪ੍ਰਿਯ ਹੋਣ ਲਈ ਆਵੱਸ਼ਕ ਹੈ ਕਿ ਨਿੱਜ-ਪ੍ਰਾਪਤੀ ਜਾਂ ਸੰਪੂਰਨਤਾ ਨੂੰ ਆਪਣੇ ਤਕ ਹੀ ਨਾ ਘੁੱਟਿਆ ਰੱਖੇ ਸਗੋਂ ਦੂਜਿਆਂ ਨਾਲ ਸਾਂਝਾ ਕਰੇ। ਆਪ ਸੰਪੰਨ ਹੋ ਕੇ ਹੋਰਨਾਂ ਲਈ ਵੀ ਕਲਿਆਣਕਾਰੀ ਬਣੇ। ਪਦਾਰਥਕ ਪ੍ਰਾਪਤੀਆਂ ਅਤੇ ਅਧਿਆਤਮਕ ਪ੍ਰਾਪਤੀਆਂ ਨੂੰ ਲੋਕ ਆਧਾਰ ਲਈ ਵਰਤਣ ਵਾਲਾ ਹੀ ਸੰਸਾਰ ਵਿਚ ਪ੍ਰਵਾਨ ਹੈ। ਜਪੁ ਜੀ ਅਨੁਸਾਰ ਮਨੁੱਖ ਮੰਨਨ ਕਰ ਕੇ ਆਪ ਤਰਨ ਦੇ ਯੋਗ ਹੋਵੇ ਅਤੇ ਫੇਰ ਹੋਰਨਾਂ ਨੂੰ ਵੀ ਨਾਲ ਤਾਰ ਲੈ ਜਾਵੇ:

ਮੰਨੈ ਤਰੈ ਤਾਰੇ ਗੁਰੁ ਸਿਖ॥ (ਪੰਨਾ ੩)

ਇਕ ਹੋਰ ਤੰਗ-ਦਿਲੀ ਜੋ ਪਰਸਪਰ ਵਿਰੋਧ ਅਤੇ ਈਰਖਾ ਦਾ ਕਾਰਨ ਬਣਦੀ ਹੈ, ਉਹ ਹੈ ਦੂਜੀਆਂ ਬੋਲੀਆਂ ਦਾ ਨਿਰਾਦਰ। ਪ੍ਰਭੂ ਦੀ ਆਪਣੀ ਬੋਲੀ ਤਾਂ 'ਪ੍ਰੇਮ' ਹੈ।[11] ਬਾਕੀ ਬੋਲੀਆਂ ਮਨੁੱਖੀ ਘਾੜਤ ਹਨ ਜੋ ਕਿ ਮਾਧਿਆਮ ਹਨ ਆਪਣੇ ਹਾਵ-ਭਾਵ ਪ੍ਰਗਟ ਕਰਨ ਲਈ, 'ਉਸ ਦੇ' ਗੁਣਾਂ ਦਾ ਗਾਇਨ ਕਰਨ ਲਈ। ਇਸ ਪੱਖ ਤੋਂ ਵੀ ਜਪੁ ਜੀ ਅਮਲੀ ਆਦਰਸ਼ ਪੇਸ਼ ਕਰਦੀ ਹੈ। ਜੋਗੀਆਂ, ਹਿੰਦੂਆਂ ਅਤੇ ਮੁਸਲਮਾਨਾਂ ਆਦਿ ਦੀ ਧਾਰਮਿਕ ਸ਼ਬਦਾਵਲੀ ਨੂੰ ਵਰਤ ਕੇ ਤੁਅੱਸਬ ਨੂੰ ਦੂਰ ਕੀਤਾ ਹੈ। ਨਿਜ-ਬੋਲੀ ਦਾ ਸਨਮਾਨ ਆਵੱਸ਼ਕ ਹੈ ਅਤੇ ਸੁਆਰਥ ਪੂਰਤੀ ਲਈ ਜਾਂ ਡਰ ਦੇ ਅਧੀਨ ਕਿਸੇ ਦੂਜੀ ਬੋਲੀ ਨੂੰ ਅਪਨਾਉਣਾ ਕਾਇਰਤਾ ਹੈ ਪਰ ਦੂਜੀ ਬੋਲੀ ਨੂੰ ਘਟੀਆ ਦਰਸਾ ਕੇ ਘਿਰਣਾ ਕਰਨੀ ਉਦਾਰਤਾ ਦੇ ਵਿਪਰੀਤ ਹੈ।[12] ਹਰ ਬੋਲੀ ਵਿਚ ਅਜਿਹੇ ਹੀਰੇ-ਮੋਤੀ ਵਿਦਮਾਨ ਹਨ, ਜਿਨ੍ਹਾਂ ਨੂੰ ਚੁਣ ਕੇ ਮਹਾਨ ਭਾਵਾਂ ਦੀ ਮਾਲਾ ਪਰੋਈ ਜਾ ਸਕਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਵਿਸ਼ਵ ਆਦਰਸ਼ ਨੂੰ ਵਿਨੋਭਾ ਜੀ ਨੇ ਸਪੱਸ਼ਟ ਕੀਤਾ ਹੈ:

> *ਮੁਝੇ ਲਗਤਾ ਹੈ ਕਿ ਯਹਾਂ ਸੰਸਕ੍ਰਿਤ ਔਰ ਅਰਬੀ ਦੋਨੋਂ ਅਰਥ ਲੇਕਰ ਸ਼ਬਦੋਂ ਕੀ ਰਚਨਾ ਕੀ ਹੈ। ਆਖ਼ਿਰ (ਗੁਰੂ) ਨਾਨਕ ਤੋ ਹਿੰਦੂ ਔਰ ਮੁਸਲਮਾਨ ਦੋਨੋਂ ਕੋ ਜੋੜਨਾ ਚਾਹਤੇ ਥੇ।*[13]

ਹਵਾਲੇ ਅਤੇ ਟਿੱਪਣੀਆਂ

1. *The Sikhs and Sikhism*, p.11.
2. ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ॥
   ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ॥ (ਵਾਰ ੧/੩੩)
3. ਜੋਗੀ ਗਯਾਨ ਵਿਹੂਣਿਆ ਨਿਸ ਦਿਨ ਅੰਗਿ ਲਗਾਏ ਛਾਰਾ॥ (ਵਾਰ ੧/੨੯)
4. ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥...
   ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥ (ਪੰਨਾ ੭੩੦)
   ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ॥ (ਪੰਨਾ ੩੫੯)
5. *Guru Nanak, Prophet of Light*, p. 11.

6. ਸਰਬ ਧਰਮ ਮਹਿ ਸ੍ਰੇਸਟ ਧਰਮੁ॥
   ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ (ਪੰਨਾ ੨੬੬)
7. ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥ (ਪੰਨਾ ੬੧੧)
8. ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ (ਪੰਨਾ ੩੫੦)
9. ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥ (ਪੰਨਾ ੧੨੯੯)
10. ਜਪੁ ਜੀ (ਹਿੰਦੀ), ਪੰਨਾ 63.
11. ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥ (ਪੰਨਾ ੨)
12. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਰਤੀਆਂ ਦੀ ਇਹੋ ਹਾਲਤ ਹੀ ਸੀ।
    ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥ (ਪੰਨਾ ੬੬੩)
13. ਜਪੁ ਜੀ (ਹਿੰਦੀ), ਪੰਨਾ 59.

(11/1968)

ਗਗਨ ਮੈ ਥਾਲੁ...

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਮਾਨਵਤਾ ਲਈ ਅਧਿਆਤਮਿਕਤਾ ਦਾ ਖਜ਼ਾਨਾ ਹੈ। ਲੋਕ ਮਨਾਂ ਦੀਆਂ ਗੰਢਾਂ ਨੂੰ ਖੋਲ੍ਹਦੀ ਹੋਈ ਗੁਰਬਾਣੀ ਵਿਚ ਸਕਾਰਾਤਮਕ ਸੰਵਾਦ ਰਚਾਉਂਦੀ ਹੈ। ਇਸ ਸੰਵਾਦ ਦੀ ਸਾਰਥਿਕਤਾ ਦੇ ਲਈ ਗੁਰੂ ਬਾਬੇ ਦੀ ਬਾਣੀ ਦੀਆਂ ਸੰਚਾਰੀ ਜੁਗਤਾਂ ਵੀ ਲੋਕਿਕਤਾ ਨਾਲ ਪਹੁੰਚੀਆਂ ਹੋਈਆਂ ਹਨ। ਆਪ ਨੇ ਲੋਕ ਕਾਵਿਕ ਅੰਦਾਜ਼ ਵਿਚ ਪੁਰਾਤਨ ਪਰੰਪਰਾਵਾਂ ਦਾ ਰੁਪਾਂਤਰਣ ਕਰ ਗੁਰਮਤਿ ਦੇ ਸੰਦੇਸ਼ ਨੂੰ ਮਾਨਵਤਾ ਤੱਕ ਪਹੁੰਚਾਇਆ।

ਸ੍ਰੀ ਗੁਰੂ ਨਾਨਕ ਸਾਹਿਬ ਨੇ ਅਜਿਹੇ ਕਾਵਿ-ਰੂਪ ਅਪਨਾਏ ਜੋ ਜਨ-ਸਾਧਾਰਨ ਦੀ ਪਹੁੰਚ ਵਿਚ ਸਨ। ਜਨ-ਸਾਧਾਰਨ ਵਿਚ ਪ੍ਰਚੱਲਿਤ ਕਾਵਿ-ਰੂਪਾਂ ਪਿੱਛੇ ਸਮੁੱਚਾ ਸਭਿਆਚਾਰਕ ਜੀਵਨ ਮੂਰਤ, ਅਮੂਰਤ ਰੂਪ ਵਿਚ ਕਾਰਜਸ਼ੀਲ ਹੁੰਦਾ ਹੈ। ਗੁਰੂ ਸਾਹਿਬ ਨੇ ਅਜਿਹੇ ਲੋਕ ਅੰਸ਼ਾਂ ਨੂੰ ਚੁਣਿਆ ਜੋ ਲੋਕਾਂ ਦੇ ਜੀਵਨ ਵਿਚ ਪੂਰੀ ਤਰ੍ਹਾਂ ਰਮੇ ਹੋਏ ਸਨ। ਪ੍ਰਥਾਇ ਗੁਰੂ ਸਾਹਿਬ ਨੇ ਸੋਹਿਲਾ, ਘੋੜੀਆਂ, ਛੰਤ, ਅਲਾਹੁਣੀਆਂ, ਵਾਰਾਂ, ਬਾਰਾਮਾਹ, ਆਰਤੀ, ਅੰਜਲੀ, ਮੁੰਦਾਵਣੀ, ਪਹਰੇ, ਥਿਤ, ਦਿਨ, ਰੈਣ ਆਦਿ ਲੋਕ-ਕਾਵਿ ਰੂਪਾਂ ਦਾ ਪ੍ਰਯੋਗ ਗੁਰਬਾਣੀ ਪ੍ਰਬੰਧ ਦੇ ਅੰਤਰਗਤ ਕੀਤਾ।

ਗੁਰਬਾਣੀ ਵਿਚ ਵਰਤੇ ਗਏ ਲੋਕ-ਕਾਵਿ ਰੂਪਾਂ ਦਾ ਬੁਨਿਆਦੀ ਸੁਭਾਅ ਗਾਇਨਮੁਖੀ ਹੈ। ਲੋਕ ਕਾਵਿ-ਰੂਪ ਆਪਣੇ ਨਾਲ ਇਕ ਖਾਸ ਕਿਸਮ ਦੀ ਲੋਕ-ਧੁਨ ਵੀ ਰੱਖਦੇ ਹਨ। ਇਨ੍ਹਾਂ ਲੋਕ-ਧੁਨਾਂ ਤੋਂ ਬਿਨਾਂ ਲੋਕ-ਕਾਵਿ-ਰੂਪਾਂ ਦੀ ਹੋਂਦ ਨਾਂ ਮਾਤਰ ਹੈ। ਗੁਰੂ ਸਾਹਿਬ ਨੇ ਇਨ੍ਹਾਂ ਲੋਕ-ਕਾਵਿ-ਰੂਪਾਂ ਅਤੇ ਲੋਕ-ਤੱਤਾਂ ਦਾ ਪ੍ਰਯੋਗ ਜਿਉਂ ਦਾ ਤਿਉਂ ਨਹੀਂ ਕੀਤਾ ਬਲਕਿ ਇਨ੍ਹਾਂ ਤੋਂ ਨਵੇਂ ਅਰਥ-ਸੰਚਾਰ ਸੰਵਾਦ ਕੀਤੇ ਹਨ।

ਸ੍ਰੀ ਗੁਰੂ ਨਾਨਕ ਸਾਹਿਬ ਦੁਆਰਾ ਰਚਿਤ ਸ਼ਬਦ ਆਰਤੀ ਵੀ ਲੋਕ ਧਰਮ ਜਾਂ ਲੋਕ-ਪੂਜਾ ਦੇ ਅੰਗ ਆਰਤੀ ਦਾ ਹੀ ਨਵੇਂ ਅਰਥਾਂ ਵਾਲਾ ਰੂਪ ਹੈ। ਗੁਰੂ ਸਾਹਿਬ ਨੇ ਇਸ ਸ਼ਬਦ ਵਿਚ ਕਰਮਕਾਂਡੀ ਆਰਤੀ ਦੀ ਬਜਾਇ ਕੁਦਰਤ ਵੱਲੋਂ ਹੋ ਰਹੀ ਨਿਤ ਨਵੀਂ ਆਰਤੀ ਦਾ ਰੂਪ ਸੁਝਾਇਆ ਹੈ।

ਆਰਤੀ ਸ਼ਬਦ ਸੰਸਕ੍ਰਿਤ ਦੇ ਸ਼ਬਦ ਅਰਾਤ੍ਰਿਕ ਦਾ ਅਪਭ੍ਰੰਸ਼ ਰੂਪ ਹੈ ਜਿਸ ਦਾ ਸ਼ਾਬਦਿਕ ਅਰਥ ਹੈ, ਉਹ ਜੋਤ ਜੋ ਰਾਤ ਦੇ ਹਿਤ ਵਜੋਂ ਨਾ ਜਗਾਈ ਜਾਵੇ। ਆਰਤੀ ਵੇਲੇ ਜੋ ਜੋਤਾਂ ਜਗਾਈਆਂ ਜਾਂਦੀਆਂ ਹਨ, ਉਨ੍ਹਾਂ ਦਾ ਮਨੋਰਥ ਰਾਤ ਦਾ ਹਨੇਰਾ ਦੂਰ ਕਰਨਾ ਨਹੀਂ ਹੁੰਦਾ ਸਗੋਂ ਜੋਤਾਂ ਦੁਆਰਾ ਆਪਣੇ ਦੇਵਤੇ ਦੀ ਮੂਰਤੀ ਸਾਹਮਣੇ ਖਲੋ ਕੇ ਉਸ ਦੀ ਉਪਾਸ਼ਨਾ ਕਰਨਾ ਹੈ। ਕਈ ਵਿਦਵਾਨ ਆਰਤੀ ਨੂੰ ਸੰਸਕ੍ਰਿਤ ਸ਼ਬਦ ਆਰਤ ਦਾ ਵਿਕ੍ਰਿਤ ਰੂਪ ਮੰਨਦੇ ਹਨ, ਜਿਸ ਦਾ ਅਰਥ ਦੁਖ ਜਾਂ ਆਤੁਰ ਹੈ। ਆਤੁਰ ਪ੍ਰਾਣੀ ਜਿਸ ਵਿਧੀ ਰਾਹੀਂ ਆਪਣੇ ਇਸ਼ਟ ਤੋਂ ਸੁਖ

ਦੀ ਯਾਚਨਾ ਕਰਦਾ ਹੈ, ਉਹ ਆਰਤੀ ਹੁੰਦੀ ਹੈ।।

ਇਸ ਪਿੱਛੇ ਇਕ ਪਰੰਪਰਾਗਤ ਧਾਰਨਾ ਇਹ ਵੀ ਸੀ ਕਿ ਜਿਸ ਤਰ੍ਹਾਂ ਦੀਵਿਆਂ ਦੀ ਜੋਤੀ ਨਿਰੰਤਰ ਉੱਪਰ ਨੂੰ ਉੱਠਦੀ ਹੈ ਉਸੇ ਤਰ੍ਹਾਂ ਆਤਮਾ ਨੇ ਵੀ ਪ੍ਰਭੂ ਦੇ ਚਰਨਾਂ ਵਿਚ ਜਾਣਾ ਹੈ। ਇਸ਼ਟ ਦੀ ਪੂਜਾ ਦੇ ਦੌਰਾਨ ਉਸ ਦੀ ਮਹਿਮਾ ਨੂੰ ਗਾਉਣਾ ਵੀ ਆਰਤੀ ਦੀ ਪਰੰਪਰਾ ਦਾ ਇਕ ਅਹਿਮ ਹਿੱਸਾ ਹੈ। ਹਿੰਦੂ ਮੱਤ ਅਨੁਸਾਰ ਇਸ਼ਟ ਨੂੰ ਪ੍ਰਸੰਨ ਕਰਨ ਲਈ ਦੀਵੇ ਜਗਾ ਕੇ ਸੱਤ ਵਾਰ ਉਸ ਦੇ ਦੁਆਲੇ ਘੁਮਾਉਂਦੇ ਹਨ। ਚਾਰ ਵਾਰ ਚਰਨਾਂ 'ਤੇ, ਦੋ ਵਾਰ ਧੁੰਨੀ 'ਤੇ ਅਤੇ ਇਕ ਵਾਰ ਮੁੱਖੜੇ 'ਤੇ। ਆਰਤੀ ਸਮੇਂ ਧੂਪ, ਫੁੱਲ ਅਤੇ ਵਾਜੇ ਵਜਾਉਣ ਆਦਿ ਦਾ ਵਿਧਾਨ ਵੀ ਹੈ।

ਉਸ ਸਮੇਂ ਆਰਤੀ ਮਹਿਜ਼ ਇਕ ਬਾਹਰੀ ਦਿਖਾਵਾ ਬਣ ਚੁੱਕੀ ਸੀ। ਸ੍ਰੀ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਆਰਤੀ ਦੀ ਪ੍ਰਚੱਲਿਤ ਪਰੰਪਰਾ ਦਾ ਬੜੇ ਸੁਲਝੇ ਢੰਗ ਨਾਲ ਖੰਡਨ ਕੀਤਾ। ਆਰਤੀ ਸਿਰਲੇਖ ਅਧੀਨ ਹੀ ਉਨ੍ਹਾਂ ਦਾ ਸ਼ਬਦ ਇਸੇ ਵੰਨਗੀ ਦੀ ਇਕ ਉਤਕ੍ਰਿਸ਼ਟ ਰਚਨਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਨੇ ਜਗਨਨਾਥ ਪੁਰੀ ਦੇ ਮੰਦਰ ਵਿਚ ਇਕ ਕਰਮਕਾਂਡੀ ਆਰਤੀ ਦੇਖ ਕੇ ਕੁਦਰਤ ਵੱਲੋਂ ਹੋ ਰਹੀ ਆਰਤੀ ਦਾ ਸਰੂਪ ਸੁਝਾਇਆ। ਗੁਰੂ ਸਾਹਿਬ ਨੇ ਸਾਰੇ ਬ੍ਰਹਿਮੰਡ ਅਤੇ ਪ੍ਰਕਿਰਤੀ ਨੂੰ ਲੈ ਕੇ ਇਕ ਨਵੀਂ ਅਲੌਕਿਕ ਆਰਤੀ ਦੀ ਸਿਰਜਣਾ ਕੀਤੀ, ਜਿਸ ਦੇ ਸਾਹਮਣੇ ਪ੍ਰਚੱਲਿਤ ਕਰਮਕਾਂਡੀ ਆਰਤੀ ਤੁੱਛ ਲੱਗਦੀ ਹੈ। ਇਸ ਅਲੌਕਿਕ ਆਰਤੀ ਰਾਹੀਂ ਉਸ ਪਾਰਬ੍ਰਹਮ ਨਾਲ ਜੁੜਨ ਦੀ ਸਿੱਖਿਆ ਵੀ ਦਿੰਦੇ ਹਨ।

ਕਰਮਕਾਂਡਾਂ ਦੀ ਮਿੱਟੀ ਥੱਲੇ ਦੱਬੇ ਪਏ ਇਕ ਆਮ ਪੁਜਾਰੀ ਦੀ ਆਰਤੀ ਤਾਂ ਆਪਣੇ ਇਸ਼ਟ ਦੀ ਮੂਰਤੀ ਤੱਕ ਸੀਮਤ ਹੋ ਸਕਦੀ ਹੈ ਪਰ ਗੁਰੂ ਸਾਹਿਬ ਦੀ ਆਰਤੀ ਤਾਂ ਜਨ-ਸਧਾਰਨ ਨੂੰ ਉਸ ਵਿਰਾਟ ਅਤੇ ਸਰਬ-ਵਿਆਪਕ ਪਰਮਾਤਮਾ ਨਾਲ ਜੋੜਦੀ ਹੈ।

ਘਿਉ ਬਲਣ ਵਾਲੇ ਦੀਵਿਆਂ ਦੇ ਮੁਕਾਬਲੇ, ਸੂਰਜ, ਚੰਦਾਂ ਦੀ ਰੌਸ਼ਨੀ ਅਤੇ ਤਾਰਿਕਾ ਮੰਡਲ ਨੂੰ ਗਗਨ ਦੇ ਥਾਲ ਵਿਚ ਰੱਖੇ ਹੋਏ ਮੋਤੀ ਕਹਿਣਾ ਵੀ ਵਚਿੱਤਰਤਾ ਦੇ ਅਹਿਸਾਸ ਨੂੰ ਬਹੁਤ ਡੂੰਘੇਰਾ ਕਰ ਦਿੰਦਾ ਹੈ। ਸੂਖ਼ਮ-ਸੁਗੰਧੀ ਫੈਲਾ ਰਹੀ ਧੂਪ, ਹੌਲੀ-ਹੌਲੀ ਹਿੱਲ ਰਿਹਾ ਚੌਰ ਹੋਰ ਵੀ ਨਵਾਂ ਰੰਗ ਭਰਦੇ ਹਨ। ਮਲਿਆਗਰ ਪਰਬਤ ਦੇ ਚੰਦਨ ਦੇ ਅਣਗਿਣਤ ਬ੍ਰਿਛ, ਵਿਸ਼ਾਲ ਪੌਣਾਂ ਦੀ ਹਰਕਤ ਅਤੇ ਸਗਲ ਬਨਸਪਤੀ ਦੀ ਬਹੁਲਤਾ ਹੋਰ ਵੀ ਵਿਸਮਾਦਪੂਰਨ ਛੁਹਾਂ ਹਨ। ਆਰਤੀ ਵੇਲੇ ਮੂਰਤੀ ਦੇ ਸਿਰ 'ਤੇ ਹਿੱਲ ਰਿਹਾ ਚੌਰ ਹਵਾ ਵਿਚ ਇਕ ਮੱਧਮ ਜਿਹੀ ਰੁਮਕ ਪੈਦਾ ਕਰਦਾ ਹੈ, ਪਰ ਧਰਤੀ ਦੇ ਸਾਰੇ ਖੰਡਾਂ ਦੁਆਲੇ ਲਿਪਟਿਆ ਹਵਾ-ਮੰਡਲ ਪੌਣ-ਚਾਲਾਂ ਦੀ ਕਿੰਨੀ ਵੰਨ-ਸੁਵੰਨਤਾ ਨਾਲ ਭਰਪੂਰ ਹੈ। ਪੌਣਾਂ ਦੇ ਚੱਕਰ ਦਾ ਆਕਾਰ ਮੂਰਤੀ ਦੇ ਚੌਰ ਦੇ ਆਕਾਰ ਨਾਲੋਂ ਓਨਾ ਹੀ ਵੱਡਾ ਹੈ ਜਿੰਨਾ ਮਲਿਆਗਰ ਵਣਾਂ ਦਾ ਆਕਾਰ ਉਂਗਲ ਜਿੰਨੀ ਧੂਪ-ਬੱਤੀ ਨਾਲੋਂ । ਇਸ ਸ੍ਰਿਸ਼ਟੀ ਦੇ ਪਾਲਣਹਾਰ ਪਰਮਾਤਮਾ ਦੀ ਸਰਬ-ਵਿਆਪਕਤਾ ਨੂੰ ਚਿਤਰਦੇ ਹੋਏ ਗੁਰੂ ਸਾਹਿਬ ਨੇ ਦੁਨਿਆਵੀ ਸਾਜ਼ਾਂ ਦੀ ਬਜਾਇ ਨਿਰੰਤਰ ਲੀਨ ਹੋਏ ਅਧਿਆਤਮਕ ਸਾਜ਼ਾਂ ਦੀ ਗੱਲ ਕੀਤੀ ਹੈ।

ਆਰਤੀ ਸ਼ਬਦ ਦੇ ਦੂਸਰੇ ਬੰਦ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਨੇ ਆਪਣੇ ਉਸ ਇਸ਼ਟ ਦੀ ਮੂਰਤ ਪੇਸ਼ ਕੀਤੀ ਹੈ, ਜਿਸ ਅੱਗੇ ਸਾਰਾ ਜਗਤ ਆਰਤੀ ਕਰਦਾ ਹੈ ਤੇ ਜੋ ਵਿਸ਼ਵ-

ਆਰਤੀ ਜਿੱਡੀ ਵਿਸ਼ਾਲ ਹੈ। ਸਾਰਾ ਬ੍ਰਹਿਮੰਡ ਇਸ ਮੂਰਤੀ ਦਾ ਸਮੁੱਚਾ ਆਕਾਰ ਹੈ। ਰਵਿ, ਚੰਦ ਤੇ ਤਾਰਿਆਂ ਦੇ ਅਣਗਿਣਤ ਸਮੂਹ ਇਸੇ ਮੂਰਤੀ ਦੇ ਨੈਣ ਹਨ। ਧਰਤੀ ਦੀ ਬੇਓੜਕ ਬਨਸਪਤੀ ਇਸ ਦੇ ਪੈਰ ਹਨ ਤੇ ਸੁਗੰਧੀਆਂ ਭਰੇ ਬ੍ਰਿਛਾਂ ਤੇ ਫੁੱਲਾਂ ਦੇ ਅੰਬਾਰ ਇਸ ਦੀਆਂ ਨਾਸਿਕਾਂ ਹਨ। ਗੁਰੂ ਨਾਨਕ ਸਾਹਿਬ ਦਾ ਇਸ਼ਟ ਤਾਂ ਸ੍ਰਿਸ਼ਟੀ ਦੇ ਕਣ-ਕਣ ਵਿਚ ਮੌਜੂਦ ਹੈ। ਉਨ੍ਹਾਂ ਦਾ ਪੂਜਾ ਉਹ ਹਕੀਕਤ ਹੈ ਜੋ ਸਾਰੀ ਮਨੁੱਖਤਾ ਤੇ ਕੁਦਰਤ ਵਿੱਚੋਂ ਝਲਕਾਰਾ ਦੇ ਰਹੀ ਹੈ। ਜਿੱਥੇ ਗਗਨ ਦੇ ਤਾਰੇ, ਚੰਦ ਤੇ ਸੂਰਜ ਗੁਰੂ ਸਾਹਿਬ ਨੂੰ ਸੁਹਜਾਂ ਦੇ ਭੰਡਾਰ ਅਨੰਤ ਪ੍ਰਭੂ ਨਾਲ ਜੋੜਦੇ ਹਨ ਉਥੇ ਉਨ੍ਹਾਂ ਦੀ ਕਲਪਨਾ, ਮੂਰਤੀ ਦੀ ਸੀਮਤਤਾ ਦੀ ਕੈਦ ਵਿੱਚੋਂ ਸੁਤੰਤਰ ਹੋ ਕੇ ਅਨੰਤਤਾ ਦੀ ਅਸਗਾਹ ਵਿਸ਼ਾਲਤਾ ਵਿਚ ਉਡਾਰੀ ਮਾਰਦੀ ਹੈ। ਭਾਰਤੀ ਦਰਸ਼ਨ ਸਾਹਿਤ ਦੀ ਮੂਲ ਧਾਰਨਾ ਵਾਂਗ ਗੁਰੂ ਨਾਨਕ ਸਾਹਿਬ ਨੇ ਵੀ 'ਸਭ ਮਹਿ ਜੋਤਿ ਜੋਤਿ ਹੈ ਸੋਇ' ਦਾ ਸੰਦੇਸ਼ ਦਿੱਤਾ ਭਾਵ ਸਭ ਮਨੁੱਖਾਂ ਦੇ ਅੰਦਰ ਇੱਕੋ ਜੋਤ ਪ੍ਰਵੇਸ਼ ਕਰਦੀ ਹੈ। ਗੁਰੂ ਸਾਹਿਬ ਨੇ ਜੋਤ ਸ਼ਬਦ ਨੂੰ ਤਰਜੀਹ ਦਿੱਤੀ ਕਿਉਂਕਿ ਆਰਤੀ ਵਿਚ ਪ੍ਰਧਾਨ ਅੰਗ ਜੋਤਾਂ ਦਾ ਹੁੰਦਾ ਹੈ। ਸਭ ਵਿਅਕਤੀਆਂ ਵਿਚ ਵਿਆਪਕ ਆਤਮਾਵਾਂ ਮਾਨੋ ਬੇਅੰਤ ਜੋਤਾਂ ਹਨ ਜਿਨ੍ਹਾਂ ਦਾ ਸਮੂਹ ਇਕ ਆਤਮਿਕ ਆਰਤੀ ਦਾ ਰੂਪ ਧਾਰਦਾ ਹੈ। ਅਗਲੀ ਤੁੱਕ ਵਿਚ ਗੁਰੂ ਸਾਹਿਬ ਨੇ ਜੋਤੀ ਸ਼ਬਦ ਪ੍ਰਤੱਖ ਤੌਰ 'ਤੇ ਬ੍ਰਹਿਮੰਡ ਵਿਚ ਵਿਆਪਕ ਪਰਮ-ਜੋਤਿ ਲਈ ਵਰਤਿਆ ਹੈ। ਇਸ ਤਰ੍ਹਾਂ ਗੁਰੂ ਸਾਹਿਬ ਮੰਦਰ ਨੂੰ ਕਲਪਨਾ ਦੀ ਆਰਤੀ ਤੋਂ ਕੁਦਰਤ ਦੀ ਆਰਤੀ ਵੱਲ ਲਿਜਾ ਕੇ ਫਿਰ ਆਤਮਿਕ ਆਰਤੀ ਤੱਕ ਪਹੁੰਚਾ ਦਿੰਦੇ ਹਨ। ਤੀਸਰੇ ਬੰਦ ਦੀ ਤੀਸਰੀ ਤੁੱਕ ਵਿਚ ਚਾਨਣ ਆਤਮਾ ਜਾਂ ਬ੍ਰਹਮ ਦੀ ਬਜਾਇ ਉਸ ਗਿਆਨ ਦਾ ਪ੍ਰਤੀਕ ਹੈ ਜਿਸ ਦੀ ਅਰਾਧਨਾ ਆਰਤੀ ਦੇ ਗੰਭੀਰ ਜਗਿਆਸੂ ਨੂੰ ਪ੍ਰਾਪਤ ਹੁੰਦੀ ਹੈ; ਉਹ ਉਸ ਤੋਂ ਇੰਝ ਨਿਖੇੜੀ ਨਹੀਂ ਜਾ ਸਕਦੀ, ਜਿਸ ਤਰ੍ਹਾਂ ਕਿਸੇ ਵਸਤ ਤੋਂ ਵਸਤ ਦਾ ਗਿਆਨ। ਅੱਗੇ ਜਾ ਕੇ ਗੁਰੂ, ਜਗਿਆਸੂ ਤੇ ਰੱਬ ਤਿੰਨੇ ਇਕ ਜੋਤ ਬਣ ਜਾਂਦੇ ਹਨ, ਜਿਨ੍ਹਾਂ ਵਿਚ ਕਿਧਰੇ ਕੋਈ ਲੀਕ ਖਿੱਚੀ ਨਹੀਂ ਜਾ ਸਕਦੀ।

ਪਰਮਾਤਮਾ ਉਹੀ ਕਰਦਾ ਹੈ ਜੋ ਉਸ ਨੂੰ ਭਾਉਂਦਾ ਹੈ। ਸੱਚੇ ਜਗਿਆਸੂ ਲਈ ਹਰ ਪਲ ਰੱਬ ਦੀ ਰਜ਼ਾ ਉੱਤੇ ਫੁੱਲ ਚੜ੍ਹਾਉਣੇ ਉਸ ਦੀ ਸੱਚੀ ਆਰਤੀ ਉਤਾਰਨੀ ਹੈ। ਜਿਹੜਾ ਮਨੁੱਖ ਰਜ਼ਾ ਦਾ ਜੀਵਨ ਜੀਉਂਦਾ ਹੈ, ਉਸ ਦੀ ਜੀਵਨ-ਸੇਧ ਸਹੀ ਹੈ, ਉਸ ਦਾ ਪੰਧ ਉੱਜਲਾ ਹੈ, ਉਹ ਹਨੇਰੇ ਵਿਚ ਠੋਕਰਾਂ ਨਹੀਂ ਖਾਂਦਾ। ਗੁਰੂ ਨਾਨਕ ਸਾਹਿਬ ਮਨੁੱਖ ਦੇ ਅੰਦਰ-ਬਾਹਰ ਇਕ ਜੋਤ ਦਾ ਪ੍ਰਕਾਸ਼ ਦੇਖਦੇ ਹਨ। ਉਨ੍ਹਾਂ ਨੂੰ ਸਾਰੀ ਸ੍ਰਿਸ਼ਟੀ ਅਤੇ ਸਰਬ-ਮਨੁੱਖਤਾ ਰੱਬੀ ਰਜ਼ਾ ਦੀ ਤਾਰ ਵਿਚ ਪਰੋਏ ਹੋਏ ਦਿੱਸਦੇ ਹਨ। ਇਸ ਰਜ਼ਾ ਦੀ ਸੁਨਹਿਰੀ ਤਾਰ ਨੂੰ ਉਹ ਅਸਲ ਆਰਤੀ ਮੰਨਦੇ ਹਨ।

ਸ਼ਬਦ ਦੇ ਚੌਥੇ ਬੰਦ ਵਿਚ ਗੁਰੂ ਨਾਨਕ ਸਾਹਿਬ ਉਸ ਅਮਰ ਜੋਤਿ ਪਾਸੋਂ ਮਨ ਦੀ ਸੱਚੀ ਤ੍ਰਿਪਤੀ ਦੀ ਯਾਚਨਾ ਕਰਦੇ ਹਨ, ਜਿਸ ਦੀ ਹਜ਼ੂਰੀ ਵਿਚ ਸਾਰੇ ਵਿਸ਼ਵ ਨੂੰ ਉਹ ਆਰਤੀ ਕਰਦਾ ਦਿਖਾਉਂਦੇ ਹਨ। ਹਰੀ ਪ੍ਰਭੂ ਦੇ ਚਰਨਾਂ ਦੀ ਛੋਹ ਰਹੱਸਵਾਦੀ ਦਾਇਰਿਆਂ ਵਿਚ ਹਰੀ ਦੇ ਸੰਜੋਗ ਦਾ ਹੀ ਪ੍ਰਤੀਕ ਮੰਨੀ ਜਾਂਦੀ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਭੌਰਾ-ਮਨ ਹਰੀ ਦੇ ਚਰਨਾਂ ਰੂਪੀ ਕਮਲਾਂ ਨੂੰ ਦੇਖ ਕੇ ਉਨ੍ਹਾਂ ਉੱਤੇ ਲੁਭਾਇਮਾਨ ਹੋ ਗਿਆ ਹੈ। ਦਿਨ-ਰਾਤ ਨੂੰ ਉਨ੍ਹਾਂ ਦਾ ਮਕਰੰਦ ਰਸ ਮਾਣਨ ਲਈ ਇਹ ਨਿੱਜੀ ਲਾਲਸਾ ਗਿਆਨ ਦੀ ਅਰਾਧਨਾ

ਦਾ ਹੀ ਦੂਜਾ ਨਾਂ ਹੈ। ਜਦੋਂ ਹਰੀ ਦੀ ਚਰਨ-ਛੁਹ ਜਾਂ ਉਸ ਨਾਲ ਅਭੇਦਤਾ ਦੀ ਯਾਚਨਾ ਮਨ ਕਰਦਾ ਹੈ ਤਾਂ ਭਾਣੇ ਦੇ ਮੁਕੰਮਲ ਜੀਵਨ ਦੀ ਹੀ ਅਭਿਲਾਸ਼ਾ ਪ੍ਰਗਟਾਉਂਦਾ ਹੈ। ਗੁਰੂ ਸਾਹਿਬ ਇਸ ਸ਼ਬਦ ਵਿਚ ਦ੍ਰਿੜ੍ਹ ਕਰਵਾਉਂਦੇ ਹਨ ਕਿ ਰੱਬ ਦਾ ਹੁਕਮ ਸਾਰੀ ਸ੍ਰਿਸ਼ਟੀ ਵਿਚ ਵਿਆਪਕ ਹੈ ਅਤੇ ਨਿਰਗੁਣ ਤੋਂ ਸਰਗੁਣ ਤੇ ਸਰਗੁਣ ਤੋਂ ਨਿਰਗੁਣ ਹੋਣ ਦੀ ਕਿਰਿਆ ਵੀ ਉਸ ਦੇ ਹੁਕਮ ਵਿਚ ਹੁੰਦੀ ਹੈ। ਰੱਬ ਦਾ ਹੁਕਮ ਜੀਵ-ਇਸਤਰੀ ਵਿਚ ਵੀ ਹੈ, ਭੌਰਾ-ਮਨ ਪਿਆਸ ਰਾਹੀਂ ਰੱਬੀ ਹੁਕਮ ਨਾਲ ਇਕਸੁਰ ਹੋਣ ਦੀ ਲੋਚਾ ਵਿਅਕਤ ਕਰਦਾ ਹੈ। ਹੁਕਮ ਨਾਲ ਇਕਸੁਰ ਹੋਣਾ ਜੇ ਅੰਤਿਮ ਲਕਸ਼ ਹੈ ਤਾਂ ਇਸ ਦਾ ਸਾਧਨ ਨਾਮ-ਸਿਮਰਨ ਹੈ। ਸ਼ਬਦ ਦੇ ਅਖੀਰ ਵਿਚ ਗੁਰੂ ਸਾਹਿਬ ਹੁਕਮ ਦੀ ਪ੍ਰਾਪਤੀ ਖ਼ਾਤਰ ਜੀਵ ਨੂੰ ਨਾਮ ਦਾ ਅਭਿਲਾਖੀ ਹੋਣ ਦੀ ਪ੍ਰੇਰਣਾ ਦਿੰਦੇ ਹਨ।

ਗੁਰੂ ਨਾਨਕ ਕ੍ਰਿਤ 'ਪਹਰੇ'

ਸਿਆਣਿਆਂ ਨੇ ਉਮਰ ਦੇ ਹਿਸਾਬ ਜੀਵਨ ਨੂੰ ਆਮ ਤੌਰ 'ਤੇ ਤਿੰਨ ਹਿੱਸਿਆਂ ਵਿਚ ਵੰਡਿਆ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਦਾ ਫ਼ੁਰਮਾਨ ਹੈ:

ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥ (ਪੰਨਾ ੧੪੨੮)

ਆਯੂ ਅਨੁਸਾਰ ਇਹਨਾਂ ਤਿੰਨਾਂ ਅਵਸਥਾਵਾਂ ਸਮੇਂ ਮਨੁੱਖ ਦਾ ਤਨ, ਮਨ ਬਦਲਦਾ ਹੈ ਤੇ ਉਸ ਮੁਤਾਬਿਕ ਉਸ ਦੀ ਚਾਲ-ਢਾਲ ਤੇ ਕਿਰਿਆ ਵੀ ਬਦਲਦੀ ਰਹਿੰਦੀ ਹੈ। ਬਾਲਪਨ ਕੱਚੀ ਉਮਰ ਦਾ ਸਮਾਂ ਹੈ। ਸੋਝੀ ਨਾ ਹੋਣ ਕਰਕੇ ਸਹੀ ਤੇ ਗ਼ਲਤ ਦਾ ਘੱਟ ਪਤਾ ਹੁੰਦਾ ਹੈ। ਬੁਢਾਪਾ ਕਮਜ਼ੋਰੀ ਕਾਰਣ ਤਨ-ਮਨ ਨੂੰ ਕਰਮ-ਜੋਗ ਵੱਲੋਂ ਵੈਸੇ ਕਮਜ਼ੋਰ ਬਣਾ ਦਿੰਦਾ ਹੈ ਤੇ ਆਲੇ-ਦੁਆਲੇ ਦੀਆਂ ਘਰੋਗੀ ਚਿੰਤਾਵਾਂ ਤੋਂ ਇਲਾਵਾ ਮੌਤ ਦਾ ਫ਼ਿਕਰ ਵੀ ਭਿਆਨਕ ਦੈਂਤ ਵਾਂਗ ਸਾਰੇ ਰਸਤੇ ਖੜੋਂਦਾ ਹੈ। ਅਜਿਹੀ ਹਾਲਤ ਵਿਚ ਮਹਾਂਪੁਰਸ਼ਾਂ ਨੇ ਬਾਰ-ਬਾਰ ਇਹੋ ਤਾਕੀਦ ਕੀਤੀ ਹੈ ਕਿ ਉਮਰ ਦਾ ਦਰਮਿਆਨਾ ਸਮਾਂ ਬਹੁਤ ਅਮੁੱਲਾ ਹੈ, ਇਸ ਦੀ ਸਹੀ ਵਰਤੋਂ ਕਰਨੀ ਅਤਿ ਜ਼ਰੂਰੀ ਹੈ। ਜ਼ਿੰਦਗੀ ਦੇ ਸ਼ੁਭਚਿੰਤਕ ਹਮੇਸ਼ਾ ਇਹ ਪ੍ਰੇਰਨਾ ਦਿੰਦੇ ਆਏ ਹਨ ਕਿ ਇਸ ਸੁਨਹਿਰੀ ਘੜੀ ਨੂੰ ਸੰਭਾਲਿਆ ਜਾਵੇ ਤੇ ਹਰ ਤਰ੍ਹਾਂ ਸਫ਼ਲ ਕੀਤਾ ਜਾਵੇ।

'ਪਹਰੇ' ਇਕ ਅਜਿਹਾ ਕਾਵਿ-ਰੂਪ ਹੈ ਜੋ ਚਾਰ ਪਹਿਰਾਂ ਨੂੰ ਆਧਾਰ ਬਣਾ ਕੇ ਜੀਵਨ ਸਿੱਖਿਆ ਦਾ ਪਾਠ ਪੇਸ਼ ਕਰਦਾ ਹੈ। ਸਿਰੀਰਾਗ ਵਿਚ ਗੁਰੂ ਨਾਨਕ ਸਾਹਿਬ, ਸ੍ਰੀ ਗੁਰੂ ਰਾਮਦਾਸ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਰੇ ਲਿਖ ਕੇ ਇਸ ਨੁਕਤੇ 'ਤੇ ਵਧੇਰੇ ਜ਼ੋਰ ਦਿੱਤਾ ਹੈ।

ਗੁਰੂ ਨਾਨਕ ਸਾਹਿਬ ਵੱਲੋਂ ਸਿਰੀਰਾਗ ਵਿਚ ਦੋ ਪਹਰੇ ਲਿਖੇ ਗਏ ਹਨ, ਪਹਿਲੇ ਦੇ ਚਾਰ ਬੰਦ ਤੇ ਦੂਜੇ ਦੇ ਪੰਜ ਬੰਦ ਹਨ। ਇਹ ਦੋਵੇਂ ਪਹਰੇ ਮਨੁੱਖ ਦੀ ਬਦਲਦੀ ਅਵਸਥਾ ਦਾ ਚਿਤਰਣ ਕਰ ਕੇ ਮਨ ਨੂੰ ਸਾਵਧਾਨੀ ਦਾ ਸੰਦੇਸ਼ ਦਿੰਦੇ ਹਨ। ਇਸ ਤੋਂ ਬਿਨਾਂ ਰਾਗ ਤੁਖਾਰੀ ਵਿਚ ਵੀ ਇਕ ਪਹਰਾ ਮਿਲਦਾ ਹੈ। ਉਸ ਦਾ ਵਿਸ਼ਾ ਲਗਭਗ ਇਹੋ ਹੈ ਪਰ ਉਥੇ ਛੰਤ ਹੋਣ ਕਰਕੇ ਜੀਵ ਨੂੰ ਇਸਤਰੀ ਰੂਪ ਵਿਚ ਸੰਬੋਧਿਤ ਕੀਤਾ ਗਿਆ ਹੈ। ਪੁਰਾਣੇ ਜ਼ਮਾਨੇ ਵਿਚ ਸਮੇਂ ਦੇ ਮਾਪ-ਦੰਡ—ਵਿਸਾ, ਚਸਾ, ਘੜੀ, ਪਲ, ਪਹਰ ਤੇ ਦਿਨ-ਰਾਤ ਸਨ। 15 ਨਿਮਖਾਂ ਦਾ ਵਿਸਾ, 15 ਵਿਸਿਆਂ ਦਾ ਚਸਾ, 3 ਚਸੇ ਦਾ ਪਲ, 60 ਪਲਾਂ ਦੀ ਘੜੀ, 8 ਘੜੀਆਂ ਦਾ ਪਹਰ ਤੇ ਅੱਠ ਪਹਰਾਂ ਦਾ ਦਿਨ-ਰਾਤ ਗਿਣਿਆ ਜਾਂਦਾ ਸੀ। ਗੁਰੂ ਸਾਹਿਬ ਦੇ ਜ਼ਮਾਨੇ ਇਸੇ ਕਾਲ-ਪ੍ਰਮਾਣ ਦੀ ਵਰਤੋਂ ਸੀ। ਆਪ ਨੇ ਇਕ ਹੋਰ ਥਾਂ ਫ਼ੁਰਮਾਇਆ ਹੈ:

ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ॥ (ਪੰਨਾ ੧੨)

ਅੱਜ-ਕੱਲ੍ਹ ਪੱਛਮੀ ਪ੍ਰਭਾਵ ਕਾਰਣ ਸਕਿੰਟਾਂ, ਮਿੰਟਾਂ ਤੇ ਘੰਟਿਆਂ ਦੀ ਗਿਣਤੀ ਹੀ ਪ੍ਰਚਲਿਤ ਹੈ। ਪਹਿਲੇ ਸਮਿਆਂ ਵਿਚ 12 ਘੰਟਿਆਂ ਦੇ ਵਕਤ ਨੂੰ ਚਾਰ ਪਹਿਰਾਂ ਵਿਚ ਵੰਡਿਆ ਜਾਂਦਾ ਸੀ ਤੇ ਇਕ ਪਹਿਰ ਅੱਜ ਦੇ ਤਿੰਨ ਘੰਟਿਆਂ ਦੇ ਬਰਾਬਰ ਸੀ। ਚਾਰ ਪਹਿਰ ਦਾ ਦਿਨ ਤੇ ਚਾਰ ਪਹਿਰ ਦੀ ਰਾਤ, ਅੱਠ ਪਹਿਰਾਂ ਵਿਚ ਸਾਰੇ ਕਾਲ-ਚੱਕਰ ਨੂੰ ਵੰਡਿਆ ਹੋਇਆ ਸੀ।

ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ ॥ *(ਪੰਨਾ ੧੪੬)*

ਗੁਰੂ ਜੀ ਇਥੇ ਦਿਨ ਦੇ ਚਾਰ ਪਹਿਰਾਂ ਨੂੰ ਲੈ ਕੇ ਜ਼ਿੰਦਗੀ ਦੇ ਵਣਜਾਰੇ ਨੂੰ ਸੰਬੋਧਨ ਕਰਦੇ ਹਨ ਕਿ ਉਹ ਇਥੇ ਕੀ ਖਰਾ ਸੌਦਾ ਕਰਨ ਆਇਆ ਸੀ ਪਰ ਕਿਵੇਂ ਗ਼ਲਤ ਪਾਸੇ ਲੱਗ ਕੇ ਆਪਣੀ ਜੀਵਨ-ਪੂੰਜੀ ਗੁਆ ਬੈਠਾ ਹੈ। ਜ਼ਿੰਦਗੀ ਦੀ ਉਮਰ ਇਕ ਲੰਮੀ ਰਾਤ ਹੈ ਜੋ ਮੋਹ-ਮਾਇਆ ਦੇ ਅੰਨ੍ਹੇਰੇ ਵਿਚ ਹੀ ਬੀਤਦੀ ਜਾਂਦੀ ਹੈ, ਅਸਲ ਵਸਤੂ ਦੀ ਪਛਾਣ ਨਹੀਂ ਰਹਿੰਦੀ ਤੇ ਨਾ ਹੀ ਉਸ ਦਾ ਵਣਜ ਹੁੰਦਾ ਹੈ। ਆਖ਼ਰ ਇਹ ਸੌਦਾਗਰ ਇਥੋਂ ਹੱਥ ਝਾੜ ਕੇ ਤੁਰ ਜਾਂਦਾ ਹੈ। ਗੁਰੂ ਸਾਹਿਬ ਇਹਨਾਂ ਪਹਿਰਿਆਂ ਵਿਚ ਮਨੁੱਖ ਦੀ ਬਦਲਦੀ ਅਵਸਥਾ ਦਰਸਾ ਕੇ ਇਕ ਚਿਤਾਵਨੀ ਦਿੰਦੇ ਹਨ ਕਿ ਇਹ ਸਮਾਂ ਹੱਥ ਨਹੀਂ ਆਉਣਾ, ਬੀਤ ਜਾਣਾ ਹੈ, ਇਸ ਦੀ ਸੰਭਾਲ ਕਰਨੀ ਬਹੁਤ ਹੀ ਜ਼ਰੂਰੀ ਹੈ।

ਪਹਿਲੇ ਪਹਰੇ ਵਿਚ ਜੀਵਨ ਨੂੰ ਚਾਰ ਹਿੱਸਿਆਂ ਵਿਚ ਇਉਂ ਵੰਡਿਆ ਹੈ:

1. ਗਰਭ ਅਵਸਥਾ, 2. ਬਾਲ ਅਵਸਥਾ, 3, ਜੋਬਨ ਅਵਸਥਾ, 4. ਬਿਰਧ ਅਵਸਥਾ।

ਦੂਜੇ ਪਹਰੇ ਵਿਚ ਤਰਤੀਬ ਇਹ ਹੈ:

ਬਚਪਨ, ਜੁਆਨੀ, ਬੁਢਾਪਾ ਅਤੇ ਮੌਤ।

ਗੁਰੂ ਜੀ ਮਨੁੱਖ ਨੂੰ 'ਵਣਜਾਰਾ ਮਿਤ੍ਰ' ਕਹਿ ਕੇ ਸੰਬੋਧਨ ਕਰਦੇ ਹਨ। ਇਸ ਸੰਬੋਧਨ ਵਿਚ ਜਿਥੇ ਜੀਵ ਦੀ ਹੈਸੀਅਤ ਤੇ ਮਨੋਰਥ ਦਾ ਬਿਆਨ ਹੈ, ਉਥੇ ਸਤਿਗੁਰਾਂ ਦੀ ਦਿਲੀ ਹਮਦਰਦੀ ਦਾ ਭਾਵ ਵੀ ਪ੍ਰਤੱਖ ਮੂਰਤੀਮਾਨ ਹੁੰਦਾ ਹੈ ਕਿ ਉਹ ਸਾਥੀ ਮਨੁੱਖ ਨੂੰ ਅਜਿਹਾ ਵਣਜ ਕਰਾਇਆ ਲੋੜਦੇ ਹਨ ਜਿਸ ਨਾਲ ਉਹ ਕੋਈ ਖੱਟੀ ਖੱਟ ਸਕੇ ਤੇ ਆਪਣੀ ਜੀਵਨ-ਪੂੰਜੀ ਨੂੰ ਸੱਚੀ-ਮੁੱਚੀ ਸਫ਼ਲਾ ਕਰ ਸਕੇ।

ਪਹਿਲੇ 'ਪਹਰੇ' ਦੇ ਚਾਰ ਬੰਦਾਂ ਵਿਚ ਜੀਵਨ ਪਰਿਵਰਤਨ ਇਸ ਤਰ੍ਹਾਂ ਧਿਆਨ ਗੋਚਰੇ ਕੀਤਾ ਗਿਆ ਹੈ:

੧. ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥
੨. ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ ॥
੩. ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ ॥
੪. ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਰਧਿ ਭਇਆ ਤਨੁ ਖੀਣੁ ॥
੫. ਓੜਕੁ ਆਇਆ ਤਿਨ ਸਾਹਿਆ ਵਣਜਾਰਿਆ ਮਿਤ੍ਰਾ ਜਰੁ ਜਰਵਾਣਾ ਕੰਨਿ ॥

(ਪੰਨੇ ੭੪-੭੫)

ਪਹਿਲੇ ਪਹਿਰੇ, ਹੁਕਮ ਅਨੁਸਾਰ ਜੀਵ ਗਰਭ ਵਿਚ ਆਉਂਦਾ ਹੈ ਤੇ ਉਸ ਦਾ ਧਿਆਨ ਪ੍ਰਭੂ ਵੱਲ ਲੱਗਾ ਹੁੰਦਾ ਹੈ। ਪਰੰਤੂ ਸੰਸਾਰੀ ਵਾਤਾਵਰਣ ਵਿਚ ਆਉਂਦਿਆਂ ਹੀ ਇਹ ਧਿਆਨ ਉੱਖੜ ਜਾਂਦਾ ਹੈ। ਨਵੀਂ ਮੋਹ-ਮਮਤਾ ਐਸਾ ਗ੍ਰਸਦੀ ਹੈ ਕਿ ਇਹ ਸਾਰੇ ਪੁਰਾਣੇ ਵਾਅਦੇ ਭੁੱਲ

ਜਾਂਦਾ ਹੈ। ਲੋਕ ਕਥਨ:

ਆ ਕੇ ਦੁਨੀਆਂ ਮੇਂ ਸਭੀ ਇਕਰਾਰ ਬਸ਼ਰ ਭੂਲ ਗਯਾ।
ਜੋ ਉਧਰ ਕਹਿ ਕੇ ਚਲਾ ਥਾ ਇਧਰ ਆਕਰ ਭੂਲ ਗਯਾ।

ਸੋ ਇਹ ਪ੍ਰਭੂ-ਧਿਆਨ ਤੇ ਸੰਸਾਰੀ ਰੁਝਾਨ ਦੀ ਟੱਕਰ ਹੈ। ਇਹਨਾਂ ਵਿਚੋਂ ਸਹੀ ਚੋਣ ਕਰਨੀ ਮਨੁੱਖ ਦਾ ਕਰਤੱਵ ਹੈ ਪਰ ਗੁਰੂ ਜੀ ਇਹ ਵੀ ਕਹਿੰਦੇ ਹਨ ਕਿ ਸਾਰੀ ਖੇਡ ਲਿਖੇ ਅਨੁਸਾਰ ਵਰਤਦੀ ਹੈ, ਕਿਸੇ ਦੀ ਨਿੱਜੀ ਵਿਉਂਤ ਅਨੁਸਾਰ ਨਹੀਂ:

ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥ *(ਪੰਨਾ ੭੪)*

ਬਚਪਨ ਵਿਚ ਤਰ੍ਹਾਂ-ਤਰ੍ਹਾਂ ਦੇ ਲਾਡ-ਲਡਾਏ ਜਾਂਦੇ ਹਨ ਅਤੇ ਹਰ ਬੱਚਾ ਹੀ ਆਪਣੀ ਮਾਂ ਦਾ ਕਾਨ੍ਹ ਹੁੰਦਾ ਹੈ। ਇਹ ਮਾਂ ਦੀ ਮੋਹ-ਮਮਤਾ ਇਸ ਨੂੰ ਸੰਸਾਰੀ ਪਾਸੇ ਵੱਲ ਲਾਉਂਦੀ ਤੇ ਹੌਲੀ-ਹੌਲੀ ਹੋਰ ਪਰਿਵਾਰ ਦਾ ਪਿਆਰ ਥਾਂ ਆ ਮੱਲਦਾ ਹੈ। ਇਕ ਹੋਰ ਸਲੋਕ ਵਿਚ ਗੁਰੂ ਨਾਨਕ ਸਾਹਿਬ ਨੇ ਇਸ ਰੁਚੀ ਪਰਿਵਰਤਨ ਦਾ ਚਿੱਤਰ ਸੁੰਦਰ ਉਲੀਕਿਆ ਹੈ ਜੋ ਮਨੋਵਿਗਿਆਨਕ ਪੱਖ ਤੋਂ ਬੜਾ ਅਹਿਮ ਤੇ ਧਿਆਨ ਯੋਗ ਹੈ:

ਪਹਿਲੈ ਪਿਆਰਿ ਲਗਾ ਥਣ ਦੁਧਿ॥
ਦੂਜੈ ਮਾਇ ਬਾਪ ਕੀ ਸੁਧਿ॥
ਤੀਜੈ ਭਯਾ ਭਾਭੀ ਬੇਬ॥
ਚਉਥੈ ਪਿਆਰਿ ਉਪੰਨੀ ਖੇਡ॥
ਪੰਜਵੈ ਖਾਣ ਪੀਅਣ ਕੀ ਧਾਤੁ॥
ਛਿਵੈ ਕਾਮੁ ਨ ਪੁਛੈ ਜਾਤਿ॥
ਸਤਵੈ ਸੰਜਿ ਕੀਆ ਘਰ ਵਾਸੁ॥
ਅਠਵੈ ਕ੍ਰੋਧੁ ਹੋਆ ਤਨ ਨਾਸੁ॥
ਨਾਵੈ ਧਉਲੇ ਉਭੇ ਸਾਹ॥
ਦਸਵੈ ਦਧਾ ਹੋਆ ਸੁਆਹ॥ *(ਪੰਨਾ ੧੩੭)*

ਤੀਸਰੀ ਅਵਸਥਾ ਜੁਆਨੀ ਦੀ ਆ ਜਾਂਦੀ ਹੈ ਤੇ ਇਸ ਵੇਲੇ ਸਾਰਾ ਰੁਖ਼ ਹੀ ਬਦਲ ਜਾਂਦਾ ਹੈ। ਇਸ ਵਿਚ ਮਾਪਿਆਂ ਦੀ ਮੋਹ-ਮਮਤਾ ਦੀ ਥਾਂ 'ਕਾਮਨੀ ਪ੍ਰੀਤ' ਜ਼ੋਰ ਪਕੜ ਲੈਂਦੀ ਹੈ ਤੇ ਅੱਯਾਸ਼ੀ ਤੇ ਪੈਸੇ ਨਾਲ ਲਗਾਉ ਵਧ ਜਾਂਦਾ ਹੈ। ਜੋਬਨ ਦਾ ਨਸ਼ਾ ਮਨੁੱਖ ਨੂੰ ਇਸ ਤਰ੍ਹਾਂ ਮਖ਼ਮੂਰ ਕਰਦਾ ਹੈ ਕਿ ਉਹ ਧਰਮ ਦਾ ਵਣਜ ਕਰਨਾ ਭੁੱਲ ਹੀ ਜਾਂਦਾ ਹੈ। ਦੌਲਤ ਤੇ ਔਰਤ ਹੀ ਉਸ ਦਾ ਸਭ ਕੁਝ ਹੋ ਨਿੱਬੜਦਾ ਹੈ।

ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ॥
ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ॥ *(ਪੰਨਾ ੭੫)*

ਜੀਵਨ ਦੀ ਚੌਥੀ ਮੰਜ਼ਲ ਬੁਢਾਪਾ ਹੈ, ਜਦੋਂ ਖੇਤ ਪੱਕਣ 'ਤੇ ਆ ਜਾਂਦਾ ਹੈ ਤੇ ਵਢਾਵੇ (ਲਾਵੇ) ਦਾਤੀ ਲੈ ਕੇ ਸਿਰ 'ਤੇ ਪਹੁੰਚ ਜਾਂਦੇ ਹਨ। ਜੀਵਨ ਵਿਚ ਹਰਿਆਵਲ ਘਟ ਜਾਂਦੀ ਹੈ ਤੇ ਇਹ ਦੇਹੀ ਸੁੱਕ ਕੇ ਟੁੱਟਣ ਯੋਗ ਹੋ ਜਾਂਦੀ ਹੈ ਤੇ ਆਖ਼ਰ ਮੌਤ ਦਾ ਇਕ ਝਟਕਾ ਇਸ ਨੂੰ ਥੱਲੇ ਡੇਗ ਦਿੰਦਾ ਹੈ। ਉਸ ਸਮੇਂ ਜੋ ਪੰਛੀ ਇਸ ਬੋਹੜ ਉੱਤੇ ਟਿਕੇ ਹੁੰਦੇ ਹਨ,

ਉਹ ਵਿਰਲਾਪ ਜ਼ਰੂਰ ਕਰਦੇ ਹਨ ਪਰ ਇਹ ਵੈਣ ਤੇ ਹਮਦਰਦੀ ਕਿਸੇ ਕੰਮ ਨਹੀਂ ਆਉਂਦੀ। ਹੁਣ ਅੰਤਰ ਵਿਚ ਰੂਹਾਂ ਦੇ ਲੇਖੇ ਸਮੇਂ ਫ਼ਲ ਉਜੇਹਾ ਹੀ ਮਿਲਦਾ ਹੈ ਜਿਹੋ ਜਿਹਾ ਪਹਿਲਾਂ ਕਮਾਇਆ ਹੁੰਦਾ ਹੈ:

ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ ॥
ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ ॥ (ਪੰਨਾ ੭੫)

ਦਰਅਸਲ ਜੋਬਨ ਦੀ ਅੰਨ੍ਹੇਰੀ ਅੱਖਾਂ ਵਿਚ ਐਸਾ ਘੱਟਾ ਪਾਉਂਦੀ ਹੈ ਕਿ ਉਹਨਾਂ ਨੂੰ ਧਰਮ-ਕਰਮ ਦਾ ਮਾਰਗ ਨਜ਼ਰ ਹੀ ਨਹੀਂ ਪੈਂਦਾ, ਸੋ ਇਹ ਇਵੇਂ ਲੰਘ ਜਾਂਦੀ ਹੈ। ਤੀਜਾ ਪੜਾਉ ਬੁਢਾਪੇ ਦਾ ਹੈ ਜਦੋਂ ਸਰੀਰ ਦੇ ਸਰੋਵਰ 'ਤੇ ਧੌਲੇ ਇਉਂ ਆ ਉਤਰਦੇ ਹਨ ਜਿਵੇਂ ਚਿੱਟੇ ਹੰਸ। ਇਹ ਔਧ ਪੁੱਗਣ ਦੀ ਨਿਸ਼ਾਨੀ ਹੈ। ਅੱਖਾਂ ਤੇ ਕੰਨ ਕੰਮ ਕਰਨੋਂ ਰਹਿ ਜਾਂਦੇ ਹਨ ਤੇ ਖੀਣ ਹੋਇਆ ਸਰੀਰ ਕਾਸੇ ਜੋਗਾ ਨਹੀਂ ਰਹਿੰਦਾ।

ਗੁਰੂ ਸਾਹਿਬ ਇਸ ਸਾਰੇ ਸਫ਼ਰ ਦਾ ਵਿਸ਼ਲੇਸ਼ਣ ਕਰਦੇ ਦੱਸਦੇ ਹਨ ਕਿ ਗੁਣ ਪੱਲੇ ਨਾ ਹੋਣ ਕਰਕੇ ਇਸ ਮੁਸਾਫ਼ਰ ਨੂੰ ਅੰਤ ਮਾਰ ਖਾਣੀ ਪੈਂਦੀ ਹੈ ਤੇ ਇਹ ਆਪਣੇ ਅਸਲੀ ਪੰਧ ਤੋਂ ਭਟਕਿਆ ਰਹਿੰਦਾ ਹੈ:

ਗੁਣ ਅੰਤਰਿ ਨਾਹੀ ਕਿਉ ਸੁਖੁ ਪਾਵੈ ਮਨਮੁਖ ਆਵਣ ਜਾਣਾ ॥ (ਪੰਨਾ ੭੬)

ਆਖ਼ਰੀ ਛੰਦ ਓੜਕ ਦਾ ਹਾਲ ਦੱਸਦਾ ਇਸ ਸੰਕਟ ਦਾ ਦਾਰੂ ਵੀ ਸੁਝਾਉਂਦਾ ਹੈ। ਗੁਰੂ ਸਾਹਿਬ ਮਨੁੱਖ ਨੂੰ ਮਾਯੂਸ ਨਹੀਂ ਹੋਣ ਦਿੰਦੇ, ਉਹ ਰਸਤਾ ਦੱਸਦੇ ਹਨ ਕਿ ਪ੍ਰਭੂ-ਭਗਤੀ ਤੇ ਉੱਚ ਆਚਾਰ ਦੇ ਸਦਕੇ ਹੀ ਸਹੀ ਮੰਜ਼ਲ 'ਤੇ ਪਹੁੰਚਿਆ ਜਾ ਸਕਦਾ ਹੈ। ਔਗੁਣ ਮੰਜ਼ਲ ਵੱਲੋਂ ਭਟਕਾਉਂਦੇ ਤੇ ਗੁਣ ਮੰਜ਼ਲ ਵੱਲ ਨੂੰ ਸੇਧ ਦਿੰਦੇ ਹਨ:

ਓੜਕੁ ਆਇਆ ਤਿਨ ਸਾਹਿਆ ਵਣਜਾਰਿਆ ਮਿਤ੍ਰਾ ਜਰੁ ਜਰਵਾਣਾ ਕੰਨਿ ॥
ਇਕ ਰਤੀ ਗੁਣ ਨ ਸਮਾਣਿਆ ਵਣਜਾਰਿਆ ਮਿਤ੍ਰਾ ਅਵਗਣ ਖੜਸਨਿ ਬੰਨਿ ॥
ਗੁਣ ਸੰਜਮਿ ਜਾਵੈ ਚੋਟ ਨ ਖਾਵੈ ਨਾ ਤਿਸੁ ਜੰਮਣੁ ਮਰਣਾ ॥
ਕਾਲੁ ਜਾਲੁ ਜਮੁ ਜੋਹਿ ਨ ਸਾਕੈ ਭਾਇ ਭਗਤਿ ਭੈ ਤਰਣਾ ॥ (ਪੰਨਾ ੭੬)

ਜੈਸਾ ਕਿ ਅਸਾਂ ਪਹਿਲੇ ਕਿਹਾ ਹੈ ਕਿ ਗੁਰੂ ਸਾਹਿਬ ਸੰਸਾਰ ਤੋਂ ਬਿਲਕੁਲ ਵਿਰਕਤ ਹੋਣ ਦਾ ਉਪਦੇਸ਼ ਨਹੀਂ ਦਿੰਦੇ ਸਗੋਂ ਸੰਜਮੀ ਜੀਵਨ ਬਿਤਾਉਣ ਦੀ ਤਾਕੀਦ ਕਰਦੇ ਹਨ ਤਾਂ ਕਿ ਇਹ ਭਾਉ ਭਗਤੀ ਨਾਲ ਜੁੜ ਕੇ ਆਪਣੀ ਸੇਧ ਵੱਲ ਜਾ ਸਕੇ। ਸੋ 'ਪਹਰੇ' ਰਚਨਾ ਭਾਵੇਂ ਆਕਾਰ ਦੇ ਲਿਹਾਜ਼ ਨਾਲ ਛੋਟੀ ਜਿਹੀ ਹੈ, ਪਰ ਪ੍ਰਬੀਨ ਸਤਿਗੁਰੂ ਜੀ ਨੇ ਇਹਨਾਂ ਚਾਰ ਪਹਿਰਾਂ ਦੇ ਚੌਖਟੇ ਵਿਚ ਮਨੁੱਖ ਦੀ ਲੰਮੀ ਉਮਰ ਦਾ ਸਾਰਾ ਚਿੱਤਰ ਜੜ ਰੱਖਿਆ ਹੈ। ਇਸ ਤੋਂ ਜਿਥੇ ਮਨੁੱਖ ਆਪਣੇ ਕੀਤੇ ਤੋਂ ਜਾਣੂ ਹੁੰਦਾ ਹੈ ਉਥੇ ਭਵਿੱਖਤ ਦੇ ਸਿੱਟੇ ਵੀ ਉਸ ਦੇ ਸਨਮੁੱਖ ਦ੍ਰਿਸ਼ਟਮਾਨ ਹੁੰਦੇ ਹਨ ਤੇ ਉਹ 'ਹੁਣ' ਦੀ ਸੰਭਾਲ ਲਈ ਸਾਵਧਾਨ ਹੁੰਦਾ ਹੈ। ਇਸ ਸਾਵਧਾਨੀ ਨੂੰ ਜਗਾਉਣਾ ਹੀ ਬਾਣੀ ਦਾ ਮੁੱਖ ਉਪਦੇਸ਼ ਹੈ।

(2)

ਤੁਖਾਰੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਦਾ 'ਪਹਰਾ' ਲੋਕ ਧਾਰਨਾ—ਛੰਤ ਰੂਪ ਵਿਚ

ਉਚਾਰਿਆ ਗਿਆ ਹੈ ਤੇ ਉਥੇ ਜੀਵ ਨੂੰ 'ਵਣਜਾਰਾ' ਕਹਿਣ ਦੀ ਥਾਂ ਸਲੋਨੜੀ ਇਸਤਰੀ ਕਹਿ ਕੇ ਸੰਬੋਧਿਤ ਕੀਤਾ ਗਿਆ ਹੈ। ਜ਼ੋਰ ਵਸਤੂ ਦੀ ਸੰਭਾਲ ਕਰਨ 'ਤੇ ਹੈ ਜੋ ਕਿ ਨੀਂਦ ਦੀ ਹਾਲਤ ਵਿਚ ਖੋਈ ਜਾ ਸਕਦੀ ਹੈ, ਇਸ ਲਈ ਰਾਤ ਦਿਨ ਸਾਵਧਾਨੀ ਵਰਤਣ ਦੀ ਲੋੜ ਹੈ। ਆਤਮ-ਜਾਗ੍ਰਿਤੀ ਵਾਲੇ ਹੀ ਕੁਝ ਪਾ ਸਕਦੇ ਹਨ:

ਪਹਿਲੈ ਪਹਰੈ ਨੈਣ ਸਲੋਨੜੀਏ ਰੈਣਿ ਅੰਧਿਆਰੀ ਰਾਮ ॥
ਵਖਰੁ ਰਾਖੁ ਮੁਈਏ ਆਵੈ ਵਾਰੀ ਰਾਮ ॥...
ਦੂਜਾ ਪਹਰੁ ਭਇਆ ਜਾਗੁ ਅਚੇਤੀ ਰਾਮ ॥
ਵਖਰੁ ਰਾਖੁ ਮੁਈਏ ਖਾਜੈ ਖੇਤੀ ਰਾਮ ॥...
ਤੀਜਾ ਪਹਰੁ ਭਇਆ ਨੀਦ ਵਿਆਪੀ ਰਾਮ ॥
ਮਾਇਆ ਸੁਤ ਦਾਰਾ ਦੂਖਿ ਸੰਤਾਪੀ ਰਾਮ ॥...
ਚਉਥਾ ਪਹਰੁ ਭਇਆ ਦਉਤੁ ਬਿਹਾਗੈ ਰਾਮ ॥
ਤਿਨ ਘਰੁ ਰਾਖਿਅੜਾ ਜੁੋ ਅਨਦਿਨੁ ਜਾਗੈ ਰਾਮ ॥ (ਪੰਨਾ ੧੧੧੦)

ਜ਼ਿੰਦਗੀ ਦੀ ਹਨੇਰੀ ਰਾਤ ਵਿਚ ਵਿਸ਼ੇ-ਵਿਕਾਰ ਚੋਰ ਹਨ, ਜੋ ਦਾਅ ਲਾ ਕੇ ਲੁੱਟਦੇ ਹਨ। ਜੇਕਰ ਗੁਰੂ ਦੀ ਬਖ਼ਸ਼ੀ ਸੂਝ-ਬੂਝ ਦੁਆਰਾ ਸਾਡੀ ਆਤਮਾ ਜਾਗ੍ਰਿਤੀ ਵਿਚ ਆਵੇ ਤਾਂ ਫਿਰ ਇਸ ਚੋਰੀ ਦਾ ਭੈ ਨਹੀਂ ਰਹਿੰਦਾ ਤੇ ਜੀਵਨ ਸ਼ਕਤੀ ਦਾ ਮਾਲ ਸੁਰੱਖਿਅਤ ਰਹਿ ਜਾਂਦਾ ਹੈ।

(11/1972)

ਮਾਝ ਕੀ ਵਾਰ: ਅਧਿਆਤਮਕ ਤੇ ਦਾਰਸ਼ਨਿਕ ਪੱਖ

'ਵਾਰ ਮਾਝ ਕੀ ਤਥਾ ਸਲੋਕ ਮਹਲਾ ੧' ਦੇ ਸਿਰਲੇਖ ਦਾ ਭਾਵ ਇਹ ਹੈ ਕਿ ਮਾਝ ਦੀ ਵਾਰ ਅਤੇ ਇਸ ਨਾਲ ਦਿੱਤੇ ਸਲੋਕ ਗੁਰੂ ਨਾਨਕ ਦੇਵ ਜੀ ਦੇ ਉਚਾਰੇ ਹੋਏ ਹਨ। ਗੁਰੂ ਨਾਨਕ ਦੇਵ ਜੀ ਦੀਆਂ ਤਿੰਨ ਵਾਰਾਂ—ਮਾਝ, ਆਸਾ ਅਤੇ ਮਲਾਰ, ਮਨੁੱਖੀ ਜੀਵਨ ਦੇ ਬਹੁਪੱਖੀ ਜੀਵਨ ਦੇ ਅਧਿਆਤਮਕ ਤੇ ਭਾਈਚਾਰਕ ਗੁਣਾਂ ਦਾ ਵਿਵਰਣ ਪੇਸ਼ ਕਰਦੀਆਂ ਹਨ। ਵਾਰ ਪਉੜੀਆਂ ਦਾ ਗੁੰਦਵਾਂ ਕਾਵਿ ਮਨੁੱਖੀ ਜ਼ਿੰਦਗੀ ਦਾ ਚਿਤਰਣ ਹੈ। ਪਉੜੀਆਂ ਜ਼ਿੰਦਗੀ ਰੂਪੀ ਦਰੱਖ਼ਤ ਦਾ ਤਣਾ ਹਨ ਅਤੇ ਇਸ ਤਣੇ ਨਾਲ ਸਲੋਕਾਂ ਦੀਆਂ ਸ਼ਾਖ਼ਾਂ ਅਤੇ ਲਗਰਾਂ ਜੁੜ ਕੇ ਇਸ ਵਾਰ ਰੂਪੀ ਦਰੱਖ਼ਤ ਦਾ ਵਿਸਥਾਰ ਤੇ ਨਿਖਾਰ ਹੁੰਦਾ ਹੈ।

ਮਾਝ ਦੀ ਵਾਰ ਦੀਆਂ ਕੁਲ 27 ਪਉੜੀਆਂ ਹਨ। ਹਰ ਪਉੜੀ ਅੱਠਾਂ ਤੁਕਾਂ ਦੀ ਹੈ। 14 ਪਉੜੀਆਂ ਨਾਲ ਗੁਰੂ ਨਾਨਕ ਦੇਵ ਜੀ ਦੇ ਸਲੋਕ ਹਨ। ਪਹਿਲੀ ਪਉੜੀ ਵਿਚ ਸਮੁੱਚੀ ਵਾਰ ਦੇ ਭਾਵ ਦਾ ਸਾਰੰਸ਼ ਦਿੱਤਾ ਹੈ। ਪਹਿਲੀ ਪਉੜੀ ਤੋਂ ਪਹਿਲਾਂ ਇਕ ਸਲੋਕ ਵਿਚ ਗੁਰੂ ਦਾ ਮੰਗਲ ਹੈ ਅਤੇ ਗੁਰੂ ਦੇ ਗੁਣਾਂ ਦਾ ਵਰਣਨ ਹੈ:

ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ ॥
ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ ॥੧॥ (ਪੰਨਾ ੧੩੭)

ਗੁਰੂ ਦਾਤਾਰ ਹੈ, ਸ਼ਾਂਤੀ ਤੇ ਠੰਢ ਬਖ਼ਸ਼ਣ ਵਾਲਾ ਸੋਮਾ ਹੈ। ਗਿਆਨ ਦੇ ਚਾਨਣ ਦਾ ਪ੍ਰਕਾਸ਼ਮਾਨ ਦੀਪਕ ਹੈ। ਨਾਮ ਰੂਪੀ ਪਦਾਰਥ ਦਾ ਮਨ ਵਿਚ ਸੰਚਾਰ ਕਰਦਾ ਹੈ, ਜਿਸ ਨਾਲ ਸੁਖ ਸ਼ਾਂਤੀ ਪ੍ਰਾਪਤ ਹੁੰਦੀ ਹੈ।

ਦੂਜੇ ਸਲੋਕ ਵਿਚ ਜਨਮ ਤੋਂ ਅੰਤ ਤਕ ਸਰੀਰਕ ਵਿਕਾਸ ਅਤੇ ਅੰਤ ਮਨੁੱਖੀ ਦੇਹ ਦੇ ਵਿਨਾਸ਼ ਦਾ ਵਰਣਨ ਹੈ:

ਪਹਿਲੈ ਪਿਆਰਿ ਲਗਾ ਥਣ ਦੁਧਿ ॥ ਦੂਜੈ ਮਾਇ ਬਾਪ ਕੀ ਸੁਧਿ ॥
ਤੀਜੈ ਭਯਾ ਭਾਭੀ ਬੇਬ ॥ ਚਉਥੈ ਪਿਆਰਿ ਉਪੰਨੀ ਖੇਡ ॥
ਪੰਜਵੈ ਖਾਣ ਪੀਅਣ ਕੀ ਧਾਤੁ ॥ ਛਿਵੈ ਕਾਮੁ ਨ ਪੁਛੈ ਜਾਤਿ ॥
ਸਤਵੈ ਸੰਜਿ ਕੀਆ ਘਰ ਵਾਸੁ ॥ ਅਠਵੈ ਕ੍ਰੋਧੁ ਹੋਆ ਤਨ ਨਾਸੁ ॥
ਨਾਵੈ ਧਉਲੇ ਉਭੇ ਸਾਹ ॥ ਦਸਵੈ ਦਧਾ ਹੋਆ ਸੁਆਹ ॥
ਗਏ ਸਿਗੀਤ ਪੁਕਾਰੀ ਧਾਹ ॥ ਉਡਿਆ ਹੰਸੁ ਦਸਾਏ ਰਾਹ ॥
ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਵ ॥
ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥ (ਪੰਨਾ ੧੩੭)

ਜਨਮ ਸਮੇਂ ਤੋਂ ਬਾਲਕ ਦਾ ਮਾਤਾ ਦੇ ਥਣਾਂ 'ਚੋਂ ਨਿਕਲੇ ਦੁੱਧ ਨਾਲ ਪਿਆਰ ਉਤਪੰਨ ਹੁੰਦਾ ਹੈ। ਮਗਰੋਂ ਮਾਤਾ-ਪਿਤਾ ਦੀ ਸੋਝੀ ਪੈਦਾ ਹੁੰਦੀ ਹੈ। ਤੀਜੀ ਹਾਲਤ ਵਿਚ ਭਰਾ ਤੇ ਭੈਣ ਨੂੰ ਪਛਾਣਦਾ ਹੈ। ਚੌਥੀ ਅਵਸਥਾ ਖੇਡਣ-ਕੁੱਦਣ ਵਿਚ ਗੁਜ਼ਰਦੀ ਹੈ। ਪੰਜਵੀਂ ਹਾਲਤ ਵਿਚ ਖਾਣ-ਪੀਣ ਦੀ ਰੁਚੀ ਦਾ ਵਿਕਾਸ ਹੁੰਦਾ ਹੈ। ਜਦੋਂ ਛੇਵੀਂ ਪਉੜੀ 'ਤੇ ਪੈਰ ਰੱਖਦਾ ਹੈ ਤਾਂ ਕਾਮ-ਚੇਸ਼ਟਾ ਜ਼ੋਰ ਫੜਦੀ ਹੈ ਤੇ ਜਾਤ-ਕੁਜਾਤ ਦੀ ਪ੍ਰਵਾਹ ਨਹੀਂ ਹੁੰਦੀ, ਸੱਤਵੇਂ ਡੰਡੇ 'ਤੇ ਪੈਰ ਧਰਨ ਨਾਲ ਧਨ ਇਕੱਠਾ ਕਰ ਕੇ ਘਰ-ਬਾਰੀ ਅਖਵਾਉਂਦਾ ਹੈ। ਅੱਠਵੀਂ ਅਵਸਥਾ ਵਿਚ ਕ੍ਰੋਧੀ ਹੋ ਜਾਂਦਾ ਹੈ। ਸਰੀਰ ਰੋਗੀ ਹੋ ਕੇ ਇਸ ਦਾ ਬਲ ਘੱਟ ਜਾਂਦਾ ਹੈ। ਨੌਵੀਂ ਮੰਜ਼ਲ 'ਤੇ ਪੁੱਜਣ 'ਤੇ ਵਾਲ ਚਿੱਟੇ ਹੋ ਜਾਂਦੇ ਹਨ। ਸਾਹ ਖਿੱਚ ਕੇ ਆਉਂਦਾ ਹੈ। ਦਸਵੀਂ ਅਵਸਥਾ ਮੌਤ ਦਾ ਸੁਨੇਹਾ ਲੈ ਕੇ ਆਉਂਦੀ ਹੈ ਤੇ ਆਖ਼ਰ ਤਨ ਸੜ ਕੇ ਸੁਆਹ ਹੋ ਜਾਂਦਾ ਹੈ। ਸੰਗੀ-ਸਾਥੀ ਧਾਹਾਂ ਮਾਰਦੇ ਹਨ, ਅੰਤਮ ਸੰਸਕਾਰ ਕਰਦੇ ਹਨ। ਮਨੁੱਖ ਦਾ ਨਾਂ ਤਕ ਮਿਟ ਜਾਂਦਾ ਹੈ। ਮਨੁੱਖ ਨੂੰ ਅਗਿਆਨਤਾ ਨਾਲ ਪਿਆਰ ਹੈ। ਗੁਰੂ ਦੇ ਉਪਦੇਸ਼ ਨੂੰ ਕਮਾਉਣ ਤੋਂ ਬਿਨਾਂ ਸੰਸਾਰ ਰਸਾਤਲ (ਨਰਕ) ਵਿਚ ਜਾ ਰਿਹਾ ਹੈ। ਅਗਲੇ ਸਲੋਕ ਵਿਚ ਮਨੁੱਖ ਦੀ ਸੰਸਾਰ-ਯਾਤਰਾ ਨੂੰ ਬੜੇ ਖ਼ੂਬਸੂਰਤ ਸ਼ਬਦਾਂ ਵਿਚ ਇਵੇਂ ਬਿਆਨਿਆ ਹੈ:

ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ ॥
ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ ॥
ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ ॥
ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ ॥
ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ ॥ (ਪੰਨਾ ੧੩੮)

ਪਹਿਲੀ ਪਉੜੀ ਵਿਚ ਵਾਰ ਦਾ ਸਮੁੱਚਾ ਭਾਵ ਨਿਰੂਪਣ ਕੀਤਾ ਹੈ। ਅਕਾਲ ਪੁਰਖ ਅਪਹੁੰਚ ਹੈ। ਉਸ ਨੇ ਬਹੁਤ ਰੰਗੀ ਸ੍ਰਿਸ਼ਟੀ ਰਚੀ ਹੈ। ਜੋ ਉਸ ਦੀ ਖੇਡ ਹੈ, ਜਗਤ ਇਕ ਤਮਾਸ਼ਾ ਹੈ। ਕੋਈ ਆ ਰਿਹਾ ਹੈ, ਕੋਈ ਸਦੀਵੀ ਇਥੋਂ ਜਾ ਰਿਹਾ ਹੈ। ਅਕਾਲ ਪੁਰਖ ਤੋਂ ਬਿਨਾਂ ਕੋਈ ਥਿਰ ਨਹੀਂ। ਸਭ ਦ੍ਰਿਸ਼ਟਮਾਨ ਨਾਸ਼ਵੰਤ ਹੈ। ਗੁਰੂ ਦਾ ਉਪਦੇਸ਼ ਮੰਨ ਕੇ ਚੱਲਣ ਵਾਲੇ ਸਨਮੁਖ ਰਹਿੰਦੇ ਹਨ ਤੇ ਪ੍ਰਭੂ-ਪਿਆਰ ਦੇ ਗੂਹੜੇ ਰੰਗ ਵਿਚ ਰੱਤੇ ਹੋਏ ਹਨ। ਪ੍ਰਭੂ ਸਾਰੀਆਂ ਸਿਆਣਪਾਂ ਦਾ ਸੋਮਾ ਹੈ। ਉਸ ਦੀ ਵਡਿਆਈ ਵੱਡੀ ਤੋਂ ਵੱਡੀ ਹੈ। ਉਹਨਾਂ ਪੁਰਸ਼ਾਂ ਤੋਂ ਬਲਿਹਾਰ ਜਾਈਏ ਜੋ ਤਨੋਂ-ਮਨੋਂ ਪ੍ਰਭੂ ਨਾਲ ਜੁੜੇ ਹੋਏ ਹਨ। ਪਉੜੀ ਮਗਰੋਂ ਗੁਰੂ ਅੰਗਦ ਦੇਵ ਜੀ ਦਾ ਇਕ ਸਲੋਕ ਹੈ ਜਿਸ ਵਿਚ ਆਪ ਨੇ ਇਕ ਮਹੱਤਵਪੂਰਨ ਬਚਨ ਫ਼ੁਰਮਾਇਆ ਹੈ:

ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥ (ਪੰਨਾ ੧੩੮)

ਮਨੁੱਖ ਭਾਵੇਂ ਲੁਕ-ਛੁਪ ਕੇ ਪਾਪ ਕਰਦਾ ਹੈ ਪਰ ਪਾਪ ਪ੍ਰਗਟ ਹੋਏ ਬਿਨਾਂ ਨਹੀਂ ਰਹਿੰਦਾ। ਧਰਮ ਦੇ ਆਸਰੇ ਜ਼ਿੰਦਗੀ ਗੁਜ਼ਾਰਨ ਵਾਲਾ ਸੰਸਾਰ ਵਿਚ ਧਰਮੀ ਹੋਣ ਦਾ ਜੱਸ ਖੱਟਦਾ ਹੈ। ਗੁਰੂ ਅੰਗਦ ਦੇਵ ਜੀ ਦਾ ਇਕ ਹੋਰ ਬਹੁਤ ਸੁੰਦਰ ਸਲੋਕ ਹੈ:

ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ ॥
ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ ॥

ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ ॥
ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ ॥੧॥ (ਪੰਨਾ ੧੩੯)

ਕਈ ਵਿਦਵਾਨਾਂ ਨੇ ਭੌਤਿਕ ਇੰਦਰਿਆਂ ਦਾ ਵਿਕਾਰ-ਰਹਿਤ ਹੋਣਾ ਅਰਥਾਇਆ ਹੈ। ਇੰਦਰਿਆਂ 'ਤੇ ਕਾਬੂ ਪਾਉਣਾ ਹੀ ਅਰਥ ਕੀਤਾ ਹੈ ਪਰ ਗੁਰੂ ਅੰਗਦ ਦੇਵ ਜੀ ਨੇ ਅਗਲੇ ਸਲੋਕ ਵਿਚ ਬਿਨਾਂ ਅੱਖਾਂ, ਪੈਰਾਂ, ਹੱਥਾਂ ਦੇ ਅਰਥ ਸਪੱਸ਼ਟ ਕੀਤੇ ਹਨ। ਸਲੋਕ ਦੇ ਸ਼ਬਦ ਹਨ:

ਦਿਸੈ ਸੁਣੀਐ ਜਾਣੀਐ ਸਾਉ ਨ ਪਾਇਆ ਜਾਇ ॥
ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ ॥
ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ ॥
ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ ॥ (ਪੰਨਾ ੧੩੯)

ਅਰਥ ਇਉਂ ਸਮਝ ਪੈਂਦੇ ਹਨ:

ਪ੍ਰਭੂ ਕੁਦਰਤ ਵਿਚ ਰਚਿਆ ਦਿਸ ਰਿਹਾ ਹੈ। ਜੀਵਨ ਦਾ ਨਾਦ ਰਚਨਾ ਰਾਹੀਂ ਸੁਣਿਆ ਜਾ ਰਿਹਾ ਹੈ ਪਰ ਇਸ ਨੂੰ ਸਮਝ ਲੈਣਾ ਹੀ ਕੇਵਲ ਕਾਫ਼ੀ ਨਹੀਂ ਕਿਉਂਕਿ ਪ੍ਰਭੂ-ਮਿਲਾਪ ਲਈ ਨਾ ਪੈਰ ਹਨ, ਨਾ ਹੱਥ ਤੇ ਨਾ ਹੀ ਅੱਖਾਂ। ਪੈਰਾਂ, ਹੱਥਾਂ, ਅੱਖਾਂ ਤੋਂ ਬਿਨਾਂ ਕਿਵੇਂ ਭੱਜਕੇ ਪ੍ਰਭੂ ਨੂੰ ਗਲਵਕੜੀ ਪਾ ਸਕਦੇ ਹਾਂ? ਪ੍ਰਭੂ-ਪ੍ਰੇਮ ਦੇ ਹੱਥ ਹੋਣ, ਪ੍ਰਭੂ ਦੇ ਭੈ ਵਿਚ ਹੁਕਮ ਵਿਚ ਰਹਿਣ ਦੇ ਪੈਰ ਹੋਣੰ, ਪ੍ਰਭੂ ਨਾਲ ਸੁਰਤੀ ਜੋੜਨ ਵਾਲੀਆਂ ਅੱਖਾਂ ਹੋਣ ਤਾਂ ਹੀ ਪ੍ਰਭੂ ਨਾਲ ਜੀਵ-ਇਸਤਰੀ ਦਾ ਮਿਲਾਪ ਹੁੰਦਾ ਹੈ। ਭੌਤਿਕ ਅੰਗਾਂ ਦੀ ਵਰਤੋਂ ਨਾਲ ਭੌਤਿਕ ਵਸਤਾਂ ਦੀ ਪ੍ਰਾਪਤੀ ਹੁੰਦੀ ਹੈ, ਨਿਰੰਕਾਰ ਤਕ ਪੁੱਜਣ ਲਈ ਪਾਰਦਰਸ਼ੀ ਹੋਣ ਦੀ ਲੋੜ ਹੈ, ਪਹਿਲੇ ਸਲੋਕ ਵਿਚ ਵੀ ਅੱਖਾਂ ਬਾਝਹੁ ਵੇਖਣ ਦਾ ਅਰਥ ਸੁਰਤਿ ਦੀਆਂ ਅੱਖਾਂ ਦੀ ਗੱਲ ਹੈ। ਬਾਹਰਲੀਆਂ ਸਰੀਰਕ ਅੱਖਾਂ ਵੱਲ ਇਸ਼ਾਰਾ ਨਹੀਂ, ਉਸ ਦੇ ਭੈ ਵਿਚ ਚੱਲਣ ਵਾਲੇ ਪੈਰਾਂ ਦੀ ਲੋੜ ਹੈ, ਸਰੀਰਕ ਹੱਥਾਂ ਦੀ ਥਾਂ ਹੁਕਮ ਅਨੁਸਾਰ ਵਿਚਰਨ ਨਾਲ ਪ੍ਰਭੂ ਦੇ ਮਿਲਾਪ ਦੇ ਦਰ ਦੇ ਕਿਵਾੜ ਖੁੱਲ੍ਹਦੇ ਹਨ। ਇਕ ਅਗਲੀ ਪਉੜੀ (੪) ਪਿੱਛੇ ਦਿੱਤੇ ਵਿਚਾਰਾਂ ਦੀ ਮੁੜ ਪ੍ਰੋੜ੍ਹਤਾ ਕਰਦੀ ਹੈ:

ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ ॥
ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ ॥
ਮੂਰਖੁ ਭੋਗੇ ਭੋਗੁ ਦੁਖ ਸਬਾਇਆ ॥
ਸੁਖਹੁ ਉਠੇ ਰੋਗ ਪਾਪ ਕਮਾਇਆ ॥
ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ ॥
ਮੂਰਖ ਗਣਤ ਗਣਾਇ ਝਗੜਾ ਪਾਇਆ ॥
ਸਤਿਗੁਰ ਹਥਿ ਨਿਬੇੜੁ ਝਗੜੁ ਚੁਕਾਇਆ ॥
ਕਰਤਾ ਕਰੇ ਸੁ ਹੋਗੁ ਨ ਚਲੈ ਚਲਾਇਆ ॥੪॥ (ਪੰਨਾ ੧੩੯)

ਅੱਗੇ ਚੱਲ ਕੇ ਇਕ ਪਉੜੀ (੬) ਵਿਚ ਸੱਚੇ ਵਿਦਵਾਨ ਦਾ ਵਰਣਨ ਕਰਦੇ ਹਨ:

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥
ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥ (ਪੰਨਾ ੧੪੦)

ਨਿਰੀਆਂ ਕਿਤਾਬੀ ਗੱਲਾਂ ਸਿੱਖਣ ਨਾਲ ਪੁਰਸ਼ ਵਿਦਵਾਨ ਨਹੀਂ ਬਣ ਜਾਂਦਾ, ਇਹੋ ਜਿਹੇ

ਪੜ੍ਹੇ ਹੋਏ ਨੂੰ, ਜੋ ਲੋਭੀ ਤੇ ਹੰਕਾਰੀ ਹੈ, ਮੂਰਖ ਗਿਣਿਆ ਹੈ। ਸਤਿਗੁਰੂ ਦੀ ਦਿੱਤੀ ਮਤਿ ਨੂੰ ਵਿਚਾਰ ਕੇ ਪਰਮਾਤਮਾ ਦਾ ਭਜਨ ਕਰਨਾ, ਸੁਰਤਿ ਨੂੰ ਪ੍ਰਭੂ ਨਾਲ ਜੋੜਨ ਕਰਕੇ ਨਾਮ ਦੇ ਅਖੁੱਟ ਧਨ ਦੀ ਪ੍ਰਾਪਤੀ ਹੁੰਦੀ ਹੈ।

ਗੁਰੂ ਜੀ ਸਚਿਆਰ ਬਣਨ ਦੀ ਗੱਲ ਤੋਰਦੇ ਹਨ। ਸੱਚਾ ਹਿੰਦੂ, ਸੱਚਾ ਮੁਸਲਮਾਨ ਕਿਵੇਂ ਬਣੇ:

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥ (ਪੰਨਾ ੧੪੧)

ਸੱਚ ਨੂੰ ਅਮਲੀ ਜੀਵਨ ਵਿਚ ਵਰਤਣ ਦਾ ਮਾਰਗ ਦੱਸਿਆ ਹੈ। ਪਰਾਇਆ ਹੱਕ ਮੁਸਲਮਾਨ ਲਈ ਸੂਰ ਦੇ ਮਾਸ ਦੇ ਤੁਲ ਹੈ ਤੇ ਹਿੰਦੂ ਲਈ ਗਊ ਦਾ ਮਾਸ ਹੈ। ਗੁਰੂ ਤੇ ਪੈਗ਼ੰਬਰ ਤਾਂ ਹੀ ਸਿਫ਼ਾਰਸ਼ ਕਰਦਾ ਹੈ ਜੇ ਦੂਜੇ ਦਾ ਹੱਕ ਨਾ ਮਾਰੇ, ਹੱਕ-ਹਲਾਲ ਦੀ ਕਮਾਈ ਦਾ ਸੁੰਦਰ ਉਪਦੇਸ਼ ਹੈ। ਕਰਮਾਂ-ਧਰਮਾਂ ਦਾ ਵੀ ਨਿਬੇੜਾ ਇਉਂ ਕੀਤਾ ਹੈ, ਉਪਦੇਸ਼ ਸਭ ਲਈ ਸਾਂਝਾ ਹੈ। ਨਮਾਜ਼ ਤੇ ਸੱਚੇ ਮੁਸਲਮਾਨ ਹੋਣ ਦੀ ਗੱਲ ਇਵੇਂ ਤੋਰਦੇ ਹਨ:

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥ (ਪੰਨਾ ੧੪੧)

ਸੱਚ 'ਤੇ ਪਹਿਰਾ ਦੇਣਾ, ਨੇਕ ਕਮਾਈ ਹਲਾਲ ਹੈ, ਪਹਿਲੀ ਤੇ ਦੂਜੀ ਨਮਾਜ਼ ਦੇ ਉਪਦੇਸ਼ ਹਨ, ਸਭ ਦਾ ਭਲਾ ਪਰਮਾਤਮਾ ਤੋਂ ਮੰਗਣਾ, ਨੀਅਤ ਸੱਚੀ-ਸੁੱਚੀ ਰੱਖਣੀ, ਬਦਨੀਤੀ ਨਹੀਂ ਕਰਨੀ, ਪਰਮਾਤਮਾ ਨੂੰ ਹਰ ਸਮੇਂ ਚੇਤੇ ਰੱਖਣਾ ਇਹੋ ਪੰਜ ਨਮਾਜ਼ਾਂ ਦਾ ਅਧਿਆਤਮਕ ਭਾਵ ਹੈ। ਇਹ ਸੱਚਾ ਕਰਮੀ ਬਣਨ ਦਾ ਮਾਰਗ ਹੈ। ਪੰਜ ਨਮਾਜ਼ਾਂ ਦੀ ਥਾਂ ਅਸੀਂ ਪੰਜ ਬਾਣੀਆਂ ਵੀ ਆਖ ਸਕਦੇ ਹਾਂ:

ਵਿਣੁ ਸਚੇ ਸਭੁ ਕੂੜੁ ਕੂੜੁ ਕਮਾਈਐ ॥
ਵਿਣੁ ਸਚੇ ਕੂੜਿਆਰੁ ਬੰਨਿ ਚਲਾਈਐ ॥
ਵਿਣੁ ਸਚੇ ਤਨੁ ਛਾਰੁ ਛਾਰੁ ਰਲਾਈਐ ॥
ਵਿਣੁ ਸਚੇ ਸਭ ਭੁਖ ਜਿ ਪੈਝੈ ਖਾਈਐ ॥
ਵਿਣੁ ਸਚੇ ਦਰਬਾਰੁ ਕੂੜਿ ਨ ਪਾਈਐ ॥
ਕੂੜੈ ਲਾਲਚਿ ਲਗਿ ਮਹਲੁ ਖੁਆਈਐ ॥
ਸਭੁ ਜਗੁ ਠਗਿਓ ਠਗਿ ਆਈਐ ਜਾਈਐ ॥
ਤਨ ਮਹਿ ਤ੍ਰਿਸਨਾ ਅਗਿ ਸਬਦਿ ਬੁਝਾਈਐ ॥ (ਪੰਨਾ ੧੪੨)

ਮਨੁੱਖ ਨੂੰ ਤ੍ਰਿਸ਼ਨਾ ਦੀ ਅੱਗ ਲੱਗੀ ਹੋਈ ਹੈ। ਇਸ ਨੂੰ ਸ਼ਾਂਤ ਕਰਨ ਦਾ ਉਪਾਅ ਨਾਮ

ਦੀ ਕਮਾਈ ਹੈ। ਸੱਚੇ ਪ੍ਰਭੂ ਤੋਂ ਬਿਨਾਂ ਸਭ ਝੂਠ ਹੈ, ਕੂੜ ਦੇ ਲਾਲਚ ਵਿਚ ਫਸੇ ਇਨਸਾਨ ਨੂੰ ਸੱਚੇ ਮਹਿਲ ਦੀ ਪ੍ਰਾਪਤੀ ਨਹੀਂ ਹੁੰਦੀ। ਪਉੜੀ ਇੱਕੀਵੀਂ ਵਿਚ ਮਹਾਰਾਜ ਫ਼ੁਰਮਾਉਂਦੇ ਹਨ :

ਕੇਤੇ ਕਹਹਿ ਵਖਾਣ ਕਹਿ ਕਹਿ ਜਾਵਣਾ ॥
ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ ॥
ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥ (ਪੰਨਾ ੧੪੮)

ਬੇਅੰਤ ਜੀਵ ਪਰਮਾਤਮਾ ਦੇ ਗੁਣ ਬਿਆਨ ਕਰਦੇ ਸੰਸਾਰ ਤੋਂ ਚਲੇ ਗਏ। ਵੇਦ ਆਦਿ ਧਰਮ ਪੁਸਤਕਾਂ ਵੀ ਪ੍ਰਭੂ ਦੇ ਗੁਣ ਦੱਸਦੇ ਆਏ ਹਨ ਪਰ ਉਸ ਦੇ ਬੇਅੰਤ ਗੁਣਾਂ ਦਾ ਕੋਈ ਸ਼ੁਮਾਰ ਨਹੀਂ ਰਿਹਾ, ਪੜ੍ਹਨ ਨਾਲ ਪ੍ਰਭੂ ਦਾ ਮਿਲਾਪ ਅਸੰਭਵ ਹੈ। ਉਸ ਨਾਲ ਲਿਵ ਜੋੜਨ ਨਾਲ ਹੀ ਪ੍ਰਾਪਤੀ ਹੁੰਦੀ ਹੈ। ਅੱਗੇ ਇਕ ਸਲੋਕ ਵਿਚ ਮਹਾਰਾਜ ਸਰੇਵੜਿਆਂ ਨੂੰ ਤਕੜੇ ਹੱਥੀਂ ਲੈਂਦੇ ਹਨ। ਬਾਹਰਲੀਆਂ ਧਾਰਨਾਵਾਂ ਨੂੰ ਬੇਅਰਥ ਸਮਝਦੇ ਹਨ :

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥ (ਪੰਨਾ ੧੪੯)

ਸਿਰ ਦੇ ਵਾਲ ਖਿਚਵਾ ਕੇ ਕਢਵਾਂਦੇ ਹਨ, ਮੈਲਾ ਪਾਣੀ ਪੀਂਦੇ ਹਨ, ਜੂਠੀ ਰੋਟੀ ਮੰਗ ਕੇ ਖਾਂਦੇ ਹਨ, ਵਿਸ਼ਟਾ ਨੂੰ ਫਰੋਲਦੇ ਹਨ ਤਾਂ ਜੋ ਕੋਈ ਕਿਰਮ ਮਰ ਨਾ ਜਾਏ, ਮੈਲੇ-ਕੁਚੈਲੇ ਰਹਿੰਦੇ ਹਨ, ਪਾਣੀ ਦੀ ਵਰਤੋਂ ਤੋਂ ਸੰਗਦੇ ਹਨ ਆਦਿ। ਗੁਰੂ ਮਹਾਰਾਜ ਫ਼ੁਰਮਾਉਂਦੇ ਹਨ ਕਿ ਜੀਵ ਹਿੰਸਾ ਨੂੰ ਵਹਿਮ ਦੀ ਹੱਦ ਤਕ ਮੰਨ ਕੇ ਅਹਿੰਸਾ ਮਗਰ ਲੱਗੇ ਹਨ। ਗੁਰੂ ਜੀ ਇਹੋ ਜਿਹੇ ਅਨ-ਸੰਤੁਲਨ ਵਿਚਾਰਾਂ ਨੂੰ ਫ਼ਜ਼ੂਲ ਮੰਨਦੇ ਹਨ। ਗੁਰੂ ਸਮੁੰਦਰ ਹੈ ਤੇ ਗੁਰੂ ਦੀ ਸਿੱਖਿਆ ਨਦੀਆਂ ਹਨ ਜਿਨ੍ਹਾਂ ਵਿਚ ਨਹਾਉਣ ਨਾਲ (ਸਿੱਖਿਆ ਗ੍ਰਹਿਣ ਕਰਨ ਨਾਲ) ਵਡਿਆਈ ਮਿਲਦੀ ਹੈ। ਇਹ ਸਿਰ-ਖੁੱਥੇ ਇਸ਼ਨਾਨ (ਨਾਮ ਜਲ ਵਿਚ) ਨਹੀਂ ਕਰਦੇ, ਉਹਨਾਂ ਦੇ ਸਿਰ ਸੱਤ ਮੁੱਠਾਂ ਸਵਾਹ ਦੀਆਂ ਪੈਂਦੀਆਂ ਹਨ (ਮੁਕਾਲਖ ਖੱਟਦੇ ਹਨ)। ਸਤਿਗੁਰੂ ਨਾਨਕ ਦੇਵ ਜੀ ਸੱਚ ਧਰਮ, ਪ੍ਰੇਮਾ ਭਗਤੀ, ਸੇਵਾ ਤੇ ਸਿੱਧਾ-ਪੱਧਰਾ ਜੀਵਨ ਜੀਊਣ ਦਾ ਉਪਦੇਸ਼ ਦਿੰਦੇ ਹਨ।

ਅਖ਼ੀਰਲੀ ਪਉੜੀ ਵਿਚ ਨਿਮਰਤਾ ਸਹਿਤ ਜ਼ਿੰਦਗੀ ਦਾ ਉਪਦੇਸ਼ ਦਿੰਦੇ ਪਰਮਾਤਮਾ ਦਾ ਧੰਨਵਾਦ ਕਰਦੇ ਹਨ। ਇਹ ਗੁਣ ਸਤਿਗੁਰੂ ਨਾਨਕ ਦੇਵ ਜੀ ਦੀ ਮਹਾਨ ਵਡਿਆਈ ਤੇ ਸ੍ਰੇਸ਼ਟ ਗੁਣਾਂ ਦੇ ਭੰਡਾਰ ਹੋਣ ਦਾ ਸੂਚਕ ਹੈ। ਪਉੜੀ ਦੀਆਂ ਤੁਕਾਂ ਦ੍ਰਿਸ਼ਟੀਗੋਚਰ ਹਨ :

ਹਉ ਢਾਢੀ ਵੇਕਾਰੁ ਕਾਰੈ ਲਾਇਆ ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥
ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥
ਢਾਢੀ ਕਰੇ ਪਸਾਉ ਸਬਦੁ ਵਜਾਇਆ ॥
ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥ (ਪੰਨਾ ੧੫੦)

(7/1993)

ਗੁਰੂ ਨਾਨਕ ਸਾਹਿਬ ਰਚਿਤ 'ਪਟੀ' ਦੀ ਅਧਿਆਤਮਕ ਵਿਚਾਰਧਾਰਾ

ਪਟੀ ਪੰਜਾਬੀ-ਸਾਹਿਤ ਦਾ ਉਹ ਕਾਵਿ-ਰੂਪ ਹੈ, ਜਿਸ ਵਿਚ ਪੰਜਾਬੀ ਲਿਪੀ ਦੇ ਪੈਂਤੀ ਅੱਖਰਾਂ ਨੂੰ ਵਾਰੋ-ਵਾਰੀ ਕਿਸੇ ਕਾਵਿ-ਟੋਟੇ ਦੇ ਮੁੱਢ ਵਿਚ ਰੱਖ ਕੇ ਰਚਨਾ ਕੀਤੀ ਜਾਂਦੀ ਹੈ। ਪਟੀ ਗੁਰੂ ਨਾਨਕ ਸਾਹਿਬ ਦੇ ਸਮੇਂ ਲੋਕ-ਪ੍ਰਚਲਿਤ ਇਕ ਕਾਵਿ-ਰੂਪ ਸੀ ਅਤੇ ਗੁਰੂ ਨਾਨਕ ਦੇਵ ਜੀ ਨੇ ਉਹ ਸਾਰੇ ਕਾਵਿ-ਰੂਪ ਆਪਣੀ ਰਚਨਾ ਵਿਚ ਵਰਤੇ ਹਨ ਜਿਹੜੇ ਕਿ ਲੋਕ-ਪ੍ਰਚਲਿਤ ਅਤੇ ਲੋਕ-ਨਿਕਟਤਾ ਦੇ ਧਾਰਨੀ ਸਨ। ਪਟੀ ਅਧਿਆਤਮਕ ਚਿੰਤਨ ਦੀ ਅਭਿਵਿਅਕਤੀ ਲਈ ਇਕ ਬਹੁਤ ਹੀ ਢੁੱਕਵਾਂ ਰੂਪ ਸੀ, ਜਿਸ ਰਾਹੀਂ ਉਹਨਾਂ ਦੀ ਅਧਿਆਤਮਕ ਵਿਚਾਰਧਾਰਾ ਦੀ ਸਾਂਝ ਲੋਕਾਂ ਨਾਲ ਬਹੁਤ ਜਲਦੀ ਹੋ ਸਕਦੀ ਸੀ। ਗੁਰੂ ਨਾਨਕ ਦੇਵ ਜੀ ਦਾ ਮੁੱਖ ਮਨੋਰਥ ਆਪਣਾ ਡੂੰਘਾ ਰਹੱਸਵਾਦੀ ਅਨੁਭਵ ਲੋਕਾਂ ਨਾਲ ਸਾਂਝਾ ਕਰ ਕੇ ਉਹਨਾਂ ਨੂੰ ਦੁਨਿਆਵੀ ਮੰਡਲਾਂ ਤੋਂ ਉਪਰ ਉਠਾ ਕੇ ਆਤਮਿਕ ਮੰਡਲਾਂ ਵਿਚ ਪਹੁੰਚਾਣਾ ਸੀ। ਬੇਸ਼ੱਕ ਅਜਿਹਾ ਕਰਨ ਲਈ ਕਿਸੇ ਪ੍ਰਕਾਰ ਦੇ ਤਿਆਗ ਦੀ ਕੋਈ ਲੋੜ ਆਪ ਨੇ ਨਹੀਂ ਦੱਸੀ ਅਤੇ ਅਜਿਹਾ ਤਦੇ ਹੀ ਹੋ ਸਕਦਾ ਸੀ ਜੇਕਰ ਉਹ ਆਪਣਾ ਸੁਨੇਹਾ ਲੋਕ-ਬੋਲੀ ਅਤੇ ਲੋਕ-ਪ੍ਰਚਲਿਤ ਕਾਵਿ-ਰੂਪਾਂ ਵਿਚ ਦਿੰਦੇ। ਇਹੀ ਕਾਰਣ ਹੈ ਕਿ ਉਹਨਾਂ ਬ੍ਰਾਹਮਣਾਂ ਦੀ ਸੰਸਕ੍ਰਿਤ ਜਿਹੀ ਔਖੀ ਭਾਸ਼ਾ ਨੂੰ ਤਿਲਾਂਜਲੀ ਦੇ ਕੇ ਜਨ-ਸਾਧਾਰਣ ਦੀ ਸਾਧਾਰਣ ਭਾਸ਼ਾ ਅਤੇ ਪ੍ਰਚਲਿਤ ਕਾਵਿ-ਰੂਪਾਂ ਨੂੰ ਆਪਣੇ ਅਧਿਆਤਮਕ ਵਿਚਾਰਾਂ ਦੀ ਅਭਿਵਿਅਕਤੀ ਦਾ ਮਾਧਿਅਮ ਬਣਾਇਆ ਹੈ।

ਰੂਪ ਪੱਖ ਤੋਂ ਪਟੀ ਦੀ ਸਾਂਝ ਫ਼ਾਰਸੀ ਦੀ ਸੀਹਰਫ਼ੀ ਅਤੇ ਸੰਸਕ੍ਰਿਤੀ ਦੀ ਬਾਵਨ ਅਖਰੀ ਨਾਲ ਹੈ। ਸੀਹਰਫ਼ੀ ਅਤੇ ਬਾਵਨ ਅਖਰੀ ਵਿਚ ਵੀ ਸੰਬੰਧਿਤ ਭਾਸ਼ਾ ਦੇ ਅੱਖ਼ਰਾਂ ਨੂੰ ਹਰ ਕਾਵਿ-ਟੋਟੇ ਦੇ ਮੁੱਢ ਵਿਚ ਰੱਖ ਕੇ ਰਚਨਾ ਕੀਤੀ ਜਾਂਦੀ ਹੈ। ਪਟੀ ਕਾਵਿ-ਰੂਪ ਦੀ ਵਰਤੋਂ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਹੋ ਚੁੱਕੇ ਕੁਝ ਭਗਤ ਕਵੀਆਂ ਤੇ ਮਗਰਲੇ ਗੁਰੂ ਸਾਹਿਬਾਨ ਨੇ ਭੀ ਕੀਤੀ ਹੈ। ਗੁਰੂ ਅਮਰਦਾਸ ਜੀ ਨੇ ਭੀ ਇਕ ਪਟੀ ਲਿਖੀ ਹੈ ਜਿਸ ਵਿਚ ਅੱਖਰਾਂ ਦੀ ਗਿਣਤੀ 22 ਦੇ ਕਰੀਬ ਹੈ। ਗੁਰੂ ਅਰਜਨ ਦੇਵ ਜੀ ਨੇ ਗਉੜੀ ਰਾਗ ਵਿਚ ਬਾਵਨ ਅਖਰੀ ਲਿਖੀ ਹੈ। ਕਬੀਰ ਜੀ ਨੇ ਵੀ ਇਕ ਬਾਵਨ ਅਖਰੀ ਲਿਖੀ ਹੈ, ਪਰ ਇਸ ਵਿਚ 'ੜ' ਅੱਖਰਾਂ ਦਾ ਅਭਾਵ ਹੈ। ਗੁਰੂ ਨਾਨਕ ਸਾਹਿਬ ਰਚਿਤ ਪਟੀ ਜਿਥੇ ਸਾਹਿਤਕ ਅਤੇ ਕਾਵਿਕ-ਗੁਣਾਂ, ਅਧਿਆਤਮਕ ਚਿੰਤਨ ਦੀ ਦ੍ਰਿਸ਼ਟੀ ਤੋਂ ਮਹਾਨ ਦਰਜਾ ਰੱਖਦੀ ਹੈ, ਉਥੇ ਭਾਸ਼ਾ ਵਿਗਿਆਨ ਦੀ ਦ੍ਰਿਸ਼ਟੀ ਤੋਂ ਭਾਸ਼ਾ-ਵਿਗਿਆਨੀਆਂ ਲਈ ਪੰਜਾਬੀ ਲਿਪੀ ਦਾ ਮੁੱਢ ਅਤੇ ਵਿਕਾਸ ਉਲੀਕਣ ਲਈ ਇਕ

ਮੀਲ-ਪੱਥਰ ਦਾ ਦਰਜਾ ਰੱਖਦੀ ਹੈ।

ਪਟੀ ਦੀ ਦਾਰਸ਼ਨਿਕ ਤੇ ਅਧਿਆਤਮਕ ਵਿਚਾਰਧਾਰਾ ਲਗਭਗ ਉਹੀ ਹੈ ਜੋ ਉਹਨਾਂ ਦੀਆਂ ਹੋਰ ਰਚਨਾਵਾਂ ਵਿਚ ਪ੍ਰਗਟ ਹੋਈ ਹੈ। ਪਟੀ ਵਿਚ ਗੁਰੂ ਸਾਹਿਬ ਨੇ ਬਹੁਤੀ ਵਿਆਖਿਆ ਅਤੇ ਵਿਸਥਾਰ ਵਿਚ ਨਾ ਜਾ ਕੇ ਬੜੀ ਸੰਜਮ ਭਰਪੂਰ, ਸਰਲ, ਸੌਖੀ, ਠੇਠ ਅਤੇ ਗੁੱਟ ਸ਼ੈਲੀ ਰਾਹੀਂ ਅਤੇ ਇਤਿਹਾਸ, ਮਿਥਿਹਾਸ, ਪ੍ਰਕਿਰਤੀ ਅਤੇ ਬ੍ਰਹਿਮੰਡ ਦੇ ਵਿਸ਼ਾਲ ਪਸਾਰੇ ਵਿਚੋਂ ਬਿੰਬ, ਪ੍ਰਤੀਕ, ਅਲੰਕਾਰ ਵਰਤ ਕੇ ਆਪਣੇ ਰਮਜ਼ਾਂ ਭਰੇ ਗੁਹਜਮਈ ਦਾਰਸ਼ਨਿਕ ਸਿਧਾਂਤਾਂ ਦੀ ਅਭਿਵਿਅਕਤੀ ਕੀਤੀ ਹੈ। ਬੇਸ਼ੱਕ ਸਮੁੱਚੀ ਗੁਰਬਾਣੀ ਵਾਂਗ ਪਟੀ ਵਿਚ ਆਏ ਦਾਰਸ਼ਨਿਕ ਸਿਧਾਂਤਾਂ ਦੀ ਪੁਰਾਤਨ ਭਾਰਤੀ ਦਾਰਸ਼ਨਿਕ ਵਿਰਸੇ ਅਤੇ ਦਾਰਸ਼ਨਿਕ ਗ੍ਰੰਥਾਂ ਨਾਲ ਡੂੰਘੀ ਸਾਂਝ ਪ੍ਰਤੀਤ ਹੁੰਦੀ ਹੈ ਪਰ ਇਤਨੀ ਡੂੰਘੀ ਸਾਂਝ ਦੇ ਬਾਵਜੂਦ ਭਿੰਨਤਾ ਭੀ ਪ੍ਰਤੱਖ ਸਾਕਾਰ ਹੋਈ ਦਿੱਸਦੀ ਹੈ। ਕਈ ਭਾਰਤੀ ਪੁਰਾਤਨ ਦਾਰਸ਼ਨਿਕ ਸਿਧਾਂਤਾਂ ਦਾ ਗੁਰੂ ਨਾਨਕ ਦੇਵ ਜੀ ਨੇ ਜਾਂ ਤਾਂ ਬਿਲਕੁਲ ਖੰਡਨ ਕੀਤਾ ਹੈ ਜਾਂ ਫਿਰ ਉਹਨਾਂ ਨੂੰ ਨਵੇਂ ਰੂਪ ਦੇ ਕੇ ਆਧੁਨਿਕ ਅਰਥ ਦੇ ਕੇ ਪੇਸ਼ ਕੀਤਾ ਹੈ। ਸੋ ਇਹ ਆਖਣਾ ਗੁਰੂ ਨਾਨਕ ਦੇਵ ਜੀ ਦੀ ਸਾਹਿਤਕ, ਕਾਵਿਕ ਅਤੇ ਦਾਰਸ਼ਨਿਕ ਪ੍ਰਤਿਭਾ ਨਾਲ ਅਨਿਆਂ ਕਰਨਾ ਹੈ ਕਿ ਉਹਨਾਂ ਵੇਦਾਂ ਅਤੇ ਉਪਨਿਸ਼ਦਾਂ ਦੇ ਵਿਚਾਰਾਂ ਦੀ ਹੀ ਨਕਲ ਕੀਤੀ ਹੈ ਜਾਂ ਉਹਨਾਂ ਨੂੰ ਨਵੇਂ ਰੰਗ ਵਿਚ ਪੇਸ਼ ਕੀਤਾ ਹੈ। ਬੇਸ਼ੱਕ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੁਝ ਇਕ ਦਾਰਸ਼ਨਿਕ ਸਿਧਾਂਤਾਂ ਨੂੰ ਅਪਣਾ ਲਿਆ ਹੈ ਪਰ ਉਥੇ ਭੀ ਗੁਰੂ ਨਾਨਕ ਦੇਵ ਜੀ ਦੀ ਦਾਰਸ਼ਨਿਕ ਅਤੇ ਰਹੱਸਵਾਦੀ ਪ੍ਰਤਿਭਾ ਦੀ ਚੜ੍ਹੀ ਹੋਈ ਰੰਗਤ ਉਹਨਾਂ ਸੰਬੰਧਿਤ ਸਿਧਾਂਤਾਂ ਨੂੰ ਆਪਣੇ ਮੁੱਢਲੇ ਰੂਪ ਤੋਂ ਨਿਖੇੜਦੀ ਹੈ।

ਪਟੀ ਨਾਲ ਸੰਬੰਧਿਤ ਆਮ ਰਵਾਇਤ ਪ੍ਰਚਲਿਤ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਇਹ ਰਚਨਾ ਕਿਸੇ ਪੰਡਤ ਜਾਂ ਪਾਂਧੇ ਪ੍ਰਤੀ ਉਚਾਰਨ ਕੀਤੀ ਹੈ। ਸੰਬੰਧਿਛ ਰਚਨਾ ਵਿਚ ਆਏ ਕੁਝ ਕੁ ਸੰਬੋਧਨੀ ਸ਼ਬਦਾਂ (ਪੰਡਿਤ, ਰੇ ਮਨਾ, ਭਾਈ, ਵੈਦ ਆਦਿਕ) ਨੂੰ ਲੈ ਕੇ ਕਈ ਵਿਦਵਾਨਾਂ, ਇਤਿਹਾਸਕਾਰਾਂ ਅਤੇ ਜਨਮਸਾਖੀਕਾਰਾਂ (ਜਿਹਾ ਕਿ ਪੁਰਾਤਨ ਜਨਮਸਾਖੀ ਦਾ ਕਰਤਾ ਪਟੀ ਸੱਤਾਂ ਸਾਲਾਂ ਦੀ ਉਮਰ ਵਿਚ ਲਿਖੀ ਦੱਸਦਾ ਹੈ) ਇਹ ਤਰਕ ਕੀਤਾ ਹੈ ਅਤੇ ਕਿਆਸ ਲਗਾਏ ਹਨ ਕਿ ਪਟੀ ਗੁਰੂ ਜੀ ਦੀ ਬਾਲ ਅਵਸਥਾ ਦੀ ਰਚਨਾ ਹੈ ਅਤੇ ਪਾਂਧੇ ਪ੍ਰਤੀ ਉਚਾਰੀ ਗਈ ਹੈ। ਪਰੰਤੂ ਉਪਰੋਕਤ ਵਿਚਾਰ ਬਿਲਕੁਲ ਨਿਰਮੂਲ ਅਤੇ ਬੇ-ਬੁਨਿਆਦ ਜਾਪਦਾ ਹੈ ਕਿਉਂਕਿ ਆਲੋਚਨਾਤਮਕ ਅਤੇ ਸਾਹਿਤਿਕ ਸਰਵੇਖਣ ਕਰਨ ਉਪਰੰਤ ਇਹ ਭਲੀ-ਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਪਟੀ ਗੁਰੂ ਜੀ ਦੀ ਪ੍ਰੌਢ ਉਮਰ ਦੀ ਪ੍ਰੌਢ ਰਚਨਾ ਹੈ। ਜਿਥੋਂ ਤਕ ਪਟੀ ਵਿਚ ਆਏ ਸੰਬੋਧਨੀ ਸ਼ਬਦਾਂ ਦਾ ਸੰਬੰਧ ਹੈ, ਹੋਰਨਾਂ ਭਗਤ-ਕਵੀਆਂ ਅਤੇ ਗੁਰੂ ਸਾਹਿਬਾਨ ਦੀਆਂ ਰਚਨਾਵਾਂ ਵਿਚ ਭੀ ਇਸ ਸੰਬੋਧਨੀ-ਪਦ ਦਾ ਪ੍ਰਯੋਗ ਕੀਤਾ ਗਿਆ ਹੈ। ਭਗਤ ਕਬੀਰ ਜੀ ਕਦੇ ਕਿਸੇ ਪਾਠਸ਼ਾਲਾ ਵਿਚ ਕਿਸੇ ਪਾਂਧੇ ਜਾਂ ਪੰਡਤ ਪਾਸ ਵਿਦਿਆ-ਪ੍ਰਾਪਤੀ ਲਈ ਨਹੀਂ ਗਏ, ਪਰ ਉਹਨਾਂ ਦੀ ਰਚਨਾ ਵਿਚ ਭੀ ਪੰਡਤ ਨੂੰ ਗੁਰੂ ਨਾਨਕ ਦੇਵ ਜੀ ਵਾਂਗ ਹੀ ਸੰਬੋਧਨ ਕੀਤਾ ਗਿਆ ਹੈ। ਜਿਵੇਂ :

ਪੰਡਿਤ ਹੋਇ ਸੁ ਅਨਭੈ ਰਹੈ ॥
ਪੰਡਿਤ ਲੋਗਹ ਕਉ ਬਿਉਹਾਰ ॥

ਗਿਆਨਵੰਤ ਕਉ ਤਤੁ ਬੀਚਾਰ ॥ (ਪੰਨਾ ੩੪੩)

ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਭੀ ਪੰਡਤ ਨੂੰ ਸੰਬੋਧਨ ਕੀਤਾ ਹੈ:

ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ
ਅਵਰਾ ਨੋ ਨ ਸਿਖਾਲਿ ਬਿਖਿਆ ॥ (ਪੰਨਾ ੪੩੪)

ਗੁਰਬਾਣੀ ਵਿਚ ਹੋਰ ਭੀ ਕਈ ਥਾਵਾਂ ਉੱਤੇ ਸਮਕਾਲੀ ਧਾਰਮਿਕ ਲੀਡਰਾਂ, ਮੁੱਲਾਂ, ਮੁਲਾਣਿਆਂ, ਬ੍ਰਾਹਮਣਾਂ, ਪੰਡਤਾਂ, ਕਾਜ਼ੀਆਂ ਅਤੇ ਵੈਦਾਂ ਆਦਿਕ ਨੂੰ ਸੰਬੋਧਨ ਕੀਤਾ ਗਿਆ ਹੈ:

ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ ॥ (ਪੰਨਾ ੧੨੭੯)

ਸੰਬੋਧਨੀ ਪਰੰਪਰਾ ਬਹੁਤ ਪ੍ਰਾਚੀਨ ਪਰੰਪਰਾ ਹੈ। ਅਸੀਂ ਰੋਜ਼ਾਨਾ ਜੀਵਨ ਵਿਚ ਭੀ ਇਸ ਤੱਤ ਦੀ ਸਰਬ-ਵਿਆਪਕ ਵਰਤੋਂ ਵੇਖਦੇ ਹਾਂ। ਸੰਸਾਰ ਦੇ ਪ੍ਰਾਚੀਨਤਮ ਦਾਰਸ਼ਨਿਕ ਗ੍ਰੰਥ ਵੇਦਾਂ ਵਿਚ ਵੀ ਇਹ ਤੱਤ ਉਪਲਬਧ ਹੈ। ਵੇਦਾਂ ਵਿਚ ਅਨੇਕਾਂ ਪ੍ਰਕਿਰਤਕ ਸ਼ਕਤੀਆਂ ਅਤੇ ਪ੍ਰਾਭੌਤਿਕ ਸ਼ਕਤੀਆਂ ਨੂੰ ਸੰਬੋਧਨ ਕੀਤਾ ਗਿਆ ਮਿਲਦਾ ਹੈ ਅਤੇ ਉਹਨਾਂ ਸ਼ਕਤੀਆਂ ਦੀ ਉਸਤਤੀ ਵਿਚ ਮੰਤਰ ਉਚਾਰੇ ਗਏ ਮਿਲਦੇ ਹਨ। ਇਸ ਸਾਰੀ ਵਿਚਾਰ-ਚਰਚਾ ਦਾ ਕੇਂਦਰ-ਬਿੰਦੂ ਇਹ ਹੈ ਕਿ ਪਟੀ ਨੂੰ ਗੁਰੂ ਜੀ ਦੀ ਬਾਲ ਅਵਸਥਾ ਨਾਲ ਸੰਬੰਧਿਤ ਨਹੀਂ ਕੀਤਾ ਜਾ ਸਕਦਾ। ਗੁਰੂ ਜੀ ਦਾ ਜ਼ਿੰਦਗੀ ਬਾਰੇ ਸਰਬ-ਪੱਖੀ ਗਿਆਨ ਅਤੇ ਡੂੰਘਾ ਅਨੁਭਵ ਪੁਰਾਤਨ ਭਾਰਤੀ ਮਿਥਿਹਾਸਕ ਅਤੇ ਇਤਿਹਾਸਕ ਸ਼ਾਸਤਰਾਂ ਦੀ ਅਤੇ ਇਹਨਾਂ ਵਿਚ ਅੰਕਿਤ ਦਾਰਸ਼ਨਿਕ ਸਿਧਾਂਤਾਂ ਦੀ ਜਾਣਕਾਰੀ, ਜ਼ਿੰਦਗੀ ਦਾ ਪ੍ਰੌਢ ਤਜਰਬਾ, ਬ੍ਰਹਿਮੰਡ ਦਾ ਵਿਸ਼ਾਲ ਅਤੇ ਵਿਰਾਟ ਅਨੁਭਵ, ਵੰਨ-ਸੁਵੰਨੀ ਅਰਬੀ, ਫ਼ਾਰਸੀ ਅਤੇ ਸੰਸਕ੍ਰਿਤ ਦੀ ਵਰਤੀ ਸ਼ਬਦਾਵਲੀ, ਵੇਦਾਂਤਕ ਸਿਧਾਂਤਾਂ ਦੀ ਜਾਣਕਾਰੀ, ਜੀਵਨ-ਤਜਰਬੇ, ਆਲੇ-ਦੁਆਲੇ, ਇਤਿਹਾਸ, ਮਿਥਿਹਾਸ, ਪ੍ਰਕਿਰਤੀ ਅਤੇ ਬ੍ਰਹਿਮੰਡ 'ਚੋਂ ਲਏ ਅਨੇਕਾਂ ਅਸਾਧਾਰਣ, ਅਧਿਆਤਮਕ ਅਤੇ ਰਹੱਸਵਾਦੀ ਬਿੰਬ, ਚਿੰਨ੍ਹ, ਸੰਕੇਤ, ਅਲੰਕਾਰ ਅਤੇ ਪ੍ਰਤੀਕ ਇਸ ਗੱਲ ਦੀ ਸਾਖੀ ਭਰਦੇ ਹਨ ਕਿ ਪਟੀ ਗੁਰੂ ਜੀ ਦੀ ਪ੍ਰੌਢ ਉਮਰ ਦੀ ਰਚਨਾ ਹੈ, ਜਦੋਂ ਗੁਰੂ ਜੀ ਨੂੰ ਜੀਵਨ ਅਤੇ ਬ੍ਰਹਿਮੰਡ ਦਾ ਅਨੇਕ-ਪੱਖੀ ਵਿਸ਼ਾਲ ਗਿਆਨ ਅਤੇ ਡੂੰਘਾ ਅਨੁਭਵ ਪ੍ਰਾਪਤ ਹੋ ਗਿਆ ਸੀ।

ਪਟੀ ਦਾ ਮੁੱਢਲਾ ਅਧਿਆਤਮਕ ਚਿੰਤਨ ਦਾ ਨੁਕਤਾ ਬ੍ਰਹਮ-ਸੰਕਲਪ ਹੈ। ਪਟੀ ਵਿਚ ਬ੍ਰਹਮ-ਸੰਕਲਪ ਬਾਰੇ ਗੁਰੂ ਜੀ ਦੀ ਉਹੀ ਧਾਰਨਾ ਹੈ ਜੋ ਉਹਨਾਂ ਜਪੁ ਜੀ ਦੇ ਮੂਲ-ਮੰਤਰ ਵਿਚ ਅੰਕਿਤ ਕੀਤੀ ਹੈ:

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਬ੍ਰਹਮ ਇਕ ਹੈ, ੴ ਬ੍ਰਹਮ ਦਾ ਵਾਚਕ ਹੈ, ਉਹ ਸਤਿ ਹੈ (ਆਦਿ ਸਚੁ ਜੁਗਾਦਿ ਸਚੁ) ਸਾਰੀ ਸ੍ਰਿਸ਼ਟੀ ਦਾ ਕਰਤਾ ਹੈ, ਅਨਾਦਿ ਹੈ, ਨਿਰਭਉ ਤੇ ਨਿਰਵੈਰੁ ਹੈ, ਅਕਾਲ ਅਰਥਾਤ ਮੌਤ ਰਹਿਤ ਹੈ। ਬ੍ਰਹਮ ਸੈਭੰ (ਆਪੀਨੈ੍ ਆਪਿ ਸਾਜਿਓ ਆਪੀਨੈ ਰਚਿਉ ਨਾਉ) ਅਰਥਾਤ ਸ੍ਵੈ-ਪ੍ਰਕਾਸ਼ ਹੈ, ਉਸ ਦਾ ਪ੍ਰਕਾਸ਼ ਆਪੇ ਤੋਂ ਹੈ। ਪਟੀ ਦਾ ਆਰੰਭ ਹੀ ਪਰਮਾਤਮਾ ਦੀ ਉਸਤਤੀ ਅਤੇ ਏਕਤਾ ਦਾ ਗਾਇਨ ਕਰ ਕੇ ਕੀਤਾ ਗਿਆ ਹੈ:

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ ॥ (ਪੰਨਾ ੪੩੨)

ਇਕ ਸਾਹਿਬ ਤੇ ਇਕ ਪਰਮਾਤਮਾ ਹੀ ਸਾਰੀ ਸ੍ਰਿਸ਼ਟੀ ਵਿਚ ਵਿਆਪਕ ਦੱਸਿਆ ਹੈ,

ਪਰ ਇਸ ਦੀ ਸਮਝ ਉਦੋਂ ਪੈਂਦੀ ਹੈ ਜਦ ਉਹ ਮਿਹਰ ਕਰਦਾ ਹੈ:

ਵੰਞੈ ਨਦਰਿ ਕਰੇ ਜਾ ਦੇਖਾ ਦੂਜਾ ਕੋਈ ਨਾਹੀ ॥

ਏਕੋ ਰਵਿ ਰਹਿਆ ਸਭ ਥਾਈ ਏਕੁ ਵਸਿਆ ਮਨ ਮਾਹੀ ॥ (ਪੰਨਾ ੪੩੩)

ਬ੍ਰਹਮ ਇਕ ਹੈ, ਪਰ ਸਰਬ-ਵਿਆਪਕ (Omnipresent) ਹੈ। ਹਰ ਮਨ ਜੋਤਿ-ਸਰੂਪ ਹੈ, ਹਰ ਘਟ ਵਿਚ ਬ੍ਰਹਮ ਦਾ ਵਾਸ ਹੈ। ਅਨੇਕਤਾ ਵਿਚ ਏਕਤਾ ਅਤੇ ਏਕਤਾ ਵਿਚ ਅਨੇਕਤਾ ਹੈ। ਇਹ ਗੁਰਮਤਿ ਦਾ ਬੁਨਿਆਦੀ ਦਾਰਸ਼ਨਿਕ ਨੁਕਤਾ ਹੈ। ਇਹੀ ਗੁਰਮਤਿ ਦੀ ਵਿਲੱਖਣਤਾ ਹੈ। Unity in diversity and diversity in unity ਦਾ ਸਿਧਾਂਤ ਗੁਰਬਾਣੀ ਵਿਚ ਕਈ ਥਾਂ ਅੰਕਿਤ ਹੈ:

ਣਾਣੈ ਰਵਤੁ ਰਹੈ ਘਟ ਅੰਤਰਿ ਹਰਿ ਗੁਣ ਗਾਵੈ ਸੋਈ ॥ (ਪੰਨਾ ੪੩੩)

ਏਕੋ ਰਵਿ ਰਹਿਆ ਸਭ ਥਾਈ...॥ (ਪੰਨਾ ੪੩੩)

ਉਹ ਸਰੀਰ ਰੂਪੀ ਭਾਂਡਿਆਂ ਅਤੇ ਸਾਰੀ ਪ੍ਰਕਿਰਤੀ ਦਾ ਘਾੜਾ ਹੈ:

ਘੜਿ ਭਾਂਡੇ ਜਿਨਿ ਆਵੀ ਸਾਜੀ ਚਾੜਣ ਵਾਹੈ ਤਈ ਕੀਆ ॥ (ਪੰਨਾ ੪੩੨)

ਸ੍ਰਿਸ਼ਟੀ-ਕਰਤਾ ਬਾਰੇ ਦੁਨੀਆਂ ਦੇ ਮਤਾਂ-ਮਤਾਂਤਰਾਂ ਵਿਚ ਬਹੁਤ ਮਤ-ਭੇਦ ਹੈ। ਇਸਲਾਮ ਮਤ ਵਿਚ 'ਕੁਨ' ਤੋਂ ਸਾਰੀ ਸ੍ਰਿਸ਼ਟੀ ਦੀ ਉਤਪਤੀ ਮੰਨੀ ਗਈ ਹੈ। ਈਸਾਈ ਮਤ ਅਨੁਸਾਰ ਈਸਾਈ ਚਿੰਤਕਾਂ ਦੀ ਬੌਧਿਕ ਦ੍ਰਿਸ਼ਟੀ ਤੋਂ ਸੱਤਾਂ ਦਿਨਾਂ ਵਿਚ ਸਾਰੇ ਸੰਸਾਰ ਦੀ ਉਤਪਤੀ ਹੋਈ ਹੈ। ਸਤਵੇਂ ਦਿਨ ਅਰਥਾਤ ਐਤਵਾਰ ਨੂੰ ਬ੍ਰਹਮ ਨੇ ਸ੍ਰਿਸ਼ਟੀ ਰਚ ਕੇ ਆਰਾਮ ਕੀਤਾ। ਸ੍ਰਿਸ਼ਟੀ ਰਚਨਾ ਬਾਰੇ ਗੁਰਮਤਿ ਦ੍ਰਿਸ਼ਟੀਕੋਣ ਬੜਾ ਸਰਲ, ਸਪੱਸ਼ਟ ਅਤੇ ਵਿਲੱਖਣ ਹੈ। ਗੁਰਮਤਿ ਅਨੁਸਾਰ ਸ੍ਰਿਸ਼ਟੀ ਅਨਾਦਿ ਨਹੀਂ ਹੈ। ਸ੍ਰਿਸ਼ਟੀ ਰਚਨਾ ਤੋਂ ਪੂਰਵ ਬ੍ਰਹਮ ਆਪ ਨਿਰਗੁਣ ਅਰਥਾਤ ਅਫੁਰ ਅਵਸਥਾ ਵਿਚ ਸੀ। ਬ੍ਰਹਮ ਤੋਂ ਸਿਵਾਇ ਕੁਝ ਨਹੀਂ ਸੀ, ਧੁੰਧੂਕਾਰਾ ਸੀ। ਮਾਰੂ ਰਾਗ ਵਿਚ ਬ੍ਰਹਮ ਦੀ ਇਸ ਅਫੁਰ ਅਵਸਥਾ ਅਰਥਾਤ ਸੁੰਨ-ਸਮਾਧਿ ਦਾ ਵਰਣਨ ਕੀਤਾ ਹੈ:

ਅਰਬਦ ਨਰਬਦ ਧੁੰਧੂਕਾਰਾ॥

ਧਰਣਿ ਨ ਗਗਨਾ ਹੁਕਮੁ ਅਪਾਰਾ॥ (ਪੰਨਾ ੧੦੩੫)

'ਸੁੰਨ-ਸਮਾਧਿ' ਦੀ ਅਵਸਥਾ ਵਿਚ ਸੁੰਨ ਤੋਂ ਹੀ ਸਾਰੀ ਸ੍ਰਿਸ਼ਟੀ ਵਜੂਦ ਵਿਚ ਆਈ। ਜਦ ਬ੍ਰਹਮ ਨੂੰ ਸ੍ਰਿਸ਼ਟੀ ਰਚਨਾ ਦਾ ਚਾਉ ਅਤੇ ਅਕਾਂਖਿਆ ਹੋਈ ਤਾਂ ਇਕ ਹੀ ਹੁਕਮ ਨਾਲ ਸਾਰੀ ਸ੍ਰਿਸ਼ਟੀ ਹੋਂਦ ਵਿਚ ਆਈ।

ਕੀਤਾ ਪਸਾਉ ਏਕੋ ਕਵਾਉ॥

ਤਿਸ ਤੇ ਹੋਇ ਲਖ ਦਰੀਆਉ॥ (ਪੰਨਾ ੩)

ਪਟੀ ਵਿਚ ਭੀ ਬ੍ਰਹਮ ਤੋਂ ਸ੍ਰਿਸ਼ਟੀ-ਰਚਨਾ ਨੂੰ ਮੰਨਿਆ ਗਿਆ ਹੈ। ਉਹ ਸਾਰੀ ਸ੍ਰਿਸ਼ਟੀ ਦਾ ਕਾਰਣ ਹੈ, ਕਰਤਾ ਹੈ:

ਵਵੈ ਵਾਸੁਦੇਉ ਪਰਮੇਸਰੁ ਵੇਖਣ ਕਉ ਜਿਨਿ ਵੇਸੁ ਕੀਆ ॥

ਵੇਖੈ ਚਾਖੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ ॥ (ਪੰਨਾ ੪੩੪)

ਗੁਰੂ ਨਾਨਕ ਸਾਹਿਬ ਨੇ ਸ੍ਰਿਸ਼ਟੀ-ਰਚਨਾ ਦਾ ਮਨੋਰਥ ਬ੍ਰਹਮ ਦਾ ਚਾਉ ਜਾਂ ਅਨੰਦ ਕਿਹਾ ਹੈ (ਦੁਯੀ ਕੁਦਰਤਿ ਸਾਜਿ ਕੈ ਕਰਿ ਆਸਣ ਡਿਠੋ ਚਾਉ) ਜਿਵੇਂ ਮਨੁੱਖ ਆਪਣੀ ਰਚਨਾਤਮਕ

ਸ਼ਕਤੀ ਦੁਆਰਾ ਸਿਰਜੀ ਕਿਸੇ ਰਚਨਾ, ਕਲਾ-ਕ੍ਰਿਤ ਜਾਂ ਚੀਜ਼ ਨੂੰ ਵੇਖ ਕੇ ਅਨੰਦਿਤ ਹੁੰਦਾ ਹੈ, ਇਸੇ ਤਰ੍ਹਾਂ 'ਬਲਿਹਾਰੀ ਕੁਦਰਤਿ ਵਸਿਆ' ਆਪਣੀ ਸ੍ਰਿਸ਼ਟੀ ਨੂੰ ਵੇਖ-ਵੇਖ ਵਿਗਸਦਾ ਹੈ:

ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ ॥
ਦੇਖੈ ਬੂਝੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ ॥ (ਪੰਨਾ ੪੩੩)

ਗੁਰੂ ਨਾਨਕ ਦੇਵ ਜੀ ਨੇ ਸੰਸਾਰਕ ਖੇਡ ਨੂੰ 'ਚੌਪੜ' ਦੇ ਅਲੰਕਾਰ ਰਾਹੀਂ ਦਰਸਾਇਆ ਹੈ। ਚੌਪੜ ਇਕ ਪੁਰਾਤਨ ਖੇਡ ਹੈ ਜਿਸ ਦੇ 84 ਖਾਨੇ ਹੁੰਦੇ ਹਨ। ਬ੍ਰਹਮ ਸੰਸਾਰ-ਰੂਪੀ ਚੌਪੜ ਦੀ ਖੇਡ ਖੇਡ ਰਿਹਾ ਹੈ। ਚਾਰ ਜੁਗ ਚੌਪੜ ਹਨ। ਬ੍ਰਹਮ ਦੀ ਖੇਡ ਦਾ ਪਸਾਰਾ ਬੇਅੰਤ ਅਤੇ ਅਨੰਤ ਹੈ ਅਤੇ ਇਹ ਚਾਰ ਜੁਗਾਂ (ਸਤਜੁਗ, ਦੁਆਪਰ, ਤ੍ਰੇਤਾ ਅਤੇ ਕਲਜੁਗ) ਦੇ ਵਿਸ਼ਾਲ ਕੈਨਵਸ ਉੱਤੇ ਫੈਲੀ ਹੋਈ ਹੈ:

ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ ॥
ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ ॥ (ਪੰਨਾ ੪੩੩)

ਗੁਰਮਤਿ ਵਿਚਾਰਧਾਰਾ ਅਨੁਸਾਰ ਸ੍ਰਿਸ਼ਟੀ ਅਨਾਦਿ ਨਹੀਂ ਹੈ ਅਰਥਾਤ ਇਸ ਦਾ ਮੁੱਢ ਹੈ, ਇਸ ਦਾ ਕਈ ਵੇਰ ਵਿਨਾਸ਼ ਹੋਇਆ ਹੈ। ਇਸ ਦਾ ਵਿਨਾਸ਼ਕਾਰੀ ਅਤੇ ਸਿਰਜਣਹਾਰ ਕਰਤਾ ਪੁਰਖ ਹੈ। ਇਸ ਬਾਰੇ ਗੁਰੂ ਅਰਜਨ ਦੇਵ ਜੀ ਦਾ ਕਥਨ ਹੈ:

ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥ (ਪੰਨਾ ੨੭੬)
ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥ ਆਪਨੈ ਭਾਣੈ ਲਏ ਸਮਾਏ ॥ (ਪੰਨਾ ੨੯੨)

ਪਟੀ ਵਿਚ ਭੀ ਇਸ ਢਾਹੁਣ ਅਤੇ ਉਸਾਰਨ ਦੀ ਪ੍ਰਕਿਰਿਆ ਵੱਲ ਸੰਕੇਤ ਕੀਤਾ ਗਿਆ ਹੈ:

ਢਢੈ ਢਾਹਿ ਉਸਾਰੈ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ ॥ (ਪੰਨਾ ੪੩੩)

ਮਾਇਆ ਸੰਬੰਧੀ ਭੀ ਗੁਰੂ ਜੀ ਨੇ ਪਟੀ ਵਿਚ ਆਪਣਾ ਦ੍ਰਿਸ਼ਟੀਕੋਣ ਸਪੱਸ਼ਟ ਕੀਤਾ ਹੈ। ਮਾਇਆ ਸ਼ਬਦ ਦਾ ਪ੍ਰਯੋਗ ਪ੍ਰਾਚੀਨ ਤੋਂ ਪ੍ਰਾਚੀਨਤਮ ਗ੍ਰੰਥਾਂ ਵਿਚ ਹੋਇਆ ਮਿਲਦਾ ਹੈ। ਰਿਗਵੇਦ ਵਿਚ ਇੰਦਰ ਦੀ ਅਨੇਕਰੂਪਤਾ ਧਾਰਨ ਕਰਨ ਦੀ ਸ਼ਕਤੀ ਨੂੰ ਮਾਇਆ ਕਿਹਾ ਗਿਆ ਹੈ। ਉਪਨਿਸ਼ਦਾਂ ਵਿਚ ਪ੍ਰਕਿਰਤੀ ਨੂੰ ਮਾਇਆ ਦਾ ਨਾਮ ਦਿੱਤਾ ਗਿਆ ਹੈ ਅਤੇ ਉਪਨਿਸ਼ਦਾਂ ਵਿਚ ਭੀ ਮਾਇਆ ਨੂੰ ਬ੍ਰਹਮ ਦੀ ਰਚਨਾਤਮਕ ਸ਼ਕਤੀ ਕਿਹਾ ਗਿਆ ਹੈ। ਇਹਨਾਂ ਵਿਚ ਮਾਇਆ ਦਾ ਅਨੇਕਾਂ ਰੂਪਾਂ ਤੇ ਰੂਪਕਾਂ ਰਾਹੀਂ ਪ੍ਰਤਿਪਾਦਨ ਹੋਇਆ ਹੈ। ਵੇਦਾਂਤ ਵਿਚ ਮਾਇਆ ਨੂੰ ਅਵਿਦਿਆ ਕਿਹਾ ਗਿਆ ਹੈ ਜੋ ਜੀਵ ਨੂੰ ਬ੍ਰਹਮ ਤੋਂ ਨਿਖੇੜਦੀ ਹੈ। ਕੋਈ ਜੀਵ ਮਾਇਆ ਦੇ ਭਿਅੰਕਰ ਪ੍ਰਭਾਵ ਤੋਂ ਮੁਕਤ ਨਹੀਂ ਹੈ। ਵੇਦਾਂਤ ਵਿਚ ਸੰਸਾਰ ਨੂੰ ਮਿਥਿਆ ਕਿਹਾ ਗਿਆ ਹੈ ਪਰ ਗੁਰਮਤਿ ਅਨੁਸਾਰ ਸੰਸਾਰ ਮਿਥਿਆ ਨਹੀਂ ਹੈ ਸਗੋਂ ਰੱਬ ਦਾ ਘਰ ਹੈ। ਮਾਇਆ ਬ੍ਰਹਮ ਦੁਆਰਾ ਪੈਦਾ ਹੋਈ ਹੈ:

ਛਛੈ ਛਾਇਆ ਵਰਤੀ ਸਭ ਅੰਤਰਿ ਤੇਰਾ ਕੀਆ ਭਰਮੁ ਹੋਆ ॥
ਭਰਮੁ ਉਪਾਇ ਭੁਲਾਈਅਨੁ ਆਪੇ...॥ (ਪੰਨਾ ੪੩੩)
...ਮਾਇਆ ਕੈ ਸੰਗਲਿ ਬੰਧਿ ਲਇਆ ॥ (ਪੰਨਾ ੪੩੨)
ਕਿਆ ਭਰਮੁ ਕਿਆ ਮਾਇਆ ਕਹੀਐ ਜੋ ਤਿਸੁ ਭਾਵੈ ਸੋਈ ਭਲਾ ॥ (ਪੰਨਾ ੪੩੩)

ਪਟੀ ਵਿਚ ਕਰਮ-ਸਿਧਾਂਤ ਦਾ ਭੀ ਨਿਰੂਪਨ ਹੋਇਆ ਹੈ। ਕਰਮ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਸ਼ਾਬਦਿਕ ਅਰਥ ਹੈ ਬਖ਼ਸ਼ਿਸ਼, ਕਿਰਪਾ ਜਾਂ ਦਇਆ। ਉਸ ਦੀ ਬਖ਼ਸ਼ਿਸ਼ ਤੋਂ ਬਿਨਾਂ ਸਭ ਭਗਤੀ ਅਧੂਰੀ ਹੈ। ਸੱਚ ਖੰਡ ਦੀ ਅਕਾਂਖਿਆ ਕਰਨ ਵਾਲੇ ਜਗਿਆਸੂ ਨੂੰ ਕਰਮ-ਖੰਡ 'ਚ ਗੁਜ਼ਰਨਾ ਪੈਂਦਾ ਹੈ। ਮਨੁੱਖ ਚੰਗੇ-ਮੰਦੇ ਕਰਮਾਂ ਸਦਕਾ ਸੰਸਾਰ ਵਿਚ ਆਉਂਦਾ ਹੈ ਪਰ ਮੋਖ ਦੁਆਰ 'ਨਦਰਿ' ਨਾਲ ਹੀ ਪ੍ਰਾਪਤ ਹੋ ਸਕਦਾ ਹੈ:

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥ (ਪੰਨਾ ੨)

ਕਰਮ ਦੁਆਰਾ ਹੀ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ ਜੋ 'ਕਿਵ ਸਚਿਆਰਾ ਹੋਈਐ' ਦੇ ਪਰਮਾਰਥਕ ਮਾਰਗ ਦੀ ਰਹਿਨੁਮਾਈ ਕਰਦਾ ਹੈ ਅਤੇ ਜਗਿਆਸੂ ਨੂੰ ਸਤਿ ਦੀ ਸੋਝੀ ਕਰਾਉਂਦਾ ਹੈ:

ਭਰਮੁ ਉਪਾਇ ਭੁਲਾਈਅਨੁ ਆਪੇ ਤੇਰਾ ਕਰਮੁ ਹੋਆ ਤਿਨੑ ਗੁਰੂ ਮਿਲਿਆ॥ (ਪੰਨਾ ੪੩੩)

ਜੋ ਮਨੁੱਖ ਗੁਰ ਸ਼ਬਦ ਦੀ ਸਮਝ ਵਾਸਤੇ ਚਿੰਤਨ ਕਰਦਾ ਹੈ ਉਹੀ ਸਹਜ ਜਾਂ ਅਡੋਲ ਅਵਸਥਾ ਤਕ ਪਹੁੰਚ ਸਕਦਾ ਹੈ। ਗੁਰੂ ਦੀ ਪ੍ਰਾਪਤੀ ਤੋਂ ਬਿਨਾਂ ਇਹ ਮੁਸ਼ਕਿਲ ਹੀ ਨਹੀਂ ਸਗੋਂ ਅਸੰਭਵ ਵੀ ਹੈ। ਗੁਰੂ ਅਮਰਦਾਸ ਜੀ ਨੇ ਭੀ 'ਅਨੰਦੁ' ਨਾਮੀ ਪ੍ਰਸਿੱਧ ਬਾਣੀ ਵਿਚ ਅਨੰਦ ਦੀ ਪ੍ਰਾਪਤੀ ਗੁਰੂ ਦੁਆਰਾ ਦੱਸੀ ਹੈ:

ਅਨੰਦੁ ਭਇਆ ਮੇਰੀ ਮਾਇ ਸਤਿਗੁਰੂ ਮੈ ਪਾਇਆ॥ (ਪੰਨਾ ੯੧੭)

ਪਟੀ ਵਿਚ ਭੀ ਇਸ ਅਡੋਲ ਅਵਸਥਾ ਦੀ ਪ੍ਰਾਪਤੀ ਗੁਰੂ ਰਾਹੀਂ ਦੱਸੀ ਗਈ ਹੈ:

ਘਘੈ ਘਾਲ ਸੇਵਕੁ ਜੇ ਘਾਲੈ ਸਬਦਿ ਗੁਰੂ ਕੈ ਲਾਗਿ ਰਹੈ॥
ਬੁਰਾ ਭਲਾ ਜੇ ਸਮ ਕਰਿ ਜਾਣੈ ਇਨ ਬਿਧਿ ਸਾਹਿਬੁ ਰਮਤੁ ਰਹੈ॥ (ਪੰਨਾ ੪੩੨)

ਬਾਣੀ ਜਾਂ ਸ਼ਬਦ ਹੀ ਗੁਰੂ ਹੈ। ਗੁਰੂ ਤੋਂ ਬਿਨਾਂ ਮਨ ਜੋ 'ਜੋਤਿ ਸਰੂਪ' ਹੈ, ਦੀ ਸੋਝੀ ਨਹੀਂ ਹੋ ਸਕਦੀ। ਬਾਣੀ ਜਾਂ ਗੁਰੂ ਸ਼ਬਦ ਹੀ ਸਾਰੇ ਅੰਮ੍ਰਿਤਾਂ ਦਾ ਸੋਮਾ ਜਾਂ ਸ੍ਰੋਤ ਹੈ:

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ (ਪੰਨਾ ੯੮੨)
ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ॥
ਜਿਨਿ ਪੀਤੀ ਤਿਸੁ ਮੋਖ ਦੁਆਰ॥ (ਪੰਨਾ ੧੨੭੫)

ਕਰਮ-ਕਾਂਡੀ ਜੀਵਨ ਵਿਅਰਥ ਹੈ, ਸਿਰਫ਼ ਉਸ ਦੀ ਨਦਰਿ ਹੀ ਪਾਰ-ਉਤਾਰਾ ਕਰ ਸਕਦੀ ਹੈ:

ਨਦਰਿ ਕਰੇ ਤਾ ਮੇਲਿ ਮਿਲਾਏ॥
ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ॥
ਗੁਰਮੁਖਿ ਨਾਮੁ ਪਦਾਰਥੁ ਪਾਏ॥ (ਪੰਨਾ ੨੨੨)
...ਨਦਰੀ ਕਰਮਿ ਲੰਘਾਏ ਪਾਰਿ॥ (ਪੰਨਾ ੪੬੫)

ਹਉਮੈ ਮਨੁੱਖੀ ਫ਼ਿਤਰਤ ਦੀ ਬੁਨਿਆਦੀ ਪ੍ਰਵਿਰਤੀ ਹੈ। ਪੰਜ ਪ੍ਰਕਾਰ ਦੇ ਵਿਕਾਰਾਂ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਵਿਚੋਂ ਹਉਮੈ ਜਾਂ ਅਹੰਕਾਰ ਪ੍ਰਮੁੱਖ ਦਰਜਾ ਰੱਖਦਾ ਹੈ। ਹਉਮੈ ਮਨੁੱਖੀ ਫ਼ਿਤਰਤ ਦੀ ਉਹ ਨਿਖੇੜੂ ਪ੍ਰਵਿਰਤੀ ਹੈ ਜੋ ਜੀਵ ਨੂੰ ਜੀਵ ਤੋਂ ਅਤੇ ਜੀਵ ਨੂੰ ਬ੍ਰਹਮ ਤੋਂ ਨਿਖੇੜਦੀ ਹੈ। ਹਉਮੈ ਆਤਮਿਕ ਵਿਕਾਸ ਦੇ ਮਾਰਗ ਵਿਚ ਇਕ ਭਾਰੀ ਰੁਕਾਵਟ ਹੈ। ਜਨਮ

ਅਤੇ ਸੰਸਾਰ-ਉਤਪਤੀ ਦਾ ਕਾਰਣ ਹੀ ਹਉਮੈ ਹੈ। ਸਿੱਧਾਂ ਦੇ ਇਕ ਪ੍ਰਸ਼ਨ ਦੇ ਉੱਤਰ ਵਿਚ ਗੁਰੂ ਜੀ ਨੇ ਕਿਹਾ ਸੀ:

ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥ (ਪੰਨਾ ੯੪੬)

ਅਹੰ, ਅਹੰਕਾਰ, ਮੈਂ, ਹਉਮੈ, ਖ਼ੁਦੀ ਸਭ ਸਮਾਨਾਰਥਕ ਅਤੇ ਪ੍ਰਯਾਏਵਾਚੀ ਸ਼ਬਦ ਹਨ। ਵੇਦਾਂਤ ਵਿਚ ਮਨੁੱਖੀ ਅੰਤਹਕਰਣ ਦੇ ਚਾਰ ਵਿਭਾਗਾਂ ਮਨ, ਚਿਤ, ਬੁੱਧੀ, ਅਹੰਕਾਰ 'ਚ ਹਉਮੈ ਜਾਂ ਅਹੰਕਾਰ ਇਕ ਹੈ। ਬ੍ਰਹਮ ਤੋਂ ਜੀਵ ਨੂੰ ਨਿਖੇੜਨ ਵਾਲੀ ਹਉਮੈ ਹੀ ਹੈ (ਧਨ ਪਿਰ ਕਾ ਇਕ ਹੀ ਸੰਗ ਵਾਸਾ ਵਿਚਿ ਹਉਮੈ ਭੀਤਿ ਕਰਾਰੀ)। ਮਨੁੱਖ ਸੰਸਾਰਕ ਪਦਾਰਥਾਂ ਨੂੰ ਜੱਫੇ ਮਾਰਦਾ ਹੈ ਅਤੇ ਦਿਨ-ਰਾਤ ਹਉਮੈ ਵਿਚ ਫਿਰਦਾ ਰਹਿੰਦਾ ਹੈ। ਅਜਿਹੇ ਮਨੁੱਖ ਨੂੰ ਗੁਰਦੇਵ ਸੁਚੇਤ ਕਰਦੇ ਹਨ:

ਡਡੈ ਡੰਫੁ ਕਰਹੁ ਕਿਆ ਪ੍ਰਾਣੀ ਜੋ ਕਿਛੁ ਹੋਆ ਸੁ ਸਭੁ ਚਲਣਾ॥
ਤਿਸੈ ਸਰੇਵਹੁ ਤਾ ਸੁਖੁ ਪਾਵਹੁ ਸਰਬ ਨਿਰੰਤਰਿ ਰਵਿ ਰਹਿਆ॥ (ਪੰਨਾ ੪੩੩)

ਹਉਮੈ ਦਾ ਸ਼ਿਕਾਰ ਹੋਇਆ ਪ੍ਰਾਣੀ ਆਵਾਗਵਨ ਅਤੇ ਚੌਰਾਸੀ ਦੇ ਗੇੜ ਵਿਚ ਭਟਕਦਾ ਰਹਿੰਦਾ ਹੈ:

...ਲਖ ਚਉਰਾਸੀਹ ਭੀਖ ਭਵਿਆ॥ (ਪੰਨਾ ੪੩੩)
ਮਨਮੁਖ ਫਿਰਹਿ ਨ ਚੇਤਹਿ ਮੂੜੇ ਲਖ ਚਉਰਾਸੀਹ ਫੇਰੁ ਪਇਆ॥ (ਪੰਨਾ ੪੩੪)

ਗੁਰੂ ਜੀ ਦੇ ਸਮੇਂ ਜਨਤਕ ਜੀਵਨ ਵਿਚ ਬ੍ਰਾਹਮਣਾਂ, ਪੰਡਤਾਂ, ਪਾਂਧਿਆਂ ਅਤੇ ਪੁਰੋਹਿਤਾਂ ਦਾ ਕਾਫ਼ੀ ਜ਼ੋਰ ਸੀ। ਇਹਨਾਂ ਹਿੰਦੂ ਧਰਮ ਦੇ ਅਖੌਤੀ ਠੇਕੇਦਾਰਾਂ ਨੇ ਸਮੁੱਚਾ ਜੀਵਨ ਬੜਾ ਘਿਣਾਉਣਾ, ਵਿਸ਼ਾਦ-ਭਰਿਆ ਅਤੇ ਕਰਮ-ਕਾਂਡੀ ਬਣਾ ਛੱਡਿਆ ਸੀ। ਇਸ ਧਾਰਮਿਕ ਸ਼੍ਰੇਣੀ ਨਾਲ ਸੰਬੰਧਿਤ ਅਨੇਕਾਂ ਪ੍ਰਕਾਰ ਦੀਆਂ ਸਮਾਜਿਕ ਬੁਰਿਆਈਆਂ ਸਮਕਾਲੀ ਸਮਾਜ ਵਿਚ ਵਿਆਪਕ ਸਨ, ਦਾ ਗੁਰੂ ਨਾਨਕ ਸਾਹਿਬ ਨੇ ਜ਼ੋਰਦਾਰ ਸ਼ਬਦਾਂ ਵਿਚ ਯਥਾਰਥਕ ਖੰਡਨ ਕੀਤਾ ਹੈ। ਇਹਨਾਂ ਦਾ ਆਪਣਾ ਜੀਵਨ ਦੁਅੰਦਮਈ (ਅੰਤਰ ਪੂਜਾ ਪੜਹਿ ਕਤੇਬਾ ਸੰਜਮ ਤੁਰਕਾ ਭਾਈ) ਧਰਮ ਅਤੇ ਪਰਮਾਰਥ ਤੋਂ ਕੋਹਾਂ ਦੂਰ ਅਤੇ ਮਨੁੱਖਤਾ ਤੋਂ ਸੱਖਣਾ ਸੀ। ਅਸਲ ਵਿਚ ਇਹ ਧਾਰਮਿਕ ਸ਼੍ਰੇਣੀ ਦੀ ਥਾਂ ਕਸਾਈ ਜਮਾਤ (butcher class) ਸੀ। ਇਹਨਾਂ ਦਾ ਜੀਵਨ ਪਖੰਡ ਭਰਪੂਰ ਸੀ। ਪਟੀ ਵਿਚ ਗੁਰੂ ਨਾਨਕ ਦੇਵ ਜੀ ਨੇ ਆਦਰਸ਼ਕ ਪੰਡਤ ਦਾ ਚਿੱਤਰ ਇਸ ਤਰ੍ਹਾਂ ਚਿਤਰਿਆ ਹੈ:

ਙੰਙੈ ਙਿਆਨੁ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ॥
ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ॥ (ਪੰਨਾ ੪੩੨)

ਬ੍ਰਾਹਮਣ ਦੇ ਲੱਛਣ ਅਤੇ ਪਰਿਭਾਸ਼ਾ ਅੰਕਤ ਕਰਦਿਆਂ ਆਪ ਨੇ ਬ੍ਰਾਹਮਣ ਦੇ ਹੇਠ ਲਿਖੇ ਗੁਣਾਂ ਵੱਲ ਸੰਕੇਤ ਕੀਤਾ ਹੈ:

ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ॥
ਜਪੁ ਤਪੁ ਸੰਜਮੁ ਕਮਾਵੈ ਕਰਮੁ॥
ਸੀਲ ਸੰਤੋਖ ਕਾ ਰਖੈ ਧਰਮੁ॥ (ਪੰਨਾ ੧੪੧੧)

ਬ੍ਰਹਮ ਦੇ ਹੋਰਨਾਂ ਰੂਪਾਂ ਤੋਂ ਅਤਿਰਿਕਤ ਬ੍ਰਹਮ ਦੇ ਸਤਿ-ਸਰੂਪ ਦਾ ਭੀ ਪਟੀ ਵਿਚ

ਉਲੇਖ ਹੋਇਆ ਹੈ। ਬ੍ਰਹਮ ਸਤਿ ਹੈ ਕਿਉਂਕਿ ਉਹ ਸੈਭੰ ਹੈ, ਆਪੇ ਤੋਂ ਉਸ ਦਾ ਪ੍ਰਕਾਸ਼ ਹੋਇਆ ਹੈ। ਉਹ ਸਮੇਂ (time), ਸਥਾਨ (place), ਅਤੇ ਕਾਰਣਤਾ ਦੇ ਨਿਯਮ (law of causality) ਦੀ ਕੈਦ ਤੋਂ ਬਾਹਰ ਹੈ, ਇਸ ਲਈ ਸਤਿ ਹੈ। ਪਟੀ ਵਿਚ ਬ੍ਰਹਮ ਨੂੰ ਜਪੁ ਜੀ ਵਾਂਗ ਆਦਿ ਪੁਰਖ ਅਤੇ ਸਤਿ ਮੰਨਿਆ ਗਿਆ ਹੈ:

ਈਵੜੀ ਆਦਿ ਪੁਰਖੁ ਹੈ ਦਾਤਾ ਆਪੇ ਸਚਾ ਸੋਈ ॥ *(ਪੰਨਾ ੪੩੨)*

ਮਨੁੱਖ ਦੀ ਬੁੱਧੀ ਸੀਮਿਤ ਹੈ, ਸੋ ਸਾਨੂੰ ਉਸ ਦੀ ਉਪਮਾ ਕਰਨੀ ਚਾਹੀਦੀ ਹੈ:

ਊੜੈ ਉਪਮਾ ਤਾ ਕੀ ਕੀਜੈ ਜਾ ਕਾ ਅੰਤੁ ਨ ਪਾਇਆ ॥ *(ਪੰਨਾ ੪੩੨)*

ਹਕੀਕਤ ਇਹ ਹੈ ਕਿ ਸਮੁੱਚੀ ਗੁਰਬਾਣੀ ਦਾ ਚਿੰਤਨ ਸਤਿ ਜਾਂ ਸੱਚ ਦਾ ਚਿੰਤਨ ਹੈ। ਸਤਿ ਅਤੇ ਸਤਿਗੁਰੂ ਗੁਰਬਾਣੀ ਦੇ ਕੇਂਦਰੀ ਨੁਕਤੇ ਕਹੇ ਜਾ ਸਕਦੇ ਹਨ। ਗੁਰੂ ਨਾਨਕ ਸਾਹਿਬ ਨੂੰ ਜਦ ਸਿੱਧਾਂ ਨੇ ਪ੍ਰਸ਼ਨ ਕੀਤਾ ਸੀ ਕਿ ਤੁਸੀਂ ਕਿਸ ਚੀਜ਼ ਦੀ ਤਲਾਸ਼ ਵਿਚ ਘਰ ਤਿਆਗ ਕੇ ਇਥੇ ਆਏ ਹੋ ਤਾਂ ਗੁਰੂ ਜੀ ਦਾ ਉੱਤਰ ਸੀ:

ਗੁਰਮੁਖਿ ਖੋਜਤ ਭਏ ਉਦਾਸੀ ॥ ਦਰਸਨ ਕੈ ਤਾਈ ਭੇਖ ਨਿਵਾਸੀ ॥
ਸਾਚ ਵਖਰ ਕੇ ਹਮ ਵਣਜਾਰੇ ॥ ਨਾਨਕ ਗੁਰਮੁਖਿ ਉਤਰਸਿ ਪਾਰੇ ॥ *(ਪੰਨਾ ੯੩੯)*

ਸੋ ਸਤਿ ਦੀ ਪ੍ਰਾਪਤੀ ਗੁਰੂ ਜੀ ਦਾ ਜੀਵਨ ਆਦਰਸ਼ ਸੀ। ਗੁਰਬਾਣੀ ਚਿੰਤਨ ਸਤਿ ਦਾ ਚਿੰਤਨ ਹੈ ਅਤੇ ਸਤਿ ਦਾ ਚਿੰਤਨ ਬ੍ਰਹਮ ਦਾ ਚਿੰਤਨ ਹੈ। ਸੋ ਪਟੀ ਆਪਣੇ ਆਪ ਨੂੰ ਸ਼ਾਇਰ ਆਖਣ ਵਾਲੇ (ਨਾਨਕ ਸਾਇਰ ਇਵ ਕਹਿਆ) ਗੁਰੂ-ਕਵੀ, ਗੁਰੂ ਨਾਨਕ ਦੇਵ ਜੀ ਦੇ ਪ੍ਰੌਢ ਚਿੰਤਨ ਦਾ ਪ੍ਰੌਢਮਈ ਅਭਿਵਿਅੰਜਨਾ ਹੈ।

(4/1974)

ਪਟੀ: ਇਕ ਸਾਹਿਤਿਕ ਅਤੇ ਧਾਰਮਿਕ ਅਧਿਐਨ

'ਪਟੀ' ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਇਕ ਸੁੰਦਰ ਨਮੂਨਾ ਹੈ ਜੋ ਉਹਨਾਂ ਨੇ ਆਪਣੇ ਸਮੇਂ ਪ੍ਰਚਲਿਤ ਤੇ ਲੋਕਪ੍ਰਿਅ ਕਾਵਿ-ਰੂਪਾਂ ਦੇ ਆਧਾਰ 'ਤੇ ਰਚੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤੁਖਾਰੀ ਰਾਗ ਵਾਲੇ ਭਾਗ ਵਿਚ ਸੰਕਲਿਤ 'ਬਾਰਹ ਮਾਹਾ'[1] ਜਿਵੇਂ ਉਦੋਂ ਦੀ ਹਿੰਦੁਸਤਾਨੀ ਕਾਵਿ-ਪਰੰਪਰਾ ਦੇ ਇਕ ਅਜਿਹੇ ਪ੍ਰਸਿੱਧ ਕਾਵਿ-ਰੂਪ ਬਾਰਾਮਾਸ ਦਾ ਧਾਰਨੀ ਹੈ ਤਿਵੇਂ ਇਹ ਪਾਵਨ ਬਾਣੀ 'ਬਾਵਨੀ', 'ਚੌਤੀਸਾ' ਤੇ 'ਸੀਹਰਫ਼ੀ' ਆਦਿ ਦੀ ਕਾਵਿ-ਪਿਰਤ ਨੂੰ ਅਪਣਾਉਂਦਿਆਂ ਰਚੀ ਗਈ ਹੈ।

ਜਿਵੇਂ ਉਕਤ ਬਾਰਾਂਮਾਹ ਪੰਜਾਬੀ ਦਾ ਇਕ ਸੁਤੰਤਰ ਤੇ ਲੋਕ-ਪ੍ਰਵਾਨਿਤ ਕਾਵਿ-ਰੂਪ ਹੈ, ਤਿਵੇਂ ਇਹ ਪਾਵਨ ਬਾਣੀ 'ਪਟੀ' ਵੀ ਇਸ ਦੀ ਇਕ ਵਿਸ਼ੇਸ਼ ਤੇ ਵਿਲੱਖਣ ਕਾਵਿ-ਵੰਨਗੀ ਹੈ ਅਤੇ ਪੰਜਾਬੀ ਸਾਹਿਤ-ਭੰਡਾਰ ਵਿਚ ਇਹ ਦੋਵੇਂ ਰੂਪ ਪਹਿਲਾਂ-ਪਹਿਲ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਹੀ ਸ਼ਾਮਲ ਕੀਤੇ ਹੋਏ ਹਨ।

ਜਿਥੋਂ ਤਕ ਇਸ ਕਾਵਿ-ਰੂਪ ਦੇ ਇਸ ਸਿਰਲੇਖ ਦਾ ਸੰਬੰਧ ਹੈ, ਇਹ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਕ ਹੋਰ ਅਛੂਤੀ ਦੇਣ ਹੈ। ਇਸ ਦਾ ਇਹ ਨਾਂ ਉਹਨਾਂ ਦਾ ਹੀ ਰੱਖਿਆ ਹੋਇਆ ਹੈ ਅਤੇ ਇਸ ਨੂੰ ਲੱਕੜ ਦੀ ਉਸ ਪ੍ਰਚਲਿਤ ਤਖ਼ਤੀ ਜਾਂ ਫੱਟੀ ਦੇ ਪ੍ਰਚਲਿਤ ਨਾਂ ਤੋਂ ਲਿਆ ਹੋਇਆ ਹੈ ਜਿਸ ਉੱਤੇ ਪਾਂਧੇ ਜਾਂ ਅਧਿਆਪਕ ਵੱਲੋਂ ਪਾਏ ਹੋਏ ਪੂਰਨਿਆਂ ਦੀ ਸਹਾਇਤਾ ਨਾਲ ਬਾਲ ਵਿਦਿਆਰਥੀ ਸਿੱਖਣ, ਲਿਖਣ ਤੇ ਪੜ੍ਹਨ ਦਾ ਅਭਿਆਸ ਕਰਿਆ ਕਰਦੇ ਸਨ ਅਤੇ ਜਿਸ ਨੂੰ 'ਪਟੀ' ਆਖਿਆ ਜਾਂਦਾ ਸੀ। ਗੁਰੂ ਸਾਹਿਬ ਨੇ ਇਸ ਨੂੰ ਇਸੇ ਅਰਥ-ਭਾਵ ਵਿਚ ਆਪਣੀ ਇਕ ਹੋਰ ਅਜਿਹੀ ਮਨੋਹਰ ਰਚਨਾ 'ਓਅੰਕਾਰ'[2] ਵਿਚ ਇਉਂ ਵਰਤਿਆ ਹੋਇਆ ਹੈ:

ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ॥ (ਪੰਨਾ ੯੩੮)

ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਆਪਣੀ ਇਸੇ ਰੂਪ ਦੀ ਧਾਰਨੀ ਉਸ ਪਾਵਨ ਬਾਣੀ ਦੇ ਸਿਰਲੇਖ ਲਈ ਇਹੋ ਸ਼ਬਦ ਵਰਤਿਆ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰ-ਅਧੀਨ ਪਾਵਨ ਬਾਣੀ ਦੇ ਐਨ ਬਾਅਦ ਸੰਕਲਿਤ ਹੈ।[3] ਉਹਨਾਂ ਨੇ ਤਾਂ ਇਸ ਨੂੰ ਲਘੂਤਾ ਰੂਪ ਵਿਚ ਵੀ ਇਉਂ ਵਰਤਿਆ ਹੋਇਆ ਹੈ:

ਮੇਰੀ ਪਟੀਆ ਲਿਖਹੁ ਹਰਿ ਗੋਵਿੰਦ ਗੋਪਾਲਾ॥ (ਪੰਨਾ ੧੧੩੩)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਕਾਵਿ-ਰੂਪ ਰਾਹੀਂ ਪੰਜਾਬੀ ਦੀ ਆਪੇ ਘੜੀ-ਸੰਵਾਰੀ ਸੁਦੇਸ਼ੀ ਵਰਣਮਾਲਾ ਦੇ ਅੱਖਰ-ਕ੍ਰਮ ਅਨੁਸਾਰ ਇਹ ਕਾਵਿ-ਮਈ ਕਿਰਤ ਰਚਣ ਦੀ ਇਉਂ ਪਹਿਲ

ਕੀਤੀ ਹੈ।

ਇਸ ਵਿਚ ਭਾਵੇਂ ਇਸ ਦੇ ਸਾਰੇ ਪੈਂਤੀ ਅੱਖਰ ਵਰਤੇ ਹੋਏ ਹਨ ਜਿਨ੍ਹਾਂ ਵਿਚ ਇਸ ਦਾ ਵਿਸ਼ੇਸ਼ ਅੱਖਰ 'ੜ' ਵੀ ਸ਼ਾਮਲ ਹੈ। ਇਸੇ ਕਰਕੇ ਇਸ ਕਾਵਿ-ਰੂਪ ਦਾ ਨਾਂ ਮਗਰੋਂ 'ਪੈਂਤੀ' ਜਾਂ 'ਪੈਂਤੀ ਅੱਖਰੀ' ਵੀ ਪੈ ਗਿਆ ਸੀ।

ਇਸ ਦੀ ਤਰਤੀਬ ਵਰਤਮਾਨ ਵਰਣਮਾਲਾ ਅਰਥਾਤ ਗੁਰਮੁਖੀ ਲਿਪੀ ਤੋਂ ਇਸ ਗੱਲੋਂ ਫ਼ਰਕੀਵੀਂ ਹੈ ਕਿ ਇਹ 'ਸ' ਨਾਂ ਦੇ ਵਿਅੰਜਨ ਤੋਂ ਆਰੰਭਿਤ ਹੈ ਜਦ ਕਿ ਵਰਤਮਾਨ ਲਿਪੀ 'ੳ' ਨਾਂ ਦੇ ਉਸ ਸਵਰ ਤੋਂ ਸ਼ੁਰੂ ਕੀਤੀ ਹੋਈ ਹੈ ਜਿਸ ਨੇ ਇਸ ਦੇ ਤੀਜੇ ਪਦੇ ਦਾ ਮੁੱਢ ਬੰਨ੍ਹਿਆ ਹੋਇਆ ਹੈ। ਕੁਝ ਅੱਖਰਾਂ ਦਾ ਸਰੂਪ ਤੇ ਉਚਾਰਨ ਵੀ ਵਖਰੀਵਾਂ ਹੈ, ਜਿਵੇਂ ਵਰਤਮਾਨ 'ਈੜੀ' ਦਾ ਉਚਾਰਨੀ ਰੂਪ 'ਈਵੜੀ' (ਪਦ ਨੰ. 2) 'ਤੇ 'ਆਇਆ' ਦਾ 'ਆਇੜੈ' (ਪਦ ਨੰ. 34) ਅੰਕਿਤ ਹੈ।

ਪਰੰਤੂ ਇਸ ਵਿਚ ਸੰਚਿਤ ਅੱਖਰਾਂ ਦੀ ਗਿਣਤੀ, ਸਰੂਪ, ਕ੍ਰਮ ਤੇ ਉਚਾਰਨ ਸੌ ਵਿਸਵੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੀ ਮਹਾਨ ਦੇਣ ਹੈ ਅਤੇ ਇਹ ਕੁਝ ਉਹਨਾਂ ਦੀ ਇਸ ਪਾਵਨ ਬਾਣੀ ਤੋਂ ਪਹਿਲਾਂ ਕਿਸੇ ਵੀ ਹੋਰ ਕਿਰਤ ਵਿਚ ਪ੍ਰਾਪਤ ਨਹੀਂ। ਨਾਲੇ ਗੁਰਬਾਣੀ ਤੇ ਗੁਰ-ਇਤਿਹਾਸ ਲਿਖਣ ਲਈ ਇਸ ਦੀ ਵੱਡੇ ਪੱਧਰ 'ਤੇ ਵਰਤੋਂ ਅਤੇ ਪ੍ਰਚਾਰ-ਪ੍ਰਸਾਰ ਵੀ ਉਦੋਂ ਹੀ ਸ਼ੁਰੂ ਹੋਇਆ ਸੀ। ਇਸ ਦੇ ਕੁਝ ਅੱਖਰਾਂ ਦੀ, ਕਿਸੇ ਨਾ ਕਿਸੇ ਰੂਪ ਵਿਚ ਪੂਰਵ ਹੋਂਦ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਪਰੰਤੂ ਹੁਣ ਤਕ ਉਪਲਬਧ ਸਾਮੱਗਰੀ ਤੇ ਜਾਣਕਾਰੀ ਨੂੰ ਮੁੱਖ ਰੱਖਦਿਆਂ ਇਸ ਪਾਵਨ ਬਾਣੀ ਵਿਚ ਵਰਤੀ ਹੋਈ ਸੰਪੂਰਨ ਵਰਣਮਾਲਾ ਦੇ ਰੂਪ, ਕ੍ਰਮ ਤੇ ਉਚਾਰਨ ਨੂੰ ਅਜਿਹੇ ਰੰਦੇ-ਸੰਵਾਰੇ ਰੂਪ ਵਿਚ ਲਿਖਤੀ ਤੌਰ 'ਤੇ ਇਕ ਸੰਪੂਰਨ ਰਚਨਾ ਲਈ ਇਉਂ ਵਰਤਣ ਦੀ ਪਹਿਲ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਕੀਤੀ ਹੋਈ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਹ ਪਾਵਨ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 432 ਤੋਂ 434 ਤਕ ਆਸਾ ਦੇ ਰਾਗ-ਭਾਗ ਵਿਚ ਅੰਕਿਤ ਹੈ। ਇਸ ਵਿਚ ਉਹਨਾਂ ਦਾ ਸੰਦੇਸ਼ ਤੇ ਉਪਦੇਸ਼, ਸਿਧਾਂਤ ਤੇ ਸਿੱਖਿਆ ਇਹਨਾਂ ਅੱਖਰਾਂ ਦੀ ਵਰਤੋਂ ਆਸਰੇ ਜਾਂ ਉਹਨਾਂ ਪ੍ਰਥਾਇ ਕਾਨੀਬੰਦ ਹੈ। ਇਤਨੀ ਸੰਖੇਪ ਤੇ ਸੰਕੁਚਿਤ ਕਿਰਤ ਹੋਣ ਦੇ ਬਾਵਜੂਦ ਇਹ ਉਹਨਾਂ ਦੇ ਮੂਲ ਧਾਰਮਿਕ, ਦਾਰਸ਼ਨਿਕ ਤੇ ਅਧਿਆਤਮਕ ਸਿਧਾਂਤ ਪ੍ਰਸਤੁਤ ਕਰਨ ਵਿਚ ਸਫ਼ਲ ਅਤੇ ਸਾਰਥਿਕ ਹੈ।

ਇਸ ਦਾ ਕੇਂਦਰੀ ਭਾਵ ਇਸ ਦੇ ਦੋਤੁਕੀਏ ਰਹਾਉ ਵਿਚ ਇਉਂ ਸੂਚਿਤ ਹੈ:

ਮਨ ਕਾਹੇ ਭੂਲੇ ਮੂੜ ਮਨਾ ॥
ਜਬ ਲੇਖਾ ਦੇਵਹਿ ਬੀਰਾ ਤਉ ਪੜਿਆ ॥ (ਪੰਨਾ ੪੩੨)

ਅਰਥਾਤ—ਹੇ ਮਨ, ਹੇ ਮੂਰਖ ਮਨ! ਤੂੰ ਕਿਉਂ ਤੇ ਕਿਸ ਲਈ ਭੁੱਲਿਆ ਫਿਰਦਾ ਹੈਂ। ਇਸ ਲਈ ਕਿ ਤੂੰ ਆਪਣੇ ਆਪ ਨੂੰ ਬਹੁਤ ਪੜ੍ਹਿਆ-ਲਿਖਿਆ ਸਮਝ ਰਿਹਾ ਹੈਂ। ਚੇਤੇ ਰੱਖ, ਹੇ ਭਾਈ! ਜਦੋਂ ਤੂੰ ਕਰਮਾਂ ਦਾ ਲੇਖਾ ਚੁਕਾ ਦੇਵੇਂਗਾ ਤਦੋਂ ਤੂੰ ਪੜ੍ਹਿਆ-ਲਿਖਿਆ ਸਮਝਿਆ ਜਾਵੇਂਗਾ।

ਅਜਿਹੇ ਪਰਮਾਰਥਕ ਅਰਥਾਂ ਦੀ ਲਖਾਇਕ ਇਸ ਪਾਵਨ ਬਾਣੀ 'ਪਟੀ' ਦੇ ਸਾਰੇ ਸਵਰਾਂ

ਤੇ ਵਿਅੰਜਨਾਂ ਵਿਚ ਉਹਨਾਂ ਦੇ ਕਈ ਸਿਧਾਂਤਾਂ ਤੇ ਸਿੱਖਿਆਵਾਂ ਨੂੰ ਮਿਸਾਲ ਵਜੋਂ ਇਉਂ ਪ੍ਰਗਟਾਇਆ ਤੇ ਵਿਖਿਆਇਆ ਹੋਇਆ ਹੈ:

1. ਸਾਰੀ ਸ੍ਰਿਸ਼ਟੀ ਦਾ ਸਿਰਜਣਹਾਰ, ਪਾਲਣਹਾਰ ਤੇ ਬਿਨਾਸਣਹਾਰ ਕੇਵਲ ਇਕੋ ਪਰਮਾਤਮਾ ਹੀ ਹੈ ਜੋ ਸਤਿ-ਸਰੂਪ, ਸਰਬ-ਵਿਆਪਕ ਅਤੇ ਸਰਬ-ਦਾਤਾਰ ਹੈ:

   ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ ॥ (ਪੰਨਾ ੪੩੨)

   ਏਕੋ ਰਵਿ ਰਹਿਆ ਸਭ ਥਾਈ ਏਕੁ ਵਸਿਆ ਮਨ ਮਾਹੀ ॥ (ਪੰਨਾ ੪੩੩)

2. ਉਸ ਦੀ ਉਸਤਤ ਕਰਨ, ਉਸ ਦੀ ਸ਼ਰਨ ਧਾਰ, ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣ ਅਤੇ ਸੱਚ ਦੀ ਕਮਾਈ ਤੇ ਨਿਸ਼ਕਾਮ ਸੇਵਾ ਕਰਨ ਨਾਲ ਸਹੀ ਗਿਆਨ, ਸੁਖ, ਅਨੰਦ ਤੇ ਮੁਕਤੀ ਪ੍ਰਾਪਤ ਹੋ ਸਕਦੀ ਹੈ:

   ਸੇਵਾ ਕਰਹਿ ਸੇਈ ਫਲੁ ਪਾਵਹਿ ਜਿਨੀ ਸਚੁ ਕਮਾਇਆ ॥ (ਪੰਨਾ ੪੩੨)

   ਠਠੈ ਠਾਢਿ ਵਰਤੀ ਤਿਨ ਅੰਤਰਿ ਹਰਿ ਚਰਣੀ ਜਿਨ੍ ਕਾ ਚਿਤੁ ਲਾਗਾ ॥

   ਚਿਤੁ ਲਾਗਾ ਸੇਈ ਜਨ ਨਿਸਤਰੇ ਤਉ ਪਰਸਾਦੀ ਸੁਖੁ ਪਾਇਆ ॥ (ਪੰਨਾ ੪੩੩)

   ਕਿਆ ਭਰਮੁ ਕਿਆ ਮਾਇਆ ਕਹੀਐ ਜੋ ਤਿਸੁ ਭਾਵੈ ਸੋਈ ਭਲਾ ॥ (ਪੰਨਾ ੪੩੩)

3. ਅਜਿਹੀ ਜੀਵਨ-ਜਾਚ ਦਾ ਧਾਰਨੀ ਮਨੁੱਖ ਸਮਦ੍ਰਿਸ਼ਟ ਹੁੰਦਾ ਹੈ ਅਤੇ ਸਾਰੇ ਮਨੁੱਖਾਂ ਨੂੰ ਇਕੋ ਪ੍ਰਭੂ ਦੀ ਉਤਪਤ ਤੇ ਉਸੇ ਦੀ ਜੋਤਿ ਤੋਂ ਪ੍ਰਜ੍ਵਲਿਤ ਜਾਣ ਕੇ ਬੁਰੇ-ਭਲੇ ਨੂੰ ਸਮਾਨ ਸਮਝਦਾ ਹੈ:

   ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ ॥ (ਪੰਨਾ ੪੩੨)

   ਬੁਰਾ ਭਲਾ ਜੇ ਸਮ ਕਰਿ ਜਾਣੈ ਇਨ ਬਿਧਿ ਸਾਹਿਬੁ ਰਮਤੁ ਰਹੈ ॥ (ਪੰਨਾ ੪੩੨)

ਇਸ ਰਚਨਾ ਦੇ ਵਿਸ਼ੇ-ਵਸਤੂ ਦੀ ਸੁਰ ਆਸ਼ਾਵਾਦੀ ਹੈ ਅਤੇ ਇਹ ਮਨੁੱਖ ਨੂੰ ਝੂਰਨ ਤੇ ਪਸ਼ੇਮਾਨ ਹੋਣ ਤੋਂ ਹੋੜਦਿਆਂ ਇਸ ਗੱਲ ਦਾ ਯਕੀਨ ਦੁਆਉਂਦੀ ਹੈ ਕਿ ਜਿਸ ਪ੍ਰਭੂ ਨੇ ਉਸ ਨੂੰ ਪੈਦਾ ਕੀਤਾ ਹੈ, ਉਸ ਦੀ ਪਾਲਣਾ-ਪੋਸਣਾ ਦਾ ਪ੍ਰਬੰਧ ਵੀ ਉਸ ਨੇ ਇਉਂ ਆਪੇ ਕੀਤਾ ਹੋਇਆ ਹੈ:

ਝਝੈ ਝੂਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ ਦੇਣਾ ਸੁ ਦੇ ਰਹਿਆ ॥

ਦੇ ਦੇ ਵੇਖੈ ਹੁਕਮੁ ਚਲਾਏ ਜਿਉ ਜੀਆ ਕਾ ਰਿਜਕੁ ਪਇਆ ॥ (ਪੰਨਾ ੪੩੩)

ਇਸੇ ਲਈ ਇਹ ਉਸ ਨੂੰ ਕੇਵਲ ਉਸੇ ਰਾਜ਼ਕ ਤੇ ਸਰਬ-ਦਾਤਾਰ ਪ੍ਰਭੂ ਨੂੰ ਹੀ ਚਿਤਾਰਨ ਅਤੇ ਉਸੇ ਦਾ ਨਾਮ ਧਿਆਉਣ ਤੇ ਉਸ ਦਾ ਲਾਭ ਕਮਾਉਣ ਲਈ ਇਉਂ ਹਲੂਣਦੀ ਹੈ:

ਹਾਹੈ ਹੋਰੁ ਨ ਕੋਈ ਦਾਤਾ ਜੀਅ ਉਪਾਇ ਜਿਨਿ ਰਿਜਕੁ ਦੀਆ ॥

ਹਰਿ ਨਾਮੁ ਧਿਆਵਹੁ ਹਰਿ ਨਾਮਿ ਸਮਾਵਹੁ ਅਨਦਿਨੁ ਲਾਹਾ ਹਰਿ ਨਾਮੁ ਲੀਆ ॥

(ਪੰਨਾ ੪੩੪)

ਇਸ ਦੇ ਨਾਲ ਹੀ ਇਹ ਉਸ ਨੂੰ ਆਪਣੀ ਕੂਣ-ਕਸਰ ਜਾਂ ਦੁੱਖ-ਤਕਲੀਫ਼ ਲਈ ਹੋਰਨਾਂ ਨੂੰ ਦੋਸ਼ੀ ਕਹਿਣ ਜਾਂ ਮੰਨਣ ਤੋਂ ਵੀ ਹੋੜਦੀ ਹੈ ਅਤੇ ਆਪਣੇ ਅਮਲ ਨੇਕ ਤੇ ਸਹੀ ਰੱਖਣ ਲਈ ਪ੍ਰੇਰਦੀ ਹੈ ਕਿਉਂਕਿ ਅੰਤ ਨਿਬੇੜਾ ਤਾਂ ਉਹਨਾਂ ਦੇ ਚੰਗੇ-ਮੰਦੇ ਹੋਣ ਉੱਤੇ ਹੀ ਨਿਰਭਰ

ਹੈ :

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥ (ਪੰਨਾ ੪੩੩)

ਜਿਥੋਂ ਤਕ ਇਸ ਬਾਣੀ, ਭਾਵ 'ਪਟੀ' ਦੇ ਰੂਪ ਤੇ ਬਣਤ ਦਾ ਸੰਬੰਧ ਹੈ, ਇਹ ਉਪਰੋਕਤ 'ਰਹਾਉ' ਤੋਂ ਇਲਾਵਾ ਦੋ-ਦੋ ਤੁਕਾਂ ਦੇ 35 ਪਦਾਂ ਜਾਂ ਬੰਦਾਂ ਦੀ ਧਾਰਨੀ ਹੈ। ਇਹਨਾਂ ਦੀ ਬੰਦਿਸ਼ ਦੋਹਰੇ ਜਾਂ ਦਵੱਈਏ ਦੀ ਬਣਤ ਨਾਲ ਮੇਲ ਖਾਂਦੀ ਹੈ ਪਰ ਇਹ ਉਹਨਾਂ ਦੀ ਮਾਤ੍ਰਿਕ ਹੋਂਦ ਤੋਂ ਮੁਕਤ ਹੈ।

ਵਰਣਮਾਲਾ ਆਧਾਰਿਤ ਹੋਣ ਦੇ ਬਾਵਜੂਦ ਇਸ ਦਾ ਬਿਆਨ ਸਰਲ, ਰਵਾਂ ਤੇ ਰਸਦਾਇਕ ਹੈ। ਗੁਰੂ ਸਾਹਿਬ ਨੇ ਇਸ ਨੂੰ ਸਮਾਪਣ ਲੱਗਿਆਂ ਆਪਣੇ ਆਪ ਨੂੰ 'ਸ਼ਾਇਰ' ਭਾਵ ਕਵੀ ਵਿਦਤ ਕਰਦਿਆਂ ਫ਼ੁਰਮਾਇਆ ਹੈ :

ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ ॥ (ਪੰਨਾ ੪੩੪)

ਇਹ ਪਾਵਨ ਕਥਨ ਹੀ ਉਹਨਾਂ ਦੇ ਪ੍ਰਭੂ ਦੀ ਸਰਬ-ਸ਼ਕਤੀਮਾਨਤਾ ਵਿਚ ਅਟੱਲ ਵਿਸ਼ਵਾਸ, ਸਵੈ-ਚੇਤਨਤਾ, ਅਨੁਭਵੀ ਪ੍ਰੌੜ੍ਹਤਾ ਅਤੇ ਕਾਵਿ-ਪ੍ਰਤਿਭਾ ਦੀ ਵਿਕਸਤਾ ਦੀ ਭਰਪੂਰ ਸਾਖ਼ ਭਰਦਾ ਹੈ।[6]

ਇਸ ਬਾਣੀ ਦਾ ਬਿਆਨ ਭਾਵਪੂਰਤ ਤੇ ਅਲੰਕ੍ਰਿਤ ਹੈ। ਅਨੁਪ੍ਰਾਂਸ (alliteration) ਦੀ ਵਰਤੋਂ ਨੇ, ਮਿਸਾਲ ਵਜੋਂ, ਖ਼ੂਬ ਰੰਗ ਬੰਨ੍ਹਿਆ ਹੋਇਆ ਹੈ, ਜਿਵੇਂ ਇਸ ਦੀ ਇਹ ਪਹਿਲੀ ਤੁਕ ਹੀ ਤਿੰਨ ਸ਼ਬਦਾਂ ਤੋਂ ਸਿਵਾਇ ਸਾਰੀ ਅਨੁਪ੍ਰਾਂਸੀ ਹੈ :

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ ॥ (ਪੰਨਾ ੪੩੨)

ਇਉਂ ਹੀ ਹੇਠਲੀ ਤੁਕ ਵਿਚ 'ਮ' ਧੁਨੀ ਦੀ ਅਜਿਹੀ ਸੁਘੜ ਵਰਤੋਂ ਨੇ ਇਸ ਦੀ ਆਭਾ ਤੇ ਭਾਵ-ਪੂਰਨਤਾ ਵਿਚ ਹੋਰ ਵਾਧਾ ਕੀਤਾ ਹੋਇਆ ਹੈ :

ਮੰਮੈ ਮੋਹੁ ਮਰਣੁ ਮਧੁਸੂਦਨੁ ਮਰਣੁ ਭਇਆ ਤਬ ਚੇਤਵਿਆ ॥ (ਪੰਨਾ ੪੩੪)

ਬੱਬੇ ਅੱਖਰ ਦੁਆਰਾ ਸ੍ਰਿਸ਼ਟੀ ਦੀ ਰਚਨਾ, ਇਸ ਦੇ ਸਿਰਜਨਹਾਰ ਤੇ ਉਸ ਦੇ ਪ੍ਰਬੰਧ ਆਦਿ ਨੂੰ ਕੇਵਲ ਦੋ ਤੁਕਾਂ ਵਿਚ ਹੀ ਚੌਪੜ ਦੀ ਖੇਡ ਰਾਹੀਂ ਇਉਂ ਬਿਆਨਣ ਤੇ ਮੂਰਤਿਆਉਣ ਵਿਚ ਤਾਂ ਮਾਨੋ ਕਮਾਲ ਕਰ ਦਿੱਤਾ ਹੈ :

ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ ॥
ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ ॥ (ਪੰਨਾ ੪੩੩)

ਇਸ ਰਚਨਾ ਦੀਆਂ ਕਈ ਤੁਕਾਂ ਜਾਂ ਤੁਕਾਂਗ ਅਟੱਲ ਸਚਾਈਆਂ ਤੇ ਅਜਿਹੀ ਕਹਾਵਤੀ ਤੁਕ ਦੀਆਂ ਧਾਰਨੀ ਹਨ ਕਿ ਸਹਿਜੇ ਹੀ ਮੂੰਹ ਚੜ੍ਹ ਜਾਣ ਦੀ ਸਮਰੱਥਾ ਰੱਖਦੀਆਂ ਹਨ। ਉਦਾਹਰਣ ਵਜੋਂ :

ਭਭੈ ਭਾਲਹਿ ਸੇ ਫਲੁ ਪਾਵਹਿ ਗੁਰ ਪਰਸਾਦੀ ਜਿਨ੍ ਕਉ ਭਉ ਪਇਆ ॥ (ਪੰਨਾ ੪੩੪)
ਰਾਰੈ ਰਵਿ ਰਹਿਆ ਸਭ ਅੰਤਰਿ ਜੇਤੇ ਕੀਏ ਜੰਤਾ ॥ (ਪੰਨਾ ੪੩੪)
...ਜੋ ਕਿਛੁ ਕਰਣਾ ਸੁ ਕਰਿ ਰਹਿਆ ॥ (ਪੰਨਾ ੪੩੪)

ਅੱਜ ਤੋਂ ਪੰਜ ਸੌ ਵਰ੍ਹੇ ਪਹਿਲਾਂ ਦੀ ਰਚੀ ਹੋਈ ਹੋਣ ਦੇ ਬਾਵਜੂਦ ਇਸ ਬਾਣੀ ਦੀ

ਬੋਲੀ ਦਾ ਮੁਹਾਵਰਾ ਵਰਤਮਾਨ ਪੰਜਾਬੀ ਨਾਲ ਮੇਲ ਖਾਂਦਾ ਹੈ। ਮਿਸਾਲ ਵਜੋਂ ਹੇਠ ਲਿਖੇ ਪਦ ਦੀ ਸ਼ਬਦਾਵਲੀ, ਮੇਰੀ ਜਾਚੇ, ਕਿਸੇ ਅਜੋਕੇ ਪੜ੍ਹੇ-ਲਿਖੇ ਪੰਜਾਬੀ ਨੂੰ ਔਖੀ ਜਾਂ ਓਪਰੀ ਨਹੀਂ ਜਾਪੇਗੀ :

ਢਠੈ ਢਾਹਿ ਉਸਾਰੇ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ ॥

ਕਰਿ ਕਰਿ ਵੇਖੈ ਹੁਕਮੁ ਚਲਾਏ ਤਿਸੁ ਨਿਸਤਾਰੇ ਜਾ ਕਉ ਨਦਰਿ ਕਰੇ ॥ (ਪੰਨਾ ੪੩੩)

ਉਂਞ ਇਸ ਵਿਚ ਕਿਤੇ-ਕਿਤੇ ਹੋਰ ਬੋਲੀਆਂ ਦੇ ਉਦੋਂ ਪ੍ਰਚਲਿਤ ਸ਼ਬਦ ਵੀ ਆਪਣੇ ਤਤਸਮ ਜਾਂ ਤਦਭਵ ਰੂਪ ਵਿਚ ਸਮੋਏ ਹੋਏ ਹਨ। ਜਿਵੇਂ ਪੁਰਤਗਾਲੀ ਦਾ ਸਾਬੂਣ (ਪਦ ਨੰ. 5), ਅਰਬੀ-ਫ਼ਾਰਸੀ ਦੇ 'ਕਰਮ' (ਪਦ ਨੰ. 10), ਅਮਰ (ਪਦ ਨੰ. 33), ਰਿਜਕ (ਪਦ ਨੰ. 12), ਖੁੰਦਕਾਰ (ਪਦ ਨੰ. 6), ਸੰਸਕ੍ਰਿਤ ਦੇ 'ਜਾਨ' (ਪਦ ਨੰ. 10), ਗਯਾਨ ਭੌ ਅਤੇ 'ਟੰਚ' (ਪਦ ਨੰ. 14) ਚੰਡ ਤੋਂ 'ਸਾਹ ਆਲਮ' (ਅਰਥਾਤ ਦੁਨੀਆਂ ਦਾ ਪਾਤਸ਼ਾਹ) ਵਰਗੀ ਫ਼ਾਰਸੀ ਤਰਕੀਬ ਵੀ ਪਦ ਨੰ. 6 ਵਿਚ ਇਉਂ ਵਿਦਮਾਨ ਹੈ:

ਖਪੈ ਖੁੰਦਕਾਰੁ ਸਾਹ ਆਲਮੁ ਕਰਿ ਖਰੀਦਿ ਜਿਨਿ ਖਰਚੁ ਦੀਆ ॥ (ਪੰਨਾ ੪੩੨)

ਪਰਮਾਤਮਾ ਲਈ ਹਿੰਦੂਵੀ ਤੇ ਮੁਸਲਮਾਣੀ ਦੋਵੇਂ ਨਾਂ ਵਰਤੇ ਹੋਏ ਹਨ, ਜਿਵੇਂ ਹਿੰਦੂਵੀ: ਪਰਮੇਸਰ (ਪਦ ਨੰ. 24), ਵਾਸਦੇਵ (ਪਦ ਨੰ. 32), ਗੋਬਿੰਦ (ਪਦ ਨੰ. 7)।

ਮੁਸਲਮਾਨੀ: ਖੁੰਦਕਾਰ (ਖ਼ੁਦਾਵੰਦਗਾਰ ਲਈ, ਪਦ ਨੰ. 6), ਸਾਹ ਆਲਮ (ਪਦ ਨੰ. 6) 'ਭੈਣੇ', 'ਪ੍ਰਾਣੀ' ਤੇ 'ਰਾਇਆ' ਵਰਗੇ ਵਰਤੇ ਹੋਏ ਆਮ ਸੰਬੋਧਨਾਂ ਤੋਂ ਇਲਾਵਾ ਸ਼ੁਰੂ ਵਿਚ ਹੀ ਇਕ ਹੋਰ ਸੰਬੋਧਨ 'ਬੀਰ' ਭਾਵ 'ਹੇ ਵੀਰ' ਦੀ ਹੇਠ-ਵਰਣਿਤ ਵਰਤੋਂ ਬੜੀ ਰਸੀਲੀ ਤੇ ਅਨੂਠੀ ਜਾਪਦੀ ਹੈ:

ਜਬ ਲੇਖਾ ਦੇਵਹਿ ਬੀਰਾ ਤਉ ਪੜਿਆ॥ (ਪੰਨਾ ੪੩੨)

ਹਵਾਲੇ ਅਤੇ ਟਿੱਪਣੀਆਂ

1. ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਸੰਕਲਿਤ ਤੇ ਸੰਪਾਦਿਤ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਮ੍ਰਿਤਸਰ, 1604, ਰਾਗ ਤੁਖਾਰੀ, ਛੰਤ ਮਹਲਾ ੧, ਬਾਰਹ ਮਾਹਾ, ਪੰਨੇ ੧੧੦੭-੧੧੧੦.
2. ਉਕਤ, ਰਾਗ ਰਾਮਕਲੀ ਦਖਣੀ ਓਅੰਕਾਰੁ ਮਹਲਾ ੧, ਪੰਨੇ ੯੨੯-੯੩੮.
3. ਉਕਤ, ਓਅੰਕਾਰ ਮਹਲਾ ੧, ਪੰਨਾ ੯੩੮.
4. ਉਕਤ, ਰਾਗ ਆਸਾ ਮਹਲਾ ੩, ਪਟੀ, ਪੰਨੇ ੪੩੪ ਤੋਂ ੪੩੫.
5. ਉਕਤ, ਰਾਗ ਭੈਰਉ, ਮਹਲਾ ੩, ਪੰਨਾ ੧੧੩੩.
6. ਇਸ ਸੰਬੰਧ ਵਿਚ ਹੋਰ ਵੇਖੋ, ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ॥ (ਪੰਨਾ ੬੬੦)
7. ਇਤਫ਼ਾਕ ਨਾਲ ਜਿਸ ਕਾਲਜ (ਗਾਰਡਨ ਕਾਲਜ, ਰਾਵਲਪਿੰਡੀ, ਪਾਕਿਸਤਾਨ) ਤੋਂ ਮੈਂ ਆਪਣੀ ਪਹਿਲੀ ਐਮ.ਏ. (ਅੰਗਰੇਜ਼ੀ) ਦੀ ਪੜ੍ਹਾਈ-ਲਿਖਾਈ ਕੀਤੀ ਸੀ, ਉਸ ਦਾ ਇਹ ਮਾਟੋ ਜਾਂ ਨੀਤੀ ਵਾਕ ਵੀ ਇਥੇ ਭਾਵ ਦਾ ਲਖਾਇਕ ਸੀ:

   seek and ye shall find.
8. ਬੰਗਾਲ ਦੇ ਸੁਪ੍ਰਸਿੱਧ ਭਾਸ਼ਾ ਵਿਗਿਆਨੀ ਪ੍ਰੋਫ਼ੈਸਰ ਡਾ. ਸੁਕਰਮਰਸੈਨ ਦੀ ਮੈਨੂੰ ਪੂਨੇ ਦੀ ਇਕ ਕਾਨਫ਼ਰੰਸ ਦੌਰਾਨ ਦਿੱਤੀ ਮਿਹਰਬਾਨ ਦੱਸ ਅਨੁਸਾਰ।

(11/2008)

ਗੁਰੂ ਨਾਨਕ ਜੀ ਦੀ ਲਿਖੀ ਪਟੀ

ਪਟੀ ਨਾਂ ਦੀਆਂ ਦੋ ਬਾਣੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਆਸਾ ਰਾਗ ਵਿਚ ਦਰਜ ਹਨ। ਇਹਨਾਂ ਵਿਚੋਂ ਪਹਿਲੀ ਸ੍ਰੀ ਗੁਰੂ ਨਾਨਕ ਦੇਵ ਜੀ ਰਚਿਤ ਪੰਨਾ 432 ਤੋਂ 434 ਤਕ ਹੈ ਅਤੇ ਉਸ ਉੱਤੇ ਸਿਰਲੇਖ ਹੈ 'ਰਾਗੁ ਆਸਾ ਮਹਲਾ ੧ ਪਟੀ ਲਿਖੀ'। ਇਸ ਬਾਣੀ ਦੀਆਂ 35 ਪਉੜੀਆਂ ਹਨ। ਦੂਜੀ ਇਸ ਦੇ ਮੁੱਕਣ ਉੱਤੇ ਪੰਨਾ 434 ਤੋਂ ਆਰੰਭ ਹੁੰਦੀ ਹੈ ਅਤੇ ਉਸ ਉੱਤੇ ਸਿਰਲੇਖ ਹੈ, 'ਆਸਾ ਮਹਲਾ ੩ ਪਟੀ'। ਇਸ ਦੀਆਂ ਕੇਵਲ 18 ਪਉੜੀਆਂ ਹਨ। ਇਹ ਤੀਜੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੀ ਲਿਖਤ ਹੈ।

'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਪੰਨਾ 432 ਉੱਤੇ ਪਟੀ ਦੇ ਅਰਥ ਸਮਝਾਉਂਦਿਆਂ ਇਉਂ ਲਿਖਿਆ ਮਿਲਦਾ ਹੈ:

> *ਤਖਤੀ, ਜਿਸ ਉੱਤੇ ਬਾਲਕ ਅੱਖਰਾਂ ਦੀ ਲਿਖਾਈ ਕਰਦੇ ਹਨ। ਇਥੇ ਇਹ ਬਾਣੀ ਦਾ ਨਾਮ ਹੈ ਕਿਉਂਕਿ ਇਸ ਵਿਚ ਪੈਂਤੀ ਦੇ ਅੱਖਰਾਂ ਨੂੰ ਕ੍ਰਮ ਅਨੁਸਾਰ ਲੈ ਕੇ ਉਪਦੇਸ਼ ਦਿੱਤਾ ਹੈ।*

ਦੂਜੀ ਪਟੀ ਬਾਬਤ ਪੰਨਾ 434 ਉੱਤੇ ਨੋਟ ਹੈ:

> *ਇਹ ਬਾਣੀ ਭੀ ਪਟੀ ਅਖਵਾਉਂਦੀ ਹੈ, ਕਿਉਂਕਿ ਇਸ ਵਿਚ ਭੀ ਅੱਖਰਾਂ ਪ੍ਰਥਾਇ ਉਪਦੇਸ਼ ਦਿੱਤਾ ਹੈ। ਮੁੰਡੇ ਤਾਂ ਪੱਟੀ ਉੱਤੇ ਪਾਂਧੇ ਕੋਲੋਂ ਕੁਝ ਪੜ੍ਹ ਕੇ ਲਿਖਦੇ ਹਨ, ਇਸ ਵਿਚ ਉਲਟਾ ਪਾਂਧੇ ਨੂੰ ਕੁਝ ਸਿਖਾਇਆ ਹੈ। ਇਸ ਪਟੀ ਵਿਚ ਭੀ 35 ਅੱਖਰ ਵਰਤੇ ਹਨ, ਪਰ ਤਰੀਕਾ ਲੰਡਿਆਂ ਦੀ ਮੁਹਾਰਨੀ ਵਾਲਾ ਹੈ। ਪਾਂਧਾ ਅੱਗੇ-ਅੱਗੇ ਸੁਰ ਨਾਲ ਪੜ੍ਹੀ ਜਾਂਦਾ ਹੈ ਅਤੇ ਮੁੰਡੇ ਪਿੱਛੇ-ਪਿੱਛੇ ਪੜ੍ਹੀ ਜਾਂਦੇ ਹਨ। ਇਹ ਮੁਹਾਰਨੀ ਇਉਂ ਸ਼ੁਰੂ ਹੁੰਦੀ ਹੈ: ਅਯੋ, ਅੰਙੈ, ਕਾਖੈ, ਘੰਙੈ, ਰੀਰੀ, ਲਲੀ, ਸਿਧੰ ਙਾਇਆ, ਨਨੈ, ਛਛੈ ਆਦਿ। ਇਥੇ ਅਯੋ=ਅ+ਈ+ਉ ਅਤੇ ਅੰਙੈ=ਅ+ਆਂ। ਰੀਰੀ ਲੱਲੀ=ਨਾਗਰੀ ਦੇ ਅੱਖਰ ਹਨ, ਗੁਰੂ ਜੀ ਭੀ ਇਸੇ ਕ੍ਰਮ ਅਨੁਸਾਰ ਅੱਖਰ ਲੈਂਦੇ ਹਨ।*

ਪੁਰਾਤਨ ਜਨਮਸਾਖੀ ਵਿਚ ਗੁਰੂ ਨਾਨਕ ਦੇਵ ਜੀ ਦੀ ਪਟੀ ਬਾਬਤ ਸਾਖੀ ਉਹਨਾਂ ਦੇ ਸਰੀਰਕ ਰੂਪ ਵਿਚ ਪ੍ਰਕਾਸ਼ (ਜਨਮ) ਹੋਣ ਤੋਂ ਪਿੱਛੋਂ ਪਹਿਲੀ ਹੀ ਹੈ। ਉਸ ਦਾ ਆਰੰਭ ਇਉਂ ਹੈ:

> *ਜਬ ਬਾਬਾ ਬਰਸਾਂ ਸੱਤਾਂ ਕਾ ਹੋਇਆ। ਤਬ ਕਾਲੂ ਕਹਿਆ, ਨਾਨਕ, ਤੂੰ ਪੜ੍ਹ। ਤਬ ਗੁਰੂ ਨਾਨਕ ਕਉ ਪਾਂਧੇ ਪਾਸ ਲੈ ਗਿਆ। ਕਾਲੂ ਕਹਿਆ, ਪਾਂਧੇ ਇਸ ਨੂੰ ਪੜ੍ਹਾਇ। ਤਬ ਪਾਂਧੇ ਪਟੀ ਲਿਖੀ, ਅੱਖਰਾਂ ਪੈਂਤੀਸ ਕੀ ਮੁਹਾਰਣੀ। ਤਬ ਗੁਰੂ ਨਾਨਕ ਲਗਾ*

ਪੜ੍ਹਨ। ਰਾਗ ਆਸਾ ਵਿਚ ਪਟੀ ਮ: ੧ ਪਟੀ ਲਿਖੀ।

ਇਥੇ 'ਤਬ ਪਾਂਧੇ ਪਟੀ ਲਿਖੀ' ਸ਼ਬਦ ਵਿਸ਼ੇਸ਼ ਧਿਆਨ ਯੋਗ ਹਨ। ਕਿਤਾਬਾਂ ਤਾਂ ਆਮ ਪ੍ਰਾਪਤ ਨਹੀਂ ਸਨ ਜੋ ਪੱਟੀ ਜਾਂ ਧਰਤੀ ਉੱਤੇ ਪੂਰਨੇ ਪਾ ਕੇ ਹੀ ਲਿਖਣਾ ਤੇ ਪੜ੍ਹਨਾ ਸਿਖਾਇਆ ਜਾਂਦਾ ਸੀ। ਇਹ 'ਲਿਖੀ' ਪਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਣਾ ਤੇ ਨਾਲ ਮ: ੧ ਹੋਣਾ ਦੱਸਦਾ ਹੈ ਕਿ ਇਹ ਉਹੋ ਪੱਟੀ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਾਂਧੇ ਦੀ ਮੁਹਾਰਨੀ ਵਾਲੀ ਪੱਟੀ ਪੜ੍ਹਦਿਆਂ ਪਰਮਾਰਥਕ ਅਰਥਾਂ ਵਾਲੀ ਪੱਟੀ ਆਪ ਲਿਖੀ ਸੀ। ਇਸ ਤੋਂ ਅੱਗੇ ਇਸ ਪੱਟੀ ਦੀਆਂ 36 ਪਉੜੀਆਂ ਸੰਬੰਧੀ ਲਿਖਿਆ ਹੈ:

> *ਤਬ ਬਾਬੇ ਕਹਿਆ—*
>
> *"ਹੇ ਪੰਡਿਤ! ਹੋਰਿ ਜਿਤਨਾ ਪੜਿਆ ਸੁਣਿਆ ਸਭ ਬਾਦਿ ਹੈ। ਬਿਨਾ ਪਰਮੇਸ਼ਰਿ ਕੇ ਨਾਮ ਸਭ ਬਾਦ ਹੈ।"*
>
> *ਤਬ ਪਾਂਧੇ ਕਹਿਆ—*
>
> *"ਨਾਨਕ ਹੋਰ ਪੜਿਣਾ ਮੇਰੇ ਤਾਈਂ ਬਤਾਈਂ ਵਿਖਾ ਜਿਤੁ ਪੜ੍ਹਿਐ ਛੁੱਟੀਦਾ ਹੈ।"*
>
> *ਤਬ ਨਾਨਕ ਕਹਿਆ—*
>
> *"ਸੁਣਹੋ ਸੁਆਮੀ! ਇਹ ਜੋ ਸੰਸਾਰ ਦਾ ਪੜਿਆ ਐਸਾ ਹੈ ਜੋ ਮਸੁ ਦੀਵੇ ਕੀ ਅਰੁ ਕਾਗਦੁ ਸਣੀ ਕਾ ਅਰ ਕਲਮ ਕਾਨੇ ਕੀ, ਅਰੁ ਮਨ ਲਿਖਣ ਹਾਰ ਅਰ ਲਿਖਿਆ ਸੋ ਕਿਆ ਲਿਖਿਆ? ਮਾਇਆ ਕਾ ਜੰਜਾਲ ਲਿਖਿਆ। ਜਿਤੁ ਲਿਖਿਐ ਸਭ ਵਿਕਾਰੁ ਹੋਵਨਿ। ਉਹ ਲਿਖਣੁ ਸਭੁ ਸਚਿ ਕਾ, ਸੋ ਐਸਾ ਹੈ। ਜੋ ਮਾਇਆ ਕਾ ਮੋਹੁ ਜਾਲਿ ਕਰਿ ਮਸੁ ਕਰੀਐ ਅਰੁ ਤਪੱਸਿਆ ਕਾਗਦੁ ਕਰੀਐ। ਅਰ ਜੋ ਕਿਛੁ ਇਆ ਅੰਤਰ ਕਛੁ ਭਾਉ ਹੈ ਤਿਸ ਕੀ ਕਲਮ ਕਰੀਐ। ਅਰਿ ਫਿਰ ਲਿਖਣਹਾਰ ਕਰਹੁ ਅਵਰ ਲਿਖਿਐ ਸੋ ਕਿਆ ਲਿਖੀਐ, ਪਰਮੇਸਰ ਕਾ ਨਾਮ ਲਿਖੀਐ ਸਾਲਾਹ ਲਿਖਿਐ ਜਿਤੁ ਲਿਖੇ ਸਭ ਵਿਕਾਰ ਮਿਟ ਜਾਇ। ਬੇਅੰਤ ਸੋਭਾ ਲਿਖੇ ਜਿਤੁ ਲਿਖੇ ਮਨ ਸੁਖੀ ਹੋਇ। ਤਿਸ ਕਾ ਅੰਤ ਪਾਰਾਵਾਰ ਕਿਛੁ ਪਾਯਾ ਨਹੀਂ ਜਾਤਾ।"*

ਇਸੇ ਸਾਖੀ ਉੱਤੇ ਆਧਾਰਿਤ ਹੋਰ ਇਤਿਹਸਕਾਰਾਂ ਨੇ ਇਸ ਬਾਣੀ ਦੀ ਉਪਜ ਮੰਨੀ ਹੈ। ਉਪਰੋਕਤ ਟੂਕਾਂ ਵਿਚੋਂ ਹੀ ਸਪੱਸ਼ਟ ਹੈ ਕਿ ਇਸ ਬਾਣੀ ਦਾ ਆਸ਼ਾ ਪੜ੍ਹਨ-ਪੜ੍ਹਾਉਣ ਵਾਲਿਆਂ ਨੂੰ ਸਿੱਖਿਆ ਦੇਣਾ ਹੈ ਕਿ ਇਹ ਇਕ ਅੱਖਰ ਦਾ ਨਾਂ ਲੈ ਕੇ ਉਸੇ ਤੋਂ ਬਣਾਏ ਸ਼ਬਦ ਵਰਤ ਕੇ ਗੁਰੂ ਜੀ ਨੇ ਆਪਣਾ ਆਸ਼ਾ ਪ੍ਰਗਟਾਇਆ ਹੈ।

ਇਥੇ ਆਏ ਅੱਖਰਾਂ ਦੇ ਨਾਵਾਂ ਤੇ ਗਿਣਤੀ ਤੋਂ ਭੀ ਕੁਝ ਸਿੱਟੇ ਪੰਜਾਬੀ ਵਿਦਵਾਨਾਂ ਨੇ ਕੱਢੇ ਹਨ। ਅੱਗੇ ਚੱਲਣ ਤੋਂ ਪਹਿਲਾਂ ਉਹਨਾਂ ਵਿਚੋਂ ਦੋ ਵੱਲ ਇਥੇ ਸੰਕੇਤ ਕਰਨਾ ਜ਼ਰੂਰੀ ਭਾਸਦਾ ਹੈ।

1. ਕਿਉਂਕਿ ਇਹ ਨਾਂ ਪੰਜਾਬੀ ਅੱਖਰਾਂ ਵਿਚ ਵਰਤੇ ਜਾਂਦੇ ਨਾਵਾਂ ਅਨੁਸਾਰ, ਸਸਾ, ਕਕਾ, ਖਖਾ, ਈੜੀ, ਐੜਾ ਆਦਿ ਹਨ, ਇਸ ਲਈ ਇਹ ਪੰਜਾਬੀ ਪੈਂਤੀ ਦੀ ਪੱਟੀ ਹੈ ਤੇ ਇਸ ਤੋਂ ਪਤਾ ਲੱਗਦਾ ਹੈ ਕਿ ਪੰਜਾਬੀ ਲਿਪੀ ਦੇ ਅੱਖਰ ਗੁਰੂ ਜੀ ਦੇ ਵੇਲੇ ਪ੍ਰਚਲਿਤ ਸਨ।

2. ਅੱਖਰਾਂ ਦੀ ਗਿਣਤੀ 35 ਤੇ ਪੰਜਾਬੀ ਦੀ ਵਿਸ਼ੇਸ਼ ਧੁਨੀ 'ੜ' ਦਾ ਹੋਣਾ ਭੀ ਇਸ ਨੂੰ ਗੁਰਮੁਖੀ ਦੀ ਪੈਂਤੀ ਹੀ ਸਿੱਧ ਕਰਦਾ ਹੈ।

ਗੁਰਮੁਖੀ (ਪੰਜਾਬੀ) ਲਿਪੀ ਇਸ ਤੋਂ ਪਹਿਲਾਂ ਹੈ ਸੀ ਜਾਂ ਨਹੀਂ, ਸਾਡੀ ਇਥੇ ਇਹ ਬਹਿਸ ਨਹੀਂ, ਸਗੋਂ ਸ. ਜੀ.ਬੀ. ਸਿੰਘ ਦੀ ਪੁਸਤਕ 'ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ' ਪੜ੍ਹ ਕੇ ਲੇਖਕ ਦਾ ਵਿਸ਼ਵਾਸ ਬਣ ਚੁੱਕਾ ਹੈ ਕਿ ਪੰਜਾਬੀ ਅੱਖਰ ਜ਼ਰੂਰ ਪਹਿਲਾਂ ਹੀ ਪ੍ਰਚੱਲਤ ਹੋਣਗੇ। ਵਿਚਾਰ ਗੋਚਰੀ ਗੱਲ ਕੇਵਲ ਇੰਨੀ ਹੈ ਕਿ ਕੀ ਇਸ ਪੱਟੀ ਤੋਂ ਇਹ ਗੱਲ ਸਿੱਧ ਹੁੰਦੀ ਹੈ? ਸਾਡਾ ਵਿਚਾਰ ਹੈ, ਨਹੀਂ।

ਜੇ ਅੱਖਰਾਂ ਦੇ ਨਾਵਾਂ ਵੱਲ ਜਾਈਏ ਤਾਂ ਹੈਰਾਨੀ ਹੁੰਦੀ ਹੈ ਕਿ ਪੰਜਵੇਂ ਗੁਰੂ ਜੀ ਦੀ ਗਉੜੀ ਰਾਗ ਵਿਚ ਆਈ ਬਾਵਨ ਅੱਖਰੀ (52 ਅੱਖਰ ਦੇਵਨਾਗਰੀ ਵਿਚ ਹੀ ਹੁੰਦੇ ਹਨ) ਵਿਚ ਵੀ ਗਿਣਤੀ ਤਾਂ 52 ਹੈ ਪਰ ਅੱਖਰਾਂ ਦੇ ਨਾਂ ਏਦਾਂ ਹੀ ਹਨ ਨਾ ਕਿ ਦੇਵਨਾਗਰੀ ਦੇ ਕਾ, ਖਾ, ਵਾਂਗ। ਦੇਖੋ :

੧. ਸਸਾ ਸਤਿ ਸਤਿ ਸਤਿ ਸੋਊ॥

੨. ਧਧਾ ਧੂਰਿ ਪੁਨੀਤ ਤੇਰੇ ਜਨੂਆ॥

੩. ਞੰਞਾ ਞਿਆਨੁ ਨਹੀ ਮੁਖ ਬਾਤਉ॥

੪. ਰਾਰਾ ਰੰਗਹੁ ਇਆ ਮਨੁ ਅਪਨਾ॥

ਇੰਜ ਹੀ ਓਅੰਕਾਰੁ ਵਿਚ ਜੋ ਰਾਮਕਲੀ ਰਾਗ ਵਿਚ (ਪੰਨਾ 929 ਤੋਂ 938 ਤਕ) ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ, ਇਕ ਪਾਸੇ ਤਾਂ ਓਅੰਕਾਰ ਵਿਚ 'ਸਿਧੰ ਙਾਇਆ' ਜੋ ਹਿੰਦੀ ਲਿਖਣ ਲੱਗੇ ਪੱਟੀ 'ਤੇ ਲਿਖਦੇ ਹਨ, ਆਉਂਦਾ ਹੈ ਤੇ ਅੱਖਰਾਂ ਦੇ ਨਾਂ ਭੀ ਇਹੀ ਪੰਜਾਬੀ ਵਾਲੇ ਹਨ। (ਕਬੀਰ ਜੀ ਦੀ ਲਿਖੀ ਬਾਵਨ ਅੱਖਰੀ ਦੇ ਪੰਜਾਬੀ ਹੋਣ ਦਾ ਦਾਅਵਾ ਕਦੇ ਨਹੀਂ ਕੀਤਾ ਗਿਆ। ਨਾਂ ਉਸ ਵਿਚ ਭੀ ਇਹੋ ਹਨ। ਦ੍ਰਿਸ਼ਟਾਂਤ ਲਈ ਦੇਖੋ :

1. ਓਅੰਕਾਰ : *ੜਾੜੈ ਰੂੜਾ ਹਰਿ ਜੀਉ ਸੋਈ॥*

2. ਬਾਵਨ ਅਖਰੀ ਮਹਲਾ ੫

ਧਧਾ ਧੂਰਿ ਪੁਨੀਤ ਤੇਰੇ ਜਨੂਆ॥

3. ਬਾਵਨ ਅਖਰੀ ਕਬੀਰ :

ੳ. ਕਕਾ ਕਿਰਣਿ ਕਮਲ ਮਹਿ ਪਾਵਾ॥

ਅ. ਘਘਾ ਘਟਿ ਘਟਿ ਨਿਮਸੈ ਸੋਈ॥

ੜਾੜੇ ਅੱਖਰ ਸੰਬੰਧੀ ਇੰਨਾ ਹੀ ਲਿਖਣਾ ਕਾਫ਼ੀ ਹੋਵੇਗਾ ਕਿ ਇਹ ਭੀ ਓਅੰਕਾਰ ਤੇ ਬਾਵਨ ਅੱਖਰੀ ਵਿਚ ਆਉਂਦਾ ਹੈ :

ੜਾੜੈ ਰੂੜਾ ਹਰਿ ਜੀਉ ਸੋਈ॥
ਤਿਸੁ ਬਿਨੁ ਰਾਜਾ ਅਵਰੁ ਨ ਕੋਈ॥
ੜਾੜੈ ਗਾਰੁੜੁ ਤੁਮ ਸੁਣਹੁ ਹਰਿ ਵਸੈ ਮਨ ਮਾਹਿ॥
ਗੁਰ ਪਰਸਾਦੀ ਹਰਿ ਪਾਈਐ ਮਤੁ ਕੋ ਭਰਮਿ ਭੁਲਾਹਿ॥ (ਪੰਨਾ ੯੩੬)
ੜਾੜਾ ੜਾੜਿ ਮਿਟੈ ਸੰਗਿ ਸਾਧੂ॥

ਕਰਮ ਧਰਮ ਤਤੁ ਨਾਮ ਅਰਾਧੂ ॥
ਰੂੜੋ ਜਿਹ ਬਸਿਓ ਰਿਦ ਮਾਹੀ ॥
ਉਆ ਕੀ ਝਾੜਿ ਮਿਟਤ ਬਿਨਸਾਹੀ ॥ (ਪੰਨਾ ੨੬੦)

ਗੁਰੂ ਅਮਰਦਾਸ ਜੀ ਦੀ ਲਿਖੀ ਪਟੀ ਵਿਚ ਭੀ 'ਸਿਧੰ ਙਾਇਆ' ਹੈ ਪਰ ਉਸ ਦੀਆਂ ਕੇਵਲ 17 ਪਉੜੀਆਂ ਹਨ, ਤਾਂ ਕੀ ਉਸ ਨੂੰ ਅੱਧੀ ਪੰਜਾਬੀ ਮੰਨਿਆ ਜਾਏ? ਜਾਂ ਬਾਵਨ ਅੱਖਰੀ ਦੇ ਓਅੰਕਾਰ ਨੂੰ ਡੇਢ ਗੁਣਾ ਪੰਜਾਬੀ ਪਟੀ ਕਿਹਾ ਜਾਵੇ?

ਪ੍ਰੋ. ਸਾਹਿਬ ਸਿੰਘ 'ਜੀਵਨ ਬਿਰਤਾਂਤ ਗੁਰੂ ਨਾਨਕ ਦੇਵ ਜੀ' ਵਿਚ ਕਹਿੰਦੇ ਹਨ, "ਪਿਤਾ ਨੇ ਪਹਿਲਾਂ ਗੋਪਾਲ ਪੰਡਤ ਪਾਸ ਹਿੰਦੀ ਪੜ੍ਹਨ ਬਿਠਾਇਆ। ਫੇਰ ਬ੍ਰਿਜ ਲਾਲ ਪੰਡਤ ਪਾਸ ਸੰਸਕ੍ਰਿਤ ਪੜ੍ਹਨ।"

ਇਹਨਾਂ ਦ੍ਰਿਸ਼ਟਾਂਤਾਂ ਤੋਂ ਇਕ ਗੱਲ ਪ੍ਰਤੱਖ ਹੈ ਕਿ ਉਸ ਵੇਲੇ ਤਕ ਦੇਵਨਾਗਰੀ ਵਿਚ ਭੀ ਕਾ, ਖਾ ਦੀ ਥਾਂ ਕਕਾ, ਖਖਾ ਵਰਤਣ ਦਾ ਰਿਵਾਜ ਹੋਵੇਗਾ ਅਤੇ 'ੜ' ਦੀ ਆਵਾਜ਼ ਵੀ ਪ੍ਰਚਲਿਤ ਹੋਵੇਗੀ।

ਦੂਜਾ ਕਿ ਦੇਵਨਾਗਰੀ (ਹਿੰਦੀ) ਲਿਪੀ ਦੇ ਸੁਖੈਨ ਤੇ ਸਰਲ ਰੂਪ ਪ੍ਰਚਲਿਤ ਹੋ ਚੁੱਕੇ ਹੋਣਗੇ ਜੋ ਪਿੱਛੋਂ ਗੁਰਮੁਖੀ, ਟਾਕਰੀ ਤੇ ਲੰਡੇ ਆਦਿ ਨਾਵਾਂ ਨਾਲ ਪ੍ਰਸਿੱਧ ਹੋਏ।

ਗੁਰੂ ਨਾਨਕ ਦੇਵ ਜੀ ਦੀ ਲਿਖੀ ਪਟੀ ਵਿਚ ਅੱਖਰਾਂ ਦੀ ਤਰਤੀਬ ਜਾਂ ਵਿਉਂਤ ਉਹ ਨਹੀਂ, ਜੋ ਅਸੀਂ ਹੁਣ ਬਾਲ-ਉਪਦੇਸ਼ਾਂ ਜਾਂ ਪ੍ਰਵੇਸ਼ਕਾਂ ਵਿਚ ਛਾਪਦੇ ਹਾਂ।

ਅੱਜ ਕੱਲ੍ਹ ਅਸੀਂ ਪਹਿਲੀ ਪੰਗਤੀ ੳ, ਅ, ੲ, ਸ, ਹ ਲਿਖਦੇ ਹਾਂ, ਪਰ ਪਟੀ ਵਿਚ ਪਹਿਲੀ ਹੀ ਪਉੜੀ ਹੈ:

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ

ਦੂਜੀ ਪਉੜੀ ਈੜੀ ਦੀ ਹੈ ਤੇ ਤੀਜੀ ਊੜੇ ਦੀ। 'ਹ' ਪਉੜੀ ਨੰ. 34 ਵਿਚ ਹੈ:

ਹਾਹੈ ਹੋਰੁ ਨ ਕੋਈ ਦਾਤਾ ਜੀਅ ਉਪਾਇ ਜਿਨਿ ਰਿਜਕੁ ਦੀਆ ॥ (ਪੰਨਾ ੪੩੪)

ਅਤੇ 'ਅ' ਦੀ ਅੰਤਲੀ ਪਉੜੀ ਹੈ:

ਆਇੜੈ ਆਪਿ ਕਰੇ ਜਿਨਿ ਛੋਡੀ ਜੋ ਕਿਛੁ ਕਰਣਾ ਸੁ ਕਰਿ ਰਹਿਆ ॥
ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ ॥[2] (ਪੰਨਾ ੪੩੪)

ਡਾ. ਬੇਦੀ ਦਾ ਵਿਚਾਰ ਹੈ:

ਗੁਰੂ ਨਾਨਕ ਦੇਵ ਤੋਂ ਪਹਿਲਾਂ ਗੁਰਮੁਖੀ ਲਿਪੀ ਦੇ ਅੱਖਰ ਮੌਜੂਦ ਸਨ ਪਰ ਉਹਨਾਂ ਦੀ ਤਰਤੀਬ ਅੱਜ ਨਾਲੋਂ ਥੋੜ੍ਹੀ ਜਿਹੀ ਵੱਖਰੀ ਸੀ ਜਿਸ ਨੂੰ ਗੁਰੂ ਅੰਗਦ ਦੇਵ ਜੀ ਨੇ ਅੱਜ ਦੀ ਲੜੀ ਵਿਚ ਪਰੋਇਆ।

ਪਟੀ ਤੇ ਓਅੰਕਾਰੁ ਦੇ ਵਿਸ਼ੇ-ਵਸਤੂ ਤਕ ਪਹੁੰਚਣ ਤੋਂ ਪਹਿਲਾਂ ਸਾਨੂੰ ਓਅੰਕਾਰ ਬਾਬਤ ਭੀ ਕੁਝ ਜਾਣਕਾਰੀ ਪ੍ਰਾਪਤ ਕਰ ਲੈਣੀ ਚਾਹੀਦੀ ਹੈ। ਇਹ ਬਾਣੀ ਜਿਵੇਂ ਉਪਰ ਦੱਸਿਆ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ 929 ਤੋਂ 938 ਤਕ ਹੈ।

ਓਅੰਕਾਰ ਸੰਬੰਧੀ ਪਹਿਲਾਂ ਇਹ ਖ਼ਿਆਲ ਪ੍ਰਚਲਿਤ ਸੀ ਕਿ ਦੱਖਣ ਵਿਚ ਕੋਈ ਓਅੰਕਾਰ ਦਾ ਮੰਦਰ ਹੈ, ਜਾਂ ਗੁਰੂ ਜੀ ਨੇ ਇਸ ਬਾਣੀ ਦੀ ਰਚਨਾ ਓਥੋਂ ਦੇ ਪਾਂਡਿਆਂ ਨੂੰ ਉਪਦੇਸ਼ ਵਜੋਂ

ਕੀਤੀ। ਪਰੰਤੂ ਡਾਕਟਰ (ਪ੍ਰੋ.) ਸਾਹਿਬ ਸਿੰਘ ਜੀ ਇਸ ਦੇ ਸਿਰਲੇਖ 'ਰਾਮਕਲੀ ਮ: ੧ ਦਖਣੀ ਓਅੰਕਾਰ' ਸੰਬੰਧੀ ਇਹ ਵਿਚਾਰ ਰੱਖਦੇ ਹਨ ਕਿ ਇਸ ਸ਼ਬਦ ਵਿਚ 'ਦਖਣੀ' ਸ਼ਬਦ ਰਾਮਕਲੀ ਰਾਗ ਨਾਲ ਸੰਬੰਧਿਤ ਹੈ ਨਾ ਕਿ ਓਅੰਕਾਰ ਨਾਲ ਤੇ ਇਉਂ ਉਹ ਸ਼ਬਦ ਦਖਣੀ ਤੋਂ ਭਾਵ 'ਦਖਣੀ ਰਾਮਕਲੀ' ਲੈਂਦੇ ਹਨ ਜਿਵੇਂ ਮਾਰੂ ਮ: ੧ ਦਖਣੀ (ਸਫ਼ਾ 1033) ਬਿਲਾਵਲੁ ਮ: ੧ ਦਖਣੀ (ਪੰਨਾ 843) ਆਦਿ ਸੰਕੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਨ।

ਪ੍ਰਿੰਸੀਪਲ ਤੇਜਾ ਸਿੰਘ ਜੀ ਦਾ ਵਿਚਾਰ ਹੈ ਕਿ ਇਹ ਬਾਣੀ 52 ਅੱਖਰ ਲੈ ਕੇ ਪੱਟੀ ਦੀ ਤਰਜ਼ 'ਤੇ ਲਿਖੀ ਗਈ ਹੈ। ਮੁਹਾਰਨੀ ਵਿਚ ਪਹਿਲਾਂ ਓਅੰ, ਸਿਧੰ, ਇ, ਈ, ਉ, ਊ, ਰਿ, ਰੀ, ਲ਼ਾ, ਲਾ ਬੋਲਦੇ ਹਨ। ਇਥੇ ਭੀ ਉਵੇਂ ਕੀਤਾ ਗਿਆ ਹੈ। ਅੰਤ ਵਿਚ ਪਟੀ ਸ਼ਬਦ ਭੀ ਆਉਂਦਾ ਹੈ। ਇਹ ਬਾਣੀ ਬਨਾਰਸ ਵਿਚ ਚਤੁਰ ਦਾਸ ਆਦਿ ਪਾਂਡਿਆਂ ਨੂੰ ਸੁਣਾਈ ਗਈ। ਪ੍ਰੋ. ਸਾਹਿਬ ਸਿੰਘ ਜੀ ਨਰਬਦਾ ਦੇ ਕੰਢੇ ਓਅੰਕਾਰ ਦਾ ਮੰਦਰ ਮੰਨਦੇ ਹਨ। (ਸਫ਼ਾ 784 ਛੇਵੀਂ ਪੋਥੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ)

ਪਰ ਭਾਈ ਕਾਹਨ ਸਿੰਘ ਨਾਭਾ 'ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਵਿਚ ਇਸ ਬਾਣੀ ਦਾ ਨਾਉਂ ਦਖਣੀ ਓਅੰਕਾਰ ਮੰਨਦੇ ਹਨ। ਉਹਨਾਂ ਲਿਖਿਆ ਹੈ:

> *ਮਧ ਭਾਰਤ ਦੇ ਨਿਮਾਰ ਜ਼ਿਲੇ ਵਿਚ ਮਾਨਧਾਤਾ ਦੀਪ (ਟਾਪੂ) ਅੰਦਰ ਓਅੰਕਾਰ ਦਾ ਪ੍ਰਸਿੱਧ ਮੰਦਰ ਹੈ ਉਸ ਥਾਂ ਗੁਰੂ ਨਾਨਕ ਦੇਵ ਜੀ ਨੇ ਪੁਜਾਰੀਆਂ ਨੂੰ ਸੁਮਤਿ ਦੇਣ ਲਈ ਜੋ ਰਾਮਕਲੀ ਵਿਚ ਮਨੋਹਰ ਬਾਣੀ ਰਚੀ ਹੈ ਉਸ ਦੀ ਦਖਣੀ ਓਅੰਕਾਰ ਸੰਗਯਾ ਹੈ। ਇਹ ਰਚਨਾ ਭੀ ਬਾਵਨ ਅਖਰੀ ਵਾਂਗ ਅਖਰਾਂ ਪਰਥਾਇ ਹੈ।*

ਉਪਰੋਕਤ ਦੋਹਾਂ ਵਿਚਾਰਧਾਰਾਵਾਂ ਨੂੰ ਮੇਲ ਲਈਏ ਤਾਂ ਇਉਂ ਮੰਨਣ ਵਿਚ ਕੋਈ ਹਰਜ ਨਹੀਂ ਕਿ 'ਦਖਣੀ ਰਾਮਕਲੀ' ਰਾਗ ਦੱਖਣ ਦੇ ਮੰਦਰ ਕਰਕੇ ਹੀ ਠੀਕ ਸਮਝਿਆ ਗਿਆ ਹੋਵੇ ਤੇ ਉਪਦੇਸ਼ ਉਥੋਂ ਦੇ ਪੰਡਤ ਨੂੰ ਹੀ ਦਿੱਤਾ ਹੋਵੇ।

ਇਸ ਬਾਣੀ ਵਿਚ ਦੂਜੀ ਪਉੜੀ 'ਸਸੈ ਸਭ ਜਗੁ ਸਹਜ ਉਪਾਇਆ', ਤੀਜੀ 'ਧਧੈ ਧਰਮੁ ਧਰੇ ਧਰਮਾ ਪੁਰਿ' ਅਤੇ ਚੌਥੀ 'ਙਿਆਨੁ ਗਵਾਇਆ ਦੂਜਾ ਭਾਇਆ' ਹੈ। ਇਉਂ ਇਸ ਸ, ਧ, ਙ ਸਿਧੰ ਦਾ ਪ੍ਰਤੀਕ ਪ੍ਰਤੀਤ ਹੁੰਦੇ ਹਨ।

ਅੱਗੋਂ ਤਿੰਨ ਪਉੜੀਆਂ ਈੜੀ ਦੀਆਂ ਹਨ ਜੋ ਸ਼ਾਇਦ ਇ, ਈ ਦੀਆਂ ਵਾਹਕ ਹਨ। ਅੱਠਵੀਂ ਤੇ ਨੌਵੀਂ ਪਉੜੀ 'ੳ' ਨਾਲ ਆਰੰਭ ਹੁੰਦੀ ਹੈ। 10-11 ਪਉੜੀ 'ਰ' ਦੀਆਂ ਅਤੇ 12-13 'ਲ' ਦੀਆਂ ਹਨ। ਇਹ 'ਰਿ, ਰੀ' ਤੇ 'ਲਿ, ਲੀ' ਦੀਆਂ ਵਾਹਕ ਹੋ ਸਕਦੀਆਂ ਹਨ। 14ਵੀਂ ਪਉੜੀ 'ਆਇ ਵਿਗੂਤਾ ਜਗੁ ਜਮ ਪੰਥੁ' ਹੈ ਤੇ 15ਵੀਂ 'ਜੁਗਿ ਜੁਗਿ ਥਾਪਿ ਸਦਾ ਨਿਰਵੈਰੁ' ਹੈ। 16ਵੀਂ ਤੇ 17ਵੀਂ 'ਗ' ਨਾਲ ਸ਼ੁਰੂ ਹੁੰਦੀਆਂ ਹਨ।

ਇਸ ਤੋਂ ਪਿੱਛੋਂ ਕ, ਖ ਦਾ ਕ੍ਰਮ ਚੱਲ ਪੈਂਦਾ ਹੈ, ਪਰ 'ਙ' ਦੀ ਥਾਂ 'ਗ' ਹੀ ਵਰਤਿਆ ਹੈ, 'ਯ' ਦੀ ਥਾਂ 'ਜ' ਅਤੇ 'ਵ' ਦੀ ਥਾਂ 'ਬ'। 'ੜ' ਭੀ ਹੈ ਅਤੇ ਹੈ ਭੀ 'ਵ' ਤੋਂ ਪਿੱਛੋਂ (ਪਉੜੀ ਨੰ. 47 ਵਿਚ) ਇਸ ਤੋਂ ਪਹਿਲਾਂ 'ਡ' ਤੋਂ ਪਿੱਛੋਂ 'ਢ' ਭੀ ਹੈ ਅਤੇ ਭਾਵੇਂ ਕਈ ਪਉੜੀਆਂ ਦੇ ਆਦਿ ਵਿਚ ਅੱਖਰਾਂ ਦੇ ਨਾਂ ਨਹੀਂ ਲਿਖੇ ਗਏ ਪਰ ੜਾੜੇ ਦਾ ਨਾਂ ਹੈ:

(ਪੰਨਾ ੯੩੬)

ੜਾੜੈ ਰੂੜਾ ਹਰਿ ਜੀਉ ਸੋਈ॥

ਹੁਣ ਅਸੀਂ ਇਸ ਸਥਿਤੀ ਵਿਚ ਹਾਂ ਕਿ ਪੱਟੀ ਤੇ ਓਅੰਕਾਰ ਵਿਚੋਂ ਇਸ ਲੇਖ ਦੇ ਅਰੰਭ ਵਿਚ ਹੀ ਵਿਦਿਆ ਸੰਬੰਧੀ ਦਿੱਤੇ ਪ੍ਰਸ਼ਨਾਂ ਦਾ ਉੱਤਰ ਇਕ ਦੀ ਥਾਂ ਇਹਨਾਂ ਦੋ ਬਾਣੀਆਂ ਵਿਚੋਂ ਲੱਭੀਏ।

ਸਿੱਖ ਵਿਦਵਾਨ 'ਰਹਾਉ' ਤੋਂ ਪਹਿਲੀਆਂ ਇਕ ਜਾਂ ਦੋ ਤੁਕਾਂ ਵਿਚ ਸਾਰੀ ਬਾਣੀ ਜਾਂ ਸ਼ਬਦ ਦਾ ਸਾਰ-ਅੰਸ਼ ਤੇ ਕੇਂਦਰੀ ਵਿਚਾਰ ਦਿੱਤਾ ਮੰਨਦੇ ਹਨ। ਇਸ ਵਿਸ਼ਵਾਸ ਦੇ ਆਧਾਰ ਉੱਤੇ ਪਟੀ ਦਾ ਕੇਂਦਰੀ ਵਿਸ਼ਾ ਹੈ:

ਮਨ ਕਾਹੇ ਭੂਲੇ ਮੂੜ ਮਨਾ ॥
ਜਬ ਲੇਖਾ ਦੇਵਹਿ ਬੀਰਾ ਤਉ ਪੜਿਆ ॥ *(ਪੰਨਾ ੪੩੨)*

ਪ੍ਰਿੰਸੀਪਲ ਸਾਹਿਬ ਸਿੰਘ ਜੀ ਨੇ ਇਹਨਾਂ ਦੋ ਤੁਕਾਂ ਦੇ ਅਰਥ ਇਉਂ ਕੀਤੇ ਹਨ:

ਹੇ ਮੂਰਖ ਮਨ, ਅਸਲ ਜੀਵਨ ਰਾਹ ਤੋਂ ਕਿਉਂ ਲਾਂਭੇ ਜਾ ਰਿਹਾ ਹੈਂ। ਹੇ ਵੀਰ! ਜਦੋਂ ਤੂੰ ਆਪਣੇ ਕੀਤੇ ਕਰਮਾਂ ਦਾ ਹਿਸਾਬ ਦੇਵੇਂਗਾ (ਤੇ ਹਿਸਾਬ ਵਿਚ ਸੁਰਖ਼ਰੂ ਮੰਨਿਆ ਜਾਵੇਂਗਾ) ਤਦੋਂ ਹੀ ਤੂੰ ਪੜ੍ਹਿਆ ਵਿਦਵਾਨ) ਸਮਝਿਆ ਜਾ ਸਕੇਂਗਾ।

ਅੱਗੇ ਲਿਖਦੇ ਹਨ:

ਭਾਵ ਪੜ੍ਹ ਕੇ ਵਿਦਵਾਨ ਹੋ ਜਾਣਾ ਜ਼ਿੰਦਗੀ ਦਾ ਅਸਲ ਮਨੋਰਥ ਨਹੀਂ, ਉਹੀ ਮਨੁੱਖ ਕਾਮਯਾਬ ਜੀਵਨ ਵਾਲਾ ਕਿਹਾ ਜਾ ਸਕਦਾ ਹੈ, ਜਿਸ ਦੇ ਅਮਲ ਚੰਗੇ ਹਨ। (ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੋਥੀ ਤੀਜੀ, ਸਫ਼ੇ 451-52)

ਇੰਜ ਹੀ ਓਅੰਕਾਰ ਦੀਆਂ ਰਹਾਉ ਦੀਆਂ ਪੰਗਤੀਆਂ ਹਨ:

ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ॥
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥ *(ਪੰਨਾ ੯੩੦)*

ਅਤੇ ਇਸ ਦੇ ਅਰਥ ਉਹਨਾਂ ਇਉਂ ਸਮਝਾਏ ਹਨ:

ਹੇ ਪਾਂਡੇ, ਸੁਣ, ਨਿਰੀ (ਵਾਦ-ਵਿਵਾਦ ਤੇ ਸੰਸਾਰਕ) ਝਮੇਲਿਆਂ ਵਾਲੀ ਲਿਖਾਈ ਲਿਖਣ ਤੋਂ (ਕੋਈ ਆਤਮਿਕ) ਲਾਭ ਨਹੀਂ ਹੋ ਸਕਦਾ। ਜੇ ਤੂੰ ਆਪਣਾ ਜੀਵਨ ਸਫ਼ਲ ਕਰਨਾ ਹੈ ਤਾਂ ਗੁਰੂ ਦੇ ਸਨਮੁਖ ਹੋ ਕੇ ਸ੍ਰਿਸ਼ਟੀ ਦੇ ਮਾਲਕ ਪਰਮਾਤਮਾ ਦਾ ਨਾਮ (ਭੀ ਆਪਣੇ ਮਨ ਵਿਚ ਲਿਖ)।

ਅਤੇ ਟੀਕਾਕਾਰ ਨੇ ਲਗਭਗ ਸਭਨਾਂ ਹੀ ਪਉੜੀਆਂ ਦੇ ਅਰਥ ਕਰਦਿਆਂ 'ਹੇ ਪਾਂਡੇ!' ਸੰਬੋਧਨ ਕਰ ਕੇ ਓਅੰਕਾਰ ਨਾਂ ਦੀ ਸਾਰੀ ਬਾਣੀ ਨੂੰ ਇਸ ਕੇਂਦਰ ਦੇ ਦੁਆਲੇ ਰੱਖਿਆ ਹੈ।

ਗੁਰਬਾਣੀ ਦਾ ਪਾਠ ਕਰਨ ਵਾਲੇ ਪ੍ਰੇਮੀ ਜਾਣਦੇ ਹਨ ਕਿ ਗੁਰਬਾਣੀ ਵਿਚ ਨਾਮ, ਪਵਿੱਤਰ ਤੇ ਨੇਕ ਜੀਵਨ ਦੇ ਸਾਰੇ ਗੁਣਾਂ (ਚੰਗਾ ਵਰਤਾਓ, ਵੱਡਿਆਂ ਦੇ ਆਗਿਆਕਾਰੀ ਹੋਣਾ ਤੇ ਸਤਿਕਾਰ ਕਰਨਾ, ਸੰਤੋਖ, ਮਿੱਠਾ ਸੁਭਾਅ, ਸ਼ੁਕਰ, ਈਮਾਨਦਾਰੀ, ਪ੍ਰਾਰਥਨਾ ਤੇ ਚੰਗੀ ਸੰਗਤ ਆਦਿ) ਦਾ ਚਿੰਨ੍ਹ ਸੋਮਾ ਤੇ ਅਧਿਆਪਕ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ (ਫ਼ਿਲਾਸਫ਼ੀ) ਤੇ ਕਸਵੱਟੀ ਅਨੁਸਾਰ ਉਹ 'ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ' ਹੈ।

ਅਤੇ ਜੋ 'ਪੜਿਆ ਹੋਵੈ ਗੁਨਾਹਗਾਰੁ ਤ ਓਮੀ ਸਾਧੁ ਨ ਮਾਰੀਐ' ਅਰਥਾਤ ਪੜ੍ਹੇ-ਲਿਖੇ

ਦੀ ਭੁੱਲ ਪਿੱਛੇ ਅਨਪੜ੍ਹ ਨੂੰ ਡੰਨ ਨਹੀਂ ਦਿੱਤਾ ਜਾ ਸਕਦਾ। ਪੜ੍ਹੇ-ਲਿਖੇ ਨੂੰ ਹੀ ਨਤੀਜਾ ਭੁਗਤਣਾ ਪਵੇਗਾ।

ਇਉਂ ਕਹਿ ਸਕਦੇ ਹਾਂ ਕਿ ਗੁਰੂ ਜੀ ਦਾ ਸੰਦੇਸ਼ ਹੈ ਕਿ ਵਿਦਿਆ ਪੜ੍ਹ ਕੇ ਸਾਨੂੰ ਚੰਗੇ ਮਨੁੱਖ, ਭਲੇ ਸ਼ਹਿਰੀ, ਜ਼ੁੰਮੇਵਾਰ ਇਨਸਾਨ ਬਣਨਾ ਚਾਹੀਦਾ ਹੈ ਤਾਂ ਜੋ ਆਪਣੇ ਭਵਿੱਖ, ਆਪਣੇ ਆਚਰਨ, ਆਪਣੇ ਸਮਾਜ, ਦੇਸ਼, ਆਪਣੀ ਆਤਮਾ ਤੇ ਆਪਣੇ ਪਰਮਾਤਮਾ ਵੱਲ ਆਪਣੇ ਕਰਤੱਵ ਨੂੰ ਪਛਾਣ ਸਕੀਏ।

ਇਕ ਥਾਂ ਗੁਰੂ ਜੀ ਫ਼ੁਰਮਾਉਂਦੇ ਹਨ :

ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥ (ਪੰਨਾ ੧੩੨੯)

ਅਰਥਾਤ—ਉਹੀ ਜੋ ਗੁਰੂ ਦੀ ਕਿਰਪਾ ਨਾਲ ਪੜ੍ਹੇ ਹੋਏ ਨੂੰ ਵਿਚਾਰਦੇ ਹਨ, ਪੜ੍ਹ ਕੇ ਮਾਣ ਪਾਉਂਦੇ ਹਨ।

ਇਸ ਤਰ੍ਹਾਂ ਗੁਰੂ ਜੀ ਨੇ ਪੜ੍ਹੇ-ਲਿਖੇ ਜਾਂ ਸਿਆਣੇ ਵਿਦਿਆਰਥੀ ਲਈ ਇਕ ਹੋਰ ਇਮਤਿਹਾਨ ਭੀ ਦੱਸਿਆ ਹੈ। ਆਪ ਫ਼ੁਰਮਾਉਂਦੇ ਹਨ :

ਵਿਦਿਆ ਵੀਚਾਰੀ ਤਾਂ ਪਰਉਪਕਾਰੀ॥ (ਪੰਨਾ ੩੫੬)

ਅਰਥਾਤ—ਮਨੁੱਖ ਪੜ੍ਹੀ ਵਿਦਿਆ ਨੂੰ ਵਿਚਾਰ ਕੇ ਪਰਉਪਕਾਰੀ ਬਣਦਾ ਹੈ। ਅਤੇ :

ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥
ਮੂਰਖੈ ਨਾਲਿ ਨ ਲੁਝੀਐ ॥ (ਪੰਨਾ ੪੭੩)

ਭਾਵ ਇਹ ਹੈ ਕਿ ਅਜਿਹੀ ਵਿਦਿਆ ਪੜ੍ਹ ਕੇ ਸਾਨੂੰ ਇਹ ਸਮਝ ਆ ਜਾਣੀ ਚਾਹੀਦੀ ਹੈ ਕਿ ਕਿਸੇ ਨੂੰ ਭੀ ਬੁਰਾ ਨਾ ਕਹੀਏ ਤੇ ਮੂਰਖਾਂ ਨਾਲ ਨਾ ਝਗੜੀਏ।

ਅਜਿਹੇ ਆਦਰਸ਼ਕ (ਅਤੇ ਜੀਉਂਦੇ ਜਾਗਦੇ) ਮਨੁੱਖ ਪੈਦਾ ਕਰਨਾ ਹੀ ਸਾਰੀ ਵਿਦਿਆ ਦਾ ਆਦਰਸ਼ ਹੈ। ਆਪਣੇ ਮਾਪਿਆਂ, ਅਧਿਆਪਕਾਂ, ਆਪਣੀ ਸਰਕਾਰ, ਆਪਣੇ ਸਮਾਜ, ਆਪਣੇ ਆਗੂਆਂ ਤੇ ਸਲਾਹਕਾਰਾਂ ਨੂੰ ਪੁੱਛ ਵੇਖੋ, ਜਿਥੋਂ ਤਕ ਵਿਦਿਆ ਦੇ ਆਦਰਸ਼ ਦਾ ਸੰਬੰਧ ਹੈ, ਸਭ ਈਮਾਨਦਾਰ ਤੇ ਸ਼ੁਭਚਿੰਤਕ ਮਨੁੱਖ ਸਹਿਮਤ ਹਨ। ਜਿਸ ਹਨੇਰੇ ਤੇ ਰੌਲੇ ਵਿਚ ਅਸੀਂ ਹੱਥ ਮਾਰ ਰਹੇ ਹਾਂ, ਉਸ ਵਿਚੋਂ ਕੇਵਲ ਅਜਿਹੇ ਆਦਰਸ਼ ਨੂੰ ਪੂਰਾ ਕਰਨ ਵਾਲੇ ਪੜ੍ਹੇ-ਲਿਖੇ ਯੁਵਕ ਹੀ ਸਾਡੇ ਦੇਸ਼ ਤੇ ਪੀੜ੍ਹੀ ਨੂੰ ਬਾਹਰ ਕੱਢ ਸਕਦੇ ਹਨ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਨਾਵਲ 'ਬਾਬਾ ਨੌਧ ਸਿੰਘ' ਵਿਚ ਵੀ ਇਥੇ ਆਸ਼ੇ ਦੀ ਪ੍ਰੋੜ੍ਹਤਾ ਹੈ।

ਹੁਣ ਅਸੀਂ ਅਜਿਹੇ ਮੋੜ ਉੱਤੇ ਹਾਂ ਜਿਥੇ ਇਹਨਾਂ ਦੋਹਾਂ ਬਾਣੀਆਂ ਦਾ ਤਾਤਪਰਜ ਜਾਂ ਪੜ੍ਹਨ-ਪੜ੍ਹਾਉਣ ਵਾਲਿਆਂ ਲਈ ਜੀਵਨ-ਸੇਧ ਨਜ਼ਰ ਆ ਜਾਂਦੀ ਹੈ ਤੇ ਸਿੱਧਾ ਮਾਰਗ ਦਿਸ ਪੈਂਦਾ ਹੈ।

ਪਟੀ ਦੀ ਬਾਣੀ ਪੜ੍ਹੇ-ਲਿਖੇ ਨੂੰ ਪਰਖਣ ਲਈ ਇਹ ਕਸਵੱਟੀ ਨਿਯਤ ਕਰਦੀ ਹੈ ਕਿ 'ਪੜਿਆ ਪੰਡਿਤ ਸੋਈ' ਉਹੋ ਹੈ ਜੋ :

ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ ॥ (ਪੰਨਾ ੪੩੨)

ਰਜਨੀਤੀ ਵਿਚ ਭੀ ਅਜਿਹਾ ਹੀ ਮੰਨਿਆ ਹੈ ਕਿ ਵਿਦਿਆ ਦਾ ਭੂਸ਼ਨ ਨਿਮਰਤਾ ਹੈ। ਨਿਮਰਤਾ ਨੂੰ ਪੱਕਾ ਕਰਨ ਤੇ ਹੰਕਾਰ ਤੋਂ ਕੱਢਣ ਲਈ ਸਾਧਨ ਉਸ ਦੀ ਵਿਆਪਕਤਾ ਨੂੰ ਸਮਝਣਾ

ਹੈ—ਸਰਬ ਜੀਆਂ ਵਿਚ, ਸਰਬ ਗਿਆਨਾਂ ਵਿਚ, ਸਰਬ ਰੰਗਾਂ ਵਿਚ, ਸਰਬ ਅਵਸਥਾਵਾਂ ਵਿਚ—ਇਹ ਸਮਝ ਆ ਜਾਏ ਤਾਂ ਪਤਾ ਲੱਗਦਾ ਹੈ ਕਿ:

ਏਕੋ ਲੇਵੈ ਏਕੋ ਦੇਵੈ ਅਵਰੁ ਨ ਦੂਜਾ ਮੈ ਸੁਣਿਆ ॥੧੧॥ (ਪੰਨਾ ੪੩੩)

ਫੇਰ ਦੁੱਖ, ਤੰਗੀ, ਗ਼ਰੀਬੀ, ਮੌਤ ਉੱਤੇ ਝੂਰਨ ਦੀ, ਕਿਸੇ ਤਰ੍ਹਾਂ ਦੀ ਚਿੰਤਾ ਦੀ ਲੋੜ ਨਹੀਂ ਰਹਿੰਦੀ। ਧਾਰਮਿਕ ਭਾਸ਼ਾ ਵਿਚ ਇਸ ਨੂੰ ਭਾਣਾ ਜਾਂ ਰਜ਼ਾ ਦਾ ਮੰਨਣਾ ਕਿਹਾ ਗਿਆ ਹੈ। ਦੁਨਿਆਵੀ ਬੋਲੀ ਵਿਚ ਇਹੀ ਮਨ ਦੀ ਸ਼ਾਂਤੀ ਹੈ। ਗੁਰੂ ਜੀ ਦੇ ਸ਼ਬਦ ਹਨ:

ਝਝੈ ਝੂਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ ਦੇਣਾ ਸੁ ਦੇ ਰਹਿਆ ॥ (ਪੰਨਾ ੪੩੩)

ਫੇਰ ਟੰਚ (ਟੋਟੇ, ਧੰਦੇ) ਵਿਚ ਖਪਣ ਦੀ ਭੀ ਅਵਸਥਾ ਨਹੀਂ ਰਹਿੰਦੀ, ਨਾ ਡੰਫ ਜਾਂ ਦਿਖਾਵੇ ਦੀ ਜ਼ਰੂਰਤ ਹੈ।

ਗੁਰੂ ਦੀ 'ਯੂਨੀਵਰਸਿਟੀ' ਦਾ ਪੜ੍ਹਿਆ ਜਾਣਦਾ ਹੈ ਕਿ ਸਭ ਉਸੇ ਦੀ ਰਜ਼ਾ ਤੇ ਉਸੇ ਦੇ ਰੰਗ ਤੇ ਉਸੇ ਇਕੋ ਦਾ ਪ੍ਰਬੰਧ ਹੈ, ਜਿਸ ਨੇ:

ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ ॥ (ਪੰਨਾ ੪੩੩)

ਇਉਂ ਉਹ ਸਮਝਦਾ ਹੈ ਭਰਮ, ਭੋਗ ਤੇ ਦੁਨੀਆਂ ਦੀ ਖੇਡ ਸਭ, ਚਾਰੇ ਯੁਗ, ਮਾਇਆ, ਮੋਹ, ਮੌਤ ਆਦਿ ਸਭ ਉਸੇ ਦੇ ਬਣਾਏ ਹਨ।

ਪਰ ਪੜ੍ਹੇ-ਲਿਖੇ ਦੀ ਖ਼ੂਬੀ ਇਹ ਹੈ ਕਿ ਉਹ ਇਹਨਾਂ ਦੋਹਾਂ ਪੱਖਾਂ (ਨੇਕੀ ਤੇ ਬਦੀ) ਵਿਚੋਂ ਨੇਕੀ ਚੁਣਦਾ ਹੈ। ਉਹ 'ਮਨ' ਦੇ ਪਿੱਛੇ ਨਹੀਂ, 'ਮਤਿ' ਦੇ ਪਿੱਛੇ ਚੱਲਦਾ ਹੈ ਤੇ ਸੱਚ ਦੀ ਭਾਲ ਕਰਦਾ ਹੈ, ਮਨ ਨੂੰ ਸੱਚ ਵੱਲ ਲਾਉਂਦਾ ਹੈ ਅਤੇ ਮੌਤ ਨੂੰ ਭੀ ਸੱਚ ਸਮਝ ਕੇ ਉਸ ਦੇ ਆਉਣ ਤੋਂ ਪਹਿਲਾਂ-ਪਹਿਲਾਂ (ਨਾ ਕਿ ਮੌਤ ਵੇਲੇ) ਉਸ ਪਰਮਾਤਮਾ ਨੂੰ ਚੇਤੇ ਕਰ ਕੇ ਉਸ ਦੇ ਗੁਣਾਂ ਨੂੰ ਆਪਣੇ ਅੰਦਰ ਲਿਆਉਂਦਾ, ਉਹ ਆਪਣੀ ਦੀਰਘ ਤੇ ਡੂੰਘੀ ਨਜ਼ਰ ਨਾਲ ਵੇਖ ਸਕਦਾ ਹੈ ਕਿ:

੧. *ਫਫੈ ਫਾਹੀ ਸਭੁ ਜਗੁ ਫਾਸਾ ਜਮ ਕੈ ਸੰਗਲਿ ਬੰਧਿ ਲਇਆ ॥* (ਪੰਨਾ ੪੩੩)
੨. *ਲਖ ਚਉਰਾਸੀਹ ਭੀਖ ਭਵਿਆ ॥* (ਪੰਨਾ ੪੩੩)
੩. *ਛਛੈ ਛਾਇਆ ਵਰਤੀ ਸਭ ਅੰਤਰਿ ਤੇਰਾ ਕੀਆ ਭਰਮੁ ਹੋਆ ॥*
ਭਰਮੁ ਉਪਾਇ ਭੁਲਾਈਅਨੁ ਆਪੇ... (ਪੰਨਾ ੪੩੩)

ਪੜ੍ਹਿਆ ਉਹ ਹੈ, ਜੋ:

ਜੂਐ ਜਨਮੁ ਨ ਹਾਰਹੁ ਅਪਣਾ...॥ (ਪੰਨਾ ੪੩੩)

ਉੱਤੇ ਅਮਲ ਕਰਨ ਜਾਂ ਜੀਵਨ ਬਚਾਉਣ ਲਈ ਭੱਜ ਕੇ ਨਿਮਰਤਾ ਨਾਲ ਹਰੀ ਦੀ ਸ਼ਰਨ ਜਾਂਦਾ ਹੈ। ਉਹ ਆਪਣੇ ਕਰਮਾਂ ਉੱਤੇ ਮਾਣ ਜਾਂ ਵਿਦਿਆ ਉੱਤੇ ਹੰਕਾਰ ਨਹੀਂ ਕਰਦਾ, ਸਗੋਂ ਬੇਨਤੀ ਕਰਦਾ ਹੈ—ਹੇ ਈਸ਼ਵਰ:

ਨਾ ਤਰ ਨਾ ਤੁਲਹਾ ਹਮ ਬੂਡਸਿ ਤਾਰਿ ਲੇਹਿ ਤਾਰਣ ਰਾਇਆ ॥੧੯॥ (ਪੰਨਾ ੪੩੩)

ਉਹ ਹੋਰਨਾਂ ਨੂੰ ਬਦਨਾਮ ਕਰਨ ਜਾਂ ਭੰਡਣ ਦੀ ਥਾਂ ਆਪਣੇ ਦੁੱਖਾਂ ਦੀ ਜ਼ੁੰਮੇਵਾਰੀ ਤੇ ਕਾਰਨ ਜਾਣ ਜਾਂਦਾ ਹੈ ਕਿ:

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥੨੧॥ *(ਪੰਨਾ ੪੩੩)*

ਉਹ ਇਹ ਵੀ ਜਾਣਦਾ ਹੈ ਕਿ ਵੱਖ-ਵੱਖ ਧੰਦਿਆਂ ਵਿਚ ਭੀ ਉਸੇ ਲਾਇਆ ਹੈ, ਸੋ ਉਹ ਜੋ ਵੀ ਕਾਰ-ਵਿਹਾਰ ਕਰਦਾ ਹੈ ਈਸ਼ਵਰ ਪਰਾਇਣ ਹੋ ਕੇ ਰੱਬ ਦੀ ਹਾਜ਼ਰੀ ਵਿਚ ਰੱਬ ਲਈ ਕਰਦਾ ਹੈ, ਅਰਥਾਤ ਉਸ ਵਿਚ ਪੂਰੀ ਈਮਾਨਦਾਰੀ ਨਾਲ ਮਿਹਨਤ ਕਰਦਾ ਹੈ ਤੇ ਉਸ ਪਿੱਛੇ ਸੇਵਾ ਦੀ ਭਾਵਨਾ ਹੁੰਦੀ ਹੈ।

ਉਹ ਝਗੜਿਆਂ ਵਿਚ ਨਹੀਂ ਪੈਂਦਾ ਅਤੇ ਇਕੋ ਰੱਬ ਨੂੰ ਦਾਤਾ ਸਮਝ ਕੇ ਹੋਰ ਕਿਸੇ ਦੀ ਮੁਥਾਜੀ ਤੇ ਖੁਸ਼ਾਮਦ ਨਹੀਂ ਕਰਦਾ। ਇਸੇ ਲਈ ਬੇਈਮਾਨੀ, ਧੋਖੇ, ਫ਼ਰੇਬ, ਲਿਹਾਜ਼ ਤੇ ਅਨਿਆਂ ਨੂੰ ਉਹ ਆਪਣੇ ਕੰਮਾਂ ਵਿਚ ਨਹੀਂ ਆਉਣ ਦਿੰਦਾ।

ਗੁਰੂ ਜੀ ਨੇ ਨਿਰਣਾ ਦਿੱਤਾ ਹੈ ਕਿ ਜੋ ਪੜ੍ਹੇ-ਲਿਖੇ ਇਹਨਾਂ ਗੁਣਾਂ ਦੇ ਧਾਰਨੀ ਹਨ:

...ਆਇਆ ਤਿਨ੍ ਕਾ ਸਫਲੁ ਭਇਆ ॥ *(ਪੰਨਾ ੪੩੨)*

ਅਤੇ:

ਤਿਸੈ ਸਰੇਵਹੁ ਤਾ ਸੁਖੁ ਪਾਵਹੁ ॥ *(ਪੰਨਾ ੪੩੩)*

ਇਹੋ ਜਿਹਿਆਂ ਦਾ:

ਪੁਨਰਪਿ ਜਨਮੁ ਨ ਹੋਈ ॥੧੮॥ *(ਪੰਨਾ ੪੩੩)*

ਮ: ੩ ਵਾਲੀ ਪਟੀ ਵਿਚ ਭੀ ਰਹਾਉ ਦੀ ਤੁਕ ਹੈ:

ਮਨ ਐਸਾ ਲੇਖਾ ਤੂੰ ਕੀ ਪੜਿਆ ॥
ਲੇਖਾ ਦੇਣਾ ਤੇਰੈ ਸਿਰਿ ਰਹਿਆ ॥ *(ਪੰਨਾ ੪੩੪)*

ਹਵਾਲੇ ਅਤੇ ਟਿੱਪਣੀਆਂ

1. ਹੁਣ ਕਾਪੀਆਂ ਦੇ ਸਮੇਂ ਵਿਚ ਇਹ ਅਲੋਪ ਹੋ ਰਹੀ ਹੈ। ਹਜ਼ਾਰਾਂ ਵਰ੍ਹੇ ਪਹਿਲਾਂ ਮਿੱਟੀ ਦੀਆਂ ਤਹਿਆਂ ਜਮਾ ਕੇ (ਕੱਚੀਆਂ ਇੱਟਾਂ ਵਾਂਗ) ਉਹਨਾਂ ਉੱਤੇ ਕਿੱਲਾਂ (ਜਾਂ ਤੀਰਾਂ ਵਰਗੇ) ਨਾਲ ਅੱਖਰ ਉਕਰੇ ਜਾਂਦੇ ਸਨ। ਫੇਰ ਲੱਕੜ ਦੀਆਂ ਤੇ ਟੀਨ ਧਾਤ ਦੀਆਂ ਚੱਲੀਆਂ।
2. ਇਹਨਾਂ ਸਤਰਾਂ ਦੇ ਲੇਖਕ ਨੇ ੳ, ਅ, ੲ ਦੀ ਥਾਂ ਇੱਕ ਹੋਰ ਤਰਤੀਬ ਨਾਲ 'ਪੰਜਾਬੀ' (ਗੁਰਮੁਖੀ) ਸਿਖਾਉਣਾ ਦਾ ਤਜਰਬਾ ਕੀਤਾ ਤੇ ਇੰਗਲੈਂਡ ਵਿਚ ਇਕ ਛੋਟੀ ਪੁਸਤਕ ਭੀ ਇਸੇ ਦੀ ਲਿਖੀ। 'ਸਿੱਖ ਮਿਸ਼ਨਰੀ ਸੁਸਾਇਟੀ' 30-40 ਹਜ਼ਾਰ ਛਾਪ ਚੁੱਕੀ ਹੈ। ਉਹ ਵਿਉਂਤ ਹੈ:
   ਹ, ਜੋ ਸਭ ਤੋਂ ਸੌਖਾ ਤੇ ਤੋਂ ਆਰੰਭ ਕਰੋ—ਹ, ਰ, ਗ, ਸ, ਮ (ਸਿੱਧੀ ਲੀਕ ਤੇ ਘੁੰਡੀ ਉਹ ਭੀ ਤਿੰਨ ਲੀਕਾਂ ਨਾਲ ਬਣਾ ਕੇ ਫੇਰ ਅੱਧੇ ਚੱਕਰ ਵਾਲੇ ਅੱਖਰ ਪ, ਖ, ਧ ਘ, ਬ ਆਦਿ। ਫੇਰ ਦੋ ਅਰਧ ਚੱਕਰਾਂ ਵਾਲੇ ਤ, ਡ, ਵ, ਞ ਆਦਿ।

(11/1986)

ਆਸਾ ਕੀ ਵਾਰ ਵਿਚ ਕੁਦਰਤ ਚਿਤਰਨ

ਜਿਸ ਵਾਰ ਨੂੰ ਕਿਸੇ ਭਾਗ-ਭਰੇ ਅੰਮ੍ਰਿਤ ਵੇਲੇ ਬਾਬੇ ਨੇ ਆਪ ਰਬਾਬ ਨਾਲ ਗਾਵਿਆ, ਜਿਸ ਦੀ ਹੇਕ ਕਦੇ ਸਾਰੰਦੇ ਨਾਲ ਗੁਰੂ ਅਰਜਨ ਸਾਹਿਬ ਨੇ ਆਪਣੇ ਪਵਿੱਤਰ ਕੰਠ 'ਚੋਂ ਲਾਈ ਤੇ ਜਿਸ ਨੂੰ ਰਬਾਬੀਆਂ, ਢਾਡੀਆਂ ਨੇ ਸੈਂਕੜੇ ਵਰ੍ਹਿਆਂ ਤੋਂ ਟੁੰਡੇ ਅਸਰਾਜੇ ਦੀ ਧੁਨੀ 'ਤੇ ਗਾ ਕੇ ਸੁਣਾਇਆ, ਗੁਰੂ ਨਾਨਕ ਜੀ ਦੀ ਉਹ ਆਸਾ ਦੀ ਵਾਰ ਸਿੱਖਾਂ ਦੇ ਜੀਵਨ ਦਾ ਇਕ ਅਨਿੱਖੜਵਾਂ ਅੰਗ ਬਣ ਚੁੱਕੀ ਹੈ। ਜੀਵਨ ਦੇ ਹਰ ਪੱਖ 'ਤੇ ਅਗਵਾਈ ਦੇਣ ਵਾਲੀ ਇਸ ਬਾਣੀ ਵਿਚ ਇਕ-ਰੰਗਤਾ, ਬਹੁ-ਰੰਗਤਾ ਨਾਲ ਪਰਸਪਰ ਗਲਵਕੜੀਆਂ ਪਾਈ ਦਿੱਸਦੀ ਹੈ। ਵਾਰ ਦੀਆਂ ਪਉੜੀਆਂ ਇਕ ਅਤਿ ਸੁੰਦਰ ਮਜ਼ਮੂਨ ਵਿਚ ਪਰੋਈਆਂ ਹੋਈਆਂ, ਇਸ ਵਾਰ ਦੀ ਇਕ-ਰੰਗਤਾ ਦਾ ਨਮੂਨਾ ਪੇਸ਼ ਕਰਦੀਆਂ ਹਨ ਤੇ ਸਲੋਕ ਵੰਨ-ਸੁਵੰਨੇ, ਵਿਕੋਲਿਤਰੇ ਭਾਵਾਂ ਨਾਲ ਭਰਪੂਰ ਇਕ ਅਨੰਦਮਈ ਬਹੁ-ਰੰਗਤਾ ਦਾ ਰਸ ਬੰਨ੍ਹਦੇ ਹਨ। ਇਹਨਾਂ ਸਲੋਕਾਂ ਵਿਚ ਧਾਰਮਿਕ, ਸਮਾਜਿਕ, ਰਾਜਨੀਤਕ ਤੇ ਆਰਥਿਕ ਹਰ ਪਹਿਲੂ ਤੋਂ ਕਿਸੇ ਅਰੋਗ ਵਿਅੰਗ ਰਾਹੀਂ ਸੁਹਾਣੇ ਉਪਦੇਸ਼ ਕੀਤੇ ਗਏ ਹਨ। ਪਰ ਇਕ ਮਜ਼ਮੂਨ ਜੋ ਮੂਲ ਵਾਰ ਦੀ ਪਹਿਲੀ ਤੁਕ ਨਾਲ ਇਕ-ਸੁਰ ਹੁੰਦਾ ਹੋਇਆ ਮਨੁੱਖ ਨੂੰ ਦਿੱਸਦੇ ਤੋਂ ਅਣਦਿੱਸਦੇ ਵੱਲ ਲਿਜਾ ਕੇ ਇਕ ਪਵਿੱਤਰ ਵਿਸਮਾਦ ਵਿਚ ਗ਼ਲਤਾਨ (ਲਿਵਲੀਨ) ਕਰ ਦਿੰਦਾ ਹੈ, ਉਹ ਹੈ ਕੁਦਰਤ ਚਿਤਰਨ।

ਕੁਦਰਤ ਵਾਹਿਗੁਰੂ ਦੀ ਉਹ ਅਦੁੱਤੀ ਕਿਰਤ ਹੈ ਜਿਸ ਵਿਚ ਉਸ ਦਾ ਆਪਣਾ ਨਿਵਾਸ ਹੈ ਤੇ ਜਿਸ ਨਿਵਾਸ (ਆਸਣ) ਨੂੰ ਉਹ ਵਾਹਿਗੁਰੂ ਬੜੇ ਚਾਅ ਨਾਲ ਮਾਣਦਾ ਹੈ।

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ (ਪੰਨਾ ੪੬੩)

ਗੁਰੂ ਨਾਨਕ ਸਾਹਿਬ ਇਸ ਕੁਦਰਤ ਨੂੰ ਕਵੀ ਦੀ ਸੂਖ਼ਮ ਨੀਝ ਨਾਲ ਵੇਖਦੇ ਹਨ, ਕੁਦਰਤ ਦਾ ਕਾਦਰ ਇਕ ਅਨੋਖੀ ਅਦਾ ਨਾਲ ਇਸ ਕੁਦਰਤ ਵਿਚ ਪਸਰਿਆ ਦਿੱਸਦਾ ਹੈ, ਇਕ ਐਸੀ ਕਲਾ ਨਾਲ ਜਿਸ ਵਿਚ ਕਲਾ (ਦੀ ਬਨਾਵਟ) ਨਹੀਂ, ਇਕ ਐਸੇ ਹੁਨਰ ਨਾਲ ਜਿਸ ਵਿਚ ਹੁਨਰ ਦੀ ਅਨੁਭਾਵਕਤਾ ਨਹੀਂ ਤੇ ਗੁਰੂ ਨਾਨਕ ਸਾਹਿਬ ਵਜਦ ਵਿਚ ਆ ਕੇ ਝੂਮ ਉੱਠਦੇ ਹਨ :

ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ॥ (ਪੰਨਾ ੪੬੯)

ਬਾਬਾ ਇਸ ਦਿੱਸਦੇ ਪਸਾਰੇ ਤੇ ਉਸ ਵਿਚ ਵੱਸਦੇ ਕਾਦਰ ਦੀ ਬੇਅੰਤਤਾ ਦੇ ਨਸ਼ੇ ਵਿਚ ਗੜੂੰਦ ਹੋ ਜਾਂਦਾ ਹੈ ਤੇ ਸੁਤੇ-ਸਿਧ ਉਸ ਦਾ ਜੀ ਵਾਰਨੇ ਜਾਣ ਨੂੰ ਕਰ ਆਉਂਦਾ ਹੈ:

ਬਲਿਹਾਰੀ ਕੁਦਰਤਿ ਵਸਿਆ ॥

ਤੇਰਾ ਅੰਤੁ ਨ ਜਾਈ ਲਖਿਆ ॥ (ਪੰਨਾ ੪੬੯)

ਕਾਦਰ ਦੇ ਵੱਸਣ ਦੀ ਥਾਂ, ਇਹ ਸੰਸਾਰ, ਫਿਰ ਮਾਇਆ ਨਹੀਂ ਦਿਸਦਾ। ਇਹ ਵੀ ਕਾਦਰ ਦੀ ਛੁਹ ਨਾਲ ਸਤਿ-ਰੂਪ ਹੋ ਦਿਸਦਾ ਹੈ। ਜਿਹੜਾ ਸੰਸਾਰ ਉਸ 'ਸਚੇ ਦੀ ਕੋਠੜੀ' ਹੈ ਤੇ ਜਿਸ ਵਿਚ ਉਸ ਸੱਚੇ ਦਾ ਵਾਸਾ ਹੈ।

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥ (ਪੰਨਾ ੪੬੩)

ਉਹ ਝੂਠ ਜਾਂ ਮਾਇਆ ਕਿਵੇਂ ਹੋ ਸਕਦਾ ਹੈ ? ਬਾਬੇ ਨੂੰ ਖੰਡ, ਬ੍ਰਹਿਮੰਡ, ਲੋਅ, ਆਕਾਰ ਤੇ ਇਹਨਾਂ ਵਿਚ ਹੋ ਰਹੀਆਂ ਨਿਤਾਪ੍ਰਤਿ ਦੀਆਂ ਤਬਦੀਲੀਆਂ, ਭੰਨ-ਤੋੜਾਂ ਵੀ ਸੱਚੀਆਂ ਦਿਸਦੀਆਂ ਹਨ ਕਿਉਂ ਜੁ ਉਹ ਥਿਰ ਰਹਿਣ ਵਾਲੇ ਵਾਹਿਗੁਰੂ ਦੇ ਜ਼ੋਰ ਤੇ ਬਲ ਦੇ ਆਸਰੇ ਹਨ। ਬਾਬਾ ਜਿਧਰ ਨਜ਼ਰ ਮਾਰਦਾ ਹੈ ਉਥੇ ਹੀ ਉਸ ਨੂੰ ਸੱਚ ਦਿਸਦਾ ਹੈ ਤੇ ਉਹ ਗਾ ਉੱਠਦਾ ਹੈ:

ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥ (ਪੰਨਾ ੪੬੩)

ਪਰ ਇਹ ਸਾਰਾ ਪਸਾਰਾ ਤਦੇ ਸੱਚਾ ਹੈ ਕਿਉਂਕਿ ਉਸ ਸੱਚੇ ਦਾ ਇਸ ਵਿਚ ਪਵਿੱਤਰ ਵਾਸਾ ਹੈ। ਉਸ ਦੀ ਹੋਂਦ ਤੋਂ ਬਿਨਾਂ ਤਾਂ ਇਹ 'ਕੂੜੋ ਕੂੜ' ਹੋ ਕੇ ਰਹਿ ਜਾਂਦਾ ਹੈ। ਫਿਰ ਤਾਂ ਇਹ ਸੰਸਾਰ ਮਿੱਠੇ ਵਾਂਗ, ਸ਼ਹਿਦ ਵਾਂਗ ਹੋ ਜਾਂਦਾ ਹੈ ਜੋ ਨਿਰਾ ਛਲ ਹਨ, ਜਿਸ ਛਲ ਨੇ ਜੀਵਾਂ ਦੇ ਪੂਰਾਂ ਦੇ ਪੂਰ ਗ਼ਰਕ ਕੀਤੇ ਹਨ। ਬਾਬਾ ਇਸ ਸਚਿਆਈ ਨੂੰ ਦਿੱਬ-ਦ੍ਰਿਸ਼ਟੀ ਨਾਲ ਵੇਖਦਾ ਹੈ ਤੇ ਅਤਿਅੰਤ ਨਿਮਰਤਾ ਨਾਲ ਕਹਿੰਦਾ ਹੈ:

ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥ (ਪੰਨਾ ੪੬੮)

ਜਦ ਉਹ ਇਹ ਸਚਿਆਈ ਵੇਖਦਾ ਹੈ ਤਾਂ ਆਪਣੇ ਦਿਲ ਨੂੰ ਪੁੱਛਦਾ ਹੈ:

ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥ (ਪੰਨਾ ੪੬੮)

ਇਹ ਸਾਰਾ ਸੰਸਾਰ ਜੋ ਰੱਬ ਦੀ ਹੋਂਦ ਤੋਂ ਬਿਨਾਂ ਕੂੜ-ਪਸਾਰਾ ਹੈ, ਸੱਚਾ ਤਦੇ ਹੈ ਕਿਉਂਕਿ ਇਹ ਉਸ ਕਰਤੇ ਦੇ ਹੁਕਮ ਅਨੁਸਾਰ ਕਿਸੇ ਬੱਝਵੇਂ ਨੇਮ ਅੰਦਰ ਕੰਮ ਕਰ ਰਿਹਾ ਹੈ। ਪਾਤਾਲਾਂ ਤੇ ਅਸਮਾਨਾਂ ਵਿਚ ਕੁਦਰਤ ਹੀ ਕੰਮ ਕਰ ਰਹੀ ਹੈ, ਕੁਦਰਤ ਅਨੁਸਾਰ ਹੀ ਸਭ ਰਚਨਾ ਹੋਈ ਹੈ। ਉਸ ਵਿਚ ਜੋ ਕੁਝ ਵੀ ਦਿਸਦਾ ਹੈ ਜਾਂ ਸੁਣੀਂਦਾ ਹੈ, ਕੁਦਰਤ ਅਨੁਸਾਰ ਹੀ ਹੈ:

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥ (ਪੰਨਾ ੪੬੪)

ਸੰਸਾਰ ਦੇ ਸਾਰੇ ਤੱਤ—ਪੌਣ, ਪਾਣੀ, ਅਗਨੀ, ਮਿੱਟੀ ਕੁਦਰਤ ਦੇ ਹੀ ਸਾਜੇ ਹੋਏ ਹਨ:

ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥ (ਪੰਨਾ ੪੬੪)

ਕੇਵਲ ਤੱਤ ਹੀ ਜਾਂ ਤੱਤਾਂ ਦਾ ਬਣਿਆ ਇਹ ਬ੍ਰਹਿਮੰਡ ਪਸਾਰਾ ਹੀ ਨਹੀਂ ਸਗੋਂ ਇਸ ਬ੍ਰਹਿਮੰਡ ਵਿਚ ਪੱਸਰਦੀ ਜ਼ਿੰਦਗੀ ਵੀ ਉਸੇ ਕੁਦਰਤ ਦੀ ਸਾਜੀ ਹੋਈ ਹੈ। ਜਹਾਨ ਦੇ ਸਮੂਹ ਜੀਵਾਂ ਵਿਚ, ਉਹਨਾਂ ਦੀਆਂ ਕਿਸਮਾਂ (species), ਵੰਨਗੀਆਂ (classes) ਤੇ ਰੰਗਾਂ ਵਿਚ ਕੁਦਰਤ ਹੀ ਕੰਮ ਕਰ ਰਹੀ ਹੈ:

ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥ (ਪੰਨਾ ੪੬੪)

ਬ੍ਰਹਿਮੰਡ ਵਿਕਾਸ (evolution of the Universe) ਤੇ ਜੀਵ-ਵਿਕਾਸ (evolution of life) ਤੋਂ ਛੁੱਟ ਸਮਾਜਿਕ ਵਿਕਾਸ (social evolution) ਵੀ ਕੁਦਰਤ ਦੇ ਨੇਮ ਅਨੁਸਾਰ

ਹੋ ਰਿਹਾ ਹੈ। ਮਨੁੱਖੀ ਕੀਮਤਾਂ, ਚੰਗਿਆਈਆਂ, ਸੁਹਿਆਈਆਂ ਆਦਿ ਵਿਚ ਵੀ ਕੁਦਰਤ ਹੀ ਕੰਮ ਕਰਦੀ ਹੈ ਤੇ ਆਦਰ-ਨਿਰਾਦਰ ਜਿਹੇ ਭਾਵ ਵੀ ਕੁਦਰਤ ਅਨੁਸਾਰ ਹੀ ਪੈਦਾ ਹੁੰਦੇ ਹਨ:

ਕੁਦਰਤਿ ਨੇੜੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥ (ਪੰਨਾ ੪੬੪)

ਇਥੇ ਹੀ ਬੱਸ ਨਹੀਂ, ਦਿਮਾਗੀ, ਧਾਰਮਿਕ ਤੇ ਸਮਾਜਿਕ ਉੱਨਤੀ ਦੇ ਸਿਖ਼ਰ ਧਰਮ-ਪੁਸਤਕਾਂ, ਵੇਦ-ਪੁਰਾਣ, ਕਤੇਬ ਆਦਿ ਵੀ ਇਸੇ ਕੁਦਰਤ ਅਨੁਸਾਰ ਹੋਂਦ ਵਿਚ ਆਏ ਹਨ:

ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥ (ਪੰਨਾ ੪੬੪)

ਸਾਰੇ ਹੀ ਸ੍ਰੇਸ਼ਟ ਵਿਚਾਰ ਕੁਦਰਤ ਅਨੁਸਾਰ ਹਨ ਤੇ ਇਹ ਕੁਦਰਤ ਜਾਂ ਇਹ ਮਰਯਾਦਾ ਉਸ ਕਾਦਰ ਦੀ ਹੈ ਜੋ ਆਪਣੇ ਪਵਿੱਤਰ ਨਾਮ ਕਰਕੇ ਪਵਿੱਤਰ ਹੈ ਜੋ ਇਸ ਮਰਯਾਦਾ ਦੇ ਸਾਜਣ ਵਾਲਾ ਹੈ ਅਤੇ ਇਸ ਉੱਤੇ ਕਾਬੂ ਰੱਖਣ ਵਾਲਾ ਹੈ ਤੇ ਜੋ ਸਾਰੀ ਕੁਦਰਤ ਨੂੰ ਆਪਣੀ ਰਜ਼ਾ ਅੰਦਰ ਰੱਖਦਾ ਹੋਇਆ ਸਭ ਦੀ ਸੰਭਾਲਨਾ ਕਰਦਾ ਹੈ—ਇਕ ਚੇਤੰਨ (concious) ਸੰਭਾਲਨਾ:

ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥ (ਪੰਨਾ ੪੬੪)

ਇਹ ਕੁਦਰਤ, ਇਹ ਮਰਯਾਦਾ, ਇਹ ਨੇਮ ਜੋ ਸਾਰੇ ਵਿਕਾਸਾਂ ਦਾ ਸੋਮਾ ਹੈ, ਇਹ ਕੀ ਹੈ? ਇਹ ਇਕ ਪਵਿੱਤਰ ਭਉ ਹੈ, ਉਸ ਕਰਤੇ ਦਾ ਭਉ। ਸਾਰੀ ਰਚਨਾ ਇਸ ਪਵਿੱਤਰ ਭਉ ਵਿਚ ਕੰਮ ਕਰ ਰਹੀ ਹੈ:

ਭੈ ਮਹਿ ਰਚਿਓ ਸਭੁ ਸੰਸਾਰਾ॥ (ਪੰਨਾ ੧੯੨)

ਸੈਂਕੜੇ ਬੁੱਲਿਆਂ ਵਾਲੀ ਪੌਣ ਵਾਹਿਗੁਰੂ ਦੇ ਡਰ ਅੰਦਰ ਚੱਲਦੀ ਹੈ, ਲੱਖਾਂ ਦਰਿਆ ਇਸੇ ਪਵਿੱਤਰ ਡਰ ਵਿਚ ਬੱਝੇ ਵਗ ਰਹੇ ਹਨ। ਅੱਗ ਵੀ ਇਸੇ ਡਰ ਦੀ ਬੱਝੀ ਸੇਵਾ ਕਰ ਰਹੀ ਹੈ। ਸਾਰੀ ਧਰਤੀ ਇਸੇ ਡਰ ਦੇ ਭਾਰ ਹੇਠ ਨੱਪੀ ਪਈ ਹੈ। ਉਸੇ ਪਵਿੱਤਰ ਡਰ ਦਾ ਬੱਝਾ ਇੰਦਰ ਵੀ ਸਿਰ ਦੇ ਭਾਰ ਫਿਰ ਰਿਹਾ ਹੈ (ਮੇਘ ਵੀ ਉਸੇ ਮਾਲਕ ਦੀ ਰਜ਼ਾ ਵਿਚ ਉੱਡ ਰਹੇ ਹਨ)। ਸੂਰਜ ਤੇ ਚੰਨ ਵੀ ਬੇਅੰਤ (ਕਰੋੜਾਂ ਕੋਹਾਂ ਦਾ) ਪੈਂਡਾ ਉਸੇ ਹੁਕਮ ਵਿਚ ਮੁਕਾ ਰਹੇ ਹਨ:

ਭੈ ਵਿਚਿ ਪਵਣੁ ਵਹੈ ਸਦਵਾਉ ॥
ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥
ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥
ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥
ਕੋਹ ਕਰੋੜੀ ਚਲਤ ਨ ਅੰਤੁ ॥ (ਪੰਨਾ ੪੬੪)

ਇਸੇ ਭਾਵ ਨੂੰ ਗੁਰੂ ਅਮਰਦਾਸ ਜੀ ਆਪਣੀ ਰਾਮਕਲੀ ਵਾਰ ਵਿਚ ਬੜੀ ਪ੍ਰਬੀਨ ਕਲਾ ਨਾਲ ਅੰਕਿਤ ਕਰਦੇ ਹਨ:

ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ ॥
ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ ॥ (ਪੰਨਾ ੯੪੮)

ਸ੍ਰੀ ਗੁਰੂ ਅਰਜਨ ਦੇਵ ਜੀ ਇਸੇ ਭਉ ਨੂੰ 'ਅਮਰ ਕਰਾਰ' ਆਖਦੇ ਹਨ:

ਡਰਪੈ ਧਰਤਿ ਅਕਾਸੁ ਨਖ੍ਯਤ੍ਰਾ ਸਿਰ ਊਪਰਿ ਅਮਰੁ ਕਰਾਰਾ॥ (ਪੰਨਾ ੯੯੮)

ਇਸ ਨੇਮ ਅਨੁਸਾਰ ਜੋ ਕਿਰਤ ਹੋ ਰਹੀ ਹੈ, ਉਹ ਗੁਰੂ ਨਾਨਕ ਸਾਹਿਬ ਦੀਆਂ ਨਜ਼ਰਾਂ ਵਿਚ ਇਕ ਅਦੁੱਤੀ ਰਾਸ ਬਣ ਕੇ ਨੱਚ ਉੱਠਦੀ ਹੈ। ਰੱਬ ਦੀ ਪਾਈ ਹੋਈ ਇਹ ਰਾਸ ਕੁਦਰਤ ਦੀ ਸਟੇਜ ਉੱਤੇ ਸਮੇਂ ਦੇ ਨਾਟਕੀ ਪਾਤਰਾਂ ਨਾਲ ਹੋ ਰਹੀ ਹੈ:

ਘੜੀਆ ਸਭੇ ਗੋਪੀਆ ਪਹਰ ਕੰਨ੍ਹ ਗੋਪਾਲ ॥
ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ ॥ (ਪੰਨਾ ੪੬੫)

ਸਾਰੀਆਂ ਘੜੀਆਂ ਮਾਨੋ ਗੋਪੀਆਂ ਹਨ, ਦਿਨ ਦੇ ਸਾਰੇ ਪਹਿਰ ਮਾਨੋ ਕਾਨ੍ਹ ਹਨ, ਪੌਣ ਪਾਣੀ ਤੇ ਅੱਗ ਮਾਨੋ ਗਹਿਣੇ ਹਨ ਜੋ ਉਹਨਾਂ ਗੋਪੀਆਂ ਨੇ ਪਾਏ ਹੋਏ ਹਨ। ਰਾਸਾਂ ਵਿਚ ਰਾਸਧਾਰੀਏ ਅਵਤਾਰਾਂ ਦੇ ਸਾਂਗ ਬਣਾ-ਬਣਾ ਕੇ ਗਾਉਂਦੇ-ਨੱਚਦੇ ਹਨ, ਕੁਦਰਤ ਦੀ ਰਾਸ ਵਿਚ ਚੰਨ ਤੇ ਸੂਰਜ ਮਾਨੋ ਦੋ ਅਵਤਾਰ ਹਨ। ਸਾਰੀ ਧਰਤੀ ਰਾਸ ਪਾਉਣ ਲਈ ਮਾਲ-ਧਨ ਹੈ ਅਤੇ ਜਗਤ ਦੇ ਧੰਦੇ ਰਾਸ ਦਾ ਵਰਤਣ-ਵਲੇਵਾਂ ਹਨ।

ਗੁਰੂ ਨਾਨਕ ਸਾਹਿਬ ਦੀ ਕਲਪਨਾ ਬੜੀ ਵਚਿੱਤਰ ਕਲਪਨਾ ਹੈ। ਪੁਰੀਆਂ, ਆਕਾਰਾਂ, ਲੋਆਂ, ਮੰਡਲਾਂ ਤੇ ਖੰਡਾਂ-ਵਰਭੰਡਾਂ ਵਿਚ ਘੁੰਮਣ ਵਾਲੀ ਇਹ ਵਿਸ਼ਾਲ ਕਲਪਨਾ ਬ੍ਰਹਿਮੰਡ ਵਿਚ ਹੋ ਰਿਹਾ ਕਦੇ ਕੋਈ ਨਿਰਤ, ਕਦੇ ਕੋਈ ਰਾਸ, ਕਦੇ ਕੋਈ ਛਿੰਜ, ਕਦੇ ਕੋਈ ਆਰਤੀ ਵੇਖਦੀ ਹੈ। ਜਿਤਨੀ ਸੋਹਣੀ ਰਾਸ ਆਸਾ ਦੀ ਵਾਰ ਵਿਚ ਗੁਰੂ ਨਾਨਕ ਸਾਹਿਬ ਨੇ ਵਿਖਾਈ ਹੈ, ਉਤਨੀ ਹੀ ਸੁੰਦਰ ਆਰਤੀ ਧਨਾਸਰੀ ਰਾਗ ਵਿਚ ਬਾਬੇ ਦੀ ਅਧਿਆਤਮਕ ਕਲਪਨਾ ਨੇ ਸਾਕਾਰ ਕੀਤੀ ਹੈ:

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥
ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥
ਅਨਹਤਾ ਸਬਦ ਵਾਜੰਤ ਭੇਰੀ ॥ (ਪੰਨਾ ੧੩)

ਇਸੇ ਨਿਰਤਕਾਰੀ ਦਾ ਨਕਸ਼ਾ ਗੁਰੂ ਅਰਜਨ ਦੇਵ ਜੀ ਇਉਂ ਖਿੱਚਦੇ ਹਨ:

ਕਰ ਕਰਿ ਤਾਲ ਪਖਾਵਜੁ ਨੈਨਹੁ ਮਾਥੈ ਵਜਹਿ ਰਬਾਬਾ ॥
ਕਰਨਹੁ ਮਧੁ ਬਾਸੁਰੀ ਬਾਜੈ ਜਿਹਵਾ ਧੁਨਿ ਆਗਾਜਾ ॥
ਨਿਰਤਿ ਕਰੇ ਕਰਿ ਮਨੂਆ ਨਾਚੈ ਆਣੇ ਘੂਘਰ ਸਾਜਾ ॥੧॥
ਰਾਮ ਕੋ ਨਿਰਤਿਕਾਰੀ ॥
ਪੇਖੈ ਪੇਖਨਹਾਰੁ ਦਇਆਲਾ ਜੇਤਾ ਸਾਜੁ ਸੀਗਾਰੀ ॥੧॥ ਰਹਾਉ ॥
ਆਖਾਰ ਮੰਡਲੀ ਧਰਣਿ ਸਬਾਈ ਊਪਰਿ ਗਗਨੁ ਚੰਦੋਆ ॥
ਪਵਨੁ ਵਿਚੋਲਾ ਕਰਤ ਇਕੇਲਾ ਜਲ ਤੇ ਓਪਤਿ ਹੋਆ ॥
ਪੰਚ ਤਤੁ ਕਰਿ ਪੁਤਰਾ ਕੀਨਾ ਕਿਰਤ ਮਿਲਾਵਾ ਹੋਆ ॥੨॥

ਚੰਦੁ ਸੂਰਜੁ ਦੁਇ ਜਰੇ ਚਰਾਗਾ ਚਹੁ ਕੁੰਟ ਭੀਤਰਿ ਰਾਖੇ ॥
ਦਸ ਪਾਤਉ ਪੰਚ ਸੰਗੀਤਾ ਏਕੈ ਭੀਤਰਿ ਸਾਥੇ ॥
ਭਿੰਨ ਭਿੰਨ ਹੋਇ ਭਾਵ ਦਿਖਾਵਹਿ ਸਭਹੁ ਨਿਰਾਰੀ ਭਾਖੇ ॥੩॥
ਘਰਿ ਘਰਿ ਨਿਰਤਿ ਹੋਵੈ ਦਿਨੁ ਰਾਤੀ ਘਟਿ ਘਟਿ ਵਾਜੈ ਤੂਰਾ ॥
ਏਕਿ ਨਚਾਵਹਿ ਏਕਿ ਭਵਾਵਹਿ ਇਕਿ ਆਇ ਜਾਇ ਹੋਇ ਧੂਰਾ ॥
ਕਹੁ ਨਾਨਕ ਸੋ ਬਹੁਰਿ ਨ ਨਾਚੈ ਜਿਸੁ ਗੁਰੁ ਭੇਟੈ ਪੂਰਾ ॥੪॥੭॥ (ਪੰਨਾ ੮੮੪)

(6/1958)

'ਆਸਾ ਕੀ ਵਾਰ' ਦਾ ਸੰਦੇਸ਼

ਗੁਰਦੁਆਰਿਆਂ ਵਿਚ ਰੋਜ਼ਾਨਾ ਅੰਮ੍ਰਿਤ ਵੇਲੇ 'ਆਸਾ ਕੀ ਵਾਰ' ਦਾ ਕੀਰਤਨ ਕਰਨ ਦੀ ਪਰੰਪਰਾ ਬਹੁਤ ਪੁਰਾਣੀ ਹੈ। ਨਿੱਤਨੇਮ ਦੀਆਂ ਬਾਣੀਆਂ ਤੋਂ ਬਾਅਦ ਸਭ ਤੋਂ ਵਧੇਰੇ ਮਹੱਤਵਪੂਰਨ ਬਾਣੀ ਇਹੀ ਹੈ। ਇਸ ਬਾਣੀ ਦਾ ਮਹੱਤਵ ਇਸ ਕਰਕੇ ਵੀ ਹੈ ਕਿਉਂ ਜੁ ਕੇਵਲ ਇਹੀ ਪੂਰੀ ਬਾਣੀ ਗਾਇਣ ਦੁਆਰਾ ਪੜ੍ਹੀ ਜਾਂਦੀ ਹੈ ਅਤੇ ਦੂਜੀ ਵਿਸ਼ੇਸ਼ਤਾ ਇਸ ਬਾਣੀ ਦੀ ਇਹ ਹੈ ਕਿ ਇਹ ਸੰਗਤ ਵਿਚ ਗਾਇਨ ਕੀਤੀ ਜਾਂਦੀ ਹੈ। ਭਾਵ ਨਿੱਤਨੇਮ ਦੀਆਂ ਬਾਣੀਆਂ ਵਾਂਗ ਇਸ ਬਾਣੀ ਦਾ ਵਿਅਕਤੀਗਤ ਪਾਠ ਨਹੀਂ ਹੁੰਦਾ। ਇਸ ਕਰਕੇ ਇਸ ਨੂੰ ਉਪਦੇਸ਼ਾਤਮਕ ਬਾਣੀ ਕਿਹਾ ਜਾ ਸਕਦਾ ਹੈ। ਇਸ ਦੇ ਵਿਸ਼ਾ-ਵਸਤੂ ਵਿਚ ਸਮਾਜਿਕ ਤੱਤਾਂ ਦੀ ਬਹੁਤਾਤ ਹੈ। ਇਹ ਬਾਣੀ ਮਨੁੱਖਤਾ ਨੂੰ ਵਿਸ਼ੇਸ਼ ਸੰਦੇਸ਼ ਦਿੰਦੀ ਹੋਣ ਕਰਕੇ ਵਿਸ਼ੇਸ਼ ਮਹੱਤਵ ਪ੍ਰਾਪਤ ਕਰ ਗਈ ਹੈ। ਇਹ ਸੰਦੇਸ਼ ਕਿਸ ਸਮੱਸਿਆ ਪ੍ਰਤੀ ਹੈ ਅਤੇ ਇਸ ਬਾਣੀ ਦੁਆਰਾ ਸੁਝਾਏ ਸਮਾਧਾਨ ਦੀ ਤਤਕਾਲੀ ਅਤੇ ਅਜੋਕੇ ਸਮਾਜ ਲਈ ਕੀ ਸਾਰਥਿਕਤਾ ਹੈ? ਇਸ ਨੂੰ ਜਾਣਨਾ ਹੀ ਇਸ ਲੇਖ ਦਾ ਮੁੱਖ ਮੰਤਵ ਹੈ।

ਗੁਰੂ ਨਾਨਕ ਸਾਹਿਬ ਨੇ ਆਪਣੇ ਸਮੇਂ ਦੀ ਸਮੱਸਿਆ ਨੂੰ ਕੂੜ ਅਤੇ ਅਧਰਮ ਦਾ ਪਸਾਰਾ ਦੱਸਿਆ ਹੈ। ਆਸਾ ਦੀ ਵਾਰ ਵਿਚ 'ਕੂੜੁ ਡੋਬੇ ਪੂਰੁ' ਅਤੇ 'ਸਚਿ ਕਾਲੁ ਕੂੜੁ ਵਰਤਿਆ' ਕਿਹਾ ਹੈ। ਪਰ ਜਪੁ ਜੀ ਵਿਚ 'ਕੂੜ ਦੀ ਪਾਲਿ' ਅਤੇ ਇਕ ਹੋਰ ਥਾਂ 'ਧਰਮੁ ਪੰਖ ਕਰਿ ਉਡਰਿਆ' ਵੀ ਦੱਸਿਆ ਹੈ। ਦੂਜੇ ਪਾਸੇ ਇਸ ਸਮੱਸਿਆ ਦਾ ਸਮਾਧਾਨ 'ਸਚ ਸਭਨਾ ਹੋਇ ਦਾਰੂ' ਅਤੇ ਜਪੁ ਜੀ ਵਿਚ 'ਹੁਕਮਿ ਰਜਾਈ ਚਲਣਾ' ਸੁਝਾਇਆ ਹੈ। ਵੇਖਣ ਨੂੰ ਸਾਧਾਰਣ ਲੱਗਦੇ ਇਹ ਸ਼ਬਦ ਗੁਰੂ ਨਾਨਕ ਬਾਣੀ ਦੇ ਪ੍ਰਸੰਗ ਵਿਚ ਕਠਿਨ ਹਨ।

ਜਪੁ ਜੀ ਵਿਚ ਸਮਾਧਾਨ ਹੁਕਮ-ਅਨੁਸਾਰੀ ਜੀਵਨ ਜੀਊਣਾ ਦੱਸਿਆ ਹੈ। ਹੁਕਮ ਅਤੇ ਹਉਮੈ ਵਿਰੋਧੀ ਹਨ। ਹਉਮੈ ਮਨੁੱਖ ਨੂੰ ਤੰਗ-ਦਿਲੀ ਸਿਖਾਉਂਦੀ ਹੈ ਤੇ ਉਸ ਨੂੰ ਸੁਆਰਥੀ ਬਣਾਉਂਦੀ ਹੈ। ਇਸ ਦੇ ਪ੍ਰਭਾਵ ਅਧੀਨ ਮਨੁੱਖ ਆਪਣੀ ਬਿਹਤਰੀ ਲਈ ਯੋਗ-ਅਯੋਗ ਸਾਧਨ ਅਪਣਾ ਕੇ ਆਪਣੀ ਸਿੱਧੀ ਚਾਹੁੰਦਾ ਹੈ। ਹਉਮੈ ਅਧੀਨ ਮਨੁੱਖ ਆਪਾ-ਕੇਂਦਰਿਤ ਹੋ ਜਾਂਦਾ ਹੈ। ਇਉਂ ਹਉਮੈ ਅਧੀਨ ਮਨੁੱਖ ਸਮਾਜ ਨੂੰ ਦੂਸ਼ਿਤ ਕਰਨ ਵਿਚ ਆਪਣਾ ਹਿੱਸਾ ਪਾਉਣਾ ਆਰੰਭ ਦਿੰਦਾ ਹੈ। ਇਸ ਕਰਕੇ ਹਉਮੈ ਨੂੰ ਦੀਰਘ ਰੋਗ ਕਿਹਾ ਹੈ।[1] ਆਸਾ ਦੀ ਵਾਰ ਵਿਚਲੇ ਦੋ ਸਲੋਕਾਂ ਨੂੰ ਜੇ ਸਾਹਮਣੇ ਰੱਖੀਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਹਉਮੈ ਨੂੰ ਹੀ ਕੂੜ ਕਿਹਾ ਗਿਆ ਹੈ:

ਹਉ ਵਿਚਿ ਆਇਆ ਹਉ ਵਿਚਿ ਗਇਆ ॥
ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥

ਹਉ ਵਿਚਿ ਦਿਤਾ ਹਉ ਵਿਚਿ ਲਇਆ ॥
ਹਉ ਵਿਚਿ ਖਟਿਆ ਹਉ ਵਿਚਿ ਗਇਆ ॥
ਹਉ ਵਿਚਿ ਸਚਿਆਰੁ ਕੂੜਿਆਰੁ ॥
ਹਉ ਵਿਚਿ ਪਾਪ ਪੁੰਨ ਵੀਚਾਰੁ ॥
ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥
ਹਉ ਵਿਚਿ ਹਸੈ ਹਉ ਵਿਚਿ ਰੋਵੈ ॥
ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥
ਹਉ ਵਿਚਿ ਜਾਤੀ ਜਿਨਸੀ ਖੋਵੈ ॥
ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥
ਮੋਖ ਮੁਕਤਿ ਕੀ ਸਾਰ ਨ ਜਾਣਾ ॥
ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥
ਹਉਮੈ ਕਰਿ ਕਰਿ ਜੰਤ ਉਪਾਇਆ ॥ (ਪੰਨਾ ੪੬੬)
ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥
ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥
ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥ (ਪੰਨਾ ੪੬੮)

ਦੋਹਾਂ ਸਲੋਕਾਂ ਵਿਚ ਹਉਮੈ ਤੇ ਕੂੜ ਸਮਾਨਾਰਥੀ ਭਾਵ ਦਿੰਦੇ ਹਨ। ਪਹਿਲਾ ਸਲੋਕ ਜਿਸ ਵਸਤ ਜਾਂ ਕਿਰਿਆ ਨੂੰ ਹਉਮੈ ਅਧੀਨ ਰੱਖਦਾ ਹੈ, ਦੂਜਾ ਸਲੋਕ ਉਸੇ ਨੂੰ ਕੂੜ ਦਰਸਾਉਂਦਾ ਹੈ। ਭਾਵ ਕਿ ਮਨੁੱਖ ਦਾ ਨਿੱਜਤਵ, ਸੁਆਰਥ ਤੇ ਤੰਗ-ਨਜ਼ਰੀ ਕੂੜ ਹੈ। ਇਸੇ ਕੂੜ ਨੂੰ ਹੀ ਮਨੁੱਖੀ ਸਮਾਜ ਨੂੰ ਦਰਪੇਸ਼ ਸਮੱਸਿਆ ਬਿਆਨ ਕੀਤਾ ਗਿਆ ਹੈ।

ਜੇਕਰ ਇਸ ਗੱਲ ਨੂੰ ਸਮਝਣ ਲਈ ਗੁਰੂ ਨਾਨਕ ਬਾਣੀ ਤੇ ਭਾਈ ਗੁਰਦਾਸ ਜੀ ਦੀ ਰਚਨਾ ਨੂੰ ਸਾਹਮਣੇ ਰੱਖੀਏ ਤਾਂ ਪਤਾ ਲੱਗਦਾ ਹੈ ਕਿ ਉਸ ਸਮੇਂ ਦੇ ਧਾਰਮਿਕ ਆਗੂ ਆਪਣੇ ਸਮਾਜਿਕ ਕਰਤੱਵਾਂ ਨੂੰ ਭੁੱਲ ਕੇ ਅਖੌਤੀ ਅਧਿਆਤਮਕ ਸਾਧਨਾ ਵਿਚ ਲੀਨ ਸਨ। ਬਹੁਤ ਸਾਰੇ ਅਜਿਹੇ ਪ੍ਰਤਿਸ਼ਠਤ ਵਿਅਕਤੀ ਤਾਂ ਸਮਾਜਿਕ ਜ਼ਿੰਦਗੀ ਨੂੰ ਤਿਆਗ ਕੇ ਜੰਗਲਾਂ ਤੇ ਪਹਾੜਾਂ ਵਿਚ ਹੀ ਜੀਵਨ ਬਤੀਤ ਕਰ ਰਹੇ ਸਨ। ਉਹਨਾਂ ਦੀ ਨਿੱਜਵਾਦੀ ਸੋਚ ਸੀ ਤੇ ਉਹ ਆਪਣੀ ਮੁਕਤੀ ਦੇ ਆਹਰ ਵਿਚ ਇਸ ਕਦਰ ਖਚਿਤ ਹੋ ਗਏ ਸਨ ਕਿ ਉਹਨਾਂ ਨੂੰ ਦੂਜਿਆਂ ਦੇ ਦੁੱਖ ਤੇ ਤਕਲੀਫ਼ਾਂ ਦੀ ਕੋਈ ਸਾਰ ਹੀ ਨਹੀਂ ਸੀ। ਗੁਰੂ ਨਾਨਕ ਸਾਹਿਬ ਨੇ ਉਹਨਾਂ ਨੂੰ ਭੰਡਿਆ ਤੇ ਉਹਨਾਂ ਨੂੰ ਸਮਾਜਿਕ ਜ਼ਿੰਮੇਵਾਰੀ ਦਾ ਅਹਿਸਾਸ ਕਰਾਇਆ। ਗੁਰੂ ਨਾਨਕ ਸਾਹਿਬ ਨੇ ਵਿਅਕਤੀਗਤ

ਮੁਕਤੀ ਦੀ ਥਾਂ ਸੰਗਤੀ ਜਾਂ ਸਮਾਜਿਕ ਮੁਕਤੀ ਦਾ ਆਦਰਸ਼ ਰੱਖਿਆ, ਜਿਸ ਅਨੁਸਾਰ ਹਰੇਕ ਵਿਅਕਤੀ ਸਮਾਜ ਦੇ ਵਡੇਰੇ ਹਿਤਾਂ ਲਈ ਕੰਮ ਕਰੇ।

ਗੁਰੂ ਨਾਨਕ ਬਾਣੀ ਵਿਚ ਧਰਮ, ਸੱਚ ਤੇ ਹੁਕਮ ਸਮਾਨਾਰਥੀ ਹਨ। ਅਖੌਤੀ ਮਜ਼ਹਬੀ ਮਰਯਾਦਾ ਤੇ ਕਰਮ-ਕਾਂਡਾਂ ਤੋਂ ਇਸ ਸੱਚ ਨੂੰ ਉੱਤਮ ਦੱਸਿਆ ਗਿਆ ਹੈ। ਮਜ਼ਹਬ ਤੇ ਮਜ਼ਹਬੀ ਕਿਰਿਆਵਾਂ ਇਸ ਸੱਚ ਤੋਂ ਬਿਨਾਂ 'ਫੋਕਟ', 'ਪਖੰਡ', 'ਹਿਕਮਤ' ਅਤੇ 'ਮੂਰਖਤਾ' ਹਨ। ਗੁਰੂ ਜੀ ਅਨੁਸਾਰ ਇਸ ਸੱਚ ਤੋਂ ਬਿਨਾਂ ਮਜ਼ਹਬੀ ਲੋਕ ਖ਼ੁਦ ਨੂੰ ਮਜ਼ਾਕ ਦਾ ਵਿਸ਼ਾ ਬਣਾ ਲੈਂਦੇ ਹਨ। ਪਰ ਹਉਮੈ (ਕੂੜ) ਦੇ ਪ੍ਰਭਾਵ ਅਧੀਨ (ਰੋਟੀਆ ਕਾਰਣਿ) ਇਹ ਲੋਕ ਆਪਣਾ ਜਨਮ ਵਿਅਰਥ ਗਵਾ ਲੈਂਦੇ ਹਨ। ਗੁਰੂ ਨਾਨਕ ਸਾਹਿਬ ਜਿਸ ਧਰਮ ਦੀ ਅਣਹੋਂਦ ਮਹਿਸੂਸ ਕਰਦੇ ਹਨ, ਉਹ ਕੋਈ ਸੰਗਠਿਤ ਧਰਮ ਨਹੀਂ ਹੈ ਕਿਉਂਕਿ ਸੰਗਠਿਤ ਧਰਮ ਦੀਆਂ ਕਿਰਿਆਵਾਂ ਨੂੰ ਤਾਂ 'ਸਰਮ ਧਰਮ ਕਾ ਡੇਰਾ ਦੂਰ' ਕਹਿ ਕੇ ਰੱਦ ਕਰ ਦਿੱਤਾ ਗਿਆ ਹੈ ਭਾਵ ਕਿ ਇਹ ਕਿਰਿਆਵਾਂ ਤੇ ਧਰਮ ਸਮੇਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਤੋਂ ਅਸਮਰੱਥ ਹਨ। ਗੁਰੂ ਜੀ ਨੇ ਇਸ ਤਰ੍ਹਾਂ ਦੇ ਵਿਚਾਰ ਇਕ ਹੋਰ ਸ਼ਬਦ ਵਿਚ ਵੀ ਦਿੱਤੇ ਹਨ:

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥
ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥ (ਪੰਨੇ ੪੧੭-੧੮)

ਆਸਾ ਕੀ ਵਾਰ ਵਿਚ ਸੱਚ ਧਾਰਨ ਕਰਨ ਦੀ ਤਾਕੀਦ ਕੀਤੀ ਗਈ ਹੈ। ਜਿਸ ਹਿਰਦੇ ਵਿਚ ਸੱਚ ਵਾਸ ਕਰਦਾ ਹੈ, ਉਥੋਂ ਦਇਆ ਭਾਵ ਪਰਉਪਕਾਰ ਸੁਭਾਵਿਕ ਸਫੁਟਿਤ ਹੁੰਦੀ ਮੰਨੀ ਗਈ ਹੈ। ਜਾਂ ਕਹਿ ਲਈਏ ਪਰਉਪਕਾਰੀ ਬਣਨ ਲਈ ਜਿਸ ਵਸਤ ਦਾ ਹਿਰਦੇ ਵਿਚ ਹੋਣਾ ਜ਼ਰੂਰੀ ਹੈ, ਉਹ ਸੱਚ ਹੈ। ਸੱਚ ਉਹ ਭਾਵਨਾ ਹੈ ਜਿਸ ਨਾਲ ਮਨੁੱਖ ਅੰਦਰ ਦਇਆ ਜਾਂ ਪਰਉਪਕਾਰ ਦੀ ਭਾਵਨਾ ਵਿਕਸਤ ਹੁੰਦੀ ਹੈ। ਸੱਚ ਦਾ ਫਲ ਪਰਉਪਕਾਰ ਹੈ। ਸੱਚ ਦਾ ਕਾਰਜ ਮਨੁੱਖ ਨੂੰ ਪਰਉਪਕਾਰੀ ਬਣਾਉਣ ਦਾ ਹੈ। ਸੱਚ ਧਾਰਨ ਕਰਨ ਤੋਂ ਭਾਵ ਹੈ ਮਨੁੱਖ ਸੁਆਰਥ ਤਿਆਗੇ, ਆਪੇ ਤੋਂ ਉਪਰ ਉੱਠੇ ਅਤੇ ਦੂਜਿਆਂ ਦੇ ਭਲੇ ਲਈ ਕੁਝ ਯੋਗਦਾਨ ਪਾਏ। ਹਉਮੈ ਦੀ ਥਾਂ 'ਹੁਕਮ ਰਜਾਈ' ਚੱਲਣ ਦਾ ਵੀ ਇਹੀ ਭਾਵ ਹੈ ਕਿ ਮਨੁੱਖ ਆਪੇ ਤੋਂ ਉੱਚਾ ਉੱਠ ਕੇ ਸਮੁੱਚੇ ਬ੍ਰਹਿਮੰਡ ਨਾਲ ਇਕਸੁਰ ਹੋਵੇ। ਇਕਸੁਰ ਹੋਣ ਦਾ ਭਾਵ ਹੈ ਹੋਰਨਾਂ ਮੁਤਾਬਿਕ ਜਾਂ ਹੋਰਨਾਂ ਲਈ। ਦੂਜਿਆਂ ਦੇ ਭਲੇ ਤੇ ਖ਼ੁਸ਼ਹਾਲੀ ਦੀ ਭਾਵਨਾ ਰੱਖਦਿਆਂ ਆਪਣੇ ਹਿੱਤ ਪਿੱਛੇ ਰੱਖ ਕੇ ਦੂਜਿਆਂ ਦੀ ਸਹਾਇਤਾ ਕਰਨ ਦਾ ਨਾਂ ਪਰਉਪਕਾਰ ਹੈ। ਇਸ ਭਾਵਨਾ ਦਾ ਮਹੱਤਵ ਜਪੁ ਜੀ ਵਿਚ ਧਰਮ ਨੂੰ ਦਇਆ ਦਾ ਪੁੱਤਰ ਕਹਿ ਕੇ ਦਰਸਾਇਆ ਹੈ।[2] ਪਰਉਪਕਾਰ ਕਰਨ ਦੀ ਕਿਰਿਆ ਨੂੰ ਸੇਵਾ ਕਿਹਾ ਗਿਆ ਹੈ। ਆਸਾ ਕੀ ਵਾਰ ਵਿਚ ਦੱਸਿਆ ਹੈ ਕਿ ਸੱਚ ਦੇ ਉਪਾਸ਼ਕ ਹੀ ਸੇਵਾ ਕਰਦੇ ਹਨ:

ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥ (ਪੰਨਾ ੪੬੭)

ਇਥੇ 'ਸੰਤੋਖ' ਤੇ 'ਸੇਵਾ' ਨੂੰ ਸੱਚ ਨਾਲ ਮਿਲਾਉਣ ਦਾ ਭਾਵ ਸਪੱਸ਼ਟ ਹੈ ਕਿ ਸੱਚ

ਪਰਉਪਕਾਰ ਦੀ ਭਾਵਨਾ ਨੂੰ ਉਤਪੰਨ ਕਰਦਾ ਹੈ। ਨਿੱਜ ਦੇ ਤਿਆਗ ਤੋਂ ਬਿਨਾਂ ਸੰਤੋਖ ਸੰਭਵ ਨਹੀਂ ਹੋ ਸਕਦਾ। ਸੰਤੋਖੀ ਤੇ ਸੰਜਮੀ ਮਨੁੱਖ ਕਿਰਤ ਕਰ ਕੇ ਰੋਜ਼ੀ ਕਮਾਉਣ ਦੀ ਭਾਵਨਾ ਤਾਂ ਰੱਖਦਾ ਹੈ ਪਰ ਉਹ ਮਾਇਆ ਇਕੱਠੀ ਕਰਨ ਦੀ ਦੌੜ ਵਿਚ ਸ਼ਾਮਲ ਨਹੀਂ ਹੁੰਦਾ ਸਗੋਂ ਕਿਰਤ-ਫ਼ਲ ਨੂੰ ਵੀ ਵੰਡ ਕੇ ਛਕਣ ਦਾ ਭਾਵ ਰੱਖਦਾ ਹੈ।

ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਬਾਣੀ ਵਿਚ ਸੱਚ ਦਾ ਭਾਵ ਦੂਜਿਆਂ ਦੇ ਭਲੇ ਲਈ ਸੇਵਾ, ਪਰਉਪਕਾਰ ਤੇ ਪੁੰਨ-ਦਾਨ ਕਰਨਾ ਹੈ। ਇਸੇ ਸੱਚ ਦੀ ਧਾਰਨਾ ਦਰਸ਼ਨ ਵਾਲੀ ਨਾ ਹੋ ਕੇ ਵਿਵਹਾਰਕ ਹੈ ਅਤੇ ਮੌਲਿਕ ਵੀ। ਇਸੇ ਕਾਰਨ ਬਾਅਦ ਵਿਚ ਸਿੱਖ ਧਰਮ ਵਿਚ ਸੇਵਾ ਤੇ ਵੰਡ ਛਕਣ ਦੀ ਮਹਾਨਤਾ ਕਰਕੇ ਹੀ ਸਿੱਖਾਂ ਨੇ ਆਪਣੇ ਭਾਈਚਾਰੇ ਦੀ ਪਹਿਚਾਣ ਕਰਾ ਲਈ ਹੈ। ਸਿੱਖ ਜਿਥੇ ਵੀ ਗਏ ਹਨ, ਉਥੇ ਸੇਵਾ ਤੇ ਲੰਗਰ ਦੀ ਪਰੰਪਰਾ ਨਾਲ ਲੈ ਗਏ ਹਨ। ਗੁਰੂ ਸਾਹਿਬ ਦੁਆਰਾ ਦਰਸਾਏ ਆਦਰਸ਼ ਅੱਜ ਵੀ ਮਨੁੱਖਤਾ ਲਈ ਉਤਨੇ ਹੀ ਕਲਿਆਣਕਾਰੀ ਹਨ, ਜਿੰਨੇ ਕਿ 16ਵੀਂ ਸਦੀ ਵਿਚ ਸਨ। ਸਮੱਸਿਆਵਾਂ ਦੇ ਬਾਹਰੀ ਰੂਪ ਪਰਿਵਰਤਿਤ ਹੋਏ ਹਨ, ਪਰ ਸਮੱਸਿਆ ਦੀ ਜੜ੍ਹ ਉਹੀ ਰਹੀ ਹੈ। ਮਨੁੱਖ ਦੇ ਸੁਆਰਥ ਨੇ ਉਸ ਨੂੰ ਸੰਜਮ ਦੇ ਘੇਰੇ ਤੋਂ ਬਾਹਰ ਕੱਢ ਲਿਆ ਹੈ। ਅੱਜ ਦਾ ਮਨੁੱਖ ਆਪਣੇ ਗਿਆਨ ਅਤੇ ਯੋਗਤਾ ਦੀ ਵਰਤੋਂ ਜਿਸ ਢੰਗ ਨਾਲ ਕਰ ਰਿਹਾ ਹੈ, ਨਿਸ਼ਚੇ ਹੀ ਇਹ ਉਸ ਦੇ ਸੁਆਰਥ ਅਤੇ ਡਰ ਦੀ ਭਾਵਨਾ ਕਰਕੇ ਹੈ। ਮਨੁੱਖਤਾ ਦੇ ਭਲੇ ਲਈ ਆਪਣੀਆਂ ਯੋਗਤਾਵਾਂ ਦੀ ਵਰਤੋਂ ਕਰਨ ਨਾਲ ਹੀ ਸੱਚਾ ਸੁਖ ਪ੍ਰਾਪਤ ਹੋ ਸਕਦਾ ਹੈ। ਗੁਰੂ ਨਾਨਕ ਸਾਹਿਬ ਜਦੋਂ ਸਾਨੂੰ ਸੱਚ ਧਾਰਨ ਕਰਨ ਲਈ ਕਹਿੰਦੇ ਹਨ ਤਾਂ ਇਸ ਦਾ ਇਹੀ ਅਰਥ ਹੈ 'ਪਹਿਲਾਂ ਦੂਜੇ ਫਿਰ ਆਪ'।

ਹਵਾਲੇ ਅਤੇ ਟਿੱਪਣੀਆਂ

1. ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥ (ਪੰਨਾ ੪੬੬)
2. ਧੌਲੁ ਧਰਮੁ ਦਇਆ ਕਾ ਪੂਤੁ॥ (ਪੰਨਾ ੩)

(11/1997)

'ਆਸਾ ਕੀ ਵਾਰ' ਵਿਚ ਰਹੁ-ਰੀਤਾਂ

ਭਾਰਤੀ ਸੰਸਕ੍ਰਿਤੀ ਵਿਚ ਰਹੁ-ਰੀਤਾਂ ਦਾ ਵਿਸ਼ੇਸ਼ ਮਹੱਤਵ ਹੈ। ਇਹ ਸਦੀਆਂ ਤੋਂ ਪੀੜ੍ਹੀ-ਦਰ-ਪੀੜ੍ਹੀ ਭਾਰਤੀ ਸੰਸਕ੍ਰਿਤੀ ਦਾ ਅਨਿੱਖੜਵਾਂ ਅੰਗ ਬਣ ਚੁੱਕੀਆਂ ਹਨ। ਰਹੁ-ਰੀਤਾਂ ਮਨੁੱਖੀ ਜੀਵਨ ਦੀਆਂ ਸਰਬ ਕਿਰਿਆਵਾਂ ਨਾਲ ਜੁੜੀਆਂ ਹੋਈਆਂ ਹਨ। ਭਾਰਤੀ ਮਨੁੱਖ ਇਹਨਾਂ ਪ੍ਰਤੀ ਵਿਸ਼ੇਸ਼ ਦਰਜਾ ਅਤੇ ਸਤਿਕਾਰ ਦੀ ਭਾਵਨਾ ਰੱਖਦਾ ਹੈ।

ਰਹੁ-ਰੀਤ ਤੋਂ ਭਾਵ ਧਾਰਮਿਕ ਮਰਯਾਦਾ ਹੈ। ਵਿਸ਼ਵ ਕੋਸ਼ ਸੋਸ਼ਲ ਸਾਇੰਸਜ਼ ਵਿਚ ਰਹੁ-ਰੀਤਾਂ ਨੂੰ ਪਰੰਪਰਾਗਤ ਵਿਸ਼ਵਾਸ ਪ੍ਰਬੰਧ ਦਾ ਇਕ ਰੂਪ ਮੰਨਿਆ ਗਿਆ ਹੈ, ਜਿਸ ਦਾ ਸੰਬੰਧ ਧਾਰਮਿਕ ਨਿਸਪਾਦਨ (ਕਰਮ) ਨਾਲ ਹੈ। ਰਹੁ-ਰੀਤ ਦਾ ਪਰਥਾਇ ਸ਼ਬਦ ਅਨੁਸ਼ਠਾਨ (ritual) ਮੰਨਿਆ ਗਿਆ ਹੈ, ਜਿਸ ਦਾ ਅਰਥ ਵੀ ਧਾਰਮਿਕ ਕਾਰਜ ਦੇ ਅਰਥਾਂ ਵਿਚ ਗ੍ਰਹਿਣ ਕੀਤਾ ਜਾਂਦਾ ਹੈ। ਅੰਗਰੇਜ਼ੀ ਭਾਸ਼ਾ ਦੇ ਪਦ ਅਨੁਸ਼ਠਾਨ (ritual) ਦੇ ਪੰਜਾਬੀ ਰੂਪ ਰਹੁ-ਰੀਤਾਂ ਅਤੇ ਅੰਗਰੇਜ਼ੀ ਦੇ ਪਦਾਂ ceremony, custom ਅਤੇ constitution ਵਿਚ ਗਹਿਰਾ ਭੇਦ ਹੈ ਭਾਵੇਂ ਇਹਨਾਂ ਦਾ ਮੂਲ ਰਹੁ-ਰੀਤਾਂ ਵਿਚ ਖੋਜਿਆ ਜਾ ਸਕਦਾ ਹੈ।

ਵਿਭਿੰਨ ਵਿਦਵਾਨਾਂ ਦੇ ਵਿਭਿੰਨ ਵਿਚਾਰਾਂ ਦੇ ਆਧਾਰ 'ਤੇ ਇਸ ਤੱਥ ਦੀ ਪ੍ਰੋੜ੍ਹਤਾ ਹੁੰਦੀ ਹੈ ਕਿ ਰਹੁ-ਰੀਤਾਂ ਦੀ ਉਤਪਤੀ ਆਦਿ ਮਾਨਵ ਦੁਆਰਾ ਪ੍ਰਕਿਰਤੀ ਦੇ ਜਟਿਲ ਪ੍ਰਾਚੀਨ ਅਤੇ ਵੱਖ-ਵੱਖ ਵਰਤਾਰਿਆਂ 'ਤੇ ਕਾਬੂ ਪਾਉਣ ਦੀ ਇੱਛਾ ਤੋਂ ਪ੍ਰੇਰਿਤ ਹੋਈ। ਵੱਖ-ਵੱਖ ਕਬੀਲਿਆਂ ਅਤੇ ਜਾਤੀਆਂ ਦੀਆਂ ਆਪਣੀਆਂ ਵਿਭਿੰਨ ਰਹੁ-ਰੀਤਾਂ ਹਨ। ਪਰੰਪਰਾ ਵਿਚੋਂ ਮਿਲੀਆਂ ਹੋਣ ਕਰਕੇ ਇਹਨਾਂ ਦਾ ਪ੍ਰਵਾਹ ਸਦੀਆਂ ਤੋਂ ਪੀੜ੍ਹੀ-ਦਰ-ਪੀੜ੍ਹੀ ਚੱਲਦਾ ਆ ਰਿਹਾ ਹੈ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਧਾਰਮਿਕ ਸਥਿਤੀ ਭੇਖ, ਦੰਭ ਅਤੇ ਫੋਕਟ ਨਿਸ਼ਚਿਆਂ ਵਾਲੀ ਬਣ ਕੇ ਰਹਿ ਗਈ ਸੀ। ਲੋਕਾਂ ਦਾ ਧਾਰਮਿਕ ਅਤੇ ਸਮਾਜਿਕ ਜੀਵਨ ਅਸੁਰੱਖਿਅਕ ਸੀ, ਲੋਕ-ਧਰਮ ਦੇ ਮੂਲ ਕਰਤੱਵ ਨੂੰ ਭੁੱਲ ਕੇ ਫਜ਼ੂਲ ਦੀਆਂ ਰਹੁ-ਰੀਤਾਂ ਵਿਚ ਵਿਸ਼ਵਾਸ ਰੱਖਦੇ ਸਨ ਅਤੇ ਬਾਹਰੀ ਪਖੰਡ ਅਤੇ ਅਡੰਬਰ ਵਿਚ ਗ੍ਰਸਤ ਸਨ। ਨਤੀਜੇ ਵਜੋਂ ਬਹੁਤ ਸਾਰੀਆਂ ਰਹੁ-ਰੀਤਾਂ ਦੀ ਪਾਲਣਾ ਵਿਭਿੰਨ ਧਰਮਾਂ ਦੇ ਨਿਯਮਾਂ ਦੇ ਆਧਾਰ 'ਤੇ ਪਖੰਡ ਅਤੇ ਬਾਹਰੀ ਦਿਖਾਵੇ ਦਾ ਪ੍ਰਗਟਾਵਾ ਕਰਨ ਵਾਸਤੇ ਅਤੇ ਪ੍ਰਚਲਿਤ ਵਿਸ਼ਵਾਸਾਂ ਨੂੰ ਮੂਰਤੀਮਾਨ ਕਰਨ ਵਾਸਤੇ ਹੋਣ ਲੱਗ ਪਈ।

ਗੁਰੂ ਨਾਨਕ ਦੇਵ ਜੀ ਦੀ ਸਮੁੱਚੀ ਬਾਣੀ ਦੇ ਅਧਿਐਨ ਉਪਰੰਤ ਸਪੱਸ਼ਟ ਹੁੰਦਾ ਹੈ ਕਿ ਉਹਨਾਂ ਕਿਸੇ ਵਿਸ਼ੇਸ਼ ਧਰਮ ਦੀਆਂ ਰਹੁ-ਰੀਤਾਂ ਦਾ ਵਿਰੋਧ ਨਹੀਂ ਕੀਤਾ, ਸਗੋਂ ਵੱਖ-ਵੱਖ ਧਰਮਾਂ ਦੀਆਂ ਅਰਥ-ਹੀਣ ਰਹੁ-ਰੀਤਾਂ ਜੋ ਝੂਠੇ ਬਾਹਰੀ ਵਿਖਾਵੇ ਜਾਂ ਫ਼ਰੇਬ ਨਾਲ ਸੰਬੰਧਿਤ ਸਨ ਅਤੇ

ਜੋ ਧਰਮ ਦਾ ਅੰਗ ਬਣ ਕੇ ਮਨੁੱਖੀ ਜੀਵਨ ਨੂੰ ਸੁਚੱਜਤਾ ਤੋਂ ਕੁਚੀਲਤਾ ਵੱਲ ਲੈ ਜਾ ਰਹੀਆਂ ਸਨ, ਆਦਿ ਦੀ ਆਲੋਚਨਾ ਬੜੇ ਕਲਾਮਈ ਢੰਗ ਨਾਲ ਕੀਤੀ ਹੈ। ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਧਰਮ ਦੀ ਮੂਲ ਭਾਵਨਾ ਨੂੰ ਸਮਝਣ 'ਤੇ ਜ਼ੋਰ ਦਿੱਤਾ ਅਤੇ ਉਹਨਾਂ ਨੂੰ ਸੱਚਾ ਅਤੇ ਸੁੱਚਾ ਜੀਵਨ ਜੀਊਣ ਦੀ ਪ੍ਰੇਰਨਾ ਦਿੱਤੀ।

ਗੁਰੂ ਨਾਨਕ ਦੇਵ ਜੀ ਦੀ ਸਮੁੱਚੀ ਬਾਣੀ ਵਿਚ ਸਮਕਾਲੀ ਧਰਮਾਂ ਦੀਆਂ ਰਹੁ-ਰੀਤਾਂ ਦਾ ਵਿਵਰਣ ਥਾਂ-ਪਰ-ਥਾਂ ਹੈ, ਪਰੰਤੂ ਵਾਰਾਂ ਦੇ ਗਹਿਨ ਅਧਿਐਨ ਉਪਰੰਤ ਸਪੱਸ਼ਟ ਹੁੰਦਾ ਹੈ ਕਿ ਇਸ ਕਾਲ ਦੇ ਪ੍ਰਚਲਿਤ ਧਰਮਾਂ ਦੀਆਂ ਰਹੁ-ਰੀਤਾਂ ਦਾ ਵਿਆਪਕ ਪੱਧਰ 'ਤੇ ਵਰਨਣ 'ਵਾਰਾਂ' ਦੀ ਰਚਨਾ ਵਿਚ ਹੈ। ਵਾਰਾਂ ਵਿਚ ਰਹੁ-ਰੀਤਾਂ ਦਾ ਵਰਣਨ ਸੰਕੇਤਕ, ਵਿਆਖਿਆਤਮਕ, ਤੁਲਨਾਤਮਕ ਅਤੇ ਦੁਹਰਾਓ ਆਦਿ ਵੱਖ-ਵੱਖ ਕਾਵਿ-ਜੁਗਤਾਂ ਦੁਆਰਾ ਹੋਇਆ ਹੈ।

ਵਿਸ਼ੇਸ਼ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਧਰਮ ਹਿੰਦੂ, ਇਸਲਾਮ, ਜੈਨ, ਬੁੱਧ, ਸਿੱਧ ਅਤੇ ਜੋਗੀਆਂ ਦੀਆਂ ਰਹੁ-ਰੀਤਾਂ ਸੰਬੰਧੀ ਵਿਸਤ੍ਰਿਤ ਵੇਰਵੇ ਆਸਾ ਦੀ ਵਾਰ ਵਿਚ ਮੌਜੂਦ ਹਨ। ਹਥਲੇ ਲੇਖ ਵਿਚ ਆਸਾ ਦੀ ਵਾਰ ਵਿਚੋਂ ਉਪਲਬਧ ਹਿੰਦੂ ਧਰਮ ਨਾਲ ਸੰਬੰਧਿਤ ਰਹੁ-ਰੀਤਾਂ ਦਾ ਵਿਸ਼ਲੇਸ਼ਣ ਹੈ।

ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਧਰਮ ਵਿਚ ਜਨੇਊ ਧਾਰਨ ਕਰਨਾ ਇਕ ਮਹੱਤਵਪੂਰਨ ਰੀਤ ਸੀ। ਇਹ ਬੱਚੇ ਦੇ 9 ਸਾਲ ਪੂਰੇ ਹੋਣ ਦੀ ਆਯੂ ਵਿਚ ਕੀਤੀ ਜਾਂਦੀ ਸੀ। ਵੱਖ-ਵੱਖ ਵਰਣਾਂ ਲਈ ਵੱਖ-ਵੱਖ ਰੰਗ ਦੇ ਜਨੇਊ ਪਾਉਣ ਦਾ ਰਿਵਾਜ ਸੀ।

ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿਚ ਇਸ ਰੀਤ ਨਾਲ ਸੰਬੰਧਿਤ ਸੁੱਚੀ ਭਾਵਨਾ ਨੂੰ ਕਿਰਦਾਰ ਵਿਚ ਲਿਆਉਣ ਦਾ ਅਤੇ ਕੇਵਲ ਧਾਗੇ ਦਾ ਜਨੇਊ ਧਾਰਨ ਕਰਨ ਦੀ ਥਾਂ ਦਇਆ, ਸੰਤੋਖ, ਜਤ-ਸਤ ਵਰਗੇ ਸਦਾਚਾਰਕ ਗੁਣਾਂ ਨੂੰ ਧਾਰਨ ਕਰਨ ਦਾ ਉਪਦੇਸ਼ ਦਿੱਤਾ ਹੈ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥ (ਪੰਨਾ ੪੭੧)

ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਚ ਸੂਤਕ, ਪਾਤਕ ਦਾ ਵਹਿਮ ਵੀ ਆਮ ਪ੍ਰਚਲਿਤ ਸੀ। ਸੂਤਕ ਤੋਂ ਭਾਵ ਉਸ ਭਿੱਟ ਤੋਂ ਮੰਨਿਆ ਜਾਂਦਾ ਸੀ ਜੋ ਬੱਚੇ ਦੇ ਜਨਮ ਉਪਰੰਤ ਸਾਰੇ ਪਰਿਵਾਰ ਨੂੰ ਅਪਵਿੱਤਰ ਕਰ ਦੇਂਦੀ ਸੀ।

ਇਸੇ ਤਰ੍ਹਾਂ ਕਿਸੇ ਦੇ ਮਰਨ ਨਾਲ ਵੀ ਸਾਰਾ ਘਰ ਅਸ਼ੁੱਧ ਹੋ ਗਿਆ ਮੰਨਿਆ ਜਾਂਦਾ ਸੀ। ਸੂਤਕ-ਪਾਤਕ ਦੀ ਭਿੱਟ ਤੋਂ ਬਚਣ ਲਈ ਅਨੇਕ ਰਹੁ-ਰੀਤਾਂ ਕੀਤੀਆਂ ਜਾਂਦੀਆਂ ਸਨ। ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਦੱਸਿਆ ਕਿ ਸੂਤਕ-ਪਾਤਕ ਦੀ ਸਥਿਤੀ ਤੋਂ ਛੁਟਕਾਰਾ ਪਾਉਣ ਲਈ ਗਿਆਨ ਲੋੜੀਂਦਾ ਹੈ। ਉਹਨਾਂ ਲੋਕਾਂ ਨੂੰ ਦੱਸਿਆ ਕਿ ਸੂਤਕ-ਪਾਤਕ ਆਦਿ ਭਰਮ ਹਨ ਸਗੋਂ ਅਸਲੀ ਸੂਤਕ ਇਹ ਹੈ:

ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥

ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥
ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥ (ਪੰਨਾ ੪੭੨)

ਹਿੰਦੂ ਧਰਮ ਵਿਚ ਇਕ ਮਹੱਤਵਪੂਰਨ ਰਹੁ-ਰੀਤ ਸ਼ਰਾਧ ਹੈ। ਇਸ ਰੀਤ ਅਨੁਸਾਰ ਮੋਏ ਪਿਤਰਾਂ ਦੀ ਖ਼ੁਸ਼ੀ ਲਈ ਹਰ ਸਾਲ ਪਿਤਰਾਂ ਨਮਿਤ ਬ੍ਰਾਹਮਣਾਂ ਨੂੰ ਭੋਜਨ ਖਵਾਏ ਜਾਂਦੇ ਅਤੇ ਬਹੁਤ ਸਾਰਾ ਦਾਨ-ਪੁੰਨ ਕੀਤਾ ਜਾਂਦਾ ਹੈ। ਇਹ ਰੀਤ ਹਿੰਦੂ ਸਮਾਜ ਦਾ ਜ਼ਰੂਰੀ ਅੰਗ ਬਣ ਚੁੱਕੀ ਸੀ। ਗੁਰੂ ਨਾਨਕ ਦੇਵ ਜੀ ਨੇ ਇਸ ਰਹੁ-ਰੀਤ ਦਾ ਵਿਅੰਗ-ਮਈ ਸ਼ਬਦਾਵਲੀ ਵਿਚ ਖੰਡਨ ਕੀਤਾ :

ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥
ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥
ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥ (ਪੰਨਾ ੪੭੨)

ਗੁਰੂ ਨਾਨਕ ਦੇਵ ਜੀ ਦੇ ਸਮੇਂ ਸਮਾਜ ਵਿਚ ਲੋਕ-ਨਾਟ ਰੂਪ ਰਾਸ ਅਤੇ ਲੀਲ੍ਹਾ ਧਾਰਮਿਕ ਕਿਰਿਆਵਾਂ ਦੇ ਰੂਪ ਵਿਚ ਖੇਡੀਆਂ ਜਾਂਦੀਆਂ ਸਨ। ਇਹਨਾਂ ਨੂੰ ਮੁਕਤੀ ਦਾ ਸਾਧਨ ਸਮਝਿਆ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿਚ ਪ੍ਰਚਲਿਤ ਇਹਨਾਂ ਲੋਕ-ਨਾਟ ਰੂਪਾਂ ਨੂੰ ਰਾਸਧਾਰੀਆਂ ਦੇ ਰੁਜ਼ਗਾਰ ਦੇ ਹੀ ਮੁੱਖ ਸਾਧਨ ਕਿਹਾ :

ਵਾਇਨਿ ਚੇਲੇ ਨਚਨਿ ਗੁਰ ॥ ਪੈਰ ਹਲਾਇਨਿ ਫੇਰਨਿ੍ ਸਿਰ ॥...
ਰੋਟੀਆ ਕਾਰਣਿ ਪੂਰਹਿ ਤਾਲ ॥ ਆਪੁ ਪਛਾੜਹਿ ਧਰਤੀ ਨਾਲਿ ॥ (ਪੰਨਾ ੪੬੫)

ਅਸਲੀ ਨਾਚ ਦੇ ਅਰਥਾਂ ਨੂੰ ਸਮਝਾਉਣ ਲਈ ਉਹਨਾਂ 'ਆਪਣੇ ਵਿਚਾਰਾਂ ਨੂੰ ਆਸਾ ਦੀ ਵਾਰ ਵਿਚ ਇਸ ਤਰ੍ਹਾਂ ਅੰਕਿਤ ਕੀਤਾ :

ਘੜੀਆ ਸਭੇ ਗੋਪੀਆ ਪਹਰ ਕੰਨ੍ ਗੋਪਾਲ ॥
ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ ॥ (ਪੰਨਾ ੪੬੫)

ਹਿੰਦੂ ਧਰਮ ਵਿਚ ਸੁੱਚ ਅਤੇ ਭਿੱਟ ਦਾ ਵਿਚਾਰ ਬੜਾ ਪ੍ਰਬਲ ਸੀ। ਗੁਰੂ ਨਾਨਕ ਦੇਵ ਜੀ ਨੇ ਇਸ ਰਹੁ-ਰੀਤ ਦਾ ਆਸਾ ਦੀ ਵਾਰ ਵਿਚ ਜ਼ਿਕਰ ਕੀਤਾ ਹੈ। ਗੁਰੂ ਜੀ ਨੇ ਬਾਹਰਲੀ ਸੁੱਚ ਨਾਲੋਂ ਅੰਦਰਲੀ ਸੁੱਚ 'ਤੇ ਵਧੇਰੇ ਜ਼ੋਰ ਦਿੱਤਾ। ਉਹਨਾਂ ਇਹਨਾਂ ਵਹਿਮਾਂ ਨੂੰ ਪਾਖੰਡੀ ਕਰਮ ਕਿਹਾ ਤੇ ਲੋਕਾਂ ਨੂੰ ਦੱਸਿਆ ਕਿ ਇਹਨਾਂ ਦਾ ਕੋਈ ਲਾਭ ਨਹੀਂ :

ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥
ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ ॥
ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ ॥
ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ ॥ (ਪੰਨਾ ੪੭੩)

ਸੁੱਚੇ ਚੌਂਕੇ ਵਾਂਗ ਚੁਲੀਆਂ ਭਰਨ ਨੂੰ ਵੀ ਇਕ ਧਾਰਮਿਕ ਕਰਮ ਸਮਝਿਆ ਜਾਂਦਾ ਸੀ। ਚੁਲੀਆਂ ਕਈ ਵਿਚਾਰਾਂ ਅਧੀਨ ਭਰੀਆਂ ਜਾਂਦੀਆਂ ਸਨ। ਜਿਵੇਂ ਹਿੰਦੂ ਧਰਮ ਵਿਚ ਪਿਤਰਾਂ ਦੇ ਨਮਿਤ ਪਾਣੀ ਦੀਆਂ ਚੁਲੀਆਂ ਸੂਰਜ ਅੱਗੇ ਡੋਲ੍ਹਣੀਆਂ ਪਿਤਰਾਂ ਨੂੰ ਜਲ ਪਹੁੰਚਾਉਣਾ ਹੈ। ਵਸਤੂ ਦੇ ਗ੍ਰਹਿਣ ਕਰਨ ਜਾਂ ਤਿਆਗਣ ਦੀ ਪ੍ਰਤਿੱਗਿਆ ਵੀ ਚੁਲੀ ਭਰ ਕੇ ਕੀਤੀ ਜਾਂਦੀ

ਹੈ। ਆਸਾ ਦੀ ਵਾਰ ਵਿਚ ਇਸ ਵਿਸ਼ਵਾਸ ਦੀ ਨਿਖੇਧੀ ਕੀਤੀ ਗਈ ਹੈ। ਸ਼ੁਭ ਗੁਣਾਂ ਨੂੰ ਧਾਰਨ ਕਰਨਾ ਹੀ ਸੁੱਚੀਆਂ ਚੁਲੀਆਂ ਹਨ। ਆਸਾ ਦੀ ਵਾਰ ਵਿਚ ਇਸ ਰਹੁ-ਰੀਤ ਦਾ ਵਿਅੰਗਮਈ ਸ਼ਬਦਾਵਲੀ ਵਿਚ ਖੰਡਨ ਕੀਤਾ ਹੈ:

ਤਨਿ ਫਿਟੈ ਫੇੜ ਕਰੇਨਿ॥
ਮਨਿ ਜੂਠੈ ਚੁਲੀ ਭਰੇਨਿ॥ (ਪੰਨਾ ੪੭੨)

ਪ੍ਰਾਚੀਨ ਕਾਲ ਤੋਂ ਹੀ ਇਸ਼ਨਾਨ ਦਾ ਬੜਾ ਮਹਾਤਮ ਮੰਨਿਆ ਜਾ ਰਿਹਾ ਸੀ। ਸਰੀਰ ਅਤੇ ਮਨ ਦੀ ਸ਼ੁੱਧੀ ਪ੍ਰਾਪਤ ਕਰਨ ਲਈ ਤੀਰਥਾਂ 'ਤੇ ਇਸ਼ਨਾਨ ਕਰਨ ਨੂੰ ਜ਼ਰੂਰੀ ਕਰਮ ਸਮਝਿਆ ਜਾਂਦਾ ਸੀ। ਪ੍ਰੇਤ ਅਤੇ ਰੂਹਾਂ ਤੋਂ ਬਚਣ ਲਈ ਸ਼ੁੱਧੀ ਜ਼ਰੂਰੀ ਸਮਝੀ ਜਾਂਦੀ ਸੀ। ਸ਼ੁੱਧੀ ਲਈ ਇਸ਼ਨਾਨ ਦੀ ਰਹੁ-ਰੀਤ ਦੇ ਅੰਤਰਗਤ ਕਈ ਧਾਰਮਿਕ ਤੀਰਥਾਂ ਅਤੇ ਸਥਾਨਾਂ ਉੱਤੇ ਜਾ ਕੇ ਇਸ਼ਨਾਨ ਕੀਤੇ ਜਾਂਦੇ ਸਨ। ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਨੇ ਸਰੀਰਕ ਸ਼ੁੱਧੀ ਦੀ ਥਾਂ ਆਤਮਿਕ ਸ਼ੁੱਧੀ ਦਾ ਸੰਕਲਪ ਪ੍ਰਸਤੁਤ ਕੀਤਾ ਅਤੇ ਲੋਕਾਂ ਨੂੰ ਦੱਸਿਆ:

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥ (ਪੰਨਾ ੪੭੨)

ਉਸ ਸਮੇਂ ਧਰਮ ਵਿਚ ਪੁੰਨ-ਦਾਨ ਦੀ ਰੀਤ ਵੀ ਬੜੀ ਪ੍ਰਚਲਿਤ ਸੀ। ਲੋਕ ਤੀਰਥਾਂ 'ਤੇ ਖ਼ਾਸ ਤਿੱਥਾਂ ਜਾਂ ਵਾਰਾਂ ਨੂੰ ਜਾ ਕੇ ਇਸ਼ਨਾਨ ਕਰ ਕੇ ਪੁੰਨ-ਦਾਨ ਕਰਨ ਨੂੰ ਮੁਕਤੀ ਲਈ ਆਵੱਸ਼ਕ ਸਮਝਦੇ ਸਨ। ਗੁਰੂ ਨਾਨਕ ਦੇਵ ਜੀ ਨੇ ਇਸ ਰੀਤ ਦੀ ਸਖ਼ਤ ਅਲੋਚਨਾ ਕੀਤੀ ਅਤੇ ਲੋਕਾਂ ਨੂੰ ਕਿਹਾ ਕਿ ਸੱਚੇ ਗਿਆਨ ਤੋਂ ਬਿਨਾਂ ਇਹ ਸਭ ਵਿਖਾਵਾ ਵਿਅਰਥ ਹੈ। ਉਹਨਾਂ ਨੇ ਦਾਨੀਆਂ ਦੇ ਦਾਨ ਦੇ ਹਉਮੈ ਰੋਗ ਵਿਚ ਗ੍ਰਸਤ ਹੋਣ ਅਤੇ ਦਿਖਾਵਾ ਕਰਨ ਦੀ ਨੀਤੀ ਦਾ ਪਾਜ ਖੋਲ੍ਹਿਆ:

ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ॥
ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ॥ (ਪੰਨਾ ੪੬੬)

ਆਸਾ ਦੀ ਵਾਰ ਵਿਚੋਂ ਉਪਲਬਧ ਰਹੁ-ਰੀਤ ਦੇ ਅਧਿਐਨ ਉਪਰੰਤ ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸਮਕਾਲੀ ਧਰਮ ਵਿਚ ਪ੍ਰਚਲਿਤ ਬਾਹਰੀ ਦਿਖਾਵੇ ਅਤੇ ਅੰਧ-ਵਿਸ਼ਵਾਸਾਂ ਨਾਲ ਸੰਬੰਧਿਤ ਰਹੁ-ਰੀਤਾਂ ਨੂੰ ਨਿਰਾਰਥਕ ਦੱਸਿਆ ਅਤੇ ਉਹਨਾਂ ਨੂੰ ਤਿਆਗਣ ਦਾ ਉਪਦੇਸ਼ ਦਿੱਤਾ ਜੋ ਧਰਮ ਦਾ ਅੰਗ ਬਣ ਕੇ ਮਨੁੱਖੀ ਜੀਵਨ ਨੂੰ ਸੁਚੱਜਤਾ ਤੋਂ ਕੁਚੀਲਤਾ ਵੱਲ ਲੈ ਜਾ ਰਹੀਆਂ ਸਨ। ਗੁਰੂ ਨਾਨਕ ਦੇਵ ਜੀ ਨੇ ਉਹਨਾਂ ਰਹੁ-ਰੀਤਾਂ ਨੂੰ ਕਰਨ 'ਤੇ ਜ਼ੋਰ ਦਿੱਤਾ ਜੋ ਮਨੁੱਖੀ ਜੀਵਨ ਨੂੰ ਆਤਮਿਕ ਪੱਧਰ 'ਤੇ ਉਚਿਆਣ ਲਈ ਸਹਾਇਕ ਸਾਬਤ ਹੁੰਦੀਆਂ ਹਨ।

(8/1989)

ਅਲਾਹਣੀਆ : ਇਕ ਅਧਿਐਨ

ਭਾਰਤ ਦੀ ਹਾਲਤ ਦਾ ਬਿਆਨ ਭਾਈ ਗੁਰਦਾਸ ਜੀ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਕੀਤਾ ਹੈ ਕਿ ਸਾਰੇ ਪਾਸੇ ਪਾਪ ਹੀ ਪਾਪ ਸੀ। ਰਾਜੇ ਪਰਜਾ ਨੂੰ ਤੰਗ ਕਰ ਰਹੇ ਸਨ, ਵਾੜ ਖੇਤ ਨੂੰ ਖਾ ਰਹੀ ਸੀ। ਗਊ-ਗ਼ਰੀਬ ਨੂੰ ਕੋਹਿਆ ਜਾ ਰਿਹਾ ਸੀ। ਧਰਮ ਦੇ ਨਾਮ 'ਤੇ ਪਾਪ ਕੀਤੇ ਜਾ ਰਹੇ ਸਨ। ਜਨਤਾ ਅਗਿਆਨ ਕਾਰਨ ਵਿਨਾਸ਼ ਹੋ ਰਹੀ ਸੀ। ਧਰਤੀ ਪਾਪਾਂ ਤੇ ਪਾਪੀਆਂ ਦੇ ਭਾਰ ਕਾਰਨ ਅਤਿਅੰਤ ਦੁਖੀ ਸੀ। ਧਰਤੀ ਨੇ ਪੁਕਾਰ ਕੀਤੀ ਕਿ ਪਰਮਾਤਮਾ ਕੋਈ ਮਹਾਂਪੁਰਖ ਭੇਜ ਤਾਂ ਜੋ ਮੇਰਾ ਭਾਰ ਘਟੇ। ਅਤੇ :

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ॥ (ਵਾਰ ੧/੨੩)

ਗੁਰੂ ਨਾਨਕ ਦੇਵ ਜੀ ਤਕਰੀਬਨ 504 ਵਰ੍ਹੇ ਪਹਿਲਾਂ ਇਸ ਧਰਤੀ 'ਤੇ ਆਏ। ਜਨਮਸਾਖੀਕਾਰ ਲਿਖਦਾ ਹੈ :

ਸ੍ਰੀ ਸਤਿਗੁਰੂ ਜਗਤ ਨਿਸਤਾਰਣ ਕਉ ਆਇਆ, ਕਲਜੁਗ ਵਿਚਿ ਬਾਬਾ ਨਾਨਕ ਹੋਇ ਜਨਮਿਆ ਪਾਰਬ੍ਰਹਮ ਕਾ ਨਿਜ ਭਗਤ। ਸ੍ਰੀ ਸਤਿਗੁਰੂ ਪ੍ਰਸਾਦਿ। ਸੰਮਤ 1526 (ਅਖਰੀਂ ਪੰਦਰਾਂ ਸੌ ਛੱਬੀ) ਵੈਸਾਖ ਮਹਿ ਤ੍ਰਿਤੀਆ ਚਾਂਦਨੀ ਰਾਤ ਅੰਮ੍ਰਿਤ ਵੇਲੇ ਪਹਰੁ ਰਾਤ ਰਹਿੰਦੀ ਕਉ ਮਾਤਾ ਤਿਪਤਾ ਜੀ ਕੈ ਉਦਰ ਮਾਹਿ ਜਨਮਿਆ। ਅਨਹਦ ਸਬਦੁ ਪਰਮੇਸਰ ਕੈ ਦਰਬਾਰ ਬਜੇ। ਤੇਤੀਸ ਕਰੋੜੀ ਦੇਵਤਿਆਂ ਨਮਸਕਾਰੁ ਕੀਆ। ਚਉਸਤਿ ਜੋਗਨੀ ਬਵੰਜਾ ਬੀਰ ਛਿਆਂ ਜਤੀਆਂ ਚਉਰਾਸੀਆਂ ਸਿਧਾਂ ਨਵਾਂ ਨਾਥਾਂ ਨਮਸਕਾਰ ਕੀਆ ਜੋ ਵਡਾ ਭਗਤ ਜਗਤ ਨਿਸਤਾਰਣ ਕਉ ਆਇਆ ਇਸ ਕਉ ਨਮਸਕਾਰੁ ਕੀਜੈ।[1]

ਬਚਪਨ ਤੋਂ ਹੀ ਬਾਬਾ ਜੀ ਨੇ ਕਮਾਲ ਕਰ ਵਿਖਾਣੀ ਅਰੰਭ ਕਰ ਦਿੱਤੀ। ਬਾਕੀ ਬੱਚਿਆਂ ਨਾਲੋਂ ਵੱਖ ਸਨ। ਸਾਰਾ ਦਿਨ ਪਰਮਾਤਮਾ ਦੀ ਯਾਦ ਵਿਚ ਗੁੰਮ ਰਹਿੰਦੇ। ਸਾਰੀਆਂ ਸਾਖੀਆਂ ਜੋ ਆਪ ਦੇ ਜੀਵਨ ਨਾਲ ਸੰਬੰਧਿਤ ਹਨ, ਇਸ ਗੱਲ ਦਾ ਗਿਆਨ ਕਰਵਾਉਂਦੀਆਂ ਹਨ ਕਿ ਆਪ ਨੇ ਰੂੜ੍ਹੀਗਤ ਵਿਚਾਰਾਂ ਦੀ ਆਲੋਚਨਾ ਕੀਤੀ ਤੇ ਨਵਾਂ ਗੁਰਮੁਖ ਗਾਡੀ ਰਾਹ ਚਲਾਇਆ। ਪਾਂਧੇ ਨੂੰ ਰਾਮ ਨਾਮ ਦਾ ਉਪਦੇਸ਼ ਦਿੱਤਾ। ਜੰਞੂ ਦੀ ਰਸਮ ਵੇਲੇ ਅਸਲੀ ਜੰਞੂ ਪਾਉਣ ਦਾ ਉਪਦੇਸ਼ ਦਿੱਤਾ। ਸੱਚਾ ਵਿਉਪਾਰ ਕਰ ਵਿਖਾਇਆ। ਮੁੱਲਾਂ-ਮੁਲਾਣਿਆਂ ਨੂੰ, ਪੰਡਤਾਂ ਨੂੰ, ਦੁਨੀਆਂਦਾਰਾਂ ਨੂੰ ਸੱਚੇ ਮਾਰਗ 'ਤੇ ਚੱਲਣੇ ਦਾ ਉਪਦੇਸ਼ ਦਿੱਤਾ। ਜੋ ਚੋਰ, ਠੱਗ, ਬਦਮਾਸ਼, ਰਾਖਸ਼, ਭੂਤ-ਪ੍ਰੇਤ, ਕਲਜੁਗ ਮਿਲਿਆ, ਆਪਣੇ ਨਿਰਮਲ ਤੇ ਮਧੁਰ ਬਚਨਾਂ ਦੇ ਅਸਰ ਨਾਲ ਸਾਧ ਕਰ ਵਿਖਾਇਆ। ਮਾਨਸ ਤੋਂ ਦੇਵਤਾ ਕਰ ਵਿਖਾਉਣਾ ਆਪ ਦਾ ਹੀ ਕੰਮ ਸੀ। ਸਿੱਧਾਂ ਨੂੰ ਰਾਮ ਨਾਮ ਨਾਲ ਜੋੜ

ਕੇ 'ਸਬਦਿ ਸਾਂਤ ਵਰਤਾ' ਦਿਖਾਈ। ਗੱਲ ਕੀ, ਸਾਰੀ ਉਮਰ ਆਪ ਦਾ ਰਾਹ ਆਮ ਲੋਕਾਂ ਤੇ ਧਾਰਮਿਕ ਆਗੂਆਂ ਨਾਲੋਂ ਵੱਖ ਰਿਹਾ। ਰਾਜਿਆਂ ਨੂੰ ਕਸਾਈ ਆਖਣਾ ਆਪ ਦੀ ਦਲੇਰੀ ਦਾ ਕਮਾਲ ਹੈ।

ਅਲਾਹਣੀਆਂ ਉਚਾਰਨ ਦਾ ਸਮਾਂ

ਜੀਵਨ ਯਾਤਰਾ ਦੀ ਸਮਾਪਤੀ ਦਾ ਸਮਾਂ ਆ ਗਿਆ। ਪਰਮਾਤਮਾ ਦੀ ਰਜ਼ਾ ਸੀ ਕਿ ਮੇਰਾ ਨਿਜ ਰੂਪ ਮੇਰੀ ਜੋਤਿ ਵਿਚ ਆ ਸਮਾਵੇ। ਗੁਰੂ ਸਾਹਿਬ ਤਿਆਰ ਹੋ ਪਏ। ਜਦੋਂ ਇਹ ਖ਼ਬਰ ਲੋਕਾਂ ਨੂੰ ਹੋਈ ਤਾਂ ਸਭ ਸੰਗਤਾਂ ਪਰਿਵਾਰ ਤੇ ਲੋਕਾਈ ਬਾਬੇ ਦੇ ਦਰਸ਼ਨਾਂ ਲਈ ਆ ਗਏ। ਸਾਖੀਕਾਰ ਲਿਖਦਾ ਹੈ 'ਤਦਹੁ ਗੁਰੂ ਕਾਬਾ ਜੀ ਸਰੀਹੇ ਤਲੇ ਜਾਇ ਬੈਠਾ। ਸਰੀਹੁ ਸੁੱਕਾ ਥਾ ਹਰਿਆ ਹੋਇਆ। ਪਤ ਫਲ ਪਏ। ਤਬ ਮਾਤਾ ਲਗੀ ਬੈਰਾਗੁ ਕਰਣਿ। ਤਿਤ ਮਾਹਿਲਿ ਸਬਦੁ ਹੋਇਆ ਵਡਹੰਸ ਵਿਚਿ[2]:

ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ ॥
ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ ॥ (ਪੰਨਾ ੫੭੮)

ਤੇ ਅਖ਼ੀਰ ਯੋਗ ਵਾਰਸ ਗੁਰੂ ਅੰਗਦ ਸਾਹਿਬ ਨੂੰ ਗੁਰਗੱਦੀ ਤੇ ਪੋਥੀ ਦੇ ਕੇ:

ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥ (ਪੰਨਾ ੬੩੨)

ਸੋ ਇਹ ਸਪੱਸ਼ਟ ਹੈ ਕਿ ਗੁਰੂ ਜੀ ਨੇ ਆਪਣੀ ਜਗਤ-ਫੇਰੀ ਸਮਾਪਤ ਕਰਨ ਉਪਰੰਤ ਪਰਮਾਤਮਾ ਦੇ ਦੇਸ਼ ਜਾਣ ਲੱਗਿਆਂ ਲੋਕਾਂ ਨੂੰ ਉਪਦੇਸ਼ ਦੇਣ ਹਿਤ ਇਹ ਅਲਾਹਣੀਆਂ ਉਚਾਰੀਆਂ।

ਅਲਾਹਣੀਆਂ ਸ਼ਬਦ ਦੇ ਅਰਥ

ਅਲਾਹਣੀ ਸ਼ੋਕ-ਗੀਤ ਨੂੰ ਆਖਦੇ ਹਨ ਜੋ ਕਿਸੇ ਦੇ ਮਰਨ ਉਪਰੰਤ ਉਸ ਦੇ ਗੁਣਾਂ ਨੂੰ ਯਾਦ ਕਰ ਕੇ ਗਾਏ ਜਾਂਦੇ ਹਨ। ਭਾਈ ਕਾਨ੍ਹ ਸਿੰਘ ਜੀ ਨਾਭ ਅਨੁਸਾਰ ਸ਼ਲਾਘਾ (ਉਸਤਤਿ) ਦੀ ਕਵਿਤਾ; ਉਹ ਗੀਤ ਜਿਸ ਵਿਚ ਕਿਸੇ ਦੇ ਗੁਣ ਗਾਏ ਜਾਣ। ਖ਼ਾਸ ਕਰਕੇ ਮੋਏ ਪ੍ਰਾਣੀ ਦੇ ਗੁਣ ਕਰਮ ਕਹਿ ਕੇ ਜੋ ਗੀਤ ਗਾਇਆ ਜਾਂਦਾ ਹੈ ਉਸ ਦਾ ਨਾਉਂ ਅਲਾਹਣੀ[3] ਹੈ। ਪ੍ਰੋ. ਸਾਹਿਬ ਸਿੰਘ ਜੀ ਲਿਖਦੇ ਹਨ, ਕਿਸੇ ਦੇ ਮਰਨ 'ਤੇ ਗਾਏ ਜਾਣ ਵਾਲੇ ਗੀਤ। ਜਦੋਂ ਕੋਈ ਪ੍ਰਾਣੀ ਮਰਦਾ ਹੈ ਤਾਂ ਭਾਈਚਾਰੇ ਦੀਆਂ ਜ਼ਨਾਨੀਆਂ ਮਿਲ ਕੇ ਰੋਂਦੀਆਂ ਹਨ। ਮਿਰਾਸਣ, ਨੈਣ ਉਸ ਮਰੇ ਪ੍ਰਾਣੀ ਦੀ ਸਿਫ਼ਤ ਵਿਚ ਕਵਿਤਾ ਜਿਹੀ ਵਾਂਗ ਕੋਈ ਤੁਕ ਸੁਰ ਵਿਚ ਪੜ੍ਹਦੀ ਹੈ, ਉਸ ਦੇ ਪਿੱਛੇ-ਪਿੱਛੇ ਉਹੀ ਤੁਕ ਸਾਰੀਆਂ ਜ਼ਨਾਨੀਆਂ ਰਲ ਕੇ ਪੜ੍ਹਦੀਆਂ ਹਨ ਤੇ ਨਾਲ-ਨਾਲ ਥੋੜ੍ਹਾ-ਥੋੜ੍ਹਾ ਪਿੱਟਦੀਆਂ ਹਨ। ਉਹ ਪਿੱਟਣਾ ਵੀ ਤਾਲ ਸਿਰ ਹੁੰਦਾ ਹੈ। ਮਿਰਾਸਣ ਦੇ ਗੀਤ ਨੂੰ ਅਲਾਹਣੀਆਂ ਕਿਹਾ ਜਾਂਦਾ ਹੈ। ਸਤਿਗੁਰੂ ਜੀ ਇਸ ਰੋਣ-ਪਿੱਟਣ ਵੱਲੋਂ ਵਰਜ ਕੇ ਪਰਮਾਤਮਾ ਦੀ ਰਜ਼ਾ ਵਿਚ ਤੁਰਨ ਤੇ ਉਸ ਦੀ ਸਿਫ਼ਤ-ਸਲਾਹ ਕਰਨ ਦਾ ਉਪਦੇਸ਼ ਦਿੰਦੇ ਹਨ।[4]

ਸੋ ਇਹ ਗੱਲ ਸਿੱਧ ਹੋ ਗਈ ਕਿ ਕਿਸੇ ਵਿਅਕਤੀ ਦੀ ਮੌਤ 'ਤੇ ਜੋ ਸ਼ੋਕ-ਗੀਤ ਗਾਏ ਜਾਂਦੇ ਹਨ ਉਹਨਾਂ ਨੂੰ ਅਲਾਹਣੀਆਂ ਆਖਿਆ ਜਾਂਦਾ ਹੈ। ਇਹ ਪੰਜਾਬੀ ਲੋਕ-ਕਾਵਿ ਦਾ ਇਕ ਰੂਪ ਹੈ ਜਿਸ ਨੂੰ ਗੁਰੂ ਜੀ ਨੇ ਅਪਣਾਇਆ ਹੈ।

ਸ੍ਰਿਸ਼ਟੀ ਰਚਨਾ

ਸੁੰਨ ਸਮਾਧੀ ਵਿਚ ਮਸਤ ਬੈਠੇ ਪਰਮਾਤਮਾ ਦੇ ਮਨ ਵਿਚ ਸ੍ਰਿਸ਼ਟੀ ਸਾਜਣ ਦੀ ਤਮੰਨਾ ਜਨਮੀ। ਬੱਸ ਫਿਰ ਨਿਰਗੁਣ ਬ੍ਰਹਮ ਨੇ ਸਰਗੁਣ ਰੂਪ ਧਾਰਨ ਕਰ ਲਿਆ। ਜਗਤ ਰਚਨਾ ਕਰ ਦਿੱਤੀ। ਜੀਵ, ਜੰਤੂ, ਚੰਦ, ਸੂਰਜ, ਧਰਤੀ, ਪੌਣ, ਪਾਣੀ, ਪਰਬਤ, ਦਰਿਆ, ਸਮੁੰਦਰ...ਗੱਲ ਕੀ, ਦਿਸਦਾ ਵੱਸਦਾ ਜਗਤ ਸਾਜ ਦਿੱਤਾ। ਸਾਰੇ ਪਾਸੇ ਰੌਣਕ ਹੋ ਗਈ। ਜੀਵ-ਜੰਤ ਰੰਗ ਮਾਨਣ ਲੱਗ ਪਏ। ਪਰਮਾਤਮਾ ਨੇ ਇਹ ਤਮਾਸ਼ਾ ਰਚਿਆ ਹੈ। ਬਾਜ਼ੀਗਰ ਵਾਂਗ ਬਾਜ਼ੀ ਪਾਈ ਹੈ। ਜਿਵੇਂ ਬੱਚੇ ਤਮਾਸ਼ਾ ਦੇਖਦੇ ਉਸ ਵਿਚ ਲੀਨ ਹੋ ਜਾਂਦੇ ਹਨ, ਇਵੇਂ ਇਹ ਜੀਵ ਪ੍ਰਭੂ ਦੀ ਲੀਲ੍ਹਾ ਦੇਖਦਾ ਇਸ ਵਿਚ ਲੀਨ ਹੋ ਗਿਆ ਹੈ। ਮਾਇਆ-ਜਾਲ ਵਿਛਾ ਕੇ ਪਰਮਾਤਮਾ ਨੇ ਜੀਵਾਂ ਨੂੰ ਉਲਝਾ ਲਿਆ ਹੈ। ਪਰਮ ਪੁਰਖ ਪਰਮਾਤਮਾ ਨੂੰ ਭੁੱਲ ਕੇ ਜੀਵ ਇਹਨਾਂ ਸੰਸਾਰੀ ਵਸਤਾਂ ਦੇ ਮੋਹ ਵਿਚ ਵਿਚਰਨ ਲੱਗ ਪਏ ਹਨ। ਬਾਦਸ਼ਾਹ ਬਣ ਬੈਠੇ, ਰਾਜ ਕਾਇਮ ਕਰ ਲਏ। ਅਮੀਰ ਵਜ਼ੀਰ ਬਣ ਬੈਠੇ, ਪਰਿਵਾਰੀ ਬਣ ਬੈਠੇ। ਪੱਕੇ ਬੰਕ-ਦੁਆਰਾ ਪਾ ਲਏ ਤੇ ਇਸ ਸੰਸਾਰ ਨੂੰ ਆਪਣਾ ਸਮਝ ਦੇ ਪੱਕੀ ਰਿਹਾਇਸ਼ ਦਾ ਪ੍ਰਬੰਧ ਕਰਨਾ ਸ਼ੁਰੂ ਕਰ ਦਿੱਤਾ। ਇਸ ਉਲਝਣ ਦਾ ਕਾਰਨ ਅਵਿਦਿਆ, ਅਗਿਆਨ ਜਾਂ illusion ਹੈ।

ਪਰਿਵਰਤਨ ਪ੍ਰਕਿਰਤੀ ਦਾ ਅਟੱਲ ਨਿਯਮ ਹੈ। ਇਹ ਦ੍ਰਿਸ਼ਟਮਾਣ ਪਲ-ਪਲ ਮਗਰੋਂ ਬਦਲਦਾ ਹੈ। ਦਿਨ ਚੜ੍ਹਦਾ ਹੈ, ਸੂਰਜ ਆਪਣਾ ਸਫ਼ਰ ਆਰੰਭ ਕਰ ਦਿੰਦਾ ਹੈ। ਸਿਖ਼ਰ ਦੁਪਹਿਰ ਹੋ ਜਾਂਦੀ ਹੈ, ਫਿਰ ਸੂਰਜ ਢਲ ਜਾਂਦਾ ਹੈ ਤੇ ਅਖ਼ੀਰ ਛਿਪ ਜਾਂਦਾ ਹੈ। ਇਵੇਂ ਮਾਨਵ ਜੀਵਨ ਹੈ। ਬਾਲ ਜਨਮਦਾ ਹੈ, ਵੱਡਾ ਹੁੰਦਾ ਹੈ, ਜਵਾਨੀ ਆਉਂਦੀ ਹੈ, ਢਲ ਜਾਂਦੀ ਹੈ ਤੇ ਅਖ਼ੀਰ ਬੁਢੇਪਾ ਭੋਗਣ ਮਗਰੋਂ ਪ੍ਰਾਣੀ ਮਰ ਜਾਂਦਾ ਹੈ। ਇਸ ਜੀਵਨ ਖੇਲ ਦੀ ਸਮਾਪਤੀ ਹੋ ਜਾਂਦੀ ਹੈ। ਹਰ ਚੀਜ਼ ਨਿਸ਼ਚਿਤ ਸਮੇਂ ਲਈ ਇਸ ਜਗਤ ਵਿਚ ਅਸਥਿਤ ਰਹਿੰਦੀ ਹੈ। ਕਾਲ ਜਾਂ ਮੌਤ ਅੰਤ ਵਿਚ ਜਗਤ ਦੀ ਹਰ ਚੀਜ਼ ਦੀ ਹੋਂਦ ਨੂੰ ਸਮਾਪਤ ਕਰਨ ਵਾਲੀ ਇਕ ਅਜਿੱਤ ਸ਼ਕਤੀ ਹੈ ਜੋ ਪਰਮਾਤਮਾ ਦੇ ਅਧੀਨ ਹੈ।

ਜੋ ਆਇਆ ਹੈ, ਉਹ ਜਾਵੇਗਾ। ਜੋ ਜਨਮਿਆ ਹੈ ਉਹ ਮਰੇਗਾ। ਜਦੋਂ ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਚਾਰ ਪੈਸੇ ਦੇ ਕੇ ਦੋ ਪੈਸੇ ਦਾ ਸੱਚ ਤੇ ਦੋ ਪੈਸੇ ਦਾ ਝੂਠ ਖ਼ਰੀਦ ਕੇ ਲਿਆਉਣ ਲਈ ਭੇਜਿਆ ਤਾਂ ਮੂੜ੍ਹ ਲੋਕ ਖ਼ੂਬ ਹੱਸੇ ਸਨ। ਪਰ ਰੱਬ ਦੇ ਪਿਆਰੇ ਨੇ ਮਰਦਾਨੇ ਪਾਸੋਂ ਪੈਸੇ ਲੈ ਕੇ ਆਖਿਆ ਸੀ 'ਜੀਣਾ ਝੂਠ ਤੇ ਮਰਨਾ ਸੱਚ ਹੈ'। ਇਸ ਕੌੜੀ ਸਚਾਈ ਤੋਂ ਗੁਰੂ ਜੀ ਨੇ ਹਮੇਸ਼ਾ ਹੀ ਪ੍ਰਾਣੀ ਨੂੰ ਸੁਚੇਤ ਕੀਤਾ ਹੈ:

ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥
ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ ॥ *(ਪੰਨਾ ੫੫)*

ਮੌਤ ਅਨਿਵਾਰਯ ਹੈ। ਸਾਰਿਆਂ 'ਤੇ ਵਾਰ ਕਰੇਗੀ। ਕਿਸੇ ਦਾ ਲਿਹਾਜ਼ ਨਹੀਂ ਕਰੇਗੀ। ਰਾਜੇ ਨੂੰ, ਪਰਜਾ ਨੂੰ ਇਕੋ ਤਰ੍ਹਾਂ ਮਾਰੇਗੀ। 'ਰਾਜਾ ਪਰਜਾ ਸਮ ਕਰ ਮਾਰੇ ਐਸੋ ਕਾਲ ਬਲੀ ਰੇ॥' ਸਭ ਮਿੱਟੀ ਦੀ ਢੇਰੀ ਬਣ ਕੇ ਰਹਿ ਜਾਣਗੇ। ਸਾਰਿਆਂ ਨੇ ਅਖ਼ੀਰ ਮਰਨਾ ਹੈ। ਇਹ ਅਮਰ ਸੱਚ ਹੈ:

ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ ॥
ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ ॥ (ਪੰਨਾ ੧੬)

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਲਿਖਦੇ ਹਨ ਕਿ ਦੇਵੀ, ਦੇਵਤੇ, ਦਾਨਵ, ਅਵਤਾਰ, ਪੀਰ, ਪੈਗੰਬਰ, ਔਲੀਏ, ਰਾਜੇ, ਸੁਲਤਾਨ ਗੱਲ ਕੀ, ਸਾਰੇ ਕਾਲ ਅਧੀਨ ਹਨ:

ਏਕ ਸਿਵ ਭਏ ਏਕ ਗਏ ਏਕ ਫੇਰ ਭਏ,
ਰਾਮਚੰਦ੍ਰ ਕ੍ਰਿਸਨ ਕੇ ਅਵਤਾਰ ਭੀ ਅਨੇਕ ਹੈਂ॥
ਬ੍ਰਹਮਾ ਅਰੁ ਬਿਸਨ ਕੇਤੇ ਬੇਦ ਔ ਪੁਰਾਨ ਕੇਤੇ
ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥
ਮਨੋਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ
ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥
ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ
ਭੂਮ ਹੀ ਤੇ ਹੁਇ ਕੈ ਫੇਰਿ ਭੂਮਿ ਹੀ ਮਿਲਾਏ ਹੈਂ॥ (ਅਕਾਲ ਉਸਤਤ)

ਮੌਤ ਬਾਜ਼ ਵਾਂਗ ਜੀਵ ਉੱਤੇ ਝਪਟਦੀ ਹੈ। ਸਭ ਮਨ ਦੀਆਂ ਮਨ ਵਿਚ ਰਹਿ ਜਾਂਦੀਆਂ ਹਨ। ਜਿਵੇਂ ਜੁਆਰੀ ਜੂਏ ਦੀ ਬਾਜ਼ੀ ਹਾਰ ਕੇ ਹੱਥ ਝਾੜ ਕੇ ਤੁਰ ਜਾਂਦਾ ਹੈ, ਤਿਵੇਂ ਇਸ ਜੀਵ ਨੂੰ ਤੁਰਨਾ ਪੈਂਦਾ ਹੈ। ਜਮ-ਮਾਰਗ ਬੜਾ ਬਿਖੜਾ ਹੈ। ਜਮ ਘੜੀਸ ਕੇ ਜੀਵ ਨੂੰ ਲੈ ਜਾਂਦੇ ਹਨ। ਧਰਮਰਾਜ ਦੇ ਦਰਬਾਰ ਵਿਚ ਲੇਖਾ ਹੁੰਦਾ ਹੈ। ਪਾਪੀਆਂ ਨੂੰ ਸਜ਼ਾ ਮਿਲਦੀ ਹੈ ਤੇ ਉਹ ਹਾਏ-ਹਾਏ ਕਰਦੇ ਹਨ:

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥ (ਪੰਨਾ ੧੪੨੫)

ਸੋ ਇਹ ਸਪੱਸ਼ਟ ਹੈ ਕਿ ਇਸ ਜਗਤ ਵਿਚ ਸਦਾ ਲਈ ਕਿਸ ਨੇ ਨਹੀਂ ਬੈਠੇ ਰਹਿਣਾ। ਅਖ਼ੀਰ ਮਰਨਾ ਹੈ। ਪਰਮਾਤਮਾ ਦੇ ਦੇਸ਼ ਜਾਣਾ ਹੈ, ਜਿਥੇ ਕਰਮਾਂ ਅਨੁਸਾਰ ਫ਼ਲ ਮਿਲਣਾ ਹੈ।

ਅਲਾਹਣੀਆਂ ਵਿਚ ਸਤਿਗੁਰੂ ਜੀ ਨੇ ਸੱਚੀ ਮੌਤ ਮਰਨ ਦਾ ਉਪਦੇਸ਼ ਦਿੱਤਾ ਹੈ। ਮੌਤ ਸਾਰਿਆਂ 'ਤੇ ਆਉਣੀ ਹੈ। ਪਰ ਮਰਨ-ਮਰਨ ਵਿਚ ਫ਼ਰਕ ਹੈ। ਕਈ ਲੋਕ ਰੋਜ਼ ਕਈ ਵਾਰੀ ਮਰਦੇ ਹਨ। ਕਈ ਮਰ ਕੇ ਵੀ ਨਹੀਂ ਮਰਦੇ। ਗੁਰੂ ਸਾਹਿਬ ਨੇ ਮਨਮੁਖ ਤੇ ਗੁਰਮੁਖ ਦੀ ਮੌਤ ਵਿਚ ਅੰਤਰ ਸਪੱਸ਼ਟ ਕੀਤਾ ਹੈ। ਗੁਰਮੁਖ ਸੂਰਮਾ ਹੈ, ਮਨਮੁਖ ਗੀਧੀ। ਇਹਨਾਂ ਦੀ ਮੌਤ ਵਿਚ ਕੋਹਾਂ ਦਾ ਅੰਤਰ ਹੈ।

ਮਨਮੁਖ ਦੀ ਮੌਤ

ਮਨਮੁਖ ਦਾ ਅਰਥ ਹੈ ਬੇਮੁਖ। ਜਿਸ ਦੇ ਸਾਮ੍ਹਣੇ ਆਪਣੀ ਮਤਿ ਹੈ, ਗੁਰੂ ਦੀ ਮਤਿ ਨਹੀਂ, ਗੁਰੂ ਦੇ ਉਪਦੇਸ਼ ਤੋਂ ਆਕੀ ਹੈ, ਉਹ ਮਨਮੁਖ ਹੈ। ਮਨਮੁਖ ਦਾ ਜੀਵਨ ਮਨੋਰਥ ਹੀ ਧਨ ਸੰਚਿਤ ਕਰਨਾ, ਪਾਪਾਂ ਨਾਲ ਕਮਾਈ ਕਰਨੀ, ਕੁਕਰਮ ਕਰਨੇ, ਦੁਰਾਚਾਰੀ ਬਣਨਾ, ਨਾਸਤਿਕ ਵਿਚਾਰਾਂ ਨੂੰ ਫੈਲਾਉਣਾ, ਗੁਰੂ-ਪੀਰ ਦੀ ਨਿੰਦਾ ਕਰਨੀ, ਦੈਵੀ ਹੁਕਮ ਨੂੰ ਅਸਵੀਕਾਰ ਕਰਨਾ... ਗੱਲ ਕੀ ਮਨ ਦੀਆਂ 'ਕੂੰਜਾਂ' ਮਗਰ ਉੱਡੇ ਫਿਰਨਾ। ਹਰ ਵੇਲੇ ਪਾਪ ਕਰਨੇ ਤੇ ਧਨ ਸੰਚਿਤ

ਕਰਨਾ ਉਸ ਦਾ ਨਿੱਤ ਕਰਮ ਹੈ।

ਜੀਵ ਇਸ ਜਗਤ ਵਿਚ ਕੁਝ ਚਿਰ ਰਹਿੰਦਿਆਂ ਆਪਣੀ ਹੋਂਦ ਨੂੰ ਹੀ ਸਭ ਕੁਝ ਸਮਝ ਲੈਂਦਾ ਹੈ। ਇਹ ਪੈਰ ਇੰਨੇ ਪਸਾਰ ਲੈਂਦਾ ਹੈ ਕਿ ਹੈਰਾਨ ਹੀ ਰਹਿ ਜਾਈਦਾ ਹੈ। ਘਰ-ਵਰ, ਮੰਦਰ, ਮਹਿਲ, ਰਾਜ, ਦੇਸ਼, ਪਰਿਵਾਰ, ਮਾਇਆ, ਮਾਨ, ਮਹੱਤਤਾ ਆਦਿ ਨਾਲ ਮੋਹ ਪਾ ਲੈਂਦਾ ਹੈ। ਪਰ ਮੌਤ ਬਲੀ ਹੈ, ਇਕ ਵਾਰੀ ਜਦ ਸਿਰ 'ਤੇ ਆ ਪੈਂਦੀ ਹੈ ਤਾਂ ਸਭ ਕੁਝ ਧਰਿਆ ਧਰਾਇਆ ਰਹਿ ਜਾਂਦਾ ਹੈ। ਗੁਰੂ ਨਾਨਕ ਸਾਹਿਬ ਅਜਿਹੇ ਜੀਵ ਬਾਰੇ ਲਿਖਦੇ ਹਨ:

ਬੂਡਣੈ ਨਾਮੁ ਵਿਸਾਰਿਆ ਬੂਡਣੈ ਕਿਆ ਤਿਸੁ ਚਾਰੋ ॥
ਗੁਣ ਛੋਡਿ ਬਿਖੁ ਲਦਿਆ ਅਵਗੁਣ ਕਾ ਵਣਜਾਰੋ ॥ (ਪੰਨਾ ੫੮੦)

ਮੌਤ ਦਾ ਦਿਨ ਤਾਂ ਪਰਮਾਤਮਾ ਪਹਿਲਾਂ ਹੀ ਨਿਸ਼ਚਿਤ ਕਰ ਦਿੰਦਾ ਹੈ। ਦਿੱਤੇ ਸਮੇਂ ਵਿਚ ਜੀਵ ਅਸਲ ਵਿਚ ਉਹੀ ਕਰਮ ਕਰਦਾ ਹੈ ਜੋ ਉਸ ਦੇ ਕਰਮਾਂ ਵਿਚ ਲਿਖੇ ਗਏ ਹਨ:

ਜੇਹਾ ਲਿਖਿਆ ਤੇਹਾ ਪਾਇਆ ਜੇਹਾ ਪੁਰਬਿ ਕਮਾਇਆ॥ (ਪੰਨਾ ੫੭੯)

ਮੌਤ ਦਾ ਦਿਨ ਆ ਜਾਂਦਾ ਹੈ। ਜੀਵ ਦੇ ਮਨ ਦੀਆਂ ਮਨ ਵਿਚ ਰਹਿ ਜਾਂਦੀਆਂ ਹਨ। ਸਭ ਕੰਮ ਅੱਧ-ਵਿਚਾਲੇ ਰਹਿ ਜਾਂਦੇ ਹਨ। ਸਕੇ-ਸੰਬੰਧੀ, ਭਾਈ, ਵੀਰ, ਮਿੱਤਰ, ਮਾਪੇ, ਧੀਆਂ, ਪੁੱਤਰ ਸਭ ਦੇਖਦੇ ਰਹਿ ਜਾਂਦੇ ਹਨ। ਜੀਵ ਨੂੰ ਜਮ ਆ ਕੇ ਘੇਰ ਲੈਂਦੇ ਹਨ। ਬੇਵੱਸ ਹੋਇਆ ਅੱਗੇ ਲਗਾ ਕੇ ਤੋਰ ਲਿਆ ਜਾਂਦਾ ਹੈ:

ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ ॥
ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁੰਨੇ ਵੀਰ ਸਬਾਏ ॥
ਕਾਂਇਆ ਹੰਸ ਥੀਆ ਵੇਛੋੜਾ ਜਾਂ ਦਿਨ ਪੁੰਨੇ ਮੇਰੀ ਮਾਏ ॥ (ਪੰਨਾ ੫੭੮)

ਘਰ ਵਿਚ ਸਿਆਪਾ ਸ਼ੁਰੂ ਹੋ ਜਾਂਦਾ ਹੈ। ਸੰਬੰਧੀ ਮਰੇ ਵਿਅਕਤੀ ਦੇ ਗੁਣ ਯਾਦ ਕਰ ਕੇ ਰੋਂਦੇ-ਪਿੱਟਦੇ ਹਨ। ਪਰ ਹੈਰਾਨੀ ਦੀ ਗੱਲ ਹੈ ਕਿ ਮਰੇ ਨਾਲ ਕੋਈ ਨਹੀਂ ਮਰਦਾ। ਸਭ ਜੀਣਾ ਚਾਹੁੰਦੇ ਹਨ। ਇਹ ਮੋਹ ਮਾਇਆ ਦਾ ਪਸਾਰਾ ਹੀ ਅਜਿਹਾ ਹੈ ਕਿ ਹਰ ਕੋਈ ਸਵਾਰਥੀ ਹੈ। ਗੁਰੂ ਤੇਗ਼ ਬਹਾਦਰ ਜੀ ਫ਼ੁਰਮਾਉਂਦੇ ਹਨ ਕਿ ਇਸਤਰੀ ਜੋ ਹਰ ਵੇਲੇ ਪਤੀ ਦੇ ਨਾਲ ਲੱਗੀ ਰਹਿੰਦੀ ਹੈ, ਉਹ ਵੀ ਮਰਨ ਉਪਰੰਤ ਪ੍ਰੇਤ-ਪ੍ਰੇਤ ਆਖ ਕੇ ਪਰੇ ਹੋ ਜਾਂਦੀ ਹੈ। 'ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥ ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ॥' ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਵਿਚ:

ਹਾਕਾਰਾ ਆਇਆ ਜਾ ਤਿਸੁ ਭਾਇਆ ਰੁੰਨੇ ਰੋਵਣਹਾਰੇ ॥
ਪੁਤ ਭਾਈ ਭਾਤੀਜੇ ਰੋਵਹਿ ਪ੍ਰੀਤਮ ਅਤਿ ਪਿਆਰੇ ॥
ਭੈ ਰੋਵੈ ਗੁਣ ਸਾਰਿ ਸਮਾਲੇ ਕੋ ਮਰੈ ਨ ਮੁਇਆ ਨਾਲੇ ॥ (ਪੰਨਾ ੫੮੨)

ਕਾਲ ਜੀਵ ਨੂੰ ਆਪਣੇ ਵੱਸ ਕਰ ਲੈਂਦਾ ਹੈ। ਮ੍ਰਿਤਕ ਦੀ ਦੇਹ ਮਿੱਟੀ ਰਹਿ ਜਾਂਦੀ ਹੈ। ਉਸ ਨੂੰ ਨੁਹਾਇਆ ਜਾਂਦਾ ਹੈ, ਵਧੀਆ ਖੱਫਣ ਵਿਚ ਲਪੇਟਿਆ ਜਾਂਦਾ ਹੈ। ਮ੍ਰਿਤਕ ਪ੍ਰਾਣੀ ਦੀ ਇਸਤਰੀ ਵਿਰਲਾਪ ਕਰਦੀ ਹੈ ਕਿ ਹੁਣ ਮੇਰਾ ਜੀਵਨ ਵੀ ਕਾਹਦਾ ਰਹਿ ਗਿਆ? ਇਹ ਇਕ ਰਾਮ-ਰੌਲਾ ਜਿਹਾ ਪੈ ਜਾਂਦਾ ਹੈ। ਸਾਰੇ ਪਾਸੇ ਕੁਰਲਾਹਟ ਹੀ ਕੁਰਲਾਹਟ ਪੈ ਜਾਂਦੀ ਹੈ।

ਜਲਿ ਮਲਿ ਜਾਨੀ ਨਾਵਾਲਿਆ ਕਪੜਿ ਪਟਿ ਅੰਬਾਰੇ ॥...

ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ ਧ੍ਰਿਗੁ ਜੀਵਣੁ ਸੰਸਾਰੇ ॥ (ਪੰਨਾ ੫੮੦)

ਇਹ ਹਾਲਤ ਹੁੰਦੀ ਹੈ ਪਰਿਵਾਰ ਦੀ। ਪਰ ਇਹ ਸਾਰੇ ਤਾਂ ਮਾਇਆ ਦੇ ਮੋਹ ਵਿਚ ਫਸੇ ਹੁੰਦੇ ਹਨ। ਗੁਰੂ ਸਾਹਿਬ ਦੇ ਆਪਣੇ ਸ਼ਬਦਾਂ ਵਿਚ:

ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ ॥
ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ ॥ (ਪੰਨਾ ੫੭੯)
ਬਾਬਾ ਰੋਵਹਿ ਰਵਹਿ ਸੁ ਜਾਣੀਅਹਿ ਮਿਲਿ ਰੋਵੈ ਗੁਣ ਸਾਰੇਵਾ ॥
ਰੋਵੈ ਮਾਇਆ ਮੁਠੜੀ ਧੰਧੜਾ ਰੋਵਣਹਾਰੇਵਾ ॥ (ਪੰਨਾ ੫੮੧)

ਪਰ ਇਸ ਰੋਣ-ਪਿੱਟਣ ਦਾ ਕੀ ਅਰਥ ਹੈ? ਕੁਝ ਵੀ ਨਹੀਂ। ਜਦੋਂ ਮੌਤ ਦਾ ਸਮਾਂ ਆਉਂਦਾ ਹੈ ਤਾਂ ਰੋਣਾ-ਪਿੱਟਣਾ ਸਭ ਬੇਅਰਥ ਹੈ। ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਰੋ ਕੇ ਦੇਖ ਲਉ, ਕੋਈ ਅਸਰ ਹੁੰਦਾ ਹੈ ਜਾਂ ਨਹੀਂ। ਜਦੋਂ ਪਰਮਾਤਮਾ ਦਾ ਦਰਗਾਹ ਲਈ ਸੱਦਾ ਆ ਗਿਆ ਤਾਂ ਜਾਣਾ ਹੀ ਪੈਣਾ ਹੈ:

ਬਾਬਾ ਰੋਵਹੁ ਜੇ ਕਿਸੈ ਰੋਵਣਾ ਜਾਨੀਅੜਾ ਬੰਧਿ ਪਠਾਇਆ ਹੈ ॥
ਲਿਖਿਅੜਾ ਲੇਖੁ ਨ ਮੇਟੀਐ ਦਰਿ ਹਾਕਾਰੜਾ ਆਇਆ ਹੈ ॥ (ਪੰਨਾ ੫੮੨)

ਸਾਰੇ ਜਗਤ ਨੂੰ ਛੱਡ ਕੇ ਜੀਵ ਤੁਰ ਪੈਂਦਾ ਹੈ। ਨੰਗਾ ਇਸ ਜਗਤ ਵਿਚ ਆਇਆ ਸੀ ਤੇ ਨੰਗਾ ਚੱਲ ਪਿਆ। ਜਮ-ਮਾਰਗ ਬਿਖੜਾ ਮਾਰਗ ਹੈ। ਅੰਧਕਾਰ ਹੀ ਅੰਧਕਾਰ ਹੈ। ਨਾ ਸੁਖਦਾਇਕ ਰਜਾਈਆਂ ਤੁਲਾਈਆਂ ਹਨ, ਨਾ ਤਰ੍ਹਾਂ-ਤਰ੍ਹਾਂ ਦਾ ਭੋਜਨ, ਨਾ ਠੰਡਾ ਪਾਣੀ, ਨਾ ਕੱਪੜੇ ਤੇ ਹੋਰ ਸ਼ਿੰਗਾਰ ਦਾ ਸਾਜ਼ੋ-ਸਾਮਾਨ। ਜਮ ਸਿਰ 'ਤੇ ਬੈਠੇ ਮਾਰ ਰਹੇ ਹਨ। ਜੀਵ ਦੇ ਗਲ ਵਿਚ ਸੰਗਲ ਪਾਇਆ ਹੋਇਆ ਹੈ। ਘਬਰਾਏ ਹੋਏ ਜੀਵ ਨੂੰ ਹੁਣ ਕੁਝ ਸੁੱਝਦਾ ਨਹੀਂ:

ਜਮ ਮਾਰਗ ਪੰਥੁ ਨ ਸੁਝਈ ਉਝੜੁ ਅੰਧ ਗੁਬਾਰੋਵਾ ॥
ਨਾ ਜਲੁ ਲੇਫ ਤੁਲਾਈਆ ਨਾ ਭੋਜਨ ਪਰਕਾਰੋਵਾ ॥
ਭੋਜਨ ਭਾਉ ਨ ਠੰਢਾ ਪਾਣੀ ਨਾ ਕਾਪੜੁ ਸੀਗਾਰੋ ॥
ਗਲਿ ਸੰਗਲੁ ਸਿਰਿ ਮਾਰੇ ਊਭੌ ਨਾ ਦੀਸੈ ਘਰ ਬਾਰੋ ॥ (ਪੰਨਾ ੫੮੧)

ਜੀਵ ਜਮਾਂ ਦੇ ਵੱਸ ਪਿਆ ਦਰਗਾਹ ਵਿਚ ਪੁੱਜ ਜਾਂਦਾ ਹੈ। ਧਰਮ ਰਾਜ ਕਰਮਾਂ ਦਾ ਲੇਖਾ ਕਰਦਾ ਹੈ। ਮਨਮੁਖਾਂ ਨੂੰ ਪਾਪਾਂ ਦਾ ਫ਼ਲ ਭੁਗਤਣਾ ਪੈਂਦਾ ਹੈ। ਨਰਕਵਾਸੀ ਬਣਦੇ ਹਨ, ਉਹਨਾਂ ਨੂੰ ਮਾਰ ਪੈਂਦੀ ਹੈ। ਜਮ ਮਾਰਦੇ ਹਨ—ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ—ਜੀਵ ਸਾਰੇ ਕਸ਼ਟ ਸਹਿੰਦਾ ਹੈ:

ਮਨਮੁਖਿ ਆਵੈ ਮਨਮੁਖਿ ਜਾਵੈ ॥
ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥
ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ ॥ (ਪੰਨਾ ੧੦੭੩)

ਨਰਕ ਦੀ ਅਗਨੀ ਵਿਚ ਸੜਨ ਮਗਰੋਂ ਉਹਨਾਂ ਨੂੰ ਫਿਰ ਦੁਬਾਰਾ ਆਵਾਗਵਣ ਦੇ ਚੱਕਰ ਵਿਚ ਪਾ ਦਿੱਤਾ ਜਾਂਦਾ ਹੈ। ਫਿਰ ਬ੍ਰਿਛ, ਪੰਛੀ, ਕੁੱਤੇ, ਬਿੱਲੇ, ਕੀੜੇ ਮਕੌੜੇ...ਗੱਲ ਕੀ, ਚੌਰਾਸੀ ਲੱਖ ਜੂਨਾਂ ਭੁਗਤਦੇ ਦੁੱਖ ਪਾਉਂਦੇ ਜੀਵਨ ਬਿਤਾਈ ਜਾਂਦੇ ਹਨ। ਇਹ ਮਨਮੁੱਖਾਂ ਦਾ ਜੀਵਨ ਮਰਨ ਹੈ।

ਗੁਰਮੁਖ ਦਾ ਅਕਾਲ ਚਲਾਣਾ

ਗੁਰਮੁਖ ਦਾ ਅਰਥ ਹੈ ਉਹ ਵਿਅਕਤੀ ਜਿਸ ਦਾ ਮੂੰਹ ਗੁਰੂ ਵੱਲ ਹੈ। ਭਾਵ ਜੋ ਗੁਰੂ ਦੇ ਹੁਕਮ ਵਿਚ, ਗੁਰੂ ਦੇ ਦੱਸੇ ਬਚਨਾਂ ਅਨੁਸਾਰ ਜੀਵਨ ਬਿਤਾਉਂਦਾ ਹੈ ਤੇ ਆਪਣੀ ਥਾਂ ਗੁਰੂ ਦੀ ਮਤਿ ਨੂੰ ਸ੍ਰੇਸ਼ਟ ਮੰਨਦਾ ਹੈ, ਉਹ ਗੁਰਮੁਖ ਹੈ। ਸਿੱਖ ਧਰਮ ਵਿਚ ਗੁਰਮੁਖ ਦੇ ਸੰਕਲਪ ਦੀ ਅਥਾਹ ਵਿਸ਼ੇਸ਼ਤਾ ਹੈ ਤੇ ਸਿੱਖ ਦਾ ਆਦਰਸ਼ ਹੀ ਗੁਰਮੁਖ ਬਣਨਾ ਹੈ। ਗੁਰਮੁਖ ਹਰ ਕਰਮ ਗੁਰੂ ਦੀ ਰਜ਼ਾ ਅਨੁਸਾਰ ਕਰਦਾ ਹੈ।

ਗੁਰੂ ਨਾਨਕ ਦੇਵ ਜੀ ਮਹਾਰਾਜ ਗੁਰਮੁਖ ਪਿਆਰਿਆਂ ਨੂੰ ਸਿੱਖਿਆ ਦੇਂਦੇ ਹਨ ਕਿ ਇਹ ਜਗਤ ਅਕਾਲ ਪੁਰਖ ਨੇ ਸਾਜਿਆ ਹੈ। ਇਹ ਚੰਦ, ਸੂਰਜ, ਇਸਤਰੀ, ਪੁਰਸ਼, ਧਰਤ, ਆਕਾਸ਼, ਹਰ ਪ੍ਰਕਾਰ ਦੇ ਜੀਵ-ਜੰਤੂ, ਗੱਲ ਕੀ ਇਹ ਸਾਰਾ ਦਿਸਦਾ-ਵੱਸਦਾ ਉਸ ਦੀ ਖੇਡ ਹੈ। ਪਰ ਇਹ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਇਹ ਸਭ ਕੁਝ ਕਾਲ ਵੱਸ ਹੈ। ਜੋ ਜੰਮਿਆ ਹੈ ਉਹ ਮਰੇਗਾ। ਜੋ ਬਣਿਆ ਹੈ ਉਹ ਢਹੇਗਾ। ਇਸ ਜਗਤ ਦਾ ਮੋਹ-ਮਾਇਆ, ਧੰਧੇ, ਲੋਭ-ਲਾਲਚ ਸਭ ਕੂੜੇ ਹਨ। ਇਸ ਲਈ ਹਰ ਇਕ ਨੇ ਮਰਨਾ ਹੈ। ਜਿਵੇਂ ਮੁਸਾਫ਼ਰਖ਼ਾਨੇ ਵਿਚ ਮੁਸਾਫ਼ਰ ਰਾਤ ਕੱਟ ਕੇ ਆਪਣੀ ਮੰਜ਼ਲ ਵੱਲ ਤੁਰ ਪੈਂਦਾ ਹੈ, ਇਵੇਂ ਇਹ ਜੀਵ ਇਥੇ ਮੁਸਾਫ਼ਰਾਂ ਵਾਂਗ ਚਾਰ ਦਿਨ ਰਹਿ ਕੇ ਤੁਰ ਜਾਂਦਾ ਹੈ:

ਏਥੈ ਧੰਧਾ ਕੂੜਾ ਚਾਰਿ ਦਿਹਾ ਆਗੈ ਸਰਪਰ ਜਾਣਾ ॥
ਆਗੈ ਸਰਪਰ ਜਾਣਾ ਜਿਉ ਮਿਹਮਾਣਾ ਕਾਹੇ ਗਾਰਬੁ ਕੀਜੈ ॥ (ਪੰਨਾ ੫੭੯)

ਕਾਲ ਨੇ ਕਿਸੇ ਦਾ ਲਿਹਾਜ਼ ਨਹੀਂ ਕਰਨਾ। ਨਾ ਸੁਹਣੇ ਦਾ, ਨਾ ਕੁਹਜੇ ਦਾ, ਨਾ ਬਾਲਕ ਦਾ, ਨਾ ਬਿਰਧ ਦਾ। ਬੱਸ ਜਦੋਂ ਉਸ ਨੇ ਜੀਵ ਨੂੰ ਅਕਾਲ ਪੁਰਖ ਦੇ ਹੁਕਮ ਅਨੁਸਾਰ ਲੈਣ ਲਈ ਆਉਣਾ ਹੈ ਤਾਂ ਕਿਸੇ ਦਾ ਜ਼ੋਰ ਨਹੀਂ ਚੱਲਣਾ। ਜੀਵ ਨੂੰ ਬੰਨ੍ਹ ਕੇ ਲੈ ਜਾਵੇਗਾ। ਬੱਸ ਇਹ ਦੇਹ ਮਿੱਟੀ ਦੀ ਢੇਰੀ ਹੀ ਬਣ ਕੇ ਰਹਿ ਜਾਵੇਗੀ। ਬਾਬਾ ਜੀ ਦੇ ਸ਼ਬਦਾਂ ਵਿਚ:

ਸਦੜੇ ਆਏ ਤਿਨਾ ਜਾਨੀਆ ਹੁਕਮਿ ਸਚੇ ਕਰਤਾਰੋ ॥
ਨਾਰੀ ਪੁਰਖ ਵਿਛੁੰਨਿਆ ਵਿਛੁੜਿਆ ਮੇਲਣਹਾਰੋ ॥
ਰੂਪੁ ਨ ਜਾਣੈ ਸੋਹਣੀਐ ਹੁਕਮਿ ਬਧੀ ਸਿਰਿ ਕਾਰੋ ॥
ਬਾਲਕ ਬਿਰਧਿ ਨ ਜਾਣਨੀ ਤੋੜਨਿ ਹੇਤੁ ਪਿਆਰੋ ॥ (ਪੰਨਾ ੫੮੦)

ਸੋ ਇਹ ਗੱਲ ਦ੍ਰਿੜ੍ਹ ਕਰ ਲੈਣੀ ਚਾਹੀਦੀ ਹੈ ਕਿ ਇਹ ਜਗਤ ਕੂੜਾ ਹੈ ਤੇ ਇਕ ਦਿਨ ਹਰ ਹਾਲਤ ਵਿਚ ਇਥੋਂ ਕੂਚ ਕਰਨਾ ਪੈਣਾ ਹੈ। ਉਸ ਸਮੇਂ ਕੋਈ ਵੀ ਦੁਨਿਆਵੀ ਸ਼ਕਤੀ ਬਚਾ ਨਹੀਂ ਸਕਦੀ।

ਫਿਰ ਕੀ ਕਰਨਾ ਚਾਹੀਦਾ ਹੈ? ਕਿਵੇਂ ਇਸ ਮੌਤ ਦੇ ਭਿਆਨਕ ਪੰਜੇ ਤੋਂ ਬਚਿਆ ਜਾ ਸਕਦਾ ਹੈ? ਕਿਵੇਂ ਅਕਾਲ ਪੁਰਖ ਦੀ ਦਰਗਾਹ ਵਿਚ ਮਾਣ-ਇੱਜ਼ਤ ਮਿਲ ਸਕਦੀ ਹੈ? ਇਹ ਮੂਲ ਪ੍ਰਸ਼ਨ ਹਨ ਜਿਨ੍ਹਾਂ ਬਾਰੇ ਗੁਰੂ ਮਹਾਰਾਜ ਹੀ ਜਵਾਬ ਦਿੰਦੇ ਹਨ।

ਸਭ ਤੋਂ ਪਰਮ ਕਰਮ ਹੈ ਨਾਮ ਸਿਮਰਨ। ਸਾਰਿਆਂ ਨੂੰ ਚਾਹੀਦਾ ਹੈ ਕਿ ਪਰਮ ਪੁਰਖ ਪਰਮਾਤਮਾ ਦਾ ਨਾਮ ਜਪਣ। ਨਾਮ ਜਪਣ ਨਾਲ ਮਾਨਵ ਦੇ ਜਨਮ-ਜਨਮਾਂਤਰਾਂ ਦੇ ਪਾਪ ਕੱਟੇ

ਜਾਂਦੇ ਹਨ। ਸਭ ਸੁਖ ਮਿਲਦੇ ਹਨ। ਪਰਮਾਤਮਾ ਤੇ ਸਤਿਗੁਰੂ ਪ੍ਰਸੰਨ ਹੁੰਦੇ ਹਨ। ਸਿੱਖ ਅਧਿਆਤਮਕ ਜਗਤ ਵਿਚ ਨਾਮ ਜਪਣ ਨੂੰ ਅਥਾਹ ਮਹਾਨਤਾ ਦਿੱਤੀ ਗਈ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਉਪਦੇਸ਼ ਦਿੰਦੇ ਹਨ:

ਸਾਹਿਬੁ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ ॥...
ਜਿਤੁ ਸੇਵਿਐ ਦਰਗਹ ਸੁਖੁ ਪਾਈਐ ਨਾਮੁ ਤਿਸੈ ਕਾ ਲੀਜੈ ॥...
ਆਇਆ ਤਿਨ ਕਾ ਸਫਲੁ ਭਇਆ ਹੈ ਇਕ ਮਨਿ ਜਿਨੀ ਧਿਆਇਆ ॥ (ਪੰਨਾ ੫੭੯)
ਨਾਮੁ ਧਿਆਏ ਤਾ ਸੁਖੁ ਪਾਏ ਬਿਨੁ ਨਾਵੈ ਪਿੜ ਕਾਚੀ ॥ (ਪੰਨਾ ੫੮੧)

ਦੁਨੀਆਂ ਦਾ ਪਾਸਾਰ ਤਾਂ ਮਿਥਿਆ ਹੈ। ਜੀਵ ਆਪਣਾ ਸਮਾਂ ਪੁੱਗਣ 'ਤੇ ਦੁਨੀਆਂ ਛੱਡ ਕੇ ਤੁਰ ਜਾਂਦਾ ਹੈ ਤੇ ਮਨਮੁਖ ਰੋਂਦੇ ਹਨ। ਉਹਨਾਂ ਦੇ ਰੋਣ ਦਾ ਕਾਰਨ ਅਗਿਆਨ, ਮਾਇਆ ਤੇ ਪਦਾਰਥਾਂ ਦਾ ਮੋਹ ਹੈ, ਪਰ ਸੱਚਾ ਰੋਣਾ ਤਾਂ ਪਰਮਾਤਮਾ ਦੇ ਵਿਜੋਗ ਵਿਚ ਰੋਣਾ ਹੈ। ਬਾਕੀ ਸਭ ਕੂੜੀਆਂ ਗੱਲਾਂ ਹਨ। ਸਤਿਗੁਰੂ ਸੱਚੇ ਵੈਰਾਗ ਵਿਚ ਰੋਣ ਤੇ ਮਾਇਆ ਮੋਹ ਕਾਰਨ ਰੋਣ ਬਾਰੇ ਇਉਂ ਫ਼ੁਰਮਾਉਂਦੇ ਹਨ:

ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥
ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ ॥
ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ ॥
ਚੰਗਾ ਮੰਦਾ ਕਿਛੁ ਸੂਝੈ ਨਾਹੀ ਇਹੁ ਤਨੁ ਏਵੈ ਖੋਵੈ ॥ (ਪੰਨਾ ੫੭੯)

ਸੋ ਸੱਚਾ ਵੈਰਾਗ ਸਿਰਫ਼ ਇਕ ਅਕਾਲ ਪੁਰਖ ਦੀ ਯਾਦ ਵਿਚ ਅੱਥਰੂ ਵਹਾਉਣਾ ਹੈ। ਬਾਕੀ ਕਿਸੇ ਮਾਇਕ ਜਾਂ ਦੁਨਿਆਵੀ ਵਸਤੂ ਲਈ ਰੋਣਾ ਝੂਠਾ ਹੈ। ਕੂੜਾ ਹੈ।

ਜਿਹੜੇ ਗੁਰੂ ਦੇ ਪਿਆਰੇ ਨਾਮ ਜਪਦੇ ਹਨ, ਸੁਹਣਾ, ਸੁਚੱਜਾ ਤੇ ਗੁਰਸਿੱਖ ਰਹਿਣੀ-ਬਹਿਣੀ ਅਨੁਸਾਰ ਜੀਵਨ ਬਿਤਾਉਂਦੇ ਹਨ ਉਹਨਾਂ ਨੂੰ ਦਰਗਾਹ ਵਿਚ ਪਿਆਰ ਕੀਤਾ ਜਾਂਦਾ ਹੈ। ਪਰਮਾਤਮਾ ਦੀ ਹਜ਼ੂਰੀ ਵਿਚ ਥਾਂ ਮਿਲਦਾ ਹੈ, ਜੋਤੀ ਜੋਤਿ ਰਲ ਜਾਂਦੀ ਹੈ। ਸੱਚਾ ਮਰਣਾ ਇਹ ਹੈ ਕਿ ਇਥੋਂ ਨਾਮ ਸਿਮਰਨ ਦੀ ਭੇਟਾ ਲੈ ਕੇ ਪਰਮਾਤਮਾ ਦੇ ਦਰ 'ਤੇ ਹਾਜ਼ਰ ਹੋਇਆ ਜਾਵੇ। ਫਿਰ ਉਥੇ ਪੱਤ ਰਹਿ ਜਾਏਗੀ। ਇਹ ਸੱਚਾ ਮਰਨਾ ਹੈ:

ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ ॥...
ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ ॥
ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ ॥
ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ ॥ (ਪੰਨਾ ੫੭੯)

ਮਰਨਾ ਮੁਣਸਾਂ ਸੂਰਿਆਂ ਦਾ ਤਾਂ ਸੁੱਚਾ ਹੈ ਜੇਕਰ ਉਹਨਾਂ ਦਾ ਮਰਨਾ ਪਰਵਾਨ ਹੋਵੇ। ਭਾਵ ਜੇਕਰ ਵਾਹਿਗੁਰੂ ਦੀ ਦਰਗਾਹ ਵਿਚ ਉਹਨਾਂ ਦੀ ਪੱਤ ਰਹਿ ਜਾਂਦੀ ਹੈ ਤਾਂ ਉਹਨਾਂ ਦੀ ਜੀਵਨ ਯਾਤਰਾ ਸਫ਼ਲ ਹੈ। ਸੂਰਮਾ ਉਹ ਨਹੀਂ ਹੈ ਜੋ ਆਪਣੇ ਨਿੱਤ ਦੇ ਜੀਵਨ ਵਿਚ ਝੂਠਾ ਹੋਵੇ, ਕੁਕਰਮੀ, ਅਧਰਮੀ ਤੇ ਨੀਚ ਹੋਵੇ ਤੇ ਅੰਤ ਮਰਨ ਵੇਲੇ ਕਿਸੇ ਯੁੱਧ ਵਿਚ ਕੱਟ ਮਰੇ। ਸੂਰਮਾ ਉਹ ਹੈ ਜੋ ਸੱਚੇ-ਸੁੱਚੇ ਮਾਰਗ 'ਤੇ ਚੱਲਦਿਆਂ ਨਾਮ ਜਪਦਿਆਂ ਆਪਣਾ ਜੀਵਨ ਬਿਤਾਉਂਦਾ ਹੈ। ਗੁਰੂ ਅਰਜਨ ਦੇਵ ਜੀ ਵੀ ਸੂਰਮੇ ਦੀ ਅਜਿਹੀ ਪਰਿਭਾਸ਼ਾ ਦਿੰਦੇ ਹਨ—ਜਾ ਕਉ ਹਰਿ

ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤਿ ਹੈ ਸੂਰਾ॥ ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ॥ ਤੇ ਗੁਰੂ ਨਾਨਕ ਸਾਹਿਬ ਵੀ ਸੂਰਮੇ ਦਾ ਇਹੀ ਸੰਕਲਪ ਪੇਸ਼ ਕਰਦੇ ਹਨ:

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥
ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ॥
ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ ਜਿਤੁ ਸੇਵਿਐ ਭਉ ਭਾਗੈ॥ (ਪੰਨਾ ੫੭੯)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਜਦੋਂ ਸੂਰਮੇ ਦੀ ਗੱਲ ਕਰਦੇ ਹਨ ਤਾਂ ਆਖਦੇ ਹਨ, ਉਹ ਧੰਨ ਹਨ ਜੋ ਮੁੱਖੋਂ ਪਰਮਾਤਮਾ ਦਾ ਨਾਮ ਉਚਾਰਦੇ ਹਨ ਤੇ ਮਨ ਵਿਚ ਧਰਮ-ਯੁੱਧ ਵਿਚ ਸ਼ਹੀਦ ਹੋਣ ਲਈ ਤਿਆਰੀ ਕਰਦੇ ਹਨ:

ਧੰਨ ਜੀਉ ਤਹਿ ਕੋ ਜਗ ਮਹਿ
ਮੁਖ ਤੇ ਹਰਿ ਚਿਤ ਮਹਿ ਜੁਧ ਬੀਚਾਰੈ॥

ਸੋ ਗੁਰੂ ਸਾਹਿਬਾਨ ਅਨੁਸਾਰ ਸੂਰਾ ਜਾਂ ਸੂਰਮਾ ਉਹ ਹੈ ਜੋ ਇਸ ਜੀਵਨ ਵਿਚ ਪਰਮਾਤਮਾ ਨੂੰ ਯਾਦ ਕਰਦਾ ਹੈ ਭਾਵ ਸਿਮਰਨ ਭਜਨ ਕਰਦਾ ਹੈ, ਪ੍ਰਭੂ 'ਤੇ ਭਰੋਸਾ ਰੱਖਦਾ ਹੈ, ਸ਼ੁਭ ਕਰਮ ਕਰਦਾ ਹੈ ਤੇ ਹਰ ਵੇਲੇ ਵਿਰਕਤ ਰਹਿ ਕੇ ਅਕਾਲ ਪੁਰਖ ਦੇ ਦੇਸ਼ ਜਾਣ ਲਈ ਤਿਆਰ ਰਹਿੰਦਾ ਹੈ। ਭਾਵ ਜਿਸ ਨੂੰ ਮਰਨਾ ਯਾਦ ਹੈ, ਉਹ ਉੱਤਮ ਭਾਂਤ ਦਾ ਮਾਨਵ ਹੋਵੇਗਾ ਕਿਉਂਕਿ ਉਹ ਕਦੇ ਕੋਈ ਗੁਨਾਹ ਨਹੀਂ ਕਰੇਗਾ।

ਇਸ ਜਗਤ ਨੂੰ ਸਾਜਣ ਵਾਲਾ ਸਰਬ-ਸਮਰੱਥ ਵਾਹਿਗੁਰੂ ਜੀਵਾਂ ਨੂੰ ਰੋਜ਼ੀ ਦਿੰਦਾ ਹੈ ਤੇ ਪਾਲਦਾ ਹੈ। ਉਹ ਆਪ ਕੁਦਰਤ ਵਿਚ ਸਮਾਇਆ ਹੋਇਆ ਹੈ। ਭਾਵ ਉਹ ਕਿਧਰੇ ਦੂਰ-ਦੁਰਾਡੇ ਨਹੀਂ ਹੈ ਸਗੋਂ ਉਹ ਤਾਂ ਘਟ-ਘਟ ਵਿਚ ਵੱਸਦਾ ਹੈ। ਫਿਰ ਉਸ ਨੂੰ ਯਾਦ ਕਰੋ ਤਾਂ ਸਰਬ-ਸੁਖ ਮਿਲਣਗੇ:

ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ॥
ਸਚੜਾ ਦੂਰਿ ਨ ਭਾਲੀਐ ਘਟਿ ਘਟਿ ਸਬਦੁ ਪਛਾਣੋਵਾ॥
ਸਚੁ ਸਬਦੁ ਪਛਾਣਹੁ ਦੂਰਿ ਨ ਜਾਣਹੁ ਜਿਨਿ ਏਹ ਰਚਨਾ ਰਾਚੀ॥
ਨਾਮੁ ਧਿਆਏ ਤਾ ਸੁਖੁ ਪਾਏ ਬਿਨੁ ਨਾਵੈ ਪਿੜ ਕਾਚੀ॥ (ਪੰਨਾ ੫੮੧)

ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਹੇ ਸੰਤ ਜਨੋਂ! ਸਾਧ ਸੰਗਤ ਵਾਸੀਓ! ਆਓ, ਮਿਹਰ ਕਰੋ, ਅਸੀਸਾਂ ਦਿਉ ਕਿ ਸਾਨੂੰ ਸਾਰਿਆਂ ਨੂੰ ਸੱਚਾ ਅਕਾਲ ਪੁਰਖ ਮਿਲ ਜਾਵੇ। ਪਰਮਾਤਮਾ ਦੇ ਦਰ 'ਤੇ ਇਹਨਾਂ ਅਸੀਸਾਂ ਦੇ ਪਰਵਾਨ ਹੋਣ 'ਤੇ ਫ਼ਲ ਇਹ ਮਿਲੇਗਾ ਕਿ ਸਾਨੂੰ ਜਮ-ਮਾਰਗ 'ਤੇ ਨਹੀਂ ਚੱਲਣਾ ਪਵੇਗਾ। ਗੁਰੂ ਦਾ ਮਿਲਾਪ ਹੋਵੇਗਾ ਤੇ ਇਹ ਮਾਇਆ ਦੇ ਬਿਘਨ ਜਿਨ੍ਹਾਂ ਵਿਚ ਪ੍ਰਾਣੀ ਫਸ ਜਾਂਦਾ ਹੈ, ਸਮਾਪਤ ਹੋ ਜਾਣਗੇ। ਭਾਵ ਮਾਨਵ ਮੁਕਤੀ ਪ੍ਰਾਪਤ ਕਰ ਲਵੇਗਾ। ਗੁਰੂ ਜੀ ਦੇ ਸ਼ਬਦਾਂ ਵਿਚ:

ਬਾਬਾ ਆਵਹੁ ਭਾਈਹੋ ਗਲਿ ਮਿਲਹ ਮਿਲਿ ਮਿਲਿ ਦੇਹ ਆਸੀਸਾ ਹੇ॥
ਬਾਬਾ ਸਚੜਾ ਮੇਲੁ ਨ ਚੁਕਈ ਪ੍ਰੀਤਮ ਕੀਆ ਦੇਹ ਅਸੀਸਾ ਹੇ॥...
ਜਮ ਮਾਰਗਿ ਨਹੀ ਜਾਣਾ ਸਬਦਿ ਸਮਾਣਾ ਜੁਗਿ ਜੁਗਿ ਸਾਚੈ ਵੇਸੇ॥

ਸਾਜਨ ਸੈਣ ਮਿਲਹੁ ਸੰਜੋਗੀ ਗੁਰ ਮਿਲਿ ਖੋਲੇ ਫਾਸੇ ॥ (ਪੰਨਾ ੫੮੨)

ਉਪਰੋਕਤ ਵਿਚਾਰ ਦਾ ਸਿੱਟਾ ਇਹ ਨਿਕਲਿਆ ਕਿ ਜਿਹੜੇ ਪ੍ਰਾਣੀ ਗੁਰੂ ਦੀ ਸ਼ਰਨ ਆ ਕੇ ਗੁਰਮੁਖ ਬਣ ਜਾਂਦੇ ਹਨ, ਆਪਣੀ ਮਤਿ ਤਿਆਗ ਦਿੰਦੇ ਹਨ, ਹਰ ਵੇਲੇ ਗੁਰੂ ਦੇ ਹੁਕਮ ਅਨੁਸਾਰ ਸਿਮਰਨ ਕਰਦੇ ਹਨ, ਉਹ ਆਪਣੇ ਜੀਵਨ ਨੂੰ ਸੱਚੇ ਮਾਰਗ 'ਤੇ ਚਲਾਉਂਦੇ ਹਨ, ਪਾਪ ਕਰਨੋਂ ਗੁਰੇਜ਼ ਕਰਦੇ ਹਨ, ਉਹਨਾਂ ਨੂੰ ਫਿਰ ਜਮ-ਮਾਰਗ 'ਤੇ ਨਹੀਂ ਜਾਣਾ ਪੈਂਦਾ। ਉਹ ਤਾਂ ਜਿਵੇਂ ਸਾਗਰ ਵਿਚ ਗੰਗਾ ਜਾ ਮਿਲਦੀ ਹੈ, ਇਵੇਂ ਅਕਾਲ ਪੁਰਖ ਵਿਚ ਸਮਾ ਜਾਂਦੇ ਹਨ। ਜੋਤਿ ਵਿਚ ਜੋਤਿ ਜਾ ਰਲਦੀ ਹੈ। ਇਹ ਹੈ ਗੁਰਮਤਿ ਦਾ ਗਾਡੀ ਰਾਹ। ਇਸ 'ਤੇ ਚੱਲ ਕੇ ਪਰਮ-ਪਦ ਦੀ ਪ੍ਰਾਪਤੀ ਹੋ ਸਕਦੀ ਹੈ। ਫਿਰ ਉਥੇ ਪਰਮਾਤਮਾ ਆਪਣੇ ਪੁੱਤਰ ਨੂੰ ਦੇਖ ਕੇ ਖ਼ੁਸ਼ ਹੁੰਦਾ ਹੈ। ਗੁਰੂ ਜੀ ਦੇ ਸ਼ਬਦਾਂ ਵਿਚ—ਮਾਈ ਖਾਟਿ ਆਇਓ ਘਰਿ ਪੂਤਾ—ਫਿਰ ਦਰਗਾਹ ਵਿਚ ਉਚਿਤ ਥਾਂ ਮਿਲਦੀ ਹੈ, ਉਥੇ ਸਨਮਾਨ ਮਿਲਦਾ ਹੈ:

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।
ਸਚੀ ਦਰਗਹ ਜਾਇ ਸਚਾ ਪਿੜੁ ਮਲਿਆ। (ਵਾਰ ੧੯/੧੪)

ਗੱਲ ਕੀ, ਸਾਰਿਆਂ ਦੁਨਿਆਵੀ ਤੇ ਅਧਿਆਤਮਕ ਸੁਖਾਂ ਦਾ ਮੂਲ ਸੋਮਾ ਪ੍ਰਭੂ ਜੀ ਦਾ ਨਾਮ ਹੈ। ਨਾਮ ਜਪ ਦੇ ਪਰਮ-ਪਦ ਦੀ ਪ੍ਰਾਪਤੀ ਹੋ ਜਾਂਦੀ ਹੈ ਪਰ ਇਹ ਨਾਮ ਜਪਣਾ, ਸਿਮਰਨ ਦੀ ਕਮਾਈ ਕਰਨੀ ਮਾਨਵ ਦੇ ਆਪਣੇ ਹੱਥ ਨਹੀਂ। ਜੇਕਰ ਪਰਮਾਤਮਾ ਨੇ ਭਾਗਾਂ ਵਿਚ ਲਿਖਿਆ ਹੈ ਤਾਂ ਹੀ ਪ੍ਰਾਣੀ ਨਾਮ ਜਪਦਾ ਹੈ। ਇਸ ਲਈ ਇਹ ਸਭ ਕੁਝ ਉਸ ਪ੍ਰਭੂ ਦੇ ਹੱਥ ਹੈ। ਪ੍ਰਾਣੀ ਨੂੰ ਚਾਹੀਦਾ ਹੈ ਕਿ ਸਾਧ ਸੰਗਤ ਵਿਚ ਜਾ ਕੇ ਪਰਮਾਤਮਾ ਦੇ ਦਰ 'ਤੇ ਅਰਦਾਸ ਕਰੇ ਤਾਂ ਕਿ ਇਹ ਨਾਮ-ਧਨ ਮਿਲ ਜਾਵੇ। ਫਿਰ ਕੀ ਹੋਵੇਗਾ:

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ (ਪੰਨਾ ੮)

ਕਾਵਿ-ਕਲਾ

ਗੁਰੂ ਨਾਨਕ ਦੇਵ ਜੀ ਮਹਾਰਾਜ ਆਪਣੇ ਆਪ ਨੂੰ 'ਸ਼ਾਇਰ' ਆਖਦੇ ਹਨ। ਮਹਾਂਕਵੀ ਜੀ ਨੇ ਆਪਣੇ ਮਹਾਨ ਵਿਅਕਤਿਤਵ ਦੇ ਦੀਦਾਰ ਆਪਣੀ ਬਾਣੀ ਵਿਚ ਕਰਵਾਏ ਹਨ। ਹਰ ਸ਼ਬਦ ਦੀ ਆਪਣੀ ਠਾਠ ਹੈ ਤੇ ਹਰ ਗੱਲ ਦਾ ਨਿਵੇਕਲਾ ਤੇ ਨਵਾਂਪਨ ਆਪ-ਮੁਹਾਰਾ ਕਰਤਾ ਜੀ ਬਾਰੇ ਬੋਲੀ ਜਾਂਦਾ ਹੈ। ਉਸ ਮਹਾਨ ਸਤਿਗੁਰੂ ਬਾਰੇ ਸਿੱਖਾਂ ਨੇ ਆਖਿਆ ਸੀ:

ਸਿਧਿ ਬੋਲਨਿ ਸੁਭਿ ਬਚਨਿ ਧਨੁ ਨਾਨਕ ਤੇਰੀ ਵਡੀ ਕਮਾਈ। (ਵਾਰ ੧/੪੪)

ਅਲਾਹਣੀਆਂ ਗੁਰੂ ਸਾਹਿਬ ਦੀ ਇਕ ਛੋਟੇਰੀ ਬਾਣੀ ਹੈ ਜਿਸ ਵਿਚੋਂ ਸੱਚੀ ਤੇ ਉੱਤਮ ਮੌਤ ਤੇ ਮਾੜੀ, ਭਿਆਨਕ ਤੇ ਘਟੀਆ ਮੌਤ ਦਾ ਟਾਕਰਾ ਕਰ ਕੇ ਉਚੇਰਾ ਜੀਵਨ ਜੀਉ ਕੇ, ਉਚੇਰੀ ਮੌਤ ਮਰਨ ਦੀ ਪ੍ਰੇਰਨਾ ਹੈ। ਮਾਇਆਧਾਰੀ ਮਨਮੁਖ ਦੀ ਮੌਤ ਭਿਆਨਕ ਹੈ ਤੇ ਗੁਰਮੁਖ ਦਾ ਅਕਾਲ ਚਲਾਣਾ ਸੁਹੇਲਾ। ਇਹ ਮਹਾਨ ਵਿਸ਼ਾ ਹੈ ਜਿਸ ਬਾਰੇ ਗੁਰੂ ਜੀ ਨੇ ਸਿੱਖਿਆ ਦਿੱਤੀ ਹੈ।

ਅਲਾਹਣੀਆਂ ਪੰਜਾਬੀ ਕਾਵਿ-ਰੂਪ ਹੈ ਜਿਸ ਵਿਚ ਮਰੇ ਹੋਏ ਵਿਅਕਤੀ ਦੀ ਸ਼ਲਾਘਾ ਦੇ

ਗੀਤ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਇਸ ਕਾਵਿ-ਰੂਪ ਨੂੰ ਅਪਣਾ ਕੇ ਜਿਥੇ ਲੋਕ-ਸਾਹਿਤ ਦੀ ਮਹਾਨਤਾ ਬਾਰੇ ਸੁਝਾ ਦਿੱਤਾ ਹੈ, ਉਥੇ ਸਰਲ ਭਾਸ਼ਾ ਵਿਚ ਸਾਧਾਰਨ ਲੋਕਾਂ ਨੂੰ ਉਪਦੇਸ਼ ਦੇ ਕੇ ਗਾਡੀ ਰਾਹ 'ਤੇ ਚੱਲਣ ਦਾ ਉੱਚਤਮ ਢੰਗ ਦੱਸਿਆ ਹੈ।

ਇਹ ਪੰਜ ਸ਼ਬਦ ਹਨ। ਪਹਿਲੇ ਸ਼ਬਦ ਦੇ ਚਾਰ ਬੰਦ ਹਨ ਤੇ ਹਰ ਇਕ ਬੰਦ ਦੀਆਂ ਛੇ-ਛੇ ਤੁਕਾਂ ਹਨ। ਦੂਜੇ ਸ਼ਬਦ ਦੇ ਵੀ ਚਾਰ ਬੰਦ ਹਨ ਤੇ ਹਰ ਬੰਦ ਦੀਆਂ ਛੇ-ਛੇ ਤੁਕਾਂ ਹਨ। ਤੀਜੇ ਸ਼ਬਦ ਦੇ ਅੱਠ ਬੰਦ ਹਨ ਤੇ ਪਹਿਲੇ ਬੰਦ ਦੀਆਂ ਚਾਰ ਤੁਕਾਂ, ਦੂਜੇ ਦੀਆਂ ਰਹਾਉ ਦੀਆਂ ਦੋ ਪੰਗਤੀਆਂ ਛੱਡ ਕੇ ਚਾਰ, ਤੀਜੇ ਤੋਂ ਅੱਠਵੇਂ ਬੰਦ ਤਕ ਚਾਰ ਤੁਕਾਂ ਹਨ। ਚੌਥੇ ਸ਼ਬਦ ਦੇ ਚਾਰ ਬੰਦ ਹਨ ਤੇ ਹਰ ਬੰਦ ਦੀਆਂ ਚਾਰ-ਚਾਰ ਤੁਕਾਂ ਹਨ। ਪੰਜਵੇਂ ਸ਼ਬਦ ਦੇ ਚਾਰ ਬੰਦ ਹਨ ਤੇ ਹਰ ਬੰਦ ਦੀਆਂ ਛੇ-ਛੇ ਤੁਕਾਂ ਹਨ। ਇਸ ਛੰਦ ਦਾ ਤੋਲ ਦਵੱਈਆ ਹੈ, ਹਰ ਬੰਦ ਦੀ ਪਹਿਲੀ ਤੁਕ ਦਾ ਆਖ਼ਰੀ ਤੁਕ ਵਿਚ ਦੁਹਰਾਓ ਕੀਤਾ ਗਿਆ ਹੈ। ਇਹ ਹੈ ਬਣਤਰ।

ਇਹਨਾਂ ਅਲਾਹੁਣੀਆਂ ਦੀ ਭਾਸ਼ਾ ਸਾਧ-ਭਾਸ਼ਾ ਹੈ ਪਰ ਇਹਨਾਂ ਵਿਚ ਲਹਿੰਦੀ ਦਾ ਰੰਗ ਪ੍ਰਧਾਨ ਹੈ। ਇਉਂ ਮਧੁਰ ਭਾਸ਼ਾ ਦਾ ਪ੍ਰਯੋਗ ਕਰ ਕੇ ਵਾਤਾਵਰਣ ਨੂੰ ਵਿਸ਼ੇ ਦੇ ਅਨੁਕੂਲ ਬਣਾਇਆ ਹੈ। ਲਹਿੰਦੀ ਦਾ ਆਪਣਾ ਵਿਸ਼ੇਸ਼ ਰੰਗ ਹੈ। ਦੇਖੋ :

ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ ॥ (ਪੰਨਾ ੫੭੮)
ਕਾਂਇਆ ਹੰਸ ਥੀਆ ਵੇਛੋੜਾ ਜਾਂ ਦਿਨ ਪੁੰਨੇ ਮੇਰੀ ਮਾਏ ॥ (ਪੰਨਾ ੫੭੯)
ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ ॥ (ਪੰਨਾ ੫੭੯)
ਦੁਇ ਪੁੜ ਜੋੜਿ ਵਿਛੋੜਿਅਨੁ...॥ (ਪੰਨਾ ੫੮੦)
ਸੂਰਜੁ ਚੰਦੁ ਸਿਰਜਿਅਨੁ...॥ (ਪੰਨਾ ੫੮੦)

ਪਰ ਇਸ ਦਾ ਇਹ ਭਾਵ ਨਹੀਂ ਕਿ ਠੇਠ ਪੰਜਾਬੀ ਦਾ ਅਭਾਵ ਹੈ। ਨਹੀਂ, ਬਹੁਤ ਸਾਰੀਆਂ ਤੁਕਾਂ ਵਿਚ ਠੇਠ ਪੰਜਾਬੀ ਦੇ ਦੀਦਾਰ ਹੁੰਦੇ ਹਨ :

ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾਂ ॥ (ਪੰਨਾ ੫੭੯)
ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥ (ਪੰਨਾ ੫੭੯)
ਭੋਜਨ ਭਾਉ ਨ ਠੰਢਾ ਪਾਣੀ ਨਾ ਕਾਪੜੁ ਸੀਗਾਰੋ ॥ (ਪੰਨਾ ੫੮੧)
ਅਜੁ ਕਲਿ ਕਰਦਿਆ ਕਾਲੁ ਬਿਆਪੈ ਦੂਜੈ ਭਾਇ ਵਿਕਾਰੋ ॥ (ਪੰਨਾ ੫੮੧)
ਪੁਤ ਭਾਈ ਭਾਤੀਜੇ ਰੋਵਹਿ ਪ੍ਰੀਤਮ ਅਤਿ ਪਿਆਰੇ ॥
ਭੈ ਰੋਵੈ ਗੁਣ ਸਾਰਿ ਸਮਾਲੇ ਕੋ ਮਰੈ ਨ ਮੁਇਆ ਨਾਲੇ ॥ (ਪੰਨਾ ੫੮੨)

ਕਈ ਮੁਹਾਵਰੇ ਆਪ-ਮੁਹਾਰੇ ਹੀ ਵਰਤੇ ਗਏ ਹਨ, ਕਈ ਨਵੇਂ ਮੁਹਾਵਰੇ ਆਪ ਘੜੇ ਹਨ ਤੇ ਕਈਆਂ ਪੁਰਾਣਿਆਂ ਨੂੰ ਨਵੇਂ ਅਰਥ ਤੇ ਭਾਵ ਪ੍ਰਦਾਨ ਕੀਤੇ ਹਨ। ਕੁਝ ਮੁਹਾਵਰੇ ਦੇਖੋ :

ਮੁਹਲਤ ਪੁੰਨਣਾ, ਗਾਰਬ ਕਰਨਾ, ਧੰਧੇ ਲਾਉਣਾ, ਫਲ ਪਾਉਣਾ, ਉਚਾ ਕਹਿਣਾ, ਮਨ ਮਹਿ ਰਹਿਣਾ, ਬੰਧ ਚਲਾਉਣਾ ਆਦਿ।

ਬਾਬਾ ਜੀ ਦੀ ਬਾਣੀ ਦੀਆਂ ਬਹੁਤ ਸਾਰੀਆਂ ਤੁਕਾਂ ਅਟੱਲ ਸਚਾਈਆਂ ਤੇ ਅਖਾਣ ਮੁਹਾਵਰੇ ਬਣ ਗਈਆਂ ਹਨ। ਇਹ ਮਹਾਨ ਕਵਿਤਾ ਦੀ ਵਿਸ਼ੇਸ਼ਤਾ ਹੈ ਕਿ ਲੋਕਾਂ ਦੇ ਮੂੰਹ ਚੜ੍ਹ ਜਾਵੇ ਤੇ ਥਾਂ-ਥਾਂ 'ਤੇ ਗੱਲਾਂ ਕਰਦਿਆਂ ਉਹ ਪ੍ਰਮਾਣ ਦੇਣ। ਬਾਬਾ ਜੀ ਦੀਆਂ ਕੁਝ ਅਜਿਹੀਆਂ ਤੁਕਾਂ

ਦੇਖੋ :

* *ਜੇਹਾ ਲਿਖਿਆ ਤੇਹਾ ਪਾਇਆ...*
* *ਕੋ ਮਰੇ ਨ ਮੁਇਆ ਨਾਲੇ...*
* *ਮਰਣੁ ਮੁਣਸਾ ਸੂਰਿਆ ਹਕੁ...*
* *ਕਾਂਇਆ ਹੰਸ ਥੀਆ ਵੇਛੋੜਾ...*
* *ਊਚਾ ਨਹੀ ਕਹਣਾ ਮਨ ਮਹਿ ਰਹਣਾ...*

ਗੁਰੂ ਸਾਹਿਬ ਨੇ ਆਪਣੀ ਬਾਣੀ ਨੂੰ ਸੰਗੀਤਾਤਮਕ ਬਣਾਉਣ ਲਈ ਅਨੁਪ੍ਰਾਸ ਦੀ ਵਰਤੋਂ ਕੀਤੀ ਹੈ। ਇਕ ਅੱਖਰ ਨਾਲ ਸ਼ੁਰੂ ਹੋਣ ਵਾਲੇ ਦੋ ਜਾਂ ਦੋ ਤੋਂ ਵੱਧ ਸ਼ਬਦ ਵਰਤੇ ਹਨ, ਜਿਵੇਂ :

ਸਾਹਿਬ ਸਿਮਰਹੁ, ਸਿਰੰਦਾ, ਸਚਾ, ਸੇਵਿਹੁ, ਸਾਹਿਬ ਸੰਮ੍ਰਥ, ਮਰਣ ਮੁਣਸਾ, ਸੂਰੇ ਸੇਈ, ਮੁਈ ਮਰੁ ਮਾਈਏ, ਮੁਏ ਮਨ ਮਾਰੇ, ਸਹੇਲੀਓ ਸਿਮਰਹੁ ਸਿਰਜਣਹਾਰੋ, ਸਚੁ ਸਬਦੁ ਪਛਾਣੋ ਆਦਿ।

ਕਈ ਨਵੇਂ ਸਮਾਸ ਬਣਾਏ ਹਨ। ਨਵੇਂ-ਨਵੇਂ ਅਲੰਕਾਰ ਤੇ ਪ੍ਰਤੀਕ ਵਰਤ ਕੇ ਆਪਣੀ ਬਾਣੀ ਦਾ ਸੁਹਜ ਕਾਇਮ ਰੱਖਿਆ ਹੈ। ਪਾਠਕ ਪੜ੍ਹਦਿਆਂ ਜਿਥੇ ਮਹਾਨ ਵਿਚਾਰਾਂ ਤੇ ਸਿਧਾਂਤਾਂ ਤੋਂ ਲਾਭ ਉਠਾਉਂਦਾ ਹੈ, ਉਥੇ ਉਸ ਦੀ ਸੁਹਜ-ਭੁੱਖ ਭੀ ਮਿਟਦੀ ਹੈ। ਇਹੀ ਮਹਾਨ ਕਵਿਤਾ ਦੀ ਵਡਿਆਈ ਹੈ ਪਰ ਗੁਰਬਾਣੀ ਤਾਂ ਕਵਿਤਾ ਤੋਂ ਬਹੁਤ ਉਚੇਰੀ ਵਸਤੂ ਹੈ।

ਅਖ਼ੀਰ ਵਿਚ ਅਸੀਂ ਆਖ ਸਕਦੇ ਹਾਂ ਕਿ ਗੁਰੂ ਸਾਹਿਬ ਨੇ ਜਿਥੇ ਮਹਾਨ ਵਿਸ਼ੇ ਨੂੰ ਲੈ ਕੇ ਬੜੇ ਸਰਲ, ਸਾਧਾਰਨ, ਸੁਭਾਵਿਕ ਤੇ ਸੁੰਦਰ ਢੰਗ ਨਾਲ ਸਮਝਾਇਆ ਹੈ, ਆਪਣੇ ਵਿਚਾਰ ਜਗਿਆਸੂ ਜੀਵਾਂ ਨੂੰ ਦਰਸਾਏ ਹਨ, ਉਥੇ ਕਾਵਿ ਸੁੰਦਰਤਾ ਨਾਲ ਵੀ ਅਨੰਦਿਤ ਕੀਤਾ ਹੈ। ਇਹੀ ਗੁਰੂ ਜੀ ਦੀ ਵਡਿਆਈ ਹੈ, ਇਹੀ ਗੁਰੂ ਦੀ ਮਿਹਰ ਹੈ। ਜੀਵਨ ਵਿਚ ਸੱਚੇ ਮਾਰਗ 'ਤੇ ਚੱਲਦਿਆਂ, ਨਾਮ ਜਪਦਿਆਂ, ਸ਼ੁਭ ਕਰਮ ਕਰਦਿਆਂ, ਅੰਤ ਅਕਾਲ ਪੁਰਖ ਦੀ ਦਰਗਾਹ ਉੱਜਲੇ ਮੁੱਖ ਜਾਣ ਦਾ ਮਾਰਗ ਦੱਸਦਿਆਂ ਤੇ ਗੁਰਮੁਖ ਤੇ ਮਨਮੁਖ ਦੀ ਮੌਤ ਦਾ ਅੰਤਰ ਦਰਸਾਇਆ ਹੈ। ਇਸ ਵਿਸ਼ੇ ਨੂੰ ਕੇਂਦਰ ਬਣਾ ਕੇ ਗੁਰੂ ਜੀ ਨੇ ਇਹ ਬਾਣੀ ਲਿਖੀ ਹੈ। ਨਾਮ ਜਪਣ ਵਾਲਿਆਂ ਬਾਰੇ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ :

ਇਹ ਲੋਕ ਸੁਖੀਏ ਪਰਲੋਕ ਸੁਹੇਲੇ॥
ਨਾਨਕ ਹਰਿ ਪ੍ਰਭਿ ਆਪਹਿ ਮੇਲੇ॥ *(ਪੰਨਾ ੨੯੨)*

ਹਵਾਲੇ ਅਤੇ ਟਿੱਪਣੀਆਂ

1. *ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*, ਸੰਪਾਦਕ ਅਸ਼ੋਕ, ਪੰਨਾ 1.
2. ਉਹੀ, ਪੰਨਾ 193.
3. *ਮਹਾਨ ਕੋਸ਼*, ਪੰਨਾ 64.
4. *ਸ੍ਰੀ ਗੁਰੂ ਗ੍ਰੰਥ ਦਰਪਣ* (ਚੌਥੀ ਪੋਥੀ), ਪੰਨਾ 421.

(1/1974)

ਜਗਤ ਗੁਰੂ ਬਾਬੇ ਦਾ ਬ੍ਰਹਿਮੰਡੀ ਗੀਤ: ਆਰਤੀ

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਈ ਰਚਨਾਵਾਂ ਬਹੁਤ ਹੀ ਸੰਖੇਪ ਸੂਤਰ-ਬੱਧ ਸ਼ੈਲੀ ਵਿਚ ਲਿਖੀਆਂ ਉਪਲਬਧ ਹਨ। ਆਕਾਰ ਪੱਖੋਂ ਇਹ ਰਚਨਾਵਾਂ ਜਿਤਨੀਆਂ ਸੰਖੇਪਤਾ ਵਾਲੀਆਂ ਹਨ, ਅਰਥ-ਭਾਵ ਦੇ ਪੱਖੋਂ ਇਹ ਉਤਨੀਆਂ ਹੀ ਵਿਸ਼ਾਲ, ਵਿਰਾਟ ਤੇ ਬ੍ਰਹਿਮੰਡੀ ਪਹੁੰਚ ਵਾਲੀਆਂ ਹਨ। ਧਨਾਸਰੀ ਰਾਗ ਵਿਚ ਦਰਜ 'ਆਰਤੀ' ਨੂੰ ਇਸ ਸੰਦਰਭ ਵਿਚ ਰੱਖਿਆ ਜਾ ਸਕਦਾ ਹੈ। ਇਸ ਰਚਨਾ ਵਿਚੋਂ ਗੁਰੂ ਬਾਬੇ ਦੇ ਬ੍ਰਹਿਮੰਡੀ ਗਿਆਨ ਦੇ ਦਰਸ਼ਨ ਹੁੰਦੇ ਹਨ। ਸੰਸਾਰ ਦੇ ਧਾਰਮਿਕ ਸਾਹਿਤ ਵਿਚ ਸ਼ਾਇਦ ਹੀ ਕੋਈ ਰਚਨਾ ਇਸ ਦੀ ਬਰਾਬਰੀ ਕਰ ਸਕੀ ਹੋਵੇ।

'ਆਰਤੀ' ਪੂਜਾ ਅਰਾਧਨਾ ਦੇ ਗੀਤ ਨੂੰ ਕਿਹਾ ਜਾਂਦਾ ਹੈ। ਆਰਤੀ ਦੀ ਵਿਉਤਪਤੀ ਸੰਸਕ੍ਰਿਤ ਦੇ ਸ਼ਬਦ 'ਅਰਾਤ੍ਰਿਕਾ' ਤੋਂ ਹੋਈ ਹੈ। ਇਸ ਦਾ ਅਰਥ ਕਿਸੇ ਦੇਵਤੇ ਦੀ ਮੂਰਤੀ ਅੱਗੇ ਜਾਂ ਪੂਜਨੀਕ ਹਸਤੀ ਦੇ ਸਾਹਮਣੇ ਖਲੋ ਕੇ ਰਾਤ ਦੇ ਸਮੇਂ ਪੂਜਾ ਕਰਨੀ ਹੈ। 'ਮਹਾਨ ਕੋਸ਼' ਵਿਚ ਰਾਤ ਤੋਂ ਬਿਨਾਂ ਦਿਨੇ ਵੀ ਇਸ ਪੂਜਾ (ਆਰਤੀ) ਨੂੰ ਕੀਤੇ ਜਾਣ ਦਾ ਸੰਕੇਤ ਮਿਲਦਾ ਹੈ। ਡਾ. ਵਣਜਾਰਾ ਬੇਦੀ ਨੇ 'ਆਰਤੀ' ਨੂੰ 'ਆਰਿਤ' ਦਾ ਵਿਕ੍ਰਤ ਰੂਪ ਕਰ ਕੇ ਲਿਖਿਆ ਹੈ, ਜਿਸ ਦਾ ਅਰਥ ਹੈ—ਦੁਖੀ, ਆਤੁਰ। ਮਨੁੱਖ ਜਿਸ ਵਿਧੀ ਰਾਹੀਂ ਦੇਵਤਾ ਦੀ ਪੂਜਾ ਕਰਦਾ ਹੈ, ਉਹੀ ਆਰਤੀ ਹੈ। ਡਾ. ਸਾਹਿਬ ਨੇ 'ਆਰਤੀ' ਦਾ ਇਕ ਹੋਰ ਅਰਥ ਵੀ ਕੀਤਾ ਹੈ—'ਆਰਤੀ' ਅਰਾਤ੍ਰਿਕ ਦਾ ਅਪਭ੍ਰੰਸ਼ ਰੂਪ ਹੈ ਜਿਸ ਦਾ ਅਰਥ ਹੈ—ਉਹ ਜੋਤਿ ਜੋ ਰਾਤ ਦੇ ਹਿਤ ਵਜੋਂ ਨਾ ਜਗਾਈ ਜਾਵੇ। ਆਰਤੀ ਵਿਚ ਜੋ ਜੋਤਾਂ ਜਗਾਈਆਂ ਜਾਂਦੀਆਂ ਹਨ ਉਹਨਾਂ ਦਾ ਮਨੋਰਥ ਰਾਤ ਦਾ ਹਨੇਰਾ ਦੂਰ ਕਰਨਾ ਨਹੀਂ ਹੁੰਦਾ ਸਗੋਂ ਇਸ ਰੀਤ ਪਿੱਛੇ ਆਦਿ-ਮਾਨਵ ਦਾ ਹੀ ਵਿਸ਼ਵਾਸ ਕੰਮ ਕਰ ਰਿਹਾ ਹੈ। ਇਹ ਵਿਸ਼ਵਾਸ ਅਜੇ ਵੀ ਕੁਝ ਲੋਕਾਂ ਵਿਚ ਕਾਇਮ ਹੈ ਕਿ ਜੋਤਿ ਜਗਾਉਣ ਨਾਲ ਭੈੜੀਆਂ ਰੂਹਾਂ ਨੱਠ ਜਾਂਦੀਆਂ ਹਨ। ਸ਼ਾਇਦ ਇਹੀ ਕਾਰਨ ਹੈ ਕਿ ਅਜੇ ਵੀ (ਅਗਿਆਨਤਾ ਵੱਸ) ਰਾਤ ਸਮੇਂ ਚੁਰਾਹਿਆਂ ਉੱਤੇ, ਖੂਹਾਂ ਉੱਤੇ ਅਤੇ ਪੂਜਾ ਸਥਾਨਾਂ ਉਪਰ ਜੋਤਿ ਜਗਾਈ ਜਾਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਅਜਿਹੀਆਂ ਰਚਨਾਵਾਂ ਵੀ ਮਿਲਦੀਆਂ ਹਨ ਜਿਨ੍ਹਾਂ ਦਾ ਸੰਬੰਧ ਧਾਰਮਿਕ ਲੋਕਾਂ, ਉਹਨਾਂ ਦੀ ਸਾਧਨਾ, ਪੂਜਾ-ਵਿਧੀਆਂ ਅਤੇ ਪ੍ਰਚਲਿਤ ਆਚਾਰ-ਵਿਧਾਨ ਨਾਲ ਹੈ। ਉਦਾਹਰਣ ਵਜੋਂ ਸਰਗੁਣ ਭਗਤੀ ਵਿਚ ਵੱਖ-ਵੱਖ ਸੰਸਕਾਰਾਂ ਵਿਚ ਲੋੜੀਂਦੀਆਂ ਵਸਤਾਂ ਜਿਵੇਂ ਥਾਲ, ਦੀਵੇ, ਧੂਪ, ਮੋਤੀ, ਚਵਰ, ਫੁੱਲ ਆਦਿ ਇਕੱਠੇ ਕਰ ਕੇ ਆਰਤੀ ਉਤਾਰਨ ਦਾ ਵਿਧਾਨ ਪ੍ਰਚਲਿਤ ਸੀ। ਮੂਲ ਰੂਪ ਵਿਚ ਆਰਤੀ ਇਕ ਗੀਤ-ਪੱਧਤੀ ਹੈ, ਜਿਸ ਦਾ ਸੰਬੰਧ

ਕੀਰਤਨ ਨਾਲ ਹੈ। ਇਸ ਪੱਧਤੀ ਨੂੰ ਸਰਗੁਣ ਜਾਂ ਸਾਕਾਰ ਦੀ ਉਪਾਸਨਾ ਕਰਨ ਵਿਚ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਇਕ ਵੱਡੇ ਥਾਲ ਵਿਚ ਘਿਉ ਦੇ ਦੀਵੇ ਬਾਲ ਕੇ, ਸੁਗੰਧਿਤ ਧੂਪ ਜਲਾ ਕੇ ਆਪਣੇ ਇਸ਼ਟ ਦੀ ਮੂਰਤੀ ਦੇ ਦੁਆਲੇ ਸੱਜੇ ਪਾਸੇ ਤੋਂ ਖੱਬੇ ਵੱਲ ਨੂੰ ਥਾਲ ਘੁਮਾਇਆ ਜਾਂਦਾ ਹੈ। ਹਿੰਦੂ ਮਤ ਅਨੁਸਾਰ ਸਾਮੱਗਰੀ ਨਾਲ ਭਰਿਆ ਹੋਇਆ ਥਾਲ ਚਾਰ ਵਾਰੀ ਮੂਰਤੀ ਦੇ ਚਰਨਾਂ ਅੱਗੇ, ਦੋ ਵਾਰੀ ਨਾਭੀ ਉੱਤੇ, ਇਕ ਵਾਰੀ ਮੂੰਹ ਉੱਤੇ ਅਤੇ ਸੱਤ ਵਾਰੀ ਸਾਰੇ ਸਰੀਰ ਉਪਰ ਘੁਮਾਇਆ ਜਾਂਦਾ ਹੈ। ਦੀਵਿਆਂ ਦੀ ਗਿਣਤੀ ਇਕ ਤੋਂ ਲੈ ਕੇ ਸੌ ਤਕ ਹੋ ਸਕਦੀ ਹੈ।

ਗੁਰੂ ਪਾਤਸ਼ਾਹ ਜੀ ਨੇ ਹਿੰਦੂ ਧਰਮ ਵਿਚ ਪ੍ਰਚਲਿਤ ਆਰਤੀ ਦੇ ਪੁਰਾਤਨ ਸੰਕਲਪ ਵਿਰੁੱਧ ਨਵੀਆਂ ਕਦਰਾਂ-ਕੀਮਤਾਂ ਵਾਲੀ ਆਰਤੀ ਦਾ ਵਿਧਾਨ ਪੇਸ਼ ਕੀਤਾ ਹੈ। ਇਹ ਆਰਤੀ ਬ੍ਰਹਿਮੰਡ ਵਿਚ ਹਰ ਸਮੇਂ ਆਪਣੇ-ਆਪ ਹੋ ਰਹੀ ਹੈ। ਉਹਨਾਂ ਦੀ ਪਹੁੰਚ ਇਤਨੀ ਵਿਸ਼ਾਲ ਤੇ ਵਿਸਮਾਦੀ ਹੈ ਕਿ ਉਹਨਾਂ ਗਗਨ ਨੂੰ ਥਾਲ, ਚੰਦ ਸੂਰਜ ਨੂੰ ਦੀਵੇ, ਤਾਰਾ ਮੰਡਲ ਨੂੰ ਮੋਤੀ, ਮਲੀਆਗਰ ਨੂੰ ਧੂਪ, ਪੌਣ ਨੂੰ ਚਵਰ ਅਤੇ ਸਾਰੀ ਬਨਸਪਤੀ ਨੂੰ ਫੁੱਲਾਂ ਦੀ ਮਾਲਾ ਪ੍ਰਵਾਨ ਕੀਤਾ ਹੈ। ਉਸ ਨਿਰੰਕਾਰ ਪ੍ਰਭੂ ਦੀ ਇਹ ਆਰਤੀ ਸਮੁੱਚੇ ਬ੍ਰਹਿਮੰਡ ਵਿਚ ਹਰ ਸਮੇਂ ਸਦੀਵ ਕਾਲ ਤੋਂ ਹੋ ਰਹੀ ਹੈ ਤੇ ਹੁੰਦੀ ਰਹੇਗੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਤਾਂ ਭਗਤਾਂ, ਜਿਵੇਂ ਕਬੀਰ ਜੀ, ਧੰਨਾ ਜੀ, ਰਵਿਦਾਸ ਜੀ, ਸੈਣ ਜੀ, ਪੀਪਾ ਜੀ ਆਦਿ ਦੀਆਂ ਰਚਨਾਵਾਂ ਵੀ ਦਰਜ ਹਨ। ਇਹਨਾਂ ਸੰਤਾਂ ਭਗਤਾਂ ਨੂੰ ਇਹ ਕਾਵਿ-ਰੂਪ ਨਾਥਾਂ-ਜੋਗੀਆਂ ਤੋਂ ਪ੍ਰਾਪਤ ਹੋਇਆ। ਗੋਰਖ ਨਾਥ ਨੇ ਗੋਰਖ ਬਾਣੀ ਵਿਚ ਇਸੇ ਸ਼ੈਲੀ ਵਿਚ ਅਤੇ ਇਹਨਾਂ ਹੀ ਵਿਚਾਰਾਂ ਨਾਲ ਭਰਪੂਰ ਆਰਤੀ ਲਿਖੀ ਹੈ। ਅਸਲ ਵਿਚ ਆਰਤੀ ਦੀ ਪਰੰਪਰਾ ਗੋਰਖ ਨਾਥ ਤੋਂ ਵੀ ਬਹੁਤ ਪ੍ਰਾਚੀਨ ਹੈ। ਕੋਈ ਵੀ ਕਾਵਿ-ਰੂਪ ਆਪਣੇ ਰੂਪ ਦੀ ਮੁਕੰਮਲਤਾ ਅਤੇ ਠੁੱਕ ਬੱਝਣ ਤੋਂ ਪਹਿਲਾਂ ਅਨੇਕ ਪੜਾਵਾਂ ਵਿਚੋਂ ਲੰਘਦਾ ਹੈ। ਸਪੱਸ਼ਟ ਹੈ ਕਿ ਗੋਰਖ ਨਾਥ ਤਕ ਇਹ ਕਾਵਿ-ਰੂਪ ਆਪਣੀ ਮਕਬੂਲਤਾ ਹਾਸਲ ਕਰ ਚੁੱਕਾ ਸੀ, ਤਾਂ ਹੀ ਗੋਰਖ ਨਾਥ ਨੇ ਇਸ ਨੂੰ ਆਪਣੇ ਵਿਚਾਰਾਂ ਦਾ ਵਾਹਣ ਬਣਾਇਆ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰਤੀ ਦੀ ਪ੍ਰਚਲਿਤ ਰੀਤ ਨੂੰ ਨਹੀਂ ਸਗੋਂ ਆਰਤੀ ਦੇ ਸੰਕਲਪ ਨੂੰ ਮਹੱਤਵ ਪ੍ਰਦਾਨ ਕੀਤਾ ਹੈ। ਉਹਨਾਂ ਦਾ ਇਸ਼ਟ ਨਿਰ-ਆਕਾਰ ਬ੍ਰਹਮ (ਅਕਾਲ ਪੁਰਖ) ਹੈ ਜਿਸ ਦਾ ਨਾ ਕੋਈ ਰੰਗ ਹੈ, ਨਾ ਰੂਪ ਹੈ, ਨਾ ਰੇਖ ਹੈ, ਨਾ ਭੇਖ ਹੈ, ਉਹ ਅਜੂਨੀ ਹੈ। ਗੁਰੂ ਸਾਹਿਬ ਨੇ ਇਸ ਬਾਰਾਂ ਪੰਕਤੀਆਂ ਦੀ ਰਚਨਾ (ਜਿਸ ਦੇ ਚਾਰ ਪਦੇ ਹਨ, ਦੋ ਪੰਕਤੀਆਂ ਰਹਾਉ ਵਾਲੀਆਂ ਇਸ ਗਿਣਤੀ ਤੋਂ ਵੱਖਰੀਆਂ ਹਨ, ਜਿਨ੍ਹਾਂ ਵਿਚ ਇਸ ਬਾਣੀ ਦੇ ਕੇਂਦਰੀ ਭਾਵ ਨੂੰ ਉਜਾਗਰ ਕੀਤਾ ਗਿਆ ਹੈ) ਵਿਚ ਉਸ ਪ੍ਰਭੂ ਦੇ ਵਿਸਮਾਦੀ ਰੂਪ ਨੂੰ ਪੇਸ਼ ਕੀਤਾ ਹੈ ਜਾਂ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਗੁਰਦੇਵ ਜੀ ਨੇ ਇਸ ਅਤਿ ਸੰਖੇਪ ਰਚਨਾ ਵਿਚ ਅਕਾਲ ਪੁਰਖ ਦੇ ਨਿਰਗੁਣ ਅਤੇ ਸਰਗੁਣ ਸਰੂਪ ਨੂੰ ਚਿਤਰਦਿਆਂ ਹੋਇਆਂ ਦੋਹਾਂ ਦੀ ਅਭੇਦਤਾ ਨੂੰ ਸਥਾਪਿਤ ਕੀਤਾ ਹੈ। ਸਾਰਾ ਸੰਸਾਰ ਉਸੇ ਦੀ ਵਿਰਾਟ ਰਚਨਾ ਹੈ ਜਿਸ ਵਿਚ ਉਹ ਰਮਿਆ ਹੋਇਆ ਹੈ। ਉਸ ਦੀ ਸਰਬ-ਵਿਆਪਕਤਾ ਕਰਕੇ ਹੀ ਸਭ ਜੀਵਾਂ ਦੀਆਂ ਅੱਖਾਂ ਉਸ ਦੀਆਂ ਅੱਖਾਂ ਹਨ। ਇਹ ਆਕਾਸ਼ ਉਸ ਨਿਰ-ਆਕਾਰ ਬ੍ਰਹਮ ਦੀ ਆਰਤੀ ਕਰਨ ਵਾਲਾ

ਥਾਲ ਹੈ। ਸੂਰਜ ਤੇ ਚੰਦਰਮਾ ਦੀਵੇ ਉਸ ਥਾਲ ਵਿਚ ਸਦੀਵੀ ਜਗ ਰਹੇ ਹਨ। ਤਾਰੇ ਉਸ ਥਾਲ ਵਿਚ ਝਲਕਾਂ ਮਾਰਦੇ ਮੋਤੀ ਹਨ। ਧੀਰਜ ਨਾਲ ਰੁਮਕਦੀ ਪੌਣ ਖੁਸ਼ਬੂਦਾਰ ਫੁੱਲਾਂ-ਬੂਟਿਆਂ ਨਾਲ ਛੂੰਹਦੀ ਹੋਈ ਜਿਵੇਂ ਚਵਰ ਦੀ ਸੇਵਾ ਨਿਭਾ ਰਹੀ ਹੈ। ਇਉਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਅਨੇਕਤਾ ਇਕ ਵਿਚ ਸਮੋ ਰਹੀ ਹੋਵੇ ਤੇ 'ਇਕ' ਅਨੇਕਤਾ ਵਿਚ ਵਿਆਪ ਰਿਹਾ ਹੋਵੇ। ਇਹ ਗੁਰਦੇਵ ਜੀ ਦੀ ਕਾਵਿ-ਸ਼ੈਲੀ ਦਾ ਹੀ ਚਮਤਕਾਰ ਹੈ ਕਿ ਆਪ ਨੇ ਉਸ ਪ੍ਰਭੂ ਦੀ ਸਰਬ-ਵਿਆਪਕਤਾ ਨੂੰ ਇਤਨੀ ਸੰਖੇਪ ਰਚਨਾ ਅਤੇ ਇਤਨੀ ਸੰਕੋਚਵੀਂ ਸ਼ੈਲੀ ਵਿਚ ਬਿਆਨ ਕੀਤਾ ਹੈ ਕਿ ਅਨੇਕਤਾ ਵਿਚ ਉਸ ਦੀ ਏਕਤਾ ਦ੍ਰਿਸ਼ਟਮਾਨ ਹੋ ਉੱਠਦੀ ਹੈ। ਆਕਾਰ ਅਤੇ ਸਾਕਾਰ ਦੋਹਾਂ ਦੀ ਵੱਖਰਤਾ ਅਤੇ ਇਕ ਰਸ-ਰੂਪਤਾ ਦਾ ਅਦੁੱਤੀ ਪ੍ਰਗਟਾ ਇਸ ਰਚਨਾ ਵਿਚੋਂ ਦ੍ਰਿਸ਼ਟਮਾਨ ਹੁੰਦਾ ਹੈ।

ਸੋ ਇਹ ਆਰਤੀ ਹਿੰਦੂ ਮਤ ਦੀ ਪਰੰਪਰਾਗਤ ਆਰਤੀ ਦੀ ਥਾਂ ਉੱਤੇ ਅਕਾਲ ਪੁਰਖ ਦੀ ਵਿਰਾਟ ਅਤੇ ਸਹਿਜ-ਸੁਭਾਵਿਕ ਹੋ ਰਹੀ ਆਰਤੀ ਦੀ ਮਹਿਮਾ ਨੂੰ ਪੇਸ਼ ਕਰਦੀ ਹੈ, ਜਿਸ ਵਿਚ ਬ੍ਰਹਿਮੰਡ ਦੀ ਹਰ ਇਕ ਵਸਤੂ ਆਪਣੇ ਵਿਤ ਮੁਤਾਬਿਕ ਆਰਤੀ ਵਿਚ ਲੱਗੀ ਪ੍ਰਤੀਤ ਹੁੰਦੀ ਹੈ। ਸੰਸਾਰੀ ਕਾਰ-ਵਿਹਾਰ ਕਰਦੇ ਜਗਿਆਸੂਆਂ ਨੂੰ ਗੁਰੂ ਪਾਤਸ਼ਾਹ ਜੀ ਨੇ ਇਸ ਵਿਰਾਟ ਆਰਤੀ ਵਿਚ ਲੀਨ ਹੋਣ ਦੀ ਪ੍ਰੇਰਨਾ ਦਿੱਤੀ ਹੈ।

ਇਹ ਰਚਨਾ ਆਪਣੀ ਵਿਸ਼ੇਸ਼ ਕਿਸਮ ਦੇ ਛੰਦ ਨਾਲ ਰੂਪਮਾਨ ਹੋਈ ਹੈ ਜਿਸ ਦੀਆਂ ਪੰਕਤੀਆਂ ਵਿਚ ਵਲਵਲੇ ਭਰਪੂਰ ਸੰਗੀਤ ਹੈ। ਇਸ ਵਿਚ ਜਿਥੇ ਭਾਵਾਂ ਅਤੇ ਵਿਚਾਰਾਂ ਦੀ ਡੂੰਘਾਈ ਹੈ, ਉਥੋਂ ਚਿੱਤਰਾਂ, ਲੈਅ ਅਤੇ ਸ਼ਬਦਾਵਲੀ ਦੇ ਸੁਹਜਵਾਦੀ ਚਮਤਕਾਰ ਵੀ ਹਨ। ਵਿਸ਼ਾਲ ਬ੍ਰਹਿਮੰਡ ਨੂੰ ਗੁਰਦੇਵ ਨੇ ਆਪਣੀ ਰਚਨਾ ਵਿਚ ਸਮੋ ਲਿਆ ਹੈ। ਸ਼ਬਦਾਂ ਦੀ ਚੋਣ ਇਸ ਰਚਨਾ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ ਜਿਨ੍ਹਾਂ ਵਿਚੋਂ ਸੰਗੀਤ ਦੀਆਂ ਸਰੋਦੀ ਧੁਨਾਂ ਦਾ ਪ੍ਰਕਾਸ਼ਨ ਹੁੰਦਾ ਹੈ। ਇਸ ਪ੍ਰਕਾਰ ਦੀ ਆਰਤੀ ਸਾਰੇ ਸੰਸਾਰ-ਸਾਹਿਤ ਵਿਚ ਹੋਰ ਕਿਤੇ ਮੌਜੂਦ ਨਹੀਂ ਹੈ। ਵਾਸਤਵ ਵਿਚ ਇਹ ਆਰਤੀ ਗੁਰੂ ਜੀ ਦੇ ਅੰਤਰੀਵ ਭਾਵਾਂ ਦੀ ਤਰਜਮਾਨੀ ਕਰਦੀ ਹੈ ਕਿ ਉਹ ਸਿਰਜਣਹਾਰ ਨੂੰ ਆਪਣੀ ਸਿਰਜਣਾ ਵਿਚ ਕਿਵੇਂ ਇਕ-ਮਿਕ ਹੋਇਆ ਅਨੁਭਵ ਕਰਦੇ ਹਨ। ਰਚਨਾ ਵਿਚੋਂ ਸੰਦੇਸ਼ ਇਹ ਮਿਲਦਾ ਹੈ ਕਿ ਅਕਾਲ ਪੁਰਖ ਦੀ ਕਿਰਪਾ ਨਾਲ ਹੀ ਪ੍ਰਭੂ-ਜੋਤਿ ਦੀ ਸੂਖ਼ਮਤਾ ਅਤੇ ਵਿਆਪਕਤਾ ਨੂੰ ਅਨੁਭਵ ਕੀਤਾ ਜਾ ਸਕਦਾ ਹੈ।

(8/1996)

ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ

ਇਸ਼ਟ ਦੇਵ ਦੀ ਪੂਜਾ ਉਪਾਸਨਾ ਕਰਦਿਆਂ ਉਸ ਦੀ ਮਹਿਮਾ ਗਾਉਣਾ ਤੇ ਵਾਰਨੇ ਜਾਣਾ ਆਰਤੀ ਹੈ। ਹਿੰਦੂ ਮੱਤ ਅਨੁਸਾਰ ਇਸ਼ਟ ਨੂੰ ਪ੍ਰਸੰਨ ਕਰਨ ਲਈ ਦੀਵੇ ਜਗਾ ਕੇ ਸੱਤ ਵਾਰ ਉਸ ਦੇ ਦੁਆਲੇ ਘੁਮਾਉਣੇ ਚਾਹੀਦੇ ਹਨ, ਚਾਰ ਵਾਰ ਉਸ ਦੇ ਚਰਨਾਂ 'ਤੇ, ਦੋ ਵਾਰ ਨਾਭੀ 'ਤੇ, ਇਕ ਵਾਰ ਮੁੱਖੜੇ ਉੱਤੇ ਅਤੇ ਸੱਤ ਵਾਰ ਸਾਰੇ ਸਰੀਰ ਉੱਤੇ ਘੁਮਾਉਣੇ ਚਾਹੀਦੇ ਹਨ। ਆਰਤੀ ਸਮੇਂ ਧੂਪ, ਫੁੱਲ-ਵਰਖਾ ਤੇ ਵਾਜੇ ਵਜਾਉਣ ਆਦਿ ਦਾ ਵੀ ਵਿਧਾਨ ਹੈ। ਗੁਰੂ ਨਾਨਕ ਸਾਹਿਬ ਜੀ ਨੇ ਜਗਨਨਾਥ ਪੁਰੀ ਦੇ ਮੰਦਰ ਵਿਚ ਇਹ ਕਰਮ-ਕਾਂਡੀ ਆਰਤੀ ਵੇਖ ਕੇ ਕੁਦਰਤ ਵੱਲੋਂ ਹੋ ਰਹੀ ਨਿੱਤ ਨਵੀਂ ਆਰਤੀ ਦਾ ਸਰੂਪ ਇਉਂ ਸੁਝਾਇਆ ਸੀ:

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥
ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥ (ਪੰਨਾ ੬੬੩)

ਆਰਤੀ ਸੰਗਯਾ ਹੈ ਜਿਸ ਦਾ ਅਰਥ ਹੈ ਰਾਤ ਬਿਨਾਂ ਵੀ ਹੋਵੇ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਦੇਵਤਾ ਦੀ ਪੂਜਾ ਅਥਵਾ ਕਿਸੇ ਪੂਜਯ ਅੱਗੇ ਦੀਵੇ ਘੁਮਾ ਕੇ ਪੂਜਾ ਕਰਨਾ; ਆਰਤੀ ਦਿਨ ਨੂੰ ਵੀ ਕੀਤੀ ਜਾਂਦੀ ਹੈ। ਇਸ ਲਈ ਆਰਾਤ੍ਰਿਕ ਸੰਗਯਾ ਹੈ। ਦੀਵੇ, ਇਕ ਤੋਂ ਲੈ ਕੇ ਇਕ ਸੌ ਤਕ ਜਗਾਉਣ ਦਾ ਵਿਧਾਨ ਹੈ। ਸਤਿਗੁਰੂ ਨਾਨਕ ਸਾਹਿਬ ਜੀ ਨੇ ਇਸ ਆਰਤੀ ਦਾ ਨਿਸ਼ੇਧ ਕਰ ਕੇ ਕਰਤਾਰ ਦੀ ਪ੍ਰਕਿਰਤ (ਕੁਦਰਤੀ) ਆਰਤੀ ਦੀ ਮਹਿਮਾ ਦੱਸੀ ਹੈ।

ਅਸਲ ਵਿਚ ਗੁਰੂ ਨਾਨਕ ਸਾਹਿਬ ਜੀ ਧਨਾਸਰੀ ਰਾਗ ਵਿਚ ਉਚਾਰੇ ਇਕ ਸ਼ਬਦ ਰਾਹੀਂ ਕਰਮ-ਕਾਂਡ ਦੁਆਰਾ ਕੀਤੀ ਆਰਤੀ ਦਾ ਨਿਖੇਧ ਕਰਦੇ ਹਨ। ਜਗਿਆਸੂ ਪ੍ਰਸ਼ਨ ਕਰ ਸਕਦਾ ਹੈ ਕਿ ਪੂਜਾ, ਅਰਚਨਾ, ਬੰਦਗੀ, ਸੇਵਾ, ਆਰਤੀ ਕਿਸ ਲਈ ਕੀਤੀ ਜਾਏ? ਆਦਿ ਕਾਲ ਤੋਂ ਲੈ ਕੇ ਅੱਜ ਤਕ ਦੇ ਧਰਮ ਚਿੰਤਨ ਦੇ ਇਤਿਹਾਸ ਦੀ ਇਹੀ ਗਵਾਹੀ ਹੈ ਕਿ ਇਹ ਸਭ ਕਰਮ, ਕਰਮ-ਕਾਂਡ ਪ੍ਰਭੂ-ਪ੍ਰਾਪਤੀ ਲਈ ਹਨ, ਆਪਣੇ ਆਦਰਸ਼ ਦੀ ਪ੍ਰਾਪਤੀ ਲਈ। ਦਰਅਸਲ ਇਹ ਸਾਧਨ ਮਾਤਰ ਹੀ ਕਰਮ ਸਨ ਜਦੋਂ ਕਿ ਅਸੀਂ ਤੇ ਸਾਡੀ ਸਥਾਪਤੀ ਨੇ ਇਸ ਨੂੰ ਹੀ ਮੰਜ਼ਲ ਜਾਂ ਅੰਤਮ ਉਦੇਸ਼ ਮੰਨ ਲਿਆ। ਜੇ ਪ੍ਰਭੂ-ਪ੍ਰਾਪਤੀ ਦੇ ਸਾਧਨਾਂ, ਜ਼ਰੀਏ ਜਾਂ ਢੰਗ-ਤਰੀਕਿਆਂ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਸਾਨੂੰ ਆਦਿ ਮਾਨਵ ਦੇ ਧਰਮ ਤੋਂ ਲੈ ਕੇ ਅੱਜ ਤਕ ਤਿੰਨ ਮਾਰਗ ਹੀ ਮੁੱਖ ਤੌਰ 'ਤੇ ਪ੍ਰਾਪਤ ਹੁੰਦੇ ਹਨ। ਕਰਮ ਮਾਰਗ, ਗਿਆਨ ਮਾਰਗ ਅਤੇ ਭਗਤੀ ਮਾਰਗ। ਸਾਡਾ ਵਿਸ਼ਵਾਸ ਹੈ ਕਿ ਕਰਮ, ਭਗਤੀ ਤੇ ਗਿਆਨ ਦੇ ਬੀਜ ਮਨੁੱਖ ਦੇ

ਮਨ ਵਿਚ ਕੁਦਰਤੀ ਮੌਜੂਦ ਹਨ ਅਤੇ ਜਿਥੇ ਧਰਮ ਹੈ ਉਥੇ ਹੀ ਇਹਨਾਂ ਦੇ ਅਸਰ ਭੀ ਮੌਜੂਦ ਹਨ ਅਤੇ ਆਦਰਸ਼ ਦੀ ਪ੍ਰਾਪਤੀ ਲਈ ਸਾਰੇ ਹੀ ਇਹਨਾਂ ਦਾ ਆਸਰਾ ਲੈਂਦੇ ਹਨ।

ਪਰੰਤੂ ਗੁਰੂ ਸਾਹਿਬਾਨ ਨੇ ਆਪਣੇ ਸਮੇਂ ਅਜਿਹੇ ਰਸਮੀ ਤੇ ਕਰਮ-ਕਾਂਡੀ ਜੀਵਨ ਦੀ ਸਖ਼ਤ ਆਲੋਚਨਾ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਥਾਂ-ਪੁਰ-ਥਾਂ ਅਜਿਹੇ ਹਵਾਲੇ ਉਪਲਬਧ ਹਨ, ਜਿਵੇਂ:

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥ (ਪੰਨਾ ੭੪੭)

ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ॥ (ਪੰਨਾ ੭੪੭)

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ਹ ਪੜਿਆ ਮੁਕਤਿ ਨ ਹੋਈ॥ (ਪੰਨਾ ੭੪੭)

ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ॥ (ਪੰਨਾ ੨੧੪)

ਗੁਰਮਤਿ ਅਨੁਸਾਰ ਕਰਮ ਹਉਮੈ ਦੀ ਪ੍ਰਧਾਨਗੀ ਸਥਾਪਿਤ ਕਰਦਾ ਹੈ ਅਤੇ ਸਰਵ-ਸਾਂਝੀ ਜੋਤਿ ਦਾ ਅਹਿਸਾਸ ਭਾਵ ਨਾਮ ਨਾਲ ਇਸ ਦੀ ਭਾਰੀ ਵਿਰੋਧਤਾ ਹੈ:

ਹਉਮੈ ਨਾਵੈ ਨਾਲਿ ਵਿਰੋਧੁ ਹੈ...

ਗੁਰਮਤਿ ਵਿਚ ਕਰਮ-ਕਾਂਡ ਨੂੰ ਕੋਈ ਥਾਂ ਨਹੀਂ। ਆਪਣੇ ਇਸ਼ਟ ਨੂੰ ਰੀਝਾਉਣ ਲਈ ਆਰਤੀ ਕਰਨਾ ਵੀ ਇਕ ਕਰਮ-ਕਾਂਡ ਹੈ। ਸ਼ਾਇਦ ਇਸੇ ਲਈ ਗੁਰੂ ਨਾਨਕ ਸਾਹਿਬ ਜੀ ਇਹ ਵਾਕ ਉਚਾਰਦੇ ਹਨ ਕਿ 'ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ'' ਹੇ ਪ੍ਰਭੂ! ਤੇਰੀ ਕੈਸੀ ਆਰਤੀ ਉਤਾਰੀ ਜਾਏ ਜਿਸ ਨਾਲ ਪ੍ਰਾਪਤ ਹੋ ਕੇ ਸਾਡੇ 'ਤੇ ਮਿਹਰ ਵੀ ਕਰੇਂ ਤੇ ਖ਼ੁਸ਼ ਵੀ ਹੋਵੇਂ। ਕੁਦਰਤ ਦੀ ਆਰਤੀ ਦੇ ਮੁਕਾਬਲੇ ਇਹ ਕਰਮ-ਕਾਂਡੀ ਅਖੌਤੀ ਆਰਤੀ ਕੁਝ ਵੀ ਨਹੀਂ। ਕੁਦਰਤ ਤੇਰੀ ਸਦੀਵੀ ਆਰਤੀ ਉਤਾਰ ਰਹੀ ਹੈ। ਆਰਤੀ ਲਈ ਥਾਲ ਆਕਾਸ਼ ਹੈ। ਇਸ ਥਾਲ ਲਈ ਦੀਵੇ ਚੰਦ ਤੇ ਸੂਰਜ ਹਨ, ਤਾਰਿਆਂ ਦੇ ਸਮੂਹ ਮਾਨੋ ਥਾਲੀ ਵਿਚ ਮੋਤੀ ਰੱਖੇ ਹੋਏ ਹਨ। ਮਲਯ ਪਰਬਤ ਤੋਂ ਆਉਣ ਵਾਲੀ ਹਵਾ ਮਾਨੋਂ ਧੂਪ ਧੁਖ ਰਿਹਾ ਹੈ, ਹਵਾ ਚੌਰ ਕਰ ਰਹੀ ਹੈ, ਸਾਰੀ ਬਨਸਪਤੀ ਜੋਤਿ-ਰੂਪ ਪ੍ਰਭੂ ਦੀ ਆਰਤੀ ਲਈ ਫ਼ੁੱਲ ਦੇ ਰਹੀ ਹੈ। ਹੇ ਜੀਵਾਂ ਦੇ ਜਨਮ-ਮਰਨ ਨਾਸ ਕਰਨ ਵਾਲੇ! ਕੁਦਰਤ ਵਿਚ ਤੇਰੀ ਕੈਸੀ ਸੁੰਦਰ ਆਰਤੀ ਹੋ ਰਹੀ ਹੈ! ਸਭ ਜੀਵਾਂ ਵਿਚ ਇਕੋ ਹੀ ਪਰਮਾਤਮਾ ਦੀ ਜੋਤਿ ਵਰਤ ਰਹੀ ਹੈ। ਉਸ ਜੋਤਿ ਦੇ ਪ੍ਰਕਾਸ਼ ਲਈ ਸਾਰੇ ਜੀਵਾਂ ਵਿਚ ਚਾਨਣ, ਸੂਝ-ਬੂਝ ਹੈ, ਪਰ ਇਸ ਜੋਤਿ ਦਾ ਗਿਆਨ ਗੁਰੂ ਦੀ ਸਿੱਖਿਆ ਨਾਲ ਹੀ ਹੁੰਦਾ ਹੈ। ਗੁਰੂ ਦੇ ਰਾਹੀਂ ਹੀ ਇਸ ਦੀ ਸੋਝੀ ਹੁੰਦੀ ਹੈ। ਹਰੇਕ ਦੇ ਅੰਦਰ ਪ੍ਰਭੂ ਦੀ ਜੋਤਿ ਹੈ। ਇਸ ਸਰਬ-ਵਿਆਪਕ ਜੋਤਿ ਦੀ ਆਰਤੀ ਇਹ ਹੈ ਕਿ ਜੋ ਕੁਝ ਉਸ ਦੀ ਰਜ਼ਾ ਵਿਚ ਹੋ ਰਿਹਾ ਹੈ, ਉਹ ਜੀਵ ਨੂੰ ਚੰਗਾ ਲੱਗੇ ਭਾਵ ਪ੍ਰਭੂ ਦੀ ਰਜ਼ਾ ਵਿਚ ਤੁਰਨਾ ਪ੍ਰਭੂ ਦੀ ਆਰਤੀ ਕਰਨਾ ਹੈ।

ਗੁਰੂ ਜੀ ਨੇ ਕਰਮ-ਕਾਂਡੀ ਆਰਤੀ ਦੀ ਥਾਂ ਕਰਮ, ਭਗਤੀ ਤੇ ਗਿਆਨ ਦੇ ਸੁਮੇਲ ਦੀ ਆਰਤੀ ਪ੍ਰਗਟ ਕੀਤੀ ਹੈ। ਅਸਲ ਵਿਚ ਗੁਰੂ ਜੀ ਪ੍ਰਭੂ-ਪ੍ਰਾਪਤੀ ਦੇ ਪਰਪੰਚ ਤੇ ਵਿਖਾਵੇ ਦੇ ਵਿਰੁੱਧ ਤਾਂ ਹਨ ਹੀ, ਉਹ ਭਗਤੀ ਦੀਆਂ ਦੋ ਕਿਸਮਾਂ ਸਰਗੁਣ ਤੇ ਨਿਰਗੁਣ ਭਗਤੀ ਦੇ ਵੀ ਪਏ ਭੁਲੇਖੇ ਨੂੰ ਦੂਰ ਕਰਦੇ ਹਨ ਕਿ ਪ੍ਰਭੂ ਦੀ ਹੋਂਦ ਦਾ ਅਨੁਭਵ ਦੋਹਾਂ ਅਵਸਥਾਵਾਂ ਵਿਚ ਉਪਲਬਧ ਹੈ।

ਨਿਰਗੁਨੁ ਆਪਿ ਸਰਗੁਨੁ ਭੀ ਓਹੀ॥
ਕਲਾ ਧਾਰਿ ਜਿਨਿ ਸਗਲੀ ਮੋਹੀ॥ (ਪੰਨਾ ੨੮੭)

ਆਰਤੀ ਹੈ ਹੀ ਸਰਗੁਣ ਭਗਤੀ ਦੀ ਕਿਸਮ। ਗੁਰਮਤਿ ਨਿਰਗੁਣ ਤੇ ਸਰਗੁਣ ਭਗਤੀ ਦਾ ਸੁਮੇਲ ਹੈ, ਉਹ ਪ੍ਰਭੂ ਦੋਨਾਂ ਅਵਸਥਾਵਾਂ ਵਿਚ ਅਨੁਭਵ ਕੀਤਾ ਜਾ ਸਕਦਾ ਹੈ। ਪ੍ਰਭੂ ਸਾਰੇ ਜੀਵਾਂ ਵਿਚ ਵਿਆਪਕ ਹੈ ਤੇ ਉਹ ਸਰਗੁਣ ਹੈ ਤੇ ਉਸ ਦੀਆਂ ਹਜ਼ਾਰਾਂ ਅੱਖਾਂ ਹਨ ਪਰ ਨਿਰਾਕਾਰ ਹੋਣ ਕਰਕੇ ਉਸ ਦੀ ਕੋਈ ਵੀ ਅੱਖ ਨਹੀਂ। ਹਜ਼ਾਰਾਂ ਸ਼ਕਲਾਂ ਹਨ ਪਰ ਕੋਈ ਵੀ ਸ਼ਕਲ ਨਹੀਂ, ਹਜ਼ਾਰਾਂ ਸੋਹਣੇ ਪੈਰ ਹਨ, ਪਰ ਇਕ ਵੀ ਪੈਰ ਨਹੀਂ, ਹਜ਼ਾਰਾਂ ਤੇਰੇ ਨੱਕ ਹਨ ਪਰੰਤੂ ਤੂੰ ਨੱਕ ਤੋਂ ਬਿਨਾਂ ਹੈਂ। ਇਹੀ ਤਲਿਸਮ ਭਰਪੂਰ ਕੌਤਕ ਜੀਵ ਨੂੰ ਹੈਰਾਨ ਕਰਦੇ ਹਨ:

ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥੨॥
(ਪੰਨਾ ੬੬੩)

ਧਨਾਸਰੀ ਰਾਗ ਵਿਚ ਭਗਤ ਰਵਿਦਾਸ ਜੀ ਵੀ 'ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥ ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ' ਵਿਚ ਇਸ ਸਾਰ-ਤੱਤ ਨੂੰ ਦ੍ਰਿੜ੍ਹਾਉਂਦੇ ਹਨ ਕਿ ਪ੍ਰਭੂ ਦਾ ਨਾਮ ਹੀ ਆਰਤੀ ਹੈ, ਇਸ ਤੋਂ ਬਿਨਾਂ ਹੋਰ ਸਾਰੇ ਅਡੰਬਰ ਕੂੜੇ ਹਨ। ਨਾਮ ਹੀ ਆਰਤੀ ਲਈ, ਪੂਜਾ ਲਈ ਆਸਣ, ਚੰਦਨ ਘਸਾਉਣ ਲਈ ਸਿਲ, ਮੱਥੇ 'ਤੇ ਲਾਉਣ ਲਈ ਕੇਸਰ, ਚੰਦਨ ਆਦਿ ਵਸਤਾਂ ਸਾਰੀਆਂ ਹਨ। ਮੇਰੇ ਲਈ ਤੇਰਾ ਨਾਮ-ਸਿਮਰਨ ਹੀ ਮੈਨੂੰ ਚਾਰ ਭਵਨਾਂ ਵਿਚ ਚਾਨਣ ਕਰ ਰਿਹਾ ਹੈ। ਮੇਰੇ ਲਈ ਪ੍ਰਭੂ ਦਾ ਨਾਮ ਹੀ ਧਾਗਾ, ਫੁੱਲ-ਮਾਲਾ ਆਦਿ ਹੈ ਅਤੇ ਹੋਰ ਸਭ ਬਨਸਪਤੀ ਉਸ ਦੇ ਸਾਹਮਣੇ ਜੂਠੀ ਹੈ, ਭੇਟ ਕਰਨ ਦੇ ਯੋਗ ਹੀ ਨਹੀਂ। ਆਰਤੀ ਦੇ ਸਾਰੇ ਅਡੰਬਰ ਝੂਠੇ ਹਨ ਅਤੇ ਸਿਮਰਨ ਹੀ ਜ਼ਿੰਦਗੀ ਦਾ ਸਹੀ ਰਸਤਾ ਹੈ। ਪਰੰਤੂ ਹੈਰਾਨੀ ਦੀ ਗੱਲ ਹੈ ਕਿ ਬਹੁਤੇ ਲੋਕ ਪ੍ਰਭੂ ਦੇ ਨਾਮ-ਸਿਮਰਨ ਨੂੰ ਛੱਡ ਕੇ 18 ਪੁਰਾਣਾਂ ਦੀਆਂ ਕਹਾਣੀਆਂ, 68 ਤੀਰਥਾਂ 'ਤੇ ਇਸ਼ਨਾਨ ਨੂੰ ਹੀ ਪੁੰਨ ਕਰਮ ਸਮਝੀ ਬੈਠੇ ਹਨ। ਇਸ ਤਰ੍ਹਾਂ ਚਾਰ ਖਾਣੀਆਂ— ਅੰਡਜ, ਜਿਉਰ, ਸਵੇਤ, ਉਦਕ ਵਿਚ ਭਟਕ ਰਹੇ ਹਨ ਜਦ ਕਿ ਪ੍ਰਭੂ ਦਾ ਨਾਮ ਹੀ ਉਸ ਦੀ ਆਰਤੀ ਹੈ। ਹੇ ਪ੍ਰਭੂ! ਤੇਰੇ ਸਦਾ ਰਹਿਣ ਵਾਲੇ ਨਾਮ ਦਾ ਭੋਗ ਹੀ ਮੈਂ ਤੈਨੂੰ ਲਗਾਉਂਦਾ ਹਾਂ।

ਇੰਜ ਹੀ ਭਗਤ ਸੈਣੁ ਜੀ ਵੀ ਉਚਾਰਦੇ ਹਨ:

ਧੂਪ ਦੀਪ ਘ੍ਰਿਤ ਸਾਜਿ ਆਰਤੀ॥ ਵਾਰਨੇ ਜਾਉ ਕਮਲਾ ਪਤੀ॥੧॥
ਮੰਗਲਾ ਹਰਿ ਮੰਗਲਾ॥ ਨਿਤ ਮੰਗਲੁ ਰਾਜਾ ਰਾਮ ਰਾਇ ਕੋ॥੧॥ ਰਹਾਉ॥
(ਪੰਨਾ ੬੯੫)

ਹੇ ਹਰੀ! ਹੇ ਰਾਜਨ! ਹੇ ਰਾਮ! ਤੇਰੀ ਮਿਹਰ ਨਾਲ ਮੇਰੇ ਅੰਦਰ ਸਦਾ ਤੇਰੇ ਨਾਮ-ਸਿਮਰਨ ਦਾ ਆਨੰਦ ਮੰਗਲ ਹੋ ਰਿਹਾ ਹੈ। ਹੇ ਕਮਲਾਪਤੀ! ਤੂੰ ਨਿਰੰਜਨ ਹੀ ਮੇਰੇ ਲਈ ਆਰਤੀ ਕਰਨ ਲਈ ਸੋਹਣਾ ਚੰਗਾ ਦੀਵਾ ਹੈਂ, ਸਾਫ਼-ਸੁਥਰੀ ਵੱਟੀ ਹੈਂ। ਜੋ ਮਨੁੱਖ ਸਰਬ-ਵਿਆਪਕ ਪਰਮ ਅਨੰਦ ਰੂਪ ਪ੍ਰਭੂ ਦੇ ਗੁਣ ਗਾਉਂਦਾ ਹੈ, ਉਹ ਪ੍ਰਭੂ ਦੀ ਭਗਤੀ ਦੀ ਬਰਕਤ ਨਾਲ ਉਸ ਦੇ ਮਿਲਾਪ ਦਾ ਅਨੰਦ ਮਾਣਦਾ ਹੈ।

ਭਗਤ ਪੀਪਾ ਜੀ ਪ੍ਰਭੂ ਦੀ ਖੋਜ ਜੋ ਕਿ ਕਾਇਆ ਵਿਚ ਹੀ ਕਰਨੀ ਹੈ, ਨੂੰ ਪ੍ਰਭੂ ਦੀ ਆਰਤੀ ਮੰਨਦੇ ਹੋਏ ਫ਼ੁਰਮਾਉਂਦੇ ਹਨ ਕਿ ਦੇਸ਼-ਦੇਸ਼ਾਂਤਰਾਂ ਨੂੰ ਖੋਜ-ਖੋਜ ਕੇ ਸਰੀਰ ਦੇ ਅੰਦਰ ਹੀ ਮੈਂ ਪ੍ਰਭੂ ਦਾ ਨਾਮ-ਰੂਪ ਨੌਂ ਨਿਧੀ ਲੱਭ ਲਈ ਹੈ। ਹੁਣ ਮੇਰੇ ਵਿਚ ਪਰਮਾਤਮਾ ਦੀ ਯਾਦ ਦਾ ਹੀ ਤੇਜ-ਪ੍ਰਤਾਪ ਹੈ। ਮੇਰਾ ਜਨਮ ਮਰਨ ਕੱਟਿਆ ਗਿਆ ਹੈ। ਕਾਇਆ ਦੀ ਖੋਜ ਹੀ ਮੇਰਾ ਦੇਵਤਾ ਹੈ, ਸਰੀਰ ਦੀ ਖੋਜ ਹੀ ਮੇਰਾ ਮੰਦਰ ਹੈ ਤੇ ਕਾਇਆ ਦੀ ਖੋਜ ਹੀ ਮੇਰਾ ਤੀਰਥ ਤੇ ਤੀਰਥ ਯਾਤਰਾ ਹੈ। ਕਾਇਆ ਦੀ ਖੋਜ ਕਰ ਕੇ ਹੀ ਮੈਂ ਮਾਨੋਂ ਪੱਤਰ ਭੇਟ ਕਰ ਕੇ ਆਪਣੇ ਅੰਦਰ ਵੱਸ ਰਹੇ ਇਸ਼ਟ ਦੇਵ ਦੀ ਪੂਜਾ ਕਰ ਰਿਹਾ ਹਾਂ ਤੇ ਇਹੀ ਮੇਰੀ ਅਸਲ ਆਰਤੀ ਹੈ।

ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥
ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥ (ਪੰਨਾ ੬੯੫)

ਪ੍ਰਭਾਤੀ ਰਾਗ ਵਿਚ ਭਗਤ ਕਬੀਰ ਜੀ ਜਿਨ੍ਹਾਂ ਦਾ ਨਿਵਾਸ ਬ੍ਰਾਹਮਣਵਾਦ ਦੇ ਗੜ੍ਹ ਅਤੇ ਭਾਰਤੀ ਬ੍ਰਾਹਮਣੀ ਸਭਿਅਤਾ ਦੇ ਕੇਂਦਰ ਬਨਾਰਸ ਵਿਚ ਸੀ, ਨੂੰ ਵੀ ਅਜਿਹੇ ਸਮੇਂ ਅਜਿਹੀ ਕਰਮ-ਕਾਂਡੀ ਜੀਵਨ-ਜਾਚ ਦਾ ਸਾਹਮਣਾ (ਵਿਰੋਧ) ਕਰਨਾ ਪਿਆ ਅਤੇ ਨਿਰਮਲ ਵਿਚਾਰਧਾਰਾ ਅਨੁਸਾਰ ਹੀ ਭਗਤ ਜੀ ਨੇ ਫ਼ੁਰਮਾਇਆ ਹੈ:

ਸੁੰਨ ਸੰਧਿਆ ਤੇਰੀ ਦੇਵ ਦੇਵਾਕਰ ਅਧਪਤਿ ਆਦਿ ਸਮਾਈ ॥
ਸਿਧ ਸਮਾਧਿ ਅੰਤੁ ਨਹੀ ਪਾਇਆ ਲਾਗਿ ਰਹੇ ਸਰਨਾਈ ॥੧॥
ਲੇਹੁ ਆਰਤੀ ਹੋ ਪੁਰਖ ਨਿਰੰਜਨ ਸਤਿਗੁਰ ਪੂਜਹੁ ਭਾਈ ॥
ਠਾਢਾ ਬ੍ਰਹਮਾ ਨਿਗਮ ਬੀਚਾਰੈ ਅਲਖੁ ਨ ਲਖਿਆ ਜਾਈ ॥੧॥ ਰਹਾਉ ॥ (ਪੰਨਾ ੧੩੫੦)

ਹੇ ਦੇਵ! ਹੇ ਚਾਨਣ ਦੀ ਖਾਣ! ਹੇ ਜਗਤ ਦੇ ਮਾਲਕ! ਹੇ ਸਭ ਦੇ ਮੂਲ ਸਰਬ-ਵਿਆਪਕ ਪ੍ਰਭੂ! ਜੋਗ-ਅਭਿਆਸ ਵਿਚ ਨਿਪੁੰਨ ਜੋਗੀਆਂ ਨੇ ਸਮਾਧੀਆਂ ਲਾ ਕੇ ਵੀ ਤੇਰਾ ਅੰਤ ਨਹੀਂ ਲੱਭਿਆ। ਆਖ਼ਰ ਉਹਨਾਂ ਤੇਰੀ ਸ਼ਰਨ ਲਈ। ਤੂੰ ਮਾਇਆ ਤੋਂ ਰਹਿਤ ਹੈਂ। ਸੋ ਮਾਇਆ ਦੇ ਫੁਰਨਿਆਂ ਤੋਂ ਮਨ ਨੂੰ ਸਾਫ਼ ਰੱਖਣਾ, ਤੇਰੇ ਚਰਨਾਂ ਵਿਚ ਜੁੜੇ ਰਹਿਣਾ, ਇਹੀ ਤੇਰੀ ਆਰਤੀ ਹੈ। ਇਸ ਦੀ ਬਰਕਤ ਨਾਲ ਮੇਰੇ ਅੰਦਰ ਇਕ ਅਜਿਹਾ ਅਨੰਦ ਬਣ ਰਿਹਾ ਹੈ ਮਾਨੋਂ ਪੰਜ ਕਿਸਮ ਦੇ ਸਾਜ਼ ਮੇਰੇ ਅੰਦਰ ਇਕ-ਰਸ ਵੱਜ ਰਹੇ ਹਨ। ਭਗਤ ਧੰਨਾ ਜੀ ਬਾਰੇ ਵੀ ਆਖਿਆ ਜਾਂਦਾ ਹੈ ਕਿ ਉਹਨਾਂ ਨੇ ਵੀ ਆਰਤੀ ਬਾਰੇ ਬਾਣੀ ਰਚੀ। ਜੇ ਗਹੁ ਨਾਲ ਵਿਚਾਰੀਏ ਤਾਂ ਧੰਨਾ ਜੀ ਨੇ 'ਆਰਤੀ' ਦੀ ਥਾਂ 'ਆਰਤਾ' ਸ਼ਬਦ ਵਰਤਿਆ ਹੈ, ਜਿਸ ਦਾ ਅਰਥ ਹੈ ਮੰਗਤਾ, ਲੋੜਵੰਦ। 'ਆਰਤਾ' ਦਾ ਕੇਂਦਰੀ ਭਾਵ ਵੀ ਇਹੋ ਹੀ ਹੈ ਜੋ ਜਨ ਪ੍ਰਭੂ ਦੀ ਭਗਤੀ ਕਰਦੇ ਹਨ, ਉਹਨਾਂ ਦੇ ਕਾਰਜ ਉਹ ਆਪ ਹੀ ਕਰਦਾ ਹੈ। ਹੇ ਪ੍ਰਿਥਵੀ ਦੇ ਪਾਲਣ ਵਾਲੇ ਪ੍ਰਭੂ! ਮੈਂ ਤੇਰੇ ਦਰ ਦਾ ਮੰਗਤਾ ਹਾਂ, ਮੇਰੀਆਂ ਲੋੜਾਂ ਦਾਲ, ਆਟਾ, ਘਿਉ, ਜੁੱਤੀ, ਕੱਪੜਾ, ਅੰਨ, ਗਾਂ, ਮੱਝ, ਘੋੜੀ ਅਤੇ ਚੰਗੀ ਇਸਤਰੀ ਤੂੰ ਹੀ ਪੂਰੀਆਂ ਕਰਨੀਆਂ ਹਨ:

ਗੋਪਾਲ ਤੇਰਾ ਆਰਤਾ ॥
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥੧॥ ਰਹਾਉ ॥ (ਪੰਨਾ ੬੯੫)

ਇਸ ਤੋਂ ਸਵੈ-ਸਪੱਸ਼ਟ ਹੈ ਕਿ ਆਰਤੀ ਪ੍ਰਭੂ ਦੀ ਸੰਪੂਰਨ ਖ਼ੁਸ਼ੀ, ਅਨੰਦ ਭਰਪੂਰ ਵਸਲ

ਦੀ ਘੜੀ ਹੈ ਜਿਥੇ ਸਭ ਕੁਝ ਸਮਰਪਿਤ ਕਰ ਕੇ ਸਭ ਕੁਝ ਪ੍ਰਾਪਤ ਹੁੰਦਾ ਹੈ, ਬਿਪਰ ਸੰਸਕਾਰ ਦੀ ਇਹ ਕਰਮ-ਕਾਂਡੀ ਆਰਤੀ ਪਤਾ ਨਹੀਂ ਕਦੋਂ ਤੋਂ ਆਪਣੀ ਸਥਾਪਤੀ ਕਰੀ ਬੈਠੀ ਸੀ ਪਰੰਤੂ ਗੁਰੂ ਨਾਨਕ ਸਾਹਿਬ ਜੀ ਦੀ ਪਹਿਲੀ ਛੋਹ ਨੇ ਹੀ ਇਸ ਨੂੰ ਬੌਧਿਕ ਤੇ ਅਧਿਆਤਮਕ ਵੰਗਾਰ ਪਾਈ। ਹਰਿਦੁਆਰ ਪੱਛਮ ਦਿਸ਼ਾ ਵਿਚ ਪਾਣੀ ਦੇਣਾ, ਮੱਕੇ ਵੱਲ ਪੈਰ ਕਰਨੇ, ਕੋਧਰੇ ਦੀ ਰੋਟੀ 'ਚੋਂ ਦੁੱਧ ਕੱਢਣਾ ਆਦਿ ਇਤਿਹਾਸਕ ਬਿਪਰ ਸੰਸਕਾਰ ਦੀ ਸਥਾਪਤੀ ਨੂੰ ਤਿਲਾਂਜਲੀ ਦੇਣ ਦੀ ਪਹਿਲ-ਕਦਮੀ ਸੀ ਜਿਸ ਕਰਕੇ ਹੀ ਹਰ ਖੇਤਰ ਵਿਚ ਸਥਾਪਤੀ ਨੂੰ ਵੰਗਾਰ ਪੈਂਦੀ ਗਈ ਅਤੇ ਕੂੜ ਦੇ ਅਡੰਬਰ ਦੀ ਧੁੰਦ ਫਟਦੀ ਗਈ। ਬਿਪਰ ਸੰਸਕਾਰ ਉੱਡਦਾ ਗਿਆ ਪਰੰਤੂ ਉਸ ਦੇ ਖੰਡਰਾਤ ਅਜੇ ਵੀ ਸਾਡੀ ਬੁੱਧੀ ਤੇ ਨਿੱਤ ਦੇ ਕੰਮਾਂ-ਕਾਰਾਂ ਵਿਚ ਸ਼ਾਮਲ ਹਨ। ਇਹਨਾਂ ਤੋਂ ਬਚਣ ਦੀ ਲੋੜ ਹੈ। ਇਸ ਦੇ ਨਾਲ ਹੀ ਅਸੀਂ ਸੱਚੀ ਤੇ ਸੁੱਚੀ ਆਰਤੀ ਉਤਾਰਨ ਦੇ ਯੋਗ ਹੋ ਕੇ ਆਪਣੇ ਪ੍ਰਭੂ ਦੇ ਸਿਮਰਨ ਵਿਚ ਅਭੇਦ ਹੋ ਸਕਾਂਗੇ।

ਵਰਣਨਯੋਗ ਹੈ ਕਿ ਜਗਤ ਪ੍ਰਸਿੱਧ ਨੋਬਲ ਇਨਾਮ ਜੇਤੂ ਸ੍ਰੀ ਰਾਬਿੰਦਰ ਨਾਥ ਟੈਗੋਰ ਨੇ ਗੁਰੂ ਨਾਨਕ ਸਾਹਿਬ ਜੀ ਦੇ ਇਸ ਸ਼ਬਦ ਨੂੰ ਮਹਾਨ ਵਿਸ਼ਵ-ਗੀਤ ਦੇ ਤੌਰ 'ਤੇ ਮਾਨਵਤਾ ਦੇ ਸਾਹਮਣੇ ਪੇਸ਼ ਕੀਤਾ ਸੀ, ਜਿਸ ਨੂੰ ਸਾਰੇ ਬ੍ਰਹਿਮੰਡ ਦੇ ਜੀਵ ਬਿਨਾਂ ਕਿਸੇ ਭਿੰਨ-ਭੇਦ ਤੋਂ ਸੱਚੇ-ਸੁੱਚੇ ਹਿਰਦੇ ਨਾਲ ਅਲਾਪ ਸਕਦੇ ਹਨ:

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥
ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥ *(ਪੰਨਾ ੬੬੩)*

(11/1999)

ਕੁਚਜੀ ਸੁਚਜੀ

ਗੁਰਮਤਿ ਰਹੱਸਵਾਦ ਅਨੁਸਾਰ ਸੰਸਾਰ ਦਾ ਮਾਲਕ ਪਤੀ ਇਕ ਅਕਾਲ ਪੁਰਖ ਪਾਰਬ੍ਰਹਮ ਪ੍ਰਮੇਸ਼ਰ ਹੈ ਅਤੇ ਉਸ ਤੋਂ ਛੁੱਟ ਸਾਰੇ ਜੀਵ ਉਸ ਦੀਆਂ ਇਸਤਰੀਆਂ ਹਨ। 'ਏਕਾ ਪੁਰਖ ਸਬਾਈ ਨਾਰਿ' ਤੇ 'ਏਕੋ ਪ੍ਰਿਉ ਸਖੀਆ ਸਭ ਪ੍ਰਿਅ ਕੀ' ਦੇ ਇਸ ਸਿਧਾਂਤ ਨੂੰ ਅਧਿਆਤਮਕ ਕਵੀ ਸਦਾ ਆਪਣੀ ਰਚਨਾ ਵਿਚ ਦਰਸਾਉਂਦੇ ਆਏ ਹਨ। ਹਰੇਕ ਜੀਵ ਜਿਸ ਨੇ ਇਸ ਸੰਸਾਰ ਵਿਚ ਜਨਮ ਲਿਆ ਹੈ, ਇਕ ਕੁਆਰੀ ਕੰਨਿਆ ਵਾਂਗ ਹੈ। ਮਾਤ-ਲੋਕ ਉਸ ਦਾ ਪੇਕਾ ਘਰ ਹੈ ਤੇ ਸਰੀਰ ਦੇ ਬਿਨਸ ਜਾਣ ਪਿੱਛੋਂ ਉਸ ਦੀ ਰੂਹ ਨੇ ਸਹੁਰੇ ਘਰ ਪ੍ਰਵੇਸ਼ ਕਰਨਾ ਹੈ, ਸਾਡੇ ਦੇਸ਼ ਦੀ ਪਰੰਪਰਾ ਅਨੁਸਾਰ ਪੇਕੇ ਘਰ ਵਿਚ ਉਹੋ ਕੁੜੀ ਚੰਗੀ ਮੰਨੀ ਜਾਂਦੀ ਹੈ, ਜੋ ਮਾਪਿਆਂ ਦੀ ਅਗਵਾਈ ਤੇ ਆਗਿਆਕਾਰੀ ਹੋ ਆਪਣੇ ਵਿਚ ਅਜਿਹੇ ਗੁਣ ਪੈਦਾ ਕਰੇ ਜਿਹੜੇ ਸਹੁਰੇ ਘਰ ਉਸ ਦੇ ਮਾਣ ਤੇ ਆਦਰ ਦਾ ਕਾਰਨ ਬਣਨ। ਉਹ ਅਜਿਹਾ ਦਾਜ ਤਿਆਰ ਕਰੇ ਜਿਸ ਨੂੰ ਸਹੁਰਾ ਘਰ ਵੇਖ ਕੇ ਉਸ ਦੀ ਸ਼ਲਾਘਾ ਕਰੇ। ਬੀਤੇ ਸਮੇਂ ਵਿਚ ਇਹ ਦਾਜ ਆਮ ਕਰਕੇ ਉਣੇ ਕੱਪੜੇ, ਫੁੱਲਕਾਰੀ ਤੇ ਕਸੀਦਾਕਾਰੀ ਦੇ ਰੂਪ ਵਿਚ ਹੁੰਦਾ ਸੀ, ਇਸ ਲਈ ਪੇਕੇ ਘਰ ਵਿਚ ਕੁੜੀ ਦਾ ਚਰਖ਼ਾ ਕੱਤਣ ਨਾਲ ਜ਼ਿਆਦਾ ਵਾਸਤਾ ਸਮਝਿਆ ਜਾਂਦਾ ਸੀ। ਸੂਫ਼ੀ ਤੇ ਸੰਤ ਕਵੀ ਆਪਣੀ ਰਚਨਾ ਵਿਚ ਇਸ ਪ੍ਰਥਾ ਦਾ ਵਰਣਨ ਆਮ ਕਰਦੇ ਸਨ। ਜਿਵੇਂ:

ਕੁਝ ਕੱਤ ਕੁੜੇ ਵੱਤ ਕੁੜੇ
ਛੱਲੀ ਲਾਹ ਭਰੋਟੇ ਘੱਤ ਕੁੜੇ।
ਜੇ ਥੋੜਾ ਥੋੜਾ ਕੱਤੇਂਗੀ
ਤਾਂ ਨੰਗੀ ਮੂਲ ਨਾ ਵਤੇਂਗੀ।

ਇਸੇ ਬਿੰਬਾਵਲੀ ਨੂੰ ਗੁਰਮਤਿ ਵਿਚ ਇਉਂ ਦਰਸਾਇਆ ਹੈ:

ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ੍ ਜਾਣਹੁ ਨਾਰੀ॥ (ਪੰਨਾ ੧੧੭੧)

ਗੁਰਮਤਿ ਸਾਹਿਤ ਨੇ ਜੀਵਾਤਮਾ ਦੇ ਲੋਕ ਤੋਂ ਪਰਲੋਕ ਜਾਣ ਨੂੰ ਇਕ ਕੁੜੀ ਦੇ ਪੇਕੇ ਘਰ ਤੋਂ ਸਹੁਰੇ ਘਰ ਜਾਣ ਨਾਲ ਜੋੜਿਆ ਹੈ, ਜਿਵੇਂ ਪੇਕੇ ਘਰ ਵਿਚ ਰਹਿੰਦੀ ਕੁੜੀ ਜੋ ਆਪਣਾ ਦਾਜ ਤਿਆਰ ਕਰਨ ਦਾ ਆਹਰ ਨਹੀਂ ਕਰਦੀ, ਕੁਚੱਜੀ ਗਿਣੀ ਜਾਂਦੀ ਹੈ ਤੇ ਸੋਹਣਾ ਦਾਜ ਤਿਆਰ ਕਰਨ ਵਾਲੀ ਗੁਣ-ਸੰਪੰਨ ਲੜਕੀ ਸੁਚੱਜੀ। ਇਸੇ ਤਰ੍ਹਾਂ ਗੁਰਮਤਿ ਵਿਚ ਭੀ ਸੰਸਾਰੀ ਜੀਵ ਨੂੰ ਕੁਚੱਜੀ ਅਤੇ ਸੁਚੱਜੀ ਦੇ ਸ਼੍ਰੇਣੀ-ਭੇਦ ਵਿਚ ਅਨੁਮਾਨਿਆ ਗਿਆ ਹੈ।

ਸਤਿਗੁਰੂ ਨਾਨਕ ਦੇਵ ਜੀ ਨੇ ਇਸ ਸੰਸਾਰ ਵਿਚ ਆ ਕੇ ਵੇਖਿਆ ਕਿ ਸਾਰੇ ਜੀਵ ਆਪਣੇ ਜੋਤਿ-ਸਰੂਪ ਅਸਲੇ ਨੂੰ ਭੁੱਲ ਕੇ ਕੁਕਰਮਾਂ ਵਿਚ ਫਸੇ ਹੋਏ ਹਨ। ਨਾਮ ਸਿਮਰਨ, ਪਰਮਾਤਮਾ

ਦੀ ਭਗਤੀ ਤੇ ਸ਼ੁਭ ਕਰਮ ਕਰਨ ਵੱਲ ਕਿਸੇ ਦਾ ਧਿਆਨ ਨਹੀਂ ਤਾਂ ਆਪ ਨੇ ਜਗਤ ਜੀਵਾਂ ਨੂੰ ਨਿਰੰਕਾਰ ਦਾ ਸੱਚਾ-ਸੁੱਚਾ ਗਿਆਨ ਬਖ਼ਸ਼ਣ ਲਈ ਕਈ ਤਰ੍ਹਾਂ ਦੀ ਚਿੰਨ੍ਹਾਵਲੀ ਤੇ ਅਲੰਕਾਰਾਂ ਦੀ ਵਰਤੋਂ ਆਪਣੀ ਬਾਣੀ ਵਿਚ ਕੀਤੀ। ਸਤਿਗੁਰੂ ਜੀ ਕਿਸੇ ਭੁੱਲੜ ਨੂੰ ਸਿੱਧਾ ਉਪਦੇਸ਼ ਦੇਣ ਦੀ ਥਾਂ ਜੀਵਾਂ ਦੇ ਔਗੁਣ ਆਪਣੇ ਉੱਤੇ ਘਟਾ ਕੇ ਸਾਰੇ ਸੰਸਾਰ ਦੇ ਜੀਵਾਂ ਪ੍ਰਤੀ ਉਪਦੇਸ਼ ਦਿਆ ਕਰਦੇ ਸਨ। ਸੂਹੀ ਰਾਗ ਵਿਚ ਆਪ ਜੀ ਨੇ ਇਸ ਪ੍ਰਥਾਇ ਕੁਚਜੀ ਅਤੇ ਸੁਚਜੀ ਸਿਰਲੇਖਾਂ ਹੇਠ ਦੋ ਸ਼ਬਦ ਉਚਾਰਨ ਕੀਤੇ ਹਨ, ਜਿਨ੍ਹਾਂ ਤੋਂ ਪਿੱਛੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤੀਜਾ ਸ਼ਬਦ 'ਗੁਣਵੰਤੀ' ਦਰਜ ਕਰ ਕੇ ਇਸ ਪ੍ਰਕਰਣ ਨੂੰ ਸੰਪੂਰਨ ਕੀਤਾ ਹੈ। ਇਹ ਤਿੰਨੇ ਸ਼ਬਦ ਆਪੋ ਆਪਣੀ ਇਕਾਈ ਦੇ ਰੂਪ ਵਿਚ ਬਿਲਕੁਲ ਮੁਕੰਮਲ ਹਨ। ਹੋਰ ਥਾਵਾਂ ਵਾਂਗ ਇਹਨਾਂ ਵਿਚ ਨਾ ਤਾਂ ਕੋਈ ਅੰਕ ਦਿੱਤਾ ਗਿਆ ਹੈ ਤੇ ਨਾ ਹੀ ਰਹਾਉ। ਇਕ-ਇਕ ਭਾਵ ਪ੍ਰਕਰਣ ਦੀ ਪਰਿਕਾਮਨਾ ਕਰਨ ਵਾਲੇ ਇਹਨਾਂ ਤਿੰਨਾਂ ਸ਼ਬਦਾਂ ਦੀ ਬੋਲੀ ਵੱਖੋ-ਵੱਖਰੀ ਹੈ। 'ਕੁਚਜੀ' ਸਿਰਲੇਖ ਵਾਲੇ ਸ਼ਬਦ ਦੀ ਬੋਲੀ ਲਹਿੰਦੀ ਪੰਜਾਬੀ ਅਥਵਾ ਮੁਲਤਾਨੀ ਨਾਲ ਮਿਲਦੀ-ਜੁਲਦੀ ਹੈ। ਸ਼ਬਦ ਦਾ ਆਰੰਭ ਸਤਿਗੁਰੂ ਜੀ ਇਉਂ ਕਰਦੇ ਹਨ:

ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ ॥
ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ॥
ਜਿਨ੍ਹੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ ॥
ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ ॥ (ਪੰਨਾ ੭੬੨)

ਸ਼ਬਦ ਦੇ ਅਗਲੇ ਭਾਗ ਵਿਚ ਆਏ ਵਾਕੰਸ਼ਾਂ 'ਇਕਤੁ ਟੋਲਿ ਨ ਅੰਬੜਾ', 'ਹਉ ਏਨੀ ਟੋਲੀ ਭੁਲੀਅਸੁ', 'ਅੰਬਰਿ ਕੂੰਜਾਂ ਕੁਰਲੀਆ', 'ਭੁਲੀ ਵਾਟੜੀਆਸੁ' ਤੇ 'ਦੁਖਾ ਕੂੰ ਧਰੀਆਸੁ' ਬੋਲੀ ਵਿਚ ਮਿਠਾਸ ਰਸ ਤੇ ਅਦੁੱਤੀ ਸੁਹੱਪਣ ਪੈਦਾ ਕਰਦੀਆਂ ਹਨ।

ਗੁਰੂ ਜੀ ਵੱਲੋਂ ਵਡਹੰਸੁ ਰਾਗ ਵਿਚ ਗਾਇਣ ਕੀਤੇ ਸ਼ਬਦ 'ਮੋਰੀ ਰੁਣ ਝੁਣ ਲਾਇਆ' ਦੀ ਤੁਕ 'ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ' ਦਾ ਝਉਲਾ ਇਸ ਸ਼ਬਦ ਵਿਚ ਪੈਂਦਾ ਹੈ। ਇਸ ਸ਼ਬਦ ਵਿਚ ਸਤਿਗੁਰੂ ਜੀ ਸੰਸਾਰ ਦੇ ਆਮ ਜੀਵਾਂ ਦੀ ਕਰਮ-ਕਿਰਿਆ ਦਾ ਇੰਨ-ਬਿੰਨ ਨਕਸ਼ਾ ਖਿੱਚਦੇ ਹੋਏ ਆਪਣੇ ਆਪ ਨੂੰ ਪੇਕੇ ਘਰ ਵਿਚ ਕੁਚੱਜਤਾ ਦੇ ਰੂਪ ਵਿਚ ਰਹਿ ਰਹੀ ਕੁੜੀ ਨਾਲ ਮੇਚਦੇ ਹੋਏ ਫ਼ੁਰਮਾਉਂਦੇ ਹਨ ਕਿ ਮੈਂ ਕੁਚੱਜੀ ਆਪ ਹਾਂ ਤੇ ਦੋਸ਼ ਮਾਂ ਨੂੰ ਦੇਂਦੀ ਹਾਂ ਕਿ ਉਸ ਨੇ ਮੈਨੂੰ ਕੁਝ ਸਿਖਾਇਆ ਨਹੀਂ। ਮੈਂ ਇਹ ਕਦੀ ਸੋਚਿਆ ਹੀ ਨਹੀਂ ਕਿ ਮੈਂ ਓੜਕ ਨੂੰ ਸਹੁਰੇ ਜਾਣਾ ਹੈ, ਜਿਥੇ ਮੇਰੇ ਨਾਲੋਂ ਵੱਧ ਤੋਂ ਵੱਧ ਸਿਆਣੀਆਂ ਤੇ ਸੁਚੱਜੀਆਂ ਹੋਣਗੀਆਂ। ਮੈਂ ਤਾਂ ਸੋਨੇ ਚਾਂਦੀ ਤੇ ਮੋਤੀ ਮਾਣਕਾਂ ਨਾਲ ਚਿੱਤ ਲਾਈ ਬੈਠੀ ਹਾਂ, ਮੈਂ ਆਪਣਾ ਕੀਮਤੀ ਸਮਾਂ ਨਿਸਫ਼ਲ ਗੁਆ ਬੈਠੀ ਹਾਂ, ਸਹੁਰੇ ਜਾ ਕੇ ਕਿਹੜਾ ਮੂੰਹ ਵਿਖਾਵਾਂਗੀ?

ਸਾ ਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ ॥ (ਪੰਨਾ ੭੬੨)

ਮੈਂ ਅਗਿਆਨਤਾ ਦੀ ਨੀਂਦੇ ਸੁੱਤੀ ਰਹੀ ਹਾਂ ਤੇ ਆਪਣੇ ਪਤੀ ਵੱਲੋਂ ਭੁੱਲੀ ਰਹੀ ਹਾਂ। ਇਹੋ ਗੱਲ ਮੇਰੇ ਦੁੱਖਾਂ ਦਾ ਵੱਡਾ ਕਾਰਨ ਬਣ ਰਹੀ ਹੈ। ਸੁਹਾਗਣਾਂ (ਗੁਰਮੁਖ) ਆਪਣੇ ਪਤੀ ਦੇ ਮੇਲ ਦੇ ਅਨੰਦ ਨੂੰ ਮਾਣਦੀਆਂ ਹਨ ਪਰ ਮੈਂ ਛੁੱਟੜ ਆਪਣਾ ਸਮਾਂ ਵਿਅਰਥ ਗੁਆਉਣ ਕਰਕੇ ਪਛਤਾਵੇ ਦੀ ਅੱਗ ਵਿਚ ਸੜ ਰਹੀ ਹਾਂ।

ਗੁਰਮਤਿ ਅਨੁਸਾਰ ਕੁਚੱਜੀ ਇਸਤਰੀ ਸੁਚੱਜੀ ਤੇ ਸੁਹਾਗਣ ਬਣ ਸਕਦੀ ਹੈ ਜੇ ਉਹ ਗੁਰ-ਉਪਦੇਸ਼ ਨੂੰ ਹਿਰਦੇ ਵਿਚ ਵਸਾਉਂਦੀ ਹੋਈ ਸ਼ੁਭ ਗੁਣ ਧਾਰਨ ਕਰੇ ਤੇ ਸ਼ੁਭ ਕਰਮੀ ਬਣੇ :

ਪੇਈਅੜੈ ਸਹੁ ਸੇਵਿ ਤੂੰ ਸਾਹੁਰੜੈ ਸੁਖਿ ਵਸੁ ॥
ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ ॥ (ਪੰਨਾ ੫੦)

ਸੁਹਾਗਣ ਦਾ ਚਿਹਨ ਗੁਰੂ ਜੀ ਇਉਂ ਦੱਸਦੇ ਹਨ :

ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ
ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ ॥ (ਪੰਨਾ ੭੮੫)

ਪਤੀ ਨੂੰ ਪ੍ਰਸੰਨ ਕਰਨ ਲਈ ਜੀਵ ਰੂਪ ਇਸਤਰੀ ਨੂੰ ਕਿਹੜਾ ਸ਼ਿੰਗਾਰ ਕਰਨਾ ਉਚਿਤ ਹੈ ? ਇਸ ਦਾ ਉੱਤਰ :

ਭਰਤਾ ਕਹੈ ਸੁ ਮਾਨੀਐ ਏਹੁ ਸੀਗਾਰੁ ਬਣਾਇ ਰੀ ॥ (ਪੰਨਾ ੪੦੦)
ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥
ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥ (ਪੰਨਾ ੮੧੨)

ਆਸਾ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਜੀਵ ਰੂਪ ਇਸਤਰੀ ਨੂੰ ਵਾਹਿਗੁਰੂ-ਪਤੀ ਦੇ ਰੀਝਾਵਣ ਲਈ ਹੇਠ ਲਿਖੇ ਸ਼ਿੰਗਾਰ ਧਾਰਨ ਕਰਨ ਦੀ ਤਾਕੀਦ ਕਰਦੇ ਹਨ :

ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ ॥
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥ (ਪੰਨਾ ੩੫੯)
ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ॥
ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ॥
ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ॥
ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ ॥ (ਪੰਨਾ ੩੫੯)

ਜੀਵ ਰੂਪ ਇਸਤਰੀ ਲਈ ਪਰਮਾਤਮਾ ਦੀ ਪ੍ਰਸੰਨਤਾ ਪ੍ਰਾਪਤ ਕਰਨ ਵਾਸਤੇ ਤੇ ਆਪਣੀ ਕੁਚੱਜਤਾ ਦੂਰ ਕਰ ਕੇ ਸੁਚੱਜਤਾ ਗ੍ਰਹਿਣ ਕਰਨ ਲਈ ਜੋ ਗੁਣ ਧਾਰਨ ਕਰਨੇ ਜ਼ਰੂਰੀ ਹਨ, ਉਹਨਾਂ ਦਾ ਵਰਣਨ ਸ੍ਰੀ ਗੁਰੂ ਨਾਨਕ ਦੇਵ ਜੀ 'ਸੁਚਜੀ' ਸਿਰਲੇਖ ਹੇਠ ਅਤੀ ਨਿਮਰਤਾ ਸਹਿਤ ਇਉਂ ਫ਼ੁਰਮਾਉਂਦੇ ਹਨ :

ਹੇ ਵਾਹਿਗੁਰੂ ! ਤੂੰ ਹੀ ਮੇਰੇ ਜੀਵਨ ਦਾ ਆਧਾਰ ਤੇ ਰਾਸ-ਪੂੰਜੀ ਹੈਂ। ਜਦ ਤੂੰ ਮੇਰੇ ਅੰਦਰ ਵੱਸਦਾ ਹੈਂ ਤਾਂ ਮੈਂ ਆਪਣੇ ਆਪ ਨੂੰ ਸੁਖੀ ਮਹਿਸੂਸ ਕਰਦੀ ਹਾਂ। ਤੇਰੀ ਰਜ਼ਾ ਵਿਚ ਰਹਿੰਦਿਆਂ ਹੋਇਆਂ ਮੇਰੇ ਵਾਸਤੇ ਤਖ਼ਤ 'ਤੇ ਬੈਠਣ ਦੀ ਵਡਿਆਈ ਤੇ ਫ਼ਕੀਰਾਂ ਵਾਂਗ ਭਿੱਖਿਆ ਮੰਗਦੀ ਇਕੋ ਜਿਹੀ ਅਵਸਥਾ ਜਾਪਦੀ ਹੈ। ਤੇਰੇ ਭਾਣੇ ਵਿਚ ਚੱਲਣ ਕਰਕੇ ਮੇਰਾ ਜਨਮ-ਮਰਨ ਦਾ ਗੇੜ ਮੁੱਕ ਸਕਦਾ ਹੈ। ਮੈਨੂੰ ਤਾਂ ਕੇਵਲ ਤੇਰੇ ਦਰਸ਼ਨ ਦੀ ਹੀ ਭੁੱਖ ਹੈ, ਇਸ ਤੋਂ ਛੁੱਟ ਮੇਰੀ ਹੋਰ ਕੋਈ ਮੰਗ ਨਹੀਂ।

ਜੀਵ ਵੱਲੋਂ ਅਜਿਹੀ ਨਿਮਾਣੀ ਬੇਨਤੀ ਕਰਨ ਦੇ ਫ਼ਲਸਰੂਪ ਗੁਰੂ-ਉਪਦੇਸ਼ ਦਾ ਪ੍ਰਕਾਸ਼ ਹਿਰਦੇ ਵਿਚ ਹੋ ਜਾਂਦਾ ਹੈ ਤੇ ਪਤੀ ਪਰਮੇਸ਼ਰ ਦੀ ਪ੍ਰਾਪਤੀ ਸਦੀਵ ਕਾਲ ਲਈ ਹੋ ਜਾਂਦੀ ਹੈ। ਸ਼ਬਦ ਦੀ ਅੰਤਲੀ ਪੰਕਤੀ ਇਉਂ ਹੈ :

ਗੁਰ ਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ ॥ (ਪੰਨਾ ੭੬੨)

ਸਤਿਗੁਰੂ ਜੀ ਕੁਚੱਜੀ ਕਿਸਮ ਦੀ ਜੀਵ ਰੂਪ ਇਸਤਰੀ ਨੂੰ ਆਪਣੀ ਬਖ਼ਸ਼ਿਸ਼ ਦੁਆਰਾ ਸੁਚੱਜੀ ਬਣਾ ਕੇ ਉਸ ਨੂੰ ਅਜਿਹਾ ਸਦਾ-ਸੁਹਾਗ ਪ੍ਰਦਾਨ ਕਰਦੇ ਹਨ ਜੋ ਕਦੀ ਮਿਟਦਾ ਨਹੀਂ। ਮਾਣਸ ਤੋਂ ਦੇਵਤੇ ਕਰਨਹਾਰ ਸਤਿਗੁਰੂ ਅਰਜਨ ਦੇਵ ਜੀ ਆਪਣੇ ਪਿਆਰਿਆਂ ਨੂੰ ਸਿੱਖੀ ਵਿਚ ਨਿਪੁੰਨ ਕਰਨ ਲਈ 'ਸਰਬ ਗੁਣ' ਬਖ਼ਸ਼ਦੇ ਹਨ ਤੇ ਫੇਰ ਅਜਿਹੇ ਸਿੱਖਾਂ ਪ੍ਰਤੀ ਆਪਣੀ ਸ਼ਰਧਾ ਪ੍ਰਗਟ ਕਰਨ ਲਈ ਆਪਣੇ ਆਪ ਨੂੰ ਅਤੀ ਨਿਮਰੀਭੂਤ ਕਰ ਲੈਂਦੇ ਹਨ। 'ਗੁਣਵੰਤੀ' ਸਿਰਲੇਖ ਹੇਠ ਉਚਾਰਨ ਕੀਤੇ ਹੋਏ ਸ਼ਬਦ ਵਿਚ ਆਪ ਫ਼ੁਰਮਾਉਂਦੇ ਹਨ:

ਮੈਨੂੰ ਜਿਹੜਾ ਸਿੱਖ ਗੁਰੂ ਦੀ ਸਿੱਖਿਆ ਉੱਤੇ ਤੁਰਦਾ ਦਿੱਸਦਾ ਹੈ, ਮੈਂ ਨਿਉਂ-ਨਿਉਂ ਕੇ ਉਸ ਦੇ ਪੈਰੀਂ ਪੈਂਦਾ ਹਾਂ। ਉਸ ਨੂੰ ਆਪਣੇ ਮਨ ਦੀ ਅਵਸਥਾ ਦੱਸਦਾ ਹਾਂ ਤੇ ਬੇਨਤੀ ਕਰਦਾ ਹਾਂ ਕਿ ਮੈਨੂੰ ਗੁਰੂ ਸੱਜਣ ਮਿਲਾ ਦਿਉ। ਮੈਨੂੰ ਅਜਿਹਾ ਉਪਦੇਸ਼ ਦਿਉ ਜਿਸ ਕਰਕੇ ਮੇਰਾ ਮਨ ਹੋਰ ਕਿਸੇ ਪਾਸੇ ਨਾ ਜਾਵੇ। ਮੈਂ ਆਪਣਾ ਮਨ ਤੇਰੇ ਹਵਾਲੇ ਕਰਦਾ ਹਾਂ, ਮੈਨੂੰ ਪ੍ਰਭੂ ਮਿਲਣ ਦਾ ਮਾਰਗ ਦੱਸ ਦਿਉ।

ਉਪਰੋਕਤ ਬੇਨਤੀ ਦਾ ਉੱਤਰ ਗੁਰੂ ਜੀ ਇਉਂ ਦਿੰਦੇ ਹਨ:

ਜੋ ਉਪਦੇਸ਼ ਸਤਿਗੁਰੂ ਜੀ ਨੇ ਦਿੱਤਾ ਹੈ, ਉਸ ਅਨੁਸਾਰ ਕਾਰ ਕਮਾਉ। ਹੇ ਭਾਈ! ਜੇ ਆਪਣੇ ਮਨ ਦੀ ਮਤਿ ਅਨੁਸਾਰ ਤੁਰਨਾ ਛੱਡ ਦੇਵੇਂ ਤੇ ਪਰਮਾਤਮਾ ਤੋਂ ਬਿਨਾਂ ਹੋਰ ਦੂਜੇ ਪਾਸੇ ਦਾ ਪਿਆਰ ਤਿਆਗ ਦੇਵੇਂ ਤਾਂ ਤੈਨੂੰ ਕੋਈ ਤਕਲੀਫ਼ ਨਹੀਂ ਹੋਵੇਗੀ ਸਗੋਂ ਨਿਰੰਕਾਰ ਦੇ ਦਰਸ਼ਨ ਹੋ ਜਾਣਗੇ। ਮੈਂ ਆਪਣੇ ਵੱਲੋਂ ਕੁਝ ਨਹੀਂ ਕਿਹਾ। ਮੈਨੂੰ ਤਾਂ ਜੋ ਹੁਕਮ ਵਾਹਿਗੁਰੂ ਵੱਲੋਂ ਮਿਲਿਆ ਹੈ, ਉਹੋ ਹੀ ਦੱਸ ਰਿਹਾ ਹਾਂ।

ਹੇਠ ਲਿਖੀਆਂ ਅੰਤਲੀਆਂ ਤੁਕਾਂ ਉਪਰੰਤ ਗੁਰੂ ਜੀ ਸ਼ਬਦ ਨੂੰ ਸੰਪੂਰਨ ਕਰਦੇ ਹਨ:

ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ ॥
ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ ॥
ਜੋ ਗੁਰ ਦੀਸੈ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥ (ਪੰਨਾ ੭੬੩)

ਸਤਿਗੁਰੂ ਜੀ ਇਕ ਉੱਚੀ ਨਿਪੁੰਨਤਾ ਵਾਲੇ ਸਰਬ-ਸਮਰੱਥ ਉਸਤਾਦ ਵਾਂਗ ਸਾਰੀ ਦੁਨੀਆਂ ਪ੍ਰਤੀ ਉਪਦੇਸ਼ ਕਰਦੇ ਹਨ ਕਿ ਅਸਲ ਵਿਚ ਸਾਰੇ ਜੀਵਾਂ ਦਾ ਮੁੱਢਲਾ ਅਸਲਾ ਅਕਾਲ ਪੁਰਖ ਦੀ ਪਰਮ-ਆਤਮਾ ਹੈ। ਉਸ ਤੋਂ ਆਤਮ-ਅੰਸ਼ ਪ੍ਰਾਪਤ ਕਰ ਕੇ ਜੀਵ ਸੰਸਾਰ ਵਿਚ ਆਉਂਦੇ ਹਨ। ਉਹ ਮਾਇਆ ਮੋਹ ਦੇ ਜਾਲ ਵਿਚ ਫਸ ਕੇ ਆਪਣੇ ਪਰਮ-ਜੋਤ ਅਸਲੇ ਰੂਪ ਕੇਂਦਰ ਤੋਂ ਵਿੱਥ ਪਰੇ ਹੁੰਦੇ ਜਾਂਦੇ ਹਨ ਤੇ ਪਰਮਾਤਮਾ ਨੂੰ ਭੁੱਲ ਜਾਂਦੇ ਹਨ। ਜੀਵ ਦੀ ਇਸ ਅਵਸਥਾ ਨੂੰ ਸ੍ਰੀ ਗੁਰੂ ਅਮਰਦਾਸ ਸਾਹਿਬ ਇਉਂ ਉਲੀਕਦੇ ਹਨ:

ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥
ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥
ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥ (ਪੰਨਾ ੯੨੧)

ਇਸ ਮਾਇਆ ਦੇ ਅੱਡ-ਅੱਡ ਰੂਪਾਂ ਦੇ ਅਸਰ ਹੇਠ ਜੀਵ ਦੀ ਮਨਮੁਖਤਾ ਵਧਦੀ ਜਾਂਦੀ ਹੈ ਜਿਸ ਕਰਕੇ ਜੀਵ ਰੂਪ ਇਸਤਰੀ ਵਾਹਿਗੁਰੂ ਪਤੀ ਦੀ ਪ੍ਰਸੰਨਤਾ ਤੋਂ ਵਿਰਵੀ ਹੋ ਡੋਹਾਗਣ

ਅਥਵਾ ਛੁੱਟੜ ਬਣ ਜਾਂਦੀ ਹੈ। ਡੋਹਗਾਣੀ ਦੀ ਕੀ ਨਿਸ਼ਾਨੀ ਹੈ:

ਦੋਹਾਗਣੀ ਕਿਆ ਨੀਸਾਣੀਆ ॥
ਖਸਮਹੁ ਘੁਥੀਆ ਫਿਰਹਿ ਨਿਮਾਣੀਆ ॥
ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ ॥ (ਪੰਨਾ ੭੨)

ਪਰਮਾਤਮਾ ਵੱਲੋਂ ਬੇਮੁਖਤਾ, ਛੁੱਟੜਪੁਣਾ ਹੈ ਤੇ ਇਸ ਦੇ ਉਲਟ ਉਸ ਦੇ ਪਿਆਰ ਦਾ ਪਾਤਰ ਬਣਨਾ ਅਸਲ ਸੁਹਾਗ ਹੈ। ਅਜਿਹਾ ਸੁਹਾਗ ਗੁਰਮੁਖਤਾ ਦਾ ਹੀ ਇਕ ਰੂਪ ਹੈ:

ਗੁਰਮੁਖਿ ਸਦਾ ਸੋਹਾਗਣੀ ਪਿਰੁ ਰਾਖਿਆ ਉਰ ਧਾਰਿ ॥
ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ ॥
ਸੋਭਾਵੰਤੀ ਸੋਹਾਗਣੀ ਜਿਨ ਗੁਰ ਕਾ ਹੇਤੁ ਅਪਾਰੁ ॥ (ਪੰਨਾ ੩੧)

ਸੁਹਾਗਣ ਬਣਨ ਲਈ ਜੀਵ ਰੂਪ ਇਸਤਰੀ ਨੂੰ ਹਉਮੈ ਦਾ ਤਿਆਗ ਕਰ ਕੇ ਆਪਣੀ ਮਰਜ਼ੀ ਨੂੰ ਪਰਮਾਤਮਾ ਦੀ ਰਜ਼ਾ ਦੇ ਅਧੀਨ ਕਰਨਾ ਨਿਹਾਇਤ ਜ਼ਰੂਰੀ ਹੈ। ਜਦ ਤਕ ਸੂਖਮ ਅਭਿਮਾਨ ਜਾਂ ਹਉਮੈ ਦਾ ਕੰਡਾ ਬਰੀਕ ਤੋਂ ਬਰੀਕ ਰੂਪ ਵਿਚ ਵੀ ਮਨ ਵਿਚ ਕਾਇਮ ਰਹਿੰਦਾ ਹੈ, ਪਤੀ ਪਰਮਾਤਮਾ ਨਾਲ ਵਿੱਥ ਬਣੀ ਰਹਿੰਦੀ ਹੈ। ਰੱਬੀ ਹੁਕਮ ਨੂੰ ਤਨ-ਮਨ ਵਿਚ ਵਸਾ ਕੇ ਤੇ ਲੋਕ-ਲਾਜ ਵੱਲੋਂ ਬਿਲਕੁਲ ਬੇਪ੍ਰਵਾਹ ਹੋ ਕੇ ਹੀ ਜੀਵ ਰੂਪ ਇਸਤਰੀ ਦੀ ਸੁੰਦਰਤਾ ਨਿਖਾਰ ਵਿਚ ਆ ਸਕਦੀ ਹੈ ਅਤੇ ਆਤਮਾ ਦੀ ਪਰਮਾਤਮਾ ਵਿਚ ਅਭੇਦਤਾ ਹੋ ਸਕਦੀ ਹੈ:

ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ ॥ ਮਾਨੈ ਹੁਕਮੁ ਤਜੈ ਅਭਿਮਾਨੈ ॥
ਪ੍ਰਿਅ ਸਿਉ ਰਾਤੀ ਰਲੀਆ ਮਾਨੈ ॥੧॥
ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ ॥
ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ ॥੧॥ ਰਹਾਉ ॥
ਸਖੀ ਸਹੇਲੀ ਕਉ ਸਮਝਾਵੈ ॥ ਸੋਈ ਕਮਾਵੈ ਜੋ ਪ੍ਰਭ ਭਾਵੈ ॥
ਸਾ ਸੋਹਾਗਣਿ ਅੰਕਿ ਸਮਾਵੈ ॥ (ਪੰਨਾ ੭੩੭)

ਸਤਿਗੁਰੂ ਜੀ ਦੇ ਉਪਦੇਸ਼ ਅਥਵਾ ਗੁਰਬਾਣੀ ਨੂੰ ਪੜ੍ਹਨ, ਸੁਣਨ, ਮੰਨਣ ਤੇ ਉਸ ਉੱਤੇ ਅਮਲ ਕਰਨ ਨਾਲ ਜੀਵ ਰੂਪ ਇਸਤਰੀ ਕੁਚੱਜੀ ਤੋਂ ਸੁਚੱਜੀ ਤੇ ਫੇਰ ਗੁਣਵੰਤੀ ਹੋ ਸਕਦੀ ਹੈ ਅਤੇ ਜਿਹੜੇ ਜੀਵ ਸਤਿਗੁਰੂ ਜੀ ਦੀ ਚਰਨ-ਸ਼ਰਨ ਵਿਚ ਆ ਕੇ ਗੁਰਮੁਖਤਾ ਧਾਰਨ ਕਰ ਲੈਂਦੇ ਹਨ, ਉਹਨਾਂ ਦਾ ਜਨਮ-ਮਰਨ ਦਾ ਚੱਕਰ ਮੁੱਕ ਜਾਂਦਾ ਹੈ ਤੇ ਉਹ ਸੁਰਖ਼ਰੂ ਹੋ ਕੇ ਪਰਮਾਤਮਾ ਵਿਚ ਅਭੇਦ ਹੋ ਜਾਂਦੇ ਹਨ। ਸਤਿਗੁਰੂ ਜੀ ਦਾ ਫ਼ੁਰਮਾਨ ਹੈ:

ਸਾ ਗੁਣਵੰਤੀ ਸਾ ਵਡਭਾਗਣਿ ॥ ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ॥
ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ ॥੨॥
ਅਚਾਰਵੰਤਿ ਸਾਈ ਪਰਧਾਨੇ ॥ ਸਭ ਸਿੰਗਾਰ ਬਣੇ ਤਿਸੁ ਗਿਆਨੇ ॥
ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ ॥੩॥
ਮਹਿਮਾ ਤਿਸ ਕੀ ਕਹਣੁ ਨ ਜਾਏ ॥ ਜੋ ਪਿਰਿ ਮੇਲਿ ਲਈ ਅੰਗਿ ਲਾਏ ॥
ਥਿਰੁ ਸੁਹਾਗੁ ਵਰੁ ਅਗਮੁ ਅਗੋਚਰੁ ਜਨ ਨਾਨਕ ਪ੍ਰੇਮ ਸਾਧਾਰੀ ਜੀਉ ॥ (ਪੰਨਾ ੯੭)

(7/1966)

ਥਿਤੀ

ਜਿਸ ਤਰ੍ਹਾਂ ਵਰਣਮਾਲਾ ਦਾ ਇਕ-ਇਕ ਅੱਖਰ ਲੈ ਕੇ ਰਚਨਾ ਕਰਨ ਦਾ ਰਿਵਾਜ ਪੁਰਾਣਾ ਹੈ, ਤਿਵੇਂ ਹੀ ਸਮੇਂ ਦੀ ਮਿਣਤੀ ਅਨੁਸਾਰ ਵੀ ਰਚਨਾਵਾਂ ਦੀ ਰਚਨਾ ਹੁੰਦੀ ਰਹੀ ਹੈ। ਇਸ ਕਿਸਮ ਦੀ ਰਚਨਾ ਵਿਚ ਪਹਰੇ, ਵਾਰ, ਥਿਤੀ ਤੇ ਬਾਰਾਂਮਾਹ ਆਦਿ ਨੂੰ ਗਿਣਿਆ ਜਾ ਸਕਦਾ ਹੈ। 'ਸਤਵਾਰਾ' ਸੱਤ ਦਿਨਾਂ ਦੇ ਨਾਵਾਂ ਦੇ ਅਨੁਸਾਰ ਲਿਖੀ ਰਚਨਾ ਹੈ ਤੇ 'ਥਿਤੀ' ਦੇਸੀ ਪੰਦਰਾਂ ਤਿਥੀਆਂ ਦੀ ਸੰਖਿਆ ਦੇ ਨਾਲ-ਨਾਲ ਲਿਖੀ ਰਚਨਾ ਨੂੰ ਕਹਿੰਦੇ ਹਨ। ਗੁਰੂ ਨਾਨਕ ਸਾਹਿਬ ਕ੍ਰਿਤ 'ਥਿਤੀ' ਬਿਲਾਵਲ ਰਾਗ ਵਿਚ ਹੈ ਤੇ ਇਸ ਦੇ ਕੁਲ 20 ਬੰਦ ਹਨ। ਇਸ ਤੋਂ ਪਹਿਲਾਂ ਸਿੱਧ ਸਾਹਿਤ ਵਿਚ ਵੀ 'ਪੰਦ੍ਰਹ ਥਿਤੀ' ਲਿਖੀ ਮਿਲਦੀ ਹੈ ਤੇ ਕਬੀਰ ਸਾਹਿਬ ਨੇ ਗਉੜੀ ਪੂਰਬੀ ਵਿਚ 'ਥਿਤੀ' ਰਚੀ ਹੈ, ਇਸ ਦੇ 16 ਬੰਦ ਹਨ। ਕਬੀਰ ਜੀ ਨੇ ਇਸੇ ਰਾਗ ਵਿਚ 'ਵਾਰ' (ਸਤਵਾਰਾ) ਵੀ ਲਿਖਿਆ ਹੈ। ਭਗਤ ਕਬੀਰ ਨੇ ਅਮਾਵਸ ਤੋਂ ਤੋਰ ਕੇ ਪੂਰਨਮਾਸ਼ੀ ਦੀ ਰੌਸ਼ਨੀ ਵਿਚ ਗੱਲ ਮੁਕਾਈ ਹੈ। ਅਰਥਾਤ ਅਗਿਆਨ ਤੋਂ ਗਿਆਨ ਵੱਲ।

ਪੂਨਿਉ ਪੂਰਾ ਚੰਦ ਅਕਾਸ॥
ਪਸਰਹਿ ਕਲਾ ਸਹਜ ਪਰਗਾਸ॥ *(ਪੰਨਾ ੩੪੪)*

ਭਾਵ ਇਹ ਕਿ ਸਾਡੀ ਆਤਮਾ ਮਾਇਕ ਅੰਧੇਰੇ ਵਿਚੋਂ ਨਿਕਲ ਕੇ ਪਰਮਾਤਮ-ਪ੍ਰਕਾਸ਼ ਵੱਲ ਵਧਦੀ ਸੋਲ੍ਹਾਂ ਕਲਾਂ ਸੰਪੂਰਨ ਹੁੰਦੀ ਹੈ। ਇਹ ਜੀਵਨ ਦਾ ਵਿਕਾਸ ਮਾਰਗ ਹੈ। ਇਸ ਵਿਚਾਰ ਤੋਂ ਸਾਡਾ ਭਾਵ ਇਤਨਾ ਹੀ ਹੈ ਕਿ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ 'ਥਿਤੀ' ਕਾਵਿ-ਰੂਪ ਮੌਜੂਦ ਸੀ ਤੇ ਭਾਰਤੀ ਸਾਹਿਤ ਵਿਚ ਇਸ ਦੀ ਵਰਤੋਂ ਆਮ ਸੀ। ਗੁਰੂ ਅਰਜਨ ਸਾਹਿਬ ਜੀ ਨੇ ਵੀ ਗਉੜੀ ਵਿਚ 'ਥਿਤੀ' ਲਿਖੀ।

ਸਾਡੀ ਜੰਤਰੀ ਪ੍ਰਣਾਲੀ ਵਿਚ ਦੇਸੀ ਸਾਲ ਦੇ ਮਹੀਨੇ ਦੋ ਤਰ੍ਹਾਂ ਗਿਣੇ ਜਾਂਦੇ ਹਨ—ਸੰਗਰਾਂਦੀ ਤੇ ਤਿਥੀ। ਸੰਗਰਾਂਦੀ ਮਹੀਨੇ ਸੂਰਜ ਦੀ ਚਾਲ ਨਾਲ ਚੱਲਦੇ ਹਨ ਤੇ ਤਿਥਾਂ ਜਾਂ ਪਰਵਿਸ਼ਟੀਆਂ ਨੂੰ ਚੰਦਰਮਾ ਦੇ ਉਤਰਾਅ-ਚੜ੍ਹਾਅ ਅਨੁਸਾਰ ਗਿਣਿਆ ਜਾਂਦਾ ਹੈ। ਪੰਦਰਾਂ ਦਿਨ ਚੰਦਰਮਾ ਵਧਦਾ ਤੇ ਪੰਦਰਾਂ ਦਿਨ ਘਟਦਾ ਹੈ, ਇਹ ਵਾਧੇ ਵਾਲਾ ਸਮਾਂ ਚਾਨਣ-ਪੱਖ ਜਾਂ ਸੁਦੀ ਕਿਹਾ ਜਾਂਦਾ ਹੈ, ਦੂਜਾ ਅੰਨੇਰ ਪੱਖ ਜਾਂ ਵਦੀ। ਸੋ ਬੁਨਿਆਦੀ ਤੌਰ 'ਤੇ ਤਰੀਕਾਂ ਜਾਂ ਤਿਥੀਆਂ 15 ਹਨ, ਇਸੇ ਤਿਥੀ ਦਾ ਪੁੱਠਾ ਰੂਪ 'ਥਿਤੀ' ਹੈ। ਭਾਸ਼ਾ ਵਿਚ ਅਜਿਹਾ ਪਰਿਵਰਤਨ ਆਮ ਹੈ ਜਿਵੇਂ ਚਾਕੂ ਦਾ ਕਾਚੂ ਆਦਿ। ਸਾਡੇ ਦੇਸ਼ ਵਿਚ ਤਿਥਾਂ ਦਾ ਮਾਨਤਾ ਬਹੁਤ ਰਹੀ ਹੈ, ਏਕਮ, ਪੰਚਮੀ, ਅਸ਼ਟਮੀ, ਦਸਮੀ, ਏਕਾਦਸ਼ੀ ਵਗੈਰਾ ਧਰਮ ਕਰਮ ਲਈ ਖ਼ਾਸ ਪਵਿੱਤਰ ਦਿਨ ਮੰਨੇ ਜਾਂਦੇ ਹਨ। ਗੁਰੂ ਜੀ ਨੇ ਇਸ ਦ੍ਰਿਸ਼ਟੀ ਨੂੰ ਸਾਹਮਣੇ ਰੱਖ ਕੇ ਵੀ ਆਪਣੇ ਵਿਚਾਰ ਪ੍ਰਗਟਾਏ ਤੇ

ਨਵੀਂ ਰੌਸ਼ਨੀ ਦਿੱਤੀ ਹੈ।

ਗੁਰੂ ਨਾਨਕ ਸਾਹਿਬ ਕ੍ਰਿਤ ਥਿਤੀ ਪੰਦਰਾਂ ਦਿਨਾਂ ਦੇ ਆਧਾਰ 'ਤੇ ਇਕ ਨਵੀਂ ਵਿਚਾਰਧਾਰਾ ਦੀ ਉਸਾਰੀ ਹੈ, ਜਿਸ ਦਾ ਗੋਲ ਗੁੰਬਦ ਹੈ:

ਸਸੀਅਰੁ ਗਗਨਿ ਜੋਤਿ ਤਿਹੁ ਲੋਈ ॥
ਕਰਿ ਕਰਿ ਵੇਖੈ ਕਰਤਾ ਸੋਈ ॥ (ਪੰਨਾ ੮੪੦)

ਕੇਵਲ ਇਸ ਦੇ ਕੇਂਦਰੀ ਭਾਵ ਵੱਲ ਨਿਗਾਹ ਮਾਰੀਏ ਤਾਂ 'ਰਹਾਉ' ਦੀ ਤੁਕ ਵਿਚ ਦੋ ਗੱਲਾਂ ਕਹੀਆਂ ਗਈਆਂ ਹਨ। ਪਹਿਲੀ ਇਹ ਕਿ ਜਗਤ ਦੇ ਸੁਆਮੀ ਤੋਂ ਬਗ਼ੈਰ ਹੋਰ ਕਿਸੇ ਦਾ ਜਾਪ ਕਿਸੇ ਕੰਮ ਆਉਣ ਜੋਗਾ ਨਹੀਂ। ਦੂਜੇ ਭਾਵੇਂ ਉਹ ਅਪਾਰ ਤੇ ਅਸੀਮ ਸ਼ਕਤੀ ਹੋਣ ਕਰਕੇ ਸਾਡੀ ਗੰਮਤਾ ਤੋਂ ਦੂਰ ਹੈ, ਫਿਰ ਵੀ ਗੁਰੂ ਗਿਆਨ ਰਾਹੀਂ ਉਸ ਨੂੰ ਆਪਣੇ ਆਪੇ ਵਿਚ ਦੇਖਿਆ ਜਾ ਸਕਦਾ ਹੈ। ਚੂੰਕਿ ਇਸ ਮੁਲਕ ਦੀ ਮਨੌਤ ਵਿਚ ਅਨੇਕਾਂ ਦੇਵੀ-ਦੇਵਤੇ ਜਾਂ ਹੋਰ ਇਸ਼ਟ ਹਨ ਇਸ ਲਈ ਗੁਰੂ ਸਾਹਿਬ ਏਕਮ ਦਾ ਨਾਮ ਲੈ ਕੇ ਗੱਲ ਇਥੋਂ ਸ਼ੁਰੂ ਕਰਦੇ ਹਨ ਕਿ ਉਹ ਪਰਮ-ਸੱਤਾ ਇਕੋ-ਇਕ ਹੈ, ਨਾ ਉਹ ਜੰਮਦੀ ਹੈ ਨਾ ਮਰਦੀ ਹੈ, ਉਸ ਸਰਬ-ਵਿਆਪਕ ਜਗਦੀ ਜੋਤਿ ਨੂੰ ਜਾਨਣਾ ਹੀ ਜੀਵਾਂ ਦਾ ਰੌਸ਼ਨ ਮਾਰਗ ਹੈ। ਇਸ ਤੋਂ ਉਲਟ ਜੋ ਇਕ ਨੂੰ ਛੱਡ ਕੇ ਦਵੈਤ ਦੇ ਚਿੱਕੜ ਵਿਚ ਫਸ ਗਏ, ਉਹ ਭਟਕਦੇ ਰਹਿੰਦੇ ਹਨ। ਕੁਝ ਲੋਕ ਕਰਮ-ਕਾਂਡਾਂ ਦਾ ਪਖੰਡ ਕਰਦੇ ਤੇ ਇਉਂ ਸਮਝਦੇ ਹਨ ਕਿ ਇਸ ਤਰ੍ਹਾਂ ਕਰਨ ਨਾਲ ਮਨੋਰਥ ਪ੍ਰਾਪਤ ਹੋ ਜਾਏਗਾ ਪਰ ਗੁਰੂ ਜੀ ਕਹਿੰਦੇ ਹਨ ਕਿ ਇਸ ਨਾਲ ਆਤਮਾ ਨੂੰ ਖ਼ਲਾਸੀ ਨਹੀਂ ਮਿਲਦੀ। ਉਧਾਰ ਦਾ ਤਰੀਕਾ ਗੁਰੂ ਦਾ ਗਿਆਨ ਹੀ ਹੈ:

ਬਿਨੁ ਗੁਰ ਸਬਦ ਨ ਛੂਟਸਿ ਕੋਇ॥
ਪਾਖੰਡਿ ਕੀਨੈ ਮੁਕਤਿ ਨ ਹੋਇ॥ (ਪੰਨਾ ੮੩੯)

ਅੱਗੇ ਗੁਰੂ ਸਾਹਿਬ ਕਾਰਣ ਦਿੰਦੇ ਹਨ ਕਿ ਉਸ ਪਰਮ ਸੱਤਾ ਬਗ਼ੈਰ ਕੁਝ ਵੀ ਨਹੀਂ। ਧਰਤੀ, ਆਕਾਸ਼, ਰਾਤ, ਦਿਨ, ਦੇਵੀ-ਦੇਵ, ਖਾਣੀ, ਬਾਣੀ, ਜੁਗ ਸਭ ਉਸੇ ਦੀ ਪੈਦਾਵਾਰ ਹੈ। ਇਹ ਨਿਸਚਾ ਗ਼ਲਤ ਹੈ ਕਿ ਸ੍ਰਿਸ਼ਟੀ ਦਾ ਸਾਜਣਹਾਰ ਬ੍ਰਹਮਾ ਆਦਿ ਕੋਈ ਦੇਵਤਾ ਹੈ। ਸਗੋਂ ਦੇਵੀ ਦੇਵ ਆਦਿ ਨੂੰ ਬਣਾਉਣ ਵਾਲਾ ਵੀ ਉਹ ਆਪ ਹੈ:

ਜਿਨਿ ਕੀਏ ਕਰਿ ਵੇਖਣਹਾਰਾ ॥
ਅਵਰੁ ਨ ਦੂਜਾ ਸਿਰਜਣਹਾਰਾ ॥ (ਪੰਨਾ ੮੩੯)

ਫਿਰ ਖ਼ੂਬੀ ਇਹ ਹੈ ਕਿ ਉਹ ਸਭ ਕੁਝ ਸਾਜ ਕੇ ਇਸ ਦੇ ਵਿਚ ਵਿਆਪਕ ਹੋ ਰਿਹਾ ਹੈ, ਵੱਖ ਨਹੀਂ। ਇਸ ਲਈ ਉਸ ਨੂੰ ਦੂਰ ਕਿਵੇਂ ਆਖਿਆ ਜਾ ਸਕਦਾ ਹੈ। ਜੋ ਦੂਰ ਸਮਝ ਕੇ ਭਟਕਦੇ ਫਿਰਦੇ ਹਨ, ਉਹ ਉਸ ਨੂੰ ਪਾ ਨਹੀਂ ਸਕਦੇ। ਸੰਸਾਰੀ ਰਸਾਂ-ਕਸਾਂ ਵਿਚ ਫਾਥੇ ਲੋਕ ਪਵਿੱਤਰਤਾ ਕਾਇਮ ਨਹੀਂ ਰੱਖ ਸਕਦੇ ਕਿਉਂਕਿ ਗੰਦਗੀ ਦਾ ਸ਼ੌਕੀਨ ਨਾਲਾ ਤਾਂ ਕਦੀ ਪਵਿੱਤਰ ਨਹੀਂ ਹੁੰਦਾ:

ਝੂਠੇ ਕਉ ਨਾਹੀ ਪਤਿ ਨਾਉ ॥
ਕਬਹੁ ਨ ਸੂਚਾ ਕਾਲਾ ਕਾਉ ॥ (ਪੰਨਾ ੮੩੯)

ਗੁਰੂ ਜੀ ਇਕ ਮਿਸਾਲ ਹੋਰ ਦਿੰਦੇ ਹਨ—ਜਿਵੇਂ ਕੋਈ ਪੰਛੀ ਪਿੰਜਰੇ ਵਿਚ ਬੰਦ ਹੋਵੇ

ਤੇ ਵਿਚੋ-ਵਿਚ ਗੇੜੇ ਕੱਢਦਾ ਹੋਵੇ, ਮਗਰ ਉਹ ਨਿੱਕੇ-ਨਿੱਕੇ ਛੇਕਾਂ ਰਾਹੀਂ ਬਾਹਰ ਨਹੀਂ ਨਿਕਲ ਸਕਦਾ। ਇਸ ਤਰ੍ਹਾਂ ਕਰਮ-ਕਾਂਡ ਦੇ ਝਰੋਖੇ ਨਿਜਾਤ ਨਹੀਂ ਦਿਵਾ ਸਕਦੇ। ਛੁਟਕਾਰਾ ਕੇਵਲ ਗੁਰੂ-ਗਿਆਨ ਦੁਆਰਾ ਹੀ ਸੰਭਵ ਹੈ:

ਪਿੰਜਰਿ ਪੰਖੀ ਬੰਧਿਆ ਕੋਇ ॥
ਛੇਰੀਂ ਭਰਮੈ ਮੁਕਤਿ ਨ ਹੋਇ ॥
ਤਉ ਛੂਟੈ ਜਾ ਖਸਮੁ ਛਡਾਏ ॥
ਗੁਰਮਤਿ ਮੇਲੇ ਭਗਤਿ ਦ੍ਰਿੜਾਏ ॥ (ਪੰਨਾ ੮੩੯)

ਕਈ ਲੋਕ ਭੇਖ ਰਚਦੇ ਹਨ ਪਰ ਧਰਮ ਕਿਸੇ ਭੇਖ ਦਾ ਨਾਮ ਨਹੀਂ, ਇਹਨਾਂ ਦੀ ਹਾਲਤ 'ਕਰਿ ਕਰਿ ਵੇਸ ਖਪਹਿ ਜਲਿ ਜਾਵਹਿ' ਵਾਲੀ ਹੈ। ਬੁਨਿਆਦੀ ਪਰਿਵਰਤਨ ਬਿਨਾਂ ਧਰਮ ਧਾਰਿਆ ਹੀ ਨਹੀਂ ਜਾ ਸਕਦਾ। ਇਹ ਪਰਿਵਰਤਨ ਲਿਆਉਣ ਲਈ ਦੈਵੀ ਗੁਣਾਂ ਦੀ ਅਤਿਅੰਤ ਆਵੱਸ਼ਕਤਾ ਹੈ। ਕਈ ਤੀਰਥ-ਇਸ਼ਨਾਨ ਨੂੰ ਵੱਡਾ ਕਰਮ ਮੰਨਦੇ ਹਨ ਤੇ ਕਿਸੇ ਖ਼ਾਸ ਤਿਥੀ 'ਤੇ ਨਹਾਉਣਾ ਵਿਸ਼ੇਸ਼ ਪੁੰਨ ਤਸੱਵਰ ਕੀਤਾ ਜਾਂਦਾ ਹੈ ਪਰ ਸਤਿਗੁਰੂ ਆਤਮ-ਸੋਝੀ ਨੂੰ ਹੀ ਮਹਾਨ ਇਸ਼ਨਾਨ ਕਰਾਰ ਦਿੰਦੇ ਹਨ:

ਸਪਤਮੀ ਸਤੁ ਸੰਤੋਖੁ ਸਰੀਰਿ ॥
ਸਾਤ ਸਮੁੰਦ ਭਰੇ ਨਿਰਮਲ ਨੀਰਿ ॥
ਮਜਨੁ ਸੀਲੁ ਸਚੁ ਰਿਦੈ ਵੀਚਾਰਿ ॥
ਗੁਰ ਕੈ ਸਬਦਿ ਪਾਵੈ ਸਭਿ ਪਾਰਿ ॥
ਮਨਿ ਸਾਚਾ ਮੁਖਿ ਸਾਚਉ ਭਾਇ ॥
ਸਚੁ ਨੀਸਾਣੈ ਠਾਕ ਨ ਪਾਇ ॥੯॥ (ਪੰਨਾ ੮੩੯)
ਦਸਮੀ ਨਾਮੁ ਦਾਨੁ ਇਸਨਾਨੁ ॥
ਅਨਦਿਨੁ ਮਜਨੁ ਸਚਾ ਗੁਣ ਗਿਆਨੁ ॥ (ਪੰਨਾ ੮੪੦)

ਇਹ ਸਤਿ ਅਸਤਿ ਦਾ ਬੋਧ ਜਾਂ ਆਤਮਾ ਦੀ ਹਕੀਕਤ ਤਾਂ ਹੀ ਖੁੱਲ੍ਹਦੀ ਹੈ ਜੇਕਰ ਸੰਸਾਰ ਦੀ ਪਕੜ ਘੱਟ ਹੋਵੇ। ਇਸ ਲਈ ਇਹ ਨਿਸ਼ਚੇ ਕਰਾਇਆ ਗਿਆ ਹੈ ਕਿ ਇਸ ਸੰਸਾਰ ਨੂੰ ਉਸ ਤਰ੍ਹਾਂ ਹੀ ਅਸਤਿ ਸਮਝੋ ਜਿਵੇਂ ਕੱਚਾ ਧਾਗਾ। ਭਾਵ ਇਸ ਦਾ ਇਹ ਹੈ ਕਿ ਇਹ ਦੁਨਿਆਵੀ ਜੀਵਨ ਤਾਂ ਹੈ ਪਰ ਇਸ ਨੂੰ ਅਟੱਲ ਮੰਨ ਕੇ ਸੰਸਾਰੀ ਵਿਕਾਰਾਂ ਵਿਚ ਜੀਵਨ ਬਰਬਾਦ ਨਾ ਕਰੋ ਤੇ ਸੱਚ ਦੀ ਪਛਾਣ ਕਰ ਕੇ ਉਸ ਨਾਲ ਮਨ ਲਾਉ:

ਜਿਉ ਤਾਗਾ ਜਗੁ ਏਵੈ ਜਾਣਹੁ ॥
ਅਸਥਿਰੁ ਚੀਤੁ ਸਾਚਿ ਰੰਗੁ ਮਾਣਹੁ ॥ (ਪੰਨਾ ੮੪੦)

ਭਾਰਤੀ ਧਰਮ-ਕਰਮਾਂ ਵਿਚ ਵਰਤ ਰੱਖਣ ਦੀ ਵੀ ਮਹਾਨਤਾ ਹੈ। ਏਕਾਦਸ਼ੀ ਵਾਲੇ ਦਿਨ ਲੋਕ ਆਮ ਵਰਤ ਰੱਖਦੇ ਹਨ। ਭਗਤ ਨਾਮਦੇਵ ਜੀ ਦੇ ਸਮੇਂ ਵੀ ਇਹ ਰਿਵਾਜ ਕਾਫ਼ੀ ਸੀ, ਉਹਨਾਂ ਨੂੰ ਆਖਣਾ ਪਿਆ ਸੀ:

ਏਕਾਦਸੀ ਬ੍ਰਤੁ ਰਹੈ ਕਾਹੇ ਕਉ ਤੀਰਥਿ ਜਾਈ॥ (ਪੰਨਾ ੭੧੮)

ਇਸ ਵਰਤ ਦਾ ਤਰੀਕਾ ਇਹ ਰਿਹਾ ਹੈ ਕਿ ਦੋ ਡੰਗ ਅੰਨ ਨਾ ਖਾ ਕੇ ਫਿਰ ਦੱਬ

ਕੇ ਖਾਣਾ। ਗੁਰੂ ਜੀ ਕਹਿੰਦੇ ਹਨ ਕਿ ਇਹ ਰਾਹ ਬਿਲਕੁਲ ਗ਼ਲਤ ਹੈ। ਵਰਤ ਦਾ ਭਾਵ ਸੰਜਮੀ ਜੀਵਨ ਹੈ, ਜੋ ਥੋੜ੍ਹਾ ਖਾਂਦਾ-ਪੀਂਦਾ ਹੈ, ਉਹ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ। ਜੇਕਰ ਇਕ ਦਿਨ ਛੱਡ ਕੇ ਫੇਰ ਉਸੇ ਤਰ੍ਹਾਂ ਮਣਾਂ-ਮੂੰਹੀਂ ਖਾ ਕੇ ਵਰਤ ਖੋਲ੍ਹਦਾ ਹੈ ਤਾਂ ਇਹ ਸਰੀਰਕ ਤੇ ਮਾਨਸਿਕ ਤੌਰ 'ਤੇ ਬਿਲਕੁਲ ਉਚਿਤ ਨਹੀਂ ਹੈ:

ਫਲੋਹਾਰ ਕੀਏ ਫਲੁ ਜਾਇ ॥
ਰਸ ਕਸ ਖਾਏ ਸਾਦੁ ਗਵਾਇ ॥ (ਪੰਨਾ ੮੪੦)

ਸੋ ਵਰਤਾਂ ਦਾ ਢਕਵੰਜ ਮਨ ਨੂੰ ਸ਼ੁੱਧ ਨਹੀਂ ਕਰਦਾ। ਮਨ ਦੀ ਸ਼ੁੱਧੀ ਲਈ ਜਾਂ ਧਰਮ ਦੀ ਪਛਾਣ ਲਈ ਬੁਰਿਆਈਆਂ ਤੋਂ ਪ੍ਰਹੇਜ਼ ਹੀ ਸੱਚਾ ਵਰਤ ਹੈ:

ਏਕਾਦਸੀ ਇਕੁ ਰਿਦੈ ਵਸਾਵੈ ॥
ਹਿੰਸਾ ਮਮਤਾ ਮੋਹੁ ਚੁਕਾਵੈ ॥
ਫਲੁ ਪਾਵੈ ਬ੍ਰਤੁ ਆਤਮ ਚੀਨੈ ॥
ਪਾਖੰਡਿ ਰਾਚਿ ਤਤੁ ਨਹੀ ਬੀਨੈ ॥ (ਪੰਨਾ ੮੪੦)

ਫਿਰ ਦੁਆਦਸੀ ਦੁਆਰਾ ਇਹੋ ਦ੍ਰਿੜ੍ਹਾਇਆ ਹੈ ਕਿ ਬਾਹਰਲਾ ਭੇਖ ਕੰਮ ਨਹੀਂ ਆਉਂਦਾ, ਨਿਰਇੱਛਤ ਹੋਣ ਤੇ ਮਨ ਨੂੰ ਕਾਬੂ ਕਰਨ ਦੀ ਲੋੜ ਹੈ ਤੇ ਇਹ ਗੱਲ ਅਖੰਡ ਸਿਮਰਨ ਨਾਲ ਹੋ ਸਕਦੀ ਹੈ:

ਦੁਆਦਸੀ ਦਇਆ ਦਾਨੁ ਕਰਿ ਜਾਣੈ ॥
ਬਾਹਰਿ ਜਾਤੋ ਭੀਤਰਿ ਆਣੈ ॥
ਬਰਤੀ ਬਰਤ ਰਹੈ ਨਿਹਕਾਮ ॥
ਅਜਪਾ ਜਾਪੁ ਜਪੈ ਮੁਖਿ ਨਾਮ ॥
ਤੀਨਿ ਭਵਣ ਮਹਿ ਏਕੋ ਜਾਣੈ ॥
ਸਭਿ ਸੁਚਿ ਸੰਜਮ ਸਾਚੁ ਪਛਾਣੈ ॥੧੬॥ (ਪੰਨਾ ੮੪੦)

ਇਹ ਜੀਵਨ ਦੀ ਉਸਾਰੀ ਦਾ ਮਾਰਗ ਹੈ। ਜਦੋਂ ਆਪੇ ਦੀ ਪਛਾਣ ਹੋ ਜਾਵੇ ਤਾਂ ਸਤੋ, ਰਜੋ, ਤਮੋ ਦੇ ਚੱਕਰ ਵਿਚੋਂ ਮਨ ਨਿਕਲ ਪਵੇ ਤਾਂ ਸਹਿਜ ਵਾਲੀ ਅਵਸਥਾ ਤੁਰੀਆ ਪਦ, ਖ਼ੁਦ-ਬ-ਖ਼ੁਦ ਪ੍ਰਾਪਤ ਹੋ ਜਾਂਦਾ ਹੈ। ਫਿਰ ਕੋਈ ਮਨੁੱਖ ਨੂੰ ਡੋਲਣ ਨਹੀਂ ਦਿੰਦੀ। ਜੋਤਿ ਪਰਮ ਜੋਤਿ ਵਿਚ ਸਦੈਵੀ ਟਿਕਾਉ ਲੱਭ ਲੈਂਦੀ ਹੈ:

ਚਉਦਸਿ ਚਉਥੇ ਥਾਵਹਿ ਲਹਿ ਪਾਵੈ ॥
ਰਾਜਸ ਤਾਮਸ ਸਤ ਕਾਲ ਸਮਾਵੈ ॥
ਸਸੀਅਰ ਕੈ ਘਰਿ ਸੂਰੁ ਸਮਾਵੈ ॥
ਜੋਗ ਜੁਗਤਿ ਕੀ ਕੀਮਤਿ ਪਾਵੈ ॥ (ਪੰਨਾ ੮੪੦)

ਮੱਸਿਆ ਦੀ ਅਵਸਥਾ ਵਿਚ ਚੰਦ ਗੁਪਤ ਵਰਤਦਾ ਹੈ। ਇਸ ਦਾ ਇਹ ਭਾਵ ਨਹੀਂ ਕਿ ਚੰਦ ਹੁੰਦਾ ਨਹੀਂ, ਚੰਦ ਹੁੰਦਾ ਹੈ ਪਰ ਅਗਿਆਨ ਦੀ ਅਵਸਥਾ ਕਰਕੇ ਦਿੱਸਦਾ ਨਹੀਂ। ਗੁਰੂ ਜੀ ਇਸ ਆਤਮ ਜੋਤੀ ਨੂੰ ਪ੍ਰਕਾਸ਼ਿਤ ਕਰਦੇ ਹਨ ਤਾਂ ਸਾਰਾ ਅਸਮਾਨ ਨੂਰ-ਨੂਰ ਨਜ਼ਰ ਆ ਜਾਂਦਾ ਹੈ। ਇਹ ਚੰਦਰਮਾ ਸਾਡਾ ਆਪਾ ਹੈ ਜੋ ਕਿ ਪਰਮ-ਸੱਤਾ ਦੇ ਸੂਰਜ ਨਾਲ

ਜਗਮਗਾਉਂਦਾ ਹੈ :

ਅਮਾਵਸਿਆ ਚੰਦੁ ਗੁਪਤੁ ਗੈਣਾਰਿ ॥
ਬੂਝਹੁ ਗਿਆਨੀ ਸਬਦੁ ਬੀਚਾਰਿ ॥
ਸਸੀਅਰੁ ਗਗਨਿ ਜੋਤਿ ਤਿਹੁ ਲੋਈ ॥
ਕਰਿ ਕਰਿ ਵੇਖੈ ਕਰਤਾ ਸੋਈ ॥
ਗੁਰ ਤੇ ਦੀਸੈ ਸੋ ਤਿਸ ਹੀ ਮਾਹਿ ॥
ਮਨਮੁਖਿ ਭੂਲੇ ਆਵਹਿ ਜਾਹਿ ॥੧੯॥ (ਪੰਨਾ ੮੪੦)

ਇਸ ਸੋਝੀ ਤੇ ਇਸ ਪਾਸੇ ਅਮਲ ਕਰਨ ਦੇ ਖੇਤਰ ਵਿਚ ਸਭ ਤੋਂ ਵੱਡੀ ਰੁਕਾਵਟ ਸਾਡੀ ਆਸਾ ਮਨਸਾ ਹੈ, ਵਾਸਨਾ ਹੈ, ਜੋ ਇਸ ਪਾਸੇ ਤੁਰਨ ਨਹੀਂ ਦਿੰਦੀ। ਇਸ ਹਾਲਤ ਵਿਚ ਆਤਮ-ਬੋਧ ਵੀ ਨਹੀਂ ਹੁੰਦਾ। ਸੰਸਾਰਕ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਨ ਵਾਲਾ ਨਵੀਨ ਵਿਚਾਰ ਦੱਸਦਾ ਹੈ ਕਿ ਕਬਜ਼ੇ ਦੀ ਭਾਵਨਾ ਸਾਰੇ ਸੰਕਟਾਂ ਦਾ ਮੂਲ ਹੈ, ਮਜ਼ਹਬੀ ਜ਼ੁਬਾਨ ਵਿਚ ਇਸ ਨੂੰ 'ਮਮਤਾ' ਕਿਹਾ ਗਿਆ ਹੈ। ਗੁਰੂ ਜੀ ਇਕੋ-ਇਕ ਰਾਹ ਦੱਸਦੇ ਹਨ ਕਿ ਦੁਬਿਧਾ ਜੈਸੇ ਰੋਗਾਂ ਤੋਂ ਤਾਂ ਹੀ ਖ਼ਲਾਸੀ ਮਿਲ ਸਕਦੀ ਹੈ ਜੇਕਰ ਮਮਤਾ ਦੀ ਭਾਵਨਾ ਤਿਆਗੀ ਜਾਵੇ। ਜਿਤਨਾ ਚਿਰ ਮਨੁੱਖ ਵਿਚ ਮੈਂ-ਮੇਰੀ ਦਾ ਖ਼ਿਆਲ ਹੈ ਕਿ ਇਹ ਮੇਰਾ ਹੈ, ਇਹ ਮੇਰਾ ਨਹੀਂ, ਇਸ ਦਾ ਲਾਭ ਕਰਨਾ ਹੈ ਤੇ ਉਸ ਦੇ ਲਾਭ ਨੂੰ ਖ਼ਿਆਲ ਵਿਚ ਨਹੀਂ ਰੱਖਣਾ, ਇਹ ਦਵੈਤ ਵਾਲੀ ਬਿਰਤੀ ਸਮਦ੍ਰਿਸ਼ਟੀ ਜਾਂ ਬਰਾਬਰੀ ਦੀ ਭਾਵਨਾ ਨਹੀਂ ਆਉਣ ਦਿੰਦੀ ਤੇ ਸਾਰੇ ਝਗੜਿਆਂ ਦਾ ਕਾਰਣ ਬਣਦੀ ਰਹਿੰਦੀ ਹੈ :

ਜਹ ਆਸਾ ਤਹ ਬਿਨਸਿ ਬਿਨਾਸਾ ॥
ਫੂਟੈ ਖਪਰੁ ਦੁਬਿਧਾ ਮਨਸਾ ॥
ਮਮਤਾ ਜਾਲ ਤੇ ਰਹੈ ਉਦਾਸਾ ॥
ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥ (ਪੰਨਾ ੮੪੦)

ਮਮਤਾ ਉੱਤੇ ਕਾਬੂ ਪਾਉਣਾ ਜ਼ਰੂਰੀ ਹੈ। ਕਰਮ-ਕਾਂਡ ਇਸ ਰੋਗ ਦੀ ਨਵਿਰਤੀ ਨਹੀਂ ਕਰਦੇ। ਇਸ ਰੋਗ ਤੋਂ ਬਚਣ ਦਾ ਇਕੋ-ਇਕ ਇਲਾਜ ਆਪੇ ਦੀ ਪਛਾਣ ਹੈ ਤੇ ਉਸ ਅਨੁਸਾਰ ਆਪਣੇ ਅੰਦਰ ਦੈਵੀ ਗੁਣ ਪੈਦਾ ਕਰਨੇ ਤੇ ਧਰਮੀ ਜੀਵਨ ਬਣਨ 'ਤੇ ਇਹਨਾਂ ਬੰਧਨਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

(11/1980)

ਓਅੰਕਾਰੁ ਬਾਣੀ ਦੀ ਵਿਸ਼ੇਸ਼ਤਾ

ਸੰਸਾਰ ਦੇ ਅਨੇਕਾਂ ਧਰਮਾਂ ਦੇ ਪ੍ਰਗਟ ਹੋਣ ਦੇ ਮੂਲ ਵਿਚ ਅਧਿਆਤਮਕ ਚੇਤਨਾ ਦੇ ਵਿਕਾਸ ਦੀ ਕਹਾਣੀ ਲੁਕੀ ਹੁੰਦੀ ਹੈ। ਅਧਿਆਤਮਕ ਚੇਤਨਾ ਦੇ ਰਹੱਸਾਂ ਅਤੇ ਰਮਜ਼ਾਂ ਨੂੰ ਸਮਝਣਾ ਹੀ ਵੱਖਰੇ-ਵੱਖਰੇ ਧਰਮਾਂ ਦਾ ਕਾਰਜ-ਖੇਤਰ ਹੈ। ਲਗਭਗ ਸਾਰੇ ਧਰਮ ਇਕ ਅਜਿਹੀ ਸ਼ਕਤੀ ਵਿਚ ਵਿਸ਼ਵਾਸ ਰੱਖਦੇ ਹਨ, ਜਿਸ ਦਾ ਨਾਂ ਚਾਹੇ ਕੁਝ ਵੀ ਹੋਵੇ, ਉਹ ਸ਼ਕਤੀ ਮਨੁੱਖ ਤੋਂ ਨਿਸ਼ਚਿਤ ਰੂਪ ਵਿਚ ਸ੍ਰੇਸ਼ਟ ਹੀ ਮੰਨੀ ਜਾਂਦੀ ਹੈ। ਉਸ ਸ਼ਕਤੀ ਦੇ ਰਹੱਸ ਨੂੰ ਸਮਝਣਾ ਮਨੁੱਖ ਲਈ ਹਮੇਸ਼ਾ ਹੀ ਇਕ ਚੁਣੌਤੀ ਰਹੀ ਹੈ। ਉਸ ਪਰਮਾਤਮ-ਸ਼ਕਤੀ ਨੂੰ ਅਨੇਕਾਂ ਵਾਦਾਂ, ਸਿਧਾਂਤਾਂ ਅਤੇ ਮਾਨਸਿਕ ਪੱਧਰਾਂ 'ਤੇ ਵੱਖਰੇ-ਵੱਖਰੇ ਤਰਕਾਂ ਅਤੇ ਪ੍ਰਮਾਣਾਂ ਦੇ ਆਧਾਰ ਨਾਲ ਸਮਝਣ ਦਾ ਯਤਨ ਨਿਰੰਤਰ ਕੀਤਾ ਜਾਂਦਾ ਰਿਹਾ ਹੈ। ਉਸ ਸ਼ਕਤੀ ਰੂਪੀ ਅਨੰਤ ਸੱਤਾ ਨੂੰ ਸਿੱਧ ਕਰਨ ਲਈ ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨ ਕਿਸੇ ਤਰਕ-ਵਿਤਰਕ ਦਾ ਆਸਰਾ ਨਹੀਂ ਲੈਂਦੇ। ਉਹ ਪਰਮਾਤਮਾ ਨੂੰ ਸਦੀਵੀ ਸਰਬ-ਵਿਆਪਕ ਮੰਨਦੇ ਹੋਏ ਉਸ ਦੀ ਹੋਂਦ ਨੂੰ ਸਦਾ ਹੀ ਅਨੁਭਵ ਕਰਦੇ ਰਹੇ ਹਨ:

ਕਿ ਜ਼ਾਹਰ ਜ਼ਹੂਰ ਹੈਂ॥ ਕਿ ਹਾਜ਼ਰ ਹਜ਼ੂਰ ਹੈਂ॥ (ਜਾਪੁ ਸਾਹਿਬ)
ਜਹ ਜਹ ਦੇਖਾ ਤਹ ਤਹ ਸੋਈ॥ (ਪੰਨਾ ੧੩੪੩)
ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ॥
ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥ (ਪੰਨਾ ੩੯੭)

'ਮੁੰਡਕ' ਉਪਨਿਸ਼ਦ ਵਿਚ ਇਹ ਸਪੱਸ਼ਟ ਕਿਹਾ ਗਿਆ ਹੈ ਕਿ ਰਿਗਵੇਦ, ਯਜੁਰਵੇਦ, ਸਾਮਵੇਦ, ਅਥਰਵਵੇਦ, ਉਚਾਰਣ ਵਿਗਿਆਨ, ਵਿਆਕਰਣ, ਵਿਉਤਪਤੀ ਅਤੇ ਛੰਦ-ਸ਼ਾਸਤਰ ਅਤੇ ਜੋਤਿਸ਼ ਆਦਿ ਵਿਚਲਾ ਗਿਆਨ ਅਪਰਾ ਵਿਦਿਆ (ਹੇਠਲੇ ਦਰਜੇ ਦੀ ਵਿਦਿਆ) ਹੈ ਅਤੇ ਇਸ ਵਿਦਿਆ ਰਾਹੀਂ ਕੇਵਲ ਸੰਸਾਰਕ ਬੌਧਿਕਤਾ ਹੀ ਪ੍ਰਾਪਤ ਹੁੰਦੀ ਹੈ। ਉੱਚ ਗਿਆਨ (ਪਰਾ ਵਿਦਿਆ) ਦੇ ਰਾਹੀਂ ਉਸ ਸਦਾ ਸਲਾਮਤ (ਪਰਮਾਤਮਾ) ਦੀ ਅਨੁਭੂਤੀ ਹੁੰਦੀ ਹੈ। 'ਗੀਤਾ' ਵਿਚ ਇਸੇ ਉੱਚ ਵਿਦਿਆ ਨੂੰ ਦਿੱਬ ਨੇਤਰਾਂ ਦੀ ਸੰਗਿਆ ਦਿੱਤੀ ਗਈ ਹੈ, ਜਿਥੇ ਕ੍ਰਿਸ਼ਨ ਜੀ ਅਰਜੁਨ ਨੂੰ ਕਹਿੰਦੇ ਹਨ-'ਹੇ ਅਰਜੁਨ! ਤੂੰ ਮੈਨੂੰ ਇਹਨਾਂ ਸੰਸਾਰੀ ਨੇਤਰਾਂ ਨਾਲ ਵਾਸਤਵਿਕ ਰੂਪ ਵਿਚ ਨਹੀਂ ਵੇਖ ਸਕਦਾ। ਤੂੰ ਮੈਨੂੰ ਵੇਖ ਸਕੇਂ ਇਸ ਲਈ ਮੈਂ ਤੈਨੂੰ ਦਿੱਬ ਨੇਤਰ (ਉੱਚ ਗਿਆਨ, ਪਰਾ ਵਿਦਿਆ) ਪ੍ਰਦਾਨ ਕਰਦਾ ਹਾਂ। ਪਰਮਾਤਮਾ ਦੀ ਗਤੀ ਅਤੇ ਉਸ ਦੀ ਸੀਮਾ ਨੂੰ ਪੂਰਨ ਰੂਪ ਵਿਚ ਸਮਝ ਸਕਣ ਅਤੇ ਉਸ ਦਾ ਵਰਣਨ ਕਰਨ ਦੀ ਵਿਅਕਤੀ ਦੀ ਅਸਮਰੱਥਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਸਪੱਸ਼ਟ ਰੂਪ ਵਿਚ ਸਵੀਕਾਰ ਕਰਦੇ ਹਨ:

ਤੇਰੀ ਗਤਿ ਮਿਤਿ ਤੂਹੈ ਜਾਣਹਿ ਕਿਆ ਕੋ ਆਖਿ ਵਖਾਣੈ॥ (ਪੰਨਾ ੬੪੬)

ਭੌਤਿਕ ਅੱਖਾਂ ਰਾਹੀਂ ਇਕੱਠੇ ਕੀਤੇ ਹੋਏ ਗਿਆਨ ਦੁਆਰਾ ਆਤਮਾ ਦੀ ਪਿਆਸ ਨੂੰ ਬੁਝਾਉਣਾ ਸ੍ਰੀ ਗੁਰੂ ਅਰਜਨ ਦੇਵ ਜੀ ਅਸੰਭਵ ਮੰਨਦੇ ਹਨ। ਉਹ ਫ਼ੁਰਮਾਉਂਦੇ ਹਨ, 'ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ॥ ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥' (ਪੰਨਾ ੫੭੭) ਅਰਥਾਤ ਇਹਨਾਂ ਅੱਖਾਂ ਨਾਲ ਮੇਰੀ ਪਿਆਸ ਨਹੀਂ ਬੁਝਦੀ, ਉਹ ਅੱਖਾਂ ਦੂਜੀਆਂ ਹਨ ਜਿਨ੍ਹਾਂ ਰਾਹੀਂ ਪ੍ਰੀਤਮ ਨੂੰ ਦੇਖਿਆ ਜਾ ਸਕਦਾ ਹੈ। ਇਥੇ ਇਹ ਦੂਜੀਆਂ ਅੱਖਾਂ ਪਰਾ-ਵਿਦਿਆ ਜਾਂ ਉੱਚ-ਗਿਆਨ ਦੀਆਂ ਪ੍ਰਤੀਕ ਹਨ, ਜਿਹੜੀਆਂ ਤਰਕ-ਵਿਤਰਕ ਦੇ ਮਾਰਗ 'ਤੇ ਨਾ ਲਿਜਾ ਕੇ ਜੀਵ ਨੂੰ ਅਨੁਭੂਤੀ ਦੇ ਮਾਰਗ 'ਤੇ ਲੈ ਜਾਂਦੀਆਂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਰਮਾਤਮਾ ਨੂੰ ਕਈ ਰੂਪਾਂ ਅਤੇ ਨਾਵਾਂ ਨਾਲ ਯਾਦ ਕੀਤਾ ਗਿਆ ਹੈ। ਭਗਵੰਤ, ਗੁਸਾਈਂ, ਗੋਪਾਲ, ਨਰਾਇਣ ਆਦਿ ਨਾਮ ਜਿਥੇ ਪਰੰਪਰਿਕ ਰੂਪ ਵਿਚ ਉਸ ਪਰਮ-ਸੱਤਾ ਦੇ ਵਾਚਕ ਨਾਮ ਚੱਲੇ ਆ ਰਹੇ ਹਨ, ਉਥੇ ਉਸ ਨੂੰ ਗਿਆਨ, ਸਤਿ, ਪ੍ਰੇਮ ਅਤੇ ਇਹਨਾਂ ਸਾਰਿਆਂ ਦੇ ਮੂਲ ਵਿਚ ਅਨਾਹਤ ਨਾਦ ਓਅੰਕਾਰ ਜਿਹੜਾ ਕਿ ਨਿੱਤ ਨਵਾਂ ਹੈ, ਪ੍ਰਣਵ ਹੈ, ਦੇ ਰੂਪ ਵਿਚ ਵੀ ਅਨੁਭਵ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਰੰਭ ਹੀ ਓਅੰਕਾਰ ਸ਼ਬਦ ਨਾਲ ਹੋਇਆ ਹੈ ਜਿਸ ਨੂੰ ਸਦੀਵੀ, ਨਿੱਤ ਅਤੇ ਇਕ-ਰਸ ਮੰਨਿਆ ਗਿਆ ਹੈ। ਉਸ ਵਿਚ ਕੋਈ ਵਿਕਾਰ ਅਥਵਾ ਵਿਕਰਤੀ ਨਹੀਂ ਹੁੰਦੀ। ਇਸੇ ਲਈ ਉਸ ਨੂੰ ਇਕ ਅਤੇ ਕੇਵਲ ਇਕ ਹੀ ਮੰਨਿਆ ਗਿਆ ਹੈ। ਇੰਨਾ ਹੀ ਨਹੀਂ, ਗੁਰੂ ਨਾਨਕ ਸਾਹਿਬ ਨੇ 'ਓਅੰਕਾਰ' ਬਾਣੀ ਦਾ ਉਚਾਰਨ ਕਰਨ ਸਮੇਂ ਪਹਿਲੇ ਸੰਖਿਆ-ਵਾਚਕ 'ਇਕ' ਲਾ ਦਿੱਤਾ ਹੈ ਤਾਂ ਕਿ ਉਸ ਦੇ ਅਦੁੱਤੀਪਨ ਦੇ ਸੰਬੰਧ ਵਿਚ ਕੋਈ ਵੀ ਭਰਮ ਨਾ ਰਹੇ। ਸ੍ਰੀ ਗੁਰੂ ਰਾਮਦਾਸ ਜੀ ਵੀ ਆਪਣੀ ਬਾਣੀ ਵਿਚ ਇਹ ਦੱਸਦੇ ਹਨ ਕਿ ਓਅੰਕਾਰ ਹੀ ਸਾਰੇ ਸਥਾਨਾਂ ਵਿਚ ਵਿਆਪਕ ਹੈ ਅਤੇ ਸਾਰੇ ਏਸੇ ਵਿਚ ਹੀ ਸਮਾਹਿਤ ਹੋ ਜਾਣਗੇ:

ਓਅੰਕਾਰਿ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ॥
ਏਕੋ ਰੂਪੁ ਏਕੋ ਬਹੁ ਰੰਗੀ ਸਭੁ ਏਕਤੁ ਬਚਨਿ ਚਲਾਵੈਗੋ॥ (ਪੰਨਾ ੧੩੧੦)

ਸ੍ਰੀ ਗੁਰੂ ਨਾਨਕ ਦੇਵ ਜੀ ਦੀ 'ਓਅੰਕਾਰੁ' ਸਿਰਲੇਖ ਹੇਠਾਂ ਰਾਗ ਰਾਮਕਲੀ ਦਖਣੀ ਵਿਚ 54 ਪਦਿਆਂ ਦੀ ਇਕ ਲੰਮੀ ਬਾਣੀ ਹੈ। ਇਸ ਬਾਣੀ ਦੇ ਆਰੰਭ ਵਿਚ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਇਹ ਸਵੀਕਾਰ ਕਰਦੇ ਹਨ ਕਿ ਓਅੰਕਾਰੁ ਹੀ ਸਾਰੇ ਵਿਸ਼ਵ ਦਾ ਮੂਲ ਹੈ। ਬ੍ਰਹਮਾ, ਚਿੱਤ, ਯੁਗ, ਪਰਬਤ, ਵੇਦ ਆਦਿ ਸਾਰੇ ਓਅੰਕਾਰੁ ਤੋਂ ਹੀ ਉਤਪੰਨ ਹੋਏ ਹਨ। ਇਤਨਾ ਹੀ ਨਹੀਂ ਹੈ ਕਿ ਕੇਵਲ ਭਗਤ-ਜਨ ਹੀ ਓਅੰਕਾਰੁ ਦਾ ਧਿਆਨ ਧਰ ਕੇ ਮੁਕਤ ਹੋ ਜਾਂਦੇ ਹਨ, ਸਗੋਂ ਤਿੰਨਾਂ ਲੋਕਾਂ ਦਾ ਸਾਰ ਵੀ ਓਅੰਕਾਰੁ ਹੀ ਹੈ:

ਓਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰੁ ਕੀਆ ਜਿਨਿ ਚਿਤਿ॥
ਓਅੰਕਾਰਿ ਸੈਲ ਜੁਗ ਭਏ॥ ਓਅੰਕਾਰਿ ਬੇਦ ਨਿਰਮਏ॥...
ਓਨਮ ਅਖਰ ਸੁਣਹੁ ਬੀਚਾਰੁ॥ ਓਨਮ ਅਖਰੁ ਤ੍ਰਿਭਵਣ ਸਾਰੁ॥ (ਪੰਨਾ ੯੨੯-੩੦)

ਇਸੇ ਓਅੰਕਾਰੁ ਨੂੰ ਪਾਤੰਜਲਿ ਜੋਗ-ਸੂਤਰਾਂ ਵਿਚ ਪ੍ਰਣਵ ਦੇ ਨਾਮ ਨਾਲ ਜਾਣਿਆ ਗਿਆ ਹੈ ਅਤੇ ਇਸੇ ਨੂੰ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਾਪੁ ਸਾਹਿਬ ਵਿਚ 'ਓਅੰ ਆਦਿ

ਰੂਪੇ॥ ਅਨਾਦਿ ਸਰੂਪੇ॥' ਕਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਓਅੰਕਾਰੁ ਬਾਣੀ ਦੇ ਆਰੰਭ ਵਿਚ ਹੀ ਪਾਂਡੇ ਨੂੰ ਸੰਬੋਧਨ ਕੀਤਾ ਹੈ ਜਿਹੜਾ ਕਿ ਉਸ ਸਮੇਂ ਦਾ ਬੁੱਧੀਜੀਵੀ ਜਮਾਤ ਦਾ ਪ੍ਰਤੀਨਿਧੀ ਹੈ। ਇਹਨਾਂ ਬੁੱਧੀਜੀਵੀਆਂ ਨੇ ਹੀ ਓਅੰਕਾਰ ਦੇ ਅ, ੳ, ਮ ਰੂਪਾਂ ਨੂੰ ਆਧਾਰ ਬਣਾ ਕੇ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਦੀ ਤ੍ਰਿਮੂਰਤੀ ਦੇ ਸੰਕਲਪ ਨੂੰ ਲੋਕਾਂ ਦੇ ਸਾਹਮਣੇ ਰੱਖਿਆ ਅਤੇ ਨਾਲ ਹੀ ਨਾਲ ਵੈਸ਼ਨਵ ਅਤੇ ਸ਼ੈਵ ਮਤਾਂ ਨੂੰ ਜਨਮ ਦਿੱਤਾ। ਭਾਰਤ ਦਾ ਮੱਧਯੁਗੀਨ ਭਾਰਤੀ ਇਤਿਹਾਸ ਇਹ ਦੱਸਦਾ ਹੈ ਕਿ ਸ਼ੈਵ ਅਤੇ ਵੈਸ਼ਨਵਾਂ ਨੇ ਆਪਣੇ-ਆਪਣੇ ਇਸ਼ਟ ਦੇਵਾਂ ਨੂੰ ਉੱਚਾ ਸਿੱਧ ਕਰਨ ਲਈ ਅਨੇਕਾਂ ਤਰ੍ਹਾਂ ਦੇ ਸੰਘਰਸ਼ ਕੀਤੇ ਅਤੇ ਫ਼ਲਸਰੂਪ ਵਾਦ-ਵਿਵਾਦ ਅਤੇ ਝਗੜੇ-ਝੰਜਟਾਂ ਨੂੰ ਜਨਮ ਦਿੱਤਾ। ਪੰਡਤਾਂ ਦੀਆਂ ਅਜਿਹੀਆਂ ਪੈਦਾ ਕੀਤੀਆਂ ਹੋਈਆਂ ਰੂੜ੍ਹੀਵਾਦੀ ਸਮਾਜਿਕ ਅਤੇ ਧਾਰਮਿਕ ਜੀਵਨ-ਜੁਗਤਾਂ ਨੇ ਭਾਰਤਵਰਸ਼ ਨੂੰ ਕਈ ਸੰਪਰਦਾਵਾਂ, ਜਾਤੀਆਂ, ਉਪਜਾਤੀਆਂ ਵਿਚ ਵੰਡ ਦਿੱਤਾ। ਗੁਰੂ ਨਾਨਕ ਸਾਹਿਬ ਨੇ ਸੰਪੂਰਨ ਭਾਰਤ ਤੇ ਕਈ ਹੋਰ ਦੇਸ਼ਾਂ ਦਾ ਵੀ ਰਟਨ ਕਰ ਕੇ ਸਥਿਤੀ ਦੀ ਗੰਭੀਰਤਾ ਨੂੰ ਸਮਝਿਆ ਅਤੇ ਡੂੰਘੇ ਚਿੰਤਨ ਤੋਂ ਬਾਅਦ ਇਹ ਮਹਿਸੂਸ ਕੀਤਾ ਕਿ ਬਹੁ-ਦੇਵਵਾਦ ਵਾਸਤਵ ਵਿਚ ਧਰਮ ਅਤੇ ਧਾਰਮਿਕ ਜੀਵਨ ਵਿਚ ਰੁਚੀ ਨੂੰ ਕਮਜ਼ੋਰ ਕਰਦਾ ਹੈ ਅਤੇ ਲੋਕਾਂ ਨੂੰ ਕੇਵਲ ਕਰਮ-ਕਾਂਡਾਂ ਵਿਚ ਉਲਝਾ ਕੇ ਉਹਨਾਂ ਦੇ ਜੀਵਨ ਨੂੰ ਖੋਖਲਾ ਬਣਾ ਦਿੰਦਾ ਹੈ। ਓਅੰਕਾਰੁ ਬਾਣੀ ਦੇ ਆਰੰਭ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਸਪੱਸ਼ਟ ਸ਼ਬਦਾਂ ਵਿਚ ਫ਼ੁਰਮਾਉਂਦੇ ਹਨ:

ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ॥
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥ *(ਪੰਨਾ ੯੩੦)*

ਜੰਜਾਲ ਅਰਥਾਤ ਵਾਦ-ਵਿਵਾਦ, ਝਗੜੇ-ਝੰਜਟ ਪੈਦਾ ਕਰਨ ਵਾਲੀ ਵਿਦਿਆ ਨੂੰ ਲਿਖਣ-ਪੜ੍ਹਨ ਦੀ ਬਜਾਇ ਬੁੱਧੀਜੀਵੀਆਂ ਨੂੰ ਚਾਹੀਦਾ ਹੈ ਕਿ ਉਹ ਸਾਰਿਆਂ ਵਿਚ ਰਮ ਰਹੇ ਉਸ ਰਾਮ ਨਾਮ ਵਿਚ ਹੀ ਆਪਣੀ ਸੁਰਤਿ ਲਾਉਣ ਜਿਹੜਾ ਸਾਰਿਆਂ ਦਾ ਪਾਲਣਹਾਰ ਹੈ। ਬੁੱਧੀਜੀਵੀ ਅਰਥਾਤ ਪੰਡਤ ਵਿਅਕਤੀ ਕਿਉਂਕਿ ਹੇਠਲੇ ਪੱਧਰ ਦੇ ਗਿਆਨ ਦੀ ਗੱਲ ਕਰ ਕੇ ਲੋਕਾਂ ਨੂੰ ਆਪਣੇ ਸ਼ਬਦ-ਜਾਲ ਵਿਚ ਫਸਾਉਂਦਾ ਹੈ ਅਤੇ ਆਪਣੀ ਹਉਮੈ ਨੂੰ ਹੋਰ ਪੱਠੇ ਪਾਉਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਰਾਮਕਲੀ ਰਾਗ ਦੀਆਂ ਅਸਟਪਦੀਆਂ ਵਿਚ ਵੀ ਪਾਂਡੇ ਨੂੰ ਸੰਬੋਧਨ ਕਰਦੇ ਹੋਏ ਫ਼ੁਰਮਾਨ ਕਰਦੇ ਹਨ:

ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥
ਹਉਮੈ ਜਾਇ ਸਬਦਿ ਘਰੁ ਲਹੀਐ ॥੧॥ ਰਹਾਉ ॥
ਗਣਿ ਗਣਿ ਜੋਤਕੁ ਕਾਂਡੀ ਕੀਨੀ ॥
ਪੜੈ ਸੁਣਾਵੈ ਤਤੁ ਨ ਚੀਨੀ ॥
ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥
ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥ *(ਪੰਨਾ ੯੦੪)*

ਇਕ ਹੋਰ ਥਾਂ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਨ ਕਰਦੇ ਹਨ:

ਇਕਿ ਪਾਧੇ ਪੰਡਿਤ ਮਿਸਰ ਕਹਾਵਹਿ ॥
ਦੁਬਿਧਾ ਰਾਤੇ ਮਹਲੁ ਨ ਪਾਵਹਿ ॥ *(ਪੰਨਾ ੯੦੪)*

ਜੰਜਾਲਾਂ ਵਿਚ ਪਾਉਣ ਵਾਲੀ ਵਿਦਿਆ ਦਾ ਆਧਾਰ ਦੁਬਿਧਾ ਹੁੰਦੀ ਹੈ ਜਿਹੜੀ ਸੱਚੇ-ਸੁੱਚੇ ਮਨ ਨਾਲ ਅਤੇ ਇਕ-ਦੂਜੇ ਦੇ ਦ੍ਰਿਸ਼ਟੀਕੋਣ ਨੂੰ ਸਮਝਣ ਹਿਤ ਰਚਾਏ ਸੰਬਾਦ ਰਾਹੀਂ ਖ਼ਤਮ ਹੁੰਦੀ ਹੈ ਪਰ ਵਾਦ-ਵਿਵਾਦ, ਖੰਡਨ-ਮੰਡਨ ਨਾਲ ਹੋਰ ਵਧਦੀ ਹੈ। ਸੰਬਾਦੀ ਸੁਰ ਛੇੜਨ ਲਈ ਗੁਰੂ ਨਾਨਕ ਸਾਹਿਬ ਅਨੁਸਾਰ ਗੁਰਮੁਖ ਹੋਣ ਦੀ ਲੋੜ ਹੈ ਜਿਹੜਾ ਬਾਣੀ 'ਸਿਧ ਗੋਸਟਿ' ਦੇ ਅਨੁਸਾਰ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਦਰਸ਼ਕ ਮਨੁੱਖ ਹੈ। 'ਓਅੰਕਰੁ' ਬਾਣੀ ਦੀ ਚਾਲ੍ਹੀਵੀਂ ਪਉੜੀ ਵਿਚ ਉਚਾਰਿਤ ਬਾਣੀ ਨੂੰ ਵਿਚਾਰਨਾ ਅਰਥਾਤ ਸੰਬਾਦ ਰਚਾਉਣਾ ਕਿਸੇ ਵਿਰਲੇ ਕੋਲੋਂ ਹੀ ਸੰਭਵ ਦੱਸਿਆ ਗਿਆ ਹੈ, 'ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥' ਆਮ ਵਿਅਕਤੀ ਦਾ ਮਨ ਅਤੇ ਇੰਦਰੀਆਂ ਦੀ ਬਿਰਤੀ ਖਿੰਡੀ ਰਹਿਣ ਦੇ ਕਾਰਨ ਨਿਰਬਲ ਬਣੀ ਰਹਿੰਦੀ ਹੈ। ਇਹ ਖਿੰਡਾਅ ਬਹੁਤ ਪਾਸੇ ਝਾਕਾਂ ਲਾਉਣ ਨਾਲ ਪੈਦਾ ਹੁੰਦਾ ਹੈ ਅਤੇ ਜੀਵ ਨੂੰ ਅਨੇਕਾਂ ਜੰਜਾਲਾਂ, ਬੰਧਨਾਂ ਅਤੇ ਕਸ਼ਟਾਂ ਵਿਚ ਪਾਈ ਜਾਂਦਾ ਹੈ। ਇਹ ਬੰਧਨ ਦਰਅਸਲ ਉਸ ਦੇ ਆਪਣੇ ਸਹੇੜੇ ਹੋਏ ਹੁੰਦੇ ਹਨ। ਇਸ ਤੱਥ ਨੂੰ 'ਓਅੰਕਾਰੁ' ਬਾਣੀ ਵਿਚ ਗੁਰੂ ਨਾਨਕ ਸਾਹਿਬ ਨੇ ਸਰੀਰ ਰੂਪੀ ਬਿਰਖ 'ਤੇ ਬੈਠੇ ਪੰਛੀਆਂ ਦੀ ਇਕਸੁਰਤਾ ਅਤੇ ਉਹਨਾਂ ਦੀ ਹੋਰ-ਹੋਰ ਅਤੇ ਹੋਰ ਚੋਗੇ ਦੀ ਝਾਕ ਦੇ ਰੂਪਕ ਰਾਹੀਂ ਸਮਝਾਇਆ ਹੈ:

ਤਰਵਰੁ ਕਾਇਆ ਪੰਖਿ ਮਨੁ ਤਰਵਰਿ ਪੰਖੀ ਪੰਚ ॥
ਤਤੁ ਚੁਗਹਿ ਮਿਲਿ ਏਕਸੇ ਤਿਨ ਕਉ ਫਾਸ ਨ ਰੰਚ ॥
ਉਡਹਿ ਤ ਬੇਗੁਲ ਬੇਗੁਲੇ ਤਾਕਹਿ ਚੋਗ ਘਣੀ ॥
ਪੰਖ ਤੁਟੇ ਫਾਹੀ ਪੜੀ ਅਵਗੁਣਿ ਭੀੜ ਬਣੀ ॥
ਬਿਨੁ ਸਾਚੇ ਕਿਉ ਛੂਟੀਐ ਹਰਿ ਗੁਣ ਕਰਮਿ ਮਣੀ ॥ *(ਪੰਨਾ ੯੩੪)*

ਰਾਗ ਗਉੜੀ ਅਤੇ ਰਾਗ ਮਾਰੂ ਤੋਂ ਬਾਅਦ ਤੀਸਰਾ ਲੰਮਾ ਰਾਗ ਰਾਮਕਲੀ ਹੈ ਅਤੇ ਅਨੰਦੁ, ਰਾਮਕਲੀ ਸਦੁ, ਸਤਾ ਬਲਵੰਡ ਦੀ ਵਾਰ, ਸਿਧ ਗੋਸਟਿ ਅਤੇ ਓਅੰਕਾਰੁ ਆਦਿ ਸਿੱਖ ਦਰਸ਼ਨ ਨੂੰ ਉਜਾਗਰ ਕਰਨ ਵਾਲੀਆਂ ਬਾਣੀਆਂ ਇਸ ਰਾਗ ਵਿਚ ਸੰਕਲਿਤ ਕੀਤੀਆਂ ਗਈਆਂ ਹਨ। ਵਿਅਕਤੀ ਨੇ ਆਪਣੇ ਕੁਕਰਮਾਂ ਅਤੇ ਵੈਚਾਰਿਕ ਵਿਕ੍ਰਤੀਆਂ ਨੂੰ ਲੁਕਾਉਣ ਵਾਸਤੇ ਕਈ ਪ੍ਰਬੰਧ ਕੀਤੇ ਹੋਏ ਹਨ। ਤਿਥਾਂ, ਮਹੂਰਤਾਂ ਅਤੇ ਜੁਗਾਂ ਦੀ ਵੰਡ ਵੀ ਅਜਿਹਾ ਹੀ ਵਿਅਕਤੀ ਰਚਿਤ ਪ੍ਰਬੰਧ ਹੈ ਜਿਸ ਦਾ ਗੁਰੂ ਨਾਨਕ ਸਾਹਿਬ ਰਾਗ ਰਾਮਕਲੀ ਵਿਚ ਖੰਡਨ ਕਰਦੇ ਹਨ ਅਤੇ ਵਿਅਕਤੀ ਨੂੰ ਸਵੈਮਾਨ ਪੂਰਨ ਸੁਤੰਤਰ ਅਤੇ ਸੱਚਾ-ਸੁੱਚਾ ਜੀਵਨ ਜਿਊਣ ਦੀ ਸਲਾਹ ਦਿੰਦੇ ਹਨ। ਗੁਰੂ ਨਾਨਕ ਸਾਹਿਬ ਫ਼ੁਰਮਾਨ ਕਰਦੇ ਹਨ ਕਿ ਸਾਰੇ ਅਖੌਤੀ ਜੁਗਾਂ ਵਿਚ ਉਹੋ ਹੀ ਸੂਰਜ, ਉਹੋ ਹੀ ਚੰਦਰਮਾ ਤੇ ਉਹੋ ਹੀ ਤਾਰੇ, ਪੌਣ, ਪਾਣੀ ਆਦਿ ਹਨ। ਫਿਰ ਇਹ ਸਤਿਜੁਗ ਅਤੇ ਕਲਿਜੁਗ ਦੀ ਮਿਥ ਕੀ ਹੋਈ? ਜੀਵਨ ਦੇ ਸੁਆਰਥ ਅਤੇ ਸ਼ਕਤੀ ਮਿਲਣ 'ਤੇ ਜ਼ੋਰ-ਜ਼ੁਲਮ ਕਰਨਾ ਹੀ ਕਲਿਜੁਗ ਕਿਹਾ ਜਾ ਸਕਦਾ ਹੈ, ਕਲਿਜੁਗ ਕੋਈ ਅਜਿਹਾ ਵਿਅਕਤੀ ਨਹੀਂ ਹੈ ਜਿਹੜਾ ਕਿਸੇ ਖ਼ਾਸ ਦੇਸ ਜਾਂ ਤੀਰਥ 'ਤੇ ਬੈਠਾ ਹੋਇਆ ਦੇਖ ਸਕੀਏ। ਆਚਾਰਨਹੀਨਤਾ ਹੀ ਕਲਿਜੁਗ ਹੈ। ਵਿਦਵਾਨਾਂ ਦੁਆਰਾ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਕਹਿ ਸਕਣ ਦੀ ਹਿੰਮਤ ਨਾ ਹੋਣਾ ਹੀ ਕਲਿਜੁਗ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤਤਕਾਲੀ ਨਿਆਂ-ਪ੍ਰਬੰਧ, ਹਉਮੈ ਭਰਪੂਰ ਸਮਾਜਿਕ ਅਤੇ ਧਾਰਮਿਕ ਜੀਵਨ ਢੰਗਾਂ ਉੱਤੇ ਨਿਧੜਕ ਹੋ ਕੇ ਆਪਣੀ ਟਿੱਪਣੀ ਦਿੰਦੇ ਹਨ:

ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ ॥
ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ ॥੫॥
ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥੬॥ (ਪੰਨਾ ੯੦੩)

ਅਰਥਾਤ ਹੇ ਪੰਡਿਤ! ਕਲਿਜੁਗ ਇਹ ਹੈ ਕਿ ਸ਼ਰ੍ਹਾ ਦੇ ਆਧਾਰ 'ਤੇ ਝਗੜੇ ਨਿਬੇੜਨ ਵਾਲਾ ਕਾਜ਼ੀ ਵੱਢੀ ਦੀ ਕਾਲਖ ਮਲੀ ਬੈਠਾ ਹੈ। ਹਿੰਦੂ ਵਾਸਤੇ ਜਾਦੂ-ਟੂਣੇ ਵਾਲਾ ਅਥਰਵਵੇਦ ਹੀ ਬ੍ਰਹਮਾ ਦੀ ਪ੍ਰਧਾਨ ਬਾਣੀ ਬਣ ਗਿਆ ਹੈ। ਜਿਹੜੀ ਅਧਿਆਤਮਿਕਤਾ ਸਵੈਮਾਨ ਭਰਪੂਰ ਜੀਵਨ ਨਹੀਂ ਦਿੰਦੀ ਉਹ ਵਿਅਰਥ ਹੈ। ਸੰਜਮ ਜੇਕਰ ਉੱਚਾ ਸਚਿਆਰਾ ਆਚਰਨ ਨਹੀਂ ਦਿੰਦਾ ਅਤੇ ਜਨੇਊ ਮਨ ਦੀਆਂ ਚਿੱਤ-ਬਿਰਤੀਆਂ ਨੂੰ ਨਹੀਂ ਬੰਨ੍ਹਦਾ ਤਾਂ ਉਹ ਸਭ ਵਿਆਰਥ ਹਨ। ਹੇ ਪੰਡਿਤ ! ਸਚਿਆਰੇ ਜੀਵਨ ਬਿਨਾਂ ਤੀਰਥੀਂ ਨਹਾਉਣਾ, ਤਿਲਕ ਲਗਾਉਣਾ ਆਦਿ ਕੁਝ ਨਹੀਂ ਸੰਵਾਰ ਸਕਦੇ।

'ਓਅੰਕਾਰੁ' ਬਾਣੀ ਵਿਚ ਗੁਰੂ ਨਾਨਕ ਸਾਹਿਬ ਇਸ ਸਪੱਸ਼ਟਵਾਕਿਤਾ ਅਤੇ ਸੱਚ ਦੀ ਬੇਲਾ ਸੱਚ ਸੁਣਾਉਣ ਨੂੰ ਪੂਰੀ ਤਰ੍ਹਾਂ ਉਚਿਤ ਠਹਿਰਾਉਂਦੇ ਹੋਏ ਸੱਚ ਨੂੰ ਲਾਹੇਵੰਦਾ ਸੌਦਾ ਕਰਾਰ ਦਿੰਦੇ ਹਨ। ਬੇਸ਼ੱਕ ਸੱਚ ਬੋਲਣ ਨਾਲ ਅਖੌਤੀ ਸਨੇਹ ਉਸੇ ਤਰ੍ਹਾਂ ਹੀ ਟੁੱਟ ਜਾਂਦਾ ਹੈ ਜਿਵੇਂ ਬਾਹਾਂ ਨੂੰ ਦੋ ਵਿਪਰੀਤ ਦਿਸ਼ਾਵਾਂ ਵੱਲ ਖਿੱਚੀ ਚਲੇ ਜਾਣ ਨਾਲ ਬਾਂਹ ਨੇ ਟੁੱਟਣਾ ਹੀ ਟੁੱਟਣਾ ਹੁੰਦਾ ਹੈ :

ਟੂਟੈ ਨੇਹੁ ਕਿ ਬੋਲਹਿ ਸਹੀ ॥ ਟੂਟੈ ਬਾਹ ਦੁਹੂ ਦਿਸ ਗਹੀ ॥...
ਲਾਹਾ ਸਾਚੁ ਨ ਆਵੈ ਤੋਟਾ ॥ ਤ੍ਰਿਭਵਣ ਠਾਕੁਰੁ ਪ੍ਰੀਤਮੁ ਮੋਟਾ ॥ (ਪੰਨਾ ੯੩੩)

ਚਿੰਤਾ ਨੂੰ ਅੱਜ-ਕਲ੍ਹ ਦੀ ਬੁੱਧੀਜੀਵੀ ਸ਼੍ਰੇਣੀ ਟੈਨਸ਼ਨ ਦੇ ਨਾਂ ਨਾਲ ਜਾਣਦੀ ਹੈ ਅਤੇ ਇਹ ਟੈਨਸ਼ਨ ਹੁੰਦੀ ਵੀ ਬਹੁਤੀ ਬੁੱਧੀਜੀਵੀਆਂ ਨੂੰ ਹੀ ਹੈ। ਆਪਣੀ ਇੱਜ਼ਤ ਦੀ ਚਿੰਤਾ ਅਤੇ ਦੂਜੇ ਦੀ ਆਲੋਚਨਾ ਕਰਨ ਦੀ ਚਿੰਤਾ ਜਿੰਨੀ ਬੁੱਧੀਜੀਵੀ ਨੂੰ ਹੁੰਦੀ ਹੈ, ਉਨੀ ਸ਼ਾਇਦ ਹੋਰ ਕਿਸੇ ਨੂੰ ਨਹੀਂ ਹੁੰਦੀ। ਅਜੋਕੇ ਬੁੱਧੀਜੀਵੀ ਨੂੰ ਸੂਚਨਾ ਪ੍ਰਸਾਰਣ ਦੀ ਟੈਕਨਾਲੋਜੀ ਦੇ ਫ਼ਲਸਰੂਪ ਦਿਮਾਗ਼ ਖ਼ਰਾਬ ਕਰ ਦੇਣ ਦੀ ਹੱਦ ਤਕ ਸੂਚਨਾਵਾਂ ਦਾ ਇਕੱਠ ਸਾਂਭੀ ਫਿਰਨਾ ਪੈ ਰਿਹਾ ਹੈ ਅਤੇ ਇਹ ਇਕੱਠ ਦਿਨ ਦੂਣਾ ਰਾਤ ਚੌਗੁਣਾ ਵਧਦਾ ਜਾ ਰਿਹਾ ਹੈ। ਸੂਚਨਾਵਾਂ ਦੇ ਅੰਬਾਰ ਨੂੰ ਕਿਵੇਂ ਧਨ ਵਿਚ ਤਬਦੀਲ ਕਰਨਾ ਹੈ, ਇਹ ਚਿੰਤਾ ਬੁੱਧੀਜੀਵੀਆਂ ਦੀ ਹੈ। ਇਸ ਸਾਰੇ ਘੋੜ-ਦੌੜ ਵਿਚ ਮਨ ਦੇ ਜੋਤਿ-ਸਰੂਪੀ ਪੱਖ ਅਤੇ ਅਧਿਆਤਮਿਕ ਜੀਵਨ ਦੇ ਸਹਿਜ-ਸੁਭਾਅ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਜਾ ਰਿਹਾ ਹੈ। ਮਾਰੂ ਰਾਗ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਅੱਜ ਦੀ ਸਥਿਤੀ ਨੂੰ ਲਗਭਗ ਚਾਰ ਸੌ ਸਾਲ ਪਹਿਲਾਂ ਹੀ ਭਾਂਪ ਲਿਆ ਸੀ ਅਤੇ ਬਾਣੀ ਵਿਚ ਦਰਜ ਕੀਤਾ ਸੀ, 'ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥ ਜਿਸੁ ਗ੍ਰਿਹ ਥੋਰੀ ਸੁ ਫਿਰੈ ਭ੍ਰਮੰਤਾ॥' (ਪੰਨਾ ੧੦੧੯) 'ਓਅੰਕਾਰੁ' ਬਾਣੀ ਬੁੱਧੀਜੀਵੀ ਪੰਡਤ ਸਮਾਜ ਦੀ ਚਿੰਤਾ ਦੀ ਸਮੱਸਿਆ ਨੂੰ ਸਿੱਧਾ ਹੱਥ ਪਾਉਂਦੀ ਹੈ ਅਤੇ ਇਸ ਚਿੰਤਾ ਦੇ ਕਾਰਨਾਂ ਨੂੰ ਘੋਖਦੀ ਹੈ। ਸੰਸਾਰਕ ਰੁਝੇਵਿਆਂ-ਉਲਝੇਵਿਆਂ ਵਿਚ ਫਸ ਕੇ ਵਿਅਕਤੀ ਕੇਵਲ ਆਪਣੇ ਲਾਭ 'ਤੇ ਕੇਂਦਰਿਤ ਉਹ ਮਜ਼ਦੂਰ ਬਣ ਕੇ ਰਹਿ ਗਿਆ ਹੈ ਜਿਹੜਾ ਹੱਥ ਵਿਚਲੇ ਕੰਮ ਨੂੰ ਇਕ ਵੰਗਾਰ ਦੀ ਤਰ੍ਹਾਂ ਕਰਨ ਦਾ

ਆਦੀ ਹੋ ਗਿਆ ਹੈ।

ਲਾਹੇ ਕਾਰਣਿ ਆਇਆ ਜਗਿ॥ ਹੋਇ ਮਜੂਰੁ ਗਇਆ ਠਗਾਇ ਠਗਿ॥ (ਪੰਨਾ ੯੩੧)

ਲਾਹਾ ਤਾਂ ਉਸ ਨੇ ਜੀਵਨ ਰੌਂਅ ਦੇ ਮੂਲ ਪਰਮਾਤਮਾ ਅਤੇ ਉਸ ਦੀ ਸ੍ਰਿਸ਼ਟੀ ਨਾਲ ਇਕਸੁਰ ਹੋ ਕੇ ਖੱਟਣਾ ਸੀ ਪਰ ਉਹ ਅਵਰ ਕਾਜ ਵਿਚ ਉਲਝ ਕੇ ਰਹਿ ਗਿਆ ਹੈ। ਇਸ ਉਲਝਾਅ ਦਾ ਕਾਰਨ ਉਸ ਦੇ ਕਾਮ, ਕ੍ਰੋਧ, ਅਹੰਕਾਰ ਦੀ ਕੋਈ ਸੀਮਾ ਨਾ ਹੋਣਾ ਹੈ। ਪੰਜਾਂ ਵਿਕਾਰਾਂ ਵਿਚੋਂ ਕਾਮ, ਕ੍ਰੋਧ, ਲੋਭ, ਮੋਹ ਆਦਿ ਦੀ ਤਾਂ ਸ਼ਾਇਦ ਥੋੜ੍ਹੀ ਬਹੁਤ ਉਚਿਤਤਾ (justification) ਜੀਵਨ ਲਈ ਬਣ ਸਕਦੀ ਹੋਵੇ ਪਰ ਹੰਕਾਰ ਦਾ ਔਚਿਤਯ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਹੁੰਦਾ। ਮਾੜੇ ਚੰਗੇ ਦੋਵੇਂ ਤਰ੍ਹਾਂ ਦੇ ਕੰਮਾਂ ਦਾ ਹੰਕਾਰ ਵਿਅਕਤੀ ਲਈ ਵਿਨਾਸ਼ਕਾਰੀ ਹੀ ਹੁੰਦਾ ਹੈ:

ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥...
ਜਗਤੁ ਪਸੂ ਅਹੰ ਕਾਲੁ ਕਸਾਈ ॥ ਕਰਿ ਕਰਤੈ ਕਰਣੀ ਕਰਿ ਪਾਈ ॥ (ਪੰਨਾ ੯੩੨)

ਵਿਅਕਤੀ ਜੇ ਚਿੰਤਾ-ਮੁਕਤ ਹੋਣਾ ਚਾਹੁੰਦਾ ਹੈ ਤਾਂ ਆਪਣੇ ਕੁਕਰਮਾਂ ਦਾ ਦੋਸ਼ ਦੂਜਿਆਂ ਦੇ ਸਿਰ ਮੜ੍ਹਨ ਦੀ ਬਜਾਏ ਉਸ ਨੂੰ ਆਪਣੇ ਮਾੜੇਪਨ ਪ੍ਰਤੀ ਖ਼ੁਦ ਚੇਤੰਨ ਹੋਣਾ ਪਵੇਗਾ ਅਤੇ ਬੰਧਨਾਂ, ਆਪਣੇ ਪ੍ਰਤੀ ਵਹਿਮਾਂ ਤੋਂ ਮੁਕਤ ਹੋ ਕੇ ਸਨਮਾਨ ਪੂਰਬਕ ਨਿੱਜ ਘਰ ਜਾਣ ਦੀ ਜੀਵਨ-ਜੁਗਤਿ ਸਿੱਖਣੀ ਪਵੇਗੀ:

ਚਿੰਤਤ ਹੀ ਦੀਸੈ ਸਭੁ ਕੋਇ ॥ ਚੇਤਹਿ ਏਕੁ ਤਹੀ ਸੁਖੁ ਹੋਇ ॥
ਚਿਤਿ ਵਸੈ ਰਾਚੈ ਹਰਿ ਨਾਇ ॥ ਮੁਕਤਿ ਭਇਆ ਪਤਿ ਸਿਉ ਘਰਿ ਜਾਇ ॥ (ਪੰਨਾ ੯੩੨)

ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਬਾਣੀਆਂ ਵਿਚ ਆਦਰਸ਼ਕ ਮਨੁੱਖ ਗੁਰਮੁਖ, ਆਦਰਸ਼ਕ ਬ੍ਰਾਹਮਣ, ਖੱਤਰੀ, ਜੋਗੀ ਆਦਿ ਨੂੰ ਆਪਣੇ ਚਿੰਤਨ ਦਾ ਵਿਸ਼ਾ ਬਣਾਇਆ ਹੈ, ਉਸੇ ਤਰ੍ਹਾਂ ਹੀ 'ਓਅੰਕਾਰੁ' ਬਾਣੀ ਵਿਚ ਆਦਰਸ਼ਕ ਪੰਡਤ ਅਰਥਾਤ ਬੁੱਧੀਜੀਵੀ ਦਾ ਚਿੱਤਰ ਪ੍ਰਸਤੁਤ ਕੀਤਾ ਗਿਆ ਹੈ। ਵਾਸਤਵਿਕ ਪੜ੍ਹਿਆ-ਲਿਖਿਆ ਵਿਅਕਤੀ ਉਹ ਹੈ ਜਿਹੜਾ ਸਹਿਜ ਵਿਚ ਰਹਿ ਕੇ ਵਿਦਿਆ ਵਿਚਾਰਦਾ ਹੈ, ਅਸਲੀਅਤ ਉੱਤੇ ਪਾਏ ਪਰਦਿਆਂ ਨੂੰ ਸੋਧਦਾ ਹੈ, ਵਿਦਿਆ ਨੂੰ ਵੇਚਦਾ ਨਹੀਂ, ਰਾਮ ਨਾਮ ਦੇ ਸਾਰ-ਤੱਤ ਨੂੰ ਮਨ ਵਿਚ ਆਪ ਵੀ ਧਾਰਨ ਕਰਦਾ ਹੈ ਅਤੇ ਜਗਿਆਸੂਆਂ ਨੂੰ ਵੀ ਧਾਰਨ ਕਰਵਾਉਂਦਾ ਹੈ। ਮਨ ਦੀ ਪੱਟੀ ਨੂੰ ਸੱਚ ਦੀ ਪੱਟੀ ਬਣਾਉਂਦਾ ਹੈ ਅਤੇ ਉਸ ਉਪਰ ਸੱਚ ਦਾ ਹੀ ਸਬਕ ਲਿਖਦਾ ਅਤੇ ਸਿਖਾਉਂਦਾ ਹੈ:

ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ ॥
ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ ॥ (ਪੰਨਾ ੯੩੮)

(11/2008)

ਓਅੰਕਾਰੁ ਬਾਣੀ ਵਿਚ ਅਧਿਆਪਕ ਵਰਗ ਲਈ ਪ੍ਰਾਪਤ ਸੇਧਾਂ

ਗੁਰਬਾਣੀ ਮਨੁੱਖਾ ਜੀਵਨ ਨੂੰ ਸਰਬਪੱਖੀ ਸੇਧ ਦਿੰਦੀ ਹੈ। ਇਸ ਦੀ ਸਰਬ-ਕਲਿਆਣਕਾਰੀ ਵਿਚਾਰਧਾਰਾ ਦਾ ਮੂਲ ਮੁੱਦਾ ਰੂਹਾਨੀ ਤੇ ਇਖ਼ਲਾਕੀ ਤੌਰ 'ਤੇ ਇਕ ਨਰੋਏ ਮਨੁੱਖ (ਭਾਵ ਸਚਿਆਰ ਜਾਂ ਗੁਰਮੁਖ) ਦੀ ਘਾੜਤ ਘੜਨਾ ਹੈ ਤਾਂ ਜੋ ਇਕ ਸੁਚੱਜੇ ਤੇ ਨਰੋਏ ਸਮਾਜ ਦਾ ਨਿਰਮਾਣ ਹੋ ਸਕੇ। ਸਮੁੱਚੀ ਗੁਰਬਾਣੀ ਦੀ ਤਰ੍ਹਾਂ 'ਓਅੰਕਾਰੁ' ਬਾਣੀ ਦਾ ਉਦੇਸ਼ ਇਹੋ ਹੀ ਹੈ। ਇਕ ਸੁਚੱਜੇ ਸਮਾਜ ਦੀ ਘਾੜਤ ਲਈ ਗਿਆਨਵਾਨਾਂ ਦੀ ਭੂਮਿਕਾ ਨੂੰ ਅਹਿਮ ਜਾਣਦਿਆਂ 'ਓਅੰਕਾਰੁ' ਬਾਣੀ ਪੜ੍ਹੇ-ਲਿਖੇ ਵਰਗ ਨੂੰ ਸੰਬੋਧਿਤ ਹੈ, ਵਿਸ਼ੇਸ਼ ਤੌਰ 'ਤੇ ਅਧਿਆਪਕ ਵਰਗ ਨੂੰ। ਵਿਦਿਆ-ਦਾਤਾ ਵਜੋਂ ਜਾਣੇ ਜਾਂਦੇ ਅਧਿਆਪਕ (ਪਾਂਧੇ ਜਾਂ ਪਾਂਡੇ) ਦੀ ਜ਼ਿੰਮੇਵਾਰੀ ਨਿਰਧਾਰਿਤ ਕਰਦੇ ਹੋਏ ਗੁਰੂ ਨਾਨਕ ਸਾਹਿਬ 'ਓਅੰਕਾਰੁ' ਬਾਣੀ ਵਿਚ ਪਰਮਾਤਮਾ ਦੇ ਸੱਚ-ਨਾਮ ਦੀ ਪੱਟੀ ਲਿਖਣ ਦਾ ਸੰਦੇਸ਼ ਦਿੰਦੇ ਹਨ:

ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ॥
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥ (ਪੰਨਾ ੯੩੦)
ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ ॥
ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ ॥ (ਪੰਨਾ ੯੩੮)

ਗੁਰਬਾਣੀ ਅਨੁਸਾਰ ਪਰਮਾਤਮਾ ਦਾ ਮੂਲ ਸਰੂਪ ਸੱਚ ਹੈ ਜੋ ਕਿ ਸਰਬ-ਗੁਣ ਸੰਪੰਨ (ਗੁਣੀ ਨਿਧਾਨ) ਹਸਤੀ ਹੈ। 'ਜੈਸਾ ਸੇਵੈ ਤੈਸੋ ਹੋਇ' ਦੇ ਗੁਰਮਤਿ ਸਿਧਾਂਤ ਅਨੁਸਾਰ 'ਸੱਚ' ਸਰੂਪ ਰੱਬੀ ਹਸਤੀ ਦਾ ਸਿਮਰਨ ਕਰਨ ਵਾਲਾ ਮਨੁੱਖ ਸੁਭਾਵਿਕ ਹੀ ਗੁਣਵਾਨ ਬਣ ਜਾਂਦਾ ਹੈ। 'ਓਅੰਕਾਰੁ' ਬਾਣੀ ਵਿਚ ਇਸ ਸਿਧਾਂਤ ਦੀ ਪ੍ਰੋੜ੍ਹਤਾ ਕਰਦਿਆਂ ਗੁਣੀ-ਨਿਧਾਨ ਦੇ ਗੁਣਾਂ ਦੀ ਵਿਚਾਰ ਕਰਨ ਦੀ ਭਰਪੂਰ ਪ੍ਰੇਰਨਾ ਦਿੱਤੀ ਗਈ ਹੈ। ਕਈ ਵਾਰ ਗੁਣਹੀਣ ਮਨੁੱਖ ਪੜ੍ਹ-ਲਿਖ ਕੇ ਗਿਆਨਵਾਨ ਹੋਣ ਦਾ ਭਰਮ ਪਾਲ ਬੈਠਦਾ ਹੈ, ਪਰ 'ਓਅੰਕਾਰੁ' ਬਾਣੀ ਅਨੁਸਾਰ ਗੁਣਾਂ ਦੀ ਵਿਚਾਰ ਕਰਨ ਵਾਲਾ ਮਨੁੱਖ ਹੀ ਗਿਆਨੀ ਹੁੰਦਾ ਹੈ ਕਿਉਂਕਿ ਸੱਚਾ ਗਿਆਨ ਗੁਣਾਂ ਵਿਚੋਂ ਹੀ ਪ੍ਰਾਪਤ ਹੋ ਸਕਦਾ ਹੈ। ਇਹ ਵੀ ਸੱਚ ਹੈ ਕਿ ਪੜ੍ਹ-ਲਿਖ ਕੇ ਅੱਖਰ-ਗਿਆਨ ਦੇਣ ਵਾਲੇ ਸਮਾਜ ਵਿਚ ਬੇਸ਼ੁਮਾਰ ਹੁੰਦੇ ਹਨ ਜਦੋਂ ਕਿ ਸੱਚੇ-ਸੁੱਚੇ ਕਿਰਦਾਰ ਦਾ ਮਾਲਕ, ਗੁਣਾਂ ਦੀ ਦਾਤ ਵੰਡਣ ਵਾਲਾ ਸਮਾਜ 'ਚੋਂ ਵਿਰਲਾ ਹੀ ਲੱਭਦਾ ਹੈ:

ਗੁਣ ਵੀਚਾਰੇ ਗਿਆਨੀ ਸੋਇ ॥ ਗੁਣ ਮਹਿ ਗਿਆਨੁ ਪਰਾਪਤਿ ਹੋਇ ॥

ਗੁਣਦਾਤਾ ਵਿਰਲਾ ਸੰਸਾਰਿ ॥ ਸਾਚੀ ਕਰਣੀ ਗੁਰ ਵੀਚਾਰਿ ॥ (ਪੰਨਾ ੯੩੧)

ਇਕ ਸੁਚੱਜੇ ਸਮਾਜ ਦੇ ਨਿਰਮਾਣ ਲਈ ਵਿਦਿਆ ਦਾ ਪ੍ਰਸਾਰ ਬਹੁਤ ਹੀ ਜ਼ਰੂਰੀ ਸਮਝਿਆ ਗਿਆ ਹੈ। ਸੱਚੀ ਵਿਦਿਆ ਉਹੋ ਹੈ ਜੋ ਵਿਦਿਆਰਥੀ ਦੇ ਮਨ 'ਚੋਂ ਭਰਮ ਤੇ ਅਗਿਆਨਤਾ ਦਾ ਹਨੇਰਾ ਦੂਰ ਕਰ ਕੇ ਸੱਚ, ਗਿਆਨ ਅਤੇ ਵਿਵੇਕ ਦਾ ਪ੍ਰਕਾਸ਼ ਕਰੇ। ਇਹ ਤਦ ਹੀ ਸੰਭਵ ਹੋ ਸਕਦਾ ਹੈ ਜੇ ਵਿਦਿਆ ਪੜ੍ਹਾਉਣ ਵਾਲੇ ਗੁਣਵਾਨ ਹੋਣ। ਨਿਰਸੰਦੇਹ ਗੁਣਹੀਣ ਅਤੇ ਅਗਿਆਨੀ ਅਧਿਆਪਕ ਤੋਂ ਪੜ੍ਹੇ ਹੋਏ ਵਿਦਿਆਰਥੀ ਸਮਾਜ ਦੇ ਚੰਗੇ ਨਾਗਰਿਕ ਨਹੀਂ ਬਣ ਸਕਦੇ। 'ਓਅੰਕਾਰੁ' ਬਾਣੀ ਅਨੁਸਾਰ ਉਸੇ ਅਧਿਆਪਕ ਨੂੰ ਗੁਰਮੁਖ ਭਾਵ ਗੁਣਵਾਨ ਮੰਨਿਆ ਜਾ ਸਕਦਾ ਹੈ ਜੋ ਆਪਣੇ ਵਿਦਿਆਰਥੀਆਂ ਨੂੰ 'ਸੱਚ' ਗਿਆਨ ਦਾ ਖ਼ਜ਼ਾਨਾ ਇਕੱਤਰ ਕਰਨ ਦੀ ਸਿੱਖਿਆ ਦਿੰਦਾ ਹੈ:

ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ ॥
ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ ॥ (ਪੰਨਾ ੯੩੮)

ਇੰਜ ਜਿਥੇ ਗੁਰਮੁਖ ਅਧਿਆਪਕ ਵਿਦਿਆਰਥੀ ਨੂੰ ਗੁਣ ਗ੍ਰਹਿਣ ਕਰਨ ਦੀ ਸਿੱਖਿਆ ਦਿੰਦਾ ਹੈ ਉਥੇ ਮਨਮੁਖ ਵਿਦਿਆ ਨੂੰ ਕੇਵਲ ਮਾਤਰ ਕਮਾਈ ਦਾ ਸਾਧਨ ਸਮਝਦਾ ਹੈ। ਵਿਦਿਆਰਥੀਆਂ ਨੂੰ ਸੱਚ ਦੇ ਵਪਾਰੀ ਬਣਾਉਣ ਵਾਲਾ ਅਧਿਆਪਕ ਆਪਣਾ ਅਸਲ ਕਰਤੱਵ ਭੁੱਲ ਕੇ ਜੇ ਵਿਦਿਆ ਨੂੰ ਵਪਾਰ ਸਮਝ ਲਵੇ ਤਾਂ ਗੁਰੂ ਨਾਨਕ ਸਾਹਿਬ ਦੀਆਂ ਨਜ਼ਰਾਂ ਵਿਚ ਉਹ ਮਨਮੁਖ ਹੈ ਅਤੇ ਮੂਰਖ ਵੀ ਕਿਉਂਕਿ ਉਹ ਸੱਚੀ ਵਿਦਿਆ ਦੀ ਅਸਲ ਕੀਮਤ ਤੋਂ ਅਣਜਾਣ ਹੈ। ਓਅੰਕਾਰੁ ਬਾਣੀ ਵਿਚ ਆਪ ਜੀ ਦਾ ਕਥਨ ਹੈ:

ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ ॥
ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ ॥ (ਪੰਨਾ ੯੩੮)

ਗੁਰੂ ਨਾਨਕ ਸਾਹਿਬ ਤਤਕਾਲੀ ਅਧਿਆਪਕ ਵਰਗ (ਪਾਂਧਿਆਂ) ਦੇ ਕਿਰਦਾਰ ਤੋਂ ਭਲੀ-ਭਾਤ ਵਾਕਫ਼ ਸਨ ਅਤੇ ਇਸੇ ਲਈ ਉਹ 'ਓਅੰਕਾਰੁ' ਬਾਣੀ ਵਿਚ ਅਧਿਆਪਕ ਵਰਗ ਨੂੰ ਸੰਬੋਧਨ ਹੋ ਰਹੇ ਹਨ। 'ਓਅੰਕਾਰੁ' ਬਾਣੀ ਦੀ ਸਿੱਖਿਆ ਦਾ ਕੇਂਦਰੀ ਨੁਕਤਾ ਇਹੋ ਹੈ ਕਿ ਅਧਿਆਪਕ ਵਿਦਿਆਰਥੀਆਂ ਨੂੰ ਫ਼ਜ਼ੂਲ ਗੱਲਾਂ ਪੜ੍ਹਾਉਣ ਜਾਂ ਉਲਝਣਾਂ ਵਿਚ ਪਾਉਣ ਦੀ ਥਾਂ ਉਹਨਾਂ ਦੇ ਮਨ ਦੀ ਪੱਟੀ 'ਤੇ ਸੱਚ ਨਾਮ ਦੀ ਪੜ੍ਹਾਈ ਲਿਖਣ ਦਾ ਕਰਤੱਵ ਨਿਭਾਵੇ:

ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ॥
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥ (ਪੰਨਾ ੯੩੦)

ਗੁਰੂ ਨਾਨਕ ਸਾਹਿਬ ਦੀਆਂ ਨਜ਼ਰਾਂ ਵਿਚ ਸਿਆਣਾ ਜਾਂ ਵਿਦਵਾਨ ਅਧਿਆਪਕ ਉਹੀ ਹੈ ਜਿਹੜਾ ਸਹਿਜ ਨਾਲ ਵਿਦਿਆ ਦਾ ਡੂੰਘਾ ਅਧਿਐਨ ਕਰਦਾ ਹੈ ਅਤੇ ਬਿਬੇਕ ਬੁੱਧੀ ਦੁਆਰਾ ਵਿਦਿਆ ਸੰਬੰਧੀ ਭਰਮਾਂ ਨੂੰ ਸੋਧ ਕੇ ਅਸਲੀਅਤ ਦੀ ਪਛਾਣ ਕਰਨੀ/ਕਰਾਉਣੀ ਜਾਣਦਾ ਹੈ:

ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ ॥
ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ ॥ (ਪੰਨਾ ੯੩੭-੩੮)

ਸਮਾਜ ਦੀ ਬਿਹਤਰੀ ਲਈ ਇਕ ਗੁਣਵਾਨ ਵਿਦਿਆਦਾਤ ਹਮੇਸ਼ਾ ਸੱਚੀ ਸਿੱਖਿਆ ਦੇਵੇਗਾ ਤਾਂ ਜੋ ਵਿਦਿਆ ਗ੍ਰਹਿਣ ਕਰਨ ਵਾਲਾ ਆਪਣੀ ਸ਼ਖ਼ਸੀਅਤ ਨੂੰ 'ਸੱਚ' ਦੇ ਸੰਚੇ ਵਿਚ ਘੜ ਸਕੇ। 'ਓਅੰਕਾਰੁ' ਬਾਣੀ ਵਿਚ ਗੁਰੂ ਨਾਨਕ ਸਾਹਿਬ ਖ਼ੁਦ ਇਕ ਆਦਰਸ਼ਕ ਵਿਦਿਆਦਾਤੇ ਵਜੋਂ

ਆਪਣੇ ਸਿੱਖ (ਵਿਦਿਆਰਥੀ) ਨੂੰ 'ਸੱਚ' ਦਾ ਉਪਦੇਸ਼ ਦੇ ਰਹੇ ਹਨ। ਉਦਾਹਰਣ ਵਜੋਂ ਕੁਝ ਕਥਨ ਇਸ ਤਰ੍ਹਾਂ ਹਨ:

ਧਨ ਇਕੱਠਾ ਕਰਨ ਵਾਲੇ ਮਾਇਆਧਾਰੀਆਂ ਨੂੰ:

ਸੁਇਨਾ ਰੁਪਾ ਸੰਚੀਐ ਧਨੁ ਕਾਚਾ ਬਿਖੁ ਛਾਰੁ ॥
ਸਾਹੁ ਸਦਾਏ ਸੰਚਿ ਧਨੁ ਦੁਬਿਧਾ ਹੋਇ ਖੁਆਰੁ ॥
ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ ॥
ਹਰਿ ਨਿਰਮਾਇਲੁ ਊਜਲੋ ਪਤਿ ਸਾਚੀ ਸਚੁ ਬੋਲੁ ॥ (ਪੰਨਾ ੯੩੭)

ਮੰਦਾ ਬੋਲਣ ਵਾਲਿਆਂ ਨੂੰ:

ਟੂਟਿ ਪਰੀਤਿ ਗਈ ਬੁਰ ਬੋਲਿ ॥ ਦੁਰਮਤਿ ਪਰਹਰਿ ਛਾਡੀ ਢੋਲਿ ॥
ਟੂਟੈ ਗੰਠਿ ਪੜੈ ਵੀਚਾਰਿ ॥ ਗੁਰ ਸਬਦੀ ਘਰਿ ਕਾਰਜੁ ਸਾਰਿ ॥ (ਪੰਨਾ ੯੩੩)

ਝਗੜਾ ਕਰਨ ਵਾਲਿਆਂ ਨੂੰ:

ਝਖਿ ਬੋਲਣੁ ਕਿਆ ਜਗ ਸਿਉ ਵਾਦੁ ॥ ਝੂਰਿ ਮਰੈ ਦੇਖੈ ਪਰਮਾਦੁ ॥ (ਪੰਨਾ ੯੩੩)

ਕੱਚੇ ਗੁਰੂਆਂ ਦੇ ਚੇਲਿਆਂ ਨੂੰ:

ਕੇਤੇ ਗੁਰ ਚੇਲੇ ਫੁਨਿ ਹੂਆ ॥ ਕਾਚੇ ਗੁਰ ਤੇ ਮੁਕਤਿ ਨ ਹੂਆ ॥ (ਪੰਨਾ ੯੩੨)

ਕਾਮੀਆਂ, ਕ੍ਰੋਧੀਆਂ ਨੂੰ:

ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥ (ਪੰਨਾ ੯੩੨)

ਆਚਰਣਹੀਣ ਮਨੁੱਖਾਂ ਨੂੰ:

ਕਰਿ ਆਚਾਰੁ ਸਚੁ ਸੁਖੁ ਹੋਈ॥ (ਪੰਨਾ ੯੩੧)

ਜੇਕਰ ਅੱਜ ਸਭਿਅਕ ਸਮਝੇ ਜਾ ਰਹੇ ਸਮਾਜ ਅੰਦਰ ਵੀ ਭ੍ਰਿਸ਼ਟਾਚਾਰ, ਕਲਹ-ਕਲੇਸ਼, ਮਾਨਸਿਕ ਉਲਝਣਾਂ, ਵਿਕਾਰ ਅਤੇ ਹੋਰ ਬੁਰਾਈਆਂ ਦਾ ਵਰਤਾਰਾ ਵਰਤ ਰਿਹਾ ਹੈ ਤਾਂ ਸਮਝਣਾ ਔਖਾ ਨਹੀਂ ਕਿ ਅਜੋਕਾ ਵਿਦਿਅਕ ਢਾਂਚਾ ਬੁਨਿਆਦੀ ਕਦਰਾਂ-ਕੀਮਤਾਂ ਤਿਆਗ ਕੇ ਗੁਣਹੀਣਤਾ ਅਤੇ ਗਿਆਨਹੀਣਤਾ ਦਾ ਸ਼ਿਕਾਰ ਹੋ ਚੁੱਕਾ ਹੈ। ਕਹਿਣ ਤੋਂ ਭਾਵ ਬੌਧਿਕ ਅਤੇ ਨੈਤਿਕ ਕੰਗਾਲੀ ਦਾ ਸ਼ਿਕਾਰ ਹੋ ਚੁੱਕੀ ਅਜੋਕੀ ਵਿਦਿਅਕ ਪ੍ਰਣਾਲੀ ਸਮਾਜ ਦਾ ਸਹੀ ਮਾਰਗ-ਦਰਸ਼ਨ ਕਰਨ ਦੇ ਸਮਰੱਥ ਨਹੀਂ ਰਹੀ। ਅੱਜ ਦਾ ਅਧਿਆਪਕ ਵਰਗ ਆਪਣੇ ਹੱਕਾਂ ਪ੍ਰਤੀ ਹੱਦੋਂ ਵੱਧ ਚੇਤਨ ਹੈ ਪਰ ਆਪਣੇ ਫ਼ਰਜ਼ਾਂ ਪ੍ਰਤੀ ਓਨਾ ਹੀ ਲਾਪ੍ਰਵਾਹ। ਵਿਰਲੇ ਗੁਣਵਾਨ ਅਧਿਆਪਕਾਂ ਨੂੰ ਛੱਡ ਦੇਈਏ ਤਾਂ ਬਹੁਗਿਣਤੀ ਅਧਿਆਪਕ ਤਬਕੇ ਨੇ ਵਿਦਿਆ ਨੂੰ ਰੋਜ਼ੀ-ਰੋਟੀ ਦਾ ਸਾਧਨ ਹੀ ਸਮਝਿਆ ਹੋਇਆ ਹੈ। ਜਿੰਨੀ ਦਿਲਚਸਪੀ ਉਸ ਨੂੰ ਆਪਣੀ ਤਨਖ਼ਾਹ ਵਧਾਉਣ ਵਿਚ ਹੈ, ਓਨੀ ਵਿਦਿਆਰਥੀਆਂ ਨੂੰ ਸਹੀ ਗਿਆਨ ਪ੍ਰਦਾਨ ਕਰਨ ਵਿਚ ਨਹੀਂ। ਸਮਾਜ ਨੂੰ ਸੁਚੱਜੇ ਢੰਗ ਨਾਲ ਘੜਨ ਵਿਚ ਅਧਿਆਪਕ ਦੀ ਉਸਾਰੂ ਭੂਮਿਕਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਬਸ਼ਰਤੇ ਅਧਿਆਪਕ ਵਰਗ ਆਪਣੇ ਫ਼ਰਜ਼ਾਂ ਤੋਂ ਸੁਚੇਤ ਹੋ ਕੇ ਕਾਰਜਸ਼ੀਲਤਾ ਨੂੰ ਕਾਇਮ ਰੱਖੇ।

ਸੋ 'ਓਅੰਕਾਰੁ' ਬਾਣੀ ਦਾ ਮਹੱਤਵ ਭਾਵੇਂ ਬਹੁਪੱਖੀ ਹੈ ਪਰ ਵਿਸ਼ੇਸ਼ ਮਹੱਤਵ ਵਿਦਿਆ ਪ੍ਰਣਾਲੀ ਨੂੰ ਰੂਹਾਨੀ ਤੇ ਨੈਤਿਕ ਸੇਧ ਦੇਣ ਵਜੋਂ ਰੂਪਮਾਨ ਹੁੰਦਾ ਹੈ। ਇਸ ਬਾਣੀ ਵਿਚ ਗੁਰੂ ਨਾਨਕ ਸਾਹਿਬ ਨੇ ਜਿਥੇ ਅਗਿਆਨਤਾ ਦੇ ਹਨੇਰੇ ਵਿਚ ਭਟਕ ਰਹੀ ਲੋਕਾਈ ਨੂੰ ਗਿਆਨ ਦੇ

ਵਿਚਾਰ-ਪੰਧ 'ਤੇ ਚੱਲਣ ਦਾ ਸੁਨੇਹਾ ਦਿੱਤਾ ਹੈ ਉਥੇ ਅਧਿਆਪਕ ਵਰਗ ਨੂੰ ਸਮਾਜ ਦਾ ਅਹਿਮ ਅੰਗ ਸਵੀਕਾਰਦਿਆਂ ਉਸ ਦੇ ਗੁਣਵਾਨ ਹੋਣ ਦੀ ਤਵੱਕੋ ਕੀਤੀ ਹੈ। ਇਸ ਦੇ ਨਾਲ ਹੀ ਉਹਨਾਂ ਅਧਿਆਪਕ ਵਰਗ ਨੂੰ ਵਿਦਿਆਰਥੀਆਂ ਦੇ ਮਨ ਦੀ ਪੱਟੀ 'ਤੇ ਰੂਹਾਨੀ ਗੁਣਾਂ ਦੀ ਪੜ੍ਹਾਈ ਲਿਖਣ ਦੀ ਤਾਕੀਦ ਵੀ ਕੀਤੀ ਹੈ। ਮੁੱਕਦੀ ਗੱਲ ਇਕ ਨਰੋਏ ਸਮਾਜ ਦੇ ਨਿਰਮਾਣ ਲਈ ਗੁਰਮਤਿ ਦੀ ਦਿਸ਼ਾ-ਸੇਧ ਵਿਚ ਇਕ ਆਦਰਸ਼ਕ ਵਿਦਿਅਕ ਪ੍ਰਣਾਲੀ ਦੀ ਰੂਪ-ਰੇਖਾ ਕਿਹੋ ਜਿਹੀ ਹੋ ਸਕਦੀ ਹੈ, ਇਸ ਬਾਰੇ 'ਓਅੰਕਾਰੁ' ਬਾਣੀ ਵਿਚ ਕਈ ਬੁਨਿਆਦੀ ਸੰਕੇਤ ਜਾਂ ਨੁਕਤੇ ਉਪਲਬਧ ਹੁੰਦੇ ਹਨ।

ਹਵਾਲੇ ਅਤੇ ਟਿੱਪਣੀਆਂ

1. *ਗੁਰੂ ਗ੍ਰੰਥ ਸੰਕੇਤ ਕੋਸ਼*, ਪ੍ਰੋ. ਪਿਆਰਾ ਸਿੰਘ ਪਦਮ।
2. *ਗੁਰੂ ਨਾਨਕ ਚਿੰਤਨ ਤੇ ਕਲਾ*, ਡਾ. ਤਾਰਨ ਸਿੰਘ।
3. *ਗੁਰੂ ਨਾਨਕ ਦੇਵ ਜੀ ਦੀਆਂ ਬਾਣੀਆਂ ਦਾ ਦਾਰਸ਼ਨਿਕ ਅਧਿਐਨ*, ਡਾ. ਜਸਵਿੰਦਰ ਕੌਰ (ਢਿੱਲੋਂ)।
4. *ਦਖਣੀ ਓਅੰਕਾਰੁ : ਇਕ ਅਧਿਐਨ*, ਸ੍ਰੀਮਤੀ ਅਨੂਪ ਕੌਰ (ਬਾਂਸਲ)।
5. *ਨਾਨਕ ਬਾਣੀ ਚਿੰਤਨ*, ਡਾ. ਵਜ਼ੀਰ ਸਿੰਘ
6. *ਮਹਾਨ ਕੋਸ਼*, ਭਾਈ ਕਾਨ੍ਹ ਸਿੰਘ ਨਾਭਾ।

(11/2008)

ਬਾਬੇ ਕੀਤੀ ਸਿਧ ਗੋਸਟਿ

ਗੋਸ਼ਟਿ ਦਾ ਸ਼ਬਦੀ ਅਰਥ ਹੈ—ਬਹਿਸ ਜਾਂ ਵਿਚਾਰ-ਚਰਚਾ। ਇਹ ਇਕ ਪ੍ਰਾਚੀਨ ਸਾਹਿਤ-ਰੂਪ ਹੈ ਜਿਸ ਵਿਚ ਕੋਈ ਮਸਲਾ ਸਵਾਲ-ਜਵਾਬ ਰਾਹੀਂ ਸਪੱਸ਼ਟ ਕੀਤਾ ਜਾਂਦਾ ਹੈ। ਪ੍ਰਾਚੀਨ ਹਿੰਦੀ ਤੇ ਪੰਜਾਬੀ ਸਾਹਿਤ ਵਿਚ ਕਈ ਗੋਸ਼ਟਾਂ ਮਿਲਦੀਆਂ ਹਨ, ਜਿਨ੍ਹਾਂ ਅੰਦਰ ਤਾਰਕਿਕ ਪੱਖ ਤੋਂ ਕਈ ਅਧਿਆਤਮਕ ਸਿਧਾਂਤਾਂ ਤੇ ਮਜ਼ਹਬੀ ਅਕੀਦਿਆਂ ਦੀ ਪਰਖ-ਪੜਤਾਲ ਕੀਤੀ ਗਈ ਹੈ। ਜਿਵੇਂ ਕਿ ਸਿੱਧ ਸਾਹਿਤ ਵਿਚ ਮਹਾਂਦੇਵ ਗੋਰਖ ਗੋਸ਼ਟਿ, ਗੋਰਖ ਗਣੇਸ਼ ਗੋਸ਼ਟਿ, ਗੋਰਖ ਦੱਤ ਗੋਸ਼ਟਿ ਇਤਿਆਦਿ। ਭਾਰਤੀ ਦਾਰਸ਼ਨਿਕ ਸਾਹਿਤ ਵਿਚ ਇਸ ਦੀ ਪਰੰਪਰਾ ਮੌਜੂਦ ਹੈ, ਪੁਰਾਣੇ ਸ਼ਾਸਤਰਾਂ ਵਿਚ ਇਹ ਇਕ ਆਮ ਰੀਤ ਰਹੀ ਹੈ ਕਿ ਕਿਸੇ ਗੁੰਝਲਦਾਰ ਮਸਲੇ ਉੱਤੇ ਵਾਦੀ, ਪ੍ਰਤਿਵਾਦੀ ਮਿਥ ਕੇ ਸ਼ੰਕਾਵਾਂ ਖੜੀਆਂ ਕੀਤੀਆਂ ਜਾਂਦੀਆਂ ਹਨ ਅਤੇ ਫਿਰ ਉਹਨਾਂ ਦਾ ਸਮਾਧਾਨ ਕੀਤਾ ਹੁੰਦਾ ਹੈ। ਸ਼ੰਕਾਵਾਦੀ 'ਨਨੂ' ਉਹ-ਉਹ ਸਵਾਲ ਉਠਾਉਂਦਾ ਹੈ ਜੋ ਵੀ ਆਮ ਤੌਰ 'ਤੇ ਉਸ ਬਾਰੇ ਉਠਾਏ ਜਾ ਸਕਦੇ ਹਨ ਤੇ ਬੁੱਧੀਮਾਨ ਆਚਾਰਯ ਉਹਨਾਂ ਸ਼ੰਕਾਵਾਂ ਨੂੰ ਦੂਰ ਕਰ ਕੇ ਆਪਣਾ ਮਤ ਨਿਰਦੇਸ਼ ਬਣਾ ਕੇ ਪੇਸ਼ ਕਰਦਾ ਹੈ। ਯੂਨਾਨੀ ਫ਼ਿਲਾਸਫ਼ਰ ਸੁਕਰਾਤ ਦੇ ਸਿਧਾਂਤ ਵੀ ਇਸੇ ਵਾਰਤਾਲਾਪੀ ਗੋਸ਼ਟਿ ਸ਼ੈਲੀ ਵਿਚ ਅੰਕਿਤ ਮਿਲਦੇ ਹਨ। ਕੁਝ ਚੇਲੇ ਸਵਾਲ ਕਰਦੇ ਹਨ ਤੇ ਸੁਕਰਾਤ ਉਹਨਾਂ ਦਾ ਨਿਰਣਾ ਕਰ ਕੇ ਵਿਵੇਕਪੂਰਨ ਢੰਗ ਨਾਲ ਉੱਤਰ ਦਿੰਦਾ ਹੈ। ਸਾਡੇ ਗੋਸ਼ਟਿ ਸਾਹਿਤ ਵਿਚ ਵੀ ਲਗਭਗ ਅਜਿਹੇ ਤਰੀਕੇ ਨੂੰ ਹੀ ਅਪਣਾਇਆ ਗਿਆ ਹੈ। ਇਸ ਤਰੀਕੇ ਦਾ ਵੱਡਾ ਲਾਭ ਇਹ ਹੈ ਕਿ ਕਿਸੇ ਸਿਧਾਂਤ ਜਾਂ ਮਤ ਬਾਰੇ ਬੌਧਿਕ ਦ੍ਰਿਸ਼ਟੀਕੋਣ ਤੋਂ ਸੂਖ਼ਮ ਤੋਂ ਸੂਖ਼ਮ ਨੁਕਤਿਆਂ ਦਾ ਭਲੀਭਾਂਤ ਵਿਸ਼ਲੇਸ਼ਣ ਹੋ ਕੇ ਨਿਰਣਾ ਹੋ ਜਾਂਦਾ ਹੈ ਕਿ ਜਗਿਆਸੂ ਇਸ ਨਾਲ ਇਕ ਵਿਸ਼ੇਸ਼ ਪ੍ਰਕਾਰ ਦੀ ਤਸੱਲੀ ਅਨੁਭਵ ਕਰਦਾ ਹੈ। ਜਦੋਂ ਵੀ ਕੋਈ ਨਵਾਂ ਮਤ ਉੱਠਦਾ ਹੈ, ਚਾਹੇ ਉਹ ਧਾਰਮਿਕ ਹੋਵੇ ਚਾਹੇ ਰਾਜਸੀ, ਉਸ ਸਮੇਂ ਵਿਚਾਰਾਂ ਦੀ ਇਕ ਜੁਗ-ਗਰਦੀ ਹੁੰਦੀ ਹੈ ਤੇ ਸ਼ਾਸਤਰਾਰਥ ਦਾ ਪ੍ਰਵਾਹ ਚੱਲਦਾ ਹੈ। ਪੁਰਾਣੇ ਮਤਾਂ ਵਾਲੇ ਆਪਣੇ ਮਤ ਦੇ ਸਿਧਾਂਤਾਂ ਨੂੰ ਸਹੀ ਸਿੱਧ ਕਰਨ ਲਈ ਬਚਾਉ ਤਰੀਕੇ ਸੋਚਦੇ ਹਨ ਤੇ ਨਵਾਂ ਮਤ ਪੁਰਾਣਿਆਂ ਮਤਾਂ ਦੀਆਂ ਕਮਜ਼ੋਰੀਆਂ ਉੱਤੇ ਚੋਟ ਕਰ ਕੇ ਅਤੇ ਆਪਣੀਆਂ ਵਿਸ਼ੇਸ਼ਤਾਵਾਂ ਦੱਸ ਕੇ ਜਗਿਆਸੂਆਂ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰਦਾ ਹੈ।

ਚਾਰ-ਪੰਜ ਸਦੀਆਂ ਪਹਿਲਾਂ ਪੰਜਾਬ ਵਿਚ ਜੋਗ-ਮਤ ਦਾ ਤਕੜਾ ਜ਼ੋਰ ਸੀ। ਜਿਸ ਸਮੇਂ ਗੁਰੂ ਨਾਨਕ ਸਾਹਿਬ ਨੇ ਆਪਣੀ ਨਵੀਂ ਵਿਚਾਰਧਾਰਾ ਦਰਸਾਈ ਤਾਂ ਉਹਨਾਂ ਲਈ ਹਠ-ਜੋਗ ਦੇ ਗ਼ਲਤ ਅਕੀਦਿਆਂ ਤੇ ਜੋਗੀਆਂ ਦੇ ਭੇਖਾਂ-ਭਰਮਾਂ ਨੂੰ ਰੱਦ ਕਰਨਾ ਜ਼ਰੂਰੀ ਸੀ, ਜਿਨ੍ਹਾਂ ਬਾਰੇ ਲੋਕਾਂ ਵਿਚ ਕਈ ਤਰ੍ਹਾਂ ਦੇ ਗ਼ਲਤ ਵਿਸ਼ਵਾਸ ਬਣੇ ਹੋਏ ਸਨ। ਆਮ ਨਿਸਚਾ ਸੀ ਕਿ 'ਸਾਂਖ'

ਵਰਗਾ ਕੋਈ ਗਿਆਨ ਨਹੀਂ ਤੇ 'ਜੋਗ' ਸਮਾਨ ਕੋਈ ਸ਼ਕਤੀ ਨਹੀਂ :

नास्ति सांख्य समं ज्ञानम् नास्ति योग समं बलम् ।।

ਪਤੰਜਲੀ ਦੇ ਜੋਗ-ਦਰਸ਼ਨ ਤੇ ਗੋਰਖ ਨਾਥ ਦੇ ਤਪ ਗਿਆਨ-ਪੂਰਣ ਆਚਾਰ ਨੇ ਦਸਵੀਂ ਸਦੀ ਵਿਚ ਇਸ ਨੂੰ ਸੰਪਰਦਾਇ ਦਾ ਰੂਪ ਦਿੱਤਾ ਸੀ। ਬੁੱਧ ਮਤ ਦੀ ਬੱਜ੍ਰਯਾਨ ਸ਼ਾਂਖ ਤੇ ਤਾਂਤਿਕ ਜੋਗੀ ਸਾਧੂ 'ਸਿੱਧ, ਆਖੇ ਜਾਂਦੇ ਹਨ। ਇਹ ਹਠ-ਜੋਗ ਵਾਲੀ ਕਿਰਿਆ ਦੇ ਆਦੀ ਸਨ। ਹਠ-ਜੋਗੀ ਤੋਂ ਸਿੱਧ ਸੰਪਰਦਾ ਚੱਲੀ। ਦਰਅਸਲ ਜੋਗ ਸਾਧਨਾ ਕਰਨ ਵਾਲਾ ਜੋਗੀ, ਸਿੱਧੀਆਂ ਪ੍ਰਾਪਤ ਕਰਨ ਵਾਲਾ ਸਿੱਧ ਤੇ ਇਹਨਾਂ ਸਿੱਧਾਂ ਵਿਚੋਂ ਮੁਖੀ ਗੁਰੂ 'ਨਾਥ' ਕਿਹਾ ਜਾਂਦਾ ਸੀ, ਗੋਰਖ ਨਾਥ ਸਨ, ਪੰਜਾਬ ਦੇ ਮਹਾਂਪੁਰਖ ਸਨ, ਜਿਨ੍ਹਾਂ ਸ਼ਾਕਤਾਂ, ਸ਼ੈਵਾਂ ਤੇ ਭੇਖੀ ਬੋਧੀਆਂ ਦੇ ਖੰਡਰ 'ਤੇ ਜੋਗ-ਮਤ ਦਾ ਮਹੱਲ ਖੜਾ ਕੀਤਾ

ਜੋਗ ਦੇ ਸਾਧਨ

ਚਿਤ-ਬਿਰਤੀ ਨੂੰ ਰੋਕਣ ਦਾ ਨਾਮ 'ਜੋਗ' ਕਿਹਾ ਗਿਆ ਹੈ ਤੇ ਇਸ ਦੇ ਅੱਠ ਅੰਗ ਮੰਨੇ ਗਏ ਹਨ—ਯਮ, ਨਿਯਮ, ਪ੍ਰਾਣਾਯਾਮ, ਆਸਨ, ਪ੍ਰਤਿਹਾਰ, ਧਾਰਨਾ, ਧਿਆਨ, ਸਮਾਧੀ। ਯਮ ਹੈ—ਇਹ ਗੱਲਾਂ ਨਹੀਂ ਕਰਨੀਆਂ, ਜਿਵੇਂ ਹਿੰਸਾ, ਚੋਰੀ, ਯਾਰੀ, ਝੂਠ ਆਦਿ। ਨਿਯਮ ਹੈ—ਇਹ ਗੱਲਾਂ ਕਰਨੀਆਂ ਹਨ, ਜਿਵੇਂ ਜਤ, ਸਤ, ਸੰਤੋਖ, ਤਪ ਆਦਿ। ਪ੍ਰਾਣਾਯਾਮ ਪ੍ਰਾਣਾ ਦਾ ਸਾਧਨਾ ਤੇ ਆਸਨ ਖ਼ਾਸ ਤਰ੍ਹਾਂ ਬੈਠਣ ਦਾ ਅਭਿਆਸ ਹੈ। ਇੰਦਰਿਆਂ ਨੂੰ ਅੰਤਰਮੁਖੀ ਕਰ ਕੇ ਆਤਮਾ ਵਿਚ ਲਾਉਣਾ ਪ੍ਰਤਿਹਾਰ ਹੈ, ਇਹੋ ਬਿਰਤੀ ਪੱਕਣ 'ਤੇ 'ਧਾਰਨਾ' ਕਹਾਉਂਦੀ ਹੈ।

ਭਾਵੇਂ ਮਨ ਨੂੰ ਕਾਬੂ ਕਰਨ ਲਈ ਸਰੀਰ ਦੀ ਸਾਧਨਾ ਕੁਝ ਹੱਦ ਤਕ ਸਹਾਈ ਹੋ ਸਕਦੀ ਹੈ ਪਰ ਧਰਮ ਇਹੋ ਕੁਝ ਨਹੀਂ, ਧਰਮ ਮਨ ਨੂੰ ਬੁਰਿਆਈਆਂ ਤੋਂ ਵਰਜ ਕੇ ਚੰਗੇ ਉਸਾਰੂ ਪਾਸੇ ਵੱਲ ਲਾਉਣਾ ਹੈ, ਜਿਸ ਦੁਆਰਾ ਵਿਅਕਤੀ ਦਾ ਵਿਕਾਸ ਹੋ ਸਕੇ। ਪਰ ਇਹ ਵੀ ਇਕ ਹਕੀਕਤ ਹੈ ਕਿ ਵਿਅਕਤੀ ਦਾ ਵਿਕਾਸ ਸਮਾਜਿਕ ਵਿਕਾਸ, ਬਗ਼ੈਰ ਸੰਪੂਰਣ ਨਹੀਂ। ਜੋਗ-ਮਤ ਦੀ ਵੱਡੀ ਭੁੱਲ ਸਮਾਜਿਕ ਜੀਵਨ ਨੂੰ ਨਜ਼ਰ-ਅੰਦਾਜ਼ ਕਰਨਾ ਸੀ। ਇਸ ਲਈ ਹਠ-ਜੋਗ ਦੇ ਧਰਮ ਕਰਮ ਬਹੁਤੇ ਸਾਰਥਕ ਸਿੱਧ ਨਹੀਂ ਹੋਏ। ਇਹਨਾਂ ਗ਼ਲਤ ਜੀਵਨ-ਢੰਗਾਂ ਦਾ ਸਿੱਟਾ ਸੀ ਕਿ ਜੋਗੀ ਕਰਮ-ਜੋਗ ਤੋਂ ਸੱਖਣੇ ਹੋ ਗਏ। ਉਹ ਆਪਣੇ ਰੋਟੀ-ਕੱਪੜੇ ਲਈ ਦੂਜਿਆਂ ਦੇ ਮੁਥਾਜ ਸਨ। ਦੇਸ਼ ਦਾ ਭਲਾ ਕਰਨਾ ਉਹਨਾਂ ਦੇ ਵੱਸ ਦੀ ਗੱਲ ਨਹੀਂ ਸੀ। ਗੁਰੂ ਨਾਨਕ ਸਾਹਿਬ ਦਾ ਇਤਰਾਜ਼ ਬਿਲਕੁਲ ਠੀਕ ਸੀ :

ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ।
ਜੋਗੀ ਗਿਆਨ ਵਿਹੂਣਿਆ ਨਿਸ ਦਿਨਿ ਅੰਗਿ ਲਗਾਏ ਛਾਰਾ। (ਵਾਰ ੧/੨੯)

ਪਰ ਆਮ ਹਾਲਤ ਇਹੋ ਰਹੀ ਹੈ। ਜੋ ਸਾਧਕ ਸਾਧਨ ਕਰ ਕੇ ਕੁਝ ਮਾਨਸਿਕ ਸਿੱਧੀ ਪ੍ਰਾਪਤ ਕਰ ਲੈਂਦਾ ਸੀ, ਉਹ ਛੋਟੀਆਂ-ਮੋਟੀਆਂ ਕਰਾਮਾਤਾਂ ਦੇ ਚਮਤਕਾਰ ਦਿਖਾ ਕੇ ਲੋਕਾਂ ਨੂੰ ਮਗਰ ਲਾਉਣਾ ਹੀ ਆਪਣਾ ਉਦੇਸ਼ ਮੰਨ ਬਹਿੰਦਾ ਸੀ। ਇਹ ਗੱਲਾਂ ਸਮਾਜਿਕ ਜੀਵਨ ਲਈ ਸਿਹਤਮੰਦ ਨਹੀਂ ਸਨ ਅਤੇ ਨਾ ਹੀ ਅਧਿਆਤਮਕ ਤੇ ਸਦਾਚਾਰਕ ਤੌਰ 'ਤੇ ਮਨੁੱਖੀ ਮਨ ਨੂੰ ਉਚੇਰਾ ਕਰਨ ਲਈ ਕੋਈ ਹਿੱਸਾ ਪਾਉਂਦੀਆਂ ਸਨ। ਇਸ ਕਰਕੇ ਗੁਰੂ ਸਾਹਿਬ ਨੇ ਜੋਗ-ਮਤ

ਦੀਆਂ ਮੋਟੀਆਂ-ਮੋਟੀਆਂ ਮਨੌਤਾਂ ਦੀ ਖੂਬ ਪਰਖ-ਪੜਤਾਲ ਕੀਤੀ ਤੇ ਉਹਨਾਂ ਦਾ ਸਪੱਸ਼ਟ ਖੰਡਨ ਕੀਤਾ। ਅਜਿਹੇ ਅਨੇਕਾਂ ਸ਼ਬਦ ਰਾਮਕਲੀ ਰਾਗ ਵਿਚ ਮਿਲਦੇ ਹਨ।

ਸਿਧ ਗੋਸਟਿ

ਜਦੋਂ ਸਿੱਧਾਂ ਜੋਗੀਆਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹਨਾਂ ਗੁਰੂ ਸਾਹਿਬ ਉੱਤੇ ਕਈ ਕਿਸਮ ਦੇ ਸਵਾਲ ਕੀਤੇ, ਅਚਲ ਵਟਾਲੇ ਵਿਚ ਸ਼ਿਵਰਾਤਰੀ ਦੇ ਮੇਲੇ ਸਮੇਂ ਇਕ ਚੰਗੀ ਬਹਿਸ ਹੋਈ।[1] ਗੱਲ ਇਥੋਂ ਛਿੜੀ ਕਿ ਜੋਗੀਆਂ ਨੇ ਪਹਿਲੇ ਕਰਾਮਾਤ ਨਾਲ ਰਾਸਧਾਰੀਆਂ ਦਾ ਲੋਟਾ ਲੁਕਾ ਲਿਆ ਤੇ ਗੁਰੂ ਸਾਹਿਬ ਨੇ ਆਪਣੀ ਸ਼ਕਤੀ ਨਾਲ ਇਹ ਲੋਟਾ ਕੱਢ ਲਿਆਂਦਾ। ਇਸ 'ਤੇ ਸਿੱਧ ਭੜਕ ਉੱਠੇ ਤੇ ਉਹਨਾਂ ਦੀ ਲੋਕਾਂ ਵਿਚ ਬੜੀ ਬੇਪਤੀ ਹੋਈ। ਇਸ ਗੁੱਸੇ ਵਿਚ ਉਹਨਾਂ ਪੁੱਠੇ-ਸਿੱਧੇ ਕਈ ਸਵਾਲ ਕੀਤੇ। ਗੁਰੂ ਸਾਹਿਬ ਨੇ ਉਹਨਾਂ ਸਵਾਲਾਂ ਦਾ ਜਵਾਬ ਦਿੱਤਾ। ਪੁਰਾਤਨ ਜਨਮਸਾਖੀ ਵਿਚ ਗੁਰੂ ਨਾਨਕ ਸਾਹਿਬ ਦਾ ਸਿੱਧਾਂ ਨਾਲ ਸੁਮੇਰ ਪਰਬਤ, ਗੋਰਖ ਹਟੜੀ, ਸਿਧ ਮਤੇ ਅਤੇ ਅਚਲ ਵਟਾਲੇ ਚਾਰ ਥਾਈਂ ਮੇਲ-ਮੁਲਾਕਾਤ ਕਰਨ ਦਾ ਜ਼ਿਕਰ ਹੈ। ਅਚਲ ਵਟਾਲੇ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ:

ਬਾਬੇ ਕੀਤੀ ਸਿਧਿ ਗੋਸਟਿ ਸਬਦਿ ਸਾਂਤਿ ਸਿਧਾਂ ਵਿਚਿ ਆਈ।
ਜਿਣਿ ਮੇਲਾ ਸਿਵਰਾਤਿ ਦਾ ਖਟ ਦਰਸਨਿ ਆਦੇਸਿ ਕਰਾਈ। (ਵਾਰ ੧/੪੪)

ਇਸ ਤਰ੍ਹਾਂ ਸੁਮੇਰ ਦੀ ਵਿਚਾਰ ਚਰਚਾ ਬਾਰੇ ਸੰਕੇਤ ਹੈ:

ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ।
ਕਲਿਜੁਗਿ ਨਾਨਕ ਨਾਮੁ ਸੁਖਾਲਾ॥ (ਵਾਰ ੧/੩੧)

ਇਹ ਸਿੱਧਾਂ ਨਾਲ ਹੋਈ ਬਹਿਸ ਸਮੇਂ ਸਵਾਲਾਂ-ਜਵਾਬਾਂ ਨੂੰ ਹੀ ਗੁਰੂ ਜੀ ਨੇ 'ਸਿਧ ਗੋਸਟਿ' ਰਚਨਾ ਵਿਚ ਕਲਮ-ਬਧ ਕੀਤਾ ਹੈ। ਇਤਿਹਾਸ ਤੋਂ ਪ੍ਰਗਟ ਹੈ ਕਿ ਅਚਲ ਵਟਾਲੇ ਦੀ ਬਹਿਸ ਆਖ਼ਰੀ ਸੀ, ਜੋ ਗੁਰੂ ਜੀ ਨੇ ਉਦਾਸੀਆਂ ਮੁਕੰਮਲ ਕਰਨ ਪਿੱਛੋਂ ਕੀਤੀ ਸੀ ਅਤੇ ਆਪ ਕਰਤਾਰਪੁਰ ਤੋਂ ਵਟਾਲੇ ਗਏ ਸਨ। ਇਸ ਤੋਂ ਅਸੀਂ ਸਿਧ ਗੋਸਟਿ ਦਾ ਰਚਨ-ਕਾਲ 1525-30 ਦੇ ਦਰਮਿਆਨ ਮਿਥ ਸਕਦੇ ਹਾਂ। ਬਹਿਸ ਕਰਨ ਵਾਲੇ ਸਿੱਧ ਕਿੰਨੇ ਸਨ ਤੇ ਕਿਹੜੇ-ਕਿਹੜੇ ਸਨ, ਇਸ ਦਾ ਪੂਰਾ ਵੇਰਵਾ ਨਹੀਂ ਮਿਲਦਾ। ਇਸ ਗੋਸਟਿ ਵਿਚ ਕੇਵਲ ਚਰਪਟ ਤੇ ਲੋਹਾਰੀਪਾ, ਦੋ ਸਿੱਧਾਂ ਦੇ ਨਾਮ ਮਿਲਦੇ ਹਨ। ਭਾਈ ਗੁਰਦਾਸ ਨੇ ਭੰਗਰ ਨਾਥ ਦਾ ਵੀ ਜ਼ਿਕਰ ਕੀਤਾ ਹੈ, ਜਿਸ ਨੇ ਰਿਧੀ-ਸਿਧੀ ਦਿਖਾ ਕੇ ਕਾਫ਼ੀ ਗੜਬੜ ਫੈਲਾਉਣ ਦਾ ਯਤਨ ਕੀਤਾ ਸੀ। ਇਸ ਬਾਰੇ ਗੁਰੂ ਸਾਹਿਬ ਦੀ ਰਾਇ ਸਪੱਸ਼ਟ ਸੀ:

ਮਨਮੁਖਿ ਭਰਮਿ ਭਵੈ ਬੇਬਾਣਿ॥ ਵੇਮਾਰਗਿ ਮੂਸੈ ਮੰਤ੍ਰਿ ਮਸਾਣਿ॥
ਸਬਦੁ ਨ ਚੀਨੈ ਲਵੈ ਕੁਬਾਣਿ॥ ਨਾਨਕ ਸਾਚਿ ਰਤੇ ਸੁਖੁ ਜਾਣਿ॥੨੬॥ (ਪੰਨਾ ੯੪੧)

ਇਸ ਗੋਸਟਿ ਤੋਂ ਜਿਥੇ ਗੁਰੂ ਸਾਹਿਬ ਦੀ ਤਾਰਕਿਕ ਸ਼ਕਤੀ ਦਾ ਪਤਾ ਲੱਗਦਾ ਹੈ ਉਥੇ ਇਹ ਵੀ ਮਾਲੂਮ ਹੁੰਦਾ ਹੈ ਕਿ ਉਹ ਆਪਣੀ ਵਿਚਾਰਧਾਰਾ ਵਿਚ ਕਿਤਨੇ ਸਪੱਸ਼ਟ ਸਨ ਤੇ ਕਿਸ ਤਰ੍ਹਾਂ ਵਿਰੋਧੀਆਂ ਵੱਲੋਂ ਉਠਾਏ ਸ਼ੰਕਿਆਂ ਦਾ ਸਹਿਜੇ ਨਿਵਾਰਣ ਕਰ ਸਕਦੇ ਸਨ। ਇਹ ਪ੍ਰਸ਼ਨੋਤਰੀ ਧਰਮ ਦੇ ਜਗਿਆਸੂਆਂ ਦੇ ਕੰਮ ਆਉਣ ਵਾਲੀ ਸੀ, ਇਸ ਲਈ ਆਪ ਨੇ ਇਸ

ਨੂੰ ਛੰਦਾਂ ਵਿਚ ਗੁੰਦ ਕੇ ਸਦਾ ਲਈ ਸੰਭਾਲ ਦਿੱਤਾ। ਸਿਧ ਗੋਸਟਿ ਦੀ ਇਹ ਵਿਸ਼ੇਸ਼ ਖੂਬੀ ਹੈ ਕਿ ਜੋ ਉੱਤਰ ਦਿੱਤੇ ਗਏ ਹਨ, ਬੜੇ ਢੁੱਕਵੇਂ ਤੇ ਤਸੱਲੀਬਖ਼ਸ਼ ਹਨ ਅਤੇ ਇਹ ਸਾਰੀ ਗੱਲ ਬੜੇ ਠਰ੍ਹੰਮੇ ਤੇ ਸੰਜਮ-ਭਰਪੂਰ ਸ਼ੈਲੀ ਵਿਚ ਆਖੀ ਗਈ ਹੈ।

ਇਸ ਬਹਿਸ ਦੀ ਪਹਿਲੀ ਸ਼ਰਤ ਹੀ ਇਹ ਹੈ—ਰੋਸ ਨਾ ਕੀਜੈ ਉਤਰ ਦੀਜੈ—ਫਿਰ ਗੁਰੂ ਸਾਹਿਬ ਇਹ ਚਰਚਾ ਕਿਸੇ ਝਗੜੇ ਲਈ ਨਹੀਂ ਕਰ ਰਹੇ, ਸਗੋਂ ਇਹ ਸਾਰੀ ਗੱਲਬਾਤ ਆਤਮਿਕ ਖੋਜ ਲਈ ਸੀ:

ਨਾਮਿ ਰਤੇ ਸਿਧ ਗੋਸਟਿ ਹੋਇ ॥
ਨਾਮਿ ਰਤੇ ਸਦਾ ਤਪੁ ਹੋਇ ॥
ਨਾਮਿ ਰਤੇ ਸਚੁ ਕਰਣੀ ਸਾਰੁ ॥
ਨਾਮਿ ਰਤੇ ਗੁਣ ਗਿਆਨ ਬੀਚਾਰੁ ॥ *(ਪੰਨਾ ੯੪੧)*

ਸਿੱਧਾਂ ਨੇ ਕੀ ਸਵਾਲ ਕੀਤੇ ਅਤੇ ਗੁਰੂ ਸਾਹਿਬ ਨੇ ਕਿਵੇਂ-ਕਿਵੇਂ ਜਵਾਬ ਦਿੱਤੇ? ਇਹ ਸਵਾਲ 70 ਦੇ ਲਗਭਗ ਹਨ। ਇਸ ਸਾਰੀ ਪ੍ਰਸ਼ਨੋਤਰੀ ਨੂੰ ਆਹਮੋ-ਸਾਹਮਣੇ ਰੱਖ ਕੇ ਵਿਚਾਰਨਾ ਹਿਤਕਾਰੀ ਹੈ:

ਸਵਾਲ	ਜਵਾਬ
੧. ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ ॥	*ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ ॥*
੨. ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ ॥	*ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ ॥*
੩. ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ ॥੨॥	
੪. ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥ ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ॥	*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥ ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥*
੫. ਸੁਣਿ ਸੁਆਮੀ ਅਰਦਾਸਿ ਹਮਾਰੀ ਪੂਛਉ ਸਾਚੁ ਬੀਚਾਰੋ ॥ ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰ ਦੁਆਰੋ ॥	*ਇਹੁ ਮਨੁ ਚਲਤਉ ਸਚ ਘਰਿ ਬੈਸੈ ਨਾਨਕ ਨਾਮੁ ਅਧਾਰੋ ॥ ਆਪੇ ਮੇਲਿ ਮਿਲਾਏ ਕਰਤਾ ਲਾਗੈ ਸਾਚਿ ਪਿਆਰੋ ॥੬॥*
੬. ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ ॥ ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ ॥ (ਜੋਗ ਮਤ)	*ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ ॥ ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥੮॥*

ਦਰਸਨੁ ਭੇਖ ਕਰਹੁ ਜੋਗਿੰਦ੍ਰਾ	ਅੰਤਰਿ ਸਬਦੁ ਨਿਰੰਤਰਿ ਮੁਦ੍ਰਾ
ਮੁੰਦ੍ਰਾ ਝੋਲੀ ਖਿੰਥਾ ॥	ਹਉਮੈ ਮਮਤਾ ਦੂਰਿ ਕਰੀ ॥
ਬਾਰਹ ਅੰਤਰਿ ਏਕੁ ਸਰੇਵਹੁ	ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ
ਖਟੁ ਦਰਸਨ ਇਕ ਪੰਥਾ ॥	ਗੁਰ ਕੈ ਸਬਦਿ ਸੁ ਸਮਝ ਪਰੀ ॥
	ਖਿੰਥਾ ਝੋਲੀ ਭਰਿਪੁਰਿ ਰਹਿਆ
	ਨਾਨਕ ਤਾਰੈ ਏਕੁ ਹਰੀ ॥
	ਸਾਚਾ ਸਾਹਿਬੁ ਸਾਚੀ ਨਾਈ
	ਪਰਖੈ ਗੁਰ ਕੀ ਬਾਤ ਖਰੀ ॥੧੦॥
੭. ਕਵਨੁ ਸੁ ਗੁਪਤਾ	ਘਟਿ ਘਟਿ ਗੁਪਤਾ
੮. ਕਵਨੁ ਸੁ ਮੁਕਤਾ	ਗੁਰਮੁਖਿ ਮੁਕਤਾ ॥
੯. ਕਵਨੁ ਸੁ ਅੰਤਰਿ ਬਾਹਰਿ ਜੁਗਤਾ ॥	ਅੰਤਰਿ ਬਾਹਰਿ ਸਬਦਿ ਸੁ ਜੁਗਤਾ ॥
੧੦. ਕਵਨੁ ਸੁ ਆਵੈ ਕਵਨੁ ਸੁ ਜਾਇ ॥	ਮਨਮੁਖਿ ਬਿਨਸੈ ਆਵੈ ਜਾਇ ॥
੧੧. ਕਵਨੁ ਸੁ ਤ੍ਰਿਭਵਣਿ ਰਹਿਆ ਸਮਾਇ ॥੧੨॥	ਨਾਨਕ ਗੁਰਮੁਖਿ ਸਾਚਿ ਸਮਾਇ ॥੧੩॥
੧੨. ਕਿਉ ਕਰਿ ਬਾਧਾ ਸਰਪਨਿ ਖਾਧਾ ॥	ਦੁਰਮਤਿ ਬਾਧਾ ਸਰਪਨਿ ਖਾਧਾ ॥
੧੩. ਕਿਉ ਕਰਿ ਖੋਇਆ ਕਿਉ ਕਰਿ ਲਾਧਾ ॥	ਮਨਮੁਖਿ ਖੋਇਆ ਗੁਰਮੁਖਿ ਲਾਧਾ ॥
੧੪. ਕਿਉ ਕਰਿ ਨਿਰਮਲੁ ਕਿਉ ਕਰਿ ਅੰਧਿਆਰਾ ॥	ਸਤਿਗੁਰੁ ਮਿਲੈ ਅੰਧੇਰਾ ਜਾਇ ॥
ਇਹੁ ਤਤੁ ਬੀਚਾਰੈ ਸੁ ਗੁਰੂ ਹਮਾਰਾ ॥੧੪॥	ਨਾਨਕ ਹਉਮੈ ਮੇਟਿ ਸਮਾਇ ॥੧੫॥
੧੫. ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ ॥	ਗੁਰਮੁਖਿ ਖੋਜਤ ਭਏ ਉਦਾਸੀ ॥
੧੬. ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ॥	ਦਰਸਨ ਕੈ ਤਾਈ ਭੇਖ ਨਿਵਾਸੀ ॥
੧੭. ਕਿਸੁ ਵਖਰ ਕੇ ਤੁਮ ਵਣਜਾਰੇ ॥	ਸਾਚ ਵਖਰ ਕੇ ਹਮ ਵਣਜਾਰੇ ॥
੧੮. ਕਿਉ ਕਰਿ ਸਾਥੁ ਲੰਘਾਵਹੁ ਪਾਰੇ ॥੧੭॥	ਨਾਨਕ ਗੁਰਮੁਖਿ ਉਤਰਸਿ ਪਾਰੇ ॥੧੮॥
੧੯. ਕਿਤੁ ਬਿਧਿ ਪੁਰਖਾ ਜਨਮੁ ਵਟਾਇਆ ॥	ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥
੨੦. ਕਾਹੇ ਕਉ ਤੁਝੁ ਇਹੁ ਮਨੁ ਲਾਇਆ ॥	ਅਨਹਤਿ ਰਾਤੇ ਇਹੁ ਮਨੁ ਲਾਇਆ ॥
੨੧. ਕਿਤੁ ਬਿਧਿ ਆਸਾ ਮਨਸਾ ਖਾਈ ॥	ਮਨਸਾ ਆਸਾ ਸਬਦਿ ਜਲਾਈ ॥
੨੨. ਕਿਤੁ ਬਿਧਿ ਜੋਤਿ ਨਿਰੰਤਰਿ ਪਾਈ ॥	ਗੁਰਮੁਖਿ ਜੋਤਿ ਨਿਰੰਤਰਿ ਪਾਈ ॥
੨੩. ਬਿਨੁ ਦੰਤਾ ਕਿਉ ਖਾਈਐ ਸਾਰੁ ॥	ਤ੍ਰੈ ਗੁਣ ਮੇਟੇ ਖਾਈਐ ਸਾਰੁ ॥
੨੪. ਆਦਿ ਕਉ ਕਵਨੁ ਬੀਚਾਰੁ ਕਥੀਅਲੇ	ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ
੨੫. ਸੁੰਨ ਕਹਾ ਘਰ ਵਾਸੋ ॥	ਸੁੰਨ ਨਿਰੰਤਰਿ ਵਾਸੁ ਲੀਆ ॥
੨੬. ਗਿਆਨ ਕੀ ਮੁਦ੍ਰਾ ਕਵਨ ਕਥੀਅਲੇ	ਅਕਲਪਤ ਮੁਦ੍ਰਾ ਗੁਰ ਗਿਆਨੁ ਬੀਚਾਰੀਅਲੇ
੨੭. ਘਟਿ ਘਟਿ ਕਵਨ ਨਿਵਾਸੋ ॥	ਘਟਿ ਘਟਿ ਸਾਚਾ ਸਰਬ ਜੀਆ ॥
੨੮. ਕਾਲ ਕਾ ਠੀਗਾ ਕਿਉ ਜਲਾਈਅਲੇ	ਸਬਦਿ ਭੇਦਿ ਜਾਣੈ ਜਾਣਾਈ ॥
	ਨਾਨਕ ਹਉਮੈ ਜਾਲਿ ਸਮਾਈ ॥੨੯॥
੨੯. ਕਿਉ ਨਿਰਭਉ ਘਰਿ ਜਾਈਐ ॥	ਗੁਰ ਕੈ ਸਬਦਿ ਹਉਮੈ ਬਿਖੁ ਮਾਰੈ

	ਤਾ ਨਿਜ ਘਰਿ ਹੋਵੈ ਵਾਸੋ ॥
੩੦. ਸਹਜ ਸੰਤੋਖ ਕਾ ਆਸਣੁ ਜਾਣੈ	ਗੁਰ ਕੈ ਸਬਦਿ ਰਪੈ ਰੰਗੁ ਲਾਇ ॥
ਕਿਉ ਛੇਦੇ ਬੈਰਾਈਐ ॥	ਸਾਚਿ ਰਤਉ ਪਤਿ ਸਿਉ ਘਰਿ ਜਾਇ ॥
੩੧. ਕਹਾ ਤੇ ਆਵੈ ਕਹਾ ਇਹੁ ਜਾਵੈ	ਹੁਕਮੇ ਆਵੈ ਹੁਕਮੇ ਜਾਵੈ
੩੨. ਕਹਾ ਇਹੁ ਰਹੈ ਸਮਾਈ ॥	ਹੁਕਮੇ ਰਹੈ ਸਮਾਈ ॥
ਏਸੁ ਸਬਦ ਕਉ ਜੋ ਅਰਥਾਵੈ	
ਤਿਸੁ ਗੁਰ ਤਿਲੁ ਨ ਤਮਾਈ ॥	
੩੩. ਕਿਉ ਤਤੈ ਅਵਿਗਤੈ ਪਾਵੈ	ਪੂਰੇ ਗੁਰ ਤੇ ਸਾਚੁ ਕਮਾਵੈ
ਗੁਰਮੁਖਿ ਲਗੈ ਪਿਆਰੋ ॥	ਗਤਿ ਮਿਤਿ ਸਬਦੇ ਪਾਈ ॥੨੨॥
੩੪. ਕਵਣ ਮੂਲੁ ਕਵਣ ਮਤਿ ਵੇਲਾ ॥	ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥
੩੫. ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥	ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥
੩੬. ਕਵਣ ਕਥਾ ਲੇ ਰਹਹੁ ਨਿਰਾਲੇ ॥	ਅਕਥ ਕਥਾ ਲੇ ਰਹਉ ਨਿਰਾਲਾ ॥
ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥	ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥
੩੭. ਮੈਣ ਕੇ ਦੰਤ ਕਿਉ ਖਾਈਐ ਸਾਰੁ ॥	ਜਗੁ ਕਰੜਾ ਮਨਮੁਖੁ ਗਾਵਾਰੁ ॥
	ਸਬਦੁ ਕਮਾਈਐ ਖਾਈਐ ਸਾਰੁ ॥
੩੮. ਜਿਤੁ ਗਰਬੁ ਜਾਇ ਸੁ ਕਵਣੁ ਆਹਾਰੁ ॥	ਸਚ ਭੈ ਰਾਤਾ ਗਰਬੁ ਨਿਵਾਰੈ ॥
	ਏਕੋ ਜਾਤਾ ਸਬਦੁ ਵੀਚਾਰੈ ॥
੩੯. ਹਿਵੈ ਕਾ ਘਰੁ ਮੰਦਰੁ ਅਗਨਿ ਪਿਰਾਹਨੁ ॥	ਅੰਤਰਿ ਬਾਹਰਿ ਏਕੋ ਜਾਣੈ ॥
ਕਵਨ ਗੁਫਾ ਜਿਤੁ ਰਹੈ ਅਵਾਹਨੁ ॥	ਨਾਨਕ ਅਗਨਿ ਮਰੈ ਸਤਿਗੁਰ ਕੈ
	ਭਾਣੈ ॥੪੬॥
੪੦. ਇਤ ਉਤ ਕਿਸ ਕਉ ਜਾਣਿ ਸਮਾਵੈ ॥	ਸਬਦੁ ਵਸੈ ਸਚੁ ਅੰਤਰਿ ਹੀਆ ॥
	ਤਨੁ ਮਨੁ ਸੀਤਲੁ ਰੰਗਿ ਰੰਗੀਆ ॥
੪੧. ਕਵਨ ਧਿਆਨੁ ਮਨੁ ਮਨਹਿ ਸਮਾਵੈ ॥੪੫॥	ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੇ ॥
	ਨਾਨਕ ਨਦਰੀ ਨਦਰਿ ਪਿਆਰੇ ॥੪੭॥
੪੨. ਕਵਨ ਮੁਖਿ ਚੰਦੁ ਹਿਵੈ ਘਰੁ ਛਾਇਆ ॥	ਸਬਦੁ ਭਾਖਤ ਸਸਿ ਜੋਤਿ ਅਪਾਰਾ ॥
੪੩. ਕਵਨ ਮੁਖਿ ਸੂਰਜੁ ਤਪੈ ਤਪਾਇਆ ॥	ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ ॥
੪੪. ਕਵਨ ਮੁਖਿ ਕਾਲੁ ਜੋਹਤ ਨਿਤ ਰਹੈ ॥	ਸੁਖੁ ਦੁਖੁ ਸਮ ਕਰਿ ਨਾਮੁ ਅਧਾਰਾ ॥
	ਆਪੇ ਪਾਰਿ ਉਤਾਰਣਹਾਰਾ ॥
੪੫. ਕਵਨ ਬੁਧਿ ਗੁਰਮੁਖਿ ਪਤਿ ਰਹੈ ॥	ਗੁਰ ਪਰਚੈ ਮਨੁ ਸਾਚਿ ਸਮਾਇ ॥
੪੬. ਕਵਨੁ ਜੋਧੁ ਜੋ ਕਾਲੁ ਸੰਘਾਰੈ ॥	ਪ੍ਰਣਵਤਿ ਨਾਨਕੁ ਕਾਲੁ ਨ ਖਾਇ ॥੪੯॥
੪੭. ਸੁੰਨੋ ਸੁੰਨੁ ਕਹੈ ਸਭੁ ਕੋਈ ॥	ਨਉ ਸਰ ਸੁਭਰ ਦਸਵੈ ਪੂਰੇ ॥
ਅਨਹਤ ਸੁੰਨੁ ਕਹਾ ਤੇ ਹੋਈ ॥	ਤਹ ਅਨਹਤ ਸੁੰਨ ਵਜਾਵਹਿ ਤੂਰੇ ॥
	ਸਾਚੈ ਰਾਚੇ ਦੇਖਿ ਹਜੂਰੇ ॥

	ਘਟਿ ਘਟਿ ਸਾਚੁ ਰਹਿਆ ਭਰਪੂਰੇ ॥
	ਗੁਪਤੀ ਬਾਣੀ ਪਰਗਟੁ ਹੋਇ ॥
	ਨਾਨਕ ਪਰਖਿ ਲਏ ਸਚੁ ਸੋਇ ॥੫੩॥
੪੮. ਅਨਹਤ ਸੁੰਨਿ ਰਤੇ ਸੇ ਕੈਸੇ ॥	ਜਿਸ ਤੇ ਉਪਜੇ ਤਿਸ ਹੀ ਜੈਸੇ ॥
	ਓਇ ਜਨਮਿ ਨ ਮਰਹਿ ਨ ਆਵਹਿ ਜਾਹਿ ॥
	ਨਾਨਕ ਗੁਰਮੁਖਿ ਮਨੁ ਸਮਝਾਹਿ ॥੫੨॥
੪੯. ਕੁਬੁਧਿ ਚਵਾਵੈ ਸੋ ਕਿਤੁ ਠਾਇ ॥	ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥
	ਸਤਿਗੁਰੁ ਭੇਟੈ ਮੋਖ ਦੁਆਰ ॥
੫੦. ਕਿਉ ਤਤੁ ਨ ਬੂਝੈ ਚੋਟਾ ਖਾਇ ॥	ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥
	ਦੁਰਮਤਿ ਵਿਛੁੜਿ ਚੋਟਾ ਖਾਇ ॥
੫੧. ਕਿਉ ਕਰਿ ਬੂਝੈ ਪਾਵੈ ਪਾਰੁ ॥	ਸਾਚੁ ਵਖਰੁ ਧਨੁ ਪਲੈ ਹੋਇ ॥
	ਆਪਿ ਤਰੈ ਤਾਰੇ ਭੀ ਸੋਇ ॥
੫੨. ਸੁ ਸਬਦ ਕਾ ਕਹਾ ਵਾਸੁ ਕਥੀਅਲੇ	ਸੁ ਸਬਦ ਕਉ ਨਿਰੰਤਰਿ ਵਾਸੁ
ਜਿਤੁ ਤਰੀਐ ਭਵਜਲੁ ਸੰਸਾਰੋ ॥	ਅਲਖੰ ਜਹ ਦੇਖਾ ਤਹ ਸੋਈ ॥
੫੩. ਤ੍ਰੈ ਸਤ ਅੰਗੁਲ ਵਾਈ ਕਹੀਐ	ਪਵਨ ਕਾ ਵਾਸਾ ਸੁੰਨ ਨਿਵਾਸਾ
ਤਿਸੁ ਕਹੁ ਕਵਨੁ ਅਧਾਰੋ ॥	ਅਕਲ ਕਲਾ ਧਰ ਸੋਈ ॥
	ਤ੍ਰੈ ਸਤ ਅੰਗੁਲ ਵਾਈ ਅਉਧੂ
	ਸੁੰਨ ਸਚੁ ਆਹਾਰੋ ॥
	ਗੁਰਮੁਖਿ ਬੋਲੈ ਤਤੁ ਬਿਰੋਲੈ
	ਚੀਨੈ ਅਲਖ ਅਪਾਰੋ ॥
੫੪. ਬੋਲੈ ਖੇਲੈ ਅਸਥਿਰੁ ਹੋਵੈ	ਨਦਰਿ ਕਰੇ ਸਬਦੁ ਘਟ ਮਹਿ ਵਸੈ
ਕਿਉ ਕਰਿ ਅਲਖੁ ਲਖਾਏ ॥	ਵਿਚਹੁ ਭਰਮੁ ਗਵਾਏ ॥
	ਤਨੁ ਮਨੁ ਨਿਰਮਲੁ ਨਿਰਮਲ ਬਾਣੀ
	ਨਾਮੋ ਮੰਨਿ ਵਸਾਏ ॥
੫੫. ਮਨ ਕਾ ਜੀਉ ਪਵਨੁ ਕਥੀਅਲੇ	ਬਿਨੁ ਸਬਦੈ ਰਸੁ ਨ ਆਵੈ ਅਉਧੂ
ਪਵਨੁ ਕਹਾ ਰਸੁ ਖਾਈ ॥	ਹਉਮੈ ਪਿਆਸ ਨ ਜਾਈ ॥
੫੬. ਗਿਆਨ ਕੀ ਮੁਦ੍ਰਾ ਕਵਨ ਅਉਧੂ	ਸਬਦਿ ਰਤੇ ਅੰਮ੍ਰਿਤ ਰਸੁ ਪਾਇਆ
੫੭. ਸਿਧ ਕੀ ਕਵਨ ਕਮਾਈ ॥	ਸਾਚੇ ਰਹੇ ਅਘਾਈ ॥
੫੮. ਕਵਨ ਬੁਧਿ ਜਿਤੁ ਅਸਥਿਰੁ ਰਹੀਐ	ਅਕਥ ਕਥਾ ਲੇ ਸਮ ਕਰਿ ਰਹੈ ॥
	ਤਉ ਨਾਨਕ ਆਤਮ ਰਾਮ ਕਉ ਲਹੈ ॥੬੨॥
੫੯. ਕਿਤੁ ਭੋਜਨਿ ਤ੍ਰਿਪਤਾਸੈ ॥	ਖਾਵੈ ਦੂਖ ਭੂਖ ਸਾਚੇ ਕੀ
	ਸਾਚੇ ਹੀ ਤ੍ਰਿਪਤਾਸਿ ਰਹੈ ॥
੬੦. ਇਹੁ ਮਨੁ ਮੈਗਲੁ ਕਹਾ ਬਸੀਅਲੇ	ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ

ਗੁਰਮੁਖਿ ਮੂਲੁ ਪਛਾਣਿ ਰਹੈ ॥

੬੧. ਕਹਾ ਬਸੈ ਇਹੁ ਪਵਨਾ ॥

ਨਾਭਿ ਪਵਨੁ ਘਰਿ ਆਸਣਿ
ਬੈਸੈ ਗੁਰਮੁਖਿ ਖੋਜਤ ਤਤੁ ਲਹੈ ॥

੬੨. ਕਹਾ ਬਸੈ ਸੁ ਸਬਦੁ ਅਉਧੂ
੬੩. ਤਾ ਕਉ ਚੂਕੈ ਮਨ ਕਾ ਭਵਨਾ ॥

ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ
ਤ੍ਰਿਭਵਣ ਜੋਤਿ ਸੁ ਸਬਦਿ ਲਹੈ ॥
ਨਦਰਿ ਕਰੇ ਤਾ ਸਤਿਗੁਰੁ ਮੇਲੇ
ਤਾ ਨਿਜ ਘਰਿ ਵਾਸਾ ਇਹੁ ਮਨੁ ਪਾਏ ॥
ਆਪੈ ਆਪੁ ਖਾਇ ਤਾ ਨਿਰਮਲੁ ਹੋਵੈ
ਧਾਵਤੁ ਵਰਜਿ ਰਹਾਏ ॥

੬੪. ਕਿਉ ਮੂਲੁ ਪਛਾਣੈ ਆਤਮੁ ਜਾਣੈ
ਕਿਉ ਸਸਿ ਘਰਿ ਸੂਰੁ ਸਮਾਵੈ ॥

ਗੁਰਮੁਖਿ ਹਉਮੈ ਵਿਚਹੁ ਖੋਵੈ
ਤਉ ਨਾਨਕ ਸਹਜਿ ਸਮਾਵੈ ॥੬੪॥

੬੫. ਜਾ ਇਹੁ ਹਿਰਦਾ ਦੇਹ ਨ ਹੋਤੀ
ਤਉ ਮਨੁ ਕੈਠੈ ਰਹਤਾ ॥

ਹਿਰਦਾ ਦੇਹ ਨ ਹੋਤੀ ਅਉਧੂ
ਤਉ ਮਨੁ ਸੁੰਨਿ ਰਹੈ ਬੈਰਾਗੀ ॥

੬੬. ਨਾਭਿ ਕਮਲ ਅਸਥੰਭੁ ਨ ਹੋਤੋ
ਤਾ ਪਵਨੁ ਕਵਨ ਘਰਿ ਸਹਤਾ ॥

ਨਾਭਿ ਕਮਲੁ ਅਸਥੰਭੁ ਨ ਹੋਤੋ
ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ ॥

੬੭. ਰੂਪੁ ਨ ਹੋਤੋ ਰੇਖ ਨ ਕਾਈ
ਤਾ ਸਬਦਿ ਕਹਾ ਲਿਵ ਲਾਈ ॥
ਰਕਤੁ ਬਿੰਦੁ ਕੀ ਮੜੀ ਨ ਹੋਤੀ
ਮਿਤਿ ਕੀਮਤਿ ਨਹੀ ਪਾਈ ॥

ਰੂਪੁ ਨ ਰੇਖਿਆ ਜਾਤਿ ਨ ਹੋਤੀ
ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ ॥
ਗਉਨੁ ਗਗਨੁ ਜਬ ਤਬਹਿ ਨ ਹੋਤਉ
ਤ੍ਰਿਭਵਣ ਜੋਤਿ ਆਪੇ ਨਿਰੰਕਾਰੁ ॥

੬੮. ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ
੬੯. ਕਿਤੁ ਕਿਤੁ ਦੁਖਿ ਬਿਨਸਿ ਜਾਈ ॥

ਹਉਮੈ ਵਿਚਿ ਜਗੁ ਉਪਜੈ ਪੁਰਖਾ
ਨਾਮਿ ਵਿਸਰਿਐ ਦੁਖੁ ਪਾਈ ॥
ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ
ਹਉਮੈ ਸਬਦਿ ਜਲਾਏ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ
ਸਾਚੈ ਰਹੈ ਸਮਾਏ ॥

(ਪੰਨਾ ੯੩੮-੯੪੬)

ਇਹਨਾਂ ਸਵਾਲਾਂ ਵਿਚ ਕਈ ਸਵਾਲ ਅਜਿਹੇ ਹਨ ਜੋ ਸਦੀਆਂ ਤੋਂ ਮਨੁੱਖ ਦੀ ਉਤਕੰਠਾ ਨੂੰ ਜਗਾਈ ਆ ਰਹੇ ਹਨ ਤੇ ਇਹਨਾਂ ਦੇ ਜਵਾਬ ਭੀ ਬੜੇ ਹੀ ਮਹੱਤਵਪੂਰਨ ਤੇ ਦਿਲਸਚਪੀ ਵਾਲੇ ਹਨ। ਜਿਵੇਂ ਕਿ ਸਿੱਧਾਂ ਪੁੱਛਿਆ, ''ਸ੍ਰਿਸ਼ਟੀ ਰਚਨਾ ਤੋਂ ਪਹਿਲੀ ਅਵਸਥਾ ਕੈਸੀ ਸੀ ?'' ਜਵਾਬ ਹੈ, 'ਵਿਸਮਾਦਮਈ।' ਸ੍ਰਿਸ਼ਟੀ ਰਚਨਾ ਹੁੰਦੀ ਕਿਵੇਂ ਹੈ ? ਜਵਾਬ ਹੈ, ਹਉਮੈ ਵਿਚ। ਜੀਵ ਬੰਧਨ ਵਿਚ ਕਿਵੇਂ ਪੈ ਗਿਆ ? ਮਾਇਆ ਦੇ ਪ੍ਰਭਾਵ ਕਾਰਨ ਦੁਰਮਤਿ ਨੇ ਬੰਨ੍ਹ ਲਿਆ। ਛੁਟਕਾਰਾ ਕਿਵੇਂ ਹੋ ਸਕਦਾ ਹੈ ? ਸ਼ਬਦ (ਨਾਮ) ਰਾਹੀਂ। ਇਹ ਸ਼ਬਦ ਰਹਿੰਦਾ ਕਿਥੇ ਹੈ ? ਇਹ ਸਭ ਥਾਂ ਨਿਰੰਤਰ ਵੱਸਦਾ ਹੈ। ਫਿਰ ਇਹ ਪਤਾ ਕਿਵੇਂ ਲੱਗੇ ? ਸਤਿਗੁਰੂ ਰਾਹੀਂ ਇਹ

ਭੇਦ ਖੁੱਲ੍ਹਦਾ ਹੈ। ਰੱਬੀ ਬੰਦਿਆਂ ਦੀ ਪਛਾਣ ਕੀ ਹੈ? ਜਵਾਬ ਹੈ ਕਿ ਉਹ ਰੱਬ ਵਰਗੇ ਦੈਵੀ ਗੁਣ ਧਾਰਨ ਕਰਨ ਵਾਲੇ ਹੁੰਦੇ ਹਨ:

ਅਨਹਤ ਸੁੰਨਿ ਰਤੇ ਸੇ ਕੈਸੇ ॥
ਜਿਸ ਤੇ ਉਪਜੇ ਤਿਸ ਹੀ ਜੈਸੇ ॥ (ਪੰਨਾ ੯੪੩)

ਪਾਠਕਾਂ ਦੇਖ ਲਿਆ ਹੈ ਕਿ ਗੁਰੂ ਸਾਹਿਬ ਕੋਈ ਗੱਲ ਛੁਪਾ ਕੇ ਨਹੀਂ ਰੱਖਦੇ ਤੇ ਨਾ ਹੀ ਕੋਈ ਗੱਲ ਧੁੰਦਲੀ ਰਹਿਣ ਦਿੰਦੇ ਹਨ। ਆਮ ਤੌਰ 'ਤੇ ਅਧਿਆਤਮਕ ਗੱਲਾਂ ਗੁੰਝਲਦਾਰ ਕਹੀਆਂ ਜਾਂਦੀਆਂ ਹਨ ਤੇ ਇਸ ਉਹਲੇ ਧੁੰਦ ਦਾ ਪਰਦਾ ਲੈ ਕੇ ਚਾਲਾਕ ਦੰਭੀ ਗੁਰੂ ਅਨਹਦ ਵਾਜੇ ਤੇ ਦਸਮ ਦੁਆਰ ਵਰਗੀਆਂ ਸਮੱਸਿਆਵਾਂ ਵਿਚ ਜਗਿਆਸੂਆਂ ਨੂੰ ਉਲਝਾਈ ਰੱਖਦੇ ਹਨ ਪਰੰਤੂ ਆਪ ਨੇ ਕੋਈ ਗੱਲ ਇਉਂ ਨਹੀਂ ਕੀਤੀ। ਬੜੇ ਹੀ ਸਪੱਸ਼ਟ ਤੇ ਸਿੱਧੇ-ਸਾਦੇ ਲਫ਼ਜ਼ਾਂ ਵਿਚ ਹਰ ਮਸਲਾ ਖੋਲ੍ਹ ਦਿੱਤਾ ਹੈ।

ਸਿਧਾਂਤ ਸਾਰ

ਇਸ ਸਾਰੀ ਗੋਸ਼ਟਿ ਤੋਂ ਸਿਧਾਂਤਕ ਤੌਰ 'ਤੇ ਇਹ ਗੱਲਾਂ ਨਿੱਖੜ ਕੇ ਸਾਹਮਣੇ ਆਉਂਦੀਆਂ ਹਨ। ਗੁਰੂ ਨਾਨਕ ਸਾਹਿਬ ਈਸ਼ਵਰ-ਵਾਦੀ ਸਨ ਤੇ ਸਿੱਧ ਸ਼ੂਨਵਾਦੀ ਜਾਂ ਅਨੀਸ਼ਵਰਵਾਦੀ। ਗੁਰੂ ਪ੍ਰੇਮਾ-ਭਗਤੀ ਜਾਂ ਨਾਮ ਸਿਮਰਨ ਦਾ ਮਾਰਗ ਦੱਸਦੇ ਸਨ ਤੇ ਸਿੱਧ ਹਠ-ਜੋਗ ਦੀ ਸਾਧਨਾ ਨੂੰ ਇਕੋ-ਇਕ ਠੀਕ ਰਾਹ ਮੰਨਦੇ ਸਨ। ਗੁਰੂ ਸਾਹਿਬ ਸੰਸਾਰ ਵਿਚ ਰਹਿ ਕੇ ਕਰਮਜੋਗੀ ਜੀਵਨ ਬਿਤਾਂਦਿਆਂ ਮਾਇਆ ਤੋਂ ਨਿਰਲੇਪ ਰਹਿਣ ਦੀ ਪ੍ਰੇਰਨਾ ਦਿੰਦੇ ਸਨ ਤੇ ਸਿੱਧ ਸੰਸਾਰ-ਤਿਆਗ ਨੂੰ ਜ਼ਰੂਰੀ ਤੇ ਪਹਿਲੀ ਗੱਲ ਆਖਦੇ ਸਨ। ਧਾਰਮਿਕ ਮਾਰਗ ਉੱਤੇ ਚੱਲਣ ਲਈ 'ਗੁਰੂ' ਦੀ ਲੋੜ ਉੱਤੇ ਦੋਹਾਂ ਜ਼ੋਰ ਦਿੱਤਾ ਹੈ ਪਰੰਤੂ ਗੁਰੂ ਨਾਨਕ ਸਾਹਿਬ 'ਸ਼ਬਦ ਗੁਰੂ' ਮੰਨਦੇ ਹਨ ਜਦੋਂ ਕਿ ਸਿੱਧਾਂ ਦੇ ਆਪਣੇ-ਆਪਣੇ ਵਿਅਕਤੀਗਤ ਗੁਰੂ ਸਨ। ਇਹ 'ਸ਼ਬਦ' ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਅਨੁਸਾਰ 'ਨਾਮ' ਹੈ ਜੋ ਕਿ ਸਭ ਥਾਂ ਨਿਰੰਤਰ ਰਵ ਰਿਹਾ ਹੈ, ਇਸ ਤੋਂ ਬਿਨਾਂ ਜੋਗ ਸੰਭਵ ਹੀ ਨਹੀਂ।

ਜੋਗ ਮਤ ਦਾ ਪੂਰਨ ਮਨੁੱਖ ਸਿੱਧ ਹੈ ਤੇ ਗੁਰੂ ਨਾਨਕ ਸਾਹਿਬ ਦਾ ਆਦਰਸ਼ ਮਨੁੱਖ 'ਗੁਰਮੁਖ'। ਗੁਰਮੁਖ ਹਉਮੈ ਮਾਰ ਕੇ ਮਨ ਨੂੰ ਜਿੱਤਦਾ ਹੈ ਤੇ ਪਰਮ ਸਤਿ ਨਾਲ ਅਭੇਦਤਾ ਪ੍ਰਾਪਤ ਕਰਦਾ ਹੈ। ਇਹ ਅਭੇਦਤਾ ਦਾ ਅਰਥ ਹੈ ਰੱਬੀ ਗੁਣਾਂ ਨੂੰ ਪੂਰੀ ਤਰ੍ਹਾਂ ਜੀਵਨ ਵਿਚ ਧਾਰਨ ਕਰਨਾ, ਫਿਰ ਉਸ ਦੇ ਲਈ ਦਵੈਤ ਨਹੀਂ ਰਹਿ ਜਾਂਦੀ, ਸਭ ਦਾ ਭਲਾ ਉਸ ਦਾ ਆਦਰਸ਼ ਹੁੰਦਾ ਹੈ। ਅਜਿਹੇ ਕਲਿਆਣਕਾਰੀ ਵਿਅਕਤੀ ਪੈਦਾ ਕਰਨਾ ਹੀ ਧਰਮ ਦਾ ਨਿਸ਼ਾਨਾ ਹੈ।

'ਸਿਧ ਗੋਸਟਿ' ਦੀ ਰਹਾਉ ਦੀ ਤੁਕ ਇਸ ਦਾ ਕੇਂਦਰੀ ਭਾਵ ਹੈ:

ਕਿਆ ਭਵੀਐ ਸਚਿ ਸੂਚਾ ਹੋਇ ॥
ਸਾਚ ਸਬਦ ਬਿਨੁ ਮੁਕਤਿ ਨ ਕੋਇ ॥੧॥ ਰਹਾਉ ॥ (ਪੰਨਾ ੯੩੮)

ਸੋ ਗੁਰੂ ਨਾਨਕ ਸਾਹਿਬ ਦਾ ਮੂਲ ਸਿਧਾਂਤ ਇਹ ਹੈ ਕਿ ਘਰ-ਬਾਰ ਛੱਡ ਕੇ ਭ੍ਰਮਣ ਜਾਂ ਰਟਨ ਕਰਨ ਨਾਲ ਮਾਨਸਿਕ ਪਵਿੱਤਰਤਾ ਨਹੀਂ ਮਿਲਦੀ। ਸੱਚ ਦੁਆਰਾ ਹੀ ਮਨੁੱਖ ਪਵਿੱਤਰ ਹੁੰਦਾ ਹੈ ਤੇ ਮੁਕਤੀ ਦੇ ਲਾਇਕ ਬਣ ਸਕਦਾ ਹੈ। ਸਮੁੱਚੇ ਬਿਰਕਤ ਪੰਥਾਂ ਦਾ ਖੰਡਨ ਕਰਦਿਆਂ

ਫ਼ੁਰਮਾਇਆ ਹੈ:

ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ ॥
ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ ॥ (ਪੰਨਾ ੯੪੧)

ਸਤਿਗੁਰਾਂ ਦੇ ਖ਼ਿਆਲ ਵਿਚ ਜੋਗੀ ਉਹ ਹੈ ਜੋ ਦੂਜਿਆਂ ਨੂੰ ਆਪਣੇ ਵਰਗਾ ਸਮਝ ਕੇ ਵਿਉਹਾਰ ਕਰੇ, ਆਪਣੇ ਆਪ ਨੂੰ ਨਾਥ ਨਾ ਮੰਨੇ ਸਗੋਂ ਹਉਮੈ ਤਿਆਗ ਕੇ ਇਕ ਵਿਚ ਵਿਸ਼ਵਾਸ ਦ੍ਰਿੜ੍ਹ ਰੱਖੇ ਤੇ ਸੇਵਕ ਭਾਉ ਨਾਲ ਵਿਚਰੇ, ਜੀਉਂਦਿਆਂ ਮਰਨ ਦਾ ਇਹੋ ਭਾਵ ਹੈ:

ਏਕੇ ਕਉ ਸਚੁ ਏਕਾ ਜਾਣੈ ਹਉਮੈ ਦੂਜਾ ਦੂਰਿ ਕੀਆ ॥
ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰਿ ਕਮਲੁ ਪ੍ਰਗਾਸੁ ਥੀਆ ॥
ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ ॥ (ਪੰਨਾ ੯੪੦)

ਗੁਰੂ ਸਾਹਿਬ ਦੇ ਸੰਕਲਪ ਦਾ ਆਦਰਸ਼ ਗੁਰਮੁਖਿ ਹੈ ਜੋ ਨਾਮ ਨਾਲ ਆਤਮਾ ਨੂੰ, ਦਾਨ ਨਾਲ ਮਨ ਨੂੰ ਤੇ ਇਸ਼ਨਾਨ ਨਾਲ ਤਨ ਨੂੰ ਸ਼ੁੱਧ ਕਰਦਾ ਹੈ। ਨਾ ਉਹ ਤਨ ਵੱਲੋਂ ਅਵੇਸਲਾ ਹੁੰਦਾ ਹੈ ਤੇ ਨਾ ਹੀ ਮਨ ਵੱਲੋਂ। ਉਹ ਸਮਾਜਿਕ ਜ਼ਿੰਮੇਵਾਰੀਆਂ ਨੂੰ ਅਨੁਭਵ ਕਰਦਾ ਹੋਇਆ ਆਪਣੇ ਕਰਤੱਵਾਂ ਦਾ ਪਾਲਣ ਕਰਦਾ ਹੈ:

ਗੁਰਮੁਖਿ ਨਾਮੁ ਦਾਨੁ ਇਸਨਾਨੁ ॥
ਗੁਰਮੁਖਿ ਲਾਗੈ ਸਹਜਿ ਧਿਆਨੁ ॥...
ਗੁਰਮੁਖਿ ਵੈਰ ਵਿਰੋਧ ਗਵਾਵੈ ॥
ਗੁਰਮੁਖਿ ਸਗਲੀ ਗਣਤ ਮਿਟਾਵੈ ॥ (ਪੰਨਾ ੯੪੨)

ਅੰਤ ਵਿਚ ਸਾਰੇ ਸਵਾਲਾਂ ਦਾ ਇਕੋ-ਇਕ ਅਨੁਭਵੀ ਜਵਾਬ ਹੈ ਕਿ ਨਾਮ ਤੋਂ ਬਿਨਾਂ ਜੋਗ ਸੰਪੂਰਨ ਨਹੀਂ ਤੇ ਨਾ ਹੀ ਮੁਕਤੀ ਮਿਲਣੀ ਸੰਭਵ ਹੈ। ਭੇਖ ਨਾਲ ਕੁਝ ਨਹੀਂ ਹੁੰਦਾ, ਸੋ ਸਿਧ ਗੋਸਟਿ ਦਾ ਸਾਰੰਸ਼ ਹਠ-ਜੋਗ ਦਾ ਤਿਆਗ ਕਰ ਕੇ ਨਾਮ ਮਾਰਗ ਧਾਰਨ ਕਰਨਾ। ਇਸ ਲਈ ਬਨਵਾਸ ਲੈਣਾ ਜ਼ਰੂਰੀ ਨਹੀਂ ਸਗੋਂ ਦੁਨੀਆਂ ਵਿਚ ਵਿਚਰਦਿਆਂ ਮਨ ਦੀਆਂ ਬੁਰਿਆਈਆਂ ਮਿਟਾ ਕੇ ਆਪਣੇ ਆਪੇ ਨੂੰ ਪਰਮ-ਆਪੇ ਨਾਲ ਇਕ-ਸੁਰ ਕਰਨਾ ਹੈ:

ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥
ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥
ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ ॥
ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ ॥
ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ ॥
ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ ॥੭੨॥ (ਪੰਨਾ ੯੪੬)

ਤੁਲਨਾਤਮਕ ਪੱਖ

ਗੋਸਟਿ ਸਾਹਿਤ ਦਾ ਅਧਿਐਨ ਕਰਦਿਆਂ ਇਕ ਗੱਲ ਧਿਆਨ ਗੋਚਰੇ ਕਰਨੀ ਜ਼ਰੂਰੀ ਹੈ ਕਿ ਜਦੋਂ ਗੁਰੂ ਸਾਹਿਬ ਜੋਗੀਆਂ ਨਾਥਾਂ ਨਾਲ ਗੱਲ ਕਰਦੇ ਹਨ ਤਾਂ ਉਹਨਾਂ ਦੀ ਸੰਕੇਤਾਵਲੀ ਵਿਚ ਆਪਣਾ ਸਿਧਾਂਤ ਸਮਝਾਉਂਦੇ ਸਨ, ਸ਼ਬਦਾਵਲੀ ਉਹਨਾਂ ਦੀ ਤੇ ਵਿਚਾਰਧਾਰਾ ਗੁਰੂ ਜੀ

ਦੀ ਆਪਣੀ। ਜੋਗੀ ਪਰੰਪਰਾ ਵਿਚ ਵੀ ਕਈ ਐਸੇ ਵਿਅਕਤੀ ਸਨ ਜਿਨ੍ਹਾਂ ਅਧਿਆਤਮਿਕਤਾ ਦਾ ਭੇਦ ਪਾਇਆ ਹੋਇਆ ਸੀ ਤੇ ਇਸੇ ਕਿਸਮ ਦੇ ਵਿਚਾਰ ਪ੍ਰਗਟਾਏ ਸਨ। ਸਿੱਧ ਸਾਹਿਤ ਵਿਚ ਇਸ ਦੇ ਕਈ ਪ੍ਰਮਾਣ ਮਿਲਦੇ ਹਨ। 'ਸਿਧ ਗੋਸਟਿ' ਵਾਲੇ ਸੁਆਲ-ਜੁਆਬ ਹਰ ਗੋਸ਼ਟਾਂ ਵਿਚ ਵੀ ਜਿਉਂ ਦੇ ਤਿਉਂ ਮਿਲਦੇ ਹਨ। ਇਹ ਤੁਲਨਾਤਮਿਕ ਅਧਿਐਨ ਬੜਾ ਦਿਲਚਸਪੀ ਭਰਪੂਰ ਹੈ।

ਹਵਾਲੇ ਅਤੇ ਟਿੱਪਣੀਆਂ

1. ਮੇਲਾ ਸੁਣਿ ਸਿਵਰਾਤਿ ਦਾ ਬਾਬਾ ਅਚਲ ਵਟਾਲੇ ਆਈ।
ਦਰਸਨੁ ਵੇਖਣਿ ਕਾਰਨੇ ਸਗਲੀ ਉਲਟਿ ਪਈ ਲੋਕਾਈ।
ਲਗੀ ਬਰਸਣਿ ਲਛਮੀ ਰਿਧਿ ਸਿਧਿ ਨਉ ਨਿਧਿ ਸਵਾਈ।
ਜੋਗੀ ਦੇਖਿ ਚਲਿਤ੍ਰ ਨੋ ਮਨ ਵਿਚਿ ਰਿਸਕਿ ਘਨੇਰੀ ਖਾਈ।
ਭਗਤੀਆ ਪਾਈ ਭਗਤਿ ਆਣਿ ਲੋਟਾ ਜੋਗੀ ਲਇਆ ਛਪਾਈ।
ਭਗਤੀਆ ਗਈ ਭਗਤਿ ਭੁਲਿ ਲੋਟੇ ਅੰਦਰਿ ਸੁਰਤਿ ਭੁਲਾਈ।
ਬਾਬਾ ਜਾਣੀ ਜਾਣ ਪੁਰਖ ਕਢਿਆ ਲੋਟਾ ਜਹਾ ਲੁਕਾਈ।
ਵੇਖਿ ਚਲਿਤ੍ਰਿ ਜੋਗੀ ਖੁਣਿਸਾਈ॥੩੯॥ (ਵਾਰ ੧)

(11/1971)

ਮਾਰੂ ਸੋਲਹੇ ਮਹਲਾ ਪਹਿਲਾ: ਬਹੁਪੱਖੀ ਅਧਿਐਨ

ਸੋਲਹਾ ਇਕ ਮਾਤਰਿਕ ਛੰਦ ਹੈ ਜਿਸ ਵਿਚ 16 ਪਦੇ ਹੁੰਦੇ ਹਨ ਅਤੇ ਹਰੇਕ ਪਦੇ ਵਿਚ ਤਿੰਨ ਚਰਨ ਹੁੰਦੇ ਹਨ। ਪਹਿਲੇ ਦੋ ਚਰਨ ਸਮਾਨ ਅਕਾਰ 16+16=32 ਮਾਤ੍ਰਾਂ ਅਤੇ ਤੀਸਰਾ ਚਰਣ ਪਹਿਲੇ ਦੋ ਚਰਨਾਂ ਜਿੰਨਾ ਲੰਮਾ 16+15=31 ਜਾਂ 16+13=29 ਮਾਤ੍ਰਾਂ ਦਾ ਹੁੰਦਾ ਹੈ। ਇਸ ਛੰਦ ਦੀ ਚਾਲ ਮਧਮ, ਮਧੁਰ ਅਤੇ ਲੋਰੀ ਵਾਂਗ ਲੰਮੀ ਹੇਕ ਵਾਲੀ ਹੁੰਦੀ ਹੈ। ਇਸ ਸਾਹਿਤਿਕ ਵੰਨਗੀ ਦੀ ਚਾਲ ਚਿਤ੍ਰਕਲਾ ਛੰਦ ਨਾਲ ਮਿਲਦੀ ਹੈ ਜਿਸ ਦੀਆਂ 61 ਮਾਤ੍ਰਾਂ ਹੁੰਦੀਆਂ ਹਨ, ਪਰ ਸੋਲਹੇ ਵਿਚ 61 ਜਾਂ 63 (32+29=61, 32+31=63) ਮਾਤ੍ਰਾਂ ਹੁੰਦੀਆਂ ਹਨ। ਇਸ ਛੰਦ ਨੂੰ ਘਟਨਕਲਾ ਛੰਦ ਜਾਂ ਸ਼ੋਡਸ਼ਪਦੀ ਵੀ ਕਹਿ ਲਿਆ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 1020 ਤੋਂ 1043 ਉੱਪਰ ਮਾਰੂ ਸੋਲਹੇ ਸਿਰਲੇਖ ਹੇਠ ਪਹਿਲੇ ਪਾਤਸ਼ਾਹ ਦੇ 22, ਤੀਜੇ ਪਾਤਸ਼ਾਹ ਦੇ 24, ਚੌਥੇ ਪਾਤਸ਼ਾਹ ਦੇ 2 ਅਤੇ ਪੰਜਵੇਂ ਪਾਤਸ਼ਾਹ ਦੇ 14 ਸ਼ਬਦ ਅੰਕਿਤ ਹਨ। ਸੋਲਹਾ ਕਾਵਿ ਛੰਦ ਵਿਚ 16 ਪਦੇ ਹੁੰਦੇ ਹਨ, ਪਰ ਭਾਰਤੀ ਕਾਵਿ ਸ਼ਾਸਤਰ ਦੇ ਨੇਮ ਗੁਰਬਾਣੀ ਉੱਪਰ ਹੂਬਹੂ ਲਾਗੂ ਨਹੀਂ ਹੁੰਦੇ, ਕਿਉਂਕਿ ਗੁਰਬਾਣੀ ਧੁਰੋਂ ਵਰਸੋਈ ਹੋਈ ਖਸਮ ਕੀ ਬਾਣੀ ਹੈ। ਇਸ ਲਈ ਚਾਰਾਂ ਪਾਤਸ਼ਾਹੀਆਂ ਦੁਆਰਾ ਉਚਾਰਨ ਕੀਤੇ ਕੁੱਲ 62 ਸ਼ਬਦਾਂ ਵਿਚ ਪਦਿਆਂ ਦੀ ਗਿਣਤੀ 9 ਤੋਂ 21 ਤੱਕ ਮਿਲਦੀ ਹੈ: 9 ਪਦਿਆਂ ਦਾ 1, 15 ਪਦਿਆਂ ਦੇ 9, 16 ਪਦਿਆਂ ਦੇ 45, 17 ਪਦਿਆਂ ਦੇ 6, 21 ਪਦਿਆਂ ਦਾ 1। ਇਨ੍ਹਾਂ ਪਦਿਆਂ ਅੰਦਰ ਰਹਾਓ ਦੀ ਕੋਈ ਤੁੱਕ ਨਹੀਂ ਆਉਂਦੀ।

ਇਨ੍ਹਾਂ ਸ਼ਬਦਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਸਮੁੱਚੇ ਵਿਸ਼ਿਆਂ ਦਾ ਬਹੁਤ ਵਿਸਥਾਰ ਸਹਿਤ ਵਿਸ਼ਲੇਸ਼ਣ ਕੀਤਾ ਗਿਆ ਹੈ। ਹੱਥਲੇ ਪਰਚੇ ਵਿਚ ਵਿਸ਼ਿਆਂ ਦੀ ਗਹਿਰ ਗੰਭੀਰਤਾ ਅਤੇ ਬਾਣੀ ਦੇ ਆਕਾਰ ਨੂੰ ਧਿਆਨ ਵਿਚ ਰੱਖਦਿਆਂ ਹਰੇਕ ਵਿਸ਼ੇ ਨਾਲ ਸੰਬੰਧਿਤ ਕੁਝ ਕੁ ਪੰਗਤੀਆਂ ਨੂੰ ਹੀ ਅਧਿਐਨ ਕੇਂਦਰਿਤ ਕੀਤਾ ਗਿਆ ਹੈ।

ਸੱਚ ਦਾ ਸੰਕਲਪ: ਮਾਰੂ ਸੋਲਹਿਆਂ ਦੇ ਆਰੰਭ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਚ ਦੇ ਸੰਕਲਪ ਬਾਰੇ ਭਰਪੂਰ ਚਰਚਾ ਕੀਤੀ ਹੈ। ਗੁਰੂ ਜੀ ਅਨੁਸਾਰ ਸਦਾ ਸਥਿਰ ਰਹਿਣ ਵਾਲਾ ਪਰਮਾਤਮਾ ਆਪ ਹੈ, ਉਸ ਤੋਂ ਬਿਨਾਂ ਹੋਰ ਕੁਝ ਵੀ ਨਹੀਂ। ਉਸ ਸੱਚ ਨੇ ਆਪ ਹੀ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ ਅਤੇ ਉਹ ਆਪ ਹੀ ਨਾਸ਼ ਕਰਦਾ ਹੈ:

ਸਾਚਾ ਸਚੁ ਸੋਈ ਅਵਰੁ ਨ ਕੋਈ ॥ ਜਿਨਿ ਸਿਰਜੀ ਤਿਨ ਹੀ ਫੁਨਿ ਗੋਈ ॥ (ਪੰਨਾ ੧੦੨੦)

ਅੱਗੇ ਇਸ ਪੂਰੇ ਸੋਲਹੇ ਵਿਚ ਗੁਰੂ ਸਾਹਿਬ ਨੇ ਬ੍ਰਹਿਮੰਡ ਦੇ ਸਮੁੱਚੇ ਪਸਾਰੇ ਨੂੰ ਉਸ ਸਾਚੇ (ਪਰਮਾਤਮਾ) ਦੇ ਸਰਗੁਣ ਸਰੂਪ ਵਿਚ ਚਿਤਰਿਆ ਹੈ। ਪੂਰਾ ਦ੍ਰਿਸ਼ਟਮਾਨ ਜਗਤ ਅਤੇ ਸਗਲੇ

ਜੀਅ, ਜੰਤ, ਪਉਣ, ਪਾਣੀ, ਅਗਨੀ, ਸੂਰਜ, ਚੰਦ, ਪੁਰਖ, ਨਾਰੀ, ਭਵਰ, ਫੁੱਲ, ਫਲ, ਦਰੱਖਤ, ਜਲ, ਥਲ, ਸਾਗਰ, ਮਛ, ਕਛ, ਦਿਨ, ਰਾਤ ਆਦਿ ਉਹ ਆਪ ਹੀ ਹੈ:

ਆਪੇ ਪਉਣੁ ਪਾਣੀ ਬੈਸੰਤਰੁ...

ਆਪੇ ਸਸਿ ਸੂਰਾ ਪੂਰੋ ਪੂਰਾ ॥

ਆਪੇ ਪੁਰਖੁ ਆਪੇ ਹੀ ਨਾਰੀ...

ਆਪੇ ਭਵਰੁ ਫੁਲੁ ਫਲੁ ਤਰਵਰੁ ॥ਆਪੇ ਜਲੁ ਥਲੁ ਸਾਗਰੁ ਸਰਵਰੁ ॥

ਆਪੇ ਮਛੁ ਕਛੁ ਕਰਣੀਕਰੁ ਤੇਰਾ ਰੂਪੁ ਨ ਲਖਣਾ ਜਾਈ ਹੇ ॥੬॥ (ਪੰਨਾ ੧੦੨੦)

ਜੋ ਪ੍ਰਾਣੀ ਉਸ ਸਾਚੇ ਨਾਲ ਲਿਵ ਜੋੜ ਲੈਂਦਾ ਹੈ ਉਸ ਦਾ ਮੌਤ ਦਾ ਭੈ ਖਤਮ ਹੋ ਜਾਂਦਾ ਹੈ:

ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੇ ਸਿਉ ਲਿਵ ਲਾਈ ਹੇ ॥੪॥ (ਉਹੀ)

ਜਗਤ ਦਾ ਰਚਨਹਾਰ ਪਰਮਾਤਮਾ ਆਪ ਹੀ ਸਭ ਜੀਵਾਂ ਵਿਚ ਬੋਲ ਰਿਹਾ ਹੈ ਆਪ ਹੀ ਉਹ ਸੁਣ ਰਿਹਾ ਹੈ ਕਿਉਂਕਿ ਸਾਰੇ ਜੀਵਾਂ ਵਿਚ ਉਸੇ ਦੀ ਜੋਤ ਮੌਜੂਦ ਹੈ:

ਸਰਬ ਜੀਆ ਜਗਿ ਜੋਤਿ ਤੁਮਾਰੀ ਜੈਸੀ ਪ੍ਰਭਿ ਫੁਰਮਾਈ ਹੇ ॥੧੧॥ (ਪੰਨਾ ੧੦੨੧)

ਪੁਰਾਤਨ ਭਾਰਤੀ ਪਰੰਪਰਾ ਵਿਚ ਬ੍ਰਹਮਾ ਨੂੰ ਸ੍ਰਿਸ਼ਟੀ ਦੇ ਪੈਦਾ ਕਰਨ ਵਾਲਾ, ਵਿਸ਼ਨੂੰ ਨੂੰ ਪਾਲਣ ਵਾਲਾ ਤੇ ਸ਼ਿਵਜੀ ਨੂੰ ਸੰਘਾਰ ਕਰਨ ਵਾਲਾ ਮੰਨਿਆ ਗਿਆ ਸੀ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਉਸ ਸਮਸਤ ਕਾਇਨਾਤ ਦੇ ਮਾਲਕ ਪਰਮਾਤਮਾ ਦੇ ਦਰ 'ਤੇ ਇਹ ਤਿੰਨੇ ਦੇਵਤੇ ਸੇਵਾ ਵਿਚ ਹਾਜ਼ਰ ਰਹਿੰਦੇ ਹਨ:

ਬ੍ਰਹਮਾ ਬਿਸਨੁ ਮਹੇਸੁ ਦੁਆਰੈ ॥ਊਭੇ ਸੇਵਹਿ ਅਲਖ ਅਪਾਰੈ ॥ (ਪੰਨਾ ੧੦੨੨)

ਇਹ ਪਰਮਾਤਮਾ ਤ੍ਰੈ-ਕਾਲ ਸਚਾਈ ਹੈ ਜਿਸ ਦੀ ਸੱਤਾ ਜੁਗਾਂ-ਜੁਗਾਂ ਤੱਕ ਵੀ ਕਾਇਮ ਰਹਿੰਦੀ ਹੈ:

ਜੁਗੁ ਜੁਗੁ ਸਾਚਾ ਹੈ ਭੀ ਹੋਸੀ ॥ (ਪੰਨਾ ੧੦੨੨)

ਸ੍ਰੀ ਗੁਰੂ ਨਾਨਕ ਸਾਹਿਬ ਅਨੁਸਾਰ ਉਹ ਪਰਮ ਸੱਚ-ਹਸਤੀ ਅਲੱਖ ਹੈ, ਉਸ ਨੂੰ ਲਖਿਆ ਨਹੀਂ ਜਾ ਸਕਦਾ। ਇਸੇ ਲਈ ਉਸ ਪਰਮ ਹਕੀਕਤ ਕਰਤਾਰੀ ਸ਼ਕਤੀ ਸੱਚ ਦਾ ਅੱਜ ਤੱਕ ਕਿਸੇ ਭੇਦ ਨਹੀਂ ਪਾਇਆ:

ਬੇਦ ਕਤੇਬੀ ਭੇਦੁ ਨ ਜਾਤਾ ॥ ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ ॥

ਸਗਲੇ ਸੈਲ ਉਪਾਇ ਸਮਾਏ ਅਲਖੁ ਨ ਲਖਣਾ ਜਾਈ ਹੇ ॥੬॥ (ਪੰਨਾ ੧੦੨੧)

ਗੁਰੂ ਜੀ ਅਨੁਸਾਰ ਉਸ ਕਰਤਾਰੀ ਸ਼ਕਤੀ ਪਰਮ ਸਤ ਤੋਂ ਉੱਪਰ ਹੋਰ ਕੁਝ ਵੀ ਨਹੀਂ। ਸਾਰੀ ਦ੍ਰਿਸ਼ਟਮਾਨ ਹੋਂਦ ਦਾ ਕਾਰਨ ਉਹ ਪਰਮ ਸਤ ਆਪ ਹੀ ਹੈ:

ਆਪਿ ਉਪਾਇਆ ਜਗਤੁ ਸਬਾਇਆ ॥

ਜਿਨਿ ਸਿਰਿਆ ਤਿਨਿ ਧੰਧੈ ਲਾਇਆ ॥

ਸਚੈ ਊਪਰਿ ਅਵਰ ਨ ਦੀਸੈ ਸਾਚੇ ਕੀਮਤਿ ਪਾਈ ਹੇ ॥੮॥ (ਪੰਨਾ ੧੦੨੩)

ਸੁੰਨ ਅਵਸਥਾ (ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ ਦਸ਼ਾ): ਇਸ ਬ੍ਰਹਿਮੰਡੀ ਪਸਾਰੇ ਤੋਂ ਪਹਿਲਾਂ ਦੀ ਅਵਸਥਾ ਕੀ ਸੀ, ਉਹ ਪਰਮ ਸਤ ਕਿਸ ਅਵਸਥਾ ਵਿਚ ਸੀ? ਮਾਰੂ ਸੋਲਹਿਆਂ

ਵਿਚ ਇਸ ਦਾ ਭਰਪੂਰ ਵਰਣਨ ਮਿਲਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਪੂਰਬਲੀ ਅਵਸਥਾ ਨੂੰ ਦਰਸਾਉਣ ਲਈ ਤਾੜੀ, ਧੁੰਧੂਕਾਰ, ਗੁਬਾਰ, ਸੁੰਨ, ਗੁਪਤ ਆਦਿ ਸੰਕੇਤਕ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਗੁਰੂ ਸਾਹਿਬ ਅਨੁਸਾਰ ਇਸ ਜਗਤ ਰਚਨਾ ਤੋਂ ਪਹਿਲਾਂ ਉਹ ਸਿਰਜਣਹਾਰ ਪਰਮਾਤਮਾ ਕਈ ਜੁਗਾਂ ਤੱਕ ਸਮਾਧੀ (ਤਾੜੀ) ਵਿਚ ਲੀਨ ਸੀ:

ਆਦਿ ਜੁਗਾਦੀ ਅਪਰ ਅਪਾਰੇ ॥ ਆਦਿ ਨਿਰੰਜਨ ਖਸਮ ਹਮਾਰੇ ॥
ਸਾਚੇ ਜੋਗ ਜੁਗਤਿ ਵੀਚਾਰੀ ਸਾਚੇ ਤਾੜੀ ਲਾਈ ਹੇ ॥੧॥
ਕੇਤੜਿਆ ਜੁਗ ਧੁੰਧੂਕਾਰੈ ॥ ਤਾੜੀ ਲਾਈ ਸਿਰਜਣਹਾਰੈ ॥ (ਪੰਨਾ ੧੦੨੩)

ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਬੇਅੰਤ ਸਮਾਂ ਘੁੱਪ ਹਨੇਰੇ ਦੀ ਅਜਿਹੀ ਦਸ਼ਾ ਛਾਈ ਹੋਈ ਸੀ ਜਿਸ ਬਾਰੇ ਕੁਝ ਸਮਝ ਸਕਣਾ ਜਾਂ ਕਹਿ ਸਕਣਾ ਨਾ ਮੁਮਕਿਨ ਹੈ। ਜਦੋਂ ਨਾ ਤਾਂ ਅਜੇ ਜਗਤ ਪ੍ਰਪੰਚ ਅਤੇ ਮਾਇਆ ਦੀ ਕੋਈ ਹੋਂਦ ਸੀ। ਉਸ ਸਮੇਂ ਵੀ ਪ੍ਰਭੂ ਆਪਣੇ ਆਪ ਸਮਾਧੀ ਵਿਚ ਨਿਰਲੇਪ ਬੈਠਾ ਹੋਇਆ ਸੀ:

ਕੇਤੇ ਜੁਗ ਵਰਤੇ ਗੁਬਾਰੈ ॥ ਤਾੜੀ ਲਾਈ ਅਪਰ ਅਪਾਰੈ ॥
ਧੁੰਧੂਕਾਰਿ ਨਿਰਾਲਮੁ ਬੈਠਾ ਨਾ ਤਦਿ ਧੰਧੁ ਪਸਾਰਾ ਹੇ ॥੧॥ (ਪੰਨਾ ੧੦੨੬)

ਹੁਣ ਇਕ ਸਵਾਲ ਪੈਦਾ ਹੋ ਸਕਦਾ ਹੈ ਜੇਕਰ ਧੁੰਧੂਕਾਰਾ ਦੀ ਅਵਸਥਾ ਵਿਚ ਪਰਮਾਤਮਾ ਤੋਂ ਸਿਵਾ ਹੋਰ ਕੁਝ ਵੀ ਨਹੀਂ ਸੀ ਤਾਂ ਪਰਮਾਤਮਾ ਦੀ ਹੋਂਦ ਕਿਵੇਂ ਪਰਗਟ ਹੋਈ? ਕੀ ਇਸਨੂੰ ਪੈਦਾ ਕਰਨ ਵਾਲਾ ਵੀ ਕੋਈ ਸੀ? ਇਸ ਦਾ ਜਵਾਬ ਗੁਰੂ ਨਾਨਕ ਪਾਤਸ਼ਾਹ ਮਾਰੂ ਸੋਲਹੇ ਵਿਚ ਦਿੰਦੇ ਹਨ ਕਿ ਸ੍ਰਿਸ਼ਟੀ ਦੇ ਪੈਦਾ ਕਰਨ ਵਾਲੇ ਕਰਤਾ ਪੁਰਖ ਨੇ ਆਪਣਾ ਆਪਾ ਆਪ ਪੈਦਾ ਕੀਤਾ ਹੈ:

ਆਪੇ ਕਰਤਾ ਪੁਰਖੁ ਬਿਧਾਤਾ ॥ ਜਿਨਿ ਆਪੇ ਆਪਿ ਉਪਾਇ ਪਛਾਤਾ ॥ (ਪੰਨਾ ੧੦੨੫)

ਬੇਅੰਤ ਸਮੇਂ ਤੱਕ ਵਰਤੀ ਰਹੀ ਧੁੰਧੂਕਾਰ ਦੀ ਅਵਸਥਾ ਵਿਚ ਉਸ ਪਾਰਬ੍ਰਹਮ ਤੋਂ ਸਿਵਾ ਹੋਰ ਕੁਝ ਵੀ ਨਹੀਂ ਸੀ। ਧਰਤੀ, ਅਕਾਸ, ਦਿਨ, ਰਾਤ, ਚੰਦ, ਸੂਰਜ, ਖਾਣੀ, ਬਾਣੀ, ਬ੍ਰਹਮਾ, ਬਿਸ਼ਨ, ਮਹੇਸ਼, ਜੋਗੀ, ਜੰਗਲ, ਜਪ-ਤਪ, ਬ੍ਰਤ, ਪੂਜਾ ਆਦਿ ਕੁਝ ਵੀ ਨਹੀਂ ਸੀ। ਪੰਦਰਵੇਂ ਸੋਲਹੇ ਵਿਚ ਇਸ ਦੀ ਬਹੁਤ ਲੰਮੀ ਗਿਣਤੀ ਦਿੱਤੀ ਗਈ ਹੈ:

ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥੧॥
ਖਾਣੀ ਨ ਬਾਣੀ ਪਉਣ ਨ ਪਾਣੀ ॥ਓਪਤਿ ਖਪਤਿ ਨ ਆਵਣ ਜਾਣੀ ॥
ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥੨॥ (ਪੰਨਾ ੧੦੩੫)

ਸ੍ਰਿਸ਼ਟੀ ਰਚਨਾ: ਇਸ ਤਰ੍ਹਾਂ ਬੇਅੰਤ ਸਮਾਂ ਨਿਰਗੁਨ ਸਰੂਪ ਪਾਰਬ੍ਰਹਮ ਸੁੰਨ-ਸਮਾਧੀ ਵਿਚ ਲੀਨ ਰਿਹਾ। ਫਿਰ ਜਦੋਂ ਉਸ ਦੇ ਅੰਦਰ ਸਰਗੁਣ ਪਸਾਰੇ ਦਾ ਫੁਰਨਾ ਫੁਰਿਆ, ਉਸ ਨੂੰ ਸਰਗੁਣ ਪਸਾਰਾ ਪਸਾਰਨਾ ਚੰਗਾ ਲੱਗਾ ਤਾਂ ਉਸ ਨੇ ਇਸ ਜਗਤ ਦੀ ਰਚਨਾ ਕਰ ਦਿੱਤੀ:

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ (ਪੰਨਾ ੧੦੩੬)

ਇਹ ਜਗਤ ਪਸਾਰਾ ਉਸ ਪਰਮਾਤਮਾ ਨੇ ਬਾਹਰੋਂ ਕੋਈ ਪਦਾਰਥ ਲੈ ਕੇ ਨਹੀਂ ਪਸਾਰਿਆ, ਉਸ ਨੇ ਸਿਰਫ ਆਪਣਾ ਰੂਪ ਹੀ ਵਟਾਇਆ ਹੈ। ਇਹ ਜਗਤ ਪਸਾਰਾ ਉਸ ਸੂਖਮ, ਏਕੰਕਾਰ, ਨਿਰੰਕਾਰ,

ਨਿਰਗੁਣ, ਪਾਰਬ੍ਰਹਮ ਦਾ ਸਥੂਲ ਰੂਪ ਹੈ, ਸਰਗੁਣ ਰੂਪ ਹੈ। ਸੁੰਨ ਸਮਾਧੀ ਦੀ ਅਵਸਥਾ ਸਮੇਂ ਉਹ ਗੁਪਤ ਰੂਪ ਵਿਚ ਸੀ। ਸਰਗੁਣ ਪਸਾਰਾ ਪਸਾਰ ਕੇ ਉਸ ਨੇ ਆਪਣਾ ਆਪਾ ਪ੍ਰਗਟ ਕੀਤਾ ਹੈ:

ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥੧੫॥ (ਪੰਨਾ ੧੦੩੬)

ਇਸ ਜਗਤ ਬ੍ਰਹਮੰਡ ਨੂੰ ਪਰਮਾਤਮਾ ਦਾ ਪ੍ਰਤੀਬਿੰਬ ਮੰਨਿਆ ਹੈ:

ਜਗੁ ਤਿਸ ਕੀ ਛਾਇਆ ਜਿਸੁ ਬਾਪੁ ਨ ਮਾਇਆ ॥ (ਪੰਨਾ ੧੦੩੮)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਰਗੁਣ ਪਸਾਰੇ (ਸ੍ਰਿਸ਼ਟੀ ਰਚਨਾ) ਦਾ ਮੂਲ ਸੁੰਨ ਕਲਾ ਨੂੰ ਮੰਨਿਆ ਹੈ:

ਸੁੰਨ ਕਲਾ ਅਪਰੰਪਰਿ ਧਾਰੀ ॥ ਆਪਿ ਨਿਰਾਲਮੁ ਅਪਰ ਅਪਾਰੀ ॥
ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ ॥੧॥ (ਪੰਨਾ ੧੦੩੭)

ਉਪਰੋਕਤ ਪੰਗਤੀਆਂ ਵਿਚ ਜੋ ਪਹਿਲਾਂ ਸੁੰਨ ਹੈ, ਜੋ ਸੁੰਨ ਕਲਾ ਹੈ, ਉਹ ਏਕੰਕਾਰ, ਨਿਰੰਕਾਰ, ਨਿਰਗੁਣ, ਪਾਰਬ੍ਰਹਮ ਦਾ ਲਖਾਇਕ ਹੈ। ਇਹ ਸੁੰਨ ੧ੴ ਦਾ ੧ ਹੈ ਜੋ ਆਦਿ ਸਚੁ ਜੁਗਾਦਿ ਸਚ ਹੈ। *ਊਪਰਿ ਏਕੰਕਾਰੁ ਨਿਰਾਲਮੁ ਸੁੰਨ ਸਮਾਧਿ ਲਗਾਇਆ।* ਦੂਸਰਾ ਸੁੰਨ ਸਾਕਾਰ ਹੈ, ਸਰਗੁਣ ਹੈ, ਪੂਰਨ ਬ੍ਰਹਮ ਹੈ, ਇਹ ੧ੴ ਦਾ (ੳ) ਓਅੰਕਾਰ ਹੈ ਜਿਸ ਨੂੰ 'ਸਿਧ ਗੋਸਟਿ' ਵਿਚ ਸਰਗੁਣ ਪਸਾਰੇ ਦਾ ਮਾਧਿਅਮ ਮੰਨਿਆ ਗਿਆ ਹੈ:

ਓਅੰਕਾਰਿ ਬ੍ਰਹਮਾ ਉਤਪਤਿ ॥ਓਅੰਕਾਰੁ ਕੀਆ ਜਿਨਿ ਚਿਤਿ ॥
ਓਅੰਕਾਰਿ ਸੈਲ ਜੁਗ ਭਏ ॥ ਓਅੰਕਾਰਿ ਬੇਦ ਨਿਰਮਏ ॥ (ਪੰਨਾ ੯੩੦)

ਪਰ ਇੱਥੇ ਮਾਰੂ ਸੋਲਹਿਆਂ ਵਿਚ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਸਮਸਤ ਕਾਇਨਾਤ ਦੀ ਉਤਪਤੀ ਦਾ ਆਧਾਰ ਸੁੰਨ ਨੂੰ ਮੰਨਿਆ ਹੈ:

ਸੁੰਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ॥ ਸੁੰਨੇ ਵਰਤੇ ਜੁਗ ਸਬਾਏ ॥...
ਸੁੰਨਹੁ ਚੰਦੁ ਸੂਰਜੁ ਗੈਣਾਰੇ ॥ ਤਿਸ ਕੀ ਜੋਤਿ ਤ੍ਰਿਭਵਣ ਸਾਰੇ ॥...
ਸੁੰਨਹੁ ਧਰਤਿ ਅਕਾਸੁ ਉਪਾਏ ॥ ਬਿਨੁ ਥੰਮਾ ਰਾਖੇ ਸਚੁ ਕਲ ਪਾਏ ॥...
ਸੁੰਨਹੁ ਸਪਤ ਪਾਤਾਲ ਉਪਾਏ ॥ ਸੁੰਨਹੁ ਭਵਣ ਰਖੇ ਲਿਵ ਲਾਏ ॥...
ਸੁੰਨਹੁ ਉਪਜੇ ਦਸ ਅਵਤਾਰਾ ॥ ਸ੍ਰਿਸਟਿ ਉਪਾਇ ਕੀਆ ਪਾਸਾਰਾ ॥...
ਪੰਚ ਤਤੁ ਸੁੰਨਹੁ ਪਰਗਾਸਾ ॥ (ਪੰਨਾ ੧੦੩੭)

ਜੀਵ: ਉਸ ਅਕਾਲ ਪੁਰਖ ਨੇ ਜਗਤ ਰਚਨਾ ਰਚ ਕੇ ਇਸ ਵਿਚ ਬਿਅੰਤ ਪ੍ਰਕਾਰ ਦੇ ਜੀਵ ਪੈਦਾ ਕੀਤੇ ਹਨ ਜੋ ਉਸਦੇ ਹੁਕਮ ਵਿਚ ਵਿਚਰ ਰਹੇ ਹਨ:

ਲਖ ਚਉਰਾਸੀਹ ਜੀਅ ਉਪਾਏ ਭਾਣੈ ਸਾਹ ਲਵਾਇਦਾ ॥੪॥ (ਪੰਨਾ ੧੦੩੪)

ਪ੍ਰਭੂ ਨੇ ਜੀਵ ਸਿਰਜਣਾ ਤੋਂ ਪਹਿਲਾਂ ਪੰਜ ਤੱਤ ਪੈਦਾ ਕੀਤੇ। ਫਿਰ ਇਨ੍ਹਾਂ ਪੰਜਾਂ ਤੱਤਾਂ ਦੇ ਸੰਯੋਗ ਤੋਂ, ਨਿਰੋਲ ਆਪਣੇ ਆਪੇ ਤੋਂ ਦੇਹਾਂ ਦਾ ਨਿਰਮਾਣ ਕੀਤਾ:

ਪੰਚ ਤਤੁ ਸੁੰਨਹੁ ਪਰਗਾਸਾ॥ ਦੇਹ ਸੰਜੋਗੀ ਕਰਮ ਅਭਿਆਸਾ ॥ (ਪੰਨਾ ੧੦੩੭)

ਉਹ ਆਪ ਹੀ ਜੀਵਾਂ ਨੂੰ ਪੈਦਾ ਕਰਕੇ ਰਿਜ਼ਕ ਦੇਂਦਾ ਹੈ ਅਤੇ ਆਪਣੇ ਹੁਕਮ ਵਿਚ ਸਭ ਨੂੰ ਚਲਾਉਂਦਾ ਹੈ:

ਜੀਅ ਉਪਾਇ ਰਿਜਕੁ ਦੇ ਆਪੇ ਸਿਰਿ ਸਿਰਿ ਹੁਕਮੁ ਚਲਾਇਆ ॥੧॥

(ਪੰਨਾ ੧੦੪੨)

ਸਭ ਜੀਵਾਂ ਦੇ ਅੰਦਰ ਉਸ ਦੀ ਸਿਖਾਈ ਹੋਈ ਜੀਵਨ-ਜਾਂਚ ਗੁਪਤ ਵਰਤ ਰਹੀ ਹੈ, ਜਿਸਦੇ ਆਸਰੇ ਸਭ ਜੀ ਰਹੇ ਹਨ:

ਜੀਆ ਅੰਦਰਿ ਜੁਗਤਿ ਸਮਾਈ ਰਹਿਓ ਨਿਰਾਲਮੁ ਰਾਇਆ ॥੧॥ (ਪੰਨਾ ੧੦੩੮)

ਮਨੁੱਖਾ ਸਰੀਰ: ਮਾਤਾ ਦੀ ਰਕਤ ਅਤੇ ਪਿਤਾ ਦੇ ਬਿੰਦ (ਵੀਰਜ) ਤੋਂ ਪਰਮਾਤਮਾ ਨੇ ਮਨੁੱਖਾ ਸਰੀਰ ਦੀ ਘਾੜਤ ਘੜ ਕੇ ਆਪਣੀ ਜੋਤ ਇਸ ਸਰੀਰ ਵਿਚ ਟਿਕਾਈ ਹੈ:

ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥ ਮੂਰਤਿ ਸੂਰਤਿ ਕਰਿ ਆਪਾਰਾ ॥
ਜੋਤਿ ਦਾਤਿ ਜੇਤੀ ਸਭ ਤੇਰੀ ਤੂ ਕਰਤਾ ਸਭ ਠਾਈ ਹੇ ॥੪॥ (ਪੰਨਾ ੧੦੨੨)

ਜਿਸ ਤਰ੍ਹਾਂ ਲੋਕ ਆਪਣੇ ਰਹਿਣ ਲਈ ਮਹੱਲਾਂ ਅਤੇ ਕਿਲ੍ਹਿਆਂ ਦਾ ਨਿਰਮਾਣ ਕਰਦੇ ਹਨ, ਉਸੇ ਤਰ੍ਹਾਂ ਮਨੁੱਖਾ ਸਰੀਰ ਵੀ ਇਕ ਨਗਰ ਹੈ, ਜਿਸ ਦੀ ਸਿਰਜਣਾ ਪਰਮਾਤਮਾ ਨੇ ਆਪਣੇ ਰੈਣ ਬਸੇਰੇ ਲਈ ਕੀਤੀ ਹੈ:

ਕਾਇਆ ਨਗਰੁ ਨਗਰ ਗੜ ਅੰਦਰਿ ॥
ਸਾਚਾ ਵਾਸਾ ਪੁਰਿ ਗਗਨੰਦਰਿ ॥ (ਪੰਨਾ ੧੦੩੩)

ਪਰਮਾਤਮਾ ਨੇ ਹਰੇਕ ਸਰੀਰ ਰੂਪੀ ਸ਼ਹਿਰ ਦੇ ਨੌਂ ਦਰਵਾਜ਼ੇ ਰੱਖੇ ਹਨ। ਜਿਨ੍ਹਾਂ ਰਾਹੀਂ ਇਸ ਸਰੀਰ ਸ਼ਹਿਰ ਦਾ ਵਾਸੀ ਜੀਵ-ਆਤਮਾ ਬਾਹਰੀ ਦੁਨੀਆਂ ਨਾਲ ਆਪਣਾ ਸੰਬੰਧ ਬਣਾਈ ਰੱਖਦਾ ਹੈ। ਇਸੇ ਸਰੀਰ ਸ਼ਹਿਰ ਵਿਚ ਇਕ ਦਸਵਾਂ ਦਰਵਾਜ਼ਾ ਵੀ ਹੈ, ਜੋ ਅਕਾਲ ਪੁਰਖ ਨੇ ਗੁਪਤ ਰੱਖਿਆ ਹੈ। ਇਹ ਦਰਵਾਜ਼ਾ ਜੀਵ ਆਤਮਾ ਤੇ ਪਰਮਾਤਮਾ ਦੇ ਮਿਲਾਪ ਦਾ ਹੈ। ਪਰਮਾਤਮਾ ਜੀਵ ਉੱਪਰ ਕਿਰਪਾ ਕਰਕੇ ਆਪ ਹੀ ਇਸ ਦਰਵਾਜ਼ੇ ਰਾਹੀਂ ਆਪਣਾ ਆਪਾ ਪਰਗਟਾਉਂਦਾ ਹੈ:

ਦੇਹੀ ਨਗਰੀ ਨਉ ਦਰਵਾਜੇ ॥ ਸਿਰਿ ਸਿਰਿ ਕਰਣੈਹਾਰੈ ਸਾਜੇ ॥
ਦਸਵੈ ਪੁਰਖੁ ਅਤੀਤੁ ਨਿਰਾਲਾ ਆਪੇ ਅਲਖੁ ਲਖਾਇਆ॥੪॥ (ਪੰਨਾ ੧੦੩੯)

ਫਿਰ ਜੀਵ ਨੂੰ ਸੋਝੀ ਹੋ ਜਾਂਦੀ ਹੈ ਕਿ ਇਹ ਕਾਇਆ ਰੂਪੀ ਕਿਲ੍ਹਾ (ਇਹ ਸਰੀਰ) ਕੇਵਲ ਮੇਰੇ ਲਈ ਹੀ ਨਹੀਂ ਹੈ ਸਗੋਂ ਇਹ ਤਾਂ ਪਰਮਾਤਮਾ ਨੇ ਆਪਣੇ ਬੈਠਣ ਲਈ ਤਖ਼ਤ ਬਣਾਇਆ ਹੋਇਆ ਹੈ:

ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ ਸਚੁ ਸਾਚਾ ਤਖਤੁ ਰਚਾਇਆ ॥੧੨॥ (ਪੰਨਾ ੧੦੩੯)

ਇਹ ਸੋਝੀ ਹੋ ਜਾਣ 'ਤੇ ਜੀਵ ਇਸ ਦੇਹੀ ਨੂੰ ਫਿਰ ਵਿਸ਼ੇ ਵਿਕਾਰਾਂ ਵਿਚ ਗਲਤਾਨ ਨਹੀਂ ਕਰਦਾ। ਫਿਰ ਉਹ ਵਿਸ਼ਟਾ ਰੂਪੀ ਨਸ਼ਿਆਂ ਨੂੰ ਇਸ ਪਵਿੱਤਰ ਦੇਹੀ ਅੰਦਰ ਜਾਣ ਤੋਂ ਰੋਕਦਾ ਹੈ।

ਸਰੀਰ ਦੀ ਨਾਸ਼ਮਾਨਤਾ: ਜੋ ਵੀ ਪ੍ਰਾਣੀ ਇਸ ਸੰਸਾਰ 'ਤੇ ਆਇਆ ਹੈ ਉਸ ਨੇ ਅਖੀਰ ਇਕ ਦਿਨ ਇੱਥੋਂ ਚਲੇ ਜਾਣਾ ਹੈ। ਪਰ ਇਹ ਅਗਿਆਨੀ ਮਨੁੱਖ ਘਰ ਵਿਚ ਪ੍ਰਾਣੀ ਦੇ ਜਨਮ ਲੈਣ 'ਤੇ ਬੜੀਆਂ ਖੁਸ਼ੀਆਂ ਮਨਾਉਂਦਾ ਹੈ, ਵਾਜੇ ਵਜਦੇ ਹਨ, ਖੁਸ਼ੀਆਂ ਦੇ ਗੀਤ ਗਾਏ ਜਾਂਦੇ ਹਨ, ਵਧਾਈਆਂ ਮਿਲਦੀਆਂ ਹਨ, ਪਰ ਮਨੁੱਖ ਨੂੰ ਗੁਰੂ ਦੀ ਮਤ ਰਾਹੀਂ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਜਿਹੜਾ ਪ੍ਰਾਣੀ ਇਸ ਸੰਸਾਰ ਵਿਚ ਜਨਮ ਲੈ ਕੇ ਆਇਆ ਹੈ ਉਹ ਆਪਣੇ ਮਰਨ ਦਾ ਮਹੂਰਤ ਪਹਿਲਾਂ ਹੀ ਲਿਖਵਾ ਕੇ ਆਇਆ ਹੈ:

ਜਨਮੇ ਕਉ ਵਾਜਹਿ ਵਾਧਾਏ॥ ਸੋਹਿਲੜੇ ਅਗਿਆਨੀ ਗਾਏ ॥

ਜੋ ਜਨਮੈ ਤਿਸੁ ਸਰਪਰ ਮਰਣਾ ਕਿਰਤੁ ਪਇਆ ਸਿਰਿ ਸਾਹਾ ਹੇ ॥੭॥ (ਪੰਨਾ ੧੦੩੨)

ਜੀਵ ਨੂੰ ਇਸ ਸੰਸਾਰ ਵਿਚ ਸਰੀਰਕ ਜਾਮਾ ਦੇ ਕੇ ਭੇਜਣਾ ਅਤੇ ਵਾਪਸ ਬੁਲਾਉਣਾ ਤਾਂ ਉਸ ਅਕਾਲ ਪੁਰਖ ਦੀ ਰਜ਼ਾ ਹੈ। ਉਹ ਚਾਹੇ ਤਾਂ ਕਿਸੇ ਨੂੰ ਬਾਲ ਅਵਸਥਾ ਵਿਚ ਹੀ ਬੁਲਾ ਲਵੇ ਚਾਹੇ ਭਰ ਜਵਾਨੀ ਵਿਚ ਬੁਲਾ ਲਵੇ। ਪਿੱਛੋਂ ਮੇਰਾ ਮੇਰਾ ਕਰ ਕੇ ਰੋਣਾ ਪਰਮਾਤਮਾ ਦੀ ਰਜ਼ਾ ਤੋਂ ਮੁਨਕਰ ਹੋਣਾ ਹੈ:

ਬਾਲਕੁ ਮਰੈ ਬਾਲਕ ਕੀ ਲੀਲਾ ॥ ਕਹਿ ਕਹਿ ਰੋਵਹਿ ਬਾਲੁ ਰੰਗੀਲਾ ॥

ਜਿਸ ਕਾ ਸਾ ਸੋ ਤਿਨ ਹੀ ਲੀਆ ਭੂਲਾ ਰੋਵਣਹਾਰਾ ਹੇ ॥੭॥

ਭਰਿ ਜੋਬਨਿ ਮਰਿ ਜਾਹਿ ਕਿ ਕੀਜੈ॥ ਮੇਰਾ ਮੇਰਾ ਕਰਿ ਰੋਵੀਜੈ ॥ (ਪੰਨਾ ੧੦੨੭)

ਨਾਮ ਸਿਮਰਨ: ਮਾਤਾ ਦੇ ਗਰਭ ਵਿਚ ਜੀਵ ਸਵਾਸ-ਸਵਾਸ ਪਰਮਾਤਮਾ ਦਾ ਨਾਮ ਸਿਮਰਦਾ ਹੈ। ਇਸ ਸੰਸਾਰ ਵਿਚ ਆ ਕੇ ਮਾਇਆ ਦੇ ਪ੍ਰਭਾਵ ਅਧੀਨ ਇਹ ਜੀਵ ਪ੍ਰਭੂ ਦੇ ਨਾਮ ਨੂੰ ਵਿਸਾਰ ਬੈਠਦਾ ਹੈ। ਨਤੀਜਾ ਇਹ ਨਿਕਲਦਾ ਹੈ ਕਿ ਪ੍ਰਭੂ ਦੇ ਨਾਮ ਨੂੰ ਵਿਸਾਰ ਕੇ ਮਨੁੱਖ ਜਨਮ ਦੀ ਬਾਜ਼ੀ ਹਾਰ ਜਾਂਦਾ ਹੈ:

ਗਰਭ ਕੁੰਡਲ ਮਹਿ ਉਰਧ ਧਿਆਨੀ ॥ ਆਪੇ ਜਾਣੈ ਅੰਤਰਜਾਮੀ ॥

ਸਾਸਿ ਸਾਸਿ ਸਚੁ ਨਾਮੁ ਸਮਾਲੇ ਅੰਤਰਿ ਉਦਰ ਮਝਾਰਾ ਹੇ ॥੫॥

ਚਾਰਿ ਪਦਾਰਥ ਲੈ ਜਗਿ ਆਇਆ॥ ਸਿਵ ਸਕਤੀ ਘਰਿ ਵਾਸਾ ਪਾਇਆ ॥

ਏਕੁ ਵਿਸਾਰੇ ਤਾ ਪਿੜ ਹਾਰੇ ਅੰਧੁਲੈ ਨਾਮੁ ਵਿਸਾਰਾ ਹੇ ॥੬॥ (ਪੰਨਾ ੧੦੨੬)

ਨਾਮ ਸਿਮਰਨ ਤੋਂ ਸੱਖਣਾ ਮਨੁੱਖ ਜਨਮ-ਮਰਨ ਦੇ ਗੇੜ ਵਿਚ ਪੈ ਕੇ ਕਈ ਪ੍ਰਕਾਰ ਦੀਆਂ ਗਰਭ ਜੋਨੀਆਂ ਭੋਗਦਾ ਹੈ:

ਬਿਨੁ ਸਿਮਰਨ ਆਵਹਿ ਫੁਨਿ ਜਾਵਹਿ ਗ੍ਰਭ ਜੋਨੀ ਨਰਕ ਮਝਾਰਾ ਹੇ ॥੯॥ (ਪੰਨਾ ੧੦੩੦)

ਪਰਮਾਤਮਾ ਦਾ ਨਾਮ ਭੁਲਾ ਕੇ ਮਨੁੱਖ ਬਦਨਾਮੀ ਦਾ ਟਿੱਕਾ ਮੱਥੇ ਉੱਤੇ ਲਾ ਕੇ ਇੱਥੋਂ ਚਲ ਪੈਂਦਾ ਹੈ। ਪਰਮਾਤਮਾ ਦੇ ਦਰ 'ਤੇ ਨਾਮ ਤੋਂ ਸੱਖਣੇ ਝੂਠੇ ਲੋਕ ਪ੍ਰਵਾਨ ਨਹੀਂ ਹੁੰਦੇ, ਇਸ ਲਈ ਉੱਥੇ ਇਹ ਜੀਵ ਖੁਆਰ ਹੁੰਦਾ ਹੈ:

ਨਾਮੁ ਵਿਸਾਰਿ ਚਲੈ ਮੁਹਿ ਕਾਲੈ ਦਰਗਹ ਝੂਠੁ ਖੁਆਰਾ ਹੇ ॥੧੧॥ (ਪੰਨਾ ੧੦੨੭)

ਗੁਰੂ ਦੀ ਸਿੱਖਿਆ: ਗੁਰੂ ਨਾਨਕ ਦੇਵ ਜੀ ਅਨੁਸਾਰ ਸਹੀ ਜੀਵਨ ਜਾਚ ਲਈ ਗੁਰੂ ਦੀ ਸਿੱਖਿਆ ਉੱਪਰ ਚਲਣਾ ਬਹੁਤ ਜ਼ਰੂਰੀ ਹੈ। ਗੁਰੂ ਹੀ ਜੀਵਨ ਦੇ ਸਹੀ ਮਾਰਗ ਤੋਂ ਭੁੱਲੇ ਹੋਇਆਂਨੂੰ ਗੁਰਮਤਿ ਜੀਵਨ ਜਾਚ ਦੱਸ ਕੇ ਸਹੀ ਮਾਰਗ 'ਤੇ ਤੋਰਦਾ ਹੈ। ਕੁਰਾਹੇ ਜਾਂਦਿਆਂ ਨੂੰ ਸਹੀ ਰਾਹੇ ਪਾਉਂਦਾ ਹੈ। ਅਜਿਹੇ ਦੁੱਖ ਭੰਜਨ ਪਰਉਪਕਾਰੀ ਗੁਰੂ ਦੀ ਦਿਨ ਰਾਤ ਨਿਰੰਤਰ ਅਰਾਧਨਾ ਕਰਕੇ ਉਸ ਨਾਲ ਮਿੱਤਰਤਾ ਪਾਉਣੀ ਚਾਹੀਦੀ ਹੈ:

ਭੂਲੇ ਸਿਖ ਗੁਰੂ ਸਮਝਾਏ ॥ ਉਝੜਿ ਜਾਦੇ ਮਾਰਗਿ ਪਾਏ ॥

ਤਿਸੁ ਗੁਰ ਸੇਵਿ ਸਦਾ ਦਿਨੁ ਰਾਤੀ ਦੁਖ ਭੰਜਨ ਸੰਗਿ ਸਖਾਤਾ ਹੇ ॥੧੩॥ (ਪੰਨਾ ੧੦੩੨)

ਇਕ ਜਗ੍ਹਾ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰੂ ਦੀ ਉਪਮਾ ਦੱਸਦਿਆਂ ਬਿਜਲੀ ਦਾ ਇਕ ਬਹੁਤ ਖ਼ੂਬਸੂਰਤ ਦ੍ਰਿਸ਼ਟਾਂਤ ਪੇਸ਼ ਕੀਤਾ ਹੈ। ਗੁਰੂ ਜੀ ਕਹਿੰਦੇ ਹਨ ਜਿਵੇਂ ਰਾਤ ਵੇਲੇ ਬਿਜਲੀ ਦੀ

ਚਮਕ ਨਾਲ ਮਨੁੱਖ ਹਨੇਰੇ ਵਿਚ ਚਾਨਣ ਨੂੰ ਵੇਖ ਲੈਂਦਾ ਹੈ, ਇਸੇ ਤਰ੍ਹਾਂ ਗੁਰੂ ਦੀ ਸ਼ਰਨ ਵਿਚ ਪੈ ਕੇ ਸਿਮਰਨ ਦੀ ਬਰਕਤ ਨਾਲ ਜਦੋਂ ਇਸ ਜੀਵ ਦਾ ਹਿਰਦਾ ਰੁਸ਼ਨਾ ਜਾਂਦਾ ਹੈ ਤਾਂ ਇਹ ਦਿਨ ਰਾਤ ਹਰ ਸਮੇਂ ਪਰਮਾਤਮਾ ਦੀ ਜੋਤ ਨੂੰ ਸਰਬ ਵਿਆਪਕ ਦੇਖ ਲੈਂਦਾ ਹੈ। ਉਹ ਅਨੰਦ ਸਰੂਪ ਤੇ ਸੁੰਦਰ ਸਰੂਪ ਪ੍ਰਭੂ ਜਿਸ ਕਿਸੇ ਨੇ ਵੀ ਦੇਖਿਆ ਹੈ, ਪੂਰੇ ਗੁਰੂ ਨੇ ਹੀ ਦਿਖਾਇਆ ਹੈ:

ਨਿਸਿ ਦਾਮਨਿ ਜਿਉ ਚਮਕਿ ਚੰਦਾਇਣੁ ਦੇਖੈ ॥ ਅਹਿਨਿਸਿ ਜੋਤਿ ਨਿਰੰਤਰਿ ਪੇਖੈ ॥
ਆਨੰਦ ਰੂਪੁ ਅਨੂਪੁ ਸਰੂਪਾ ਗੁਰਿ ਪੂਰੈ ਦੇਖਾਇਆ ॥੨॥ (ਪੰਨਾ ੧੦੪੧)

ਅਜਿਹੇ ਪਰਉਪਕਾਰੀ ਗੁਰੂ ਦੀ ਮਹਿਮਾ ਕਰ ਪਾਉਣੀ ਮਨੁੱਖ ਦੇ ਵਸ ਤੋਂ ਬਾਹਰੀ ਗੱਲ ਹੈ ਕਿਉਂਕਿ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਆਦਿਕ ਦੇਵਤੇ ਵੀ ਉਸ ਦੀ ਮਹਿਮਾ ਦਾ ਅਥਾਹ ਨਹੀਂ ਪਾ ਸਕੇ। ਗੁਰੂ ਜਿਸ ਉੱਪਰ ਆਪ ਮਿਹਰ ਕਰੇ ਉਹੀ ਗੁਰੂ ਦੀ ਪਛਾਣ ਕਰ ਸਕਦਾ ਹੈ:

ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥ (ਪੰਨਾ ੧੦੩੨)

ਸਦਾਚਾਰਕ ਜੀਵਨ: ਗੁਰੂ ਸਾਹਿਬਾਨ ਨੇ ਆਪਣੀ ਬਾਣੀ ਅੰਦਰ ਸਦਾਚਾਰ ਜੀਵਨ ਉੱਪਰ ਬਹੁਤ ਜ਼ੋਰ ਦਿੱਤਾ ਹੈ। ਮਾਰੂ ਸੋਲਹਿਆਂ ਵਿਚ ਵੀ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਸਦਾਚਾਰਕ ਜੀਵਨ ਜੀਉਣ ਲਈ ਦੂਸਰਿਆਂ ਦੀ ਨਿੰਦਿਆ, ਈਰਖਾ, ਕਾਮ, ਕ੍ਰੋਧ, ਲੋਭ, ਮੋਹ, ਹਉਮੈ, ਮਾੜੇ ਬਚਨ ਆਦਿ ਬੁਰਿਆਈਆਂ ਦਾ ਤਿਆਗ ਕਰਨ ਅਤੇ ਨਾਮ ਸਿਮਰਨ ਦੁਆਰਾ ਸੱਚ ਦੇ ਧਾਰਨੀ ਬਣਨ ਦਾ ਉਪਦੇਸ਼ ਕੀਤਾ ਹੈ:

ਛੋਡਿਹੁ ਨਿੰਦਾ ਤਾਤਿ ਪਰਾਈ ॥ ਪੜਿ ਪੜਿ ਦਝਹਿ ਸਾਤਿ ਨ ਆਈ ॥...
ਛੋਡਹੁ ਕਾਮ ਕ੍ਰੋਧੁ ਬੁਰਿਆਈ ॥ ਹਉਮੈ ਧੰਧੁ ਛੋਡਹੁ ਲੰਪਟਾਈ ॥...
ਬੋਲਹੁ ਸਾਚੁ ਪਛਾਣਹੁ ਅੰਦਰਿ ॥ ਦੂਰਿ ਨਾਹੀ ਦੇਖਹੁ ਕਰਿ ਨੰਦਰਿ ॥ (ਪੰਨਾ ੧੦੨੬)
ਕਿਸ ਹੀ ਮੰਦਾ ਆਖਿ ਨ ਚਲੈ ਸਚਿ ਖਰਾ ਸਚਿਆਰਾ ਹੇ ॥੧੪॥ (ਪੰਨਾ ੧੦੨੭)
ਕਾਮੁ ਕ੍ਰੋਧੁ ਪਰਹਰੁ ਪਰ ਨਿੰਦਾ ॥ ਲਬੁ ਲੋਭੁ ਤਜਿ ਹੋਹੁ ਨਿਚਿੰਦਾ ॥ (ਪੰਨਾ ੧੦੪੧)

ਕਰਮ ਕਾਂਡਾਂ ਦਾ ਵਿਰੋਧ: ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਸੱਚ ਧਰਮ ਖੰਭ ਲਾ ਕੇ ਉੱਡ ਚੁੱਕਾ ਸੀ। ਸਮਾਜ ਵਿਚ ਪਾਖੰਡ ਧਰਮ ਦਾ ਬੋਲਬਾਲਾ ਸੀ। ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਅੰਦਰ ਧਰਮ ਦੇ ਨਾਂ 'ਤੇ ਕੀਤੇ ਪਖੰਡਾਂ ਅਤੇ ਕਰਮਕਾਂਡਾਂ ਦਾ ਭਰਪੂਰ ਖੰਡਨ ਕੀਤਾ ਹੈ। ਗੁਰੂ ਜੀ ਕਹਿੰਦੇ ਹਨ ਕਿ ਕਈ ਲੋਕ ਧਰਮ ਕਮਾਉਣ ਲਈ ਤਿਆਗੀ ਬਣ ਕੇ ਬਸਤ੍ਰਾਂ ਦਾ ਤਿਆਗ ਕਰਕੇ ਨੰਗੇ ਘੁੰਮਦੇ ਹਨ ਅਤੇ ਭੁੱਖੇ ਰਹਿੰਦੇ ਹਨ। ਕਈ ਹਠ ਕਰਕੇ ਆਪਣੀ ਜੀਵਨ ਲੀਲ੍ਹਾ ਹੀ ਖਤਮ ਕਰ ਲੈਂਦੇ ਹਨ। ਕਈ ਅੰਨ ਦਾ ਤਿਆਗ ਕਰਕੇ ਤੀਰਥਾਂ 'ਤੇ ਭਟਕਦੇ ਹਨ। ਧੂਣੀਆਂ ਬਾਲ ਕੇ ਸਰੀਰ ਨੂੰ ਤਪਾ ਕੇ ਕਸ਼ਟ ਦਿੰਦੇ ਹਨ। ਨਾਮ ਸਿਮਰਨ ਤੋਂ ਸੱਖਣੇ ਅਜਿਹੇ ਅਖੌਤੀ ਤਿਆਗੀ ਮਨੁੱਖ ਆਪਣੇ ਜੀਵਨ ਦਾ ਪੰਧ ਸਫਲਾ ਨਹੀਂ ਕਰ ਪਾਉਂਦੇ ਕਿਉਂਕਿ ਨਾਮ ਤੋਂ ਬਿਨਾਂ ਵਿਸ਼ੇ ਵਿਕਾਰਾਂ ਤੋਂ ਮੁਕਤੀ ਸੰਭਵ ਨਹੀਂ ਹੁੰਦੀ:

ਇਕਿ ਨਾਗੇ ਭੂਖੇ ਭਵਹਿ ਭਵਾਏ ॥ ਇਕਿ ਹਠੁ ਕਰਿ ਮਰਹਿ ਨ ਕੀਮਤਿ ਪਾਏ ॥...
ਇਕਿ ਤੀਰਥਿ ਨਾਵਹਿ ਅੰਨੁ ਨ ਖਾਵਹਿ ॥ ਇਕਿ ਅਗਨਿ ਜਲਾਵਹਿ ਦੇਹ ਖਪਾਵਹਿ ॥
ਰਾਮ ਨਾਮ ਬਿਨੁ ਮੁਕਤਿ ਨ ਹੋਈ ਕਿਤੁ ਬਿਧਿ ਪਾਰਿ ਲੰਘਾਈ ਹੇ ॥੧੪॥ (ਪੰਨਾ ੧੦੨੪)

ਇਕ ਜਗ੍ਹਾ ਗੁਰੂ ਜੀ ਜੋਗੀ ਦੇ ਪਾਖੰਡ ਧਰਮ ਦੀ ਗੱਲ ਕਰਦੇ ਹਨ ਕਿ ਜੋਗੀ ਲੱਕੜਾਂ ਬਾਲ ਕੇ ਸੁਆਹ ਤਿਆਰ ਕਰਕੇ ਆਪਣੇ ਪਿੰਡੇ ਉੱਪਰ ਸੁਆਹ ਮਲ ਕੇ ਆਪਣੇ ਆਪ ਨੂੰ ਤਿਆਗੀ ਹੋਣ ਦਾ ਅਡੰਬਰ ਕਰਦਾ ਹੈ ਪਰ ਉਸ ਦੇ ਅੰਦਰ ਕ੍ਰੋਧ ਅਤੇ ਹਉਮੈ ਦੀ ਪ੍ਰਚੰਡ ਅਗਨੀ ਬਲ ਰਹੀ ਹੈ। ਸਤਿਗੁਰ ਦੀ ਸ਼ਰਨ ਤੋਂ ਬਿਨਾਂ ਤਿਆਗ ਦੇ ਇਨ੍ਹਾਂ ਪਾਖੰਡਾਂ ਰਾਹੀਂ ਪ੍ਰਭੂ ਦਾ ਮਿਲਾਪ ਸੰਭਵ ਨਹੀਂ ਹੁੰਦਾ। ਜੋਗੀ ਦੁਆਰਾ ਪ੍ਰਭੂ ਮਿਲਾਪ ਲਈ ਕੀਤੀਆਂ ਜਾਣ ਵਾਲੀਆਂ ਸਭ ਕਿਰਿਆਵਾਂ ਜਿਵੇਂ ਤੀਰਥ, ਵਰਤ, ਭੇਸ, ਨਿਉਲੀ ਕਰਮ, ਰੇਚਕ, ਕੁੰਭਕ, ਪੂਰਕ, ਨਾੜੀਆਂ ਰਾਹੀਂ ਸੁਆਸਾਂ ਦਾ ਹੇਰ-ਫੇਰ ਇਹ ਸਭ ਪਾਖੰਡ ਧਰਮ ਹੈ। ਇਨ੍ਹਾਂ ਰਾਹੀਂ ਪਰਮਾਤਮਾ ਨਾਲ ਪ੍ਰੀਤ ਨਹੀਂ ਬਣ ਸਕਦੀ। ਪਰਮਾਤਮਾ ਦੇ ਨਾਮ ਦਾ ਮਹਾਂਰਸ ਗੁਰੂ ਦੇ ਸ਼ਬਦ ਰਾਹੀਂ ਹੀ ਚਖਿਆ ਜਾ ਸਕਦਾ ਹੈ:

ਕਰਹਿ ਬਿਭੂਤਿ ਲਗਾਵਹਿ ਭਸਮੈ ॥ ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ ॥
ਪਾਖੰਡ ਕੀਨੇ ਜੋਗੁ ਨ ਪਾਈਐ ਬਿਨੁ ਸਤਿਗੁਰ ਅਲਖੁ ਨ ਪਾਇਆ ॥੧੨॥
ਤੀਰਥ ਵਰਤ ਨੇਮ ਕਰਹਿ ਉਦਿਆਨਾ ॥ ਜਤੁ ਸਤੁ ਸੰਜਮੁ ਕਥਹਿ ਗਿਆਨਾ ॥
ਰਾਮ ਨਾਮ ਬਿਨੁ ਕਿਉ ਸੁਖੁ ਪਾਈਐ ਬਿਨੁ ਸਤਿਗੁਰ ਭਰਮੁ ਨ ਜਾਇਆ ॥੧੩॥
ਨਿਉਲੀ ਕਰਮ ਭੁਇਅੰਗਮ ਭਾਠੀ ॥ ਰੇਚਕ ਕੁੰਭਕ ਪੂਰਕ ਮਨ ਹਾਠੀ ॥
ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ ਗੁਰ ਸਬਦ ਮਹਾ ਰਸੁ ਪਾਇਆ ॥੧੪॥ (ਪੰਨਾ ੧੦੪੩)

ਗੁਰਮੁਖਿ ਮਨਮੁਖ: ਸਮੁੱਚੀ ਗੁਰਮਤਿ ਵਿਚਾਰਧਾਰਾ ਅਤੇ ਮਾਰੂ ਸੋਲਹਿਆਂ ਦੇ ਅੰਦਰ ਪਰਮਾਤਮਾ ਦੁਆਰਾ ਸਾਜੀ ਬਹੁਭਾਂਤੀ ਕੁਦਰਤ ਵਿਚ ਦੋ ਮਾਰਗਾਂ ਦਾ ਜ਼ਿਕਰ ਆਉਂਦਾ ਹੈ:

ਵੇਕੀ ਵੇਕੀ ਜੰਤ ਉਪਾਏ ॥ ਦੁਇ ਪੰਦੀ ਦੁਇ ਰਾਹ ਚਲਾਏ ॥ (ਪੰਨਾ ੧੦੩੨)

ਇਹ ਦੋ ਰਸਤੇ ਗੁਰਮੁੱਖਤਾ ਤੇ ਮਨਮੁੱਖਤਾ ਦੇ ਹਨ। ਜਿਹੜੇ ਮਨੁੱਖ ਗੁਰੂ ਦੀ ਦੱਸੀ ਮਤ ਅਨੁਸਾਰ ਆਪਣਾ ਜੀਵਨ ਬਤੀਤ ਕਰਦੇ ਹਨ ਉਨ੍ਹਾਂ ਨੂੰ ਗੁਰਮੁੱਖ ਅਤੇ ਦੂਸਰੇ ਜੋ ਗੁਰੂ ਦੀ ਮਤ ਦੇ ਉਲਟ ਆਪਣੀ ਮਤ (ਮਨ) ਅਨੁਸਾਰ ਚੱਲਦੇ ਹਨ ਉਨ੍ਹਾਂ ਨੂੰ ਮਨਮੁੱਖ ਕਿਹਾ ਗਿਆ ਹੈ। ਸਮੁੱਚੀ ਗੁਰਬਾਣੀ ਅੰਦਰ ਇਨ੍ਹਾਂ ਦਾ ਭਰਪੂਰ ਵਰਨਣ ਮਿਲਦਾ ਹੈ। ਮਾਰੂ ਸੋਲਹਿਆਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਗੁਰਮੁਖ ਗੁਰੂ ਦੀ ਮਤ ਧਾਰਨ ਕਰਕੇ ਹਰ ਸਮੇਂ ਮਾਇਆ ਵੱਲੋਂ ਸੁਚੇਤ ਰਹਿੰਦੇ ਹਨ ਅਤੇ ਆਤਮਿਕ ਜੀਵਨ ਦੀ ਪੂੰਜੀ ਬਚਾ ਲੈਂਦੇ ਹਨ। ਦੂਸਰੇ ਪਾਸੇ ਮਨਮੁਖ ਮਾਇਆ ਦੇ ਮੋਹ ਵਿਚ ਗਲਤਾਨ ਰਹਿ ਕੇ ਆਤਮਕ ਗੁਣਾਂ ਦਾ ਸਰਮਾਇਆ ਲੁਟਾ ਬੈਠਦੇ ਹਨ:

ਗੁਰਮੁਖਿ ਜਾਗਿ ਰਹੇ ਦਿਨ ਰਾਤੀ ॥ ਸਾਚੇ ਕੀ ਲਿਵ ਗੁਰਮਤਿ ਜਾਤੀ ॥
ਮਨਮੁਖ ਸੋਇ ਰਹੇ ਸੇ ਲੂਟੇ ਗੁਰਮੁਖਿ ਸਾਬਤੁ ਭਾਈ ਹੇ ॥੪॥ (ਪੰਨਾ ੧੦੨੪)

ਗੁਰੂ ਦੀ ਮਤ ਵਿਸਾਰ ਕੇ ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਸਾਕਤ (ਮਨਮੁਖ) ਸਾਰੀ ਉਮਰ ਦੁੱਖ ਸਹੇੜਦਾ ਹੈ:

ਸਭੁ ਕੋ ਬੋਲੈ ਆਪਣ ਭਾਣੈ ॥ ਮਨਮੁਖੁ ਦੂਜੈ ਬੋਲਿ ਨ ਜਾਣੈ ॥
ਅੰਧੁਲੇ ਕੀ ਮਤਿ ਅੰਧਲੀ ਬੋਲੀ ਆਇ ਗਇਆ ਦੁਖੁ ਤਾਹਾ ਹੇ ॥੧੧॥
ਦੁਖ ਮਹਿ ਜਨਮੈ ਦੁਖ ਮਹਿ ਮਰਣਾ ॥ ਦੂਖੁ ਨ ਮਿਟੈ ਬਿਨੁ ਗੁਰ ਕੀ ਸਰਣਾ ॥ (ਪੰਨਾ ੧੦੩੩)

ਆਰਤੀ: ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਧਨਾਸਰੀ ਰਾਗ ਵਿਚਲੇ ਬ੍ਰਹਿਮੰਡੀ ਆਰਤੀ ਵਾਲੇ ਸ਼ਬਦ ਦੇ ਭਾਵਾਂ ਨਾਲ ਮੇਲ ਖਾਂਦੇ ਤੇਰਹਵੇਂ ਸੋਲਹੇ ਦੇ ਇਕ ਪਦੇ ਵਿਚ ਲਿਖਦੇ ਹਨ, ਹੇ ਪ੍ਰਭੂ ਸਾਰੀ

ਸ੍ਰਿਸ਼ਟੀ ਦੀ ਬਨਸਪਤੀ ਤੇਰੇ ਅੱਗੇ ਫੁੱਲ ਭੇਟ ਕਰਨ ਵਾਲੀ ਤੇਰੀ ਮਾਲਣ ਹੈ ਤੇ ਜਿਹੜੀ ਹਵਾ ਫੇਰੀਆਂ ਲੈਂਦੀ ਚਾਰੇ ਪਾਸੇ ਚਲ ਰਹੀ ਹੈ ਉਹ ਮਾਨੋ ਤੇਰੇ ਉੱਪਰ ਚਵਰ ਝੁਲਾ ਰਹੀ ਹੈ। ਆਪਣੇ ਜਗਤ ਮਹਲ ਵਿਚ ਤੂੰ ਆਪ ਹੀ ਚੰਦ ਤੇ ਸੂਰਜ ਮਾਨੋ ਦੀਵੇ ਜਗਾ ਕੇ ਰੱਖੇ ਹਨ। ਇੱਥੇ ਨਾਲ ਹੀ ਗੁਰੂ ਸਾਹਿਬ ਪ੍ਰਕਿਰਤੀ ਦੇ ਅਦਭੁੱਤ ਰਹੱਸ ਨੂੰ ਪ੍ਰਗਟ ਕਰਦੇ ਦੱਸ ਰਹੇ ਹਨ ਕਿ ਚੰਦਰਮਾ ਦੀ ਆਪਣੀ ਕੋਈ ਰੋਸ਼ਨੀ ਨਹੀਂ ਹੈ, ਚੰਦਰਮਾ ਦੇ ਘਰ ਸੂਰਜ ਸਮਾਇਆ ਹੋਇਆ ਹੈ। ਭਾਵ ਸੂਰਜ ਦੀਆਂ ਕਿਰਨਾਂ ਚੰਦਰਮਾ ਉੱਪਰ ਪੈਣ ਨਾਲ ਉਹ ਚਮਕਦਾ ਹੈ:

ਭਾਰ ਅਠਾਰਹ ਮਾਲਣਿ ਤੇਰੀ ॥ ਚਉਰੁ ਢੁਲੈ ਪਵਣੈ ਲੈ ਫੇਰੀ ॥
ਚੰਦੁ ਸੂਰਜੁ ਦੁਇ ਦੀਪਕ ਰਾਖੇ ਸਸਿ ਘਰਿ ਸੂਰੁ ਸਮਾਇਦਾ ॥੬॥ (ਪੰਨਾ ੧੦੩੩)

ਮੁਕਤੀ: ਭਾਰਤੀ ਧਰਮ ਪ੍ਰੰਪਰਾ ਵਿਚ ਦੋ ਪ੍ਰਕਾਰ ਦੀ ਮੁਕਤੀ ਦਾ ਜ਼ਿਕਰ ਮਿਲਦਾ ਹੈ ਸਦੇਹ ਮੁਕਤੀ ਜਿਸ ਨੂੰ ਜੀਵਨ ਮੁਕਤੀ ਵੀ ਕਿਹਾ ਗਿਆ ਹੈ। ਦੂਸਰੀ ਹੈ ਵਿਦੇਹ ਮੁਕਤੀ, ਮਰਨ ਉਪਰੰਤ ਅਵਾਗਾਉਣ ਤੋਂ ਛੁਟਕਾਰਾ। ਮਾਰੂ ਸੋਲਹਿਆਂ ਵਿਚ ਦੋਨੋਂ ਪ੍ਰਕਾਰ ਦੀ ਮੁਕਤੀ ਦੇ ਸੰਕੇਤ ਮਿਲਦੇ ਹਨ। ਪਹਿਲੀ ਕਿਸਮ ਜੀਵਨ ਮੁਕਤ ਦੀ ਅਵਸਥਾ ਪ੍ਰਾਪਤ ਕਰਨ ਲਈ ਜੀਂਦੇ ਜੀਅ ਮਰਨਾ ਪੈਂਦਾ ਹੈ। ਭਾਵ ਆਪਣਾ ਆਪਾ (ਹਉਮੈ) ਮਾਰਨਾ ਪੈਂਦਾ ਹੈ। ਹਉਮੈ ਨੂੰ ਮਾਰ ਲੈਣ ਨਾਲ ਵਿਸ਼ੇ ਵਿਕਾਰਾਂ ਦੀ ਗੁਲਾਮੀ ਤੋਂ ਮੁਕਤੀ ਹਾਸਲ ਹੋ ਜਾਂਦੀ ਹੈ। ਇਹ ਅਵਸਥਾ ਗੁਰੂ ਦੀ ਸ਼ਰਨ ਵਿਚ ਪੈ ਕੇ ਨਾਮ ਸਿਮਰਨ ਨਾਲ ਸੰਭਵ ਹੁੰਦੀ ਹੈ:

ਸਚੁ ਕਹਹੁ ਸਚੈ ਘਰਿ ਰਹਣਾ ॥ ਜੀਵਤ ਮਰਹੁ ਭਵਜਲੁ ਜਗੁ ਤਰਣਾ ॥
ਗੁਰੁ ਬੋਹਿਥੁ ਗੁਰੁ ਬੇੜੀ ਤੁਲਹਾ ਮਨ ਹਰਿ ਜਪਿ ਪਾਰਿ ਲੰਘਾਇਆ ॥੧॥ (ਪੰਨਾ ੧੦੪੦)

ਅਸਲ ਵਿਚ ਵਾਸਨਾਵਾਂ ਹੀ ਦੂਸਰਾ ਜਨਮ ਧਾਰਨ ਕਰਵਾਉਂਦੀਆਂ ਹਨ:

ਜੁਗਿ ਜੁਗਿ ਮੇਰੁ ਸਰੀਰ ਕਾ ਬਾਸਨਾ ਬਧਾ ਆਵੈ ਜਾਵੈ। (੧/੧੫)

ਜਿਸ ਮਨੁੱਖ ਨੇ ਸੱਚੇ ਪ੍ਰਭੂ ਦੀ ਸ਼ਰਣ ਪੈ ਕੇ ਨਾਮ ਸਿਮਰਨ ਦੁਆਰਾ ਵਾਸ਼ਨਾਵਾਂ ਤੋਂ ਛੁਟਕਾਰਾ ਪਾ ਲਿਆ ਉਹ ਫਿਰ ਮਾਤਾ ਦੇ ਗਰਭ ਵਿਚ ਨਹੀਂ ਆਉਂਦਾ। ਉਸ ਦਾ ਸ਼ੁੱਧ ਹੋਇਆ ਆਤਮ ਤਤ ਪਰਮ ਤਤ ਵਿਚ ਇਸ ਤਰ੍ਹਾਂ ਲੀਨ ਹੋ ਜਾਂਦਾ ਹੈ ਜਿਵੇਂ ਪਾਣੀ ਵਿਚ ਪਾਣੀ ਸਮਾ ਕੇ ਇਕ ਰੂਪ ਹੋ ਜਾਂਦਾ ਹੈ:

ਸਚੁ ਹਰਿ ਨਾਮੁ ਸਚੁ ਹੈ ਸਰਣਾ ॥ ਸਚੁ ਗੁਰ ਸਬਦੁ ਜਿਤੈ ਲਗਿ ਤਰਣਾ ॥
ਅਕਥੁ ਕਥੈ ਦੇਖੈ ਅਪਰੰਪਰੁ ਫੁਨਿ ਗਰਭਿ ਨ ਜੋਨੀ ਜਾਇਆ ॥੪॥ (ਪੰਨਾ ੧੦੪੦)
ਰਾਮ ਨਾਮੁ ਦੇਵੈ ਕਰਿ ਕਿਰਪਾ ਇਉ ਸਲਲੈ ਸਲਲ ਮਿਲਾਤਾ ਹੇ ॥੧੨॥ (ਪੰਨਾ ੧੦੩੧)

ਪਰ ਪੂਰੇ ਗੁਰੂ ਤੋਂ ਬਿਨਾਂ ਮੁਕਤੀ ਨਹੀਂ ਮਿਲਦੀ ਅਤੇ ਜੀਵ ਦਾ ਆਵਾਗਵਣ ਬਣਿਆ ਰਹਿੰਦਾ ਹੈ:

ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥ (ਪੰਨਾ ੧੦੪੦)

ਮੁਕਤੀ ਹਾਸਲ ਕਰਨ ਲਈ ਮਨੁੱਖ ਕਈ ਪ੍ਰਕਾਰ ਦੇ ਦਾਨ, ਪੁੰਨ ਤੀਰਥ ਆਦਿਕ ਕਰਮ ਕਰਦਾ ਹੈ, ਪਰ ਮੁਕਤੀ ਦੇਣ ਵਾਲਾ ਨਾਮ ਪਦਾਰਥ ਗੁਰੂ ਦੇ ਸ਼ਬਦ ਰਾਹੀਂ ਪ੍ਰਭੂ ਦੀ ਸਿਫਤ ਸਲਾਹ ਕੀਤਿਆਂ ਮਿਲਦਾ ਹੈ:

ਕਰਮ ਧਰਮ ਕਰਿ ਮੁਕਤਿ ਮੰਗਾਹੀ ॥ ਮੁਕਤਿ ਪਦਾਰਥੁ ਸਬਦਿ ਸਲਾਹੀ ॥ (ਪੰਨਾ ੧੦੨੪)

ਬਾਰਹਮਾਹਾ ਤੁਖਾਰੀ : ਕੁਝ ਵਿਸ਼ੇਸ਼ ਪੱਖ

ਬਾਰਹਮਾਹਾ ਦਾ ਵਰਣਨ ਸਮੇਂ-ਸਮੇਂ 'ਤੇ ਪ੍ਰਚਲਿਤ ਪਰੰਪਰਾਵਾਂ ਵਿਚ ਮਿਲਦਾ ਹੈ। ਪੰਜਾਬੀ ਵਿਚ ਲਿਖੇ ਜਾਣ ਤੋਂ ਪਹਿਲਾਂ ਵੱਖ-ਵੱਖ ਭਾਸ਼ਾਵਾਂ ਦੇ ਕਾਵਿ-ਰੂਪਾਂ ਵਿਚ ਇਸ ਦੇ ਪ੍ਰਤੱਖ ਦਰਸ਼ਨ ਕੀਤੇ ਜਾ ਸਕਦੇ ਹਨ। 'ਬੰਗਾਲ ਦੇ ਵੈਸ਼ਨਵ ਸਰਗੁਣੀ ਕਾਵਿ' ਵਿਚ ਬਾਰਹਮਾਹੇ ਮਿਲਦੇ ਹਨ। ਚੇਤੰਨਯ ਮਹਾਂਪ੍ਰਭੂ ਅਤੇ ਉਹਨਾਂ ਦੇ ਅਨੁਯਾਈ ਭਗਤਾਂ ਨੇ ਇਸ ਰੂਪ ਦਾ ਖਰਾ ਪ੍ਰਯੋਗ ਕੀਤਾ ਹੈ। ਬੰਗਾਲੀ ਭਗਤ ਬਾਣੀ 'ਪਦਕਲਪਤਰੂ' ਵਿਚ ਸ਼ਿਆਮ ਦਾਸ ਦਾ ਬਾਰਹਮਾਹਾ ਇਕ ਅਤਿ ਸੁੰਦਰ ਕ੍ਰਿਤ ਹੈ। ਇਹ ਬਾਰਹਮਾਹਾ ਸਰਗੁਣੀ ਭਗਤੀ ਦੇ ਪ੍ਰਸੰਗ ਵਿਚ ਰਾਧਾ ਅਤੇ ਕ੍ਰਿਸ਼ਨ ਨਾਲ ਸੰਬੰਧਿਤ ਹੈ। ਬੰਗਾਲੀ ਲੋਕ-ਸਾਹਿਤ ਵਿਚ ਇਸ ਨੂੰ ਬਾਰਹਮਾਸੀ ਬੋਲਦੇ ਹਨ ਜਿਸ ਦੇ ਲੇਖਕ ਬੰਗਾਲ ਦੇ ਵੈਸ਼ਨਵ ਕਵੀ ਬਲਰਾਮ ਦਾਸ ਹਨ।'[1] ਇਹਨਾਂ ਤੋਂ ਇਲਾਵਾ ਵੀ ਬਹੁਤ ਸਾਰੇ ਬਾਰਹਮਾਹ ਪ੍ਰਚਲਿਤ ਹਨ ਜਿਨ੍ਹਾਂ ਦਾ ਵਿਸਤਾਰਪੂਰਵਕ ਵਰਣਨ ਪ੍ਰੋ. ਪਿਆਰਾ ਸਿੰਘ ਪਦਮ ਨੇ ਆਪਣੀ ਪੁਸਤਕ 'ਪੰਜਾਬੀ ਬਾਰਾਂਮਾਹ' ਵਿਚ ਕੀਤਾ ਹੈ। ਪਰ ਪੰਜਾਬੀ ਵਿਚ ਸਭ ਤੋਂ ਪਹਿਲਾ ਬਾਰਹਮਾਹਾ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਤੁਖਾਰੀ ਰਾਗ ਵਿਚ ਲਿਖਿਆ ਹੋਇਆ ਮਿਲਦਾ ਹੈ। ਇਸ ਬਾਰੇ ਕਿਹਾ ਜਾਂਦਾ ਹੈ ਕਿ 'ਇਹ ਬਾਣੀ ਗੁਰੂ ਨਾਨਕ ਸਾਹਿਬ ਜੀ ਦੀ ਅੰਤਿਮ ਰਚਨਾ ਹੈ, ਜੋ ਗੁਰੂ ਸਾਹਿਬ ਜੀ ਨੇ ਆਪਣੇ ਜੋਤੀ-ਜੋਤਿ ਸਮਾਉਣ ਵੇਲੇ ਕਰਤਾਰਪੁਰ ਵਿਚ ਉਚਾਰਨ ਕੀਤੀ। ਵਾਹਿਗੁਰੂ ਜੀ ਵੱਲੋਂ ਸੱਦਾ ਆਉਣ ਵੇਲੇ ਇਉਂ ਮਹਿਸੂਸ ਕਰਦੇ ਹਨ ਕਿ ਪੇਕੇ ਘਰ ਵਿਚ ਰਹਿੰਦੀ ਇਸਤਰੀ ਆਪਣੇ ਪਤੀ ਨੂੰ ਮਿਲਣ ਜਾਣ ਲਈ ਤਿਆਰ ਹੁੰਦੀ ਹੈ।'[2]

ਬਾਰਹਮਾਹ ਵਿਚ ਜਿਥੇ ਬਾਰਾਂ ਮਹੀਨਿਆਂ ਦਾ ਵਰਣਨ ਕੀਤਾ ਗਿਆ ਹੈ, ਉਥੇ ਨਾਲ ਹੀ ਇਹ ਮਹੀਨੇ ਛੇ ਰੁੱਤਾਂ ਨਾਲ ਵੀ ਸੰਬੰਧਿਤ ਹਨ। ਹਰ ਦੋ-ਦੋ ਮਹੀਨੇ ਇਕ-ਇਕ ਰੁੱਤ ਦਾ ਵਰਣਨ ਕਰਦੇ ਹਨ, ਜਿਵੇਂ ਚੇਤ ਅਤੇ ਵੈਸਾਖ ਬਸੰਤ ਰੁੱਤ ਦਾ, ਜੇਠ ਅਤੇ ਹਾੜ ਗ੍ਰੀਖਮ ਰੁੱਤ ਦਾ, ਸਾਉਣ ਅਤੇ ਭਾਦੋਂ ਵਰਖਾ ਰੁੱਤ ਦਾ, ਅੱਸੂ ਅਤੇ ਕੱਤਕ ਸਰਦ ਰੁੱਤ ਦਾ, ਮੱਘਰ ਅਤੇ ਪੋਹ ਹਿਮ ਰੁੱਤ ਦਾ, ਮਾਘ ਅਤੇ ਫੱਗਣ ਸ਼ਿਸ਼ਿਰ ਰੁੱਤ ਦਾ। ਇਹਨਾਂ ਰੁੱਤਾਂ ਦੇ ਬਦਲਣ ਨਾਲ ਹੀ ਮੌਸਮ ਵਿਚ ਬਦਲਾਉ ਆਉਂਦਾ ਹੈ ਜੋ ਕਿ ਵਿਅਕਤੀ ਦੀਆਂ ਭਾਵਨਾਵਾਂ ਨੂੰ ਪ੍ਰਭਾਵਿਤ ਕਰਦਾ ਹੈ। ਕਹਿਣ ਦਾ ਭਾਵ ਕਿ ਇਹਨਾਂ ਰੁੱਤਾਂ ਦੇ ਬਦਲਣ ਨਾਲ ਵੀ ਵਿਅਕਤੀ ਦੇ ਮਨ ਵਿਚ ਖ਼ੁਸ਼ੀ, ਗ਼ਮੀ, ਉਤਸ਼ਾਹ, ਨੀਰਸਤਾ ਆਦਿ ਵੇਖਣ ਨੂੰ ਮਿਲਦੀ ਹੈ ਪਰੰਤੂ ਪ੍ਰਚਲਿਤ ਬਾਰਹਮਾਹਾ ਦਾ ਮੁੱਖ ਵਿਸ਼ਾ ਵਿਛੋੜੇ ਅਤੇ ਬਿਰਹਾ ਨਾਲ ਸੰਬੰਧਿਤ ਹੈ ਅਤੇ ਇਸਤਰੀ ਨੂੰ ਆਪਣੇ ਘਰੋਂ ਦੂਰ ਗਏ ਪ੍ਰੀਤਮ ਦੇ ਵਿਜੋਗ ਵਿਚ ਕੋਈ ਵੀ ਮਹੀਨਾ ਚੰਗਾ ਨਹੀਂ ਲੱਗਦਾ ਭਾਵੇਂ ਕਿ ਮੌਸਮ ਕਿੰਨਾ ਵੀ ਸੁਹਾਵਣਾ ਕਿਉਂ ਨਾ ਹੋਵੇ। ਇਸਤਰੀ ਲਈ ਕੇਵਲ ਉਹੀ ਮਹੀਨਾ ਸੁਖਦਾਈ ਮਹੀਨਾ

ਮੰਨਿਆ ਗਿਆ ਹੈ ਜਦੋਂ ਉਸ ਦਾ ਪ੍ਰੀਤਮ ਉਸ ਦੇ ਨਜ਼ਦੀਕ ਹੋਵੇ। ਇਹਨਾਂ ਦੁਨਿਆਵੀ ਭਾਵਨਾਵਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਧਿਆਤਮਕ ਰੰਗਤ ਦੇ ਕੇ ਜੀਵ-ਇਸਤਰੀ ਅਤੇ ਪ੍ਰਭੂ-ਪਤੀ ਦੇ ਮਿਲਾਪ ਦਾ ਵਰਣਨ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਰਹਮਾਹਾ ਜੋ ਕਿ ਤੁਖਾਰੀ ਰਾਗ ਵਿਚ ਅੰਕਿਤ ਹੈ, ਦੇ ਕੁਝ ਵਿਸ਼ੇਸ਼ ਪੱਖਾਂ ਦਾ ਇਥੇ ਵਰਣਨ ਕੀਤਾ ਜਾ ਰਿਹਾ ਹੈ।

1. ਅਧਿਆਤਮਕ ਪੱਖ

ਸ੍ਰੀ ਗੁਰੂ ਨਾਨਕ ਦੇਵ ਜੀ ਇਸ ਸ੍ਰਿਸ਼ਟੀ ਦਾ ਕਰਤਾ ਇਕ ਅਕਾਲ ਪੁਰਖ ਨੂੰ ਮੰਨਦੇ ਹਨ ਅਤੇ ਇਸ ਕਰਕੇ ਸ੍ਰਿਸ਼ਟੀ ਵਿਚਲੀਆਂ ਰੁੱਤਾਂ, ਮਹੀਨੇ ਅਤੇ ਦਿਨ ਵੀ ਉਸੇ ਪਰਮਾਤਮਾ ਦੀ ਸਿਰਜਣਾ ਦਾ ਹਿੱਸਾ ਹਨ। ਭਾਈ ਗੁਰਦਾਸ ਜੀ ਵੀ ਗੁਰੂ ਸਾਹਿਬ ਜੀ ਦੇ ਇਸ ਸਿਧਾਂਤ ਦੀ ਪ੍ਰੋੜ੍ਹਤਾ ਕਰਦੇ ਹੋਏ ਕਹਿੰਦੇ ਹਨ ਕਿ ਛੇ ਰੁੱਤਾਂ, ਬਾਰਾਂ ਮਹੀਨੇ ਅਤੇ ਸੱਤ ਵਾਰ ਪਰਮਾਤਮਾ ਨੇ ਹੀ ਸੰਸਾਰ ਵਿਖੇ ਬਣਾਏ ਹਨ:

ਛਿਅ ਰੁਤਿ ਬਾਰਹ ਮਾਹ ਕਰਿ ਸਤਿ ਵਾਰ ਸੈਂਸਾਰ ਉਪਾਇਆ। (ਵਾਰ ੩੯/੧੩)
ਛਿਅ ਰੁਤਿ ਬਾਰਹ ਮਾਹ ਕਰਿ ਖਾਣੀ ਬਾਣੀ ਚਲਤੁ ਰਚਾਇਆ। (ਵਾਰ ੨੯/੩)

ਬਾਰਹਮਾਹ ਦੇ ਕੁਲ 17 ਪਦੇ ਹਨ ਅਤੇ ਇਹਨਾਂ ਵਿਚੋਂ ਪਹਿਲੇ ਚਾਰ ਪਦਿਆਂ ਵਿਚ ਪਰਮਾਤਮਾ ਦੀ ਸਿਫ਼ਤ-ਸਲਾਹ ਕਰ ਕੇ ਉਸ ਨਾਲ ਗੁਰ-ਸ਼ਬਦ ਰਾਹੀਂ ਜੁੜਨ ਦੀ ਪ੍ਰੇਰਨਾ ਦਿੱਤੀ ਗਈ ਹੈ। ਅਖ਼ੀਰਲੇ ਪਦੇ ਵਿਚ ਸਾਰੰਸ਼ ਅਤੇ ਵਿਚਲੇ ਬਾਰਾਂ ਮਹੀਨਿਆਂ ਵਿਚ ਪਤੀ-ਮਿਲਨ ਦੀ ਤੜਪ ਦਾ ਵਰਣਨ ਕੀਤਾ ਗਿਆ ਹੈ। ਗੁਰੂ ਸਾਹਿਬ ਜੀਵ-ਇਸਤਰੀ ਨੂੰ ਉਸ ਪਰਮਾਤਮਾ ਦਾ ਅੰਸ਼ ਸਮਝਦੇ ਹਨ ਅਤੇ ਇਹ ਜੀਵ-ਇਸਤਰੀ ਕਿਸੇ ਕਾਰਨ ਉਸ ਪਰਮਾਤਮਾ ਤੋਂ ਵਿੱਛੜੀ ਹੋਈ ਹੈ। ਜਦੋਂ ਜੀਵ-ਇਸਤਰੀ ਅੰਦਰ ਉਸ ਪ੍ਰਭੂ-ਪਤੀ ਲਈ ਤੜਪ ਪੈਦਾ ਹੁੰਦਾ ਹੈ ਤਾਂ ਉਸੇ ਕੋਲ ਜਾਣਾ ਲੋਚਦੀ ਹੈ। ਅਧਿਆਤਮਕ ਵਿਕਾਸ ਕਰਦੇ-ਕਰਦੇ ਜੀਵ-ਇਸਤਰੀ ਆਪਣੇ ਪ੍ਰਭੂ ਨਾਲ ਜੁੜ ਸਕਦੀ ਹੈ।

2. ਮਨੋਵਿਗਿਆਨਕ ਪੱਖ

ਬਾਰਹਮਾਹ ਤੁਖਾਰੀ ਵਿਚ ਜੀਵ-ਇਸਤਰੀ ਦੀ ਮਨੋ-ਦਸ਼ਾ ਦਾ ਵਿਸਥਾਰ ਪੂਰਵਕ ਵਰਣਨ ਮਿਲਦਾ ਹੈ। ਇਸਤਰੀ ਨੂੰ ਹਮੇਸ਼ਾਂ ਪਤੀ ਦੇ ਸਾਥ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ ਅਤੇ ਜਦੋਂ ਪਤੀ ਨੇੜੇ ਨਾ ਹੋਵੇ ਤਾਂ ਉਸ ਨੂੰ ਮਿਲਣ ਦੀ ਤੀਬਰ ਇੱਛਾ ਬਣੀ ਰਹਿੰਦੀ ਹੈ, ਬੇਚੈਨੀ ਅਤੇ ਇਕੱਲਾਪਨ ਮਹਿਸੂਸ ਹੁੰਦਾ ਹੈ, ਮੌਸਮ ਦੀ ਸੁੰਦਰਤਾ ਵੀ ਉਸ ਨੂੰ ਚੋਭਵੀਂ ਪ੍ਰਤੀਤ ਹੁੰਦੀ ਹੈ। ਡਾ. ਵਜ਼ੀਰ ਸਿੰਘ ਇਸਤਰੀ ਦੀ ਮਨੋ-ਦਸ਼ਾ ਦਾ ਵਰਣਨ ਕਰਦੇ ਹੋਏ ਕਹਿੰਦੇ ਹਨ ਕਿ 'ਆਤਮਾ ਰੂਪੀ ਇਸਤਰੀ ਕਦੀ ਆਪਣੀ ਕਲਪਨਾ ਵਿਚ 'ਨਿਸਿ ਬਾਸੁਰ' ਪ੍ਰੀਤਮ ਦਾ ਸਾਥ ਮਾਣਦੀ ਹੈ, ਕਦੀ ਵਿਛੋੜੇ ਦੀ ਕਸਕ ਵਿਚੋਂ ਫ਼ਰਿਆਦ ਕਰ ਉੱਠਦੀ ਹੈ; ਕਦੀ ਉਸ ਦੇ ਵਲਵਲੇ ਤਿੱਖੇ ਮਨੋਵੇਗ ਬਣ ਜਾਂਦੇ ਹਨ; ਕਦੀ ਠੰਡੇ-ਮਿੱਠੇ ਪਿਆਰ ਦੇ ਮਨੋਭਾਵਾਂ ਵਿਚ ਪਲਟ ਜਾਂਦੇ ਹਨ; ਕਦੀ-ਕਦੀ ਆਪਣੇ ਆਪ ਨੂੰ ਕੋਸਣ ਲੱਗ ਪੈਂਦੀ ਹੈ ਕਿ ਪੀਆ ਤਾਂ ਕੋਲ ਨਹੀਂ ਤੇ ਮੈਂ ਵੇਸਾਂ

ਤੇ ਹਾਰ-ਸ਼ਿੰਗਾਰਾਂ ਵਿਚ ਖਚਿਤ ਹੋਈ ਫਿਰਦੀ ਹਾਂ।'[3]

ਗੁਰੂ ਸਾਹਿਬ ਨੇ ਇਸਤਰੀ ਦੀ ਮਾਨਸਿਕ ਦਸ਼ਾ ਦਾ ਵਰਣਨ ਬਾਰਾਂ ਮਹੀਨਿਆਂ ਵਿਚ ਕਰ ਕੇ ਉਸ ਦੀ ਪ੍ਰਭੂ-ਪਤੀ ਪ੍ਰਤੀ ਅੰਦਰੂਨੀ ਖਿੱਚ ਦਾ ਵਰਣਨ ਕੀਤਾ ਹੈ ਕਿ ਕਿਵੇਂ ਇਕ ਜੀਵ-ਇਸਤਰੀ ਆਪਣੇ ਪ੍ਰੀਤਮ ਨੂੰ ਮਿਲਣ ਲਈ ਬੇਚੈਨ ਹੈ, ਉਸ ਦਾ ਇਹ ਸਮਾਂ ਕਿਵੇਂ ਲੰਘਦਾ ਹੈ। ਉਸ ਨੂੰ ਇਕ-ਇਕ ਪਲ ਛੇ-ਛੇ ਮਹੀਨੇ ਦੇ ਬਰਾਬਰ ਲੱਗਦਾ ਹੈ ਅਤੇ ਇਸ ਵਿਜੋਗ ਵਿਚ ਉਸ ਦਾ ਮਨ ਤੇ ਤਨ ਦੋਵੇਂ ਖਾਰ ਹੋ ਰਹੇ ਹਨ:

ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ
ਬਿਰਹਿ ਬਿਰੋਧ ਤਨੁ ਛੀਜੈ॥ (ਪੰਨਾ ੧੧੦੮)

3. ਪ੍ਰਾਕ੍ਰਿਤਕ ਪੱਖ

ਇਹ ਪੱਖ ਬਾਰਹਮਾਹ ਦਾ ਇਕ ਅਟੁੱਟ ਅੰਗ ਹੈ। ਕਿਉਂਕਿ ਬਾਰਾਂ ਮਹੀਨਿਆਂ ਵਿਚ ਛੇ ਰੁੱਤਾਂ ਦਾ ਬਦਲਾਉ ਆਉਂਦਾ ਹੈ ਅਤੇ ਇਸੇ ਕਰਕੇ ਹਰ ਮਹੀਨੇ ਦਾ ਆਪਣਾ-ਆਪਣਾ ਵਿਸ਼ੇਸ਼ ਮਹੱਤਵ ਉਜਾਗਰ ਹੁੰਦਾ ਹੈ। ਚੇਤ, ਵਿਸਾਖ, ਜੇਠ, ਹਾੜ, ਸਾਉਣ, ਭਾਦੋਂ, ਅੱਸੂ, ਕੱਤਕ, ਮੱਘਰ, ਪੋਹ, ਮਾਘ, ਫੱਗਣ—ਇਹਨਾਂ ਬਾਰਾਂ ਮਹੀਨਿਆਂ ਦਾ ਵਰਣਨ ਬਾਰਹਮਾਹ ਵਿਚ ਮਿਲਦਾ ਹੈ। ਮੌਸਮ ਦੇ ਬਦਲਾਉ ਨਾਲ ਵਿਅਕਤੀ ਦਾ ਮਨ ਵੀ ਪ੍ਰਭਾਵਿਤ ਹੁੰਦਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਵੀ 'ਆਪਣੇ ਬਾਰਹਮਾਹ ਵਿਚ ਕੁਦਰਤ ਦਾ ਚਿਤਰਣ ਆਪਣੀ ਬ੍ਰਿਹੋਂ ਭਾਵਨਾ ਨੂੰ ਰੂਪਮਾਨ ਕਰਨ ਲਈ ਕੀਤਾ ਹੈ। ਪਰ ਇਹ ਗੱਲ ਖ਼ਾਸ ਵਰਣਨ ਯੋਗ ਹੈ ਕਿ ਗੁਰੂ ਸਾਹਿਬ ਬਦਲ ਰਹੀਆਂ ਰੁੱਤਾਂ, ਥਿੱਤਾਂ ਇੰਜ ਗਹੁ ਨਾਲ ਵੇਖਦੇ, ਪਰਖਦੇ ਹਨ ਕਿ ਉਹਨਾਂ ਦੇ ਵਰਣਨ ਵਿਚ ਬਦਲ ਰਹੀ ਕੁਦਰਤ ਵੀ ਸਾਕਾਰ ਹੋ ਉੱਠਦੀ ਹੈ।'[4]

ਬਾਰਹਮਾਹ ਤੁਖਾਰੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੁਦਰਤ ਦਾ ਵਰਣਨ ਕਰਦੇ ਹੋਏ ਜਿਥੇ ਰੁੱਤਾਂ ਵਿਚ ਬਦਲਾਅ ਬਾਰੇ ਚਰਚਾ ਕੀਤੀ ਹੈ, ਉਥੇ ਨਾਲ ਹੀ ਪ੍ਰਕਿਰਤੀ ਵਿਚ ਸਮੇਂ-ਸਮੇਂ 'ਤੇ ਮੌਸਮ ਦੇ ਬਦਲਾਓ ਨਾਲ ਪੈਦਾ ਹੋ ਰਹੇ ਭੌਰਿਆਂ, ਫੁੱਲਾਂ, ਕੋਇਲਾਂ, ਪਪੀਹਿਆਂ, ਡੱਡੂਆਂ, ਮੱਛਰਾਂ ਆਦਿ ਦਾ ਵੀ ਵਰਣਨ ਕੀਤਾ ਹੈ ਜੋ ਕਿ ਇਸ ਗੱਲ ਵੱਲ ਸੰਕੇਤ ਕਰਦੇ ਹਨ ਕਿ ਹਰੇਕ ਮੌਸਮ ਆਪਣੇ ਹਿਸਾਬ ਲਾਲ ਪ੍ਰਕਿਰਤੀ ਦੀ ਸੁੰਦਰਤਾ ਵਿਚ ਵਾਧਾ ਕਰ ਰਿਹਾ ਹੈ ਜਿਵੇਂ ਕਿ ਜੇਕਰ ਤਪਸ਼, ਗਰਮੀ ਆਦਿ ਦਾ ਮੌਸਮ ਪ੍ਰਕਿਰਤੀ ਵਿਚੋਂ ਬਾਹਰ ਕੱਢ ਦਿੱਤਾ ਜਾਵੇ ਤਾਂ ਬਾਕੀ ਸਮੇਂ ਦੇ ਮੌਸਮ ਵੀ ਸ਼ਾਇਦ ਵਿਅਕਤੀ ਨੂੰ ਇੰਨਾ ਪ੍ਰਭਾਵਿਤ ਨਾ ਕਰ ਸਕਣ। ਰੁੱਤਾਂ ਅਤੇ ਮੌਸਮ ਦੇ ਬਦਲਾਅ ਦੇ ਕਾਰਨ ਹੀ ਵਿਅਕਤੀ ਦੇ ਮਨ ਵਿਚ ਬਦਲਾਉ ਦੀ ਸੰਭਾਵਨਾ ਬਣਦੀ ਹੈ। ਜਿਵੇਂ ਜੇਠ-ਹਾੜ ਦੀ ਤਪਸ਼ ਪਿੱਛੋਂ ਜਦੋਂ ਬੱਦਲ ਮੀਂਹ ਵਰ੍ਹਾਉਂਦੇ ਹਨ ਤਾਂ ਮਨ ਨੂੰ ਕੁਝ ਸ਼ਾਂਤੀ ਮਿਲਦੀ ਹੈ, ਸੁੱਕੀ ਪਈ ਬਨਸਪਤੀ ਹਰੀ ਹੋ ਜਾਂਦੀ ਹੈ। ਇਥੋਂ ਤਕ ਕਿ ਪਸ਼ੂ-ਪੰਛੀ ਵੀ ਖ਼ੁਸ਼ਹਾਲੀ ਮਹਿਸੂਸ ਕਰਦੇ ਹਨ। ਇਸ ਬਦਲਾਉ ਦਾ ਜ਼ਿਕਰ ਕਰਦੇ ਹੋਏ ਗੁਰੂ ਸਾਹਿਬ ਫ਼ੁਰਮਾਨ ਕਰਦੇ ਹਨ:

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥ (ਪੰਨਾ ੧੧੦੮)

4. ਬਿਰਹਾ ਪੱਖ

ਇਸ ਕਾਵਿ ਦਾ ਮੁੱਖ ਵਿਸ਼ਾ ਬਿਰਹਾ ਮੰਨਿਆ ਗਿਆ ਹੈ ਜਿਸ ਰਾਹੀਂ ਵਿਛੋੜੇ ਦੀ ਪੀੜ ਅਤੇ ਦਰਦ ਦਾ ਅਹਿਸਾਸ ਪ੍ਰਗਟ ਹੁੰਦਾ ਹੈ। ਬਿਰਹਾ ਨੂੰ ਸੂਫ਼ੀ ਫ਼ਕੀਰਾਂ ਨੇ ਜ਼ਿੰਦਗੀ ਦਾ ਉਹ ਗੀਤ ਦੱਸਿਆ ਹੈ ਜਿਸ ਨੂੰ ਅਪਣਾ ਕੇ ਪਰਮਪਦ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਜ਼ਿੰਦਗੀ ਦੇ ਹੋਰ ਰਸਾਂ ਦੇ ਨਾਲ-ਨਾਲ ਬਿਰਹਾ ਰਸ ਦੀ ਵੀ ਆਪਣੀ ਹੀ ਅਹਿਮੀਅਤ ਹੈ। ਇਸ ਤੋਂ ਬਗ਼ੈਰ ਵਿਅਕਤੀ ਦੇ ਜੀਵਨ ਵਿਚ ਖ਼ਾਲੀਪਨ ਆ ਸਕਦਾ ਹੈ ਅਤੇ ਉਸ ਦੇ ਅਧਿਆਤਮਕ ਵਿਕਾਸ ਵਿਚ ਰੁਕਾਵਟ ਪੈਦਾ ਹੋ ਸਕਦੀ ਹੈ। ਇਸ ਲਈ ਅਧਿਆਤਮਕ ਵਿਕਾਸ ਵਿਚ ਬਿਰਹਾ ਦਾ ਹੋਣਾ ਜ਼ਰੂਰੀ ਮੰਨਿਆ ਗਿਆ ਹੈ। ਜਿਵੇਂ ਕੇਵਲ ਮਿੱਠਾ ਖਾਣ ਨਾਲ ਹੀ ਮਿਠਾਸ ਦਾ ਪਤਾ ਨਹੀਂ ਲੱਗਦਾ ਅਤੇ ਸਲੂਣਾ ਵੀ ਲੋੜੀਂਦਾ ਹੈ, ਉਸੇ ਤਰ੍ਹਾਂ ਬਿਰਹਾ ਵੀ ਮਹਾਂਰਸ ਦੀ ਪ੍ਰਾਪਤੀ ਦੀ ਪੌੜੀ ਹੈ ਜਿਸ ਦੀ ਹੋਂਦ ਜੀਵਨ ਵਿਚ ਜ਼ਰੂਰੀ ਮੰਨੀ ਗਈ ਹੈ:

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥ (ਪੰਨਾ ੧੩੭੯)

ਬਾਰਹਮਾਹ ਦੇ ਸਾਰੇ ਮਹੀਨਿਆਂ ਵਿਚ ਪਤੀ-ਪ੍ਰੀਤਮ ਪ੍ਰਤੀ ਪਿਆਰ ਦੀ ਤੜਪ ਅਤੇ ਉਸ ਨੂੰ ਮਿਲਣ ਦੀ ਤੀਬਰਤਾ ਦਾ ਜ਼ਿਕਰ ਕੀਤਾ ਗਿਆ ਹੈ। ਪ੍ਰੀਤਮ ਦੇ ਮਿਲਾਪ ਬਿਨਾਂ ਬਿਰਹਨ ਇਸਤਰੀ ਨੂੰ ਮੌਸਮ ਦਾ ਸੁਹਾਵਣਾਪਣ ਵੀ ਦੁਖੀ ਕਰਦਾ ਹੈ ਅਤੇ ਕਿਸੇ ਵੀ ਮਹੀਨੇ ਜਾਂ ਰੁੱਤ ਦੇ ਬਦਲਣ ਨਾਲ ਉਸ ਦੇ ਮਨ ਵਿਚ ਕੋਈ ਤਬਦੀਲੀ ਨਹੀਂ ਆਉਂਦੀ। ਉਹ ਤਾਂ ਸਾਰਾ ਸਾਲ ਆਪਣੇ ਪ੍ਰੀਤਮ ਦੇ ਮਿਲਾਪ ਦੇ ਇੰਤਜ਼ਾਰ ਵਿਚ ਲੰਘਾ ਦਿੰਦੀ ਹੈ ਪਰ ਕਿਸੇ ਵੀ ਮੌਸਮ ਦਾ ਅਨੰਦ ਮਾਣਨ ਤੋਂ ਅਸਮਰੱਥ ਰਹਿੰਦੀ ਹੈ। ਇੰਨਾ ਹੀ ਨਹੀਂ, ਸੁਹਾਵਣੇ ਮੌਸਮ ਵਿਚ ਵੀ ਇਕੱਲੇਪਣ ਦਾ ਡਰ ਮਹਿਸੂਸ ਕਰਦੀ ਹੋਈ ਕਹਿੰਦੀ ਹੈ ਕਿ:

ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ ॥ (ਪੰਨਾ ੧੧੦੮)

ਸਾਉਣ ਦੇ ਅਗਲੇ ਮਹੀਨੇ ਭਾਦੋਂ ਵਿਚ ਵੀ ਭਾਵੇਂ ਕੁਦਰਤ ਦੇ ਨਜ਼ਾਰਿਆਂ ਦਾ ਅਨੰਦ ਬਨਸਪਤੀ ਅਤੇ ਸੁਹਾਵਣੇ ਮੌਸਮ ਨੂੰ ਵੇਖ ਕੇ ਮਾਣਿਆ ਜਾ ਸਕਦਾ ਹੈ ਪਰ ਮਾਨਸਿਕ ਬਿਰਹਾ ਇਸ ਮੌਸਮ ਵਿਚ ਜੀਵ-ਇਸਤਰੀ ਨੂੰ ਤੰਗ ਕਰਦੀ ਹੈ, ਜਿਸ ਦਾ ਵਰਣਨ ਕਰਦੇ ਹੋਏ ਗੁਰੂ ਸਾਹਿਬ ਬਾਰਹਮਾਹ ਵਿਚ ਫ਼ੁਰਮਾਉਂਦੇ ਹਨ:

ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ ॥
ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ ॥
ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ ॥
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ ॥ (ਪੰਨਾ ੧੧੦੮)

ਬਿਰਹਾ ਪੱਖ ਦਾ ਵਰਣਨ ਕਰਦੇ ਹੋਏ ਗੁਰੂ ਸਾਹਿਬ ਹਰ ਇਕ ਮਹੀਨੇ ਵਿਚ ਇਸਤਰੀ ਦੇ ਹਾਵਾਂ-ਭਾਵਾਂ ਅਤੇ ਹੋਰ ਪ੍ਰਗਟਾਵਿਆਂ ਦੇ ਰਾਹੀਂ ਇਹੀ ਪੇਸ਼ ਕਰ ਰਹੇ ਹਨ ਕਿ ਪ੍ਰਭੂ-ਪ੍ਰੀਤਮ ਤੋਂ ਵਿੱਛੜ ਕੇ ਜੀਉਣ ਨਾਲ ਜ਼ਿੰਦਗੀ ਦਾ ਸਾਰਾ ਸਮਾਂ ਅਜਾਈਂ ਗਵਾਈ ਜਾ ਰਿਹਾ ਹੈ ਜਿਸ ਕਰਕੇ ਜੀਵਨ ਵਿਚ ਕੋਈ ਅਨੰਦ ਪੈਦਾ ਨਹੀਂ ਹੁੰਦਾ ਅਤੇ ਵਿਅਕਤੀ ਨਿੱਕੀਆਂ-ਨਿੱਕੀਆਂ ਚੀਜ਼ਾਂ ਦੀ ਅਪ੍ਰਾਪਤੀ ਤੋਂ ਦੁਖੀ ਹੁੰਦਾ ਹੈ। ਪਰ ਜੇਕਰ ਇਕ ਪ੍ਰਭੂ ਨਾਲ ਜੁੜਿਆ ਜਾਵੇ ਤਾਂ ਜਿਥੇ

ਪਰਮ ਅਨੰਦ ਪੈਦਾ ਹੁੰਦਾ ਹੈ ਉਥੇ ਜੀਵਨ ਦੇ ਹਰ ਇਕ ਸਮੇਂ ਵਿਚ ਵਿਅਕਤੀ ਹੁਲਾਸ ਅਤੇ ਖੇੜੇ ਵਿਚ ਰਹਿੰਦਾ ਹੈ।

5. ਦਾਰਸ਼ਨਿਕ ਪੱਖ

ਗੁਰੂ ਸਾਹਿਬ ਜੀ ਦਾ ਮੁੱਖ ਉਦੇਸ਼ ਵਿਅਕਤੀ ਨੂੰ ਪਰਮਾਤਮਾ ਨਾਲ ਜੋੜਨਾ ਹੈ। ਇਸ ਕੰਮ ਲਈ ਗੁਰੂ ਸਾਹਿਬ ਜੀ ਨੇ ਬਾਰਹਮਾਹ ਵਿਚ ਦਾਰਸ਼ਨਿਕ ਵਿਚਾਰਧਾਰਾ ਦਾ ਪ੍ਰਯੋਗ ਕੀਤਾ ਹੈ। ਸੁਹਾਗਣ ਨੂੰ ਇਕ ਚੰਗੇ ਗੁਣ ਵਾਲੀ ਇਸਤਰੀ ਦੇ ਰੂਪ ਵਿਚ ਪ੍ਰਗਟ ਕਰ ਕੇ ਉਸ ਰਾਹੀਂ ਗਿਆਨ, ਭਗਤੀ, ਆਤਮਾ, ਪਰਮਾਤਮਾ, ਕਰਮ, ਨਾਮ ਆਦਿ ਦਾ ਵਰਣਨ ਬੜੇ ਸੁਹਣੇ ਢੰਗ ਨਾਲ ਕੀਤਾ ਮਿਲਦਾ ਹੈ। ਭਾਵੇਂ ਕਿ ਬਾਰਹਮਾਹ ਵਿਚ ਦੁਨਿਆਵੀ ਕਾਵਿ-ਰੂਪ ਦੀ ਵਰਤੋਂ ਕੀਤੀ ਗਈ ਪਰ ਇਸ ਰਾਹੀਂ ਉਹ ਸਾਰੀਆਂ ਗੱਲਾਂ ਸਮਝਾਈਆਂ ਗਈਆਂ ਹਨ ਜਿਸ ਰਾਹੀਂ ਅਧਿਆਤਮਕ ਵਿਕਾਸ ਦੀਆਂ ਲੀਹਾਂ ਵੱਲ ਆਮ ਵਿਅਕਤੀ ਨੂੰ ਤੋਰਿਆ ਜਾ ਸਕੇ। ਦੁਹਾਗਣ ਦੇ ਰੂਪ ਵਿਚ ਉਹਨਾਂ ਵਿਅਕਤੀਆਂ ਦਾ ਜ਼ਿਕਰ ਕੀਤਾ ਗਿਆ ਹੈ ਜੋ ਕਿ ਪ੍ਰਭੂ ਤੋਂ ਦੂਰ ਰਹਿੰਦੇ ਹਨ ਅਤੇ ਮਨਮਤ ਕਰਦੇ ਹਨ। ਇਸ ਰਾਹੀਂ ਜਿਥੇ ਇਕ ਪ੍ਰਭੂ ਨਾਲ ਜੁੜਨ ਦਾ ਉਪਦੇਸ਼ ਦਿੱਤਾ ਗਿਆ ਹੈ, ਉਥੇ ਪ੍ਰਭੂ ਦੇ ਅਜੂਨੀ, ਕ੍ਰਿਪਾਲੂ ਅਤੇ ਦਿਆਲੂ ਹੋਣ ਬਾਰੇ ਵੀ ਦ੍ਰਿੜ੍ਹਾਇਆ ਗਿਆ ਹੈ:

ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ ॥੪॥ (ਪੰਨਾ ੧੧੦੭)

ਬਾਰਹਮਾਹ ਤੁਖਾਰੀ ਵਿਚ ਗੁਰੂ ਸਾਹਿਬ ਜੀ ਇਹ ਸਪੱਸ਼ਟ ਕਰਦੇ ਹਨ ਕਿ ਆਤਮਾ ਹੀ ਗਿਆਨ ਦਾ ਸਰੂਪ ਹੈ ਅਤੇ ਗਿਆਨ ਨੇ ਇਸੇ ਆਤਮਾ ਨਾਲ ਮੇਲ ਕਰਨਾ ਹੈ। ਜਦੋਂ ਆਤਮਾ ਗਿਆਨ ਸਰੂਪ ਹੋ ਗਈ ਤਾਂ ਇਸ ਨੇ ਆਪਣੇ ਆਪ ਨੂੰ ਤਾਂ ਪ੍ਰਕਾਸ਼ ਸਰੂਪ ਕਰਨਾ ਹੈ ਪਰ ਨਾਲ ਹੀ ਦੂਜਿਆਂ ਲਈ ਗਿਆਨ ਪੈਦਾ ਕਰਨ ਵਿਚ ਸਹਾਈ ਵੀ ਹੋਣਾ ਹੈ। ਇਸ ਨੂੰ ਅਲੰਕਾਰ ਰੂਪ ਵਿਚ ਪੇਸ਼ ਕਰਦੇ ਹੋਏ ਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਇਕ ਗਿਆਨ-ਵਿਹੂਣੀ ਆਤਮਾ ਪ੍ਰਕਾਸ਼ ਦੇ ਦੀਪਕ ਦੀ ਅਣਹੋਂਦ ਕਰਕੇ ਭਟਕ ਰਹੀ ਹੈ। ਇਸ ਗਿਆਨ-ਵਿਹੂਣੀ ਆਤਮਾ ਅੰਦਰ ਇਹ ਤੜਪ ਗਿਆਨਵਾਨ ਆਤਮਾਵਾਂ ਨੂੰ ਵੇਖ ਕੇ ਪ੍ਰਗਟ ਹੁੰਦੀ ਹੈ, ਜਿਸ ਦਾ ਵਰਣਨ ਕਰਦੇ ਹੋਏ ਗੁਰੂ ਸਾਹਿਬ ਫ਼ੁਰਮਾਉਂਦੇ ਹਨ:

ਘਰਿ ਘਰਿ ਕੰਤੁ ਰਵੈ ਸੋਹਾਗਣਿ ਹਉ ਕਿਉ ਕੰਤਿ ਵਿਸਾਰੀ ॥
ਉਨਵਿ ਘਨ ਛਾਏ ਬਰਸੁ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ ॥
ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ ॥੪॥ (ਪੰਨਾ ੧੧੦੭)

ਬਾਰਹਮਾਹ ਤੁਖਾਰੀ ਵਿਚ ਗੁਰੂ ਸਾਹਿਬ ਦੀ ਕਰਮ-ਫ਼ਿਲਾਸਫ਼ੀ ਦੇ ਦਰਸ਼ਨ ਵੀ ਹੁੰਦੇ ਹਨ ਕਿ ਵਿਅਕਤੀ ਦੇ ਮਾੜੇ ਕਰਮ ਉਸ ਨੂੰ ਰਸਾਤਲ ਵੱਲ ਲੈ ਜਾਂਦੇ ਹਨ, ਜਿਸ ਦੀ ਤੁਲਨਾ ਉਹਨਾਂ ਨੇ ਦੁਹਾਗਣ ਇਸਤਰੀ ਨਾਲ ਕੀਤੀ ਹੈ। ਪਰ ਜਦੋਂ ਵਿਅਕਤੀ ਪਰਮਾਤਮਾ ਨੂੰ ਆਪਣਾ ਮੂਲ ਸਮਝ ਲੈਂਦਾ ਹੈ, ਉਸ ਵੱਲ ਮੁੜਨ ਲਈ ਜਤਨ ਕਰਦਾ ਹੈ ਤਾਂ ਨਿਸ਼ਚਿਤ ਰੂਪ ਵਿਚ ਹੀ ਇਕ ਚੰਗਾ ਇਨਸਾਨ ਬਣ ਸਕਦਾ ਹੈ ਜਿਸ ਦੀ ਤੁਲਨਾ ਇਕ ਸੁਹਾਗਣ ਅਤੇ ਨੇਕ ਇਸਤਰੀ ਨਾਲ ਕੀਤੀ ਗਈ ਹੈ ਜੋ ਕਿ ਪ੍ਰਭੂ ਦੇ ਹੁਕਮ ਵਿਚ ਰਹਿ ਕੇ ਕਰਮ ਕਰਦੀ ਹੈ। ਗੁਰੂ ਸਾਹਿਬ ਜੀ ਇਸ ਤਰ੍ਹਾਂ ਦੀ ਇਸਤਰੀ ਬਾਰੇ ਟਿੱਪਣੀ ਕਰਦੇ ਹੋਏ ਫ਼ੁਰਮਾਉਂਦੇ ਹਨ ਕਿ:

ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ ॥੯॥ (ਪੰਨਾ ੧੧੦੮)

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਅਨੁਸਾਰ ਭਗਤੀ ਇਕ ਅਹਿਮ ਅਤੇ ਮਹੱਤਵਪੂਰਨ ਪੱਖ ਹੈ ਜਿਸ ਦੀ ਝਲਕ ਬਾਰਹਮਾਹ ਵਿਚ ਵੀ ਮਿਲਦੀ ਹੈ। ਬਾਰਹਮਾਹ ਵਿਚ ਭਾਵੇਂ ਦੁਨਿਆਵੀ ਰਿਸ਼ਤਿਆਂ ਦਾ ਵਰਣਨ ਕੀਤਾ ਗਿਆ ਹੈ ਪਰ ਇਸ ਦਾ ਮੁੱਖ ਉਦੇਸ਼ ਉਸ ਨਿਰੰਕਾਰ ਦੀ ਭਗਤੀ ਕਰਨਾ ਹੀ ਹੈ ਜੋ ਸ੍ਰਿਸ਼ਟੀ ਵਿਚ ਰਮਿਆ ਹੋਇਆ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਜਦੋਂ ਵਿਅਕਤੀ ਦੀ ਭਗਤੀ ਸੰਪੂਰਨ ਹੁੰਦੀ ਹੈ ਜਾਂ ਜਦੋਂ ਵਿਅਕਤੀ ਭਗਤੀ ਕਰਦਾ ਹੋਇਆ ਆਪਣੇ ਪ੍ਰੀਤਮ ਦੇ ਨੇੜੇ ਪਹੁੰਚ ਜਾਂਦਾ ਹੈ ਤਾਂ ਮਨ ਖ਼ੁਸ਼ੀ ਅਤੇ ਅਨੰਦ ਦੀ ਸਦੀਵੀ ਹੋਂਦ ਦਾ ਪਾਤਰ ਬਣਦਾ ਹੈ:

ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ ॥
ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ ॥
ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ ॥
ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ ॥
ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ ॥
ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ ॥੧੭॥ (ਪੰਨਾ ੧੧੦੯)

6. ਸਾਧਨਾ ਪੱਖ

ਬਾਰਹਮਾਹ ਤੁਖਾਰੀ ਦਾ ਮੁੱਖ ਵਿਸ਼ਾ ਜੀਵ-ਆਤਮਾ ਨੂੰ ਪਰਮਾਤਮਾ ਨਾਲ ਜੋੜਨਾ ਹੈ। ਇਸ ਵਿਚ ਜੀਵ-ਆਤਮਾ ਨੂੰ ਬਹੁਤ ਨਿਗੂਣੇ ਜਿਹੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਅਤੇ ਪਰਮਾਤਮਾ ਨੂੰ ਅਥਾਹ ਸ਼ਕਤੀਆਂ ਦਾ ਮਾਲਕ ਦੱਸਿਆ ਗਿਆ ਹੈ। ਇਸ ਲਈ ਜੀਵ-ਆਤਮਾ ਨੂੰ ਪਰਮਾਤਮਾ ਉੱਤੇ ਸਦੀਵੀ ਤੌਰ 'ਤੇ ਨਿਰਭਰ ਰਹਿੰਦਾ ਪੈਂਦਾ ਹੈ। ਇਸ ਦੀ ਨਿਰਭਰਤਾ ਤਾਂ ਹੀ ਖ਼ਤਮ ਹੋ ਸਕਦੀ ਹੈ ਜੇਕਰ ਇਸ ਦਾ ਮਿਲਾਪ ਪਰਮਾਤਮਾ ਨਾਲ ਹੋ ਜਾਵੇ। ਪਰਮਾਤਮਾ ਨਾਲ ਮਿਲਾਪ ਲਈ ਜੀਵ-ਆਤਮਾ ਨੂੰ ਜਤਨ ਕਰਦੇ ਹੋਏ ਪੇਸ਼ ਕੀਤਾ ਗਿਆ ਹੈ। ਪਰ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜਦੋਂ ਜੀਵ-ਆਤਮਾ ਆਪਣਾ ਸਭ ਕੁਝ ਪਰਮਾਤਮਾ ਨੂੰ ਅਰਪਣ ਕਰ ਦੇਵੇ। ਪੁਰਾਤਨ ਭਾਰਤੀ ਪਰੰਪਰਾ ਵਿਚ ਪ੍ਰਭੂ-ਮਿਲਾਪ ਲਈ ਸਾਧਨਾ ਕਰਨ ਹਿੱਤ ਜੰਗਲਾਂ ਵਿਚ ਜਾਣਾ, ਸੰਸਾਰ ਨਾਲੋਂ ਨਾਤਾ ਤੋੜ ਲੈਣਾ, ਸੁਆਸਾਂ ਨੂੰ ਦਸਮ ਦੁਆਰ ਤਕ ਚੜ੍ਹਾ ਲੈਣਾ, ਉਦਾਸੀ ਹੋ ਜਾਣਾ, ਤਪ ਜੋਗ ਆਦਿ 'ਤੇ ਜ਼ੋਰ ਦੇਣਾ ਆਮ ਗੱਲ ਸੀ, ਪਰ ਗੁਰੂ ਸਾਹਿਬ ਜੀ ਨੇ ਜੀਵ-ਆਤਮਾ ਨੂੰ ਪਰਮਾਤਮਾ ਤਕ ਲੈ ਜਾਣ ਲਈ ਉਪਰੋਕਤ ਕੋਈ ਵੀ ਰਾਹ ਅਪਣਾਉਣ ਤੋਂ ਵਰਜਦੇ ਹੋਏ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਾਧਨਾ ਇਸੇ ਸੰਸਾਰ ਵਿਚ ਰਹਿੰਦੇ ਹੋਏ ਅਤੇ ਗ੍ਰਿਹਸਤੀ ਧਰਮ ਨੂੰ ਨਿਭਾਉਂਦੇ ਹੋਏ ਕੀਤੀ ਜਾ ਸਕਦੀ ਹੈ ਬਲਕਿ ਪਰਮਾਤਮਾ ਨੂੰ ਤਾਂ ਮਨੁੱਖ ਦੀ ਘਰ-ਪਰਿਵਾਰ ਅਤੇ ਸਮਾਜਿਕ ਫ਼ਰਜ਼ਾਂ ਦੀ ਪੂਰਤੀ ਕਰਦਿਆਂ ਕੀਤੀ ਭਗਤੀ ਜਾਂ ਸਾਧਨਾ ਹੀ ਪ੍ਰਵਾਨ ਹੈ। ਇਸ ਲਈ ਗੁਰੂ ਨਾਨਕ ਸਾਹਿਬ ਜੀ ਨੇ ਬਾਰਹਮਾਹ ਤੁਖਾਰੀ ਵਿਚ ਜਿਨ੍ਹਾਂ ਵੀ ਬਿੰਬਾਂ ਅਤੇ ਅਲੰਕਾਰਾਂ ਦਾ ਵਰਣਨ ਕੀਤਾ ਹੈ ਉਹ ਸਭ ਗ੍ਰਿਹਸਤੀਆਂ ਦੇ ਇਰਦ-ਗਿਰਦ ਹੀ ਘੁੰਮਦੇ ਹਨ ਜਿਵੇਂ ਸੁਹਾਗਣ, ਦੁਹਾਗਣ, ਸ਼ਿੰਗਾਰ, ਮਹਿਲ, ਸੇਜ, ਕੰਤ ਆਦਿ। ਪਰ ਮੂਲ ਰੂਪ ਵਿਚ ਜੀਵ-ਆਤਮਾ ਨੂੰ ਪਰਮਾਤਮਾ

ਦੀ ਸਾਧਨਾ ਕਰਦੇ ਹੋਏ ਪੇਸ਼ ਕੀਤਾ ਗਿਆ ਜਿਸ ਤੋਂ ਬਗ਼ੈਰ ਇਹ ਜੀਵਨ ਨਿਰਾਰਥਕ ਜਿਹਾ ਲੱਗਦਾ ਦੱਸਿਆ ਗਿਆ ਹੈ :

...ਹਰਿ ਬਿਨੁ ਘੜੀ ਨ ਜੀਵਾ ॥ (ਪੰਨਾ ੧੧੦੭)
...ਹਰਿ ਬਿਨੁ ਰਹਣੁ ਨ ਜਾਏ ॥ (ਪੰਨਾ ੧੧੦੭)
...ਹਰਿ ਬਿਨੁ ਕਿਉ ਪਾਵੈ ਸੁਖ ਮਹਲੀ ॥ (ਪੰਨਾ ੧੧੦੮)
ਹਰਿ ਬਿਨੁ ਨੀਦ ਭੂਖ ਕਹੁ ਕੈਸੀ...॥ (ਪੰਨਾ ੧੧੦੮)

ਇਸ ਤਰ੍ਹਾਂ ਬਾਰਹਮਾਹ ਦੇ ਭਿੰਨ-ਭਿੰਨ ਪੱਖਾਂ 'ਤੇ ਵਿਚਾਰ ਕਰਨ ਨਾਲ ਇਹ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿਅਕਤੀ ਦੇ ਅਧਿਆਤਮਕ ਵਿਕਾਸ ਲਈ ਬਾਰਹਮਾਹ ਨੂੰ ਇਕ ਮਾਧਿਅਮ ਦੇ ਤੌਰ 'ਤੇ ਚੁਣਿਆ ਹੈ। ਗੁਰੂ ਸਾਹਿਬ ਸ੍ਰਿਸ਼ਟੀ ਨੂੰ ਉਸ ਪਰਮਾਤਮਾ ਦਾ ਰੂਪ ਹੀ ਸਮਝਦੇ ਹਨ ਅਤੇ ਇਥੇ ਪੈਦਾ ਹੋਈਆਂ ਰੁੱਤਾਂ, ਮਹੀਨੇ ਅਤੇ ਦਿਨਾਂ ਨੂੰ ਉਸ ਦੀ ਰਚਨਾ। ਇਸ ਕਰਕੇ ਜੋ ਚੀਜ਼ ਪਰਮਾਤਮਾ ਦੁਆਰਾ ਪੈਦਾ ਕੀਤੀ ਗਈ ਹੈ, ਉਹ ਸਭ ਸ਼ੁਭ ਹੈ। ਕਿਸੇ ਦਿਨ ਜਾਂ ਮਹੀਨੇ ਨੂੰ ਖ਼ਾਸ ਪਵਿੱਤਰ ਜਾਂ ਅਪਵਿੱਤਰ ਨਹੀਂ ਸਮਝਣਾ ਚਾਹੀਦਾ ਬਲਕਿ ਸਾਰੇ ਹੀ ਉਹ ਦਿਨ ਅਤੇ ਮਹੀਨੇ ਠੀਕ ਹਨ ਜਦੋਂ ਪਰਮਾਤਮਾ ਦਾ ਨਾਂ ਚੇਤੇ ਰਹਿੰਦਾ ਹੈ।

ਹਵਾਲੇ ਅਤੇ ਟਿੱਪਣੀਆਂ

1. ਪ੍ਰੋ. ਪ੍ਰੇਮ ਸਿੰਘ, 'ਬਾਰਹਮਾਹ ਤੁਖਾਰੀ : ਇਕ ਵਿਸ਼ਲੇਸ਼ਣ', ਖੋਜ ਪੱਤ੍ਰਿਕਾ (ਗੁਰੂ ਨਾਨਕ ਦੇਵ ਵਿਸ਼ੇਸ਼ ਅੰਕ), ਨਵੰਬਰ 1969, ਪੰਨਾ 224.
2. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੋਥੀ ਚੌਥੀ, ਪੰਨਾ 1107.
3. ਡਾ. ਵਜ਼ੀਰ ਸਿੰਘ, 'ਬਾਰਹਮਾਹ ਤੁਖਾਰੀ : ਸੁਹਜਵਾਦੀ ਦ੍ਰਿਸ਼ਟੀਕੋਣ', ਆਲੋਚਨਾ, ਜਨਵਰੀ-ਦਸੰਬਰ 1969, ਪੰਨਾ 485.
4. ਪ੍ਰੋ. ਪ੍ਰੇਮ ਸਿੰਘ, 'ਬਾਰਹਮਾਹ ਤੁਖਾਰੀ : ਇਕ ਵਿਸ਼ਲੇਸ਼ਣ', ਖੋਜ ਪੱਤ੍ਰਿਕਾ (ਗੁਰੂ ਨਾਨਕ ਦੇਵ ਵਿਸ਼ੇਸ਼ ਅੰਕ), ਨਵੰਬਰ 1969, ਪੰਨਾ 232.

(8/2004)

ਮਲਾਰ ਕੀ ਵਾਰ

ਵਾਰ ਦੀਆਂ ਪਉੜੀਆਂ ਦਾ ਵਿਸ਼ਾ-ਵਸਤੂ

ਵਾਰ ਭਾਵੇਂ ਅਧਿਆਤਮਕ ਹੋਵੇ ਭਾਵੇਂ ਬੀਰ-ਰਸੀ, ਇਸ ਵਿਚ ਹਮੇਸ਼ਾ ਦੋ ਧਿਰਾਂ ਦੀ ਟੱਕਰ ਜਾਂ ਭੇੜ ਹੁੰਦੀ ਹੈ। ਬੀਰ-ਰਸੀ ਵਾਰਾਂ ਵਿਚ ਇਹ ਭੇੜ ਦੋ ਯੋਧਿਆਂ, ਦੋ ਦਲਾਂ, ਦੋ ਦੇਸ਼ਾਂ ਦਾ ਹੋ ਸਕਦਾ ਹੈ। ਅਧਿਆਤਮਕ ਵਾਰਾਂ ਵਿਚ ਇਹ ਘੋਲ ਅੰਤਰਮੁਖੀ ਸ਼ਕਤੀਆਂ ਦਾ ਹੁੰਦਾ ਹੈ। ਗੁਰੂ ਨਾਨਕ ਸਾਹਿਬ ਰਚਿਤ ਮਲਾਰ ਦੀ ਵਾਰ ਦਾ ਸਿਰਲੇਖ 'ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ' ਇਸ ਗੱਲ ਦਾ ਸੰਕੇਤ ਹੈ ਕਿ ਇਸ ਅਧਿਆਤਮਕ ਵਾਰ ਨੂੰ 'ਰਾਣੇ ਕੈਲਾਸ਼' ਦੀ ਬੀਰ-ਰਸੀ ਵਾਰ ਦੀ ਧੁਨੀ ਉੱਤੇ ਗਾਉਣ ਦਾ ਆਦੇਸ਼ ਹੈ।

ਵਾਰ ਸਦਾ ਪਉੜੀਆਂ ਵਿਚ ਲਿਖੀ ਜਾਂਦੀ ਹੈ। 'ਪਉੜੀ' ਵਾਰ ਦਾ ਮਕਬੂਲ ਛੰਦ ਹੈ। ਮਲਾਰ ਦੀ ਵਾਰ ਦੀਆਂ ਕੁਲ 28 ਪਉੜੀਆਂ ਹਨ, ਜਿਨ੍ਹਾਂ ਵਿਚੋਂ 27 ਗੁਰੂ ਨਾਨਕ ਦੇਵ ਜੀ ਦੀਆਂ ਹਨ ਅਤੇ ਇਕ ਪਉੜੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ। ਇਸ ਲੇਖ ਵਿਚ ਇਹਨਾਂ ਪਉੜੀਆਂ ਨੂੰ ਹੀ ਧਿਆਨ ਵਿਚ ਰੱਖ ਕੇ ਵਾਰ ਦਾ ਵਿਸ਼ਾ ਸਮਝਣ ਦਾ ਯਤਨ ਕੀਤਾ ਗਿਆ ਹੈ।

ਇਸ ਵਾਰ ਵਿਚ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਨੂੰ ਇਕ ਛਿੰਜ ਅਖਾੜਾ ਕਿਹਾ ਹੈ, ਜਿਥੇ ਗੁਰਮੁਖ ਅਤੇ ਮਨਮੁਖ ਦੋ ਧਿਰਾਂ ਦਾ ਪਰਪਸਰ ਘੋਲ ਚੱਲ ਰਿਹਾ ਹੈ। ਗੁਰਮੁਖ ਉਹ ਵਿਅਕਤੀ ਹਨ ਜੋ ਗੁਰੂ ਦੇ ਸਨਮੁਖ ਰਹਿੰਦੇ ਹਨ, ਨਾਮ ਅਤੇ ਨਾਮੀ ਦੀਆਂ ਕਦਰਾਂ-ਕੀਮਤਾਂ ਨਾਲ ਜੁੜੇ ਰਹਿੰਦੇ ਹਨ। ਇਸ ਤੋਂ ਵਿਪਰੀਤ ਮਨਮੁਖ ਉਹ ਵਿਅਕਤੀ ਹਨ ਜੋ ਗੁਰੂ ਤੋਂ ਬੇਮੁਖ, ਨਾਮ ਤੋਂ ਵੰਚਿਤ ਆਪਣੇ ਮਨ ਦੀ ਖੇਡ ਖੇਡਣ ਵਿਚ ਲੱਗੇ ਹੋਏ ਹਨ। ਸੰਸਾਰ ਖੇਡ ਵਿਚ ਦੋਵੇਂ ਧਿਰਾਂ ਕਿਵੇਂ ਕਿਰਿਆਸ਼ੀਲ ਹੁੰਦੀਆਂ ਹਨ, ਇਹ ਇਸ ਵਾਰ ਦਾ ਮੂਲ ਵਿਸ਼ਾ ਹੈ।

ਵਾਰ ਦੀਆਂ ਪਹਿਲੀਆਂ ਤਿੰਨ ਪਉੜੀਆਂ ਵਿਚ ਇਹ ਖ਼ਿਆਲ ਦਰਸਾਇਆ ਹੈ ਕਿ ਪਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕਰਨ ਹਿਤ ਇਸ ਬ੍ਰਹਿਮੰਡ ਦਾ ਅਸਚਰਜ ਤਮਾਸ਼ਾ ਰਚਿਆ ਹੈ। ਉਹ ਆਪ ਇਸ ਸਾਰੀ ਰਚਨਾ ਵਿਚ ਵਿਦਮਾਨ ਹੈ ਅਤੇ ਆਪਣਾ ਆਪ, ਵਿਸ਼ੇਸ਼ ਤੌਰ 'ਤੇ ਗੁਰੂ ਵਿਚ ਲੀਨ ਕਰਾ ਕੇ ਆਪਣਾ ਸੁਨੇਹਾ ਗੁਰ-ਸ਼ਬਦ ਰਾਹੀਂ ਸਾਰੇ ਜਗਤ ਵਿਚ ਵੰਡ ਰਿਹਾ ਹੈ। ਪਰਮਾਤਮਾ ਨੇ ਹੀ ਬ੍ਰਹਮਾ, ਵਿਸ਼ਨੂੰ, ਸ਼ਿਵ, ਅਵਤਾਰ, ਦੇਵਤੇ, ਦੈਂਤ ਅਤੇ ਧਰਮਰਾਜ ਨੂੰ ਸਿਰਜਿਆ ਅਤੇ ਦੁਨੀਆਂ ਦੇ ਜੀਵਾਂ ਨੂੰ ਧੰਦਿਆ ਵਿਚ ਮਸਰੂਫ਼ ਕਰ ਦਿੱਤਾ।

ਚੌਥੀ ਪਉੜੀ ਵਿਚ ਦੋਵੇਂ ਧਿਰਾਂ ਆਹਮੋ-ਸਾਹਮਣੇ ਮੱਥਾ ਜੋੜਦੀਆਂ ਦਿੱਸ ਆਉਂਦੀਆਂ ਹਨ। ਗੁਰੂ ਜੀ ਦੱਸਦੇ ਹਨ ਕਿ ਇਹ ਸੰਸਾਰ ਪਹਿਲਵਾਨਾਂ ਦੇ ਘੁਲਣ ਦਾ ਪਿੜ ਹੈ। ਇਸ ਵਿਚ

ਇਕ ਧਿਰ ਗੁਰਮੁਖਾਂ ਦੀ ਹੈ ਜੋ ਗੁਰੂ ਦੇ ਸਨਮੁਖ ਰਹਿ ਕੇ, ਗੁਰੂ ਦੇ ਬਚਨਾਂ ਦਾ ਪਾਲਣ ਕਰਦੀ ਹੈ ਅਤੇ ਚੜ੍ਹਦੀ ਕਲਾ ਵਿਚ ਵਿਚਰਦੀ ਹੈ। ਦੂਜੀ ਧਿਰ ਮਨਮੁਖਾਂ ਦੀ ਹੈ ਜੋ ਗੁਰੂ ਤੋਂ ਬੇਮੁਖ, ਮਨ-ਮਰਜ਼ੀ ਅਨੁਸਾਰ ਵਿਚਰਦੀ ਹੈ ਅਤੇ ਅੰਤ ਮੂੰਹ ਭਾਰ ਡਿੱਗਦੀ ਹੈ। ਇਸ ਪਉੜੀ ਦੀਆਂ ਆਰੰਭਕ ਸਤਰਾਂ ਵਿਚ ਵਾਰ ਦੀ ਧੁਨੀ ਮਾਣਨਯੋਗ ਹੈ :

ਆਪੇ ਛਿੰਝ ਪਵਾਇ ਮਲਾਖਾੜਾ ਰਚਿਆ ॥
ਲਥੇ ਭੜਥੂ ਪਾਇ ਗੁਰਮੁਖਿ ਮਚਿਆ ॥
ਮਨਮੁਖ ਮਾਰੇ ਪਛਾੜਿ ਮੂਰਖ ਕਚਿਆ ॥
ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਿਆ ॥ (ਪੰਨਾ ੧੨੮੦)

ਵਾਰ ਦੀਆਂ ਅਗਲੀਆਂ ਪਉੜੀਆਂ ਵਿਚ ਗੁਰਮੁਖ ਅਤੇ ਮਨਮੁਖ ਵਿਚਲੀ ਇਸ ਟੱਕਰ ਦੇ ਵਿਸਥਾਰ ਨੂੰ ਉਸਾਰਿਆ ਗਿਆ ਹੈ। ਇਹਨਾਂ ਦੋਹਾਂ ਧਿਰਾਂ ਦੀਆਂ ਸਹਾਇਕ ਸ਼ਕਤੀਆਂ ਅਤੇ ਸੰਗੀਆਂ-ਸਾਥੀਆਂ ਦਾ ਵੀ ਜ਼ਿਕਰ ਹੈ। ਇਸ ਟਕਰਾਅ ਦਾ ਇਕ ਪੱਖ ਇਹ ਉਜਾਗਰ ਕੀਤਾ ਹੈ ਕਿ ਗੁਰਮੁਖ ਅਤੇ ਮਨਮੁਖ ਦੋਹਾਂ ਧਿਰਾਂ ਦੇ ਜੀਵਾਂ ਵਿਚ ਪ੍ਰਭੂ ਆਪ ਵਿਚਰ ਰਿਹਾ ਹੈ। ਦੋਹਾਂ ਧਿਰਾਂ ਵਿਚ ਵੱਖ-ਵੱਖ ਵਿਚਾਰ ਪੈਦਾ ਕਰ ਕੇ ਉਹਨਾਂ ਅੰਦਰ ਝਗੜਾ ਭੀ ਆਪ ਹੀ ਪੈਦਾ ਕਰਦਾ ਹੈ। ਗੁਰਮੁਖ ਅਤੇ ਮਨਮੁਖ ਦੇ ਕਾਰਜ ਉਸ ਨੇ ਆਪ ਹੀ ਸਿਰਜੇ ਹਨ। ਮਨਮੁਖਾਂ ਨੂੰ ਮੂਰਖ, ਕੂੜ ਦੇ ਵਪਾਰੀ ਗਰਦਾਨਿਆ ਗਿਆ ਹੈ ਜੋ ਸੰਸਾਰ ਵਿਚੋਂ ਬਾਜ਼ੀ ਹਾਰ ਕੇ ਜਾਂਦੇ ਹਨ। ਗੁਰਮੁਖ ਗੁਰ-ਸ਼ਬਦ ਦਾ ਓਟ-ਆਸਰਾ ਲੈਣ ਵਾਲੇ ਸੂਰਮੇ ਹਨ ਜੋ ਸੰਸਾਰ ਵਿਚ ਵਿਚਰਦੇ ਕਾਮ, ਕ੍ਰੋਧ ਆਦਿ ਵਿਕਾਰਾਂ ਨੂੰ ਜਿੱਤ ਲੈਂਦੇ ਹਨ ਅਤੇ ਸੰਸਾਰ-ਬਾਜ਼ੀ ਜਿੱਤ ਕੇ ਸੁਰਖ਼ਰੂ ਹੋ ਕੇ ਪ੍ਰਭੂ ਦੀ ਹਜ਼ੂਰੀ ਵਿਚ ਪੁੱਜਦੇ ਹਨ :

ਦੋਵੈ ਤਰਫਾ ਉਪਾਇ ਇਕੁ ਵਰਤਿਆ ॥
ਬੇਦ ਬਾਣੀ ਵਰਤਾਇ ਅੰਦਰਿ ਵਾਦੁ ਘਤਿਆ ॥ (ਪੰਨਾ ੧੨੮੦)

ਪਰ ਇਸ ਦਾ ਭਾਵ ਇਹ ਨਹੀਂ ਕਿ ਗੁਰੂ ਤੋਂ ਬੇਮੁਖ, ਮਨ ਦੀ ਮਤਿ ਮਗਰ ਚੱਲਣ ਵਾਲੇ, ਵਿਕਾਰੀ ਜੀਵਨ ਜੀਊਣ ਵਾਲੇ ਜੀਵਾਂ ਨੂੰ ਲੇਖਾ ਨਹੀਂ ਦੇਣਾ ਪਵੇਗਾ। ਪਉੜੀ ਛੇਵੀਂ ਵਿਚ ਇਹ ਭਾਵ ਦਰਸਾਇਆ ਹੈ ਕਿ ਹਰੇਕ ਜੀਵ ਨੂੰ ਆਪਣੇ ਕਰਮਾਂ ਦਾ ਲੇਖਾ ਦੇਣਾ ਪੈਂਦਾ ਹੈ। ਵਿਕਾਰੀ ਮਨੁੱਖ ਨੂੰ ਅਗਾਂਹ ਜਾ ਕੇ ਵਿਕਾਰਾਂ ਕਾਰਨ ਮਾਰ ਪੈਂਦੀ ਹੈ। ਗੁਰੂ ਦੇ ਹੁਕਮ ਵਿਚ ਤੁਰਨ ਵਾਲੇ ਮਨੁੱਖ ਦਾ ਲੇਖਾ ਇੱਜ਼ਤ ਨਾਲ ਨਿੱਬੜਦਾ ਹੈ ਕਿਉਂਕਿ ਗੁਰੂ ਉਹਨਾਂ ਨੂੰ ਵਿਕਾਰਾਂ ਤੋਂ ਬਚਾ ਕੇ ਸਿਫ਼ਤ-ਸਲਾਹ ਵਿਚ ਜੋੜੀ ਰੱਖਦਾ ਹੈ। ਕਰਮਾਂ ਦਾ ਲੇਖਾ ਦੇਣ ਸਮੇਂ ਕਿਸੇ ਹੋਰ ਦੀ ਪੇਸ਼ ਨਹੀਂ ਜਾਂਦੀ, ਨਾ ਹੀ ਕੋਈ ਕੂਕ-ਪੁਕਾਰ ਸੁਣੀ ਜਾਂਦੀ ਹੈ। ਉਸ ਸਮੇਂ ਕੇਵਲ ਸਤਿਗੁਰੂ ਹੀ ਮਦਦਗਾਰ ਹੁੰਦਾ ਹੈ। ਇਹ ਖੇਡ ਕਈ ਜਨਮਾਂ ਵਿਚ ਵਾਪਰਦੀ ਰਹਿੰਦੀ ਹੈ। ਮਨਮੁਖਾਂ ਦਾ ਵਿਕਰਮਾਂ ਵਿਚ ਵਿਆਪਕ ਹੋਣ ਦਾ ਇਕ ਵੱਡਾ ਕਾਰਨ ਉਹਨਾਂ ਦੇ ਪੂਰਬਲੇ ਸੰਸਕਾਰ ਹੁੰਦੇ ਹਨ। ਇਹਨਾਂ ਸੰਸਕਾਰਾਂ ਕਾਰਨ ਹੀ ਉਹਨਾਂ ਨੂੰ ਨਾਮ-ਅੰਮ੍ਰਿਤ ਦੀ ਕੋਈ ਸੋਝੀ ਨਹੀਂ ਹੁੰਦੀ। ਨਾ ਹੀ ਇਹ ਗਿਆਨ ਹੁੰਦਾ ਹੈ ਕਿ ਨਾਮ ਵਿਹੂਣਾ ਜੀਵਨ ਬਿਰਥਾ ਤੇ ਅਜਾਈਂ ਹੁੰਦਾ ਹੈ।

ਇਸ ਤੋਂ ਵਿਪਰੀਤ ਗੁਰਮੁਖ ਗੁਰੂ ਦੇ ਸ਼ਬਦ ਤੋਂ ਗਿਆਨ ਪ੍ਰਾਪਤ ਕਰ ਕੇ ਮਾਇਆ

ਦੇ ਮੋਹ ਦੀ ਨੀਂਦ ਤੋਂ ਸੁਚੇਤ ਰਹਿੰਦਾ ਹੈ, ਆਪਣੇ ਸਰੀਰ ਰੂਪੀ ਘਰ ਨੂੰ ਵਿਕਾਰਾਂ ਤੋਂ ਬਚਾ ਕੇ ਰੱਖਦਾ ਹੈ ਅਤੇ ਸੁਰਖ਼ਰੂ ਹੋ ਕੇ ਨਿਜ-ਘਰ ਜਾਂਦਾ ਹੈ।

ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ ॥

ਗੁਰਮੁਖਿ ਪਤਿ ਸਿਉ ਲੇਖਾ ਨਿਬੜੈ ਬਖਸੇ ਸਿਫਤਿ ਭੰਡਾਰ ॥ (ਪੰਨਾ ੧੨੮੦-੮੧)

ਪਉੜੀ 23 ਵਿਚ ਗੁਰੂ ਨਾਨਕ ਦੇਵ ਜੀ ਨੇ ਵਿਸ਼ੇਸ਼ ਤੌਰ 'ਤੇ ਵਿਦਵਾਨ ਲੋਕਾਂ ਦਾ ਜ਼ਿਕਰ ਕਰਦਿਆਂ ਇਹ ਗੱਲ ਕਹੀ ਹੈ ਕਿ ਕਰਮਾਂ ਦਾ ਲੇਖਾ ਪੜ੍ਹੇ-ਲਿਖੇ ਵਿਦਵਾਨਾਂ ਨੂੰ ਵੀ ਦੇਣਾ ਪਵੇਗਾ। ਵਿਦਵਤਾ ਅਤੇ ਚਤੁਰਾਈ ਨਾਲ ਤ੍ਰਿਸ਼ਨਾ ਦੀ ਅੱਗ ਵਧਦੀ ਹੈ, ਘਟਦੀ ਨਹੀਂ। ਨਾਮ ਤੋਂ ਬਿਨਾਂ ਪੜ੍ਹਿਆ ਹੋਇਆ ਵਿਦਵਾਨ ਕੂੜੀਆਂ ਵਸਤਾਂ ਦਾ ਵਪਾਰ ਕਰਦਾ ਹੈ, ਜ਼ਿੰਦਗੀ ਦੀਆਂ ਤੰਗ ਗਲੀਆਂ ਵਿਚ ਦੁਖੀ ਹੁੰਦਾ ਹੈ। ਜ਼ਾਲਮ ਬੁਢੇਪਾ ਹਰੇਕ ਦੇ ਮੋਢੇ 'ਤੇ ਚੜ੍ਹ ਕੇ ਨੱਚਦਾ ਹੈ ਅਤੇ ਮੌਤ ਦਾ ਸੁਨੇਹਾ ਦਿੰਦਾ ਹੈ, ਜਿਸ ਅੱਗੇ ਕਿਸੇ ਦੀ ਪੇਸ਼ ਨਹੀਂ ਜਾਂਦੀ। ਜਗਤ ਵਿਚ ਤ੍ਰਿਸ਼ਨਾ ਦੀ ਅੱਗ ਦਾ ਭਾਂਬੜ ਮੱਚ ਰਿਹਾ ਹੈ। ਇਸ ਭਾਂਬੜ ਵਿਚ ਫਸਿਆ ਜੀਵ ਚੋਗ ਚੁਗ ਰਿਹਾ ਹੈ। ਪ੍ਰਭੂ ਦੇ ਨਾਮ ਆਸਰੇ ਅਤੇ ਹੁਕਮ ਅਨੁਸਾਰ ਹੀ ਇਸ ਤੋਂ ਬਚਿਆ ਜਾ ਸਕਦਾ ਹੈ।

ਇਹ ਨਾਮ ਕੀ ਹੈ, ਜਿਸ ਦਾ ਬਾਰ-ਬਾਰ ਜ਼ਿਕਰ ਕੀਤਾ ਜਾ ਰਿਹਾ ਹੈ। ਜੇ ਵਾਰ ਦਾ ਸਮੁੱਚਾ ਭਾਵ ਇਕ ਪੰਕਤੀ ਵਿਚ ਦੱਸਣਾ ਹੋਵੇ ਤਾਂ ਉਹ ਇਹ ਹੈ:

ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ॥ (ਪੰਨਾ ੧੨੯੧)

ਅਰਥਾਤ ਦੁਨੀਆਂ ਅੱਗ ਹੈ ਅਤੇ ਤੇਰਾ ਨਾਮ ਠੰਢ ਪਾਉਣ ਵਾਲਾ ਹੈ। ਗੁਰੂ ਨਾਨਕ ਦੇਵ ਜੀ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਮਨੁੱਖ ਦਾ ਮੂਲ ਕਰਤੱਵ ਨਾਮ-ਸਲਾਹ ਹੈ। ਨਾਮ ਦੀਆਂ ਕਦਰਾਂ-ਕੀਮਤਾਂ ਵਿਚ ਹੀ ਮਨੁੱਖ ਨੇ ਕਿਰਿਆਸ਼ੀਲ ਹੋਣਾ ਹੈ। ਨਾਮ ਤੋਂ ਸੱਖਣੇ ਮਨੁੱਖ ਦੀ ਸਾਰੀ ਵਿਦਵਤਾ, ਸਾਰਾ ਗਿਆਨ, ਸਾਰਾ ਜੀਵਨ ਹੀ ਵਿਅਰਥ ਹੈ। ਨਾਮ ਤੋਂ ਸੱਖਣੀ ਅਕਲ ਅਤੇ ਚਤੁਰਾਈ ਮਨੁੱਖ ਨੂੰ ਅਹੰਕਾਰ ਵਿਚ ਅੰਨ੍ਹਾ ਕਰ ਦਿੰਦੀ ਹੈ। ਦੁਬਿਧਾ ਮਾਨੋ ਇਸ ਦੁਖਾਂਤ ਵਿਚ ਬਲਦੀ 'ਤੇ ਤੇਲ ਦਾ ਕੰਮ ਕਰਦੀ ਹੈ:

ਪੜੀਐ ਨਾਮੁ ਸਾਲਾਹ ਹੋਰਿ ਬੁਧੀਂ ਮਿਥਿਆ ॥

ਬਿਨੁ ਸਚੇ ਵਾਪਾਰ ਜਨਮੁ ਬਿਰਥਿਆ ॥

ਅੰਤੁ ਨ ਪਾਰਾਵਾਰੁ ਨ ਕਿਨ ਹੀ ਪਾਇਆ ॥

ਸਭੁ ਜਗੁ ਗਰਬਿ ਗੁਬਾਰੁ ਤਿਨ ਸਚੁ ਨ ਭਾਇਆ ॥

ਚਲੇ ਨਾਮੁ ਵਿਸਾਰਿ ਤਾਵਣਿ ਤਤਿਆ ॥

ਬਲਦੀ ਅੰਦਰਿ ਤੇਲੁ ਦੁਬਿਧਾ ਘਤਿਆ ॥

ਆਇਆ ਉਠੀ ਖੇਲੁ ਫਿਰੈ ਉਵਤਿਆ ॥

ਨਾਨਕ ਸਚੈ ਮੇਲੁ ਸਚੈ ਰਤਿਆ ॥੨੪॥ (ਪੰਨਾ ੧੨੮੯)

ਨਾਮ ਵਿਹੂਣੇ ਮਨਮੁਖਾਂ ਨੂੰ 'ਕੂੜਿਆਰ', ਬੇਤਾਲੇ, ਮਨੁੱਖਾ ਚੰਮ ਵਿਚ ਵਲੇਟੇ ਪਸ਼ੂ ਕਿਹਾ ਹੈ:

ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ ॥

ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ ॥ *(ਪੰਨਾ ੧੨੮੪)*

ਕਈ ਪ੍ਰਕਾਰ ਦੇ ਹਠ-ਧਰਮੀਆਂ ਤੇ ਕਰਮ-ਕਾਂਡੀਆਂ ਨੂੰ ਵੀ ਗੁਰੂ ਜੀ ਨਾਮ-ਵਿਹੂਣੇ ਭੁੱਲੜ ਮਨਮੁਖ ਦੱਸਦੇ ਹਨ। ਜੰਗਲਾਂ ਵਿਚ ਵਿਚਰਦੇ ਮੋਨਧਾਰੀ, ਪਾਲਾ ਕੱਕਰ ਸਹਾਰਦੇ ਜੋਗੀ, ਸੰਨਿਆਸੀ, ਪਿੰਡੇ 'ਤੇ ਸੁਆਹ ਮਲ ਕੇ ਬੈਠੇ ਸਾਧੂ, ਘਰ ਅਤੇ ਕੁਲ ਗਵਾ ਕੇ ਜਟਾਂ ਵਧਾਉਣ ਵਾਲੇ, ਦਿਨ-ਰਾਤ ਨੰਗੇ ਫਿਰਨ ਵਾਲੇ, ਅੱਗ ਨਾਲ ਸਰੀਰ ਸਾੜ ਲੈਣ ਵਾਲੇ ਇਤਿਆਦਿ ਨਾਮ ਤੋਂ ਭੁੱਲੇ ਹੋਏ ਹਨ। ਇਹੋ ਹਾਲ ਨਾਮ-ਵਿਹੂਣੇ ਜੈਨੀਆਂ ਦਾ ਹੈ।

ਨਾਮ ਕੀ ਹੈ? ਇਹ ਦੱਸਣਾ ਬੜਾ ਕਠਿਨ ਹੈ ਪਰ ਨਾਮ ਦੀ ਪ੍ਰਾਪਤੀ ਹੋਣ 'ਤੇ ਜੋ ਵਾਪਰਦਾ ਹੈ, ਉਸ ਦਾ ਸੰਖੇਪ ਬਿਆਨ ਨਿਮਨ ਸਲੋਕ ਵਿਚ ਪ੍ਰਾਪਤ ਹੈ:

ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥
ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥
ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥
ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥
ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥
ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥
ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ ॥
ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥
ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥
ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥ *(ਪੰਨਾ ੧੨੯੧)*

ਗੁਰ-ਸ਼ਬਦ ਅਤੇ ਨਾਮ ਨਾਲ ਜੁੜੇ ਗੁਰਮੁਖ ਨਿਜ-ਘਰ ਵਿਚ ਵੱਸਦੇ ਹਨ, ਮਨਮੁਖ ਨੂੰ ਨਿਜ-ਘਰ ਦੀ ਸੋਝੀ ਨਹੀਂ ਹੁੰਦੀ।

ਇਸ ਵਾਰ ਦਾ ਇਹੋ ਮੁੱਖ ਵਿਸ਼ਾ ਹੈ।

(2/1984)

ਬਾਬਰਵਾਣੀ ਫਿਰ ਗਈ... : ਇਕ ਅਧਿਐਨ

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਆਗਮਨ ਸਮੇਂ ਦੇਸ਼ ਦੀ ਰਾਜਨੀਤਕ, ਸਮਾਜਿਕ, ਧਾਰਮਿਕ ਤੇ ਆਰਥਿਕ ਹਾਲਤ ਬੜੀ ਖ਼ਰਾਬ ਹੋ ਚੁੱਕੀ ਸੀ। ਲੋਕ ਕੁਰੀਤੀਆਂ ਵਿਚ ਫਸ ਗਏ ਸਨ। ਅੰਧ-ਵਿਸ਼ਵਾਸੀ ਹੋਣ ਕਰਕੇ ਕੁਰਾਹੇ ਪੈ ਗਏ ਸਨ। ਵੱਖ-ਵੱਖ ਫ਼ਿਰਕੇ, ਮਤ ਤੇ ਰਾਹ ਬਣ ਗਏ ਸਨ ਜੋ ਆਪਣੇ ਆਪ ਨੂੰ ਸੱਚਾ ਆਖ ਕੇ ਭੋਲੀ ਜਨਤਾ ਨੂੰ ਖ਼ੁਆਰ ਕਰ ਰਹੇ ਸਨ। ਜਰਵਾਣਿਆਂ ਦਾ ਰਾਜ ਸੀ, ਜੋ ਮਨ-ਆਈਆਂ ਕਰਦੇ ਸਨ, ਜਿਸ ਕਰਕੇ ਸਾਧਾਰਨ ਲੋਕ ਸਮਾਜਿਕ ਤੌਰ 'ਤੇ ਅਸੁਰੱਖਿਅਤ ਸਨ ਤੇ ਆਰਥਿਕ ਤੌਰ 'ਤੇ ਗ਼ਰੀਬ। ਰਾਜੇ ਪਾਪ ਕਮਾ ਰਹੇ ਸਨ ਤੇ ਇਸ ਅਧੋਗਤੀ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਬੜੇ ਸੋਹਣੇ ਸ਼ਬਦਾਂ ਵਿਚ ਕੀਤਾ ਹੈ :

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।...
ਕਾਜੀ ਹੋਏ ਰਿਸਵਤੀ ਵਢੀ ਲੈ ਕੈ ਹਕੁ ਗਵਾਈ।...
ਵਰਤਿਆ ਪਾਪੁ ਸਭਸਿ ਜਗਿ ਮਾਂਹੀ॥ *(ਵਾਰ ੧/੩੦)*

ਇਸ ਤਰ੍ਹਾਂ ਦੀ ਦਸ਼ਾ ਦਾ ਵਰਣਨ ਗੁਰੂ ਨਾਨਕ-ਬਾਣੀ ਵਿਚ ਹੈ। ਭਗਤਾਂ, ਸੰਤਾਂ ਤੇ ਜਗਿਆਸੂਆਂ 'ਤੇ ਹਮੇਸ਼ਾ ਹੀ ਰਾਜ-ਸੱਤਾ ਵਾਲਿਆਂ ਨੇ ਜ਼ੁਲਮ ਕੀਤੇ, ਪਰ ਉਹਨਾਂ ਨੇ ਹਮੇਸ਼ਾ ਚੁੱਪ ਕਰ ਕੇ ਸਭ ਕੁਝ ਜਰ ਲਿਆ ਪਰ ਰਾਜਿਆਂ ਦੇ ਖ਼ਿਲਾਫ਼ ਇਕ ਸ਼ਬਦ ਵੀ ਨਾ ਆਖਿਆ। ਇਸ ਤਰ੍ਹਾਂ ਦੀਆਂ ਸਾਖੀਆਂ ਭਗਤ ਨਾਮਦੇਵ ਜੀ ਤੇ ਭਗਤ ਕਬੀਰ ਜੀ ਆਦਿ ਭਗਤਾਂ ਦੇ ਜੀਵਨ ਵਿਚੋਂ ਮਿਲ ਜਾਂਦੀਆਂ ਹਨ ਪਰ ਗੁਰੂ ਜੀ ਨੇ ਜੋ ਕੂੜ-ਕਪਟ ਦੇਖਿਆ, ਉਸ ਨੂੰ ਨਿੰਦਿਆ। ਰਾਜਾ ਸ਼੍ਰੇਣੀ ਨੂੰ ਵੀ ਮਾਫ਼ ਨਹੀਂ ਕੀਤਾ। ਕੁਝ ਉਦਾਹਰਨਾਂ ਹਨ :

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ *(ਪੰਨਾ ੧੪੫)*
ਰਾਜੇ ਸੀਹ ਮੁਕਦਮ ਕੁਤੇ ॥
ਜਾਇ ਜਗਾਇਨਿ੍ ਬੈਠੇ ਸੁਤੇ ॥ *(ਪੰਨਾ ੧੨੮੮)*

ਜਦੋਂ ਦੇਸ਼ ਦੀ ਅੰਦਰੂਨੀ ਹਾਲਤ ਅਜਿਹੀ ਹੋਵੇ ਤਾਂ ਕੁਦਰਤੀ ਹੈ ਕਿ ਦੁਸ਼ਮਣ ਨੂੰ ਸੁਤੇ-ਸਿਧ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਕੇਂਦਰੀ ਰਾਜ-ਸੱਤਾ ਕਮਜ਼ੋਰ ਹੈ ਤੇ ਹਮਲਾ ਕਰ ਕੇ ਕਾਫ਼ੀ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ। ਭਾਰਤ ਦੀ ਰਾਜਨੀਤਕ ਦਸ਼ਾ ਵੀ ਡਾਵਾਂ-ਡੋਲ ਸੀ, ਕੇਂਦਰੀ ਰਾਜ-ਸੱਤਾ ਸਿਥਲ ਹੋ ਚੁੱਕੀ ਸੀ। ਸੁਲਤਾਨ ਬਹਿਲੋਲ ਖ਼ਾਨ ਲੋਧੀ ਨੂੰ ਅਫ਼ਗ਼ਾਨ ਅਫ਼ਸਰ ਸੁਲਤਾਨ ਨਹੀਂ ਸਨ ਮੰਨ ਰਹੇ ਸਗੋਂ ਆਪਣੇ ਆਪ ਨੂੰ ਆਜ਼ਾਦ ਅਤੇ ਮੁਖੀ ਸਮਝਦੇ ਸਨ। ਇਬਰਾਹੀਮ ਲੋਧੀ

ਨੇ ਬਲਵਾਨ ਅਮੀਰਾਂ ਨੂੰ ਦਬਾਉਣ ਦਾ ਯਤਨ ਕੀਤਾ ਤਾਂ ਗੱਲ ਹੋਰ ਵਿਗੜ ਗਈ। ਦੌਲਤ ਖ਼ਾਨ ਜੋ ਲਾਹੌਰ ਦਾ ਗਵਰਨਰ ਸੀ, ਆਪ ਬਾਦਸ਼ਾਹ ਬਣਨ ਲਈ ਸਰਗਰਮ ਯਤਨ ਕਰ ਰਿਹਾ ਸੀ। ਦੌਲਤ ਖ਼ਾਨ ਤੇ ਰਾਣਾ ਸਾਂਗਾ ਨੇ ਬਾਬਰ ਨੂੰ ਭਾਰਤ 'ਤੇ ਹਮਲਾ ਕਰਨ ਦਾ ਸੱਦਾ ਦਿੱਤਾ।

ਬਾਬਰ ਨੇ ਭਾਰਤ ਉਪਰ ਛੇ ਹਮਲੇ ਕੀਤੇ। ਯੁੱਧ ਵਿਚ ਜੋ ਕੁਝ ਵਾਪਰਿਆ ਉਸ ਨੂੰ ਬਾਬਾ ਜੀ ਨੇ ਅੱਖੀਂ ਦੇਖਿਆ ਤੇ ਉਹਨਾਂ ਦਾ ਮਨ ਭਰ ਆਇਆ। ਉਹਨਾਂ ਨੇ ਇਸ ਸਾਰੀ ਦਸ਼ਾ ਨੂੰ ਆਪਣੀ ਬਾਣੀ ਵਿਚ ਅੰਕਿਤ ਕੀਤਾ ਹੈ ਜਿਸ ਨੂੰ 'ਬਾਬਰਵਾਣੀ' ਨਾਮ ਨਾਲ ਯਾਦ ਕੀਤਾ ਜਾਂਦਾ ਹੈ।

ਜਨਮਸਾਖੀਆਂ ਵਿਚ ਬਾਬਰ ਦੇ ਹਮਲੇ ਤੇ ਗੁਰੂ ਨਾਨਕ ਸਾਹਿਬ ਦੇ ਬੰਦੀ ਆਦਿ ਬਣਨ ਦਾ ਜ਼ਿਕਰ ਹੈ ਜਿਸ ਬਾਰੇ ਕੁਝ ਵਿਚਾਰ ਕਰਨੀ ਬੜੀ ਹੀ ਜ਼ਰੂਰੀ ਹੈ। ਅਸਲ ਵਿਚ ਸਾਖੀਕਾਰਾਂ ਨੇ ਕਈ ਗੱਲਾਂ ਅਜਿਹੀਆਂ ਲਿਖੀਆਂ ਹਨ ਜਿਨ੍ਹਾਂ ਦਾ ਨਾ ਇਤਿਹਾਸਕ ਮਹੱਤਵ ਹੈ, ਨਾ ਕੋਈ ਧਾਰਮਿਕ, ਸਗੋਂ ਗੁਰੂ ਸਾਹਿਬ ਦੇ ਵਿਅਕਤਿਤਵ ਨੂੰ ਵਿਗਾੜਨ ਦਾ ਅਚੇਤ ਯਤਨ ਹੈ। ਇਹੀ ਗੱਲ ਬਾਬਰਵਾਣੀ ਨਾਲ ਸੰਬੰਧਿਤ ਸਾਖੀਆਂ ਬਾਰੇ ਆਖੀ ਜਾ ਸਕਦੀ ਹੈ। ਸਾਖੀਕਾਰ ਲਿਖਦਾ ਹੈ ਕਿ ਬਾਬਾ ਭੁੱਖੇ ਫ਼ਕੀਰ ਸਾਥੀਆਂ ਨਾਲ ਖ਼ੁਸ਼ੀ ਨਾਲ ਨੱਚਦੇ ਪਠਾਣਾਂ ਪਾਸ ਪੁੱਜੇ ਤੇ ਖਾਣ ਲਈ ਕੁਝ ਮੰਗਿਆ ਪਰ ਸਵਾਲ ਕਿਸੇ ਨੇ ਨਾ ਮੰਨਿਆ "ਤਾਂ ਬਾਬਾ ਬਹੁਤੁ ਕਰੋਧੋ ਹੋਇਆ, ਆਖਿਉਸੁ, 'ਮਰਦਾਨਿਆ ਰਬਾਬ ਵਜਾਇ' ਮਰਦਾਨੇ ਰਬਾਬੁ ਵਜਾਇਆ ਰਾਗ ਤਿਲੰਗੁ ਕੀਤਾ ਜੈਸੀ ਮੈ ਆਵੈ ਖਸਮ ਕੀ ਬਾਣੀ (ਅੱਗੇ ਸਾਰਾ ਸ਼ਬਦ ਹੈ)।

ਜਦੋਂ ਇਕ ਬ੍ਰਾਹਮਣ ਨੇ ਬਾਬੇ ਦੇ ਕਰੋਪੀ ਭਰੇ ਬਚਨ ਸੁਣੇ ਤਾਂ ਆ ਕੇ ਬਾਬੇ ਨੂੰ ਬਿਨੈ ਕੀਤੀ ਕਿ ਬਚਨ ਵਾਪਸ ਲੈ ਲਉ। ਤਾਂ ਬਾਬੇ ਨੇ ਆਖਿਆ, "ਸੁਆਮੀ, ਹੁਣ ਫਿਰਨੋ ਰਹਿਆ ਵਗੀ ਹੈ, ਪਰ ਤੂੰ ਆਇ ਮਿਲਿਆ ਹੈ, ਸੋ ਬਖਸਿਓ। ਇਥੋਂ ਬਾਹਰ ਬਾਰਹ ਕੋਸ ਤੇ ਇਕ ਟੋਲਾ ਹੈ। ਤੂੰ ਉਥਾਊ ਆਪਣਾ ਟਬਰੁ ਲੈ ਜਾਇ। ਜੇ ਇਥੇ ਰਹੇਗਾ ਤਾਂ ਮਰੀਅਹਿਗਾ, ਏਥੇ ਰਹਿਣਾ ਨਾਹੀਂ" ਤੇ ਉਹ ਪੰਡਤ ਚਲੇ ਗਿਆ।

ਅੱਗੇ ਚੱਲ ਕੇ ਸਾਖੀਕਾਰ ਲਿਖਦਾ ਹੈ 'ਮੀਰ ਬਾਬਰ ਪਾਤਿਸ਼ਾਹੁ ਧਾਇਆ। ਜਿਉ ਪੈਇਆ ਤਿਉ ਸੈਦ ਪੁਰ ਮਾਰਿਆ। ਆਸ ਪਾਸ ਗਿਰਾਇ ਸਭੁ ਮਾਰੇ। ਹਿੰਦੂ ਮੁਸਲਮਾਨ ਸਭ ਕਤਲਾਮੁ ਕੀਤੇ। ਅਰੁ ਲੁਟੇ ਅਰੁ ਢਾਹੇ। ਅਜਿਹੀ ਮਾਰ ਬਾਬੇ ਦੇ ਸਬਦੁ ਦੀ ਹੋਈ।'[1]

ਇਸ ਸਾਖੀ ਨੂੰ ਪੜ੍ਹ ਕੇ ਕੁਝ ਗੱਲਾਂ ਸਾਹਮਣੇ ਆਉਂਦੀਆਂ ਹਨ। ਪਹਿਲੀ ਗੱਲ ਕਿ ਗੁਰੂ ਨਾਨਕ ਦੇਵ ਜੀ ਨੇ ਰੋਟੀ ਆਦਿ ਨਾ ਮਿਲਣ ਕਰਕੇ ਗੁੱਸੇ ਵਿਚ ਸਰਾਪ ਦਿੱਤਾ, ਦੂਜੀ ਗੱਲ ਬਰਬਾਦੀ ਦਾ ਕਾਰਨ ਗੁਰੂ ਜੀ ਦਾ ਸਰਾਪ ਹੈ। ਕਿੰਨੀ ਅਜੀਬ ਗੱਲ ਹੈ; ਗੁਰੂ ਨਾਨਕ ਦੇਵ ਜੀ ਦਾ ਗੁੱਸੇ ਵਿਚ ਆਉਣਾ ਹੀ ਗ਼ਲਤ ਜਾਪਦਾ ਹੈ ਕਿਉਂਕਿ ਉਹਨਾਂ ਦੀ ਬਾਣੀ ਵਿਚ 'ਕਾਮ ਕਰੋਧ ਕਾਇਆ ਕਉ ਗਾਲੈ' ਦਾ ਉਪਦੇਸ਼ ਅੰਕਿਤ ਹੈ। ਫਿਰ ਸਰਾਪ ਦੇਣਾ ਹੋਰ ਵੀ ਅਨ-ਉਚਿਤ ਹੈ। ਚਲੋ ਜੇਕਰ ਇਹ ਗੱਲਾਂ ਮੰਨ ਲਈਏ ਤਾਂ ਫਿਰ ਬਾਬਾ ਜੀ ਨੂੰ ਇਹ ਬਰਬਾਦੀ ਦੇਖ ਕੇ ਖ਼ੁਸ਼ ਹੋਣਾ ਚਾਹੀਦਾ ਸੀ ਕਿਉਂਕਿ ਉਹਨਾਂ ਦੀ ਬਚਨ-ਸਿੱਧੀ ਨੇ ਰੰਗ ਵਿਖਾਏ ਸਨ ਪਰ ਉਹ ਤਾਂ ਉਦਾਸ ਹੋ ਜਾਂਦੇ ਹਨ। ਲੋਕਾਂ ਦੀ ਦਿਲ ਚੀਰਵੀਂ ਹਾਲਤ ਨੂੰ ਦੇਖ ਕੇ ਉਹਨਾਂ ਦਾ ਮਨ ਭਰ ਆਉਂਦਾ ਹੈ ਤੇ ਉਹ ਇਸ ਸਾਰੇ ਸਾਕੇ ਨੂੰ ਆਪਣੀ ਅਮਰ ਬਾਣੀ ਵਿਚ ਅੰਕਿਤ ਕਰਦੇ ਹਨ।

ਇਸ ਸਾਰੀ ਘਟਨਾ ਨੂੰ ਅਧਿਆਤਮਕ ਦ੍ਰਿਸ਼ਟੀ ਤੋਂ ਪੇਸ਼ ਕਰਦੇ ਹਨ। ਸੋ ਇਹ ਸਾਖੀ ਨਿਰਮੂਲ, ਨਿਰ-ਆਧਾਰ ਤੇ ਸਰਾਸਰ ਝੂਠੀ ਹੈ। ਇਹਨਾਂ ਨੂੰ ਆਧਾਰ ਬਣਾ ਕੇ ਗੁਰੂ ਨਾਨਕ ਸਾਹਿਬ ਬਾਰੇ ਕੋਈ ਨਿਰਣਾ ਕਰਨਾ ਗ਼ਲਤ ਹੈ।

ਬਾਬਰ ਦੀ ਆਮਦ ਦਾ ਜਦੋਂ ਇਥੋਂ ਦੇ ਸ਼ਾਸਕਾਂ ਨੂੰ ਪਤਾ ਲੱਗਾ ਤਾਂ ਬੜੀ ਘਬਰਾਹਟ ਹੋਈ। ਪੀਰ ਫ਼ਕੀਰ ਜੋ ਰਾਜਿਆਂ ਦੇ ਦਰਾਂ 'ਤੇ ਬੈਠੇ ਖਾ ਰਹੇ ਸਨ, ਉਹਨਾਂ ਨੇ ਆਖਿਆ ਕਿ ਚਿੰਤਾ ਨਾ ਕਰੋ। ਅਸੀਂ ਅਜਿਹਾ ਮੰਤਰ ਮਾਰਾਂਗੇ, ਜਪ-ਤਪ ਕਰ ਕੇ, ਰਿਧੀਆਂ-ਸਿਧੀਆਂ ਦੀ ਤਾਕਤ ਨਾਲ ਵਾਰ ਕਰਾਂਗੇ ਕਿ ਸਾਰੇ ਮਲੇਛ ਅੰਨ੍ਹੇ ਹੋ ਜਾਣਗੇ। ਜਿੱਤ ਸਾਡੀ ਹੋਵੇਗੀ। ਪਰ ਉਹਨਾਂ ਦੀਆਂ ਸ਼ਕਤੀਆਂ ਨੇ ਕੋਈ ਕੰਮ ਨਾ ਸਾਰਿਆ। ਗੁਰੂ ਨਾਨਕ ਦੇਵ ਜੀ ਉਹਨਾਂ ਦੀ ਇਸ ਮਿਥਿਆ ਦ੍ਰਿਸ਼ਟੀ 'ਤੇ ਵਿਅੰਗ ਕਰਦੇ ਫ਼ੁਰਮਾਉਂਦੇ ਹਨ:

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥
ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥ (ਪੰਨਾ ੪੧੭-੧੮)

ਤੇ ਰਣ ਵਿਚ ਯੁੱਧ ਹੋਇਆ। ਖ਼ੂਬ ਤੇਗ਼ਾਂ ਖੜਕੀਆਂ। ਬੰਦੂਕਾਂ ਚੱਲੀਆਂ। ਹਾਥੀਆਂ 'ਤੇ ਚੜ੍ਹ ਕੇ ਫ਼ੌਜਾਂ ਲੜੀਆਂ:

ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥
ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ ॥ (ਪੰਨਾ ੪੧੮)

ਬਾਬਰ ਦੀਆਂ ਫ਼ੌਜਾਂ ਨੇ ਜੋ ਜ਼ੁਲਮ ਕੀਤੇ ਉਹਨਾਂ ਬਾਰੇ ਕਲਮ ਲਿਖ ਨਹੀਂ ਸਕਦੀ। ਯੁੱਧ ਵਿਚ ਜੋ ਬਰਬਾਦੀ ਹੁੰਦੀ ਹੈ, ਉਹ ਕਿਸੇ ਪਾਸੋਂ ਗੁੱਝੀ ਨਹੀਂ। ਘੁੱਗ ਵੱਸਦੇ ਸ਼ਹਿਰ, ਨਗਰ, ਗਰਾਮ, ਪਿੰਡ ਸਭ ਢਹਿ-ਢੇਰੀ ਹੋ ਜਾਂਦੇ ਹਨ। ਗੁਰੂ ਸਾਹਿਬ ਨੇ ਵੀ ਇਸ ਬਰਬਾਦੀ ਨੂੰ ਆਪਣੀ ਬਾਣੀ ਵਿਚ ਬੜੇ ਉਦਾਸ ਰੰਗ ਵਿਚ ਅੰਕਿਤ ਕੀਤਾ ਹੈ।

ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥
ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ ॥...
ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ ॥ (ਪੰਨਾ ੪੧੭)

ਬਾਬਰ ਦੇ ਜ਼ੁਲਮ ਬਾਰੇ ਸੁਣੋ। ਉਸ ਨੇ ਕਟਾ-ਵੱਢੀ ਦਾ ਹੁਕਮ ਦੇ ਦਿੱਤਾ। ਜਿੰਨੀਆਂ ਵੀ ਜਵਾਨ ਕੁੜੀਆਂ ਮੁਗ਼ਲਾਂ ਦੇ ਹੱਥ ਲੱਗੀਆਂ, ਸਭ ਨੂੰ ਬੰਦੀ ਬਣਾ ਲਿਆ ਗਿਆ। ਬਾਕੀਆਂ ਨੂੰ ਅਨਾਜ ਪੀਸਣ ਤੇ ਸਿਪਾਹੀਆਂ ਦੀ ਰੋਟੀ ਤਿਆਰ ਕਰਨ ਲਈ ਮਜਬੂਰ ਕੀਤਾ ਗਿਆ। ਚੰਗੀ ਤਰ੍ਹਾਂ ਲੁੱਟ-ਖਸੁੱਟ ਪਿੱਛੋਂ ਕਸਬੇ ਨੂੰ ਅੱਗ ਲਾ ਦਿੱਤੀ ਗਈ। ਗੁਰੂ ਨਾਨਕ ਦੇਵ ਜੀ ਤੇ ਭਾਈ ਲਾਲੋ ਨੂੰ ਵੀ ਲੁੱਟੇ ਹੋਏ ਮਾਲ ਦੇ ਭਾਰੀ ਬੋਝ ਢੋਣ ਲਈ ਕਿਹਾ ਗਿਆ ਤੇ ਉਹਨਾਂ ਨੂੰ ਚੱਕੀਆਂ ਪੀਸਣ 'ਤੇ ਲਾਇਆ ਗਿਆ। ਕੈਂਪ ਵਿਚ ਕੈਦੀਆਂ ਤੇ ਖ਼ਾਸ ਕਰਕੇ ਇਸਤਰੀਆਂ ਨਾਲ ਕੀਤੇ ਜਾ ਰਹੇ ਵਹਿਸ਼ੀਆਨਾ ਵਿਵਹਾਰ ਨੂੰ ਵੇਖ ਕੇ ਗੁਰੂ ਸਾਹਿਬ ਦਾ ਕੋਮਲ ਹਿਰਦਾ ਪਿਘਲ ਗਿਆ।[2] ਤੇ ਫਿਰ ਗੁਰੂ ਸਾਹਿਬ ਨੇ ਇਕ ਅਜਿਹੀ ਗੱਲ ਕੀਤੀ ਜਿਸ ਦੀ ਮਿਸਾਲ ਗੁਰੂ ਨਾਨਕ ਸਾਹਿਬ ਦੇ ਜੀਵਨ ਵਿਚ ਹੋਰ ਕਿਧਰੇ ਨਹੀਂ ਮਿਲਦੀ। ਪਰਮਾਤਮਾ ਨੂੰ ਸ਼ਿਕਵਾ ਕਰਨਾ। ਭਾਣੇ ਵਿਚ ਵਿਚਰਨ ਵਾਲੇ ਬ੍ਰਹਮ ਗਿਆਨੀ ਸਹਿਜ ਅਵਸਥਾ ਵਿਚ ਟਿਕੇ ਮਹਾਂਪੁਰਖ ਨੇ ਦੁੱਖ ਦੇਖ ਕੇ

ਆਪਣੇ ਅਕਾਲ ਪੁਰਖ ਨਾਲ ਗਿਲਾ ਕੀਤਾ ਕਿ ਤੁਸਾਂ ਹਿੰਦੁਸਤਾਨ ਤੇ ਜਮ-ਰੂਪ ਮੁਗ਼ਲ ਚਾੜ੍ਹ ਦਿੱਤੇ ਹਨ ਤਾਂ ਕਿ ਤੇਰੇ ਨਾਂ 'ਤੇ ਧੱਬਾ ਨਾ ਲੱਗੇ। ਉਹਨਾਂ ਦੇ ਜ਼ੁਲਮ ਨੇ ਲੋਕਾਂ ਨੂੰ ਅਤਿਅੰਤ ਦੁਖੀ ਕੀਤਾ ਹੈ। ਉਹਨਾਂ ਗ਼ਰੀਬਾਂ ਦੀ ਕੁਰਲਾਹਟ ਸੁਣ ਕੇ ਵੀ ਤੈਨੂੰ-ਦਰਦ ਨਹੀਂ ਆਇਆ। ਨਾਲੇ ਗਿਲਾ ਤਾਂ ਇਹ ਹੈ ਕਿ ਮਾੜੇ ਨਿਹੱਥੇ ਤੇ ਦੀਨਾਂ ਨੂੰ ਤਾਕਤਵਰਾਂ ਨੇ ਮਾਰਿਆ ਹੈ। ਜੇਕਰ ਬਰਾਬਰ ਦੇ ਲੜਾਈ ਕਰਦੇ ਤਾਂ ਕੋਈ ਫ਼ਰਕ ਨਹੀਂ ਸੀ ਪੈਣਾ। ਗੁਰੂ ਜੀ ਦੇ ਸ਼ਬਦਾਂ ਵਿਚ :

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥
ਕਰਤਾ ਤੂੰ ਸਭਨਾ ਕਾ ਸੋਈ ॥
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥੧॥ ਰਹਾਉ ॥ (ਪੰਨਾ ੩੬੦)

ਲੜਾਈ ਵਿਚ ਆਮ ਕਰਕੇ ਇਸਤਰੀਆਂ ਦੀ ਬਹੁਤ ਮੰਦੀ ਹਾਲਤ ਕੀਤੀ ਜਾਂਦੀ ਹੈ ਜਾਂ ਹੋ ਜਾਂਦੀ ਹੈ। ਉਹਨਾਂ ਦੇ ਸਿਰ ਦੇ ਸਾਈਂ ਯੁੱਧ ਵਿਚ ਮਾਰੇ ਜਾਂਦੇ ਹਨ। ਉਹ ਵਿਧਵਾ ਹੋ ਜਾਂਦੀਆਂ ਹਨ ਤੇ ਜੀਵਨ ਨਰਕ ਬਣ ਜਾਂਦਾ ਹੈ। ਗੁਰੂ ਸਾਹਿਬ ਜੀ ਅਜਿਹੀਆਂ ਮੰਦਭਾਗਣਾਂ ਬਾਰੇ ਫ਼ੁਰਮਾਉਂਦੇ ਹਨ :

ਜਿਨ੍ ਕੇ ਬੰਕੇ ਘਰੀ ਨ ਆਇਆ ਤਿਨ੍ ਕਿਉ ਰੈਣਿ ਵਿਹਾਣੀ॥ (ਪੰਨਾ ੪੧੮)

ਬਾਬਰ ਦੀ ਫ਼ੌਜ ਨੇ ਜੋ ਬੇਪੱਤੀ ਇਸਤਰੀ-ਜਾਤ ਦੀ ਕੀਤੀ, ਉਸ ਦਾ ਸਜੀਵ ਤੇ ਕਰੁਣਾਮਈ ਚਿੱਤਰ ਗੁਰੂ ਜੀ ਨੇ ਇਉਂ ਖਿੱਚਿਆ ਹੈ। ਜਿਨ੍ਹਾਂ ਦੇ ਸਿਰ ਸੁੰਦਰ ਪੱਟੀਆਂ ਸੋਂਹਦੀਆਂ ਸਨ, ਮਾਂਗਾਂ ਵਿਚ ਸੰਧੂਰ ਪਾਇਆ ਹੋਇਆ ਸੀ, ਉਹਨਾਂ ਦੇ ਸਿਰ ਇਹਨਾਂ ਮੁਗ਼ਲਾਂ ਨੇ ਕੈਂਚੀਆਂ ਨਾਲ ਮੁੰਨ ਦਿੱਤੇ ਤੇ ਉਹਨਾਂ ਦੇ ਸਿਰ ਵਿਚ ਸੰਧੂਰ ਦੀ ਥਾਂ ਧੂੜ ਪਈ ਹੋਈ ਹੈ। ਮਹਿਲਾਂ ਵਿਚ ਰਹਿਣ ਵਾਲੀਆਂ ਨੂੰ ਬਾਹਰ ਤੰਗ ਕੀਤਾ ਜਾ ਰਿਹਾ ਹੈ, ਇਤਿਆਦਿ। ਪੈਸੇ ਤੇ ਜੋਬਨ ਜਿਨ੍ਹਾਂ ਨੇ ਰੰਗ ਲਾਏ ਹੋਏ ਸਨ, ਵੈਰੀ ਬਣ ਗਏ ਹਨ। ਗੁਰੂ ਸਾਹਿਬ ਨੇ ਇਉਂ ਇਹ ਵਿਚਾਰ ਅੰਕਿਤ ਕੀਤੇ ਹਨ :

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥
ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ ॥
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ ॥੧॥...
ਗਰੀ ਛੁਹਾਰੇ ਖਾਂਦੀਆ ਮਾਣਨ੍ਹਿ ਸੇਜੜੀਆ ॥
ਤਿਨ੍ ਗਲਿ ਸਿਲਕਾ ਪਾਈਆ ਤੁਟਨ੍ਹਿ ਮੋਤਸਰੀਆ ॥੩॥
ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ ॥
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥ (ਪੰਨਾ ੪੧੭)

ਗੁਰੂ ਜੀ ਨੇ ਸਿਰਫ਼ ਹਿੰਦੂ ਇਸਤਰੀਆਂ ਨਾਲ ਹੀ ਹਮਦਰਦੀ ਜ਼ਾਹਰ ਨਹੀਂ ਕੀਤੀ ਸਗੋਂ ਮੁਸਲਮਾਨ ਇਸਤਰੀਆਂ ਨਾਲ ਵੀ ਓਨੀ ਹੀ ਹਮਦਰਦੀ ਹੈ। ਇਸ ਤੋਂ ਆਪ ਦੀ ਉੱਚੀ ਸੁਰਤਿ ਤੇ ਦੇਸ਼-ਪ੍ਰੇਮ ਦੇ ਦੀਦਾਰ ਹੁੰਦੇ ਹਨ। ਜ਼ਰਾ ਦਰਸ਼ਨ ਕਰੋ :

ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ ॥

ਇਕਨ੍ਾ ਪੇਰਣ ਸਿਰ ਖੁਰ ਪਾਟੇ ਇਕਨ੍ਾ ਵਾਸੁ ਮਸਾਣੀ ॥ (ਪੰਨਾ ੪੧੮)

ਤੇ ਇਉਂ ਗੁਰੂ ਜੀ ਨੇ ਬਾਬਰ ਦੇ ਹਮਲੇ ਦਾ ਬੜਾ ਹੀ ਕਰੁਣਾਮਈ ਢੰਗ ਨਾਲ ਵਰਣਨ ਕੀਤਾ ਹੈ। ਜੋ ਜ਼ੁਲਮ ਉਸ ਦੇ ਪਾਸ਼ਵਿਕ ਬਿਰਤੀ ਵਾਲੇ ਸਿਪਾਹੀਆਂ ਨੇ ਕੀਤੇ ਉਹਨਾਂ ਨੂੰ ਉਵੇਂ ਹੀ ਲਿਖਿਆ ਹੈ ਤੇ ਇਉਂ ਇਹ ਇਕ ਇਤਿਹਾਸਕ ਗਵਾਹੀ ਬਣ ਗਈ ਹੈ।

ਇਹਨਾਂ ਰਾਜਨੀਤਕ ਕਾਰਨਾਂ ਤੋਂ ਬਿਨਾਂ ਕੁਝ ਹੋਰ ਕਾਰਨ ਵੀ ਬਾਬਾ ਜੀ ਨੇ ਦੱਸੇ ਹਨ ਜਿਨ੍ਹਾਂ ਕਰਕੇ ਸਾਰੇ ਹਿੰਦੁਸਤਾਨ ਵਾਸੀਆਂ ਨੂੰ ਦੁੱਖ ਦਾ ਸਾਹਮਣਾ ਕਰਨਾ ਪਿਆ। ਉਹਨਾਂ ਬਾਰੇ ਵਿਚਾਰ ਕਰਨੀ ਬਣਦੀ ਹੈ।

ਪਹਿਲਾ ਕਾਰਨ ਸੀ ਕਿ ਰਾਜਾ ਸ਼੍ਰੇਣੀ ਐਸ਼-ਪ੍ਰਸਤ ਹੋ ਗਈ ਸੀ। ਰਾਗ-ਰੰਗ ਵਿਚ ਮਸਤ ਸੀ। ਕਿਸੇ ਨੇ ਲਿਖਿਆ ਹੈ ਕਿ ਕੌਮਾਂ ਤਲਵਾਰ 'ਚੋਂ ਪੈਦਾ ਹੁੰਦੀਆਂ ਹਨ ਤੇ ਪਿਆਲੇ ਵਿਚ ਡੁੱਬ ਜਾਂਦੀਆਂ ਹਨ। ਭਾਵ ਜਦੋਂ ਕੋਈ ਕੌਮ ਅੱਯਾਸ਼ੀ ਕਰਨ ਲੱਗ ਪਏ ਤਾਂ ਉਸ ਦਾ ਅੰਤ ਨੇੜੇ ਆਇਆ ਹੁੰਦਾ ਹੈ। ਇਹੀ ਗੱਲ ਬਾਬਰਬਾਣੀ 'ਚੋਂ ਸਪੱਸ਼ਟ ਹੁੰਦੀ ਹੈ ਕਿ ਰਾਜੇ ਤਾਂ ਐਸ਼-ਪ੍ਰਸਤੀ ਕਰ ਰਹੇ ਸਨ। ਰੱਖਿਆ ਕਿਸ ਨੇ ਕਰਨੀ ਸੀ?

ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥
ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥ (ਪੰਨਾ ੪੧੭)

ਦੂਜਾ ਕਾਰਨ ਸੀ ਕਿ ਲੋਕਾਂ ਨੇ ਅਕਾਲ ਪੁਰਖ ਨੂੰ ਵਿਸਾਰ ਦਿੱਤਾ ਸੀ। ਭਾਵ ਸੁਖਦਾਤੇ ਨੂੰ ਛੱਡ ਕੇ ਹੋਰ ਫੋਕਟ ਕਰਮ-ਧਰਮ ਕਰਨੇ ਆਰੰਭ ਕਰ ਦਿੱਤੇ ਸਨ ਜਿਸ ਕਰਕੇ ਉਹਨਾਂ ਨੂੰ ਦੁੱਖ ਸਹਿਣੇ ਪਏ। ਗੁਰੂ ਜੀ ਦੇ ਸ਼ਬਦਾਂ ਵਿਚ:

ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥...
ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ ॥ (ਪੰਨਾ ੪੧੭)

ਲੋਕ ਮਾਇਆ ਨੂੰ ਲੋਚ ਰਹੇ ਸਨ। ਮਾਇਆ ਨੂੰ ਇਕੱਤਰ ਕਰਨ ਲਈ ਆਦਮੀ ਨੂੰ ਆਪਣੀ ਜ਼ਮੀਰ ਮਾਰਨੀ ਪੈਂਦੀ ਹੈ। ਨਾ ਇਥੇ ਸੁਖ ਮਿਲਦਾ ਹੈ ਤੇ ਨਾ ਹੀ ਇਹ ਮਾਇਆ ਸਾਥ ਜਾਂਦੀ ਹੈ। ਇਸ ਮਾਇਆ ਦੇ ਲਾਲਚ ਕਾਰਨ ਖ਼ੁਆਰ ਹੋਈ ਮਾਨਵਤਾ ਲਈ ਗੁਰੂ ਜੀ ਫ਼ੁਰਮਾਉਂਦੇ ਹਨ :

ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥ (ਪੰਨਾ ੪੧੭)

ਮਾਇਆ ਪ੍ਰਾਪਤੀ ਦੀ ਦੌੜ ਦਾ ਸਿੱਟਾ ਕੀ ਨਿਕਲਿਆ? ਸਾਰੇ ਪਾਸੇ ਕੂੜ ਹੀ ਕੂੜ ਪ੍ਰਧਾਨ ਹੋ ਗਿਆ। ਨਿਕਾਹ ਸ਼ੈਤਾਨ ਪੜ੍ਹਾਉਣ ਲੱਗਾ ਭਾਵ ਧਰਮ ਦੀ ਥਾਂ ਅਧਰਮ ਨੇ ਲੈ ਲਈ:

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥ (ਪੰਨਾ ੭੨੨)

ਇਸ ਸਾਰੇ ਵਿਚਾਰ ਤੋਂ ਪਤਾ ਲੱਗਦਾ ਹੈ ਕਿ ਭਾਰਤ ਦੀ ਗ਼ੁਲਾਮੀ ਦਾ ਕਾਰਨ ਅੰਦਰਲੀ ਫੁੱਟ ਸੀ ਤੇ ਹਿੰਦੂ ਜਾਤ ਮੁਗ਼ਲਾਂ ਦੇ ਅੱਤਿਆਚਾਰ ਦਾ ਮੁਕਾਬਲਾ ਕਰਨ ਦੀ ਥਾਂ ਨਿੱਸਲ ਹੋ ਕੇ ਉਹਨਾਂ ਦੀ ਅਧੀਨਗੀ ਮੰਨ ਕੇ ਔਖੇ-ਸੌਖੇ ਸਾਹ ਲੈ ਰਹੀ ਸੀ। ਧਰਮ ਦੀ ਥਾਂ ਪਾਪ ਨੇ ਲੈ ਲਈ ਸੀ। ਲੋਕ ਪਰਮਾਤਮਾ ਨੂੰ ਭੁੱਲ ਕੇ ਹੋਰ ਫੋਕਟ ਮਾਰਗਾਂ 'ਤੇ ਚੱਲ ਰਹੇ ਸਨ ਜਿਸ

ਕਰਕੇ ਧਾਰਮਿਕ ਗਿਰਾਵਟ ਵੀ ਆ ਗਈ ਸੀ। ਗੱਲ ਕੀ, ਸਾਰੇ ਪਾਸੇ ਪਾਪ ਹੀ ਪਾਪ ਸੀ। ਨਿਰਾਸ਼ਾ ਹੀ ਨਿਰਾਸ਼ਾ ਸੀ। ਅਜਿਹੀ ਸਥਿਤੀ ਵਿਚ ਸਿੱਖ ਧਰਮ ਦਾ ਆਗਮਨ ਹੋਇਆ। ਵੱਡੀਆਂ-ਵੱਡੀਆਂ ਕੁਰਬਾਨੀਆਂ ਦਿੱਤੀਆਂ, ਤਸੀਹੇ ਸਹੇ, ਯੁੱਧ ਲੜੇ ਤੇ ਖ਼ਾਲਸਾ ਕੌਮ ਨੂੰ ਜਨਮ ਦੇ ਕੇ ਮੁਗ਼ਲਾਂ ਦੇ ਜ਼ੁਲਮੀ ਰਾਜ ਦਾ ਨਾਸ਼ ਕੀਤਾ। ਪਖੰਡਾਂ ਆਦਿ ਤੋਂ ਬਚਾ ਕੇ ਅਕਾਲ ਪੁਰਖ ਦੇ ਸੇਵਕ ਬਣਾਇਆ। ਦੇਵੀ-ਦੇਵਤਿਆਂ ਤੋਂ ਖ਼ਲਾਸੀ ਕਰਵਾਈ ਤੇ ਅਖ਼ੀਰ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅਟਲ ਗੁਰਗੱਦੀ ਦੇ ਕੇ ਪੰਥ ਨੂੰ ਇਸ ਸ਼ਬਦ-ਗੁਰੂ ਦੇ ਲੜ ਲਾਇਆ।

ਇਉਂ ਇਤਿਹਾਸ ਵਿਚ ਇਕ ਨਵਾਂ ਯੁਗ ਆਰੰਭ ਹੋਇਆ ਜਿਸ ਦੇ ਪਰਿਣਾਮ ਸਰੂਪ ਭਾਰਤ ਆਜ਼ਾਦ ਹੋਇਆ।

ਹਵਾਲੇ ਅਤੇ ਟਿੱਪਣੀਆਂ

1. *ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*, ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਨੇ 114-15.
2. *ਗੁਰੂ ਨਾਨਕ ਜੀਵਨ, ਯੁਗ ਤੇ ਉਪਦੇਸ਼*, ਗੁਰਮੁਖ ਨਿਹਾਲ ਸਿੰਘ, ਪੰਨਾ 44.

(11/1974)

ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ

'ਵਾਰ' ਕਵਿਤਾ ਦਾ ਇਕ ਭੇਦ ਹੈ ਜਿਸ ਵਿਚ ਬਹਾਦਰ ਜਾਂ ਸੂਰਮੇ ਦੀ ਬਹਾਦਰੀ ਦਾ ਜੱਸ ਗਾਇਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਕਈ ਸੂਰਮਿਆਂ ਦੇ ਨਾਵਾਂ ਉੱਤੇ ਵਾਰਾਂ ਪ੍ਰਚਲਿਤ ਸਨ। ਗੁਰੂ ਜੀ ਸੰਸਾਰ ਵਿਚ ਜਿਸ ਖ਼ਾਸ ਉਦੇਸ਼ ਦਾ ਪ੍ਰਚਾਰ ਕਰਨ ਲਈ ਆਏ ਸਨ, ਉਸ ਉਦੇਸ਼ ਦੀ ਪ੍ਰਾਪਤੀ ਲਈ ਉਹਨਾਂ ਨੇ ਵੀ ਵਾਰ ਨੂੰ ਆਪਣੇ ਪ੍ਰਚਾਰ ਦਾ ਵਸੀਲਾ ਬਣਾਇਆ ਤੇ ਮਾਝ, ਆਸਾ ਤੇ ਮਲਾਰ ਰਾਗਾਂ ਵਿਚ ਤਿੰਨ ਵਾਰਾਂ ਉਚਾਰਨ ਕੀਤੀਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 22 ਵਾਰਾਂ ਦਰਜ ਹਨ ਤੇ ਇਹ ਤਿੰਨੇ ਵਾਰਾਂ ਆਪੋ ਆਪਣੀ ਥਾਂ ਰਾਗਾਂ ਵਿਚ ਅੰਕਿਤ ਹਨ ਗੁਰੂ ਜੀ ਨੇ ਇਹ ਵਾਰਾਂ ਸੰਸਾਰ ਦੇ ਲੋਕਾਂ ਨੂੰ ਇਕ ਅਕਾਲ ਪੁਰਖ ਦੀ ਸਰਬੱਗਤਾ ਤੇ ਵਿਆਪਕ ਹੋਂਦ ਦ੍ਰਿੜ੍ਹ ਕਰਾਉਣ, ਜੀਵ ਨੂੰ ਆਪਣੇ ਅਸਲੇ ਦੀ ਸੋਝੀ ਕਰਾਉਣ ਅਤੇ ਉਹਨਾਂ ਨੂੰ ਵਹਿਮਾਂ, ਭਰਮਾਂ, ਪਖੰਡਾਂ ਤੇ ਦਿਖਾਵੇ ਦੇ ਧਰਮਾਂ ਵਿਚੋਂ ਕੱਢ ਕੇ ਵਾਹਿਗੁਰੂ ਨਾਲ ਜੋੜਨ ਵਾਸਤੇ ਰਚੀਆਂ। ਗੁਰੂ ਜੀ ਦਾ ਆਸ਼ਾ ਆਮ ਲੋਕਾਂ ਦੇ ਅੰਦਰ ਪਾਪਾਂ ਤੇ ਵਿਸ਼ੇ-ਵਿਕਾਰਾਂ ਨਾਲ ਜੂਝਣ ਲਈ ਉਤਸ਼ਾਹ ਪੈਦਾ ਕਰਨ ਤੇ ਵਾਹਿਗੁਰੂ ਦੀ ਸਿਫ਼ਤ-ਸਲਾਹ ਵਿਚ ਲੱਗ ਕੇ ਗੁਰਮੁਖ ਤੇ ਸਦਾਚਾਰੀ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਪੈਦਾ ਕਰਨਾ ਸੀ।

ਗੁਰੂ ਨਾਨਕ ਦੇਵ ਜੀ ਨੇ ਉਪਰੋਕਤ ਤਿੰਨੇ ਵਾਰਾਂ ਅੱਡ-ਅੱਡ ਸਮਿਆਂ 'ਤੇ ਨਿਰੋਲ ਪਉੜੀਆਂ ਵਿਚ ਉਚਾਰਨ ਕੀਤੀਆਂ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨ ਸਮੇਂ ਇਹਨਾਂ ਪਉੜੀਆਂ ਤੋਂ ਪਹਿਲਾਂ ਸਲੋਕ ਵੀ ਦਰਜ ਕਰ ਦਿੱਤੇ। ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ ਹੇਠ ਲਿਖੀਆਂ ਧੁਨਾਂ ਉੱਤੇ ਗਾਉਣ ਦਾ ਸੰਕੇਤ ਕਰ ਦਿੱਤਾ:

1. ਵਾਰ ਮਾਝ ਕੀ—ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ
2. ਵਾਰ ਆਸਾ—ਵਾਰ ਸਲੋਕਾ ਨਾਲਿ, ਸਲੋਕ ਭੀ ਮਹਲੇ ਪਹਿਲੇ ਕੇ ਲਿਖੇ, ਟੁੰਡੇ ਅਸਰਾਜੇ ਕੀ ਧੁਨੀ।
3. ਵਾਰ ਮਲਾਰ ਕੀ—ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ।

ਇਹਨਾਂ ਵਾਰਾਂ ਬਾਰੇ ਅੱਡ-ਅੱਡ ਵਿਚਾਰ ਇਸ ਤਰ੍ਹਾਂ ਹਨ:

1. ਵਾਰ ਮਾਝ ਕੀ

ਇਸ ਵਾਰ ਦੀਆਂ 27 ਪਉੜੀਆਂ ਤੇ 63 ਸਲੋਕ ਹਨ ਜਿਨ੍ਹਾਂ ਵਿਚੋਂ 46 ਗੁਰੂ ਨਾਨਕ ਦੇਵ ਜੀ ਦੇ, 12 ਗੁਰੂ ਅੰਗਦ ਦੇਵ ਜੀ ਦੇ, 3 ਗੁਰੂ ਅਮਰਦਾਸ ਜੀ ਦੇ ਤੇ 2 ਗੁਰੂ ਰਾਮਦਾਸ ਜੀ ਦੇ ਹਨ।

ਵਾਰ ਦਾ ਸਿਰਲੇਖ ਇਸ ਪ੍ਰਕਾਰ ਹੈ:

ਵਾਰ ਮਾਝ ਕੀ ਤਥਾ ਸਲੋਕ ਮਹਲਾ ੧

ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ॥

ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ॥

ਉਪਰੋਕਤ ਧੁਨੀ ਦਾ ਸੰਬੰਧ ਬਾਦਸ਼ਾਹ ਅਕਬਰ ਦੇ ਰਾਜ ਵਿਚ ਹੋਏ ਦੋ ਰਾਜਪੂਤ ਸੂਬੇਦਾਰਾਂ ਮਲਕ ਮੁਰੀਦ ਤੇ ਚੰਦ੍ਰਹੜਾ ਵਿਚਕਾਰ ਹੋਈ ਲੜਾਈ ਦੀ ਵਾਰ ਦੀ ਗਾਇਨ-ਤਰਜ਼ ਨਾਲ ਹੈ। ਇਹ ਦੋਵੇਂ ਦਿਲਾਂ ਵਿਚ ਗੁੱਝਾ ਵਿਰੋਧ ਰੱਖਦੇ ਸਨ। ਇਕ ਸਮੇਂ ਅਕਬਰ ਨੇ ਮਲਕ ਮੁਰੀਦ ਨੂੰ ਸਰਹੱਦੀ ਬਾਗ਼ੀਆਂ ਨੂੰ ਸੋਧਣ ਲਈ ਫ਼ੌਜ ਦੇ ਕੇ ਭੇਜਿਆ। ਉਸ ਨੇ ਆਪਣੇ ਜ਼ਿੰਮੇ ਲੱਗਾ ਕੰਮ ਕਰ ਕੇ, ਮਾਮਲਾ, ਜੁਰਮਾਨਾ ਆਦਿ ਵਸੂਲ ਕੀਤਾ ਤੇ ਦਿੱਲੀ ਭੇਜ ਦਿੱਤਾ। ਪ੍ਰਬੰਧ ਨੂੰ ਪੱਕਾ ਕਰਨ ਲਈ ਉਹ ਕੁਝ ਸਮਾਂ ਉਥੇ ਠਹਿਰ ਗਿਆ। ਪਿੱਛੋਂ ਚੰਦ੍ਰਹੜੇ ਨੇ ਮੁਰੀਦ ਦੇ ਵਿਰੁੱਧ ਅਕਬਰ ਪਾਸ ਚੁਗ਼ਲੀ ਕੀਤੀ। ਜਿਸ ਤੋਂ ਬਾਦਸ਼ਾਹ ਨੇ ਮਲਕ ਮੁਰੀਦ ਨੂੰ ਸੋਧਣ ਲਈ ਚੰਦ੍ਰਹੜੇ ਨੂੰ ਫ਼ੌਜ ਦੇ ਕੇ ਭੇਜ ਦਿੱਤਾ। ਦੋਹਾਂ ਸੂਰਮਿਆਂ ਵਿਚ ਜੰਮ ਕੇ ਲੜਾਈ ਹੋਈ। ਦੋਹਾਂ ਦਾ ਨੁਕਸਾਨ ਹੁੰਦਾ ਵੇਖ ਕੇ ਦੋਹਾਂ ਨੇ ਆਪੋ ਵਿਚ ਲੜਨਾ ਪ੍ਰਵਾਨ ਕੀਤਾ ਤੇ ਬੇਹੱਦ ਸੂਰਮਗਤੀ ਵਿਖਾਉਂਦੇ ਹੋਏ ਰਣ ਵਿਚ ਮਾਰੇ ਗਏ। ਜਿਸ ਧੁਨੀ ਉੱਤੇ ਢਾਡੀਆਂ ਨੇ ਇਹਨਾਂ ਸੂਰਮਿਆਂ ਦੀ ਵਾਰ ਬਣਾ ਕੇ ਗਾਈ ਉਸੇ ਤਰਜ਼ ਉੱਤੇ ਮਾਝ ਦੀ ਵਾਰ ਗਾਉਣ ਦਾ ਹੁਕਮ ਗੁਰੂ ਜੀ ਨੇ ਦਿੱਤਾ। ਵਾਰ ਦੀ ਤੁਕ ਤੇ ਤਰਜ਼ ਇਉਂ ਹੈ:

ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ ॥

ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ ॥ *(ਪੰਨਾ ੧੩੯)*

ਵਾਰ ਦੀਆ ਪਉੜੀਆਂ ਵਿਚ ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਵਾਹਿਗੁਰੂ ਦੇ ਦਰਬਾਰ ਦਾ ਢਾਡੀ ਪ੍ਰਗਟ ਕਰ ਕੇ ਉਸ ਦੀ ਸਿਫ਼ਤ ਕੀਤੀ ਹੈ। ਵਾਰ ਦੇ ਪਹਿਲੇ ਸਲੋਕ ਵਿਚ ਮਨੁੱਖੀ ਜੀਵਨ ਦੀਆਂ ਦਸ ਅੱਡ-ਅੱਡ ਅਵਸਥਾਵਾਂ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਕੀਤਾ ਅਤੇ ਅੰਤ ਵਿਚ ਸਤਿਗੁਰੂ ਦੇ ਉਪਦੇਸ਼ ਦੀ ਲੋੜ ਮਹਿਸੂਸ ਕਰਵਾਈ ਹੈ। ਵਾਰ ਦਾ ਕੇਂਦਰੀ ਭਾਵ ਜੀਵਾਂ ਨੂੰ ਦੁਰਲੱਭ ਮਾਨਸ ਜਨਮ ਨੂੰ ਫੋਕਟ ਕਰਮਾਂ-ਧਰਮਾਂ, ਊਚ-ਨੀਚ, ਸੁੱਚ-ਭਿੱਟ ਤੇ ਰਾਜਸੀ ਅਭਿਮਾਨ ਤੋਂ ਉਚੇਰਾ ਰੱਖ ਕੇ ਗੁਰੂ ਦੀ ਸਿੱਖਿਆ ਅਨੁਸਾਰ ਸਫ਼ਲ ਬਣਾਉਣ ਦੀ ਵਿਉਂਤ ਦੱਸਣਾ ਹੈ। ਜੀਵ ਆਪਣੇ ਪਾਲਣਹਾਰ ਵਾਹਿਗੁਰੂ ਨੂੰ ਭੁਲਾ ਕੇ ਉਸ ਦੀਆਂ ਦਿੱਤੀਆਂ ਹੋਈਆਂ ਦਾਤਾਂ ਦੇ ਮੋਹ ਵਿਚ ਫਸ ਜਾਂਦਾ ਹੈ ਜਿਸ ਕਰਕੇ ਜਨਮ-ਮਰਨ ਦੀ ਫਾਹੀ ਇਸ ਦੇ ਗਲ ਵਿਚ ਪੈ ਜਾਂਦੀ ਹੈ। ਗੁਰੂ ਜੀ ਫ਼ੁਰਮਾਉਂਦੇ ਹਨ:

ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥

ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥ *(ਪੰਨਾ ੧੩੮)*

ਜੀਵ ਰੂਪ ਇਸਤਰੀ ਨੂੰ ਆਪਣੇ ਪਤੀ-ਪਰਮੇਸ਼ਰ ਨੂੰ ਮਿਲਣ ਦੀ ਜੁਗਤੀ ਕਿੰਨੇ ਪ੍ਰੇਮ ਨਾਲ ਸਮਝਾਉਂਦੇ ਹਨ:

ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ ॥

ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ ॥ *(ਪੰਨਾ ੧੩੯)*

ਆਪਣੇ ਸਮੇਂ ਦੇ ਕਲਜੁਗੀ ਰਾਜਿਆਂ ਤੇ ਜ਼ਾਲਮ ਕਰਮਚਾਰੀਆਂ ਦੀ ਦਸ਼ਾ ਦਾ ਵਰਣਨ ਕਰਦਿਆਂ ਹੋਇਆਂ ਸਤਿਗੁਰੂ ਜੀ ਦੀ ਨਿਡਰਤਾ ਵੇਖਣ ਯੋਗ ਹੈ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ (ਪੰਨਾ ੧੪੫)

ਪਰਾਏ ਹੱਕ ਨੂੰ ਅੰਗੀਕਾਰ ਕਰਨਾ ਮੁਰਦਾਰ ਖਾਣ ਦੇ ਤੁੱਲ ਦੱਸਦੇ ਹਨ:

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ (ਪੰਨਾ ੧੪੧)

ਅਤੇ ਇਸ ਤਰ੍ਹਾਂ ਮਨੁੱਖਾਂ ਦਾ ਲਹੂ ਪੀਣ ਵਾਲੇ ਮਾਇਆਧਾਰੀਆਂ ਪ੍ਰਤੀ ਆਪ ਵੱਲੋਂ ਕੀਤੀ ਗਈ ਤਾੜਨਾ ਵੇਖਣ ਯੋਗ ਹੈ:

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥ (ਪੰਨਾ ੧੪੦)

ਸਤਿਗੁਰੂ ਜੀ ਮੁਸਲਮਾਨੀ ਮਤ ਵਿਚ ਪਸਰ ਰਹੇ ਪਖੰਡ ਨੂੰ ਪ੍ਰਗਟ ਕਰ ਕੇ ਉਹਨਾਂ ਨੂੰ ਸੱਚੀ ਮੁਸਲਮਾਨੀ ਅਤੇ ਆਤਮਿਕ ਨਿਮਾਜ਼ਾਂ ਧਾਰਨ ਕਰਨ ਦੀ ਪ੍ਰੇਰਨਾ ਕਰਦੇ ਹਨ:

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥ (ਪੰਨਾ ੧੪੧)

ਇਸੇ ਤਰ੍ਹਾਂ ਜਦ ਆਪ ਨੇ ਪਾਣੀ ਤੋਂ ਸੂਗ ਕਰਨ ਵਾਲੇ ਤੇ ਗੰਦ-ਮੰਦ ਫੋਲਣ ਵਾਲੇ ਸਰੇਵੜਿਆਂ ਨੂੰ ਵੇਖਿਆ ਤਾਂ ਉਹਨਾਂ ਦੀ ਕਰੜੀ ਆਲੋਚਨਾ ਕਰਦਿਆਂ ਹੋਇਆਂ ਪਾਣੀ ਦੀ ਵਰਤੋਂ ਕਰਨ ਤੇ ਅਮੋਲਕ ਜਨਮ ਨੂੰ ਰੱਬੀ ਤਰੀਕੇ ਉੱਤੇ ਚੱਲ ਕੇ ਸਫ਼ਲ ਕਰਨ ਦੀ ਤਾਕੀਦ ਕੀਤੀ:

ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ ॥
ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ ॥
ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ ॥
ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ ॥
ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ ॥
ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ ॥ (ਪੰਨਾ ੧੫੦)

ਸਤਿਗੁਰੂ ਜੀ ਨੇ ਸੱਚਾ ਜੀਵਨ ਇਕ ਨਿਰੰਕਾਰ ਦੀ ਯਾਦ ਨੂੰ ਹਿਰਦੇ ਵਿਚ ਵਸਾਉਣ ਨੂੰ ਦੱਸਿਆ ਹੈ। ਉਸ ਦਾ ਨਾਮ ਜਪਣ ਤੋਂ ਬਗ਼ੈਰ ਜੀਵ ਦੀ ਕਿਤੇ ਇੱਜ਼ਤ ਨਹੀਂ ਹੁੰਦੀ:

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥
ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥
ਰਾਜਿ ਰੰਗੁ ਮਾਲਿ ਰੰਗੁ ॥ ਰੰਗਿ ਰਤਾ ਨਚੈ ਨੰਗੁ ॥
ਨਾਨਕ ਠਗਿਆ ਮੁਠਾ ਜਾਇ ॥ ਵਿਣੁ ਨਾਵੈ ਪਤਿ ਗਇਆ ਗਵਾਇ ॥ (ਪੰਨਾ ੧੪੨)

2. ਵਾਰ ਆਸਾ

ਇਸ ਵਾਰ ਦੀਆਂ 24 ਪਉੜੀਆਂ ਤੇ 59 ਸਲੋਕ ਹਨ ਜਿਨ੍ਹਾਂ ਵਿਚੋਂ 44 ਸਲੋਕ ਗੁਰੂ ਨਾਨਕ ਦੇਵ ਜੀ ਦੇ ਤੇ 15 ਸਲੋਕ ਗੁਰੂ ਅੰਗਦ ਦੇਵ ਜੀ ਦੇ ਹਨ। ਇਸ ਵਾਰ ਦੀ ਮਹੱਤਤਾ ਇਸ ਗੱਲ ਵਿਚ ਹੈ ਕਿ ਇਸ ਦਾ ਕੀਰਤਨ ਗੁਰੂ ਦਰਬਾਰਾਂ ਵਿਚ ਰੋਜ਼ਾਨਾ ਅੰਮ੍ਰਿਤ ਵੇਲੇ ਹੁੰਦਾ ਹੈ। 22 ਵਾਰਾਂ ਵਿਚੋਂ ਕੇਵਲ ਇਹੋ ਇਕ ਵਾਰ ਹੈ ਜਿਸ ਦੇ ਆਦਿ ਵਿਚ ਪੂਰਾ ਮੂਲ ਮੰਤਰ ਦਿੱਤਾ ਹੋਇਆ ਹੈ। ਇਸ ਵਾਰ ਦੀਆਂ ਪਉੜੀਆਂ ਤੋਂ ਪਹਿਲਾਂ ਬਹੁਤੇ ਸਲੋਕ ਵੀ ਗੁਰੂ ਨਾਨਕ ਦੇਵ ਜੀ ਦੇ ਉਚਾਰਨ ਕੀਤੇ ਹੋਏ ਹਨ। ਇਹ ਵਾਰ ਇਸ ਸਿਰਲੇਖ ਨਾਲ ਆਰੰਭ ਹੁੰਦੀ ਹੈ :

ਆਸਾ ਮਹਲਾ ੧ ॥

ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ ॥

(ਪੰਨਾ ੪੬੨)

ਅਸ ਜੋ ਟੁੰਡਾ ਸੀ, ਰਾਜਾ ਸਾਰੰਗ ਦਾ ਪੁੱਤ ਸੀ। ਸਾਰੰਗ ਨੇ ਬੁੱਢੇ ਵਾਰੇ ਵਿਆਹ ਕੀਤਾ। ਵਿਆਹੁਤਾ ਰਾਣੀ ਆਪਣੇ ਮਤਰੇਏ ਪੁੱਤਰ ਅਸ 'ਤੇ ਮੋਹਿਤ ਹੋ ਗਈ। ਅਸ ਨੇ ਧਰਮ ਨਾ ਛੱਡਿਆ। ਰਾਣੀ ਨੇ ਝੂਠਾ ਦੋਸ਼ ਲਾ ਕੇ ਰਾਜੇ ਪਾਸੋਂ ਅਸ ਨੂੰ ਮਾਰ ਦੇਣ ਦਾ ਹੁਕਮ ਕਰਵਾ ਦਿੱਤਾ। ਵਜ਼ੀਰ ਨੇ ਅਸ ਉੱਤੇ ਤਰਸ ਖਾ ਕੇ ਜਾਨੋਂ ਤਾਂ ਨਾ ਮਾਰਿਆ ਪਰ ਉਸ ਦਾ ਇਕ ਹੱਥ ਕੱਟ ਕੇ ਸ਼ਹਿਰੋਂ ਬਾਹਰ ਇਕ ਖੂਹ 'ਤੇ ਛੱਡ ਆਇਆ। ਇਕ ਵਪਾਰੀ ਟੋਲੇ ਨੇ ਲੜਕੇ ਉੱਤੇ ਤਰਸ ਖਾਧਾ, ਮਰਹਮ-ਪੱਟੀ ਕੀਤੀ ਤੇ ਰਾਜ਼ੀ ਕਰ ਕੇ ਇਕ ਧੋਬੀ ਪਾਸ ਵੇਚ ਦਿੱਤਾ। ਅਸ ਧੋਬੀ ਪਾਸ ਕੰਮ ਕਰਦਾ ਰਿਹਾ। ਉਸ ਸ਼ਹਿਰ ਦਾ ਰਾਜਾ ਬੇਔਲਾਦ ਮਰ ਗਿਆ। ਵਜ਼ੀਰਾਂ ਨੇ ਫ਼ੈਸਲਾ ਕੀਤਾ ਕਿ ਸ਼ਹਿਰ ਦਾ ਦਰਵਾਜ਼ਾ ਬੰਦ ਰੱਖਿਆ ਜਾਵੇ। ਜਿਹੜਾ ਪੁਰਸ਼ ਸਭ ਤੋਂ ਪਹਿਲਾਂ ਪੁੱਜ ਕੇ ਦਰਵਾਜ਼ਾ ਖੋਲ੍ਹੇ ਉਸੇ ਨੂੰ ਰਾਜਾ ਬਣਾ ਦਿੱਤਾ ਜਾਵੇ। ਅਸ ਤੜਕੇ ਹੀ ਧੋਬੀ ਦੇ ਬਲਦ ਤੇ ਬੈਠ ਕੇ ਘਾਟ 'ਤੇ ਕੱਪੜੇ ਲਿਜਾਇਆ ਕਰਦਾ ਸੀ। ਸਭ ਤੋਂ ਪਹਿਲਾਂ ਦਰਵਾਜ਼ੇ ਉੱਤੇ ਪੁੱਜਣ 'ਤੇ ਰਾਜਾ ਨੀਯਤ ਕੀਤਾ ਗਿਆ।

ਇਕ ਵਾਰ ਕਾਲ ਪੈ ਗਿਆ। ਅਸ ਨੇ ਅੰਨ ਦੇ ਭੰਡਾਰ ਖੋਲ੍ਹ ਦਿੱਤੇ। ਇਸ ਦੇ ਪਿਤਾ ਦਾ ਵਜ਼ੀਰ ਵੀ ਅੰਨ ਲੈਣ ਆਇਆ। ਉਸ ਨੇ ਅਸ ਨੂੰ ਪਛਾਣ ਕੇ ਰਾਜਾ ਸਾਰੰਗ ਪਾਸ ਉਸ ਦੀ ਜਾ ਸਿਫ਼ਤ ਕੀਤੀ। ਏਨੇ ਚਿਰ ਨੂੰ ਨਵੀਂ ਰਾਣੀ ਰਾਜੇ ਸਾਰੰਗ ਦੀ ਨਜ਼ਰ ਵਿਚ ਸ਼ੱਕੀ ਹੋ ਗਈ। ਉਹ ਬੇਔਲਾਦ ਸੀ। ਉਸ ਨੇ ਅਸ ਨੂੰ ਸੱਦ ਦੇ ਆਪਣਾ ਰਾਜ-ਭਾਗ ਵੀ ਸੌਂਪ ਦਿੱਤਾ। ਧਰਮੀ ਅਸ ਦੋ ਰਾਜਾਂ ਦਾ ਮਾਲਕ ਹੋ ਗਿਆ। ਢਾਡੀਆਂ ਨੇ ਵਾਰ ਜੋੜ ਕੇ ਗਾਈ। ਗੁਰੂ ਜੀ ਨੇ ਆਸਾ ਦੀ ਵਾਰ ਅਸ ਰਾਜੇ ਦੀ ਵਾਰ ਦੀ ਧਾਰਨਾ 'ਪਰ ਗਾਉਣ ਦੀ ਸੂਚਨਾ ਕੀਤੀ।

ਆਸਾ ਦੀ ਵਾਰ ਵਿਚ ਗੁਰੂ ਜੀ ਨੇ ਸਾਧਾਰਨ ਮਨੁੱਖੀ ਜੀਵਨ ਦੀ ਉਸਾਰੀ ਕਰ ਕੇ ਉਸ ਨੂੰ ਹੁਕਮੀ ਬੰਦਾ, ਸੱਚਾ ਸੇਵਕ ਤੇ ਵਾਹਿਗੁਰੂ ਦੀ ਰਜ਼ਾ ਵਿਚ ਚਲ ਕੇ ਆਵਾਗਉਣ ਦੇ ਜਾਲ ਨੂੰ ਕੱਟਣ ਵਾਲਾ ਜੀਊੜਾ ਬਣਾ ਦਿੱਤਾ ਹੈ। ਵਾਹਿਗੁਰੂ ਦੀ ਬੇਅੰਤਤਾ, ਸਤਿਗੁਰੂ ਦੀ ਲੋੜ, ਗੁਰੂ ਦੀਖਿਆ ਉੱਤੇ ਚੱਲ ਕੇ ਜਾਤ-ਅਭਿਮਾਨ, ਫੋਕਟ ਕਰਮਾਂ ਤੇ ਹਉਮੈ ਆਦਿ ਦਾ ਤਿਆਗ ਕਰ ਕੇ ਤੇ ਦੈਵੀ ਗੁਣਾਂ ਨੂੰ ਧਾਰਨ ਕਰਨਾ ਵਾਰ ਦਾ ਵਿਸ਼ਾ ਹੈ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੇ ਪ੍ਰਚਲਿਤ ਧਰਮਾਂ ਵਿਚ ਵਰਤ ਰਹੇ ਪਖੰਡ ਦੀ ਆਲੋਚਨਾ ਕੀਤੀ ਹੈ ਤੇ ਉਸ ਸਮੇਂ ਦੀ ਭਾਈਚਾਰਕ ਤੇ ਰਾਜਸੀ ਅਵਸਥਾ ਉੱਤੇ ਵੀ ਚਾਨਣਾ ਪਾਇਆ ਹੈ। ਬ੍ਰਾਹਮਣਾਂ ਨੇ ਜੋ ਬਾਕੀ ਹਿੰਦੂਆਂ ਨੂੰ ਨੀਵੇਂ ਦਰਸਾ ਕੇ ਉਹਨਾਂ ਨੂੰ ਜਾਤੀ-ਭੇਦ, ਜੰਞੂ, ਸ਼ਰਾਧ, ਬਾਹਰਲੀ ਪੂਜਾ, ਸੁੱਚ, ਸੂਤਕ-ਪਾਤਕ ਤੇ ਹੋਰ ਅਜਿਹੇ ਫੋਕਟ ਕਰਮਾਂ ਤੇ ਰਸਮਾਂ ਦੇ ਜਾਲ ਵਿਚ ਫਸਾ ਕੇ ਲੁੱਟਣ ਦਾ ਪਖੰਡ ਰਚਿਆ ਹੋਇਆ ਸੀ, ਗੁਰੂ ਜੀ ਨੇ ਉਸ ਨੂੰ ਨੰਗਾ ਕੀਤਾ ਹੈ। ਉਹਨਾਂ ਦੇ ਕਰਮ-ਕਾਂਡ ਤੇ ਭੇਖ ਵਾਲੀ ਹਉਮੈ ਦੀ ਨਿਖੇਧੀ ਕੀਤੀ ਹੈ। ਇਉਂ ਧਾਰਮਿਕ ਤੇ ਭਾਈਚਾਰਕ ਤਰੁੱਟੀਆਂ ਦੂਰ ਕਰ ਕੇ ਤੇ ਨਿਮਰਤਾ, ਮਿੱਠਤ, ਅਨੰਦ ਗੁਣ ਧਾਰਨ ਕਰਨ ਦੀ ਪ੍ਰੇਰਨਾ ਕਰ ਕੇ ਮਨੁੱਖੀ ਆਚਰਨ ਦੀ ਉਸਾਰੀ ਕੀਤੀ ਹੈ।

ਗੁਰੂ ਜੀ ਦੇ ਸਮੇਂ ਲੋਕੀਂ ਤੀਰਥ-ਇਸ਼ਨਾਨ, ਭੇਖ ਧਾਰਨੇ, ਪਾਠ-ਪੂਜਾ, ਵਰਤ ਰੱਖਣੇ, ਮੋਨਧਾਰੀ ਹੋਣਾ, ਨੰਗੇ ਰਹਿਣਾ ਆਦਿ ਕਰਮ ਕਰਨ ਨੂੰ ਮੁਕਤੀ ਦਾ ਸਾਧਨ ਸਮਝਦੇ ਸਨ। ਇਹਨਾਂ ਕਰਮਾਂ ਤੋਂ ਧਾਰਮਿਕ ਹਉਮੈ ਉਪਜਦੀ ਸੀ। ਗੁਰੂ ਜੀ ਨੇ ਅਜਿਹੇ ਕਰਮ-ਕਾਂਡ ਦਾ ਖੰਡਨ ਕੀਤਾ ਹੈ ਤੇ ਇਹਨਾਂ ਤੋਂ ਉਪਜਣ ਵਾਲੀ ਹਉਮੈ ਨੂੰ ਗੁਰੂ ਦੇ ਉਪਦੇਸ਼ ਦੁਆਰਾ ਸਾੜਨ ਦੀ ਜੁਗਤੀ ਦੱਸੀ ਹੈ :

ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥
ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥
ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥
ਸਹੁ ਵੇ ਜੀਆ ਅਪਣਾ ਕੀਆ ॥
ਅੰਨੁ ਨ ਖਾਇਆ ਸਾਦੁ ਗਵਾਇਆ ॥
ਬਹੁ ਦੁਖੁ ਪਾਇਆ ਦੂਜਾ ਭਾਇਆ ॥
ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥
ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥
ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥
ਅਲੁ ਮਲੁ ਖਾਈ ਸਿਰਿ ਛਾਈ ਪਾਈ ॥
ਮੂਰਖਿ ਅੰਧੈ ਪਤਿ ਗਵਾਈ ॥
ਵਿਣੁ ਨਾਵੈ ਕਿਛੁ ਥਾਇ ਨ ਪਾਈ ॥
ਰਹੈ ਬੇਬਾਣੀ ਮੜੀ ਮਸਾਣੀ ॥
ਅੰਧੁ ਨ ਜਾਣੈ ਫਿਰਿ ਪਛੁਤਾਣੀ ॥
ਸਤਿਗੁਰੁ ਭੇਟੇ ਸੋ ਸੁਖੁ ਪਾਏ ॥
ਹਰਿ ਕਾ ਨਾਮੁ ਮੰਨਿ ਵਸਾਏ ॥
ਨਾਨਕ ਨਦਰਿ ਕਰੇ ਸੋ ਪਾਏ ॥
ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥੨॥ (ਪੰਨਾ ੪੬੭)

ਕਈ ਲੋਕ ਬਹੁਤੀਆਂ ਪੁਸਤਕਾਂ ਪੜ੍ਹਨ ਤੇ ਵਿਦਵਾਨ ਬਣਨ ਨੂੰ ਈਸ਼ਵਰ ਦੀ ਪ੍ਰਾਪਤੀ ਦਾ ਸਾਧਨ ਮੰਨਦੇ ਸਨ। ਗੁਰੂ ਜੀ ਨੇ ਅਜਿਹੇ ਪੁਰਸ਼ਾਂ ਨੂੰ ਨਾਮ ਸਿਮਰਨ ਦੀ ਇਕ ਤੇ ਆਖ਼ਰੀ

ਗੱਲ ਸਮਝਾਈ ਹੈ :

ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥ (ਪੰਨਾ ੪੬੭)

ਮੁਸਲਮਾਨੀ ਹਕੂਮਤ ਹੋਣ ਕਾਰਨ ਲੋਕਾਂ ਅੰਦਰ ਰਾਜਸੀ ਗਿਰਾਵਟ ਏਨੀ ਜ਼ਿਆਦਾ ਆ ਚੁੱਕੀ ਸੀ ਕਿ ਉਹ ਆਪਣੇ ਹਾਕਮਾਂ ਨੂੰ ਖ਼ੁਸ਼ ਕਰਨ ਲਈ, ਹਿੰਦੂ ਲੋਕ ਕੁਰਾਨ ਆਦਿ ਕਿਤਾਬਾਂ ਪੜ੍ਹਦੇ ਸਨ ਤੇ ਘਰ ਦੇ ਅੰਦਰ ਲੁਕ-ਛਿਪ ਕੇ ਪੁਰਾਣਾਂ ਦੀ ਪੂਜਾ ਕਰਿਆ ਕਰਦੇ ਸਨ :

ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥ (ਪੰਨਾ ੪੭੧)

ਗਊ ਤੇ ਬ੍ਰਾਹਮਣ ਪਾਸੋਂ ਹਿੰਦੂ ਲੋਕ, ਮੁਸਲਮਾਨੀ ਕਾਨੂੰਨ ਅਨੁਸਾਰ ਟੈਕਸ ਲੈਂਦੇ ਸਨ ਤੇ ਉਸੇ ਗਊ ਦੇ ਗੋਹੇ ਦਾ ਪੋਚਾ ਦੇ ਕੇ ਸੁੱਚਮ ਬਣ ਬਹਿੰਦੇ ਸਨ :

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥ (ਪੰਨਾ ੪੭੧)

ਉਸ ਸਮੇਂ ਰਾਜੇ ਕਸਾਈਆਂ ਵਾਂਗ ਪਰਜਾ ਨੂੰ ਕੋਹ-ਕੋਹ ਕੇ ਖਾਂਦੇ ਸਨ। ਧਰਮ ਦਾ ਨਾਂ-ਨਿਸ਼ਾਨ ਨਹੀਂ ਸੀ। ਹਰ ਪਾਸੇ ਕੂੜ ਦੀ ਪ੍ਰਧਾਨਤਾ ਸੀ। ਪਰਜਾ ਗਿਆਨ ਤੋਂ ਬਿਨਾਂ ਆਪਣਾ ਕਰਤੱਵ ਭੁੱਲ ਬੈਠੀ ਸੀ :

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥ (ਪੰਨਾ ੪੬੮)

ਮਨੁੱਖ ਦੇ ਚੰਗੇਰੇ-ਅੱਧ ਇਸਤਰੀ ਜਾਤੀ ਨੂੰ ਸ਼ੂਦਰ ਕਰਾਰ ਦੇ ਕੇ ਬ੍ਰਾਹਮਣਾਂ ਨੇ ਮਨੁੱਖਤਾ ਵਿਚੋਂ ਛੇਕ ਰੱਖਿਆ ਸੀ। ਗੁਰੂ ਜੀ ਨੇ ਇਸਤਰੀ ਜਾਤੀ ਨੂੰ ਮਨੁੱਖ ਦੇ ਬਰਾਬਰ ਦਰਜਾ ਇਹ ਆਖ ਕੇ ਦਿਵਾਇਆ :

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (ਪੰਨਾ ੪੭੩)

ਊਚ-ਨੀਚ ਤੇ ਜਾਤ-ਭੇਦ ਸੰਬੰਧੀ ਆਪ ਦਾ ਫ਼ੁਰਮਾਨ ਹੈ :

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥ (ਪੰਨਾ ੪੬੯)

ਸੁੱਚ-ਭਿੱਟ ਦਾ ਵਹਿਮ ਦੂਰ ਕਰਨ ਲਈ ਗੁਰੂ ਜੀ ਨੇ ਸਹੀ ਅਗਵਾਈ ਕੀਤੀ :

ਸੁਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥
ਸੁਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥ (ਪੰਨਾ ੪੭੨)

ਗੱਲ ਕੀ, ਆਸਾ ਦੀ ਵਾਰ ਰਚ ਕੇ ਸਤਿਗੁਰੂ ਜੀ ਨੇ ਸਮੁੱਚੀ ਮਾਨਵਤਾ ਨੂੰ ਵਹਿਮਾਂ, ਭਰਮਾਂ, ਪਖੰਡਾਂ, ਜਾਤੀ ਵੰਡੀਆਂ ਤੇ ਗ਼ੁਲਾਮੀ ਤੋਂ ਸੁਤੰਤਰਤਾ ਦਿਵਾਉਣ ਲਈ ਸੱਚੀ ਤੇ ਪੂਰਨ ਅਗਵਾਈ ਕੀਤੀ ਹੈ। ਇਸ ਬਾਣੀ ਦਾ ਰੋਜ਼ਾਨਾ ਪਾਠ ਤੇ ਕੀਰਤਨ ਸਾਡੇ ਹਿਰਦੇ ਤੋਂ ਪਾਪਾਂ ਦੀ ਮੈਲ ਕੱਟ ਕੇ ਸ਼ੁੱਧ ਤੇ ਪਵਿੱਤਰ ਕਰ ਦੇਂਦਾ ਹੈ ਅਤੇ ਸਾਡੇ ਨੈਤਿਕ ਜੀਵਨ ਨੂੰ ਅਜਿਹੀ ਸਹੀ ਪੱਧਰ 'ਤੇ ਰੱਖਦਾ ਹੈ ਕਿ ਜੀਵ ਆਪਣੀ ਚਰਿੱਤਰ-ਉਸਾਰੀ ਕਰਦਾ ਹੋਇਆ ਵਾਹਿਗੁਰੂ

ਵਿਚ ਅਭੇਦ ਹੋ ਜਾਂਦਾ ਹੈ।

3. ਵਾਰ ਮਲਾਰ ਕੀ

ਗੁਰੂ ਨਾਨਕ ਦੇਵ ਜੀ ਦੀ ਮਲਾਰ ਦੀ ਵਾਰ ਸਭ ਤੋਂ ਅਖ਼ੀਰਲੀ ਕਾਨੜੇ ਦੀ ਵਾਰ ਤੋਂ ਪਹਿਲਾਂ ਆਉਂਦੀ ਹੈ। ਇਸ ਦੀਆਂ 28 ਪਉੜੀਆਂ ਹਨ ਤੇ ਸਤਾਈਵੀਂ ਪਉੜੀ ਵਿਚ 'ਪਉੜੀ ਨਵੀ ਮ: ੫' ਲਿਖਿਆ ਹੈ, ਜਿਸ ਤੋਂ ਸਿੱਧ ਹੁੰਦਾ ਹੈ ਕਿ ਇਹ ਪਉੜੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਚਾਰਨ ਕੀਤੀ ਹੋਈ ਹੈ ਤੇ ਬਾਕੀ ਦੀਆਂ 27 ਪਉੜੀਆਂ ਪਹਿਲੀ ਪਾਤਸ਼ਾਹੀ ਦੀਆਂ ਉਚਾਰਨ ਕੀਤੀਆਂ ਹੋਈਆਂ ਹਨ। ਵਾਰ ਵਿਚ ਪਉੜੀਆਂ ਤੋਂ ਪਹਿਲਾਂ ਦਰਜ 76 ਸਲੋਕਾਂ ਵਿਚੋਂ 33 ਗੁਰੂ ਨਾਨਕ ਦੇਵ ਜੀ ਦੇ, 14 ਗੁਰੂ ਅੰਗਦ ਦੇਵ ਜੀ ਦੇ, 12 ਗੁਰੂ ਅਮਰਦਾਸ ਜੀ ਦੇ ਤੇ 2 ਗੁਰੂ ਅਰਜਨ ਦੇਵ ਜੀ ਦੇ ਹਨ। ਇਸ ਵਾਰ ਨੂੰ ਗੁਰੂ ਜੀ ਨੇ 'ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ' ਉਪਰ ਗਾਉਣ ਦਾ ਸੰਕੇਤ ਕੀਤਾ ਹੈ। ਜਿਸ ਦੀ ਕਥਾ ਇਸ ਪ੍ਰਕਾਰ ਹੈ:

ਕੈਲਾਸ਼ ਤੇ ਮਾਲਦੇਉ ਕਸ਼ਮੀਰ ਦੇ ਦੋ ਰਾਜਪੂਤ ਭਰਾ ਸਨ। ਮਾਲਦੇਉ ਆਪਣੇ ਆਪ ਨੂੰ ਸਾਰੇ ਕਸ਼ਮੀਰ ਦਾ ਰਾਜਾ ਮੰਨਦਾ ਸੀ ਪਰ ਕੈਲਾਸ਼ ਉਸ ਦੀ ਈਨ ਨਹੀਂ ਸੀ ਮੰਨਦਾ। ਮਾਲਦੇਉ ਨੇ ਕੈਲਾਸ਼ ਉੱਤੇ ਚੜ੍ਹਾਈ ਕਰ ਕੇ ਉਸ ਨੂੰ ਪਕੜ ਲਿਆ। ਫੇਰ ਕੈਲਾਸ਼ ਦੇ ਈਨ ਮੰਨਣ ਉੱਤੇ ਉਸ ਨੂੰ ਅੱਧਾ ਰਾਜ ਦੇ ਕੇ ਛੱਡ ਦਿੱਤਾ। ਉਸ ਦੀ ਇਸ ਉਦਾਰਤਾ ਦਾ ਜੱਸ ਫੈਲਣ ਤੋਂ ਢਾਡੀਆਂ ਨੇ ਉਹਨਾਂ ਦੀ ਵਾਰ ਬਣਾ ਕੇ ਗਾਈ।

ਮਲਾਰ ਰਾਗ ਵਰਖਾ ਰੁੱਤ ਨਾਲ ਸੰਬੰਧ ਰੱਖਦਾ ਹੈ ਇਸ ਵਾਸਤੇ ਇਸ ਵਾਰ ਵਿਚ ਵੀ ਮੀਂਹ ਵਰਨ, ਮੋਰ-ਬੰਬੀਹੇ ਨੱਚਣ, ਪਸ਼ੂ-ਪੰਛੀਆਂ ਵਿਚ ਪੈਦਾ ਹੋਏ ਉਮਾਹ ਤੇ ਬਨਸਪਤੀ ਦੀ ਪ੍ਰਫੁੱਲਤਾ ਦਾ ਵਰਣਨ ਹੈ। ਇਸ ਵਾਰ ਵਿਚ ਜਿਥੇ ਗੁਰੂ ਜੀ ਨੇ ਅਕਾਲ ਪੁਰਖ, ਸਤਿਗੁਰੂ ਤੇ ਗੁਰਮੁਖਾਂ ਦੀ ਸਿਫ਼ਤ ਕੀਤੀ ਹੈ, ਉਥੇ ਵਰਖਾ ਨਾਲ ਸੰਬੰਧਿਤ ਭਿੰਨ-ਭਿੰਨ ਅਲੰਕਾਰਾਂ ਦੁਆਰਾ ਹਿਰਦੇ ਰੂਪ ਧਰਤੀ ਨੂੰ ਗੁਰੂ ਦੇ ਉਪਦੇਸ਼ ਰੂਪ ਮੀਂਹ ਨਾਲ ਹਰੀ-ਭਰੀ ਹੁੰਦੀ ਤੇ ਸ਼ਾਂਤੀ ਪ੍ਰਾਪਤ ਕਰਦੀ ਹੋਈ ਦਿਖਾਇਆ ਹੈ।

ਸਤਿਗੁਰੂ ਜੀ ਨੇ ਇਸ ਵਾਰ ਵਿਚ ਗੁਰਮੁਖਤਾਈ ਤੇ ਮੁਨਮੁਖਤਾਈ ਦਾ ਨਿਖੇੜ ਕੀਤਾ ਹੈ। ਗੁਰੂ ਤਾਂ ਉਪਦੇਸ਼ ਰੂਪ ਮੀਂਹ ਵਰਸਾਈ ਜਾਂਦਾ ਹੈ, ਕਈ ਉਪਦੇਸ਼ ਨੂੰ ਸੁਣ ਕੇ ਖ਼ੁਸ਼ ਹੋ ਕੇ ਆਣ ਮਿਲਦੇ ਹਨ ਤੇ ਆਪਣੇ ਕਰਤੱਵ ਗੁਰੂ ਦੀ ਸਿੱਖਿਆ ਅਨੁਸਾਰ ਕਰ ਕੇ ਗੁਰਮੁਖ ਅਖਵਾਉਂਦੇ ਹਨ ਪਰ ਕਈਆਂ ਮੰਦਭਾਗੀਆਂ ਨੂੰ ਗੁਰੂ ਦਾ ਉਪਦੇਸ਼ ਭਾਉਂਦਾ ਨਹੀਂ, ਉਹ ਦੂਰ ਰਹਿਣ ਕਾਰਨ ਆਪ-ਹੁਦਰੇ ਹੋਏ ਰਹਿੰਦੇ ਹਨ ਤੇ ਮਨਮੁਖ ਅਖਵਾਉਂਦੇ ਹਨ ਅਤੇ ਹਉਮੈ ਦੇ ਕਾਰਨ ਮੋਹ ਗੁਬਾਰ ਵਿਚ ਭਟਕਦੇ ਰਹਿੰਦੇ ਹਨ।

ਕਈ ਲੋਕ ਆਪਣੀ ਵਿੱਤ ਨਾ ਜਾਣਦੇ ਹੋਏ ਆਪੇ ਆਗੂ ਬਣ ਬਹਿੰਦੇ ਹਨ ਅਤੇ ਆਪਣੀ ਵਡਿਆਈ ਵੇਖ ਕੇ ਆਪੇ ਤੋਂ ਬਾਹਰ ਹੋ ਜਾਂਦੇ ਹਨ। ਉਹ ਆਪ ਤਾਂ ਤਰਨ ਜੋਗੇ ਹੁੰਦੇ ਨਹੀਂ ਪਰ ਹੋਰਨਾਂ ਨੂੰ ਤਾਰਨ ਦਾ ਬੀੜਾ ਚੁੱਕ ਲੈਂਦੇ ਹਨ:

ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥
ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥ (ਪੰਨਾ ੧੨੮੬)

ਕਲਜੁਗੀ ਰਾਜਿਆਂ, ਹਾਕਮਾਂ ਤੇ ਕਰਮਚਾਰੀਆਂ ਦੇ ਭ੍ਰਿਸ਼ਟਾਚਾਰ ਦੀ ਸਤਿਗੁਰੂ ਜੀ ਨੇ ਬੜੀ ਨਿਰਭੈਤਾ ਨਾਲ ਆਲੋਚਨਾ ਕੀਤੀ ਹੈ:

ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥
ਚਾਕਰ ਨਹਦਾ ਪਾਇਨਿ੍ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥ (ਪੰਨਾ ੧੨੮੮)

ਆਮ ਜੀਵਾਂ ਦਾ ਮਨੋ-ਵਿਗਿਆਨਕ ਵਿਸ਼ਲੇਸ਼ਣ ਕਿਹੇ ਸੋਹਣੇ ਸ਼ਬਦਾਂ ਵਿਚ ਕੀਤਾ ਹੈ। ਕਾਮ ਦਾ ਰੂਪ ਨਾਲ ਤੇ ਭੁੱਖ ਦਾ ਸੁਆਦ ਨਾਲ ਪਿਆਰ ਹੈ। ਲਾਲਚੀ ਬੰਦਾ ਧਨ ਨਾਲ ਘੁਲ-ਮਿਲ ਕੇ ਇਕ-ਮਿਕ ਹੋਇਆ ਰਹਿੰਦਾ ਹੈ। ਨੀਂਦ ਨਾਲ ਊਂਘਦੇ ਹੋਏ ਨੂੰ ਸੌੜੀ ਥਾਂ ਹੀ ਪਲੰਘ ਦੀ ਨਿਆਈਂ ਹੈ:

ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ ॥
ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ ॥ (ਪੰਨਾ ੧੨੮੮)

ਫੇਰ ਫ਼ੁਰਮਾਉਂਦੇ ਹਨ ਕਿ ਦੁਨੀਆਂ ਨੂੰ ਰਾਜ, ਮਾਲ, ਰੂਪ, ਜਾਤ ਤੇ ਜਵਾਨੀ ਦੇ ਪੰਜਾਂ ਠੱਗਾਂ ਨੇ ਠੱਗਿਆ ਹੋਇਆ ਹੈ ਤੇ ਸਭ ਨਿਲੱਜ ਹੋਏ ਫਿਰਦੇ ਹਨ। ਪਰ ਜਿਹੜੇ ਸਤਿਗੁਰੂ ਜੀ ਦੀ ਸ਼ਰਨ ਵਿਚ ਆ ਜਾਂਦੇ ਹਨ ਉਹ ਇਹਨਾਂ ਠੱਗਾਂ ਨੂੰ ਠੱਗ ਲੈਂਦੇ ਹਨ:

ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥
ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥
ਏਨਾ ਠਗਨਿ੍ ਠਗ ਸੇ ਜਿ ਗੁਰ ਕੀ ਪੈਰੀ ਪਾਹਿ ॥
ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ ॥ (ਪੰਨਾ ੧੨੮੮)

ਕੁਰੂਕਸ਼ੇਤਰ ਦੇ ਪੰਡੇ ਮਾਸ ਖਾਣ ਨੂੰ ਬੁਰਾ ਸਮਝਦੇ ਸਨ। ਗੁਰੂ ਜੀ ਨੇ ਉਥੇ ਜਾ ਕੇ ਸੂਰਜ ਗ੍ਰਹਿਣ ਦੇ ਸਮੇਂ ਮਾਸ ਰਿੰਨ੍ਹਣਾ ਸ਼ੁਰੂ ਕਰ ਦਿੱਤਾ। ਨਾਨੂੰ ਨਾਮੀ ਪੰਡਤ ਦੀ ਅਗਵਾਈ ਵਿਚ ਪੰਡਿਆਂ ਨੇ ਗੁਰੂ ਜੀ ਉੱਤੇ ਹਮਲਾ ਕਰ ਦਿੱਤਾ ਪਰ ਗੁਰੂ ਜੀ ਨੇ ਜਿਸ ਦਲੀਲ, ਦ੍ਰਿੜ੍ਹਤਾ ਤੇ ਧੀਰਜ ਨਾਲ ਪੰਡਿਆਂ ਦਾ ਮਾਸ ਸੰਬੰਧੀ ਭਰਮ ਦੂਰ ਕੀਤਾ, ਉਹ ਆਪਣੀ ਮਿਸਾਲ ਆਪ ਹੀ ਹੈ। ਪੰਜੀਵੀਂ ਪਉੜੀ ਤੋਂ ਪਹਿਲਾਂ ਆਏ ਸਲੋਕ ਵਿਚ ਗੁਰੂ ਜੀ ਦੱਸਦੇ ਹਨ ਕਿ ਮਾਸ ਇਕ ਅਜਿਹੀ ਚੀਜ਼ ਹੈ ਜਿਸ ਨਾਲ ਸਾਨੂੰ ਦੁਨੀਆਦਾਰਾਂ ਨੂੰ ਹਰ ਵੇਲੇ ਵਾਸਤਾ ਪੈਂਦਾ ਹੈ। ਮਾਸ ਦਾ ਦੇਵਤਿਆਂ ਦੇ ਮਨਪਸੰਦ ਖਾਜਾ ਹੋਣ ਦਾ ਵਰਣਨ ਪੰਡਤਾਂ ਦੀਆਂ ਧਾਰਮਿਕ ਪੁਸਤਕਾਂ ਵਿਚ ਆਉਂਦਾ ਹੈ। ਜਿਥੋਂ ਤਕ ਮਾਸ ਖਾਣ ਤੋਂ ਜੀਵ-ਹੱਤਿਆ ਦਾ ਸੁਆਲ ਹੈ ਜ਼ਿੰਦਗੀ ਦਾ ਮੂਲ ਮਾਦੀ ਕਾਰਣ ਤਾਂ ਪਾਣੀ ਹੈ ਜਿਸ ਤੋਂ ਅੰਨ, ਫ਼ਲ ਤੇ ਸਬਜ਼ੀਆਂ ਆਦਿ ਪੈਦਾ ਹੁੰਦੀਆਂ ਹਨ:

ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥...
ਮਾਸੁ ਪੁਰਾਣੀ ਮਾਸੁ ਕਤੇਬੀ ਚਹੁ ਜੁਗਿ ਮਾਸੁ ਕਮਾਣਾ ॥...
ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ॥
ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ ॥ (ਪੰਨਾ ੧੨੯੦)

ਸੰਸਾਰ ਨੂੰ ਸਤਿਗੁਰੂ ਜੀ ਨੇ ਪਹਿਲਵਾਨਾਂ ਦਾ ਇਕ ਅਖਾੜਾ ਦੱਸਿਆ ਹੈ। ਇਸ ਰਣ-ਖੇਤਰ ਵਿਚ ਗੁਰਮੁਖ ਪੁਰਸ਼ ਜ਼ਿੰਦਗੀ ਦੇ ਘੋਲ ਵਿਚ ਚਾਉ ਨਾਲ ਲੜਦੇ ਹਨ ਕਿਉਂਕਿ ਉਹਨਾਂ ਨੂ ਇਸ ਗੱਲ ਦਾ ਯਕੀਨ ਹੁੰਦਾ ਹੈ ਕਿ ਅਸੀਂ ਸੱਚ ਦੇ ਪੱਖ ਲਈ ਲੜ ਰਹੇ ਹਾਂ ਅਤੇ ਵਾਹਿਗੁਰੂ ਸਾਡੇ ਅੰਗ-ਸੰਗ ਹੈ, ਜਿਸ ਦੀ ਦਿੱਤੀ ਤਾਕਤ ਨਾਲ ਉਹ ਮਨਮੁਖਾਂ ਨੂੰ ਪਛਾੜ ਸੁੱਟਦੇ ਹਨ:

ਆਪੇ ਛਿੰਝ ਪਵਾਇ ਮਲਾਖਾੜਾ ਰਚਿਆ ॥
ਲਥੇ ਭੜਥੂ ਪਾਇ ਗੁਰਮੁਖਿ ਮਚਿਆ ॥
ਮਨਮੁਖ ਮਾਰੇ ਪਛਾੜਿ ਮੂਰਖ ਕਚਿਆ ॥
ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਿਆ ॥ *(ਪੰਨਾ ੧੨੮੦)*

ਇਉਂ ਸਤਿਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਰਚਿਤ ਤਿੰਨਾਂ ਵਾਰਾਂ ਵਿਚ ਅਕਾਲ ਪੁਰਖ ਦੀ ਹੋਂਦ ਦਾ ਨਿਸ਼ਚਾ ਜਗਤ-ਜੀਵਾਂ ਨੂੰ ਕਰਵਾ ਕੇ ਉਸ ਦੀ ਸਿਫ਼ਤ-ਸਲਾਹ ਵਿਚ ਲੱਗਣ ਤੇ ਪ੍ਰੇਮ ਸਹਿਤ ਭਗਤੀ ਵਿਚ ਲਿਵਲੀਨ ਹੋਣ ਦੀ ਪ੍ਰੇਰਨਾ ਕੀਤੀ ਹੈ। ਜਿਥੇ ਇਹ ਵਾਰਾਂ ਸਾਨੂੰ ਉੱਚ ਅਧਿਆਤਮਕ ਮੰਡਲਾਂ ਦੀ ਕਲਾਮਈ ਤਰੀਕੇ ਨਾਲ ਖੁੱਲ੍ਹੀ ਸੈਰ ਕਰਵਾਉਂਦੀਆਂ ਹਨ ਉਥੇ ਸਾਡੇ ਰੋਜ਼ਾਨਾ ਜੀਵਨ ਵਿਚ ਵਾਪਰਨ ਵਾਲੀਆਂ ਕਠਿਨਾਈਆਂ, ਔਕੜਾਂ ਤੇ ਗੁੰਝਲਾਂ ਨੂੰ ਸੁਲਝਾਉਂਦੀਆਂ ਹੋਈਆਂ ਪੂਰਨ ਤੌਰ 'ਤੇ ਅਗਵਾਈ ਕਰਦੀਆਂ ਹਨ।

(9/1969)

ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਸੰਗੀਤਕ ਪੱਖ

ਪੰਜ ਸਦੀਆਂ ਤੋਂ ਗੁਰੂ ਨਾਨਕ ਦੇਵ ਜੀ ਦੀ ਮਹਾਨਤਾ ਨੂੰ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਉਹਨਾਂ ਦੀ ਮਹਾਨਤਾ ਇਤਨੀ ਵਿਸ਼ਾਲ ਹੈ ਕਿ ਉਸ ਨੂੰ ਪੂਰੀ ਤਰ੍ਹਾਂ ਬਿਆਨ ਕਰ ਸਕਣਾ ਅਸੰਭਵ ਹੈ। ਜਿਥੇ ਉਹ ਮਹਾਨ ਧਾਰਮਿਕ ਆਗੂ, ਸਮਾਜ ਸੁਧਾਰਕ, ਦਾਰਸ਼ਨਿਕ, ਮਹਾਨ ਯਾਤਰੂ, ਮਹਾਨ ਸਾਹਿਤਕਾਰ ਸਨ, ਉਥੇ ਉਹ ਮਹਾਨ ਸੰਗੀਤਕਾਰ ਵੀ ਸਨ।

ਉਹਨਾਂ ਨੇ ਆਪਣੇ ਆਪ ਨੂੰ ਜਿਥੇ 'ਸ਼ਾਇਰ'[1] ਕਿਹਾ ਹੈ, ਉਥੇ ਉਹਨਾਂ ਆਪਣੇ ਆਪ ਨੂੰ ਢਾਡੀ ਵੀ ਕਿਹਾ ਹੈ:

ਹਉ ਢਾਢੀ ਵੇਕਾਰੁ ਕਾਰੈ ਲਾਇਆ ॥...
ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥...
ਢਾਢੀ ਕਰੇ ਪਸਾਉ ਸਬਦੁ ਵਜਾਇਆ ॥ (ਪੰਨਾ ੧੫੦)

ਭਾਵੇਂ ਗੁਰੂ ਨਾਨਕ ਦੇਵ ਜੀ ਆਪਣੇ ਸੰਗੀਤ ਪੱਖ ਤੋਂ ਸੁਚੇਤ ਸਨ ਪਰ ਉਹਨਾਂ ਬਾਰੇ ਲਿਖਣ ਵਾਲੇ ਵਿਦਵਾਨਾਂ ਨੇ ਉਹਨਾਂ ਦੇ ਇਸ ਪੱਖ ਨੂੰ ਬਹੁਤਾ ਨਹੀਂ ਗੌਲਿਆ। ਇਸ ਕਰਕੇ ਸਾਨੂੰ ਉਹਨਾਂ ਦੇ ਸੰਗੀਤਕ ਪੱਖ ਨੂੰ ਉਹਨਾਂ ਬਾਰੇ ਲਿਖੀਆਂ ਸਾਖੀਆਂ ਤੇ ਉਹਨਾਂ ਦੀ ਬਾਣੀ ਵਿਚਲੇ ਹਵਾਲਿਆਂ ਰਾਹੀਂ ਉਜਾਗਰ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ।

ਜਨਮਾਖੀਆਂ ਤੋਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਬਚਪਨ ਵਿਚ ਹੀ ਰਾਗਬੱਧ ਬਾਣੀ ਦੀ ਰਚਨਾ ਕਰਨ ਲੱਗ ਪਏ ਸਨ। ਸਾਖੀਕਾਰ ਨੇ ਆਸਾ ਰਾਗ ਵਿਚ ਰਚੀ 'ਪਟੀ' ਦਾ ਉਚਾਰਨ ਗੁਰੂ ਨਾਨਕ ਦੇਵ ਜੀ ਦੇ ਬਚਪਨ ਨਾਲ ਸੰਬੰਧਿਤ ਕੀਤਾ ਹੈ।[2] ਆਪਣੇ ਜਨਮ ਸਥਾਨ ਤਲਵੰਡੀ ਵਿਚ ਰਹਿੰਦਿਆਂ ਹੀ ਗੁਰੂ ਨਾਨਕ ਦੇਵ ਜੀ ਦਾ ਮੇਲ ਭਾਈ ਮਰਦਾਨੇ ਨਾਲ ਹੋਇਆ। ਮਰਦਾਨਾ ਆਪਣੇ ਸਮੇਂ ਦਾ ਮਹਾਨ ਸੰਗੀਤਕਾਰ ਸੀ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਅਨੁਸਾਰ 'ਸੰਸਾਰ ਪ੍ਰਸਿੱਧ ਗਾਇਕ ਤਾਨਸੈਨ ਦੇ ਗੁਰੂ ਸੁਆਮੀ ਹਰਿਦਾਸ ਜੀ ਮਰਦਾਨਾ ਜੀ ਦੇ ਹੀ ਸ਼ਾਗਿਰਦ ਸਨ।'[3]

ਭਾਈ ਮਰਦਾਨੇ ਨਾਲ ਗੁਰੂ ਨਾਨਕ ਦੇਵ ਜੀ ਦੀ ਡੂੰਘੀ ਸਾਂਝ ਦਾ ਸਭ ਤੋਂ ਵੱਡਾ ਕਾਰਨ ਸੰਗੀਤ ਸੀ। ਮਰਦਾਨਾ ਰਬਾਬ ਵਜਾਉਣ ਵਿਚ ਪ੍ਰਬੀਨ ਸੀ।[4]

ਗੁਰੂ ਨਾਨਕ ਦੇਵ ਜੀ ਜਦੋਂ ਤਲਵੰਡੀ ਤੋਂ ਸੁਲਤਾਨਪੁਰ ਆ ਗਏ ਤਾਂ ਉਹਨਾਂ ਮੋਦੀਖ਼ਾਨੇ ਵਿਚ ਨੌਕਰੀ ਕਰਦਿਆਂ ਵੀ ਬਾਣੀ ਅਤੇ ਸੰਗੀਤ ਦੇ ਸੰਗਮ ਕੀਰਤਨ ਪ੍ਰਵਾਹ ਨੂੰ ਜਾਰੀ ਰੱਖਿਆ। ਜਨਮਸਾਖੀ ਵਿਚ ਲਿਖਿਆ ਹੈ:

ਜੋ ਕਿਛੁ ਅਲੂਫਾ ਗੁਰੂ ਜੋਗ ਮਿਲੇ, ਸੋ ਖਾਵੇ, ਹੋਰ ਪਰਮੇਸਰ ਦੇ ਅਰਥ ਦੇਵੇ ਅਤੇ

ਨਿਤਾ ਪ੍ਰਤੀ ਰਾਤ ਕਉ ਕੀਰਤਨ ਹੋਵੇ।[5]

ਗੁਰੂ ਨਾਨਕ ਦੇਵ ਜੀ ਦੀ ਕਾਵਿ ਰਚਨਾ ਅਤੇ ਸੰਗੀਤ ਰਚਨਾ ਦੀ ਪ੍ਰਕਿਰਿਆ ਇਕੋ ਸਮੇਂ ਵਾਪਰਦੀ ਸੀ। ਜਨਮਸਾਖੀਆਂ ਤੋਂ ਪਤਾ ਲੱਗਦਾ ਹੈ ਕਿ ਜਦੋਂ ਵੀ ਉਹ ਬਾਣੀ ਉਚਾਰਦੇ, ਪਹਿਲਾਂ ਮਰਦਾਨੇ ਨੂੰ ਸੰਬੋਧਨ ਕਰ ਕੇ ਕਹਿੰਦੇ, "ਮਰਦਾਨਿਆ ! ਰਬਾਬ ਵਜਾ, ਬਾਣੀ ਆਈ।"[6]

ਮਿਲਦੇ ਹਵਾਲਿਆਂ ਤੋਂ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਰਾਗ ਅਤੇ ਸਮੇਂ ਦੇ ਸੰਬੰਧ ਤੋਂ ਸੁਚੇਤ ਸਨ। ਉਹ ਸਮੇਂ ਅਨੁਸਾਰ ਹੀ ਰਾਗ ਦਾ ਗਾਇਨ ਕਰਦੇ ਸਨ। ਬਿਲਾਵਲ[7] ਅਤੇ ਗੂਜਰੀ[8] ਰਾਗਾਂ ਵਿਚ ਸਵੇਰੇ, ਸਿਰੀ[9], ਤਿਲੰਗ[10] ਅਤੇ ਧਨਾਸਰੀ ਰਾਗਾਂ ਵਿਚ ਸ਼ਾਮ ਨੂੰ, ਆਸਾ[11] ਰਾਗ ਵਿਚ ਸਵੇਰੇ ਸ਼ਾਮ ਅਤੇ ਸੋਰਠਿ[12] ਰਾਗ ਵਿਚ ਰਾਤ ਨੂੰ ਬਾਣੀ ਦਾ ਗਾਇਨ ਕੀਤਾ ਦੱਸਿਆ ਜਾਂਦਾ ਹੈ।

ਉਦਾਸੀਆਂ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਨੇ ਆਪਣਾ ਨਿਵਾਸ ਕਰਤਾਰਪੁਰ ਵਿਖੇ ਕਰ ਲਿਆ। ਇਥੇ ਵੀ ਉਹਨਾਂ ਸਵੇਰੇ-ਸ਼ਾਮ ਕੀਰਤਨ ਦੀ ਪ੍ਰਥਾ ਜਾਰੀ ਰੱਖੀ। ਇਸ ਸੰਬੰਧ ਵਿਚ ਭਾਈ ਗੁਰਦਾਸ ਜੀ ਦਾ ਕਥਨ ਹੈ:

ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਪੁ ਉਚਾਰਾ।[13]

ਇਸ ਪਉੜੀ ਦਾ ਟੀਕਾ ਕਰਦਿਆਂ ਭਾਈ ਮਨੀ ਸਿੰਘ ਜੀ ਲਿਖਦੇ ਹਨ:

ਕਰਤਾਰਪੁਰ ਵਿਚ ਅੰਮ੍ਰਿਤ ਵੇਲੇ ਸਵਾ ਪਹਿਰ ਦਿਨ ਚੜ੍ਹਦਿਆਂ ਤੀਕਰ ਬਾਣੀ ਦਾ ਕੀਰਤਨ ਹੋਵੇ। ਫੇਰ ਆਰਤੀ ਪੜ੍ਹੀਏ। ਤੀਸਰੇ ਪਹਿਰ ਕੀਰਤਨ ਕਰਾਏ, ਸੰਧਿਆ ਰਹਰਾਸਿ ਪੜ੍ਹੀਏ, ਫੇਰ ਕੀਰਤਨ ਗਾਈਏ, ਪਹਿਰ ਰਾਤ ਗਈ ਸੋਹਿਲਾ ਪੜ੍ਹੀਏ ਅਰ ਪਿਛਲੀ ਰਾਤ ਜਪੁ ਪੜ੍ਹੀਏ ਅਰ ਆਸਾ ਦੀ ਵਾਰ ਪੜ੍ਹੀਏ।[14]

ਉਪਰੋਕਤ ਹਵਾਲਿਆਂ ਤੋਂ ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਸੰਗੀਤ ਗਿਆਤਾ ਸਨ।

ਉਹਨਾਂ ਨੇ ਆਪਣੀ ਬਾਣੀ ਲਈ 19 ਰਾਗਾਂ ਦਾ ਪ੍ਰਯੋਗ ਕੀਤਾ। ਆਪ ਨੇ ਜਿਨ੍ਹਾਂ ਰਾਗਾਂ ਦਾ ਪ੍ਰਯੋਗ ਕੀਤਾ ਉਹਨਾਂ ਦੇ ਨਾਮ ਹਨ—ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ ਅਤੇ ਪ੍ਰਭਾਤੀ।

ਗੁਰੂ ਨਾਨਕ ਦੇਵ ਜੀ ਨੇ ਜਿਥੇ ਪਰੰਪਰਿਕ ਰਾਗਾਂ ਦਾ ਪ੍ਰਯੋਗ ਕੀਤਾ ਉਥੇ ਰਾਗਾਂ ਵਿਚ ਗਾਉਣ ਲਈ ਮੌਲਿਕ ਬਾਣੀ ਦੀ ਵੱਡਮੁੱਲੀ ਦੇਣ ਸੰਗੀਤ ਜਗਤ ਨੂੰ ਦਿੱਤੀ।

ਰਾਗ ਤੇ ਭਾਵ ਸੰਬੰਧ

ਗੁਰੂ ਨਾਨਕ ਦੇਵ ਜੀ ਦੀ ਰਚੀ ਬਾਣੀ ਜੋ ਨਿਰੰਤਰ ਗਾਈ ਜਾ ਰਹੀ ਹੈ, ਜਿਸ ਨਾਲ ਸੰਗੀਤ ਜਗਤ ਵਿਚ ਗਾਇਕਾਂ ਅਤੇ ਸਰੋਤਿਆਂ ਦੀ ਗਿਣਤੀ ਵਿਚ ਭਾਰੀ ਵਾਧਾ ਹੋਇਆ ਹੈ, ਸੰਗੀਤ ਜਗਤ ਨੂੰ ਇਕ ਮਹਾਨ ਦੇਣ ਹੈ ਪਰ ਉਸ ਬਾਣੀ ਦਾ ਵੱਖ-ਵੱਖ ਰਾਗਾਂ ਵਿਚ ਰਚਿਆ ਜਾਣਾ ਅਤੇ ਰਾਗ ਤੇ ਭਾਵ ਅਨੁਕੂਲ ਰਚਿਆ ਜਾਣਾ ਮਹੱਤਵਪੂਰਨ ਹੈ।

ਪੁਰਾਤਨ ਕਾਲ ਤੋਂ ਰਾਗ ਨੂੰ ਭਾਵ ਪ੍ਰਗਟਾਵੇ ਦਾ ਇਕ ਸਾਧਨ ਮੰਨਿਆ ਜਾਂਦਾ ਹੈ। ਗੁਰੂ ਸਾਹਿਬ ਨੇ ਜਿਹੜੇ ਰਾਗ ਦੀ ਵਰਤੋਂ ਕੀਤੀ, ਉਸ ਰਾਗ ਦੇ ਭਾਵ ਅਨੁਕੂਲ ਹੀ ਉਸ ਰਾਗ

ਵਿਚ ਬਾਣੀ ਦੀ ਰਚਨਾ ਕੀਤੀ। ਇਸ ਨਾਲ ਸੰਗੀਤ ਦਾ ਮਹੱਤਵ ਹੋਰ ਵਧ ਗਿਆ। ਕੁਝ ਰਾਗਾਂ ਦੀਆਂ ਉਦਾਹਰਣਾਂ ਦੇਣਾ ਹੀ ਕਾਫ਼ੀ ਹੈ।

ਸਿਰੀਰਾਗ

ਸਿਰੀਰਾਗ ਵਿਚ ਰਿਸ਼ਭ ਅਤੇ ਧੈਵਤ ਕੋਮਲ ਰੂਪ ਵਿਚ ਪ੍ਰਯੋਗ ਕੀਤੇ ਜਾਂਦੇ ਹਨ। ਸੰਗੀਤ ਆਚਾਰੀਆ ਦੱਸਦੇ ਹਨ ਕਿ ਜਿਨ੍ਹਾਂ ਰਾਗਾਂ ਵਿਚ ਇਕ ਸੁਰ ਪ੍ਰਯੋਗ ਹੋਣ ਉਹ ਰਾਗ ਸ਼ਾਂਤ ਅਤੇ ਕਰੁਣ ਭਾਵਾਂ ਨੂੰ ਪ੍ਰਗਟ ਕਰਨ ਲਈ ਬੜੇ ਢੁਕਵੇਂ ਹੁੰਦੇ ਹਨ।[15] ਕਈ ਵਿਦਵਾਨ ਦੱਸਦੇ ਹਨ ਕਿ ਸਿਰੀਰਾਗ ਨੂੰ ਜੇਠ-ਹਾੜ ਦੇ ਮਹੀਨੇ ਅਤੇ ਮਾਘ-ਫੱਗਣ ਦੇ ਮਹੀਨੇ ਵਿਚ ਤਪੱਸਵੀ ਲੋਕ ਬਨਾਂ ਵਿਚ ਗਾਉਂਦੇ ਹਨ।[16]

ਗੁਰੂ ਨਾਨਕ ਦੇਵ ਜੀ ਨੇ ਇਸ ਰਾਗ ਵਿਚ ਜਿਹੜੀ ਬਾਣੀ ਰਚੀ ਹੈ, ਉਹ ਇਸ ਰਾਗ ਦੇ ਭਾਵਾਂ ਅਨੁਕੂਲ ਹੈ। ਉਦਾਹਰਣ ਵਜੋਂ ਇਸ ਰਾਗ ਦਾ ਪਹਿਲਾ ਪਦਾ ਪੇਸ਼ ਹੈ:

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ (ਪੰਨਾ ੧੪)

ਬਾਕੀ ਸਾਰੀ ਬਾਣੀ ਵਿਚ ਵੀ ਮਾਇਆ ਦੀ ਸ਼ਕਤੀ, ਉਸ ਦਾ ਚੜ੍ਹਤਲ-ਭਰਿਆ ਰੂਪ ਬਿਆਨ ਕਰ ਕੇ ਫਿਰ ਉਸ ਦੀ ਵਿਅਰਥਤਾ ਦੱਸੀ ਗਈ ਹੈ:

ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥ (ਪੰਨਾ ੧੫)

ਇਸ ਰਾਗ ਦੀ ਬਾਣੀ ਵਿਚ ਤਿਆਗ ਦਾ ਭਾਵ ਬਹੁਤਾ ਹੈ।

ਰਾਗ ਮਾਝ

ਇਸ ਰਾਗ ਵਿਚ ਕੇਵਲ ਗੁਰੂ ਨਾਨਕ ਦੇਵ ਜੀ ਅਤੇ ਹੋਰ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਹੀ ਮਿਲਦੀ ਹੈ। ਡਾਕਟਰ ਤਾਰਨ ਸਿੰਘ ਅਨੁਸਾਰ ਇਹ ਪੰਜਾਬ ਦੇ ਮਾਝੇ ਇਲਾਕੇ ਦੀ ਸਥਾਨਕ ਦੇਸੀ ਰਾਗਣੀ ਹੈ, ਜੋ ਦੁਪਹਿਰ ਤੋਂ ਪਿੱਛੋਂ ਗਾਈ ਜਾਂਦੀ ਹੈ...ਭਗਤਾਂ ਦੀ ਇਸ ਰਾਗ ਵਿਚ ਕੋਈ ਬਾਣੀ ਨਹੀਂ ਕਿਉਂਕਿ ਇਹ ਪੰਜਾਬ ਦਾ ਇਕ ਰਾਗ ਹੈ।[17] ਪ੍ਰੋ. ਤਾਰਾ ਸਿੰਘ ਅਨੁਸਾਰ 'ਮਾਝ' ਮਾਝੇ ਦੀ ਇਕ ਲੋਕ-ਧੁਨ ਸੀ ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਦੀ ਰਬਾਬ ਦੀ ਮਧੁਰ ਝਨਕਾਰ ਨਾਲ ਇਲਾਹੀ ਬਾਣੀ ਦਾ ਗਾਇਨ ਕਰ ਕੇ 'ਰਾਗ ਮਾਝ' ਨਾਮ ਪ੍ਰਵਾਨ ਕੀਤਾ।...ਪੁਰਾਤਨ, ਮੱਧਕਾਲੀਨ ਤੇ ਆਧੁਨਿਕ ਸੰਗੀਤ ਗ੍ਰੰਥਾਂ ਵਿਚ ਮਾਝ ਰਾਗ ਦਾ ਉਲੇਖ ਨਹੀਂ ਮਿਲਦਾ। ਮਾਝ ਰਾਗ[18] ਗੁਰੂ ਸਾਹਿਬਾਨ ਦੀ ਭਾਰਤੀ ਸੰਗੀਤ ਨੂੰ ਇਕ ਅਨੁਪਮ ਦੇਣ ਹੈ।

ਗੁਰੂ ਨਾਨਕ ਦੇਵ ਜੀ ਦੀ ਰਚੀ ਰਾਗ ਮਾਝ ਦੀ ਬਾਣੀ ਵਿਚ ਸ਼ਿੰਗਾਰ ਅਤੇ ਖ਼ਾਸ ਕਰ ਵਿਜੋਗ ਸ਼ਿੰਗਾਰ ਦੇ ਭਾਵਾਂ ਦਾ ਪ੍ਰਗਟਾਵਾ ਹੋਇਆ ਹੈ। ਇਹਨਾਂ ਭਾਵਾਂ ਨੂੰ ਪ੍ਰਗਟਾਉਣ ਲਈ

ਮਾਝ ਰਾਗ ਇਕ ਢੁੱਕਵਾਂ ਰਾਗ ਹੈ ਕਿਉਂਕਿ ਇਸ ਰਾਗ ਦਾ ਸਥਾਈ ਸੁਰ ਰਿਸ਼ਭ ਹੈ ਅਤੇ ਜਿਨ੍ਹਾਂ ਰਾਗਾਂ ਵਿਚ ਰਿਸ਼ਭ ਅਤੇ ਧੈਵਤ ਸ਼ੁੱਧ ਰੂਪ ਵਿਚ ਪ੍ਰਯੋਗ ਹੋਣ, ਭਾਤਖੰਡੇ[20] ਅਨੁਸਾਰ ਉਹ ਰਾਗ ਸ਼ਿੰਗਾਰਕ ਭਾਵਾਂ ਨੂੰ ਪ੍ਰਗਟਾਉਣ ਦੇ ਅਨੁਕੂਲ ਹੁੰਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਇਸ ਰਾਗ ਵਿਚ ਇਕ ਵਾਰ ਵੀ ਰਚੀ ਹੈ ਜੋ ਬੀਰਤਾ ਦੇ ਭਾਵਾਂ ਦੀ ਲਖਾਇਕ ਹੈ। ਇਹ ਰਾਗ ਇਹਨਾਂ ਭਾਵਾਂ ਨੂੰ ਵੀ ਸਫ਼ਲਤਾ ਨਾਲ ਪ੍ਰਗਟ ਕਰਦਾ ਹੈ ਕਿਉਂਕਿ ਨਾਟ ਸ਼ਾਸਤਰ ਵਿਚ ਲਿਖਿਆ ਹੈ, ਜਿਨ੍ਹਾਂ ਰਾਗਾਂ ਵਿਚ ਰਿਸ਼ਭ ਵਾਦੀ ਸੁਰ ਹੋਵੇ ਉਹ ਰਾਗ ਬੀਰ, ਰੌਦਰ ਅਤੇ ਅਦਭੁਤ ਭਾਵਾਂ ਦਾ ਪ੍ਰਗਟਾਵਾ ਕਰਨ ਦੇ ਸਮਰੱਥ ਹੁੰਦੇ ਹਨ।[21]

ਰਾਗ ਗਉੜੀ

ਰਾਗ ਗਉੜੀ ਭਾਰਤੀ ਸੰਗੀਤ ਦਾ ਮਹੱਤਵਪੂਰਨ ਰਾਗ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਰਾਗ ਦਾ ਲਗਭਗ 7 ਭੇਦਾਂ ਵਿਚ ਗਾਇਨ ਕੀਤਾ ਹੈ ਅਤੇ ਉਹ ਭੇਦ ਵੱਖਰੇ ਰਾਗ ਹੋ ਨਿੱਬੜੇ ਹਨ :

1. ਗਉੜੀ
2. ਗਉੜੀ ਗੁਆਰੇਰੀ
3. ਗਉੜੀ ਦਖਣੀ
4. ਗਉੜੀ ਚੇਤੀ
5. ਗਉੜੀ ਬੈਰਾਗਣਿ
6. ਗਉੜੀ ਪੂਰਬੀ
7. ਗਉੜੀ ਪੂਰਬੀ ਦੀਪਕੀ

ਭਾਰਤੀ ਸੰਗੀਤ ਆਚਾਰੀਆਂ ਅਨੁਸਾਰ ਗਉੜੀ ਰਾਗ ਵਿਚ ਗੰਭੀਰਤਾ ਦੇ ਭਾਵ ਪ੍ਰਗਟ ਕਰਨ ਦੀ ਵਿਸ਼ੇਸ਼ ਸ਼ਕਤੀ ਹੈ। ਭਾਰਤੀ ਸੰਗੀਤ ਕੋਸ਼ ਅਨੁਸਾਰ ਪੰਜ ਗਾਇਨ ਪੱਧਤੀਆਂ—ਸੁਧਾ, ਭਿੰਨਾ, ਗੌੜੀ, ਵੇਸਰਾ ਜਾਂ ਵੇਗਸਰਾ ਅਤੇ ਸਧਾਰਨੀ ਵਿਚੋਂ ਗਉੜੀ ਤੀਜੇ ਥਾਂ 'ਤੇ ਹੈ। ਗਉੜੀ ਬਾਰੇ ਦੱਸਿਆ ਹੈ—ਸੰਗੀਤ, ਮਧੁਰ, ਮੱਧ ਤਾਰ ਦੇ ਸਥਾਨ 'ਤੇ ਠੀਕ ਗਮਕ-ਭਰਪੂਰ ਅਖੰਡ ਗੀਤ ਹੈ।

ਧਰੁਪਦ ਗਾਇਨ ਵਿਚ ਇਕ ਗੌੜਹਾਰ ਬਾਣੀ ਪ੍ਰਚਲਿਤ ਹੈ। ਇਸ ਬਾਰੇ ਲਿਖਿਆ ਹੈ—ਸਰਲ ਅਤੇ ਗੰਭੀਰ ਗੀਤ ਵਿਚ ਇਸ ਬਾਣੀ ਦਾ ਵਿਵਹਾਰ ਹੁੰਦਾ ਹੈ।[22] ਗੁਰਬਾਣੀ ਦੀ ਗੰਭੀਰਤਾ ਅਤੇ ਗਉੜੀ ਰਾਗ ਦੇ ਗੁਰਮਤਿ ਅਨੁਕੂਲ ਹੋਣ ਦਾ ਪਤਾ ਇਥੋਂ ਵੀ ਲੱਗਦਾ ਹੈ। ਇਸ ਰਾਗ ਦੀ ਬਾਣੀ ਨਾਲ ਰਬਾਬ ਸਾਜ਼ ਪ੍ਰਯੋਗ ਕੀਤਾ ਜਾਂਦਾ ਹੈ[23] ਅਤੇ ਰਬਾਬ ਗੁਰੂ ਨਾਨਕ ਦੇਵ ਜੀ ਦਾ ਅਤਿ ਪਿਆਰਾ ਸਾਜ਼ ਸੀ।

ਇਸ ਰਾਗ ਵਿਚ ਲੱਗਣ ਵਾਲੇ ਸੁਰ ਕੋਮਲ ਅਤੇ ਰਿਸ਼ਭ ਧੈਵਤ ਇਸ ਨੂੰ ਕਰੁਣਾ ਅਤੇ ਸ਼ਾਂਤ ਭਾਵਾਂ ਦੇ ਅਨੁਕੂਲ ਬਣਾਉਂਦੇ ਹਨ। ਗੁਰੂ ਨਾਨਕ ਦੇਵ ਜੀ ਨੇ ਇਹਨਾਂ ਭਾਵਾਂ ਅਤੇ ਰਾਗ ਦੀ ਗੰਭੀਰਤਾ ਨੂੰ ਧਿਆਨ ਵਿਚ ਰੱਖਦਿਆਂ ਇਸ ਰਾਗ ਦੀ ਬਾਣੀ ਵਿਚ ਮਨੁੱਖ ਦੀ ਅਸਲੀਅਤ, ਬ੍ਰਹਮ, ਆਤਮਾ, ਪ੍ਰਕਿਰਤੀ ਅਤੇ ਭਗਤੀ ਬਾਰੇ ਦਾਰਸ਼ਨਿਕ ਪੱਧਰ 'ਤੇ ਸਿਧਾਂਤਕ ਵਿਚਾਰ ਪ੍ਰਗਟ ਕੀਤੇ ਹਨ।

ਡਾ. ਤਾਰਨ ਸਿੰਘ ਇਸ ਰਾਗ ਦੀ ਬਾਣੀ ਦਾ ਵਿਸ਼ਲੇਸ਼ਣ ਕਰਦਿਆਂ ਲਿਖਦੇ ਹਨ ਕਿ "ਗੁਰੂ ਨਾਨਕ ਦੇਵ ਜੀ ਨੇ 'ਭੈ' ਤੇ 'ਭਗਤੀ' ਦਾ ਸੰਬੰਧ ਦੱਸਿਆ ਹੈ, 'ਉਹ ਨਾ ਮੂਆ ਜੋ

ਰਹਿਆ ਸਮਾਇ' 'ਤੇ ਜ਼ੋਰ ਦਿੱਤਾ ਹੈ। 'ਪਾਪ ਪੁੰਨ ਬੀਜ ਦੀ ਪੋਟ' ਦਾ ਵੀ ਚੇਤਾ ਕਰਵਾਇਆ ਹੈ, 'ਤਰਵਰ ਪੰਖੀ ਬਹੁ ਨਿਸ ਬਾਸਾ' ਦੀ ਅਸਲੀਅਤ ਪ੍ਰਗਟ ਕੀਤੀ ਹੈ।''[24]

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਇਸ ਰਾਗ ਦੀ ਬਾਣੀ ਦੇ ਭਾਵ ਅਤੇ ਰਾਗ ਦੇ ਭਾਵ ਦਾ ਸਫ਼ਲ ਸੰਜੋਗ ਕੀਤਾ ਹੈ।

ਗੁਰੂ ਨਾਨਕ ਦੇਵ ਜੀ ਨੇ ਰਾਗਾਂ ਦਾ ਪ੍ਰਯੋਗ ਕਰਨ ਵੇਲੇ ਉਹਨਾਂ ਦਾ ਖੇਤਰ ਅਤੇ ਉਹ ਜਿਹੜੀ ਮਨੁੱਖ ਜਾਤੀ ਨਾਲ ਸੰਬੰਧਿਤ ਸਨ, ਉਹਨਾਂ ਦਾ ਵੀ ਧਿਆਨ ਰੱਖਿਆ ਹੈ। ਜਿਵੇਂ ਤਿਲੰਗ ਰਾਗ ਬਾਰੇ ਕਿਹਾ ਜਾਂਦਾ ਹੈ ਕਿ ਇਹ ਰਾਗ ਮੁਸਲਮਾਨਾਂ ਦਾ ਹਰਮਨ ਪਿਆਰਾ ਰਾਗ ਹੈ।[25] ਇਸ ਲਈ ਗੁਰੂ ਨਾਨਕ ਦੇਵ ਜੀ ਨੇ ਮੁਸਲਮਾਨੀ ਧਰਮ ਦੀ ਸ਼ਬਦਾਵਲੀ ਦਾ ਵਧੇਰੇ ਪ੍ਰਯੋਗ ਇਸੇ ਰਾਗ ਵਿਚ ਕੀਤਾ ਹੈ:

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥ (ਪੰਨਾ ੭੨੧)

ਇਸੇ ਤਰ੍ਹਾਂ ਰਾਮਕਲੀ ਜੋਗੀਆਂ ਦਾ ਮਨ-ਭਾਉਂਦਾ ਰਾਗ ਹੈ।[26] ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਇਸ ਰਾਗ ਵਿਚ ਜਿਹੜੀਆਂ ਰਚਨਾਵਾਂ ਲਿਖੀਆਂ, ਉਹਨਾਂ ਵਿਚ ਜੋਗ ਦੇ ਵਾਤਾਵਰਣ ਨੂੰ ਧਿਆਨ ਵਿਚ ਰੱਖਿਆ ਹੈ। ਉਹਨਾਂ ਦੇ ਬਹੁਤੇ ਸ਼ਬਦਾਂ ਅਤੇ ਸਿਧ ਗੋਸਟਿ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ।

ਗੁਰੂ ਜੀ ਨੇ ਗਾਇਕਾਂ ਨੂੰ ਰੁਤ ਅਨੁਸਾਰ ਗਾਇਨ ਕਰਨ ਲਈ ਮਹਾਨ ਰਚਨਾਵਾਂ ਦਿੱਤੀਆਂ ਹਨ ਤਾਂ ਜੋ ਉਹ ਪੁਰਾਣੀਆਂ ਸਾਮੰਤੀ ਐਸ਼-ਇਸ਼ਰਤ ਵਾਲੀਆਂ ਰਚਨਾਵਾਂ ਛੱਡ ਕੇ ਮਨੁੱਖ ਲਈ ਕਲਿਆਣਕਾਰੀ ਰਚਨਾਵਾਂ ਦਾ ਗਾਇਨ ਕਰਨ।

ਬਸੰਤ ਰਾਗ ਲਈ ਆਪ ਉਚਾਰਦੇ ਹਨ:

ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥
ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ ॥ (ਪੰਨਾ ੧੧੬੮)

ਰਾਗ ਮਲਾਰ ਵਿਚ ਆਪ ਨੇ ਲਿਖਿਆ ਹੈ:

ਬਰਸੁ ਘਨਾ ਮੇਰਾ ਮਨੁ ਭੀਨਾ ॥
ਅੰਮ੍ਰਿਤ ਬੂੰਦ ਸੁਹਾਨੀ ਹੀਅਰੈ ਗੁਰਿ ਮੋਹੀ ਮਨੁ ਹਰਿ ਰਸਿ ਲੀਨਾ ॥ (ਪੰਨਾ ੧੨੫੪)

ਬਾਕੀ ਰਾਗਾਂ ਵਿਚ ਵੀ ਰਾਗ ਦੀ ਪ੍ਰਕਿਰਤੀ ਅਨੁਸਾਰ ਰਚਨਾਵਾਂ ਵਿਚੋਂ ਸ਼ਬਦਾਵਲੀ ਅਤੇ ਭਾਵ ਦੀ ਅਨੁਕੂਲਤਾ ਦੇ ਹਵਾਲੇ ਮਿਲ ਸਕਦੇ ਹਨ।

ਕਾਵਿ ਰੂਪ

ਗੁਰੂ ਨਾਨਕ ਦੇਵ ਜੀ ਨੇ ਜਿਥੇ ਰਾਗਾਂ ਦੇ ਭਾਵਾਂ ਦੇ ਅਨੁਕੂਲ ਬਾਣੀ ਉਚਾਰੀ ਹੈ ਉਥੇ ਉਹਨਾਂ ਨੇ ਰਾਗਾਂ ਦੇ ਭਾਵ ਅਨੁਕੂਲ ਹੀ ਬਾਣੀ ਦੇ ਕਾਵਿ-ਰੂਪਾਂ ਨੂੰ ਵੀ ਅਪਣਾਇਆ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਰਾਗ-ਬੱਧ ਬਾਣੀ ਵਿਚ ਜਿਨ੍ਹਾਂ ਕਾਵਿ-ਰੂਪਾਂ ਦਾ ਪ੍ਰਯੋਗ ਕੀਤਾ ਹੈ, ਉਹ ਵਰਣਨਯੋਗ ਹਨ।

ਪਦੇ ਤੇ ਅਸਟਪਦੀਆਂ, ਛੰਤ, ਵਾਰਾਂ, ਪਹਿਰੇ, ਪਟੀ, ਅਲਾਹੁਣੀਆਂ, ਆਰਤੀ, ਸੁਚਜੀ, ਕੁਚਜੀ, ਥਿਤੀ, ਓਅੰਕਾਰ, ਸਿਧ ਗੋਸਟਿ, ਸੋਲਹੇ, ਬਾਰਹਮਾਹਾ ਆਦਿ।

ਪਦੇ ਤੇ ਅਸਟਪਦੀਆਂ

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਸਭ ਤੋਂ ਵਧੇਰੇ ਪਦ ਅਤੇ ਕਾਵਿ-ਰੂਪ ਵਿਚ ਰਚਨਾ ਕੀਤੀ ਹੈ। ਉਹਨਾਂ ਨੇ 207 ਪਦੇ ਅਤੇ 123 ਅਸਟਪਦੀਆਂ ਦੀ ਰਚਨਾ ਕੀਤੀ। ਪਦੇ ਅਤੇ ਅਸਟਪਦੀਆਂ ਵਿਚ ਬੰਦਾਂ ਦੀ ਗਿਣਤੀ ਦਾ ਅੰਤਰ ਹੀ ਹੁੰਦਾ ਹੈ। ਇਹਨਾਂ ਦੇ ਬੰਦਾਂ ਦੀ ਗਿਣਤੀ ਦੇ ਆਧਾਰ 'ਤੇ ਦੁਪਦੇ, ਤਿਪਦੇ, ਚਉਪਦੇ, ਪੰਚਪਦੇ ਆਦਿ ਸਿਰਲੇਖ ਵੀ ਮਿਲਦੇ ਹਨ।

ਪਦ ਕਾਵਿ-ਰੂਪ ਦਾ ਸੰਗੀਤ ਨਾਲ ਵਿਸ਼ੇਸ਼ ਸੰਬੰਧ ਹੈ। ਇਸ ਦੇ ਰੂਪ ਤੋਂ ਇਹਨਾਂ ਦੇ ਗਾਇਨ ਕਰਨ ਦੇ ਸਪੱਸ਼ਟ ਸੰਕੇਤ ਮਿਲਦੇ ਹਨ। ਲਗਭਗ ਹਰ ਪਦੇ ਵਿਚ ਸਥਾਈ ਦੀ ਤੁਕ ਆਉਂਦੀ ਹੈ, ਜਿਸ ਨੂੰ 'ਰਹਾਉ' ਕਿਹਾ ਜਾਂਦਾ ਹੈ। ਭਾਈ ਕਾਹਨ ਸਿੰਘ ਨਾਭਾ ਅਨੁਸਾਰ ਰਹਾਉ ਦੇ ਅਰਥ ਹਨ 'ਟੇਕ, ਸਥਾਈ' ਉਹ ਪਦ ਜੋ ਗਾਉਣ ਵੇਲੇ ਵਾਰ-ਵਾਰ ਹਰ ਅੰਤਰੇ ਪਿੱਛੋਂ ਵਰਤਿਆ ਜਾਵੇ।[27]

'ਰਹਾਉ' ਦਾ ਪਦ ਵੱਖਰਾ ਆਉਣ ਕਾਰਨ ਕਈ ਵਿਦਵਾਨਾਂ ਨੇ ਇਹਨਾਂ ਪਦਿਆਂ ਨੂੰ 'ਧਰੁਪਦ' ਗਾਇਨ ਸ਼ੈਲੀ ਦੇ ਅੰਤਰਗਤ ਰੱਖਿਆ ਹੈ। ਡਾ. ਨਜ਼ੀਰ ਮੁਹੰਮਦ ਕਬੀਰ[28] ਦੇ ਪਦਿਆਂ ਦਾ ਵਿਸ਼ਲੇਸ਼ਣ ਕਰਦਿਆਂ ਦੱਸਦੇ ਹਨ ਕਿ 'ਰਹਾਉ' ਦਾ ਅਰਥ ਧਰੁਵ ਹੈ। ਇਸ ਤਰ੍ਹਾਂ ਇਹਨਾਂ ਨੂੰ ਧਰੁਪਦ ਵੀ ਕਿਹਾ ਜਾ ਸਕਦਾ ਹੈ। ਭਾਰਤੀ ਸੰਗੀਤ ਕੋਸ਼ ਵਿਚ ਧਰੁਪਦ ਬਾਰੇ ਲਿਖਿਆ ਹੈ, ਧਰੁਵ ਦਾ ਅਰਥ ਹੈ ਅਚੱਲ ਜਾਂ ਦੇਰ ਤਕ ਰਹਿਣ ਵਾਲਾ। ਇਹਨਾਂ ਅਰਥਾਂ ਅਨੁਸਾਰ ਕੇਵਲ ਈਸ਼ਵਰ ਹੀ ਧਰੁਵ ਹੈ ਅਤੇ ਉਸ ਦੇ ਗੁਣ ਗਾਇਨ ਕਰਨ ਵਾਲੇ ਪਦਿਆਂ ਨੂੰ ਧਰੁਪਦ ਕਿਹਾ ਜਾਂਦਾ ਹੈ।[29] ਧਰੁਪਦ ਗਾਇਨ ਸ਼ੈਲੀ ਦਾ ਵਰਣਨ ਕਰਦਿਆਂ ਆਚਾਰੀਆ ਭਾਤਖੰਡੇ ਲਿਖਦੇ ਹਨ, "ਧਰੁਪਦ ਦੇ ਆਮ ਤੌਰ 'ਤੇ ਚਾਰ ਭਾਗ ਹੁੰਦੇ ਹਨ, ਜਿਨ੍ਹਾਂ ਨੂੰ ਗਾਇਕ ਤੁਕ ਕਹਿੰਦੇ ਹਨ। ਉਹਨਾਂ ਭਾਗਾਂ ਦੇ ਨਾਮ ਸਥਾਈ, ਅੰਤਰਾ, ਸੰਚਾਰੀ ਤੇ ਆਭੋਗ ਹਨ। ਇਹਨਾਂ ਭਾਗਾਂ ਵਿਚ ਕਿੰਨੇ ਬੰਦ ਰੱਖੇ ਜਾਣ, ਇਹ ਗਾਇਕ ਦੀ ਇੱਛਾ 'ਤੇ ਨਿਰਭਰ ਕਰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਤਿੰਨ ਬੰਦਾਂ ਤੋਂ ਵਧੇਰੇ ਬੰਦਾਂ ਵਾਲੇ ਪਦ ਧਰੁਪਦ ਗਾਇਨ ਸ਼ੈਲੀ ਅਨੁਸਾਰ ਗਾਏ ਜਾ ਸਕਦੇ ਹਨ। ਇਹ ਗੁਰੂ ਨਾਨਕ ਦੇਵ ਜੀ ਨੇ ਧਰੁਪਦ ਪ੍ਰੇਮੀਆਂ ਦੇ ਗਾਉਣ ਲਈ ਮਹਾਨ ਅਤੇ ਬਹੁਤ ਗਿਣਤੀ ਦੇ ਪਦੇ ਦਿੱਤੇ ਹਨ। ਪਦ ਕਾਵਿ-ਰੂਪ ਲੋਕ ਗੀਤਾਂ ਵਿਚ ਅਤੇ ਅਧਿਆਤਮਕ ਜਗਤ ਵਿਚ ਪ੍ਰਚਲਿਤ ਕਾਵਿ-ਰੂਪ ਰਿਹਾ ਹੈ। ਪਰ ਗੁਰੂ ਸਾਹਿਬ ਨੇ ਨਿਰੋਲ ਲੋਕ ਗੀਤਾਂ ਦੀ ਤਰਜ਼ 'ਤੇ ਗਾਇਨ ਕਰਨ ਦੀ ਰੀਤ ਵੀ ਚਲਾਈ। ਉਹਨਾਂ ਛੰਤ ਕਾਵਿ-ਰੂਪ ਦਾ ਵੀ ਪ੍ਰਯੋਗ ਕੀਤਾ, ਇਹ ਕਾਵਿ-ਰੂਪ ਨਿਰੋਲ ਲੋਕ-ਗੀਤਾਂ ਨਾਲ ਸੰਬੰਧਿਤ ਰਿਹਾ ਹੈ।

ਵਾਰਾਂ

ਗੁਰੂ ਨਾਨਕ ਦੇਵ ਜੀ ਨੇ ਤਿੰਨ ਵਾਰਾਂ ਦੀ ਵੀ ਰਚਨਾ ਕੀਤੀ ਹੈ। ਇਹ ਕਾਵਿ-ਰੂਪ ਗੁਰੂ ਜੀ ਤੋਂ ਪਹਿਲਾਂ ਵੀ ਪ੍ਰਚਲਿਤ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਵਾਰਾਂ ਨੂੰ ਗਾਉਣ ਲਈ ਜਿਨ੍ਹਾਂ ਧੁਨਾਂ ਦਾ ਜ਼ਿਕਰ ਕੀਤਾ ਹੈ, ਉਹਨਾਂ ਦਾ ਸੰਬੰਧ ਪੁਰਾਤਨ ਵਾਰਾਂ ਨਾਲ ਹੀ ਹੈ। ਗੁਰੂ ਸਾਹਿਬ ਦੀ ਆਸਾ ਦੀ ਵਾਰ ਦੇ ਗਾਉਣ ਦਾ ਢੰਗ ਯੂਨਾਨੀ ਵਾਰਾਂ ਨਾਲ ਮਿਲਦਾ-ਜੁਲਦਾ

ਹੈ। ਪ੍ਰਿੰ. ਤੇਜਾ ਸਿੰਘ ਅਨੁਸਾਰ ਵਾਰ ਯੂਨਾਨੀ ਕਾਵਿ ਭੇਦ 'ਓਡ' ਦੇ ਪ੍ਰਕਾਰ ਨਾਲ ਹੋਂਦ ਵਿਚ ਆਈ ਹੈ। ਯੂਨਾਨੀ ਕਾਵਿ ਵਿਚ 'ਓਡ' ਨੂੰ ਦੋ ਬੰਦੇ ਖਲੋ ਕੇ ਗਾਉਂਦੇ ਹਨ। 'ਓਡ' ਵਿਚ ਤਿੰਨ ਭਾਗ ਹੁੰਦੇ ਹਨ:

ਇਕ ਸਟਰਾਫ਼ੀ, ਦੂਜਾ ਐਂਟੀ ਸਟਰਾਫ਼ੀ ਅਤੇ ਤੀਜਾ ਈਪੋਡ। ਸਟਰਾਫ਼ੀ ਵਿਚ ਇਕ ਬੰਦਾ ਗਾਉਂਦਾ ਹੈ ਤੇ ਐਂਟੀ ਸਟਰਾਫ਼ੀ ਦੂਜਾ ਪਰ ਈਪੋਡ ਨੂੰ ਦੋਵੇਂ ਰਲ ਕੇ ਗਾਉਂਦੇ ਹਨ।[30]

ਆਸਾ ਦੀ ਵਾਰ ਨੂੰ ਗਾਉਣ ਵੇਲੇ ਵੀ ਸਲੋਕ ਇਕੱਲਾ-ਇਕੱਲਾ ਰਾਗੀ ਗਾਉਂਦਾ ਹੈ, ਪਰ ਪਉੜੀ ਨੂੰ ਸਾਰੇ ਰਲ ਕੇ ਗਾਉਂਦੇ ਹਨ।

ਗੁਰੂ ਜੀ ਨੇ ਇਹ ਕਾਵਿ ਪ੍ਰਯੋਗ ਕਰਦਿਆਂ ਰਾਗ ਦਾ ਵੀ ਖ਼ਾਸ ਧਿਆਨ ਰੱਖਿਆ ਹੈ। ਵਾਰ ਕਾਵਿ-ਰੂਪ ਬੀਰ-ਰਸ ਨਾਲ ਸੰਬੰਧਿਤ ਹੁੰਦਾ ਹੈ ਅਤੇ ਬੀਰ-ਰਸੀ ਭਾਵਾਂ ਨੂੰ ਪ੍ਰਗਟਾਉਣ ਵਾਲੇ ਰਾਗਾਂ ਦੇ ਲੱਛਣ ਹੇਠ ਲਿਖੇ ਅਨੁਸਾਰ ਹੁੰਦੇ ਹਨ:

(ੳ) ਇਹਨਾਂ ਰਾਗਾਂ ਵਿਚ ਸ਼ੜਜ ਅਤੇ ਰਿਸ਼ਭ ਵਾਦੀ ਸੁਰ ਹੁੰਦੇ ਹਨ।[31]

(ਅ) ਇਹਨਾਂ ਰਾਗਾਂ ਵਿਚ ਗੰਧਾਰ ਅਤੇ ਨਿਸ਼ਾਤ ਕੋਮਲ ਰੂਪ ਵਿਚ ਪ੍ਰਯੋਗ ਹੁੰਦਾ ਹੈ।[32]

ਗੁਰੂ ਸਾਹਿਬ ਨੇ ਮਾਝ, ਆਸਾ ਅਤੇ ਮਲਾਰ ਰਾਗ ਵਿਚ ਵਾਰਾਂ ਦੀ ਰਚਨਾ ਕੀਤੀ ਹੈ। ਇਹ ਤਿੰਨੇ ਰਾਗ ਬੀਰ-ਰਸੀ ਭਾਵਾਂ ਨੂੰ ਪ੍ਰਗਟਾਉਣ ਦੇ ਸਮਰੱਥ ਹਨ।

1. ਮਾਝ ਰਾਗ ਵਿਚ ਵਾਦੀ ਸੁਰ ਰਿਸ਼ਭ ਹੈ।[33]
2. ਆਸਾ ਰਾਗ ਵਿਚ ਵੀ ਵਾਦੀ ਸੁਰ ਰਿਸ਼ਭ ਮੰਨਿਆ ਜਾਂਦਾ ਹੈ।[34]
3. ਮਲਾਰ ਰਾਗ ਦਾ ਵਾਦੀ ਸੁਰ ਸ਼ੜਜ ਹੈ।[35]

ਇਸ ਤਰ੍ਹਾਂ ਗੁਰੂ ਜੀ ਨੇ ਵਾਰ ਕਾਵਿ-ਰੂਪ ਨੂੰ ਢੁਕਵੇਂ ਰਾਗਾਂ ਵਿਚ ਪ੍ਰਯੋਗ ਕਰ ਕੇ ਸੰਗੀਤ ਖੇਤਰ ਨੂੰ ਮਹਾਨ ਦੇਣ ਦਿੱਤੀ।

ਬਾਕੀ ਕਾਵਿ-ਰੂਪਾਂ ਵਿਚ ਵੀ ਅਜਿਹੇ ਗੁਣ ਦ੍ਰਿਸ਼ਟੀਗੋਚਰ ਹੁੰਦੇ ਹਨ।

ਗਾਇਨ ਸ਼ੈਲੀ

ਅੰਤ ਵਿਚ ਗੁਰੂ ਨਾਨਕ ਦੇਵ ਜੀ ਦੀ ਗਾਇਨ ਸ਼ੈਲੀ ਬਾਰੇ ਵਿਚਾਰ ਕਰਦੇ ਹਾਂ। ਗਾਇਨ ਸ਼ੈਲੀ ਅਤੇ ਸੰਗੀਤਕਾਰ ਦੇ ਪ੍ਰਯੋਜਨ ਦਾ ਆਪਸ ਵਿਚ ਬੜਾ ਡੂੰਘਾ ਸੰਬੰਧ ਹੁੰਦਾ ਹੈ। ਸੰਗੀਤਕਾਰ ਦਾ ਪ੍ਰਯੋਜਨ ਉਸ ਦੇ ਸਰੋਤਿਆਂ 'ਤੇ ਆਧਾਰਿਤ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮਕਾਲੀ ਸਮਾਜ ਦੀਆਂ ਲੋੜਾਂ ਅਨੁਸਾਰ ਹੀ ਆਪਣੀ ਗਾਇਨ ਸ਼ੈਲੀ ਨਿਰਧਾਰਿਤ ਕੀਤੀ।

ਗੁਰੂ ਸਾਹਿਬ ਦੇ ਵੇਲੇ ਸਮਾਜ ਦੀ ਦਸ਼ਾ ਬੜੀ ਤਰਸਯੋਗ ਸੀ। ਉਹ ਲੋਕਾਂ ਦੇ ਮਨਾਂ ਨੂੰ ਬਦਲਣਾ ਚਾਹੁੰਦੇ ਸਨ। ਇਸ ਲਈ ਉਹਨਾਂ ਨੇ ਆਪਣੇ ਉਪਦੇਸ਼ ਦੇਣ ਲਈ ਕਾਵਿ-ਕਲਾ ਅਤੇ ਸੰਗੀਤ-ਕਲਾ ਦੇ ਸੰਜੋਗ ਕੀਰਤਨ ਨੂੰ ਸਾਧਨ ਬਣਾਇਆ। ਉਸ ਵੇਲੇ ਸੰਗੀਤ ਨੂੰ ਲੁਟੇਰੇ ਹਾਕਮਾਂ ਦੀਆਂ ਵਿਲਾਸੀ ਰੁਚੀਆਂ ਤ੍ਰਿਪਤ ਕਰਨ ਲਈ ਪ੍ਰਯੋਗ ਕੀਤਾ ਜਾ ਰਿਹਾ ਸੀ ਪਰ ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਆਮ ਲੋਕਾਂ ਦੇ ਕਲਿਆਣ ਲਈ ਪ੍ਰਯੋਗ ਕੀਤਾ। ਉਹਨਾਂ ਨੇ ਆਮ ਸਰੋਤੇ ਦੀ ਸਮਝ ਪੱਧਰ ਅਨੁਸਾਰ ਗਾਇਨ ਢੰਗ ਨਿਸਚਿਤ ਕੀਤਾ। ਉਹਨਾਂ ਦੇ ਗਾਇਨ ਢੰਗ ਵਿਚ ਭਾਵ ਨੂੰ ਪ੍ਰਧਾਨਤਾ ਹਾਸਲ ਹੈ।

ਗੁਰੂ ਸਾਹਿਬ ਦੀਆਂ ਬਹੁਤੀਆਂ ਰਚਨਾਵਾਂ ਵਿਚ ਗਾਉਣ ਲਈ ਗੀਤ ਸ਼ੈਲੀ ਦਾ ਪ੍ਰਯੋਗ ਹੋਇਆ ਹੈ। ਇਸ ਸ਼ੈਲੀ ਵਿਚ ਸਥਾਈ ਤੇ ਅੰਤਰੇ ਦਾ ਸੁਮੇਲ ਹੁੰਦਾ ਹੈ। ਸਥਾਈ ਦੀਆਂ ਤੁਕਾਂ ਨੂੰ 'ਰਹਾਉ' ਕਿਹਾ ਜਾਂਦਾ ਹੈ। ਪ੍ਰੋ. ਤਾਰਾ ਸਿੰਘ[36] ਅਨੁਸਾਰ, ''ਗੁਰਮਤਿ ਸੰਗੀਤ ਪੱਧਤੀ ਦੀ ਗਾਇਨ ਪਰੰਪਰਾ ਵਿਚ ਸ਼ਬਦ ਦੀ ਆਧਾਰਸ਼ਿਲਾ 'ਰਹਾਉ' ਦੀ ਤੁਕ ਹੈ। ਰਹਾਉ ਦਾ ਅਰਥ ਹੈ ਟੇਕ, ਧਾਰਨਾ ਜਾਂ ਸਥਾਈ। ਹਰ ਸ਼ਬਦ ਦਾ ਸਿਧਾਂਤ ਅਤੇ ਕੇਂਦਰੀ ਖ਼ਿਆਲ ਇਸੇ ਤੁਕ ਵਿਚ ਹੁੰਦਾ ਹੈ ਅਤੇ ਬਾਕੀ ਤੁਕਾਂ ਵਿਚ ਉਸ ਦੀ ਵਿਆਖਿਆ। ਜਿਥੇ ਕਿਤੇ ਪਹਿਲੇ ਰਹਾਉ ਨਾਲੋਂ ਖ਼ਿਆਲਾਂ ਵਿਚ ਪਲਟਾ ਆਉਂਦਾ ਹੈ ਤਾਂ ਗੁਰੂ ਸਾਹਿਬਾਨ ਨੇ ਰਹਾਉ ਦੂਜਾ, ਰਹਾਉ ਤੀਜਾ ਆਦਿ ਵੀ ਵਰਤਿਆ ਹੈ।

ਗੁਰੂ ਸਾਹਿਬ ਨੇ ਆਮ ਤੌਰ 'ਤੇ ਸੰਬੋਧਨ ਮੁੱਖ ਰਹਾਉ ਦੀਆਂ ਤੁਕਾਂ ਲਿਖੀਆਂ ਹਨ। ਇਹਨਾਂ ਨਾਲ ਸਰੋਤੇ ਦਾ ਧਿਆਨ ਆਪਣੇ ਆਪ ਬਾਣੀ ਵੱਲ ਖਿੱਚਿਆ ਜਾਂਦਾ ਹੈ। ਕੁਝ ਤੁਕਾਂ ਦ੍ਰਿਸ਼ਟੀਗੋਚਰ ਹਨ :

ਬਾਬਾ ਮਾਇਆ ਰਚਨਾ ਧੋਹੁ॥ (ਪੰਨਾ ੧੫)
ਭਾਈ ਰੇ ਸੰਤ ਜਨਾ ਕੀ ਰੇਣੁ॥ (ਪੰਨਾ ੧੮)
ਮੁੰਧੇ ਪਿਰ ਬਿਨੁ ਕਿਆ ਸੀਗਾਰੁ॥ (ਪੰਨਾ ੧੮)
ਮੂੜੇ ਰਾਮੁ ਜਪਹੁ ਗੁਣ ਸਾਰਿ॥ (ਪੰਨਾ ੧੯)

ਇਸ ਤਰ੍ਹਾਂ ਗੁਰੂ ਜੀ ਨੇ ਸੰਗੀਤ ਨੂੰ ਆਪਣੇ ਮੁੱਖ ਪ੍ਰਯੋਜਨ ਅਧੀਨ ਰੱਖਿਆ ਹੈ।

ਗੁਰੂ ਨਾਨਕ ਦੇਵ ਜੀ ਦੀ ਇਸ ਮਹਾਨ ਸੰਗੀਤ ਪਰੰਪਰਾ ਅਨੁਸਾਰ ਸਦੀਆਂ ਤੋਂ ਲੋਕ ਸੰਗੀਤ ਦਾ ਆਨੰਦ ਮਾਣਦੇ ਆਏ ਹਨ। ਇਸੇ ਪਰੰਪਰਾ ਨੇ ਭਾਰਤ ਨੂੰ ਭਾਈ ਮਰਦਾਨਾ, ਸੱਤਾ, ਬਲਵੰਡ, ਬਾਬਕ, ਸਾਦੂ, ਬਾਦੂ, ਰਜਾਦਾ, ਭਾਈ ਚਾਂਦ ਆਦਿ ਰਬਾਬੀ ਗਾਇਕ ਦਿੱਤੇ। ਪ੍ਰੋ. ਯਸ਼ਪਾਲ[37] ਅਨੁਸਾਰ—ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਅਸਥਾਨ ਤਲਵੰਡੀ ਘਰਾਣੇ ਦੀ ਸੰਗੀਤ ਨੂੰ ਬੜੀ ਦੇਣ ਹੈ। 16ਵੀਂ ਸ਼ਤਾਬਦੀ ਵਿਚ ਹੋਏ ਸੁਧਾਕਰ ਪੰਡਤ ਅਤੇ ਦਿਵਾਕਰ ਪੰਡਤ ਜੋ ਬਾਅਦ ਵਿਚ ਚਾਂਦ ਖ਼ਾਂ, ਸੂਰਜ ਖ਼ਾਂ ਨਾਵਾਂ ਨਾਲ ਪ੍ਰਸਿੱਧ ਹੋਏ ਅਤੇ ਮੁਗ਼ਲ ਦਰਬਾਰ ਦੇ ਮਹਾਨ ਕਲਾਕਾਰ ਮੰਨੇ ਜਾਂਦੇ ਸਨ ਇਸੇ ਘਰਾਣੇ ਨਾਲ ਸੰਬੰਧ ਰੱਖਦੇ ਸਨ। ਮਹਾਨ ਗਾਇਕ ਉਸਤਾਦ ਸੁਆਮੀ ਹਰਿਦਾਸ ਅਤੇ ਭਾਈ ਮਰਦਾਨਾ ਜੀ ਦੇ ਸੰਬੰਧਾਂ ਦਾ ਜ਼ਿਕਰ ਅਸੀਂ ਪਹਿਲਾਂ ਹੀ ਕਰ ਚੁੱਕੇ ਹਾਂ।

ਸੋ ਗੁਰੂ ਨਾਨਕ ਦੇਵ ਜੀ ਨੇ ਭਾਰਤੀ ਸੰਗੀਤ ਪਰੰਪਰਾ ਵਿਚ ਗਿਣਾਤਮਕ ਪੱਖੋਂ ਅਤੇ ਗੁਣਾਤਕ ਪੱਖੋਂ ਮਹਾਨ ਹਿੱਸਾ ਪਾਇਆ ਅਤੇ ਇਸ ਸੰਗੀਤ ਦਾ ਉਹਨਾਂ ਮਦੀਨੇ, ਚੀਨ ਆਦਿ ਦੇਸ਼ਾਂ ਵਿਚ ਵੀ ਪ੍ਰਦਰਸ਼ਨ ਕੀਤਾ।

ਹਵਾਲੇ ਅਤੇ ਟਿੱਪਣੀਆਂ

1. ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ॥ (ਪੰਨਾ ੬੬੦)
2. *ਪੁਰਾਤਨ ਜਨਮਸਾਖੀ*, ਪੰਨਾ 1.
3. *ਪੁਰਾਤਨ ਇਤਿਹਾਸਕ ਜੀਵਨੀਆਂ*, ਪੰਨਾ 5.

4. ਭਲਾ ਰਬਾਬ ਵਜਾਇਦਾ ਮਰਦਾਨਾ ਮਿਰਾਸੀ। (ਵਾਰ 11/13)
5. *ਪੁਰਾਤਨ ਜਨਮਸਾਖੀ*, ਪੰਨਾ 16.
6. *ਉਹੀ*, ਸਾਖੀ ਨੰ. 11, 12, 13, 14 ਆਦਿ।
7. *ਭਾਈ ਵੀਰ ਸਿੰਘ ਰਚਨਾਵਲੀ* (ਭਾਗ 4), ਪੰਨਾ 78.
8. *ਉਹੀ*, ਪੰਨਾ 182.
9. *ਪੁਰਾਤਨ ਜਨਮਸਾਖੀ*, ਪੰਨਾ 22.
10. *ਉਹੀ*, ਪੰਨਾ 129.
11. ਪ੍ਰੋ. ਪੂਰਨ ਸਿੰਘ, *ਦਸ ਗੁਰਦਰਸ਼ਨ*, ਪੰਨੇ 22-24.
12. *ਭਾਈ ਵੀਰ ਸਿੰਘ ਰਚਨਾਵਲੀ* (ਭਾਗ 4), ਪੰਨਾ 182.
13. ਵਾਰ ੧/੩੮.
14. *ਗਿਆਨ ਰਤਨਾਵਲੀ*, ਹਵਾਲਾ ਹਰਬੰਸ ਸਿੰਘ, ਨਿਰਬਾਨ ਕੀਰਤਨ, ਪੰਨਾ 32.
15. ਭਾਤਖੰਡੇ, *ਕ੍ਰਮਕ ਪੁਸਤਕ ਮਲਿਕਾ* (ਪਾਂਚਵੀਂ ਪੁਸਤਕ), ਪੰਨਾ 37.
16. ਡਾ. ਚਰਨ ਸਿੰਘ, *ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ* (ਭਾਗ ਚੌਥਾ), ਪੰਨਾ 18.
17. *ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ*, ਪੰਨਾ 72.
18. *ਗੁਰੂ ਅਮਰਦਾਸ ਰਾਗ ਰਤਨਾਵਲੀ*, ਪੰਨਾ 23.
18. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ ੧੦੯.
19. *ਕ੍ਰਮਕ ਪੁਸਤਕ ਮਲਿਕਾ* (ਪਾਂਚਵੀਂ ਪੁਸਤਕ), ਪੰਨਾ 37.
20. ਹਵਾਲਾ ਦਿਨੇਸ਼ ਚੰਦਰ ਗੁਪਤਾ (ਡਾ.), *ਭਗਤੀ ਕਾਲੀਨ ਕਾਵਯ ਮੇਂ ਰਾਗ ਔਰ ਰਸ*, ਪੰਨਾ 84.
21. ਵਿਮਲਾ ਕਾਂਤ ਰਾਇ ਚੌਧਰੀ, *ਭਾਰਤੀਯ ਸੰਗੀਤ ਕੋਸ਼*, ਪੰਨੇ 30-31.
22. *ਉਹੀ*, ਪੰਨਾ 10.
24. *ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ*, ਪੰਨਾ 73.
25. ਡਾ. ਧਰਮਪਾਲ ਸੈਣੀ, *ਸ੍ਰੀ ਗੁਰੂ ਗ੍ਰੰਥ : ਏਕ ਪ੍ਰੀਚੈ*, ਪੰਨਾ 67.
26. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ* (ਤੀਜੀ ਪੋਥੀ), ਪੰਨਾ 876.
27. ਕਾਹਨ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 1014.
28. ਨਜ਼ੀਰ ਮੁਹੰਮਦ (ਡਾ.), *ਕਬੀਰ ਦੇ ਕਾਵਯ ਰੂਪ*, ਭਾਰਤ ਪ੍ਰਕਾਸ਼ਨ ਮੰਦਿਰ, ਅਲੀਗੜ੍ਹ, 1971, ਪੰਨਾ 65.
29. ਵਿਮਲਾ ਕਾਂਤ ਚੌਧਰੀ, *ਭਾਰਤੀਯ ਸੰਗੀਤ ਕੋਸ਼*, ਪੰਨਾ 65.
30. ਹਵਾਲਾ, *ਭਾਰਤ ਕਾ ਸੰਗੀਤ ਸਿਧਾਂਤ*, ਪੰਨਾ 270.
31. ਬ੍ਰਿਹਸਪਤੀ, *ਭਾਰਤ ਕਾ ਸੰਗੀਤ ਸਿਧਾਂਤ*, ਪੰਨਾ 270.
32. ਭਾਤਖੰਡੇ, *ਕ੍ਰਮਕ ਪੁਸਤਕ ਮਲਿਕਾ* (ਪਾਂਚਵੀਂ ਪੁਸਤਕ), ਪੰਨਾ 38.
33. ਗਿਆਨ ਸਿੰਘ, *ਗੁਰਬਾਣੀ ਸੰਗੀਤ*, ਪੰਨਾ 3.
34. ਮਾਸਟਰ ਪ੍ਰੇਮ ਸਿੰਘ, *ਗੁਰਮਤਿ ਸੰਗੀਤ ਰਤਨ ਭੰਡਾਰ*, ਪੰਨੇ 33-34.
35. ਜਗਦੀਸ਼ ਨਰਾਇਣ ਪਾਠਕ, *ਸੰਗੀਤ ਸ਼ਾਸਤਰ*, (ਭਾਗ 1), ਪੰਨਾ 383.
36. ਪ੍ਰੋ. ਤਾਰਾ ਸਿੰਘ, *ਗੁਰੂ ਤੇਗ ਬਹਾਦਰ ਰਾਗ ਰਤਨਾਵਲੀ*, ਪੰਨਾ 8.
37. ਭੈਰਵੀ. ਫ਼ਰਵਰੀ, 1981. ਚੰਡੀਗੜ੍ਹ।

(6/1982)

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ...

ਇਕ ਮਨਿ ਪੁਰਖੁ ਧਿਆਇ ਬਰਦਾਤਾ ॥
ਸੰਤ ਸਹਾਰੁ ਸਦਾ ਬਿਖਿਆਤਾ ॥
ਤਾਸੁ ਚਰਨ ਲੇ ਰਿਦੈ ਬਸਾਵਉ ॥
ਤਉ ਪਰਮ ਗੁਰੂ ਨਾਨਕ ਗੁਨ ਗਾਵਉ ॥੧॥

ਅਰਥ : ਉਸ ਅਕਾਲ ਪੁਰਖ ਨੂੰ ਇਗਾਗਰ ਮਨ ਨਾਲ ਸਿਮਰ ਕੇ, ਜੋ ਬਖ਼ਸ਼ਿਸ਼ਾਂ ਕਰਨ ਵਾਲਾ ਹੈ, ਜੋ ਸੰਤਾਂ ਦਾ ਆਸਰਾ ਹੈ ਅਤੇ ਜੋ ਸਦਾ ਹਾਜ਼ਰ-ਨਾਜ਼ਰ ਹੈ, ਮੈਂ ਉਸ ਦੇ ਚਰਨ ਆਪਣੇ ਹਿਰਦੇ ਵਿਚ ਟਿਕਾਉਂਦਾ ਹਾਂ ਅਤੇ (ਇਹਨਾਂ ਦੀ ਬਰਕਤ ਨਾਲ) ਪਰਮ ਸਤਿਗੁਰੂ ਨਾਨਕ ਦੇਵ ਜੀ ਦੇ ਗੁਣਾਂ ਨੂੰ ਗਾਉਂਦਾ ਹਾਂ।1।

ਗਾਵਉ ਗੁਨ ਪਰਮ ਗੁਰੂ ਸੁਖ ਸਾਗਰ ਦੁਰਤ ਨਿਵਾਰਣ ਸਬਦ ਸਰੇ ॥
ਗਾਵਹਿ ਗੰਭੀਰ ਧੀਰ ਮਤਿ ਸਾਗਰ ਜੋਗੀ ਜੰਗਮ ਧਿਆਨੁ ਧਰੇ ॥

ਅਰਥ : ਮੈਂ ਉਸ ਪਰਮ ਗੁਰੂ ਨਾਨਕ ਦੇਵ ਜੀ ਦੇ ਗੁਣ ਗਾਉਂਦ ਹਾਂ, ਜੋ ਪਾਪਾਂ ਦੇ ਦੂਰ ਕਰਨ ਵਾਲਾ ਹੈ ਅਤੇ ਜੋ ਬਾਣੀ ਦਾ ਸੋਮਾ ਹੈ। (ਗੁਰੂ ਨਾਨਕ ਨੂੰ) ਜੋਗੀ, ਜੰਗਮ ਧਿਆਨ ਧਰ ਕੇ ਗਾਉਂਦੇ ਹਨ ਅਤੇ ਉਹ ਲੋਗ ਗਾਉਂਦੇ ਹਨ ਜੋ ਗੰਭੀਰ ਹਨ, ਜੋ ਧੀਰਜਵਾਨ ਹਨ ਅਤੇ ਉੱਚੀ ਮਤ ਵਾਲੇ ਹਨ।

ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਿਕ ਆਤਮ ਰਸੁ ਜਿਨਿ ਜਾਣਿਓ ॥
ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੨॥

ਅਰਥ : ਜਿਸ ਗੁਰੂ ਨਾਨਕ ਨੇ ਆਤਮਕ ਆਨੰਦ ਜਾਣਿਆ ਹੈ, ਉਸ ਨੂੰ ਇੰਦਰ ਆਦਿਕ ਤੇ ਪ੍ਰਹਿਲਾਦ ਆਦਿਕ ਭਗਤ ਗਾਉਂਦੇ ਹਨ। 'ਕਲ' ਕਵੀ (ਆਖਦਾ ਹੈ)—ਮੈਂ ਉਸ ਗੁਰੂ ਨਾਨਕ ਦੇਵ ਜੀ ਦੇ ਸੋਹਣੇ ਗੁਣ ਗਾਉਂਦਾ ਹਾਂ ਜਿਸ ਨੇ ਰਾਜ ਤੇ ਜੋਗ ਮਾਣਿਆ ਹੈ (ਭਾਵ ਜੋ ਗ੍ਰਿਹਸਤੀ ਭੀ ਹੈ ਅਤੇ ਨਾਲ ਹੀ ਮਾਇਆ ਤੋਂ ਉਪਰਾਮ ਹੋ ਕੇ ਹਰੀ ਦੇ ਨਾਲ ਜੁੜਿਆ ਹੋਇਆ ਹੈ)।2।

ਗਾਵਹਿ ਜਨਕਾਦਿ ਜੁਗਤਿ ਜੋਗੇਸੁਰ ਹਰਿ ਰਸ ਪੂਰਨ ਸਰਬ ਕਲਾ ॥
ਗਾਵਹਿ ਸਨਕਾਦਿ ਸਾਧ ਸਿਧਾਦਿਕ ਮੁਨਿ ਜਨ ਗਾਵਹਿ ਅਛਲ ਛਲਾ ॥

ਅਰਥ : ਜੋ ਗੁਰੂ ਨਾਨਕ ਹਰੀ ਦੇ ਰਸ ਵਿਚ ਭਿੱਜਾ ਹੋਇਆ ਹੈ, ਜੋ ਗੁਰੂ ਨਾਨਕ ਹਰ ਪ੍ਰਕਾਰ ਦੀ ਸੱਤਿਆ ਵਾਲਾ ਹੈ, ਉਸ ਨੂੰ ਜਨਕ ਆਦਿਕ ਵੱਡੇ-ਵੱਡੇ ਜੋਗੀਆਂ ਸਮੇਤ ਗਾਉਂਦੇ ਹਨ। ਜਿਸ ਗੁਰੂ ਨਾਨਕ ਨੂੰ ਮਾਇਆ ਨਹੀਂ ਛਲ ਸਕਦੀ, ਉਸ ਨੂੰ ਰਿਸ਼ੀ ਗਾਉਂਦੇ ਹਨ, ਸਨਕ ਆਦਿਕ ਸਾਧ ਤੇ ਸਿੱਧ ਆਦਿਕ ਗਾਉਂਦੇ ਹਨ।

ਗਾਵੈ ਗੁਣ ਧੋਮੁ ਅਟਲ ਮੰਡਲਵੈ ਭਗਤਿ ਭਾਇ ਰਸੁ ਜਾਣਿਓ ॥

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੩॥

ਅਰਥ : ਜਿਸ ਗੁਰੂ ਨਾਨਕ ਨੇ ਭਗਤੀ ਵਾਲੇ ਭਾਵ ਦੁਆਰਾ (ਹਰੀ ਦੇ ਮਿਲਾਪ ਦਾ) ਅਨੰਦ ਜਾਣਿਆ ਹੈ, ਉਸੇ ਦੇ ਗੁਣਾਂ ਨੂੰ ਧੋਮੁ ਰਿਸ਼ੀ ਗਾਉਂਦਾ ਹੈ, ਧਰੂ ਭਗਤ ਗਾਉਂਦਾ ਹੈ। 'ਕਲ' ਕਵੀ (ਆਖਦਾ ਹੈ)—ਮੈਂ ਉਸ ਗੁਰੂ ਨਾਨਕ ਦੇਵ ਜੀ ਦੇ ਸੋਹਣੇ ਗੁਣ ਗਾਉਂਦਾ ਹਾਂ ਜਿਸ ਨੇ ਰਾਜ ਤੇ ਜੋਗ ਮਾਣਿਆ ਹੈ।3।

ਗਾਵਹਿ ਕਪਿਲਾਦਿ ਆਦਿ ਜੋਗੇਸੁਰ ਅਪਰੰਪਰ ਅਵਤਾਰ ਵਰੋ ॥

ਗਾਵੈ ਜਮਦਗਨਿ ਪਰਸਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ ॥

ਅਰਥ : ਕਪਿਲ ਆਦਿਕ ਰਿਸ਼ੀ ਅਤੇ ਪੁਰਾਤਨ ਵੱਡੇ-ਵੱਡੇ ਜੋਗੀ ਜਨ ਪਰਮਾਤਮਾ ਦੇ ਸ਼ਿਰੋਮਣੀ ਅਵਤਾਰ ਗੁਰੂ ਨਾਨਕ ਨੂੰ ਗਾਉਂਦੇ ਹਨ। (ਗੁਰੂ ਨਾਨਕ ਦੇ ਜੱਸ ਨੂੰ) ਜਮਦਗਨਿ ਦਾ ਪੁੱਤਰ ਪਰਸਰਾਮ ਭੀ ਗਾ ਰਿਹਾ ਹੈ, ਜਿਸ ਦੇ ਹੱਥ ਦਾ ਕੁਹਾੜਾ ਤੇ ਜਿਸ ਦਾ ਪ੍ਰਤਾਪ ਸ੍ਰੀ ਰਾਮ ਚੰਦਰ ਜੀ ਨੇ ਖੋਹ ਲਿਆ ਸੀ।

ਉਧੌ ਅਕ੍ਰੂਰੁ ਬਿਦਰੁ ਗੁਣ ਗਾਵੈ ਸਰਬਾਤਮੁ ਜਿਨਿ ਜਾਣਿਓ ॥

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੪॥

ਅਰਥ : ਜਿਸ ਗੁਰੂ ਨਾਨਕ ਨੇ ਸਰਬ-ਵਿਆਪਕ ਹਰੀ ਨੂੰ ਜਾਣ ਲਿਆ (ਡੂੰਘੀ ਸਾਂਝ ਪਾਈ ਹੋਈ ਸੀ), ਉਸ ਦੇ ਗੁਣ ਊਧੋ ਗਾਂਦਾ ਹੈ, ਅਕ੍ਰੂਰ ਗਾਉਂਦਾ ਹੈ, ਬਿਦਰ ਭਗਤ ਗਾਂਦਾ ਹੈ। 'ਕਲ' ਕਵੀ (ਆਖਦਾ ਹੈ)—ਮੈਂ ਉਸ ਗੁਰੂ ਨਾਨਕ ਦੇਵ ਜੀ ਦੇ ਸੋਹਣਾ ਜਸ ਗਾਉਂਦਾ ਹਾਂ ਜਿਸ ਨੇ ਰਾਜ ਤੇ ਜੋਗ ਦੋਵੇਂ ਮਾਣੇ ਹਨ।4।

ਗਾਵਹਿ ਗੁਣ ਬਰਨ ਚਾਰਿ ਖਟ ਦਰਸਨ ਬ੍ਰਹਮਾਦਿਕ ਸਿਮਰੰਥਿ ਗੁਨਾ ॥

ਗਾਵੈ ਗੁਣ ਸੇਸੁ ਸਹਸ ਜਿਹਬਾ ਰਸ ਆਦਿ ਅੰਤਿ ਲਿਵ ਲਾਗਿ ਧੁਨਾ ॥

ਅਰਥ : ਚਾਰੇ ਵਰਣ, ਛੇ ਭੇਖ ਗੁਰੂ ਨਾਨਕ ਦੇ ਗੁਣ ਗਾ ਰਹੇ ਹਨ, ਬ੍ਰਹਮਾ ਆਦਿਕ ਭੀ ਉਸ ਦੇ ਗੁਣ ਯਾਦ ਕਰ ਰਹੇ ਹਨ। ਸ਼ੇਸ਼ਨਾਗ ਹਜ਼ਾਰਾਂ ਜੀਭਾਂ ਦੁਆਰਾ ਪ੍ਰੇਮ ਨਾਲ ਇਕ-ਰਸ ਲਿਵ ਦੀ ਧੁਨੀ ਲਗਾ ਕੇ ਗੁਰੂ ਨਾਨਕ ਦੇ ਗੁਣ ਗਾਉਂਦਾ ਹੈ।

ਗਾਵੈ ਗੁਣ ਮਹਾਦੇਉ ਬੈਰਾਗੀ ਜਿਨਿ ਧਿਆਨ ਨਿਰੰਤਰਿ ਜਾਣਿਓ ॥

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੫॥

ਅਰਥ : ਜਿਸ ਗੁਰੂ ਨਾਨਕ ਨੇ ਇਕ-ਰਸ ਬਿਰਤੀ ਜੋੜ ਕੇ ਅਕਾਲ ਪੁਰਖ ਨੂੰ ਪਛਾਣਿਆ ਹੈ (ਸਾਂਝ ਪਾਈ ਹੈ), ਉਸ ਦੇ ਗੁਣ ਵੈਰਾਗਵਾਨ ਸ਼ਿਵਜੀ (ਭੀ) ਗਾਂਦਾ ਹੈ। 'ਕਲ' ਕਵੀ (ਆਖਦਾ ਹੈ)—ਮੈਂ ਉਸ ਗੁਰੂ ਨਾਨਕ ਦੇਵ ਜੀ ਦੇ ਗੁਣ ਗਾਉਂਦਾ ਹਾਂ ਜਿਸ ਨੇ ਰਾਜ ਤੇ ਜੋਗ ਦੋਵੇਂ ਮਾਣੇ ਹਨ।5।

ਰਾਜੁ ਜੋਗੁ ਮਾਣਿਓ ਬਸਿਓ ਨਿਰਵੈਰੁ ਰਿਦੰਤਰਿ ॥

ਸ੍ਰਿਸਟਿ ਸਗਲ ਉਧਰੀ ਨਾਮਿ ਲੇ ਤਰਿਓ ਨਿਰੰਤਰਿ ॥

ਅਰਥ : (ਗੁਰੁ ਨਾਨਕ ਦੇਵ ਜੀ ਨੇ) ਰਾਜ ਭੀ ਮਾਣਿਆ ਹੈ ਤੇ ਜੋਗ ਭੀ, ਨਿਰਵੈਰ ਅਕਾਲ ਪੁਰਖ (ਉਹਨਾਂ ਦੇ) ਹਿਰਦੇ ਵਿਚ ਵੱਸ ਰਿਹਾ ਹੈ। (ਗੁਰੂ ਨਾਨਕ ਦੇਵ) ਆਪ ਇਕ-ਰਸ

ਨਾਮ ਜਪ ਕੇ ਤਰ ਗਿਆ ਹੈ ਤੇ (ਉਸ ਨੇ) ਸਾਰੀ ਸ੍ਰਿਸ਼ਟੀ ਨੂੰ ਭੀ ਨਾਮ ਦੀ ਬਰਕਤ ਨਾਲ ਤਾਰ ਦਿੱਤਾ ਹੈ।

ਗੁਣ ਗਾਵਹਿ ਸਨਕਾਦਿ ਆਦਿ ਜਨਕਾਦਿ ਜੁਗਹ ਲਗਿ ॥
ਧੰਨਿ ਧੰਨਿ ਗੁਰੁ ਧੰਨਿ ਜਨਮੁ ਸਕਯਥੁ ਭਲੌ ਜਗਿ ॥

ਅਰਥ : ਸਨਕ ਆਦਿ ਬ੍ਰਹਮਾ ਦੇ ਚਾਰੇ ਪੁੱਤਰ, ਜਨਕ ਆਦਿਕ ਪੁਰਾਤਨ ਰਿਸ਼ੀ ਕਈ ਜੁਗਾਂ ਤੋਂ (ਗੁਰੂ ਨਾਨਕ ਦੇਵ ਜੀ ਦੇ) ਗੁਣ ਗਾ ਰਹੇ ਹਨ। ਧੰਨ ਹੈ ਗੁਰੂ (ਨਾਨਕ)! ਧੰਨ ਹੈ ਗੁਰੂ (ਨਾਨਕ)! ਜਗਤ ਵਿਚ (ਉਸ ਦਾ) ਜਨਮ ਲੈਣਾ ਸਕਾਰਥਾ ਤੇ ਭਲਾ ਹੋਇਆ ਹੈ।

ਪਾਤਾਲ ਪੁਰੀ ਜੈਕਾਰ ਧੁਨਿ ਕਬਿ ਜਨ ਕਲ ਵਖਾਣਿਓ ॥
ਹਰਿ ਨਾਮ ਰਸਿਕ ਨਾਨਕ ਗੁਰ ਰਾਜੁ ਜੋਗੁ ਤੈ ਮਾਣਿਓ ॥੬॥

ਅਰਥ : ਦਾਸ ਕੱਲ ਕਵੀ ਬੇਨਤੀ ਕਰਦਾ ਹੈ—'ਹਰੀ ਦੇ ਨਾਮ ਦੇ ਰਸੀਏ ਹੇ ਗੁਰੂ ਨਾਨਕ! ਪਾਤਾਲ ਲੋਕ ਤੋਂ ਭੀ ਤੇਰੀ ਜੈ-ਜੈ ਕਾਰ ਦੀ ਆਵਾਜ਼ (ਉੱਠ ਰਹੀ ਹੈ), ਤੂੰ ਰਾਜ ਤੇ ਜੋਗ ਦੋਵੇਂ ਹੀ ਮਾਣੇ ਹਨ।6।

ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥

ਅਰਥ : (ਹੇ ਗੁਰੂ ਨਾਨਕ!) ਸਤਜੁਗ ਵਿਚ (ਭੀ) ਤੂੰ ਹੀ (ਰਾਜ ਤੇ ਜੋਗ) ਮਾਣਿਆ ਸੀ, ਤੂੰ ਹੀ ਰਾਜਾ ਬਲਿ ਨੂੰ ਛਲਿਆ ਸੀ ਅਤੇ ਤਦੋਂ ਵਾਮਨ ਅਵਤਾਰ ਬਣਨਾ ਤੈਨੂੰ ਚੰਗਾ ਲੱਗਾ ਸੀ। ਤ੍ਰੇਤੇ ਵਿਚ ਭੀ ਤੂੰ ਹੀ (ਰਾਜ ਤੇ ਜੋਗ) ਮਾਣਿਆ ਸੀ, ਤਦੋਂ ਤੂੰ ਆਪਣੇ ਆਪ ਨੂੰ ਰਘੁਵੰਸ਼ੀ ਰਾਮ ਅਖਵਾਇਆ ਸੀ (ਭਾਵ, ਹੇ ਗੁਰੂ ਨਾਨਕ! ਮੇਰੇ ਵਾਸਤੇ ਤਾਂ ਤੂੰ ਹੀ ਹੈਂ ਵਾਮਨ ਅਵਤਾਰ, ਤੂੰ ਹੀ ਹੈ ਰਘੁਵੰਸ਼ੀ ਰਾਮ)।

ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥

ਅਰਥ : (ਹੇ ਗੁਰੂ ਨਾਨਕ!) ਦੁਆਪੁਰ ਜੁਗ ਵਿਚ ਕ੍ਰਿਸ਼ਨ ਮੁਰਾਰ ਭੀ (ਤੂੰ ਹੀ ਸੈਂ), ਤੂੰ ਹੀ ਕੰਸ ਨੂੰ (ਮਾਰ ਕੇ) ਮੁਕਤ ਕੀਤਾ ਸੀ, (ਤੂੰ ਹੀ) ਉਗ੍ਰਸੈਣ ਨੂੰ (ਮਥੁਰਾ ਦਾ) ਰਾਜ ਅਤੇ ਆਪਣੇ ਭਗਤ ਜਨਾਂ ਨੂੰ ਨਿਰਭੈਤਾ ਬਖ਼ਸ਼ੀ ਸੀ (ਭਾਵ, ਹੇ ਗੁਰੂ ਨਾਨਕ! ਮੇਰੇ ਵਾਸਤੇ ਤਾਂ ਤੂੰ ਹੀ ਹੈਂ ਸ੍ਰੀ ਕ੍ਰਿਸ਼ਨ)।

ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥੭॥

ਅਰਥ : ਹੇ ਗੁਰੂ ਨਾਨਕ! ਕਲਜੁਗ ਵਿਚ (ਭੀ ਤੂੰ ਹੀ) ਸਮਰੱਥਾ ਵਾਲਾ ਹੈਂ, (ਤੂੰ ਹੀ ਆਪਣੇ ਆਪ ਨੂੰ) ਗੁਰੂ ਅੰਗਦ ਤੇ ਗੁਰੂ ਅਮਰਦਾਸ ਅਖਵਾਇਆ ਹੈ। (ਇਹ ਤਾਂ) ਅਕਾਲ ਪੁਰਖ ਨੇ (ਹੀ) ਹੁਕਮ ਦੇ ਰੱਖਿਆ ਹੈ ਕਿ ਸ੍ਰੀ ਗੁਰੂ (ਨਾਨਕ ਦੇਵ ਜੀ) ਦਾ ਰਾਜ ਸਦਾ ਸਿਰ 'ਤੇ ਅਟੱਲ ਹੈ।7।

ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ ॥
ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ ॥

ਅਰਥ : (ਉਸ ਗੁਰੂ ਨਾਨਕ ਦੇ) ਗੁਣ ਰਵਿਦਾਸ ਭਗਤ ਗਾ ਰਿਹਾ ਹੈ, ਜੈਦੇਵ ਤੇ ਤ੍ਰਿਲੋਚਨ ਗਾ ਰਹੇ ਹਨ, ਭਗਤ ਨਾਮਦੇਵ ਤੇ ਕਬੀਰ ਗਾ ਰਹੇ ਹਨ, (ਜੋ) ਅਕਾਲ ਪੁਰਖ ਨੂੰ ਆਪਣੇ ਨੇਤਰਾਂ ਨਾਲ ਸਭ ਥਾਈਂ ਵੇਖ ਰਿਹਾ ਹੈ।

ਭਗਤੁ ਬੇਣਿ ਗੁਣ ਰਵੈ ਸਹਜਿ ਆਤਮ ਰੰਗੁ ਮਾਣੈ ॥
ਜੋਗ ਧਿਆਨਿ ਗੁਰ ਗਿਆਨਿ ਬਿਨਾ ਪ੍ਰਭ ਅਵਰੁ ਨ ਜਾਣੈ ॥

ਅਰਥ : (ਜੋ ਗੁਰੂ ਨਾਨਕ) ਅਡੋਲਤਾ ਵਿਚ ਟਿਕ ਕੇ ਪਰਮਾਤਮਾ ਦੇ ਮਿਲਾਪ ਦੇ ਸੁਆਦ ਨੂੰ ਮਾਣਦਾ ਹੈ, (ਜੋ ਗੁਰੂ ਨਾਨਕ) ਗੁਰੂ ਦੇ ਗਿਆਨ ਦੀ ਬਰਕਤ ਨਾਲ ਅਕਾਲ ਪੁਰਖ ਵਿਚ ਸੁਰਤੀ ਜੋੜ ਕੇ ਉਸ ਤੋਂ ਬਿਨਾਂ ਕਿਸੇ ਹੋਰ ਨੂੰ ਨਹੀਂ ਜਾਣਦਾ, (ਉਸ ਦੇ) ਗੁਣਾਂ ਨੂੰ ਬੇਣੀ ਭਗਤ ਗਾ ਰਿਹਾ ਹੈ।

ਸੁਖਦੇਉ ਪਰੀਖ੍ਹਤੁ ਗੁਣ ਰਵੈ ਗੋਤਮ ਰਿਖਿ ਜਸੁ ਗਾਇਓ ॥
ਕਬਿ ਕਲ ਸੁਜਸੁ ਨਾਨਕ ਗੁਰ ਨਿਤ ਨਵਤਨੁ ਜਗਿ ਛਾਇਓ ॥੮॥

ਅਰਥ : ਸੁਖਦੇਵ ਰਿਸ਼ੀ (ਗੁਰੂ ਨਾਨਕ ਦੇ ਗੁਣ) ਗਾ ਰਿਹਾ ਹੈ ਤੇ (ਰਾਜਾ) ਪਰੀਖਤ (ਭੀ ਗੁਰੂ ਨਾਨਕ ਦੇ) ਗੁਣਾਂ ਨੂੰ ਗਾ ਰਿਹਾ ਹੈ। ਗੋਤਮ ਰਿਸ਼ੀ ਨੇ (ਭੀ ਗੁਰੂ ਨਾਨਕ ਦਾ ਹੀ) ਜੱਸ ਗਾਵਿਆ ਹੈ। ਹੇ ਕੱਲ ਕਵੀ! ਗੁਰੂ ਨਾਨਕ (ਦੇਵ ਜੀ) ਦੀ ਸੋਹਣੀ ਸੋਭਾ ਨਿੱਤ ਨਵੀਂ ਹੈ ਤੇ ਜਗਤ ਵਿਚ ਆਪਣਾ ਪ੍ਰਭਾਵ ਪਾ ਰਹੀ ਹੈ।8।

ਗੁਣ ਗਾਵਹਿ ਪਾਯਾਲਿ ਭਗਤ ਨਾਗਾਦਿ ਭੁਯੰਗਮ ॥
ਮਹਾਦੇਉ ਗੁਣ ਰਵੈ ਸਦਾ ਜੋਗੀ ਜਤਿ ਜੰਗਮ ॥

ਅਰਥ : ਪਾਤਾਲ ਵਿਚ ਭੀ (ਸ਼ੇਸ਼) ਨਾਗ ਆਦਿਕ ਹੋਰ ਸਰਪ-ਭਗਤ (ਗੁਰੂ ਨਾਨਕ ਦੇ) ਗੁਣ ਗਾ ਰਹੇ ਹਨ।

ਗੁਣ ਗਾਵੈ ਮੁਨਿ ਬ੍ਯਾਸੁ ਜਿਨਿ ਬੇਦ ਬ੍ਯਾਕਰਣ ਬੀਚਾਰਿਅ ॥
ਬ੍ਰਹਮਾ ਗੁਣ ਉਚਰੈ ਜਿਨਿ ਹੁਕਮਿ ਸਭ ਸ੍ਰਿਸਟਿ ਸਵਾਰੀਅ ॥

ਅਰਥ : ਜਿਸ (ਵਿਆਸ ਮੁਨੀ) ਨੇ ਸਾਰੇ ਵੇਦਾਂ ਨੂੰ ਵਿਆਕਰਨਾਂ ਦੁਆਰਾ ਵਿਚਾਰਿਆ ਹੈ, ਉਹ (ਗੁਰੂ ਨਾਨਕ ਦੇ) ਗੁਣ ਗਾ ਰਿਹਾ ਹੈ। ਜਿਸ (ਬ੍ਰਹਮਾ) ਨੇ ਅਕਾਲ ਪੁਰਖ ਦੇ ਹੁਕਮ ਵਿਚ ਸਾਰੀ ਸ੍ਰਿਸ਼ਟੀ ਰਚੀ ਹੈ, ਉਹ (ਗੁਰੂ ਨਾਨਕ ਦੇ) ਗੁਣ ਉਚਾਰ ਰਿਹਾ ਹੈ।

ਬ੍ਰਹਮੰਡ ਖੰਡ ਪੂਰਨ ਬ੍ਰਹਮੁ ਗੁਣ ਨਿਰਗੁਣ ਸਮ ਜਾਣਿਓ ॥
ਜਪੁ ਕਲ ਸੁਜਸੁ ਨਾਨਕ ਗੁਰ ਸਹਜੁ ਜੋਗੁ ਜਿਨਿ ਮਾਣਿਓ ॥੯॥

ਅਰਥ : ਜਿਸ ਗੁਰੂ ਨਾਨਕ ਨੇ ਅਡੋਲ ਅਵਸਥਾ ਨੂੰ ਤੇ ਅਕਾਲ ਪੁਰਖ ਦੇ ਮਿਲਾਪ ਨੂੰ ਮਾਣਿਆ ਹੈ, ਜਿਸ ਗੁਰੂ ਨਾਨਕ ਨੇ ਸਾਰੀ ਦੁਨੀਆਂ ਵਿਚ ਹਾਜ਼ਰ-ਨਾਜ਼ਰ ਅਕਾਲ ਪੁਰਖ ਨੂੰ ਸਰਗੁਣ ਤੇ ਨਿਰਗੁਣ ਰੂਪਾਂ ਵਿਚ ਇਕੋ ਜਿਹਾ ਪਛਾਣਿਆ ਹੈ, ਹੇ ਕਲ! ਉਸ ਗੁਰੂ ਨਾਨਕ ਦੇ ਸੋਹਣੇ ਗੁਣਾਂ ਨੂੰ ਯਾਦ ਕਰ।9।

ਗੁਣ ਗਾਵਹਿ ਨਵ ਨਾਥ ਧੰਨਿ ਗੁਰੁ ਸਾਚਿ ਸਮਾਇਓ ॥
ਮਾਂਧਾਤਾ ਗੁਣ ਰਵੈ ਜੇਨ ਚਕ੍ਰਵੈ ਕਹਾਇਓ ॥

ਅਰਥ : ਨੌਂ ਨਾਥ (ਭੀ) ਗੁਰੂ ਨਾਨਕ ਦੇ ਗੁਣ ਗਾਉਂਦੇ ਹਨ (ਤੇ ਆਖਦੇ ਹਨ) "ਗੁਰੂ

ਨਾਨਕ ਧੰਨ ਹੈ, ਜੋ ਸੱਚੇ ਹਰੀ ਵਿਚ ਜੁੜਿਆ ਹੋਇਆ ਹੈ।'' ਜਿਸ ਮਾਂਧਾਤਾ ਨੇ ਆਪਣੇ ਆਪ ਨੂੰ ਚੱਕਰਵਰਤੀ ਰਾਜਾ ਅਖਵਾਇਆ ਸੀ, ਉਹ ਭੀ ਗੁਰੂ ਨਾਨਕ ਦੇ ਗੁਣ ਉਚਾਰ ਰਿਹਾ ਹੈ।

ਗੁਣ ਗਾਵੈ ਬਲਿ ਰਾਉ ਸਪਤ ਪਾਤਾਲਿ ਬਸੰਤੌ ॥
ਭਰਥਰਿ ਗੁਣ ਉਚਰੈ ਸਦਾ ਗੁਰ ਸੰਗਿ ਰਹੰਤੌ ॥

ਅਰਥ: ਸਤਵੇਂ ਪਾਤਾਲ ਵਿਚ ਵੱਸਦਾ ਹੋਇਆ ਰਾਜਾ ਬਲਿ (ਗੁਰੂ ਨਾਨਕ ਦੇ) ਗੁਣ ਗਾ ਰਿਹਾ ਹੈ। ਆਪਣੇ ਗੁਰੂ ਦੇ ਨਾਲ ਰਹਿੰਦਾ ਹੋਇਆ ਭਰਥਰੀ ਭੀ ਸਦਾ (ਗੁਰੂ ਨਾਨਕ ਦੇ) ਗੁਣ ਉਚਾਰ ਰਿਹਾ ਹੈ।

ਦੂਰਬਾ ਪਰੂਰਉ ਅੰਗਰੈ ਗੁਰ ਨਾਨਕ ਜਸੁ ਗਾਇਓ ॥
ਕਬਿ ਕਲ ਸੁਜਸੁ ਨਾਨਕ ਗੁਰ ਘਟਿ ਘਟਿ ਸਹਜਿ ਸਮਾਇਓ ॥੧੦॥

ਅਰਥ: ਦੁਰਬਾਸ਼ਾ ਰਿਸ਼ੀ ਨੇ, ਰਾਜਾ ਪੁਰੂ ਨੇ ਤੇ ਅੰਗਰ ਰਿਸ਼ੀ ਨੇ ਗੁਰੂ ਨਾਨਕ ਦਾ ਜੱਸ ਗਾਵਿਆ ਹੈ। ਹੇ ਕਲ ਕਵੀ! ਗੁਰੂ ਨਾਨਕ ਦੀ ਸੋਹਣੀ ਸੋਭਾ ਸੁਤੇ ਹੀ ਹਰੇਕ ਪ੍ਰਾਣੀ ਮਾਤਰ ਦੇ ਹਿਰਦੇ ਵਿਚ ਟਿਕੀ ਹੋਈ ਹੈ।10।

(ਉਪਰੋਕਤ ਭੱਟ ਕਲ ਜੀ ਦੇ ਦਸ (10) ਸਵੱਈਆਂ ਦੀ ਵਿਆਖਿਆ ਪ੍ਰੋ. ਸਾਹਿਬ ਸਿੰਘ ਜੀ ਦੁਆਰਾ ਰਚਿਤ *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ* (ਪੋਥੀ 10) ਵਿਚੋਂ ਧੰਨਵਾਦ ਸਾਹਿਤ ਲਈ ਗਈ ਹੈ।)

ਸ੍ਰੀ ਗੁਰੂ ਨਾਨਕ ਦੇਵ ਜੀ ਰਚਿਤ ਸਲੋਕ : ਇਕ ਅਧਿਐਨ

ਸ੍ਰੀ ਗੁਰੂ ਨਾਨਕ ਦੇਵ ਜੀ ਭਾਰਤੀ ਇਤਿਹਾਸ ਅਤੇ ਵਿਸ਼ੇਸ਼ ਕਰਕੇ ਪੰਜਾਬ ਦੇ ਇਤਿਹਾਸ ਦੀ ਅਜਿਹੀ ਸ਼ਖ਼ਸੀਅਤ ਹਨ, ਜਿਨ੍ਹਾਂ ਨੇ ਭਾਰਤੀ ਸਭਿਆਚਾਰ ਉੱਪਰ ਬਹੁਤ ਗਹਿਰਾ ਪ੍ਰਭਾਵ ਪਾਇਆ। ਅੱਜ ਵੀ ਉਨ੍ਹਾਂ ਦਾ ਪ੍ਰਭਾਵ ਉਨ੍ਹਾਂ ਦੁਆਰਾ ਰਚਿਤ ਅਗੰਮੀ ਬਾਣੀ ਸਦਕਾ ਜੀਵ ਹਿਰਦਿਆਂ ਉੱਪਰ ਰਹਿਮਤ ਬਣ ਵਰਸ ਰਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ 19 ਰਾਗਾਂ ਵਿਚ ਬਾਣੀ ਉਚਾਰਣ ਕੀਤੀ ਹੈ। ਜਪੁ, ਆਸਾ ਦੀ ਵਾਰ, ਮਾਝ ਦੀ ਵਾਰ, ਮਲਾਰ ਦੀ ਵਾਰ, ਕੁਚਜੀ-ਸੁਚਜੀ, ਥਿਤੀ, ਦਖਣੀ ਓਅੰਕਾਰ, ਸਿਧ ਗੋਸਟਿ, ਬਾਰਹਮਾਹ ਤੁਖਾਰੀ, ਅਲਾਹੁਣੀਆਂ ਸੁਤੰਤਰ ਬਾਣੀਆਂ ਦੀ ਰਚਨਾ ਕੀਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮੁੱਚੇ ਬਾਣੀਕਾਰਾਂ ਦੁਆਰਾ ਦੈਵੀ ਅਨੁਭਵ ਦੀ ਅਭਿਵਿਅਕਤੀ ਲਈ ਕਈ ਕਾਵਿ-ਰੂਪਾਂ (ਇਕਪਦਾ, ਦੁਪਦਾ, ਤਿਪਦਾ, ਚਉਪਦਾ, ਪੰਚਪਦਾ, ਛੰਤ, ਅਸ਼ਟਪਦੀਆਂ, ਸਲੋਕ, ਸੋਲਹਾ, ਪਹਰੇ ਆਦਿ) ਦੀ ਵਰਤੋਂ ਕੀਤੀ ਗਈ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਦੈਵੀ ਭਾਵ ਵਿਅਕਤੀ ਲਈ ਸਲੋਕ ਕਾਵਿ-ਰੂਪ ਦੀ ਵਰਤੋਂ ਬਹੁਤਾਤ ਵਿਚ ਕੀਤੀ ਹੈ। ਇਸ ਲੇਖ ਵਿਚ ਗੁਰੂ ਨਾਨਕ ਸਾਹਿਬ ਜੀ ਦੁਆਰਾ ਰਚਿਤ ਸਲੋਕਾਂ ਦਾ ਅਧਿਐਨ ਕਰਨ ਤੋਂ ਪਹਿਲਾਂ ਸਲੋਕ ਕਾਵਿ-ਰੂਪ, ਉਸਦੀ ਪਰਿਭਾਸ਼ਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਲੋਕ ਬਾਣੀਕਾਰਾਂ ਬਾਰੇ ਜਾਨਣਾ ਜ਼ਰੂਰੀ ਹੈ।

ਸਲੋਕ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜਿਸ ਤੋਂ ਭਾਵ ਹੈ ਕਿਸੇ ਦੀ ਉਸਤਤਿ ਜਾਂ ਸਿਫ਼ਤ ਸਲਾਹ ਕਰਨਾ। ਸਲੋਕ ਕਿਸੇ ਦੀ ਪ੍ਰਸੰਸਾ ਦੇ ਅਰਥਾਂ ਨੂੰ ਪ੍ਰਗਟਾਉਣ ਵਾਲਾ ਸ਼ਬਦ ਸਮੂਹ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ: ਸਲੋਕ ਦੇ ਅਰਥ ਪ੍ਰਸੰਸਾ, ਉਸਤਤਿ, ਤਾਰੀਫ਼, ਯਸ, ਗੀਤ ਹਨ।[1]

ਡਾ. ਸੁਖਦੇਵ ਸਿੰਘ ਅਨੁਸਾਰ: ਸਲੋਕ ਅਨੁਸ਼ਟਪ ਛੰਦ ਤੋਂ ਕਾਵਿ-ਰੂਪ ਵਿਚ ਰੂਪਾਂਤਰਿਤ ਹੋਇਆ, ਮਹੱਤਵਪੂਰਨ ਲਘੂ ਆਕਾਰੀ ਕਾਵਿ-ਰੂਪ ਹੈ। ਅਸਲ 'ਚ ਇਹ ਤੁਕ ਸਮੂਹ ਹੁੰਦਾ ਹੈ ਜਿਸ ਵਿਚ ਇੱਕੋ ਭਾਵ ਅਥਵਾ ਵਿਚਾਰ ਦੀ ਪ੍ਰਧਾਨਤਾ ਵੀ ਹੁੰਦੀ ਹੈ।[2] ਉਪਰੋਕਤ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਨੂੰ ਵਾਚਣ ਤੋਂ ਅਸੀਂ ਸਲੋਕ ਨੂੰ ਇੰਞ ਪ੍ਰਭਾਸ਼ਿਤ ਕਰਾਂਗੇ:

ਸਲੋਕ ਇੱਕ ਉਹ ਤੁਕ ਸਮੂਹ ਹੈ, ਜੋ ਤੀਖਣ ਭਾਵ ਵਾਲਾ ਹੈ, ਪਰ ਪ੍ਰਕਿਰਤੀ ਸੰਜਮ ਵਾਲੀ ਹੁੰਦੀ ਹੈ। ਉਸਤਤਿ ਜਾਂ ਮਹਿਮਾ ਭਰੇ ਛੰਦ ਨੂੰ ਵੀ ਸਲੋਕ ਕਹਿ ਦਿੱਤਾ ਜਾਂਦਾ ਹੈ। ਗੁਰਬਾਣੀ ਵਿਚ ਦਰਜ ਸਲੋਕ ਇਕ ਤਰ੍ਹਾਂ ਦਾ ਤੁਕ ਸਮੂਹ ਹੈ, ਜਿਸ ਵਿਚ ਇਕੋ ਭਾਵ (ਵਿਚਾਰ) ਦੀ ਪ੍ਰਮੁੱਖਤਾ ਰਹਿੰਦੀ ਹੈ। ਸੁਖਮਨੀ ਸਾਹਿਬ ਬਾਣੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਲੋਕ ਦੀ ਵਰਤੋਂ ਪਦ-ਕਾਵਿ ਲਈ ਕੀਤੀ ਹੈ। 'ਉਤਮ ਸਲੋਕ ਸਾਧ ਕੇ ਬਚਨ' ਭਾਵ ਕਿ ਸਾਧ (ਸੰਤ)

ਕੇ ਬਚਨ (ਬੋਲ) ਉੱਤਮ (ਉੱਚੇ) ਸਲੋਕ (ਉਸਤਤਿ ਭਰੇ ਸ਼ਬਦ) ਹਨ। ਸੋ, ਸ੍ਰੀ ਗੁਰੂ ਅਰਜਨ ਦੇਵ ਜੀ ਸਲੋਕ ਦੀ ਪਰਿਭਾਸ਼ਾ ਇੰਞ ਦਿੰਦੇ ਹਨ ਕਿ ਸੰਤਾਂ, ਮਹਾਂਪੁਰਸ਼ਾਂ ਦੇ ਉੱਤਮਤਾ (ਉਸਤਤਿ) ਵਾਲੇ ਬੋਲ ਸਲੋਕ ਹਨ। ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਧੇਰੇ ਬਾਣੀਕਾਰਾਂ ਵੱਲੋਂ ਵਰਤਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂ ਸਾਹਿਬਾਨ ਅਤੇ ਦੋ ਭਗਤ ਸਾਹਿਬਾਨ ਦੁਆਰਾ ਆਪਣੇ ਰੂਹਾਨੀ ਅਨੁਭਵ ਨੂੰ ਸਲੋਕ ਕਾਵਿ-ਰੂਪ ਦੁਆਰਾ ਅਭਿਵਿਅਕਤ ਕੀਤਾ ਗਿਆ ਹੈ। ਡਾ. ਸੁਖਦੇਵ ਸਿੰਘ ਦੇ ਅਨੁਸਾਰ ਬਾਣੀਕਾਰਾਂ ਨੇ ਸਲੋਕਾਂ ਦੇ ਪਰੰਪਰਾਗਤ ਸਰੂਪ ਨੂੰ ਲੈ ਕੇ ਉਸ ਨੂੰ ਨਿੱਜੀ ਅਦੁੱਤੀ ਕਾਵਿ ਕੌਸ਼ਲਤਾ ਨਾਲ ਨਿਵੇਕਲਾ ਚਰਿੱਤਰ ਪ੍ਰਦਾਨ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਲੋਕਾਂ ਨੂੰ ਅੰਕਿਤ ਕਰਨ ਦਾ ਮਹੱਤਵਪੂਰਨ ਕਾਰਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤੀਖਣ, ਅਦੁੱਤੀ ਸੰਪਾਦਨ ਕਲਾ ਨਾਲ ਕੀਤਾ।[3] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਲੋਕ ਜਪੁ ਬਾਣੀ ਤੋਂ ਲੈ ਕੇ ਰਾਗਮਾਲਾ ਤੱਕ 1835 ਦੇ ਕਰੀਬ ਵੱਖ-ਵੱਖ ਪੰਨਿਆਂ ਉੱਪਰ ਦਰਜ ਹਨ।

ਗਿਣਾਤਮਕ ਪੱਖੋਂ ਸਲੋਕ ਕਾਵਿ-ਰੂਪਾਕਾਰ ਦੀ ਵਰਤੋਂ ਵਧੇਰੇ ਹੋਈ ਹੈ। ਸਲੋਕਾਂ ਵਿਚ ਰਚਿਤ ਬਾਣੀ ਦਾ ਸਰੂਪ ਸੂਤਰਿਕ ਹੈ। ਥੋੜ੍ਹੇ ਤੋਂ ਥੋੜ੍ਹੇ ਸ਼ਬਦਾਂ ਵਿਚ ਇਕ ਨਵੀਨ ਅਤੇ ਬਹੁ ਪਸਾਰੀ ਗੁਰਮਤਿ ਨੁਕਤਾ (ਸਿਧਾਂਤ) ਛੁਪਿਆ ਹੋਇਆ ਹੈ। ਇਸੇ ਸੰਜਮਤਾ, ਸੂਤਰਿਕ ਅਤੇ ਕਲਾਤਮਕ ਵਿਸ਼ੇਸ਼ਤਾਵਾਂ ਦੇ ਸਦਕਾ ਕਈ ਸਲੋਕ ਅਖਾਣਾਂ, ਮੁਹਾਵਰਿਆਂ ਦਾ ਸਥਾਨ ਗ੍ਰਹਿਣ ਕਰ ਗਏ ਹਨ। ਪੰਜਾਬੀ ਦੇ ਕਈ ਪੁਰਾਣੇ ਅਖਾਣ ਸਲੋਕ ਰੂਪ 'ਚ ਮਿਲਦੇ ਹਨ। ਸਲੋਕ ਕਈ ਹੋਰ ਕਾਵਿ-ਰੂਪਾਂ ਦਾ ਵੀ ਮੂਲ ਹੈ। ਢੋਲਾ, ਮਾਹੀਆ, ਡਖਣੇ, ਫੁਨਹੇ ਆਦਿ ਸਲੋਕਾਂ ਦਾ ਹੀ ਲੋਕ ਪੱਧਰ 'ਤੇ ਬਦਲਿਆ ਰੂਪ ਹਨ। ਇਸ ਲਘੂ ਆਕਾਰੀ ਕਾਵਿ-ਰੂਪ ਦੇ ਮਾਧਿਅਮ ਦੁਆਰਾ ਬਾਣੀਕਾਰਾਂ ਨੇ ਅਧਿਆਤਮਿਕ, ਸਮਾਜਿਕ, ਧਾਰਮਿਕ, ਰਾਜਨੀਤਿਕ, ਨੈਤਿਕ ਆਦਿ ਸਰੋਕਾਰਾਂ ਨੂੰ ਭਾਵਪੂਰਤ ਢੰਗ ਨਾਲ ਵਿਅਕਤ ਕੀਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਮਿਲਦੀ ਗਵਾਹੀ ਅਨੁਸਾਰ ਗੁਰਬਾਣੀ ਖਸਮ (ਪਰਮਾਤਮਾ) ਦੇ ਧੁਰੋਂ[4] ਆਏ ਇਲਾਹੀ ਹੁਕਮ ਹਨ। ਹੁਕਮ ਗੁਰੂ ਦੀ ਕਿਰਪਾਲੂ ਮੇਹਰ 'ਤੇ ਅਧਾਰਿਤ ਹੁੰਦੇ ਹਨ। ਹੁਕਮ ਕਿਸੇ ਕਾਵਿ-ਸ਼ਾਸਤਰੀ ਨੇਮਾਂ ਅਤੇ ਪਿੰਗਲ ਪ੍ਰਬੰਧ ਦੇ ਮੁਥਾਜ ਨਹੀਂ ਹੋ ਸਕਦੇ। ਭਾਰਤੀ ਕਾਵਿ-ਸ਼ਾਸਤਰ ਅਨੁਸਾਰੀ ਨੇਮ ਗੁਰਬਾਣੀ ਉੱਪਰ ਹੂ-ਬ-ਹੂ ਲਾਗੂ ਨਹੀਂ ਹੁੰਦੇ ਹਨ। ਗੁਰਬਾਣੀ ਦੇ ਇਸ ਵਿਲੱਖਣ ਗੁਣ ਕਾਰਣ ਵੀ ਵੱਖ-ਵੱਖ ਪਰਿਪੇਖਾਂ ਤੋਂ ਅਧਿਐਨ ਕੀਤਾ ਜਾ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਧਿਐਨ ਦੀ ਪਰੰਪਰਾ ਬੜੀ ਅਮੀਰ ਹੈ। ਇਸੇ ਅਮੀਰ ਪਰੰਪਰਾ ਦੇ ਸੰਦਰਭ ਵਿਚ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਸਲੋਕਾਂ ਬਾਰੇ ਵਿਚਾਰ ਕਰਾਂਗੇ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੁਆਰਾ ਲਗਭਗ 265 ਸਲੋਕਾਂ ਦੀ ਰਚਨਾ ਕੀਤੀ ਗਈ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਥਾਵਾਂ 'ਤੇ ਦਰਜ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀਕ੍ਰਮ ਵਿਚ ਗੁਰੂ ਨਾਨਕ ਬਾਣੀ ਦਾ ਸਰਵ ਪ੍ਰਥਮ ਸਥਾਨ ਹੈ। ਸ੍ਰੀ ਗੁਰੂ ਨਾਨਕ ਸਾਹਿਬ ਰਚਿਤ ਸਲੋਕ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਰੰਭਤਾ ਵਿਚ ਮੰਗਲਾਚਰਣ ਤੋਂ ਬਾਅਦ ਪਹਿਲਾ ਸਥਾਨ ਰੱਖਦਾ ਹੈ, ਜਪੁ ਜੀ ਬਾਣੀ ਵਿਚ ਦਰਜ ਪਹਿਲਾ ਸਲੋਕ ਆਦਿ ਸਚੁ ਜੁਗਾਦਿ ਸਚੁ...ਵਾਲਾ ਸ੍ਰੀ ਗੁਰੂ ਅਰਜਨ ਦੇਵ ਜੀ ਰਚਿਤ ਬਾਣੀ ਸੁਖਮਨੀ ਸਾਹਿਬ ਦੀ 17ਵੀਂ ਅਸ਼ਟਪਦੀ ਵਿਚ ਇਕ ਮਾਤਰਾ ਦੇ ਫਰਕ ਨਾਲ ਦਰਜ

ਹੈ। ਜਪੁਜੀ ਬਾਣੀ ਦਾ ਅਖੀਰਲਾ ਸਲੋਕ ਪਵਣੁ ਗੁਰੂ ਪਾਣੀ ਪਿਤਾ...ਵਾਲਾ ਕੁਝ ਕੁ ਸ਼ਬਦਾਂ ਅਤੇ ਮਾਤਰਾਵਾਂ ਦੇ ਅੰਤਰ ਨਾਲ ਮਹਲਾ ਦੂਜਾ ਦੇ ਨਾਮ ਹੇਠ ਮਾਝ ਕੀ ਵਾਰ ਵਿਚ ਦਰਜ ਹੈ। ਡਾ. ਰਾਮ ਸਿੰਘ ਅਨੁਸਾਰ ਜਪੁ ਜੀ ਦੇ ਮੁੱਢਲੇ ਸਲੋਕ ਵਿਚ ਸੱਚ ਨੂੰ ਸਮੇਂ ਦੇ ਸਭ ਭਾਗਾਂ ਨਾਲ ਸੰਬੰਧਿਤ ਕਰਕੇ ਇਸ ਨੂੰ ਸਦੀਵੀਂ ਅਤੇ ਅਟੱਲ ਦਰਸਾਇਆ ਹੈ। ਇੱਥੇ ਸੱਚ ਦੇ ਅਰਥ ਯਥਾਰਥ ਜਾਂ ਜ਼ਿੰਦਗੀ ਦੀ ਅੰਤਿਮ ਤੇ ਬੁਨਿਆਦੀ ਅਸਲੀਅਤ ਦੇ ਹਨ। ਜੀਵਨ ਦੇ ਯਥਾਰਥ ਨੂੰ ਅਟੱਲ ਕਹਿਣ ਦਾ ਭਾਵ ਮੋਟੇ ਸ਼ਬਦਾਂ ਵਿਚ ਇਹ ਹੈ ਕਿ ਰੱਬ ਇਕ ਵਾਸਤਵ ਹੋਂਦ ਹੈ ਜੋ ਸਦਾ ਮੌਜੂਦ ਰਹਿੰਦਾ ਹੈ।[5]

ਜਪੁ ਜੀ ਦੇ ਅਖੀਰ ਅਤੇ ਸ਼ੁਰੂ ਵਿਚ ਦਰਜ ਸਲੋਕ ਇਕ ਤਰ੍ਹਾਂ ਨਾਲ ਵਿਚਾਰਾਂ ਦੇ ਪ੍ਰਵਾਹ ਪਉੜੀਆਂ ਰੂਪੀ ਸਾਗਰ ਨੂੰ ਕਿਨਾਰੇ ਦਾ ਕੰਮ ਕਰਦੇ ਹਨ। ਪਹਿਲੇ ਸਲੋਕ ਵਿਚ ਜਿੱਥੇ ਪਰਮਾਤਮਾ ਦਾ ਸਮੇਂ ਦੇ ਸਾਰੇ ਭਾਗਾਂ ਵਿਚ ਸੱਚ ਤੇ ਸਦੀਵੀ ਹੋਂਦ ਦਾ ਝਲਕਾਰਾ ਪੇਸ਼ ਕੀਤਾ ਹੈ, ਉੱਥੇ ਅਖੀਰਲੇ ਸਲੋਕ ਵਿਚ ਜਪੁ ਜੀ ਦੀ ਬਾਣੀ ਦਾ ਮੂਲ ਉਦੇਸ਼ ਨਾਮ ਜਪਣਾ ਪ੍ਰਸਤੁਤ ਕੀਤਾ ਗਿਆ ਹੈ, ਕਿਉਂਕਿ ਮਨੁੱਖ ਦੀ ਉਤਮ ਜੀਵਨ-ਜੁਗਤ ਜਪੁ (ਸਿਮਰਨ) ਹੀ ਹੈ, ਜੋ ਕਿ ਜਪੁ ਦੇ ਵਿਸ਼ੇ ਨੂੰ ਵਿਸ਼ਵਾਰਥੀ ਬਣਾਉਂਦਾ ਹੈ।

ਗੁਰੂ ਜੀ ਦੁਆਰਾ ਰਚਿਤ ਸਹਸਕ੍ਰਿਤ ਭਾਸ਼ਾ ਵਿਚ ਚਾਰ ਸਲੋਕ ਹਨ, ਜਿਨਾਂ ਵਿਚੋਂ ਤਿੰਨ ਆਸਾ ਦੀ ਵਾਰ ਅਤੇ ਇਕ ਮਾਝ ਕੀ ਵਾਰ ਵਿਚ ਕੁਝ ਸ਼ਬਦਾਂ ਅਤੇ ਮਾਤਰਾਵਾਂ ਦੇ ਅੰਤਰ ਨਾਲ ਦਰਜ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਲੋਕਾਂ ਨੂੰ ਘੋਖਣ 'ਤੇ ਕਈ ਪੱਖ ਰੂਪਮਾਨ ਹੁੰਦੇ ਹਨ। ਡਾ. ਸੁਖਦੇਵ ਸਿੰਘ ਅਨੁਸਾਰ ਸਲੋਕ ਦੀ ਪਰੰਪਰਾਈ ਰੂਪਗਤ ਵਿਲੱਖਣਤਾ ਪ੍ਰਤੀ ਪਾਰਗਾਮੀ ਪਹੁੰਚ ਧਾਰਨ ਕਰਨਾ ਉਹਨਾਂ ਦੀ ਸਲੋਕ ਰਚਨਾ ਦਾ ਪ੍ਰਥਮ ਨੁਕਤਾ ਦਿਸ਼ਟੀਗੋਚਰ ਹੁੰਦਾ ਹੈ।[6] ਸ੍ਰੀ ਗੁਰੂ ਨਾਨਕ ਦੇਵ ਜੀ ਰਚਿਤ ਸਲੋਕ ਪਿੰਗਲ ਪ੍ਰਬੰਧ ਦੀਆਂ ਬੰਦਿਸ਼ਾਂ ਨੂੰ ਨਹੀਂ ਝਲਦਾ ਹੈ। ਆਮ ਤੌਰ 'ਤੇ ਸਲੋਕ ਲਘੂ ਆਕਾਰੀ ਸਰੂਪ ਵਾਲਾ ਕਾਵਿ-ਰੂਪ ਹੈ ਅਤੇ ਦੋ ਤੋਂ ਲੈ ਕੇ ਚਾਰ ਤੁਕਾਂ ਦਾ ਸਮੂਹ ਹੁੰਦਾ ਹੈ, ਪਰ ਗੁਰੂ ਜੀ ਨੇ ਭਾਵ ਵਿਅਕਤੀ ਲਈ ਇਕ ਤੁਕ ਤੋਂ ਲੈ ਕੇ 26 ਤੁਕਾਂ ਤੱਕ ਦੇ ਸਰੂਪ ਵਾਲੇ ਸਲੋਕ ਦੀ ਰਚਨਾ ਕੀਤੀ ਹੈ। ਉਦਹਾਰਣ ਲਈ :

ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ॥ (ਪੰਨਾ ੧੪੧੨)

ਵਾਇਨਿ ਚੇਲੇ ਨਚਨਿ ਗੁਰ॥ ਪੈਰ ਹਲਾਇਨਿ ਫੇਰਨਿ੍ ਸਿਰ ॥
ਉਡਿ ਉਡਿ ਰਾਵਾ ਝਾਟੈ ਪਾਇ॥ ਵੇਖੈ ਲੋਕੁ ਹਸੈ ਘਰਿ ਜਾਇ ॥
ਰੋਟੀਆ ਕਾਰਣਿ ਪੂਰਹਿ ਤਾਲ॥ ਆਪੁ ਪਛਾੜਹਿ ਧਰਤੀ ਨਾਲਿ...
ਨਚਣੁ ਕੁਦਣੁ ਮਨ ਕਾ ਚਾਉ॥ ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ॥ (ਪੰਨਾ ੪੬੫)

ਇਹ ਸਲੋਕ 26 ਤੁਕਾਂ ਵਾਲਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੈਵੀ ਅਨੁਭਵ ਦੀ ਪ੍ਰਸਤੁਤੀ ਲਈ ਇਕ ਵਿਸ਼ੇ ਨੂੰ ਲੈ ਕੇ ਸਲੋਕ ਰਚਨਾ ਸ਼ੁਰੂ ਕਰਦੇ ਤਾਂ ਜਿਨ੍ਹਾਂ ਚਿਰ ਸੰਪੂਰਨ, ਸੁਦ੍ਰਿੜ੍ਹ ਵਿਚਾਰ ਦਾ ਪ੍ਰਤਿਪਾਦਨ ਹੋ ਜਾਂਦਾ ਸਲੋਕ ਰਚਨਾ ਦਾ ਕਾਰਜ ਜਾਰੀ ਰਹਿੰਦਾ। ਸੋ ਸਿੱਧ ਹੈ ਕਿ ਗੁਰੂ ਜੀ ਨੇ ਕਾਵਿਕ ਬੰਦਿਸ਼ਾਂ ਨਾਲੋਂ ਭਾਵਵਿਅਕਤੀ ਨੂੰ ਪ੍ਰਥਮਤਾ ਦਿੱਤੀ ਹੈ। ਸਲੋਕਾਂ ਵਿਚ ਗੁਰੂ ਸਾਹਿਬ ਦੀ ਸ਼ੈਲੀ ਖੰਡਨ ਅਤੇ ਤਰਕਮਈ ਪ੍ਰਗਟ ਹੁੰਦੀ ਹੈ:

ਪੜ੍ਹਿ ਪੁਸ੍ਤਕ ਸੰਧਿਆ ਬਾਦੰ ॥ ਸਿਲ ਪੂਜਸਿ ਬਗੁਲ ਸਮਾਧੰ ॥

ਮੁਖਿ ਝੂਠੁ ਬਿਭੂਖਨ ਸਾਰੰ ॥ ਤ੍ਰੈਪਾਲ ਤਿਹਾਲ ਬਿਚਾਰੰ ॥
ਗਲਿ ਮਾਲਾ ਤਿਲਕ ਲਿਲਾਟੰ॥ ਦੁਇ ਧੋਤੀ ਬਸਤ੍ਰ ਕਪਾਟੰ ॥
ਜੋ ਜਾਨਸਿ ਬ੍ਰਹਮੰ ਕਰਮੰ॥ ਸਭ ਫੋਕਟ ਨਿਸਚੈ ਕਰਮੰ ॥
ਕਹੁ ਨਾਨਕ ਨਿਸਚੌ ਧਿ੍ਾਵੈ॥ ਬਿਨੁ ਸਤਿਗੁਰ ਬਾਟ ਨ ਪਾਵੈ॥ (ਪੰਨਾ ੧੩੫੩)

ਸਲੋਕ ਵਾਰਾਂ ਤੇ ਵਧੀਕ ਸਿਰਲੇਖ ਹੇਠ ਦਰਜ ਸਲੋਕਾਂ ਦੇ ਵਿਸ਼ੇ-ਵਸਤੂ ਦੇ ਪਰਿਪੇਖ ਤੋਂ ਪਤਾ ਲੱਗਦਾ ਹੈ ਕਿ ਇਹ ਵਿਸ਼ੇਸ਼ ਸੰਗਠਨ ਵਿਚ ਬੱਝੇ ਹੋਏ ਹਨ। ਵਿਸ਼ੇ-ਵਸਤੂ ਦੇ ਪੱਖੋਂ ਇਹ ਖਾਸ ਤਰਤੀਬ ਵਿਚ ਬੱਝੇ ਹੋਏ ਹਨ, ਇਕ ਦਾ ਸੰਬੰਧ ਦੂਜੇ ਨਾਲ ਪਕੀਦਾ ਹੈ। ਡਾ. ਬਲਵੰਤ ਸਿੰਘ ਢਿੱਲੋਂ ਅਨੁਸਾਰ, ਵਿਸ਼ੇ ਦੇ ਪੱਖੋਂ ਇਨ੍ਹਾਂ ਨੂੰ ਅਜਿਹੀ ਤਰਤੀਬ ਵਿਚ ਸੰਜੋਇਆ ਗਿਆ ਹੈ ਕਿ ਇਹ ਮਿਲ ਕੇ ਮੁਕੰਮਲ ਤੇ ਨਿਵੇਕਲੀ ਰਚਨਾ ਦਾ ਰੂਪ ਅਖਤਿਆਰ ਕਰ ਲੈਂਦੇ ਹਨ, ਇਉਂ ਇਹ ਸਲੋਕ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਨੁਪਮ ਕਾਵਿਕ ਪ੍ਰਤਿਭਾ ਅਤੇ ਆਤਮਿਕ ਅਨੁਭੂਤੀ ਦਾ ਪ੍ਰਤੀਕ ਹਨ, ਉੱਥੇ ਸਹਿਜੇ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੰਪਾਦਨ ਕਲਾ ਕਰਨ ਨਾਲ ਵੀ ਸਾਡੀ ਜਾਣ-ਪਹਿਚਾਣ ਕਰਵਾਉਂਦੇ ਹਨ।[7]

ਇਨ੍ਹਾਂ ਵਿਚ ਛੰਦਾਬੰਦੀ ਦੇ ਪੱਖੋਂ ਚੌਪਈ, ਦੋਹਰਾ, ਸੋਰਠਾ, ਨਿਸ਼ਾਨੀ ਦੀ ਵਰਤੋਂ ਕੀਤੀ ਗਈ ਹੈ ਅਤੇ ਕਾਵਿ-ਜੁਗਤ ਵਜੋਂ ਇਹ ਸਲੋਕ ਪ੍ਰਤੀਕਾਂ ਨਾਲ ਭਰਪੂਰ ਹਨ। ਇਨ੍ਹਾਂ ਵਿਚ ਬਣ, ਤਾਰੂ, ਬੇੜਾ, ਬਾਘ, ਕਲਰ, ਸਰਵਰ, ਹੰਸ, ਭਾਂਡਾ, ਉਸਾ ਕੰਵਲ, ਅੰਮ੍ਰਿਤ ਸਰ ਆਦਿ ਪ੍ਰਤੀਕਾਂ ਦੀ ਵਰਤੋਂ ਕਰਦੇ ਹੋਏ ਜੀਵ ਨੂੰ ਮਾਇਆ ਦੇ ਬੰਧਨਾਂ ਤੋਂ ਛੁਟਕਾਰਾ ਪਾ ਕੇ ਸਤਿਗੁਰੂ ਦੀ ਸ਼ਰਨ ਪ੍ਰਾਪਤ ਕਰਨ ਲਈ ਆਦੇਸ਼ ਕੀਤੇ ਗਏ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਕਈ ਸਰਲ, ਸਪੱਸ਼ਟ, ਸੂਤਰਬਧ ਸ਼ੈਲੀ ਵਾਲੇ ਸਲੋਕ ਅਟੱਲ ਸੱਚਾਈਆਂ, ਅਖਾਣਾਂ, ਮੁਹਾਵਰਿਆਂ ਦਾ ਰੂਪ ਵੀ ਧਾਰਨ ਕਰ ਗਏ ਹਨ, ਉਦਾਹਰਣ ਵਜੋਂ:

੧. *ਸਤੀ ਰੰਨੀ ਘਰੇ ਸਿਆਪਾ ਰੋਵਨਿ ਕੂੜੀ ਕੰਮੀ ॥* (ਪੰਨਾ ੧੪੧੨)
੨. *ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ॥* (ਪੰਨਾ ੧੪੧੨)
੩. *ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥੧੨॥* (ਪੰਨਾ ੧੪੧੧)
੪. *ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ ॥* (ਪੰਨਾ ੧੪੧੨)
੫. *ਭਾਂਡਾ ਧੋਵੈ ਕਉਣੁ ਜਿ ਕਚਾ ਸਾਜਿਆ ॥* (ਪੰਨਾ ੧੪੧੧)

ਗੁਰੂ ਨਾਨਕ ਰਚਿਤ ਸਲੋਕਾਂ ਦੀ ਭਾਸ਼ਾ: ਸ੍ਰੀ ਗੁਰੂ ਨਾਨਕ ਦੇ ਸਮੇਂ ਫ਼ਾਰਸੀ ਰਾਜ ਭਾਸ਼ਾ ਦਾ ਦਰਜਾ ਗ੍ਰਹਿਣ ਕਰ ਚੁੱਕੀ ਸੀ ਅਤੇ ਸੰਸਕ੍ਰਿਤ ਨੂੰ ਹਿੰਦੂ ਸਮਾਜ ਨੇ ਦੇਵ ਭਾਸ਼ਾ ਦਾ ਦਰਜਾ ਦਿੱਤਾ ਹੋਇਆ ਸੀ। ਅਜਿਹੇ ਸਮੇਂ ਗੁਰੂ ਜੀ ਨੇ ਪੰਜਾਬ ਦੀ ਭਾਸ਼ਾ ਪੰਜਾਬੀ ਨੂੰ ਅਨੁਭਵ ਦੀ ਪ੍ਰਸਤੁਤੀ ਦਾ ਕੇਂਦਰ ਬਣਾਇਆ। ਭਾਸ਼ਾ ਦੀ ਵੰਨ-ਸੁਵੰਨਤਾ, ਭਾਸ਼ਾਈ ਤੰਗ ਨਜ਼ਰੀਏ ਤੋਂ ਉੱਪਰ ਉੱਠ ਕੇ ਭਾਵ-ਸੰਚਾਰ ਦੇ ਸਰਵਗ੍ਰਾਹੀ ਸਾਧਨ ਵਜੋਂ ਸਾਹਮਣੇ ਆਉਂਦੀ ਹੈ। ਗੁਰੂ ਜੀ ਦੁਆਰਾ ਵਰਤੀ ਗਈ ਭਾਸ਼ਾ ਦਾ ਸਰੂਪ ਪੂਰਬੀ ਪੰਜਾਬੀ, ਲਹਿੰਦੀ ਅਤੇ ਸੁਧਕੜੀ ਦੇ ਪ੍ਰਭਾਵ ਵਾਲਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਨੇ ਭਾਵ ਅਤੇ ਪ੍ਰਸੰਗ ਅਨੁਸਾਰ ਵੀ ਭਾਸ਼ਾ ਨੂੰ ਨਵੀਂ ਮੁਹਾਰ ਦਿੱਤੀ ਹੈ। ਕੇਵਲ ਏਨਾ ਹੀ ਨਹੀਂ ਸਹਸਕ੍ਰਿਤ ਸਲੋਕਾਂ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਨੇ 10ਵੀਂ, 11ਵੀਂ ਸਦੀ ਵਿਚ ਪ੍ਰਚਲਿਤ ਸਹਸਕ੍ਰਿਤ ਭਾਸ਼ਾ ਦਾ ਰੂਪ ਸੰਭਾਲਿਆ ਹੈ। ਇਹ ਭਾਰਤੀ ਭਾਸ਼ਾਵਾਂ ਦੇ ਵਿਕਾਸ ਵਿਚ ਵੱਡੀ ਉਪਲਬਧੀ ਅਤੇ ਗੌਰਵਤਾ ਵਾਲੀ ਗੱਲ ਹੈ ਕਿ ਇਸ ਭਾਸ਼ਾ ਦਾ ਰੂਪ

ਸਾਡੇ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਂਭਿਆ ਪਿਆ ਹੈ। ਸਹਸਕ੍ਰਿਤੀ ਬਾਣੀ ਦੀ ਭਾਸ਼ਾ ਸੰਸਕ੍ਰਿਤ ਨਹੀਂ ਹੈ। ਇਹ ਸੰਸਕ੍ਰਿਤ ਵਿੱਚੋਂ ਵਿਕਾਸ ਹੋਈ ਹੈ, ਇਹ ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਦਾ ਵਿਸ਼ੇਸ਼ ਮਿਲਵਾਂ ਰੂਪ (ਵੰਨਗੀ) ਹੈ। ਇਹ ਭਾਸ਼ਾ ਵਿਕਸਿਤ ਹੋ ਕੇ ਸਾਰੇ ਹੀ ਉੱਤਰੀ ਭਾਰਤ ਵਿਚ ਕਈ ਸਦੀਆਂ ਪ੍ਰਚਲਿਤ ਰਹੀ ਹੈ।

ਸੋ ਸਹਸਕ੍ਰਿਤੀ ਭਾਰਤ ਦੇ ਉੱਤਰ-ਪੂਰਬ, ਪੱਛਮ ਅਤੇ ਦੱਖਣ, ਮੱਧ ਭਾਰਤ ਦੇ ਸਮੁੱਚੇ ਇਲਾਕੇ ਵਿਚ ਪ੍ਰਚਲਿਤ ਸੀ ਅਤੇ ਆਮ ਬੋਲੀ ਜਾਂਦੀ ਸੀ। ਸਹਸਕ੍ਰਿਤ ਉਸ ਸਮੇਂ ਦੀ ਮੁੱਖ ਅਤੇ ਸਰਬ-ਸਾਂਝੀ ਭਾਸ਼ਾ ਸੀ। ਇਹ ਭਾਸ਼ਾ 10ਵੀਂ 11ਵੀਂ ਸਦੀ ਤੋਂ ਲੈ ਕੇ 16ਵੀਂ ਸਦੀ ਤੱਕ ਪ੍ਰਚਲਿਤ ਰਹੀ, ਸੋ ਸਹਸਕ੍ਰਿਤ ਭਾਸ਼ਾ ਸੰਯੋਗਆਤਮਿਕ ਭਾਸ਼ਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਰਚਿਤ ਸਹਸਕ੍ਰਿਤ ਸਲੋਕਾਂ ਵਿਚ ਵਡਮੁੱਲਾ ਗਿਆਨ ਅਤੇ ਵਿਚਾਰ (thought) ਸਮੋਇਆ ਹੋਇਆ ਹੈ। ਇਸ ਭਾਸ਼ਾ ਵਿਚ ਕੇਵਲ 4 ਬਾਣੀਕਾਰਾਂ (ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਭਗਤ ਜੈ ਦੇਵ ਜੀ, ਭਗਤ ਬੇਣੀ ਜੀ) ਨੇ ਬਾਣੀ ਰਚਨਾ ਕੀਤੀ ਹੈ।

ਡਾ. ਰਤਨ ਸਿੰਘ ਜੱਗੀ ਗੁਰੂ ਨਾਨਕ ਬਾਣੀ ਦੀ ਭਾਸ਼ਾ ਦੀ ਸਿਫ਼ਤ ਕਰਦੇ ਹੋਏ ਲਿਖਦੇ ਹਨ ਕਿ, "ਗੁਰੂ ਨਾਨਕ ਦੇਵ ਦਾ ਭਾਸ਼ਾ ਉੱਤੇ ਏਨਾ ਅਧਿਕਾਰ ਸੀ ਕਿ ਉਨ੍ਹਾਂ ਨੇ ਆਪਣੇ ਭਾਵਾਂ ਦਾ ਜੋ ਰੰਗ ਜਿਵੇਂ ਵੀ ਭਰਨਾ ਚਾਹਿਆ, ਭਾਸ਼ਾ ਨੇ ਉਸ ਨੂੰ ਸਵੀਕਾਰ ਕਰਕੇ ਆਪਣੇ ਗੌਰਵ ਨੂੰ ਵਧਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਨਵੇਂ ਸਭਿਆਚਾਰ ਦੇ ਪ੍ਰਤੀਕ ਨਹੀਂ ਹਨ, ਸਗੋਂ ਪੰਜਾਬੀ ਭਾਸ਼ਾ ਦੇ ਵਿਕਾਸ ਦੇ ਮੋਢੀ ਸਨ।[8]

ਗੁਰੂ ਨਾਨਕ ਰਚਿਤ ਸਲੋਕਾਂ ਦਾ ਵਿਸ਼ੇ ਪੱਖ: ਗੁਰੂ ਸਾਹਿਬ ਰਚਿਤ ਸਲੋਕਾਂ ਵਿੱਚ ਅਧਿਆਤਮਿਕ, ਸਮਾਜਿਕ, ਧਾਰਮਿਕ, ਨੈਤਿਕ, ਰਾਜਨੀਤਿਕ, ਤਤਕਾਲੀਨ ਆਦਿ ਪੱਖਾਂ ਦਾ ਨਿਰੂਪਣ ਹੋਇਆ ਹੈ। ਲੌਕਿਕਤਾ ਤੋਂ ਲੈ ਕੇ ਪਰਾਲੌਕਿਕਤਾ ਦੇ ਲਗਭਗ ਸਾਰੇ ਵਿਸ਼ਿਆਂ ਦਾ ਨਿਰੂਪਣ ਸ੍ਰੀ ਗੁਰੂ ਨਾਨਕ ਸਾਹਿਬ ਦੇ ਰਚਿਤ ਸਲੋਕਾਂ ਅੰਦਰ ਵਿਦਮਾਨ ਹੈ। ਆਪ ਦੇ ਸਲੋਕਾਂ ਵਿਚ ਕਾਦਰ ਅਤੇ ਕੁਦਰਤ ਦਾ ਜਲਵਾ ਇਕ ਸਾਮਾਨ ਵਿਅਕਤ ਹੋਇਆ ਹੈ। ਸੁਹਜਾਤਮਿਕ ਕੀਮਤਾਂ ਦਾ ਪ੍ਰਤਿਪਾਦਨ ਸਲੋਕਾਂ ਵਿਚ ਬਹੁਤ ਖ਼ੂਬਸੂਰਤ ਕਰਦੇ ਹਨ। ਕੁਦਰਤ ਦੇ ਸੁਹੱਪਣ ਨੂੰ ਚਾਰ ਚੰਨ ਲਾਉਣ ਵਾਲੇ ਸਰੋਵਰ ਜਿਸ ਵਿਚ ਸੋਨੇ ਰੰਗੇ ਚਮਕਦੇ ਖਿੜੇ ਕੰਵਲ ਦੇ ਫੁੱਲ ਹਰ ਪਾਸੇ ਤਾਜ਼ਗੀ ਪੈਦਾ ਕਰ ਰਹੀ ਹਰਿਆਵਲ ਛਾਈ ਹੋਈ ਹੈ, ਦਾ ਮਨਮੋਹਕ ਦ੍ਰਿਸ਼ ਗੁਰੂ ਜੀ ਸਲੋਕ ਵਾਰਾਂ ਤੇ ਵਧੀਕ ਵਿਚ ਇੰਵ ਖਿੱਚਦੇ ਹਨ:

ਪਬਰ ਤੂੰ ਹਰੀਆਵਲਾ ਕਵਲਾ ਕੰਚਨ ਵੰਨਿ ॥
ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ ॥
ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ ॥
ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ ॥੩੦॥ (ਪੰਨਾ ੧੪੧੨)

ਆਸਾ ਦੀ ਵਾਰ ਦੇ ਸ਼ੁਰੂ ਵਿਚ ਦਰਜ ਸਲੋਕਾਂ ਵਿਚ ਗੁਰੂ ਦੇ ਮਹੱਤਵ ਨੂੰ ਵਿਸ਼ਵਾਰਥੀ ਅਤੇ ਬਿਬੇਕਬੁੱਧ ਨਾਲ ਪੇਸ਼ ਕੀਤਾ ਹੈ। ਜਿਨ੍ਹਾਂ ਨੂੰ ਪੜ੍ਹਨ ਨਾਲ ਅਨਾੜੀ ਮਨੁੱਖ ਨੂੰ ਵੀ ਝੱਟ ਗੁਰੂ ਦੀ ਮਹੱਤਤਾ ਦੇ ਅਰਥ ਸੰਚਾਰਿਤ ਹੋ ਜਾਂਦੇ ਹਨ। ਇਹ ਕਮਾਲ ਹੈ ਸਲੋਕ ਦੇ ਸਰਲ, ਸਪਸ਼ਟ ਸਰੂਪ ਅਤੇ ਗੁਰੂ ਜੀ ਦੀ ਕਾਵਿ ਪ੍ਰਗਟਾਉ ਜੁਗਤ ਦਾ। ਮਿਸਾਲ ਲਈ:

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥

ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥ (ਪੰਨਾ ੪੬੨)
ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ ॥ (ਪੰਨਾ ੪੬੩)
ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥ (ਪੰਨਾ ੪੬੩)

ਆਪਣੇ ਸਮੇਂ ਦੇ ਰਾਜਨੀਤਿਕ ਵਾਤਾਵਰਣ ਨੂੰ ਬੜੇ ਭਾਵਪੂਰਤ ਅਤੇ ਵਿਅੰਗਮਈ ਸ਼ੈਲੀ ਵਿਚ ਚਿਤਰਿਤ ਕੀਤਾ ਹੈ। ਉਨ੍ਹਾਂ ਨੇ ਵਰਣਨ ਕੀਤਾ ਹੈ ਕਿ ਰਾਜਾ, ਪਰਜਾ, ਧਾਰਮਿਕ ਆਗੂ ਸਭ ਦਾ ਪਤਨ ਹੋ ਗਿਆ ਸੀ ਪਰ ਇਨ੍ਹਾਂ ਦੀ ਗਿਰਾਵਟ ਅਤੇ ਪਤਨ ਦਾ ਮੂਲ ਕਾਰਨ ਕਾਮ, ਕ੍ਰੋਧ ਲੋਭ, ਮੋਹ, ਝੂਠ ਅਤੇ ਅਗਿਆਨਤਾ ਦਾ ਘੋਰ ਹਨੇਰਾ ਸੀ। ਇਹੋ ਜਿਹੀ ਮਨੋ ਅਵਸਥਾ ਅਤੇ ਰਾਜਨੀਤਿਕ ਦਸ਼ਾ ਦਾ ਵਰਣਨ ਸਿਰੀ ਰਾਗ ਅੰਦਰ ਵੀ ਪਹਿਲੇ ਪਾਤਸ਼ਾਹ ਜੀ ਕਰਦੇ ਹਨ:

ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥
ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥ (ਪੰਨਾ ੧੫)

ਸਮੇਂ-ਸਥਾਨ ਦੀ ਸੀਮਾ ਦੇ ਕਾਰਨ ਸ੍ਰੀ ਗੁਰੂ ਨਾਨਕ ਸਾਹਿਬ ਰਚਿਤ ਸਲੋਕਾਂ ਦਾ ਸਮੁੱਚੇ ਵਿਸ਼ਿਆਂ ਦਾ ਵਿਸਥਾਰਿਤ ਵਰਣਨ ਨਹੀਂ ਕੀਤਾ ਜਾ ਸਕਦਾ। ਸੋ ਸ੍ਰੀ ਗੁਰੂ ਨਾਨਕ ਸਾਹਿਬ ਦੇ ਰਚਿਤ ਸਲੋਕ ਵਿਸਮਾਦੀ ਰੰਗਤ, ਕਾਵਿ-ਰੂਪਕ ਵਿਸ਼ੇਸ਼ਤਾਵਾਂ ਅਤੇ ਵਿਸ਼ੇ ਪੱਖ ਤੋਂ ਅਮੀਰ ਗੁਣਾਂ ਦੇ ਧਾਰਨੀ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਵਿਚਾਰਧਾਰਾ ਦੇ ਸਹਿਜ ਸੰਚਾਰ ਲਈ ਸਲੋਕ ਨੂੰ ਸੁਚੱਜੇ ਢੰਗ ਨਾਲ ਮਾਧਿਅਮ ਵਜੋਂ ਵਰਤਿਆ ਹੈ। ਜਿਨ੍ਹਾਂ ਵਿਚਲੀ ਵਿਚਾਰਧਾਰਾ (thought) ਸਮਕਾਲ ਤੋਂ ਸਰਬਕਾਲ ਤੱਕ ਵਿਚਰਣ ਦੀ ਅਸੀਮ ਸ਼ਕਤੀ ਰੱਖਦੀ ਹੈ।

ਹਵਾਲੇ ਅਤੇ ਟਿੱਪਣੀਆਂ

1. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1998, ਪੰਨਾ 172.
2. ਸੁਖਦੇਵ ਸਿੰਘ (ਡਾ.), *ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਲੋਕਾਂ ਦਾ ਸਮਾਜਿਕ ਸਭਿਆਚਾਰਕ ਅਧਿਐਨ*, ਪੀ ਐਚ. ਡੀ. (ਥੀਸਸ), ਜੀ.ਐਨ.ਡੀ.ਯੂ, 2012, ਪੰਨਾ 10.
3. *ਉਹੀ,* ਪੰਨਾ ੫੧.
4. ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥
ਦਇਆਲ ਪੁਰਖ ਮਿਹਰਵਾਨਾ॥ ਹਰਿ ਨਾਨਕ ਸਾਚੁ ਵਖਾਨਾ ॥ (ਪੰਨਾ ੬੨੮)
5. ਰਾਮ ਸਿੰਘ (ਡਾ.), *ਜਪੁ ਜੀ ਵਿਸ਼ਾ ਤੇ ਰੂਪ*, ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ, 2004, (ਦੂਜੀ ਵਾਰ), ਪੰਨਾ 80.
6. ਸੁਖਦੇਵ ਸਿੰਘ (ਡਾ.), *ਉਪਰੋਕਤ*, ਪੰਨਾ 53.
7. ਬਲਵੰਤ ਸਿੰਘ ਢਿੱਲੋਂ (ਡਾ.), ਸੈਮੀਨਾਰ ਪਰੋਸੀਡਿੰਗ, *ਸਲੋਕ ਵਾਰਾਂ ਤੇ ਵਧੀਕ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2002, ਪੰਨਾ 73.
8. ਰਤਨ ਸਿੰਘ ਜੱਗੀ (ਡਾ.), *ਗੁਰੂ ਗ੍ਰੰਥ ਵਿਸ਼ਵ ਕੋਸ਼ ਭਾਗ ਦੂਜਾ*, ਪੰਜਾਬੀ ਯੂਨੀ. ਪਟਿਆਲਾ, 2002, ਪੰਨਾ 156.

ਸਲੋਕ ਵਾਰਾਂ ਤੇ ਵਧੀਕ ਮ: ੧ : ਗੁਰੂ ਦਰਸ਼ਨ

ਸਲੋਕ ਵਾਰਾਂ ਤੇ ਵਧੀਕ ਮਹਲਾ ੧ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੪੧੦ ਤੋਂ ੧੪੧੨ ਉਪਰ ਵਿਦਮਾਨ ਹੈ। ਸਲੋਕ ਦੇ ਸਿਰਲੇਖ ਹੇਠ ਬਾਣੀ ਦੋ ਤਰ੍ਹਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਈ ਹੈ। ਇਹ ਤਾਂ ਇਹ ਸਲੋਕ ਵਾਰਾਂ ਵਿਚ ਸ਼ਾਮਲ ਹਨ। ਇਹਨਾਂ ਵਾਰਾਂ ਤੋਂ ਬਾਕੀ ਬਚੇ ਸਾਰੇ ਸਲੋਕ 'ਸਲੋਕ ਵਾਰਾਂ ਤੋਂ ਵਧੀਕ' ਸਿਰਲੇਖ ਹੇਠ ਦਰਜ ਹਨ। ਇਹਨਾਂ ਵਿਚ ਗੁਰੂ ਨਾਨਕ ਸਾਹਿਬ ਜੀ, ਗੁਰੂ ਅਰਮਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਸਾਹਿਬ ਜੀ ਅਤੇ ਗੁਰੂ ਤੇਗ਼ ਬਹਾਦਰ ਜੀ ਦੇ ਸਲੋਕ ਆਉਂਦੇ ਹਨ। ਸਲੋਕ ਮਹਲਾ ੧ ਸਿਰਲੇਖ ਹੇਠ ਕੁਲ 33 ਸਲੋਕ ਦਰਜ ਹਨ। ਗੁਰੂ ਨਾਨਕ ਸਾਹਿਬ ਜੀ ਦੇ 32 ਸਲੋਕ ਹਨ, ਇਕ ਸਲੋਕ (ਲਾਹੌਰ ਸਹਰੁ ਅੰਮ੍ਰਿਤਸਰੁ ਸਿਫਤੀ ਦਾ ਘਰੁ) ਗੁਰੂ ਅਮਰਦਾਸ ਜੀ ਦਾ ਹੈ।

ਵਿਸ਼ੇ ਪੱਖ ਤੋਂ ਇਹ ਸਲੋਕ ਬਾਕੀ ਬਾਣੀ ਦੀ ਤਰ੍ਹਾਂ ਮਹੱਤਵਪੂਰਨ ਹਨ। ਬਹੁਤ ਸਾਰੇ ਵਿਸ਼ਿਆਂ ਦੀ ਚਰਚਾ ਇਹਨਾਂ ਸਲੋਕਾਂ ਵਿਚ ਹੋਈ ਮਿਲਦੀ ਹੈ। ਹਥਲੇ ਲੇਖ ਵਿਚ ਅਸੀਂ ਕੇਵਲ ਗੁਰੂ ਸੰਬੰਧੀ ਮਿਲਦੇ ਵਿਚਾਰਾਂ ਨੂੰ ਚਰਚਾ ਦਾ ਆਧਾਰ ਬਣਾਇਆ ਹੈ। 'ਗੁਰੂ' ਦਾ ਸੰਕਲਪ ਧਰਮਾਂ ਦੇ ਇਤਿਹਾਸ ਵਿਚ ਕੇਂਦਰੀ ਕੜੀ ਵਜੋਂ ਮੰਨਿਆ ਜਾਂਦਾ ਹੈ। ਗੁਰੂ ਇਕ ਅਜਿਹਾ ਕੇਂਦਰੀ ਧੁਰਾ ਹੈ ਜਿਸ ਦੇ ਦੁਆਲੇ ਉਸ ਦੇ ਸੰਬੰਧਿਤ ਧਰਮ ਦਾ ਇਤਿਹਾਸ, ਦਰਸ਼ਨ, ਉਸ ਦੀ ਮਾਨਵੀ ਸਮਾਜ ਲਈ ਸਥਾਪਿਤ ਕਦਰਾਂ-ਕੀਮਤਾਂ ਅਤੇ ਸਮਾਜ ਦੇ ਕਲਿਆਣ ਲਈ ਕੀਤੇ ਕਾਰਜ ਸੰਬੰਧਿਤ ਹੁੰਦੇ ਹਨ। ਗੱਲ ਕੀ, ਗੁਰੂ ਦੀ ਧਰਮ ਸਾਧਨਾ ਦੇ ਖੇਤਰ ਵਿਚ ਵਿਆਪਕ ਪ੍ਰਭੂਸੱਤਾ ਹੁੰਦੀ ਹੈ।

ਗੁਰਬਾਣੀ ਵਿਚ ਪਰਮਾਤਮਾ, ਆਤਮਾ, ਸ੍ਰਿਸ਼ਟੀ, ਮਨ, ਹਉਮੈ, ਮਾਇਆ, ਹੁਕਮ, ਕਰਮ, ਗਿਆਨ, ਨਾਮ, ਗੁਰੂ ਆਦਿ ਵਿਸ਼ਿਆਂ ਦੀ ਚਰਚਾ ਹੋਈ ਹੈ। ਇਹਨਾਂ ਵਿਚੋਂ ਪਰਮਾਤਮਾ, ਆਤਮਾ ਅਤੇ ਗੁਰੂ ਵਧੇਰੇ ਮਹੱਤਵ ਰੱਖਦੇ ਹਨ। ਗੁਰੂ ਜੀਵ-ਆਤਮਾ ਦਾ ਪਰਮਾਤਮਾ ਨਾਲ ਮੇਲ ਕਰਾਉਣ ਦੇ ਸਮਰੱਥ ਹੁੰਦਾ ਹੈ। ਇਸ ਸੰਬੰਧੀ ਹੋਰ ਵਿਆਖਿਆ ਕਰਦਿਆਂ ਹੋਇਆਂ ਡਾ ਦਰਸ਼ਨ ਸਿੰਘ ਲਿਖਦੇ ਹਨ, 'ਬ੍ਰਹਮ ਅਦੋਤ ਹੈ।' ਅਰਥਾਤ ਉਹ ਇਕੋ-ਇਕ ਸਦਾ ਸਥਿਰ ਰਹਿਣ ਵਾਲੀ ਅਜਿਹੀ ਚੇਤੰਨ ਸ਼ਕਤੀਮਾਨ ਹਸਤੀ ਹੈ ਜਿਸ ਵਿਚੋਂ ਸਾਰੀ ਸ੍ਰਿਸ਼ਟੀ ਦੀ ਉਤਪਤੀ ਹੋਈ ਹੈ। ਇਹ ਸ੍ਰਿਸ਼ਟੀ ਨਿਰਗੁਣ ਬ੍ਰਹਮ ਦਾ ਹੀ ਵਿਅਕਤ ਰੂਪ ਹੈ ਜੋ ਉਸ ਦੇ ਹੁਕਮ ਨਾਲ ਰੂਪਮਾਨ ਹੋਈ ਹੈ ਅਤੇ ਉਸੇ ਵਿਚ ਵਿਚਰਦੀ ਹੈ ਤੇ ਅੰਤ ਉਸੇ ਵਿਚ ਲੀਨ ਹੋ ਜਾਂਦੀ ਹੈ ਆਤਮਾ ਮਨੁੱਖੀ ਸਰੀਰ ਵਿਚ ਵਿਆਪਕ ਸੁਚੇਤ ਅਸਲੀਅਤ ਹੈ ਜੋ ਸਰੀਰ ਵਿਚ ਬ੍ਰਹਮ ਦਾ ਹੀ ਅੰਸ਼ ਹੈ। ਪਰ ਹਉਮੈ ਰੂਪ ਮਾਇਆ ਦੇ ਕਾਰਨ ਆਪਣੀ ਵਾਸਤਵਿਕਤਾ ਨੂੰ ਨਹੀਂ ਪਹਿਚਾਣਦੀ।

ਨਾਮ, ਕੀਰਤਨ, ਗਿਆਨ, ਭਗਤੀ ਆਦਿ ਸਾਧਨਾਂ ਦੁਆਰਾ ਜਦੋਂ ਮਨੁੱਖੀ ਮਨ ਪਵਿੱਤਰ ਹੋ ਕੇ ਸਵੈ-ਸਰੂਪ ਵਿਚ ਟਿਕ ਜਾਂਦਾ ਹੈ ਤਾਂ ਉਹ ਸਭ ਵਿਕਾਰਾਂ ਤੋਂ ਮੁਕਤ ਹੋ ਕੇ ਆਤਮਾ ਦੀ ਪਹਿਚਾਣ ਕਰ ਲੈਂਦਾ ਹੈ। ਪਰ ਇਹ ਸਾਧਨ ਗੁਰੂ ਬਿਨਾਂ ਉਪਲਬਧ ਹੋਣੇ ਅਸੰਭਵ ਹਨ। ਗੁਰੂ ਪਰਮਾਤਮਾ ਦਾ ਇਕ ਵਿਸ਼ੇਸ਼ ਰੂਪ ਹੈ। ਅਕਾਲ ਪੁਰਖ ਆਪਣੀ ਗਿਆਨ ਸ਼ਕਤੀ ਨੂੰ ਕਿਸੇ ਸ਼ਿਸ਼ ਆਤਮਾ ਵਿਚ ਜਗਤ ਕਲਿਆਣ ਲਈ ਰੱਖਦਾ ਹੈ। ਇਹੀ ਆਤਮਾ ਮਨੁੱਖੀ ਸਰੀਰ ਵਿਚ ਗੁਰੂ ਅਖਵਾਉਂਦੀ ਹੈ।[1] ਇਸ ਲਈ ਧਾਰਮਿਕ ਸਾਧਨਾ ਵਿਚ ਗੁਰੂ ਦਾ ਸਥਾਨ ਸਰਵ-ਉੱਚ ਹੈ।

'ਗੁਰੂ' ਸ਼ਬਦ ਦਾ ਅਰਥ ਬਹੁ-ਪ੍ਰਕਾਰੀ ਹੈ। ਆਮ ਤੌਰ 'ਤੇ ਵੱਡਾ, ਭਾਰਾ, ਸਿੱਖਿਆ ਦੇਣ ਵਾਲਾ, ਉੱਚਾ ਵਿਅਕਤੀ ਆਦਿ ਕਈ ਅਰਥ ਹਨ। 'ਗੁਰੂ' ਸ਼ਬਦ ਦੀ ਵਿਉਤਪਤੀ 'ਗ੍ਰਿ' ਧਾਤੂ ਤੋਂ ਹੋਈ ਹੈ, ਜਿਸ ਦਾ ਅਰਥ ਹੈ ਨਿਗਲਣਾ ਜਾਂ ਸਮਝਾਉਣਾ। ਇਸ ਲਈ ਜਿਹੜਾ ਵਿਅਕਤੀ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਜਗਿਆਸੂ ਨੂੰ ਤੱਤ ਗਿਆਨ ਸਮਝਾਉਂਦਾ ਹੈ, ਉਹ ਗੁਰੂ ਹੁੰਦਾ ਹੈ।[2] ਗੁਰੂ ਸ਼ਬਦ ਦੀ ਵਿਆਖਿਆ ਕਰਦੇ ਹੋਏ 'ਗੁ' ਦਾ ਅਰਥ ਅੰਧਕਾਰ ਅਤੇ 'ਰੂ' ਦਾ ਅਰਥ ਦੂਰ ਕਰਨ ਵਾਲਾ ਲਿਆ ਜਾਂਦਾ ਹੈ। ਇਸ ਤਰ੍ਹਾਂ 'ਗੁਰੂ' ਉਹ ਹੈ ਜੋ ਆਪਣੇ ਸੇਵਕ ਜਾਂ ਸ਼ਿਸ਼ ਦੇ ਅਗਿਆਨ ਰੂਪੀ ਹਨੇਰੇ ਨੂੰ ਦੂਰ ਕਰੇ।[3] ਪ੍ਰਿੰ. ਧਰਮਾਨੰਤ ਸਿੰਘ 'ਗੁਰੂ' ਦੀ ਵਿਆਖਿਆ ਸੰਬੰਧੀ ਚਰਚਾ ਕਰਦੇ ਹੋਏ ਕਹਿੰਦੇ ਹਨ:

ਗਿਆਨ ਸੁਲਾ ਕਾ ਦੈ ਬੁਧ ਲੋਚਨ। ਕਰਹੈ ਤਮ ਅਗਿਆਨ ਵਿਮੋਚਨ। ਨਿਰਾਵਰਨ ਦ੍ਰਿਗ ਕਰੈ ਜੁ, ਸ੍ਰੀ ਗੁਰ।

ਚੁਨਾਂਚਿ ਪੂਰਨ ਗੁਰੂ ਉਹ ਹੈ ਜੋ ਗਿਆਨ ਰੂਪੀ ਅੰਜਨ ਸਾਡੀ ਬੁੱਧੀ ਦੇ ਨੇਤਰਾਂ ਵਿਚ ਪਾ ਕੇ ਅਗਿਆਨ ਰੂਪੀ ਲਾਲੀ ਦਾ ਨਾਸ਼ ਕਰ ਦੇਵੇ ਜਾਂ ਸਾਦੇ ਸ਼ਬਦ ਵਿਚ ਇਉਂ ਆਖ ਲਵੋ ਕਿ ਜੋ ਅਵਿੱਦਿਆ ਨੂੰ ਦੂਰ ਕਰ ਕੇ ਜੀਵ ਨੂੰ ਆਪੇ ਦੀ ਸੂਝ ਦਿਵਾ ਦੇਵੇ, ਉਹੀ ਸਤਿਗੁਰੂ ਹੈ, ਉਹ ਕਾਮਲ ਰਹਿਬਰ ਹੈ।[4]

ਗੁਰੂ ਸ਼ਬਦ ਦੀ ਵਿਉਤਪਤੀ ਨੂੰ ਸਪਸ਼ਟ ਕਰਨ ਲਈ ਡਾ. ਦਰਸ਼ਨ ਸਿੰਘ ਨੇ ਸੰਸਕ੍ਰਿਤ ਦੇ ਤਿੰਨ ਸਲੋਕਾਂ ਦਾ ਹਵਾਲਾ ਆਪਣੀ ਪੁਸਤਕ ਵਿਚ ਦਿੱਤਾ ਹੈ:

(1) 'गु शबदस्त्वनधकार स्याद 'रू' शब्ददस्त त्निरोधक:
अन्धकारनि रोधात्वाति, गुरू रित्यमिधायते।

(2) गुकार: प्रथमो वणी मायदि गुणाभासक:।
रूकारो ×ितीयो ब्रहम्‍ माया भ्रान्ति विभीचक:।

(3) गकार: सि×दि प्रीक्ती रेफ: पापस्य दाह्क:।
उकार शम्भुरित्यूक्त स्त्रित्यात्मा गुरू: स्मृत:।

ਅਰਥਾਤ 'ਗੁ' ਸ਼ਬਦ ਦਾ ਅਰਥ ਅੰਧਕਾਰ ਅਤੇ 'ਰੂ' ਸ਼ਬਦ ਦਾ ਅਰਥ ਤਮੋਨਾਸ਼ਕ ਹੈ। ਇਸ ਲਈ ਜਿਹੜੇ ਵਿਅਕਤੀ ਅਗਿਆਨ ਰੂਪ ਅੰਧਕਾਰ ਨੂੰ ਨਾਸ਼ ਕਰਦੇ ਹਨ, ਗੁਰੂ ਸ਼ਬਦ ਉਹਨਾਂ ਲਈ ਪ੍ਰਯੁਕਤ ਹੁੰਦਾ ਹੈ। 'ਗੁਰੂ' ਸ਼ਬਦ ਵਿਚ ਪਹਿਲਾਂ 'ਗੁਰ' ਮਾਇਆ ਆਦਿ ਗੁਣਾਂ ਨੂੰ ਪ੍ਰਕਾਸ਼ਿਤ ਕਰਦਾ ਹੈ ਅਤੇ ਦੂਜੇ ਸ਼ਬਦ 'ਰੂ' ਤੋਂ ਮਾਇਆ ਜਨਿਤ ਭ੍ਰਾਂਤੀ ਦੇ ਵਿਨਾਸ਼ਕ

ਬ੍ਰਹਮ ਦਾ ਬੋਧ ਹੁੰਦਾ ਹੈ। ਇਸ ਤੋਂ ਇਲਾਵਾ 'ਗੁਰੂ' ਪਰਮਾਤਮਾ ਦੀ ਸਗੁਣ ਅਤੇ 'ਰੂ' ਉਸ ਦੀ ਨਿਰਗੁਣ ਅਵਸਥਾ ਦਾ ਲਖਾਇਕ ਹੈ। ਤੀਜੇ ਸਲੋਕ ਅਨੁਸਾਰ 'ਗ-ਕਾਰ' ਦਾ ਅਰਥ ਹੈ ਸਿੱਧੀਦਾਤਾ, 'ਰ-ਕਾਰ' ਦਾ ਅਰਥ ਹੈ ਪਾਪ ਹਰਤਾ ਅਤੇ 'ਉ-ਕਾਰ' ਦਾ ਅਰਥ ਹੈ ਸ਼ਿਵ ਅਰਥਾਤ ਉਹ ਪਰਮਾਤਮਾ ਜਾਂ ਸ਼ਿਵ ਰੂਪ ਹਸਤੀ ਜਿਹੜੀ ਪਾਪਾਂ ਦਾ ਨਾਸ਼ ਕਰ ਕੇ ਸਿੱਧੀ ਸੰਪਨ ਬਣਾ ਦਿੰਦੀ ਹੈ, 'ਗੁਰੂ' ਅਖਵਾਉਂਦੀ ਹੈ।[5] ਵਿਉਤਪਤੀ ਪੱਖ ਤੋਂ ਗੁਰੂ ਸ਼ਬਦ ਦੇ ਅਰਥਾਂ ਨੂੰ ਜਦੋਂ ਵੇਖਿਆ ਜਾਂਦਾ ਹੈ ਤਾਂ ਉਸ ਦੇ ਕਈ ਭਾਵ ਨਿਕਲਦੇ ਹਨ। ਮਨੁੱਖ ਦੇ ਦੁਆਲੇ ਅਗਿਆਨ ਦਾ ਹਨੇਰਾ ਪਸਰਿਆ ਪਿਆ ਹੈ। ਇਹ ਅਗਿਆਨ ਮਾਇਆ ਕਰਕੇ ਹੈ, ਕਿਉਂਕਿ ਮਾਇਆ ਮਨੁੱਖ ਸਾਹਮਣੇ ਇਕ ਅਜਿਹੀ ਭ੍ਰਾਂਤੀ ਹੈ ਜੋ ਉਸ ਨੂੰ ਗਿਆਨ ਵੱਲ ਜਾਣ ਨਹੀਂ ਦਿੰਦੀ ਅਤੇ ਮੋਹ ਰੂਪੀ ਸੁਭਾਅ ਕਰਕੇ ਆਪਣੇ ਵੱਲ ਆਕਰਸ਼ਿਤ ਕਰੀ ਰੱਖਦੀ ਹੈ, ਇਸ ਕਰਕੇ ਮਨੁੱਖ ਪਾਪ ਕਰਨ ਵੱਲ ਛੇਤੀ ਉਤਸ਼ਾਹਿਤ ਹੁੰਦਾ ਹੈ ਪਰ ਦੂਜੇ ਪਾਸੇ ਮਾਇਆ ਦੇ ਭਰਮ ਜਾਲ ਵਿਚੋਂ ਨਿਕਲਣ ਲਈ ਜੋ ਰਸਤਾ ਦਿਖਾਉਂਦਾ ਹੈ, ਉਸ ਨੂੰ ਗੁਰੂ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਉਹ ਪੂਰਨ ਸ਼ਖ਼ਸੀਅਤ ਹੈ ਜੋ ਆਪਣੇ ਸ਼ਿਸ਼ ਨੂੰ ਅਗਿਆਨ ਦੇ ਹਨੇਰੇ ਵਿਚੋਂ ਕੱਢਣ ਲਈ ਆਪਣੇ ਵਿਚਾਰਾਂ ਰਾਹੀਂ ਗਿਆਨ ਰੂਪੀ ਦੀਵਾ ਜਗਾਉਂਦਾ ਹੈ। ਝੂਠ ਦੀ ਨਿਸ਼ਾਨਦੇਹੀ ਕਰ ਕੇ ਸੱਚ ਦੀ ਸੋਝੀ ਕਰਾਉਂਦਾ ਹੈ। ਗੁਰੂ ਦੁਆਰਾ ਕਰਵਾਏ ਸੱਚ ਦੇ ਬੋਧ ਦੁਆਰਾ ਉਹ ਅਧਿਆਤਮਿਕਤਾ ਦੇ ਰਸਤੇ ਉੱਤੇ ਤੁਰ ਪੈਂਦਾ ਹੈ। ਗੁਰਬਾਣੀ ਵਿਚ 'ਗੁਰੂ' ਸ਼ਬਦ ਦੀ ਸਪੱਸ਼ਟਤਾ ਕਰਦੇ ਹੋਏ ਕਿਹਾ ਗਿਆ ਹੈ:

ਬਲਤੋ ਜਲਤੋ ਤਉਕਿਆ ਗੁਰ ਚੰਦਨੁ ਸੀਤਲਾਇਓ ॥੧॥
ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ ਦੀਪਾਇਓ ॥੨॥
ਪਾਵਕੁ ਸਾਗਰੁ ਗਹਰੋ ਚਰਿ ਸੰਤਨ ਨਾਵ ਤਰਾਇਓ ॥੩॥ (ਪੰਨਾ ੨੪੧)
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥ (ਪੰਨਾ ੩੯)

ਜੀਵ ਨੂੰ ਅੰਧੇਰੇ ਰਾਹਾਂ ਦੀ ਭਟਕਣਾ ਤੋਂ ਬਚਾਉਣ ਲਈ ਗੁਰੂ ਦੀ ਲੋੜ ਹੁੰਦੀ ਹੈ ਕਿਉਂਕਿ ਵਿਸ਼ਵ-ਵਿਆਪੀ ਅਗਿਆਨ ਅੰਧਕਾਰ ਏਨਾ ਸੰਘਣਾ ਹੈ ਕਿ ਸੈਂਕੜੇ ਚੰਦਰਮਾਂ ਤੇ ਹਜ਼ਾਰਾਂ ਸੂਰਜਾਂ ਦਾ ਪ੍ਰਕਾਸ਼ ਭੀ ਇਸ ਅੰਧਕਾਰ ਨੂੰ ਦੂਰ ਕਰਨ ਦੇ ਅਸਮਰੱਥ ਹੈ। ਗੁਰੂ ਅੰਗਦ ਸਾਹਿਬ ਜੀ ਦਾ ਫ਼ੁਰਮਾਨ ਹੈ:

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ (ਪੰਨਾ ੪੬੩)

ਗੁਰੂ ਦੀ ਲੋੜ ਨੂੰ ਅਨੁਭਵ ਕਰਦੇ ਹੋਏ ਭਟ ਬਾਣੀਕਾਰ ਬਿਆਨ ਕਰਦੇ ਹੋਏ ਕਹਿੰਦੇ ਹਨ:

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥ (ਪੰਨਾ ੧੩੯੯)

'ਗੁਰੂ' ਲਈ ਬਾਣੀ ਵਿਚ ਅਨੇਕਾਂ ਵਿਸ਼ੇਸ਼ਕ ਸ਼ਬਦ ਆਏ ਹਨ ਜਿਵੇਂ ਬੇੜੀ, ਤੁਲਹਾ, ਮਲਾਹ, ਮੁਕਤੀਦਾਤਾ, ਤੀਰਥ, ਪਾਰਜਾਤ, ਦੀਪਕ ਆਦਿ। ਗੁਰੂ ਦੀ ਸਮਰੱਥਾ ਕੀ ਹੈ, ਕਿਹੋ ਜਿਹੀ ਹੁੰਦੀ ਹੈ ਅਤੇ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ, ਦਾ ਵਰਣਨ ਵੀ ਬਾਣੀ ਵਿਚ ਹੋਇਆ

ਹੈ। ਬਾਣੀ ਦੇ ਹੇਠ ਲਿਖੇ ਇਹਨਾਂ ਪਾਵਨ ਸ਼ਬਦਾਂ ਤੇ ਇਸ ਸੰਬੰਧੀ ਜਾਣਿਆ ਜਾ ਸਕਦਾ ਹੈ:

ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥
ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥ (ਪੰਨਾ ੧੬੮)
ਬੰਧਨ ਤੋੜਿ ਬੋਲਾਵੈ ਰਾਮੁ ॥ ਮਨ ਮਹਿ ਲਾਗੈ ਸਾਚੁ ਧਿਆਨੁ ॥
ਮਿਟਹਿ ਕਲੇਸ ਸੁਖੀ ਹੋਇ ਰਹੀਐ ॥ ਐਸਾ ਦਾਤਾ ਸਤਿਗੁਰੁ ਕਹੀਐ ॥ (ਪੰਨਾ ੧੮੩)

ਗੁਰੂ ਦੀ ਪ੍ਰਕਿਰਤੀ ਅਜਿਹੀ ਹੈ ਕਿ ਜਿਥੇ ਉਹ ਬੈਠ ਜਾਂਦਾ ਹੈ, ਉਹ ਧਰਤੀ ਹਰਿਆਵਲੀ ਹੋ ਜਾਂਦੀ ਹੈ, ਭਾਗਾਂਵਾਲੀ ਬਣ ਜਾਂਦੀ ਹੈ। ਜੋ ਜੀਵ ਗੁਰੂ ਦੇ ਦਰਸ਼ਨ ਕਰਦੇ ਹਨ, ਉਹ ਉਮਾਹ ਵਿਚ ਆ ਜਾਂਦੇ ਹਨ, ਖ਼ੁਸ਼ੀ ਨਾਲ ਖੀਵੇ ਹੋ ਜਾਂਦੇ ਹਨ। ਇਸ ਲਈ ਕੇਵਲ ਗੁਰੂ ਹੀ ਨਹੀਂ ਸਗੋਂ ਉਸ ਦੀ ਕੁਲ, ਪਰਿਵਾਰ, ਮਾਤਾ, ਪਿਤਾ ਸਭ ਧੰਨਤਾ ਦੇ ਭਾਗੀ ਹੁੰਦੇ ਹਨ। ਇਸ ਸੰਬੰਧੀ ਗੁਰਵਾਕ ਹੈ:

ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥
ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥
ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ ॥
(ਪੰਨਾ ੩੧੦)

ਗੁਰਮਤਿ ਅਨੁਸਾਰ 'ਬਾਣੀ ਗੁਰੂ ਹੈ' ਤੇ 'ਗੁਰੂ ਬਾਣੀ ਹੈ' ਪਰ ਇਸ ਦੇ ਪਰਤੱਖ ਦਰਸ਼ਨ ਬਾਣੀ/ਗੁਰੂ ਦੇ ਦੱਸੇ ਰਸਤੇ 'ਤੇ ਚੱਲ ਕੇ, ਉਸ ਦਾ ਗਿਆਨ ਲੈ ਕੇ, ਉਸ ਦੀ ਰੋਸ਼ਨੀ ਵਿਚ ਚੱਲਣ ਨਾਲ ਹੀ ਸੰਭਵ ਹਨ। ਇਹ ਸੱਚਾ ਸਾਰ ਬਚਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦ੍ਰਿਸ਼ਟਮਾਨ ਇੰਜ ਹੋਇਆ ਹੈ:

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥ (ਪੰਨਾ ੯੮੨)

ਬਾਣੀ ਰੱਬੀ ਬੋਲ ਹਨ ਜੋ ਕਰਤਾ ਦੇ ਹੁਕਮ ਨਾਲ ਬੋਲੇ ਗਏ। ਇਹ ਬੋਲ ਗੁਰੂ ਬਣ ਕੇ ਇਸ ਅਗਿਆਨ ਦੇ ਹਨੇਰੇ ਭਰੇ ਸੰਸਾਰ ਵਿਚ ਚਾਨਣ ਕਰ ਰਹੇ ਹਨ। ਪਾਵਨ ਵਾਕ ਹੈ:

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਇ॥ (ਪੰਨਾ ੬੭)

ਸਲੋਕ ਵਾਰਾਂ ਤੇ ਵਧੀਕ ਮ: ੧ 'ਗੁਰੂ' ਰੂਪ ਹੋ ਕੇ ਸੰਸਾਰੀ ਜੀਵਾਂ ਲਈ ਬਿਖਮ ਮਾਰਗ ਕਿਵੇਂ ਰੋਸ਼ਨ ਕਰ ਰਹੇ ਹਨ, ਇਹ 'ਗੁਰੂ ਦਰਸ਼ਨ' ਹੈ। ਗੁਰੂ ਦਾ ਦਰਸ਼ਨ, ਸਿੱਖ ਦੀ ਲੋੜ ਹੈ ਕਿਉਂਕਿ ਉਹ ਅਗਿਆਨੀ ਹੈ, ਨਿਮਾਣਾ ਹੈ। ਗੁਰੂ ਦੇ ਉਪਦੇਸ਼ ਦੁਆਰ ਹੀ ਸਮਝਦਾਰ ਹੋ ਸਕਦਾ ਹੈ:

ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ ॥
ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥
(ਪੰਨਾ ੧੬੮)

ਜਿਵੇਂ ਚਾਤ੍ਰਿਕ ਸਵਾਂਤੀ ਬੂੰਦ ਤੋਂ ਬਿਨਾਂ ਜ਼ਿਆਦਾ ਦੇਰ ਨਹੀਂ ਰਹਿ ਸਕਦਾ, ਇਸੇ ਤਰ੍ਹਾਂ ਜੀਵ ਦਾ ਗੁਰੂ ਤੋਂ ਬਿਨਾਂ ਘੜੀ ਪਲ ਵੀ ਰਹਿਣਾ ਔਖਾ ਹੋ ਜਾਂਦਾ ਹੈ:

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥

ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥

ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥ (ਪੰਨਾ ੯੬)

ਗੁਰੂ ਗਿਆਨ ਦੇ ਕੇ ਸਿੱਖ ਦਾ ਮਾਰਗ ਦਰਸ਼ਨ ਕਰਦਾ ਹੈ ਅਤੇ ਬੰਧਨ ਕੱਟਦਾ ਹੈ। ਮੁਕਤੀ ਦਾ ਦੁਆਰ ਖੋਲ੍ਹਦਾ ਹੈ। ਗੁਰਬਾਣੀ ਵਿਚ ਗੁਰੂ ਸਾਹਿਬ ਫ਼ੁਰਮਾਉਂਦੇ ਹਨ:

ਅਨਿਕ ਪਾਪ ਮੇਰੇ ਪਰਹਰਿਆ ਬੰਧਨ ਕਾਟੇ ਮੁਕਤ ਭਏ ॥

ਅੰਧ ਕੂਪ ਮਹਾ ਘੋਰ ਤੇ ਬਾਹ ਪਕਰਿ ਗੁਰਿ ਕਾਢਿ ਲੀਏ ॥ (ਪੰਨਾ ੩੮੩)

ਸਲੋਕ ਵਾਰਾਂ ਤੇ ਵਧੀਕ ਮਹਲਾ ੧ ਅਨੁਸਾਰ ਹਾਲਾਤ ਇਹ ਹੈ ਕਿ ਸੰਸਾਰ ਦੇ ਲੋਕਾਂ ਵਿਚ ਐਸਾ ਵਰਤਾਰਾ ਵਰਤਿਆ ਪਿਆ ਹੈ ਕਿ ਪਰਿਵਾਰਕ ਮੋਹ ਮਾਇਆ ਵਿਚ ਫਸਿਆ ਮਨੁੱਖ ਪਿਆਰ ਤੋਂ ਵਿਹੂਣਾ ਹੋ ਗਿਆ ਹੈ ਅਤੇ ਮਾਇਆ ਦੀ ਖ਼ਾਤਰ ਉਸ ਨੇ ਸਭ ਕੁਝ ਦਾਅ 'ਤੇ ਲਾ ਦਿੱਤਾ ਹੈ:

ਨਾਨਕ ਦੁਨੀਆ ਕੈਸੀ ਹੋਈ ॥ ਸਾਲਕੁ ਮਿਤੁ ਨ ਰਹਿਓ ਕੋਈ ॥

ਭਾਈ ਬੰਧੀ ਹੇਤੁ ਚੁਕਾਇਆ ॥ ਦੁਨੀਆ ਕਾਰਣਿ ਦੀਨੁ ਗਵਾਇਆ ॥੫॥ (ਪੰਨਾ ੧੪੧੦)

ਸਲੋਕ ਵਾਰਾਂ ਤੇ ਵਧੀਕ ਮਹਲਾ ੧ ਅਨੁਸਾਰ ਮਨੁੱਖ ਸਾਹਮਣੇ ਵਿਕਾਰ ਇਕ ਸਮੱਸਿਆ ਹਨ, ਕਿਉਂਕਿ ਇਹਨਾਂ ਦੀਆਂ ਲਹਿਰਾਂ ਤੂਫ਼ਾਨ ਦੀ ਤਰ੍ਹਾਂ ਹਨ ਜੋ ਜੀਵ ਨੂੰ ਸੰਸਾਰ ਭਵ-ਸਾਗਰ ਤੋਂ ਤਰਨ ਨਹੀਂ ਦਿੰਦੀਆਂ:

ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ॥ (ਪੰਨਾ ੧੪੧੦)

ਦੂਜਾ ਇਹਨਾਂ ਵਿਕਾਰਾਂ ਵਿਚ ਮਨੁੱਖ ਏਨਾ ਗ੍ਰਸਿਆ ਗਿਆ ਹੈ ਕਿ ਉਹ ਸਭ ਕੁਝ ਭੁਲਾ ਬੈਠਾ ਹੈ, ਉਸ ਨੂੰ ਕੇਵਲ ਆਪਣਾ ਆਪ, ਆਪਣੀ ਜਵਾਨੀ ਆਪਣੇ ਧਨ-ਦੌਲਤ ਦਾ ਮਾਣ ਹੀ ਲੈ ਬੈਠਾ ਹੈ:

ਉਤੰਗੀ ਪੈਓਹਰੀ ਗਹਿਰੀ ਗੰਭੀਰੀ ॥

ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ ॥ (ਪੰਨਾ ੧੪੧੦)

ਮਨੁੱਖ ਦਵੰਦ ਵਿਚ ਫਸਿਆ ਹੋਇਆ ਹੈ। ਇਕ ਪਾਸੇ ਮੌਤ ਰੂਪੀ ਬਾਘ ਖੜਾ ਦਹਾੜ ਰਿਹਾ ਹੈ। ਅੱਗੇ ਪ੍ਰਲੋਕ ਵਿਚ ਅਗਨ ਤਲਾਉ ਮੂੰਹ ਅੱਡੀ ਖੜਾ ਹੈ:

ਰੇ ਮਨ ਡੀਗਿ ਨ ਡੋਲੀਐ ਸੀਧੈ ਮਾਰਗਿ ਧਾਉ ॥

ਪਾਛੈ ਬਾਘੁ ਡਰਾਵਣੋ ਆਗੈ ਅਗਨਿ ਤਲਾਉ ॥ (ਪੰਨਾ ੧੪੧੦)

ਇਹ ਸਮੱਸਿਆ ਕਿਉਂ ਬਣੀ, ਕਿਵੇਂ ਬਣੀ? ਗੁਰੂ ਨਾਨਕ ਸਾਹਿਬ ਇਸ ਬਾਰੇ ਚਾਨਣ ਪਾਉਂਦੇ ਹੋਏ ਕਹਿੰਦੇ ਹਨ ਕਿ ਇਹ ਮਨੁੱਖ ਕੱਚਿਆਂ ਲੋਕਾਂ, ਮਾਇਆਧਾਰੀਆਂ, ਲੋਭੀ ਵਿਅਕਤੀਆਂ ਨਾਲ ਬਣਾਈ ਦੋਸਤੀ ਕਾਰਨ ਹੈ। ਉਸ ਦੇ ਅਗਿਆਨ ਅਤੇ ਅਗਿਆਨੀ ਕਾਰਜਾਂ ਕਰਕੇ ਹੈ। ਉਸ ਦੇ ਅੰਧ-ਵਰਤਾਵੇ ਕਰਕੇ ਉਸ ਦੀ ਦੁਬਿਧਾ ਇਸ ਦਾ ਕਾਰਣ ਹੈ:

ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ ॥

ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ ॥੨੧॥

ਗਿਆਨ ਹੀਣੰ ਅਗਿਆਨ ਪੂਜਾ ॥

ਅੰਧ ਵਰਤਾਵਾ ਭਾਉ ਦੂਜਾ ॥੨੨॥ (ਪੰਨਾ ੧੪੧੨)

ਇਸ ਲਈ ਲੋੜ ਹੈ 'ਗੁਰੂ' ਦੀ, ਧਰਮ ਦੀ, ਇਸ ਤੋਂ ਬਿਨਾਂ ਹੋਰ ਕੁਝ ਵੀ ਲਾਹੇ ਦਾ ਨਹੀਂ। ਗੁਰੂ ਦੀ ਲੋੜ ਇਸ ਲਈ ਹੈ ਕਿਉਂਕਿ ਉਹ ਗੁਰੂ ਗਿਆਨ ਦਾ ਦਾਤਾ ਹੈ ਜੋ ਰਸਤਾ ਦਿਖਾਉਂਦਾ ਹੈ ਅਤੇ ਅਗਿਆਨ ਦਾ ਹਨੇਰਾ ਦੂਰ ਕਰਦਾ ਹੈ:

ਗੁਰ ਬਿਨੁ ਗਿਆਨੁ ਧਰਮ ਬਿਨੁ ਧਿਆਨੁ ॥
ਸਚ ਬਿਨੁ ਸਾਖੀ ਮੂਲੋ ਨ ਬਾਕੀ ॥੨੩॥ (ਪੰਨਾ ੧੪੧੨)

ਸਲੋਕ ਵਾਰਾਂ ਤੇ ਵਧੀਕ ਮਹਲਾ ੧ ਅਨੁਸਾਰ ਵਿਕਾਰਾਂ ਦੇ ਅਗਨ ਰੂਪ ਭਵ-ਸਾਗਰ ਤੋਂ ਉਹੀ ਜੀਵ ਤਰ ਸਕਦਾ ਹੈ ਜਿਸ ਨੂੰ ਤਰਨ ਦੀ ਜਾਚ ਹੋਵੇਗੀ। ਜੇ ਨਹੀਂ ਤਾਂ ਜਾਚ ਸਿਖਾਉਣ ਵਾਲੇ ਦੀ ਭਾਲ ਕਰਨੀ ਪਵੇਗੀ ਜਿਸ ਦੀ ਮਦਦ ਨਾਲ ਵਿਕਾਰਾਂ ਦੀਆਂ ਲਹਿਰਾਂ ਜਾਂ ਘੁੰਮਣਘੇਰੀਆਂ ਤੋਂ ਬਚਿਆ ਜਾ ਸਕਦਾ ਹੈ। ਗੁਰਵਾਕ ਹੈ:

ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ੍ਹ ਕਲ ॥
ਤਾਹੂ ਖਰੇ ਸੁਜਾਣ ਵੰਞਾ ਏਨ੍ਹੀ ਕਪਰੀ ॥੩॥ (ਪੰਨਾ ੧੪੧੦)

ਅੱਗੇ ਹੋਰ ਵਰਣਨ ਹੈ ਕਿ ਹੇ ਜੀਵ! ਜੇ ਤੂੰ ਵਿਕਾਰਾਂ ਰੂਪੀ ਲਹਿਰਾਂ ਦੀਆਂ ਝੜੀਆਂ, ਝੱਖੜਾਂ ਅਤੇ ਹੜ੍ਹਾਂ ਤੋਂ ਬਚਣਾ ਚਾਹੁੰਦਾ ਹੈਂ ਤਾਂ ਗੁਰੂ ਕੋਲ ਪੁਕਾਰ ਕਰ ਕਿਉਂਕਿ ਜ਼ਿੰਦਗੀ ਦੀ ਬੇੜੀ ਕੇਵਲ ਗੁਰੂ ਹੀ ਪਾਰ ਲਾਉਣ ਦੇ ਸਮਰੱਥ ਹੈ:

ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ ॥
ਸਤਿਗੁਰ ਸਿਉ ਆਲਾਇ ਬੇੜੇ ਡੁਬਣਿ ਨਾਹਿ ਭਉ ॥੪॥ (ਪੰਨਾ ੧੪੧੦)

ਸਲੋਕ ਵਾਰਾਂ ਤੇ ਵਧੀਕ ਮਹਲਾ ੧ ਅਨੁਸਾਰ ਵਿਕਾਰਾਂ ਦੀ ਅੱਗ (ਬਾਘ) ਤੋਂ ਬਚਿਆ ਜਾ ਸਕਦਾ ਹੈ। ਇਸ ਬਾਘ ਤੋਂ ਰਾਖੀ ਹੋ ਸਕਦੀ ਹੈ। ਜਨਮ-ਮਰਨ ਦੇ (ਅਗਨੀ ਤਲਾਉ) ਤੋਂ ਛੁੱਟਿਆ ਜਾ ਸਕਦਾ ਹੈ। ਇਸ ਲਈ ਸਾਧਨ ਹੈ ਗੁਰੂ ਅਤੇ ਗੁਰੂ ਦੀ ਸ਼ਰਣ ਹੀ ਇਸ ਦਾ ਇਕ ਮਾਤਰ ਹੱਲ ਹੈ, ਹੋਰ ਕੋਈ ਢੰਗ-ਤਰੀਕਾ ਨਹੀਂ ਦਿੱਸਦਾ:

ਸਹਸੈ ਜੀਅਰਾ ਪਰਿ ਰਹਿਓ ਮਾ ਕਉ ਅਵਰੁ ਨ ਢੰਗੁ ॥
ਨਾਨਕ ਗੁਰਮੁਖਿ ਛੁਟੀਐ ਹਰਿ ਪ੍ਰੀਤਮ ਸਿਉ ਸੰਗੁ ॥੭॥ (ਪੰਨਾ ੧੪੧੦)

ਇਕ ਪਾਸੇ ਮਨੁੱਖ ਤ੍ਰਿਸ਼ਨਾ ਦੀ ਅੱਗ ਵਿਚ ਜਲਦਾ ਹੋਇਆ ਠੰਡਕ ਭਾਲਦਾ ਹੈ। ਅਗਿਆਨ ਵੱਸ ਸੰਸਾਰੀ ਵਿਨਾਸ਼ ਕਰਦਿਆਂ ਜਨਮ-ਮਰਨ ਦੇ ਚੱਕਰ ਤੋਂ ਮੁਕਤ ਨਹੀਂ ਹੁੰਦਾ। ਇਸ ਕਰਕੇ ਉਸ ਦੀ ਦੂਰੀ ਪਰਮਾਤਮਾ ਤੋਂ ਬਣੀ ਰਹਿੰਦੀ ਹੈ। ਪਰ ਸਲੋਕ ਵਾਰਾ ਤੇ ਵਧੀਕ ਵਿਚ ਗੁਰੂ ਨਾਨਕ ਸਾਹਿਬ ਉਪਦੇਸ਼ ਕਰਦੇ ਹਨ ਕਿ ਜਿਸ ਜੀਵ ਨੇ ਤ੍ਰਿਸ਼ਨਾ ਦੀ ਅਗਨ ਤੋਂ ਛੁਟਕਾਰਾ ਪਾਉਣਾ ਹੈ, ਉਹ ਗੁਰੂ ਰੂਪੀ ਠੰਡਾ ਜੱਲ ਲੱਭ ਲਵੇ, ਗੁਰੂ ਦੀ ਰਜ਼ਾ ਵਿਚ ਜਾ ਵਿਚਰੇ। ਗੁਰੂ ਦੀ ਰਜ਼ਾ ਵਿਚ ਤੁਰਨ ਲਾਲ ਨਾ ਜਨਮ-ਮਰਨ ਦਾ ਗੇੜ ਅਤੇ ਨਾ ਹੀ ਜਮਾਂ ਦਾ ਭੈ ਰਹਿੰਦਾ ਹੈ। ਗੁਰੂ ਫਿਰ ਨਿਰੰਕਾਰ ਨਾਲ ਮਨੁੱਖ ਦਾ ਮੇਲ ਕਰਾ ਦਿੰਦਾ ਹੈ:

ਅਗਨਿ ਮਰੈ ਜਲੁ ਲੋੜਿ ਲਹੁ ਵਿਣੁ ਗੁਰ ਨਿਧਿ ਜਲੁ ਨਾਹਿ ॥
ਜਨਮਿ ਮਰੈ ਭਰਮਾਈਐ ਜੇ ਲਖ ਕਰਮ ਕਮਾਹਿ ॥
ਜਮੁ ਜਾਗਾਤਿ ਨ ਲਗਈ ਜੇ ਚਲੈ ਸਤਿਗੁਰ ਭਾਇ ॥
ਨਾਨਕ ਨਿਰਮਲੁ ਅਮਰ ਪਦੁ ਗੁਰੁ ਹਰਿ ਮੇਲੈ ਮੇਲਾਇ ॥੯॥ (ਪੰਨਾ ੧੪੧੧)

ਸਲੋਕ ਵਾਰਾਂ ਤੇ ਵਧੀਕ ਮਹਲਾ ੧ ਅਨੁਸਾਰ ਵਿਕਾਰ ਮਨ ਨੂੰ ਮਾਰਿਆਂ ਜਾਂ ਵੱਸ ਵਿਚ ਕੀਤਿਆਂ ਮਰਦੇ ਹਨ ਪਰ ਮਨ ਉਹ ਮਾਰ ਸਕਦਾ ਹੈ ਜੋ ਗੁਰੂ ਵਾਲਾ ਹੋਵੇ, ਜਿਸ ਨੇ ਗੁਰੂ ਧਾਰਨ ਕੀਤਾ ਹੋਵੇ। ਗੁਰੂ ਦੀ ਦੀਖਿਆ ਪਿੱਛੋਂ ਮਨੁੱਖ ਆਪਣੇ ਆਪ ਦੀ ਪਛਾਣ ਕਰਦਾ ਹੈ ਤਾਂ ਹੀ ਪਰਮਾਤਮਾ ਉਸ ਨੂੰ ਮਿਲਦਾ ਹੈ। ਇਸ ਪਿੱਛੋਂ ਜੀਵ ਜਨਮ-ਮਰਨ ਦੇ ਚੱਕਰਾਂ ਤੋਂ ਮੁਕਤ ਹੋ ਜਾਦਾ ਹੈ:

ਬਾਘੁ ਮਰੈ ਮਨੁ ਮਾਰੀਐ ਜਿਸੁ ਸਤਿਗੁਰ ਦੀਖਿਆ ਹੋਇ ॥
ਆਪੁ ਪਛਾਣੈ ਹਰਿ ਮਿਲੈ ਬਹੁੜਿ ਨ ਮਰਣਾ ਹੋਇ ॥ (ਪੰਨਾ ੧੪੧੦-੧੧)

ਜੋਗੀ, ਜਤੀ, ਸਤੀ, ਰਿਧੀਆਂ-ਸਿਧੀਆਂ ਦੀ ਪ੍ਰਾਪਤੀ ਲਈ ਕਈ ਤਰ੍ਹਾਂ ਦੇ ਤਪ ਕਰਦੇ ਹਨ। ਕੋਈ ਜਲ ਤਪ ਕਰਦਾ ਹੈ, ਕੋਈ ਅਗਨ ਤਪ, ਕੋਈ ਪੁੱਠਾ ਲਟਕਦਾ ਹੈ, ਕੋਈ ਹਠ-ਤਪ ਸਾਧ ਰਿਹਾ ਹੁੰਦਾ ਹੈ। ਸਲੋਕ ਵਾਰਾਂ ਤੇ ਵਧੀਕ ਮਹਲਾ ੧ ਅਨੁਸਾਰ ਗਿਆਨ ਵਿਹੂਣਾ ਮਨੁੱਖ ਸਰੀਰ ਨੂੰ ਧੂਣੀਆਂ ਨਾਲ ਤੰਦੂਰ ਵਾਂਗ ਸਾੜ ਰਿਹਾ ਹੈ। ਹੱਡਾਂ ਨੂੰ ਬਾਲ ਰਿਹਾ ਹੈ। ਉਸ ਦੇ ਸਿਰ ਤੇ ਪੈਰਾਂ ਨੇ ਉਸ ਦਾ ਕੀ ਵਿਗਾੜਿਆ ਹੈ? ਇਸ ਬਾਣੀ ਅਨੁਸਾਰ ਇਹ ਅਗਨ ਤਪ ਸਰੀਰ ਨੂੰ ਦੁੱਖ ਦੇਣ ਵਾਲੇ ਹੀ ਹਨ। ਪਰੰਤੂ ਇਹ ਸਰੀਰ ਦੁੱਖ ਦੇਣ ਲਈ ਨਹੀਂ, ਸਗੋਂ ਪ੍ਰਭੂ ਪ੍ਰੀਤਮ ਨੂੰ ਅੰਦਰ ਸਮਾਉਣ ਲਈ ਹੈ:

ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥
ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਸਮ੍ਹਾਲਿ ॥੧੮॥ (ਪੰਨਾ ੧੪੧੧)

ਸਲੋਕ ਵਾਰਾਂ ਤੇ ਵਧੀਕ ਮਹਲਾ ੧ ਅਨੁਸਾਰ ਸਭ ਸਰੀਰਾਂ ਵਿਚ ਪਰਮਾਤਮਾ ਦਾ ਵਾਸਾ ਹੁੰਦਾ ਹੈ। ਅਜਿਹਾ ਕੋਈ ਸਰੀਰ ਨਹੀਂ ਹੈ ਜੋ ਨਿਰੰਕਾਰ ਤੋਂ ਬਿਨਾਂ ਹੋਵੇ। ਪਰ ਗੁਪਤ ਵਿਚ ਵੱਸਦੇ ਪ੍ਰਭੂ ਦੇ ਦਰਸ਼ਨ ਗੁਰੂ ਰਾਹੀਂ ਹੁੰਦੇ ਹਨ:

ਸਭਨੀ ਘਟੀ ਸਹੁ ਵਸੈ ਸਹ ਬਿਨੁ ਘਟੁ ਨ ਕੋਇ ॥
ਨਾਨਕ ਤੇ ਸੋਹਾਗਣੀ ਜਿਨ੍ਾ ਗੁਰਮੁਖਿ ਪਰਗਟੁ ਹੋਇ ॥੧੯॥ (ਪੰਨਾ ੧੪੧੨)

ਵਿਕਾਰਾਂ ਭਰੇ ਸੰਸਾਰ ਵਿਚ, ਮਾਇਆਧਾਰੀ ਕਈ ਤਰ੍ਹਾਂ ਦੇ ਤਪ ਸਾਧਦਾ ਹੈ। ਮਾਇਆ ਦੀ ਭੱਜ-ਦੌੜ ਵਿਚ ਮਨੁੱਖ ਦੀਆਂ ਸਭ ਇੰਦਰੀਆਂ ਲੱਗੀਆਂ ਰਹਿੰਦੀਆਂ ਹਨ। ਮਨੁੱਖ ਦੀ ਵੱਡੀ ਉਮਰ ਭੋਗ ਕੇ ਵੀ ਸੰਤੁਸ਼ਟੀ ਨਹੀਂ ਹੁੰਦੀ। ਉਹ ਹੋਰ ਜੀਊਣਾ ਚਾਹੁੰਦਾ ਹੈ। ਵੱਡੀ ਉਮਰ ਕਰਕੇ ਉਸ ਦੀ ਅਕਲ ਵਿਚ ਪ੍ਰਭੂ ਦੀ ਗੱਲ ਨਹੀਂ ਆਉਂਦੀ। ਉਸ ਨੂੰ ਅੰਨ੍ਹੇ ਮਨੁੱਖ ਦੀ ਤਰ੍ਹਾਂ ਆਤਮਕ ਜੀਵਨ ਵਾਲਾ ਕੋਈ ਰਾਹ ਨਹੀਂ ਦਿੱਸਦਾ, ਜਿਸ ਕਰਕੇ ਦੁੱਖਾਂ ਦੇ ਟੋਇਆਂ ਵਿਚ ਜਾ ਡਿੱਗਦਾ ਹੈ। ਇਸੇ ਲਈ ਇਸ ਬਾਣੀ ਦਾ ਅੰਤਲਾ ਸਲੋਕ ਜੋ ਸਾਰ ਦੀ ਤਰ੍ਹਾਂ ਹੈ, ਵਿਚ ਗੁਰੂ ਨਾਨਕ ਸਾਹਿਬ ਦਾ ਪਾਵਨ ਸੁਨੇਹਾ ਇਸ ਤਰ੍ਹਾਂ ਹੈ:

ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥
ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ ॥੩੩॥ (ਪੰਨਾ ੧੪੧੨)

ਭਾਵ ਕਿ ਜੋ ਮਨੁੱਖ ਗੁਰੂ ਦੇ ਸਨਮੁੱਖ ਰਹਿੰਦਾ ਹੈ, ਉਸ ਦਾ ਇਹ ਨਿਸਚਾ ਹੁੰਦਾ ਹੈ ਕਿ ਸਰਬ ਗੁਣ ਸੰਪੰਨ ਪ੍ਰਭੂ ਦੁਆਰਾ ਬਣਾਈ ਹੋਈ ਜਗਤ-ਮਰਯਾਦਾ ਪੂਰਨ ਹੈ। ਇਸ ਵਿਚ ਕਿਤੇ ਕੋਈ ਨੁਕਸ ਨਹੀਂ ਹੈ। ਇਸ ਲਈ ਇਸ ਨਿਸਚੇ ਕਰਕੇ ਗੁਰੂ ਦੇ ਸਨਮੁੱਖ ਰਹਿਣ ਵਾਲੇ

ਮਨੁੱਖ ਪਰਮਾਤਮਾ ਦੀ ਯਾਦ ਵਿਚ ਲੀਨ ਰਹਿੰਦੇ ਹਨ।

ਇਸ ਤਰ੍ਹਾਂ ਸਲੋਕ ਵਾਰਾਂ ਤੇ ਵਧੀਕ ਮਹਲਾ ੧ ਵਿਚ ਗੁਰੂ ਦਰਸ਼ਨ ਕਰਦਿਆਂ ਇਸ ਨਿਰਣੇ 'ਤੇ ਪੁੱਜਿਆ ਜਾ ਸਕਦਾ ਹੈ ਕਿ ਗੁਰੂ ਗਿਆਨ ਦਾ ਦਾਤਾ ਹੈ। ਗੁਰੂ ਅਜਿਹੀ ਸਥਿਰ ਕੰਧ ਦੀ ਤਰ੍ਹਾਂ ਹੈ, ਜੋ ਵਿਕਾਰਾਂ ਦੇ ਹਨੇਰੇ 'ਤੇ ਝੱਖੜਾਂ ਤੋਂ ਮਨੁੱਖ ਨੂੰ ਬਚਾਉਂਦੀ ਹੈ। ਗੁਰੂ ਅਜਿਹੇ ਪਾਵਨ ਸਰੋਵਰ ਦੀ ਤਰ੍ਹਾਂ ਹੈ ਜਿਥੇ ਇਸ਼ਨਾਨ ਕੀਤਿਆਂ ਮਾਇਆ ਅਤੇ ਵਿਕਾਰਾਂ ਦੇ ਚਿੱਕੜ ਤੋਂ ਬਚਿਆ ਜਾ ਸਕਦਾ ਹੈ। ਗੁਰੂ ਦੀ ਸ਼ਰਨ ਜਨਮ-ਮਰਨ ਦੇ ਭੈਅ ਤੋਂ ਮੁਕਤ ਕਰਦੀ ਹੈ। ਗੁਰੂ ਹੀ ਨਿਰੰਕਾਰ ਦੀ ਸੋਝੀ ਕਰਾ ਕੇ ਉਸ ਨਾਲ ਮੇਲ ਕਰਾਉਂਦਾ ਹੈ। ਇਸ ਲਈ ਗੁਰੂ ਦੀ ਸਨਮੁੱਖਤਾ ਅਤਿ ਆਵੱਸ਼ਕ ਹੈ ਅਤੇ ਅੰਤਮ ਹੱਲ ਹੈ।

ਹਵਾਲੇ ਅਤੇ ਟਿੱਪਣੀਆਂ

1. ਡਾ. ਦਰਸ਼ਨ ਸਿੰਘ, *ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਦਾ ਸੰਕਲਪ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰਨਾ V.
2. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1981, ਪੰਨਾ 414.
3. ਡਾ. ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵ ਕੋਸ਼*, ਭਾਗ ਪਹਿਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 418.
4. ਪ੍ਰਿੰ. ਧਰਮਾਨੰਤ ਸਿੰਘ, *ਸਿੱਖ ਮਤ ਦਰਪਣ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003, ਪੰਨਾ 40.
5. ਡਾ. ਦਰਸ਼ਨ ਸਿੰਘ, *ਗੁਰੂ ਦਾ ਸੰਕਲਪ*, ਪੰਨੇ 6-7.

ੴ ਦਰਸ਼ਨ

ਕਈਆਂ ਦਾ ਖ਼ਿਆਲ ਹੈ ਕਿ ਗੁਰੂ ਨਾਨਕ ਜੀ ਦਾ ਨਿਰਮਲ ਪੰਥ ਇਸਲਾਮ ਦੇ ਇਕੀਸ਼ਵਰਵਾਦ ਤੇ ਬਹੁ-ਦੇਵਤਾਵਾਦ ਦੀ ਟੱਕਰ ਦਾ ਫ਼ਲਸਰੂਪ ਹੈ ਤੇ ਕਈ ਇਸ ਨੂੰ ਨਿਰੋਲ ਹਿੰਦੂ ਰਿਸ਼ੀਆਂ ਦੀ ਉੱਤਮ ਸਿੱਖਿਆ ਦੀ ਹੀ ਉਪਜ ਤਸੱਵਰ ਕਰਦੇ ਹਨ। ਸਰ ਗੋਕਲ ਚੰਦ ਨਾਰੰਗ ਵਰਗੇ ਇਤਿਹਾਸਕਾਰ ਗੁਰੂ ਨਾਨਕ ਜੀ ਨੂੰ ਇਕ ਹਿੰਦੂ ਸੁਧਾਰਕ ਹੀ ਸਮਝਦੇ ਹਨ। ਉਹਨਾ ਦਾ ਖ਼ਿਆਲ ਹੈ ਕਿ ਵੇਦਕ ਰਿਸ਼ੀਆਂ ਦੇ ਪ੍ਰਚਾਰੇ ਗਏ ਧਰਮ ਵਿਚ ਕਈ ਕਾਰਨਾਂ ਕਰਕੇ ਚੋਖੀ ਮਿਲਾਵਟ ਹੋ ਚੁੱਕੀ ਸੀ, ਗੁਰੂ ਨਾਨਕ ਜੀ ਨੇ ਉਸ ਮਿਲਾਵਟ ਨੂੰ ਨਿਖੇੜ ਦੇ ਨਿਰੋਲ ਵੇਦਕ ਧਰਮ ਪ੍ਰਚਾਰਿਆ ਹੈ।

ਗੁਰੂ ਨਾਨਕ ਦੇਵ ਜੀ ਦੀ ਉਚਾਰਨ ਕੀਤੀ ਗਈ ਗੁਰਬਾਣੀ ਨੂੰ ਜੇਕਰ ਗਹੁ ਨਾਲ ਵਿਚਾਰਿਆ ਜਾਵੇ ਤਾਂ ਗੁਰੂ ਨਾਨਕ ਦੇਵ ਜੀ ਦੇ ਮਤਿ ਦੀ ਵਿਲੱਖਣਤਾ ਆਪ-ਮੁਹਾਰੀ ਉੱਘੜ ਆਉਂਦੀ ਹੈ।

ਕਿਸੇ ਧਰਮ ਦੀ ਦੀਨੀਆਤ ਦਾ ਮੁੱਖ ਅੰਗ ਪਰਮ-ਤੱਤ ਜਾਂ ਅਗਮ ਅਗਾਧ ਪਰਾਭੌਤਿਕ ਸੱਤਾ ਸੰਬੰਧੀ ਉਸ ਧਰਮ ਦੇ ਵਿਚਾਰ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਨਿਰੰਕਾਰ ਦਾ ਜੋ ਸ਼ਬਦਾਂਤਿਕ ਸਰੂਪ ਚਿੱਤਰ ਚਿਤਰਿਆ ਹੈ ਉਹ ਆਪਣੇ ਆਪ ਵਿਚ ਹੀ ਇਕ ਨਵੇਕਲੀ ਥਾਂ ਰੱਖਦਾ ਹੈ। ਇਸ ਸਰੂਪ ਚਿੱਤਰ ਨੂੰ ਗੁਰਮਤਿ 'ਮੂਲ ਮੰਤਰ' ਦਾ ਨਾਮ ਦੇਂਦੀ ਹੈ। ਪਾਠ ਇਸ ਪ੍ਰਕਾਰ ਹੈ:

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਇਸ ਮੂਲ ਮੰਤਰ ਨੇ ਦਰਅਸਲ ਇਕ ਨਵੀਂ ਵਿਚਾਰਧਾਰਾ ਨੂੰ ਜਨਮ ਦਿੱਤਾ ਹੈ ਤੇ ਧਰਮ ਦੇ ਅਮਲੀ ਪੱਖ ਵਿਚ ਇਕ ਜ਼ੋਰਦਾਰ ਇਨਕਲਾਬ ਲਿਆਂਦਾ ਹੈ। ਪੂਰਬਲੇ ਚਿੰਤਕਾਂ ਨਾਲੋਂ ਇਸ ਦੀ ਵਿਲੱਖਣਤਾ ਵੀ ਸਪੱਸ਼ਟ ਹੈ।

ੴ ਜਾਂ ਓਅੰ ਤਾਂ ਉਪਨਿਸ਼ਦਾਂ ਅਨੁਸਾਰ ਪਹਿਲਾਂ ਵੀ ਬ੍ਰਹਮ ਵਾਚਕ ਸ਼ਬਦ ਜਾਣਿਆ ਜਾਂਦਾ ਸੀ ਤੇ ਸਾਧਕ ਦੀ ਸਾਧਨਾ ਦਾ ਪ੍ਰਮੁੱਖ ਨਿਸ਼ਾਨਾ ਸੀ। ਫਿਰ 'ਓ' ਤੋਂ ਪਹਿਲਾਂ ਅੰਕ '੧' ਲਗਾਉਣਾ ਕੀ ਇਸਲਾਮ ਦੇ ਇਕੀਸ਼੍ਵਰਵਾਦ ਦਾ ਪ੍ਰਤੀਕ ਨਹੀਂ?

ਦਰਅਸਲ ਇਹ ਹੈ ਤਾਂ ਬ੍ਰਹਮਵਾਚਕ ਸ਼ਬਦ ਹੀ ਪਰ ਅਰਥ ਕਰਨ ਵਾਲਿਆਂ ਵਿਚਾਰਵਾਨਾਂ ਨੇ ਇਸ ਨੂੰ ਅ ਓ ਮ (ਤਿੰਨ ਅੱਖਰਾਂ) ਦਾ ਸਮੁਦਾਇ ਮਿਥ ਕੇ ਕਈ ਪ੍ਰਕਾਰ ਦੇ ਅਰਥ ਕਰਨੇ ਆਰੰਭ ਕਰ ਦਿੱਤੇ ਸਨ। ਜਿਹਾ ਕਿ ਮਾਡੂਕਯੋ ਉਪਨਿਸ਼ਦ ਵਿਚ 'ਓਅੰ' ਦਾ ਸੰਧੀ ਛੇਦ

ਕਰ ਕੇ ਕੁਝ ਇਸ ਪ੍ਰਕਾਰ ਦੇ ਅਰਥ ਕੀਤੇ ਗਏ ਹਨ:

ਅ—ਵੈਸ਼੍ਵਾਨਰ (ਵਿਰਾਟ) ੳ—ਤੇਜਸ੍ਰ (ਹਿਰਣਯ ਗਰਭ) ਅਤੇ ਮ—ਪ੍ਰਾਗਯ (ਈਸ਼ਵਰ)

ਗੁਰੂ ਨਾਨਕ ਦੇਵ ਜੀ ਨੇ 'ਓਮ' ਸ਼ਬਦ ਦੀ ਕਿਸੇ ਪ੍ਰਕਾਰ ਦੀ ਕੋਈ ਵੰਡ ਨਾ ਕਰਨ ਦਾ ਸੰਕੇਤ ਅੰਕ '੧' ਲਿਖ ਕੇ ਦਿੱਤਾ।

ਸ਼ਬਦਾਂ ਦੇ ਅਰਥ ਤਾਂ ਸਮਾਂ ਪਾ ਕੇ ਬਦਲ ਜਾਂਦੇ ਹਨ ਪਰ ਅੰਕੜਾ ਸਦਾ ਇਕ-ਅਰਥੀ ਹੀ ਰਹਿੰਦਾ ਹੈ। ਇਸ ਵਿਚ ਅਰਥ ਭੇਦ ਸੰਭਵ ਨਹੀਂ। '੧' ਦਾ ਅਰਥ ਹਰ ਕਾਲ ਵਿਚ ਇਕ ਹੀ ਰਹੇਗਾ। ਇਸ ਲਈ ਇਕ ਤੇ ਕੇਵਲ ਇਕੋ ਇਕ ਅਨਾਦੀ, ਅਨੰਤ, ਅਗੰਮ, ਅਗਾਹ, ਪਰਾਭੌਤਿਕ ਨਿਰੰਕਾਰ ਨੂੰ ਸਰਬ-ਵਿਆਪੀ ਜਾਣ ਕੇ ਪੂਜਣ ਦਾ ਉਦੇਸ਼ ਦੇਣ ਲਈ ਆਪ ਜੀ ਨੇ ਮੂਲ-ਮੰਤਰ ਦਾ ਆਰੰਭ '੧' ਦੇ ਅੰਕੜੇ ਤੋਂ ਕੀਤਾ।

ਇਕ ਸਮਾਂ ਜੀ ਜਦੋਂ ਕੁਝ ਵੀ ਨਹੀਂ ਸੀ। ਜੋਗੀਆਂ ਨੇ ਇਸ ਸਮੇਂ ਨੂੰ ਸੁੰਨ ਦਾ ਨਾਮ ਦਿੱਤਾ ਹੈ। ਇਸ ਸੁੰਨ ਨੂੰ ਗੁਰਮਤਿ ਨੇ ਪ੍ਰਵਾਨ ਤਾਂ ਕੀਤਾ ਹੈ ਪਰ ਇਸ ਤੋਂ ਭਾਵ ਨੇਸਤ, ਨਾ ਹੋਂਦ ਜਾਂ ਸਿਫ਼ਰੇ ਤੋਂ ਨਹੀਂ ਲਿਆ ਸਗੋਂ ਨਿਰਗੁਣ ਤੇ ਅਫੁਰ ਅਵਸਥਾ ਦੇ ਪ੍ਰਗਟਾਉ ਅਰਥਾਂ ਵਿਚ ਜਾਣਿਆ ਹੈ। 'ਸਿਧ ਗੋਸਟਿ' ਵਿਚ ਆਈ ਹੇਠ ਲਿਖੀ ਪ੍ਰਸ਼ਨੋਤਰੀ ਗੁਰਮਤਿ ਦੇ ਇਸ ਭਾਵ ਨੂੰ ਸਪੱਸ਼ਟ ਕਰਦੀ ਹੈ:

ਪ੍ਰਸ਼ਨ—ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰਿ ਵਾਸੋ॥੨੧॥
ਉੱਤਰ—ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ॥
(ਪੰਨਾ ੯੪੦)

'ਸੁੰਨ ਨਿਰੰਤਰਿ ਵਾਸੁ' ਕਿਸ ਪ੍ਰਕਾਰ ਦਾ ਸੀ? ਇਸ ਦਾ ਬਿਆਨ ਆਪ ਇਸ ਤਰ੍ਹਾਂ ਖੋਲ੍ਹਦੇ ਹਨ:

ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥੧॥ (ਪੰਨਾ ੧੦੩੫)

ਸੋ ਇਸ ਤੋਂ ਇਹ ਗੱਲ ਸਾਫ਼ ਹੋ ਜਾਂਦੀ ਹੈ ਕਿ ਗੁਰਮਤਿ 'ਸੁੰਨ ਤੋਂ ਨਾਹੋਂਦ ਜਾਂ ਕੁਝ ਨਹੀਂ ਦਾ ਭਾਵ ਨਹੀਂ ਲੈਂਦੀ ਸਗੋਂ ਨਿਰੰਕਾਰ ਜੀ ਦੀ ਉਸ ਅਵਸਥਾ ਨੂੰ 'ਸੁੰਨ' ਦਾ ਨਾਮ ਦੇਂਦੀ ਹੈ ਜਿਸ ਵਿਚ ਉਹ ਨਿਰਗੁਣ ਤਥਾ ਅਫੁਰ ਸੀ, ਭਾਵ ਨਿਰਗੁਣ ਨਿਰੰਕਾਰ ਵਿਚ ਫੁਰਨਾ ਸੁੰਨ ਸੀ।

'੧' ਨਿਰੰਕਾਰ ਜੀ ਦੀ ਸਰਗੁਣਤਾ ਦਾ ਆਰੰਭ ਹੈ। ਇਹ ਨਿਰੰਕਾਰ ਜੀ ਦਾ ਅਪਰੰਪਰ ਰੂਪ ਹੈ। ਇਕ 'ਆਪੇ ਹਰਿ ਨਰ ਹਰਿ' ਦਾ ਆਪਣਾ ਆਪ ਉਪਾਣਾ ਹੈ। ਇਹ ਉਸ ਦਾ ਇਕੋ ਇਕ ਤੇ ਹਰ ਗੱਲੋਂ ਨਿਰਾਲਾ ਸਰੂਪ ਹੈ ਜੋ ਤ੍ਰੈ-ਕਾਲ ਅਬਾਧਿ ਹੈ। ਕਾਰਨ ਰਹਿਤ, ਅਜਾਤ, ਕਾਲ ਜਾਲ ਤੋਂ ਉੱਚਾ, ਰੂਪ-ਰੇਖਾ ਤੋਂ ਮੁਕਤ, ਮਨੁੱਖੀ ਇੰਦਰੀਆਂ ਦੀ ਪਹੁੰਚ ਤੋਂ ਪਰੇ, ਇਹ ਉਸ ਦਾ ਅਲਖ ਸਰੂਪ ਹੈ। ਇਹ ਏਕਾ 'ਏਕ ਬਿਸਥੀਰਨ ਏਕ ਸੰਪੂਰਨ' ਹੈ। ਸਾਰੀ ਅਨੇਕਤਾਈ ਇਸ ਏਕੇ ਦਾ ਵਿਸਥਾਰ ਹੈ। ਮੂਲ ਮੰਤਰ ਦੇ ਸਾਧਕ ਨੇ ਇਸ 'ਏਕੇ' ਨੂੰ ਹੀ ਲੱਖਣਾ ਹੈ। ਸਾਹਿਬ ਫ਼ੁਰਮਾਉਂਦੇ ਹਨ:

ਸਾਰੀ ਦਿਸਦੀ ਅਣਦਿਸਦੀ ਰਚਨਾ ਇਸ ਏਕੇ ਦਾ ਆਪਣਾ ਹੀ ਸਰੀਰ ਹੈ। ਸਾਰੀ ਸ੍ਰੋਤ

ਉਸ ਦੀ ਆਪਣੀ ਆਵਾਜ਼ ਹੈ ਤੇ ਉਹ ਆਪ ਹੀ ਇਸ ਵਿਚ ਓਤ-ਪੋਤ ਹੋ ਰਸ ਮਾਣ ਰਿਹਾ ਹੈ। ਹੇ ਮਾਈ, ਕੋਈ ਦੂਜਾ ਤਾਂ ਹੈ ਨਹੀਂ ਫੇਰ ਹੋਰ ਕਿਸ ਦਾ ਜ਼ਿਕਰ ਕੀਤਾ ਜਾਵੇ? ਹੇ ਭਾਈ, ਸਾਹਿਬ ਇਕੋ ਹੀ ਹੈ, ਕੇਵਲ ਇਕੋ ਇਕ:

ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ ॥
ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ ॥੧॥
ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥੧॥ ਰਹਾਉ ॥ (ਪੰਨਾ ੩੫੦)

ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ ਦੇ ਸੰਸਾਰੀ ਭੰਡਾਰੀ ਤੇ 'ਲਾਏ ਦੀਬਾਣ' ਵਾਲੇ ਖ਼ਿਆਲ ਦੀ ਤਰਦੀਦ ਕਰਦੇ ਹੋਏ ਫ਼ੁਰਮਾਉਂਦੇ ਹਨ, "ਕੋਈ ਵੱਖਰਾ ਨਾ ਪਾਲਕ ਹੈ, ਨਾ ਘਾਲਕ। ਉਹ ਏਕਾ ਆਪ ਹੀ ਮਾਰਣਹਾਰ ਹੈ ਤੇ ਆਪ ਹੀ ਜੀਵਾਲਣਹਾਰ। ਜੀਅਦਾਨ ਵੀ ਉਹ ਆਪ ਹੀ ਕਰਦਾ ਹੈ ਤੇ ਲੈਂਦਾ ਵੀ ਉਹ ਆਪ ਹੀ ਹੈ। ਪਰਵਰਿਸ਼ ਤੇ ਨਿਗਰਾਨੀ ਵੀ ਉਹ ਆਪ ਹੀ ਕਰਦਾ ਹੈ। ਵੇਖਦਾ, ਵਿਗਸਦਾ ਤੇ ਦਇਆ ਦ੍ਰਿਸ਼ਟੀ ਵੀ ਉਹ ਆਪ ਹੀ ਕਰਦਾ ਹੈ। ਜੋ ਕੁਝ ਕਰਨਾ ਹੁੰਦਾ ਹੈ ਉਹ ਆਪਣੀ ਇੱਛਾ ਅਨੁਸਾਰ ਕਰ ਰਿਹਾ ਹੈ। ਉਸ ਦੇ ਵਿਰੁੱਧ ਕੁਝ ਵੀ ਕੀਤਾ ਨਹੀਂ ਜਾ ਸਕਦਾ। ਜੋ ਕੁਝ ਉਹ ਸਾਨੂੰ ਦੱਸਦਾ ਹੈ, ਉਹੋ ਜਿਹਾ ਅਸੀਂ ਉਸ ਨੂੰ ਬਿਆਨਦੇ ਹਾਂ। ਇਹ ਸਭ ਕੁਝ ਉਸ ਇਕ ਦੀ ਹੀ ਵਡਿਆਈ ਹੈ:

ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ ॥
ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ ॥੨॥
ਜੋ ਕਿਛੁ ਕਰਣਾ ਸੋ ਕਰਿ ਰਹਿਆ ਅਵਰੁ ਨ ਕਰਣਾ ਜਾਈ ॥
ਜੈਸਾ ਵਰਤੈ ਤੈਸੋ ਕਹੀਐ ਸਭ ਤੇਰੀ ਵਡਿਆਈ ॥੩॥ (ਪੰਨਾ ੩੫੦)

ਇਹ 'ਏਕਾ' ਕੇਵਲ ਕਹਿਣ ਮਾਤਰ ਨਹੀਂ ਸਗੋਂ ਅਮਲੀ ਜੀਵਨ ਵਿਚੋਂ ਦੁਜਾਇਗੀ ਨੂੰ ਮਿਟਾਉਣ ਦਾ ਪ੍ਰਤੀਕ ਹੈ। ਗੁਰੂ ਨਾਨਕ ਦੇਵ ਜੀ ਦਾ ਬਚਨ ਹੈ, 'ਕਹਿੰਦਾ ਤਾਂ ਹਰ ਕੋਈ ਇਹੋ ਹੈ ਕਿ ਉਹ ਅਦੁੱਤੀ ਹੈ, ਪਰ ਅੰਦਰੋਂ ਹਉਮੈ ਤੇ ਗਰਬ ਨਾਲ ਅੱਟਿਆ ਪਿਆ ਹੈ। ਨਿਰੰਕਾਰ ਦੇ ਮਹਿਲ (ਨਿੱਜ ਘਰ) ਦੀ ਪ੍ਰਾਪਤੀ ਤਾਂ ਉਸ ਨੂੰ ਹੀ ਹੁੰਦੀ ਹੈ ਜੋ ਆਪਣੇ ਅੰਤਰ-ਆਤਮੇ ਇਸ ਇਕ ਨੂੰ ਲਖ ਕੇ ਹਰਿ ਜੀ ਨੂੰ ਹਰ ਥਾਂ ਵਿਆਪਕ ਜਾਣੇ। ਉਹ ਮਾਲਕ ਤਾਂ ਨੇੜੇ ਹੈ, ਉਸ ਨੂੰ ਦੂਰ ਨਾ ਜਾਣੋ। ਉਹ ਇਕ ਹੀ ਸਾਰੀ ਸ੍ਰਿਸ਼ਟੀ ਵਿਚ ਸਮਾਇਆ ਹੋਇਆ ਹੈ। ਜਿਨ੍ਹਾਂ ਗੁਰਮੁਖਾਂ ਨੇ ਇਸ ਏਕੇ ਨੂੰ ਜਾਣ ਕੇ ਮਨ ਵਿਚੋਂ ਦੂਈ ਨੂੰ ਦੂਰ ਕਰ ਦਿੱਤਾ ਹੈ, ਉਹ ਉਸ ਇਕ ਵਿਚ ਸਮਾ ਜਾਂਦੇ ਹਨ:

ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥
ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ॥
ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ ॥
ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥੫॥ (ਪੰਨਾ ੯੩੦)

ਦਰਅਸਲ ਇਸ ਏਕੇ ਦੇ ਲਖਣਹਾਰ ਨੇ ਇਸ ਪਸਰ ਰਹੀ ਅਨੇਕਤਾ ਵਿਚ ਇਸ ਵਿਆਪ ਰਹੀ ਏਕਤਾ ਨੂੰ ਲਖਣਾ ਹੈ। ਸਾਹਿਬ ਕਥਨ ਕਰਦੇ ਹਨ, 'ਇਕੋ ਰਾਹ ਹੈ, ਇਕੋ ਪਿਆਰ ਤੇ ਇਕੋ ਸੁਹੱਪਣ, ਪਵਣ ਪਾਣੀ ਤੇ ਅੱਗ ਵਿਚ ਚਮਕ ਰਹੀ ਹੈ। ਇਕੋ ਭੰਵਰਾ ਹੀ ਤ੍ਰੈ-ਲੋਕੀ

ਵਿਚ ਫਿਰ ਰਿਹਾ ਹੈ। ਜੋ ਕੋਈ ਵੀ ਇਸ ਵਿਆਪ ਰਹੀ ਏਕਤਾ ਨੂੰ ਲਖ ਲੈਂਦਾ ਹੈ, ਉਹ ਪਤਿ ਪ੍ਰਾਪਤ ਕਰ ਲੈਂਦਾ ਹੈ। ਐਪਰ ਇਸ ਏਕਤਾ ਦਾ ਲਖਣਹਾਰ ਕੋਈ ਵਿਰਲਾ ਗੁਰਮੁਖ ਹੀ ਹੁੰਦਾ ਹੈ। ਇਸ ਪ੍ਰਾਪਤ ਹੋਏ ਗਿਆਨ ਨੂੰ ਉਹ ਇਕੋ ਜਿਹਾ ਰਹਿਣ ਲਈ ਵਰਤਦਾ ਹੈ। ਇਹ ਸਮ-ਦ੍ਰਿਸ਼ਟੀ ਜਿਸ ਕਿਸੇ ਨੂੰ ਉਸ ਦੀ ਦਇਆ-ਦ੍ਰਿਸ਼ਟੀ ਦੁਆਰਾ ਨਸੀਬ ਹੁੰਦੀ ਹੈ ਉਹ ਸੁਖਵੰਤ ਹੈ। ਇਹ ਰਸਤਾ ਉਸ ਨੂੰ ਗੁਰ-ਉਪਦੇਸ਼ ਰਾਹੀਂ ਹੀ ਪ੍ਰਾਪਤ ਹੁੰਦਾ ਹੈ।

ਏਕੁ ਅਚਾਰੁ ਰੰਗੁ ਇਕੁ ਰੂਪੁ ॥ ਪਉਣ ਪਾਣੀ ਅਗਨੀ ਅਸਰੂਪੁ ॥
ਏਕੋ ਭਵਰੁ ਭਵੈ ਤਿਹੁ ਲੋਇ ॥ ਏਕੋ ਬੂਝੈ ਸੂਝੈ ਪਤਿ ਹੋਇ ॥
ਗਿਆਨੁ ਧਿਆਨੁ ਲੇ ਸਮਸਰਿ ਰਹੈ ॥ ਗੁਰਮੁਖਿ ਏਕੁ ਵਿਰਲਾ ਕੋ ਲਹੈ ॥
ਜਿਸ ਨੋ ਦੇਇ ਕਿਰਪਾ ਤੇ ਸੁਖੁ ਪਾਏ ॥ ਗੁਰੂ ਦੁਆਰੈ ਆਖਿ ਸੁਣਾਏ ॥੭॥ (ਪੰਨਾ ੯੩੦)

ਸੱਚੀ ਗੱਲ ਤਾਂ ਇਹ ਹੈ ਕਿ ਇਸ 'ਏਕੇ' ਨੂੰ ਜਿਸ ਗੁਰਮੁਖ ਨੇ ਪੂਰਨ ਤੌਰ 'ਤੇ ਆਪਣੇ ਅੰਤਰ-ਆਤਮੇ ਲਖ ਲਿਆ ਹੈ, ਉਹ ਪਰਮ-ਪਦ ਨੂੰ ਪ੍ਰਾਪਤ ਕਰ ਚੁੱਕਾ ਹੈ। ਉਸ ਦੀ ਦ੍ਵੈਤ ਮਿਟ ਗਈ ਹੈ। ਉਹ ਹੁਣ ਆਪਣੇ ਤੇ ਪ੍ਰਭੂ ਵਿਚ ਦੁਜਾਇਗੀ ਨਹੀਂ ਸਮਝਦਾ। ਉਸ ਨੂੰ ਹੁਣ 'ਏਕੰਕਾਰ ਅਵਰ ਨਹੀ ਦੂਜਾ ਨਾਨਕ ਏਕ ਸਮਾਈ' ਦ੍ਰਿੜ੍ਹ ਹੋ ਚੁੱਕਾ ਹੈ ਅਤੇ ਉਸ ਦੇ ਸਾਰ ਭੇਦ ਮੁੱਕ ਚੁੱਕੇ ਹਨ:

ਇਸੁ ਏਕੇ ਕਾ ਜਾਣੈ ਭੇਉ ॥ ਆਪੇ ਕਰਤਾ ਆਪੇ ਦੇਉ ॥੮॥ (ਪੰਨਾ ੯੩੦)

ਉਪਰ ਕੀਤੀ ਗਈ ਵਿਚਾਰ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਮੂਲ ਦੇ ਆਰੰਭ ਵਿਚ ਹੀ ਗੁਰੂ ਨਾਨਕ ਦੇਵ ਜੀ ਦੇ ਧਰਮ ਦਾ ਅਮਲੀ ਪੱਖ ਉੱਘੜ ਆਉਂਦਾ ਹੈ ਅਤੇ ਇਹ ਗੱਲ ਸਾਫ਼ ਹੋ ਜਾਂਦੀ ਹੈ ਕਿ ਗੁਰੂ ਨਾਨਕ ਮਤਿ ਪੱਕਾ ਅਦ੍ਵੈਤਵਾਦੀ ਮਤਿ ਹੈ ਤੇ ਵੇਦਾਂਤਕ ਅਦ੍ਵੈਤਵਾਦ ਤੋਂ ਵਿਲੱਖਣ ਹੈ।

ਓ

'ਓ' ਇਸ ਏਕੇ ਦਾ ਹੀ ਕਵਾਉ ਹੈ। ਇਸ ਕਵਾਉ ਤੋਂ ਹੀ ਬ੍ਰਹਮਾ ਦੀ ਉਤਪਤੀ ਹੋਈ ਹੈ। ਓਅੰਕਾਰੁ ਹੀ ਚੇਤੰਨਤਾ ਦਾ ਕਰਨਹਾਰ ਹੈ। ਓਅੰਕਾਰ ਤੋਂ ਹੀ ਦੇਸ਼ ਤੇ ਕਾਲ ਵਜੂਦ ਵਿਚ ਆਏ ਹਨ। ਓਅੰਕਾਰ ਹੀ ਜੜ੍ਹ ਸ੍ਰਿਸ਼ਟੀ ਦਾ ਰਚਨਹਾਰ ਹੈ। ਓਅੰਕਾਰ ਤੋਂ ਹੀ ਵੇਦ ਰਚੇ ਗਏ। ਓਅੰਕਾਰ ਦੇ ਸਿਮਰਨ ਦੁਆਰਾ ਹੀ ਜੀਵ ਉਧਰ ਗਏ। ਓਅੰਕਾਰ ਦਾ ਲਖਯ ਨੂੰ ਬੂਝਣ ਕਰਕੇ ਹੀ ਗੁਰਮੁਖ ਭਵ ਸਾਗਰ ਨੂੰ ਤਰ ਗਏ। ਓਅੰਕਾਰ ਦਾ ਲਖਯ ਪਰਮਾਤਮਾ ਤਿੰਨਾਂ ਭਵਨਾਂ ਦਾ ਸਾਰ ਹੈ ਭਾਵ ਇਹ ਤ੍ਰਿ-ਭਵਨ ਉਸ ਦਾ ਹੀ ਕੀਤਾ ਹੋਇਆ ਹੈ, ਪਸਾਓ ਹੈ। ਇਸ ਲਈ ਓਅੰਕਾਰ ਦਾ ਲਖਯ ਏਕੰਕਾਰ ਨਮਸਕਾਰ ਯੋਗ ਹੈ:

ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥
ਓਅੰਕਾਰਿ ਸੈਲ ਜੁਗ ਭਏ ॥ ਓਅੰਕਾਰਿ ਬੇਦ ਨਿਰਮਏ ॥
ਓਅੰਕਾਰਿ ਸਬਦਿ ਉਧਰੇ ॥ ਓਅੰਕਾਰਿ ਗੁਰਮੁਖਿ ਤਰੇ ॥
ਓਨਮ ਅਖਰ ਸੁਣਹੁ ਬੀਚਾਰੁ ॥ ਓਨਮ ਅਖਰੁ ਤ੍ਰਿਭਵਣ ਸਾਰੁ ॥੧॥ (ਪੰਨਾ ੯੨੯)

ਮੁੱਕਦੀ ਗੱਲ ਇਹ ਹੈ ਕਿ 'ਓਅੰਕਾਰ', 'ਏਕੰਕਾਰ' ਜੀ ਦੀ ਸ਼ਬਦ ਧੁਨਿ ਹੈ ਜੋ ਕਵਾਉ

(ਹੁਕਮ) ਦੇ ਰੂਪ ਵਿਚ ਸਾਰੇ ਜਗਤ ਪਸਾਰੇ ਨੂੰ ਪ੍ਰਸਾਰਦੀ ਹੈ।

ਇਹ ਓਅੰਕਾਰ ਬ੍ਰਹਮ ਦਾ ਵਾਚਕ ਸ਼ਬਦ ਵੀ ਹੈ ਤੇ ਏਕੇ ਦਾ ਕਵਾਉ ਵੀ, ਇਸ ਲਈ ਇਹ ਏਕੰਕਾਰ ਓਅੰਕਾਰ ਹੈ। ਸੰਖੇਪ ਵਿਚ ਇਹ 'ੴ' ਹੈ। ਇਹ 'ੴ' ਸਤਿ ਹੈ। ਇਸ ਇਕ ਓਅੰਕਾਰ ਤੋਂ ਬਿਨਾਂ ਸਭ ਕੁਝ ਨਾਸਵੰਤ ਹੈ। ਸੂਰਜ, ਚੰਨ, ਪਵਣ, ਪਾਣੀ, ਧਰਤੀ, ਆਕਾਸ਼ ਸਭੋ ਕੁਝ ਨਸ਼ਟ ਹੋ ਜਾਵੇਗਾ ਪਰ ਇਹ ਇਕ ਓਅੰਕਾਰ ਅਬਿਨਾਸੀ ਰਹੇਗਾ :

ਨ ਸੂਰ ਸਸਿ ਮੰਡਲੋ ॥ ਨ ਸਪਤ ਦੀਪ ਨਹ ਜਲੋ ॥
ਅੰਨ ਪਉਣ ਥਿਰੁ ਨ ਕੁਈ ॥ ਏਕੁ ਤੁਈ ਏਕੁ ਤੁਈ ॥੪॥ (ਪੰਨਾ ੧੪੪)

ਸਤਿ

ਗੁਰੂ ਨਾਨਕ ਸਾਹਿਬ 'ੴ' ਨੂੰ ਨਿਰ-ਅਧਾਰਿਤ ਸਚੁ, ਸਦਾ ਸਲਾਮਤ ਸਚੁ, ਹੈ ਭੀ ਹੋਸੀ ਜਾਇ ਨ ਜਾਸੀ' ਹਾਂ ਜੀ ! 'ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸ' ਸਚੁ, 'ਸਤਿ ਸੁਹਾਣੁ ਸਦਾ ਮਨਿ ਚਾਉ' ਸਚੁ, ਅਕ੍ਰਿਤਮ ਸਤਿ ਤੇ ਮੁਕਾਮ ਸਚੁ ਜਾਣਦੇ ਹਨ ਤੇ ਇਸੇ ਆਦਿ ਜੁਗਾਦਿ ਸਚੁ ਨੂੰ ਲਖਣ ਦਾ ਹੀ ਉਪਦੇਸ਼ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ 'ੴ' (ਅਲ੍ਹਾ) ਜਾਣਿਆ ਨਹੀਂ ਜਾਂਦਾ। ਉਹ ਅਪਹੁੰਚ ਹੈ ਅਰਥਾਤ ਮਨ-ਬੁੱਧੀ ਦੀ ਪਹੁੰਚ ਤੋਂ ਪਰੇ ਹੈ। ਸਰਬ-ਸ਼ਕਤੀਮਾਨ ਹੈ। ਬਖ਼ਸ਼ਣਹਾਰ ਹੈ। ਸਾਰੀ ਦੁਨੀਆਂ ਉਪਜਦੀ ਤੇ ਬਿਨਸਦੀ ਹੈ ਪਰ ਉਹ ਮਿਹਰਾਂ ਦਾ ਸਾਈਂ ਸਦੀਵਕਾਲ ਕਾਇਮ ਰਹਿੰਦਾ ਹੈ। ਅਚੱਲ ਹੈ। ਕਿਸੇ ਤਕਦੀਰ ਦੇ ਵੱਸ ਵਿਚ ਨਹੀਂ। ਅਕਾਸ਼ ਤੇ ਧਰਤੀ ਵਿਨਾਸ਼ ਹੋ ਜਾਣਗੇ ਪਰ 'ੴ' ਸਦਾ ਥਿਰ ਰਹੇਗਾ। ਸੂਰਜ ਤੁਰਦਾ ਹੈ, ਚੰਦਰਮਾ ਚੱਲਦਾ ਹੈ। ਲੱਖਾਂ ਤਾਰੇ ਆਪਣੇ-ਆਪਣੇ ਗੇੜੇ ਕੱਢਦੇ ਅਲੋਪ ਹੋ ਜਾਂਦੇ ਹਨ ਪਰ ਕੇਵਲ 'ੴ' ਹੀ ਅਚੱਲ ਹੈ :

ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ ॥
ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ॥੬॥
ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ ॥
ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ ॥੭॥
ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥
ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ ॥੮॥੧੭॥ (ਪੰਨਾ ੬੪)

ਨਾਮੁ

ੴ ਸਤਿ, 'ਸਾਚਾ ਸਾਹਿਬ ਸਾਚੁ ਨਾਇ' ਹੈ ਅਰਥਾਤ ਆਪ ਵੀ ਸਤਿ ਹੈ ਤੇ ਉਸ ਦਾ ਨਾਮ ਵੀ ਸਤਿ ਹੈ। ਇਹ ਨਾਮ ਕੋਈ ਸੰਗਯਕ ਨਾਮ ਨਹੀਂ। ਇਹ ਤਾਂ 'ਚਹੁਦਿਸਿ ਨਾਮ ਪਤਾਲੰ' ਹੈ। ਇਹ 'ਨਾਮ ਤਤ ਸਭ ਹੀ ਸਿਰਿ ਜਾਪੇ' ਹੈ। 'ੴ' ਜੋ ਸਤਿ ਹੈ ਨਾਮ ਵਿਚ ਵਿਆਪਕ ਹੈ। ਤਾਂ ਤੇ ਨਾਮ ਵੀ ਸਤਿ ਹੈ। ਨਾਮ ਜੋ ਸਤਿ ਹੈ ਉਹ 'ੴ' ਵਿਚ ਸਥਿਤ ਹੈ। ਸਾਹਿਬ ਫ਼ੁਰਮਾਉਂਦੇ ਹਨ :

ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ॥ (ਪੰਨਾ ੫੫)

ਤਾਂ ਤੇ ਸਾਧਕ ਨੇ ਸਭ ਕੰਮ ਛੱਡ ਕੇ ਇਸ ਇਕ ਨੂੰ ਹੀ ਲਖਣਾ ਹੈ। ਇਕ ਨੂੰ ਹੀ ਅਰਾਧਣਾ ਹੈ। ਗੁਰੂ ਨਾਨਕ ਸਾਹਿਬ ਉਪਦੇਸ਼ਦੇ ਹਨ:

ਜਪਹੁ ਤ ਏਕੋ ਨਾਮਾ॥ ਅਵਰਿ ਨਿਰਾਫਲ ਕਾਮਾ॥੧॥ (ਪੰਨਾ ੭੨੮)

ਮੁੱਕਦੀ ਗੱਲ, ਨਾਮ ਹੀ ਤੱਤ ਸਤਿ ਹੈ ਅਤੇ ਇਸ ਤੱਤ ਸਤਿ ਨਾਮ ਨੇ ਹੀ ਸਭ ਨਾਮ-ਰੂਪ ਵਾਲੀ ਦਿੱਸ-ਅਦਿੱਸ ਰਚਨਾ ਨੂੰ ਧਾਰਿਆ, ਤਰਤੀਬ ਤੇ ਜਥੇਬੰਦੀ ਵਿਚ ਰੱਖਿਆ ਹੋਇਆ ਹੈ। ਜਾਂ ਫਿਰ ਇਵੇਂ ਸਮਝ ਲਈਏ। ਸਾਰ ਨਾਮ-ਰੂਪ '੧' ਦਾ ਵਿਸਥਾਰ ਹੈ। ਵਿਸਥਾਰ ਓਅੰਕਾਰ ਤੋਂ ਹੋਇਆ ਹੈ। ਓਅੰਕਾਰ ਏਕੇ ਦਾ ਕਵਾਉ ਹੈ। ਇਸ ਲਈ 'ਇਕ ਓਅੰਕਾਰ' ਹੈ ਤੇ 'ਓਅੰਕਾਰ ਇਕ' ਹੈ। '੧' ਸਤਿ ਹੈ। ਓਅੰਕਾਰ ਵੀ ਸਤਿ ਹੈ ਪਰ ਓਅੰਕਾਰ ਸਤਿ ਹੈ '੧' ਵਿਚ। ਸਤਿ ਵਜੂਦ ਹੈ ਇਕ ਦਾ। ਇਕ ਹੈ ਤਾਂ ਸ਼ਬਦ ਹੈ। ਸ਼ਬਦ ਓਅੰਕਾਰ ਹੈ। ਓਅੰਕਾਰ ਹੈ '੧' ਵਿਚ। '੧ੴ' ਲਖਾਏਗਾ ਸਤਿ ਨੂੰ। ਸਤਿ ਹਸਤੀ ਹੈ। ਹਸਤੀ ਨੂੰ ਦ੍ਰਿੜ੍ਹ ਕਰਾਏਗਾ ੧ੴ। ੧ੴ ਦ੍ਰਿੜ੍ਹ ਕਰਾਏਗਾ ਸਤਿ ਨੂੰ। '੧ੴ' ਸਤਿ ਹੈ ਤਾਂ ਨਾਮ ਵੀ ਸਤਿ ਹੈ। ਨਾਮ ਸਤਿ ਹੈ ਤਾਂ ਧਿਆਵਨਹਾਰ ਵੀ ਸਤਿ ਹੈ। ਪੰਚਮ ਪਾਤਸ਼ਾਹ ਫ਼ੁਰਮਾਉਂਦੇ ਹਨ:

ਦਰਸਨੁ ਸਤਿ ਸਤਿ ਪੇਖਨਹਾਰ॥
ਨਾਮੁ ਸਤਿ ਸਤਿ ਧਿਆਵਨਹਾਰ॥ (ਪੰਨਾ ੨੮੫)

ਤਾਂ ਤੇ ਇਕ ਦੀ ਦ੍ਰਿੜ੍ਹਤਾ ਦ੍ਵੈਤ ਦਾ ਨਾਸ ਕਰੇਗੀ। ਸਤਿ ਦਾ ਅਭਿਆਸ ਅਸਤਿ ਨੂੰ ਨਾਸ ਕਰੇਗਾ ਤੇ ਇਸ ਤਰ੍ਹਾਂ ਨਾਮ '੧ੴ' ਸਤਿ ਨੂੰ ਲਖਾਏਗਾ। ਨਾਮ ਅਭਿਆਸੀ ਸਤਿ ਨੂੰ ਧਿਆਉਂਦਾ-ਧਿਆਉਂਦਾ ਆਪ ਵੀ ਸਤਿ ਸਰੂਪ ਹੋ ਜਾਵੇਗਾ:

ਨਾਮ ਸੰਗਿ ਜਿਸ ਕਾ ਮਨੁ ਮਾਨਿਆ॥
ਨਾਨਕ ਤਿਨਹਿ ਨਿਰੰਜਨੁ ਜਾਨਿਆ॥ (ਪੰਨਾ ੨੮੧)

ਕਰਤਾ

ਪਹਿਲੀ ਵਿਲੱਖਣਤਾ 'ਓ' ਤੋਂ ਪਹਿਲਾ ਅੰਕ '੧' ਦਾ ਲਿਖਣਾ ਸੀ। ਹੁਣ ਦੂਜੀ ਵਿਲੱਖਣਤਾ ਉਸ ਨੂੰ ਕਰਤਾ ਕਹਿਣਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਨਿਰੰਕਾਰ (ਬ੍ਰਹਮ) ਹੀ ਜਗਤ ਦਾ ਰਚਨਹਾਰ ਹੈ। ਇਸ ਮਸਲੇ ਵਿਚ ਗੁਰੂ ਨਾਨਕ ਦੇਵ ਜੀ ਦਾ ਮਤਿ ਖਟ ਦਰਸ਼ਨੀ ਮਤਾਂ ਤੋਂ ਭਿੰਨ ਹੈ।

ਸਾਂਖ ਤਾਂ ਈਸ਼ਵਰ ਦੀ ਹੋਂਦ ਤੋਂ ਹੀ ਇਨਕਾਰੀ ਹੈ। ਜੋਗ ਈਸ਼ਵਰ ਦੀ ਹੋਂਦ ਨੂੰ ਮੰਨਦਾ ਤਾਂ ਹੈ ਪਰ ਸ੍ਰਿਸ਼ਟੀ ਰਚਨਾ ਬਾਰੇ ਉਸ ਦੇ ਵਿਚਾਰ ਸਾਂਖ ਤੋਂ ਅੱਡਰੇ ਨਹੀਂ। ਇਸ ਲਈ ਜੋਗ ਅਨੁਸਾਰ ਵੀ ਈਸ਼ਵਰ ਜਗਤ ਦਾ ਕਰਤਾ ਨਹੀਂ। ਉਹਨਾਂ ਦੇ ਵਿਚਾਰ ਵਿਚ ਈਸ਼ਵਰ ਇਕ ਦੇਵਤਾ ਹੈ ਜੋ ਨਿਯਮ-ਬੱਧ ਸੰਸਾਰ ਦਾ ਘੜਨਹਾਰ ਹੈ। ਜਗਤ ਉਸ ਦਾ ਸਰੀਰ ਤਾਂ ਹੈ ਪਰ ਫਿਰ ਵੀ ਜਗਤ ਉਸ ਨੂੰ ਆਪਣੇ ਵਿਚ ਸੀਮਿਤ ਨਹੀਂ ਕਰ ਸਕਦਾ। ਈਸ਼ਵਰ ਜਿਥੇ ਜਗਤ ਦਾ ਸਾਸ਼ਕ ਹੈ ਉਥੇ ਜੀਵਾਂ ਦੇ ਕਰਮਾਂ ਦਾ ਨਿਰਪੱਖ ਫ਼ਲ ਪ੍ਰਦਾਤਾ ਵੀ ਹੈ ਤੇ ਉਹਨਾਂ ਦੇ ਦੁੱਖਾਂ-ਸੁਖਾਂ ਦਾ ਸਭ ਤੋਂ ਵੱਡਾ ਨਿਯਾਇਦੀਸ਼ ਵੀ ਹੈ।

ਪੂਰਬ ਮੀਮਾਂਸਾ ਈਸ਼ਵਰ ਬਾਰੇ ਚੁੱਪ ਹੈ। ਇਸ ਦੇ ਖ਼ਿਆਲ ਵਿਚ ਕਰਮ ਸਰਬ-ਸ਼ਕਤੀਮਾਨ

ਹਨ ਤੇ ਇਹਨਾਂ ਨੇ ਹਰ ਹਾਲਤ ਵਿਚ ਫ਼ਲੀਭੂਤ ਹੋਣਾ ਹੈ। ਉਹ ਈਸ਼ਵਰ ਦੀ ਹੋਂਦ 'ਤੇ ਕਿੰਤੂ ਕਰਦਾ ਹੋਇਆ ਕਹਿੰਦਾ ਹੈ ਕਿ ਜੇਕਰ ਕੋਈ ਈਸ਼ਵਰ ਹੈ ਤਾਂ ਵੀ ਉਹ ਕਰਮਾਂ ਦਾ ਫ਼ਲ ਪ੍ਰਦਾਤਾ ਨਹੀਂ। ਅਪੂਰਵ (ਕਰਮਾਂ ਦੀ ਅਦਿੱਖ ਸ਼ਕਤੀ) ਹੀ ਫ਼ਲ ਪ੍ਰਦਾਨ ਕਰਨ ਦੇ ਸਮਰੱਥ ਹੈ। ਇਸ ਦੇ ਖ਼ਿਆਲ ਵਿਚ ਜਗਤ ਵੀ ਸਤਿ ਹੈ। ਇਸ ਨੂੰ ਅਨਾਦੀ ਤੇ ਅਨੰਤ ਹੋਂਦ ਤਸੱਵਰ ਕਰਦਾ ਹੈ। ਇਹ ਸਦਾ ਤੋਂ ਸੀ। ਜਿਹਾ ਹੁਣ ਹੈ, ਉਹੋ ਜਿਹਾ ਹੀ ਅੱਗੋਂ ਵੀ ਰਹੇਗਾ। ਇਸ ਦਾ ਕੋਈ ਭਾਗ ਨਾਸ਼ ਵੀ ਹੋ ਸਕਦਾ ਹੈ ਪਰ ਸਮੁੱਚੇ ਤੌਰ 'ਤੇ ਇਹ ਕਦੇ ਵੀ ਨਾਸ਼ ਨਹੀਂ ਹੋ ਸਕਦਾ। ਜੈਮਨੀ ਦਾ ਖ਼ਿਆਲ ਹੈ ਕਿ ਜਗਤ ਨਾ ਕਦੇ ਸਾਜਿਆ ਗਿਆ ਸੀ ਤੇ ਨਾ ਇਹ ਕਦੇ ਪੂਰੇ ਤੌਰ 'ਤੇ ਵਿਨਾਸ਼ ਹੀ ਹੋਵੇਗਾ। ਇਸ ਲਈ ਈਸ਼ਵਰ ਇਸ ਦਾ ਕਾਰਨ ਨਹੀਂ ਮੰਨਿਆ ਜਾ ਸਕਦਾ।

ਵੇਦਾਂਤ ਸ਼ਾਸਤਰ ਜਿਸ ਨੂੰ ਉੱਤਰ ਜਾਂ ਬ੍ਰਹਮ ਮੀਮਾਂਸਾ ਵੀ ਕਹਿੰਦੇ ਹਨ, ਵੀ ਬ੍ਰਹਮ ਨੂੰ ਅਕਰਤਰੀ ਹੀ ਮੰਨਦਾ ਹੈ। ਉਸ ਦਾ ਖ਼ਿਆਲ ਹੈ ਕਿ ਬ੍ਰਹਮ ਤਾਂ ਸਤਿ ਹੈ ਪਰ ਉਸ ਦੇ ਅੰਦਰ ਕਿਸੇ ਥਾਂ 'ਤੇ ਅਗਿਆਨ ਵੀ ਹੈ ਜੋ ਅਨਾਦੀ ਹੀ ਹੈ। ਇਹ ਅਨਾਦੀ ਸੰਪੂਰਨ ਅਗਿਆਨ ਹੀ ਮਾਇਆ ਹੈ ਜੋ ਨਾ ਹੀ ਸਤਿ ਹੈ ਨਾ ਅਸਤਿ ਤੇ ਨਾ ਹੀ ਸਤਿ-ਅਸਤਿ। ਇਹ ਤਾਂ ਅਨਿਰਵਚਨੀਯ ਹੈ।

ਵੇਦਾਂਤ ਦੇ ਖ਼ਿਆਲ ਅਨੁਸਾਰ ਇਸ ਅਨਿਰਵਚਨੀਯ ਮਾਇਆ ਦੀ ਉਪਾਧੀ ਕਰਕੇ ਬ੍ਰਹਮ ਈਸ਼ਵਰ ਅਖਵਾਉਂਦਾ ਹੈ। ਜਗਤ ਦਾ ਮੂਲ ਕਾਰਨ ਮਾਇਆ ਹੀ ਹੈ। ਈਸ਼ਵਰ ਸਗੁਣ ਬ੍ਰਹਮ ਹੈ ਜੋ ਜਗਤ ਦਾ ਕਰਤਾ ਹੈ ਤੇ ਸਾਸ਼ਕ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਨਿਰਗੁਣ ਤੇ ਸਗੁਣ ਦੋਵੇਂ ਬ੍ਰਹਮ ਦੇ ਹੀ ਯਥਾਰਥ ਰੂਪ ਹਨ। ਸਗੁਣ ਬ੍ਰਹਮ ਜਾਂ ਈਸ਼ਵਰ ਸ਼ਕਤੀ ਸੰਪੰਨ ਰੱਬ ਹੈ ਅਰਥ ਸਭ ਹੋਂਦ ਵਿਚ ਆਈਆਂ ਵਸਤਾਂ ਦੀ ਸਮੁੱਚਤਾ ਹੈ। ਸ਼ੰਕਰ ਵਾਸਤਵ ਵਿਚ ਆਤਮਾਵਾਂ ਤੇ ਪਦਾਰਥਕ ਸੰਸਾਰ ਦੀ ਸਿਰਜਣਾ ਦਾ ਆਧਾਰ ਮਾਇਆ ਨੂੰ ਤਸੱਵਰ ਕਰਦਾ ਹੈ। ਸੋ ਇਸ ਗੱਲ ਵਿਚ ਕੋਈ ਸੰਦੇਹ ਨਹੀਂ ਰਹਿੰਦਾ ਕਿ ਵੇਦਾਂਤ ਬ੍ਰਹਮ ਨੂੰ ਜਗਤ ਦਾ ਕਰਤਾ ਤਸਲੀਮ ਨਹੀਂ ਕਰਦਾ।

ਗੁਰੂ ਨਾਨਕ ਸਾਹਿਬ ਦੇ ਅਨੁਸਾਰ ਬ੍ਰਹਮ ਆਪ ਹੀ ਪੂਰਨ ਕਰਤਾ ਹੈ। ਮਾਇਆ ਵੀ ਨਿਰੰਕਾਰੀ ਉਪਜ ਹੀ ਹੈ। ਆਪ ਕਹਿੰਦੇ ਹਨ, 'ਹੇ ਨਿਰੰਕਾਰ, ਤੇਰੀ ਕਲਿਆਣ ਹੋਵੇ ਜਿਸ ਤੋਂ ਮਾਇਆ, ਬਾਣੀ ਤੇ ਬ੍ਰਹਮਾ ਉਪਜੇ ਹਨ ਅਤੇ ਉਹ ਸਲਾਹੁਣ ਯੋਗ ਸਦਾ ਟਹਿਣ ਵਾਲੀਆਂ ਹਸਤੀਆਂ ਜਿਨ੍ਹਾਂ ਦੇ ਹਿਰਦੇ ਸਦਾ ਅਨੰਦ ਭਰਪੂਰ ਹਨ:

ਸੁਅਸਤਿ ਆਥਿ ਬਾਣੀ ਬਰਮਾਉ॥
ਸਤਿ ਸੁਹਾਣੁ ਸਦਾ ਮਨਿ ਚਾਉ॥ (ਪੰਨਾ ੪)

ਪੰਜ ਤੱਤ ਵੀ ਉਸ ਦੇ ਆਪਣੇ ਹੀ ਸਾਜੇ ਹੋਏ ਹਨ:

ਪੰਚ ਭੂ ਨਾਇਕੋ ਆਪਿ ਸਿਰੰਦਾ ਜਿਨਿ ਸਚ ਕਾ ਪਿੰਡੁ ਸਵਾਰਿਆ॥ (ਪੰਨਾ ੭੬੬)

ਉਸ ਨੇ ਆਪਣੇ ਭਾਣੇ ਅਨੁਸਾਰ ਆਪ ਹੀ ਜਗਤ ਨੂੰ ਰਚਿਆ ਹੈ:

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥
ਬਾਝੁ ਕਲਾ ਆਡਾਣੁ ਰਹਾਇਆ॥

ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥੧੪॥ (ਪੰਨਾ ੧੦੩੬)

ਮੁੱਕਦੀ ਗੱਲ, ਉਹ ਕਰਣ-ਕਾਰਣ ਸਮਰੱਥ ਕਰਤਾ ਹੈ। ਕੇਵਲ ਨਮਿੱਤ ਕਾਰਨ ਹੀ ਨਹੀਂ, ਉਪਾਦਾਨ ਕਾਰਨ ਵੀ ਹੈ। ਸਾਰੇ ਕਾਰਨ ਉਸ ਦੇ ਆਪਣੇ ਵੱਸ ਵਿਚ ਹਨ:

ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ ॥
ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥੨॥ (ਪੰਨਾ ੧੪੮)

ਪੁਰਾਣੇ ਚਿੰਤਕ ਕਹਿੰਦੇ ਹਨ ਕਿ ਕਿਸੇ ਕਰਤੇ ਵਿਚ ਤਿੰਨਾਂ ਗੱਲਾਂ ਦਾ ਹੋਣਾ ਜ਼ਰੂਰੀ ਹੈ—(1) ਇੱਛਾ, (2) ਗਿਆਨ, (3) ਕਿਰਤ।

ਪਰ ਇਹ ਆਮ ਕਰਤਿਆਂ ਵਰਗਾ ਕਰਤਾ ਨਹੀਂ। ਆਮ ਕਰਤਿਆਂ ਨੂੰ ਆਪਣੀ ਇੱਛਾ ਪੂਰਤੀ ਲਈ ਲੋੜ ਹੈ ਸਾਮੱਗਰੀ ਦੀ, ਜਿਵੇਂ ਘੁਮਿਆਰ ਨੂੰ ਘੜਾ ਬਣਾਉਣ ਲਹੀ ਲੋੜ ਹੈ ਮਿੱਟੀ ਦੀ, ਚੱਕ ਦੀ। ਜੁਲਾਹੇ ਨੂੰ ਕੱਪੜਾ ਬੁਨਣ ਲਈ ਲੋੜ ਹੈ ਸੂਤਰ ਦੀ, ਖੱਡੀ ਦੀ। ਇਹਨਾਂ ਦੀ ਇੱਛਾ ਸਮਰੱਥ ਨਹੀਂ, ਸਮੱਗਰੀ ਅਧੀਨ ਹੈ।

ਪਰ '੧ੴ' ਜੋ ਕਰਤਾ ਹੈ ਸਗਲ ਪਸਾਰੇ ਦੀ ਇੱਛਾ ਸੰਪੂਰਨ ਹੈ। ਉਸ ਦੀ ਇੱਛਾ ਹੀ ਸਮੱਗਰੀ ਹੈ, ਉਸ ਦੀ ਇੱਛਾ ਹੀ ਹੁਕਮ ਹੈ। ਉਹ ਆਪਣੀ ਇੱਛਾ ਸਾਕਾਰ ਕਰਨ ਵਿਚ ਏਨਾ ਸਮਰੱਥ ਹੈ ਕਿ:

ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥ (ਪੰਨਾ ੩)

ਸੋ ਇਹ ਕਰਤਾ ਹੈ ਸਰਬ-ਕਲਾ ਕਾ ਗਯਾਤਾ। ਕਰਤਾ ਵੀ ਆਪ ਕਿਰਤ ਵੀ ਆਪ, ਸਭ ਕੁਝ ਆਪੇ ਆਪ। ਕਿਰਤ ਵਿਚ ਆਸਨ ਲਗਾ ਵੇਖਦਾ, ਵਿਗਸਦਾ, ਫਿਰ ਨਿਰਲੇਪ।

ਪੁਰਖ

ਕਰਤਾ ਦੇ ਨਾਲ ਹੀ ਪੁਰਖ ਸ਼ਬਦ ਦਾ ਆਉਣਾ ਉਸ ਦੀ ਵਿਆਪਕਤਾ ਤੇ ਪਰੀਪੂਰਨਤਾ ਦਾ ਸੂਚਕ ਹੈ। ਕਰਤਾ ਕਹਿਣ ਤੋਂ ਬਿਨਾਂ ਇਵੇਂ ਪ੍ਰਤੀਤ ਹੁੰਦਾ ਸੀ ਰਚਨਾ ਰਚ ਕੇ '੧ੴ' ਰਚਨਾ ਤੋਂ ਅਟੰਕ ਹੋ ਰਿਹਾ ਹੈ ਕਿਉਂਕਿ ਘੁਮਿਆਰ ਭਾਂਡੇ ਘੜਦਾ ਹੈ ਪਰ ਭਾਂਡੇ ਤਿਆਰ ਹੋ ਜਾਣ ਮਗਰੋਂ ਉਸ ਦਾ ਕੋਈ ਸੰਬੰਧ ਭਾਂਡੇ ਨਾਲ ਨਹੀਂ ਰਹਿੰਦਾ। ਇਸੇ ਤਰ੍ਹਾਂ ਤਰਖਾਣ ਮੇਜ਼ ਬਣਾਉਂਦਾ ਹੈ, ਰਾਜ ਮਹਿਲ ਉਸਾਰਦਾ ਹੈ, ਸੁਨਿਆਰਾ ਗਹਿਣੇ ਘੜਦਾ ਹੈ, ਪਰ ਮੁਕੰਮਲਤਾ ਮਗਰੋਂ ਕਰਤਾ ਤੇ ਕਾਰਜ ਦਾ ਕੋਈ ਸੰਬੰਧ ਇਕ ਦੂਜੇ ਨਾਲ ਨਹੀਂ ਰਹਿੰਦਾ। ਇਸੇ ਤਰ੍ਹਾਂ ਜੇਕਰ ਈਸ਼ਵਰ ਜਗਤ ਦਾ ਕਰਤਾ ਹੈ ਤਾ ਫਿਰ ਇਸ ਦਾ ਸੰਬੰਧ ਇਸ ਦੇ ਕਾਰਜ ਜਗਤ ਨਾਲ ਕਿਵੇਂ ਰਹਿ ਸਕਦਾ ਹੈ?

ਸਤਿਗੁਰੂ ਕਰਤਾ ਨੂੰ ਰਚਨਾ ਵਿਚ ਓਤ-ਪੋਤ ਦਰਸਾਉਣ ਲਈ 'ਪੁਰਖੁ' ਸ਼ਬਦ ਦਾ ਪ੍ਰਯੋਗ ਕਰਦੇ ਹਨ। ਜਿਸ ਦਾ ਭਾਵ ਇਹ ਹੋ ਜਾਂਦਾ ਹੈ ਕਿ ਹੈ ਤਾਂ ਉਹ ਅਪਰੰਪਰ ਕਰਤਾ ਹੀ ਪਰ ਪੁਰਖੁ (ਵਿਆਪਕ) ਵੀ ਹੈ। ਉਹ ਆਪਣੀ ਰਚਨਾ ਤੋਂ ਅਲੱਗ-ਥਲੱਗ ਹੋ, ਕਿਸੇ ਸਤਵੇਂ ਆਕਾਸ਼ 'ਤੇ ਆਪਣਾ ਤਖ਼ਤ ਨਹੀਂ ਜਮਾਈ ਬੈਠਾ ਤੇ ਨਾ ਹੀ ਕਿਸੇ ਖੀਰ ਸਮੁੰਦਰ ਵਿਚ ਸ਼ੇਸ਼ਨਾਗ ਦੀ ਫਣ 'ਤੇ ਸਿੰਘਾਸਨ ਲਾਈ ਬੈਠਾ ਹੈ ਸਗੋਂ ਆਪਣੇ ਕਾਰਜ ਵਿਚ ਆਪ ਸਮਾਇਆ ਸਾਰੀ ਰਚਨਾ ਵਿਚ ਪਰੀਪੂਰਨ ਹੈ।

ਸੰਸਕ੍ਰਿਤ ਬੋਲੀ ਅਨੁਸਾਰ ਇਸ ਦਾ ਅਰਥ ਪੁਰ-ਪੁਰ ਵਿਚ ਨਿਵਾਸ ਕਰਨ ਵਾਲਾ ਹੈ। ਪੁਰ-ਪੁਰ ਤੋਂ ਭਾਵ ਜਗਤ ਰੂਪੀ ਪੁਰ ਵਿਚ ਨਿਵਾਸ ਕਰਨ ਵਾਲਾ ਹੈ। ਸੋ ਸਮ-ਭਾਵ ਇਸ ਦੀ ਸਰਬ-ਵਿਆਪਕਤਾ ਤੋਂ ਹੀ ਹੈ।

ਕਈ ਵਿਦਵਾਨਾਂ ਨੇ ਇਸ ਦੇ ਅਰਥ 'ਦੇਹ ਰੂਪੀ ਪੁਰੀ ਵਿਚ ਸੈਨ ਕਰਨ ਵਾਲਾ', 'ਪੁਰਖੀ ਚੇਤੰਨਤਾ', 'ਚੇਤਨ ਸ਼ਖ਼ਸੀਅਤ' ਆਦਿ ਵੀ ਕੀਤੇ ਹਨ ਪਰ ਇਹ ਅਰਥ ਪ੍ਰਕਰਣ ਨਾਲ ਜਚਦੇ-ਫੱਬਦੇ ਨਹੀਂ। ਗੁਰੂ ਅਰਜਨ ਦੇਵ ਜੀ ਦਾ ਹੇਠ ਲਿਖਿਆ ਮੁਖਵਾਕ ਇਸ ਦੇ ਸਰਬ-ਵਿਅਪਕ ਹੋਣ ਵਾਲੇ ਅਰਥ ਦੀ ਪੁਸ਼ਟੀ ਕਰਦਾ ਹੈ:

ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ ॥
ਸਰਬ ਰਹਿਓ ਭਰਪੂਰਿ ਸਗਲ ਘਟ ਰਹਿਓ ਬਿਆਪੇ ॥
ਬ੍ਯਾਪਤੁ ਦੇਖੀਐ ਜਗਤਿ ਜਾਨੈ ਕਉਨੁ ਤੇਰੀ ਗਤਿ
ਸਰਬ ਕੀ ਰਖ੍ਯਾ ਕਰੈ ਆਪੇ ਹਰਿ ਪਤਿ ॥ (ਪੰਨਾ ੧੩੮੫)

ਅਸੀਂ ਪਿੱਛੇ ਦੱਸ ਚੁੱਕੇ ਹਾਂ ਕਿ ੧ੴ ਆਪਣੀ ਨਾਮ ਸ਼ਕਤੀ ਰਾਹੀਂ ਸਰਬ ਭਰਪੂਰੀ ਹੈ। ਨਾਮ ਸਰਬ-ਵਿਆਪਕ ਵੀ ਹੈ ਤੇ ਸਾਰੇ ਨਾਮ ਰੂਪ ਦਾ ਕਰਤਾ ਹੈ। ਨਾਮ-ਰੂਪ ਦਿੱਸਦਾ ਅਣਦਿੱਸਦਾ ਸਾਰਾ ਸੰਸਾਰ ਹੈ। ਇਹ ਸਾਰਾ ਸੰਸਾਰ ਨਾਮ-ਰੂਪ ਹੈ ਅਤੇ ਸਮੱਗਰ ਨਾਮ ਰੂਪ ਦਾ ਸੂਤਰਧਾਰ ਨਾਮ ਹੈ। ਨਾਮ ਸਤਿ ਹੈ ਇਸ ਲਈ ਨਾਮ ਦੀ ਕ੍ਰਿਤ ਸੰਸਾਰ ਵੀ ਸਤਿ ਹੈ, ਅਧਾਰਤ ਸਤਿ। ਨਾਮ ਸਰਬ-ਵਿਆਪਕ ਹੈ ਤੇ ਨਾਮ ਹੀ ਕਰਤਾ ਵੀ ਹੈ ਇਸ ਲਈ ਕਰਤਾ ਵੀ ਵਿਆਪਕ ਹੈ। ਬੱਸ ਫਿਰ, '੧ੴ ਸਤਿ ਨਾਮ' 'ਕਰਤਾ ਪੁਰਖ' ਹੀ ਹੈ।

ਹੁਣ ਤਕ ਗੁਰੂ ਨਾਨਕ ਸਾਹਿਬ ਦੇ ਮੂਲ ਮੰਤਰ ਵਿਚ ਉਲੀਕੇ ਕੁਝ ਕੁ ਸਰੂਪ ਹੀ ਵਿਚਾਰੇ ਗਏ ਹਨ। ਗੁਰੂ ਨਾਨਕ ਸਾਹਿਬ ਦਾ ਨਿਰੰਕਾਰ ਨਿਰਭਉ ਵੀ ਹੈ ਤੇ ਨਿਰਵੈਰੁ ਵੀ, ਅਕਾਲ ਵੀ ਹੈ ਤੇ ਮੂਰਤਿ ਵੀ (ਭਾਵ ਹੋਂਦ ਹੈ, ਅਣਹੋਂਦ ਨਹੀਂ, ਸਗੋਂ ਪਰਮ ਮੂਰਤੀ ਤੱਤ ਹੈ ਜਿਸ ਨੇ ਸਮੁੱਚੇ ਸੂਖ਼ਮ ਅਸਥੂਲ ਸੰਸਾਰ ਨੂੰ ਮੂਰਤੀਮਾਨ ਕੀਤਾ ਹੈ ਜਾਂ ਹੋਂਦ ਵਿਚ ਲਿਆਂਦਾ ਹੈ)।

ਗੁਰੂ ਨਾਨਕ ਸਾਹਿਬ ਦਾ 'ਅਜੂਨੀ' ਕਹਿਣਾ ਅਵਤਾਰਵਾਦ ਦੇ ਸਿਧਾਂਤ ਤੇ ਇਕ ਕਾਰੀ ਚੋਟ ਹੈ। ਦਖਣੀ ਓਅੰਕਾਰੁ ਵਿਚ ਆਈ ਪੰਕਤੀ 'ਜਨਮਿ ਮਰਣਿ ਨਹੀ ਧੰਧਾ ਧੈਰੁ' 'ਅਜੂਨੀ' ਪਦ ਦੀ ਸੰਖੇਪ ਜਿਹੀ ਵਿਆਖਿਆ ਹੈ। ਉਸ ਦਾ ਨਾ ਕੋਈ ਪਿਤਾ ਹੈ ਨਾ ਮਾਤਾ। ਜੇ ਮਾਂ ਪਿਉ ਦੋਵੇਂ ਹੀ ਨਹੀਂ ਤਾਂ ਫਿਰ ਜਨਮ ਦਾ ਕਾਰਨ ਕੀ ਹੋਇਆ? ਕੀ ਉਹ ਅਕਾਰਨ ਹੈ ਤਾਂ ਜਨਮ ਮਰਨ ਦਾ ਕੀ ਮਤਲਬ?

ਬੇਦ ਕਤੇਬੀ ਭੇਦੁ ਨ ਜਾਤਾ ॥ ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ ॥
ਸਗਲੇ ਸੈਲ ਉਪਾਇ ਸਮਾਏ ਅਲਖੁ ਨ ਲਖਣਾ ਜਾਈ ਹੇ ॥੬॥ (ਪੰਨਾ ੧੦੨੧)

ਕਾਰਨ ਵਾਲੀ ਵਸਤੂ ਪ੍ਰਣਾਮੀ ਹੁੰਦੀ ਹੈ। ਪਰ ਇਹ ਤਾਂ 'ਮੁਕਾਮ ਓਹੀ ਏਕ' ਹੈ, 'ਸਦਾ ਸਲਾਮਤ ਨਿਰੰਕਾਰ' ਹੈ, 'ਹੈ ਭੀ ਹੋਸੀ ਜਾਇ ਨ ਜਾਸੀ' ਹੈ, 'ਸਦਾ ਸਤਿ' ਹੈ, ਫੇਰ ਉਹ ਪ੍ਰਣਾਮੀ ਕਿਵੇਂ ਹੋ ਸਕਦਾ ਹੈ? ਇਸ ਲਈ ਸਹੀ ਮਾਅਨਿਆਂ ਵਿਚ ਉਹ ਅਕਾਰਨ ਹੀ ਹੈ। ਉਸ ਨੂੰ ਅਜਨਮਾ ਕਹਿਣਾ ਵੀ 'ਅਕਾਰਨ' ਦੇ ਅੰਤਰਗਤ ਹੀ ਹੈ, ਪ੍ਰਤੀਕੂਲ ਨਹੀਂ।

ਉਹ 'ਸੈ ਭੰ' ਹੈ। ਜੋਤਿ ਉਜਾਲਿਆ ਹੈ, ਸੁਤੇ ਪ੍ਰਕਾਸ਼ ਹੈ ਭਾਵ 'ਸ੍ਵਯੰ ਭੰ' ਹੈ।

ਤੇ ਨਿਰੰਕਾਰ ਦਾ ਉਪਰੋਕਤ ਦੱਸਿਆ ਗਿਆ ਸਰੂਪ 'ਗੁਰ ਪ੍ਰਸਾਦਿ' ਹੈ ਅਰਥਾਤ ਗੁਰੂ ਦੀ ਕਿਰਪਾ ਦੁਆਰਾ ਹੀ ਲਖਿਆ ਜਾ ਸਕਦਾ ਹੈ।

ਨਿਰਭਉ ਤੋਂ ਲੈ ਕੇ ਗੁਰ ਪ੍ਰਸਾਦਿ ਦੀ ਵਿਆਖਿਆ ਲੇਖ ਦੇ ਲੰਬਾ ਹੋ ਜਾਣ ਦੇ ਡਰ ਕਰਕੇ ਵਿਸਥਾਰ ਨਾਲ ਨਹੀਂ ਕੀਤੀ ਗਈ ਕੇਵਲ ਸੰਕੇਤਕ ਅਰਥ ਹੀ ਕੀਤੇ ਹਨ ਪਰ ਸਾਨੂੰ ਉਪਰੋਕਤ ਵਿਚਾਰ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਗੁਰੂ ਨਾਨਕ ਸਾਹਿਬ ਦਾ ਨਿਰੰਕਾਰ 'ਸਰੂਪ-ਚਿਤਰਨ' ਆਪਣੇ ਆਪ ਵਿਚ ਹੀ ਇਕ ਨਿਵੇਕਲਾ ਅਸਥਾਨ ਰੱਖਦਾ ਹੈ।

ਸਹੀ ਗੱਲ ਤਾਂ ਇਹ ਹੈ ਕਿ ਮੂਲ ਮੰਤ੍ਰ ਗੁਰਮਤਿ ਵਿਚ ਆਏ ਬ੍ਰਹਮਵਾਦ ਦਾ ਸਹੀ ਸਰੂਪ ਹੈ। ਬੋਲੀ ਰਾਹੀਂ ਇਸ ਤੋਂ ਵਧੇਰੇ ਸ਼ਬਦਾਤਿਕ ਚਿੱਤਰ ਉਲੀਕਣਾ ਸੰਭਵ ਨਹੀਂ।

(11/1972)

ਜਪੁ ਜੀ : ਵਿਸ਼ਵ-ਰਚਨਾ

ਗੁਰੂ ਨਾਨਕ ਦੇਵ ਜੀ ਨੇ ਵਿਸ਼ਵ ਦੀ ਉਤਪਤੀ ਨਾਲ ਸੰਬੰਧਿਤ ਆਪਣੇ ਰਚਨਾ-ਸਿਧਾਂਤ ਦਾ ਪ੍ਰਮੁੱਖ ਵਰਣਨ ਆਪਣੀਆਂ ਦੋ ਦਾਰਸ਼ਨਿਕ ਕਿਰਤਾਂ ਜਪੁਜੀ ਅਤੇ ਮਾਰੂ ਸੋਲਹੇ ਵਿਚ ਕੀਤਾ ਹੈ। ਆਪਣੀ ਸਭ ਤੋਂ ਮੁੱਢ ਦੀ ਰਚਨਾ ਜਪੁਜੀ ਵਿਚ ਗੁਰਦੇਵ ਨੇ ਜੋ ਵਿਸ਼ਾ ਵਿਸ਼ਵ-ਰਚਨਾ ਸੰਬੰਧੀ ਛੋਹਿਆ ਸੀ, ਮਾਰੂ ਸੋਲਹੇ ਨਾਂ ਦੀ ਰਚਨਾ ਵਿਚਲਾ ਵਿਸ਼ਾ ਉਸੇ ਦੀ ਸਿਖ਼ਰ ਆਖਿਆ ਜਾ ਸਕਦਾ ਹੈ। ਮਾਰੂ ਸੋਲਹੇ ਵਿਚ 'ਧੁੰਧੂਕਾਰ' ਉਪਰੰਤ ਗੁਰਦੇਵ ਨੇ ਵਿਸ਼ਵ-ਉਤਪਤੀ ਦਾ ਵਿਸ਼ਾ ਬੜੀ ਬਰੀਕੀ ਅਤੇ ਵਿਸਥਾਰ ਨਾਲ ਵਰਣਨ ਕੀਤਾ ਹੈ। ਜਿਥੇ ਜਪੁਜੀ ਵਿਚ ਗੁਰੂ ਨਾਨਕ ਸਾਹਿਬ ਨੇ ਰਚਨਾ-ਸਿਧਾਂਤਾਂ ਦਾ ਬੜਾ ਸੰਖੇਪ ਤੇ ਸੂਤਰਮਈ ਬਿਆਨ ਕੀਤਾ ਹੈ, ਉਥੇ ਉਹਨਾਂ ਮਾਰੂ ਸੋਲਹੇ ਵਿਚ ਵਿਸ਼ਵ ਸੰਬੰਧੀ ਰਚਨਾ-ਸਿਧਾਂਤਾਂ ਦਾ ਬੜਾ ਭਾਵਪੂਰਤ ਤੇ ਭਰਪੂਰ ਵਰਣਨ ਕੀਤਾ ਹੈ।

ਆਦਿ ਕਾਲ ਤੋਂ ਆਧੁਨਿਕ ਕਾਲ ਤਕ ਮਨੁੱਖ ਪ੍ਰਕਿਰਤੀ ਤੋਂ ਪ੍ਰਭਾਵਿਤ ਹੁੰਦਾ ਆਇਆ ਹੈ ਤੇ ਉਹ ਇਸ ਦਾ ਮੁੱਢ ਖੋਜਣ ਲਈ ਲਗਾਤਾਰ ਕੋਸ਼ਿਸ਼ ਕਰਦਾ ਰਿਹਾ ਹੈ। ਮਨੁੱਖ ਸ੍ਰਿਸ਼ਟੀ ਰਚਨਾ ਦੇ ਕਾਰਣਾਂ ਨੂੰ ਘੋਖਦਾ ਰਿਹਾ ਹੈ ਅਤੇ ਉਸ ਨੇ ਸਮੇਂ-ਸਮੇਂ ਸ੍ਰਿਸ਼ਟੀ ਦੇ ਮੁੱਢ ਬਾਰੇ ਤਰ੍ਹਾਂ-ਤਰ੍ਹਾਂ ਦੇ ਕਿਆਸ ਲਗਾਏ ਹਨ। ਬ੍ਰਹਿਮੰਡ ਦੀ ਰਚਨਾ ਅਤੇ ਹੋਂਦ ਸੰਬੰਧੀ ਅਨੇਕਾਂ ਵਿਗਿਆਨੀਆਂ, ਤਰਕਵਾਦੀਆਂ ਅਤੇ ਦਾਰਸ਼ਨਿਕਾਂ ਨੇ ਆਪੋ-ਆਪਣੇ ਵਿਚਾਰ ਪ੍ਰਗਟਾਏ ਹਨ। ਵੇਦਾਂ, ਉਪਨਿਸ਼ਦਾਂ, ਸ਼ਾਸਤਰਾਂ ਆਦਿਕ ਭਾਰਤੀ ਅਧਿਆਤਮਕ ਗ੍ਰੰਥਾਂ ਤੇ ਪੱਛਮੀ ਧਰਮ ਗ੍ਰੰਥਾਂ ਵਿਚ ਵੀ ਸ੍ਰਿਸ਼ਟੀ-ਰਚਨਾ ਸੰਬੰਧੀ ਵਿਚਾਰ ਪ੍ਰਗਟਾਏ ਗਏ ਮਿਲਦੇ ਹਨ। ਜਪੁਜੀ ਵਿਚਲੇ ਰਚਨਾ-ਸਿਧਾਂਤਾਂ ਦੀ ਵਾਸਤਵਿਕ ਹਕੀਕਤ ਨੂੰ ਵਿਚਾਰਨ ਅਤੇ ਸਮਝਣ ਲਈ ਇਸ ਦੀ ਦਾਰਸ਼ਨਿਕ ਪਿਸ਼ਠ-ਭੂਮੀ ਵਿਚ ਉਪਲਬਧ ਰਚਨਾ ਸੰਬੰਧੀ ਦਾਰਸ਼ਨਿਕ ਸਿਧਾਂਤਾਂ ਦਾ ਅਧਿਐਨ ਤੇ ਵਿਵੇਚਨਾ ਬਹੁਤ ਜ਼ਰੂਰੀ ਹੈ ਕਿਉਂਕਿ ਉਹਨਾਂ ਦਾ ਸਰਬਾਂਗੀ ਆਲੋਚਨਾਤਮਕ ਅਧਿਐਨ ਕੀਤੇ ਬਿਨਾਂ ਜਪੁਜੀ ਵਿਚਲੇ ਰਚਨਾ-ਸਿਧਾਂਤਾਂ ਦੀ ਆਂਤਰਿਕ ਆਤਮਾ ਨੂੰ ਚੰਗੀ ਤਰ੍ਹਾਂ ਨਹੀਂ ਪਛਾਣਿਆ ਜਾ ਸਕਦਾ।

ਭਾਰਤੀ ਦਰਸ਼ਨ ਗ੍ਰੰਥ ਉਪਨਿਸ਼ਦਾਂ ਵਿਚ ਦ੍ਰਿਸ਼ਟ ਜਗਤ ਦੀ ਉਤਪਤੀ ਦਾ ਕਾਰਣ ਅਦ੍ਰਿਸ਼ਟ-ਸ਼ਕਤੀ ਨੂੰ ਮੰਨਿਆ ਗਿਆ ਹੈ। ਸਾਰੀ ਸ੍ਰਿਸ਼ਟੀ ਰਚਨਾ ਅਤੇ ਰਚਨਾ-ਵਿਧਾਨ ਇਕ ਪਰਮਾਤਮਾ ਤੋਂ ਵਜੂਦ ਵਿਚ ਆਇਆ ਮੰਨਿਆ ਗਿਆ ਹੈ। ਦ੍ਰਿਸ਼ਟ ਨੂੰ ਅਦ੍ਰਿਸ਼ਟ ਦਾ ਪ੍ਰਤਿਬਿੰਬ ਆਖਿਆ ਗਿਆ ਹੈ। ਮੁੰਡਕ ਉਪਨਿਸ਼ਦ ਵਿਚ ਕਈ ਤਰ੍ਹਾਂ ਦੇ ਦ੍ਰਿਸ਼ਟਾਂਤ ਦੇ ਕੇ ਰਚਨਾ-ਸਿਧਾਂਤ ਨੂੰ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਉਪਨਿਸ਼ਦ ਵਿਚ ਕਿਹਾ ਗਿਆ ਹੈ ਕਿ ਜਿਵੇਂ ਮੱਕੜੀ ਆਪਣੇ ਵਿਚੋਂ ਜਾਲਾ ਕੱਢਦੀ ਹੈ, ਜਿਵੇਂ ਵਾਲ ਜਿਉਂਦੇ ਮਨੁੱਖ ਦੇ ਸਿਰ ਉੱਤੇ ਉੱਗ ਪੈਂਦੇ ਹਨ, ਜਿਵੇਂ ਬਨਸਪਤੀ ਧਰਤੀ 'ਤੇ ਉੱਗ ਪੈਂਦੀ ਹੈ ਇਸੇ ਤਰ੍ਹਾਂ ਹੀ ਅਬਿਨਾਸ਼ੀ

ਪੁਰਸ਼ ਪਰਮਾਤਮਾ ਤੋਂ ਸਾਰਾ ਜਗਤ ਉਤਪੰਨ ਹੁੰਦਾ ਹੈ। ਮੁੰਡਕ ਉਪਨਿਸ਼ਦ ਦਾ ਹੀ ਬਚਨ ਹੈ ਕਿ ਜਿਵੇਂ ਇਕ ਅੱਗ ਵਿਚੋਂ ਹਜ਼ਾਰਾਂ ਚੰਗਿਆੜੀਆਂ ਉਤਪੰਨ ਹੁੰਦੀਆਂ ਹਨ ਤੇ ਅੰਤ ਉਸ ਵਿਚ ਹੀ ਲੀਨ ਹੋ ਜਾਂਦੀਆਂ ਹਨ, ਇਸੇ ਤਰ੍ਹਾਂ ਅਨੇਕਾਂ ਜੀਵ ਪਰਮਾਤਮਾ 'ਚੋਂ ਪੈਦਾ ਹੋ ਕੇ ਉਸ ਵਿਚ ਸਮਾ ਜਾਂਦੇ ਹਨ। ਕਠੋ ਉਪਨਿਸ਼ਦ ਦਾ ਕਥਨ ਹੈ ਕਿ ਛੋਟੇ ਤੋਂ ਛੋਟਾ (tota) ਜੋ ਕੁਝ ਵੀ ਦਿਖਾਈ ਦਿੰਦਾ ਹੈ ਇਹ ਸਭ ਬ੍ਰਹਮ ਤੋਂ ਉਤਪੰਨ ਹੁੰਦਾ ਹੈ। ਸਾਂਖ ਦਰਸ਼ਨ ਵਿਚ ਪੁਰਸ਼ ਤੇ ਪ੍ਰਕਿਰਤੀ ਨੂੰ ਦੋ ਅਨਾਦੀ, ਸੁਤੰਤਰ ਤੇ ਸਮਾਨੰਤਰ (parallel) ਸ਼ਕਤੀਆਂ ਮੰਨਿਆ ਗਿਆ ਹੈ ਅਤੇ ਇਹਨਾਂ ਦੇ ਸੁਮੇਲ ਨਾਲ ਸਾਰੀ ਸ੍ਰਿਸ਼ਟੀ-ਰਚਨਾ ਵਜੂਦ ਵਿਚ ਆਉਂਦੀ ਦਰਸਾਈ ਗਈ ਹੈ। ਗੀਤਾ ਵਿਚ ਸ੍ਰਿਸ਼ਟੀ-ਰਚਨਾ ਸੰਬੰਧੀ ਜੋ ਚਿੰਤਨ ਹੋਇਆ ਹੈ ਉਹ ਉਪਨਿਸ਼ਦ ਚਿੰਤਨ ਨਾਲ ਮੇਲ ਖਾਂਦਾ ਹੈ। ਗੀਤਾ ਵਿਚ ਕਿਹਾ ਗਿਆ ਹੈ ਕਿ ਮੈਂ ਸਾਰੇ ਜਗਤ ਦਾ ਉਤਪੰਨ ਕਰਨ ਵਾਲਾ ਤੇ ਪਰਲੋ ਕਰਨ ਵਾਲਾ ਹਾਂ ਅਰਥਾਤ ਸਾਰੇ ਜਗਤ ਦਾ ਮੈਂ ਮੂਲ ਕਾਰਣ ਹਾਂ, ਮੇਰੇ ਤੋਂ ਬਿਨਾਂ ਕੋਈ ਦੂਜੀ ਵਸਤੂ ਨਹੀਂ ਹੈ।

ਜਪੁਜੀ ਵਿਚ ਗੁਰੂ ਨਾਨਕ ਸਾਹਿਬ ਦੇ ਤਰਕ-ਵਿਤਰਕ ਨਾਲ ਸ੍ਰਿਸ਼ਟੀ ਰਚਨਾ ਦੇ ਸਿਧਾਂਤਾਂ ਦਾ ਵਰਣਨ ਕਰਨ ਦੀ ਥਾਂ ਇਹਨਾਂ ਦਾ ਕਾਵਿਕ ਤੇ ਭਾਵੁਕ ਬਿਆਨ ਕੀਤਾ ਹੈ। ਸ੍ਰਿਸ਼ਟੀ-ਰਚਨਾ ਸੰਬੰਧੀ ਸਾਂਖਵਾਦੀ ਅਤੇ ਵਿਗਿਆਨਕ ਵਿਕਾਸਵਾਦੀ ਸਿਧਾਂਤ ਦੇ ਉਲਟ ਗੁਰਮਤਿ ਚਿੰਤਨ 'ਸਿਰਜਣ-ਸਿਧਾਂਤ' ਦਾ ਅਨੁਸਾਰੀ ਹੈ। ਜਪੁਜੀ ਦੇ ਮੁੱਢ ਵਿਚ ਆਏ ਮੂਲ ਮੰਤਰ ਵਿਚ ਪਰਮਾਤਮਾ ਨੂੰ ਕਰਤਾ ਪੁਰਖ ਆਖਿਆ ਹੈ ਅਰਥਾਤ ਪਰਮਾਤਮਾ ਸਾਰੀ ਰਚਨਾ ਦਾ ਕਰਤਾ ਹੈ, ਰਚਨਹਾਰ ਹੈ, ਸਿਰਜਣਹਾਰ ਹੈ। ਗੁਰਮਤਿ ਦਰਸ਼ਨ ਅਨੁਸਾਰ ਅਰਬਾਂ ਖਰਬਾਂ ਸਾਲ ਪਹਿਲਾਂ ਇਕ ਸਮਾਂ ਅਜਿਹਾ ਸੀ ਜਦੋਂ ਅਜੇ ਸ੍ਰਿਸ਼ਟੀ-ਰਚਨਾ ਹੋਂਦ ਵਿਚ ਨਹੀਂ ਆਈ ਸੀ। ਉਦੋਂ ਚੰਦ, ਸੂਰਜ, ਤਾਰੇ, ਧਰਤੀ, ਆਕਾਸ਼, ਖਾਣੀ, ਬਾਣੀ, ਪੌਣ-ਪਾਣੀ ਅਰਥਾਤ ਕੁਝ ਨਹੀਂ ਸੀ। ਧੁੰਧੂਕਾਰ ਸੀ ਪਰ ਇਹ ਬੋਧੀ-ਚਿੰਤਨ ਅਨੁਸਾਰ ਸ਼ੂਨਯ ਅਵਸਥਾ (state of nothingness) ਨਹੀਂ ਸੀ ਸਗੋਂ ਇਕ ਪਾਜੇਟਿਵ ਅਵਸਥਾ ਸੀ ਜਿਸ ਵਿਚ ਪਰਮਾਤਮਾ ਆਪ ਨਿਰਗੁਣ ਸਰੂਪ ਅਰਥਾਤ ਅਫੁਰ ਅਵਸਥਾ ਵਿਚ ਸੀ। ਉਦੋਂ ਪਰਮਾਤਮਾ 'ਸੁੰਨ ਸਮਾਧਿ' ਅਵਸਥਾ ਵਿਚ ਵਿਚਰ ਰਿਹਾ ਸੀ, ਜਿਸ ਦਾ ਵਰਣਨ ਗੁਰਬਾਣੀ ਵਿਚ ਇਉਂ ਆਇਆ ਹੈ :

ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥੧॥
ਖਾਣੀ ਨ ਬਾਣੀ ਪਉਣ ਨ ਪਾਣੀ ॥ ਓਪਤਿ ਖਪਤਿ ਨ ਆਵਣ ਜਾਣੀ ॥
ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥੨॥ *(ਪੰਨਾ ੧੦੩੫)*

ਇਹ ਧੁੰਧੂਕਾਰ ਕੀ ਹੈ ? ਇਹ ਧੁੰਧੂਕਾਰ ਸ੍ਰਿਸ਼ਟੀ-ਉਤਪਤੀ ਤੋਂ ਪੂਰਬਲੀ ਉਹ ਅਵਸਥਾ ਹੈ ਜਦੋਂ ਨਿਰੰਕਾਰ ਅਫੁਰ ਅਵਸਥਾ ਸੀ। ਬੇਸ਼ੱਕ ਇਸ ਅਫੁਰ ਅਰਥਾਤ ਸੁੰਨ ਸਮਾਧਿ 'ਚ ਸਾਰੀ ਸ੍ਰਿਸ਼ਟੀ-ਰਚਨਾ ਹੋਂਦ ਵਿਚ ਆਈ ਹੈ ਪਰ ਸੰਸਾਰਕ ਪਸਾਰਾ ਕਈ ਵੇਰ ਪਸਰਿਆ ਹੈ। ਸੰਸਾਰ ਦੀ ਕਈ ਵਾਰ ਉਤਪਤੀ ਤੇ ਵਿਕਾਸ ਹੋਇਆ ਹੈ ਪਰ ਇਹ ਸਭ ਪ੍ਰਭੂ ਦੇ ਹੁਕਮ ਅਨੁਸਾਰ ਹੋਇਆ। ਇਸ ਤਰ੍ਹਾਂ ਹਰ ਸੰਸਾਰ ਰਚਨਾ ਤੋਂ ਪੂਰਬਲੀ ਅਵਸਥਾ ਸੁੰਨ ਸਮਾਧਿ ਦੀ ਅਵਸਥਾ ਹੈ ਜਿਸ ਵਿਚ ਪਰਮਾਤਮਾ 'ਏਕੰਕਾਰ-ਸਰੂਪ' ਅਰਥਾਤ ਨਿਰਗੁਣ ਸਰੂਪ ਵਿਚ ਵਿਚਰਦਾ ਹੈ। ਏਕੰਕਾਰ

ਨਿਰਗੁਣਵਾਦੀ ਹੈ ਤੇ ਓਅੰਕਾਰ ਸਰਗੁਣਵਾਦੀ ਕਿਉਂਕਿ ਓਅੰਕਾਰ ਤੋਂ ਹੀ ਸਾਰੀ ਰਚਨਾ ਹੋਂਦ ਵਿਚ ਆਉਂਦੀ ਹੈ:

ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥ (ਪੰਨਾ ੯੨੯)
ਓਅੰਕਾਰਿ ਸਭ ਸ੍ਰਿਸਟਿ ਉਪਾਈ ॥ (ਪੰਨਾ ੧੦੬੧)
ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥ (ਪੰਨਾ ੧੦੦੩)

ਜਦੋਂ ਪਰਮਾਤਮਾ ਦੀ ਮਰਜ਼ੀ ਹੁੰਦੀ ਹੈ ਤਾਂ ਸ੍ਰਿਸ਼ਟੀ ਦਾ ਵਿਨਾਸ਼ ਕੀਤਾ ਜਾਏ ਤਾਂ ਉਹ ਓਅੰਕਾਰ ਤੋਂ ਏਕੰਕਾਰ ਹੋ ਜਾਂਦਾ ਹੈ:

ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥ (ਪੰਨਾ ੨੭੬)

ਸ੍ਰਿਸ਼ਟੀ-ਰਚਨਾ ਕਿਵੇਂ ਹੋਂਦ ਵਿਚ ਆਈ

ਸੁੰਨ-ਸਮਾਧਿ ਦੀ ਅਵਸਥਾ ਵਿਚ ਪਰਮਾਤਮਾ ਨੂੰ ਫੁਰਨਾ ਫੁਰਿਆ ਕਿ ਸ੍ਰਿਸ਼ਟੀ ਪੈਦਾ ਕੀਤੀ ਜਾਵੇ। ਗੁਰੂ ਨਾਨਕ ਸਾਹਿਬ ਨੇ ਇਸ ਫੁਰਨੇ ਦਾ ਕਾਰਣ ਚਾਉ ਜਾਂ ਅਨੰਦ ਦੱਸਿਆ ਹੈ। ਬ੍ਰਹਮਾ ਨੇ ਏਕ ਤੋਂ ਅਨੇਕ ਤੇ ਚਾਉ ਲਈ ਸ੍ਰਿਸ਼ਟੀ ਪੈਦਾ ਕੀਤੀ।

ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ (ਪੰਨਾ ੪੬੩)

ਜਪੁਜੀ ਵਿਚ ਕਵਾਉ (ਅਨਹਦ) ਤੋਂ ਸਾਰਾ ਸ੍ਰਿਸ਼ਟੀ ਪਸਾਰਾ ਦੱਸਿਆ ਗਿਆ ਹੈ:

ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥ (ਪੰਨਾ ੩)

ਜਪੁਜੀ ਵਿਚਲਾ ਇਹ 'ਕਵਾਉ ਸਿਧਾਂਤ' ਇਸਲਾਮੀ ਦਰਸ਼ਨ ਦੇ ਸੁੰਨ ਸਿਧਾਂਤ ਨਾਲ ਮੇਲ ਖਾਂਦਾ ਹੈ ਕਿਉਂਕਿ ਇਸਲਾਮ ਵਿਚ ਸੁੰਨ ਤੋਂ ਸਾਰੀ ਰਚਨਾ ਮੰਨੀ ਗਈ ਹੈ।

'ਸੁੰਨ ਸਮਾਧਿ' ਵਿਚ ਕਵਾਉ ਨਾਲ ਹੀ ਧਰਤੀ, ਆਕਾਸ਼, ਖਾਣੀਆਂ, ਖੰਡ, ਬ੍ਰਹਿਮੰਡ ਦੀ ਰਚਨਾ ਹੋਈ:

ਸੁੰਨਹੁ ਧਰਤਿ ਅਕਾਸੁ ਉਪਾਏ॥ (ਪੰਨਾ ੧੦੩੭)
ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ॥ (ਪੰਨਾ ੧੦੩੬)

ਸ੍ਰਿਸ਼ਟੀ-ਰਚਨਾ ਕਿਵੇਂ ਤੇ ਕਦੋਂ ਹੋਈ? ਇਸ ਬਾਰੇ ਅਜੇ ਤਕ ਕੋਈ ਵਿਗਿਆਨੀ, ਆਤਮਵਾਦੀ ਜਾਂ ਦਾਰਸ਼ਨਿਕ ਅੰਤਮ ਸਿੱਟੇ 'ਤੇ ਨਹੀਂ ਪੁੱਜ ਸਕਿਆ। ਹਰ ਧਰਮ ਦਾ ਇਸ ਬਾਰੇ ਆਪਣਾ ਮੌਲਿਕ ਸੰਕਲਪ ਹੈ। ਕਈ ਚਿੰਤਕਾਂ ਨੇ ਸ੍ਰਿਸ਼ਟੀ ਦੇ ਮੁੱਢ ਬਾਰੇ ਕਿਆਸ ਲਗਾਏ ਹਨ ਤੇ ਆਪਣੀ ਕਲਪਣਾ ਦੇ ਘੋੜੇ ਦੌੜਾਏ ਹਨ ਪਰ ਉਹਨਾਂ ਦੇ ਕੱਢੇ ਨਤੀਜੇ ਨਿਰੇ ਕਿਆਸ ਤੋਂ ਵੱਧ ਕੁਝ ਨਹੀਂ ਹਨ। ਸ੍ਰਿਸ਼ਟੀ-ਰਚਨਾ ਦੇ ਮੁੱਢ ਬਾਰੇ ਜਪੁਜੀ ਵਿਚ ਕਈ ਪ੍ਰਸ਼ਨ ਕੀਤੇ ਗਏ ਹਨ। ਰਚਨ-ਕਾਲ ਸਮੇਂ ਕਿਹੜਾ ਦਿਨ ਸੀ? ਕਿਹੜਾ ਵਾਰ ਸੀ? ਕੀ ਸਮਾਂ ਸੀ? ਕੀ ਦਿਨ ਸੀ? ਕੀ ਰੁੱਤ ਤੇ ਕੀ ਥਿੱਤ ਸੀ? ਇਹ ਪ੍ਰਸ਼ਨ ਲੜੀ ਜਪੁਜੀ ਵਿਚ ਇੰਜ ਹੈ:

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥ (ਪੰਨਾ ੪)

ਇਸ ਉਪਰੋਕਤ ਗੁੰਝਲਦਾਰ ਪ੍ਰਸ਼ਨਾਂ ਪ੍ਰਤੀ ਗੁਰਦੇਵ ਦਾ ਇਕ ਟੁੱਕ ਨਿਰਣਾ ਇਹ ਹੈ ਕਿ ਰਚਨਾ ਦੇ ਮੁੱਢ ਦਾ ਕਿਸੇ ਵਿਅਕਤੀ ਨੂੰ ਭੀ ਗਿਆਨ ਨਹੀਂ ਹੈ। ਗੁਰੂ ਨਾਨਕ ਦੇਵ ਜੀ ਤਰਕ

ਉਠਾਉਂਦੇ ਹਨ ਕਿ ਜੇ ਪੰਡਤਾਂ ਨੂੰ ਸ੍ਰਿਸ਼ਟੀ-ਰਚਨਾ ਦੇ ਮੁੱਢ ਦਾ ਪਤਾ ਹੁੰਦਾ ਤਾਂ ਉਹ ਜ਼ਰੂਰ ਆਪਣੇ ਧਾਰਮਿਕ ਗ੍ਰੰਥਾਂ ਵਿਚ ਇਸ ਦਾ ਵਰਣਨ ਕਰਦੇ। ਇਸੇ ਤਰ੍ਹਾਂ ਹੀ ਜੇ ਕਾਜ਼ੀਆਂ ਨੂੰ ਪਤਾ ਹੁੰਦਾ ਤਾਂ ਉਹ ਕੁਰਾਨ ਵਿਚ ਇਸ ਦਾ ਉਲੇਖ ਕਰਦੇ। ਇਸ ਬਾਰੇ ਜੋਗੀ ਵੀ ਅਣਜਾਣ ਸਨ। ਗੁਰਦੇਵ ਨੇ ਸ੍ਰਿਸ਼ਟੀ-ਰਚਨਾ ਦੇ ਮੁੱਢ ਬਾਰੇ ਜਾਨਣ ਦੀ ਮਨੁੱਖ ਦੀ ਅਸਮਰੱਥਾ ਨੂੰ ਇਸ ਤਰ੍ਹਾਂ ਰੂਪਮਾਨ ਕੀਤਾ ਹੈ:

ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥ (ਪੰਨਾ ੪)

ਗੁਰੂ ਨਾਨਕ ਸਾਹਿਬ ਅਨੁਸਾਰ ਕਰਤਾ ਪੁਰਖ ਪਰਮਾਤਮਾ ਆਪ ਹੀ ਸਰਬ-ਗਿਆਤਾ ਹੈ। ਕੇਵਲ ਪਰਮਾਤਮਾ ਹੀ ਸ੍ਰਿਸ਼ਟੀ ਦੇ ਮੁੱਢ ਬਾਰੇ ਜਾਣਦਾ ਹੈ, ਹੋਰ ਕੋਈ ਨਹੀਂ:

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥ (ਪੰਨਾ ੪)

ਜਪੁਜੀ ਦੀ ਦੂਜੀ ਪਉੜੀ ਵਿਚ ਸ੍ਰਿਸ਼ਟੀ-ਰਚਨਾ ਦੀ ਵਿਆਖਿਆ ਕਰਦਿਆਂ ਗੁਰਦੇਵ ਨੇ ਆਖਿਆ ਹੈ ਕਿ ਸ੍ਰਿਸ਼ਟੀ-ਰਚਨਾ ਦੇ ਸਭ ਅਕਾਰ ਪਰਮਾਤਮਾ ਦੇ ਹੁਕਮ ਵਿਚ ਉਤਪੰਨ ਹੋਏ ਹਨ:

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥ (ਪੰਨਾ ੧)

ਚਾਰ ਖਾਣੀਆਂ ਦੀ ਉਤਪਤੀ ਦਾ ਸਿਧਾਂਤ

ਚਾਰ ਖਾਣੀਆਂ ਦਾ ਸੰਕਲਪ ਉਪਨਿਸ਼ਦ ਸਾਹਿਤ ਵਿਚ ਉਪਲਬਧ ਹੈ। ਐਤਰੀ ਉਪਨਿਸ਼ਦ ਵਿਚ ਚਹੁੰਆਂ ਖਾਣੀਆਂ ਤੋਂ ਸਾਰੀ ਸ੍ਰਿਸ਼ਟੀ ਸਾਜਨਾ ਮੰਨੀ ਗਈ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਪ੍ਰਭੂ ਨੇ ਸੁੰਨ-ਅਵਸਥਾ ਵਿਚ ਚਾਰ ਖਾਣੀਆਂ ਦੀ ਉਤਪਤੀ ਕੀਤੀ:

ਸੁੰਨਹੁ ਖਾਣੀ ਸੁੰਨਹੁ ਬਾਣੀ ॥ ਸੁੰਨਹੁ ਉਪਜੀ ਸੁੰਨਿ ਸਮਾਣੀ ॥ (ਪੰਨਾ ੧੦੩੭)

ਚਾਰ ਖਾਣੀਆਂ—ਅੰਡਜ, ਜੇਰਜ, ਸੇਤਜ, ਉਤਭੁਜ ਹਨ। ਇਹਨਾਂ ਨੂੰ ਰਚਨਾਤਮਕ ਪ੍ਰਕਿਰਿਆ ਦੀਆਂ ਚਾਰ ਰਚਨਾਤਮਕ ਵਿਧੀਆਂ (four modes of creation) ਆਖਿਆ ਜਾ ਸਕਦਾ ਹੈ। ਸਾਰੀ ਬ੍ਰਹਮੰਡਾਤਮਕ ਰਚਨਾ ਇਹਨਾਂ ਚਾਰ ਵਿਧੀਆਂ ਦੇ ਘੇਰੇ ਵਿਚ ਹੈ। ਪਹਿਲੀ ਰਚਨਾਤਮਕ ਵਿਧੀ ਅੰਡਜ ਹੈ, ਅਰਥਾਤ ਇਸ ਦੇ ਘੇਰੇ ਵਿਚ ਉਹ ਸ੍ਰਿਸ਼ਟੀ-ਰਚਨਾ ਆ ਜਾਂਦੀ ਹੈ ਜਿਸ ਦੀ ਉਤਪਤੀ ਅੰਡਿਆਂ ਤੋਂ ਹੁੰਦੀ ਹੈ, ਜਿਵੇਂ ਕਿ ਪੰਛੀ, ਕੀੜੇ-ਮਕੌੜੇ ਆਦਿਕ। ਦੂਜੀ ਰਚਨਾਤਮਕ ਵਿਧੀ ਜੇਰਜ ਹੈ ਇਸ ਵਿਧੀ ਵਿਚ ਉਹ ਰਚਨਾ ਸ਼ਾਮਲ ਹੈ ਜੋ ਜੇਰ ਤੋਂ ਪੈਦਾ ਹੁੰਦੀ ਹੈ ਜਿਵੇਂ ਮਨੁੱਖ ਅਤੇ ਪਸ਼ੂ। ਸੇਤਜ ਅਰਥਾਤ ਗਰਮੀ ਜਾਂ ਮੁੜ੍ਹਕੇ ਨਾਲ ਹੋਣ ਵਾਲੀ ਰਚਨਾ ਸੇਤਜ ਵਿਧੀ ਦੇ ਅੰਤਰਗਤ ਆ ਜਾਂਦੀ ਹੈ। ਚੌਥੀ ਤੇ ਅੰਤਮ ਵਿਧੀ ਉਤਭੁਜ ਹੈ। ਇਸ ਵਿਧੀ ਰਾਹੀਂ ਉਤਪੰਨ ਹੋਣ ਵਾਲੀ ਰਚਨਾ ਦਾ ਆਧਾਰ ਰਚਨਾ ਦੀ ਆਪਣੀ ਅੰਦਰੂਨੀ ਸਿਰਜਨਾਤਮਕ ਸ਼ਕਤੀ ਹੁੰਦੀ ਹੈ। ਇਹਨਾਂ ਚਾਰ ਖਾਣੀਆਂ ਦਾ ਕਾਰਣ ਪ੍ਰਭੂ ਆਪ ਹੈ:

ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ॥ (ਪੰਨਾ ੫੯੬)

ਜਪੁਜੀ ਵਿਚ ਪ੍ਰਭੂ-ਉਸਤਤੀ ਦੇ ਪ੍ਰਕਰਣ ਵਿਚ ਇਹਨਾਂ ਖਾਣੀਆਂ ਦੀ ਰੂਪਮਾਨਤਾ ਇਸ

ਤਰ੍ਹਾਂ ਹੋਈ ਹੈ:

...ਗਾਵਹਿ ਖਾਣੀ ਚਾਰੇ॥

ਪੰਜ ਤੱਤ ਸਿਧਾਂਤ

ਸ੍ਰਿਸ਼ਟੀ ਰਚਨਾ ਸੰਬੰਧੀ 'ਪੰਜ ਤੱਤ ਸਿਧਾਂਤ' ਬਹੁਤ ਪ੍ਰਾਚੀਨ ਹੈ। ਉਪਨਿਸ਼ਦਾਂ ਵਿਚ ਇਹਨਾਂ ਤੱਤਾਂ ਦਾ ਵਰਣਨ ਮਿਲਦਾ ਹੈ। ਮੈਂਗਲ ਉਪਨਿਸ਼ਦ ਵਿਚ ਪੰਜ ਤੱਤਾਂ ਤੋਂ ਸਥੂਲ ਸਰੀਰ ਦੀ ਰਚਨਾ ਮੰਨੀ ਗਈ ਹੈ। ਐਤਰੀ ਉਪਨਿਸ਼ਦ ਵਿਚ ਵੀ ਪੰਜ ਮਹਾਂ ਭੂਤਾਂ ਦਾ ਚਿੰਤਨ ਹੈ। ਤ੍ਰੈਤੀਯ ਉਪਨਿਸ਼ਦ ਵਿਚ ਉਲੇਖ ਹੈ ਕਿ ਬ੍ਰਹਮ ਤੋਂ ਅਕਾਸ਼, ਅਕਾਸ਼ ਤੋਂ ਪਵਨ, ਪਵਨ ਤੋਂ ਅਗਨੀ, ਅਗਨੀ ਤੋਂ ਪਾਣੀ, ਪਾਣੀ ਤੋਂ ਬਨਸਪਤੀ, ਬਨਸਪਤੀ ਤੋਂ ਅੰਨ ਤੇ ਅੰਨ ਤੋਂ ਪੁਰਖ ਪੈਦਾ ਹੋਇਆ। ਪੰਜ ਤੱਤ—ਹਵਾ, ਪਾਣੀ, ਅਗਨੀ, ਧਰਤੀ ਤੇ ਆਕਾਸ਼ ਹਨ। ਇਹਨਾਂ ਤੋਂ ਹੀ ਸਾਰੇ ਜੀਵਨ ਦਾ ਵਿਕਾਸ ਹੋਇਆ ਹੈ। ਬੇਸ਼ੱਕ ਉਪਰੋਕਤ ਕਥਿਤ ਪੰਜ ਤੱਤ ਜ਼ਿੰਦਗੀ-ਪ੍ਰਵਾਹ ਦੇ ਆਧਾਰ ਹਨ ਪਰ ਗੁਰਮਤਿ-ਚਿੰਤਨ ਅਨੁਸਾਰ ਇਹਨਾਂ ਤੱਤਾਂ ਦਾ ਆਧਾਰ ਪਰਮਾਤਮਾ ਹੈ। ਗੁਰਦੇਵ ਦਾ ਕਥਨ ਹੈ ਕਿ ਪਰਮਾਤਮਾ ਨੇ ਪੰਜ ਤੱਤਾਂ ਦੀ ਰਚਨਾ ਸੁੰਨ ਵਿਚੋਂ ਕੀਤੀ:

ਪੰਜ ਤਤੁ ਸੁੰਨਹੁ ਪਰਗਾਸਾ॥ (ਪੰਨਾ ੧੦੩੮)

ਪਉਣੁ ਪਾਣੀ ਸੁੰਨੈ ਤੇ ਸਾਜੇ॥ (ਪੰਨਾ ੧੦੩੭)

ਜਪੁਜੀ ਦੇ ਅਖ਼ੀਰਲੇ ਸਲੋਕ ਵਿਚ ਅਗਨੀ ਤੇ ਆਕਾਸ਼ ਨੂੰ ਛੱਡ ਕੇ ਇਹਨਾਂ ਤੱਤਾਂ ਦਾ ਵਰਣਨ ਹੈ:

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ (ਪੰਨਾ ੮)

ਜਪੁਜੀ ਦੀ ਇਕ ਪਉੜੀ ਵਿਚ ਚਾਰ ਤੱਤਾਂ ਦਾ ਇਕੱਠਾ ਵਰਣਨ ਵੀ ਆਇਆ ਹੈ:

ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥ (ਪੰਨਾ ੭)

ਸ਼ਿਵ-ਸ਼ਕਤੀ ਦਾ ਸੰਕਲਪ

ਸਾਂਖ ਦਰਸ਼ਨ ਦਾ ਕੇਂਦਰੀ ਚਿੰਤਨ 'ਸ਼ਿਵ ਸ਼ਕਤੀ' ਚਿੰਤਨ ਹੈ। ਸਾਂਖ ਮਤ ਦੇ ਕਰਤਾ ਕਪਿਲ ਮੁਨੀ ਅਨੁਸਾਰ ਸਾਰੀ ਰਚਨਾ ਸ਼ਿਵ-ਸ਼ਕਤੀ ਅਰਥਾਤ ਪੁਰਸ਼ ਪ੍ਰਕਿਰਤੀ ਦੇ ਸੁਮੇਲ ਨਾਲ ਹੋਈ ਹੈ। ਸਾਂਖ ਅਨੁਸਾਰ ਪੁਰਸ਼ ਤੇ ਪ੍ਰਕਿਰਤੀ ਦੋ ਅਨਾਦੀ ਤੇ ਸੁਤੰਤਰ ਸ਼ਕਤੀਆਂ ਹਨ। ਜਪੁਜੀ ਵਿਚ ਇਸ ਸਿਧਾਂਤ ਦਾ ਖੰਡਨ ਕੀਤਾ ਗਿਆ ਹੈ। ਗੁਰਮਤਿ ਚਿੰਤਨ ਅਨੁਸਾਰ ਸ਼ਿਵ ਸ਼ਕਤੀ ਦੋ ਅਨਾਦੀ ਸ਼ਕਤੀਆਂ ਨਹੀਂ ਸਗੋਂ ਇਹਨਾਂ ਦਾ ਕਰਤਾ ਪਾਰਬ੍ਰਹਮ ਆਪ ਹੈ:

ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ॥ (ਪੰਨਾ ੯੨੦)

ਜਪੁਜੀ ਅਨੁਸਾਰ ਮਾਇਆ ਕਿਸੇ ਤਰੀਕੇ ਨਾਲ ਪ੍ਰਸੂਤ ਹੋਈ ਤੇ ਉਸ ਤੋਂ ਤਿੰਨ ਦੇਵਤੇ ਬ੍ਰਹਮਾ, ਵਿਸ਼ਨੂੰ, ਮਹੇਸ਼ ਪੈਦਾ ਹੋਏ ਤੇ ਇਹਨਾਂ ਤੋਂ ਹੀ ਸਾਰੀ ਸ੍ਰਿਸ਼ਟੀ ਰਚਨਾ ਹੋਈ:

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ (ਪੰਨਾ ੭)

ਇਹ ਮਾਇਆ ਕੋਈ ਸੁਤੰਤਰ ਜਾਂ ਅਨਾਦੀ ਸ਼ਕਤੀ ਨਹੀਂ ਸਗੋਂ ਬ੍ਰਹਮ ਦੀ ਰਚਨਾਤਮਕ ਸ਼ਕਤੀ ਹੈ। ਬ੍ਰਹਮਾ, ਵਿਸ਼ਨੂੰ, ਮਹੇਸ਼ ਪਰਮਾਤਮਾ ਦੀਆਂ ਤਿੰਨ ਸ਼ਕਤੀਆਂ ਰਚਨਾਤਮਕ, ਸੁਰੱਖਿਆਤਮਕ ਤੇ ਸੰਘਾਰਾਤਮਕ ਨੂੰ ਸਿੰਬੋਲਾਈਜ਼ ਕਰਦੇ ਹਨ। ਗੁਰੂ ਨਾਨਕ ਚਿੰਤਨ ਦੇ ਵੇਦਾਂਤੀਕਰਣ ਤੋਂ ਹਟ ਕੇ ਆਧੁਨਿਕ ਸੰਕਲਪਨਾਤਮਕ ਸ਼ਬਦਾਵਲੀ ਵਿਚ ਉਪਰੋਕਤ ਕਥਿਤ ਤਿੰਨੇ ਸ਼ਕਤੀਆਂ ਨੂੰ ਸੰਸਾਰ ਵਿਚ ਵਿਆਪਕ ਸ੍ਰਿਸ਼ਟੀ-ਰਚਨਾ ਦੇ ਤਿੰਨ ਨਿਯਮ ਆਖਿਆ ਜਾ ਸਕਦਾ ਹੈ। ਪਹਿਲਾ ਨਿਯਮ ਰਚਨਾਤਮਿਕਤਾ ਦਾ ਹੈ ਜਿਸ ਅਨੁਸਾਰ ਸਾਰੀ ਸ੍ਰਿਸ਼ਟੀ ਦੀ ਰਚਨਾ ਹੁੰਦੀ ਹੈ। ਦੂਜਾ ਨਿਯਮ ਸੰਭਾਲ-ਆਤਮਕ ਹੈ ਜਿਸ ਅਨੁਸਾਰ ਸਾਰੀ ਸ੍ਰਿਸ਼ਟੀ ਦੀ ਪਾਲਣਾ ਤੇ ਸੰਭਾਲ ਹੁੰਦੀ ਹੈ। ਤੀਜਾ ਨਿਯਮ ਸੰਘਾਰਾਤਮਕਤਾ ਦਾ ਹੈ ਜਿਸ ਅਨੁਸਾਰ ਰਚਨਾ ਦਾ ਵਿਨਾਸ਼ ਹੁੰਦਾ ਹੈ। ਇਸ ਤਰ੍ਹਾਂ ਸਾਰੀ ਸ੍ਰਿਸ਼ਟੀ ਤੇ ਜ਼ਿੰਦਗੀ ਇਹਨਾਂ ਨਿਯਮਾਂ ਵਿਚ ਬੱਝੀ ਆਪਣੀ ਤੋਰ ਤੁਰ ਰਹੀ ਹੈ। ਅੰਗਰੇਜ਼ੀ ਵਿਚ ਇਹਨਾਂ ਨੂੰ ਕ੍ਰਮਵਾਰ Law of Creation, Law of Preservation, Law of Destruction ਆਖਿਆ ਜਾ ਸਕਦਾ ਹੈ।

ਬੇਸ਼ੱਕ ਗੁਰੂ ਨਾਨਬ ਸਾਹਿਬ ਨੇ ਜਪੁਜੀ ਵਿਚ ਪ੍ਰਕਿਰਤੀ ਸ਼ਬਦ ਨਹੀਂ ਵਰਤਿਆ ਪਰ ਉਹਨਾਂ ਦੁਆਰਾ ਜਪੁਜੀ ਵਿਚ ਵਰਤੇ ਗਏ ਸ਼ਬਦ ਕੁਦਰਤ, ਸਿਰਠੀ, ਜਗਤ, ਆਕਾਰ, ਰਚਨਾ ਆਦਿਕ ਪਦਾਰਥਕ ਜਗਤ ਦਾ ਸੰਕਲਪ ਤੇ ਇਸ ਦੇ ਪਿਛੋਕੜ ਵਿਚ ਵਿਚਰ ਰਹੀ ਕਿਸੇ 'ਅਰੂਪ ਸ਼ਕਤੀ' ਦਾ ਸੰਕਲਪ ਦ੍ਰਿੜ੍ਹ ਕਰਵਾਉਂਦੇ ਹਨ। ਗੁਰੂ ਨਾਨਕ ਸਾਹਿਬ ਦੇ ਜਗਤ-ਸੰਕਲਪ ਅਨੁਸਾਰ ਇਸ ਜਗਤ ਦੀ ਅੰਤਮ ਅਸਲੀਅਤ ਮਾਦਾ ਨਹੀਂ ਸਗੋਂ ਬ੍ਰਹਮ ਆਪ ਹੈ। ਇਸ ਦਾਰਸ਼ਨਿਕ ਵਾਦ-ਵਿਵਾਦ ਦਾ ਨਿਖੇੜਾ ਉਹਨਾਂ ਜਪੁਜੀ ਵਿਚ ਦੋ ਸੰਕਲਪਵਾਦੀ ਸ਼ਬਦ ਨਿਰੰਕਾਰ ਤੇ ਅਕਾਰ ਵਰਤ ਕੇ ਕੀਤਾ ਹੈ। ਨਿਰੰਕਾਰਤਾ ਵਿਚੋਂ ਹੀ ਸਕਾਰਤਾ ਪੈਦਾ ਹੋਈ ਹੈ। ਨਿਰੰਕਾਰ ਤੇ ਅਕਾਰ ਦਾ ਨਿਖੇੜਾ ਕਰਨ ਵਾਲੀਆਂ ਕੁਝ ਸੰਕਲਪਨਾਤਮਕ ਟੂਕਾਂ ਪੇਸ਼ ਹਨ:

੧. ੧ੳ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ *(ਪੰਨਾ ੧)*

੨. ਆਪੇ ਆਪਿ ਨਿਰੰਜਨੁ ਸੋਇ... *(ਪੰਨਾ ੨)*

੩. ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ *(ਪੰਨਾ ੭)*

ਅਕਾਰ ਨਾਲ ਸੰਬੰਧਿਤ ਟੂਕਾਂ

੧. ਹੁਕਮੀ ਹੋਵਨਿ ਅਕਾਰੁ ਹੁਕਮੁ ਨ ਕਹਿਆ ਜਾਈ॥

੨. ਅੰਤ ਨ ਜਾਪੈ ਕੀਤਾ ਅਕਾਰੁ॥

੩. ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਅਕਾਰੁ॥

ਹੋਵਨਿ, ਕੀਤਾ, ਹੋਆ ਸਾਰੇ ਸ਼ਬਦ ਇਸ ਤੱਥ ਵੱਲ ਸੰਕੇਤ ਕਰਦੇ ਹਨ ਕਿ ਰਚਨਾ ਦਾ ਕੋਈ ਕਰਤਾ ਹੈ, ਰਚਨਾ (creation) ਉਹ ਹੈ ਜੋ ਕਿਸੇ ਦੁਆਰਾ ਪੈਦਾ ਕੀਤੀ ਜਾਂਦੀ ਹੈ। ਗੁਰੂ ਨਾਨਕ ਸਾਹਿਬ ਨੇ ਸ੍ਰਿਸ਼ਟੀ ਨੂੰ ਪਰਮਾਤਮਾ ਦੁਆਰਾ ਪੈਦਾ ਕੀਤੀ ਹੋਣ ਕਰਕੇ ਰਚਨਾ ਕਿਹਾ ਹੈ।

ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥ *(ਪੰਨਾ ੬)*

ਗੁਰਦੇਵ ਨੇ ਪਰਮਾਤਮਾ ਨੂੰ ਕਰਤਾ ਤੇ ਕਰਤਾ ਪੁਰਖ ਆਖ ਕੇ ਸਾਂਖ ਦਰਸ਼ਨ ਦੇ ਪੁਰਸ਼-ਪ੍ਰਕਿਰਤੀ ਸਿਧਾਂਤ ਦਾ ਖੰਡਨ ਕਰ ਕੇ ਆਪਣਾ ਮੌਲਿਕ ਸਿਧਾਂਤ ਇੰਜ ਪੇਸ਼ ਕੀਤਾ ਹੈ:

ਜੇ ਕੋ ਕਹੈ ਕਰੈ ਵੀਚਾਰੁ ॥
ਕਰਤੇ ਕੈ ਕਰਣੈ ਨਾਹੀ ਸੁਮਾਰੁ ॥ *(ਪੰਨਾ ੩)*

ਸੋ ਜਪੁਜੀ ਵਿਚ ਵਿਸ਼ਵ-ਰਚਨਾ ਦਾ ਜੋ ਸੰਕਲਪ ਰੂਪਮਾਨ ਹੋਇਆ ਹੈ ਉਹ ਪੁਰਾਤਨ ਸਾਂਖ ਦਰਸ਼ਨ ਤੇ ਆਧੁਨਿਕ ਪਦਾਰਥਵਾਦੀ ਚਿੰਤਨ ਦੋਹਾਂ ਤੋਂ ਵਿਭਿੰਨ ਹੈ।

(11/1974)

ਗੁਰੂ ਨਾਨਕ ਬਾਣੀ ਦਾ ਵਿਸ਼ਾ : ਸੱਚ

ਗੁਰੂ ਨਾਨਕ ਦੇਵ ਜੀ ਨੇ ਬਾਣੀ ਦੀ ਰਚਨਾ ਕਿਸੇ ਇਕੋ ਅਵਸਰ 'ਤੇ ਇਕ ਥਾਂ ਬੈਠ ਕੇ ਜਾਂ ਇਕੋ ਸਮੇਂ ਨਹੀਂ ਕੀਤੀ। ਇਤਿਹਾਸ ਸਾਖੀ ਹੈ ਕਿ ਆਪ ਆਪਣੀ ਆਯੂ ਦੇ ਸਤਵੇਂ ਸਾਲ ਤੋਂ ਲੈ ਕੇ ਸੱਤਰ੍ਹਵੇਂ ਸਾਲ ਤਕ ਸਮੇਂ-ਸਮੇਂ ਅਤੇ ਵੱਖ-ਵੱਖ ਥਾਈਂ ਬਾਣੀ ਉਚਾਰਦੇ ਰਹੇ। ਜਨਮਸਾਖੀ ਅਨੁਸਾਰ ਆਪ ਜਦੋਂ ਬਾਣੀ ਉਚਾਰਨ ਲੱਗਦੇ, ਆਪਣੇ ਸਾਰੀ ਰਬਾਬੀ ਮਰਦਾਨੇ ਨੂੰ ਕਹਿੰਦੇ, 'ਮਰਦਾਨਿਆ ! ਛੇੜ ਰਬਾਬ, ਬਾਣੀ ਆਈ ਆ।' ਜਿਸ ਦਾ ਭਾਵ ਇਹ ਹੈ ਕਿ ਆਪ ਉਪਰ ਸਮੇਂ-ਸਮੇਂ ਆਵੇਸ਼ ਹੁੰਦਾ ਤਾਂ ਬਾਣੀ ਉਚਾਰੀ ਜਾਂਦੀ। ਆਪ ਨੇ ਫ਼ੁਰਮਾਇਆ ਹੈ :

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥ (ਪੰਨਾ ੭੨੨)

'ਪਰਥਾਇ ਸਾਖੀ ਮਹਾਂਪੁਰਖ ਬੋਲਦੇ' ਦਾ ਕਥਨ ਆਪ ਉੱਤੇ ਸੋਲਾਂ ਆਨੇ ਢੁੱਕਦਾ ਹੈ ਪਰੰਤੂ ਇਸ ਦੇ ਬਾਵਜੂਦ ਜੇਕਰ ਅਸੀਂ ਆਪ ਦੀ ਬਾਣੀ ਦੇ ਵਿਸ਼ੇ ਨੂੰ ਸੰਖੇਪ ਤੋਂ ਸੰਖੇਪ ਤੌਰ 'ਤੇ ਦੱਸਣਾ ਚਾਹੀਏ ਤਾਂ ਉਹ ਇਕ ਦੋ-ਅੱਖਰੇ ਸ਼ਬਦ ਰਾਹੀਂ ਬਿਆਨ ਕੀਤਾ ਜਾ ਸਕਦਾ ਹੈ ਅਤੇ ਉਹ ਸ਼ਬਦ ਹੈ 'ਸੱਚ'। ਇਸ ਨੂੰ ਸਤਿਨਾਮ ਜਾਂ ਨਾਮ ਭੀ ਕਿਹਾ ਹੈ।

ਸੱਚ ਕਦੀ ਦੋ ਨਹੀਂ ਹੁੰਦਾ। ਜੋ ਸੱਚ ਹੈ ਉਹ ਇਕ ਹੀ ਹੈ ਬਾਕੀ ਕੂੜ ਹੈ। ਜੋ ਅੱਜ ਸੱਚ ਹੈ ਉਹ ਭੂਤਕਾਲ ਵਿਚ ਸੱਚ ਸੀ ਅਤੇ ਭਵਿੱਖਤ ਵਿਚ ਭੀ ਸੱਚ ਹੀ ਰਹੇਗਾ। ਇਸੇ ਤਰ੍ਹਾਂ ਜੋ ਇਥੇ ਸੱਚ ਹੈ ਉਹ ਕਿਸੇ ਹੋਰ ਦੇਸ਼, ਸਥਾਨ ਜਾਂ ਮੰਡਲ ਵਿਚ ਭੀ ਸੱਚ ਹੋਵੇਗਾ। ਸੱਚ ਨੂੰ ਕਿਸੇ ਸਮੇਂ ਤੇ ਕਿਸੇ ਥਾਂ ਝੁਠਲਾਇਆ ਨਹੀਂ ਜਾ ਸਕਦਾ ਅਤੇ ਨਾ ਹੀ ਇਹ ਇਕ ਤੋਂ ਦੋ ਜਾਂ ਤਿੰਨ ਹੋ ਸਕਦਾ ਹੈ। ਇਹੋ ਕਾਰਨ ਹੈ ਕਿ ਗੁਰੂ ਨਾਨਕ ਬਾਣੀ ਦਾ ਆਰੰਭ '੧' ਦੇ ਹਿੰਦਸੇ ਨਾਲ ਹੁੰਦਾ ਹੈ। ਇਹ ਏਕਾ 'ਸੱਚ' ਦੇ ਇਕ ਹੋਣ ਦਾ ਲਖਾਇਕ ਹੈ। ਗੁਰੂ ਜੀ ਨੇ ਇਹ ਏਕਾ ਲਿਖਣ ਮਗਰੋਂ ਬੜੇ ਸੰਖੇਪ ਤੇ ਗਿਣਵੇਂ ਸ਼ਬਦਾਂ ਵਿਚ ਸੱਚ ਦੀ ਵਿਆਖਿਆ ਕਰ ਕੇ ਫਿਰ ਸਪੱਸ਼ਟ ਕੀਤਾ ਹੈ ਕਿ ਸਚੁ ਆਦਿ ਤੋਂ ਹੈ ਅਤੇ :

ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥

ਇਸ ਤੋਂ ਪਿੱਛੋਂ ਆਪ ਦੀ ਸਾਰੀ ਬਾਣੀ, ਭਾਵੇਂ ਉਹ ਕੋਈ ਮਹਾਂ-ਕਾਵਯ ਹੈ ਅਤੇ ਭਾਵੇਂ ਪਰਥਾਏ ਉਚਾਰੇ ਸ਼ਬਦ, ਇਸੇ ਸੱਚ ਦਾ ਵਿਸਥਾਰ ਹੈ ਅਤੇ ਇਸ ਦੇ ਸਪੱਸ਼ਟੀਕਰਣ ਵਿਚ ਜੋ ਸੱਚ ਨਹੀਂ ਅਥਵਾ ਕੂੜ ਹੈ, ਉਸ ਦਾ ਵੀ ਵਿਸਥਾਰ ਹੈ।

ਸੱਚ ਦੀ ਵਿਆਖਿਆ ਕਰਦੇ ਹੋਏ ਇਸ ਬਾਰੇ ਸ਼ੁਰੂ ਵਿਚ ਹੀ ਕੁਝ ਵਿਸ਼ੇਸ਼ ਗੱਲਾਂ ਸਤਿਗੁਰੂ ਜੀ ਨੇ ਕਹੀਆਂ ਹਨ :

1. ਸੱਚ ਇਕੋ ਇਕ ਹੈ ਕਦੀ ਦੋ ਨਹੀਂ ਹੋ ਸਕਦਾ।

2. ਸੱਚ ਵਿਆਪਕ ਅਰਥਾਤ ਹਰ ਥਾਂ ਹੈ।
3. ਸੱਚ ਵਿਚ ਰਚਨ (creation) ਸ਼ਕਤੀ ਹੈ।
4. ਸੱਚ ਨੂੰ ਕਿਸੇ ਦਾ ਡਰ ਨਹੀਂ।
5. ਸੱਚ ਵਿਚ ਕੀਨਾ (ਵੈਰ-ਭਾਵਨਾ) ਨਹੀਂ।
6. ਸੱਚ ਕਦੀ ਨਾਸ਼ ਨਹੀਂ ਹੁੰਦਾ।
7. ਸੱਚ ਨੂੰ ਕਿਸੇ ਸਾਜਿਆ ਨਹੀਂ, ਸਗੋਂ ਇਸ ਦੀ ਹੋਂਦ ਆਪਣੇ ਆਪ ਤੋਂ (self existent) ਹੈ।

ਸੱਚ ਦੀ ਅਜਿਹੀ ਵਿਆਖਿਆ ਮਗਰੋਂ ਗੁਰੂ ਜੀ ਆਪਣੀ ਰਚਨਾ ਦਾ ਆਰੰਭ ਇਸ ਸਵਾਲ ਨਾਲ ਕਰਦੇ ਹਨ ਕਿ ਐਸੇ ਸੱਚ ਦਾ ਧਾਰਨੀ (ਸਚਿਆਰ) ਕਿਵੇਂ ਹੋਇਆ ਜਾ ਸਕਦਾ ਹੈ? 'ਰਚਨਾ' ਵਿਚ ਦੇਂਦੇ ਹਨ। ਸਵਾਲ ਉੱਠਦਾ ਹੈ ਕਿ ਇਹ 'ਹੁਕਮ' ਜਿਸ ਦੇ ਅਨੁਸਾਰ ਬਣਨ ਨਾਲ 'ਸਚਿਆਰ' ਹੋਈਦਾ ਹੈ, ਕੀ ਹੈ ਅਤੇ ਇਸ ਦੇ ਅਨੁਸਾਰੀ ਕਿਵੇਂ ਬਣੀਦਾ ਹੈ। ਸਤਿਗੁਰੂ ਜੀ ਇਸ ਦਾ ਉੱਤਰ ਦੇਂਦੇ ਹਨ:

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ *(ਪੰਨਾ ੧)*

ਅਰਥਾਤ ਹੁਕਮ ਅਥਾਹ ਤੇ ਬੇਅੰਤ ਹੈ, ਜੋ ਕੁਝ ਵਰਤਦਾ ਹੈ ਸਭ ਹੁਕਮ ਹੈ। ਜੇਕਰ ਮਨੁੱਖ ਹੁਕਮ ਦੀ ਅਹਿਮੀਅਤ ਨੂੰ ਜਾਣ ਲਵੇ ਤਾਂ ਇਸ ਦੇ ਅੰਦਰੋਂ ਦੂਈ ਅਥਵਾ ਸੱਚ ਤੋਂ ਵੱਖਰੇ ਹੋਣ ਦਾ ਭਾਵ ਖ਼ਤਮ ਹੋ ਜਾਵੇ ਤੇ ਇਹ 'ਸਚਿਆਰ' ਹੋ ਜਾਵੇ।

ਸਤਿਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ 'ਹੁਕਮ' ਦੀ ਵਿਆਖਿਆ ਤਿੰਨ ਵੱਖ-ਵੱਖ ਪੱਖਾਂ ਤੋਂ ਕੀਤੀ ਹੈ:

1. ਹੁਕਮ ਕਾਨੂੰਨਿ-ਕੁਦਰਤ ਦੇ ਰੂਪ ਵਿਚ ਵਰਤਦਾ ਹੈ ਜਿਸ ਦੇ ਅੰਦਰ ਬੱਧੀ ਸਾਰੀ ਸ੍ਰਿਸ਼ਟੀ ਚੱਲਦੀ ਹੈ ਇਹਨਾਂ ਨੂੰ Law of Nature (ਕੁਦਰਤ ਦਾ ਕਾਨੂੰਨ) ਕਹਿ ਸਕਦੇ ਹਾਂ।

   ਆਪ ਆਸਾ ਦੀ ਵਾਰ ਵਿਚ ਫ਼ੁਰਮਾਉਂਦੇ ਹਨ:

   ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥
   ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥
   ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥
   ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ ॥
   ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥
   ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥
   ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥
   ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥
   ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥੨॥ *(ਪੰਨਾ ੪੬੪)*

2. ਦੂਜੇ ਉਹ ਹੁਕਮ ਹਨ ਜਿਨ੍ਹਾਂ ਨੂੰ ਕਾਨੂੰਨਿ-ਕਰਮ ਤੇ ਪ੍ਰਤੀਕਰਮ (Law of action and reaction) ਕਿਹਾ ਜਾ ਸਕਦਾ ਹੈ।

ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥ (ਪੰਨਾ ੪੬੪)

ਗੁਰੂ ਨਾਨਕ ਸਾਹਿਬ ਦੇ ਵਿਚਾਰ ਅਨੁਸਾਰ ਹਰ ਕਰਮ ਤੇ ਪ੍ਰਤੀਕਰਮ ਦੇ ਪਿੱਛੇ ਹੁਕਮ ਦੀ ਸਮਰੱਥਾ ਕੰਮ ਕਰਦੀ ਹੈ:

ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ॥ (ਪੰਨਾ ੧੨੪੧)

ਇਹ ਕਾਨੂੰਨ ਆਪਣੇ ਆਪ ਵਿਚ ਏਨੇ ਅਬਦਲ ਨਹੀਂ ਜਿੰਨੇ ਕਾਨੂੰਨਿ-ਕੁਦਰਤ, ਕਰਮ ਤੇ ਪ੍ਰਤੀਕਰਮ ਦੇ ਕਾਨੂੰਨ ਅਧੀਨ ਚੰਗੇ-ਮੰਦੇ ਜਨਮ ਅਤੇ ਸੁਖੀ-ਦੁਖੀ ਜੀਵਨ ਦੀ ਪ੍ਰਾਪਤੀ ਹੈ। ਪਰ ਜਦੋਂ ਨਦਰ ਲਾਗੂ ਹੋ ਜਾਵੇ ਤਾਂ ਕਰਮਾਂ ਦਾ ਵਿਚਾਰ ਖ਼ਤਮ ਹੋ ਜਾਂਦਾ ਹੈ।

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥ (ਪੰਨਾ ੨)

3. ਹੁਕਮ ਦਾ ਤੀਜਾ ਰੂਪ ਨਦਰ (grace) ਹੈ। ਨਦਰ ਦਾ ਕਾਨੂੰਨ ਆਪਣੇ ਢੰਗ ਦਾ ਹੈ ਜਿਸ ਦੀ ਵਿਆਖਿਆ ਮਨੁੱਖੀ ਸੂਝ ਦੀ ਗੱਲ ਨਹੀਂ। ਇਸ ਬਾਰੇ ਕਿਹਾ ਹੈ:

ਇਕਨਾ ਨੋ ਤੂੰ ਮੇਲਿ ਲੈਹਿ ਇਕਿ ਆਪਹੁ ਤੁਧੁ ਖੁਆਇਆ ॥ (ਪੰਨਾ ੪੬੯)

ਤਿਨ੍ਾ ਸਵਾਰੇ ਨਾਨਕਾ ਜਿਨ੍ ਕਉ ਨਦਰਿ ਕਰੇ ॥ (ਪੰਨਾ ੪੭੫)

ਜੋ ਨਦਰ ਦੇ ਪਾਤਰ ਬਣਦੇ ਹਨ, ਉਹਨਾਂ ਬਾਰੇ ਕਿਹਾ ਹੈ:

ਨਾਨਕ ਨਦਰੀ ਨਦਰਿ ਨਿਹਾਲ॥ (ਪੰਨਾ ੮)

ਬਾਣੀ ਅਨੁਸਾਰ ਸੱਚ ਅੰਦਰ ਪਰਵੇਸ਼ ਕਰਨ ਜਾਂ 'ਸਚਿਆਰ' ਬਣਨ ਲਈ ਹੁਕਮ ਦੀ ਪਛਾਣ ਅਤਿਅੰਤ ਜ਼ਰੂਰੀ ਹੈ:

ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ॥ (ਪੰਨਾ ੧੩੯)

ਪਰ ਗੁਰੂ ਜੀ ਫ਼ੁਰਮਾਉਂਦੇ ਹਨ:

ਹਉਮੈ ਬੂਝੈ ਤਾ ਦਰੁ ਸੂਝੈ॥ (ਪੰਨਾ ੪੬੬)

ਸੱਚ ਦਾ ਦਰਵਾਜ਼ਾ ਤਾਂ ਸੁਝਦਾ ਹੈ ਜੇ ਹਉਮੈ (ego) ਦਾ ਅਹਿਸਾਸ ਅਥਵਾ 'ਸੱਚ' ਤੋਂ ਵੱਖਰੀ ਕਿਸੇ ਹੋਰ ਹੋਂਦ ਦਾ ਅਹਿਸਾਸ ਖ਼ਤਮ ਹੋ ਜਾਵੇ। ਵੈਸੇ ਜਿਸ ਤਰ੍ਹਾਂ ਪਾਣੀ ਦੇ ਇਕ ਕਤਰੇ ਦੀ ਜਾਂ ਘੜੇ ਵਿਚਲੇ ਪਾਣੀ ਦੀ ਵੱਖਰੀ ਹੋਂਦ ਹੈ ਪਰ ਮਨੁੱਖ ਦੀ ਆਪਣੀ ਨਵੇਕਲੀ ਹੋਂਦ (identity) ਹੈ ਤਾਂ ਹੀ ਇਸ ਦਾ ਸੰਸਾਰ 'ਤੇ ਆਉਣਾ-ਜਾਣਾ, ਖੱਟਣਾ, ਕਮਾਉਣਾ ਤੇ ਹੋਰ ਚੰਗੇ-ਮੰਦੇ ਕਾਰ-ਵਿਹਾਰ ਕਰਨਾ ਕਾਇਮ ਹੈ। ਸਮੁੱਚੀ ਮਨੁੱਖ ਜੀਵਨ ਉਸਾਰੀ, ਕਰਮ ਤੇ ਆਵਾਗਉਣ ਦੇ ਸਿਧਾਂਤ ਸਭ ਦੀ ਬੁਨਿਆਦ ਹੀ ਇਸ ਗੱਲ 'ਤੇ ਹੈ ਕਿ ਹਰ ਮਨੁੱਖ ਦੀ ਨਿਵੇਕਲੀ ਹੋਂਦ (identity) ਹੈ ਅਤੇ ਇਹ ਸਭ ਕੁਝ 'ਹੁਕਮੁ' ਅਨੁਸਾਰ ਹੈ। 'ਹਉਮੈ ਇਹੋ ਹੁਕਮੁ ਹੈ। ਪਰ ਘੜੇ ਵਿਚਲਾ ਪਾਣੀ ਆਪਣੀ ਵੱਖਰੀ ਥਾਂ ਰੱਖਦਾ ਹੋਇਆ ਭੀ ਉਸ ਖੂਹ ਜਾਂ ਸਾਗਰ ਦਾ ਭਾਗ ਹੈ ਜਿਸ ਵਿਚੋਂ ਉਹ ਆਇਆ ਹੈ, ਇਸੇ ਤਰ੍ਹਾਂ ਮਨੁੱਖ ਨਵੇਕਲੀ ਹੋਂਦ ਵਾਲਾ ਹੋ ਕੇ ਵੀ ਇਹ ਅਹਿਸਾਸ ਰੱਖੇ ਕਿ ਉਹ 'ਜੋਤਿ ਸਰੂਪ' ਅਰਥਾਤ ਉਸ 'ਸੱਚ' ਦੀ ਅੰਸ਼ ਹੈ ਜੋ ਸਦਾ ਇਕ ਹੈ, ਨਾਸ ਰਹਿਤ ਹੈ ਤੇ ਵਿਆਪਕ ਹੈ ਅਤੇ ਜਿਤਨੀ ਹੋਰ ਸਿਰਜਨਾ ਹੈ ਸਭ ਉਸ 'ਸੱਚ' ਦਾ ਹੀ ਵਿਕਾਸ ਹੈ:

ਸਭ ਮਹਿ ਜੋਤਿ ਜੋਤਿ ਹੈ ਸੋਇ॥ (ਪੰਨਾ ੬੬੩)

ਐਸੇ 'ਸੱਚ' ਦਾ ਨਿਰੂਪਣ ਹੀ ਗੁਰੂ ਨਾਨਕ ਬਾਣੀ ਦਾ ਵਿਸ਼ਾ ਹੈ।

ਗੁਰੂ ਨਾਨਕ ਦੇਵ ਜੀ ਜਗਤ ਉਧਾਰ ਦੇ ਮਿਸ਼ਨ ਨਾਲ ਸੰਸਾਰ 'ਤੇ ਆਏ ਸਨ ਅਤੇ ਉਹਨਾਂ ਦੇ ਖ਼ਿਆਲ ਵਿਚ ਇਹ ਉਧਾਰ 'ਸੱਚ' ਦੇ ਪਰਵੇਸ਼ ਨਾਲ ਹੀ ਹੋ ਸਕਦਾ ਸੀ, ਸੋ ਆਪ ਨੇ ਆਪਣੀ ਬਾਣੀ ਨੂੰ ਨਿਰਾ 'ਸੱਚ' ਦੀ ਵਿਆਖਿਆ ਦਾ ਮਾਧਿਅਮ ਹੀ ਨਹੀਂ ਬਣਾਇਆ ਸਗੋਂ ਇਸ ਨਾਲੋਂ ਵਧੇਰੇ 'ਸੱਚ' ਦੇ ਪਰਵੇਸ਼ ਨੂੰ ਆਪਣੀ ਬਾਣੀ ਦਾ ਵਿਸ਼ਾ ਰੱਖਿਆ। ਇਸ ਲਈ ਆਪ ਨੇ ਫ਼ੁਰਮਾਇਆ :

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥ (ਪੰਨਾ ੬੨)

ਅਰਥਾਤ 'ਸੱਚ' ਸਭ ਤੋਂ ਸ੍ਰੇਸ਼ਟ ਤੇ ਉੱਚਾ ਹੈ, ਪਰ 'ਸੱਚ' ਉਪਰ ਆਧਾਰਿਤ ਜੀਵਨ 'ਸੱਚ' ਤੋਂ ਭੀ ਉਪਰ ਹੈ।

'ਸਚੁ ਆਚਾਰੁ' ਦਾ ਮੁੱਖ ਆਧਾਰ ਆਪ ਸਤਿਨਾਮ ਨੂੰ ਸਮਝਦੇ ਹਨ। ਆਪ ਦੇ ਖ਼ਿਆਲ ਵਿਚ ਨਾਮ ਸਦਾਚਾਰਕ ਹੋਂਦ (absolute morality) ਹੈ, ਜਿਸ ਦੇ ਅੰਦਰ ਨਾਮ ਵੱਸ ਜਾਏ ਉਹ ਸਦਾਚਾਰਕ ਤੌਰ 'ਤੇ ਆਪਣੇ ਆਪ ਹੀ (automatically) ਉੱਚਾ ਹੋ ਜਾਂਦਾ ਹੈ, ਜਿਤਨਾ ਵਧੇਰੇ ਪਿਆਰ ਸੱਚ ਤਥਾ ਨਾਮ ਨਾਲ ਕਿਸੇ ਦਾ ਹੋਵੇਗਾ, ਇਖ਼ਲਾਕੀ ਤੌਰ 'ਤੇ ਉਹ ਉਤਨਾ ਉੱਚਾ ਉੱਠੇਗਾ, ਸੱਚ ਤੋਂ ਬਿਨਾਂ ਸਤਿ, ਸੰਤੋਖ, ਦਇਆ, ਧਰਮ ਆਦਿ ਇਖ਼ਲਾਕੀ ਗੁਣ ਪੈਦਾ ਨਹੀਂ ਹੋ ਸਕਦੇ :

ਸਚ ਬਿਨੁ ਸਤੁ ਸੰਤੋਖੁ ਨ ਪਾਵੈ॥ (ਪੰਨਾ ੧੦੪੦)

ਇਸ ਲਈ ਆਪ ਦੇ ਖ਼ਿਆਲ ਅਨੁਸਾਰ ਸੱਚ ਵਾਲਾ ਜੀਵਨ ਬਣਾਉਣ ਵਾਲੇ ਮਨੁੱਖ ਦਾ ਪਹਿਲਾ ਕੰਮ ਸੱਚ ਨੂੰ ਹਿਰਦੇ ਵਿਚ ਵਸਾਉਣਾ ਹੈ, ਨਾਮ ਉਸ ਦੇ ਮਨ ਤੋਂ ਕੂੜ-ਕੁਸੱਤ ਦੀ ਮੈਲ ਧੋ ਕੇ ਉਸ ਨੂੰ ਨਿਰਮਲ ਕਰ ਦੇਵੇਗਾ।

ਸੋ ਮਨੁ ਨਿਰਮਲੁ ਜਿਤੁ ਸਾਚੁ ਅੰਤਰਿ...॥ (ਪੰਨਾ ੫੦੫)

ਇਸ ਦੇ ਨਾਲ ਹੀ ਸਰੀਰ ਨੂੰ ਸਾਵਧਾਨ ਤੇ ਸੁਅੱਛ ਰੱਖਣ ਦੀ ਭੀ ਲੋੜ ਹੈ ਕਿਉਂਕਿ ਸਾਵਧਾਨ ਤੇ ਅਰੋਗ ਸਰੀਰ ਨਾਮ ਵਾਲੀ ਰੁਚੀ ਬਣਾਉਣ ਵਿਚ ਸਹਾਈ ਹੁੰਦਾ ਹੈ, ਇਸ ਲਈ ਸਤਿਗੁਰੂ ਇਹ ਸੂਚਨਾ ਦੇਂਦੇ ਹਨ ਕਿ ਸੱਚ ਵਾਲਾ ਜੀਵਨ ਬਣਾਉਣ ਵਾਲਾ ਮਨੁੱਖ ਅੰਦਰੋਂ ਬਾਹਰੋਂ ਨਿਰਮਲ ਹੋਵੇ ਅਥਵਾ ਉਹ ਆਪਣੇ ਹਿਰਦੇ ਨੂੰ ਕੂੜ ਆਦਿ ਦੀ ਮੈਲ ਤੋਂ ਬਚਾਵੇ ਅਤੇ ਸਰੀਰ ਨੂੰ ਇਸ਼ਨਾਨ ਦੁਆਰਾ ਸਾਫ਼-ਸੁਥਰਾ ਤੇ ਸਾਵਧਾਨ ਰੱਖੇ। ਸੱਚ ਨਾਲ ਉਹ ਏਨਾ ਪਿਆਰ ਕਰੇ ਕਿ ਸੱਚ ਦੀ ਨਿਰੀ ਸੋਅ ਸੁਣ ਕੇ ਹੀ ਉਸ ਨੂੰ ਚਾਅ ਚੜ੍ਹ ਜਾਏ। ਜਿਸ ਤਰ੍ਹਾਂ ਕਿਸਾਨ ਖੇਤੀ ਵਾਸਤੇ ਪਹਿਲਾਂ ਧਰਤੀ ਨੂੰ ਵਾਹ ਬਣਾ ਕੇ ਉਸ ਵਿਚੋਂ ਹਰ ਕਿਸਮ ਦੀ ਨਦੀਨ ਪੁੱਟ ਕੇ ਬਾਹਰ ਸੁੱਟਦਾ ਹੈ ਅਤੇ ਖੇਤ ਨੂੰ ਪੱਧਰਾ ਕਰਦਾ ਹੈ ਅਤੇ ਫਿਰ ਉਸ ਵਿਚ ਬੀਜ ਬੀਜਦਾ ਹੈ, ਸੱਚ ਵੱਲ ਲੱਗਾ ਮਨੁੱਖ ਆਪਣੇ ਹਿਰਦੇ ਨੂੰ ਸ਼ੁੱਧ ਕਰਨ ਦੀ ਅਜਿਹੀ ਜੁਗਤ ਅਪਣਾਵੇ ਜਿਸ ਨਾਲ ਇਸ ਵਿਚ ਜੰਮੀ ਸਾਰੀ ਨਦੀਨ (ਕੂੜ-ਕੁਸੱਤ, ਵਿਸ਼ੇ-ਵਿਕਾਰ) ਪੁੱਟ ਦਿੱਤੀ ਜਾਵੇ ਅਤੇ ਹਿਰਦਾ ਮੈਦਾਨ ਵੱਤ ਪੱਧਰਾ ਤੇ ਸਾਫ਼ ਹੋਵੇ, ਉਪਰੰਤ ਨਿਰਮਲ ਹੋਏ ਮਨ ਵਿਚ ਸੱਚ ਤਥਾ ਨਾਮ ਦੀ ਖੇਤੀ ਬੀਜੇ ਅਤੇ ਇਸ ਦੀ ਸੰਭਾਲ ਤੇ ਰਖਵਾਲੀ ਲਈ ਸੱਚ ਦੇ ਪੰਧਾਊ ਨਾਮੀ ਪੁਰਖਾਂ ਪਾਸੋਂ ਅਗਵਾਈ (guidance) ਹਾਸਲ ਕਰੇ ਅਤੇ ਐਸੀ ਖੇਤੀ ਤੋਂ ਤਿਆਰ ਹੋਏ ਬੋਹਲ ਨੂੰ ਲੋੜਵੰਦਾਂ

ਨਾਲ ਵੰਡ ਕੇ ਖਾਏ, ਫਿਰ ਉਹ ਸਤਿਗੁਰੂ ਦੀ ਸਿੱਖਿਆ ਅਧੀਨ ਨਿਰਮਲ ਹੋਏ ਹਿਰਦੇ ਨੂੰ ਸੱਚ 'ਤੇ ਟਿਕਾਵੇ ਅਤੇ ਸੱਚ ਦੀ ਵਿਚਾਰ ਨਾਲ ਅਭਿਆਸ ਪਕਾਵੇ। ਆਖ਼ਰ ਵਿਚ ਗੁਰੂ ਜੀ ਕਹਿੰਦੇ ਹਨ ਕਿ ਮਨੁੱਖ ਦਾ ਮਨ ਕਾਮ, ਕ੍ਰੋਧ, ਨਿੰਦਾ, ਚੁਗ਼ਲੀ, ਧੋਖਾ, ਠੱਗੀ ਤੇ ਵਿਖਾਵਾ ਆਦਿ ਵਿਚ ਲੱਗਾ ਰੋਗੀ ਹੋ ਜਾਂਦਾ ਹੈ, ਅਜਿਹੇ ਸਾਰੇ ਰੋਗਾਂ ਦਾ ਇਕ ਇਲਾਜ ਸੱਚ ਵੱਲ ਲੱਗਣਾ ਹੀ ਹੈ ਅਤੇ ਜੋ ਸੱਚ ਨੂੰ ਗ੍ਰਹਿਣ ਕਰ ਲੈਂਦੇ ਹਨ ਉਹ ਸੰਸਾਰ ਵਿਚ ਅਤੇ ਪ੍ਰਲੋਕ ਵਿਚ ਦੋਹੀਂ ਥਾਈਂ ਪ੍ਰਵਾਨ ਪੈਂਦੇ ਹਨ। ਗੁਰੂ ਜੀ ਦੇ ਇਸ ਪਰਥਾਏ ਆਪਣੇ ਬਚਨ ਇਉਂ ਹਨ :

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥
ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥
ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥
ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥
ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥
ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥
ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥ *(ਪੰਨਾ ੪੬੮)*

ਗੁਰੂ ਜੀ ਦੇ ਉਕਤ ਸਲੋਕ ਤੋਂ ਕੁਝ ਵਿਸ਼ੇਸ਼ ਨੁਕਤੇ ਦ੍ਰਿੜ੍ਹ ਹੁੰਦੇ ਹਨ ਜਿਨ੍ਹਾਂ ਦਾ ਵਿਸਥਾਰ ਹੀ ਆਪ ਦੀ ਬਾਣੀ ਦਾ ਵਿਸ਼ਾ ਹੈ। ਤਰਤੀਬਵਾਰ ਉਹ ਨੁਕਤੇ ਇਹ ਹਨ :

1. ਹਿਰਦੇ ਅਤੇ ਸਰੀਰ ਨੂੰ ਨਾਮ ਸਿਮਰਨ ਅਥਵਾ ਸੱਚ ਦੇ ਵਾਰ-ਵਾਰ ਚਿੰਤਨ ਅਤੇ ਇਸ਼ਨਾਨ ਦੁਆਰਾ ਨਿਰਮਲ ਰੱਖਿਆ ਜਾਵੇ। ਕਿਸੇ ਭੀ ਕੰਮ ਦੇ ਕਰਨ ਲਈ ਸਰੀਰ ਦਾ ਅਰੋਗ ਤੇ ਸਾਵਧਾਨ ਰਹਿਣਾ ਜ਼ਰੂਰੀ ਹੈ। ਗੁਰੂ ਜੀ ਇਸ ਗੱਲ ਵੱਲ ਵਾਰ-ਵਾਰ ਧਿਆਨ ਦਿਵਾਉਂਦੇ ਹਨ ਕਿ ਮਨੁੱਖੀ ਸਰੀਰ ਇਕ ਵੱਡੀ ਬਖ਼ਸ਼ਿਸ਼ ਹੈ ਜਿਸ ਨੂੰ ਵਾਧੂ ਦੇ ਹਠਾਂ ਅਤੇ ਸਾਧਨਾਂ ਦੁਆਰਾ ਨਿਰਮਲ ਨਹੀਂ ਕਰਨਾ ਚਾਹੀਦਾ ਬਲਕਿ ਇਸ ਦੀ ਹਰ ਤਰ੍ਹਾਂ ਸੰਭਾਲ ਕਰਨੀ ਚਾਹੀਦੀ ਹੈ, ਇਸੇ ਲਈ ਗੁਰੂ ਜੀ ਨੇ ਕਰਮ-ਕਾਂਡਾਂ ਦਾ ਸਖ਼ਤ ਵਿਰੋਧ ਕੀਤਾ ਅਤੇ ਇਹਨਾਂ ਨੂੰ ਵਾਧੂ ਪਖੰਡ ਸਮਝਦੇ ਹੋਏ ਸੂਚਨਾ ਦਿੱਤੀ :

   ਛੋਡੀਲੇ ਪਾਖੰਡਾ॥ ਨਾਮਿ ਲਇਐ ਜਾਇ ਤਰੰਦਾ॥ *(ਪੰਨਾ ੪੭੧)*

2. ਸੱਚ ਦੇ ਪਰਵੇਸ਼ ਲਈ ਦੂਜੀ ਜ਼ਰੂਰੀ ਗੱਲ ਜੀਵਨ ਜੁਗਤਿ—'ਜੁਗਤਿ ਜਾਣੈ ਜੀਉ' ਹੈ। ਜੁਗਤਿ ਦੀ ਵਿਆਖਿਆ ਗੁਰੂ ਜੀ 'ਕੁਆਰੀ ਕਾਇਆ ਜੁਗਤਿ' ਲਿਖ ਕੇ ਕਰਦੇ ਹਨ ਅਰਥਾਤ ਸਰੀਰ ਨੂੰ ਵਿਸ਼ੇ-ਵਿਕਾਰਾਂ ਵੱਲੋਂ ਕੁਆਰਾ (ਅਣਛੋਹ) ਰੱਖਣ ਵਾਲੀ ਜੁਗਤਿ ਅਪਣਾਈ ਜਾਵੇ। ਫਿਰ ਆਪ ਫ਼ੁਰਮਾਉਂਦੇ ਹਨ :

ਕਰਣੀ ਬਾਝਹੁ ਤਰੈ ਨ ਕੋਇ॥ (ਪੰਨਾ ੯੫੨)

ਅਰਥਾਤ ਸਿਧਾਂਤਕ ਤੌਰ 'ਤੇ ਸੱਚ ਨੂੰ ਜਾਣ ਲੈਣਾ ਕਾਫ਼ੀ ਨਹੀਂ ਜਦੋਂ ਤਕ ਸੱਚ ਨੂੰ ਕਮਾਇਆ ਨਹੀਂ ਜਾਂਦਾ। ਸੋ ਜਿਸ ਸੱਚ ਦੇ ਗੁਰੂ ਜੀ ਅਨੁਯਾਈ ਸਨ, ਉਹ ਵਾਦ-ਵਿਵਾਦ ਦਾ ਵਿਸ਼ਾ ਨਹੀਂ ਸੀ ਬਲਕਿ ਉਹ ਜਿਉਣ ਦੀ ਜੁਗਤੀ ਅੰਦਰ ਢਾਲਿਆ ਸੱਚ ਸੀ। ਇਸ ਲਈ ਗੁਰੂ ਜੀ ਨੇ ਤਿਆਗ ਦੇ ਜੀਵਨ ਨਾਲੋਂ ਘਰ-ਬਾਰੀ ਅਰਥਾਤ ਗ੍ਰਿਹਸਤੀ ਜੀਵਨ ਨੂੰ ਅਪਣਾਇਆ ਜਿਸ ਦਾ ਨਿਰਣਾ ਆਪ ਦੀ ਬਾਣੀ ਅੰਦਰ ਵਾਰ-ਵਾਰ ਕੀਤਾ ਗਿਆ ਹੈ। ਕੇਵਲ ਘਰ-ਬਾਰੀ ਹੀ ਅਜਿਹਾ ਜੀਵਨ ਹੈ ਜਿਸ ਵਿਚ ਰਹਿ ਕੇ ਮਨੁੱਖ ਕਿਸੇ ਲੋੜਵੰਦ ਦੀ ਸਹਾਇਤਾ ਕਰ ਸਕਦਾ ਹੈ। 'ਕਿਛੁ ਪੁੰਨੁ ਦਾਨੁ ਕਰੇ' ਇਸ ਵਾਸਤੇ ਗੁਰੂ ਜੀ ਵੱਡੀ ਦ੍ਰਿੜ੍ਹਤਾ ਨਾਲ ਫ਼ੁਰਮਾਉਂਦੇ ਹਨ:

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥ (ਪੰਨਾ ੧੨੪੫)

3. ਸੱਚ ਦੇ ਪਰਵੇਸ਼ ਲਈ ਗੁਰੂ ਜੀ ਦਇਆ ਭੀ ਜ਼ਰੂਰੀ ਸਮਝਦੇ ਹਨ, 'ਦਇਆ ਜਾਣੈ ਜੀਅ ਕੀ' ਪਰ ਆਪ ਦੀ ਦਇਆ ਜੀਵ ਅਹਿੰਸਾ 'ਤੇ ਹੀ ਸੀਮਿਤ ਨਹੀਂ। ਇਸ ਬਾਰੇ ਆਪ ਦਾ ਵਿਚਾਰ (conception) ਬੜਾ ਵਿਸ਼ਾਲ (broad-based) ਹੈ, ਆਪ ਦੇ ਖ਼ਿਆਲ ਵਿਚ ਦਇਆਵਾਨ ਮਨੁੱਖ ਕਿਸੇ ਲਈ ਘਿਰਣਾ-ਭਰੀ ਦ੍ਰਿਸ਼ਟੀ ਨਹੀਂ ਰੱਖ ਸਕਦਾ। ਉਸ ਦੇ ਲਈ ਕੋਈ ਮੰਦਾ ਜਾਂ ਨੀਚ ਨਹੀਂ, ਸਭ ਸਮਾਨ ਹਨ ਅਤੇ ਦਇਆ ਦੇ ਪਾਤਰ ਹਨ। ਵੇਖ ਕੇ ਅਣਡਿੱਠ ਕਰਨਾ ਦਇਆਵਾਨ ਮਨੁੱਖ ਦਾ ਵਿਸ਼ੇਸ਼ ਗੁਣ ਹੈ ਬਲਕਿ ਜਿਸ ਨੂੰ ਲੋਕ ਨੀਚ ਜਾਣ ਕੇ ਉਸ ਤੋਂ ਘਿਰਣਾ ਕਰਦੇ ਹਨ, ਗੁਰੂ ਨਾਨਕ ਦੇਵ ਜੀ ਉਹਨਾਂ ਲਈ ਫ਼ੁਰਮਾਉਂਦੇ ਹਨ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ (ਪੰਨਾ ੧੫)

ਆਪ ਦਾ ਇਹ ਵਿਚਾਰ ਹਿੰਦੂ ਸਮਾਜ ਦੀ ਪ੍ਰਚਲਿਤ ਵਰਣ-ਵੰਡ ਦੇ ਵਿਰੁੱਧ ਬੜੀ ਵੱਡੀ ਕ੍ਰਾਂਤੀ ਸੀ। ਜਾਤ-ਪਾਤ ਦੇ ਵਿਚਾਰ ਦਾ ਖੰਡਨ ਆਪ ਨੇ ਬੜੇ ਕਰੜੇ ਸ਼ਬਦਾਂ ਵਿਚ ਕੀਤਾ ਹੈ:

ਫਕੜ ਜਾਤੀ ਫਕੜੁ ਨਾਉ॥
ਸਭਨਾ ਜੀਆ ਇਕਾ ਛਾਉ॥ (ਪੰਨਾ ੮੩)

4. ਸੱਚ ਦੇ ਵਿਕਾਸ ਲਈ ਆਪ ਵਿਚਾਰ ਦਾ ਹੋਣਾ ਅਤਿ ਜ਼ਰੂਰੀ ਸਮਝਦੇ ਸਨ। ਵਿਚਾਰ ਹਰ ਮਨੁੱਖ ਦਾ ਨਿੱਜੀ ਪਰਿਸ਼ਰਮ ਹੈ ਅਤੇ ਇਹ ਅੰਤਰ ਆਤਮ ਤੌਰ (introspective) ਹੀ ਕੀਤੀ ਜਾਂਦੀ ਹੈ। ਆਤਮ ਤੀਰਥਿ ਕਰੇ ਨਿਵਾਸ ਵਿਚਾਰ ਨੂੰ ਠੀਕ ਰਸਤੇ ਤੋਰਨ ਲਈ ਸੱਚੀ ਸਿੱਖਿਆ ਅਥਵਾ ਠੀਕ ਅਗਵਾਈ ਹਾਸਲ ਕਰਨੀ ਜ਼ਰੂਰੀ ਹੈ। ਜਿਸ ਲਈ ਗੁਰੂ ਜੀ 'ਸਿਖ ਸਚੀ ਲੇਇ' ਦੀ ਸੂਚਨਾ ਦੇਂਦੇ ਹਨ। ਸੱਚ ਤੇ ਕੂੜ ਦਾ ਨਿਵਾਰਨ ਕਰਨ ਲਈ ਮਨੁੱਖ ਨੂੰ ਬਿਬੇਕ-ਬੁੱਧ ਦੀ ਲੋੜ ਹੋਇਆ ਕਰਦੀ ਹੈ। ਇਸ ਵਿਸ਼ੇ 'ਤੇ ਆਪ ਦਾ ਬਚਨ ਹੈ:

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥ *(ਪੰਨਾ ੧੨੪੫)*

ਅੰਧਾ-ਧੁੰਦ ਵੇਖੋ-ਵੇਖੀ ਨਕਲ ਉਤਾਰਨ ਨਾਲ ਅੰਦਰ ਸੱਚ ਦਾ ਪ੍ਰਵੇਸ਼ ਨਹੀਂ ਹੋ ਸਕਦਾ।

5. ਮਨੁੱਖੀ ਮਨ ਅੰਦਰ ਸੱਚ ਦਾ ਪ੍ਰਕਾਸ਼ ਕਰ ਦੇਣ ਦੀ ਸਮਰੱਥਾ ਕੇਵਲ ਸਤਿਗੁਰੂ ਨੂੰ ਹੀ ਹੈ। 'ਸਤਿ ਗੁਰਿ ਮਿਲਿਐ ਸਚੁ ਪਾਇਆ' ਸਤਿਗੁਰੂ ਆਪਣੇ ਸ਼ਬਦ (ਉਪਦੇਸ਼) ਦੁਆਰਾ ਸਾਧਾਰਨ ਮਨੁੱਖ ਦੇ ਅੰਦਰ ਸੱਚ ਵਾਲੀ ਸੂਝ ਪੈਦਾ ਕਰ ਦੇਂਦਾ ਹੈ ਜਿਸ ਨੂੰ ਗ੍ਰਹਿਣ ਕਰਨ ਨਾਲ ਉਹ ਸਾਧਾਰਨ ਤੋਂ ਦੈਵੀ ਮਨੁੱਖ ਬਣ ਜਾਂਦਾ ਹੈ। ਇਸ ਲਈ ਗੁਰੂ ਜੀ ਸੂਚਨਾ ਦੇਂਦੇ ਹਨ:

ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸ॥ *(ਪੰਨਾ ੪੬੮)*

ਅਰਥਾਤ—ਸਤਿਗੁਰੂ ਦੀ ਆਗਿਆ ਵਿਚ ਟਿਕ ਕੇ ਉਸ ਦਾ ਪਾਲਣ ਕਰੇ ਅਤੇ ਫਿਰ ਹੋਰ ਵੰਨੇ ਨਾ ਭਟਕੇ।

ਸੰਖੇਪ ਸ਼ਬਦਾਂ ਵਿਚ ਇਹ ਹੈ ਕਿ 'ਸਚੁ ਆਚਾਰੁ' ਜਿਸ ਨੂੰ ਗੁਰੂ ਨਾਨਕ ਦੇਵ ਜੀ ਸੱਚ ਤੋਂ ਭੀ ਵੱਧ ਮਹੱਤਤਾ ਦੇਂਦੇ ਹਨ। ਅਜਿਹੇ ਸੱਚ ਆਚਾਰ ਵਾਲੇ ਮਨੁੱਖ ਦੀ ਸਮਾਈ ਸਚੁ ਅੰਦਰ ਹੋ ਜਾਂਦੀ ਹੈ ਅਰਥਾਤ ਉਸ ਨੂੰ ਅੰਤਰ-ਆਤਮੇ (ਉਸ ਦੇ ਅਨੁਭਵ ਅੰਦਰ) ਇਹ ਦ੍ਰਿੜ੍ਹਤਾ (realisation) ਹੋ ਜਾਂਦੀ ਹੈ ਕਿ ਸੱਚ ਜੋ ਇਕੋ ਇਕ ਦੇ (self-existent) ਹੈ, ਜੋ ਸਾਰੀ ਉਪਜ ਦਾ ਕਰਤਾ ਹੁੰਦਾ ਹੋਇਆ ਉਸ ਦੇ ਅੰਦਰ ਵਿਆਪਕ ਹੈ, ਜੋ ਸੱਚ ਨਿਰਭਉ ਤੇ ਨਿਰਵੈਰ ਹੈ, ਉਹੀ ਸੱਚ ਮੇਰੇ ਅੰਦਰ ਹੈ ਅਤੇ ਬਾਹਰ ਹੈ, ਉਹ ਆਦਿ ਵਿਚ ਭੀ ਸੀ, ਜਦੋਂ ਸਮਾਂ ਹੋਂਦ ਵਿਚ ਆਇਆ ਤਦ ਭੀ ਸੀ, ਹੁਣ ਭੀ ਹੈ ਅਤੇ ਅੱਗੋਂ ਭੀ ਹਮੇਸ਼ਾਂ ਰਹੇਗਾ। ਉਸੇ ਸੱਚ ਤੋਂ ਮੇਰੀ ਹੋਂਦ ਹੈ ਅਤੇ ਉਸੇ ਵਿਚ ਮੇਰੀ ਸਮਾਈ ਹੋਵੇਗੀ।

ਸਾਰੰਸ਼

ਗੁਰੂ ਨਾਨਕ ਬਾਣੀ ਸੱਚ ਦਾ ਪ੍ਰਕਾਸ਼ ਕਰ ਕੇ ਉਸ ਦੀ ਲੋਅ ਵਿਚ ਅਤੇ ਸਤਿਗੁਰੂ ਦੀ ਅਗਵਾਈ ਹੇਠ ਮਨੁੱਖੀ ਆਚਰਨ ਉਸਾਰੀ ਦਾ ਅਜਿਹਾ ਰਸਤਾ ਉਲੀਕਦੀ ਹੈ ਜਿਸ ਉਪਰ ਤੁਰ ਕੇ ਮਨੁੱਖ ਸਮਾਜ ਦਾ ਲਾਹੇਵੰਦ ਅੰਗ ਬਣ ਕੇ ਮਨੁੱਖਤਾ ਦੇ ਭਲੇ ਲਈ ਘਾਲਣਾ ਘਾਲਦਾ ਹੋਇਆ ਆਪਣੀ ਮਿਹਨਤ ਦੇ ਫ਼ਲ ਨੂੰ ਬਿਨਾਂ ਵਿਤਕਰੇ ਸਮਾਜ ਨਾਲ ਸਾਂਝਾ ਕਰਦਾ ਹੈ ਅਤੇ ਬਿਬੇਕ ਵਿਚਾਰ ਅਤੇ ਪ੍ਰੇਮ ਭਾਵਨਾ ਦੁਆਰਾ ਸੱਚ ਵਿਚ ਸਮਾਈ ਹਾਸਲ ਕਰਨ ਦੇ ਸਾਧਨ ਕਰਦਾ ਹੈ।

(11/1990)

ਗੁਰੂ ਨਾਨਕ ਸਾਹਿਬ ਦਾ ਸੱਚ

ਸੱਚ (ਸਤਿ, ਸਤਯ) ਤੋਂ ਭਾਵ ਹੈ ਸਦੀਵਤਾ, ਅਡੋਲਤਾ, ਅਬਿਨਾਸ਼ੀ, ਪ੍ਰਕਾਸ਼ ਜਾਂ ਸਦਗੁਣ ਸੰਪੂਰਨ। ਸੱਚ ਉਹ ਬੁਨਿਆਦ ਹੈ ਜਿਸ ਉੱਤੇ ਹੀ ਵਿਅਕਤੀ ਅਤੇ ਸਮਾਜ ਦੀ ਉਸਾਰੀ ਸਥਾਈ ਹੋ ਸਕਦੀ ਹੈ। ਇਸ ਦੀ ਘਾਟ ਜਾਂ ਇਸ 'ਤੇ ਅਸਤਿ ਦੇ ਹਾਵੀ ਹੋਣ ਨਾਲ ਜੀਵਨ ਦੀ ਇਮਾਰਤ ਡਾਵਾਂ-ਡੋਲ ਹੋ ਜਾਂਦੀ ਹੈ। ਸੱਚ ਰੂਪੀ ਪ੍ਰਭਾਵ ਦੇ ਢੱਕੇ ਜਾਣ ਜਾਂ ਇਸ ਦੇ ਗੁਪਤ ਹੋਣ ਨਾਲ ਹਨੇਰੇ ਦਾ ਰਾਜ ਹੁੰਦਾ ਹੈ। ਜਿਸ ਕਰਕੇ ਵਿਅਕਤੀ ਕੁਰਾਹੇ ਪੈ ਜਾਂਦਾ ਹੈ ਅਤੇ ਮੰਜ਼ਲ ਉਸ ਨੂੰ ਦਿੱਸਦੀ ਨਹੀਂ। ਅਸਤਿ ਜਾਂ ਕੂੜ ਤਾਮਸਕ ਬਿਰਤੀ ਦਾ ਸੂਚਕ ਹੈ ਜਿਸ ਨਾਲ ਜੀਵਨ ਵਿਚ ਸਥਿਲਤਾ ਆ ਜਾਂਦੀ ਹੈ। ਸਤਿ ਅਤੇ ਅਸਤਿ ਦੀ ਟੱਕਰ ਚੱਲਦੀ ਰਹਿੰਦੀ ਹੈ। ਜਦ ਸੱਚ ਵਿਜਈ ਹੁੰਦਾ ਹੈ ਜਾਂ ਸੱਚ ਦਾ ਰਾਜ ਹੁੰਦਾ ਹੈ ਤਾਂ ਸਮੁੱਚਾ ਲੋਕ-ਜੀਵਨ ਸਾਤਵਿਕ ਜਾਂ ਹੁਲਾਸ-ਮਈ ਬਣ ਜਾਂਦਾ ਹੈ। ਸਾਰੇ ਗੁਣ ਸਤਿ ਵਿਚੋਂ ਹੀ ਉਦੈ ਹੁੰਦੇ ਹਨ। ਅਸਤਿ ਵਿਕਾਰਾਂ ਦੀ ਜਨਣੀ ਹੈ। ਜਦ ਵਿਕਾਰਾਂ ਦੀ ਅੱਗ ਭੜਕਦੀ ਹੈ ਤਾਂ ਲੋਕਾਈ ਉਸ ਵਿਚ ਝੁਲਸਦੀ ਹੋਈ ਦੁਖੀ ਹੁੰਦੀ ਹੈ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਜਦ ਜਗਤ ਦੇ ਚਾਰੇ ਪਾਸੇ ਵੇਖਿਆ ਜਾਂ ਜਾਇਜ਼ਾ ਲਿਆ ਤਾਂ ਲੋਕ ਇਸੇ ਭਾਂਬੜ ਵਿਚ ਸੜਦੇ ਹੋਏ ਹੀ ਹਾਹਾਕਾਰ ਕਰ ਰਹੇ ਸਨ:

ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝੁ ਗੁਰੂ ਗੁਬਾਰੁ ਹੈ, ਹੈ ਹੈ ਕਰਦੀ ਸੁਣੀ ਲੁਕਾਈ। (ਵਾਰ ੧/੨੪)

ਅਸਤਿ ਦੀ ਸਥਿਤੀ ਵਿਚ ਵਿਕਾਸ ਦੀ ਥਾਂ ਵਿਨਾਸ਼ ਲੈ ਲੈਂਦਾ ਹੈ। ਮਨੁੱਖ ਇਕ ਦੂਜੇ ਦੇ ਸਹਾਇਕ ਹੋਣ ਦੀ ਥਾਂ ਆਪੋ ਵਿਚ ਪਏ ਟਕਰਾਂਦੇ ਹਨ:

ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮ੍ਹਣਿ ਮਉਲਾਣੇ। (ਵਾਰ ੧/੨੧)

ਗੁਰੂ ਨਾਨਕ ਸਾਹਿਬ ਦੇ ਆਗਮਨ ਦੇ ਸਮੇਂ ਦੀ ਹਾਲਤ ਉਹਨਾਂ ਦੇ ਆਪਣੇ ਮੁਖਵਾਕ ਅਨੁਸਾਰ ਅਜਿਹੀ ਸੀ ਕਿ ਸੱਚ ਦਾ ਕਾਲ ਹੀ ਪੈ ਗਿਆ ਸੀ:

ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥
ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥ (ਪੰਨਾ ੪੬੮)

ਅਤੇ ਉਹ ਢੂੰਡਿਆਂ ਕਿਤੋਂ ਨਹੀਂ ਸੀ ਲੱਭਦਾ। ਗੁਰੂ ਸਾਹਿਬ ਉਸ ਸਮੇਂ ਦੀ ਝੂਠ ਦੀ ਸਥਿਤੀ ਨੂੰ ਮੱਸਿਆ ਦੀ ਰਾਤ ਨਾਲ ਤੁਲਨਾ ਦੇਂਦੇ ਹਨ, ਜਿਸ ਵਿਚ ਸੱਚ ਰੂਪੀ ਚੰਦਰਮਾ ਦੀ ਲੋਅ ਤਕ ਨਹੀਂ ਸੀ ਨਜ਼ਰ ਆਉਂਦੀ:

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥ (ਪੰਨਾ ੧੪੫)

ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜ੍ਹਿਆ ਸੰਸਾਰਾ। (ਵਾਰ ੧/੨੯)

ਉਸ ਸਮੇਂ ਕੂੜ ਦਾ ਰਾਜ ਜਾਂ ਬੋਲ-ਬਾਲਾ ਸੀ:

ਕੂੜੁ ਫਿਰੈ ਪਰਧਾਨੁ ਵੇ ਲਾਲੋ॥ (ਪੰਨਾ ੭੨੨)

ਲੋਕਾਂ ਨੂੰ ਰਾਹ ਵਿਖਾਉਣ ਲਈ ਜਿਨ੍ਹਾਂ ਦੀ ਧਾਰਮਿਕ ਜ਼ਿੰਮੇਵਾਰੀ ਸੀ, ਉਹ ਤਾਂ ਆਪ ਹੀ ਕਥਨੀ, ਕਰਨੀ ਵਿਚ ਝੂਠੇ ਸਨ। ਹਿੰਦੂਆਂ ਦਾ ਆਗੂ ਬ੍ਰਾਹਮਣ ਸੀ, ਜਿਸ ਦੀ ਇਹ ਹਾਲਤ ਸੀ:

ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥ (ਪੰਨਾ ੫੬)

ਧਰਮ ਪੁਸਤਕਾਂ ਵਿਚਲੇ ਸਤਿ ਨੂੰ ਪਛਾਣਨ ਅਤੇ ਦੱਸਣ ਦੇ ਉਹ ਬਿਲਕੁਲ ਉਲਟ ਹਨ। ਝੂਠ ਦਾ ਰੂਪ ਹੀ ਦੰਭ ਜਾਂ ਪਖੰਡ ਹੈ, ਜਿਸ ਦੇ ਪਰਦੇ ਥੱਲੇ ਉਂਝ ਲੋਕਾਂ ਦਾ ਉਹ ਘਾਤ ਕਰ ਰਹੇ ਸਨ:

ਬ੍ਰਾਹਮਣੁ ਨਾਵੈ ਜੀਆ ਘਾਇ॥ (ਪੰਨਾ ੬੬੨)

ਦੂਜੇ, ਜੋਗੀ ਵੀ ਸੱਚ ਦੇ ਰਾਹ ਦੀ ਜੁਗਤੀ ਤੋਂ ਅਣਜਾਣ ਅੰਧਕਾਰ ਵਿਚ ਹੀ ਫਿਰ ਰਹੇ ਸਨ:

ਜੋਗੀ ਜੁਗਤਿ ਨ ਜਾਣੈ ਅੰਧੁ॥ (ਪੰਨਾ ੬੬੨)

ਮੁਸਲਮਾਨਾਂ ਦੀ ਅਗਵਾਈ ਕਾਜ਼ੀਆਂ ਦੇ ਹੱਥ ਵਿਚ ਸੀ। ਉਹ ਵੀ ਰਿਸ਼ਵਤ ਲੈ ਕੇ ਸੱਚ ਨੂੰ ਝੂਠ ਵਿਚ ਬਦਲ ਦਿੰਦੇ ਸਨ। ਉਂਝ ਭੁਲੇਖਾ ਕੁਲੀਨ ਹੋਣ ਦਾ, ਮਜ਼ਹਬੀ ਹੋਣ ਦਾ ਜਾਂ ਨਿਆਂਕਾਰੀ ਹੋਣ ਦਾ ਹੀ ਪਾਉਂਦੇ ਸਨ। ਅਜਿਹੇ 'ਮਾਣਸ ਖਾਣਿਆਂ' ਦਾ ਚਿੱਤਰ ਗੁਰੂ ਨਾਨਕ ਸਾਹਿਬ ਨੇ ਇਸ ਤਰ੍ਹਾਂ ਖਿੱਚਿਆ ਹੈ:

ਕਾਜੀ ਹੋਇ ਕੈ ਬਹੈ ਨਿਆਇ ॥
ਫੇਰੇ ਤਸਬੀ ਕਰੇ ਖੁਦਾਇ ॥
ਵਢੀ ਲੈ ਕੈ ਹਕੁ ਗਵਾਏ ॥
ਜੇ ਕੋ ਪੁਛੈ ਤਾ ਪੜਿ ਸੁਣਾਏ ॥
ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ ॥
ਲੋਕ ਮੁਹਾਵਹਿ ਚਾੜੀ ਖਾਹਿ ॥ (ਪੰਨਾ ੯੫੧)
ਕਾਦੀ ਕੂੜੁ ਬੋਲਿ ਮਲੁ ਖਾਇ॥ (ਪੰਨਾ ੬੬੨)

ਰਾਜਸੀ ਆਗੂ ਰਾਜੇ ਵੀ ਝੂਠੇ ਸਨ, ਉਹਨਾਂ ਦੇ ਅਹਿਲਕਾਰ ਵੀ ਝੂਠੇ ਅਤੇ ਜਿਨ੍ਹਾਂ 'ਤੇ ਉਸ ਰਾਜ ਕਰ ਰਹੇ ਸਨ ਉਹ ਵੀ ਝੂਠੇ ਸਨ। ਭਾਈ ਗੁਰਦਾਸ ਜੀ ਅਨੁਸਾਰ:

ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਆਲਾਈ। (ਵਾਰ ੧/੩੦)

ਗੁਰੂ ਸਾਹਿਬ ਜਪੁਜੀ ਸਾਹਿਬ ਵਿਚ ਦੱਸਦੇ ਹਨ ਕਿ ਐਸੇ:

ਅਸੰਖ ਕੂੜਿਆਰ ਕੂੜੇ ਫਿਰਾਹਿ॥ (ਪੰਨਾ ੪)

ਝੂਠ ਬੋਲਣ ਵਾਲਾ ਹੱਕ ਹਲਾਲ ਦੀ ਕਮਾਈ ਨਹੀਂ ਖਾਂਦਾ। ਝੂਠ ਬੋਲ ਕੇ ਦੂਜਿਆਂ ਦੀ ਕਮਾਈ ਆਪਣੇ ਲਈ ਵਰਤਦਾ ਹੈ। ਦੂਜਿਆਂ ਦੇ ਹੱਕ ਦੀ ਖੋਹ ਕੇ ਖਾਧੀ ਕਮਾਈ ਗੁਰੂ ਕਥਨ ਅਨੁਸਾਰ ਮੁਰਦੇ ਸਮਾਨ ਖਾਜ ਹੈ, ਜੋ ਇਨਸਾਨ ਦੀ ਖ਼ੁਰਾਕ ਨਹੀਂ :

ਕੂੜੁ ਬੋਲਿ ਮੁਰਦਾਰੁ ਖਾਇ॥ (ਪੰਨਾ ੧੩੯)

ਝੂਠ ਸੁਆਰਥ ਕਰਕੇ ਬੋਲਿਆ ਜਾਂਦਾ ਹੈ ਜੋ ਮਨੁੱਖ ਨੂੰ ਤੰਗ-ਦਿਲ, ਈਰਖਾਲੂ ਅਤੇ ਧਰੋਹੀ ਬਣਾਉਂਦਾ ਹੈ। ਦੂਜੇ, ਝੂਠ ਮਨੁੱਖ ਨੂੰ ਬੁਜ਼ਦਿਲ ਬਣਾਉਂਦਾ ਹੈ। ਉਹ ਅਨਿਆਂ ਹੁੰਦਾ ਵੇਖ ਕੇ ਅੱਖਾਂ ਬੰਦ ਕਰ ਲੈਂਦਾ ਹੈ। ਠੀਕ ਨੂੰ ਠੀਕ ਤੇ ਸੱਚ ਨੂੰ ਸੱਚ ਕਹਿਣ ਦੀ ਦਲੇਰੀ ਉਸ ਅੰਦਰੋਂ ਮੁੱਕ ਜਾਂਦੀ ਹੈ। ਆਪਣੀ ਅਤੇ ਆਪਣੇ ਪਰਿਵਾਰ ਦੀ ਲੁੱਟਦੀ ਹੋਈ ਇੱਜ਼ਤ ਵੇਖ ਕੇ ਉਸ ਦਾ ਖ਼ੂਨ ਨਹੀਂ ਖੌਲਦਾ। ਗੁਰੂ ਸਾਹਿਬ ਨੇ ਇਹੋ ਜਿਹੇ ਜੀਵਨ 'ਤੇ ਹੀ ਧਿਰਕਾਰ ਪਾਉਂਦਿਆਂ ਕਿਹਾ ਸੀ :

ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥ (ਪੰਨਾ ੧੪੨)

ਉਹ ਵਿਅਕਤੀ ਜਾਂ ਕੌਮ ਆਪਣੀ ਆਜ਼ਾਦੀ ਖੋਹ ਬੈਠਦੀ ਹੈ ਜਿਸ ਦਾ ਆਚਰਨ ਡਿੱਗ ਪੈਂਦਾ ਹੈ ਅਥਵਾ ਜਿਸ ਦੀ ਸੱਚ ਨਾਲ ਸਾਂਝ ਨਹੀਂ ਰਹਿੰਦੀ।

ਗੁਰੂ ਨਾਨਕ ਸਾਹਿਬ ਅਤੇ ਉਹਨਾਂ ਦੀ ਜੋਤਿ ਦੇ ਬਾਕੀ ਰੂਪ ਮਨੁੱਖ ਨੂੰ ਸੱਚ ਹੀ ਦ੍ਰਿੜ੍ਹ ਕਰਾਉਣ ਆਏ ਸਨ। ਉਹ ਆਪਣੇ ਸਿੱਖ ਨੂੰ ਅਜਿਹਾ ਨਿਰਭੈ ਬਣਾਉਣਾ ਚਾਹੁੰਦੇ ਸਨ ਕਿ ਜਿਥੇ ਵੀ ਕਿਧਰੇ ਅਨਿਆਂ ਜਾਂ ਜਬਰ ਹੁੰਦਾ ਹੋਵੇ, ਉਹ ਸੱਚ ਦੀ ਆਵਾਜ਼ ਬੁਲੰਦ ਕਰ ਸਕੇ, ਸੱਚ 'ਤੇ ਪਹਿਰਾ ਦੇ ਸਕੇ। ਉਹਨਾਂ ਨੇ ਆਪ ਐਸਾ ਕਰ ਕੇ ਅਗਵਾਈ ਦਿੱਤੀ ਸੀ। ਪਰਜਾ-ਬੱਕਰੀ ਨੂੰ ਕੋਹਣ ਵਾਲੇ ਹਾਕਮਾਂ ਅਤੇ ਉਹਨਾਂ ਦੇ ਅਹਿਲਕਾਰਾਂ ਨੂੰ ਆਪ ਨੇ ਜ਼ਾਲਮ ਸ਼ੇਰ ਅਤੇ ਕੁੱਤੇ ਕਿਹਾ ਸੀ, ਉਸ ਵੇਲੇ ਜਦ ਕਿ ਜ਼ੁਲਮ ਤੋਂ ਡਰਦਿਆਂ ਕੋਈ ਵੀ ਹੱਕ ਦੀ ਆਵਾਜ਼ ਉਠਾਉਣ ਦਾ ਸਾਹਸ ਨਹੀਂ ਸੀ ਕਰ ਰਿਹਾ। ਗੁਰੂ ਸਾਹਿਬ ਨੇ ਉਸ ਸਮੇਂ ਜੋ ਕੁਝ ਕਰ ਕੇ ਵਿਖਾਇਆ, ਉਹ ਹੀ ਕਹਿਣਾ ਅਤੇ ਕਰਨਾ ਸੱਚੇ ਮਨੁੱਖ ਦਾ ਫ਼ਰਜ਼ ਹੈ :

ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥ (ਪੰਨਾ ੭੨੩)

ਗੁਰੂ ਨਾਨਕ ਸਾਹਿਬ ਨੇ ਜਿਹੜਾ ਪੰਥ ਚਲਾਇਆ, ਉਸ ਦਾ ਆਧਾਰ ਸੱਚ ਹੀ ਬਣਾਇਆ ਤੇ ਉਹਨਾਂ ਨੇ ਸਤਿ ਸ਼ਬਦ ਦਾ ਉਲੇਖ, ਲਕਸ਼ ਅਤੇ ਸਾਧਨ ਦੋਹਾਂ ਲਈ ਸੁਚੇਤ ਤੌਰ 'ਤੇ ਅਤੇ ਅਧਿਕਤਰ ਕੀਤਾ ਹੈ। ਉਸ ਸਤਿ ਨੂੰ ਲੋਕ-ਹੱਡਾਂ ਵਿਚ ਰਚਾਉਣਾ ਚਾਹੁੰਦੇ ਸਨ। ਉਹਨਾਂ ਨੇ ਸਤਿ ਦਾ ਬਹੁ-ਭਾਂਤੀ ਉਲੇਖ ਇਸ ਤਰ੍ਹਾਂ ਕੀਤਾ ਹੈ।

ਸੱਚਾ ਵਾਹਿਗੁਰੂ

ਭਾਵੇਂ ਭਾਰਤੀ ਦਰਸ਼ਨ ਵਿਚ ਪਰਮਾਤਮਾ ਦਾ ਇਕ ਗੁਣ ਸੰਤੋਖ ਵੀ ਦੱਸਿਆ ਗਿਆ ਹੈ ਪਰ ਵਾਸਤਵ ਵਿਚ ਸੱਚ ਬ੍ਰਹਮ ਨੂੰ ਭੁੱਲ ਕੇ ਭਾਰਤੀ ਵੱਖ-ਵੱਖ ਦੇਵਾਂ ਨੂੰ ਹੀ ਆਪਣਾ-ਆਪਣਾ ਇਸ਼ਟ ਸਮਝ ਕੇ ਉਸ ਦੀ ਪੂਜਾ ਲਈ ਬਹੁ-ਭਾਂਤੀ ਕਿਰਿਆ ਕਰਦੇ ਰਹਿੰਦੇ ਸਨ। ਇਹੋ ਹੀ ਹਾਲ ਮੁਸਲਮਾਨਾਂ ਦਾ ਸੀ। ਭਾਈ ਗੁਰਦਾਸ ਜੀ ਦੀ ਬਾਣੀ ਇਸ ਸਥਿਤੀ ਦੀ ਇਸ ਤਰ੍ਹਾਂ ਪ੍ਰੋੜ੍ਹਤਾ

ਕਰਦੀ ਹੈ:

ਹਿੰਦੂ ਮੁਸਲਮਾਣੁ ਨ ਸਚੁ ਸਿਞਾਣਿਆ। (ਵਾਰ ੨੧/੪)

ਗੁਰੂ ਨਾਨਕ ਦੇਵ ਜੀ ਨੇ ਉਸ ਬ੍ਰਹਮ ਦੇ ਸਤਿ ਸਰੂਪ ਨੂੰ ਵਿਸ਼ੇਸ਼ ਤੌਰ 'ਤੇ ਦ੍ਰਿੜ੍ਹ ਕਰਾਇਆ ਤਾਂ ਜੋ ਸਤਿ ਉਪਾਸ਼ਕ ਦੇ ਹਿਰਦੇ ਵਿਚ ਰਮ ਜਾਵੇ। ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਨੂੰ ਕੇਵਲ ਸਤਿ ਕਹਿ ਕੇ ਜਾਂ ਸਤਿ ਵਿਸ਼ੇਸ਼ਣ ਲਗਾ ਕੇ ਸੰਬੋਧਨ ਕੀਤਾ ਹੈ। ਕੁਝ ਤੁਕਾਂ ਦੇਖੋ:

ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ॥ (ਪੰਨਾ ੪੬੭)

ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥ (ਪੰਨਾ ੪੭੩)

ਸੱਚ ਸਥਿਰਤਾ ਦਾ ਜਾਂ ਸਦੀਵੀ ਹੋਂਦ ਦਾ ਲਖਾਇਕ ਹੈ, ਜੋ ਸੱਚ ਨਹੀਂ ਉਹ ਨਾਸ਼ਮਾਨ ਹੈ। ਉਸ ਤੋਂ ਬਿਨਾਂ ਬਾਕੀ ਸਾਰੇ ਹੀ ਜਨਮ-ਮਰਨ ਵਿਚ ਆਉਂਦੇ ਹਨ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਜਪੁਜੀ ਸਾਹਿਬ ਦੇ ਆਰੰਭ ਵਿਚ ਇਹ ਦ੍ਰਿੜ੍ਹ ਕਰਾਇਆ ਹੈ ਕਿ ਉਹ 'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ' ਹੈ। ਗੁਰੂ ਅਰਜਨ ਦੇਵ ਜੀ ਨੇ ਫ਼ੁਰਮਾਇਆ ਹੈ:

ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ॥
ਨਾਨਕ ਸੋ ਜਨੁ ਸਚਿ ਸਮਾਤਾ॥ (ਪੰਨਾ ੨੮੩)

ਸਤਿ ਨਾਮੁ

ਪਰਮਾਤਮਾ ਦਾ ਸਰਬੋਤਮ ਗੁਣ ਸਤਿ ਦੱਸਿਆ ਗਿਆ ਹੈ। ਉਸ ਵਾਂਗ ਉਸ ਦਾ ਨਾਮ ਵੀ ਸਤਿ ਹੈ ਜਾਂ ਉਸ ਦਾ ਚੇਤਨ ਜਾਂ ਵਿਆਪਕ ਰੂਪ ਵੀ ਸਦੀਵੀ ਹੈ। ਮੂਲ ਮੰਤਰ ਵਿਚ 'ਸਤਿ ਨਾਮੁ' ਦਾ ਉਲੇਖ ਹੈ ਅਤੇ ਉਸ ਦੀ ਵਿਸ਼ੇਸ਼ਤਾ ਗੁਰੂ ਜੀ ਨੇ ਇਸ ਤਰ੍ਹਾਂ ਦੱਸੀ ਹੈ:

ਕਿਰਤਮ ਨਾਮ ਕਥੇ ਤੇਰੇ ਜਿਹਬਾ॥
ਸਤਿ ਨਾਮੁ ਤੇਰਾ ਪਰਾ ਪੂਰਬਲਾ॥ (ਪੰਨਾ ੧੦੮੩)

ਆਪ ਸੱਚ ਨਾਮ ਨੂੰ ਹੀ ਆਪਣਾ ਸਭ ਕੁਝ ਸਮਝਦੇ ਹਨ:

ਹਮਰੀ ਜਾਤਿ ਪਤਿ ਸਚੁ ਨਾਉ॥ (ਪੰਨਾ ੩੫੩)

ਅਤੇ ਇਸ ਨਾਮ ਲਈ ਭਾਵਨਾ ਦੀ ਤੀਬਰਤਾ ਆਪ ਇਸ ਤਰ੍ਹਾਂ ਕਥਨ ਕਰਦੇ ਹਨ:

ਆਖਾ ਜੀਵਾ ਵਿਸਰੈ ਮਰਿ ਜਾਉ॥
ਆਖਣਿ ਅਉਖਾ ਸਾਚਾ ਨਾਉ॥
ਸਾਚੇ ਨਾਮ ਕੀ ਲਾਗੈ ਭੂਖ॥
ਉਤੁ ਭੂਖੈ ਖਾਇ ਚਲੀਅਹਿ ਦੂਖ॥ (ਪੰਨਾ ੯)

ਸੱਚੇ ਨਾਮ ਤੋਂ ਬਿਨਾਂ ਕਰਮ-ਕਾਂਡੀ ਕਿਰਿਆਵਾਂ ਫ਼ਜ਼ੂਲ ਹਨ। ਅਰਥਾਤ ਨਾਮ ਹੀ ਸਰਬੋਤਮ ਸਾਧਨ ਹੈ। ਆਪ ਦਾ ਮੁਖਵਾਕ ਹੈ:

ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ॥ (ਪੰਨਾ ੪੬੭)

ਗੁਰੂ ਨਾਨਕ ਸਾਹਿਬ ਦੀ ਜੀਵਨੀ ਦਾ ਵਿਵਰਣ ਦਿੰਦਿਆਂ ਹੋਇਆਂ ਭਾਈ ਗੁਰਦਾਸ ਜੀ ਨੇ ਸਤਿਨਾਮ ਦੇ ਮਹੱਤਵ ਨੂੰ ਕਈ ਪੰਕਤੀਆਂ ਵਿਚ ਪ੍ਰਗਟਾਇਆ ਹੈ। ਸਤਿਨਾਮ ਦੇ ਮੁਕਾਬਲੇ

ਤੇ ਕੱਚੇ ਜਾਂ ਝੂਠੇ ਮੰਤਰ ਟਿਕ ਨਹੀਂ ਸਕਦੇ ਜਿਹੜੇ ਕਿ ਸਮਕਾਲੀਨ ਧਾਰਮਿਕ ਆਗੂ ਦੱਸਿਆ ਕਰਦੇ ਸਨ। ਜੋਗੀਆਂ ਦੇ ਪ੍ਰਸ਼ਨ ਦੇ ਉੱਤਰ ਵਿਚ ਗੁਰੂ ਸਾਹਿਬ ਨੇ ਫ਼ੁਰਮਾਇਆ ਸੀ:

ਬਾਝੋਂ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ। (ਵਾਰ ੧/੪੩)

ਪਹਿਲੀ ਵਾਰ ਦੀ ਪਹਿਲੀ ਪੰਕਤੀ ਵਿਚ ਆਪ ਨੇ ਆਪਣੇ ਗੁਰੂ (ਨਾਨਕ) ਨੂੰ ਨਮਸਕਾਰ ਕੀਤੀ ਹੈ ਜਿਸ ਦੀ ਵਡਿਆਈ ਇਹ ਸੀ ਕਿ ਜਿਸ ਨੇ ਹੋਰ ਮੰਤਰਾਂ ਦੀ ਥਾਂ ਸਤਿਨਾਮ ਮੰਤਰ ਦ੍ਰਿੜ੍ਹਾਇਆ:

ਨਮਸਕਾਰੁ ਗੁਰਦੇਵ ਕੋ ਸਤਿ ਨਾਮੁ ਜਿਸੁ ਮੰਤ੍ਰੁ ਸੁਣਾਇਆ। (ਵਾਰ ੧/੧)

ਸੰਸਾਰ-ਸਾਗਰ ਵਿਚ ਡੁੱਬ ਰਹੇ ਲੋਕਾਂ ਨੂੰ ਗੁਰੂ ਸਾਹਿਬ ਨੇ 'ਸੱਚ ਨਾਮ' ਦੀ ਵਿਧੀ ਨਾਲ ਹੀ ਇਸ ਤੋਂ ਬਚਾਇਆ ਅਤੇ ਪਾਰ ਕੀਤਾ। ਭਾਈ ਗੁਰਦਾਸ ਜੀ ਦੱਸਦੇ ਹਨ:

ਕਲਿਜੁਗੁ ਬਾਬੇ ਤਾਰਿਆ ਸਤਿ ਨਾਮੁ ਪੜ੍ਹਿ ਮੰਤ੍ਰੁ ਸੁਣਾਇਆ। (ਵਾਰ ੧/੨੩)

ਸਤਿਨਾਮ ਹੀ ਸਥਿਰ ਰਹਿਣ ਵਾਲਾ ਹੈ। ਬਾਕੀ ਦੇ ਨਾਮ ਨਾ ਲੋਕ ਵਿਚ ਸਹਾਇਕ ਹੋ ਸਕਦੇ ਹਨ ਅਤੇ ਨਾ ਹੀ ਪ੍ਰਲੋਕ ਵਿਚ। ਗੁਰੂ ਨਾਨਕ ਸਾਹਿਬ ਦਾ ਮਤਿ ਹੈ ਕਿ ਸਤਿਨਾਮ ਤੋਂ ਬਿਨਾਂ ਬਾਕੀ ਸਭ ਕੁਝ ਛਿਨ-ਭੰਗਰ ਹੈ:

ਸਤਿ ਨਾਮੁ ਬਿਨੁ ਬਾਦਰਿ ਛਾਈ॥ (ਵਾਰ ੧/੪੩)

ਸੱਚ ਸ਼ਬਦ

ਗੁਰੂ ਨਾਨਕ ਦੇਵ ਜੀ ਨੇ ਸ਼ਬਦ ਵੀ ਸੱਚਾ ਸਿਖਾਇਆ। ਜੋਗੀ ਆਦਿ ਜਿਹੜੇ ਸੁਰ ਨਾਦ ਅੰਤਰ-ਆਤਮੇ ਕਈ ਯਤਨਾਂ ਨਾਲ ਸੁਣਦੇ ਸਨ। ਉਹਨਾਂ ਦੀ ਸੀਮਾ ਸਰੀਰਕ ਮੰਡਲ ਤਕ 'ਇਹ ਲੋਕੀ' ਹੀ ਹੁੰਦੀ ਹੈ। ਗੁਰਮਤਿ ਅਨੁਸਾਰ ਸੱਚਾ ਸ਼ਬਦ ਸੱਚੇ ਗੁਰੂ ਦੁਆਰਾ ਪ੍ਰਾਪਤ ਹੋਇਆ, ਸੱਚੇ ਪ੍ਰਭੂ ਦਾ ਹੈ। ਇਸ ਸ਼ਬਦ ਦੁਆਰਾ ਜਗਿਆਸੂ ਸੱਚ ਵਿਚ ਜਾ ਸਮਾਉਂਦਾ ਹੈ। ਮੋਖ ਪ੍ਰਾਪਤੀ ਦਾ ਸਰਬੋਤਮ ਸਾਧਨ ਵੀ ਸੱਚ ਸ਼ਬਦ ਹੀ ਹੈ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਗੁਰੂ ਨਾਨਕ ਸਾਹਿਬ ਨੇ ਸੱਚ ਸ਼ਬਦ ਦੁਆਰਾ ਹੀ ਉਧਾਰ ਕੀਤਾ:

ਸਤਿ ਸਬਦੁ ਦੇ ਮੁਕਤਿ ਕਰਾਇਆ। (ਵਾਰ ੧/੧)

ਇਸ ਆਸ਼ੇ ਤੋਂ ਗੁਰੂ ਸਾਹਿਬ ਸਤਿ ਸ਼ਬਦ ਦਾ ਆਪ ਮਹੱਤਵ ਦੱਸਦੇ ਹਨ:

ਕਿਆ ਭਵੀਐ ਸਚਿ ਸੂਚਾ ਹੋਇ॥
ਸਾਚ ਸਬਦ ਬਿਨੁ ਮੁਕਤਿ ਨ ਕੋਇ॥ (ਪੰਨਾ ੯੩੮)
ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ॥ (ਪੰਨਾ ੮੭੮)

ਸੱਚੇ ਸ਼ਬਦ ਦਾ ਨਿਵਾਸ ਸੱਚੇ ਮਨ ਵਿਚ ਹੀ ਹੁੰਦਾ ਹੈ। ਅਜਿਹਾ ਵਿਅਕਤੀ ਘਰ ਵਿਚ ਰਹਿੰਦਿਆਂ ਅਸਲ ਉਦਾਸੀ ਜਾਂ ਤਿਆਗੀ ਹੈ:

ਸਚਾ ਸਬਦੁ ਸਚੁ ਮਨਿ ਘਰ ਹੀ ਮਾਹਿ ਉਦਾਸਾ॥
ਨਾਨਕ ਸਤਿਗੁਰੁ ਸੇਵਨਿ ਆਪਣਾ ਸੇ ਆਸਾ ਤੇ ਨਿਰਾਸਾ॥ (ਪੰਨਾ ੧੪੦)

ਸੱਚ ਖੰਡ

ਪਰਮਾਤਮਾ ਦੇ ਨਿਵਾਸ ਖੰਡ ਨੂੰ ਸੱਚਾ ਕਿਹਾ ਹੈ। ਅਥਵਾ ਸੱਚ ਖੰਡ ਦੀ ਅਵਸਥਾ ਅਜਿਹੀ ਅਵਸਥਾ ਹੈ ਜਿਥੇ ਪਹੁੰਚ ਕੇ ਸੱਚੇ ਦੇ ਦੀਦਾਰ ਹੁੰਦੇ ਹਨ। ਇਹ ਪਰਮ ਆਨੰਦ ਦੀ ਅਵਸਥਾ ਹੈ। ਹੋਰ ਸਾਧਨ ਸੱਚੇ ਨਾ ਹੋਣ ਕਰਕੇ ਉਹਨਾਂ ਦੁਆਰਾ ਸੱਚ ਖੰਡ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਸੱਚ ਖੰਡ ਦੀ ਅਵਸਥਾ 'ਤੇ ਪਹੁੰਚ ਕੇ ਮਨ ਨੀਵਾਂ ਅਤੇ ਮਤਿ ਉੱਚੀ ਹੁੰਦੀ ਹੈ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ:

ਬਾਬਾ ਪੈਧਾ ਸਚਿ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ। (ਵਾਰ ੧/੨੪)

ਗੁਰੂ ਸਾਹਿਬ ਨੇ ਜਪੁਜੀ ਵਿਚ ਇਸ ਸੱਚ ਖੰਡ ਬਾਰੇ ਫ਼ੁਰਮਾਇਆ ਹੈ ਕਿ:

ਸਚ ਖੰਡਿ ਵਸੈ ਨਿਰੰਕਾਰੁ ॥
ਕਰਿ ਕਰਿ ਵੇਖੈ ਨਦਰਿ ਨਿਹਾਲ ॥ (ਪੰਨਾ ੮)

ਰਚਨਾ ਸਤਿ

ਉਸ ਦੀ ਕੀਤੀ ਹੋਈ ਰਚਨਾ ਵੀ ਸਤਿ ਹੈ। ਸੱਚੀ ਰਚਨਾ ਵਿਚ ਸੱਚਾ ਨਿਵਾਸ ਕਰਦਾ ਹੈ:

ਆਪਿ ਸਤਿ ਕੀਆ ਸਭੁ ਸਤਿ॥ (ਪੰਨਾ ੨੮੪)
ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥
ਸਚੇ ਤੇਰੇ ਲੋਅ ਸਚੇ ਆਕਾਰ ॥ (ਪੰਨਾ ੪੬੩)

ਸੱਚੀ ਦਰਗਾਹ

ਸੱਚੇ ਪ੍ਰਭੂ ਦੀ ਦਰਗਾਹ ਜਾਂ ਕਚਹਿਰੀ ਵੀ ਸੱਚੀ ਹੈ। ਉਸ ਦੇ ਦਰਬਾਰ ਵਿਚ ਵੀ ਸੱਚੇ ਹੀ ਨਿਵਾਸ ਕਰਦੇ ਹਨ। ਗੁਰੂ ਅਮਰਦਾਸ ਜੀ ਦਾ ਕਥਨ ਹੈ:

ਸਚੀ ਦਰਗਹ ਬੈਸਣਾ ਸਚੇ ਮਾਹਿ ਸਮਾਹਿ॥ (ਪੰਨਾ ੧੪੧੯)

ਗੁਰੂ ਨਾਨਕ ਸਾਹਿਬ ਦੇ ਕਥਨ ਅਨੁਸਾਰ ਉਥੋਂ ਝੂਠਿਆਂ ਨੂੰ ਚੁਣ-ਚੁਣ ਕੇ ਬਾਹਰ ਕੱਢ ਦਿੱਤਾ ਜਾਂਦਾ ਹੈ ਜੋ ਆਵਾਗਵਨ ਦੇ ਚੱਕਰ ਵਿਚ ਪਏ ਰਹਿੰਦੇ ਹਨ:

ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥ (ਪੰਨਾ ੪੬੩)

ਸੱਚਾ ਰਾਜ

ਸੱਚੇ ਪਾਤਸ਼ਾਹ ਵਾਹਿਗੁਰੂ ਦਾ ਰਾਜ ਵੀ ਸੱਚਾ ਹੈ। ਸਤੇ ਬਲਵੰਡ ਨੇ ਗੁਰੂ ਨਾਨਕ ਸਾਹਿਬ ਬਾਰੇ ਕਿਹਾ ਸੀ:

ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥ (ਪੰਨਾ ੯੬੬)

ਇਸ ਰਾਜ ਦੀ ਸਥਾਪਨਾ ਸੱਚੇ ਪ੍ਰਭੂ ਦੀ ਆਗਿਆ ਅਨੁਸਾਰ ਸੀ, ਜੋ ਗੁਰੂ ਨਾਨਕ ਸਾਹਿਬ ਲੈ ਕੇ ਆਏ ਸਨ। ਉਹ ਸਰਬ ਸ੍ਰਿਸ਼ਟੀ ਦੇ ਮਾਲਕ ਬਾਰੇ ਆਪ ਕਹਿੰਦੇ ਹਨ:

ਸਚਾ ਤੇਰਾ ਅਮਰੁ ਸਚਾ ਦੀਬਾਣੁ॥ (ਪੰਨਾ ੪੬੩)

ਉਹ ਹਾਕਮ ਜੋ ਵੀ ਹੁਕਮ ਕਰਦਾ ਹੈ, ਉਹ ਵੀ ਸੱਚਾ ਹੀ ਹੁੰਦਾ ਹੈ:

ਸਚਾ ਤੇਰਾ ਹੁਕਮੁ ਸਚਾ ਫੁਰਮਾਣੁ॥ (ਪੰਨਾ ੪੬੩)

ਉਸ ਦਾ ਦਰਬਾਰ ਵੀ ਸੱਚਾ ਹੈ:

ਸਚੁ ਤੇਰਾ ਦਰਬਾਰੁ ਸਬਦੁ ਨੀਸਾਣਿਆ॥ (ਪੰਨਾ ੧੪੪)

ਸੱਚ ਦੀ ਕਚਹਿਰੀ ਵਿਚ ਸਦਾ ਸੱਚਾ ਨਿਆਉਂ ਹੀ ਹੁੰਦਾ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ:

ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ॥ (ਪੰਨਾ ੭੨੩)

ਸਤਿਗੁਰ

ਗੁਰੂ ਦੇ ਨਾਲ ਸਤਿ ਸ਼ਬਦ ਦਾ ਉਲੇਖ ਅਧਿਕਤਰ ਕੀਤਾ ਹੈ ਕਿਉਂਕਿ ਉਸ ਸਮੇਂ ਦੇ ਗੁਰੂ ਜਾਂ ਆਗੂ ਝੂਠੇ ਸਨ। ਉਹਨਾਂ ਨੂੰ ਮੰਨਣ ਵਾਲਿਆਂ ਜਾਂ ਉਹਨਾਂ ਦੇ ਪਿੱਛੇ ਲੱਗਣ ਵਾਲਿਆਂ ਦਾ ਜੀਵਨ ਵੀ ਸੁਭਾਵਿਕ ਹੀ ਝੂਠਾ ਹੋਣਾ ਸੀ। ਅਜਿਹੇ ਗੁਰੂਆਂ ਬਾਰੇ ਲਿਖਿਆ ਹੈ ਕਿ ਉਹ ਹਉਮੈ ਅਤੇ ਲਾਲਚ ਵਿਚ ਗ੍ਰਸਤ ਸਨ। ਜਿਹੜੇ ਆਪ ਰਾਹ ਜਾਣਦੇ ਨਹੀਂ ਉਹ ਦੂਜਿਆਂ ਨੂੰ ਕਿਵੇਂ ਤਾਰ ਸਕਦੇ ਸਨ। ਹਾਲਤ ਇਹ ਸੀ:

ਹਉਮੈ ਅੰਦਰਿ ਸਭਿ ਕੋ ਡੁਬੇ ਗੁਰੂ ਸਣੇ ਬਹੁ ਚੇਲੇ।...
ਅੰਧੀ ਅੰਧੇ ਖੂਹੇ ਠੇਲੇ॥ (ਵਾਰ ੧/੨੬)

ਉਹਨਾਂ ਦੇ ਆਪਣੇ ਜੀਵਨ ਵਿਚ ਤਾਂ ਕੋਈ ਖਿੱਚ ਸੀ ਨਹੀਂ ਅਤੇ ਨਾ ਹੀ ਉਹ ਲੋਕਾਂ ਨੂੰ ਕੁਝ ਦੇਣ ਜੋਗੇ ਸਨ ਜਿਸ ਕਰਕੇ ਉਹਨਾਂ ਪਾਸ ਕੋਈ ਆਉਂਦਾ ਨਹੀਂ ਸੀ। ਆਪਣਾ ਪੇਟ ਪਾਲਣ ਲਈ ਉਹ ਚੇਲਿਆਂ ਦੇ ਘਰ ਜਾਂਦੇ ਅਤੇ ਕਈ ਤਰ੍ਹਾਂ ਦੇ ਨਾਚ-ਨਿਰਤ ਕਰਦੇ ਸਨ। ਭਾਈ ਗੁਰਦਾਸ ਜੀ ਅਨੁਸਾਰ:

ਚੇਲੇ ਬੈਠਨਿ ਘਰਾਂ ਵਿਚਿ ਗੁਰਿ ਉਠਿ ਘਰੀਂ ਤਿਨਾੜੇ ਜਾਈ। (ਵਾਰ ੧/੩੦)

ਗੁਰੂ ਸਾਹਿਬ ਦੇ ਕਥਨ ਅਨੁਸਾਰ ਇਹਨਾਂ ਕੱਚੇ ਗੁਰੂਆਂ ਤੋਂ ਜੋ ਉਸ ਵੇਲੇ ਕਿੰਨੇ ਹੀ ਫਿਰਦੇ ਸਨ, ਸ਼ਕਤੀ ਨਹੀਂ ਮਿਲ ਸਕਦੀ:

ਕੇਤੇ ਗੁਰ ਚੇਲੇ ਫੁਨਿ ਹੂਆ॥
ਕਾਚੇ ਗੁਰ ਤੇ ਮੁਕਤਿ ਨ ਹੂਆ॥ (ਪੰਨਾ ੯੩੨)

ਇਸ ਕਰਕੇ ਸੱਚਾ ਗੁਰੂ ਧਾਰਨ ਕਰਨਾ ਹੀ ਆਵੱਸ਼ਕ ਹੈ। ਗੁਰੂ ਸਾਹਿਬਾਨ ਨੇ ਸੱਚੇ ਗੁਰੂ ਦੀ ਪਛਾਣ ਇਸ ਤਰ੍ਹਾਂ ਦੱਸੀ ਹੈ:

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥ (ਪੰਨਾ ੨੮੬)

ਸਤਿਪੁਰਖ ਉਹ ਹੈ ਜਿਸ ਦੇ ਦੀਦਾਰ ਕਰਦਿਆਂ ਅਥਵਾ ਜਿਸ ਦੇ ਬਚਨ ਨੂੰ ਸੁਣਦਿਆਂ ਮਨ ਨੂੰ ਸ਼ਾਂਤੀ ਮਿਲਦੀ ਹੈ। ਅਨਿਸਚਿਤਤਾ ਅਤੇ ਦੁਪਾਸੇ ਦੀ ਝਾਕ ਦਾ ਦੁੱਖ ਮਿਟ ਜਾਂਦਾ ਹੈ। ਅਜਿਹਾ ਗੁਰੂ ਪਰਮ ਅਨੰਦ ਦੀ ਅਵਸਥਾ ਵਿਚ ਲੈ ਜਾਂਦਾ ਹੈ:

ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ॥

ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥ (ਪੰਨਾ ੧੬੮)

ਗੁਰੂ ਨਾਨਕ ਸਾਹਿਬ ਦੇ ਕਥਨ ਅਨੁਸਾਰ:

ਸਾਚੇ ਗੁਰ ਕੀ ਸਾਚੀ ਸੀਖ ॥
ਤਨੁ ਮਨੁ ਸੀਤਲੁ ਸਾਚੁ ਪਰੀਖ ॥ (ਪੰਨਾ ੧੫੨)

ਉਹ ਅਤਿ ਖੋਟੇ ਜੀਵਨ ਵਾਲੇ ਮਨੁੱਖ ਨੂੰ ਸਚਿਆਰਾ ਬਣਾਉਣ ਦੀ ਸਮਰੱਥਾ ਰੱਖਦਾ ਹੈ, ਉਸ ਦੇ ਬਚਨ ਸ਼ੁੱਧ ਬਣਾ ਦਿੰਦੇ ਹਨ, ਜਿਵੇਂ ਅਗਨੀ ਸੋਨੇ ਵਿਚੋਂ ਖੋਟ ਕੱਢ ਕੇ ਉਸ ਕੁੰਦਨ ਬਣਾਉਂਦੀ ਹੈ:

ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥ (ਪੰਨਾ ੧੪੩)
ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥ (ਪੰਨਾ ੯੯੦)

ਉਹ ਲੋਕਾਂ ਵਿਚ ਪਰਸਪਰ ਪਿਆਰ ਵਧਾ ਕੇ ਇਕ ਦੂਜੇ ਨੂੰ ਨੇੜੇ ਲਿਆਉਂਦਾ ਹੈ। ਉਹ ਨਫ਼ਰਤ ਤੋਂ ਬਚਾਉਂਦਾ ਹੈ ਜਿਹੜੀ ਕਿ ਇਕ ਦੂਜੇ ਵਿਚ ਪਾੜ ਪਾਉਂਦੀ ਹੈ।

ਸਤਿਗੁਰੂ ਮਨੁੱਖਾਂ ਨੂੰ ਆਪਸ ਵਿਚ ਮਿਲ ਕੇ ਫਿਰ ਪਰਮਾਤਮਾ ਨਾਲ ਮਿਲਾ ਦਿੰਦਾ ਹੈ:

ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ ॥੪॥ (ਪੰਨਾ ੨੦)
ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ ਕੈ ਹਿਰਦੈ ਸਚੁ ਵਸਾਇਆ ॥ (ਪੰਨਾ ੪੬੭)

ਝੂਠੇ ਗੁਰੂ ਤੋਂ ਉਲਟ ਉਹ ਜਹਾਜ਼ ਵਾਂਗ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਕਰਵਾ ਦਿੰਦਾ ਹੈ:

ਸਤਿਗੁਰੁ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥
ਕਰਿ ਕਿਰਪਾ ਪਾਰਿ ਉਤਾਰਿਆ ॥ (ਪੰਨਾ ੪੭੦)

ਸਤਿਗੁਰੂ ਮਨੁੱਖ ਭਾਂਜਵਾਦੀ ਨਹੀਂ ਬਣਾਉਂਦਾ ਸਗੋਂ ਐਸੀ ਜੀਵਨ-ਜੁਗਤ ਸਿਖਾਉਂਦਾ ਹੈ ਜਿਸ ਨਾਲ ਗ੍ਰਿਹਸਤ ਵਿਚ ਰਹਿੰਦਿਆਂ ਮੁਕਤੀ ਮਿਲ ਜਾਂਦੀ ਹੈ। ਗੁਰੂ ਨਾਨਕ ਸਾਹਿਬ ਦਾ ਮੁਖਵਾਕ ਹੈ:

ਸਤਿਗੁਰ ਕੀ ਐਸੀ ਵਡਿਆਈ ॥
ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥ (ਪੰਨਾ ੬੬੧)

ਸੱਚੀ ਸਿੱਖਿਆ

ਸੱਚੇ ਗੁਰੂ ਦੀ ਸਿੱਖਿਆ ਵੀ ਸੱਚੀ ਹੀ ਹੁੰਦੀ ਹੈ। ਸੱਚਾ ਸਿੱਖ ਅਜਿਹੀ ਸਿੱਖਿਆ ਹੀ ਲੈਂਦਾ ਹੈ। ਸੱਚ ਦੀ ਵਿਆਖਿਆ ਕਰ ਕੇ ਗੁਰੂ ਸਾਹਿਬ ਫ਼ੁਰਮਾਉਂਦੇ ਹਨ:

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥ (ਪੰਨਾ ੪੬੮)

ਸਤਿਸੰਗਤ

ਮਨੁੱਖ ਦੇ ਵਰਤਮਾਨ ਅਤੇ ਭਵਿੱਖਤ ਦਾ ਨਿਰਭਰ ਉਸ ਦੀ ਸੰਗਤ 'ਤੇ ਹੈ। ਗੁਰੂ ਸਾਹਿਬ ਨੇ ਸੰਗਤ ਨਾਲ ਵੀ ਸਤਿ ਸ਼ਬਦ ਲਗਾ ਕੇ ਸੇਧ ਦਿੱਤੀ ਹੈ। ਗੁਰੂ ਨਾਨਕ ਦੇਵ ਜੀ ਦੇ ਕਥਨ

ਅਨੁਸਾਰ ਸਤਿਸੰਗਤ ਉਹ ਹੈ ਜਿਥੇ ਪਰਮਾਤਮਾ ਦੇ ਨਾਮ ਅਥਵਾ ਗੁਣਾਂ ਦੀ ਵਿਚਾਰ ਕਰ ਕੇ ਉਹਨਾਂ ਅਨੁਸਾਰ ਜੀਵਨ ਢਾਲਿਆ ਜਾਂਦਾ ਹੈ। ਇਸ ਦੀ ਸੋਝੀ ਵੀ ਸਤਿਗੁਰੂ ਕਰਵਾਉਂਦਾ ਹੈ:

ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥ (ਪੰਨਾ ੭੨)

ਸਤਿਸੰਗਤ ਨਾਲ ਮਨੁੱਖ ਦੇ ਜੀਵਨ ਵਿਚ ਪਰਿਵਰਤਨ ਆ ਜਾਂਦਾ ਹੈ। ਅਜਿਹਾ ਪਰਿਵਰਤਨ ਜੋ ਲੋਹੇ ਵਰਗੇ ਨਿਕਦਰੇ ਮਨੁੱਖ ਨੂੰ ਸੰਗਤ-ਪਾਰਸ ਦੀ ਛੁਹ ਨਾਲ ਕੰਚਨ ਵਰਗਾ ਵਡਮੁੱਲਾ ਬਣਾ ਦਿੰਦਾ ਹੈ:

ਸਤਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ ॥
ਗੁਰ ਪਰਸਾਦੀ ਘਟਿ ਚਾਨਣਾ ਆਨੑੇਰੁ ਗਵਾਇਆ ॥
ਲੋਹਾ ਪਾਰਸਿ ਭੇਟੀਐ ਕੰਚਨੁ ਹੋਇ ਆਇਆ ॥ (ਪੰਨਾ ੧੨੪੪)

ਸੱਚੀ ਸੰਗਤ ਵਿਚ ਹੀ ਸਤਿਗੁਰੂ ਮਿਲਦਾ ਹੈ ਅਤੇ ਉਸ ਦੁਆਰਾ ਦਿਨ-ਰਾਤ ਪ੍ਰਭੂ ਦੀ ਉਸਤਤੀ ਵਿਚ ਮਨ ਜੁੜ ਜਾਂਦਾ ਹੈ:

ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥ (ਪੰਨਾ ੭੨)

ਸੱਚੀ ਸੰਗਤ ਦੁਆਰਾ ਸੱਚੇ ਸ਼ਬਦ ਦਾ ਗਾਇਣ ਕਰਦਿਆਂ ਸੱਚੇ ਪ੍ਰਭੂ ਵਿਚ ਜੀਵ ਜਾ ਸਮਾਉਂਦਾ ਹੈ:

ਸਤਸੰਗਤਿ ਮੇਲਾਪੁ ਜਿਥੈ ਹਰਿ ਗੁਣ ਸਦਾ ਵਖਾਣੀਐ ॥
ਨਾਨਕ ਸਚਾ ਸਬਦੁ ਸਲਾਹਿ ਸਚੁ ਪਛਾਣੀਐ ॥ (ਪੰਨਾ ੧੨੮੦)

ਸੱਚਾ ਆਚਾਰ

ਆਪ ਨੇ ਆਚਾਰ ਨਾਲ ਸਤਿ ਵਿਸ਼ੇਸ਼ਣ ਦੀ ਵਰਤੋਂ ਵਿਅਕਤੀ ਅਤੇ ਸਮਾਜ ਨੂੰ ਚੰਗੇਰਾ ਬਣਾਉਣ ਲਈ ਆਵੱਸ਼ਕ ਸਮਝੀ। ਸੱਚ ਦੇ ਸਿਮਰਨ ਦੀ ਕਸੌਟੀ ਸੱਚਾ ਆਚਾਰ ਹੀ ਹੈ। ਗੁਰੂ ਨਾਨਕ ਦੇਵ ਜੀ ਨੇ ਲੋਕ-ਜੀਵਨ ਵਿਚ ਇਸ ਦੀ ਘਾਟ ਵੇਖੀ ਸੀ। ਉਹਨਾਂ ਦੀ ਕਥਨੀ ਤੇ ਕਰਨੀ ਸੱਚ ਦੀ ਭਾਵਨਾ ਦੇ ਵਿਰੁੱਧ ਸੀ। ਲੋਕ ਆਚਾਰ ਬਾਰੇ ਗੁਰੂ ਨਾਨਕ ਸਾਹਿਬ ਦੀ ਬਾਣੀ ਇਸ ਤਰ੍ਹਾਂ ਗਵਾਹੀ ਦਿੰਦੀ ਹੈ:

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥ (ਪੰਨਾ ੭੨੨)
ਕੂੜੁ ਬੋਲਿ ਮੁਰਦਾਰੁ ਖਾਇ ॥
ਅਵਰੀ ਨੋ ਸਮਝਾਵਣਿ ਜਾਇ ॥ (ਪੰਨਾ ੧੩੯-੪੦)

ਸੱਚ ਨਾਲੋਂ ਸੱਚ-ਆਚਾਰ ਨੂੰ ਚੰਗੇਰਾ ਇਸ ਕਰਕੇ ਕਿਹਾ ਹੈ ਕਿਉਂਕਿ ਇਹ ਵਿਅਕਤੀ ਦੇ ਜੀਵਨ ਅਮਲ ਦਾ ਪ੍ਰਮਾਣ ਪੇਸ਼ ਕਰਦਾ ਹੈ। ਗੁਰੂ ਨਾਨਕ ਸਾਹਿਬ ਦੇ ਇਹ ਬਚਨ ਜੀਵਨ ਦਾ ਮਾਟੋ ਹੋਣੇ ਚਾਹੀਦੇ ਹਨ:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥ (ਪੰਨਾ ੬੨)

ਸੱਚ ਕਥਨੀ ਮਾਤਰ ਨਹੀਂ, ਹਿਰਦੇ ਵਿਚ ਰਮਿਆ ਹੋਣਾ ਚਾਹੀਦਾ ਹੈ ਤਾਂ ਜੋ ਵਿਵਹਾਰ

ਵੀ ਉਸ ਦੇ ਅਨੁਸਾਰ ਹੋ ਸਕੇ:

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥ (ਪੰਨਾ ੪੬੮)

ਇਥੇ ਤਾਂ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਬਣਾਇਆ ਜਾ ਸਕਦਾ ਹੈ ਪਰ ਰੱਬੀ ਦਰਬਾਰ ਵਿਚ ਤਾਂ:

ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥ (ਪੰਨਾ ੪੬੩)

ਸਚਿਆਰੇ ਜੀਵਨ ਨਾਲ ਹੀ ਸੱਚੇ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ:

ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ ॥
ਹਰਿ ਨਿਰਮਾਇਲੁ ਊਜਲੋ ਪਤਿ ਸਾਚੀ ਸਚੁ ਬੋਲੁ ॥ (ਪੰਨਾ ੯੩੭)

ਸੱਚਾ ਸੌਦਾ

ਗੁਰੂ ਸਾਹਿਬ ਅਨੁਸਾਰ ਸੱਚਾ ਸੌਦਾ ਜਾਂ ਵਪਾਰ ਨਾਮ ਸਿਮਰਨ ਦਾ ਹੈ ਜੋ ਸੁਕਿਰਤ ਕਰ ਕੇ ਲੋੜਵੰਦ ਦੀ ਸਹਾਇਤਾ ਕਰਨਾ ਹੈ। ਗੁਰੂ ਨਾਨਕ ਦੇਵ ਜੀ ਨੇ ਸੱਚ ਦੀ ਪੂੰਜੀ ਨਾਲ ਸੱਚਾ ਸੌਦਾ ਕੀਤਾ। ਸੱਚੀ ਪੂੰਜੀ ਦਾ ਮਹੱਤਵ ਆਪ ਇਸ ਤਰ੍ਹਾਂ ਦੱਸਦੇ ਹਨ:

ਸਾਚੁ ਵਖਰੁ ਧਨੁ ਪਲੈ ਹੋਇ ॥
ਆਪਿ ਤਰੈ ਤਾਰੇ ਭੀ ਸੋਇ ॥ (ਪੰਨਾ ੯੪੪)

ਸੱਚੀ ਕਿਰਸਾਣੀ

ਜਿਸ ਕਿਰਸਾਣੀ ਵਿਚ ਸੱਚ ਦਾ ਬੀਜ ਬੀਜਿਆ ਜਾਵੇਗਾ ਉਸ ਵਿਚੋਂ ਸੱਚ ਹੀ ਉੱਗੇਗਾ:

ਸਚੁ ਬੀਜੈ ਸਚੁ ਉਗਵੈ ਦਰਗਹ ਪਾਈਐ ਥਾਉ॥ (ਪੰਨਾ ੧੨੪੩)

ਸੱਚੀ ਪ੍ਰੀਤ ਤੇ ਭਗਤੀ

ਸੱਚੇ ਪ੍ਰਭੂ ਨਾਲ ਕੀਤੀ ਪ੍ਰੀਤ ਹੀ ਸੱਚੀ ਹੈ, ਬਾਕੀ ਦੇ ਪ੍ਰੀਤ ਰੂਪਾਂ ਵਿਚ ਮੋਹ ਅਤੇ ਸੁਆਰਥ ਹੁੰਦਾ ਹੈ। ਪ੍ਰੀਤ ਜਿਸ ਪੱਧਰ ਦੇ ਵਿਅਕਤੀ ਨਾਲ ਕੀਤੀ ਜਾਵੇ, ਪ੍ਰੇਮੀ ਉਹੋ ਜਿਹਾ ਹੀ ਬਣ ਜਾਂਦਾ ਹੈ। ਸੱਚੇ ਨਾਲ ਕੀਤੀ ਪ੍ਰੀਤ ਸਦੀਵੀ ਅਤੇ ਅਟੁੱਟ ਹੁੰਦੀ ਹੈ। ਇਕ-ਰਸ ਰਹਿੰਦੀ ਹੈ। ਉਸ ਵਿਚ ਪਰੇਸ਼ਾਨੀ ਨਹੀਂ। ਗੁਰੂ ਸਾਹਿਬ ਸੱਚੀ ਪ੍ਰੀਤ ਦਾ ਮਹੱਤਵ ਦੱਸਦੇ ਹੋਏ ਇਸੇ ਲਈ ਹੀ ਪ੍ਰੇਰਨਾ ਕਰਦੇ ਹਨ:

ਸਾਚੀ ਪ੍ਰੀਤਿ ਨ ਤੁਟਈ ਸਾਚੇ ਮੇਲਿ ਮਿਲਾਉ॥ (ਪੰਨਾ ੫੪)

ਭਗਤ ਰਵਿਦਾਸ ਜੀ ਨੇ ਵੀ ਪ੍ਰਭੂ-ਪ੍ਰੀਤ ਨੂੰ ਹੀ ਸੱਚੀ ਪ੍ਰੀਤ ਕਿਹਾ ਹੈ। ਆਪ ਫ਼ੁਰਮਾਉਂਦੇ ਹਨ:

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥ (ਪੰਨਾ ੬੫੯)

ਭਗਤੀ ਨਾਲ ਵੀ ਸੱਚ ਦਾ ਉਲੇਖ ਮਿਲਦਾ ਹੈ। ਸੱਚੇ ਪ੍ਰਭੂ ਅਤੇ ਸੱਚੇ ਗੁਰੂ ਤੋਂ ਬਿਨਾਂ

ਹੋਰ ਕਿਸੇ ਪ੍ਰਕਾਰ ਦੀ ਭਗਤੀ ਸਦੀਵੀ ਨਹੀਂ ਹੋ ਸਕਦੀ। ਗੁਰੂ ਅਮਰਦਾਸ ਜੀ ਫ਼ੁਰਮਾਉਂਦੇ ਹਨ:

ਸਾਚੀ ਭਗਤਿ ਸਦਾ ਸੁਖੁ ਹੋਇ ॥ (ਪੰਨਾ ੬੬੪)

ਗੁਰੂ ਅਮਰਦਾਸ ਜੀ ਨੇ ਪ੍ਰੇਮਾ-ਭਗਤੀ ਵਿਚ ਲਿਵ ਦੀ ਸੱਚੀ ਲਗਨ ਦਾ ਵਰਣਨ ਕੀਤਾ ਹੈ:

ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥
ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥ (ਪੰਨਾ ੯੧੭)

ਸੱਚਾ ਧਰਮ

ਸੱਚ ਹੀ ਇਕੋ ਇਕ ਧਰਮ ਹੈ ਪਰ ਇਸ 'ਤੇ ਕੋਈ ਵਿਰਲਾ ਹੀ ਚੱਲਦਾ ਹੈ ਕਿਉਂਕਿ ਇਹ ਕਠਿਨ ਮਾਰਗ ਹੈ। ਗੁਰੂ ਸਾਹਿਬ ਦਾ ਮੁਖਵਾਕ ਹੈ:

ਏਕੋ ਧਰਮੁ ਦ੍ਰਿੜੈ ਸਚੁ ਕੋਈ॥ (ਪੰਨਾ ੧੧੮੮)

ਸਦ ਨਵੇਲਾ

ਸੱਚ ਦੀ ਵਿਸ਼ੇਸ਼ਤਾ ਹੈ ਕਿ ਇਹ ਕਦੀ ਪੁਰਾਣਾ ਨਹੀਂ ਹੁੰਦਾ ਅਥਵਾ ਸੱਚ ਸਦ-ਨਵੇਲਾ ਹੈ:

ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ ॥ (ਪੰਨਾ ੯੫੬)

ਸਭ ਸਮੱਸਿਆਵਾਂ ਦਾ ਹੱਲ

ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਸੱਚ ਹੀ ਸਭ ਸਮੱਸਿਆਵਾਂ ਦਾ ਦਾਰੂ ਅਥਵਾ ਹੱਲ ਹੈ। ਸੱਚ 'ਤੇ ਚੱਲਣ ਵਾਲਾ ਪਾਪੀ ਅਪਰਾਧੀ ਨਹੀਂ ਹੋ ਸਕਦਾ। ਇਸ ਲਈ ਸੱਚ ਦੀ ਪ੍ਰਾਪਤੀ ਲਈ ਜਾਂ ਸਚਿਆਰਾ ਰਹਿਣ ਲਈ ਬੇਨਤੀ ਕਰਨੀ ਉਚਿਤ ਹੈ:

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥ (ਪੰਨਾ ੪੬੮)

ਵਿਧੀ

ਸਚਿਆਰਾ ਕਿਵੇਂ ਬਣਿਆ ਜਾ ਸਕਦਾ ਹੈ? ਜਪੁਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਨੇ ਹੱਲ ਦੱਸਿਆ ਹੈ ਅਤੇ ਉਹ ਹੈ ਗੁਰੂ ਦੀ ਰਜ਼ਾ ਜਾਂ ਉਸ ਦੇ ਹੁਕਮ ਅਨੁਸਾਰ ਆਪਣੇ ਜੀਵਨ ਨੂੰ ਢਾਲਣਾ। ਪ੍ਰਸ਼ਨ ਹੈ:

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ (ਪੰਨਾ ੧)

ਅਤੇ ਉੱਤਰ ਹੈ:

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ (ਪੰਨਾ ੧)

(2/1981)

ਵਿਸ਼ਵ-ਵਿਆਪੀ ਧਰਮ-ਸੰਕਟ ਤੇ ਗੁਰੂ ਨਾਨਕ ਸਾਹਿਬ ਦਾ ਨਿਰਮਲ ਪੰਥ

ਸੰਸਾਰਕ ਮਨੁੱਖ ਆਮ ਕਰਕੇ ਤਿੰਨਾਂ ਤਾਕਤਾਂ ਰਜੋ ਗੁਣ, ਤਮੋ ਗੁਣ ਤੇ ਸਤੋ ਗੁਣ ਵਿਚ ਹੀ ਵਰਤਦੇ ਹਨ। ਗੁੱਸੇ ਤੇ ਹੰਕਾਰ ਆਦਿ ਕਾਰਨ ਮਨੁੱਖ ਜਦ ਅਗਿਆਨੀ ਹੋ, ਹਨੇਰੇ ਵਿਚ ਵਿਚਰਦਾ ਹੈ ਤਾਂ ਉਸ ਵਿਚ ਤਾਮਸ ਗੁਣ ਪ੍ਰਧਾਨ ਹੁੰਦਾ ਹੈ। ਜਦ ਖ਼ਾਹਿਸ਼ਾਂ ਤੇ ਭੋਗਾਂ ਦੀ ਪ੍ਰਬਲਤਾ ਹੁੰਦੀ ਹੈ ਤਾਂ ਮਨੁੱਖ ਰਜੋ ਗੁਣੀ ਅਖਵਾਉਂਦਾ ਹੈ ਪਰੰਤੂ ਜਦ ਉਪਰੋਕਤ ਦੋਹਾਂ ਹਾਲਤਾਂ ਤੋਂ ਉਚੇਰਾ ਤੇ ਵੈਰਾਗਵਾਨ ਹੋ, ਨੇਕੀ ਤੇ ਉਪਕਾਰ ਲਈ ਕਮਰਬਸਤਾ ਹੁੰਦਾ ਹੈ ਤਾਂ ਉਸ ਵਿਚ ਸਤੋ ਗੁਣ ਦੀ ਪ੍ਰਧਾਨਤਾ ਹੁੰਦੀ ਹੈ। ਇਹਨਾਂ ਤਿੰਨਾਂ ਅਵਸਥਾਵਾਂ ਤੋਂ ਉਪਰ ਸਹਿਜ, ਮਾਨਿਵ ਤੁਰੀਆ ਅਵਸਥਾ ਜਾਂ ਪਰਮ-ਪਦ ਹੈ। ਇਸ ਅਵਸਥਾ ਵਿਚ ਮਨੁੱਖ ਬ੍ਰਹਮ ਗਿਆਨੀ ਹੁੰਦਾ ਹੋਇਆ ਇਕ-ਰਸ ਅਡੋਲ, ਸੰਤੁਲਿਤ ਜੀਵਨ ਬਿਤਾਉਂਦਾ ਹੈ।

ਜ਼ਿੰਦਗੀ ਕਸ਼ਮਕਸ਼ ਅਥਵਾ ਸੰਘਰਸ਼ ਦਾ ਦੂਜਾ ਨਾਂ ਹੈ ਅਤੇ ਇਹ ਸੰਘਰਸ਼ ਹੈ ਇਹਨਾਂ ਤਿੰਨਾਂ ਗੁਣਾਂ ਅਥਵਾ ਮਾਇਆ ਉੱਤੇ ਆਸ਼ਰਿਤ। ਸਤਿਗੁਰਾਂ ਨੇ ਰਜੋ, ਤਮੋ ਤੇ ਸਤੋ ਗੁਣਾਂ ਨੂੰ ਹੀ ਕਰਤਾਰ ਦੀ ਮਾਇਆ ਅਥਵਾ ਰਚਨਾ ਕਹਿ ਕੇ ਦੱਸਿਆ ਹੈ:

ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥ (ਪੰਨਾ ੧੧੨੩)

ਵਾਸਤਵ ਵਿਚ ਸੰਸਾਰ ਦੇ ਇਸ ਵਚਿੱਤਰ ਨਾਟਕ ਦੀ ਇਹ ਖੇਡ ਹੈ ਹੀ ਇਹਨਾਂ ਤਿੰਨਾਂ ਗੁਣਾਂ ਰੂਪੀ ਪਾਤਰਾਂ ਅਥਵਾ ਮਾਇਆ ਦੀ ਹੋਂਦ ਕਰਕੇ। ਕਿਸੇ ਇਕ ਗੁਣ ਦਾ ਕਤੱਈ ਗਲਬਾ ਜਾਂ ਤਾਂ ਇਸ ਖੇਡ ਨੂੰ ਖ਼ਤਮ ਕਰ ਦੇਵੇਗਾ ਜਾਂ ਬੇਜਾਨ ਤੇ ਬੇਰਸ। ਜਗਤ ਵਿਚ ਜਦ ਸਤੋ ਗੁਣ ਦਾ ਬੋਲਬਾਲਾ ਹੁੰਦਾ ਹੈ ਤਾਂ ਇਸ ਨੂੰ ਸਤਿਜੁਗ ਦਾ ਨਾਂ ਦਿੱਤਾ ਜਾਦਾ ਹੈ ਅਤੇ ਜਦ ਲੋਕ ਵਧੇਰੇ ਤਮੋ ਜਾਂ ਰਜੋ ਗੁਣੀ ਹੋ ਜਾਂਦੇ ਹਨ ਤਾਂ ਕਲਿਜੁਗ ਦਾ। ਇਤਿਹਾਸ ਸ਼ਾਹਿਦ ਹੈ ਕਿ ਨਾ ਤਾਂ ਸਤਿਜੁਗ ਵਿਚ ਰਜੋ ਜਾਂ ਤਮੋ ਗੁਣ ਦਾ ਮਨੁੱਖੀ ਸੁਭਾਅ 'ਚੋਂ ਕਦੀ ਪੂਰਨ ਅਭਾਵ ਹੋ ਸਕਿਆ ਹੈ ਅਤੇ ਨਾ ਹੀ ਕਲਿਜੁਗ ਵਿਚ ਸਤੋ ਗੁਣ ਦਾ ਅਭਾਵ ਸੰਭਵ ਹੋਇਆ ਹੈ।

ਇਥੇ ਇਕ ਗੱਲ ਹੋਰ ਵੀ ਸਪੱਸ਼ਟ ਕਰਨੀ ਉਚਿਤ ਰਹੇਗੀ ਕਿ ਸਿੱਖੀ-ਆਸ਼ੇ ਅਨੁਸਾਰ ਕਿਸੇ ਜੁਗ ਦੀ ਆਮਦ ਨਾਲ ਜੀਵਾਂ ਦੇ ਸੁਭਾਵ ਸੁਤੇ-ਸਿਧ ਉਸ ਜੁਗ ਦੇ ਅਨੁਕੂਲ ਨਹੀਂ ਹੋ ਜਾਂਦੇ। ਹਕੀਕਤ ਇਹ ਹੈ ਕਿ ਜਦ ਜੀਵ ਚੰਗੇ ਜਾਂ ਮੰਦੇ ਸੁਭਾਵ ਅਧੀਨ ਭਲੇ ਜਾਂ ਬੁਰੇ ਕੰਮ ਕਰਦੇ ਹਨ ਤਾਂ ਉਹਨਾਂ ਦੇ ਕਰਮਾਂ ਅਨੁਸਾਰ ਉਸ ਸਮੇਂ ਨੂੰ ਸਤਿਜੁਗ ਜਾਂ ਕਲਿਜੁਗ ਦੀ ਸੰਗਿਆ ਦਿੱਤੀ ਜਾਂਦੀ ਹੈ। ਇਸ ਅਤਿ ਅਹਿਮ ਨੁਕਤੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਇਉਂ ਸਪੱਸ਼ਟ

ਕਰਨ ਦਾ ਉਪਕਾਰ ਕਰਦੇ ਹਨ:

ਰਾਮਕਲੀ ਮਹਲਾ ੧ ਅਸਟਪਦੀਆ
ੴ ਸਤਿਗੁਰ ਪ੍ਰਸਾਦਿ ॥
ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥
ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥੧॥
ਜੀਵਨ ਤਲਬ ਨਿਵਾਰਿ ॥
ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥੧॥ ਰਹਾਉ ॥
ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥
ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ ॥੨॥
ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥
ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥੩॥ *(ਪੰਨਾ ੯੦੨)*

ਹਾਂ, ਪ੍ਰਭੂ ਵੱਲੋਂ ਪਠਾਏ ਤੇ ਵਰੋਸਾਏ ਮਹਾਂਪੁਰਸ਼ਾਂ ਦਾ ਜਦ ਇਹ ਯਤਨ ਰਿਹਾ ਹੈ ਕਿ ਸੰਸਾਰ ਵੱਧ ਤੋਂ ਵੱਧ ਸਤੋ ਗੁਣੀ ਹੋਵੇ, ਲੋਕ ਸਬਰ, ਸੰਤੋਖ ਦੇ ਧਾਰਨੀ ਹੋਣ, ਹੱਕ-ਹਲਾਲ ਦੀ ਕਿਰਤ ਕਰਨ, ਵੰਡ ਕੇ ਛਕਣ ਤੇ ਧਰਮੀ ਹੋਣ। ਪਰੰਤੂ ਜਿਸ ਧਰਮ ਦੇ ਧਾਰਨੀ ਹੋਣ ਉੱਤੇ ਆਮ ਕਰਕੇ ਇਤਨਾ ਬਲ ਦਿੱਤਾ ਜਾਂਦਾ ਹੈ, ਉਸ ਦੀ ਵਾਸਤਵਿਕਤਾ ਤੋਂ ਜਾਣੂ ਹੋਣਾ ਭੀ ਜ਼ਰੂਰੀ ਹੈ। ਧਰਮ ਅੰਗਰੇਜ਼ੀ ਦੇ ਰਿਲੀਜਨ ਸ਼ਬਦ ਤੋਂ ਕਿਤੇ ਵਿਸ਼ਾਲ ਖੇਤਰ ਦਾ ਸੂਚਕ ਹੈ। ਰਿਲੀਜਨ ਲਾਤੀਨੀ ਦੇ ਸ਼ਬਦ 'ਰੀਲੀਗ' ਤੋਂ ਬਣਿਆ ਹੈ। ਇਸ ਦੇ ਅਰਥ ਹਨ: ਮੁੜ ਕੇ ਜੋੜਨਾ ਜਾਂ ਜੁੜਨਾ। ਭਾਵ ਪ੍ਰਭੂ ਨਾਲ ਮੁੜ ਮਿਲਾਪ। ਪਰੰਤੂ ਧਰਮ ਸੰਸਕ੍ਰਿਤ ਦੇ 'ਧ੍ਰੀ' ਧਾਤੂ ਤੋਂ ਬਣਿਆ ਹੈ ਤੇ ਇਸ ਦੇ ਅਰਥ ਹਨ—ਜੋ ਸੰਸਾਰ ਨੂੰ ਧਾਰਨ ਕਰਦਾ ਹੈ। ਸ਼ੁਭ ਕਰਮ, ਮਜ਼ਹਬ, ਦੀਨ, ਪੁੰਨ, ਰਿਵਾਜ, ਰੀਤ, ਫ਼ਰਜ਼, ਪ੍ਰਕਿਰਤੀ ਸੁਭਾਵ ਅਤੇ ਤੱਤਾਂ ਦੇ ਸ਼ਬਦ ਸਪਰਸ਼, ਗੰਧ ਆਦਿ ਗੁਣ। ਵਿਚਾਰਵਾਨਾਂ ਨੇ ਧਰਮ ਦੇ ਦਸ ਮੁੱਖ ਅੰਕ ਇਉਂ ਵੀ ਮੰਨੇ ਹਨ:

ਧੀਰਜ, ਖਿਮਾ, ਮਨ ਦਾ ਵੱਸ ਕਰਨਾ, ਚੋਰੀ ਦਾ ਤਿਆਗ, ਪਵਿੱਤਰਤਾ, ਇੰਦਰੀਆਂ ਨੂੰ ਕੁਕਰਮਾਂ ਤੋਂ ਰੋਕਣਾ, ਨਿਰਮਲ ਬੁੱਧ, ਵਿਦਿਆ ਦਾ ਅਭਿਆਸ, ਸਤਿ, ਕ੍ਰੋਧ ਦਾ ਤਿਆਗ।

ਧ੍ਰਤਿ ਛਮਾ ਦਮੋ ਅਸਤੇਯੰ, ਸੋਚ ਮਿਨਿੰਦ੍ਰਯ ਨਿਗ੍ਰਹਿ।
ਧੀਰ ਵਿਦਿਯਾ ਸਤਯਮਕ੍ਰੋਧੋ ਦਸਕੰਮ ਧ੍ਰਮ ਲਕਸਣਮ। *(ਮਨੂੰ, ਅ. ੬, ਸ. ੯੨)*

ਮਨੂੰ ਸਿਮ੍ਰਤੀ ਅਨੁਸਾਰ ਧਰਮ ਦੇ ਦਸ ਅੰਗ ਹਨ:

ਸੰਤੋਖ, ਖਿਮਾ, ਮਨ ਦਾ ਕਾਬੂ ਕਰਨਾ, ਕੁਝ ਗ੍ਰਹਿਣ ਨਾ ਕਰਨਾ, ਪਾਕੀਜ਼ਗੀ, ਇੰਦਰੀ 'ਤੇ ਕਾਬੂ, ਧੀਰਜ, ਧਰਮ ਵਿਦਿਆ, ਸੱਚਾਈ, ਕ੍ਰੋਧ ਨਾ ਕਰਨਾ—ਧਰਮ ਦੇ ਇਹ ਦਸ ਲੱਛਣ ਹਨ।

ਸਾਰਕੁਤਾਵਲੀ ਅਨੁਸਾਰ ਇਹ ਅੰਗ ਹਨ:

ਖਿਮਾ ਅਹਿੰਸਾ ਦਯਾ ਮ੍ਰਿਦ ਸਤਬਚਨ, ਤਪ, ਦਾਨ।
ਸੀਲ ਸੰਤੋਖ ਤ੍ਰਿਸਨਾ ਬਿਨਾਂ, ਧਰਮ ਲਿੰਗ ਦਸ ਜਾਨ।

ਜੈਮਨੀ ਦਾ ਵਿਚਾਰ ਹੈ ਕਿ ਵੇਦ ਦਾ ਹੁਕਮ ਹੀ ਧਰਮ ਹੈ:

ਨੋਦਨਾ ਲਕਮਣੇ ਅਰਥੋ ਧਰਮ *(ਪੁਤਰ ਮੀਮਾਂਸਾ ਸੂਤ੍ਰ ੧)*

ਮਹਾਤਮਾ ਬੁੱਧ ਅਨੁਸਾਰ ਧਰਮ ਦੇ ਅਸ਼ਟ ਅੰਗ ਇਸ ਪ੍ਰਕਾਰ ਹਨ:

ਸਦ ਵਿਸ਼ਵਾਸ ਸਦ ਵਿਚਾਰ, ਸਦ ਵਾਕ, ਸਤਿ ਕਰਮ,
ਸਦ ਜੀਵਨ, ਸਚ ਪ੍ਰਯਤਨ, ਸਤ ਚਿੰਤਨ ਅਤੇ ਸਦ ਧਿਆਨ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰਿਆਂ ਧਰਮਾਂ ਵਿਚੋਂ ਸ੍ਰੇਸ਼ਟ ਧਰਮ ਨੂੰ ਇਉਂ ਦਰਸਾਇਆ ਹੈ:

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ *(ਪੰਨਾ ੨੬੬)*

ਧਰਮ ਦੇ ਉਪਰੋਕਤ ਭਿੰਨ-ਭਿੰਨ ਲੱਛਣਾਂ ਦੀ ਵਿਚਾਰ, ਹੱਕ ਦੇ ਮੁਤਲਾਸ਼ੀਆਂ ਲਈ ਇਸ ਤੇ ਕੇਵਲ ਇਸ ਤੱਤ ਨੂੰ ਉਜਾਗਰ ਕਰਦੀ ਹੈ ਕਿ ਧਰਮ ਜੀਵ ਦੀਆਂ ਉਚੇਰੀਆਂ ਬਿਰਤੀਆਂ, ਸ਼ੁਭ ਕਾਮਨਾਵਾਂ ਤੇ ਦੈਵੀ ਸਾਂਝਾਂ ਦਾ ਲਖਾਇਕ ਹੈ। ਧਰਮ ਕਦਾਚਿਤ ਸੰਪ੍ਰਦਾਇਕ ਨਹੀਂ ਹੋ ਸਕਦਾ ਅਤੇ ਜੋ ਸੰਪ੍ਰਦਾਇਕਤਾ ਦੇ ਤੰਗ ਦਾਇਰੇ ਵਿਚ ਬੱਝ ਕੇ ਸਦੀਵੀ, ਸਰਬ ਦੇਸੀ ਤੇ ਸਰਬ-ਕਾਲੀ ਨਹੀਂ ਰਹਿੰਦਾ, ਉਹ ਧਰਮ ਨਹੀਂ। ਹਰੇਕ ਮਜ਼ਹਬ ਦੇ ਅਜਿਹੇ ਧਾਰਮਿਕ ਅੰਗ ਹੀ ਮਨੁੱਖ ਨੂੰ ਉਚੇਰੀ ਸੇਧ ਦਿੰਦੇ ਹਨ, ਪਰੰਤੂ ਇਸ ਦੇ ਦੂਸਰੇ ਅੰਗ ਜਿਨ੍ਹਾਂ ਵਿਚ ਸ਼ਰ੍ਹਾ, ਰੀਤਾਂ, ਰਸਮਾਂ ਤੇ ਬਾਹਰੀ ਕਾਇਦਿਆਂ ਕਾਨੂੰਨਾਂ ਦਾ ਦਖ਼ਲ ਹੈ, ਆਪਸ ਵਿਚ ਵੀ ਵਖਰੇਵਾਂ ਪੈਦਾ ਕਰਦੇ ਹਨ। ਸੰਸਾਰ ਵਿਚ ਵਧੇਰੇ ਕਰਕੇ ਬਖੇੜਾ ਇਹਨਾਂ ਵਿਤਕਰਿਆਂ ਕਾਰਨ ਹੀ ਵਾਪਰਦਾ ਹੈ।

ਜਿਹਾ ਕਿ ਇਸ ਲੇਖ ਕੇ ਆਰੰਭ ਵਿਚ ਮੰਨਿਆ ਗਿਆ ਹੈ ਕਿ ਧਰਮ ਅਥਵਾ ਮਜ਼ਹਬ ਨੂੰ ਥੋੜ੍ਹਾ-ਬਹੁਤ ਸੰਕਟ ਤਾਂ ਹਰੇਕ ਯੁਗ ਵਿਚ ਹੀ ਰਿਹਾ ਹੈ ਪਰੰਤੂ ਜੋ ਸੰਕਟ ਇਸ ਉੱਤੇ ਅੱਜ ਦੇ ਚਤੁਰ ਤੇ ਵਿਗਿਆਨਕ ਯੁਗ ਵਿਚ ਵਿਆਪਕ ਹੈ, ਇਸ ਦੀ ਉਦਾਹਰਣ ਪਹਿਲਾਂ ਘੱਟ ਹੀ ਮਿਲਦੀ ਹੈ। ਧਰਮ ਨੂੰ ਵਰਤਮਾਨ ਜੁਗ ਦੇ ਵਿਸ਼ੇਸ਼ ਖ਼ਤਰੇ ਹਨ:

1. ਵਿਗਿਆਨ ਦੀ ਵ੍ਰਿਧੀ
2. ਇਲਮ, ਅਕਲ ਤੇ ਤਰਕਵਾਦ ਦੀ ਪ੍ਰਧਾਨਤਾ ਅਤੇ ਸਚਾਈ ਦੀ ਖੋਜ ਲਈ ਕੇਵਲ ਜੁਗਤੀ ਤੇ ਦਲੀਲ ਉੱਤੇ ਆਧਾਰਿਤ ਪਰਖ-ਪੜਚੋਲ
3. ਕਮਯੂਨਿਜ਼ਮ, ਮਾਦਾ-ਪ੍ਰਸਤੀ, ਨਾਸਤਿਕਤਾ
4. ਨਸ਼ਿਆਂ ਦੀ ਵਧ ਰਹੀ ਵਰਤੋਂ
5. ਅਸਭਯ ਤੇ ਕਾਮ-ਭੜਕਾਊ ਸਾਹਿਤ, ਫ਼ੈਸ਼ਨ-ਪ੍ਰਸਤੀ, ਸਟੇਜ ਤੇ ਸਕਰੀਨ
6. ਸਬਰ, ਸਿਦਕ ਤੇ ਸ਼ਰਧਾ ਦਾ ਅਭਾਵ ਅਤੇ ਸਵਾਰਥ ਤੇ ਭ੍ਰਿਸ਼ਟਾਚਾਰ ਦੀ ਪ੍ਰਧਾਨਤਾ
7. ਧਰਮ ਦੇ ਪਰਦੇ ਹੇਠ ਪਖੰਡ।

(ੳ) ਵਿਗਿਆਨਕ ਖੋਜ ਤੇ ਪ੍ਰਾਪਤੀਆਂ

ਸਾਇੰਸ ਦੇ ਖੇਤਰ ਵਿਚ ਬੁੱਧੀ ਨੂੰ ਚਕ੍ਰਿਤ ਕਰਨ ਵਾਲੀ ਜੋ ਉੱਨਤੀ ਅਜੋਕੇ ਜੁਗ ਵਿਚ ਹੋਈ ਹੈ ਉਸ ਨੇ ਪੁਰਾਣੀਆਂ ਮਨੌਤਾਂ, ਵਹਿਮਾਂ ਤੇ ਭਰਮਾਂ ਨੂੰ ਤਾਰ-ਤਾਰ ਕਰ ਦਿੱਤਾ ਹੈ। ਹੁਣ ਮਨੁੱਖ ਹਰ ਵਸਤੂ ਦੇ ਕਾਰਜ ਦਾ ਕਾਰਨ ਲੱਭ ਲੈਣ ਲਈ ਬੇਸਬਰਾ ਹੈ। ਹੁਣ ਤਕ ਹੋਈ ਸਫ਼ਲਤਾ ਦੇ ਉੱਤੇ ਉਹ ਬਜਾਅ ਤੌਰ ਉੱਤੇ ਮਾਣ ਨਾਲ ਕਹਿ ਸਕਦਾ ਹੈ ਕਿ:

ਰਾਜ਼ ਕੁਦਰਤ ਨੇ ਇਨਸਾਂ ਸੇ ਛੁਪਾਏ ਤੋ ਬਹੁਤ,
ਮਗਰ ਅਹਿਲਿ-ਬਸੀਰਤ ਸੇ ਛਪਾਏ ਨ ਗਏ।

ਪਰੰਤੂ ਇਤਨਾ ਕੁਝ ਜਾਣ ਲੈਣ ਉਪਰੰਤ ਵੀ ਇਸ ਸਚਾਈ ਤੋਂ ਵਿਗਿਆਨੀ ਨੂੰ ਵੀ ਇਨਕਾਰ ਨਹੀਂ ਕਿ ਜਾਣੇ ਗਿਆਂ ਨਾਲੋਂ ਅਣਜਾਣੇ ਕੋਟਾਨ-ਕੋਟ ਗੁਣਾਂ ਵੱਧ ਹਨ। ਇਹ ਵੀ ਹਕੀਕਤ ਹੈ ਕਿ ਸਾਇੰਸਦਾਨ ਅਥਵਾ ਹੋਰ ਵਿਦਿਅਕ ਪ੍ਰਣਾਲੀਆਂ ਦੇ ਮਹਾਨ ਖੋਜੀ ਕੁਦਰਤ ਵਿਚਵਰਤ ਰਹੇ ਨੇਮਾਂ ਦਾ ਹੀ ਪਤਾ ਲਾ ਰਹੇ ਹਨ, ਆਪਣੇ ਪਾਸੋਂ ਕੋਈ ਨਵਾਂ ਕਾਨੂੰਨ ਕਾਇਦਾ ਨਾ ਹੀ ਉਹ ਬਣਾ ਸਕੇ ਹਨ ਅਤੇ ਨਾ ਹੀ ਬਣਾ ਸਕਣਗੇ। ਕਾਦਰ ਦੀ ਕੁਦਰਤ ਅਕਥ ਹੈ ਅਤੇ ਅਕਥ ਹੀ ਰਹੇਗੀ :

ਕਥਨਾ ਕਥੀ ਨ ਆਵੈ ਤੋਟਿ ॥
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥ *(ਪੰਨਾ ੨)*

ਵਾਲੀ ਗੁਰੂ ਨਾਨਕ ਦੇਵ ਜੀ ਦੀ ਗੱਲ ਹੀ ਸੱਚੀ ਤੇ ਅੰਤਮ ਹੈ। ਇਸੇ ਸਚਾਈ ਨੂੰ ਹੋਰ ਹਕ-ਪ੍ਰਸਤ ਲੋਕ ਵੀ ਇਵੇਂ ਹੀ ਮੰਨਦੇ ਹਨ:

ਹਮਨੇ ਯੇ ਜਾਨਾ ਥਾ ਕਿ ਇਲਮ ਸੇ ਕੁਛ ਜਾਨੇਂਗੇ,
ਜਾਨਾ ਤੋਂ ਯੇਹ ਕਿ ਨਾ ਜਾਨਾ ਕੁਛ ਭੀ।

ਅਲਾਮਾ ਇਕਬਾਲ ਦੀ ਅਕਲ (ਗਿਆਨ, ਇਲਮ) ਅਤੇ ਦਿਲ (ਭਾਵੁਕਤਾ, ਪ੍ਰੇਮ, ਜਜ਼ਬਾ) ਦੇ ਸੰਬਾਦ ਸਮੇਂ ਦਿਲ ਤੋਂ ਅਕਲ ਨੂੰ ਇਉਂ ਸੰਬੋਧਨ ਕਰਾਉਂਦਾ ਹੈ:

ਤੇਰਾ ਵਾਸਤਾ ਹੈ ਮਜ਼ਾਹਰ ਸੇ
ਔਰ ਬਾਤਨ ਸੇ ਆਸ਼ਨਾ ਹੂੰ ਮੈਂ।
ਇਲਮ ਤੁਝ ਸੇ ਤੋ ਮਾਰਫ਼ਤ ਮੁਝ ਸੇ,
ਤੂੰ ਖ਼ੁਦਾ ਜੁ ਖ਼ੁਦਾ ਨੁਮਾ ਹੂੰ ਮੈਂ।
ਇਲਮ ਕੀ ਇੰਤਹਾ ਹੈ ਬੇਤਾਬੀ,
ਇਸ ਮਰਜ਼ ਕੀ ਮਗਰ ਦਵਾ ਹੂੰ ਮੈਂ।

ਹੁਣ ਤਾਂ ਸਾਇੰਸਦਾਨਾਂ ਨੇ ਵੀ 1964 ਵਿਚ ਹੋਈ ਵਿਸ਼ਵ ਸਾਇੰਸ ਕਾਂਗਰਸ ਵਿਚ ਟੈਲੀਪੈਥੀ (ਦਿਲ ਦੀ ਸਾਇੰਸ) ਨੂੰ ਵੀ ਬਾਕਾਇਦਾ ਇਕ ਸਾਇੰਸ ਮੰਨ ਲਿਆ ਹੈ। ਸਿੱਖ ਸਤਿਗੁਰੂ ਨਾ ਕੇਵਲ ਹੋਰ ਅਨੇਕ ਧਰਤੀਆਂ ਦਾ ਹੀ ਜ਼ਿਕਰ ਕਰਦੇ ਹਨ ਸਗੋਂ ਕਰੋੜਾਂ ਸੂਰਜਾਂ ਤੇ ਖੰਡਾਂ-ਬ੍ਰਹਿਮੰਡਾਂ ਆਦਿ ਦਾ ਵੀ। ਇਹੀ ਕਾਰਨ ਹੈ ਕਿ ਸਿੱਖ ਮਤ ਨੂੰ ਬਜਾਅ ਤੌਰ ਉੱਤੇ ਸਾਇੰਸ ਤੇ ਸਪੇਸ ਜੁਗ ਦਾ ਧਰਮ ਮੰਨਿਆ ਗਿਆ ਹੈ।

(ਅ) ਤਰਕਵਾਦੀ, ਯੁਕਤੀ ਤੇ ਪਰਖ-ਪੜਚੋਲ

ਇਸ ਗੱਲ ਨੂੰ ਸਿੱਧ ਕਰਨ ਲਈ ਵਿਚਾਰਵਾਨਾਂ ਨੇ ਚਾਰ ਪ੍ਰਕਾਰ ਦੇ ਪ੍ਰਮਾਣ ਮੰਨੇ ਹਨ—ਪ੍ਰਤੱਖ ਪ੍ਰਮਾਣ, ਅਨੁਮਾਨ ਪ੍ਰਮਾਣ, ਉਪਮਾ ਪ੍ਰਮਾਣ ਅਤੇ ਸ਼ਬਦ ਪ੍ਰਮਾਣ। ਗੁਰਮਤਿ ਜਗਿਆਸਾ ਭਰਪੂਰ ਖੋਜ, ਦਲੀਲ ਤੇ ਪਰਖ ਦੀ ਹਾਮੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਸਤਕਵਾਦ ਵਧੇਰੇ ਕਰਕੇ ਹੈ ਹੀ ਇਹਨਾਂ ਗੁਣਾਂ, ਪ੍ਰਭੂ ਦੀ ਬੇਅੰਤਤਾ ਦੇ ਵਿਸਮਾਦ ਵਿਚ ਗੁਆਚ ਜਾਣ ਉੱਤੇ

ਆਧਾਰਿਤ। ਪਰੰਤੂ ਸਾਡੀ ਗਿਆਨ-ਸਮਰੱਥਾ ਪ੍ਰਭੂ ਦੀ ਬੇਅੰਤਤਾ ਦੇ ਸਾਹਮਣੇ ਅਤਿ ਨਿਗੂਣੀ ਹੈ ਤੇ ਹੇਚ ਹੈ। ਇਸ ਬੇਅੰਤਤਾ ਬਾਰੇ ਵੰਨਗੀ ਵਜੋਂ ਆਪਣੇ ਸੂਰਜ ਮੰਡਲ ਤੇ ਬ੍ਰਹਿਮੰਡ ਦੀ ਗੱਲ ਹੀ ਲੈ ਲਵੋ। ਸਾਡਾ ਸੂਰਜ ਕਰੋੜਾਂ ਤਾਰਿਆਂ (ਸੂਰਜਾਂ) ਦੇ ਜਮਘਟੇ, ਜਿਸਨੂੰ ਅਸੀਂ ਰਥ ਦਾ ਪਹੀਆ (Galaxy of stars and Milky way) ਕਰਕੇ ਆਖਦੇ ਹਾਂ, ਦੇ ਸਿਰੇ ਉੱਤੇ ਇਕ ਨਿੱਕਾ ਜਿਹਾ ਤਾਰਾ ਹੈ। ਇਕ ਲੱਖ ਛਿਆਸੀ ਹਜ਼ਾਰ ਤਿੰਨ ਸੌ ਮੀਲ ਪ੍ਰਤੀ ਸੈਕਿੰਡ ਦੀ ਰਫ਼ਤਾਰ ਨਾਲ ਇਸ ਦੀ ਰੌਸ਼ਨੀ ਅੱਠਾਂ ਮਿੰਟਾਂ ਵਿਚ ਧਰਤੀ ਤਕ ਪਹੁੰਚਦੀ ਹੈ। ਸੂਰਜ ਮੰਡਲ ਵਿਚ ਵੱਡੇ ਨੌਂ ਸਯਾਰੇ (ਗ੍ਰਹਿ) ਤੇ ਇਕ ਹਜ਼ਾਰ ਦੇ ਕਰੀਬ ਛੋਟੇ ਗ੍ਰਹਿ ਹਨ। ਜੁਪੀਟਰ ਜੋ ਸੂਰਜ ਤੋਂ ਦੂਰੀ ਤੇ ਹਿਸਾਬ ਨਾਲ ਪੰਜਵੇਂ ਥਾਂ ਹੈ, ਸਾਡੀ ਧਰਤੀ ਨਾਲੋਂ 1300 ਗੁਣਾ ਵੱਡਾ ਹੈ। ਸੂਰਜ ਮੰਡਲ ਦੇ ਬਾਕੀ ਸਾਰੇ ਗ੍ਰਹਿਆਂ ਦਾ ਆਕਾਰ ਮਿਲ ਕੇ .13 ਬਣਦਾ ਹੈ ਤੇ ਇਕੱਲੇ ਸੂਰਜ ਦਾ 99.87। ਇਹ ਗ੍ਰਹਿ ਸੂਰਜ ਦੀ ਖਿੱਚ ਤੇ ਆਪਣੀ ਰਫ਼ਤਾਰ ਦੇ ਕਾਰਨ ਆਪਣੀ-ਆਪਣੀ ਥਾਂ ਬੱਝੇ ਫਿਰ ਰਹੇ ਹਨ। ਜਿਤਨਾ ਕੋਈ ਗ੍ਰਹਿ ਸੂਰਜ ਦੇ ਨੇੜੇ ਹੈ ਉਤਨਾ ਹੀ ਉਹ ਤੇਜ਼ੀ ਨਾਲ ਘੁੰਮ ਰਿਹਾ ਹੈ। ਸਭ ਤੋਂ ਨੇੜੇ ਦਾ ਗ੍ਰਹਿ ਮਰਕਰੀ ਹੈ ਜੋ 3 ਕਰੋੜ 60 ਲੱਖ ਮੀਲ ਦੀ ਦੂਰੀ ਉੱਤੇ ਘੁੰਮ ਰਿਹਾ ਹੈ, 30 ਮੀਲ ਦੀ ਫ਼ੀ ਸੈਕਿੰਡ ਦੀ ਰਫ਼ਤਾਰ ਨਾਲ 88 ਦਿਨਾਂ ਵਿਚ ਸੂਰਜ ਦੇ ਦੁਆਲੇ ਦਾ ਚੱਕਰ ਸੰਪੂਰਨ ਕਰਦਾ ਹੈ। ਪਰੰਤੂ ਧਰਤੀ ਜੋ ਸੂਰਜ ਤੋਂ ਤੀਜੇ ਨੰਬਰ ਉੱਤੇ 9 ਕਰੋੜ 30 ਲੱਖ ਮੀਲ ਦੇ ਫ਼ਾਸਲੇ ਉੱਤੇ ਹੈ, 18.5 ਮੀਲ ਫ਼ੀ ਸੈਕਿੰਡ ਦੀ ਚਾਲ ਨਾਲ 365 ਕੁ ਦਿਨਾਂ ਵਿਚ ਸੂਰਜ ਦੁਆਲੇ ਇਕ ਚੱਕਰ ਪੂਰਾ ਕਰਦੀ ਹੈ। ਪਲੂਟੋ ਜੋ ਸਭ ਤੋਂ ਦੂਰ ਹੈ, ਕੇਵਲ ਤਿੰਨ ਮੀਲ ਦੀ ਫ਼ੀ ਸੈਕਿੰਡ ਦੀ ਚਾਲ ਨਾਲ 248 ਸਾਲ ਵਿਚ ਸੂਰਜ ਗਿਰਦੇ ਇਕ ਚੱਕਰ ਸੰਪੂਰਨ ਕਰਦਾ ਹੈ। ਸੂਰਜ ਫ਼ੀ ਸੈਕਿੰਡ 40 ਲੱਖ ਟਨ ਘਟਦਾ ਹੈ ਪਰੰਤੂ ਘਾਟੇ ਦੇ ਇਸ ਰੇਟ ਅਨੁਸਾਰ ਵੀ ਸੂਰਜ ਅੱਠ ਅਰਬ ਸਾਲ ਤਪਿਆ ਰਹੇਗਾ। ਦੱਖਣ ਖੰਡ ਵਿਚ ਜੋ ਧਰਤੀ ਤੋਂ ਨੇੜੇ ਦਾ ਸੂਰਜ ਪ੍ਰੌਕਸੀਮਾਂ ਸੰਚੋਰੀ ਹੈ ਉਸ ਦੀ ਰੌਸਨੀ ਨੂੰ ਧਰਤੀ ਤਕ ਪੁੱਜਦਿਆਂ 4.34 ਸਾਲ ਲੱਗਦੇ ਹਨ। ਜਿਸ ਬ੍ਰਹਿਮੰਡ ਦਾ ਇਕ ਨਿੱਕਾ ਜਿਹਾ ਹਿੱਸਾ ਸਾਡਾ ਸੂਰਜ ਮੰਡਲ ਹੈ, ਉਸ ਵਿਚ ਡੇਢ ਅਰਬ ਦੇ ਕਰੀਬ ਹੋਰ ਸੂਰਜ ਮੰਡਲ ਹਨ ਅਤੇ ਅਜਿਹੇ ਅਰਥਾਂ ਹੀ ਬ੍ਰਹਿਮੰਡ ਮਨੁੱਖ ਦੀ ਖੋਜ-ਖੇਤਰ ਵਿਚ ਆ ਚੁੱਕੇ ਹਨ। ਇਕ ਬ੍ਰਹਿਮੰਡ ਦਾ ਆਕਾਰ ਏਨਾ ਵੱਡਾ ਹੈ ਕਿ ਸੂਰਜ ਦੀ ਰੌਸ਼ਨੀ ਇਕ ਸਿਰੇ ਤੋਂ ਦੂਜੇ ਸਿਰੇ ਤਕ ਜਾਏ ਤਾਂ ਇਸ ਨੂੰ 90000 (ਨੱਬੇ ਹਜ਼ਾਰ) ਸਾਲ ਦਾ ਸਮਾਂ ਲੱਗੇਗਾ।

ਹੁਣ ਵੇਖ ਲਵੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਦੂਜੇ ਸਿੱਖ ਸਤਿਗੁਰਾਂ ਦੇ ਇਹ ਬਚਨ ਸ਼ਬਦ ਪ੍ਰਮਾਣ ਕਿਤਨੇ ਮਹਾਨ ਤੇ ਯਥਾਰਥ ਹਨ ਕਿ:

ਧਰਤੀ ਹੋਰੁ ਪਰੈ ਹੋਰੁ ਹੋਰੁ॥ (ਪੰਨਾ ੩)

ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥ (ਪੰਨਾ ੭)

ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ॥ (ਪੰਨਾ ੬੧੨)

ਸਤਿਗੁਰੂ ਸਿੱਖ ਨੂੰ ਇਸ ਗੱਲ ਤੋਂ ਵੀ ਸਾਵਧਾਨ ਕਰਦੇ ਹਨ ਕਿ ਉਹ ਨਾਮ ਅਥਵਾ ਸਦਗੁਣਾਂ ਰੂਪੀ ਵੱਖਰ ਖ਼ਰੀਦਣ ਤੋਂ ਪਹਿਲਾਂ ਪੂਰੀ ਪੜਚੋਲ ਕਰੇ। ਫ਼ੁਰਮਾਨ ਹਨ:

ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ॥

ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ ॥ (ਪੰਨਾ ੧੪੧੦)
ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥ (ਪੰਨਾ ੧੨੪੫)
ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ (ਪੰਨਾ ੩੫੬)

ਨਾਲ ਹੀ ਗੁਰਦੇਵ ਕੇਵਲ ਉਸ ਗਿਆਨ, ਦਲੀਲ ਤੇ ਵਿਦਿਆ ਦੇ ਹੀ ਹਾਮੀ ਹਨ, ਜੋ ਮਨੁੱਖ ਨੂੰ ਨਿਰਮਲ ਅਥਵਾ ਬਿਬੇਕ ਬੁੱਧੀ ਬਖ਼ਸ਼ੇ ਅਤੇ ਲਬ, ਲੋਭ ਤੇ ਸਿਦਕ-ਹੀਣਤਾ ਆਦਿ ਤੋਂ ਬਚਾਵੇ। ਨਹੀਂ ਤਾਂ 'ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥' ਵਾਲੀ ਗੱਲ ਹੋਵੇਗੀ। ਉਪਨਿਸ਼ਦਾਂ ਅਨੁਸਾਰ ਈਸ਼ਵਰ ਦਲੀਲ ਨਾਲ ਸਿੱਧ ਨਹੀਂ ਕੀਤਾ ਜਾ ਸਕਦਾ—ਈਸ਼ਵਰਾ ਸਿਧੇ। ਨਿਰਗੁਣ ਸਰੂਪ ਵਿਚ ਉਸ ਦਾ ਕੋਈ ਚੱਕਰ-ਚਿਹਨ ਰੇਖ-ਭੇਖ ਨਾ ਹੋਣ ਕਰਕੇ ਉਹ ਇਹਨਾਂ ਅੱਖਾਂ ਨਾਲ ਵੇਖ ਸਕਣਾ ਸੰਭਵ ਨਹੀਂ। ਹਾਂ, ਕੁਦਰਤ ਦੇ ਵਚਿੱਤਰ ਚਿੱਤਰ ਦੇ ਇਸ ਚਿਤੇਰੇ ਨੂੰ ਕੇਵਲ ਅੰਦਰੂਨੀ ਅੱਖਾਂ ਨਾਲ ਹੀ ਮਹਿਸੂਸਿਆ ਤੇ ਮਾਣਿਆ ਜਾ ਸਕਦਾ ਹੈ। ਉਹਨਾਂ ਅੱਖਾਂ ਦਾ ਜ਼ਿਕਰ ਕਰਦੇ ਹੋਏ ਗੁਰਦੇਵ ਫ਼ੁਰਮਾਉਂਦੇ ਹਨ:

ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥ (ਪੰਨਾ ੧੧੦੦)
ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ॥ (ਪੰਨਾ ੧੩੯)

ਭਾਈ ਨੰਦ ਲਾਲ ਜੀ ਗੋਯਾ ਇਸੇ ਹਕੀਕਤ ਦਾ ਵਿਸਥਾਰ ਇਉਂ ਕਰਦੇ ਹਨ:

ਗੋਯਾ ਗਰ ਆਂ ਜਮਾਲ ਦੀਦਨ ਦਾਰੀ।
ਅਜ਼ ਖ਼ੁਦ ਹਵਸਿ ਮੈਲ ਰਮੀਦਨ ਦਾਰੀ।
ਅਜ਼ੀਂ ਦੀਦ: ਮਬੀਂ ਕਿ ਹਜਾਬਸਤ ਤੁਰਾ।
ਬੇ ਦੀਦ: ਬਬੀਂ ਹਰ ਆਂ ਚਿ ਦੀਦਨ ਦਾਰੀ।

ਭਾਵ—ਹੇ ਗੋਯਾ, ਜੇ ਤੂੰ ਪ੍ਰਭੂ ਦਾ ਜਲਵਾ ਵੇਖਣ ਦੀ ਚਾਹ ਰੱਖਦਾ ਹੈਂ ਤਾਂ ਆਪਣੇ ਆਪ ਤੋਂ ਖ਼ਾਹਿਸ਼ਾਂ ਦੇ ਜਨੂੰਨ ਨੂੰ ਦੌੜਦਾ ਕਰ, ਭਾਵ ਦੂਰ ਭਜਾ ਦੇ। ਇਹਨਾਂ ਅੱਖਾਂ ਨਾਲ ਨਾ ਵੇਖ, ਇਹ ਤਾਂ ਤੇਰੇ ਵਿਚ ਪਰਦਾ ਹਨ। ਤੂੰ ਉਸ ਨੂੰ ਬਿਨਾਂ ਅੱਖਾਂ ਦੇ ਵੇਖ, ਜਿਸ ਨੂੰ ਕਿ ਤੂੰ ਵੇਖਣ ਦੀ ਤਮੰਨਾ ਰੱਖਦਾ ਹੈਂ।

ਇਸ ਨੁਕਤੇ ਦੀ ਹੋਰ ਪੁਸ਼ਟੀ ਲਈ ਡਾਕਟਰ ਇਕਬਾਲ ਦੇ ਨਜ਼ਰੀਏ ਨੂੰ ਵੀ ਇਥੇ ਬਿਆਨ ਕਰਨਾ ਵਾਜਬ ਰਹੇਗਾ:

ਜ਼ਾਹਰ ਕੀ ਆਂਖ ਸੇ ਨ ਦੇਖਾ ਕਰੇ ਕੋਈ,
ਹੋ ਦੇਖਨਾ ਤੋ ਦੀਦਾਇ ਦਿਲ ਵਾ ਕਰੇ ਕੋਈ।
ਹੋ ਦੀਦ ਕਾ ਜੋ ਸ਼ੌਕ ਤੋ ਆਂਖੋਂ ਕੋ ਬੰਦ ਕਰ,
ਹੈ ਦੇਖਨਾ ਯਹੀ ਕਿ ਨਾ ਦੇਖਾ ਕਰੇ ਕੋਈ।

ਜੋ ਪਰਮਾਤਮਾ ਅਰੂਪ, ਅਗਮ, ਅਗੋਚਰ ਤੇ ਅਦੁੱਤੀ ਹੋਣ ਕਰਕੇ ਪ੍ਰਤੱਖ ਪ੍ਰਮਾਣ, ਉਪਮਾ ਪ੍ਰਮਾਣ ਜਾਂ ਅਨੁਮਾਨ ਪ੍ਰਮਾਣ ਨਾਲ ਸਿੱਧ ਨਹੀਂ ਹੋ ਸਕਦਾ, ਉਸ ਦੀ ਹੋਂਦ ਕੇਵਲ ਸ਼ਬਦ ਪ੍ਰਮਾਣ ਨਾਲ ਹੀ ਸਿੱਧ ਕੀਤੀ ਜਾ ਸਕਦੀ ਹੈ। ਅਸਾਂ ਰੱਬ ਤਾਂ ਨਹੀਂ ਦੇਖਿਆ ਪਰੰਤੂ ਰੱਬ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ, ਜੋ ਪੰਜ ਭੂਤਕ ਸਰੀਰ ਵਿਚ ਇਸ ਧਰਤੀ ਉੱਤੇ ਵਿਚਰੇ, ਉਹਨਾਂ ਦੀ

ਹੋਂਦ ਤੇ ਹਸਤੀ ਬਾਰੇ ਸਾਨੂੰ ਕੋਈ ਕਿੰਤੂ ਨਹੀਂ।

ਉਹ ਆਖਦੇ ਹਨ ਕਿ ਰੱਬ ਹੈ, ਉਹਨਾਂ ਨੇ ਜਦ ਉਸ ਨੂੰ ਅੰਤਰ-ਆਤਮੇ ਜਾਣਿਆਂ ਕੁਦਰਤ ਵਿਚ ਅਨੁਭਵ ਕੀਤਾ ਤਾਂ ਬੇਸਾਖਤਾ ਪੁਕਾਰ ਉੱਠੇ, 'ਕਰਤੇ ਕੁਦਰਤੀਂ ਮੁਸ਼ਤਾਕ।'

ਤਥਾ

ਵਿਚਿ ਕੁਦਰਤ ਹਰਿ ਪ੍ਰਭ ਵਸੈ ਜੀਉ॥

ਉਹਨਾਂ ਦੀ ਜੋਤਿ ਗੁਰਬਾਣੀ ਪੁਕਾਰ-ਪੁਕਾਰ ਕੇ ਉਸ ਦੀ ਇਕਾਈ, ਉਸ ਦੀ ਸਤਿਅਤਾ, ਉਸ ਦੀ ਨਿਰਵੈਰਤਾ ਤੇ ਨਿਰਭੈਤਾ ਆਦਿ ਗੁਣਾਂ ਦਾ ਹੋਕਾ ਦਿੰਦੀ ਹੈ। ਇਥੇ ਇਕ ਸਾਖੀ ਇਸ ਨੁਕਤੇ ਨੂੰ ਵਧੇਰੇ ਸਪੱਸ਼ਟ ਕਰਨ ਵਿਚ ਸਹਾਈ ਹੋਵੇਗੀ।

ਇਕ ਵੇਰ ਸੇਵਾ-ਪੰਥੀ ਅੱਡਣ ਸ਼ਾਹ ਦੀ ਸਰਬੱਤ ਦੇ ਭਲੇ ਦੀ ਲੋਚਾ ਤੇ ਸੇਵਾ ਤੋਂ ਪ੍ਰਭਾਵਿਤ ਹੋ ਕੇ ਲਾਹੌਰ ਦੇ ਹਾਕਮ ਜ਼ਕਰੀਆ ਖ਼ਾਨ ਨੇ ਉਹਨਾਂ ਨੂੰ ਕਿਹਾ, "ਆਪ ਤਾਂ ਸੁਲਹਕੁਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਹੋ, ਮੁਰੀਲੇ ਗੁਰੂ (ਸ੍ਰੀ ਗੁਰੂ ਗੋਬਿੰਦ ਸਿੰਘ) ਨਾਲ ਤਾਂ ਤੁਹਾਡਾ ਕੋਈ ਸੰਬੰਧ ਨਹੀਂ ਆਦਿ।" ਭਾਈ ਸਾਹਿਬ ਹਾਕਮ ਦੇ ਇਹ ਬਚਨ ਸੁਣ ਕੇ ਬੜੀ ਗੰਭੀਰਤਾ ਪਰੰਤੂ ਅਸਚਰਜਤਾ ਨਾਲ ਬੋਲੇ, "ਕੌਣ ਗੁਰੂ ਨਾਨਕ? ਮੈਂ ਤਾਂ ਉਸ ਨੂੰ ਨਹੀਂ ਜਾਣਦਾ, ਮੈਂ ਤਾਂ ਮੁਰੀਲੇ ਗੁਰੂ ਦਾ ਹੀ ਸਿੱਖ ਹਾਂ। ਹਾਂ, ਮੇਰਾ ਮੁਰੀਲਾ ਗੁਰੂ ਇਹ ਕਿਹਾ ਕਰਦਾ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਉਹਨਾਂ ਦੇ ਗੁਰੂ ਸਨ।" ਇਹ ਹੈ ਸਿੱਖ ਦੇ ਸਿਦਕ, ਵਿਸ਼ਵਾਸ ਤੇ ਪ੍ਰਤੀਤ ਦੀ ਸਿਖ਼ਰ।

(ੲ) ਨਾਸਤਿਕਤਾ

ਅਜੋਕੇ ਯੁਗ ਵਿਚ ਕਮਿਊਨਿਜ਼ਮ ਤੇ ਮਾਦਾ-ਪ੍ਰਸਤੀ ਦਾ ਦੌਰ-ਦੌਰਾ ਹੈ। ਕਮਿਊਨਿਜ਼ਮ ਜਾਂ ਮਾਦਾ-ਪ੍ਰਸਤੀ ਦੇ ਮੁਦੱਈਆਂ ਨੂੰ ਵੀ ਆਖ਼ਰ ਕੁਝ ਨਿਯਮਾਂ ਦੇ ਪਾਬੰਦ ਹੋਣਾ ਹੀ ਪੈਂਦਾ ਹੈ। ਅਜਿਹਾ ਕੋਈ 'ਇਜ਼ਮ' ਨਹੀਂ ਜਿਸ ਦੇ ਕੋਈ ਨੇਮ ਨਾ ਹੋਣ ਅਤੇ ਜਿਨ੍ਹਾਂ ਦੀ ਪਾਲਣਾ ਜ਼ਰੂਰੀ ਨਾ ਮਿਥੀ ਗਈ ਹੋਵੇ। ਫੇਰ ਧਰਮ ਦੇ ਨੇਮਾਂ ਦੀ ਪਾਬੰਦੀ ਤੋਂ ਅਵਾਜ਼ਾਰੀ ਕਿਉਂ? ਜਿਵੇਂ 'ਨਿਰਭਉ' ਤੇ 'ਭੰਡੇ ਬਾਹਰਾ' ਕੇਵਲ ਇਕ ਪਰਮਾਤਮਾ ਹੀ ਹੈ, ਇਸੇ ਤਰ੍ਹਾਂ ਪਾਬੰਦੀ ਰਹਿਤ ਵੀ ਕੇਵਲ ਤੇ ਕੇਵਲ ਉਹੀ ਇਕੋ-ਇਕ ਹਸਤੀ ਹੈ। ਵੇਖੋ ਇਕ ਸ਼ਾਇਰ ਕੈਦੀ ਬੁਲਬੁਲ ਦੀ ਮਿਸਾਲ ਦੇ ਕੇ ਇਸ ਹਕੀਕਤ ਅਥਵਾ ਮਨੁੱਖ ਦੀ ਬੇਵਸੀ ਨੂੰ ਕਿਤਨੀ ਖ਼ੂਬਸੂਰਤੀ ਨਾਲ ਬਿਆਨਦਾ ਹੈ:

ਮੈਂ ਹੂੰ ਗ੍ਰਿਫ਼ਤਾਰਿ ਕ਼ਫਸ ਯੇ ਮੇਰੀ ਕਿਸਮਤ ਹੈ,
ਜੋ ਹੈਂ ਪਾਬੰਦਿ-ਚਮਨ ਵੁਹ ਭੀ ਤੋ ਆਜ਼ਾਦ ਨਹੀਂ।

ਸੋ ਜੇ ਮਨੁੱਖ ਨੇ ਪਾਬੰਦੀ ਵਿਚ ਰਹਿਣਾ ਜਾਂ ਦੂਜੇ ਅੱਖਰਾਂ ਵਿਚ ਕਿਸੇ ਨਾ ਕਿਸੇ ਰਹਿਤ ਜਾਂ ਜ਼ਬਤ ਦੇ ਧਾਰਨੀ ਹੋਣਾ ਹੀ ਹੈ ਤਾਂ (ਠੀਕ ਪਾਸੇ ਭੁੱਲ ਕਰਨ) ਦੇ ਸਿਧਾਂਤ ਅਨੁਸਾਰ ਗੋਬਿੰਦ ਰੂਪ, ਜੀਅ ਦਾਨ ਤੇ ਸਰਬ ਸੁਖਾਂ ਦੇ ਦਾਤੇ ਸਿੱਖ ਲਈ ਬੇਪਨਾਹ ਪਿਆਰ ਤੇ ਤੜਪ ਰੱਖਣ ਵਾਲੇ ਜਗਤ-ਗੁਰੂ ਗੁਰੂ ਨਾਨਕ ਦੇਵ ਜੀ ਤੇ ਉਹਨਾਂ ਦੇ ਦਸਵੇਂ ਸਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦੱਸੀ ਤਨ ਤੇ ਮਨ ਦੀ ਰਹਿਤ (ਪਾਬੰਦੀ, ਜ਼ਬਤ) ਦੇ ਧਾਰਨੀ ਕਿਉਂ ਨਾ ਹੋਇਆ ਜਾਵੇ?

(ਸ) ਨਸ਼ਿਆਂ ਦੀ ਵਧ ਰਹੀ ਵਰਤੋਂ

ਅਜੋਕਾ ਮਨੁੱਖ ਸੁਖ ਦੀ ਭਾਲ ਵਿਚ ਆਰਜ਼ੀ ਮਸਤੀ ਲਈ ਨਸ਼ਿਆਂ ਦੀ ਵਰਤੋਂ ਕਰਦਾ ਹੈ। ਹਿੱਪੀਆਂ ਆਦਿ ਨੂੰ ਦੇਖੋ, ਆਖ਼ਰ ਹੀ ਆ ਗਈ ਜਾਪਦੀ ਹੈ। ਜੋਗੀ ਵੀ ਨਸ਼ੇ ਵਰਤਦੇ ਆਏ ਹਨ। ਭਰਥਰੀ ਜੋਗੀ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੋਈ ਵਾਰਤਾਲਾਪ ਵਾਚਣ ਯੋਗ ਹੈ। ਇਸੇ ਲਈ ਭਰਥਰੀ ਪ੍ਰਤੀ ਆਪ ਜੀ ਵੱਲੋਂ ਉਚਾਰੇ ਗਏ ਸ਼ਬਦ ਨੂੰ ਇਥੇ ਅੰਕਤ ਕਰਨਾ ਉਚਿਤ ਜਾਤਾ ਹੈ:

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ ॥
ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥੧॥
ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥੧॥ ਰਹਾਉ ॥
ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥੨॥
ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥
ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥੩॥
ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥੪॥ (ਪੰਨਾ ੩੬੦)

ਨਸ਼ਿਆਂ ਦੀ ਲਾਹਨਤ ਤੋਂ ਬਚਾਉਣ ਹਿਤ ਪੰਜਵੇਂ ਗੁਰਦੇਵ ਹੋਰਥੇ ਫ਼ੁਰਮਾਉਂਦੇ ਹਨ:

ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ ॥
ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥ (ਪੰਨਾ ੩੯੯)

ਬਦਕਿਸਮਤੀ ਇਹ ਹੈ ਕਿ ਛੂਛਾ ਤੇ ਹੋਛਾ ਮਦ ਪੀ ਕੇ ਆਪਣੇ ਤਨ ਤੇ ਮਨ ਨੂੰ ਧੋਖਾ ਦੇਣ ਵਾਲੇ ਸੁਗੰਧੀ ਨੂੰ ਤਿਆਗ ਦੁਰਗੰਧ ਵੱਲ ਜਾਣ ਵਾਲੀ ਮੱਖੀ ਵਾਂਗ ਨਾਮ ਅੰਮ੍ਰਿਤ ਪੀ ਖੀਵਾ ਹੋਣ ਵਾਲੇ ਪਾਸੇ ਪੈਰ ਹੀ ਨਹੀਂ ਪਾਉਂਦੇ। ਫਿਰ ਉਹਨਾਂ ਨੂੰ ਨਾਮ ਦੀ ਖ਼ੁਮਾਰੀ ਦੀ ਕੀ ਸਾਰ। ਜਦ ਬਾਬਰ ਪਾਤਸ਼ਾਹ ਨੇ ਨਿਰੰਕਾਰੀ ਬਾਬਾ ਜੀ ਨੂੰ ਇਕ ਇਲਾਹੀ ਦਰਵੇਸ਼ ਸਮਝ ਕੇ ਨਿੱਜ ਮਤਿ ਅਨੁਸਾਰ 'ਮੈਂ ਤੇ ਤੂੰ' ਦਾ ਭੇਦ ਮਿਟਾਉਣ ਵਾਲੀ ਅੰਗੂਰੀ ਸ਼ਰਾਬ ਦਾ ਪਿਆਲਾ ਭੇਟ ਕੀਤਾ ਤਾਂ ਬਾਬਾ ਜੀ ਨੇ ਉਸ ਨੂੰ ਅੱਗੋਂ ਜੋ ਮਸ਼ਵਰਾ ਦਿੱਤਾ, ਉਹ ਇਕ ਸ਼ਾਇਰ ਦੇ ਸ਼ਬਦਾਂ ਵਿਚ ਵਾਚਣਯੋਗ ਹੈ:

ਵੁਹ ਮੈਅ ਅਪਨੀ ਹੈ ਜਿਸ ਸੇ ਬਿਨ ਪੀਏ ਮਖ਼ਮੂਰ ਰਹਤੇ ਹੈਂ।
ਖ਼ਿਆਲਿ-ਚਸ਼ਮਿ ਸਾਕੀ ਕੇ, ਨਸ਼ਾ ਮੇਂ ਚੂਰ ਰਹਤੇ ਹੈਂ।
ਲੁੰਢਾਏ ਹੋ ਜਿਨਹੋਂ ਨੇ ਖੁਮ ਕੇ ਖੁਮ ਸਹਬਾਇ ਇਰਫਾਂ ਕੇ
ਕਹਾਂ ਵੁਹ ਤਾਲਬਿ ਅਫ਼ਸੁਰਦਾਇ ਅੰਗੂਰ ਰਹਤੇ ਹੈਂ।
ਮੁਨਾਸਬ ਹੈ ਕਿ ਅਬ ਤਰਕਿ ਮਏ ਅੰਗੂਰ ਕਰ ਸ਼ਾਹਾ,
ਹਮਾਰੀ ਜਾਮ ਸੇ ਥੋੜੀ ਸੀ ਅਬ ਮਨਜ਼ੂਰ ਕਰ ਸ਼ਾਹਾ।

ਸਿੱਖ ਧਰਮ ਦੇ ਧਾਰਨੀ ਹੀ ਸਹੀ ਅਰਥਾਂ ਵਿਚ ਇਹਨਾਂ ਮਾਰੂ ਨਸ਼ਿਆਂ ਦੀ ਮਾਰ ਤੋਂ ਆਪ ਬਚ ਅਤੇ ਸੰਸਾਰ ਨੂੰ ਬਚਾ ਸਕਦੇ ਹਨ। ਰਹਿਤਨਾਮਿਆਂ ਵਿਚ ਸਿੱਖ ਨੂੰ ਅਮਲ ਕੇਵਲ ਪ੍ਰਸ਼ਾਦੇ ਦਾ ਹੀ ਰੱਖਣ ਦਾ ਆਦੇਸ਼ ਹੈ।

(ਹ) ਅਸੱਭਯ ਤੇ ਕਾਮ-ਭੜਕਾਊ ਸਾਹਿਤ, ਸਟੇਜ, ਫ਼ੈਸ਼ਨ-ਪ੍ਰਸਤੀ ਤੇ ਸਰਕੀਨ

ਕਿਤਨੀ ਅਜੀਬ ਤੇ ਹਾਸੋ-ਹੀਣੀ ਗੱਲ ਹੈ ਕਿ ਅੱਜ ਮਨੁੱਖ ਗੱਲਾਂ ਤਾਂ ਹਰ ਪਹਿਲੂ ਤੋਂ ਉਚੇਰੇ ਆਚਾਰ ਤੇ ਪ੍ਰਗਤੀ ਦੀਆਂ ਕਰਦਾ ਹੈ ਪਰੰਤੂ ਅਮਲ ਇਸ ਦੇ ਐਨ ਉਲਟ ਕਰ ਰਿਹਾ ਹੈ। ਸ਼ੇਖ਼ ਸਾਅਦੀ ਦਾ ਇਹ ਬਚਨ:

ਈਂ ਰਾਹ ਕਿ ਮੇ ਰਵੀ ਬਤੁਰਕਿਸਤਾਨ ਅਸਤ।

ਭਾਵ—ਜਿਸ ਰਾਹ ਤੂੰ ਪਿਆ ਹੋਇਆ ਹੈਂ ਇਹ ਤੁਰਕਿਸਤਾਨ (ਉਜਾੜ ਤਬਾਹੀ) ਵੱਲ ਜਾਂਦਾ ਹੈ। ਅਤੇ ਸ਼ੇਖ਼ ਫ਼ਰੀਦ ਜੀ ਦਾ ਸਲੋਕ:

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥
ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥ (ਪੰਨਾ ੧੩੭੯)

ਆਦਮੀ ਦੀ ਅੱਜ ਦੀ ਉਲਟੀ ਮਤ ਉੱਤੇ ਠੀਕ ਢੁੱਕਦੇ ਹਨ। ਕੰਡੇ ਬੀਜ ਕੇ ਫੁੱਲਾਂ ਦੀ ਆਸ ਕੀਤੀ ਜਾ ਰਹੀ ਹੈ। ਇਸ ਜਿੱਲ੍ਹਣ ਵਿਚੋਂ ਅਜੋਕੇ ਇਨਸਾਨ ਨੂੰ ਸਿੱਖ ਧਰਮ ਦੀਆਂ ਸਰਲ, ਸਾਦੀਆਂ ਤੇ ਭਾਵ-ਪੂਰਤ ਰੀਤਾਂ-ਰਸਮਾਂ ਤੇ ਪਹਿਰਾਵੇ ਦੀ ਸਾਦਗੀ ਹੀ ਕੱਢ ਸਕਦੀ ਹੈ। ਸਰੀਰ ਦੇ ਨੰਗੇਪਨ ਦੀ ਪਰਦਰਸ਼ਨੀ ਤੇ ਲਚਰ ਸਾਹਿਤ ਕਦੀ ਸਾਦਗੀ ਤੇ ਸੱਚਾ ਆਚਾਰ ਪੈਦਾ ਨਹੀਂ ਕਰ ਸਕਦੇ। ਸਿਆਣਿਆਂ ਦਾ ਕਥਨ ਹੈ:

What is dangerous to be convinced of it is dangerous to hear for our ears are so much of a machine that it, becomes impossible to resist when once they are perpectually assailed.

ਸਿੱਖੀ ਸਾਦੇ ਜੀਵਨ ਤੇ ਉੱਚੇ ਆਚਾਰ ਵਿਚ ਵਿਸ਼ਵਾਸ ਰੱਖਦੀ ਹੈ। ਫ਼ੈਸ਼ਨ ਜਿਸ ਨੂੰ ਅੱਜ ਭੇਡ-ਚਾਲ ਦੀ ਤਰ੍ਹਾਂ ਅਪਣਾਇਆ ਜਾ ਰਿਹਾ ਹੈ, ਵਿਚਾਰਵਾਨਾਂ ਦੇ ਦ੍ਰਿਸ਼ਟੀਕੋਣ ਤੋਂ ਇਕ ਕੁਢੱਬਾਪਨ ਹੈ, ਬਦਸੂਰਤੀ ਹੈ। ਜੇ ਸੁਹੱਪਣ ਹੋਵੇ ਤਾਂ ਇਹ ਹਰ ਛੇ ਮਹੀਨੇ ਬਾਅਦ ਕੋਝਾ ਸਮਝ ਕੇ ਬਦਲਿਆ ਕਿਉਂ ਜਾਵੇ ? ਅਸਲੀ ਖ਼ੂਬਸੂਰਤੀ ਨੂੰ ਤਾਂ ਅੰਗਰੇਜ਼ੀ ਦੇ ਸ਼ਾਇਰ ਕੀਟਸ ਨੇ ਸਦੀਵੀ ਖੇੜੇ ਦਾ ਸੋਮਾ ਦੱਸਿਆ ਹੈ (A thing of beauty is a joy for ever) ਅਤੇ ਇਹ ਕਿਸੇ ਤਰ੍ਹਾਂ ਵੀ ਬਾਹਰੀ ਬਿਨਸਨਹਾਰ ਸੁੰਦਰਤਾ ਨਹੀਂ ਸਗੋਂ ਅੰਦਰੂਨੀ, ਆਤਮਿਕ ਅਤੇ ਸੀਰਤ ਦੀ ਸੁੰਦਰਤਾ ਹੀ ਹੋ ਸਕਦੀ ਹੈ। ਗੁਰਬਾਣੀ ਵਚ ਉੱਤਮ ਗੁਣਾਂ ਦਾ ਸ਼ਿੰਗਾਰ ਤੇ ਚੱਜ ਆਚਾਰ ਸਿੱਖਣ ਦਾ ਮਸ਼ਵਰਾ ਬਾਰ-ਬਾਰ ਦਿੱਤਾ ਗਿਆ ਹੈ, ਜਿਵੇਂ:

ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ॥ (ਪੰਨਾ ੭੨੨)
ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ ਪਰਹਰਿ ਛੋਡੀ ਭਤਾਰਿ॥ (ਪੰਨਾ ੮੯)
ਮੁੰਧੇ ਪਿਰ ਬਿਨੁ ਕਿਆ ਸੀਗਾਰੁ॥ (ਪੰਨਾ ੧੮)

(ਕ) ਸਿਦਕ, ਸਬਰ, ਸ਼ਰਧਾ ਤੇ ਕਰਣੀ ਦਾ ਅਭਾਵ

ਸਿਆਣਿਆਂ ਦਾ ਕਥਨ ਹੈ ਕਿ ਜਿਥੇ ਦਲੀਲ ਮੁੜਦੀ ਹੈ, ਉਥੋਂ ਮਜ਼ਹਬ ਆਰੰਭ ਹੁੰਦਾ ਹੈ। (Religion begins where reason ends) ਸਬਰ, ਸਿਦਕ ਬਾਰੇ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ:

ਸਿਦਕੁ ਸਬੂਰੀ ਸਾਦਿਕਾ ਸਬਰੁ ਤੋਸਾ ਮਲਾਇਕਾਂ ॥ (ਪੰਨਾ ੮੩)

ਭਾਈ ਗੁਰਦਾਸ ਜੀ ਨੇ ਮੁਰੀਦ ਦੇ ਲੱਛਣ ਦੱਸਦਿਆਂ ਫ਼ੁਰਮਾਇਆ ਹੈ:

ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ।
ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ। (ਵਾਰ ੩/੧੮)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਬੜੀ ਸਪੱਸ਼ਟ ਸੇਧ ਦਿੱਤੀ ਹੈ ਕਿ:

ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥ (ਪੰਨਾ ੨੮੫)

ਸਿਦਕ, ਸਬਰ ਤੇ ਸ਼ਰਧਾ ਨੂੰ ਫਲਪੁਰ-ਦਾਤਾ ਬਣਾਉਣ ਲਈ 'ਕਰਣੀ' (ਅਮਲ) ਦੀ ਲੋੜ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਤੁਕ ਵਿਚ ਅੰਤਾਂ ਦੀ ਸਚਾਈ ਤੇ ਸੇਧ ਭਰ ਦਿੱਤੀ ਹੈ:

ਜਹ ਕਰਣੀ ਤਹ ਪੂਰੀ ਮਤਿ ॥
ਕਰਣੀ ਬਾਝਹੁ ਘਟੇ ਘਟਿ ॥ (ਪੰਨਾ ੨੫)

ਤਥਾ:

ਮਨਮੁਖ ਕਥਨੀ ਹੈ ਪਰੁ ਰਹਤ ਨਾ ਹੋਈ।

ਸਵਰਗਵਾਸੀ ਪ੍ਰਿੰਸੀਪਲ ਤੇਜਾ ਸਿੰਘ ਜੀ ਦੇ ਸ਼ਬਦਾਂ ਵਿਚ ਸਿੱਖੀ ਹੈ ਕੀ? ਮਨੁੱਖਤਾ ਨੂੰ ਚਲਣ ਦੀ ਘਾੜਤ ਦੁਆਰਾ ਉੱਚਾ ਚੁੱਕਣ ਦਾ ਇਕ ਸਾਧਨ। (Sikhism means human uplift)

ਸਣੇ-ਸਣੇ ਘੜਿਆ ਤੇ ਬਣਿਆ ਚਲਣ ਹੀ ਮਨੁੱਖ ਨੂੰ ਅਚਾਨਕ ਆ ਪਏ ਗਿਰਾਵਟ ਦੇ ਖ਼ਤਰਿਆਂ ਤੋਂ ਬਚਾ ਸਕਦਾ ਹੈ। ਇਸੇ ਲਈ ਸਿੱਖ ਸਤਿਗੁਰੂਆਂ ਨੇ ਸਫ਼ਲ ਜੀਵਨ ਜੀਊਣ ਦੀ ਜਾਚ ਦੱਸੀ ਤੇ ਸਿੱਖੀ ਨੂੰ ਇਕ ਜੀਵਨ ਪੰਧ (way of life) ਕਰਕੇ ਦਰਸਾਇਆ। ਡਾਕਟਰ ਇਕਬਾਲ ਨੇ ਇਕ ਸ਼ਿਅਰ ਵਿਚ ਜੋ ਸਿਦਕੀ, ਸੂਰਿਆਂ ਮਰਦਾਂ ਦੇ ਲੱਛਣ ਬਿਆਨੇ ਹਨ, ਉਹ ਜੇ ਕਿਤੇ ਸੌ ਫ਼ੀਸਦੀ ਢੁੱਕਦੇ ਹਨ ਤਾਂ ਇਹ ਇਕ ਗੁਰਸਿੱਖ ਦਾ ਹੀ ਜੀਵਨ ਹੋ ਸਕਦਾ ਹੈ।

ਯਕੀਂ ਮੁਹਕਮ ਅਸਲ ਪੈਹਮ, ਮੁਹੱਬਤ ਫ਼ਾਤਹ ਆਲਮ,
ਜਹਾਦਿ ਜ਼ਿੰਦਗਾਨੀ ਮੇਂ ਯੇ ਹੈਂ ਮਰਦੋਂ ਕੀ ਸ਼ਮਸ਼ੀਰੇਂ।

(ਖ) ਧਰਮ ਤੇ ਪਰਮਾਰਥ ਦੇ ਪਰਦੇ ਹੇਠ ਪਾਖੰਡ

ਧਰਮ ਨੂੰ ਉਤਨਾ ਖ਼ਤਰਾ ਨਾਸਤਕਾਂ ਤੋਂ ਨਹੀਂ ਜਿੰਨਾ ਧਰਮ ਦੇ ਨਾਂ ਨੂੰ ਨਿੱਜੀ ਲਾਭ ਤੇ ਸਵਾਰਥਾਂ ਲਈ ਵਰਤਣ ਵਾਲਿਆਂ ਦੰਭੀਆਂ ਤੇ ਪਾਖੰਡੀਆਂ ਤੋਂ ਹੈ। ਸੰਸਾਰ ਵਿਚ ਧਰਮ ਨੂੰ ਮੰਨ ਵਾਲਿਆਂ ਦੀ ਗਿਣਤੀ ਨਾਸਤਕਾਂ ਤੇ ਮਾਦਾ-ਪ੍ਰਸਤਾਂ ਨਾਲੋਂ ਕਈ ਗੁਣਾ ਵਧ ਹੈ, ਉਵੇਂ ਹੀ

ਜਿਵੇਂ ਜੇਲ੍ਹਬੰਦੀਆਂ ਨਾਲੋਂ ਜੇਲ੍ਹੋਂ ਬਾਹਰ ਰਹਿਣ ਵਾਲਿਆਂ ਦੀ ਸੰਖਿਆ। ਜੇ ਕਿਤੇ ਇਹ ਧਰਮ ਅਵਲੰਬੀ ਲੋਕ ਮਨ, ਬਚਨ, ਕਰਮ ਕਰਕੇ ਧਰਮੀ ਹੋ ਜਾਣ, ਸੱਚੇ ਤੇ ਦਰਦ-ਮੰਦ ਦਿਲਾਂ ਵਾਲੇ ਇਨਸਾਨ ਬਣ ਜਾਣ ਤਾਂ ਕਿਸੇ ਦੇ ਨਾਸਤਕ ਹੋਣ ਦੀ ਉੱਕੀ ਹੀ ਕੋਈ ਗੁੰਜਾਇਸ਼ ਨਹੀਂ ਰਹਿੰਦੀ। ਦੁੱਖ ਇਹ ਹੈ ਕਿ ਧਰਮ ਨੂੰ ਕੇਵਲ ਦਿਮਾਗ਼ੀ ਤੌਰ 'ਤੇ ਮੰਨਿਆ ਜਾਂਦਾ ਹੈ। ਪੂਜਾ-ਪਾਠ ਦਾ ਵਿਖਾਵਾ ਤਾਂ ਕੀਤਾ ਜਾਂਦਾ ਹੈ ਪਰੰਤੂ ਦਿਲ ਵਜੋਂ ਕਮਾਇਆ ਨਹੀਂ ਜਾਂਦਾ। ਜਦ ਸਤਿਵਾਦੀਆਂ ਤੇ ਧਰਮੀਆਂ ਦੀ ਹੇਠੀ ਹੁੰਦੀ ਹੈ ਤੇ ਚੋਰ-ਉਚੱਕੇ ਚੌਧਰੀ ਬਣ ਬੈਠਦੇ ਹਨ ਤਾਂ ਲੋਕਾਂ ਦਾ ਨਾਸ੍ਤਕਤਾ ਵੱਲ ਉਲਾਰ ਹੋ ਜਾਣਾ ਕੁਦਰਤੀ ਹੈ। ਇਕ ਵਿਦਵਾਨ ਦਾ ਕਥਨ ਹੈ ਕਿ "Virtue in distress and vice in triumph make the etheist of man."

ਅਜਿਹੇ ਲੋਕਾਂ ਬਾਰੇ ਜੋ ਪਰਮਾਰਥ ਦੇ ਨਾਂ ਉੱਤੇ ਪਾਪ ਕਮਾਉਂਦੇ ਤੇ ਧਰਮ ਦੀ ਹਾਨੀ ਕਰਦੇ ਹਨ, ਦਾ ਨਕਸ਼ਾ ਦਸਵੇਂ ਗੁਰਦੇਵ ਇਉਂ ਬੰਨ੍ਹਦੇ ਹਨ:

ਪਾਪ ਕਰੌਂ ਪਰਮਾਰਥ ਕੇ ਜਿਹ ਪਾਪਨ ਤੇ ਅਤਿ ਪਾਪ ਲੱਜਾਹੀ।

ਗੁਰਮਤਿ ਗੁੰਝਲ ਰਹਿਤ ਸਿੱਧੇ-ਸਾਦੇ ਜੀਵਨ ਦਾ ਦਾਅਵੇਦਾਰ ਹੈ, ਨਾਮ ਦਾਨ ਇਸ਼ਨਾਨ ਦਾ ਪੰਧ ਹੈ। ਧਰਮ ਦੀ ਕਿਰਤ ਕਰੋ, ਨਾਮ ਜਪੋ ਤੇ ਵੰਡ ਕੇ ਛਕੋ ਦਾ ਮਾਰਗ ਹੈ। ਇਹ ਰੱਬ ਨੂੰ ਅੰਦਰ ਵਸਾਉਣ ਤੇ ਵਿਸਮਾਦਤ ਹੋ ਆਨੰਦ ਮਾਨਣ ਦਾ ਰਾਹ ਹੈ, ਪ੍ਰਭੂ ਦੀ ਪ੍ਰੇਮਾ-ਭਗਤੀ, ਸਿਫ਼ਤ-ਸਲਾਹ ਤੇ ਕੀਰਤੀ ਦੁਆਰਾ। ਫ਼ੁਰਮਾਨ ਹੈ:

ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ ॥ *(ਪੰਨਾ ੧੨੨)*

ਅੰਤ ਵਿਚ ਮੈਂ ਸਤਕਾਇਤ ਐਚ.ਐਲ. ਬ੍ਰਾਡਸ਼ਾਅ ਦੇ ਉਹ ਵਿਚਾਰ ਪੇਸ਼ ਕਰਦਾ ਹਾਂ ਜਿਨ੍ਹਾਂ ਵਿਚ ਉਹ ਸਿੱਖੀ ਤੇ ਕੇਵਲ ਸਿੱਖੀ ਨੂੰ ਹੀ ਵਰਤਮਾਨ ਸਾਇੰਸ ਤੇ ਸਪੇਸ ਯੁਗ ਦਾ ਧਰਮ ਦੱਸਦਾ ਹੋਇਆ ਇਸ ਵਿਚ ਹੀ ਸਮਸਤ ਸੰਸਾਰ ਦੀ ਕਲਿਆਣ ਵੇਖਦਾ ਹੈ। ਉਹ ਲਿਖਦਾ ਹੈ:

Sikhism is a universal world faith with a message for all men. This is amply illusterated in the writings of the Gurus. Sikhs must cease to think of their faith as just an other good reiigion and must begin to think in terms of SIKHISM being the religion for this new age... The religion preached by Guru Nanak is the faith of the new age. It completely supplants and fulfils all the former dispensations or older religions, books must be written proving this. THE OTHER RELIGIONS CONTAIN TRUTH BUT SIKHISM CONTAINS THE FULLNESS OF TRUTH...

Guru Granth Sahib of all the world religious scriptures alone states that there are imumerable worlds and universes other then our own. The previous scriptures were all concerned only with this world and its spiritual counterpart. To imply that they spoke of other worlds as does the Guru Granth Sahib is to stretch their obvious meanings

out of context.

The sikh religion is truely the answer to the problems of modern man.

ਉਲਥਾ—ਸਿੱਖੀ ਇਕ ਸਰਬ-ਵਿਆਪਕ ਅਥਵਾ ਸੰਪੂਰਨ ਜਗਤ-ਧਰਮ ਹੈ ਅਤੇ ਮਨੁੱਖ-ਮਾਤਰ ਨੂੰ ਸਮਾਨ ਸੰਦੇਸ਼ ਦਿੰਦਾ ਹੈ। ਇਸ ਗੱਲ ਦੀ ਗੁਰਬਾਣੀ ਵਿਚ ਰੱਜ ਕੇ ਵਿਆਖਿਆ ਕੀਤੀ ਗਈ ਹੈ। ਸਿੱਖਾਂ ਨੂੰ ਇਉਂ ਸੋਚਣਾ ਬੰਦ ਕਰ ਦੇਣਾ ਚਾਹੀਦਾ ਹੈ ਕਿ ਸਿੱਖੀ ਇਕ ਹੋਰ ਚੰਗਾ ਧਰਮ ਹੈ। ਸਗੋਂ ਇਸ ਦੇ ਉਲਟ ਇੰਜ ਸੋਚਣਾ ਚਾਹੀਦਾ ਹੈ ਕਿ ਸਿੱਖੀ ਹੀ ਨਵੇਂ ਯੁਗ ਦਾ ਧਰਮ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਪ੍ਰਚਾਰਿਆ ਧਰਮ ਹੀ ਨਵੇਂ ਯੁਗ ਦਾ ਧਰਮ ਹੈ। ਇਹ ਪੂਰਨ ਤੌਰ 'ਤੇ ਪੁਰਾਣੇ ਮਤਾਂ ਦੇ ਥਾਂ ਮੱਲਦਾ ਹੈ, ਇਹ ਗੱਲ ਸਿੱਧ ਕਰਨ ਲਈ ਪੁਸਤਕਾਂ ਲਿਖਣ ਦੀ ਸਖ਼ਤ ਲੋੜ ਹੈ। ਦੂਜੇ ਮਤ ਸਚਾਈ ਰੱਖਦੇ ਹਨ ਪਰੰਤੂ ਸਿੱਖ-ਮਤਿ ਭਰਪੂਰ ਸਚਾਈ ਹੈ। ਗੁਰੂ ਨਾਨਕ ਦੇਵ ਜੀ ਹੀ ਇਕ ਐਸੀ ਵਿਸ਼ੇਸ਼ ਹਸਤੀ ਹਨ ਜੋ ਇਹ ਦੱਸਦੇ ਹਨ ਕਿ ਸਾਡੀ ਧਰਤੀ ਤੋਂ ਬਿਨਾਂ ਹੋਰ ਵੀ ਧਰਤੀਆਂ ਤੇ ਮੰਡਲ ਹਨ। ਪਹਿਲੀਆਂ ਧਰਮ ਪੁਸਤਕਾਂ ਤਾਂ ਬੱਸ ਇਸ ਲੋਕ ਅਤੇ ਪਰਲੋਕ (ਸੁਰਗ) ਨਾਲ ਹੀ ਵਾਸਤਾ ਰੱਖਦੀਆਂ ਸਨ। ਇਹ ਕਹਿਣਾ ਕਿ ਉਹਨਾਂ ਪੁਸਤਕਾਂ ਵਿਚ ਹੋਰਨਾਂ ਧਰਤੀਆਂ ਦਾ ਵਰਣਨ ਹੈ, ਉਹਨਾਂ ਦੇ ਅਰਥਾਂ ਨੂੰ ਖਿੱਚਣ ਅਥਵਾ ਧੂ-ਘਸੀਟ ਕਰਨ ਵਾਲੀ ਗੱਲ ਹੈ। ਸਚਾਈ ਇਹ ਹੈ ਕਿ ਸਿੱਖ ਧਰਮ ਵਰਤਮਾਨ ਮਨੁੱਖ ਦੀਆਂ ਉਲਝਣਾਂ ਦਾ ਵਾਹਿਦ ਹੱਲ ਤੇ ਉਪਜੇ ਪ੍ਰਸ਼ਨਾਂ ਦਾ ਉੱਤਰ ਹੈ।

ਐ ਗੁਰਸਿੱਖ! ਵੇਖ, ਤੇ ਗ਼ਫ਼ਲਤ ਤੇ ਹੀਣਤਾ ਭਾਵ ਤੋਂ ਬੇਦਾਰ ਹੋ ਕੇ ਵੇਖ, ਕਿਤਨੀ ਸਚਾਈ ਹੈ ਉਪਰੋਕਤ ਬਿਆਨ ਵਿਚ। ਇਹ ਮਾਣ ਕੇਵਲ ਸਿੱਖ ਧਰਮ ਦੇ ਅਵਲੰਬੀ ਨੂੰ ਹੀ ਹੋ ਸਕਦਾ ਹੈ ਜੋ ਉਹ ਸਾਂਝੇ ਰੱਬ, ਸਾਂਝੇ ਗੁਰੂ, ਸਾਂਝੇ ਧਰਮ-ਗ੍ਰੰਥ, ਸਾਂਝੇ ਉਪਦੇਸ਼, ਸਾਂਝੇ ਧਰਮ ਮੰਦਰ, ਸਾਂਝੇ ਸਮਾਜ ਤੇ ਰਾਜ ਅਤੇ ਸਾਂਝੀ ਸੰਗਤ ਤੇ ਪੰਗਤ ਦਾ ਕਾਇਲ ਤੇ ਵਾਰਸ ਹੈ।

ਸੋ, ਜੇ ਤੂੰ ਐਸੀਆਂ ਸਾਂਝਾਂ ਤੇ ਸਮਾਨਤਾ ਵਾਲੇ ਗੁਰਮਤਿ-ਗਾਡੀ ਰਾਹ ਨਾਲ ਸਾਂਝ ਅਥਵਾ ਪ੍ਰੀਤ ਪਾਈ ਹੈ ਤਾਂ ਫੇਰ ਉਸ ਦੀ ਲਾਜ ਰੱਖ, ਲੱਗੀਆਂ ਤੋੜ ਨਿਭਾ ਅਤੇ ਸੁਪਨੇ ਵਿਚ ਵੀ ਕੋਈ ਅਵੱਗਿਆ ਕਰ ਕੇ ਉਸ ਅਜ਼ਲੀ ਪਿਆਰ ਦੀ ਤੌਹੀਨ ਨਾ ਕਰ। ਫੇਰ ਚਿਤਾਵਨੀ ਊ :

ਅਗਰ ਇਸ਼ਕ ਕੀਆ ਹੈ ਤੋ ਇਸ਼ਕ ਦੀ ਤੌਹੀਨ ਨਾ ਕਰ,
ਯਾ ਤੋ ਬੇਹੋਸ਼ ਨਾ ਹੋ, ਹੋ ਤੋ ਫਿਰ ਨ ਹੋਸ਼ ਮੇਂ ਆ।

ਉੱਠ, ਸਾਵਧਾਨ ਹੋ ਤੇ ਵੇਖ ਕਿ ਭਾਈ ਨੰਦ ਲਾਲ ਜੀ ਗੋਯਾ ਤੈਨੂੰ ਕੁਝ ਕਰ ਗੁਜ਼ਰਨ ਲਈ ਨਵੀਂ ਬਹਾਰ ਦਾ ਪੈਗ਼ਾਮ ਦੇ ਰਹੇ ਹਨ :

ਬਹੋਸ਼ ਬਾਸ਼ ਕਿ ਹੰਗਾਮਿ ਨੌ ਬਹਾਰ ਆਮਦ।
ਬਹਾਰ ਆਮਦੋ, ਯਾਰ ਆਮਦੋ, ਕਰਾਰ ਆਮਦ।

(6/1973)

ਭਗਤੀ ਸੰਪਰਦਾ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿਧਾਂਤ

ਸੰਸਾਰ ਦੇ ਇਤਿਹਾਸ ਵਿਚ ਭਾਰਤ ਦਾ ਧਾਰਮਿਕ ਇਤਿਹਾਸ ਇਕ ਉਪਾਖਿਆਨ (ਪੁਰਾਣੀ ਕਥਾ) ਹੈ ਜਿਸ ਦੀ ਮਹੱਤਤਾ ਉਤਨੀ ਹੀ ਦੱਸੀ ਜਾ ਸਕਦੀ ਹੈ ਜਿਤਨੀ ਕਿ ਸੰਸਾਰ ਵਿਚ ਈਸਾਈ ਮਤ ਦੇ ਪ੍ਰਵੇਸ਼ ਦੀ ਹੈ। ਦਰਾਵੜ ਲੋਕਾਂ ਤੋਂ ਲੈ ਕੇ ਅੱਜ ਤਕ ਭਾਰਤ ਵਿਚ ਕਈ ਮਤ ਹੋਏ ਹਨ ਅਤੇ ਇਹਨਾਂ ਸਭ ਮਤਾਂ ਦਾ ਸਾਰੰਸ਼ ਜਾਂ ਨਿਚੋੜ ਕੱਢਣ ਦਾ ਸਿਹਰਾ ਗੁਰੂ ਨਾਨਕ ਦੇਵ ਜੀ ਦੇ ਸਿਰ ਹੈ। ਸਿੱਖ ਮਤ ਦੇ ਬਾਨੀ ਨੇ ਸਭ ਪੁਰਾਤਨ ਧਰਮਾਂ ਦੇ ਸਿਧਾਂਤਾਂ ਨੂੰ ਵਿਗਿਆਨਕ ਢੰਗ ਨਾਲ ਪਰਖਣ ਤੋਂ ਉਪਰੰਤ ਹੀ ਨਵੀਨ ਸਿੱਖੀ ਫ਼ਲਸਫ਼ਾ ਸੰਸਾਰ ਦੇ ਕਲਿਆਣ ਲਈ ਪੇਸ਼ ਕੀਤਾ ਸੀ ਅਤੇ ਇਹੀ ਇਕ ਘਟਨਾ ਗੁਰੂ ਨਾਨਕ ਦੇਵ ਜੀ ਨੂੰ ਸੰਸਾਰ ਦੇ ਇਤਿਹਾਸ ਵਿਚ ਅਤੇ ਮਜ਼ਹਬੀ ਸੰਚਾਲਕਾਂ ਦੀ ਲਾਈਨ ਵਿਚ ਸਿਰਕੱਢ ਬਣਾ ਦਿੰਦੀ ਹੈ।

ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦੀ ਮੌਲਿਕਤਾ ਦਾ ਅਨੁਮਾਨ ਲਗਾਉਣ ਲਈ ਇਹ ਜ਼ਰੂਰੀ ਭਾਸਦਾ ਹੈ ਕਿ ਪ੍ਰਾਚੀਨ ਭਾਰਤ ਤੋਂ ਲੈ ਕੇ ਅੱਜ ਤਕ ਦੇ ਹੋਏ ਸਭ ਮਜ਼ਹਬੀ ਆਗੂਆਂ ਦੇ ਉਪਦੇਸ਼ਾਂ ਨੂੰ ਵਿਗਿਆਨਕ ਕਸਵੱਟੀ 'ਤੇ ਪਰਖਿਆ ਜਾਵੇ। ਸਿੰਧ ਵਾਦੀ ਦੇ ਲੋਕਾਂ ਦੇ ਧਰਮ ਬਾਰੇ ਪੂਰਨ ਤੌਰ 'ਤੇ ਇਤਿਹਾਸਕਾਰ ਅਨੁਮਾਨ ਲਗਾਉਣ ਵਿਚ ਅਸਫ਼ਲ ਰਹੇ ਹਨ ਪਰ ਹੁਣ ਇਹ ਕਿਹਾ ਜਾ ਰਿਹਾ ਹੈ ਕਿ ਇਹਨਾਂ ਲੋਕਾਂ ਦਾ ਧਰਮ ਬੇਬੀਲੋਨੀਆ ਅਤੇ ਪ੍ਰਾਚੀਨ ਮਿਸਰ ਦੇ ਧਰਮਾਂ ਨਾਲ ਮਿਲਦਾ-ਜੁਲਦਾ ਸੀ। ਨਵੀਨ ਬ੍ਰਾਹਮਣੀ ਜਾਂ ਹਿੰਦੂ ਮਤ ਇਸ ਤੋਂ ਪਿੱਛੋਂ ਦੀ ਉਪਜ ਹੈ। ਸਿਵਾਏ ਚੀਨ ਤੋਂ ਸੰਸਾਰ ਦੇ ਇਤਿਹਾਸ ਵਿਚ ਕੋਈ ਵੀ ਦੇਸ਼ ਅਜਿਹਾ ਨਹੀਂ ਜਿਸ ਦੇ ਧਰਮਾਂ ਦਾ ਇਤਿਹਾਸ ਇਤਨਾ ਪੁਰਾਣਾ ਹੋਵੇ ਜਿਤਨਾ ਕਿ ਭਾਰਤ ਦਾ ਹੈ। ਅਜੋਕੇ ਸਿੱਖ ਧਰਮ ਤਕ ਇਸ ਭਾਰਤੀ ਧਰਮ ਦੀ ਉਨਤੀ ਨੂੰ ਤਿੰਨ ਹਜ਼ਾਰ ਸਾਲ ਦੀ ਧਾਰਮਿਕ ਉੱਨਤੀ ਕਿਹਾ ਜਾ ਸਕਦਾ ਹੈ। ਪ੍ਰਾਚੀਨ ਬ੍ਰਾਹਮਣੀ ਮਤ ਦੀਆਂ ਸਿੱਖਿਆਵਾਂ ਵੇਦ, ਪੁਰਾਣ, ਮਹਾਂਭਾਰਤ, ਰਾਮਾਇਣ ਅਤੇ ਭਾਗਵਤ ਗੀਤਾ ਵਿਚ ਅੰਕਿਤ ਹਨ। ਇਸੇ ਹੀ ਸਮੇਂ ਨੂੰ ਅਸੀਂ ਭਾਰਤੀ ਹਿੰਦੂ ਸੰਸਕ੍ਰਿਤੀ ਅਤੇ ਧਰਮ ਦਾ ਮੁੱਢ ਕਹਿ ਸਕਦੇ ਹਾਂ। ਪ੍ਰਾਚੀਨ ਕਾਲ ਦੀ ਸਭ ਤੋਂ ਵੱਧ ਮਹੱਤਵਪੂਰਨ ਘਟਨਾ ਮਨੂੰ ਸਿਮ੍ਰਤੀ ਦੀ ਰਚਨਾ ਕਹੀ ਜਾ ਸਕਦੀ ਹੈ ਕਿਉਂਕਿ ਇਸ ਨੇ ਭਾਰਤ ਦੀ ਆਰਥਿਕ ਅਤੇ ਧਾਰਮਿਕ ਅਵਸਥਾ 'ਤੇ ਬਹੁਤ ਪ੍ਰਭਾਵ ਪਾਇਆ ਹੈ। ਹਿੰਦੂ ਮਤ ਦੇ ਬ੍ਰਾਹਮਣ ਲੀਡਰਾਂ ਦੀ ਔਖੀ ਸਿਖਲਾਈ ਦੇ ਕਾਰਣ ਆਮ ਭਾਰਤੀ ਜਨਤਾ ਦਾ ਰੁਝਾਨ ਪਦਾਰਥਵਾਦ ਵੱਲ ਹੁੰਦਾ ਗਿਆ ਅਤੇ ਲੋਕਾਂ ਨੇ ਸਮਾਜ ਦੇ ਕਰੜੇ ਹਿੰਦੂ ਅਸੂਲਾਂ ਦੇ ਵਿਰੁੱਧ ਉਪਨਿਸ਼ਦਾਂ, ਬੁੱਧ ਮਤ

ਅਤੇ ਜੈਨ ਮਤ ਦੇ ਅਸੂਲਾਂ ਨੂੰ ਅਪਨਾ ਕੇ ਵਿਖਾਵਾ ਕੀਤਾ। ਮਹਾਤਮਾ ਬੁੱਧ ਨੇ ਹਿੰਦੂ ਰੀਤੀਆਂ ਅਤੇ ਪੁਜਾਰੀ ਰਸਮਾਂ ਦੀ ਵਿਰੋਧਤਾ ਪੂਰਨ ਜ਼ੋਰ ਨਾਲ ਕੀਤੀ ਅਤੇ ਇਸ ਤਰ੍ਹਾਂ ਬ੍ਰਾਹਮਣੀ ਮਤ ਵਾਲਿਆਂ ਨੂੰ ਖ਼ਤਰਾ ਪੈਦਾ ਕਰ ਦਿੱਤਾ। ਇਸ ਸਮੇਂ ਵਿਚ ਪ੍ਰਾਚੀਨ ਬ੍ਰਾਹਮਣੀ ਮਤ ਵਾਲਿਆਂ ਨੂੰ ਆਪਣੇ ਪੁਰਾਣੇ ਵਿਚਾਰਾਂ ਨੂੰ ਬਚਾਉਣ ਲਈ ਕਰੜਾ ਘੋਲ ਕਰਨਾ ਪਿਆ। ਸਿੱਟੇ ਵਜੋਂ ਪਹਿਲੀ ਵਾਰੀ ਪਰਮਾਤਮਾ ਦੀ ਏਕਤਾ, ਵਿਸ਼ਵ ਦੀ ਸਥਾਪਨਾ, ਰੂਹਾਂ ਦਾ ਸਦਾ ਜੀਵਿਤ ਰਹਿਣਾ ਆਦਿ ਸਭ ਅਸੂਲਾਂ ਨੂੰ ਬ੍ਰਾਹਮਣਾਂ ਵੱਲੋਂ ਪੂਰਨ ਤੌਰ 'ਤੇ ਨਿਖਾਰ ਕੇ ਪੇਸ਼ ਕੀਤਾ ਗਿਆ ਤਾਂ ਜੋ ਲੋਕਾਂ ਦਾ ਵਿਸ਼ਵਾਸ ਪੁਰਾਣੇ ਮਤ ਵਿਚ ਮੁੜ ਤੋਂ ਬਹਾਲ ਹੋ ਸਕੇ। ਕਰਮ ਦੇ ਸਿਧਾਂਤ ਨੂੰ ਵੀ ਸਪੱਸ਼ਟ ਢੰਗ ਨਾਲ ਵਿਆਸ ਨੇ ਇਸੇ ਸਮੇਂ ਪੇਸ਼ ਕੀਤਾ ਪਰ ਇਸ ਸਭ ਕੁਝ ਦੇ ਹੁੰਦਿਆਂ ਜਾਤ-ਪਾਤ ਦਾ ਸਿਧਾਂਤ ਪ੍ਰਾਚੀਨ ਭਾਰਤੀ ਮਤ ਦੇ ਰਾਹ ਵਿਚ ਇਕ ਭਾਰੀ ਰੋੜਾ ਸੀ।

ਭਾਰਤੀ ਸੰਸਕ੍ਰਿਤੀ ਦੇ ਵੱਡਮੁੱਲੇ ਵਿਰਸੇ ਦੇ ਕਾਰਨ ਅੰਤ ਵਿਚ ਬ੍ਰਾਹਮਣੀ ਮਤ, ਬੁੱਧ ਮਤ ਨੂੰ ਭਾਰਤ ਵਿਚੋਂ ਖ਼ਤਮ ਕਰਨ ਵਿਚ ਸਫ਼ਲ ਹੋ ਹੀ ਗਿਆ। ਬੁੱਧ ਮਤ ਦੇ ਪਤਨ ਨਾਲ ਇਉਂ ਭਾਸਣ ਲੱਗਾ ਕਿ ਇਹ ਊਚ-ਨੀਚ ਵਾਲਾ ਮਜ਼ਹਬ ਹੁਣ ਕਿਸੇ ਹੋਰ ਨੂੰ ਭਾਰਤ ਵਿਚ ਨਹੀਂ ਰਹਿਣ ਦੇਵੇਗਾ।

ਇਸ ਤੋਂ ਉਪਰੰਤ ਇਸ ਮਤ ਨੇ ਬੁੱਧ ਮਤ ਨੂੰ ਮੂਰਤੀ ਪੂਜਾ ਵਾਲੇ ਪਾਸੇ ਝੁਕਾ ਦੇ ਕੇ ਪੂਰਨ ਤੌਰ 'ਤੇ ਇਸ ਨੂੰ ਹਿੰਦੂ ਸਭਿਆਚਾਰ ਦਾ ਹੀ ਇਕ ਅੰਗ ਬਣਾ ਲਿਆ। ਇਸ ਭਾਰਤੀ ਸੰਸਕ੍ਰਿਤੀ ਨੂੰ ਇਹ ਮਾਣ ਪ੍ਰਾਪਤ ਹੈ ਕਿ ਇਸ ਨੇ ਬਾਹਰੋਂ ਆਏ ਧਾੜਵੀਆਂ ਦੇ ਭਾਵੇਂ ਕਈ ਅਸਰਾਂ ਨੂੰ ਸਵੀਕਾਰ ਵੀ ਕੀਤਾ ਪਰ ਵਧੇਰੇ ਕਰਕੇ ਉਹਨਾਂ ਨੂੰ ਭਾਰਤੀ ਪ੍ਰਭਾਵ ਹੇਠਾਂ ਲੈਣ ਵਿਚ ਸਫ਼ਲਤਾ ਪ੍ਰਾਪਤ ਕੀਤੀ। ਇਹਨਾਂ ਵਿਚੋਂ ਪਹਿਲੀ ਉਦਾਹਰਣ ਬਾਖਤਰੀ ਰਾਜੇ ਮਨਿੰਦਰ ਦੀ ਮਿਲਦੀ ਹੈ ਜਿਸ ਨੂੰ ਕਈ ਭਾਰਤੀ ਬੋਧੀ ਪੁਸਤਕਾਂ ਵਿਚ ਸੰਤ ਮਨਿੰਦਰ ਕਰਕੇ ਵੀ ਲਿਖਿਆ ਗਿਆ ਹੈ। ਇਸ ਤੋਂ ਉਪਰੰਤ ਇਹੀ ਹਾਲ ਪਾਰਥੀ, ਸ਼ੱਕ, ਕੁਸ਼ਾਂਨ ਅਤੇ ਹੂਨ ਰਾਜਿਆਂ ਦਾ ਹੋਇਆ। ਇਹਨਾਂ ਵਿਚੋਂ ਕਈਆਂ ਨੇ ਬੁੱਧ ਮਤ ਨੂੰ ਧਾਰਨ ਕੀਤਾ ਅਤੇ ਬਾਕੀ ਹਿੰਦੂ ਮਤ ਦੀ ਗੋਦੀ ਵਿਚ ਜਾ ਕੇ ਪੂਰਨ ਤੌਰ 'ਤੇ ਭਾਰਤੀ ਬਣ ਗਏ। ਸੋ ਗੁਪਤ ਕਾਲ ਦੇ ਅੰਤ ਤਕ ਧਾਰਮਿਕ ਖੇਤਰ ਵਿਚ ਪੁਰਾਤਨ ਹਿੰਦੂ ਸੰਸਕ੍ਰਿਤੀ ਦਾ ਹੀ ਬੋਲ-ਬਾਲਾ ਸੀ ਅਤੇ ਕਿਸੇ ਪਾਸੇ ਤੋਂ ਵੀ ਇਸ ਜਾਤ-ਪਾਤ ਅਤੇ ਸੰਸਾਰਕ ਮਜ਼ਹਬ ਤੋਂ ਛੁਟਕਾਰਾ ਨਹੀਂ ਸੀ ਦਿੱਸਦਾ।

ਅੰਤ ਦਸਵੀਂ ਸਦੀ ਈਸਵੀ ਵਿਚ ਸ਼ੰਕਰ ਆਚਾਰੀਆ ਨੇ ਅਛੂਤਾਂ ਦੀ ਉੱਨਤੀ ਲਈ ਬੀੜਾ ਚੁੱਕਿਆ ਤੇ ਕਈ ਸੌ ਸਾਲ ਪਿੱਛੋਂ ਫਿਰ ਇਕ ਵਾਰੀ ਮਨੁੱਖੀ ਏਕਤਾ ਦਾ ਪ੍ਰਚਾਰ ਕੀਤਾ। ਸ਼ੰਕਰ ਆਚਾਰੀਆ ਦੀ ਇਸ ਸਿਧਾਂਤਕ ਤੇ ਧਾਰਮਿਕ ਲਹਿਰ ਨੂੰ ਜੋ ਇਸ ਸੰਸਕਾਰੀ ਪ੍ਰਾਚੀਨ ਧਰਮ ਦੇ ਸੁਧਾਰ ਲਈ ਚਲਾਈ ਗਈ ਸੀ, ਭਗਤੀ ਲਹਿਰ ਕਿਹਾ ਜਾਂਦਾ ਸੀ। ਹਿੰਦੂ ਧਰਮ ਬਹੁਤ ਸੰਸਕਾਰਕ ਬਣ ਜਾਣ ਦੇ ਕਾਰਨ ਲੋਕਾਂ ਵਿਚ ਇਤਨਾ ਹਰਮਨ ਪਿਆਰਾ ਨਾ ਰਿਹਾ। ਇਸ ਲਈ ਸ਼ੰਕਰ ਆਚਾਰੀਆ ਦੇ ਪ੍ਰਚਾਰ ਲਈ ਇਹ ਸਮਾਂ ਢੁਕਵਾਂ ਸੀ। ਭਾਵੇਂ ਸ਼ੰਕਰ ਆਚਾਰੀਆ ਨੇ ਜਾਤ-ਪਾਤ ਦੇ ਵਿਰੁੱਧ ਪ੍ਰਚਾਰ ਕੀਤਾ ਪਰ ਉਹ ਮੂਰਤੀ-ਪੂਜਾ ਹਟਾਉਣ ਵਿਚ ਅਸਫ਼ਲ ਰਿਹਾ ਅਤੇ ਉਸ ਦੇ ਮਤ ਵਿਚ ਵੀ ਸ਼ਿਵ ਜੀ, ਵਿਸ਼ਨੂੰ, ਸੂਰਜ ਤੇ ਲਕਸ਼ਮੀ ਆਦਿ ਨੂੰ ਪਰਮਾਤਮਾ ਜਾਣ ਕੇ ਪੂਜਾ ਹੁੰਦੀ ਰਹੀ। ਨਾਲ ਹੀ ਸ਼ੰਕਰ ਆਚਾਰੀਆ ਨੇ ਬੁੱਧ ਮਤ ਦੀ ਸੰਘ ਦੀ ਰੀਤੀ

ਨੂੰ ਅਪਣਾਇਆ ਅਤੇ ਆਪਣੇ ਭਗਤਾਂ ਲਈ ਕਈ ਬਿਸਰਾਮ ਘਰ ਬਣਾਏ ਜਿਵੇਂ ਕਿ ਬੁੱਧ ਭਿਕਸ਼ੂਆਂ ਲਈ ਬਣਾਏ ਗਏ ਸਨ।

ਇਸ ਤੋਂ ਉਪਰੰਤ ਰਾਮਾਨੁਜ ਨੇ ਗਿਆਰ੍ਹਵੀਂ ਸਦੀ ਵਿਚ ਬ੍ਰਾਹਮਣਾਂ ਦੇ ਬਰਾਬਰ ਦਾ ਹੀ ਇਕ ਮਤ ਬਣਾਇਆ ਅਤੇ ਵਿਸ਼ਨੂੰ ਨੂੰ ਹੀ ਰੱਬ ਦਾ ਰੂਪ ਦੱਸਿਆ। ਇਹ ਪਹਿਲੀ ਵੇਰ ਸੀ ਜਦ ਕਿ ਕਿਸੇ ਵੀ ਧਾਰਮਿਕ ਆਗੂ ਨੇ ਬ੍ਰਾਹਮਣਾਂ ਦੇ ਉਚ-ਅਸਥਾਨ ਨੂੰ ਵੰਗਾਰਿਆ ਸੀ। ਰਾਮਾਨੁਜ ਨੇ ਆਪਣੇ ਕਈ ਚੇਲਿਆਂ ਨੂੰ ਜਾਤ-ਪਾਤ ਨਾ ਛੱਡਣ ਦੇ ਕਾਰਨ ਆਪਣੇ ਮਤ ਵਿਚੋਂ ਵੀ ਕੱਢ ਦਿੱਤਾ ਅਤੇ ਦੱਸਿਆ ਕਿ ਗੁਰੂ ਨੂੰ ਤਨ, ਮਨ ਤੇ ਧਨ ਅਰਪਨ ਕਰਨਾ ਜ਼ਰੂਰੀ ਹੈ। ਇਸ ਸਾਰੇ ਪ੍ਰਚਾਰ ਦਾ ਸਿੱਟਾ ਇਹ ਹੋਇਆ ਕਿ ਲੋਕਾਂ ਦਾ ਪੂਰਨ ਪੁਰਾਣੇ ਹਿੰਦੂ ਧਰਮ ਵਿਚ ਵਿਸ਼ਵਾਸ ਘਟ ਗਿਆ ਅਤੇ ਬ੍ਰਾਹਮਣੀ ਮਤ ਢਹਿੰਦੀਆਂ ਕਲਾਂ ਵੱਲ ਜਾਣ ਲੱਗਾ।

ਇਹਨੀਂ ਦਿਨੀਂ ਮੁਸਲਮਾਨਾਂ ਨੇ ਭਾਰਤ 'ਤੇ ਹਮਲੇ ਕੀਤੇ। ਮਹਿਮੂਦ ਗ਼ਜ਼ਨਵੀ ਨੇ ਕਈ ਮੰਦਰ ਢਾਹੇ ਅਤੇ ਇਸ ਤੋਂ ਉਪਰੰਤ ਭਾਰਤ ਵਿਚ ਕਈ ਮਸਜਿਦਾਂ ਉਸਾਰੀਆਂ ਗਈਆਂ। ਇਸ ਦਾ ਸਿੱਟਾ ਇਹ ਨਿਕਲਿਆ ਕਿ ਭਾਰਤੀ ਲੋਕ ਬ੍ਰਾਹਮਣੀ ਮਤ ਦੀ ਉੱਚਤਾ ਨੂੰ ਹੋਰ ਵੀ ਸ਼ੱਕ ਦੀ ਨਜ਼ਰ ਨਾਲ ਦੇਖਣ ਲੱਗੇ ਅਤੇ ਲੋਕਾਂ ਦਾ ਆਮ ਬ੍ਰਾਹਮਣਾਂ ਵਿਚੋਂ ਵਿਸ਼ਵਾਸ ਉੱਠ ਗਿਆ। ਨਾਲ ਹੀ ਮੁਸਲਮਾਨ ਵੀ ਕਈ ਹਿੰਦੂ ਸਿਧਾਂਤਾਂ, ਵਿਸ਼ੇਸ਼ ਕਰਕੇ ਕਰਮ-ਕਾਂਡ ਅਤੇ ਕਈ ਹਿੰਦੂ ਦੇਵਤਿਆਂ ਤੋਂ ਪ੍ਰਭਾਵਿਤ ਹੋਏ ਤੇ ਮੁਲਾਵਾਂ ਦੀ ਪੁਜਾਰੀ ਜਮਾਤ ਤੋਂ ਮੁਨਕਰ ਹੋਣ ਲੱਗੇ।

ਇਸ ਅਵਸਰ ਦਾ ਲਾਭ ਰਾਮਾਨੰਦ ਨੇ ਉਠਾਇਆ ਅਤੇ ਚੌਦਵੀਂ ਸਦੀ ਵਿਚ ਇਕ ਵਿਸ਼ਾਲ ਮਤ ਦੀ ਬਨਾਰਸ ਵਿਖੇ ਨੀਂਹ ਰੱਖੀ। ਰਾਮਾਨੰਦ ਨੇ ਪੂਜਾ ਦਾ ਇਸ਼ਟ ਰਾਮਚੰਦਰ ਜੀ ਨੂੰ ਬਣਾਇਆ ਪਰ ਉਸ ਨੇ ਮਨੁੱਖ ਦੀ ਬਰਾਬਰੀ 'ਤੇ ਪੂਰਨ ਤੌਰ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਪਰਮਾਤਮਾ ਲਈ ਸਮਾਜਿਕ ਉੱਚਤਾ ਕੋਈ ਅਰਥ ਨਹੀਂ ਰੱਖਦੀ। ਇਸ ਸਮੇਂ ਹੀ ਪੰਜਾਬ ਵਿਚ ਗੋਰਖ ਨਾਥ ਨੇ 'ਜੋਗ ਮਤ' ਦਾ ਪ੍ਰਚਾਰ ਕੀਤਾ। ਉਸ ਦੀ ਪੂਜਾ ਦਾ ਇਸ਼ਟ ਸ਼ਿਵ ਜੀ ਸਨ। ਪਰ ਗੋਰਖ ਨਾਥ ਨੇ ਵੀ ਮਨੁੱਖ ਦੀ ਬਰਾਬਰੀ ਤੇ ਜਾਤ-ਪਾਤ ਦੀ ਨਿਖੇਧੀ 'ਤੇ ਹੀ ਜ਼ੋਰ ਦਿੱਤਾ। ਉਸ ਦੇ ਸਿਧਾਂਤ ਵਿਚ ਸਭ ਤੋਂ ਮਹੱਤਵਪੂਰਨ ਗੱਲ ਇਹ ਸੀ ਕਿ ਕਲਜੁਗ ਵਿਚ ਰਹਿੰਦਿਆਂ ਭਗਤੀ ਕਰ ਕੇ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਉਸ ਨੇ ਆਪਣੇ ਚੇਲਿਆਂ ਦੇ ਕੰਨ ਪੜਵਾ ਕੇ ਉਹਨਾਂ ਨੂੰ ਇਕ ਚਿੰਨ੍ਹ ਦਿੱਤਾ। ਇਸੇ ਲਈ ਇਹਨਾਂ ਨੂੰ 'ਕੰਨ ਪਾਟੇ ਜੋਗੀ' ਵੀ ਕਿਹਾ ਜਾਂਦਾ ਹੈ।

ਭਗਤੀ ਲਹਿਰ ਦੇ ਆਗੂਆਂ ਵਿਚ ਪਹਿਲੇ ਚੇਤੰਨ ਸੁਧਾਰਨ ਆਗੂ ਭਗਤ ਕਬੀਰ ਜੀ ਸਨ, ਜਿਨ੍ਹਾਂ ਨੇ ਆਪਣਾ ਪ੍ਰਚਾਰ ਪੰਦਰ੍ਹਵੀਂ ਸਦੀ ਵਿਚ ਕੀਤਾ। ਉਹਨਾਂ ਨੇ ਪਹਿਲੀ ਵੇਰ ਅਮਲੀ ਤੌਰ 'ਤੇ ਹਿੰਦੂ-ਮੁਸਲਿਮ ਏਕਤਾ ਲਈ ਪ੍ਰਚਾਰ ਕੀਤਾ। ਭਗਤ ਕਬੀਰ ਜੀ ਨੇ ਆਪਣਾ ਸੰਦੇਸ਼ ਹਿੰਦੂ ਅਤੇ ਮੁਸਲਮਾਨ ਸਭ ਲਈ ਪ੍ਰਚਾਰਿਆ ਅਤੇ ਜ਼ੋਰ ਨਾਲ ਕਿਹਾ :

ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥...
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥ (ਪੰਨਾ ੧੩੫੦)

ਮੈਕਾਲਿਫ਼ ਲਿਖਦਾ ਹੈ ਕਿ ਉਹਨਾਂ ਦੇ ਦੋਹਰਿਆਂ ਨੂੰ ਹਰ ਜਾਤੀ ਤੇ ਹਰੇਕ ਖ਼ਿਆਲ ਦੇ ਲੋਕ ਪ੍ਰਵਾਨ ਕਰਦੇ ਹਨ। ਇਸ ਤੋਂ ਛੁੱਟ ਕਬੀਰ ਜੀ ਨੇ ਆਮ ਬੋਲੀ ਵਿਚ ਵੀ ਪ੍ਰਚਾਰ ਕੀਤਾ ਤਾਂ ਜੋ ਉਹਨਾਂ ਦੇ ਉਪਦੇਸ਼ ਸਭ ਲੋਕ ਸਮਝ ਸਕਣ।

ਇਸ ਸਾਰੀ ਧਾਰਮਿਕ ਉਥਲ-ਪੁਥਲ ਦਾ ਸਿਖ਼ਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੋਇਆ। ਇਸੇ ਲਈ ਕਨਿੰਘਮ ਨੇ ਠੀਕ ਲਿਖਿਆ ਹੈ ਕਿ "ਠੀਕ ਲੀਹਾਂ 'ਤੇ ਪਰਤੱਖ ਗਿਆਨ ਦੇਣਾ ਅਤੇ ਸੁਧਾਰ ਕਰਨਾ ਗੁਰੂ ਨਾਨਕ ਜੀ ਦੇ ਹੀ ਪੇਟੇ ਪਿਆ ਤਾਂ ਜੋ ਗੁਰੂ ਗੋਬਿੰਦ ਸਿੰਘ ਜੀ ਉਹਨਾਂ ਲੀਹਾਂ 'ਤੇ ਆਪਣੇ ਦੇਸ਼ ਵਾਸੀਆਂ ਵਿਚ ਇਕ ਨਵੀਂ ਕੌਮੀ ਚਿਣਗ ਜਲਾ ਸਕੇ ਅਤੇ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਸਭ ਖੇਤਰਾਂ ਵਿਚ ਬਰਾਬਰੀ ਪੈਦਾ ਕਰ ਸਕੇ।" ਇਸ ਤੋਂ ਪਹਿਲੋਂ ਕਿ ਗੁਰੂ ਨਾਨਕ ਦੇਵ ਜੀ ਆਪਣੇ ਸਿੱਖੀ ਉਪਦੇਸ਼ਾਂ ਨੂੰ ਅੰਤਮ ਰੂਪ ਦਿੰਦੇ, ਉਹਨਾਂ ਨੇ ਸਭ ਭਾਰਤੀ ਮਤਾਂ, ਵੇਦਾਂ, ਪੁਰਾਣਾਂ ਆਦਿ ਅਤੇ ਮੁਸਲਮਾਨੀ ਕੁਰਾਨ ਦਾ ਅਧਿਐਨ ਕੀਤਾ ਅਤੇ ਦਾਅਵੇ ਨਾਲ ਕਿਹਾ ਕਿ ਇਹਨਾਂ ਪੁਸਤਕਾਂ ਵਿਚੋਂ ਉਹਨਾਂ ਨੂੰ ਪੂਰਨ ਤੌਰ 'ਤੇ ਕਿਸੇ ਪ੍ਰਕਾਰ ਦੀ ਆਤਮਿਕ ਪੂਰਤੀ ਨਹੀਂ ਮਿਲ ਸਕੀ। ਇਸ ਸਾਰੀ ਸੋਚ-ਵਿਚਾਰ ਦਾ ਸਿੱਟਾ ਇਹ ਨਿਕਲਿਆ ਕਿ ਗੁਰੂ ਜੀ ਨੇ ਪੁਰਾਣੇ ਭਾਰਤੀ ਪ੍ਰਚਾਰਕਾਂ ਵੱਲੋਂ ਪ੍ਰਚਾਰੀਆਂ ਗਈਆਂ ਕਈ ਅਖੌਤੀ ਸਿੱਖਿਆਵਾਂ ਨੂੰ ਸਿੱਖੀ ਉਪਦੇਸ਼ਾਂ ਵਿਚੋਂ ਕੱਢ ਦਿੱਤਾ ਅਤੇ ਆਪਣੇ ਮਤ ਨੂੰ ਵੱਧ ਤੋਂ ਵੱਧ ਯਥਾਰਥਵਾਦੀ ਤੇ ਵਿਗਿਆਨਕ ਲੀਹਾਂ 'ਤੇ ਉਸਾਰਨ ਦਾ ਜਤਨ ਕੀਤਾ।

ਸਭ ਤੋਂ ਪਹਿਲਾਂ ਵਖੇਵਾਂ ਗੁਰੂ ਜੀ ਨੇ ਸਭ ਪੁਰਾਣੇ ਭਾਰਤੀ ਪ੍ਰਚਾਰਕਾਂ ਨਾਲੋਂ ਇਹ ਕੀਤਾ ਕਿ ਉਹਨਾਂ ਨੇ ਆਪਣੇ ਉਪਦੇਸ਼ਾਂ ਦਾ ਪ੍ਰਚਾਰ ਸਭ ਲਈ ਕੀਤਾ। ਉਹਨਾਂ ਦੀਆਂ ਸਿੱਖਿਆਵਾਂ ਹਿੰਦੂ, ਮੁਸਲਮਾਨ, ਬ੍ਰਾਹਮਣ, ਮੁੱਲਾਂ, ਸੰਨਿਆਸੀ, ਦਰਵੇਸ਼ ਅਤੇ ਇਸਤਰੀ ਸਭ ਲਈ ਇਕੋ ਹੀ ਸਨ। ਨਾਲ ਹੀ ਗੁਰੂ ਜੀ ਨੇ ਆਪਣੇ ਉਪਦੇਸ਼ ਵਿਚ ਦਾਅਵੇ ਨਾਲ ਐਲਾਨ ਕੀਤਾ ਕਿ ਪਰਮਾਤਮਾ ਕੇਵਲ ਇਕ ਧਰਮ ਵਿਚ ਅੰਧ-ਵਿਸ਼ਵਾਸ ਰੱਖਣ ਨਾਲ ਹੀ ਨਹੀਂ ਅਤੇ ਨਾ ਹੀ ਕੇਵਲ ਦਾਨ ਦਿੱਤਿਆਂ, ਬਹਾਦਰੀ ਕੀਤਿਆਂ ਅਤੇ ਚੰਗੇ ਕਰਮਾਂ ਰਾਹੀਂ ਮਿਲਦਾ ਹੈ ਸਗੋਂ ਰੱਬ ਦੀ ਪ੍ਰਾਪਤੀ ਤਾਂ ਉਸ ਦੀ ਆਪਣੀ ਕਿਰਪਾ ਨਾਲ ਹੀ ਹੋ ਸਕਦੀ ਹੈ। ਰੱਬ ਦੀ ਕਿਰਪਾ ਪ੍ਰਾਪਤ ਕਰਨ ਦਾ ਰਾਹ ਗੁਰੂ ਜੀ ਨੇ ਮਨੁੱਖ ਦੀ ਸ਼ਕਤੀ ਦੀ ਲਾਭਦਾਇਕ ਵਰਤੋਂ ਦੱਸਿਆ ਹੈ। ਵਾਹਿਗੁਰੂ ਦੀ ਇਹ ਦਇਆ ਮਨੁੱਖ ਦੇ ਸਮੇਂ ਸਿਰ ਪੁਰਾਣੇ ਕੀਤੇ ਪਾਪਾਂ ਪੁਰ ਪਛਤਾਵੇ ਨਾਲ ਵੀ ਮਿਲ ਸਕਦੀ ਹੈ। ਇਸ ਦੇ ਨਾਲ-ਨਾਲ ਹੀ ਗੁਰੂ ਜੀ ਨੇ ਆਤਮ-ਤਿਆਗ 'ਤੇ ਵੀ ਜ਼ੋਰ ਦਿੱਤਾ। ਇਸ ਤਰ੍ਹਾਂ ਗੁਰੂ ਜੀ ਨੇ ਮਨੁੱਖਾ ਜੀਵਨ ਨੂੰ ਪੰਛੀ ਦੇ ਪ੍ਰਤੀ ਦਰਸਾ ਕੇ ਪੁਰਾਤਨ ਅਸੂਲ ਨੂੰ ਮੰਨ ਕੇ ਵੀ ਇਸ ਜੀਵਨ ਦੀ ਮਹੱਤਤਾ ਨੂੰ ਕਾਇਮ ਰੱਖਿਆ। ਇਸੇ ਕਾਰਨ ਹੀ ਗੁਰੂ ਨਾਨਕ ਦੇਵ ਜੀ ਦਾ ਧਾਰਮਿਕ ਫ਼ਲਸਫ਼ਾ ਭਗਤੀ ਲਹਿਰ ਦੇ ਸਭ ਆਗੂਆਂ ਨਾਲੋਂ ਉਚੇਰਾ ਬਣ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦੀ ਪਵਿੱਤਰਤਾ 'ਤੇ ਜ਼ੋਰ ਦਿੱਤਾ ਹੈ। ਪਰ ਨਾਲ ਹੀ ਇਹ ਪਵਿੱਤਰਤਾ ਕਾਇਮ ਰੱਖਣ ਦਾ ਰਾਹ ਤਿਆਗ ਜਾਂ ਬ੍ਰਹਮਚਾਰਯ ਵਿਚ ਨਹੀਂ ਦੱਸਿਆ ਸਗੋਂ ਗੁਰੂ ਨਾਨਕ ਦੇਵ ਜੀ ਨੇ ਪੂਰੇ ਜ਼ੋਰ ਨਾਲ ਜੋਗੀਆਂ ਦਾ ਖੰਡਨ ਕੀਤਾ ਅਤੇ ਆਪਣੇ ਸਿੱਖਾਂ ਨੂੰ ਸੰਸਾਰ ਦੇ ਪਦਾਰਥਾਂ ਦੇ ਤਿਆਗ, ਤਪੱਸਿਆ ਤੇ ਜਤ-ਸਤ ਵਿਰੁੱਧ ਕਰੜੇ ਹੁਕਮ ਵੀ ਦਿੱਤੇ। ਇਸ ਦਾ ਸਭ ਤੋਂ ਵੱਡਾ ਸਬੂਤ ਉਹਨਾਂ ਦੀ ਆਪਣੀ ਬਾਣੀ ਹੈ। ਗੁਰੂ ਜੀ ਦਾ ਪਾਵਨ ਫ਼ੁਰਮਾਨ ਹੈ :

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥...

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥ (ਪੰਨਾ ੭੩੦)

ਇਸ ਤੋਂ ਛੁੱਟ ਗੁਰੂ ਜੀ ਨੇ ਆਪ ਵੀ ਇਕ ਗ੍ਰਿਹਸਤੀ ਦੇ ਸਾਰੇ ਫ਼ਰਜ਼ ਪੂਰਨ ਤੌਰ

'ਤੇ ਨਿਭਾਏ ਤੇ ਦੱਸਿਆ ਕਿ ਸੰਸਾਰ ਵਿਚ ਸਮਾਜ ਦਾ ਮੈਂਬਰ ਰਹਿੰਦਿਆਂ ਪਵਿੱਤਰਤਾ ਪ੍ਰਾਪਤ ਕਰਨੀ ਹੈ ਤੇ ਪਰਮਾਰਥ ਦਾ ਖ਼ਿਆਲ ਰੱਖਣਾ ਹੀ ਰੱਬ ਨਾਲ ਅਸਲ ਪਿਆਰ ਹੈ। ਇਸੇ ਨੂੰ ਗੁਰੂ ਜੀ ਦੀ ਬਾਣੀ ਵਿਚ 'ਰਾਜ ਮਹਿ ਜੋਗ ਕਮਾਵਹੁ' ਕਿਹਾ ਗਿਆ ਹੈ। ਇਸੇ ਤਰ੍ਹਾਂ ਗੁਰੂ ਜੀ ਦਾ ਇਹ ਗ੍ਰਹਿਸਤ ਦੇ ਹੱਕ ਵਿਚ ਪ੍ਰਚਾਰ ਇਕ ਕ੍ਰਾਂਤੀਕਾਰੀ ਕਦਮ ਸੀ।

ਇਸ ਤੋਂ ਵੀ ਵੱਧ ਵਿਸ਼ੇਸ਼ਤਾ ਰੱਖਣ ਵਾਲਾ ਚਿੰਨ੍ਹ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਨੂੰ ਬਾਕੀ ਭਾਰਤੀ ਧਾਰਮਿਕ ਪ੍ਰਚਾਰਕਾਂ ਨਾਲੋਂ ਉੱਚਤਾ ਦਿੰਦਾ ਹੈ, ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਪਣੀ ਵਿਅਕਤੀਗਤ ਹੋਂਦ ਬਾਰੇ ਵਿਚਾਰ ਹਨ। ਗੁਰੂ ਜੀ ਤੋਂ ਪਹਿਲੋਂ ਜਿਤਨੇ ਵੀ ਧਾਰਮਿਕ ਆਗੂ ਹੋਏ, ਸਭ ਨੇ ਆਪਣੀ ਧਾਰਮਿਕ ਪਵਿੱਤਰਤਾ ਦਾ ਦਾਅਵਾ ਕੀਤਾ। ਪਰ ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਮਨੁੱਖ ਤੋਂ ਅੱਡਰਾ ਤੇ ਧਾਰਮਿਕ ਤੌਰ 'ਤੇ ਪਵਿੱਤਰ ਨਹੀਂ ਦੱਸਿਆ। ਜਦੋਂ ਸਿੱਧਾਂ ਨੇ ਗੁਰੂ ਜੀ ਨੂੰ ਉਹਨਾਂ ਦੀ ਕਰਾਮਾਤ ਬਾਰੇ ਪੁੱਛਿਆ ਤਾਂ ਉਹਨਾਂ ਇਕ ਸਾਧਾਰਨ ਸੰਸਾਰੀ ਜੀਵ ਵਾਂਗ ਉੱਤਰ ਦਿੱਤਾ:

ਬਾਝੋਂ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ। *(ਵਾਰ ੧/੪੩)*

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਵੇਰ ਰੱਬ ਦੀ ਪ੍ਰਾਪਤੀ ਦਾ ਸਿਧਾਂਤ ਸਭ 'ਤੇ ਇਕਸਾਰਤਾ ਨਾਲ ਲਾਗੂ ਕਰ ਦਿੱਤਾ।

ਗੁਰੂ ਨਾਨਕ ਦੇਵ ਜੀ ਨੇ ਭਗਤੀ ਲਹਿਰ ਦੇ ਬਾਕੀ ਆਗੂਆਂ ਵਾਂਗ ਜਾਤ-ਪਾਤ ਦੀ ਵੀ ਨਿਖੇਧੀ ਕੀਤੀ, ਪਰ ਗੁਰੂ ਨਾਨਕ ਜੀ ਦੀ ਜਾਤ-ਪਾਤ ਦੀ ਨਿਖੇਧੀ ਵਧੇਰੇ ਜ਼ੋਰਦਾਰ ਸੀ ਕਿਉਂਕਿ ਗੁਰੂ ਜੀ ਨੇ 'ਹਿੰਦੂ-ਮੁਸਲਮਾਨ' ਦੇ ਮਤਭੇਦ ਨੂੰ ਵੀ ਵੰਗਾਰਿਆ ਤੇ 'ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ' ਦਾ ਨਾਅਰਾ ਲਾਇਆ ਤੇ ਕਿਹਾ:

ਫਕੜ ਜਾਤੀ ਫਕੜੁ ਨਾਉ॥
ਸਭਨਾ ਜੀਆ ਇਕਾ ਛਾਉ॥ *(ਪੰਨਾ ੮੩)*

ਇਸ ਸਿਧਾਂਤ ਨੂੰ ਕੇਵਲ ਪ੍ਰਚਾਰਿਆ ਹੀ ਨਹੀਂ ਸਗੋਂ ਗੁਰੂ ਜੀ ਨੇ ਲੰਗਰ ਦੀ ਰਵਾਇਤ ਚਲਾ ਕੇ ਇਸ ਨੂੰ ਅਮਲੀ ਰੂਪ ਵਿਚ ਖ਼ਤਮ ਕਰਨ ਦਾ ਵੀ ਜਤਨ ਕੀਤਾ।

ਗੁਰੂ ਨਾਨਕ ਦੇਵ ਜੀ ਦੇ ਉਪਰੋਕਤ ਅਸੂਲ ਨਿਰਪੱਖ ਸਨ ਅਤੇ ਇਹਨਾਂ ਵਿਚ ਪਹਿਲੇ ਭਾਰਤੀ ਪ੍ਰਚਾਰਕਾਂ ਵਾਲੀਆਂ ਮਿਲਗੋਭਾ ਸਿੱਖਿਆਵਾਂ ਨਹੀਂ ਸਨ। ਭਗਤੀ ਦੇ ਸਿਧਾਂਤ ਨੂੰ ਯਥਾਰਥਵਾਦ ਵਾਲੇ ਪਾਸੇ ਲਿਆ ਕੇ ਨਿਖਾਰ ਕੇ ਗੁਰੂ ਨਾਨਕ ਦੇਵ ਜੀ ਨੇ ਹੀ ਪੇਸ਼ ਕੀਤਾ। ਇਸੇ ਲਈ ਹੀ ਗੁਰੂ ਨਾਨਕ ਦੇਵ ਜੀ ਦੇ ਚੇਲੇ ਅਸੂਲ ਦੇ ਪੱਕੇ ਤੇ ਨਿਰਪੱਖ ਸਿੱਧ ਹੋਏ। ਇਸ ਤੋਂ ਛੁੱਟ ਗੁਰੂ ਜੀ ਨੇ ਬੜੀ ਪਕਿਆਈ ਨਾਲ ਘਰ-ਤਿਆਗ ਦੀ ਵਿਰੋਧਤਾ ਕਰ ਕੇ ਅਤੇ ਆਪਣੇ ਪੁੱਤਰ ਸ੍ਰੀਚੰਦ ਨੂੰ ਗੱਦੀ ਤੋਂ ਅੱਡ ਕਰ ਕੇ ਆਪਣੇ ਅਸੂਲਾਂ ਨੂੰ ਮਿਟਣ ਤੋਂ ਬਚਾ ਲਿਆ। ਜਿਥੇ ਭਗਤੀ ਸੰਪਰਦਾ ਦੇ ਬਾਕੀ ਆਗੂ ਅਸਫ਼ਲ ਰਹੇ ਸਨ, ਉਥੇ ਗੁਰੂ ਨਾਨਕ ਦੇਵ ਜੀ ਨੇ ਸਫ਼ਲਤਾ ਪ੍ਰਾਪਤ ਕੀਤੀ। ਇਸੇ ਲਈ ਗੁਰੂ ਨਾਨਕ ਦੇਵ ਜੀ ਨੂੰ ਭਾਰਤ ਦੇ ਧਾਰਮਿਕ ਇਤਿਹਾਸ ਵਿਚ ਨਾਮਣਾ ਮਿਲਿਆ ਹੈ ਅਤੇ ਉੱਚ ਅਸਥਾਨ ਪ੍ਰਾਪਤ ਹੈ।

(11/1958)

ਗੁਰੂ ਨਾਨਕ ਸਾਹਿਬ ਦਾ ਭਗਤ-ਮਤ

ਅਦੁੱਤੀ ਵੈਦ ਤੇ ਆਗੂ ਗੁਰੂ ਨਾਨਕ ਸਾਹਿਬ ਨੇ ਸਮੇਂ ਦੇ ਭਾਰਤੀ ਸਮਾਜ ਦੇ ਸਰੀਰ ਅਤੇ ਆਤਮਾ ਦੇ ਮਾਰੂ ਰੋਗਾਂ ਦੀ ਜਿਸ ਤਰ੍ਹਾਂ ਛਾਣ-ਬੀਣ ਕੀਤੀ, ਜਿਸ ਤਰ੍ਹਾਂ ਉਸ ਰੋਗ ਦਾ ਕਾਰਨ ਲੱਭਿਆ ਅਤੇ ਜਿਸ ਤਰ੍ਹਾਂ ਉਸ ਦਾ ਕਾਟਵਾਂ ਅਤੇ ਸਦੀਵੀ ਇਲਾਜ ਕੀਤਾ, ਉਸੇ ਦੀ ਮਹਾਨਤਾ ਹੀ ਹੈ ਕਿ ਅੱਜ ਵੀ ਲੋਕ-ਬੁੱਲ੍ਹਾਂ 'ਤੇ ਇਹ ਆਵਾਜ਼ ਟੁਣਕਦੀ ਹੈ:

ਆ ਗਿਆ ਜੀ ਬਾਬਾ ਵੈਦ ਰੋਗੀਆਂ ਦਾ।

ਗੁਰੂ ਨਾਨਕ ਸਾਹਿਬ ਨੇ ਜਿਥੇ ਅਨੇਕਾਂ ਸਰੀਰਕ ਰੋਗੀਆਂ ਦੀਆਂ ਚੀਜ਼ਾਂ ਨੂੰ ਘਟਾਇਆ, ਉਹਨਾਂ ਦੇ ਹਉਕਿਆਂ ਨੂੰ ਠਾਰਿਆ, ਉਥੇ ਉਸ ਤੋਂ ਵੱਧ ਆਤਮ ਰੋਗੀਆਂ ਦੀ 'ਹਾ-ਹਾ' ਕਰਦੀ ਵਿਲ੍ਹਕ ਨੂੰ ਇਕ ਵਿਸ਼ੇਸ਼ ਸ਼ਾਂਤ ਛੱਟਾ ਮਾਰਿਆ। ਨਿਰਸੰਦੇਹ ਭਾਰਤੀ ਹਿੰਦੂ ਮਤ ਭਗਤੀ ਦਾ ਮਤ ਹੀ ਹੈ, ਇਸ ਦੇ ਵੇਦਾਂ, ਸ਼ਾਸਤਰਾਂ, ਉਪਨਿਸ਼ਦਾਂ ਤੇ ਗੀਤਾ ਨੇ ਭਗਤੀ-ਜੋਗ ਨੂੰ ਦ੍ਰਿੜ੍ਹਾਇਆ। ਪਰ ਭਗਤੀ ਦੀ ਸ਼ੁੱਧ ਸਮੱਗਰੀ ਪਾ ਕੇ ਮਿਲਾਵਟ ਨਾਲ ਝੂਠ ਦੀਆਂ ਦੁਕਾਨਾਂ ਤੋਂ ਵਿਕਣ ਲੱਗ ਪਈ। ਅਧਿਆਤਮਕ ਚਾਨਣੇ ਵਿਚ ਸੁਆਰਥ ਦੀ ਕਾਲਖ ਰਲਦੀ ਗਈ ਤੇ ਇਹ ਕਾਲਖ ਹੌਲੀ-ਹੌਲੀ ਏਨੀ ਵਧ ਗਈ ਕਿ ਸੱਚ ਦੇ ਚੰਦਰਮਾ ਨੂੰ ਛੁਪਾ ਦੇਣ ਵਿਚ ਸਫ਼ਲ ਹੋ ਗਈ ਅਤੇ ਗੁਰੂ ਨਾਨਕ ਸਾਹਿਬ ਦੇ ਸ਼ਬਦਾਂ ਵਿਚ 'ਹਉ ਭਾਲ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥' ਭੁੱਖੀਆਂ ਆਤਮਾਵਾਂ ਨਾਮ ਦੇ ਭੰਡਾਰੀਆਂ ਕੋਲ ਜਾਂਦੀਆਂ, ਭੰਡਾਰੀ (ਧਾਰਮਿਕ ਆਗੂ) ਜੋ ਵਾਸਤਵ ਵਿਚ ਆਪ 'ਨਾਮ ਵਿਹੂਣੇ' ਸਨ, ਉਹ 'ਰੋਟੀਆਂ ਕਾਰਨ ਪੂਰੇ ਤਾਲ' ਹੀ ਕਰ ਰਹੇ ਸਨ। ਸਵਾਰਥ ਦੀ ਭੜਕਦੀ ਤ੍ਰਿਸ਼ਨਾਂ ਨੂੰ ਤ੍ਰਿਪਤਾਉਣ ਲਈ ਨਾਮ ਨੂੰ ਵੇਚ ਰਹੇ ਸਨ। ਇਸ ਦੁਖਦਾਈ ਅਵਸਥਾ ਨੂੰ ਵੇਖ ਕੇ ਭਗਤ-ਆਤਮਾ ਅੰਦਰੋਂ ਧ੍ਰਿਕਾਰ ਨਿਕਲੀ:

ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥ *(ਪੰਨਾ ੧੨੪੫)*

ਉਹਨਾਂ ਧਰਮ ਆਗੂਆਂ ਦੀ ਮਾਨਸਿਕ ਅਤੇ ਵਿਵਹਾਰਕ ਇਕ ਯਥਾਰਥਕ ਤਸਵੀਰ ਖਿੱਚੀ:

ਐ ਜੀ ਬਹੁਤੇ ਭੇਖ ਕਰਹਿ ਭਿਖਿਆ ਕਉ ਕੇਤੇ ਉਦਰੁ ਭਰਨ ਕੈ ਤਾਈ॥ *(ਪੰਨਾ ੫੦੪)*
ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ॥
ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ॥
ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ॥
ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ॥ *(ਪੰਨਾ ੧੪੦)*

ਭਗਤੀ ਦੇ ਮਾਰਗ 'ਤੇ ਟੋਰਨ ਵਾਲੇ ਤਿੰਨੇ ਮਹਾਨ ਆਗੂ ਸੁਆਰਥ ਦੀ ਹਵਸ ਵਿਚ ਜਨਤਾ ਨੂੰ ਕੁਰਾਹੇ ਪਾ ਕੇ ਕਈ ਜੁਗਤੀਆਂ ਨਾਲ ਲੁੱਟ ਰਹੇ ਸਨ। ਅਧਿਆਤਮਕ ਮੰਡਲ ਉਸਾਰਨ

ਵਾਲੇ ਸਗੋਂ ਉਜਾੜਾ ਪਾ ਰਹੇ ਸਨ:

ਕਾਦੀ ਕੂੜੁ ਬੋਲਿ ਮਲੁ ਖਾਇ ॥
ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥
ਤੀਨੇ ਓਜਾੜੇ ਕਾ ਬੰਧੁ ॥ (ਪੰਨਾ ੬੬੨)

ਸੁਆਰਥ ਦਾ ਹਲਕ ਇਥੋਂ ਤਕ ਵਧ ਗਿਆ ਕਿ ਧਰਮ ਆਗੂਆਂ ਨੂੰ ਇਕ ਥਾਂ ਬੈਠੇ ਮਿਲਦੇ ਚੜ੍ਹਾਵੇ ਨਾਲ ਸੰਤੁਸ਼ਟਤਾ ਨਹੀਂ ਸੀ ਹੁੰਦੀ ਤੇ ਸ਼ਾਇਦ ਚੇਲੇ ਵੀ ਆਪਣੇ ਦੰਭੀ ਰਹਿਬਰਾਂ ਨੂੰ ਜਾਣ ਚੁੱਕੇ ਸਨ। ਗੁਰੂਆਂ ਨੇ ਚੇਲਿਆਂ ਦੇ ਘਰਾਂ ਵਿਚ ਜਾਣਾ ਸ਼ੁਰੂ ਕਰ ਦਿੱਤਾ। ਚੇਲੇ ਸਾਜ਼ ਵਜਾਉਂਦੇ ਅਤੇ ਗੁਰੂ ਅਨੇਕ ਪ੍ਰਕਾਰ ਦੇ ਨਾਚ ਕਰਦੇ। ਗੁਰੂ ਦੇ ਜੀਵਨ ਦਾ ਪ੍ਰਭਾਵ ਹੋਰਨਾਂ 'ਤੇ ਅਵੱਸ਼ ਹੋਣਾ ਸੀ। ਆਤਮਾ ਦੁਖੀ ਹੋਈ ਤੜਪਣ ਲੱਗ ਪਈ। ਅਜਿਹੀ ਘੋਰ ਕਾਲੀ ਰਾਤ ਵਿਚ ਸੱਚ ਦੇ ਚੰਦਰਮਾ ਦਾ ਫੇਰ ਪ੍ਰਕਾਸ਼ ਕਰਨਾ ਸੱਚਮੁੱਚ ਹੀ ਕਰਾਮਾਤ ਸੀ; ਉਸ ਰੌਸ਼ਨੀ ਨੇ ਕਾਲੇ ਰਾਹਾਂ ਤੋਂ ਪਰਦਾ ਚੁੱਕਿਆ, ਜਨਤਾ ਨੂੰ ਸੋਝੀ ਹੋਈ ਕਿ ਕਿਵੇਂ ਅੰਨ੍ਹੇ ਆਗੂ ਉਹਨਾਂ ਨੂੰ ਵੀ ਅੰਨ੍ਹਿਆਂ ਕਰ ਕੇ ਖੂਹ ਵਿਚ ਠੇਲ੍ਹ ਰਹੇ ਸਨ, ਆਕਾਸ਼ ਉਡਾਰੀ ਮਾਰਨ ਦੀ ਥਾਂ ਰਸਾਤਲ ਵੱਲ ਲਿਜਾ ਰਹੇ ਸਨ। ਜਨਤਾ ਦੇ ਮੁਰਸ਼ਦ ਜਨਤਾ ਨੂੰ ਅਜਿਹੀ ਜ਼ਹਿਰ ਪਿਆਲ ਰਹੇ ਸਨ, ਜੋ ਹੌਲੀ-ਹੌਲੀ ਉਹਨਾਂ ਦੀ ਆਤਮਾ ਨੂੰ ਘੁਣ ਵਾਂਗ ਖਾ ਰਹੀ ਸੀ। ਆਦਮੀ ਉਹੋ ਕੁਝ ਬਣ ਜਾਂਦਾ ਹੈ ਜਿਹੋ ਜਿਹਾ ਕਿ ਉਹ ਸੋਚਦਾ ਹੈ। ਐਸੇ ਵਾਤਾਵਰਣ ਵਿਚ ਜਨਤਾ ਗਿਆਨ ਬਿਨਾਂ ਅੰਨ੍ਹੀ ਹੋਈ ਟੱਕਰਾਂ ਖਾ ਰਹੀ ਸੀ। ਫੇਰ ਸੁਆਰਥ ਦਾ ਇਹ ਵੀ ਖ਼ਾਸਾ ਹੈ ਕਿ ਉਹ ਆਪਣੇ ਮਨ ਮਰਜ਼ੀ ਦੇ ਗੁਰੂ ਬਣਾ ਲੈਂਦਾ ਹੈ, ਮਰਜ਼ੀ ਦੇ ਸਿਧਾਂਤ, ਮਰਜ਼ੀ ਦੀਆਂ ਰਸਮਾਂ ਬਣਾ ਲੈਂਦਾ ਹੈ; ਏਕਤਾ ਨੂੰ ਵੇਖਣ ਦੀ ਥਾਂ ਅਨੇਕਤਾ ਦੇ ਸਵਾਦ ਲੋਚਦਾ ਹੈ, ਪਰ ਅਨੇਕਤਾ ਵਿਚ ਏਕਤਾ ਨਾ ਦੇਖ ਸਕਣ ਕਾਰਣ ਕਾਲ-ਚੱਕਰ ਵਿਚ ਪਿਆ ਰਹਿੰਦਾ ਹੈ। ਪਰ ਇਸ ਮੌਤ-ਚੱਕਰ ਤੋਂ ਇਨਸਾਨ ਨੂੰ ਬਚਾਉਣ ਲਈ ਗੁਰੂ ਨਾਨਕ ਸਾਹਿਬ ਨੂੰ ਇਹ ਹੋਕਾ ਦੇਣਾ ਪਿਆ:

ਏਕੋ ਹੈ ਭਾਈ ਏਕੋ ਹੈ॥

ਉਹਨਾਂ ਦੀ ਸੱਧਰ ਸੀ ਕਿ ਮਨੁੱਖ ਦੀ ਖਿੰਡੀ ਸ਼ਕਤੀ ਫੇਰ ਇਕੱਠੀ ਕੀਤੀ ਜਾਵੇ। ਇਸ ਏਕ-ਪੂਜਾ ਲਈ ਮਨੁੱਖੀ ਬਿਰਤੀ ਨੂੰ ਇਕ ਟੀਚੇ ਵੱਲ ਕੇਂਦਰਿਤ ਕਰਨ ਲਈ, ਭਾਰਤੀ ਪੁਰਾਤਨ ਹਿੰਦੂ ਵਿਚਾਰ ਵਿਚ ਇਕ ਅਨੋਖਾ ਪਰਿਵਰਤਨ ਲਿਆਂਦਾ। ਉਹਨਾਂ ਦੱਸਿਆ ਕਿ ਜਿਥੇ ਅਨੇਕ ਦੇਵ ਪੂਜਾ ਨਿਰਮੂਲ ਹੈ, ਨਿਸਫ਼ਲ ਹੈ[1], ਉਥੇ ਤ੍ਰੈ-ਪੱਖੀ ਜਾਂ ਤ੍ਰੈ-ਖੰਡੀ ਸ਼ਕਤੀਆਂ ਦੀ ਪੂਜਾ ਅਤੇ ਉਸ ਤੋਂ ਉਪਜੇ ਝਗੜੇ ਨੂੰ ਦੂਰ ਕਰਨ ਲਈ ਅਤੇ ਏਕਤਾ ਦੀ ਸਾਂਝੀ ਸ਼ਕਤੀ ਦਾ ਸੋਮਾ ਵਗਾਉਣ ਲਈ ਇਹ ਦਰਸਾਉਣਾ ਪਿਆ ਕਿ ਵਿਸ਼ਨੂੰ, ਬ੍ਰਹਮਾ ਅਤੇ ਸ਼ਿਵਜੀ ਸਰਬ-ਸ਼ਕਤੀਮਾਨ ਨਹੀਂ, ਨਾ ਹੀ ਤ੍ਰੈ-ਸ਼ਕਤੀ ਦੇ ਮਾਲਕ ਹਨ, ਨਾ ਕਾਲ-ਰਹਿਤ ਹਨ ਅਤੇ ਨਾ ਹੀ ਅਜੂਨੀ ਹਨ ਸਗੋਂ ਉਹ ਵੀ ਇਕ ਰੱਬ ਦੀ ਕਿਰਤ ਹਨ। ਉਹ ਤਾਂ ਏਨੀ ਸੀਮਿਤ ਸੀਮਾ ਵਿਚ ਹਨ ਕਿ ਕਰਤਾ (ਅਕਾਲ ਪੁਰਖ) ਨੂੰ ਵੇਖਣ ਤੋਂ ਵੀ ਅਸਮਰੱਥ ਹਨ।[2] ਇਸ ਲਈ ਦ੍ਰਿੜ੍ਹ ਕਰਾਇਆ ਕਿ ਇਹਨਾਂ ਵਿਚੋਂ ਕੌਣ ਸ੍ਰੇਸ਼ਟ ਹੈ, ਦੇ ਝਗੜੇ ਨੂੰ ਖ਼ਤਮ ਕਰ ਕੇ ਕਿਉਂ ਨਾ ਇਹਨਾਂ ਦੀ ਵੀ ਰਚਨਹਾਰ ਵੱਲ ਧਿਆਨ ਦੀ ਇਕਾਗਰਤਾ ਕੀਤੀ ਜਾਵੇ। ਇਸ ਨਾਲ ਸਰਬ ਮਨੁੱਖਾਂ ਦੇ ਭਿੰਨ-ਭਿੰਨ ਇਸ਼ਟ-ਪੂਜ

ਵਿਰੋਧ ਮਿਟ ਜਾਣਗੇ, ਸਰਬ ਜਾਤੀਆਂ ਇਕ ਲੜੀ ਵਿਚ ਪਰੁੱਤੀਆਂ ਜਾਣਗੀਆਂ।

ਇਹ ਠੀਕ ਹੈ ਕਿ ਉਸ ਏਕ ਪ੍ਰਭੂ ਨੂੰ ਪਾਉਣਾ ਜੋ ਅਗਮ, ਅਗੋਚਰ ਤੇ ਅਸਗਾਹ ਹੈ, ਬੜਾ ਕਠਿਨ ਹੈ। ਉਸ ਬੇਅੰਤ ਪ੍ਰਭੂ ਨਾਲ ਮਿੱਤਰਤਾ ਪਾਉਣ ਲਈ ਤਾਂ ਆਪਣਾ ਸਾਰਾ ਧਿਆਨ ਉਸ ਵੱਲ ਲਗਾਉਣਾ ਜ਼ਰੂਰੀ ਹੈ ਪਰ ਧਿਆਨ ਲਗਾਉਣਾ ਕੋਈ ਸੌਖਾ ਨਹੀਂ। ਮਨ ਦੀ ਚੰਚਲਤਾ, ਚਤੁਰਾਈ ਹੀ ਕਿਹੜੀ ਘੱਟ ਹੈ। ਰੱਬੀ ਭਗਤਾਂ ਨੇ ਵੀ ਇਹ ਸਮਝ ਲਿਆ ਕਿ ਮਨ ਨੂੰ ਟਿਕਾਣੇ ਲਿਆਉਣ ਲਈ ਇਸ ਨੂੰ ਅਤੇ ਇਸ ਦੇ ਚੋਲੇ (ਸਰੀਰ) ਨੂੰ ਸਜ਼ਾ ਦੇਣ ਦੀ ਲੋੜ ਹੈ। ਇੰਜ ਕਰਨ ਲਈ ਉਹਨਾਂ ਕਠਿਨ ਤੋਂ ਕਠਿਨ ਤਪ ਕੀਤੇ। ਕੁਝ ਇਕ ਨੇ ਚੰਗਾ ਹੱਲ ਇਹ ਲੱਭਿਆ ਕਿ ਜਿਹੜਾ ਜਗਤ ਉਹਨਾਂ ਦੇ ਮਨ ਨੂੰ ਖਿੱਚਾਂ ਪਾਉਂਦਾ ਹੈ, ਉਸ ਨੂੰ ਤਿਆਗ ਕੇ ਜੰਗਲਾਂ ਵਿਚ ਹੀ ਜਾ ਬਸੇਰਾ ਕੀਤਾ ਜਾਵੇ। ਨਾ ਦੁਨੀਆਂ ਦੀ ਮਾਇਆ ਦਿਸੇ ਤੇ ਨਾ ਮਨ ਭੜਕੇ। ਪਰ ਮਨ ਇਸ ਤਰ੍ਹਾਂ ਵੀ ਕਿਵੇਂ ਟਿਕ ਸਕਦਾ ਹੈ। ਜਿਸ ਮਨ ਨੇ ਦੁਨੀਆਂ ਦਾ ਨਜ਼ਾਰਾ ਵੇਖਿਆ ਹੋਵੇ, ਜਿਹੜੇ ਸੁਆਦ ਉਸ ਨੇ ਅਨੁਭਵ ਕੀਤੇ ਹੋਣ ਉਹ ਤਾਂ ਜੰਗਲ ਵਿਚ ਵੀ ਉਸ ਨੂੰ ਤੰਗ ਕਰਨ ਬਿਨਾਂ ਨਹੀਂ ਰਹਿ ਸਕਦੇ। ਗੁਰਬਾਣੀ ਨੇ ਇਸ ਸਚਾਈ ਨੂੰ ਇਉਂ ਪ੍ਰਗਟਾਇਆ ਹੈ :

ਪ੍ਰਿਅਰ ਤਾਪ ਗੇਰੀ ਕੇ ਬਸਤ੍ਰਾ ॥
ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ॥
ਦੇਸੁ ਛੋਡਿ ਪਰਦੇਸਹਿ ਧਾਇਆ ॥
ਪੰਚ ਚੰਡਾਲ ਨਾਲੇ ਲੈ ਆਇਆ ॥ *(ਪੰਨਾ ੧੩੪੮)*

ਇਹ ਅਨੁਭਵ ਕੀਤਾ ਗਿਆ ਕਿ ਮਨ ਨੂੰ ਭੜਕਾਉਣ ਵਾਲੀਆਂ ਸਰੀਰ ਦੀਆਂ ਲੋਚਾਂ ਹਨ। ਸਰੀਰ ਦੇ ਇੰਦਰੇ ਬਾਹਰ ਦਾ ਰੁਖ਼ ਕਰੀ ਬੈਠੇ ਹਨ ਅਤੇ ਆਪਣੀ ਲੋਚਾ-ਪੂਰਤੀ ਲਈ ਲਊਂ-ਲਊਂ ਪਏ ਕਰਦੇ ਹਨ। ਮਨ ਨੂੰ ਸੋਧਣ ਲਈ ਜ਼ਰੂਰੀ ਸਮਝਿਆ ਗਿਆ ਕਿ ਇਸ ਦੇ ਨਿਵਾਸ ਅਸਥਾਨ (ਸਰੀਰ) ਨੂੰ ਕਰੜੀ ਸਜ਼ਾ ਦਿੱਤੀ ਜਾਵੇ। ਇਸ ਨੂੰ ਅਗਨੀ ਵਿਚ ਸਾੜਿਆ ਜਾਵੇ, ਧੂੰਏਂ ਨਾਲ ਧੁਆਂਖਿਆ ਜਾਵੇ, ਬਰਫ਼ਾਂ ਵਿਚ ਠਾਰਿਆ ਜਾਵੇ, ਇਕ ਮਹਾਨ ਚੋਰ, ਡਾਕੂ ਜਾਂ ਹਤਿਆਰੇ ਵਾਂਗ ਦਰੱਖ਼ਤਾਂ ਨਾਲ ਜਾਂ ਖੂਹਾਂ ਵਿਚ ਸਜ਼ਾ ਵਜੋਂ ਪੁੱਠਾ ਲਟਕਾਇਆ ਜਾਵੇ। ਜੇ ਫੇਰ ਵੀ ਨਾ ਮੁੜੇ ਤੇ ਜ਼ਰਾ ਜਿੰਨੀ ਸੁਹਲਤਾ ਰਹਿ ਜਾਵੇ ਤਾਂ ਸੁੰਦਰ ਕੇਸਾਂ ਨੂੰ ਰੁੱਖਾਂ ਨਾਲ ਬੰਨ੍ਹ ਕੇ ਲਟਕੇ। ਇਸੇ ਦ੍ਰਿਸ਼ਟੀ ਤੋਂ ਕੋਈ ਜੈਨੀ ਸਿਰ ਦਾ ਇਕ-ਇਕ ਵਾਹ ਖੋਂਹਦਾ ਰਚੇ। ਉਸ ਦੀ (ਮਨ ਦੀ) ਸੁਗੰਧੀ ਮਾਨਣ ਦੀ ਵਾਸ਼ਨਾ ਨੂੰ ਰੋਕਣ ਲਈ 'ਅਲ ਮਲ' ਖਵਾਈ, ਗੰਦਗੀ ਦੀ ਭੜਾਸ ਦਿਵਾਈ, ਕਈਆਂ ਨੇ ਮੜ੍ਹੀਆਂ ਮਸਾਣਾਂ ਵਿਚ ਜਾ ਡੇਰੇ ਲਾਏ ਤੇ ਮਿਲਿਆ ਕੀ ? ਪਛਤਾਵਾ[3]। ਚੰਗਾ ਤਾਂ ਸੀ ਕਿ ਮਨ ਘੋੜੇ ਦੀਆਂ ਲਗਾਮਾਂ ਖਿੱਚ ਕੇ ਰੱਖੀਆਂ ਜਾਣ ਤੇ ਉਸ ਦੁਆਰਾ ਮੰਜ਼ਲ 'ਤੇ ਪੁੱਜਿਆ ਜਾਵੇ। ਉਲਟਾ ਉਸ ਨੂੰ ਮਾਰਨ ਦੇ ਉਪਰਾਲੇ ਕੀਤੇ ਜਾਂਦੇ ਰਹੇ। ਜਦ ਕੋਈ ਜੀਵ ਮੁਰਦਾ ਹੀ ਹੋ ਜਾਵੇ, ਉਸ ਨੇ ਸੌਰਨਾ ਕੀ ਹੋਇਆ। ਮਨ ਨੂੰ ਕੇਵਲ ਸ਼ੈਤਾਨ ਸਮਝਣਾ ਤਾਂ ਉਸੇ ਤਰ੍ਹਾਂ ਦੀ ਹੀ ਹਾਲਤ ਤੇ ਵਿਚਾਰ ਹੈ ਜਿਵੇਂ ਕੋਈ ਐਟਮੀ ਸ਼ਕਤੀ ਨੂੰ ਭੈੜਿਆਂ ਆਖ ਦੇਵੇ ਤੇ ਕਿਹਾ ਜਾਵੇ ਕਿ ਇਸ ਦਾ ਪ੍ਰਯੋਗ ਖ਼ਤਮ ਕਰ ਦਿਉ। ਦੂਜੇ ਪਾਸੇ ਇਹ ਅਹਿਸਾਸ ਹੀ ਨਾ ਹੋਵੇ ਕਿ ਇਹ ਐਟਮੀ ਸ਼ਕਤੀ ਮਨੁੱਖੀ ਸਵਰਗ ਲਈ ਇਕ ਜ਼ਰੂਰੀ ਸਾਧਨ ਵੀ ਬਣ ਸਕਦੀ ਹੈ।

'ਰਾਮ ਦੀ ਅੰਸ' ਦੀ ਨਿਰਾਦਰੀ ਕੀਤੀ ਜਾ ਰਹੀ ਸੀ, ਉਸ ਨੂੰ ਰੁਲਾਇਆ ਜਾ ਰਿਹਾ

ਸੀ। ਉਸ ਦੀ ਰਚਨਾ ਨੂੰ ਸੰਵਾਰ ਕੇ ਰੱਖਣਾ, ਵਧੇਰੇ ਗੁਣਦਾਇਕ ਬਣਾਉਣਾ ਤਾਂ ਉਸ ਦੀ ਰਜ਼ਾ ਹੈ, ਉਸ ਦੀ ਖ਼ੁਸ਼ੀ ਹੈ, ਉਸਦੀ ਬਖ਼ਸ਼ਿਸ਼ ਦਾ ਕਾਰਨ ਬਣਨਾ ਹੈ। ਉਸ ਨੇ ਹੀ ਤਾਂ ਇਸ ਦੇਹੀ ਨੂੰ ਸਰਬੋਤਮ ਬਣਾਇਆ ਸੀ, ਜਿਸ ਨੂੰ ਦੇਵਤੇ ਵੀ ਲੋਚਦੇ ਤੇ ਸਿਮਰਦੇ ਹਨ।[4] ਸਾਰੀਆਂ ਜੂਨਾਂ ਇਸ ਦੀਆਂ ਪਾਣੀਹਾਰ ਹਨ। ਇਸ ਦੇਹੀ ਵਿਚ ਵੱਸਦਾ ਮਨ ਵੀ ਤਾਂ ਵਾਹਿਗੁਰੂ ਦੀ ਜੋਤਿ ਹੀ ਤਾਂ ਹੈ। ਇਸ ਨੂੰ ਬੁਝਾਇਆ ਕਿਉਂ ਜਾਵੇ ? ਜੋਤਿ ਬੁਝਾਉਣ ਲਈ ਨਹੀਂ ਸਗੋਂ ਝੱਖੜਾਂ ਤੋਂ ਬਚਾ ਕੇ ਹੋਰਨਾਂ ਨੂੰ ਚਾਨਣ ਦੇਣ ਲਈ ਹੈ। ਉਹ ਝੱਖੜ ਹਨ ਵਿਸ਼ੇ-ਵਿਕਾਸ ਜਿਨ੍ਹਾਂ ਤੋਂ ਇਸ ਨੂੰ ਸਹਿਜੇ ਹੀ ਰੋਕਿਆ ਜਾ ਸਕਦਾ ਹੈ। ਉਹਨਾਂ ਨੂੰ ਮਨ ਦੇ ਅਧੀਨ ਬਣਾ ਕੇ ਚੰਗੇ ਪਾਸੇ ਵਰਤਿਆ ਜਾ ਸਕਦਾ ਹੈ। ਸੋ ਭਗਤੀ ਦੁਆਰਾ ਮਨ ਨੂੰ ਮਾਰਨਾ ਨਹੀਂ, ਮਨ ਨੂੰ ਸਮਝਾਉਣਾ ਹੈ, ਕਾਬੂ ਵਿਚ ਰੱਖਣਾ ਹੈ। ਸਰੀਰ ਨੂੰ ਕਸ਼ਟ ਦੇ-ਦੇ ਕੇ ਤਬਾਹ ਨਹੀਂ ਕਰ ਦੇਣਾ ਸਗੋਂ ਇਸ ਨੂੰ ਚੰਗੀ ਕਾਰ ਵਿਚ ਲਾਉਣਾ ਹੈ। ਅੱਗਾਂ ਨਾਲ ਧੁਆਂਖਣਾ ਨਹੀਂ ਸਗੋਂ ਇਸ ਨੂੰ ਘਾਲ-ਕਮਾਈ ਦੀ ਭੱਠੀ ਵਿਚ ਪਾ ਕੇ ਕੁੰਦਨ ਬਣਾਉਣਾ ਹੈ। ਜਿਸ ਨਾਲ ਲੋੜਵੰਦਾਂ ਲਈ ਸਹਾਈ ਹੋਣਾ ਹੈ, ਊਣਿਆਂ ਨੂੰ ਭਰਪੂਰ ਕਰਨਾ ਹੈ।

ਗੁਰੂ ਨਾਨਕ ਸਾਹਿਬ ਨੇ ਇਸੇ ਕਰਕੇ ਰੱਬੀ ਰਚਨਾ ਨੂੰ ਮਹਾਨਤਾ ਦੇਂਦਿਆਂ, ਸਤਿਕਾਰਦਿਆਂ ਇਹ ਅਨੁਭਵ ਕਰਾਇਆ ਕਿ ਸੱਚੇ (ਪਰਮਾਤਮਾ) ਦੀ ਇਸ ਜਗਤ-ਕੋਠੜੀ ਵਿਚ ਵਾਸਾ ਰੱਖਣਾ ਜ਼ਰੂਰੀ ਹੈ ਕਿਉਂਕਿ ਇਹ ਬਣਾਈ ਹੀ ਮਨੁੱਖਾਂ ਲਈ ਹੈ, ਪਰ ਰਹਿਣ ਦੀ ਵੀ ਜਾਚ ਚਾਹੀਦੀ ਹੈ। ਇਸ ਤਰ੍ਹਾਂ ਨਾ ਹੋਵੇ ਕਿ ਦੁਨਿਆਵੀ ਪਦਾਰਥ ਜਿਹੜੇ ਮਨੁੱਖ ਦੇ ਸੁਖ ਲਈ ਹਨ, ਉਹ ਉਸ 'ਤੇ ਹਾਵੀ ਹੋ ਜਾਣ, ਮਨੁੱਖ ਨੂੰ ਖਿੱਚੀ ਫਿਰਨ ਅਤੇ ਮਨੁੱਖੀ ਮਨ ਪਦਾਰਥਾਂ ਦੇ ਭਾਰ ਥੱਲੇ ਦੱਬਿਆ ਉੱਚੀ ਉਡਾਰੀ ਨਾ ਮਾਰ ਸਕੇ। ਕਾਲਖ ਨਾਲ ਇਸ ਦੀ ਸੁੰਦਰਤਾ, ਕਰੂਪਤਾ ਵਿਚ ਨਾ ਵਟ ਜਾਵੇ। ਗ੍ਰਿਹਸਤ ਜ਼ਰੂਰੀ ਹੈ, ਗੱਡੀ ਦੇ ਦੋਹਾਂ ਪਹੀਆਂ ਵਾਂਗ ਨਿਸ਼ਾਨੇ 'ਤੇ ਅੱਪੜਨ ਲਈ, ਪਰ ਇਹ ਸਚਾਈ ਹੈ ਕਿ ਪਹੀਏ ਰਾਸ ਹੋਣ ਬਿਨਾਂ ਨਿਸ਼ਾਨੇ ਦੀ ਪ੍ਰਾਪਤੀ ਨਹੀਂ ਹੋ ਸਕਦੀ, ਨਹੀਂ ਤਾਂ ਖਜਲ-ਖੁਆਰ ਹੋਣਾ ਪਏਗਾ। ਭਾਵ ਇਹ ਹੈ ਕਿ ਗ੍ਰਿਹਸਤ ਵਿਚ ਰਹਿੰਦਿਆਂ ਹੀ ਉਦਾਸ ਰਿਹਾ ਜਾ ਸਕਦਾ ਹੈ। ਉਦਾਸ ਦਾ ਭਾਵ ਉਪਰਾਮਤਾ ਜਾਂ ਨਿਰਾਸਤਾ ਨਹੀਂ। 'ਉਦਾਸੀ' ਹੈ ਵਿਕਾਰਾਂ ਦਾ ਤਿਆਗ ਜਾਂ ਵਿਕਾਰਾਂ ਤੋਂ ਅਤੀਤ ਹੋਣਾ, ਉਸੇ ਤਰ੍ਹਾਂ ਜਿਵੇਂ ਕੰਵਲ ਫੁੱਲ ਅਤੇ ਮੁਰਗਾਈ ਜਲ ਵਿਚ ਰਹਿੰਦੇ, ਅਲਿਪਤ ਰਹਿੰਦੇ ਹਨ:

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥ (ਪੰਨਾ ੯੩੮)

ਸੋ ਭਗਤੀ, ਮਨ ਦੀ ਦੁਰਗਤੀ ਬਣਾਉਣੀ ਅਤੇ ਸਰੀਰ ਨੂੰ ਸੁਕਾਉਣਾ ਨਹੀਂ। ਭਗਤੀ ਹੈ ਰੱਬੀ ਪਿਆਰ। ਪਿਆਰ ਹੀ ਪਿਆਰੇ ਦੇ ਮਿਲਾਪ ਦਾ ਸਾਧਨ ਹੈ। ਜਦ ਪਿਆਰੇ ਨਾਲ ਪਿਆਰ ਕਰੋ, ਉਹ ਖ਼ੁਸ਼ ਹੋ ਕੇ ਬਖ਼ਸ਼ਿਸ਼ ਕਰੇਗਾ।

ਸੱਚਾ ਪਿਆਰ ਪਰਬਤ ਵਾਂਗ ਕਦੇ ਡੋਲ ਨਹੀਂ ਸਕਦਾ, ਸਗੋਂ ਹਰ ਔਕੜ ਜਾਂ ਰੁਕਾਵਟ ਪਿਆਰ ਨੂੰ ਸੁਰੰਗੀ ਕਰਦੀ ਹੈ। ਇਹ ਪਿਰਮ-ਪਿਆਲਾ ਖਸਮ ਦੀ ਦਾਤ ਜੁ ਹੋਈ। ਸਾਹਿਬ ਗੁਰੂ ਨਾਨਕ ਦੇਵ ਜੀ ਦਾ ਭਗਤੀ ਮਤ ਪਿਆਰ ਦਾ ਮਤ ਹੀ ਹੈ। ਪਿਆਰ ਕਿਸ ਤਰ੍ਹਾਂ ਦਾ ਹੋਵੇ ? ਆਪ ਫ਼ੁਰਮਾਉਂਦੇ ਹਨ:

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ ॥
ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ ॥...
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਮਛੁਲੀ ਨੀਰ ॥
ਜਿਉ ਅਧਿਕਉ ਤਿਉ ਸੁਖੁ ਘਣੋ ਮਨਿ ਤਨਿ ਸਾਂਤਿ ਸਰੀਰ ॥
ਬਿਨੁ ਜਲ ਘੜੀ ਨ ਜੀਵਈ ਪ੍ਰਭੁ ਜਾਣੈ ਅਭ ਪੀਰ ॥੨॥
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਾਤ੍ਰਿਕ ਮੇਹ ॥
ਸਰ ਭਰਿ ਥਲ ਹਰੀਆਵਲੇ ਇਕ ਬੂੰਦ ਨ ਪਵਈ ਕੇਹ ॥...
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੁਧ ਹੋਇ ॥
ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ ॥...
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ ॥
ਖਿਨੁ ਪਲੁ ਨੀਦ ਨ ਸੋਵਈ ਜਾਣੈ ਦੂਰਿ ਹਜੂਰਿ ॥ *(ਪੰਨਾ ੫੯-੬੦)*

ਪ੍ਰੇਮ ਅਵਸਥਾ ਵਿਚ ਪਿਆਰੇ ਦਾ ਨਾਮ ਹੀ ਜਪਿਆ ਜਾਂਦਾ ਹੈ, ਹਰ ਵੇਲੇ ਉਸੇ ਦਾ ਪਿਆਰ ਹੀ ਰਹਿੰਦਾ ਹੈ। ਰਾਤ ਨੂੰ ਸੁਪਨੇ ਵਿਚ ਵੀ ਉਹੋ ਦਿਸਦਾ ਹੈ ਤੇ ਪ੍ਰਾਣੀ ਬਰੜਾ ਕੇ ਉੱਠ ਪੈਂਦਾ ਹੈ। ਪ੍ਰੇਮੀ ਤਾਂ ਹਰ ਵੇਲੇ ਪਿਆਰ ਦੀ ਸਿਫ਼ਤ-ਸਲਾਹ ਵਿਚ ਲੱਗਾ ਰਹਿੰਦਾ ਹੈ। ਇਹ ਸਿਫ਼ਤ-ਸਲਾਹ ਹੀ ਅਸਲ ਭਗਤੀ ਹੈ:

ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ ॥
ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ ॥ *(ਪੰਨਾ ੪੬੬)*
ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥ *(ਪੰਨਾ ੪੬੮)*

ਪਿਆਰੇ ਦੇ ਮੇਲ ਲਈ ਬਹੁਤੀ ਚਤੁਰਾਈ ਦੀ ਲੋੜ ਨਹੀਂ, ਜਿਸ ਲਈ ਅਨੇਕਾਂ ਪੁਸਤਕਾਂ ਦਾ ਪਾਠ ਕੀਤਾ ਜਾਵੇ। ਉਹ ਤਾਂ ਭੋਲੇ-ਭਾਇ ਮਿਲ ਜਾਂਦਾ ਹੈ। ਇਹੋ ਗੱਲ ਹੀ ਪੱਲੇ ਬੰਨ੍ਹ ਲੈਣੀ ਕਾਫ਼ੀ ਹੈ:

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥ *(ਪੰਨਾ ੪੬੭)*

ਇਸ ਤਰ੍ਹਾਂ ਜਦੋਂ ਭਗਤ ਜਨ ਭਗਤੀ ਦੁਆਰਾ ਪਿਆਰੇ ਨਾਲ ਲੀਨ ਹੋ ਜਾਂਦੇ ਹਨ ਤਾਂ ਉਹਨਾਂ ਦੀ ਆਤਮਾ ਇਕ ਅਕਹਿ ਹੁਲਾਸ ਵਿਚ ਆ ਜਾਂਦੀ ਹੈ। ਜਿਹੜਾ ਭਗਤ ਹੈ ਉਹ ਕਦੀ ਕਰੁਝਦਾ ਨਹੀਂ, ਉਸ ਦੇ ਮੱਥੇ 'ਤੇ ਕਦੀ ਤਿਊੜੀ ਨਹੀਂ ਆਉਂਦੀ, ਉਹ ਕਦੇ ਕੌੜਾ ਨਹੀਂ ਬੋਲਦਾ। ਸਦਾ ਮਿੱਠਾ ਹੈ। ਉਸ ਅੰਦਰ ਕਦੀ ਵੀ ਵੈਰ-ਭਾਵ ਨਹੀਂ ਆਉਂਦਾ। ਸਾਰੇ ਉਸ ਦੀਆਂ ਨਜ਼ਰਾਂ ਵਿਚ ਇਕ-ਸਾਰ ਹਨ, ਉਸ ਦੇ ਅੰਦਰ ਦਾ ਉਮਾਹ ਉਸ ਨੂੰ ਸਦਾ ਖੇੜੇ ਵਿਚ ਰੱਖਦਾ ਹੈ:

ਨਾਨਕ ਭਗਤਾ ਸਦਾ ਵਿਗਾਸੁ॥ *(ਪੰਨਾ ੨)*

ਸੋ ਸਤਿਗੁਰੂ ਨਾਨਕ ਦੇਵ ਜੀ ਦਾ ਭਗਤੀ ਮਤਿ ਹੈ, ਪ੍ਰੇਮਾ-ਭਗਤੀ। ਭਗਤੀ ਦਾ ਸੰਬੰਧ ਹੈ ਆਤਮਾ ਨਾਲ। ਪਿਆਰ ਸਰੀਰਕ ਨਹੀਂ ਹੁੰਦਾ। ਹਾਂ, ਸਰੀਰ ਦੀ ਸਵੱਛਤਾ ਮਨ ਦੀ ਖ਼ੁਸ਼ੀ ਲਈ ਸਹਾਇਕ ਜ਼ਰੂਰ ਹੋ ਸਕਦੀ ਹੈ, ਪਰ ਜੇ ਆਤਮਾ ਨੂੰ ਮੈਲ ਲੱਗ ਜਾਵੇ ਤਾਂ ਉਹ ਸਰੀਰ ਦੇ ਧੋਣ ਨਾਲ ਦੂਰ ਨਹੀਂ ਹੋ ਸਕਦੀ। ਆਤਮਾ ਦੀ ਮੈਲ ਦੂਰ ਕਰਨ ਵਾਲਾ ਸਾਧਨ ਵੱਖਰਾ

ਹੀ ਹੈ। ਉਹ ਸਾਧਨ ਹੈ ਨਾਮ ਦਾ।[5] ਜਿਵੇਂ ਸਰੀਰ ਗੰਦਾ ਹੋ ਜਾਵੇ ਤਾਂ ਉਹ ਧੋਤਾ ਜਾਂਦਾ ਹੈ, ਇਸੇ ਤਰ੍ਹਾਂ ਮਨ ਨੂੰ ਨਿਤਾ-ਪ੍ਰਤਿ ਭਗਤੀ ਦੁਆਰਾ ਧੋਣਾ ਵੀ ਲਾਜ਼ਮੀ ਹੈ। ਇਸ ਲਈ ਕੋਈ ਵਿਸ਼ੇਸ਼ ਤੀਰਥ, ਵਿਸ਼ੇਸ਼ ਸਰੋਵਰ, ਵਿਸ਼ੇਸ਼ ਦਰਿਆ 'ਤੇ ਜਾ ਕੇ ਇਸ਼ਨਾਨ ਕਰਨ ਦੀ ਲੋੜ ਨਹੀਂ, ਕਿਉਂਕਿ:

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥ (ਪੰਨਾ ੪੭੨)

ਭਗਤੀ ਦਾ ਸੰਬੰਧ ਕਿਉਂਕਿ ਆਤਮਾ ਨਾਲ ਹੈ ਇਸ ਲਈ ਕਰਮ-ਕਾਂਡ ਦਾ ਕੀ ਨਾਤਾ? ਬਾਹਰਲੇ ਚਿੰਨ੍ਹਾਂ ਦੀ ਕੀ ਮਹੱਤਤਾ? ਉਸ ਦਾ ਨਿਵਾਸ ਅਸਥਾਨ ਆਤਮਾ ਹੈ। ਇਸ ਲਈ ਕੰਨ ਪੜਵਾਉਣੇ, ਮੁੰਦਰਾਂ ਪਾਉਣੀਆਂ, ਬਿਭੂਤੀਆਂ ਤੇ ਤਿਲਕ ਲਗਾਉਣੇ, ਚੱਕਰ ਬਣਾਉਣੇ ਅਤੇ ਗੇਰੂ ਪਹਿਰਾਵਾ ਪਹਿਨਣਾ ਭਗਤੀ ਲਈ ਕੋਈ ਮਹੱਤਤਾ ਨਹੀਂ ਰੱਖਦੇ। ਆਤਮਾ, ਪਰਮਾਤਮਾ ਦਾ ਨਿਵਾਸ ਅਸਥਾਨ ਹੋਣ ਕਰਕੇ ਇਸੇ ਦੀ ਸ਼ੁੱਧਤਾ ਦੀ ਜ਼ਰੂਰਤ ਹੈ। ਇਸ ਲਈ ਮਨੁੱਖ ਦਾ ਸਾਰਾ ਯਤਨ ਇਸ ਨਿਵਾਸ ਅਸਥਾਨ ਨੂੰ ਚੰਗਾ ਬਣਾਉਣ ਲਈ ਹੀ ਹੋਣਾ ਚਾਹੀਦਾ ਹੈ। ਪਿਆਰੇ ਦਾ ਮਨ ਅੰਦਰ ਨਿਵਾਸ ਹੋਣਾ, ਉਸ ਦੀ ਜਾਣਕਾਰੀ ਜਾਂ ਪ੍ਰਾਪਤੀ ਹੈ:

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥ (ਪੰਨਾ ੪੬੮)

ਜਿਵੇਂ ਕੋਰੇ ਕੱਪੜੇ 'ਤੇ ਕੋਈ ਰੰਗ ਨਹੀਂ ਚੜ੍ਹ ਸਕਦਾ, ਪਹਿਲਾਂ ਉਸ ਨੂੰ ਖੁੰਬ ਚੜ੍ਹਾਉਣਾ ਪੈਂਦਾ ਹੈ, ਇੰਜ ਹੀ ਮਾਲਕ ਦੇ ਡਰ ਰੂਪੀ ਖੁੰਬ ਇਸ ਮਨ ਨੂੰ ਚਾੜ੍ਹਨ ਦੀ ਲੋੜ ਹੈ ਤੇ ਫਿਰ ਮਿਹਨਤ ਰੂਪੀ ਪਾਹ, ਤਾਂ ਭਗਤੀ ਦੁਆਰਾ ਪਿਆਰ ਰੂਪੀ ਗੂੜ੍ਹਾ ਰੰਗ ਚੜ੍ਹ ਸਕਦਾ ਹੈ:

ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥
ਭੈ ਵਿਚਿ ਖੁੰਭਿ ਚੜਾਈਐ ਸਰਮੁ ਪਾਹੁ ਤਨਿ ਹੋਇ ॥
ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥ (ਪੰਨਾ ੪੬੮)

ਗੁਰੂ ਨਾਨਕ ਦੇਵ ਜੀ ਅਨੁਸਾਰ ਭਗਤੀ ਸਹਿਜ-ਗਤੀ ਜਾਂ ਸਹਿਜ-ਜੋਗ ਹੈ। ਇਕ-ਰਸ ਟਿਕਾਅ, ਇਹ ਭਗਤੀ ਰੰਗਣ ਮਜੀਠੇ ਦੇ ਰੰਗ ਵਾਲੀ ਹੈ, ਘੱਟ ਸ਼ੋਖ਼, ਪਰ ਗੂੜ੍ਹੇ ਪੱਕੇ ਰੰਗ ਵਾਲੀ, ਕਸੁੰਭੜੇ ਵਾਲੀ ਨਹੀਂ ਜੋ ਛੇਤੀ ਹੀ ਉਤਰ ਜਾਵੇ, ਇਸ ਨਾਲ:

ਸਹਿਜੇ ਹੀ ਸਚਿ ਸਮਾਇਆ॥

ਮਨ 'ਤੇ ਕਾਬੂ ਪਾਉਣ ਲਈ ਗਿਆਨ ਜ਼ਰੂਰੀ ਹੈ ਪਰ ਨਿਰਾ ਗਿਆਨ ਖ਼ੁਸ਼ਕ ਪੰਡਤਾਈ ਹੈ। ਗੀਤਾ ਵਿਚ ਗਿਆਨ ਦੇ ਨਾਲ ਭਗਤੀ ਨੂੰ ਮਿਲਾ ਕੇ ਪਹਿਲਾ ਦਰਜਾ ਦਿੱਤਾ ਹੈ। ਭਗਤੀ ਬਿਨਾਂ ਗਿਆਨ ਬੇਕਾਰ ਹੈ। ਭਗਤੀ ਕੀਤਿਆਂ ਗਿਆਨ ਆਪੇ ਹੀ ਆ ਜਾਂਦਾ ਹੈ।[6] ਕਈ ਵਾਰੀ ਇਨਸਾਨ ਦਿਮਾਗ਼ੀ ਘੁੰਤਰਾਂ ਵਿਚ ਪੈ ਕੇ ਵਿਸ਼ਵਾਸ ਖੋ ਬੈਠਦਾ ਹੈ। ਜੇ ਸਲਾਮ ਕਰਦਾ ਹੈ ਤਾਂ ਉੱਤੋਂ-ਉੱਤੋਂ, ਮਨ ਉਸ ਦਾ ਗਿਆਨ ਦੇ ਸੰਦੇਹ ਅਫਾਰੇ ਨਾਲ ਟਿਕਦਾ ਨਹੀਂ, ਜਵਾਬ-ਸਵਾਲ ਕਰਦਾ ਹੈ ਅਤੇ ਤੰਗ ਹੁੰਦਾ ਹੈ।[7] ਭਗਤੀ ਵਿਚ ਸ਼ਰਧਾ ਜ਼ਰੂਰੀ ਹੈ, ਸ਼ਰਧਾ ਬਿਨਾਂ ਕਿਸੇ ਦੀ ਭਗਤੀ ਹੋ ਹੀ ਨਹੀਂ ਸਕਦੀ।

ਸ੍ਰੀ ਡੀ.ਐਸ. ਸ਼ਰਮਾ ਨੇ ਤਿੰਨ ਦਰਜਿਆਂ ਦੀ ਭਗਤੀ ਦੱਸੀ ਹੈ। ਪਹਿਲੀ ਹੈ 'ਵਾਹਯ

ਭਗਤੀ' ਜਿਹੜੀ ਬਾਹਰਮੁਖੀ ਹੈ, ਜਿਸ ਵਿਚ ਤੀਰਥ ਯਾਤਰਾ, ਇਸ਼ਨਾਨ ਘਾਟ ਅਤੇ ਮੰਦਰਾਂ ਆਦਿ ਵਿਚ ਜਾਣਾ ਸ਼ਾਮਲ ਹੈ। ਇਹ ਵਧੇਰੇ ਕਰਕੇ ਚਿੰਨ੍ਹਾਂ ਦੀ ਪੂਜਾ ਹੈ। ਦੂਜੀ ਹੈ ਅਨਿੰਨ ਭਗਤੀ, ਜਿਹੜੀ ਕਿ ਕੇਵਲ ਇਕ ਇਸ਼ਟ ਦੇਵਤਾ ਦੀ ਪੂਜਾ ਦ੍ਰਿੜ੍ਹਾਉਂਦੀ ਹੈ। ਤੀਜੀ ਹੈ 'ਇਕਾਂਤ ਭਗਤੀ'। ਇਕਾਂਤ ਤੋਂ ਭਾਵ ਜੰਗਲ ਆਦਿ ਵਿਚ ਜਾਣਾ ਨਹੀਂ। ਸ੍ਰੀ ਸ਼ਰਮਾ ਦੇ ਸ਼ਬਦਾਂ ਵਿਚ ਆਖ਼ਰੀ ਇਕਾਂਤ ਭਗਤੀ ਹੈ ਜਿਹੜੀ ਕਿ ਸਭ ਤੋਂ ਪਵਿੱਤਰ (ਸਾਤਵਿਕ) ਪ੍ਰਕਾਰ ਦੀ ਭਗਤੀ ਹੈ। ਇਥੇ ਭਗਤ ਪਰਮਾਤਮਾ ਨੂੰ ਪਰਮਾਤਮਾ ਕਰਕੇ ਧਿਆਉਂਦਾ ਹੈ, ਉਸ ਦੀਆਂ ਦਾਤਾਂ ਕਰਕੇ ਨਹੀਂ। ਦੁਨੀਆਂ ਦੇ ਨਿਯਮਾਂ ਵਿਚ ਉਸ ਨੂੰ ਧਿਆਉਣ ਦੀ ਥਾਂ ਵਧੇਰੇ ਕਰਕੇ ਉਸ ਦੀਆਂ ਅਧਿਆਤਮਕ ਤੇ ਪਦਾਰਥਕ ਦਾਤਾਂ ਨੂੰ ਧਿਆਇਆ ਜਾਂਦਾ ਹੈ।[8]

ਭਗਤੀ ਕਈ ਰੂਪਾਂ ਵਿਚ ਹੁੰਦੀ ਹੈ, ਦਾਨ-ਭਾਵ ਦੀ, ਸਖਯ-ਭਾਵ ਦੀ, ਵਤਸਲ-ਭਾਵ ਦੀ ਸੰਤ-ਭਾਵ ਦੀ, ਕੰਤ-ਭਾਵ ਦੀ; ਅਸਲ ਵਿਚ ਪਿਆਰ ਦੀ ਤੀਬਰਤਾ ਵਿਚ ਅਤੇ ਇਕ ਪਾਸੇ ਦੀ ਇਕਾਗਰਤਾ ਕਰਕੇ ਪ੍ਰੇਮੀ ਆਪਣੇ ਪਾਸੋਂ ਹਰ ਪ੍ਰਕਾਰ ਦਾ ਪਿਆਰ ਪ੍ਰਾਪਤ ਕਰਨ ਲਈ ਲੋਚਦਾ ਹੈ। ਉਹ ਦੌਲਤ ਦੇ ਰੂਪ ਵਿਚ ਉਸ 'ਤੇ ਮਾਣ ਕਰਦਾ ਹੈ, ਪਿਤਾ ਜਾਣ ਕੇ ਪਿਆਰਦਾ ਹੈ, ਮੰਗਦਾ ਹੈ, ਸੇਵਕ ਬਣ ਕੇ ਉਸ ਦੀ ਗੁਰੂ ਰੂਪ ਵਿਚ ਸੇਵਾ ਕਰਨਾ ਧੰਨ ਭਾਗ ਸਮਝਦਾ ਹੈ ਅਤੇ ਇਸਤਰੀ ਬਣ ਕੇ ਕੰਤ ਦੀਆਂ ਉਡੀਕਾਂ ਦੀਆਂ ਲੁੱਛਣੀਆਂ ਅਤੇ ਫੇਰ ਵਸਲ ਦਾ ਅਕਹਿ ਆਨੰਦ ਪ੍ਰਾਪਤ ਕਰਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਨੇ ਜਿਥੇ ਦਾਸ ਭਾਵ ਪ੍ਰਗਟਾਇਆ ਹੈ:

ਮੂਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥ *(ਪੰਨਾ ੯੯੧)*

ਅਤੇ ਮਿੱਤਰ ਦੇ ਰੂਪ ਵਿਚ ਕਿਹਾ ਹੈ:

ਨਾਨਕ ਸਤਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ ॥ *(ਪੰਨਾ ੨੨)*

ਉਥੇ ਪਿਆਰੇ ਦੇ ਰੂਪ ਵਿਚ ਅਤੇ ਪਤੀ ਦੇ ਰੂਪ ਵਿਚ ਵਧੇਰੇ ਭਾਵਨਾ ਪ੍ਰਗਟਾਈ ਹੈ। ਕਿੰਨਾ ਸਾਦਾ ਵਰਣਨ ਹੈ ਕਿ ਕਿਵੇਂ ਲਾਜ (ਪ੍ਰਿਯ) ਨੂੰ ਮਿਲਣ ਤੇ ਪ੍ਰੇਰਨਾ ਅੰਦਰ ਲਾਲੀ ਨਿਖਰ ਆਉਂਦੀ ਹੈ:

ਪ੍ਰੇਮਿ ਬੁਲਾਈ ਰਲੀ ਸਿਉ ਮਨ ਮਹਿ ਸਬਦੁ ਅਨੰਦੁ ॥
ਲਾਲਿ ਰਤੀ ਲਾਲੀ ਭਈ ਗੁਰਮੁਖਿ ਭਈ ਨਿਚਿੰਦੁ ॥ *(ਪੰਨ ੯੩੧)*

ਭਗਤੀ ਲਈ ਜ਼ਰੂਰੀ ਹੈ ਕਿ ਪਹਿਲਾਂ ਇਹ ਅਹਿਸਾਸ ਬਣ ਜਾਵੇ ਕਿ ਰੱਬ ਵੱਡਾ ਹੈ। ਸਾਹਿਬ ਗੁਰੂ ਨਾਨਕ ਦੇਵ ਜੀ ਨੇ 22ਵੀਂ ਪਉੜੀ ਤੋਂ ਲੈ ਕੇ 27ਵੀਂ ਪਉੜੀ ਤਕ (ਪਾਤਾਲਾ ਪਾਤਾਲ ਤੋਂ ਲੈ ਕੇ ਸੋ ਦਰੁ ਤਕ) ਜਪੁਜੀ ਦੀਆਂ ਪਉੜੀਆਂ ਇਸੇ ਭਾਵਨਾ ਤੋਂ ਹੀ ਲਿਖੀਆਂ ਹਨ। ਇਸ ਅਹਿਸਾਸ ਦੀ ਉਦਾਹਰਣ:

ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥ *(ਪੰਨਾ ੫)*

ਜਪੁਜੀ ਸਾਹਿਬ ਅਨੁਸਾਰ ਭਗਤ ਧਰਮ ਖੰਡ, ਗਿਆਨ ਖੰਡ, ਸਰਮ ਖੰਡ ਤੇ ਕਰਮ ਖੰਡ ਦੀਆਂ ਅਵਸਥਾਵਾਂ ਵਿਚ ਜਪਦਾ ਹੋਇਆ ਸੱਚ ਖੰਡ (ਨਿਰੰਕਾਰ ਦੇ ਦੇਸ਼) ਦੀ ਅਵਸਥਾ ਨੂੰ ਜਾ ਪ੍ਰਾਪਤ ਹੁੰਦਾ ਹੈ। ਪਰਮ ਜੋਤਿ ਵਿਚ ਉਸ ਦੀ ਆਤਮਕ ਜੋਤਿ ਲੀਨ ਹੋ ਜਾਂਦੀ ਹੈ।

ਹਵਾਲੇ ਅਤੇ ਟਿੱਪਣੀਆਂ

1. ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥ (ਪੰਨਾ ੬੩੭)
2. ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥ (ਪੰਨਾ ੭)
3. ਰਹੈ ਬੇਬਾਣੀ ਮੜੀ ਮਸਾਣੀ ॥ ਅੰਧੁ ਨ ਜਾਣੈ ਫਿਰਿ ਪਛੁਤਾਣੀ ॥ (ਪੰਨਾ ੪੬੭)
4. ਇਸ ਦੇਹੀ ਕਉ ਸਿਮਰਹਿ ਦੇਵ ॥ (ਪੰਨਾ ੧੧੫੯)
5. ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥ (ਪੰਨਾ ੪)
6. *ਸ੍ਰੀਮਦ ਭਗਵਤ ਗੀਤਾ* (ਮਹਾਤਮਾ ਗਾਂਧੀ) ਉਰਦੂ ਐਡੀਸ਼ਨ, ਪੰਨਾ 7.
7. ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥ (ਪੰਨਾ ੪੭੪)
8. D.S. Sharma, *What is Hinduism*, p. 163.

(11/1993)

ਦਬਿਸਤਾਨਿ-ਮਜ਼ਾਹਿਬ : ਗੁਰੂ ਨਾਨਕ ਦੇਵ ਜੀ ਦੇ ਮੁੱਢਲੇ ਸਿਧਾਂਤ

ਸਿੱਖ ਇਤਿਹਾਸ ਅਤੇ ਸਿੱਖ ਧਰਮ ਦੇ ਮੁੱਢਲੇ ਸਿਧਾਂਤਾਂ ਦੇ ਅਧਿਐਨ ਲਈ ਮੁਹਸਨ ਫ਼ਾਨੀ ਦੀ ਪੁਸਤਕ 'ਦਬਿਸਤਾਨਿ-ਮਜ਼ਾਹਿਬ' ਫ਼ਾਰਸੀ ਦੀ ਪਹਿਲੀ ਪੁਸਤਕ ਹੈ ਜਿਸ ਵਿਚ ਲੇਖਕ ਨੇ ਖ਼ੁਦ ਸਿੱਖ ਗੁਰੂ ਸਾਹਿਬਾਨ ਅਤੇ ਸਨਮਾਨੇ ਸਿੱਖ ਸਾਧਾਂ-ਸੰਤਾਂ ਤੋਂ ਸਿੱਖ ਧਰਮ ਬਾਰੇ ਬਹੁਤ ਕੁਝ ਗ੍ਰਹਿਣ ਕੀਤਾ। ਛੇਵੇਂ ਅਤੇ ਸਤਵੇਂ ਗੁਰੂ ਸਾਹਿਬਾਨ ਦਾ ਨਿਕਟਵਰਤੀ ਮਿੱਤਰ ਹੋਣ ਦੇ ਨਾਤੇ ਉਸ ਨੂੰ ਸਿੱਖ ਧਰਮ ਬਾਰੇ ਵਿਸ਼ੇਸ਼ ਜਾਣਕਾਰੀ ਪ੍ਰਾਪਤ ਸੀ। ਇਹੀ ਕਾਰਨ ਹੈ ਕਿ ਉਸ ਨੇ ਆਪਣੀ ਪੁਸਤਕ 'ਦਬਿਸਤਾਨਿ-ਮਜ਼ਾਹਿਬ' ਵਿਚ ਸਿੱਖ ਧਰਮ ਬਾਰੇ ਹੋਰਨਾਂ ਧਰਮਾਂ ਦੇ ਮੁਕਾਬਲੇ ਉੱਤੇ ਸਭ ਤੋਂ ਅਧਿਕ ਜਾਣਕਾਰੀ ਦਿੱਤੀ ਹੈ। ਅਸੀਂ ਹੋਰਨਾਂ ਸੂਤਰਾਂ ਨਾਲ ਇਸ ਦਾ ਮੁਲੰਕਣ ਕਰਨ ਮਗਰੋਂ ਨਿਰਸੰਦੇਹ ਇਸ ਸਿੱਟੇ 'ਤੇ ਅੱਪੜਦੇ ਹਾਂ ਕਿ ਮੁਹਸਿਨ ਫ਼ਾਨੀ ਨੇ ਬਹੁਤ ਕੁਝ ਸਹੀ ਲਿਖਿਆ ਹੈ। ਕਈ ਥਾਵਾਂ 'ਤੇ ਉਸ ਨੂੰ ਗ਼ਲਤੀ ਵੀ ਲੱਗੀ ਹੈ ਪਰ ਇਹ ਗ਼ਲਤੀ ਉਸ ਨੇ ਜਾਣ-ਬੁਝ ਕੇ ਨਹੀਂ ਕੀਤੀ। ਉਹਨਾਂ ਹਾਲਤਾਂ ਵਿਚ ਅਜਿਹੀਆਂ ਭੁੱਲਾਂ ਦਾ ਉਸ ਦੀ ਪੁਸਤਕ ਵਿਚ ਆ ਵੜਨਾ ਕੋਈ ਅਣਹੋਣੀ ਗੱਲ ਨਹੀਂ ਸੀ।

ਇਤਿਹਾਸ ਦੇ ਨੁਕਤੇ ਤੋਂ ਇਸ ਪੁਸਤਕ ਦੀ ਮਹੱਤਤਾ ਇਸ ਗੱਲ ਵਿਚ ਵੀ ਹੈ ਕਿ ਲੇਖਕ ਨਾ ਤੇ ਸਿੱਖਾਂ ਦਾ ਵਿਰੋਧੀ ਸੀ ਤੇ ਨਾ ਹੀ ਕੋਈ ਉਚੇਚਾ ਪ੍ਰਸੰਸਕ। ਉਸ ਨੇ ਜੋ ਕੁਝ ਲਿਖਿਆ, ਉਹ ਜਿਸ ਤਰ੍ਹਾਂ ਉਸ ਨੂੰ ਮਿਲਿਆ, ਉਸ ਨੇ ਲਿਖ ਦਿੱਤਾ। ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਉਹ ਆਪ ਪਾਰਸੀ ਧਰਮ ਦਾ ਉਪਾਸ਼ਕ ਸੀ। ਪਰ ਉਸ ਨੇ ਸਾਰੀ ਪੁਸਤਕ ਵਿਚ ਆਪਣੇ ਕਿਸੇ ਪ੍ਰਕਾਰ ਦੇ ਕੱਟੜਪੁਣੇ ਦਾ ਸਬੂਤ ਨਹੀਂ ਦਿੱਤਾ। ਉਸ ਨੇ ਗੁਰੂ ਨਾਨਕ ਦੇਵ ਜੀ ਦੀਆਂ ਕੁਝ ਕਰਾਮਾਤਾਂ ਵੀ ਲਿਖੀਆਂ ਹਨ ਕਿਉਂਕਿ ਉਸ ਵੇਲੇ ਤਕ ਸਿੱਖਾਂ ਅੰਦਰ ਜਨਮਸਾਖੀ ਪਰੰਪਰਾ ਪ੍ਰਚਲਿਤ ਹੋ ਚੁੱਕੀ ਸੀ।

ਦੂਜੀ ਗੱਲ ਇਹ ਵੀ ਚੇਤੇ ਰੱਖਣੀ ਚਾਹੀਦੀ ਹੈ ਕਿ ਉਸ ਨੇ ਗੁਰੂ ਨਾਨਕ ਦੇਵ ਜੀ ਜਾਂ ਉਹਨਾਂ ਦੇ ਪੰਜ ਉਤਰਾਧਿਕਾਰੀਆਂ ਦੇ ਜੀਵਨ ਦਾ ਵੇਰਵਾ ਸਾਲ-ਵਾਰ ਨਹੀਂ ਦਿੱਤਾ, ਇਹ ਪੁਸਤਕ ਦੀ ਇਕ ਤਰੁੱਟੀ ਕਹੀ ਜਾ ਸਕਦੀ ਹੈ, ਪਰ ਇਹ ਤਰੁੱਟੀ ਉਸ ਨੇ ਸਿੱਖ ਧਰਮ ਦੇ ਮੁੱਢਲੇ ਸਿਧਾਂਤਾਂ ਉੱਤੇ ਉਚਿਤ ਤੇ ਸਹੀ ਸਮੀਖਿਆ ਨਾਲ ਪੂਰੀ ਕਰ ਦਿੱਤੀ ਹੈ। ਇਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਮੁੱਢਲੇ ਸਿਧਾਂਤਾਂ ਦੇ ਅਧਿਐਨ ਲਈ ਇਹ ਪੁਸਤਕ ਬੜੀ ਲਾਭਦਾਇਕ ਗਵਾਹੀ ਸਿੱਧ ਹੁੰਦੀ ਹੈ। ਇਹ ਅਜਿਹੀ ਗਵਾਹੀ ਦੇਂਦੀ ਹੈ, ਜਿਸ ਦੇ ਬਹੁਤ ਸਾਰੇ ਹਿੱਸੇ ਉੱਤੇ

ਵਿਸ਼ਵਾਸ ਕੀਤਾ ਜਾ ਸਕਦਾ ਹੈ ਅਤੇ ਜੋ ਅੱਜ ਦੇ ਕਈ ਵਿਦਵਾਨਾਂ ਵੱਲੋਂ ਸਿੱਖ ਧਰਮ ਦੀ ਮੁੱਢਲੀ ਰੂਪ-ਰੇਖਾ ਬਾਰੇ ਪਾਈਆਂ ਉਲਝਣਾਂ ਤੇ ਗ਼ਲਤ-ਬਿਆਨੀਆਂ ਨੂੰ ਠੀਕ ਕਰਨ ਵਿਚ ਸਹਾਇਕ ਹੁੰਦੀ ਹੈ।

ਜਿਵੇਂ ਕਿ ਦੱਸਿਆ ਗਿਆ ਹੈ ਕਿ ਇਹ ਪੁਸਤਕ ਫ਼ਾਰਸੀ ਵਿਚ ਲਿਖੀ ਗਈ ਹੈ। ਪ੍ਰੋਫ਼ੈਸਰ ਗੁਰਬਖ਼ਸ਼ ਸਿੰਘ ਨੇ ਮੁਹਸਿਨ ਫ਼ਾਨੀ ਦੇ ਗੁਰੂ ਨਾਨਕ ਸਾਹਿਬ ਨਾਲ ਸੰਬੰਧਿਤ ਬਿਆਨਾਂ ਨੂੰ ਆਪਣੀ ਪ੍ਰਸਿੱਧ ਪੁਸਤਕ 'ਮਸਤੀ ਦਾ ਨਮਾਜ਼ੀ ਗੁਰੂ ਬਾਬਾ ਨਾਨਕ' ਵਿਚ ਪੰਜਾਬੀ ਜ਼ੁਬਾਨ ਵਿਚ ਉਲਥਾ ਕੀਤਾ ਹੈ। ਉਸ ਦੇ ਮੁੱਖਬੰਦ ਵਿਚ ਵਿਦਵਾਨ ਲੇਖਕ ਨੇ ਦੱਸਿਆ ਹੈ:

> *ਸਤਾਰ੍ਹਵੀਂ ਸਦੀ ਦੇ ਆਰੰਭ ਵਿਚ ਮੁਹਸਿਨ ਫ਼ਾਨੀ ਦੀ ਲਿਖਤ 'ਦਬਿਸਤਾਨ-ਏ-ਮਜ਼ਾਹਿਬ' ਦੇ ਅਧਿਐਨ ਤੋਂ ਗੁਰੂ ਨਾਨਕ ਦੇਵ ਜੀ ਦੀ ਜੋ ਸ਼ਖ਼ਸੀਅਤ ਉਘੜਦੀ ਹੈ, ਉਹ ਗੁਰੂ ਨਾਨਕ ਦੇਵ ਜੀ ਦੇ ਉਸ ਰੂਪ ਨਾਲ ਜ਼ਿਆਦਾ ਮੇਲ ਖਾਂਦੀ ਹੈ ਜੋ ਇਸੇ ਸਦੀ ਦੇ ਦੂਜੇ ਅੱਧ ਵਿਚ ਭਾਈ ਨੰਦ ਲਾਲ ਨੇ ਆਪਣੀਆਂ ਕਾਵਿਤਾਵਾਂ ਵਿਚ ਪੇਸ਼ ਕੀਤੀ ਹੈ। ਇਹਨਾਂ ਦੋਹਾਂ ਵਿਦਵਾਨਾਂ ਤੇ ਤ੍ਰਿਖੀ ਦ੍ਰਿਸ਼ਟੀ ਵਾਲੇ ਸੂਝਵਾਨ ਆਲੋਚਕਾਂ ਉੱਤੇ ਜਨਮਸਾਖੀਆਂ ਦਾ ਬਹੁਤ ਘੱਟ ਪ੍ਰਭਾਵ ਪਿਆ ਜਾਪਦਾ ਹੈ। ਭਾਈ ਨੰਦ ਲਾਲ ਜੀ ਨੇ 'ਪੁਰਾਤਨ ਜਨਮਸਾਖੀ' ਦਾ ਅਧਿਐਨ ਜ਼ਰੂਰ ਕੀਤਾ ਅਤੇ ਉਸ ਵਿਚ ਦਿੱਤੇ ਵਿਚਾਰਾਂ ਨੂੰ ਆਪਣੇ ਬਣਾਏ ਵਿਚਾਰਾਂ ਦੀ ਪ੍ਰੋੜ੍ਹਤਾ ਲਈ ਪਰਖਿਆ ਤੇ ਸਵੀਕਾਰ ਕੀਤਾ ਹੈ, ਪਰ ਜਿਥੋਂ ਤਕ ਕਰਾਮਾਤਾਂ ਤੇ ਸਾਖੀਆਂ ਦਾ ਤੁਅੱਲਕ ਹੈ, ਉਹ ਇਹਨਾਂ ਵੱਲ ਵਧੇਰੇ ਮਾਇਲ ਨਹੀਂ ਹੋਏ।*

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਤਪੱਸਿਆ ਦਾ ਵਰਣਨ ਕੀਤਾ ਹੈ। ਮੁਹਸਿਨ ਫ਼ਾਨੀ ਵੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਗੁਰੂ ਸਾਹਿਬ ਨੇ ਬੜੀ ਕਠਿਨ ਤਪੱਸਿਆ ਕੀਤੀ, ਪਰ ਇਹ ਤਪੱਸਿਆ ਕੀ ਸੀ? ਇਸ ਬਾਰੇ ਉਸ ਨੇ ਨਹੀਂ ਲਿਖਿਆ, ਭਾਵੇਂ ਸੰਕੇਤ ਦੇ ਦਿੱਤੇ ਹਨ। ਅੱਗੇ ਚੱਲ ਕੇ ਉਹ ਆਪਣੀ ਲਿਖਤ ਵਿਚ ਇਸ ਬਾਰੇ ਕੋਈ ਸੰਦੇਹ ਨਹੀਂ ਰਹਿਣ ਦਿੰਦਾ ਕਿ ਗੁਰੂ ਸਾਹਿਬ ਨੇ ਸੰਸਾਰ ਦੇ ਤਿਆਗ ਦਾ (ਪ੍ਰਚਲਿਤ ਅਰਥਾਂ ਵਿਚ) ਖੰਡਨ ਕੀਤਾ। ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਹਨਾਂ ਨੇ ਸੰਸਾਰ ਦਾ ਤਿਆਗ ਕਰ ਕੇ ਜੰਗਲਾਂ ਵਿਚ ਤਪੱਸਿਆ ਨਹੀਂ ਕੀਤੀ। ਮੁਹਸਿਨ ਫ਼ਾਨੀ ਦੀ ਇਹ ਗੱਲ ਵੀ ਇਸ ਨਿਰਣੈ ਦੀ ਪੁਸ਼ਟੀ ਕਰਦੀ ਹੈ ਕਿ ਗੁਰੂ ਨਾਨਕ ਦੇਵ ਜੀ ਭਾਵੇਂ ਹਿੰਦੂ ਦੇਵੀ-ਦੇਵਤਿਆਂ ਦੀ ਨਿਰਾਦਰੀ ਨਹੀਂ ਸਨ ਕਰਦੇ, ਕਿਉਂਕਿ ਅਜਿਹਾ ਕਰਨਾ ਉਹਨਾਂ ਦੇ ਸੁਲਾਹ-ਕੁਲ ਧਰਮ ਦੇ ਵਿਰੁੱਧ ਸੀ, ਪਰ ਉਹ ਦੇਵੀ-ਦੇਵਤਿਆਂ ਨੂੰ ਰੱਬ ਦੀ ਸਾਧਾਰਨ ਸਿਰਜਨਾ ਤੋਂ ਵਧੇਰੇ ਕੁਝ ਨਹੀਂ ਸਨ ਮੰਨਦੇ।

ਮੁਹਸਿਨ ਫ਼ਾਨੀ ਨੇ ਇਸ ਗੱਲ ਵਿਚ ਵੀ ਕੋਈ ਸ਼ੱਕ ਨਹੀਂ ਰਹਿਣ ਦਿੱਤਾ ਕਿ ਗੁਰੂ ਨਾਨਕ ਦੇਵ ਜੀ ਨਾ ਤੇ 'ਹੁਲੂਲ' ਵਿਚ ਵਿਸ਼ਵਾਸ ਰੱਖਦੇ ਸਨ ਤੇ ਨਾ ਹੀ 'ਇਤਿਹਾਦ' ਦੇ ਮਸਲੇ ਵਿਚ। ਉਹਨਾਂ ਨੂੰ ਆਵਾਗਵਣ ਵਿਚ ਵਿਸ਼ਵਾਸ ਸੀ, ਪਰ ਇਹ ਮੰਨਣ ਲਈ ਤਿਆਰ ਨਹੀਂ ਸਨ ਕਿ ਰੱਬ ਸਿੱਧਾ ਕਿਸੇ ਵਿਅਕਤੀ ਅੰਦਰ ਆ ਕੇ ਡੇਰਾ ਲਾ ਲੈਂਦਾ ਹੈ। 'ਹੁਲੂਲ' ਦਾ ਭਾਵ ਇਹੋ ਹੈ ਕਿ ਰੱਬ ਦਾ ਕਿਸੇ ਆਦਮੀ ਦੇ ਸਰੀਰ ਵਿਚ ਪ੍ਰਵੇਸ਼ ਕਰ ਜਾਣਾ। ਗੁਰੂ ਨਾਨਕ ਦੇਵ ਜੀ ਇਹ ਨਹੀਂ ਸਨ ਮੰਨਦੇ। 'ਇਤਿਹਾਦ' ਦਾ ਭਾਵ ਹੈ—ਰੱਬ ਦਾ ਆਪ ਕੇਵਲ

ਕਿਸੇ ਇਕ ਵਿਅਕਤੀ ਵਿਚ ਸਮਾ ਕੇ ਉਸ ਨਾਲ ਇਕ-ਮਿਕ ਹੋ ਜਾਣਾ। ਗੁਰੂ ਸਾਹਿਬ ਰੱਬ ਨੂੰ ਸਰਬ-ਵਿਆਪਕ ਮੰਨਦੇ ਸਨ, ਇਸ ਲਈ ਉਹਨਾਂ ਲਈ ਇਹ ਅਸਵੀਕਾਰ ਕਰਨਾ ਜ਼ਰੂਰੀ ਸੀ। ਪਰ ਮੁਹਸਿਨ ਫ਼ਾਨੀ ਨੇ ਇਕ ਗੱਲ ਹੋਰ ਬਹੁਤ ਜ਼ੋਰਦਾਰ ਦੱਸੀ ਹੈ, ਉਹ ਇਹ ਹੈ ਕਿ :

> *ਰੱਬ ਤਾਂ ਇਕ ਵਿਅਕਤੀ ਵਿਚ ਪ੍ਰਵੇਸ਼ ਨਹੀਂ ਕਰ ਸਕਦਾ ਪਰ ਗੁਰੂ ਦੀ ਰੂਹ ਉਸ ਦੇ ਆਪਣੇ ਉਤਰਾਧਿਕਾਰੀ ਦੀ ਰੂਹ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਇਸੇ ਕਾਰਣ ਉਹ ਸਾਰੇ ਗੁਰੂਆਂ ਨੂੰ ਨਾਨਕ ਦਾ ਰੂਪ ਹੀ ਨਹੀਂ, ਖ਼ੁਦ ਨਾਨਕ ਕਹਿੰਦਾ ਹੈ।*

ਇਸ ਲੇਖਕ ਨੇ ਗੁਰੂ ਸਾਹਿਬ ਵੱਲੋਂ ਬੁੱਤ-ਪੂਜਾ ਦੀ ਨਿਖੇਧੀ ਦਾ ਵੀ ਜ਼ਿਕਰ ਕੀਤਾ ਹੈ। ਜਾਤ-ਪਾਤ ਦੇ ਖੰਡਨ ਬਾਰੇ ਵੀ ਦੱਸਿਆ ਹੈ। ਇਸ ਖੰਡਨ ਦਾ ਅਮਲੀ ਰੂਪ ਉਹ ਇਹ ਲਿਖਦਾ ਹੈ ਕਿ "ਕੋਈ ਵੀ ਗੁਰੂ ਬ੍ਰਾਹਮਣਾਂ ਵਿਚੋਂ ਨਹੀਂ ਹੋਇਆ। ਸਾਰੇ ਗੁਰੂ ਖੱਤਰੀ ਸਨ। ਮਗਰੋਂ ਬਹੁਤੇ ਮਸੰਦ ਜੱਟ ਸਨ ਅਤੇ ਜੱਟ ਤੀਸਰੀ ਸ਼੍ਰੇਣੀ ਦੇ ਵੈਸ਼ ਹੁੰਦੇ ਹਨ, ਪਰ ਬ੍ਰਾਹਮਣ ਤੇ ਖੱਤਰੀ ਸਾਰੇ ਇਹਨਾਂ ਜੱਟਾਂ ਦੇ ਅਧੀਨ ਕਰ ਦਿੱਤੇ ਗਏ। ਇਹ ਜਾਤ-ਪਾਤ ਦੇ ਖੰਡਨ ਦੀ ਅਮਲੀ ਉਦਾਹਰਣ ਸੀ। ਮੁਹਸਿਨ ਫ਼ਾਨੀ ਇਹ ਦੱਸਦਾ ਹੈ ਕਿ ਗੁਰੂ ਸਾਹਿਬ ਮੁਕਤੀ ਦੀ ਪ੍ਰਾਪਤੀ ਲਈ ਸੱਚ ਨੂੰ ਬਹੁਤ ਅਹਿਮੀਅਤ ਦੇਂਦੇ ਸਨ। ਸੱਚ ਦਾ ਪੱਲਾ ਫੜ ਕੇ ਹੀ ਸਹੀ ਅਰਥਾਂ ਵਿਚ ਛੁਟਕਾਰਾ ਹੋ ਸਕਦਾ ਹੈ।"

ਉਕਤ ਟਿੱਪਣੀ ਅਤੇ ਮੁਹਸਿਨ ਫ਼ਾਨੀ ਦੇ ਗੁਰੂ ਨਾਨਕ ਦੇਵ ਜੀ ਬਾਰੇ ਵਿਚਾਰਾਂ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਦੇ ਮੁੱਢਲੇ ਸਿਧਾਂਤਾਂ ਦਾ ਸਾਰੰਸ਼ ਇਸ ਤਰ੍ਹਾਂ ਪੇਸ਼ ਕੀਤਾ ਜਾ ਸਕਦਾ ਹੈ :

1. ਗੁਰੂ ਨਾਨਕ ਦੇਵ ਜੀ ਨੂੰ 'ਰੱਬ ਦੀ ਏਕਤਾ ਵਿਚ ਪੂਰਨ ਵਿਸ਼ਵਾਸ ਸੀ' ਉਹ ਮੁਸਲਮਾਨਾਂ ਵਾਂਗ ਤੌਹੀਦ ਦੇ ਕਾਇਲ ਸਨ, ਉਹ 'ਨਾ ਤਾਂ ਬੁੱਤਾਂ ਨੂੰ ਪੂਜਦੇ ਸਨ ਤੇ ਨਾ ਹੀ ਬੁੱਤ-ਖ਼ਾਨਿਆਂ ਨੂੰ'।
2. ਮੁਹਸਿਨ ਫ਼ਾਨੀ ਅਨੁਸਾਰ, 'ਨਾਨਕ ਜਿਥੇ ਮੁਸਲਮਾਨਾਂ ਦੀ ਬਹੁਤ ਪ੍ਰਸ਼ੰਸਾ ਕਰਦੇ, ਉਥੇ ਹਿੰਦੂਆਂ ਦੇ ਦੇਵੀ-ਦੇਵਤਿਆਂ ਨੂੰ ਵੀ ਸਲਾਹੁੰਦੇ, ਪਰ ਆਪ ਇਹਨਾਂ ਨੂੰ ਰੱਬ ਦੀ ਮਖ਼ਲੂਕਾਤ ਮੰਨਦੇ ਸਨ, ਨਾ ਕਿ ਖ਼ੁਦ ਰੱਬ।' ਇਸ ਟਿੱਪਣੀ ਦੀ ਵਧੇਰੀ ਪ੍ਰੋੜ੍ਹਤਾ ਮੁਹਸਿਨ ਫ਼ਾਨੀ ਇਸ ਗੱਲ ਰਾਹੀਂ ਕਰਦਾ ਹੈ ਕਿ ਗੁਰੂ ਸਾਹਿਬ ਨੂੰ 'ਨਾ ਹੁਲੂਲ' ਵਿਚ ਵਿਸ਼ਵਾਸ ਸੀ ਅਤੇ ਨਾ 'ਇਤ੍ਹਿਹਾਦ' ਵਿਚ।'
3. ਮੁਹਸਿਨ ਫ਼ਾਨੀ ਨੂੰ ਵਿਸ਼ਵਾਸ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਦਾ ਸਹੀ ਅਧਿਐਨ ਕੇਵਲ ਬਾਬਾ ਜੀ ਦੇ 'ਕਲਾਮ' ਭਾਵ ਬਾਣੀ ਤੋਂ ਹੀ ਹੋ ਸਕਦਾ ਹੈ। ਉਹ ਲਿਖਦਾ ਹੈ, 'ਨਾਨਕ ਬਾਣੀ, ਭਾਵ ਨਾਨਕ ਦੇ ਕਲਾਮ ਤੋਂ ਰੱਬ ਦੀ ਬੰਦਗੀ, ਉਹਨਾਂ ਦੀ ਸਿੱਖਿਆ ਅਤੇ ਨਸੀਹਤਾਂ ਦਾ ਪਤਾ ਲੱਗਦਾ ਹੈ।'
4. ਇਸ ਬਾਣੀ ਤੋਂ ਜੋ ਨਸੀਹਤਾਂ ਮੁਹਸਿਨ ਫ਼ਾਨੀ ਨੇ ਗ੍ਰਹਿਣ ਕੀਤੀਆਂ, ਉਹ ਇਸ ਪ੍ਰਕਾਰ ਬਿਆਨ ਕਰਦਾ ਹੈ :
   (ੳ) ਬਾਬਾ ਨਾਨਕ ਨੇ ਜ਼ਿਆਦਾਤਰ ਤਾਂ ਪਾਕ ਰੱਬ ਦੀ ਸਿਫ਼ਤ-ਸਲਾਹ ਕੀਤੀ ਹੈ, ਇਹ ਸਭ ਕੁਝ ਪੰਜਾਬ ਦੇ ਜੱਟਾਂ ਦੀ ਬੋਲੀ ਵਿਚ ਲਿਖਿਆ ਹੈ। ਪੰਜਾਬ ਦੀ ਬੋਲੀ ਵਿਚ

ਜੱਟ, ਕਿਰਸਾਨ ਜਾਂ ਪਿੰਡ ਦੇ ਵਸਨੀਕ ਨੂੰ ਕਹਿੰਦੇ ਹਨ।

(ਅ) ਬਾਬਾ ਨਾਨਕ ਦੇ ਉਪਾਸ਼ਕ ਸੰਸਕ੍ਰਿਤ ਨੂੰ ਕੋਈ ਮਹੱਤਤਾ ਨਹੀਂ ਦੇਂਦੇ।

(ੲ) ਬਾਬਾ ਨਾਨਕ ਨੇ ਜਿਨ੍ਹਾਂ ਅਸੂਲਾਂ ਦਾ ਪ੍ਰਚਾਰ ਕੀਤਾ, ਉਹ ਇਸ ਪ੍ਰਕਾਰ ਹਨ: ਲੱਖਾਂ ਧਰਤੀਆਂ ਹਨ ਅਤੇ ਲੱਖਾਂ ਹੀ ਆਕਾਸ਼ ਹਨ। ਵਲੀਆਂ, ਨਬੀਆਂ, ਅਵਤਾਰਾਂ ਅਤੇ ਸਿੱਧਾਂ ਨੇ ਰੱਬ ਦੀ ਬੰਦਗੀ ਸਦਕਾ ਉੱਚਤਾ ਪ੍ਰਾਪਤ ਕੀਤੀ ਹੈ। ਰੱਬ ਦੀ ਬੰਦਗੀ ਕਰਨ ਵਾਲਾ ਭਾਵੇਂ ਕੋਈ ਮਾਰਗ ਅਪਣਾਏ, ਰੱਬੀ ਦਰਗਾਹ ਵਿਚ ਸਨਮਾਨਿਆ ਜਾਏਗਾ। ਕਿਸੇ ਵੀ ਜੀਵ ਨੂੰ ਦੁੱਖ ਨਾ ਦੇ ਕੇ ਹੀ ਰੱਬ ਤਕ ਅੱਪੜਿਆ ਜਾ ਸਕਦਾ ਹੈ। ਮੁਕਤੀ ਚਾਹੁੰਦੇ ਹੋ ਤਾਂ ਸੱਚ ਦਾ ਪੱਲਾ ਫੜੋ। ਸੱਚ ਦਾ ਪੱਲਾ ਫੜਨ ਵਾਲੇ ਨੂੰ ਹੀ ਰੱਬ ਹਰ ਮੈਦਾਨ ਫ਼ਤਹ ਬਖ਼ਸ਼ਦਾ ਹੈ।

5. ਗੁਰੂ ਨਾਨਕ ਦੇ ਅਨੁਯਾਈ ਬੁੱਤ-ਪੂਜਾ ਦੇ ਵਿਰੁੱਧ ਹਨ। ਉਸ ਦਾ ਨਿਸ਼ਚਾ ਹੈ ਕਿ ਸਾਰੇ ਗੁਰੂ 'ਨਾਨਕ' ਹਨ। ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਇਹ ਹਿੰਦੂਆਂ ਦੇ ਮੰਤਰਾਂ ਦਾ ਪਾਠ ਨਹੀਂ ਕਰਦੇ। ਇਹ ਉਹਨਾਂ ਦੇ ਠਾਕੁਰਾਂ (ਬੁੱਤਾਂ) ਦਾ ਸਤਿਕਾਰ ਨਹੀਂ ਕਰਦੇ ਅਤੇ ਨਾ ਹੀ ਉਹਨਾਂ ਦੇ ਅਵਤਾਰਾਂ ਦਾ ਆਦਰ-ਮਾਣ ਕਰਦੇ ਹਨ। ਹਿੰਦੂ ਸੰਸਕ੍ਰਿਤ ਨੂੰ ਦੇਵਤਿਆਂ ਦੀ ਬੋਲੀ ਮੰਨਦੇ ਹਨ, ਪਰ ਇਹ (ਨਾਨਕ-ਪੰਥੀ) ਉਸ ਨੂੰ ਕੋਈ ਮਹੱਤਤਾ ਦੇਣ ਲਈ ਤਿਆਰ ਨਹੀਂ।

6. ਅੱਗੇ ਚੱਲ ਕੇ ਮਸੰਦਾਂ ਬਾਰੇ ਮੁਹਸਿਨ ਫ਼ਾਨੀ ਲਿਖਦਾ ਹੈ ਕਿ ਲੋਕਾਂ ਨੇ ਇਹਨਾਂ ਮਸੰਦਾਂ ਰਾਹੀਂ ਗੁਰੂ ਕਾ ਸਿੱਖ ਬਣਨਾ ਸ਼ੁਰੂ ਕੀਤਾ ਅਤੇ ਵੱਡੇ-ਵੱਡੇ ਮਸੰਦਾਂ ਰਾਹੀਂ ਅਨੇਕ ਆਦਮੀਆਂ ਨੇ ਸਿੱਖ ਧਰਮ ਵਿਚ ਪ੍ਰਵੇਸ਼ ਕੀਤਾ। ਇਹਨਾਂ ਮਸੰਦਾਂ ਨੇ ਅੱਗੋਂ ਆਪਣੇ ਨਾਇਬ ਨਿਯੁਕਤ ਕੀਤੇ। ਹਰ ਥਾਂ ਤੇ ਹਰ ਪਰਗਣੇ ਵਿਚ ਮਸੰਦਾਂ ਨੇ ਗੁਮਾਸ਼ਤਿਆਂ (ਮੁਕਰਰ) ਰਾਹੀਂ ਮੇਲੀਆਂ ਦੀ ਗਿਣਤੀ ਵਿਚ ਵਾਧਾ ਹੋਣ ਲੱਗਾ ਅਤੇ ਉਹਨਾਂ ਸਿੱਖ ਬਣਨਾ ਸ਼ੁਰੂ ਕੀਤਾ।

7. ਮੁਹਸਿਨ ਫ਼ਾਨੀ ਇਹ ਵੀ ਲਿਖਦਾ ਹੈ ਕਿ 'ਸਿੱਖ ਸੰਸਾਰ ਦੇ ਤਿਆਗੀਆਂ ਦੀ ਕੋਈ ਪ੍ਰਸੰਸਾ ਨਹੀਂ ਕਰਦੇ, ਇਸੀ ਕਾਰਣ ਕਈ ਸਿੱਖ ਖੇਤੀ ਕਰਦੇ ਹਨ, ਕਈ ਵਪਾਰੀ ਹਨ ਜਾਂ ਬਥੇਰੇ ਨੌਕਰੀ ਵੀ ਕਰਦੇ ਹਨ।

(11/1981)

ਗੁਰੂ ਨਾਨਕ ਬਾਣੀ ਦਾ ਸਾਧਨਾ ਪੱਖ

ਗੁਰਬਾਣੀ ਅਨੁਸਾਰ ਜੋ ਵੀ ਜੀਵ ਇਸ ਸੰਸਾਰ ਵਿਚ ਆਇਆ ਹੈ, ਪਰਮਾਤਮਾ ਦਾ ਅੰਸ਼ ਹੈ ਤੇ ਉਸ ਤੋਂ ਵਿੱਛੜ ਕੇ ਇਸ ਸੰਸਾਰ ਵਿਚ ਆਇਆ ਹੈ। ਜੀਵ ਦਾ ਅੰਤਮ ਲਕਸ਼ ਪਰਮਾਤਮਾ ਨਾਲ ਇਕਮਿਕਤਾ ਪ੍ਰਾਪਤ ਕਰਨਾ ਹੀ ਹੈ। ਸੋ ਗੁਰੂ ਸਾਹਿਬ ਇਸ ਦ੍ਰਿਸ਼ਟਮਾਨ ਪਾਸਾਰੇ ਪਿੱਛੇ ਇਕ ਚੇਤਨ-ਸੱਤਾ ਦੀ ਹੋਂਦ ਨੂੰ ਸਵੀਕਾਰ ਕਰਦੇ ਹਨ ਅਤੇ ਮਨੁੱਖੀ ਜੀਵਨ ਦਾ ਪਰਮ-ਲਕਸ਼ ਉਸ ਸੱਤਾ ਨਾਲ ਮੇਲ ਹੀ ਮੰਨਦੇ ਹਨ। ਪਰ ਮਨੁੱਖ ਇਸ ਸੰਸਾਰ ਵਿਚ ਆ ਕੇ ਹਉਮੈ ਤੇ ਮਾਇਆ ਵਿਚ ਭੁੱਲ ਜਾਂਦਾ ਹੈ। ਉਸ ਦੇ ਵਿਛੋੜੇ ਤੇ ਦੁੱਖ ਦਾ ਕਾਰਨ ਮਾਇਆ ਹੀ ਹੈ। ਇਸ ਹਉਮੈ ਤੇ ਮਾਇਆ ਨੂੰ ਖ਼ਤਮ ਕਰ ਕੇ ਮਨੁੱਖ ਨੇ ਪੂਰਣਤਾ ਜਿਸ ਨੂੰ ਜਪੁਜੀ ਵਿਚ 'ਸਚਿਆਰਾ' ਕਿਹਾ ਗਿਆ ਹੈ, ਨੂੰ ਪ੍ਰਾਪਤ ਕਰਨਾ ਹੈ। ਇਹ ਪੂਰਣਤਾ ਹੀ ਮੁਕਤੀ ਹੈ। ਮੁਕਤ ਜੀਵਾਤਮਾ ਹੀ ਪ੍ਰਭੂ ਨਾਲ ਸੰਜੋਗ ਪ੍ਰਾਪਤ ਕਰ ਸਕਦੀ ਹੈ। ਪਰ ਮੁਕਤੀ ਕਿਵੇਂ ਪ੍ਰਾਪਤ ਕੀਤੀ ਜਾਵੇ? ਇਸ ਲਈ ਕਿਸੇ ਸਾਧਨ ਦੀ ਲੋੜ ਹੈ। ਇਹ ਸਾਧਨਾ ਜਾਂ ਮਾਰਗ ਹੀ ਸਾਧਨਾ-ਪੱਖ ਅਖਵਾਉਂਦਾ ਹੈ। ਵਿਚਾਰਧਾਰਾ ਦੁਆਰਾ ਬਣਾਏ ਲਕਸ਼ਾਂ ਦੀ ਪ੍ਰਾਪਤੀ ਦਾ ਮਾਰਗ ਹੀ ਅਧਿਆਤਮਿਕ ਖੇਤਰ ਵਿਚ ਸਾਧਨਾ ਮਾਰਗ ਅਖਵਾਉਂਦਾ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ, "ਕਿਸੇ ਧਰਮ ਵਸਤੂ ਦੀ ਸਿੱਧੀ ਲਈ ਕੀਤਾ ਗਿਆ ਮਨ-ਬਚ-ਕਰਮ ਰਾਹੀਂ ਜਤਨ ਹੀ ਅਧਿਆਤਮਿਕ ਸ਼ਬਦਾਵਲੀ ਵਿਚ ਸਾਧਨਾ ਅਖਵਾਉਂਦਾ ਹੈ।"[1] ਡਾ. ਸ਼ੇਰ ਸਿੰਘ ਅਨੁਸਾਰ, "ਕਿਸੇ ਮਤ ਦੇ ਇਲਮੀ ਅਤੇ ਅਮਲੀ ਪਹਿਲੂਆਂ ਵਿਚ ਭੇਦ ਬਹੁਤ ਪੁਰਾਣਾ ਹੈ। ਇਕ ਪਹਿਲੂ ਸਿਧਾਂਤ ਫ਼ਿਲਾਸਫ਼ੀ ਹੈ ਅਤੇ ਦੂਜਾ ਪਹਿਲੂ ਹੈ ਮਾਰਗ—ਉਸ ਫ਼ਿਲਾਸਫ਼ੀ ਨੂੰ ਜਿਊਣ ਦਾ ਢੰਗ। ਦੂਜਾ ਪੱਖ ਹੈ ਮਾਰਗ (ਗਾਡੀ ਰਾਹ, ਪੰਧ ਜਾਂ ਪੰਥ) ਤਾਂ ਜੋ ਉਸ ਗਾਡੀ ਰਾਹ 'ਤੇ ਚੱਲ ਕੇ ਹਰ ਕੋਈ ਬੇ-ਅਟਕੇ ਤੇ ਨਿਸ਼ਚਿਤ ਹੋ ਕੇ ਸਿਧਾਂਤ ਪੱਖ ਵਿਚ ਦੱਸੀ ਗਈ ਮੁਕਤੀ ਨੂੰ ਪ੍ਰਾਪਤ ਕਰ ਸਕੇ। ਇਹ ਦੋ ਪੱਖ ਹਰ ਇਕ ਮੱਤ ਵਿਚ ਹਨ।"[2]

ਗੁਰੂ ਨਾਨਕ ਸਾਹਿਬ ਤੋਂ ਪੂਰਬਲੇ ਕਾਲ ਵਿਚ ਮੁਕਤੀ ਪ੍ਰਾਪਤ ਕਰਨ ਦੇ ਕਈ ਸਾਧਨ ਪ੍ਰਚਲਿਤ ਸਨ। ਜਿਵੇਂ ਭੁੱਖੇ ਰਹਿਣਾ, ਮੋਨ ਵਰਤ ਰੱਖਣਾ, ਤੀਰਥ ਇਸ਼ਨਾਨ ਕਰਨਾ, ਨੰਗੇ ਰਹਿਣਾ, ਪਿਤਰ-ਪੂਜਾ, ਮਾਲਾ ਫੇਰਨੀ, ਸਮਾਧੀ ਲਾਉਣਾ, ਯੱਗ, ਹੋਮ, ਪੂਜਾ ਆਦਿ। ਸੋ ਮੁੱਖ ਰੂਪ ਵਿਚ ਆਪ ਤੋਂ ਪਹਿਲਾਂ ਗਿਆਨ, ਭਗਤੀ ਅਤੇ ਜੋਗ ਦੀ ਸਮੇਂ-ਸਮੇਂ ਪ੍ਰਧਾਨਤਾ ਰਹੀ ਹੈ। ਗੀਤਾ ਵਿਚ ਇਹਨਾਂ ਤਿੰਨਾਂ ਦਾ ਸੁਮੇਲ ਵੀ ਪ੍ਰਾਪਤ ਹੁੰਦਾ ਹੈ ਪਰ ਗੁਰੂ ਨਾਨਕ ਸਾਹਿਬ ਨੇ ਇਹਨਾਂ ਪ੍ਰਾਪਤ ਸਾਰੇ ਮਾਰਗਾਂ ਨੂੰ ਅਪ੍ਰਵਾਨ ਕਰ ਕੇ ਇਕ ਨਵੇਂ ਮਾਰਗ ਦੀ ਨੀਂਹ ਰੱਖੀ, ਜਿਸ ਨੂੰ ਵੱਖੋ-ਵੱਖਰੇ ਨਾਮਾਂ ਨਾਲ ਜਾਣਿਆ ਜਾਂਦਾ ਹੈ ਕਿਉਂਕਿ ਆਪ ਨੂੰ ਨਾ ਤਾਂ ਬੌਧਿਕ ਮਾਰਗ ਸਵੀਕਾਰ

ਸੀ, ਨਾ ਕਰਮ-ਕਾਂਡੀ ਮਾਰਗ ਤੇ ਨਾ ਹੀ ਵਿਖਾਵੇ ਦੀ ਭਗਤੀ ਦਾ ਮਾਰਗ। ਆਪ ਦੁਆਰਾ ਦਰਸਾਏ ਨਵੇਂ ਮਾਰਗ ਨੂੰ ਨਾਮ-ਮਾਰਗ, ਸਹਿਜ, ਸਾਧਨਾ ਅਤੇ ਸੁਰਤਿ ਸ਼ਬਦ ਦਾ ਨਾਮ ਦਿੱਤਾ ਜਾਂਦਾ ਹੈ। ਡਾ. ਗੋਬਿੰਦ ਤ੍ਰਿਗੁਣਾਇਤ ਅਨੁਸਾਰ, "ਸਾਡੀ ਪੱਕੀ ਧਾਰਨਾ ਹੈ ਕਿ ਉਹਨਾਂ ਨੇ (ਕਬੀਰ, ਗੁਰੂ ਨਾਨਕ ਆਦਿ) ਤਿੰਨਾਂ ਸਾਧਨਾਵਾਂ (ਗਿਆਨ, ਭਗਤੀ, ਜੋਗ) ਦਾ ਸਮਨਵੈ ਕਰ ਕੇ ਅਤੇ ਉਸ ਦਾ ਸਹਿਜੀਕਰਣ ਕਰ ਕੇ ਇਕ ਨਵੇਂ ਸਾਧਨਾ ਮਾਰਗ ਨੂੰ ਪ੍ਰਚਾਰਿਆ। ਉਸ ਨੂੰ ਅਸੀਂ ਸਹਿਜ ਸਾਧਨਾ ਦਾ ਨਾਂ ਦੇ ਸਕਦੇ ਹਾਂ।"[3] ਗੁਰੂ ਨਾਨਕ ਸਾਹਿਬ ਦੁਆਰਾ ਦਰਸਾਏ ਇਸ ਸਾਧਨਾ ਮਾਰਗ ਨੂੰ ਨਾਮ-ਸਾਧਨਾ ਦਾ ਨਾਮ ਦੇਣਾ ਵਧੇਰੇ ਢੁਕਵਾਂ ਪ੍ਰਤੀਤ ਹੁੰਦਾ ਹੈ ਕਿਉਂਕਿ ਮੱਧਕਾਲ ਦੇ ਭਗਤਾਂ ਦੀ ਸਾਧਨਾ ਨਾਮ-ਸਾਧਨਾ ਦੇ ਵਧੇਰੇ ਨਜ਼ਦੀਕ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਦੁਆਰਾ ਦਰਸਾਏ ਸਾਧਨਾ ਮਾਰਗ ਦਾ ਸੰਬੰਧ ਨਾ ਸਿਰਫ਼ ਅਧਿਆਤਮਿਕਤਾ ਅਤੇ ਸਮਾਜਿਕਤਾ ਨਾਲ ਹੀ ਹੈ ਸਗੋਂ ਨੈਤਿਕਤਾ ਨੂੰ ਵੀ ਇਹ ਮਾਰਗ ਨਾਲ ਲੈ ਕੇ ਚੱਲਦਾ ਹੈ। ਗੁਰੂ ਨਾਨਕ ਸਾਹਿਬ ਦੁਆਰਾ ਦਰਸਾਏ ਗਏ ਇਸ ਸਾਧਨਾ ਮਾਰਗ ਦੇ ਵੱਖੋ-ਵੱਖਰੇ ਅੰਗ ਇਸ ਪ੍ਰਕਾਰ ਹਨ:

1. ਨਾਮ-ਭਗਤੀ

ਉਪਰ ਅਸੀਂ ਸ੍ਰੀ ਗੁਰੂ ਨਾਨਕ ਸਾਹਿਬ ਦੁਆਰਾ ਪ੍ਰਸਤੁਤ ਸਾਧਨਾ ਮਾਰਗ ਲਈ ਨਾਮ-ਸਾਧਨਾ ਦਾ ਨਾਮਕਰਣ ਢੁਕਵਾਂ ਮੰਨਿਆ ਹੈ। ਇਸ ਲਈ ਸਭ ਤੋਂ ਪਹਿਲਾਂ ਵੇਖਣਾ ਹੈ ਕਿ ਨਾਮ ਕੀ ਹੈ ? ਗੁਰਬਾਣੀ ਅਨੁਸਾਰ 'ਨਾਮ' ਰੱਬ ਦਾ ਹੀ ਨਾਂ ਹੈ।[4] ਵੱਖੋ-ਵੱਖਰੇ ਧਰਮਾਂ ਨੇ ਰੱਬ ਨੂੰ ਵੱਖੋ-ਵੱਖਰੇ ਨਾਮ ਦਿੱਤੇ ਹਨ। ਪਰ ਗੁਰਬਾਣੀ ਵਿਚ ਪਰਮਾਤਮਾ ਦੀ ਹੋਂਦ ਦਾ ਨਾਂ ਹੀ 'ਨਾਮ' ਹੈ। ਜਪੁਜੀ ਸਾਹਿਬ ਵਿਚ ਸ਼ਬਦ 'ਸਤਿਨਾਮੁ' ਵਰਤਿਆ ਗਿਆ ਹੈ। ਉਸ ਦਾ ਨਾਮ 'ਸਤਿ' ਅਰਥਾਤ ਸਦਾ ਰਹਿਣ ਵਾਲਾ ਤੇ ਸੱਚਾ ਹੈ। ਨਾਮ ਵਾਹਿਗੁਰੂ ਦੇ ਪ੍ਰਤੱਖ ਸਬੂਤ ਦਾ ਲਖਾਇਕ ਹੈ, ਉਸ ਸਰੂਪ ਦਾ ਜੋ ਅਨੁਭਵ ਕੀਤਾ ਜਾ ਸਕਦਾ ਹੈ।

ਰੱਬ ਦਾ ਨਾਮ ਸੱਚਾ ਹੈ, ਇਸ ਲਈ ਇਸ ਨੂੰ ਸ਼ਬਦ ਵੀ ਆਖਿਆ ਗਿਆ ਹੈ। ਡਾ. ਤਾਰਨ ਸਿੰਘ ਅਨੁਸਾਰ, ਉਹ ਹਰ ਵਿਚਾਰ ਤੇ ਵਿਹਾਰ ਨਾਮ-ਭਗਤੀ ਹੈ ਜੋ ਆਤਮਾ ਤੇ ਪਰਮਾਤਮਾ ਵਿਚ ਪ੍ਰੇਮ ਵਧਾਉਂਦਾ ਹੈ। ਨਾਮ ਪਰਮਾਤਮਾ ਦੀ ਹੋਂਦ ਦਾ ਦ੍ਰਿੜ੍ਹ ਵਿਸ਼ਵਾਸ ਹੈ। ਨਾਮ 'ਸਤਿ' ਦਾ ਵਿਸ਼ਵਾਸ ਹੈ। ਨਾਮ 'ਸਦਾਚਾਰ' ਹੈ। ਨਾਮ ਕੇਵਲ ਸੰਗਿਆ ਨਹੀਂ, ਅਹਿਸਾਸ ਹੈ।[5] ਡਾ. ਸਾਹਿਬ ਦੇ ਇਹਨਾਂ ਸ਼ਬਦਾਂ ਤੋਂ ਸਿੱਧ ਹੋ ਜਾਂਦਾ ਹੈ ਕਿ ਨਿਰਗੁਣ ਕਾਵਿ ਵਿਚ ਵਰਣਨ ਕੀਤੇ 'ਨਾਮ' ਦਾ ਪਰੰਪਰਾ ਤੋਂ ਪ੍ਰਾਪਤ ਨਾਮ ਵਿਚ ਬਹੁਤ ਅੰਤਰ ਹੈ। ਨਿਰਗੁਣ ਕਾਵਿ ਵਿਚ ਨਾਮ ਨਾ ਸਿਰਫ਼ ਸਾਧਨਾ ਦਾ ਹੀ ਇਕ ਅੰਗ ਹੈ ਸਗੋਂ ਮਨੁੱਖ ਦਾ ਪਰਮ-ਲਕਸ਼ ਵੀ ਬਣ ਗਿਆ ਹੈ। ਇਸ ਪ੍ਰਕਾਰ ਨਾਮ ਸਾਧਨਾ-ਮਾਰਗ ਦਾ ਅੰਗ ਵੀ ਹੈ ਅਤੇ ਸੁਤੰਤਰ ਸਾਧਨਾ ਵੀ।

ਗੁਰੂ ਨਾਨਕ ਬਾਣੀ ਵਿਚ ਨਾਮ ਤੋਂ ਭਾਵ ਕਿਸੇ ਸ਼ਬਦ ਨੂੰ ਤੋਤੇ ਵਾਂਗ ਰਟਣ ਤੋਂ ਨਹੀਂ ਹੈ ਸਗੋਂ ਇਸ ਤੋਂ ਭਾਵ ਪਰਮਾਤਮਾ ਆਪ ਹੀ ਹੈ। ਡਾ. ਭਾਈ ਜੋਧ ਸਿੰਘ ਜੀ ਅਨੁਸਾਰ, 'ਨਾਮ' ਤੋਂ ਮੁਰਾਦ ਇਕ ਸਰਬ-ਵਿਆਪਕ ਸ਼ਕਤੀ ਹੈ ਜੋ ਹਰ ਥਾਂ ਭਰਪੂਰ ਹੋ ਕੇ ਘਟ-ਘਟ ਨੂੰ ਧਾਰ ਰਹੀ ਹੈ।[6]

ਗੁਰੂ ਨਾਨਕ ਬਾਣੀ ਅਨੁਸਾਰ ਨਾਮ ਸਾਰੇ ਦੁੱਖਾਂ, ਕਲੇਸ਼ਾਂ ਦਾ ਦਾਰੂ ਤੇ ਸੁਖ ਪ੍ਰਾਪਤੀ ਦਾ ਸਾਧਨ ਹੈ। ਜੀਵਨ-ਮੁਕਤੀ ਅਤੇ ਪਰਮ-ਪਦ ਅਵਸਥਾ ਦੀ ਪ੍ਰਾਪਤੀ ਵੀ ਨਾਮ-ਸਿਮਰਨ ਨਾਲ ਹੀ ਸੰਭਵ ਹੋ ਸਕਦੀ ਹੈ। ਡਾ. ਸ਼ੇਰ ਸਿੰਘ ਅਨੁਸਾਰ, 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਮ ਦੀ ਬਹੁਤ ਵਡਿਆਈ ਕੀਤੀ ਹੈ। ਸਾਰੇ ਦੁੱਖਾਂ ਕਲੇਸ਼ਾਂ ਦਾ ਦਾਰੂ ਨਾਮ ਦੱਸਿਆ ਹੈ।'[੭]

2. ਗੁਰੂ

ਜੀਵ-ਆਤਮਾ ਦਾ ਪਰਮ ਲਕਸ਼ ਪਰਮਾਤਮਾ ਨਾਲ ਅਭੇਦਤਾ ਹੈ। ਇਸ ਮਿਲਾਪ ਲਈ ਨਾਮ ਸਿਮਰਨ ਬਹੁਤ ਜ਼ਰੂਰੀ ਹੈ ਪਰ ਨਾਮ ਦੀ ਦਾਤ ਗੁਰੂ ਦੀ ਨਦਰਿ ਤੋਂ ਬਿਨਾਂ ਪ੍ਰਾਪਤ ਨਹੀਂ ਹੋ ਸਕਦੀ, ਨਾਮ ਤਾਂ ਕਿਰਪਾ ਨਾਲ ਹੀ ਪ੍ਰਾਪਤ ਹੋਣਾ ਹੈ:

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥
ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥ *(ਪੰਨਾ ੪੬੬)*

ਨਾਮ ਦਾ ਨਿਵਾਸ ਹਰ ਹਿਰਦੇ ਵਿਚ ਹੈ। ਕੋਈ ਵੀ ਹਿਰਦਾ ਜਾਂ ਆਤਮਾ ਨਾਮ ਤੋਂ ਸੱਖਣਾ ਨਹੀਂ। ਪਰ ਗੁਰੂ ਸਾਹਿਬ ਨੇ ਹਿਰਦੇ ਵਿਚ ਪਏ ਨਾਮ ਨੂੰ ਪ੍ਰਫੁੱਲਿਤ ਕਰਨ ਲਈ ਗੁਰੂ ਦੀ ਕਿਰਪਾ ਜ਼ਰੂਰੀ ਮੰਨੀ ਹੈ। ਇਸ ਨੂੰ ਨਦਰਿ ਜਾਂ ਬਖ਼ਸ਼ਿਸ਼ ਵੀ ਕਿਹਾ ਗਿਆ ਹੈ।

ਗੁਰੂ ਨਾਨਕ ਬਾਣੀ ਵਿਚ ਗੁਰੂ ਨੂੰ ਇਕ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਇਸ ਮਹੱਤਾ ਨੂੰ ਦ੍ਰਿੜ੍ਹ ਕਰਾਉਂਦੇ ਹੋਏ ਆਪ ਸੈਂਕੜੇ ਵਾਰ ਉਸ ਗੁਰੂ ਤੋਂ ਕੁਰਬਾਨ ਜਾਂਦੇ ਹਨ, ਜਿਸ ਨੇ ਮਨੁੱਖ ਤੋਂ ਦੇਵਤਾ ਬਣਾਇਆ ਹੈ।[੮] ਮਨੁੱਖੀ ਮਨ 'ਤੇ ਅਗਿਆਨ ਰੂਪੀ ਪਰਦਾ ਪਿਆ ਹੋਇਆ ਹੈ। ਇਹ ਅਗਿਆਨ ਗੁਰੂ ਦੁਆਰਾ ਪ੍ਰਾਪਤ ਗਿਆਨ ਨਾਲ ਹੀ ਮੁਕਣਾ ਹੈ ਅਤੇ ਗੁਰੂ ਦੇ ਕਹੇ ਵਾਕ ਹੀ ਗਿਆਨ ਹਨ।[੯] ਜਿਹੜੇ ਮਨੁੱਖ ਗੁਰੂ ਨੂੰ ਨਹੀਂ ਚੇਤਦੇ, ਉਹ ਖ਼ੁਆਰ ਹੁੰਦੇ ਹਨ। ਪਰਮਾਤਮਾ ਦੀ ਮਿਹਰ ਵੀ ਅਜਿਹੇ ਮਨੁੱਖਾਂ 'ਤੇ ਨਹੀਂ ਹੁੰਦੀ।

ਪਰ ਗੁਰੂ ਕੌਣ ਹੈ? ਗੁਰੂ ਕੋਈ ਦੇਹਧਾਰੀ ਜੀਵ ਨਹੀਂ। ਗੁਰੂ ਨਾਨਕ ਬਾਣੀ ਅਨੁਸਾਰ ਗੁਰੂ ਤਾਂ ਪਰਮਾਤਮਾ ਆਪ ਹੀ ਹੈ। ਗੁਰੂ ਤਾਂ ਸ਼ਬਦ ਹੀ ਹੈ। ਬਾਣੀ ਗੁਰੂ ਹੈ। ਬਾਣੀ ਦੀ ਵਿਚਾਰ ਗੁਰੂ ਭਗਤੀ।

ਗੁਰੂ ਦਾ ਸ਼ਬਦ ਹਉਮੈ ਦੀ ਦੀਵਾਰ ਤੋੜ ਕੇ ਨਾਮ-ਭਗਤੀ ਵਿਚ ਲਗਾਉਂਦਾ ਹੈ। ਸੰਸਾਰ ਸਮੁੰਦਰ ਤੋਂ ਪਾਰ ਲੰਘਾਉਂਦਾ ਹੈ। ਪੂਰਨਤਾ ਪ੍ਰਦਾਨ ਕਰਦਾ ਹੈ, ਪੂਰਨਤਾ ਪ੍ਰਾਪਤ ਮਨੁੱਖ ਜੀਵਨ ਮੁਕਤ ਹੈ। ਸੋ ਗੁਰੂ ਬਿਨਾਂ ਨਾਮ ਦੀ ਦਾਤ ਪ੍ਰਾਪਤ ਨਹੀਂ ਹੋ ਸਕਦੀ। ਹਉਮੈ ਦੀ ਦੀਵਾਰ ਟੁੱਟ ਨਹੀਂ ਸਕਦੀ। ਪੂਰਨਤਾ ਪ੍ਰਾਪਤ ਨਹੀਂ ਹੋ ਸਕਦੀ। ਇਹ ਸਾਰਾ ਕੁਝ ਗੁਰੂ ਦੀ ਕਿਰਪਾ ਨਾਲ ਹੀ ਪ੍ਰਾਪਤ ਹੋਣਾ ਹੈ। ਇਸ ਲਈ ਗੁਰੂ ਭਗਤੀ ਮਹੱਤਵਪੂਰਨ ਹੈ।

3. ਸਿਮਰਨ

ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ, ਸਮਰਣ ਦਾ ਪੰਜਾਬੀ ਰੂਪ 'ਸਿਮਰਨ' ਹੈ। ਸਮਰਣ ਦਾ ਸਿੱਧਾ ਅਰਥ ਯਾਦ ਹੈ। ਪਰੰਤੂ ਸਿਮਰਨ ਦਾ ਅਰਥ ਨਿਰਗੁਣ ਕਾਵਿ ਵਿਚ ਧਿਆਉਣਾ,

ਜਪਣਾ, ਆਖਣਾ, ਯਾਦ ਕਰਨਾ, ਭਜਨ ਕਰਨਾ ਹੋ ਗਿਆ ਹੈ।[10] ਸੋ ਸਿਮਰਨ ਦਾ ਭਾਵ ਕਿਸੇ ਨੂੰ ਯਾਦ ਕਰਨਾ, ਧਿਆਉਣਾ ਆਦਿ ਤੋਂ ਹੈ। ਗੁਰੂ ਨਾਨਕ ਬਾਣੀ ਵਿਚ ਸਿਮਰਨ, ਮਨੁੱਖ ਨੂੰ ਆਪਣੀ ਮੰਜ਼ਿਲ 'ਤੇ ਪਹੁੰਚਾਉਂਦਾ ਹੈ। ਮਾਇਆ ਤੋਂ ਬਚਾ ਕੇ, ਦੁੱਖਾਂ ਕਲੇਸ਼ਾਂ ਦਾ ਨਾਸ਼ ਕਰਦਾ ਹੈ। ਨਾਮ ਸਿਮਰਨ ਪਰਮ-ਪਦ ਦੀ ਪ੍ਰਾਪਤੀ ਵਿਚ ਸਹਾਇਕ ਸਿੱਧ ਹੁੰਦਾ ਹੈ।

4. ਕੀਰਤਨ

ਗੁਰੂ ਨਾਨਕ ਬਾਣੀ ਵਿਚ ਕੀਰਤਨ ਨੂੰ ਵੀ ਸਾਧਨਾ-ਮਾਰਗ ਵਜੋਂ ਦਰਸਾਇਆ ਗਿਆ ਹੈ। ਕੀਰਤਨ ਦਾ ਪ੍ਰਮੁੱਖ ਉਦੇਸ਼ ਪ੍ਰਭੂ ਦੀ ਉਸਤਤ ਕਰਨਾ ਹੈ। ਕੀਰਤਨ ਮਹੱਤਾ 'ਤੇ ਚਾਨਣਾ ਪਾਉਂਦੇ ਹੋਏ ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਜੋ ਪ੍ਰਾਣੀ ਕੀਰਤਨ (ਪ੍ਰਭੂ ਕੀਰਤੀ) ਕਰਦਾ ਹੈ, ਕਾਲ ਉਸ ਨੂੰ ਪੋਹ ਨਹੀਂ ਸਕਦਾ:

ਜੋ ਜਨੁ ਕਰੈ ਕੀਰਤਨੁ ਗੋਪਾਲ ॥
ਤਿਸ ਕਉ ਪੋਹਿ ਨ ਸਕੈ ਜਮਕਾਲੁ ॥ (ਪੰਨਾ ੮੬੭)

5. ਸ੍ਰਵਣ ਤੇ ਮਨਨ

ਗੁਰੂ ਨਾਨਕ ਬਾਣੀ ਵਿਚ ਨਾਮ ਦੇ ਸ੍ਰਵਣ ਤੇ ਮਨਨ ਨੂੰ ਵੀ ਸਾਧਨਾ-ਮਾਰਗ ਦਾ ਅੰਗ ਮੰਨਿਆ ਗਿਆ ਹੈ। ਨਾਮ ਸ੍ਰਵਣ ਤੋਂ ਭਾਵ ਹੈ ਪਰਮਾਤਮਾ ਦਾ ਗਿਆਨ ਪ੍ਰਾਪਤ ਕਰਨਾ ਜਿਸ ਨਾਲ ਇਕਮਿਕਤਾ ਪ੍ਰਾਪਤ ਕਰਨੀ ਹੈ। ਸਾਧ ਸੰਗਤ ਵਿਚ ਜਾ ਕੇ ਨਾਮ ਸ੍ਰਵਣ ਕੀਤਾ ਜਾ ਸਕਦਾ ਹੈ। ਪਰਮਾਤਮਾ ਇੰਦਰੀਆਂ ਦਾ ਵਿਸ਼ਾ ਨਹੀਂ, ਇਸ ਨੂੰ ਅਨੁਭਵ ਕੀਤਾ ਜਾ ਸਕਦਾ ਹੈ। ਜਪੁਜੀ ਵਿਚ ਨਾਮ ਦੇ ਸ੍ਰਵਣ ਕਰਨ ਦੀ ਮਹੱਤਾ ਉੱਤੇ ਚਾਨਣਾ ਪਾਇਆ ਗਿਆ ਹੈ:

ਸੁਣਿਐ ਸਤੁ ਸੰਤੋਖੁ ਗਿਆਨੁ ॥
ਸੁਣਿਐ ਅਠਸਠਿ ਕਾ ਇਸਨਾਨੁ ॥
ਸੁਣਿਐ ਪੜਿ ਪੜਿ ਪਾਵਹਿ ਮਾਨੁ ॥
ਸੁਣਿਐ ਲਾਗੈ ਸਹਜਿ ਧਿਆਨੁ ॥
ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥ (ਪੰਨਾ ੩)

ਨਾਮ ਦੇ ਮਨਨ ਤੋਂ ਭਾਵ ਹੈ ਰੱਬ ਦੀ ਹੋਂਦ ਵਿਚ ਵਿਸ਼ਵਾਸ ਕਰਨਾ। ਵਿਸ਼ਵਾਸ ਨਾਮ ਨੂੰ ਸਿਰਫ਼ ਸ੍ਰਵਣ ਕਰਨ ਨਾਲ ਹੀ ਹੋ ਸਕਦਾ ਹੈ। ਨਾਮ ਦੇ ਮਨਨ ਨਾਲ ਸੁਰਤਿ ਤੇ ਬੁੱਧੀ ਦਾ ਵਿਕਾਸ ਹੁੰਦਾ ਹੈ।[11]

6. ਜੋਦੜੀ

ਜੋਦੜੀ ਤੋਂ ਭਾਵ ਹੈ ਆਤਮਾ ਦੀਆਂ ਡੂੰਘਾਈਆਂ ਵਿਚੋਂ ਅਰਦਾਸ ਕਰਨਾ। ਜਦੋਂ ਕੋਈ ਪ੍ਰਭੂ ਦਾ ਪਿਆਰਾ ਭਗਤ ਆਪਣੇ ਦੁੱਖ-ਸੁਖ ਦੇ ਸਾਂਝੀਵਾਲ ਆਪਣੇ ਪ੍ਰਭੂ ਅੱਗੇ ਤਨੋਂ-ਮਨੋਂ ਉਸ ਨਾਲ ਜੁੜ ਕੇ ਆਪਣੀ ਹਾਲਤ ਉਸ ਨੂੰ ਦੱਸਦਾ ਹੈ ਤਾਂ ਪ੍ਰਭੂ ਵੀ ਉਸ ਦੀ ਸੁਣਦਾ ਹੈ। ਗੁਰੂ

ਨਾਨਕ ਸਾਹਿਬ ਨੇ ਕਈ ਥਾਵਾਂ 'ਤੇ ਆਪਣੀ ਬਾਣੀ ਵਿਚ ਦਿਲ ਦੀਆਂ ਡੂੰਘਾਣਾਂ ਵਿਚੋਂ ਆਤਮ ਨਿਵੇਦਨ ਕੀਤਾ ਹੈ।[12]

ਆਪਣੇ ਆਪ ਨੂੰ ਮਾੜਾ ਤੇ ਪ੍ਰਭੂ ਨੂੰ ਸ਼ਕਤੀ-ਦਾਇਕ ਮੰਨਣਾ, ਆਪਣੇ ਆਪ ਨੂੰ ਦਾਸ, ਨੌਕਰ ਅਤੇ ਪਰਮਾਤਮਾ ਨੂੰ ਮਾਲਕ ਸਮਝਣਾ। ਆਪਣੇ ਆਪ ਨੂੰ ਨਿਮਾਣਾ ਤੇ ਉਸ ਨੂੰ ਮਾਣ ਵਾਲਾ ਸਮਝਣਾ। ਆਪਣੇ ਆਪ ਨੂੰ ਨਿਰ-ਆਸਰਾ ਤੇ ਉਸ ਨੂੰ ਆਸਰਾ ਦੇਣ ਵਾਲਾ ਕਹਿਣਾ ਆਤਮ ਨਿਵੇਦਨ ਦੇ ਹੀ ਰੂਪ ਹਨ।

7. ਸਾਧਸੰਗਤ

ਗੁਰੂ ਨਾਨਕ ਬਾਣੀ ਵਿਚ ਤਾਂ ਥਾਂ-ਥਾਂ ਸਾਧਸੰਗਤ ਦੀ ਮਹਿਮਾ ਗਾਈ ਹੈ। ਸਤਿਸੰਗਤ ਨੂੰ ਆਪ ਦੀ ਬਾਣੀ ਵਿਚ ਸ੍ਰੇਸ਼ਟਤਮ ਸਥਾਨ ਪ੍ਰਾਪਤ ਹੈ। ਸਤਿਸੰਗਤ ਵਿਚ ਨਾਮ ਦੀ ਮਹਿਮਾ ਦਾ ਗਾਇਨ ਹੁੰਦਾ ਹੈ।[13] ਖ਼ੁਸ਼ੀ ਭਰਪੂਰ ਜ਼ਿੰਦਗੀ ਬਤੀਤ ਕਰਨ ਲਈ ਸਤਿਸੰਗ ਨੂੰ ਜ਼ਰੂਰੀ ਮੰਨਿਆ ਗਿਆ ਹੈ।[14]

8. ਹੁਕਮ

ਗੁਰੂ ਨਾਨਕ ਬਾਣੀ ਵਿਚ ਪ੍ਰਭੂ ਦੇ ਹੁਕਮ ਅਤੇ ਰਜ਼ਾ ਨੂੰ ਵੀ ਅਧਿਆਤਮਕ ਸਾਧਨਾ ਮਾਰਗ ਦੇ ਅੰਗ ਵਜੋਂ ਪ੍ਰਵਾਨ ਕੀਤਾ ਗਿਆ ਹੈ। ਪਰਮਾਤਮਾ ਦਾ ਹੁਕਮ ਆਪ ਦੀ ਬਾਣੀ ਵਿਚ ਕੇਂਦਰੀ ਮਹੱਤਾ ਦਾ ਲਖਾਇਕ ਹੈ। ਇਕ ਵਿਦਵਾਨ ਅਨੁਸਾਰ, ਉਹਨਾਂ ਦਾ ਬਹੁਤ ਜ਼ੋਰ ਉਸ ਨੂੰ ਹਾਕਮ ਤੇ ਪਾਤਸ਼ਾਹ ਸਿੱਧ ਕਰਨ ਉੱਤੇ ਹੈ ਤੇ ਇਸ ਸਰੂਪ ਰਾਹੀਂ ਉਸ ਦੇ ਹੁਕਮ ਨੂੰ ਕੇਂਦਰੀ ਮਹੱਤਵ ਦੇਣ ਉੱਤੇ। ਹੁਕਮ ਦੇ ਸੰਕਲਪ ਬਿਨਾਂ ਤਾਂ ਗੁਰਮਤਿ ਦਰਸ਼ਨ ਦਾ ਕਿਆਸ ਭੀ ਨਹੀਂ ਬਣਾਇਆ ਜਾ ਸਕਦਾ।[15] ਗੁਰੂ ਨਾਨਕ ਬਾਣੀ ਅਨੁਸਾਰ ਇਸ ਸੰਸਾਰ ਅਤੇ ਮਨੁੱਖ ਦਾ ਸਮੁੱਚਾ ਪ੍ਰਬੰਧ ਪ੍ਰਭੂ ਦੇ ਭਾਣੇ ਅਨੁਸਾਰ ਹੀ ਚੱਲ ਰਿਹਾ ਹੈ। ਉਸ ਦੇ ਹੁਕਮ ਤੋਂ ਬਿਨਾਂ ਤਾਂ ਪੱਤਾ ਵੀ ਨਹੀਂ ਹਿੱਲ ਸਕਦਾ।

9. ਪ੍ਰੇਮ

ਪ੍ਰੇਮ ਨੂੰ ਅਧਿਆਤਮਿਕ ਸਾਧਨਾ-ਮਾਰਗ ਦੇ ਅੰਗ ਵਜੋਂ ਮਹੱਤਵਪੂਰਣ ਸਥਾਨ ਪ੍ਰਾਪਤ ਹੈ। ਜੋ ਉਸ ਪ੍ਰਭੂ ਨੂੰ ਪ੍ਰੇਮ ਕਰਦਾ ਹੈ, ਉਹ ਆਪ ਵੀ ਉਸ ਵਰਗਾ ਬਣ ਜਾਂਦਾ ਹੈ ਅਤੇ ਉਸ ਨੂੰ ਪ੍ਰਾਪਤ ਕਰ ਲੈਂਦਾ ਹੈ। ਪ੍ਰੇਮ ਨਾਲ ਹੀ ਰੱਬ ਦੀ ਹੋਂਦ ਵਿਚ ਵਿਸ਼ਵਾਸ ਹੁੰਦਾ ਹੈ। ਗੁਰੂ ਨਾਨਕ ਬਾਣੀ ਵਿਚ ਭਾਉ ਭਗਤੀ ਦੀ ਖ਼ਾਸ ਮਹੱਤਤਾ ਹੈ, ਇਹੋ ਪ੍ਰੇਮਾ-ਭਗਤੀ ਹੈ।

ਇਸ ਤੋਂ ਇਲਾਵਾ ਸੱਚੇ ਸ਼ਬਦ ਦੀ ਕਮਾਈ, ਸੇਵਾ, ਨਿਮਰਤਾ ਅਤੇ ਵਿਸ਼ਵਾਸ ਆਦਿ ਨੂੰ ਵੀ ਗੁਰੂ ਨਾਨਕ ਬਾਣੀ ਵਿਚ ਸਾਧਨਾ-ਮਾਰਗ ਦੇ ਅੰਗ ਵਜੋਂ ਸਵੀਕਾਰ ਕੀਤਾ ਗਿਆ ਹੈ।

ਨੈਤਿਕਤਾ

ਨੈਤਿਕਤਾ ਧਰਮ ਦਾ ਆਧਾਰ ਹੈ। ਇਹਨਾਂ ਨੂੰ ਇਕ ਦੂਜੇ ਤੋਂ ਨਿਖੇੜਿਆ ਨਹੀਂ ਜਾ

ਸਕਦਾ। ਗੁਰੂ ਨਾਨਕ ਸਾਹਿਬ ਨੇ ਮਨੁੱਖ ਨੂੰ ਧਾਰਮਿਕ ਕਰਮਾਂ ਦੇ ਨਾਲ-ਨਾਲ ਹੀ ਚੰਗੀਆਂ ਸਮਾਜਿਕ ਅਤੇ ਨੈਤਿਕ ਕੀਮਤਾਂ ਦੀ ਸੋਝੀ ਕਰਵਾਈ ਹੈ। ਨੈਤਿਕਤਾ ਸੰਸਕ੍ਰਿਤ ਦੇ ਸ਼ਬਦ 'ਨੀਤਿ' ਦਾ ਵਿਕਸਿਤ ਰੂਪ ਹੈ ਜੋ 'ਨੀ' ਧਾਤੂ ਤੋਂ ਬਣਿਆ ਹੈ। ਇਸ ਧਾਤੂ ਦੇ ਪ੍ਰਧਾਨ ਅਰਥ ਹਨ—ਲੈ ਜਾਣਾ ਜਾਂ ਅਗਵਾਈ ਕਰਨਾ।[16] ਅਰਥਾਤ ਜੋ ਜੀਵਨ ਵਿਚ ਮਨੁੱਖ ਦੀ ਅਗਵਾਈ ਕਰੇ। ਪੰਜਾਬੀ ਵਿਚ ਇਸ ਲਈ ਪ੍ਰਚਲਿਤ ਸ਼ਬਦ 'ਸਦਾਚਾਰ' ਹੈ, ਜਿਸ ਦਾ ਅਰਥ ਹੈ ਸ਼ੁਭ ਜਾਂ ਚੰਗਾ ਆਚਾਰ।[17] ਅੰਗਰੇਜ਼ੀ ਵਿਚ ਇਸ ਲਈ ਸ਼ਬਦ 'morality' ਵਰਤਿਆ ਜਾਂਦਾ ਹੈ। ਵੈਬਸਟਰ ਡਿਕਸ਼ਨਰੀ ਅਨੁਸਾਰ ਇਸ ਦੀ ਪਰਿਭਾਸ਼ਾ ਮਨੁੱਖੀ ਆਚਾਰ ਨਾਲ ਸੰਬੰਧਿਤ ਸਿਧਾਂਤ ਜਾਂ ਵਿਚਾਰਾਂ ਦਾ ਪ੍ਰਬੰਧ ਹੈ।[18] ਸੋ ਸਮੁੱਚੇ ਤੌਰ 'ਤੇ ਨੈਤਿਕਤਾ ਜਾਂ ਸਦਾਚਾਰ ਦਾ ਸੰਬੰਧ ਮਨੁੱਖੀ ਆਚਾਰ ਨਾਲ ਹੈ। ਅਸਲ ਵਿਚ ਨੈਤਿਕਤਾ ਆਚਾਰ ਸੰਬੰਧੀ ਵਿਚਾਰਾਂ ਤੇ ਕਦਰਾਂ-ਕੀਮਤਾਂ ਦੇ ਸਾਰਥਕ ਸੰਗਠਨ ਵੱਲ ਇਸ਼ਾਰਾ ਕਰਦੀ ਹੈ।

ਨਿਰਗੁਣ ਕਾਵਿ ਵਿਚ ਸਦਾਚਾਰ ਨੂੰ ਧਰਮ ਨਾਲ ਜੋੜ ਕੇ ਹੀ ਵੇਖਿਆ ਗਿਆ ਹੈ। ਧਰਮ ਦਾ ਅਧਿਆਤਮਿਕ ਪੱਖ ਵਿਅਕਤੀਗਤ ਹੈ ਜਿਸ ਦੁਆਰਾ ਮਨੁੱਖ ਮੁਕਤੀ ਪ੍ਰਾਪਤ ਕਰਦਾ ਹੈ ਪਰ ਇਸ ਦਾ ਦੂਸਰਾ ਪੱਖ ਸਮਾਜਿਕ ਸੰਦਰਭ ਨਾਲ ਜੁੜਿਆ ਹੋਇਆ ਹੈ ਜਿਸ ਵਿਚ ਮਨੁੱਖ ਦੇ ਸਮਾਜ ਤੇ ਭਾਈਚਾਰੇ ਪ੍ਰਤੀ ਜ਼ਿੰਮੇਵਾਰੀ ਅਤੇ ਮਨੁੱਖ ਪ੍ਰਤੀ ਸਮਾਜ ਦੀ ਜ਼ਿੰਮੇਵਾਰੀ ਦ੍ਰਿਸ਼ਟੀਗੋਚਰ ਹੁੰਦੀ ਹੈ। ਧਰਮ ਦਾ ਇਹ ਪਹਿਲੂ ਹੀ ਨੈਤਿਕਤਾ ਦਾ ਆਧਾਰ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ ਇਸ ਪੱਖ ਤੋਂ ਭਾਵ ਵਿਅਕਤੀ (ਸਾਧਕ) ਦਾ ਸਮਾਜ, ਭਾਈਚਾਰੇ, ਦੁਨੀਆਂ, ਕੁਦਰਤ, ਰਾਜਨੀਤੀ ਤੇ ਗ਼ੈਰ-ਮਜ਼ਹਬਾਂ ਪ੍ਰਤੀ ਕੀ ਕਰਤੱਵ ਹੈ, ਇਹਨਾਂ ਗੱਲਾਂ ਨੂੰ ਸ਼ਾਮਲ ਸਮਝਿਆ ਜਾਂਦਾ ਹੈ। ਇਸ ਵਿਚ ਵਿਅਕਤੀ, ਭਾਈਚਾਰੇ, ਸਮਾਜ ਆਦਿ ਤੋਂ ਕੀ ਮੰਗ ਕਰਦਾ ਹੈ, ਉਹ ਵੀ ਸ਼ਾਮਲ ਹੁੰਦਾ ਹੈ।[19] ਸੋ ਨੈਤਿਕਤਾ ਦਾ ਸੰਬੰਧ ਵਿਅਕਤੀ ਅਤੇ ਸਮੂਹ ਦੋਹਾਂ ਨਾਲ ਹੈ।

ਗੁਰੂ ਨਾਨਕ ਬਾਣੀ ਵਿਚ ਨੈਤਿਕ ਦ੍ਰਿਸ਼ਟੀ ਦੀ ਭਾਲ 'ਆਦਰਸ਼ ਵਿਅਕਤੀ' ਹੈ। ਇਸ ਆਦਰਸ਼ ਮਾਨਵ ਨੂੰ ਹੀ ਆਪ ਨੇ ਜਪੁਜੀ ਵਿਚ 'ਸਚਿਆਰਾ' ਕਿਹਾ ਹੈ:

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ (ਪੰਨਾ ੧)

ਇਹ 'ਸਚਿਆਰਾ' ਸੱਚ ਦੀ ਭਾਲ ਕਰ ਕੇ ਸੱਚ ਨਾਲ ਸੰਜੋਗ ਪ੍ਰਾਪਤ ਕਰਦਾ ਹੈ ਅਤੇ ਸੱਚ ਬੋਲਦਾ ਹੈ। ਇਸ ਤਰ੍ਹਾਂ ਇਕ ਪਾਸੇ ਆਪਣੇ ਅਸਲ ਸੋਮੇਂ ਨਾਲ ਜੁੜਿਆ ਰਹਿੰਦਾ ਹੈ ਅਤੇ ਦੂਜੇ ਪਾਸੇ ਸਮਾਜ ਨੂੰ ਉਸ ਸੋਮੇ ਤਕ ਪੁੱਜਣ ਦਾ ਮਾਰਗ ਦੱਸਦਾ ਹੈ। ਉਹ ਨਾ ਸਿਰਫ਼ ਆਪ ਮੁਕਤ ਹੁੰਦਾ ਹੈ ਸਗੋਂ ਦੂਸਰਿਆਂ ਨੂੰ ਵੀ ਮੁਕਤ ਕਰਦਾ ਹੈ। ਕਿਸੇ ਧਰਮ ਦੀ ਮਹਾਨਤਾ ਉਸ ਦੁਆਰਾ ਪੈਦਾ ਕੀਤੇ ਮਨੁੱਖ ਤੋਂ ਹੀ ਪਤਾ ਲੱਗਦੀ ਹੈ। ਗੁਰਬਾਣੀ ਦੁਆਰਾ ਪ੍ਰਸਤੁਤ 'ਗੁਰਮੁਖ' ਵਰਗਾ ਅਧਿਆਤਮਿਕ ਅਤੇ ਨੈਤਿਕ ਤੌਰ 'ਤੇ ਸੰਪੂਰਣ ਮਨੁੱਖ ਆਪਣੀ ਮਿਸਾਲ ਆਪ ਹੀ ਹੈ। ਗੁਰਮੁਖ ਅਧਿਆਤਮਿਕ ਹੁੰਦੇ ਹੋਏ ਵੀ ਪਦਾਰਥਕ ਸਚਾਈਆਂ ਤੋਂ ਮੂੰਹ ਨਹੀਂ ਮੋੜਦਾ ਅਤੇ ਸੰਸਾਰ ਵਿਚ ਰਹਿੰਦਿਆਂ ਜੀਵਨ-ਮੁਕਤ ਦੀ ਅਵਸਥਾ ਪ੍ਰਾਪਤ ਕਰਦਾ ਹੈ। ਇਉਂ ਗੁਰੂ ਨਾਨਕ ਬਾਣੀ ਵਿਚਲੀ ਨੈਤਿਕ ਦ੍ਰਿਸ਼ਟੀ ਦੀ ਭਾਲ ਆਦਰਸ਼ ਵਿਅਕਤੀ, ਆਦਰਸ਼ ਸਮਾਜ ਤੇ ਆਦਰਸ਼ ਜੀਵਨ ਦੀ ਸਥਾਪਨਾ ਹੈ। ਧਰਮ ਨੇ ਆਦਰਸ਼ ਵਿਅਕਤੀ ਦੀ ਸਿਰਜਣਾ ਕਰਨੀ ਹੈ, ਆਦਰਸ਼ ਵਿਅਕਤੀਆਂ ਦੇ ਸਮੂਹ ਨੇ ਆਦਰਸ਼ ਸਮਾਜ ਦਾ ਨਿਰਮਾਣ ਕਰ ਕੇ ਆਦਰਸ਼ ਜੀਵਨ ਦੀ ਸਥਾਪਨਾ

ਕਰਨੀ ਹੈ। ਸੋ ਗੁਰੂ ਨਾਨਕ ਬਾਣੀ ਵਿਚ ਧਰਮ ਤੇ ਨੈਤਿਕਤਾ ਸਮਾਨ ਚੱਲਦੇ ਹਨ ਅਤੇ ਦੋਵੇਂ ਇਕ ਦੂਜੇ ਦੇ ਪੂਰਕ ਹਨ।

ਗੁਰੂ ਨਾਨਕ ਬਾਣੀ ਵਿਚ ਬ੍ਰਹਮ, ਸ੍ਰਿਸ਼ਟੀ, ਜੀਵਾਤਮਾ ਆਦਿ ਬਾਰੇ ਚੰਗੀ ਜਾਣਕਾਰੀ ਦਿੱਤੀ ਹੈ। ਬ੍ਰਹਮ ਇਕ ਹੈ, ਕਰਤਾ ਹੈ। ਉਸ ਦਾ ਕੋਈ ਸਾਨੀ ਨਹੀਂ, ਸਭ ਉਸ ਦੇ ਹੁਕਮ ਵਿਚ ਹਨ ਅਤੇ ਸਾਰੀ ਸ੍ਰਿਸ਼ਟੀ ਦੀ ਸਿਰਜਣਾ ਉਸ ਦੇ ਇਕੋ ਬਚਨ ਨਾਲ ਹੋਈ ਹੈ ਅਤੇ ਇਸ ਬਾਰੇ ਸਾਰੇ ਕਾਰਨ ਉਸ ਨੇ ਆਪਣੇ ਕੋਲ ਰੱਖੇ ਹਨ। ਜੀਵ ਉਸ ਦੀ ਆਗਿਆ ਨਾਲ ਇਸ ਸੰਸਾਰ ਵਿਚ ਆਉਂਦਾ ਹੈ ਅਤੇ ਉਸ ਦੇ ਹੁਕਮ ਨਾਲ ਇਸ ਸੰਸਾਰ ਤੋਂ ਚਲਾ ਜਾਂਦਾ ਹੈ। ਪਰ ਜੀਵਾਤਮਾ ਦਾ ਮੂਲ ਮਨੋਰਥ ਪ੍ਰਭੂ ਮਿਲਾਪ ਜਾਂ ਮੁਕਤੀ ਹੈ। ਇਸ ਮਿਲਾਪ ਜਾਂ ਮੁਕਤੀ ਲਈ ਗੁਰਬਾਣੀ ਨੇ ਇਕ ਮਾਰਗ ਪ੍ਰਸਤੁਤ ਕੀਤਾ ਹੈ ਜਿਸ ਨੂੰ ਸਹਿਜ ਜਾਂ ਨਾਮ-ਮਾਰਗ ਆਖਿਆ ਜਾ ਸਕਦਾ ਹੈ। ਕੀਰਤਨ, ਸ੍ਰਵਣ, ਮਨਨ, ਆਤਮਾ, ਅਰਦਾਸ, ਭਗਤੀ ਆਦਿ ਇਸ ਸਾਧਨਾ-ਮਾਰਗ ਦੇ ਮਹੱਤਵਪੂਰਨ ਅੰਸ਼ ਹਨ। ਇਸ ਮਾਰਗ ਨੂੰ ਹੀ ਗੁਰਮਤਿ ਦਾ ਨਾਂ ਦਿੱਤਾ ਗਿਆ ਹੈ:

ਹਵਾਲੇ ਅਤੇ ਟਿੱਪਣੀਆਂ

1. ਪ੍ਰੇਮ ਪ੍ਰਕਾਸ਼ ਸਿੰਘ (ਡਾ.), *ਗੁਰੂ ਨਾਨਕ ਤੇ ਨਿਰਗੁਣ ਧਾਰਾ*, ਪੰਨਾ 167.
2. ਸ਼ੇਰ ਸਿੰਘ (ਡਾ.), *ਸਿੱਖ ਧਰਮ ਦਰਸ਼ਨ*, ਪੰਨਾ 260.
3. ਗੋਬਿੰਦ ਤ੍ਰਿਗੁਣਾਇਤ (ਡਾ.), *ਹਿੰਦੀ ਕੀ ਨਿਰਗੁਣ ਕਾਵਯ ਧਾਰਾ ਔਰ ਉਸ ਕੀ ਦਾਰਸ਼ਨਿਕ ਪ੍ਰਿਸ਼ਠਭੂਮੀ*, ਪੰਨਾ 464.
4. S.S. Kohli (Dr.), *A Critical Study of Adi Granth,* p. 351.
5. ਤਾਰਨ ਸਿੰਘ (ਡਾ.), *ਗੁਰੂ ਨਾਨਕ ਚਿੰਤਨ ਤੇ ਕਲਾ*, ਪੰਨਾ 212.
6. ਜੋਧ ਸਿੰਘ (ਭਾਈ), *ਗੁਰਮਤਿ ਨਿਰਣਯ*, ਪੰਨਾ 177.
7. ਸ਼ੇਰ ਸਿੰਘ (ਡਾ.), *ਸਿੱਖ ਧਰਮ ਦਰਸ਼ਨ*, ਪੰਨਾ 301.
8. ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥ (ਪੰਨਾ ੪੬੨)
9. ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ॥ (ਪੰਨਾ ੬੮੭)
10. ਪ੍ਰੇਮ ਪ੍ਰਕਾਸ਼ ਸਿੰਘ (ਡਾ.), *ਗੁਰੂ ਨਾਨਕ ਤੇ ਨਿਰਗੁਣ ਧਾਰਾ*, ਪੰਨਾ 217.
11. ਮੰਨੈ ਸੁਰਤਿ ਹੋਵੈ ਮਨਿ ਬੁਧਿ॥
ਮੰਨੈ ਸਗਲ ਭਵਣ ਕੀ ਸੁਧਿ॥ (ਪੰਨਾ ੩)
12. ਹਉ ਪਾਪੀ ਪਤਿਤੁ ਪਰਮ ਪਖੰਡੀ ਤੂ ਨਿਰਮਲੁ ਨਿਰੰਕਾਰੀ॥ (ਪੰਨਾ ੫੯੬)
13. ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥ (ਪੰਨਾ ੭੨)
14. S.S. Kohli (Dr.), *A Critical Study of Adi Granth,* p. 366.
15. ਰਾਮ ਸਿੰਘ, *ਸਿੱਖ ਫ਼ਲਸਫ਼ੇ ਦੀ ਭੂਮਿਕਾ*, ਪੰਨਾ 62.
16. ਜਗਬੀਰ ਸਿੰਘ (ਡਾ.), *ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ*, ਪੰਨਾ 8.
17. ਕਾਹਨ ਸਿੰਘ ਨਾਭਾ (ਭਾਈ), *ਮਹਾਨ ਕੋਸ਼*, ਪੰਨਾ 114.
18. *Webster's Third New International Dictionary,* p. 1469.
19. ਪ੍ਰੇਮ ਪ੍ਰਕਾਸ਼ ਸਿੰਘ (ਡਾ.), *ਗੁਰੂ ਨਾਨਕ ਤੇ ਨਿਰਗੁਣ ਧਾਰਾ*, ਪੰਨਾ 266.

(9/1992)

ਵੇਈਂ ਨਦੀ ਪ੍ਰਵੇਸ਼ ਪ੍ਰਸੰਗ ਤੇ ਵਿਚਾਰ

ਇਹ ਪ੍ਰਸੰਗ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਇਸ ਪੱਖ ਤੋਂ ਸਭ ਤੋਂ ਵਧੀਕ ਮਹੱਤਵਪੂਰਣ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਵਿਚ ਨਿਰੰਕਾਰੀ ਮਿਸ਼ਨ ਪ੍ਰਾਪਤੀ ਅਤੇ ਅਨੁਭਵਤਾ ਦਾ ਉਲੇਖ ਕੀਤਾ ਗਿਆ ਹੈ ਅਤੇ ਇਸ ਲਈ ਇਹ ਸਾਰੇ ਜੀਵਨ ਚਰਿੱਤਰਾਂ ਦੀ ਇਕ ਚੂਲ ਜਾਂ ਚਾਬੀ ਸਿੱਧ ਹੁੰਦਾ ਹੈ। ਪਰ ਜਿਸ ਅਜੀਬ ਜਿਹੇ ਮਿਥਿਹਾਸਕ ਢੰਗ ਨਾਲ ਸਾਖੀਕਾਰਾਂ ਨੇ ਇਸ ਨੂੰ ਵਰਣਨ ਕੀਤਾ ਹੈ ਉਸ ਨਾਲ ਇਹ ਇਕ ਬੁਝਾਰਤ ਤੇ ਅੜਾਉਣੀ ਜਿਹਾ ਬਣ ਜਾਂਦਾ ਹੈ। 'ਗੁਰਪ੍ਰਤਾਪ ਸੂਰਜ' ਦੇ ਕਰਤਾ ਕਵੀ ਭਾਈ ਸੰਤੋਖ ਸਿੰਘ ਜੀ ਨੇ ਆਪਣੀ ਰਚਨਾ 'ਨਾਨਕ ਪ੍ਰਕਾਸ਼' ਵਿਚ ਇਸ ਦਾ ਉਲੇਖ ਕੁਝ ਇਸ ਭਾਵ ਅਨੁਸਾਰ ਕੀਤਾ ਹੈ:

"ਗੁਰੂ ਨਾਨਕ ਦੇਵ ਆਪਣੇ ਰੋਜ਼ ਦੇ ਪ੍ਰੋਗਰਾਮ ਅਤੇ ਨਿਯਮ ਅਨੁਸਾਰ ਇਕ ਦਿਨ ਸੁਲਤਾਨਪੁਰ ਕਸਬੇ ਦੇ ਕੋਲ ਵਾਰ ਵਗਦੀ ਵੇਈਂ ਨਦੀ ਉੱਤੇ ਅਸ਼ਨਾਨ ਕਰਨ ਜਾਂਦੇ ਅਤੇ ਇਸ ਅੰਦਰ ਪ੍ਰਵੇਸ਼ ਕਰਦੇ ਹਨ। ਜਿਉਂ ਹੀ ਆਪ ਡੁਬਕੀ ਲਗਾਂਦੇ ਹਨ ਤਾਂ ਵਰਣ ਦੇਵਤਾ ਆਪ ਦੇ ਸਾਹਮਣੇ ਹਾਜ਼ਰ ਹੋ ਕੇ ਈਸ਼ਵਰੀ ਦਰਬਾਰ ਵੱਲੋਂ ਮਿਲੇ ਇਸ ਆਦੇਸ਼ ਦਾ ਜ਼ਿਕਰ ਕਰਦਾ ਹੈ ਕਿ ਉਸ ਨੂੰ ਗੁਰੂ ਜੀ ਨੂੰ ਉਹਨਾਂ ਦੇ ਦਰਬਾਰ ਵਿਚ ਲੈ ਜਾਣ ਦੀ ਸੇਵਾ ਸਪੁਰਦ ਹੋਈ ਹੈ। ਗੁਰੂ ਜੀ ਇਸ ਹੁਕਮ ਦੀ ਪਾਲਣਾ ਨੂੰ ਸਵੀਕਾਰ ਕਰਦੇ ਹਨ। ਤਦ ਵਰੁਣ ਦੇਵਤਾ ਆਪ ਜੀ ਨੂੰ ਇਕ ਦਮ ਈਸ਼ਵਰੀ ਦਰਬਾਰ ਵਿਚ ਲਿਜਾ ਕੇ ਖ਼ੁਦ ਅਕਾਲ ਪੁਰਖ ਜੀ ਦੇ ਸਾਹਮਣੇ ਸਥਿਤ ਕਰ ਦੇਂਦਾ ਹੈ। ਉਥੇ ਗੁਰੂ ਜੀ ਨੂੰ ਆਪਣਾ ਸੰਸਾਰਕ ਕਾਰ-ਵਿਹਾਰ ਬੰਦ ਕਰ ਕੇ ਆਪਣੇ ਜੀਵਨ-ਮਿਸ਼ਨ ਨੂੰ ਆਰੰਭ ਕਰ ਦੇਣ ਦੀ ਆਗਿਆ ਹੁੰਦੀ ਹੈ। ਸਤਿਗੁਰੂ ਇਸ ਨੂੰ ਸਿਰ-ਮੱਥੇ ਉੱਤੇ ਪ੍ਰਵਾਨ ਕਰਦੇ ਅਤੇ ਅਕਾਲ ਪੁਰਖ ਦੀ ਉਸਤਤ ਵਿਚ ਮੂਲ ਮੰਤਰ ਤੋਂ ਸਿਵਾਇ 'ਕੋਟਿ ਕੋਟੀ ਮੇਰੀ ਆਰਜਾ' ਦਾ ਸ਼ਬਦ ਉਚਾਰਣ ਕਰਦੇ ਹਨ। ਈਸ਼ਵਰ ਦੀ ਆਪ ਉੱਤੇ ਕਿਰਪਾ ਹੁੰਦੀ ਹੈ ਤੇ ਆਪ ਨੂੰ ਵਿਦਾ ਕੀਤਾ ਜਾਂਦਾ ਹੈ। ਪੂਰੇ ਤਿੰਨ ਦਿਨ ਤਕ ਆਪ ਨਦੀ ਅੰਦਰ ਅਲੋਪ ਰਹਿ ਕੇ ਬਸਤੀ ਵੱਲ ਨੂੰ ਵਾਪਸ ਪਰਤਦੇ ਹਨ। ਅਲੋਪ ਰਹਿਣ ਦੇ ਇਸ ਅਰਸੇ ਦੇ ਵਿਚਕਾਰ ਸਾਰੇ ਕਸਬੇ ਦੇ ਲੋਕਾਂ ਵਿਚ ਆਮ ਤੌਰ 'ਤੇ ਅਤੇ ਨਵਾਬ ਦੌਲਤ ਖ਼ਾਂ ਲੋਧੀ ਤੇ ਆਪ ਦੇ ਪਰਿਵਾਰ ਦੇ ਜੀਆਂ ਅੰਦਰ ਵਿਸ਼ੇਸ਼ ਤੌਰ 'ਤੇ ਬੇਹੱਦ ਤਸ਼ਵੀਸ਼ ਰਹਿੰਦੀ ਹੈ ਤੇ ਆਪ ਦੀ ਤਲਾਸ਼ ਲਈ ਨਦੀ ਵਿਚ ਜਾਲ ਤੀਕ ਲਾਏ ਅਤੇ ਟੋਭੇ ਨੀਯਤ ਕੀਤੇ ਜਾਂਦੇ ਹਨ। ਸਾਰੀ ਢੂੰਡ-ਭਾਲ ਬੇਅਰਥ ਜਾਂਦੀ ਹੈ ਤੇ ਫ਼ਿਕਰ ਅੰਦੇਸ਼ਾ ਹੋਰ ਵਧ ਜਾਂਦਾ ਹੈ। ਕੇਵਲ ਬੀਬੀ ਨਾਨਕੀ ਇਸ ਤੋਂ ਮੁਕਤ ਰਹਿੰਦੀ ਹੈ ਤੇ ਇਸ ਨੂੰ ਰੱਬੀ ਵੀਰ ਜੀ ਦਾ ਆਪਣਾ ਇਕ ਕੌਤਕ ਕਰ ਕੇ ਸਮਝਦੀ ਤੇ ਦੱਸਦੀ ਹੈ।

ਨਵਯੁਵਕ ਨਿਰੰਕਾਰੀ ਮਸਤੀ ਵਿਚ ਵਾਪਸ ਪਰਤਣ ਮਗਰੋਂ ਦੁਕਾਨਦਾਰੀ ਦਾ ਸਾਰਾ ਕੰਮ ਬੰਦ ਕਰ-ਕਰਾ ਕੇ ਰੱਬੀ ਮਿਸ਼ਨ ਦੇ ਪ੍ਰਚਾਰ ਨੂੰ ਆਰੰਭ ਕਰ ਦੇਂਦੇ ਹਨ ਆਦਿ।

ਅਸਾਂ ਇਸ ਸਾਰੇ ਜ਼ਿਕਰ ਵਿਚੋਂ ਕੇਵਲ ਨਦੀ ਵਿਚ ਪ੍ਰਵੇਸ਼ ਕਰਨ ਤੇ ਉਥੋਂ ਇਕ-ਦਮ ਵਰੁਣ ਦੇਵਤੇ ਰਾਹੀਂ ਈਸ਼ਵਰੀ ਦਰਬਾਰ ਵਿਚ ਲਿਜਾਏ ਜਾਣ ਤੇ ਉਥੋਂ ਮਿਸ਼ਨ ਪ੍ਰਾਪਤ ਹੋਣ ਦੇ ਹਿੱਸੇ ਬਾਰੇ ਵਿਚਾਰ ਤੇ ਇਸ ਦੀ ਮਨੋਵਿਗਿਆਨਕ ਤੇ ਵਿਵੇਕ-ਯੁਕਤ ਸਪੱਸ਼ਟਤਾ ਕਰਨੀ ਹੈ। ਸਾਖੀਆਂ ਵਿਚ ਦਿੱਤੇ ਆਮ ਵਰਣਨ ਅਨੁਸਾਰ ਇਉਂ ਤਸੱਵੁਰ ਬੱਝਦਾ ਤੇ ਬੰਨ੍ਹਾਇਆ ਗਿਆ ਹੈ ਜਿਵੇਂ ਕਿ ਰੱਬੀ ਦਰਬਾਰ ਕਿਧਰੇ ਨਦੀ ਦੇ ਅੰਦਰਵਾਰ ਧਰਤੀ ਦੇ ਹੇਠਾਂ ਹੋਵੇ। ਅਕਾਲ ਪੁਰਖ ਕੋਈ ਸਾਕਾਰ ਰੂਪ ਵਾਲੇ ਵਿਅਕਤੀ ਆਪਣਾ ਸ਼ਿੰਘਾਸਨ ਉਥੇ ਲਾ ਕੇ ਬੈਠੇ ਹੋਣ ਤੇ ਉਹਨਾਂ ਨਿਰੰਕਾਰੀ ਜੀ ਨੂੰ ਆਮ ਮਨੁੱਖੀ ਢੰਗ ਨਾਲ ਆਦੇਸ਼ ਕੀਤਾ ਹੋਵੇ।

ਪ੍ਰਲੋਕ ਵਾਸੀ ਡਾਕਟਰ ਭਾਈ ਵੀਰ ਸਿੰਘ ਜੀ ਨੇ ਜਿਹੜਾ ਨੋਟਾਂ ਸਹਿਤ ਤੇ ਮੁਸ਼ਕਿਲ ਸ਼ਬਦਾਂ ਦੇ ਅਰਥਾਂ ਸੰਯੁਗਤ 'ਨਾਨਕ ਪ੍ਰਕਾਸ਼' ਗ੍ਰੰਥ ਪ੍ਰਕਾਸ਼ਿਤ ਕੀਤਾ ਹੈ, ਉਸ ਵਿਚ ਭਾਈ ਸਾਹਿਬ ਨੇ ਵੀ ਨਦੀ ਦੇ ਪ੍ਰਵੇਸ਼ ਕਰਨ, ਈਸ਼ਵਰੀ ਦਰਬਾਰ ਵਿਚ ਲਿਜਾਏ ਜਾਣ ਤੇ ਉਥੋਂ ਆਦੇਸ਼ ਹੋਣ ਬਾਰੇ ਜਿਹੜਾ ਫੁਟਨੋਟ ਲਿਖਿਆ ਹੈ, ਉਸ ਵਿਚ ਇਸ ਸਾਰੇ ਵਰਣਨ ਨੂੰ ਕਿਸੇ ਅਗੰਮੀ ਦੇਸ਼ ਦੀ ਖੇਡ ਤੇ ਚਮਤਕਾਰ ਦੱਸ ਕੇ ਆਪਣੇ ਮਨੋਂ ਇਸ ਦਾ ਸਮਾਧਾਨ ਅਤੇ ਸਪੱਸ਼ਟਤਾ ਕਰ ਦਿੱਤੀ ਹੈ ਪਰ ਅਸਲ ਵਿਚ ਇਹ ਗੁੰਝਲ ਜਿਉਂ ਦੀ ਤਿਉਂ ਬਣੀ ਰਹਿ ਗਈ ਹੈ। ਹੈਰਾਨੀ ਦੀ ਗੱਲ ਹੈ ਕਿ ਈਸ਼ਵਰੀ ਜੋਤਿ ਦੇ ਮਨੁੱਖੀ ਆਤਮਾ ਅੰਦਰ ਸਦਾ ਮੌਜੂਦ ਰਹਿਣ ਦੇ ਜੋ ਅਨੇਕਾਂ ਬਚਨ ਗੁਰਬਾਣੀ ਅੰਦਰ ਆਏ ਤੇ ਗੁਰੂ ਨਾਨਕ ਦੇਵ ਜੀ ਦੇ ਹੀ ਬਚਨਾਂ ਅੰਦਰ ਭਰੇ ਪਏ ਹਨ, ਉਹਨਾਂ ਵੱਲ ਆਮ ਸਾਖੀਕਾਰਾਂ, ਕਵੀ ਭਾਈ ਸੰਤੋਖ ਸਿੰਘ ਤੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ਵੀ ਧਿਆਨ ਨਹੀਂ ਗਿਆ ਅਤੇ ਨਾ ਹੀ ਇਹਨਾਂ ਦੇ ਪ੍ਰਕਾਸ਼ ਵਿਚ ਇਸ ਮਾਮਲੇ ਨੂੰ ਸਪੱਸ਼ਟ ਤੇ ਇਸ ਦੀ ਵਿਆਖਿਆ ਕਰਨ ਦਾ ਯਤਨ ਕੀਤਾ ਗਿਆ ਹੈ। ਅਸੀਂ ਅੱਗੇ ਲਿਖੇ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਆਪਣੇ ਇਕ ਵਿਸ਼ੇਸ਼ ਸ਼ਬਦ ਦੇ ਦਰਸ਼ਨ ਕਰ-ਕਰਾ ਕੇ ਇਸ ਦੇ ਭਾਵ ਅਨੁਸਾਰ ਇਸ ਸਾਰੀ ਸਮੱਸਿਆ ਨੂੰ ਹੱਲ ਕਰਨ ਦਾ ਯਥਾ-ਸ਼ਕਤੀ ਤੇ ਨਿਰਮਾਣ ਯਤਨ ਕਰਦੇ ਤੇ ਪਾਠਕਾਂ ਨੂੰ ਵੀ ਇਸ ਬਾਰੇ ਖ਼ੁਦ ਆਪ ਗੰਭੀਰ ਵਿਚਾਰ ਕਰਨ ਲਈ ਨਿਵੇਦਨ ਕਰਦੇ ਹਾਂ :

ਮਹਲਾ ੧ ਮਲਾਰ ॥
ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ ॥
ਦੁਸਟ ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ ॥੧॥
ਮਹਲ ਮਹਿ ਬੈਠੇ ਅਗਮ ਅਪਾਰ ॥
ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨੁ ਆਚਾਰ ॥੧॥ ਰਹਾਉ ॥
ਦੁਖ ਸੁਖ ਦੋਊ ਸਮ ਕਰਿ ਜਾਨੈ ਬੁਰਾ ਭਲਾ ਸੰਸਾਰ ॥
ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤਸੰਗਤਿ ਗੁਰ ਪਿਆਰ ॥੨॥
ਅਹਿਨਿਸਿ ਲਾਹਾ ਹਰਿ ਨਾਮੁ ਪਰਾਪਤਿ ਗੁਰੁ ਦਾਤਾ ਦੇਵਣਹਾਰੁ ॥
ਗੁਰਮੁਖਿ ਸਿਖ ਸੋਈ ਜਨੁ ਪਾਏ ਜਿਸ ਨੋ ਨਦਰਿ ਕਰੇ ਕਰਤਾਰੁ ॥੩॥

ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ ॥
ਨਾਨਕ ਗੁਰਮੁਖਿ ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰ ॥੪॥੫॥ (ਪੰਨਾ ੧੨੫੫-੫੬)

ਸ਼ਬਦਾਰਥ—ਰਹਾਉ ਦੀ ਸਤਰ ਤੋਂ: ਮਹਲ ਦੇ ਅੰਦਰ ਬੈਠੇ ਹੁੰਦੇ ਹਨ, ਉਹ ਅਪਹੁੰਚ ਤੇ ਬੇਅੰਤ ਪ੍ਰਭੂ। ਆਪਣੇ ਅੰਦਰੋਂ ਹੀ ਇਹ ਅੰਮ੍ਰਿਤ ਉਸ ਜੀਵ ਨੂੰ ਮਿਲ ਜਾਂਦਾ ਹੈ ਜਿਸ ਦੇ ਪਾਸ ਗੁਰੂ ਦਾ ਸ਼ਬਦ ਤੇ ਜਿਸ ਦਾ ਆਚਰਨ ਰਤਨ ਜੈਸਾ ਸੁਅੱਛ ਤੇ ਨਿਰਮਲ ਹੁੰਦਾ ਹੈ। (ਅਜਿਹੇ ਮਨੁੱਖ ਦੀ ਕਮਾਈ ਫਿਰ ਇਉਂ ਦੀ ਹੁੰਦੀ ਹੈ) ਉਹ ਪਰ-ਇਸਤਰੀ, ਪਰਾਏ ਪੈਸੇ, ਕਿਸੇ ਵੀ ਚੀਜ਼ ਦਾ ਲੋਭ, ਅਹੰਕਾਰ, ਵਿਸ਼ੇ-ਵਿਕਾਰ, ਦੁਸ਼ਟ-ਭਾਵਨਾ, ਪਰਾਈ ਨਿੰਦਾ ਅਤੇ ਚੰਡਾਲ ਰੂਪ ਕਾਮ-ਕ੍ਰੋਧ ਆਦਿਕਾਂ ਨੂੰ ਤਿਲਾਂਜਲੀ ਦੇ ਦੇਂਦਾ ਹੈ। ਫਿਰ ਉਹ ਦੁੱਖ-ਸੁਖ ਤੇ ਚੰਗੇ-ਮੰਦੇ ਆਪਣੇ ਭਾਗ ਨੂੰ ਸਮ ਕਰ ਕੇ ਸਮਝਦਾ ਤੇ ਅਨੁਭਵ ਕਰਦਾ ਹੈ। ਉਸ ਨੂੰ ਸੋਝੀ, ਅਕਲ, ਧਿਆਨ-ਵਿਰਤੀ ਤੇ ਹਰਿ ਨਾਮ ਦੀ ਪ੍ਰਾਪਤੀ ਤੇ ਉਸ ਦਾ ਸਤਿਸੰਗ ਤੇ ਗੁਰੂ ਨਾਲ ਪਿਆਰ ਹੁੰਦਾ ਹੈ। ਦਿਨ-ਰਾਤ ਉਸ ਨੂੰ ਹਰਿ ਨਾਮ ਦੀ ਉਪਲਬਧੀ ਤੇ ਨਫ਼ਾ ਮਿਲਦਾ ਹੈ ਤੇ ਗੁਰੂ ਦਾਤਾ ਇਹ ਦਾਤ ਦੇਣ ਵਾਲਾ ਹੁੰਦਾ ਹੈ। ਇਹ ਦਾਤ ਉਸ ਗੁਰਮੁਖ ਸਿੱਖ ਨੂੰ ਗੁਰੂ ਰਾਹੀਂ ਮਿਲਦੀ ਹੈ ਜਾਂ ਜਿਸ ਉੱਤੇ ਕਰਤਾਰ ਦੀ ਕਿਰਪਾ-ਦ੍ਰਿਸ਼ਟੀ ਹੁੰਦੀ ਹੈ। ਇਹ ਸਰੀਰ ਹੀ ਉਸ ਪ੍ਰਭੂ ਦਾ ਰਾਜ ਮਹੱਲ, ਮੰਦਰ ਤੇ ਨਿਵਾਸ ਸਥਾਨ ਹੈ ਅਤੇ ਇਸ ਅੰਦਰ ਬੇਅੰਤ ਜੋਤਿ ਰੱਖੀ ਗਈ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਗੁਰਮੁਖਾਂ ਨੂੰ ਇਸ ਰਾਜ-ਭਵਨ ਅੰਦਰ ਬੁਲਾਇਆ ਜਾਂਦਾ ਅਤੇ ਉਹ ਅਕਾਲ ਪੁਰਖ ਆਪ ਮੇਲਣਹਾਰ ਹੋ ਕੇ ਉਹਨਾਂ ਨੂੰ ਮਿਲਾ ਦੇਂਦਾ ਹੈ।

ਕਿਤਨੇ ਸਪੱਸ਼ਟ ਸ਼ਬਦ ਹਨ ਇਹ ਇਸ ਭਾਵ ਦੇ ਕਿ ਪਰਮਾਤਮਾ ਦਾ ਮਹੱਲ ਤੇ ਮੰਦਰ ਇਹ ਸਰੀਰ ਹੀ ਹੈ ਅਤੇ ਇਸ ਦੇ ਅੰਦਰ ਹੀ ਕਿਸੇ ਅਧਿਕਾਰੀ ਵਿਅਕਤੀ ਨੂੰ ਬੁਲਾਇਆ ਤੇ ਬਖ਼ਸ਼ਿਸ਼ ਕੀਤੀ ਜਾਂਦੀ ਹੈ। ਇਸ ਦੇ ਪ੍ਰਕਾਸ਼ ਵਿਚ ਹੁਣ ਸਹਿਜੇ ਹੀ ਅਨੁਮਾਨ ਇਉਂ ਕੀਤਾ ਜਾ ਸਕਦਾ ਤੇ ਕਰਨਾ ਬਣਦਾ ਹੈ ਕਿ ਕਿਸੇ ਇਕ ਵਿਸ਼ੇਸ਼ ਦਿਨ ਨੂੰ ਨਿਰੰਕਾਰੀ ਸਤਿਗੁਰੂ ਵੇਈਂ ਨਦੀ ਦੇ ਕਿਨਾਰੇ-ਕਿਨਾਰੇ ਕਿਸੇ ਦੂਰ-ਦੁਰਾਡੀ ਥਾਂ 'ਤੇ ਜਾ ਕੇ ਬੈਠ ਕੇ ਆਪਣੇ ਧਿਆਨ ਵਿਚ ਅਜਿਹੇ ਡੂੰਘੇ ਲੀਨ ਹੋ ਗਏ ਕਿ ਆਪ ਸਮੇਂ ਤੇ ਸਥਾਨ ਵੱਲੋਂ ਬਿਲਕੁਲ ਨਿਰਲੇਪ ਹੋ ਗਏ। ਇਸ ਅਵਸਥਾ ਨੂੰ ਸਾਡੀ ਅਧਿਆਤਮਕ ਪਰਿਭਾਸ਼ਾ ਵਿਚ ਸਮਾਧੀ ਸਥਿਤ ਹੋਣਾ ਕਿਹਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚ ਹੀ ਇਕ ਹੋਰ ਅਨੂਠਾ ਅਤੇ ਰੋਮਾਂਚਕਾਰੀ ਜ਼ਿਕਰ ਇਹ ਵੀ ਆਉਂਦਾ ਹੈ ਕਿ ਆਪ ਨੇ ਭਾਈ ਮਰਦਾਨੇ ਰਾਹੀਂ ਕਿਸੇ ਇਕ ਫਿਰੰਦੇ ਨਾਮ ਦੇ ਰਬਾਬੀ ਪਾਸੋਂ ਇਕ ਖ਼ਾਸ ਕੀਮਤੀ ਰਬਾਬ ਮੰਗਵਾ ਕੇ ਜਦ ਇਸ ਨੂੰ ਪਹਿਲੀ ਵਾਰ ਭਾਈ ਮਰਦਾਨੇ ਦੇ ਹੱਥੋਂ ਵਜਾਇਆ ਗਿਆ ਸੁਣਿਆ ਤਾਂ ਆਪ ਦੀ ਡੂੰਘੀ ਸਮਾਧੀ ਲੱਗ ਗਈ ਜਿਹੜੀ ਕਿ ਲਗਭਗ 48 ਘੰਟਿਆਂ ਤੀਕ ਜਾਰੀ ਰਹੀ। ਸਮਾਧੀ ਸਥਿਤ ਹੋਣ ਦੇ ਹੋਰ ਵੀ ਕਈ ਇਕ ਉਲੇਖ ਸਿੱਖ ਇਤਿਹਾਸ ਵਿਚ ਆਉਂਦੇ ਹਨ। ਜੋਗ-ਸ਼ਾਸਤਰ ਦੇ ਅਸ਼ਟਾਂਗ ਜੋਗ ਦੀ ਛੇਕੜਲੀ ਤੇ ਅੱਠਵੀਂ ਅਵਸਥਾ ਸਮਾਧੀ ਵਰਣਨ ਕੀਤੀ ਗਈ ਹੈ। ਕਈ ਜੋਗੀਆਂ ਦੀਆਂ ਬੜੀਆਂ ਲੰਮੀਆਂ, ਅਜ਼ਲ ਤੇ ਅਡੋਲ ਸਮਾਧੀਆਂ ਦੇ ਜ਼ਿਕਰ ਸਿੱਖ ਇਤਿਹਾਸ ਅੰਦਰ ਵੀ ਕੀਤੇ ਮਿਲਦੇ ਹਨ। ਇਹੋ ਜਿਹੀ ਕਿਸੇ ਦੋ-ਤਿੰਨ ਦਿਨ ਦੀ ਲੰਮੀ ਸਮਾਧੀ ਵਿਚ ਸਤਿਗੁਰੂ ਲੀਨ ਰਹੇ ਅਤੇ ਆਪ ਨੂੰ ਆਪਣੇ ਅੰਤਰ-ਆਤਮੇ ਹੀ ਆਪਣੇ ਮਿਸ਼ਨ ਨੂੰ ਆਰੰਭ ਕਰਨ ਦੀ ਪ੍ਰਬਲ ਰੱਬੀ ਪ੍ਰੇਰਨਾ ਹੋਈ।

ਆਪ ਨੇ ਸਮਾਧੀ ਦਾ ਉਥਾਨ ਹੋਣ 'ਤੇ ਵਾਪਸ ਪਰਤ ਕੇ ਆਪਣਾ ਕਾਰ-ਵਿਹਾਰ ਛੱਡ ਕੇ ਆਪਣੇ ਮਿਸ਼ਨ ਉੱਤੇ ਰਵਾਨਾ ਹੋਣ ਦਾ ਫ਼ੈਸਲਾ ਕਰ ਲਿਆ ਤੇ ਫਿਰ ਕਿਸੇ ਦੇ ਰੋਕੇ ਰੁਕੇ ਨਹੀਂ।

ਜਪੁਜੀ ਸਾਹਿਬ ਦੀ ਪਹਿਲੀ ਪਉੜੀ ਦੇ ਅਖ਼ੀਰ ਉੱਤੇ ਆਪ ਨੇ ਇਹ ਇਕ ਡੂੰਘਾ ਭਾਵ-ਪੂਰਤ ਬਚਨ ਫ਼ੁਰਮਾਇਆ ਹੈ:

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ (ਪੰਨਾ ੧)

ਜਿਸ ਦਾ ਭਾਵ ਤੇ ਵਿਆਖਿਆ ਇਹੋ ਹੈ ਕਿ ਉਸ ਹੁਕਮ ਤੇ ਰਜ਼ਾ ਅਨੁਸਾਰ ਚੱਲਣ ਨਾਲ ਹੀ ਸਚਿਆਰ ਹੋਈਦਾ ਤੇ ਕੂੜ ਦੀ ਕੰਧ ਟੁੱਟਦੀ ਹੈ, ਜਿਹੜਾ ਹੁਕਮ ਕਿ ਸਾਡੀ ਆਤਮਾ ਦੇ ਨਾਲ ਹੀ ਲਿਖਿਆ ਹੁੰਦਾ ਹੈ। ਇਸ ਨੂੰ ਜ਼ਮੀਰ ਜਾਂ ਅੰਤਰ-ਆਤਮਾ ਦੀ ਅੰਦਰੂਨੀ ਆਵਾਜ਼ ਕਿਹਾ ਜਾਂਦਾ ਹੈ। ਇਸੇ ਨੂੰ ਰੱਬੀ ਆਦੇਸ਼, ਇਲਹਾਮ ਜਾਂ ਆਕਾਸ਼-ਬਾਣੀ ਆਦਿ ਕਰਕੇ ਵੀ ਮੰਨਿਆ ਜਾਂਦਾ ਹੈ।

ਰੂਪ ਦੇ ਪ੍ਰਲੋਕ ਵਾਸੀ ਤੇ ਜਗਤ ਪ੍ਰਸਿੱਧ ਵਿਦਵਾਨ ਤੇ ਮਹਾਤਮਾ ਵਿਅਕਤੀ ਟਾਲਸਟਾਇ ਦੀਆਂ ਹੋਰ ਕਈ ਇਕ ਪ੍ਰੇਰਨਾਦਾਇਕ ਰਚਨਾਵਾਂ ਤੋਂ ਇਲਾਵਾ ਇਕ ਰਚਨਾ ਇਸ ਨਾਮ ਦੀ ਵੀ ਹੈ The Kingdom of God is within you (ਅਰਥਾਤ ਪਰਮਾਤਮਾ ਦਾ ਰਾਜ ਤੁਹਾਡੇ ਅੰਦਰ ਮੌਜੂਦ ਹੈ)

ਸਾਡੇ ਦੇਸ਼ ਦੇ ਛੇ ਸ਼ਾਸਤਰਾਂ ਵਿਚੋਂ ਸ਼੍ਰੋਮਣੀ 'ਵੇਦਾਂਤ' ਸ਼ਾਸਤਰ ਦਾ ਸਮੁੱਚਾ ਸਾਰ ਭਾਵ ਇਹੋ ਕਿ ਮਨੁੱਖੀ ਆਤਮਾ ਅੰਦਰ ਹੀ ਪਰਮਾਤਮ ਜੋਤਿ ਵਿਦਮਾਨ ਹੈ। ਇਸ ਲਈ ਆਪਣੀ ਇਸ ਅਸਲੀਅਤ ਨੂੰ ਜਾਣਨਾ ਤੇ ਅਨੁਭਵ ਕਰ ਲੈਣਾ ਹੀ ਪਰਮਾਤਮਾ ਨੂੰ ਜਾਣਨਾ ਤੇ ਅਨੁਭਵ ਕਰਨਾ ਹੈ:

ਕਾਹੇ ਰੇ ਬਨ ਖੋਜਨ ਜਾਈ ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥ (ਪੰਨਾ ੬੮੪)

ਅਸਚਰਜਤਾ ਦੀ ਗੱਲ ਹੈ ਕਿ ਸਾਡੇ ਸਾਖੀਕਾਰਾਂ ਤੇ ਵਿਦਵਾਨਾਂ ਦੀ ਨਜ਼ਰੋਂ ਇਹ ਅਸਲੀਅਤ ਇਸ ਹੱਦ ਤਕ ਓਝਲ ਰਹਿ ਗਈ ਕਿ ਉਹਨਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਵਰੁਣ ਦੇਵਤੇ ਰਾਹੀਂ ਦਰਿਆ ਦੇ ਹੇਠਾਂ ਸਥਿਤ ਤੇ ਨਿਰਮਾਣ ਹੋਏ ਕਿਸੇ ਈਸ਼ਵਰੀ ਦਰਬਾਰ ਵਿਚ ਲਿਜਾਇਆ ਜਾ ਕੇ ਉਥੋਂ ਆਦੇਸ਼ ਮਿਲਦਾ ਦੱਸਿਆ ਹੈ।

ਇਹ ਭੁਲੇਖਾ ਕਿਉਂਕਿ ਆਮ ਵਿਆਪਕ ਅਤੇ ਪ੍ਰਚਲਿਤ ਰਹਿੰਦਾ ਹੈ ਤੇ ਪਰਮਾਤਮਾ ਦੀ ਪੂਜਾ-ਭਗਤੀ ਦਾ ਭਾਵ ਜਿਵੇਂ ਕਿ ਕਿਸੇ ਪ੍ਰਕਾਰ ਅਦ੍ਰਿਸ਼ ਮਹਾਨ ਵਿਅਕਤੀ ਦੀ ਵਡਿਆਈ ਤੇ ਪ੍ਰਸੰਸਾ ਕਰ ਕੇ ਉਸ ਨੂੰ ਰੀਝਾਣਾ ਅਤੇ ਆਪਣੀਆਂ ਮੰਗਾਂ ਮਨਾਣਾ ਹੁੰਦਾ ਹੈ, ਇਸ ਲਈ ਇਸ ਦੇ ਨਿਰਾਕਰਣ ਲਈ ਕੁਝ ਹੋਰ ਲਿਖੇ ਜਾਣ ਦੀ ਲੋੜ ਪ੍ਰਤੀਤ ਹੁੰਦੀ ਹੈ। ਅਸਲੀਅਤ ਇਹ ਹੈ ਕਿ ਸਾਡੇ ਅੰਦਰਲੀ ਚੇਤਨ ਸੱਤਾ ਜਾਂ ਜੀਵਨ ਸ਼ਕਤੀ ਨੂੰ ਹੀ ਪ੍ਰਭੂ-ਪਰਮਾਤਮਾ ਕਰਕੇ ਮੰਨਿਆ ਅਤੇ ਪੂਜਾ-ਭਗਤੀ ਰਾਹੀਂ ਆਪਣੀ ਆਤਮਾ ਦੀਆਂ ਗੁਪਤ ਸ਼ਕਤੀਆਂ ਨੂੰ ਹੀ ਪ੍ਰਫੁੱਲਿਤ ਜਾਂ ਪ੍ਰਦੀਪਤ ਕਰਨਾ ਦੱਸਿਆ ਤੇ ਦ੍ਰਿੜ੍ਹ ਕਰਾਇਆ ਗਿਆ ਹੈ। ਕਿਸੇ ਇਕ ਸ਼ਬਦ ਦੀਆਂ ਆਰੰਭਕ ਤੇ ਰਹਾਉ ਦੀਆਂ ਦੋ ਸਤਰਾਂ ਵਿਚ ਇਸ ਤਰ੍ਹਾਂ ਫ਼ੁਰਮਾਇਆ ਗਿਆ ਹੈ:

ਕਿਉ ਜੀਵਨੁ ਪ੍ਰੀਤਮ ਬਿਨੁ ਮਾਈ ॥

ਜਾ ਕੇ ਬਿਛੁਰਤ ਹੋਤ ਮਿਰਤਕਾ ਗ੍ਰਿਹ ਮਹਿ ਰਹਨੁ ਨ ਪਾਈ॥ (ਪੰਨਾ ੧੨੦੭)

ਭਾਵ-ਅਰਥ ਸਾਫ਼ ਹੈ ਕਿ ਹੇ ਮੇਰੀ ਮਾਈ, ਮੇਰਾ ਜੀਵਨ ਉਸ ਪ੍ਰੀਤਮ ਤੋਂ ਬਿਨਾਂ ਕਿਵੇਂ ਹੋ ਸਕਦਾ ਹੈ ਜਿਸ ਦੇ ਸਰੀਰ ਤੋਂ ਵਿੱਛੜ ਜਾਣ ਨਾਲ ਇਹ ਮੁਰਦਾ ਹੋ ਜਾਂਦਾ ਹੈ ਤੇ ਘਰ ਵਿਚ ਰਹਿਣਾ ਨਹੀਂ ਪਾਂਦਾ। 'ਕਾਢੋ ਕਾਢੋ ਹੋਈ' ਵਾਲੀ ਖੇਡ ਵਰਤ ਜਾਂਦੀ ਹੈ। ਇਹੋ ਜੀਵਨ-ਸੱਤਾ ਜਾਂ ਸ਼ਕਤੀ ਫਿਰ ਸਾਰੇ ਜੀਵਾਂ ਤੇ ਮਨੁੱਖਾਂ ਅੰਦਰ ਵਿਸ਼ੇਸ਼ ਤੌਰ 'ਤੇ ਵਿਆਪਕ ਹੋ ਰਹੀ ਹੈ। ਇਸ ਨੂੰ ਸਾਡੀ ਪੁਰਾਣੀ ਪਰਿਭਾਸ਼ਾ ਅਨੁਸਾਰ ਸਤਿ, ਚਿੱਤ ਤੇ ਆਨੰਦ ਸਰੂਪ ਕਰਕੇ ਕਿਹਾ ਤੇ ਦੱਸਿਆ ਗਿਆ ਹੈ। ਇਸ ਚੇਤਨਤਾ ਦਾ ਹੁਣ ਤੀਕ ਬੇਹੱਦ ਵਿਕਾਸ ਹੋ ਚੁੱਕਾ ਹੈ ਤੇ ਹੋਰ ਹੀ ਹੋਰ ਹੁੰਦਾ ਜਾ ਰਿਹਾ ਹੈ। ਇਹ ਇਕ ਮਹਾਨ ਸਾਗਰ ਰੂਪ ਜੀਵਨ ਸ਼ਕਤੀ ਹੈ ਜਿਸ ਤੋਂ ਕਿ ਅਣਗਿਣਤ ਪ੍ਰਾਣਧਾਰੀ ਜੀਵਾਂ ਦੇ ਰੂਪ ਵਿਚ ਲਹਿਰਾਂ ਦੇ ਬੁਲਬੁਲੇ ਉੱਠਦੇ ਤੇ ਲੀਨ ਹੋ ਜਾਂਦੇ ਹਨ। ਸਭ ਸ੍ਰੇਸ਼ਟਤਾ ਤੇ ਪ੍ਰਸੰਨਤਾ ਦਾ ਇਹ ਇਕ ਅਮੁੱਕ ਸ੍ਰੋਤ ਹੈ। ਇਹਨਾਂ ਰੱਬੀ ਗੁਣਾਂ ਨੂੰ ਨਿੱਤ ਨਵੇਂ ਸੂਰਜ ਵਧੀਕ ਹੀ ਵਧੀਕ ਵਿਕਾਸ ਕਰਨ ਨੂੰ ਜੀਵਨ ਦਾ ਪਰਮ ਉਦੇਸ਼ ਬਣਾ ਕੇ ਸਦਾਚਾਰਕ, ਧਾਰਮਿਕ ਅਤੇ ਅਧਿਆਤਮਕ ਮਾਰਗ ਵਿਚ ਅਸੀਮ ਪ੍ਰਗਤੀ ਕੀਤੀ ਜਾ ਸਕਦੀ ਹੈ। ਇਸ ਮਹਾਨ ਸਾਗਰ ਦੇ ਸੰਪੂਰਣ ਸਮੂਹ ਦਾ ਤਾਂ ਕਹਿਣਾ ਹੀ ਕੀ ਹੈ ਇਸ ਦੀ ਇਕ ਅੰਸ਼ ਮਾਤਰ ਜੋ ਕਿਸੇ ਇਕ ਵਿਅਕਤੀਗਤ ਮਨੁੱਖੀ ਜੀਵਨ ਦੇ ਅੰਦਰ ਰੱਖੀ ਗਈ ਹੈ, ਇਸ ਦੀਆਂ ਹੀ ਆਪਣੀਆਂ ਅਗਾਧ ਗੁਪਤ ਸ਼ਕਤੀਆਂ ਦੇ ਵਾਧੇ ਵਿਕਾਸ ਦੀਆਂ ਸੰਭਾਵਨਾਵਾਂ ਦਾ ਕੋਈ ਅੰਤ ਨਹੀਂ। ਇਸ ਮਹਾਨ ਜੀਵਨ ਸਾਗਰ ਨੂੰ ਹੀ ਆਪਣਾ ਪੂਜਾ ਪਰਮੇਸ਼ਰ ਮੰਨ ਕੇ ਇਸ ਦੀ ਪੂਜਾ, ਭਗਤੀ, ਪ੍ਰਾਰਥਨਾ ਤੇ ਆਤਮ-ਚਿੰਤਨ ਆਦਿ ਕਰਨੇ ਦੱਸੇ ਤੇ ਦ੍ਰਿੜ੍ਹ ਕਰਾਏ ਗਏ ਹਨ। ਇਸ ਦੇ ਗੁਣਾਂ ਦਾ ਹੀ ਮੂਲ ਮੰਤਰ ਅੰਦਰ ਵਰਣਨ ਤੇ ਉਲੇਖ ਕੀਤਾ ਗਿਆ ਹੈ। ਜਿਨ੍ਹਾਂ ਨੂੰ ਕਿ ਆਪਣੇ ਜੀਵਨ ਅੰਦਰ, ਜੀਵਨ ਪ੍ਰਯੰਤ ਜਗਿਆਸੂ ਨੇ ਉਤਾਰਨਾ ਤੇ ਵਿਕਸਿਤ ਕਰਨਾ ਹੁੰਦਾ ਹੈ। ਅਜਿਹਾ ਕੁਝ ਨਾ ਕਰ ਕੇ ਜਦੋਂ ਉਸ ਮਹਾਨ ਸ਼ਕਤੀ ਨੂੰ ਨਿਰੀ-ਪੁਰੀ ਕੋਈ ਅਸਮਾਨੀ ਤੇ ਹਵਾਈ ਜਿਹੀ, ਆਪਣੇ ਨਾਲੋਂ ਬਿਲਕੁਲ ਵੱਖਰੀ ਹੋਂਦ ਕਰਕੇ ਮੰਨਿਆ ਤੇ ਇਸ ਦੀ ਪੂਜਾ-ਪ੍ਰਸਤਿਸ਼ ਉੱਤੇ ਜ਼ੋਰ ਦਿੱਤਾ ਜਾਂਦਾ ਹੈ ਤਾਂ ਇਹ ਚੀਜ਼ ਇਕ ਮੌਜੂ ਤੇ ਹਾਸੋ-ਹੀਣੀ ਜਿਹੀ ਹੋ ਕੇ ਰਹਿ ਜਾਂਦੀ ਹੈ। ਇਹੋ ਕਾਰਣ ਹੈ ਕਿ ਅੱਜ ਦੇ ਇਸ ਵਿਗਿਆਨਕ ਯੁਗ ਵਿਚ ਆਮ ਤੌਰ 'ਤੇ ਸਭ ਪਾਸੇ ਨਾਸਤਿਕਤਾ ਜਾਂ ਅਨੀਸ਼ਵਰ-ਵਾਦ ਦਾ ਵਾਧਾ ਤੇ ਧਰਮ-ਭਾਵਨਾ ਦਾ ਅਨਾਦਰ ਤੇ ਤ੍ਰਿਸਕਾਰ ਹੋ ਰਿਹਾ ਹੈ।

ਮਹਾਰਾਜ ਗੁਰੂ ਨਾਨਕ ਦੇਵ ਜੀ ਦਾ ਹੀ ਆਪਣਾ ਇਕ ਕੀਮਤੀ ਬਚਨ ਮਲਾਰ ਰਾਗ ਦੀ ਵਾਰ ਵਿਚ ਇਸ ਭਾਵ ਦਾ ਆਉਂਦਾ ਹੈ ਕਿ ਅਕਲ ਨਾਲ ਹੀ ਸਾਹਿਬ ਦੀ ਸੇਵਾ ਹੁੰਦੀ ਤੇ ਆਦਰ ਮਾਣ ਮਿਲਦਾ ਹੈ। ਅਕਲ ਨਾਲ ਹੀ ਪੜ੍ਹ ਕੇ ਸਮਝੀਦਾ ਹੈ ਤੇ ਅਕਲ ਨਾਲ ਹੀ ਦਾਨ ਕੀਤਾ ਜਾਂਦਾ ਹੈ ਆਦਿ। ਪੰਜਾਬੀ ਬੋਲੀ ਦਾ ਇਹ ਇਕ ਅਖਾਣ ਵੀ ਆਖਿਆ ਜਾਂਦਾ ਹੈ ਕਿ ਅਕਲਾਂ ਬਾਝੋਂ ਖੂਹ ਖ਼ਾਲੀ। ਸੋ ਪਰਮਾਰਥ ਦੀ ਸਾਧਨਾ ਵਿਚ ਵੀ ਵਿਚਾਰ, ਅਕਲ ਜਾਂ ਵਿਵੇਕ ਦੀ ਖ਼ਾਸ ਲੋੜ ਹੁੰਦੀ ਹੈ। ਇਸ ਦੀ ਵਰਤੋਂ ਬਿਨਾਂ ਅਕਸਰ ਕਰਕੇ ਇਕ ਤਰ੍ਹਾਂ ਬਲੈਕ-ਆਊਟ ਹੀ ਪਸਰੀ ਰਹਿੰਦੀ ਹੈ ਤੇ ਅਨੇਰਾ ਢੋਇਆ ਜਾਂਦਾ ਰਹਿੰਦਾ ਹੈ ਤੇ ਨਿਰਪੱਖ ਤੇ ਬੇਲਾਗ ਜੀਵਨ ਦੇ ਪ੍ਰਕਾਸ਼ ਵਿਚ ਇਹ ਗੱਲ ਨਿਰ-ਵਿਵਾਦ ਸਿੱਧ ਹੁੰਦੀ ਹੈ ਕਿ ਜਿਥੇ ਇਕ

ਪਾਸੇ ਤਾਂ ਸਾਨੂੰ ਧਰਮ ਅਵਲੰਬੀ ਲੋਕਾਂ ਨੂੰ ਧਰਮ ਭਾਵਨਾ ਦੀ ਅਸਲ ਅਧਿਆਤਮਕ ਸਪਿਰਿਟ ਤੇ ਸਿੱਖਿਆ ਨੂੰ ਸਮਝਣਾ ਤੇ ਇਸ ਨੂੰ ਵਰਤੋਂ ਵਿਚ ਲਿਆਉਣਾ ਬਣਦਾ ਹੈ ਉਥੇ ਦੂਜੇ ਪਾਸੇ ਅੱਜ-ਕੱਲ੍ਹ ਦੇ ਕਈ ਪੜ੍ਹੇ-ਲਿਖੇ ਪਰ ਸ਼ਰਧਾ-ਵਿਹੀਨ ਵਿਅਕਤੀਆਂ ਨੂੰ ਧਰਮ ਦੀ ਇਸ ਅਸਲ ਅੰਦਰੂਨੀ ਮਨੋਵਿਗਿਆਨਕ ਅਸਲੀਅਤ ਤੇ ਉਪਯੋਗਤਾ ਨੂੰ ਸਮਝਣਾ ਤੇ ਇਸ ਦੇ ਆਧਾਰ ਉੱਤੇ ਇਸ ਦੀ ਕੀਮਤ ਪਾਉਣੀ ਤੇ ਇਸ ਤੋਂ ਲਾਭ ਉਠਾਉਣਾ ਲੋੜੀਂਦਾ ਹੈ।

ਈਸ਼ਵਰੀ ਮਹਲ ਤੇ ਮੰਦਰ ਬਾਰੇ ਨਿਰੰਕਾਰੀ ਜੀ ਦੇ ਆਪਣੇ ਪਿੱਛੇ ਦਿੱਤੇ ਗਏ ਸ਼ਬਦ ਤੇ ਉਪਰੋਕਤ ਭਾਵ ਦੇ ਅਨੁਭਵਾਤਮਕ ਬਚਨਾਂ ਦੇ ਪ੍ਰਕਾਸ਼ ਨਾਲ ਹੀ ਆਪ ਦਾ ਵੇਈਂ ਨਦੀ ਪ੍ਰਵੇਸ਼ ਪ੍ਰਸੰਗ ਸਹੀ ਤੌਰ 'ਤੇ ਸਮਝਿਆ ਤੇ ਮਾਨਿਆ ਜਾ ਸਕਦਾ ਹੈ।

(4/1973)

ਚੜ੍ਹਿਆ ਸੂਰਜੁ ਜਗੁ ਰੁਸਨਾਈ

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਨੂੰ 'ਸੂਰਜ' ਦੇ ਚੜ੍ਹਨ ਦੀ ਉਪਮਾ ਦੇ ਕੇ ਗੁਰੂ ਨਾਨਕ ਜੀ ਦੇ ਆਗਮਨ ਦੀ ਮਹਾਨਤਾ ਨੂੰ ਅਭਿਵਿਅਕਤ ਕਰਨ ਦਾ ਯਤਨ ਕੀਤਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਨਾਲ ਸੰਸਾਰ ਤੋਂ ਭਰਮ ਰੂਪੀ ਹਨੇਰਾ ਦੂਰ ਹੋ ਜਾਂਦਾ ਹੈ ਤੇ ਸਾਰੇ ਪਾਸੇ ਸੱਚ ਦਾ ਪ੍ਰਕਾਸ਼ ਹੋ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਨਾਲ ਜੋ ਪ੍ਰਕਾਸ਼ 'ਸੱਚ' ਦੁਆਰਾ ਹੋਇਆ, ਉਸ ਨੂੰ ਸਮਝਣ ਲਈ ਸਾਨੂੰ ਗੁਰੂ ਨਾਨਕ ਸਾਹਿਬ ਜੀ ਵੱਲੋਂ ਦਰਸਾਏ 'ਸੱਚ ਸਿਧਾਂਤ' ਨੂੰ ਸਮਝਣ ਦੀ ਲੋੜ ਭਾਸਦੀ ਹੈ।

ਗੁਰੂ ਨਾਨਕ ਬਾਣੀ ਵਿਚ ਅਕਾਲ ਪੁਰਖ ਨੂੰ 'ਪਰਮ ਸੱਚ' ਮੰਨਿਆ ਗਿਆ ਹੈ। ਗੁਰੂ ਨਾਨਕ ਬਾਣੀ ਵਿਚ ਸੱਚ ਦੀ ਹੀ ਪ੍ਰਧਾਨਤਾ ਹੈ। ਹੋਣੀ ਵੀ ਸੀ, ਕਿਉਂਕਿ ਧੁਰ ਕੀ ਬਾਣੀ, ਇਲਾਹੀ ਬਾਣੀ ਸੱਚ ਹੀ ਤਾਂ ਹੋ ਸਕਦੀ ਹੈ। ਇਹੋ ਕਾਰਨ ਹੈ ਕਿ ਅੱਜ ਵੀ ਇਹ ਉਪਦੇਸ਼ ਗੂੰਜ ਰਿਹਾ ਹੈ:

ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥ *(ਪੰਨਾ ੭੨੩)*

ਗੁਰੂ ਨਾਨਕ ਸਾਹਿਬ 'ਜਪੁ' ਬਾਣੀ ਦੇ ਆਰੰਭ ਵਿਚ ਬੜੇ ਹੀ ਸੰਜਮ ਨਾਲ ਪਰਮ ਹਸਤੀ ਦੇ ਗੁਣਾਂ ਦਾ ਵਰਣਨ ਕਰਦੇ ਹਨ। ਪਰਮ ਹਸਤੀ ਦੇ ਗੁਣਾਂ ਨੂੰ ਗੁਰੂ ਸਾਹਿਬ ਨੇ ਮੂਲ ਮੰਤਰ ਦੇ 'ਸਚੁ' ਸਮਾਂਸ ਵਿਚ ਅੰਕਿਤ ਕੀਤਾ ਹੈ। ਮੂਲ ਮੰਤਰ ਦਾ ਦੂਸਰਾ ਸਮਾਂਸ 'ਸਤਿਨਾਮੁ' ਹੈ। 'ਸਤਿ' ਸ਼ਬਦ ਦਾ ਪ੍ਰਯੋਗ ਪਰਮ ਹਸਤੀ ਲਈ ਕੀਤਾ ਗਿਆ ਹੈ। 'ਸਤਿ' ਸ਼ਬਦ ਪਰਮ ਹਸਤੀ ਦੀ ਹੋਂਦ ਦਾ ਲਖਾਇਕ ਹੈ। ਇਹ ਹੋਂਦ ਅਸਥਾਈ ਨਹੀਂ, ਸਥਾਈ ਹੈ, ਪਰਿਵਤਨਸ਼ੀਲ ਨਹੀਂ, ਅਪਰਿਵਰਤਨਸ਼ੀਲ ਹੈ। ਇਹ ਹੋਂਦ ਯੁਗਾਂ ਦੇ ਆਰੰਭ ਤੋਂ ਵੀ ਪਹਿਲਾਂ ਸੀ, ਹੁਣ ਵੀ ਹੈ, ਹਮੇਸ਼ਾਂ ਰਹੇਗੀ।

ਗੁਰੂ ਨਾਨਕ ਸਾਹਿਬ ਪਰਮ ਹਸਤੀ ਦੀ ਸਦੀਵੀ 'ਸਤਿ' ਹੋਂਦ ਨੂੰ ਇਸ ਤਰ੍ਹਾਂ ਦਰਸਾਉਂਦੇ ਹਨ:

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ *(ਪੰਨਾ ੧)*

ਅਕਾਲ ਪੁਰਖ ਸਤਿ ਹੈ ਭਾਵ ਸਦਾ ਰਹਿਣ ਵਾਲਾ ਹੈ। ਇਸ ਸਦੀਵੀ ਹੋਂਦ ਵਾਲੀ ਪਰਮ ਹਸਤੀ ਨੂੰ ਸੀਮਿਤ ਇੰਦਰਿਆਵੀ ਗਿਆਨ ਰਾਹੀਂ ਜਾਣਿਆ ਨਹੀਂ ਜਾ ਸਕਦਾ। ਇਹ ਪਰਮ ਹਸਤੀ ਬੇਅੰਤ ਸਰਵ-ਸ਼ਕਤੀਮਾਨ, ਰਚਣਹਾਰ ਤੇ ਕਿਰਪਾਲੂ ਹੈ। ਸਿਵਾਏ ਇਸ ਪਰਮ ਸੱਚ ਤੋਂ

ਕੋਈ ਸੰਸਾਰਕ ਵਸਤੂ ਅਜਿਹੀ ਨਹੀਂ ਜੋ ਹਮੇਸ਼ਾਂ ਰਹਿ ਸਕੇ। ਇਸ ਲਈ ਗੁਰਦੇਵ ਜਪੁ ਬਾਣੀ ਵਿਚ ਫ਼ੁਰਮਾਉਂਦੇ ਹਨ:

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ (ਪੰਨਾ ੬)

ਪਰਮ ਹਸਤੀ ਦੀ ਹੋਂਦ ਸਮੇਂ ਅਤੇ ਸਥਾਨ ਤੋਂ ਬਾਹਰੀ ਹੈ, ਸਗੋਂ ਪਰਮ ਹਸਤੀ ਸਮੇਂ 'ਤੇ ਕਾਬੂ ਰੱਖਦੀ ਹੈ। ਇਹ ਸਤਿ-ਸਰੂਪ ਪਰਮ ਹਸਤੀ ਬਾਣੀ ਤੋਂ ਪਰ੍ਹੇ, ਅਤਿ ਡੂੰਘੀ ਅਤੇ ਅਲੇਪ ਹੈ। ਗੁਰੂ ਨਾਨਕ ਸਾਹਿਬ ਮਾਰੂ ਰਾਗ ਵਿਚ ਪਰਮ ਹਸਤੀ ਦੇ ਇਹਨਾਂ ਗੁਣਾਂ ਨੂੰ ਇਸ ਤਰ੍ਹਾਂ ਦਰਸਾਉਂਦੇ ਹਨ:

ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ ॥
ਤੂ ਪੁਰਖੁ ਅਲੇਖ ਅਗੰਮ ਨਿਰਾਲਾ ॥ (ਪੰਨਾ ੧੦੩੮)

ਇਸ ਲਈ ਇਹ ਸਤਿ ਜਾਂ ਸੱਚ ਆਦਿ ਅਨੀਲ ਅਨਾਹਤ ਹੈ। ਇਹ ਗੁਰੂ ਨਾਨਕ ਸਾਹਿਬ ਦੁਆਰਾ ਦਰਸਾਏ ਸਚੁ ਸਿਧਾਂਤ ਦਾ ਪਹਿਲਾ ਤੇ ਆਧਾਰ ਮੂਲਕ ਪੱਖ ਹੈ।

ਗੁਰੂ ਨਾਨਕ ਸਾਹਿਬ ਦੇ ਸਚੁ ਸਿਧਾਂਤ ਦਾ ਦੂਸਰਾ ਪੱਖ, ਪਹਿਲੇ ਪੱਖ ਨਾਲ ਹੀ ਸੰਬੰਧਿਤ ਹੈ। ਇਹ ਪੱਖ ਪਰਮ ਹਸਤੀ ਦੁਆਰਾ ਸਾਜੀ ਰਚਨਾ ਦੇ ਸੱਚ ਹੋਣ ਦੀ ਪ੍ਰੋੜ੍ਹਤਾ ਕਰਦਾ ਹੈ। ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਤੋਂ ਪਹਿਲਾਂ ਪ੍ਰਸਿੱਧ ਦਰਸ਼ਨਵੇਤਾ ਮਹਾਤਮਾ ਬੁੱਧ ਦਾ ਇਹ ਸਿਧਾਂਤ ਕਿ 'ਸੰਸਾਰ ਦੁੱਖਾਂ ਦਾ ਘਰ ਹੈ' ਤੇ ਸ਼ੰਕਰਾ ਆਚਾਰੀਆ ਦਾ ਇਹ ਸਿਧਾਂਤ ਕਿ 'ਸੰਸਾਰ ਦੀ ਹੋਂਦ ਭਰਮ ਮਾਤਰ ਹੈ' ਪ੍ਰਚਲਿਤ ਸਨ। ਆਚਾਰੀਆ ਸ਼ੰਕਰ ਅਨੁਸਾਰ 'ਇਸ ਜਗਤ ਦੀ ਕੋਈ ਹੋਂਦ ਨਹੀਂ ਤੇ ਜਗਤ ਦੀ ਹੋਂਦ ਸਾਨੂੰ ਇਸ ਕਰਕੇ ਪ੍ਰਤੀਤ ਹੁੰਦੀ ਹੈ, ਕਿਉਂਕਿ ਅਸੀਂ ਹਨੇਰੇ ਵਿਚ ਹਾਂ'।

ਪਰ ਗੁਰੂ ਨਾਨਕ ਸਾਹਿਬ ਨੇ ਇਹਨਾਂ ਵਿਚਾਰਾਂ ਨੂੰ ਬੇ-ਬੁਨਿਆਦ ਤੇ ਤਰਕਹੀਣ ਦੱਸਦਿਆਂ ਹੋਇਆਂ 'ਸਚੁ' ਦੀ ਸਮੁੱਚੀ ਰਚਨਾ ਨੂੰ ਸੱਚ ਮੰਨਿਆ ਹੈ। ਭਾਵੇਂ ਇਹ ਰਚਨਾ ਸਦੀਵੀ ਨਹੀਂ ਪਰ ਜਿਤਨਾ ਚਿਰ ਇਸ ਦੀ ਹੋਂਦ ਹੈ, ਉਤਨਾ ਚਿਰ ਇਹ ਵੀ ਪਰਮ ਸਚੁ ਵਾਂਗਰ ਹੀ ਸੱਚੀ ਹੈ। ਪਰਮ ਸਤਿ ਦੀ ਉਪਜ ਵੀ ਸਤਿ ਹੋ ਸਕਦੀ ਹੈ। ਗੁਰੂ ਨਾਨਕ ਸਾਹਿਬ ਜੀ 'ਆਸਾ ਦੀ ਵਾਰ' ਵਿਚ ਕਰਤੇ ਦੀ ਰਚਨਾ ਨੂੰ 'ਸੱਚ' ਸਰੂਪ ਦਰਸਾਉਂਦੇ ਹਨ:

ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥
ਸਚੇ ਤੇਰੇ ਲੋਅ ਸਚੇ ਆਕਾਰ ॥
ਸਚੇ ਤੇਰੇ ਕਰਣੇ ਸਰਬ ਬੀਚਾਰ ॥...
ਸਚੀ ਤੇਰੀ ਸਿਫਤਿ ਸਚੀ ਸਾਲਾਹ ॥
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥ (ਪੰਨਾ ੪੬੩)

ਇਹ ਰਚਨਾ ਇਸ ਕਰਕੇ ਸੱਚੀ ਹੈ ਕਿਉਂਕਿ ਇਹ ਪਰਮ ਸਚੁ ਦੀ ਉਪਜ ਹੈ। ਪੰਜਵੇਂ ਨਾਨਕ ਵੀ ਇਸ ਕਥਨ ਦੀ ਵਿਆਖਿਆ ਕਰਦੇ ਹੋਏ ਫ਼ੁਰਮਾਉਂਦੇ ਹਨ:

ਆਪਿ ਸਤਿ ਕੀਆ ਸਭੁ ਸਤਿ ॥
ਤਿਸੁ ਪ੍ਰਭ ਤੇ ਸਗਲੀ ਉਤਪਤਿ ॥ (ਪੰਨਾ ੨੮੪)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤੇ ਦੀ ਰਚਨਾ ਨੂੰ ਸੱਚੀ ਮੰਨਦੇ ਹੋਏ ਇਸ ਵਿਚੋਂ ਹੀ

ਪਰਮ-ਸੱਚ ਨੂੰ ਪਾਉਣ ਦਾ ਉਪਦੇਸ਼ ਕੀਤਾ। ਗੁਰੂ ਸਾਹਿਬ ਆਪ ਸਮਾਜ ਵਿਚ ਵਿਚਰੇ ਤੇ ਆਪਣੇ ਸਿੱਖਾਂ ਨੂੰ ਅਜਿਹਾ ਕਰਨ ਦਾ ਉਪਦੇਸ਼ ਦਿੱਤਾ। ਸਮਾਜ ਵਿਚ ਰਹਿੰਦਿਆਂ ਹੋਇਆਂ ਵੀ ਭਵ-ਸਾਗਰ ਨੂੰ ਤਰਿਆ ਜਾ ਸਕਦਾ। ਜਿਵੇਂ ਜਲ ਵਿਚ ਕੰਵਲ ਦਾ ਫੁੱਲ ਅਲੇਪ ਰਹਿੰਦਾ ਹੈ, ਨਦੀ ਵਿਚ ਜਿਸ ਪ੍ਰਕਾਰ ਮੁਰਗਾਬੀ ਰਹਿੰਦੀ ਹੋਈ ਵੀ ਆਪਣੇ ਖੰਭ ਗਿੱਲੇ ਨਹੀਂ ਹੋਣ ਦਿੰਦੀ, ਇਸੇ ਤਰ੍ਹਾਂ ਹੀ ਜੀਵ ਸਮਾਜ ਵਿਚ ਰਹਿੰਦਾ ਹੋਇਆ 'ਸ਼ਬਦ' ਵਿਚ ਸੁਰਤਿ ਨੂੰ ਟਿਕਾ ਕੇ ਪ੍ਰਭੂ ਦੇ ਨਾਮ ਨੂੰ ਰੋਮ-ਰੋਮ ਵਿਚ ਧਿਆ ਕੇ ਭਵਸਾਗਰ ਨੂੰ ਪਾਰ ਕਰ ਸਕਦਾ ਹੈ। ਇਸ ਸੰਬੰਧੀ ਗੁਰੂ ਨਾਨਕ ਸਾਹਿਬ ਜੀ ਰਾਮਕਲੀ ਰਾਗ ਵਿਚ ਸਾਨੂੰ ਉਪਦੇਸ਼ ਕਰਦੇ ਹਨ:

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥ (ਪੰਨਾ ੯੩੮)

ਇਹ ਉਹ ਸ਼ੁਭ ਵਿਚਾਰ ਸਨ ਜਿਨ੍ਹਾਂ ਨੇ ਸਿੱਖਾਂ ਨੂੰ ਸਮਾਜ ਵਿਚ ਰਹਿੰਦਿਆਂ ਹੋਇਆਂ ਆਪਣੇ ਹੱਕਾਂ ਤੇ ਜ਼ੁਲਮ ਦੇ ਖ਼ਿਲਾਫ਼ ਜੂਝਣ ਵਾਲੀ ਬਹਾਦਰ ਕੌਮ ਬਣਾਇਆ। ਇਹੀ ਗੁਰੂ ਨਾਨਕ ਸਾਹਿਬ ਦੇ ਸਚੁ-ਸਿਧਾਂਤ ਦਾ ਪ੍ਰਗਟਾਅ ਤੇ ਦੂਸਰਾ ਪੱਖ ਹੈ।

ਗੁਰੂ ਨਾਨਕ ਸਾਹਿਬ ਦੇ ਸਚੁ ਸਿਧਾਂਤ ਦਾ ਤੀਸਰਾ ਮਹੱਤਵਪੂਰਨ ਪੱਖ ਸ਼ੁਭ ਅਮਲ ਹਨ। ਮਨੁੱਖੀ ਆਚਰਨ ਦਾ ਆਧਾਰ ਹੀ ਸ਼ੁਭ ਅਮਲ ਹਨ। ਸ਼ੁਭ ਅਮਲ ਉਹ ਹਨ ਜਿਨ੍ਹਾਂ ਵਿਚ ਕਥਨੀ-ਕਰਨੀ ਦੀ ਇਕਸਾਰਤਾ ਹੋਵੇ। ਗੁਰੂ ਨਾਨਕ ਸਾਹਿਬ ਦੁਆਰਾ ਪਾਏ ਪੂਰਨਿਆਂ 'ਤੇ ਚੱਲਦਿਆਂ ਹੋਇਆਂ ਸਿੱਖਾਂ ਨੇ ਸ਼ੁਭ ਅਮਲਾਂ ਨੂੰ ਧਾਰਨ ਕੀਤਾ। ਇਹੀ ਸ਼ੁਭ ਅਮਲ ਭਾਵ ਸਚੁ ਆਚਾਰ ਸਿੱਖਾਂ ਦੇ ਸਿਰਾਂ ਦਾ ਤਾਜ ਬਣਿਆ।

ਗੁਰੂ ਨਾਨਕ ਬਾਣੀ ਅਨੁਸਾਰ ਸੁੱਚੇ ਉਹ ਹਨ ਜਿਨ੍ਹਾਂ ਦੇ ਮਨ ਵਿਚ ਪ੍ਰਭੂ ਦਾ ਵਾਸਾ ਹੈ ਭਾਵ ਭੈ ਹੈ ਤੇ ਸਚੁ-ਆਚਾਰ ਦੇ ਧਾਰਨੀ ਹਨ। ਸੁੱਚੇ ਉਹ ਨਹੀਂ ਹਨ, ਜਿਹੜੇ ਨਾਮ ਦੇ ਚਿੱਟ-ਕੱਪੜੀਏ ਬਣ ਕੇ ਡੇਰਿਆਂ ਵਿਚ ਬੈਠ ਕੇ ਵਿਚਾਰੀ ਲੋਕਾਈ ਨੂੰ ਲੁੱਟ ਰਹੇ ਹਨ। ਜੇਕਰ ਨਾਮ ਜਲ ਨਾਲ ਇਸ਼ਨਾਨ ਕੀਤਾ ਜਾਵੇ ਤੇ ਲੋਕਾਂ ਨੂੰ ਧੋਖਾ ਨਾ ਦਿੱਤਾ ਜਾਵੇ ਤਾਂ ਹੀ ਮਨੁੱਖ ਪ੍ਰਭੂ ਦੇ ਦਰ ਦਾ ਭਾਗੀ ਬਣਦਾ ਹੈ।

ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥
ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥ (ਪੰਨਾ ੯੧)

ਗੁਰੂ ਨਾਨਕ ਸਾਹਿਬ ਨੇ ਹਰੇਕ ਨੂੰ ਨੇਕ ਅਮਲ ਕਰਨ ਦਾ ਉਪਦੇਸ਼ ਕੀਤਾ। ਹਿੰਦੂ ਨੂੰ ਸੱਚਾ ਹਿੰਦੂ ਬਣਨ ਤੇ ਸੱਚੇ ਜਨੇਊ ਦੀ ਪਛਾਣ ਕਰਵਾਈ। ਇਸ ਤਰ੍ਹਾਂ ਹੀ ਮੁਸਲਮਾਨ ਨੂੰ ਸੱਚਾ ਮੁਸਲਮਾਨ ਤੇ ਸੱਚੀ ਨਮਾਜ਼, ਹੱਜ ਆਦਿ ਬਾਰੇ ਚਾਨਣ ਕਰਵਾਇਆ। ਜੋਗੀ ਨੂੰ ਸੰਤੋਖ ਦੀਆਂ ਮੁੰਦਰਾਂ ਪਾਉਣ ਤੇ ਜੋਗ ਦਾ ਸਹੀ ਮਾਰਗ ਦਰਸਾਇਆ।

ਗੁਰੂ ਨਾਨਕ ਸਾਹਿਬ ਅਨੁਸਾਰ ਹਿੰਦੂ, ਮੁਸਲਮਾਨ ਜਾਂ ਜੋਗੀ ਹੋਣਾ ਲਾਭਕਾਰੀ ਨਹੀਂ, ਲਾਭਕਾਰੀ ਤਾਂ ਸ਼ੁਭ ਅਮਲ ਹਨ। ਕਥਨੀ ਤੇ ਕਰਣੀ ਦੀ ਇਕਸਾਰਤਾ ਤੇ ਸੱਚ ਦੀ ਸੋਝੀ ਹੀ ਮਨੁੱਖ ਨੂੰ ਸ਼ੋਭਾ ਦਿਵਾਉਂਦੀ ਹੈ:

ਸਭਨਾ ਕਾ ਦਰਿ ਲੇਖਾ ਹੋਇ ॥
ਕਰਣੀ ਬਾਝਹੁ ਤਰੈ ਨ ਕੋਇ ॥ (ਪੰਨਾ ੯੫੨)

ਲੋੜ ਹੈ ਸੱਚੇ ਵਿਚਾਰਾਂ ਦੀ ਤੇ ਉਹਨਾਂ 'ਤੇ ਅਮਲ ਦੀ:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥ *(ਪੰਨਾ ੬੨)*

ਸ਼ੁਭ ਅਮਲ ਹੀ ਜੀਵਨ ਮਾਰਗ ਹੈ, ਪਰਮਾਰਥ ਦਾ ਰਸਤਾ ਹੈ। ਇਸ ਰਸਤੇ 'ਤੇ ਚੱਲਣ ਲਈ ਸਹਿਜ ਦੀ ਜ਼ਰੂਰਤ ਹੈ, ਪਰ ਸਹਿਜ ਦਾ ਪਿਆਲਾ ਜੋ ਨਿਰੋਲ ਸਚੁ ਦਾ ਭਰਿਆ ਹੋਇਆ ਉਸ ਨੂੰ ਮਿਲਦਾ ਹੈ ਜਿਸ ਉਪਰ ਪਰਮ ਸਚੁ ਦੀ ਮਿਹਰ ਹੋਵੇ:

ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥ *(ਪੰਨਾ ੩੬੦)*

ਗੁਰੂ ਨਾਨਕ ਸਾਹਿਬ ਦੇ ਸਚੁ ਸਿਧਾਂਤ ਦਾ ਭਾਵ ਸੱਚਾ ਕਥਨ ਹੈ, ਸੱਚਾ ਬੋਲ ਹੈ। ਪਰ ਸਵਾਲ ਪੈਦਾ ਹੁੰਦਾ ਹੈ ਕਿ 'ਸੱਚਾ ਬੋਲ' ਜਾਂ 'ਸੱਚਾ ਕਥਨ' ਦਾ ਪ੍ਰਚਾਰ ਮਹਾਤਮਾ ਬੁੱਧ ਨੇ ਬਹੁਤ ਸਮਾਂ ਪਹਿਲਾਂ ਕਰ ਦਿੱਤਾ ਸੀ ਤਾਂ ਫਿਰ ਗੁਰੂ ਸਾਹਿਬ ਦੇ ਸਿਧਾਂਤ ਦੀ ਮੌਲਿਕਤਾ ਤੇ ਵਿਸ਼ੇਸ਼ਤਾ ਕੀ ਹੋਈ?

ਫ਼ਰਕ ਸਿਰਫ਼ ਇਤਨਾ ਹੀ ਹੈ ਕਿ ਮਹਾਤਮਾ ਬੁੱਧ ਨੇ ਸਚੁ-ਸਿਧਾਂਤ ਦਿੱਤਾ ਸੀ, ਉਸ ਨੇ ਅਮਲੀ ਰੂਪ ਨਹੀਂ ਸਨ ਦੇ ਸਕੇ। ਇਹੀ ਫ਼ਰਕ ਹੈ ਸਿਧਾਂਤ ਤੇ ਅਮਲ ਦਾ। ਗੁਰੂ ਨਾਨਕ ਸਾਹਿਬ ਦੇ ਸਚੁ-ਸਿਧਾਂਤ ਦਾ ਤੀਸਰਾ ਪੱਖ ਸ਼ੁਭ ਅਮਲ ਤੇ ਸ਼ੁਭ ਅਮਲਾਂ ਦੀ ਯਥਾਰਥਕਤਾ ਸਮਾਜ ਵਿਚ ਹੀ ਪਰਖੀ ਜਾ ਸਕਦੀ ਹੈ ਨਾ ਕਿ ਸੰਨਿਆਸੀ ਜਾਂ ਭਿਕਸ਼ੂ ਬਣ ਕੇ।

ਗੁਰੂ ਨਾਨਕ ਸਾਹਿਬ ਦੇ ਸਚੁ-ਸਿਧਾਂਤ ਦੀ ਵਿਲੱਖਣਤਾ ਇਹ ਹੈ ਕਿ ਗੁਰੂ ਨਾਨਕ ਸਾਹਿਬ ਨੇ ਇਸ ਨੂੰ ਅਮਲੀ ਜੀਵਨ ਵਿਚ ਲਾਗੂ ਕੀਤਾ, ਦੂਸਰਿਆਂ ਨੂੰ ਅਜਿਹਾ ਕਰਨ ਦਾ ਉਪਦੇਸ਼ ਕੀਤਾ ਭਾਵ ਗੁਰੂ ਨਾਨਕ ਸਾਹਿਬ ਨੇ ਜੇਕਰ ਸੱਚ ਬੋਲਣ ਲਈ ਉਪਦੇਸ਼ ਕੀਤਾ ਤਾਂ ਪਹਿਲਾਂ ਉਹਨਾਂ ਆਪ ਸੱਚ ਬੋਲ ਕੇ ਲੋਕਾਈ ਨੂੰ ਮਾਰਗ ਦਰਸਾਇਆ। ਭਾਵੇਂ ਕਿ ਉਹਨਾਂ ਨੂੰ ਰਾਜਿਆਂ, ਕਾਜ਼ੀਆਂ, ਮੁੱਲਾਂ-ਮੁਲਾਣਿਆਂ ਨਾਲ ਕਈ ਟੱਕਰਾਂ ਲੈਣੀਆਂ ਪਈਆਂ ਤੇ ਸੱਚ ਬੋਲਣ ਕਰਕੇ ਕਈ ਮੁਸੀਬਤਾਂ ਝੱਲੀਆਂ ਪਰ ਗੁਰੂ ਨਾਨਕ ਸਾਹਿਬ ਕਥਨੀ ਤੇ ਕਰਨੀ ਦਾ ਸੁਮੇਲ ਕਰ ਰਹੇ ਸਨ ਜੋ ਪਹਿਲਾਂ ਨਹੀਂ ਸੀ ਹੋ ਸਕਿਆ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਸੱਚ ਰੂਪੀ ਪ੍ਰਕਾਸ਼ ਨਾਲ ਜਗਤ ਨੂੰ ਪ੍ਰਕਾਸ਼ਮਈ ਕਰ ਦਿੱਤਾ।

ਅੱਜ ਵੀ ਲੋੜ ਗੁਰੂ ਨਾਨਕ ਸਾਹਿਬ ਦੇ ਅਜਿਹੇ ਉਪਦੇਸ਼ ਨੂੰ ਅਮਲੀ ਰੂਪ ਦੇਣ ਦੀ ਹੈ। ਪਰਮਾਤਮਾ ਮਿਹਰ ਕਰੇ, ਸਾਨੂੰ ਸੁਮੱਤ ਬਖ਼ਸ਼ੇ ਤਾਂ ਜੋ ਅਸੀਂ ਗੁਰੂ ਸਾਹਿਬ ਦੇ ਪਵਿੱਤਰ ਪਾਵਨ ਸਿਧਾਂਤਾਂ ਨੂੰ ਆਪ ਆਪਣੇ ਜੀਵਨ ਵਿਚ ਧਾਰਨ ਕਰ ਸਕੀਏ ਜਿਸ ਨਾਲ ਸਤਿਕਾਰ ਤੇ ਮਾਣ ਵਾਲਾ ਜੀਵਨ ਜੀਉ ਸਕੀਏ ਤੇ ਹੋਰਨਾਂ ਨੂੰ ਇਸ ਸੱਚ-ਮਾਰਗ 'ਤੇ ਚੱਲਣ ਲਈ ਪ੍ਰੇਰ ਸਕੀਏ।

(11/1989)

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼

ਜਦੋਂ ਮਨੁੱਖੀ ਰਿਸ਼ਤੇ ਪੈਦਾਵਾਰੀ ਦੀਆਂ ਸ਼ਕਤੀਆਂ ਤੋਂ ਪਿਛਾਂਹ ਰਹਿ ਜਾਂਦੇ ਹਨ ਤਾਂ ਸਮਾਜ ਦਾ ਵਿਕਾਸ ਰੁਕ ਜਾਂਦਾ ਹੈ। ਇਕ ਪਾਸੇ ਉਹ ਲੋਕ ਜਿਨ੍ਹਾਂ ਦਾ ਕਿਸੇ ਖ਼ਾਸ ਸਮੇਂ ਦੇ ਸਮਾਜ ਦੀ ਹਰੇਕ ਸੰਸਥਾ 'ਤੇ ਕਬਜ਼ਾ ਹੁੰਦਾ ਹੈ, ਐਸ਼ੋ-ਇਸ਼ਰਤ ਵਿਚ ਫਸ ਕੇ ਰਹਿ ਜਾਂਦੇ ਹਨ ਅਤੇ ਆਮ ਜਨਤਾ ਉਹਨਾਂ ਦੇ ਜ਼ੁਲਮਾਂ ਦਾ ਸ਼ਿਕਾਰ ਹੋਈ ਬੇਬੱਸ ਨਜ਼ਰਾਂ ਨਾਲ ਝਾਕ ਰਹੀ ਹੁੰਦੀ ਹੈ ਅਤੇ ਦੂਸਰੇ ਪਾਸੇ ਪੈਦਾਵਾਰੀ ਦੀਆਂ ਉਹ ਸ਼ਕਤੀਆਂ, ਜਿਹੜੀਆਂ ਵਿਕਾਸ ਕਰਨਾ ਲੋੜਦੀਆਂ ਹਨ, ਅੱਗੇ ਨਹੀਂ ਵਧ ਸਕਦੀਆਂ ਕਿਉਂਕਿ ਸ਼ਾਸਕ ਵਿਚਾਰਧਾਰਾ ਉਹਨਾਂ ਸ਼ਕਤੀਆਂ ਦਾ ਰਾਹ ਰੋਕ ਕੇ ਖੜੋ ਜਾਂਦੀ ਹੈ। ਅਜਿਹੇ ਸਮੇਂ ਵਿਚ ਸਮਾਜ ਦੇ ਖੜੇ ਪਾਣੀਆਂ ਅੰਦਰ ਸੜ੍ਹਾਂਦ ਪੈਦਾ ਹੋ ਜਾਂਦੀ ਹੈ। ਤਰਕ ਰਹੇ ਪਾਣੀਆਂ ਦੀ ਥਾਂ ਨਵਾਂ ਜਲ ਤਾਂ ਹੀ ਆ ਸਕਦਾ ਹੈ ਜੇ ਕਿਸੇ ਨਵੇਂ ਚਸ਼ਮੇ ਦਾ ਪ੍ਰਵਾਹ ਵਗ ਨਿਕਲੇ। ਅਜਿਹਾ ਇਕ ਪ੍ਰਵਾਹ ਸਾਡੇ ਦੇਸ਼ ਵਿਚ ਮੱਧਕਾਲੀ ਭਗਤੀ ਲਹਿਰ ਦਾ ਵਗਿਆ। ਇਸ ਅੰਮ੍ਰਿਤ ਧਾਰਾ ਨੂੰ ਪੰਜਾਬ ਦੀ ਧਰਤੀ 'ਤੇ ਵਗਾਉਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਸਨ ਜਿਨ੍ਹਾਂ ਨੇ ਆਪਣੀ ਪਵਿੱਤਰ ਬਾਣੀ, ਮਨੋਹਰ ਸ਼ਖ਼ਸੀਅਤ ਅਤੇ ਸੁੱਚੇ ਅਮਲਾਂ ਰਾਹੀਂ ਪੰਜਾਬ ਦੀ ਜ਼ਿੰਦਗੀ ਨੂੰ ਹੀ ਨਹੀਂ ਸਗੋਂ ਸੰਸਾਰ ਦੇ ਜੀਵਨ ਵਿਚ ਇਕ ਨਵੀਂ ਲਹਿਰ ਪੈਦਾ ਕਰ ਦਿੱਤੀ।

ਗੁਰੂ ਨਾਨਕ ਦੇਵ ਜੀ ਜਿਸ ਕਾਲ ਵਿਚ ਪ੍ਰਗਟ ਹੋਏ, ਉਹ ਕਾਲ ਭਾਰਤ ਲਈ ਸੰਕਟ ਦਾ ਕਾਲ ਸੀ। ਭਾਰਤ ਉੱਤੇ ਲੋਧੀ ਵੰਸ਼ ਦਾ ਰਾਜ ਸੀ। ਲੋਧੀ ਵੰਸ਼ ਦੇ ਰਾਜਿਆਂ ਦੀ ਕਿਰਪਾ-ਦ੍ਰਿਸ਼ਟੀ ਨਾਲ ਬਹੁਤ ਸਾਰੇ ਜਾਗੀਰਦਾਰ ਵੀ ਪੈਦਾ ਹੋ ਚੁੱਕੇ ਸਨ। ਇਹ ਸਾਮੰਤ, ਰਾਜੇ ਅਤੇ ਜਾਗੀਰਦਾਰੀ ਸਮਾਜ ਦੇ ਸਮੁੱਚੇ ਢਾਂਚੇ ਉੱਤੇ ਕਾਬੂ ਪਾਈ ਬੈਠੇ ਸਨ। ਇਹਨਾਂ ਦੀ ਹੋਂਦ ਨਾਲ ਨਵੀਂ ਉੱਠ ਰਹੀ ਦਸਤਕਾਰੀ ਅਤੇ ਤਜਾਰੀ ਜਮਾਤ ਤਰੱਕੀ ਨਹੀਂ ਸੀ ਕਰ ਸਕਦੀ। ਇਸ ਦੇ ਕਈ ਕਾਰਣ ਸਨ। ਇਕ ਤਾਂ ਇਸ ਤਰ੍ਹਾਂ ਦਾ ਰਾਜਾਵਾਦੀ ਨਿਜ਼ਾਮ ਵਸਤਾਂ ਤਿਆਰ ਕਰਨ, ਮੰਡੀ ਦੇ ਪ੍ਰਸਾਰ ਅਤੇ ਆਪਸੀ ਪੇਸ਼ਾਵਾਰਾਨਾ ਇਕਰਾਰਨਾਮਿਆਂ ਦੀ ਖੁੱਲ੍ਹ ਨਹੀਂ ਦਿੰਦਾ ਸੀ। ਦੂਸਰੇ ਕਿਸੇ ਨਵੀਂ ਕਾਢ ਨੂੰ ਰੱਬ ਜਾਂ ਧਰਮ ਵਿਰੁੱਧ ਖ਼ਿਆਲ ਕੀਤਾ ਜਾਂਦਾ ਸੀ ਅਤੇ ਕਾਢਕਾਰ ਨੂੰ ਨਾਸਤਕ ਕਹਿ ਕੇ ਭੰਡਿਆ ਜਾਂਦਾ ਸੀ, ਤਸੀਹੇ ਦਿੱਤੇ ਜਾਂਦੇ ਸਨ ਅਤੇ ਜਾਨ ਤਕ ਤੋਂ ਵਾਂਝਿਆਂ ਕਰ ਦਿੱਤਾ ਜਾਂਦਾ ਸੀ। ਤੀਸਰੇ ਨਵੀਆਂ ਕਾਢਾਂ ਲਈ ਧਨ ਦੀ ਲੋੜ ਸੀ। ਇਸ ਧਨ ਉੱਤੇ ਰਾਜਿਆਂ, ਮਹਾਰਾਜਿਆਂ ਜਾਂ ਧਾਰਮਿਕ ਨੇਤਾਵਾਂ ਦਾ ਕਬਜ਼ਾ ਹੁੰਦਾ ਸੀ ਅਤੇ ਇਹ ਲੋਕ ਨਵੇਂ ਉਸਰ ਰਹੇ ਆਰਥਿਕ ਵਸੀਲਿਆਂ ਦੇ ਵਿਕਾਸ ਦੀ ਕੋਈ ਲੋੜ ਨਹੀਂ ਸਮਝਦੇ ਹਨ ਜਿਸ ਕਰਕੇ ਇਹਨਾਂ ਦਾ ਧਨ ਕਿਸੇ ਲਾਭਕਾਰੀ ਧੰਦੇ ਵਿਚ ਲੱਗਣ ਦੀ ਬਜਾਏ ਜਾਂ ਤਾਂ ਰੰਗ-ਰਲੀਆਂ ਮਾਨਣ ਦੇ ਕੰਮ ਆਉਂਦਾ

ਸੀ ਅਤੇ ਜਾਂ ਫਿਰ ਜ਼ਮੀਨ ਵਿਚ ਦੱਬਿਆ ਰਹਿੰਦਾ ਸੀ।

ਜਿਹੋ ਜਿਹੀ ਸਮਾਜਿਕ ਸਥਿਤੀ ਹੁੰਦੀ ਹੈ, ਉਸ ਦੇ ਅਨੁਸਾਰ ਵਿਚਾਰਧਾਰਕ ਅਵਸਥਾ ਪੈਦਾ ਹੋ ਜਾਂਦੀ ਹੈ। ਨਵੇਂ ਆਰਥਿਕ ਵਿਕਾਸ ਲਈ ਲੋੜੀਂਦੀ ਵਿਚਾਰਧਾਰਾ ਉਸ ਵੇਲੇ ਪ੍ਰਵਾਨ ਨਹੀਂ ਸੀ ਕੀਤੀ ਜਾਂਦੀ। ਤਿਆਗਵਾਦ, ਪ੍ਰਲੋਕਵਾਦ, ਕਿਸਮਤ, ਰੱਬੀ ਅਧਿਕਾਰ, ਛੂਤ-ਛਾਤ, ਇਸਤਰੀ ਦੀ ਨਿਖੇਧੀ ਆਦਿ ਅਨੇਕ ਅਜਿਹੀਆਂ ਵਿਚਾਰਧਾਰਾਵਾਂ ਸਨ ਜਿਹੜੀਆਂ ਲੋਕਾਂ ਦੇ ਮਨ ਵਿਚ ਪਦਾਰਥਕ ਤਰੱਕੀ ਕਰਨ ਅਤੇ ਇਸ ਲਈ ਲੋੜੀਂਦੇ ਹਾਲਾਤ ਪੈਦਾ ਕਰਨ ਦੀ ਇੱਛਾ ਹੀ ਪੈਦਾ ਨਹੀਂ ਸੀ ਹੋਣ ਦਿੰਦੀਆਂ। ਪਿਛਾਂਹ-ਖਿੱਚੂ ਕੀਮਤਾਂ ਵਿਰੁੱਧ ਅਗਾਂਹ-ਵਧੂ ਸ਼ਕਤੀਆਂ ਦਾ ਆਸਰਾ ਬਣ ਕੇ ਪ੍ਰਗਟ ਹੋਈਆਂ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੇਖਿਆ ਕਿ ਪੀੜਤਾਂ ਦੀ ਅਗਵਾਈ ਲਈ ਸਭ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਲੋਕਾਂ ਵਿਚ ਆਤਮ-ਵਿਸ਼ਵਾਸ ਅਤੇ ਦਿੱਸਦੀ ਦੁਨੀਆਂ ਲਈ ਆਸਥਾ ਦੇ ਭਾਗ ਜਗਾਏ ਜਾਣ। ਹੇਠਲੀ ਉੱਭਰ ਰਹੀ ਸ਼੍ਰੇਣੀ ਵਿਚ ਉਸ ਸਮੇਂ ਬ੍ਰਾਹਮਣ-ਵਾਦ, ਜੋਗ-ਮਤ ਅਤੇ ਬੁੱਧ ਤਥਾ ਜੈਨ ਮਤਾਂ ਦੇ ਧਰਮਾਂ ਦੇ ਪ੍ਰਚਾਰ ਦੇ ਕਾਰਨ ਤਿਆਗਵਾਦ ਦੀ ਰੁਚੀ ਨੇ ਘਰ ਕਰ ਲਿਆ ਹੋਇਆ ਸੀ। ਨਿਰਾਸ਼ਾਵਾਦ, ਦੁਨੀਆਂ ਨੂੰ ਕੂੜ ਸਮਝਣਾ, ਭਾਂਜਵਾਦ, ਹੋਣੀ, ਕਿਸਮਤ ਅਤੇ ਭਾਗਾਂ ਦੇ ਵਿਸ਼ਵਾਸ ਆਦਿ ਅਨੇਕਾਂ ਕਿਸਮ ਦੇ ਗ਼ਲਤ ਵਿਚਾਰਾਂ ਨੇ ਇਸ ਸ਼੍ਰੇਣੀ ਨੂੰ ਗ੍ਰਸਿਆ ਹੋਇਆ ਸੀ ਜਿਸ ਦੇ ਸਿੱਟੇ ਵਜੋਂ ਇਹ ਨਿਘਰਦੀ ਜਾ ਰਹੀ ਸੀ। ਹਾਕਮ ਜਮਾਤ ਦੀ ਗੱਦ ਅਤੇ ਜਾਗੀਰਾਂ ਵੀ ਤਾਂ ਹੀ ਬਚੀਆਂ ਰਹਿ ਸਕਦੀਆਂ ਸਨ ਜੇ ਉਸ ਦੀ ਵਿਰੋਧੀ ਜਮਾਤ ਉਕਤ ਭਾਂਤ ਦੇ ਵਿਚਾਰਾਂ ਦੀ ਦਾਸ ਬਣੀ ਰਹੇ। ਉਹ ਦੁਨੀਆਂ ਨੂੰ ਮਾਇਆ ਖ਼ਿਆਲ ਕਰਦੀ ਰਹੇ ਅਤੇ ਇਸ ਦੀ ਪ੍ਰਾਪਤੀ 'ਤੇ ਆਸ ਰੱਖਣਾ ਇਕ ਘਟੀਆ ਅਤੇ ਧਰਮ ਵਿਰੁੱਧ ਗੱਲ ਖ਼ਿਆਲ ਕਰੇ। ਪਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਜਵਾੜਾਸ਼ਾਹੀ ਦੀ ਇਸ ਚਾਲ ਅਤੇ ਦੰਭ ਨੂੰ ਉਖਾੜ ਕੇ ਰੱਖ ਦਿੱਤਾ ਅਤੇ ਹੇਠਲੇ ਉੱਭਰ ਰਹੇ ਤਬਕੇ ਵਿਚ ਪਦਾਰਥਕ ਉੱਨਤੀ ਦੀ ਚਾਹ ਉਤਪੰਨ ਕਰ ਦਿੱਤੀ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਮ-ਪਰਮਾਤਮਾ ਦੀ ਪ੍ਰਾਪਤੀ ਦਾ ਕੇਵਲ ਇਹ ਰਾਹ ਦੱਸਿਆ ਕਿ ਸਰੀਰ ਨੂੰ ਸ਼ਿੰਗਾਰ ਕੇ ਰੱਖਿਆ ਜਾਏ। ਉਹਨਾਂ ਨੇ ਭੁੱਖੇ ਪੇਟ ਭਗਤੀ ਕਰਨ ਨੂੰ ਅਸੰਭਵ ਆਖਿਆ। ਇਸ ਤਰ੍ਹਾਂ ਭੌਤਿਕ ਜਗਤ ਪ੍ਰਤੀ ਲੋਕ-ਮਨਾਂ ਵਿਚ ਆਸਥਾ ਪੈਦਾ ਕੀਤੀ। ਗੁਰੂ ਨਾਨਕ ਸਾਹਿਬ ਨੇ ਥਾਂ-ਪੁਰ-ਥਾਂ ਛੱਤੀ ਪ੍ਰਕਾਰ ਦੇ ਭੋਜਨ, ਰੰਗ-ਰੰਗ ਦੀਆਂ ਕੀਮਤੀ ਪੁਸ਼ਾਕਾਂ, ਕਾਮਣੀ, ਨਸ਼ੀਲੀਆਂ ਵਸਤੂਆਂ ਆਦਿ ਦੇ ਸੇਵਨ ਦੀ ਨਿਖੇਧੀ ਕੀਤੀ ਹੈ। ਇਸ ਲਈ ਨਹੀਂ ਕਿ ਉਹ ਪਦਾਰਥਕ ਉੱਨਤੀ ਦੇ ਖ਼ਿਲਾਫ਼ ਸਨ ਅਤੇ ਪਦਾਰਥ ਦੀ ਸਚਾਈ ਵਿਚ ਉਹਨਾਂ ਦਾ ਵਿਸ਼ਵਾਸ ਨਹੀਂ ਸੀ, ਸਗੋਂ ਇਸ ਲਈ ਕਿ ਇਹ ਸਭ ਵਸਤਾਂ ਕੁਝ ਇਕ ਲੋਕਾਂ ਕੋਲ ਸਨ ਜਿਹੜੇ ਆਮ ਲੋਕਾਂ ਕੋਲੋਂ ਜ਼ਬਰਦਸਤੀ ਖੋਹੀਆਂ ਗਈਆਂ ਸਨ। ਜਦੋਂ ਗੁਰੂ ਸਾਹਿਬ ਲਿਖਦੇ ਹਨ :

ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥ (ਪੰਨਾ ੧੫)

ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥ (ਪੰਨਾ ੭੯੦)

ਤਾਂ ਇਹਨਾਂ ਦਾ ਭਾਵ ਉਪਰਲੀ ਸ਼੍ਰੇਣੀ ਨੂੰ ਹੀ ਸੰਬੋਧਨ ਕਰਦਾ ਸੀ ਕਿਉਂਕਿ ਲੋਕਾਂ ਕੋਲ ਤਾਂ ਇਹ ਵਸਤਾਂ ਹੈ ਹੀ ਨਹੀਂ ਸਨ ਅਤੇ ਸ੍ਰੀ ਗੁਰੂ ਨਾਨਕ ਸਾਹਿਬ ਨਹੀਂ ਸਨ ਚਾਹੁੰਦੇ ਕਿ ਦੂਜਿਆਂ ਦੀ ਲੁੱਟ-ਖਸੁੱਟ ਨਾਲ ਐਸ਼-ਆਰਾਮ ਕੀਤੇ ਜਾਣ।

ਗੁਰੂ ਸਾਹਿਬ ਨੇ ਤਾਂ ਜਨਤਾ ਵਿਚ ਭੌਤਿਕ ਜਗਤ ਪ੍ਰਤੀ ਵਿਸ਼ਵਾਸ ਪੈਦਾ ਕਰਨ ਲਈ ਸਪੱਸ਼ਟ ਸ਼ਬਦਾਂ ਵਿਚ ਆਖਿਆ ਕਿ ਪਹਿਲਾਂ ਰੱਬ ਨੇ ਰੋਟੀ ਪੈਦਾ ਕੀਤੀ ਤੇ ਪਿੱਛੋਂ ਮਨੁੱਖ ਦੀ ਸਿਰਜਨਾ ਹੋਈ।

ਅਗਲੀ ਕਰੁਚੀ ਜਿਹੜੀ ਕਿ ਇਸ ਸਾਮੰਤ-ਸ਼ਾਹੀ ਯੁਗ ਵਿਚ ਮੌਜੂਦ ਸੀ, ਉਹ ਸੀ ਜਾਤ-ਪਾਤ। ਉਸ ਸਮੇਂ ਸਾਮੰਤ ਅਤੇ ਜਾਗੀਰਦਾਰ ਆਪਣੀ ਜਾਤੀ ਨੂੰ ਉੱਚਾ ਖ਼ਿਆਲ ਕਰਦੇ ਸਨ ਅਤੇ ਲੋਕਾਂ ਦੀਆਂ ਦੂਸਰੀਆਂ ਜਾਤੀਆਂ ਨੂੰ ਨੀਵਾਂ। ਬ੍ਰਾਹਮਣਵਾਦ ਦੇ ਪ੍ਰਮੁੱਖ ਸਿਧਾਂਤ ਵਰਣ-ਆਸ਼ਰਮ ਦਾ ਪੂਰਾ-ਪੂਰਾ ਪ੍ਰਭਾਵ ਸਹਿਮ ਦੇ ਰੂਪ ਵਿਚ ਜਨਤਾ ਉੱਤੇ ਛਾਇਆ ਹੋਇਆ ਸੀ। ਸ਼ੂਦਰਾਂ ਨੂੰ ਤਾਂ ਵੇਦ ਪੜ੍ਹਨ-ਸੁਣਨ, ਸੰਸਕ੍ਰਿਤ ਬੋਲਣ-ਸੁਣਨ ਅਤੇ ਭਗਤੀ ਤਕ ਕਰਨ ਦੀ ਵੀ ਮਨਾਹੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਜਾਤ ਦੇ ਗ਼ਰਬ 'ਤੇ ਆਪਣੀ ਬਾਣੀ ਵਿਚ ਕਰਾਰੀਆਂ ਚੋਟਾਂ ਕੀਤੀਆਂ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੇ ਸਮਾਜ ਦੀ ਅਗਲੀ ਕੁਰੀਤੀ ਇਸਤਰੀ ਦੀ ਦੁਰਦਸ਼ਾ ਨੂੰ ਚਿਤਰਿਆ ਹੈ ਅਤੇ ਇਸਤਰੀਆਂ ਦੇ ਹੱਕ ਵਿਚ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਹੈ। ਇਸਤਰੀਆਂ ਨੂੰ ਉਸ ਵੇਲੇ ਦੇ ਸਮਾਜ ਵਿਚ ਨਿਜੀ ਜਾਇਦਾਦ ਸਮਝਿਆ ਜਾਂਦਾ ਸੀ ਅਤੇ ਐਸ਼-ਪ੍ਰਸਤੀ ਦਾ ਇਕ ਵੱਡਾ ਸਾਧਨ ਖ਼ਿਆਲ ਕੀਤਾ ਜਾਂਦਾ ਸੀ। ਦੂਸਰੇ ਉਸ ਵੇਲੇ ਧਰਮ ਦੇ ਕਾਫ਼ੀ ਹਿੱਸੇ 'ਤੇ ਛਾਏ ਹੋਏ ਜੋਗੀ ਇਸਤਰੀ ਨੂੰ ਮੁਕਤੀ ਦੇ ਰਾਹ ਦਾ ਰੋੜਾ ਖ਼ਿਆਲ ਕਰਦੇ ਸਨ ਅਤੇ ਜਾਂ ਫਿਰ ਵਾਮ-ਮਾਰਗੀਆਂ ਨੇ ਇਸਤਰੀ ਨੂੰ ਆਪਣੀ ਸਮਾਧੀ ਦਾ ਇਕ ਸਾਧਨ ਸਮਝਿਆ ਹੋਇਆ ਸੀ। ਇਸਤਰੀ ਨੂੰ ਸਮਾਜ ਵਿਚ ਕੋਈ ਅਧਿਕਾਰ ਨਹੀਂ ਸਨ, ਉਸ ਦੀ ਆਪਣੀ ਹੋਂਦ ਹੀ ਕੋਈ ਨਹੀਂ ਸੀ, ਹੁੰਦੀ ਵੀ ਕਿਸ ਤਰ੍ਹਾਂ ਜਦ ਕਿ ਸਾਮੰਤਵਾਦ ਦੀ ਪ੍ਰਧਾਨ ਕਰੁਚੀ ਨਿਜਵਾਦ ਦਾ ਉਹ ਵੀ ਸ਼ਿਕਾਰ ਹੋਈ ਸੀ। ਗੁਰੂ ਨਾਨਕ ਸਾਹਿਬ ਨੇ ਇਸਤਰੀ ਦੀ ਇਸ ਅਧੋਗਤੀ ਦੀ ਹਾਲਤ 'ਤੇ ਰੋਸ ਪ੍ਰਗਟ ਕੀਤਾ ਅਤੇ ਸਮਾਜ ਨੂੰ ਵੰਗਾਰ ਕੇ ਆਖਿਆ :

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ (ਪੰਨਾ ੪੭੩)

ਜਿਸ ਸਮਾਜ ਵਿਚ ਸਾਮੰਤਸ਼ਾਹੀ ਜ਼ੋਰਾਂ 'ਤੇ ਹੋਵੇ ਅਤੇ ਰਾਜੇ, ਮੁਕੱਦਮ, ਜਾਗੀਰਦਾਰ ਆਦਿ ਆਮ ਜਨਤਾ ਨੂੰ ਲੁੱਟ-ਲੁੱਟ ਕੇ ਖਾ ਰਹੇ ਹੋਣ, ਉਥੇ ਧਾਰਮਿਕ ਉੱਨਤੀ ਕੀ ਹੋ ਸਕਦੀ ਹੈ। ਧਰਮ ਦੇ ਆਗੂ ਵੀ ਇਸ ਸਮਾਜਿਕ ਨਮੂਨੇ ਦਾ ਦਮ ਭਰਦੇ ਸਨ ਅਤੇ ਆਮ ਜਨਤਾ ਨੂੰ ਅਣਗਿਣਤ ਕਿਸਮ ਦੇ ਧਾਰਮਿਕ ਵਹਿਮਾਂ, ਭਰਮਾਂ ਅਤੇ ਛਲਾਵਿਆਂ ਵਿਚ ਫਸਾ ਕੇ ਆਪ ਵੀ ਲੁੱਟਦੇ ਸਨ ਅਤੇ ਲੋਕਾਂ ਦੀ ਵੈਰੀ ਜਮਾਤ ਦੇ ਵੀ ਲੁੱਟ-ਖਸੁੱਟ ਵਿਚ ਸਹਾਇਕ ਬਣਦੇ ਸਨ। ਆਮ ਜਨਤਾ

ਨੂੰ ਧਾਰਮਿਕ ਆਗੂਆਂ ਦੇ ਇਸ ਜਾਲ ਵਿਚੋਂ ਕੱਢਣ ਲਈ ਗੁਰੂ ਨਾਨਕ ਦੇਵ ਜੀ ਨੇ ਪ੍ਰਚਲਿਤ ਧਰਮਾਂ ਦੇ ਕੁਲ ਵਿਖਾਵਿਆਂ ਅਤੇ ਵਹਿਮਾਂ ਦਾ ਜ਼ੋਰਦਾਰ ਖੰਡਨ ਕੀਤਾ ਅਤੇ ਜਨਤਾ ਨੂੰ ਇਕ ਨਵੀਨ ਚੇਤਨ ਸ਼ਕਤੀ ਬਖ਼ਸ਼ੀ।

ਬ੍ਰਾਹਮਣਾਂ ਦੇ ਕਰਮ-ਕਾਂਡ, ਸੁੱਚ-ਜੂਠ ਅਤੇ ਸੂਤਕ ਆਦਿ ਦੇ ਵਹਿਮਾਂ ਦਾ ਖੰਡਨ ਕਰਨ ਲਈ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦ੍ਰਿੜ੍ਹ ਸ਼ਬਦਾਂ ਵਿਚ ਆਖਿਆ :

ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥ (ਪੰਨਾ ੪੭੨)

ਅਤੇ ਬ੍ਰਾਹਮਣਾਂ ਨੂੰ ਸਿੱਧੇ ਰਾਹ 'ਤੇ ਪਾਉਣ ਲਈ 'ਆਰਤੀ' ਨਾਮਕ ਸ਼ਬਦ ਵਿਚ ਉਸ ਪਰਮ ਪੁਰਖ ਪਰਮਾਤਮਾ ਦੀ ਬੰਦਨਾ ਸਮੁੱਚੀ ਪ੍ਰਕਿਰਤੀ ਦੁਆਰਾ ਕਰਾਈ।

ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਜੈਨ ਮਤ, ਇਸਲਾਮ, ਨਾਥ ਅਤੇ ਜੋਗ ਮਤ ਸਭ ਦੀ ਚੰਗੀ ਖ਼ਬਰ ਲਈ। ਜੋਗੀਆਂ ਦੇ ਤਿਆਗਵਾਦ ਅਤੇ ਭਾਂਜਵਾਦ ਦਾ ਖੰਡਨ ਕਰਦੇ ਹੋਏ ਉਹਨਾਂ ਨੇ ਲਿਖਿਆ :

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥ (ਪੰਨਾ ੬)

ਸੰਖੇਪ ਵਿਚ ਗੁਰੂ ਸਾਹਿਬ ਨੇ ਹਰ ਭਾਂਤ ਦੇ ਧਾਰਮਿਕ ਵਹਿਮਾਂ ਦਾ ਖੰਡਨ ਕੀਤਾ ਹੈ ਅਤੇ ਅਜਿਹੀ ਵਿਚਾਰਧਾਰਾ ਦਾ ਪ੍ਰਚਾਰ ਕੀਤਾ ਹੈ ਜਿਹੜੀ ਸਮਾਜਿਕ ਪ੍ਰਗਤੀ ਵਿਚ ਸਹਾਇਕ ਸਿੱਧ ਹੋ ਸਕੇ। ਜੋਗੀਆਂ ਦੇ ਤਿਆਗਵਾਦ, ਬੋਧੀਆਂ ਦੇ ਭਾਂਜਵਾਦ ਅਤੇ ਜੈਨੀਆਂ ਦੇ ਗ਼ਲਤ ਅਹਿੰਸਕ ਅਸੂਲ, ਮੁਸਲਮਾਨਾਂ ਦਾ ਕੱਟੜਪੁਣਾ, ਬ੍ਰਾਹਮਣਾਂ ਦੇ ਕਰਮ-ਕਾਂਡ, ਯੱਗ, ਕੁਰਬਾਨੀਆਂ, ਤੀਰਥ, ਸੁਰਗ ਅਤੇ ਨਰਕ ਦੇ ਲਾਰਿਆਂ ਆਦਿ ਵਿਚੋਂ ਜਨਤਾ ਨੂੰ ਮੁਕਤ ਕੀਤਾ ਅਤੇ ਮੁਕਤੀ ਦਾ ਇਕ ਸਫ਼ਲ ਜਿਹਾ ਰਾਹ ਦੱਸਿਆ :

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥ (ਪੰਨਾ ੧੨੪੫)

ਇਉਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ, ਆਪਣੇ ਜੀਵਨ ਵਿਚ ਅਤੇ ਆਪਣੇ ਅਮਲਾਂ ਰਾਹੀਂ ਉਹਨਾਂ ਸਾਰੀਆਂ ਸ਼ਕਤੀਆਂ ਦਾ ਖੰਡਨ ਕੀਤਾ ਜਿਹੜੀਆਂ ਸਮਾਜਿਕ ਪ੍ਰਗਤੀ ਵਿਚ ਰੁਕਾਵਟ ਸਨ ਅਤੇ ਇਕ ਨਵੀਨ ਕ੍ਰਾਂਤੀਕਾਰੀ ਵਿਚਾਰਧਾਰਾ ਦਾ ਅਖੁੱਟ ਸ੍ਰੋਤ ਪੰਜਾਬ ਦੀ ਧਰਤੀ 'ਤੇ ਜਾਰੀ ਕਰ ਦਿੱਤਾ ਜਿਹੜਾ ਨਾ ਕੇਵਲ ਪੰਜਾਬ ਅਤੇ ਭਾਰਤ ਨੂੰ ਹੀ ਸਗੋਂ ਵਿਦੇਸ਼ਾਂ ਵਿਚ ਵੀ ਆਪਣਾ ਸੀਤਲ ਪ੍ਰਭਾਵ ਪਾ ਗਿਆ। ਸਾਨੂੰ ਗੁਰੂ ਸਾਹਿਬ ਦੀ ਸਿੱਖਿਆ ਨੂੰ ਇਸੇ ਰੂਪ ਵਿਚ ਅਪਣਾ ਕੇ ਮਨੁੱਖੀ ਭਲਾਈ ਦਾ ਰਾਹ ਚੁਣਨਾ ਚਾਹੀਦਾ ਹੈ।

(11/1976)

ਤੌਹੀਦ ਕੀ ਆਵਾਜ਼

ਉਸ ਸਮੇਂ ਜਦ ਕਿ ਜਗਤ ਮਿਥਿਆ ਅਤੇ ਬਹੁ-ਰੱਬੀ ਸਿੱਖਿਆ ਦੇ ਝੂਠੇ ਨਾਅਰੇ ਭਾਰਤੀ ਆਰਥਿਕਤਾ ਅਤੇ ਪ੍ਰਗਤੀ ਦੇ ਸੋਮਿਆਂ 'ਤੇ ਸੰਗ-ਰੇਜ਼ੇ ਬਣ ਕੇ ਛਾਏ ਹੋਏ ਸਨ, ਕਿਰਤ-ਰਹਿਤ ਤਿਆਗ ਰਾਹੀਂ ਮੁਕਤੀ ਦੇ ਫੋਕੇ ਫ਼ਲਸਫ਼ੇ ਨੇ ਸਮਾਜਿਕ ਰੌਣਕਾਂ ਦੇ ਫੁੱਲਾਂ ਨੂੰ ਅੱਗ ਦੀ ਨਜ਼ਰ ਕੀਤਾ ਹੋਇਆ ਸੀ। ਬਹੁ-ਦੇਵ ਪੂਜਾ ਅਤੇ ਜਾਤ-ਪਾਤ ਦੇ ਵਿਤਕਰੇ ਨੇ ਹਿੰਦੂ ਸਮਾਜ ਦੀ ਵੰਡ ਨੂੰ ਟੁਕੜ-ਵੰਡ ਕਰ ਕੇ ਉਸ ਨੂੰ ਬਾਹਰੀ ਆਕਰਮਣਾਂ ਵਿਰੁੱਧ ਨਕਾਰਾ ਅਤੇ ਸ਼ਕਤੀਹੀਣ ਕਰ ਛੱਡਿਆ ਸੀ। ਰੱਬੀ ਅਨੇਕਤਾ ਅਤੇ ਅਵਤਾਰਵਾਦ ਦੇ ਮਨੋ-ਕਲਪਿਤ ਸਿੱਟੇ ਵਜੋਂ ਸਮਾਜ ਨਿੱਜਵਾਦ ਅਤੇ ਰਸਮਵਾਦ ਦੀਆਂ ਸੌੜੀਆਂ ਵਿਕਾਸ-ਰਹਿਤ ਮਾਰੂ ਖਾਈਆਂ ਵਿਚ ਵਟ ਚੁੱਕਿਆ ਸੀ। ਕਰਤੱਵ ਪਾਲਣਾ ਅਤੇ ਜੀਵਨ ਘਾਲਣਾ ਦੀ ਥਾਂ ਦੇਵੀ-ਦੇਵਤਿਆਂ ਦੀ ਅਰਾਧਨਾ ਹੀ ਅੰਤਮ ਸਾਧਨਾ ਹੋ ਕੇ ਰਹਿ ਗਈ ਸੀ। ਸਮਾਨਤਾ ਦੇ ਅਰਸ਼ੀ ਅੰਮ੍ਰਿਤ ਦੀ ਥਾਂ ਜਾਤੀ ਮਹਾਨਤਾ ਦੇ ਜ਼ਹਿਰੀ ਜਾਮ ਪੌਣਾਂ ਵਿਚ ਵਿਸ਼ ਘੋਲ ਰਹੇ ਸਨ। ਵੇਦਾਂਤਕ ਸਰਲਤਾ ਅਤੇ 'ਏਕੋ ਬ੍ਰਹਮ ਦੁਤੀਉ ਨਾਸਤ' ਦੇ ਵਿਸ਼ਵ-ਵਿਆਪੀ ਨਾਅਰੇ ਦੀ ਥਾਂ ਭਾਰਤੀ ਰੰਗ-ਮੰਚ 'ਤੇ ਯੂਨਾਨੀ ਤਰਜ਼ ਦੇ ਬਹੁ-ਰੰਗੀ ਦੇਵੀ-ਦੇਵਤੇ ਪ੍ਰਗਟ ਹੋਣ ਕਾਰਨ ਰੱਬੀ ਏਕਤਾ ਦਾ ਨੂਰ ਮਨੁੱਖੀ ਦਿਲਾਂ 'ਚੋਂ ਅਲੋਪ ਹੋ ਚੁੱਕਿਆ ਸੀ ਅਤੇ ਜਾਤ-ਪਾਤ ਰਹਿਤ ਵਹਿਦਤ ਤੇ ਮਨੁੱਖੀ ਏਕਤਾ ਦੇ ਸਮਰਥਕ ਇਸਲਾਮ ਦੇ ਸ਼ੈਦਾਈ ਅਸਹਿਨਸ਼ੀਲਤਾ, ਜਬਰ ਅਤੇ ਤੁਅੱਸਬ ਦੇ ਅੰਧਕਾਰ ਵਿਚ ਫਸ ਕੇ ਰੱਬੀ ਨੂਰ ਤੋਂ ਪਰ੍ਹੇ ਹੀ ਪਰ੍ਹੇ ਜਾ ਰਹੇ ਸਨ। ਫ਼ਿਜ਼ਾਵਾਂ ਵਿਚ ਰੂਹਾਨੀ ਸਮਾਜਵਾਦ ਦੇ ਜਾਮ ਛਲਕਾਉਂਦੀ, ਨਿਸ਼ਕਪਟ, ਸਪੱਸ਼ਟ ਅਤੇ ਆਮ-ਫ਼ਹਿਮ ਲੋਕ-ਭਾਸ਼ਾ ਦੀਆਂ ਕਣੀਆਂ ਬਰਸਾਉਂਦੀ, ਮਾਸੂਮਾਂ ਨੂੰ ਉਸ਼ਾਈ ਜਲਵੇ ਦਿਖਾਉਂਦੀ ਅਤੇ ਜਾਬਰਾਂ ਦੇ ਦਿਲ ਹਿਲਾਉਂਦੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅੰਮ੍ਰਿਤ ਬਾਣੀ ਗੂੰਜ ਉੱਠੀ।

ਨੀਲੇ ਗਗਨ ਥੱਲੇ ਸਹਿਕ ਰਹੇ ਜੀਵਾਂ ਨੇ ਅੱਜ ਤਕ ਅਜਿਹੀ ਪੁਰ-ਸਕੂਨ, ਟਿਕਾਓ-ਪੂਰਨ ਅਤੇ ਧੀਰਜਵਾਨ ਸਦਾਅ ਨਹੀਂ ਸੀ ਸੁਣੀ। ਅੱਜ ਤਕ ਸਮੁੰਦਰਾਂ ਦੀਆਂ ਗਹਿਰਾਈਆਂ ਅਤੇ ਹਿਮਾਲਾ ਦੀਆਂ ਬੁਲੰਦੀਆਂ ਨੇ ਅਜਿਹੇ ਅਡੋਲ ਅਤੇ ਸ਼ਾਂਤ ਬੋਲ ਨਹੀਂ ਸਨ ਸੁਣੇ ਅਤੇ ਵਿਸ਼ਵ ਦੇ ਵਿਸ਼ਾਲ ਖਿਲਾਅ ਵਿਚ ਥਰਥਰਾਉਂਦੀਆਂ ਪੌਣਾਂ ਨੇ ਅੱਜ ਤਕ ਅਜਿਹੀ ਸ਼ੀਰੀਂ ਅਤੇ ਸੰਗੀਤਮਈ ਬਾਣੀ ਨਹੀਂ ਸੀ ਸੁਣੀ। ਡਾ. ਇਕਬਾਲ ਨੇ ਇਸ ਸਰਵ-ਸ੍ਰੇਸ਼ਟ ਅਤੇ ਸ਼੍ਰੋਮਣੀ ਸਿਰਮੌਰ ਆਵਾਜ਼ ਨੂੰ ਅਤੀਤ ਦੇ ਨੂਰੀ ਝਰੋਖਿਆਂ ਵਿਚੋਂ ਸੁਣਿਆ ਅਤੇ ਕਹਿ ਉੱਠਿਆ :

ਫਿਰ ਉਠੀ ਆਖ਼ਿਰ ਸਦਾਅ ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦਿ-ਕਾਮਿਲ ਨੇ ਜਗਾਇਆ ਖ਼੍ਵਾਬ ਸੇ।

ਗੁਰੂ ਨਾਨਕ ਦੇਵ ਜੀ ਨੇ ਜੀਵਨ ਸੰਬੰਧੀ ਹਰ ਵਿਸ਼ੇ ਨੂੰ ਆਪਣੀ ਪਾਵਨ ਬਾਣੀ ਦੁਆਰਾ ਰੁਸ਼ਨਾਇਆ ਹੈ। ਜਦ ਉਹਨਾਂ ਬਦੇਸ਼ੀ ਆਕ੍ਰਮਣਕਾਰੀਆਂ ਨੂੰ ਨਿਹੱਥੇ ਭਾਰਤਵਾਸੀਆਂ 'ਤੇ ਜ਼ੁਲਮ-ਓ-ਜਬਰ ਤੋੜਦਿਆਂ ਵੇਖਿਆ ਤਾਂ ਰੌਸ਼ਨ-ਜ਼ਮੀਨ, ਵਿਸ਼ਵ ਅਮਨ ਦੇ ਸਫ਼ੀਰ ਗੁਰੂ ਜੀ ਦੀ ਨਿਰਭੈ ਅਤੇ ਕ੍ਰਾਂਤੀਕਾਰੀ ਆਤਮਾ ਅਧਰਮੀ ਜੰਗ-ਬਾਜ਼ਾਂ ਦੇ ਕੋਝੇ ਲੱਛਣ ਦੇਖ ਗਰਜ ਉੱਠੀ:

ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥ (ਪੰਨਾ ੩੬੦)

ਪ੍ਰੇਮ-ਮੂਰਤ ਗੁਰੂ ਨਾਨਕ ਦੇਵ ਜੀ ਦੀ ਪੁਰਵਕਾਰ, ਪਾਵਨ-ਪੁਨੀਤ ਤੇ ਵਿਸ਼ਵ-ਵਿਖਿਆਤ ਨੂਰਾਨੀ ਸ਼ਖ਼ਸੀਅਤ ਵਾਂਗ ਹੀ ਉਹਨਾਂ ਦੇ ਉਪਰੋਕਤ ਸ਼ਬਦਾਂ ਵਿਚੋਂ ਵਿਸ਼ਵ ਅਮਨ ਦੇ ਪੰਛੀਆਂ ਦਾ ਸੰਗੀਤ ਅਤੇ ਗੁਲਾਬਾਂ ਦਾ ਖੇੜਾ ਪ੍ਰਤੱਖ ਨਜ਼ਰੀਂ ਆਉਂਦਾ ਹੈ। ਇਸ ਨਿਰਭੈਤਾ ਦੇ ਸੂਰਜ ਨੇ ਬਾਬਰ ਅਤੇ ਉਸ ਦੀ ਅਣਗਿਣਤ ਫ਼ੌਜ ਦੀ ਸ਼ਰੇ-ਆਮ ਮੁਜ਼ੱਮਤ ਕਰਦਿਆਂ ਕਿਹਾ:

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥ (ਪੰਨਾ ੭੨੨)

ਉਹਨਾਂ ਆਪਣੇ ਰਤਨ ਰੂਪੀ ਦੇਸ਼ ਨੂੰ ਬਰਬਾਦ ਹੁੰਦਿਆਂ ਦੇਖ, ਉਸ ਸਮੇਂ ਦੇ ਲੋਧੀ-ਵੰਸ਼ ਦੇ ਗ਼ਾਫ਼ਲ ਹਾਕਮਾਂ ਨੂੰ ਸਰਾਪਦਿਆਂ ਕਿਹਾ:

ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ ॥ (ਪੰਨਾ ੩੬੦)

ਸਮਾਜ ਨੂੰ ਜਿਉਂਦਾ-ਜਾਗਦਾ, ਖ਼ੁਸ਼ੀਆਂ ਵਿਚ ਵਿਚਰਦਾ ਅਤੇ ਹਸੰਦਿਆਂ, ਖੇਲੰਦਿਆਂ, ਪਹਿਨੰਦਿਆਂ, ਖਾਵੰਦਿਆਂ ਵਿਚੇ ਮੁਕਤ ਹੁੰਦਿਆਂ ਦੇਖਣ ਦੇ ਚਾਹਵਾਨ ਗੁਰੂ ਜੀ ਨੇ ਨਿੱਜਵਾਦ, ਰਸਮਵਾਦ ਅਤੇ ਕਰਮ-ਕਾਂਡ ਦੀਆਂ ਜ਼ੰਜੀਰਾਂ ਤੋੜਦਿਆਂ ਜਗਤ ਮਿਥਿਆ ਦੀ ਥਾਂ ਜਗਤ ਸਤਿਆ ਦਾ ਇਨਕਲਾਬੀ ਨਾਅਰਾ ਲਾਇਆ:

ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥...
ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥ (ਪੰਨਾ ੪੬੩)

ਘਰ ਛੱਡ, ਸੰਸਾਰ ਤਿਆਗ, ਪਰਬਤੀਂ ਵੱਸੇ ਸਿੱਧਾਂ ਅਤੇ ਹਠ-ਜੋਗੀਆਂ ਦੀਆਂ ਤਾੜੀਆਂ ਅਤੇ ਸਮਾਧੀਆਂ ਨੂੰ ਤੋੜਦਿਆਂ ਆਪ ਨੇ ਫ਼ੁਰਮਾਇਆ:

ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥ (ਪੰਨਾ ੭੩੦)

ਮਨ ਦੇ ਨੂਰ ਤੋਂ ਬੇਖ਼ਬਰਾਂ ਅਤੇ ਤੀਰਥਾਂ ਦੇ ਅੰਧ-ਵਿਸ਼ਵਾਸੀ ਗੁਮਰਾਹ ਸ਼ਰਧਾਲੂਆਂ ਨੂੰ ਕਿਰਤ ਭਰਪੂਰ ਸੱਚੇ ਕਿਰਦਾਰ ਵਿਚ ਹੀ ਮੁਕਤੀ ਦਾ ਦਰਸ਼ ਦਿੰਦਿਆਂ ਆਪ ਨੇ ਕਿਹਾ:

ਕਿਆ ਭਵੀਐ ਸਚਿ ਸੂਚਾ ਹੋਇ ॥
ਸਾਚ ਸਬਦ ਬਿਨੁ ਮੁਕਤਿ ਨ ਕੋਇ ॥ (ਪੰਨਾ ੯੩੮)

ਸੱਚ ਦਾ ਰੂਪ ਬਣੇ ਬਿਨਾਂ ਛੁਟਕਾਰਾ ਨਹੀਂ, ਸੱਚੀ ਕਿਰਤ ਵਿਚ ਹੀ ਬਹਿਸ਼ਤਾਂ ਦਾ ਦੀਦਾਰ ਹੈ। ਸੱਚ ਨਾਲੋਂ ਸਚਿਆਰਾ ਜੀਵਨ ਕਿਤੇ ਮਹਾਨ ਹੈ:

ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥ (ਪੰਨਾ ੧੪੧)

ਅਮਲੀ ਜੀਵਨ ਦੇ ਆਕਾਸ਼ੀਂ ਹੀ ਚੰਨ-ਤਾਰੇ ਚਮਕਦੇ ਹਨ। ਨਿਰੀ ਸੋਚ ਦੇ ਅੰਬਰ ਵੀਰਾਨ

ਖੰਡਰ ਹੀ ਰਹਿੰਦੇ ਹਨ:

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥ (ਪੰਨਾ ੧)

ਗੁਰੂ ਜੀ ਦੀ ਬਾਣੀ ਇਕ ਖ਼ੁਸ਼-ਨੁਮਾ ਤਰਜ਼ੇ-ਜ਼ਿੰਦਗੀ ਦਾ ਸਰ-ਚਸ਼ਮਾ ਹੈ। ਇਹ ਸਾਗਰ-ਨੁਮਾ ਮਨ ਦੀਆਂ ਅਥਾਹ ਗਹਿਰਾਈਆਂ 'ਚੋਂ ਖੋਜੇ ਦੁਰਲੱਭ ਅਤੇ ਨਾਯਾਬ ਮੋਤੀ ਸਮਾਨ ਹੈ। ਇਸ ਦੀ ਚਮਕ ਵਿਚ ਉਹ ਹੁਸਨ ਹੈ ਜਿਹੜਾ ਮਨੁੱਖੀ ਮਨਾਂ ਨੂੰ ਰੁਸ਼ਨਾ ਕੇ ਵਿਸ਼ਵ ਨੂੰ ਅਮਨਾਂ ਦਾ ਰਾਹਿਵਾਰ ਅਤੇ ਸੁੰਦਰਤਾ ਦਾ ਆਸ਼ੀਆਨਾ ਬਣਾ ਸਕਦਾ ਹੈ। ਮਨੁੱਖੀ ਮਨਾਂ ਦੇ ਪਾਰਖੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਅਤੇ ਰੱਬ ਦੇ ਵਿਚਕਾਰ ਫੈਲੇ ਰਸਮਵਾਦ ਅਤੇ ਅੰਧਕਾਰ ਨੂੰ ਰੁਸ਼ਨਾਉਂਦਿਆਂ ਅਤੇ ਮਨੁੱਖ ਨੂੰ ਰੱਬ ਦੇ ਅਤਿ ਸਮੀਪ ਲਿਆਉਂਦਿਆਂ ਫ਼ੁਰਮਾਇਆ ਹੈ:

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ (ਪੰਨਾ ੪੪੧)

ਕਿਰਤੀਆਂ ਨੂੰ ਧਰਤੀ ਤੋਂ ਚੁੱਕ ਕੇ ਆਪਣੇ ਸੀਨੇ ਨਾਲ ਲਾਉਣ ਵਾਲੇ ਮਹਾਨ ਕਿਰਤੀ ਗੁਰੂ ਜੀ ਦੀ ਬਾਣੀ ਵਿਚ ਕਿਰਤ ਦੀ ਬਹਾਰ ਥਾਂ-ਥਾਂ ਮਹਿਕਦੀ ਹੈ। ਉਹਨਾਂ ਸਭ ਤੋਂ ਪਹਿਲਾਂ ਕਰਮ, ਭਗਤੀ, ਗਿਆਨ ਅਤੇ ਜੋਗ ਦੇ ਨੂਰੀ ਤੱਤਾਂ ਨੂੰ ਯਕਜਾ ਕਰ ਕੇ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਦੇ ਰੂਹਾਨੀ ਸਮਾਜਵਾਦ ਦਾ ਇਨਕਲਾਬੀ ਨਾਅਰਾ ਲਾਇਆ। ਗ਼ੈਰ-ਮਨੁੱਖੀ ਢੰਗਾਂ ਰਾਹੀਂ ਰੋਟੀ ਕਮਾਉਣ ਵਾਲਿਆਂ ਸੁਆਰਥੀਆਂ ਦੀ ਖਿੱਲੀ ਉਡਾਉਂਦਿਆਂ ਆਪ ਦਾ ਇਨਕਲਾਬੀ ਮਨ ਕਹਿ ਉੱਠਿਆ:

ਰੋਟੀਆ ਕਾਰਣਿ ਪੂਰਹਿ ਤਾਲ॥ (ਪੰਨਾ ੪੬੫)

ਇਹੋ ਇਕੋ ਵਾਰ ਉਸ ਸਮੇਂ ਦੀ ਮਾਨਸਿਕ ਅਵਸਥਾ, ਆਰਥਿਕ ਸਮੱਸਿਆ ਅਤੇ ਹਰ ਸਮੇਂ ਦੇ ਗ਼ੁਲਾਮਾਨਾ ਜੀਵਨ ਦੀ ਮੂੰਹ ਬੋਲਦੀ ਤਸਵੀਰ ਹੈ। ਗੁਰੂ ਜੀ ਨੇ ਦੂਜਿਆਂ ਦੀ ਮਿਹਨਤ ਉੱਤੇ ਐਸ਼ ਕਰਨ ਵਾਲਿਆਂ ਤਾਈਂ ਤਾੜਦਿਆਂ ਕਿਹਾ:

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ (ਪੰਨਾ ੧੪੧)

ਪਾਪਾਂ ਦੀ ਕਮਾਈ ਕਿਸੇ ਸੂਰਤ ਵੀ ਦਸਾਂ ਨਹੁੰਆਂ ਦੀ ਕਿਰਤ ਵਿਚ ਨਹੀਂ ਬਦਲ ਸਕਦੀ। ਦਲੀਲਾਂ ਨਾਲ ਝੂਠ ਸੱਚ ਨਹੀਂ ਬਣਦੇ ਅਤੇ ਹਰਾਮ ਦੀ ਵਸਤੂ ਮਸਾਲੇ ਪਾਉਣ ਨਾਲ ਹਲਾਲ ਨਹੀਂ ਬਣ ਜਾਂਦੀ:

ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥ (ਪੰਨਾ ੧੪੧)

ਸਮਾਜ ਦੇ ਖੜੇ ਪਾਣੀਆਂ ਅਤੇ ਉਹਨਾਂ ਉੱਤੇ ਰਸਮਵਾਦ ਦੇ ਛਾਏ ਜਾਲਿਆਂ ਨੂੰ ਗੁਰੂ ਜੀ ਨੇ ਆਪਣੀ ਅਮਰ ਬਾਣੀ ਦੇ ਅੰਮ੍ਰਿਤ ਦੀ ਆਬਸ਼ਾਰ ਰਾਹੀਂ ਹਰਕਤ ਵਿਚ ਲਿਆ ਕੇ ਤਾਜ਼ੀ ਅਤੇ ਸਵੱਛਤਾ ਦੀਆਂ ਲਹਿਰਾਂ ਨੂੰ ਨਗਮੇ ਗਾਉਣ ਲਾ ਦਿੱਤਾ। ਉਸ ਸਮੇਂ ਇਸਤਰੀ ਜਾਤੀ ਸਮਾਜ ਵਿਚ ਨਿੰਦਿਆ ਅਤੇ ਨਿਖੇਧੀ ਦਾ ਵਿਸ਼ਾ ਬਣੀ ਹੋਈ ਸੀ। ਕਿਸੇ ਨੇ ਇਸ ਨੂੰ ਆਤਮਾ-ਰਹਿਤ ਅਤੇ ਭਾਵਹੀਣ ਪੱਥਰ ਦੀ ਮੂਰਤ ਕਿਹਾ, ਕਿਸੇ ਨੇ ਰੱਬ ਦੀ ਇਸ ਨੂਰੀ ਕਿਰਨ ਨੂੰ ਅੱਧਾ ਅੰਮ੍ਰਿਤ ਅੱਧਾ ਜ਼ਹਿਰ ਕਹਿ ਕੇ ਠੁਕਰਾ ਦਿੱਤਾ ਅਤੇ ਇਸ ਸ਼ਹੀਦਾਂ ਦੀ ਜਨਮ-ਦਾਤੀ ਅਤੇ ਸਮਾਜ ਦੀ ਪਾਲਣਹਾਰ ਦੇਵੀ ਨੂੰ ਗੁਰੂ ਜੀ ਨੇ ਸਤਿਕਾਰਦਿਆਂ ਕਿਹਾ:

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ (ਪੰਨਾ ੪੭੩)

ਨਿਰਮਲ ਕਰਮ ਦੀ ਥਾਂ ਆਪਣੇ ਕੂੜ ਅਮਲਾਂ ਅਤੇ ਦੂਸ਼ਿਤ ਕਿਰਦਾਰ ਰਾਹੀਂ ਸਮਾਜ ਨੂੰ ਪਲੀਤ ਕਰਨ ਵਾਲਾ, ਮਾਸੂਮਾਂ ਦਾ ਲਹੂ ਚੂਸਣ ਵਾਲਾ ਮੰਦਰ-ਮਸਜਿਦ 'ਚ ਲੱਖ ਸਜਦੇ ਕਰੇ, ਰੱਬੀ ਹਿਮਾਲਾ ਦੇ ਦਾਮਨ ਨੂੰ ਵੀ ਛੂਹ ਨਹੀਂ ਸਕਦਾ। ਸਮਾਜ ਨੂੰ ਕਿਰਤ, ਕਮਾਈ ਅਤੇ ਅਮਲੀ ਜੀਵਨ ਦਾ ਜਲਵਾ ਦਿਖਾਉਂਦਿਆਂ ਆਪ ਨੇ ਕਿਹਾ :

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥ (ਪੰਨਾ ੧੪੦)

ਭਾਰਤੀ ਸਮਾਜ ਵਿਚ ਸਮਾਨਤਾ ਦਾ ਅਭਾਵ ਹੋਣ ਕਾਰਨ ਗੁਰੂ ਜੀ ਬੜੇ ਪੀੜਤ ਸਨ। ਭਾਰਤੀ ਸਮਾਜ ਦੇ ਪਤਨ ਅਤੇ ਤਨੱਜ਼ਲ ਦਾ ਵੱਡਾ ਕਾਰਨ ਵੀ ਇਹ ਹੀ ਸੀ। ਸਮਾਜਿਕ ਗਤੀ ਨੂੰ ਸਮਰੂਪਤਾ ਅਤੇ ਸੰਤੁਲਤਾ ਪ੍ਰਦਾਨ ਕਰਨ ਲਈ ਗੁਰੂ ਜੀ ਨੇ ਮਜ਼ਲੂਮਾਂ ਦੇ ਮਜ਼ਲੂਮ ਨੀਵੇਂ ਵਰਗ ਨੂੰ ਆਪਣੇ ਦਾਮਨ ਵਿਚ ਸਮਾ ਲਿਆ। ਨੀਵੇਂ ਵਰਗ ਨਾਲ ਸੰਬੰਧਿਤ ਭਾਈ ਲਾਲੋ ਦੇ ਸਾਦਾ ਭੋਜਨ ਨੂੰ ਖਿੜੇ ਮੱਥੇ ਕਬੂਲ ਕਰਦਿਆਂ ਆਪ ਨੇ ਧਨਾਢ ਹਾਕਮ ਮਲਕ ਭਾਗੋ ਦੇ ਸ਼ਾਹੀ ਭੋਜਨ ਨੂੰ ਇਕ ਦਮ ਠੁਕਰਾ ਦਿੱਤਾ। ਇਸ ਕ੍ਰਾਂਤੀਕਾਰੀ ਕਦਮ ਨੂੰ ਦੇਖ ਪੁਰਾਤਨਵਾਦੀਆਂ ਅਤੇ ਜਾਤ-ਵਿਸ਼ਵਾਸੀਆਂ ਦੀ ਤੰਗ-ਸੋਚਣੀ ਦੇ ਮਹੱਲ ਕੰਬ ਉੱਠੇ। ਗੁਰੂ ਜੀ ਨੇ ਆਪਣੀ ਸੁਭਾਵਿਕ ਸ਼ਬਨਮੀ ਬਾਣੀ ਵਿਚ ਫ਼ੁਰਮਾਇਆ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥ (ਪੰਨਾ ੧੫)

ਗੁਰੂ ਜੀ ਧਰਤ-ਆਕਾਸ਼ ਤਾਈਂ ਫੈਲੇ, ਤੌਹੀਦ ਦੇ ਨੂਰ ਸਨ। ਉਹਨਾਂ ਕੇਵਲ ਆਪਣੇ ਹੀ ਧਰਮ ਨੂੰ ਸ੍ਰੇਸ਼ਟ ਮੰਨਣ ਵਾਲਿਆਂ ਤਾਈਂ ਸਮਝਾਉਂਦਿਆਂ ਅਤੇ ਅਨੇਕਤਾ ਵਿਚ ਏਕਤਾ ਦਾ ਪ੍ਰਚਮ ਲਹਿਰਾਉਂਦਿਆਂ ਆਪਣੀ ਤੌਹੀਦੀ ਆਵਾਜ਼ ਵਿਚ ਕਿਹਾ :

ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥

ਭਾਵ—'ਕੋਈ ਕਿਸੇ ਵੀ ਮਾਰਗ ਰਾਹੀਂ ਉਸ ਨੂਰਿ-ਇਲਾਹੀ ਦਾ ਦੀਦਾਰ ਕਰ ਸਕਦਾ ਹੈ।' ਵਿਸ਼ਵ ਅਮਨ ਦੇ ਸਰੀਰ, ਹਿੰਦੂਆਂ ਦੇ ਗੁਰੂ, ਮੁਸਲਮਾਨਾਂ ਦੇ ਪੀਰ, ਸਿੱਖ ਧਰਮ ਦੇ ਬਾਨੀ ਅਤੇ ਏਕਤਾ ਦੇ ਨੂਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਰ ਕਿਸੇ ਨੂੰ ਆਪਸੀ ਪ੍ਰੇਮ ਭਾਵ, ਹਮਦਰਦੀ ਅਤੇ ਰਵਾਦਾਰੀ ਬਾਝੋਂ ਪਰੇਸ਼ਾਨ ਦੇਖ ਇਹ ਵਿਸ਼ਵ-ਵਿਆਪੀ ਨਾਅਰਾ ਲਾਇਆ :

ਨਾ ਹਮ ਹਿੰਦੂ ਨ ਮੁਸਲਮਾਨ॥ (ਪੰਨਾ ੧੧੩੬)

ਭਾਵ—ਇਕ ਨੂਰ ਤੋਂ ਉਪਜੇ ਸਾਰੇ ਭਰਾ-ਭਰਾ ਹਨ।

ਇਸ ਤਰ੍ਹਾਂ ਆਪਣੀ ਵਿਗਿਆਨਕ ਸੋਚ-ਸ਼ਕਤੀ ਰਾਹੀਂ ਹਰ ਕਿਸੇ ਦਾ ਦਿਲ ਰੁਸ਼ਨਾਉਂਦਿਆਂ, ਰਸਮਵਾਦ ਦੇ ਪੈਮਾਨਿਆਂ ਨੂੰ ਤੋੜਦਿਆਂ, ਨਿਰਗੁਣਵਾਦ ਦੇ ਜਾਮ ਲਹਿਰਾਉਂਦਿਆਂ ਅਤੇ ਨਾਮ ਖ਼ੁਮਾਰੀ ਦੀ ਮੈਅ ਪਿਲਾਉਂਦਿਆਂ ਆਪਣੇ ਸੁਰ ਹੋਏ ਮਨ 'ਚੋਂ ਗੁਰੂ ਨੇ ਜਿਹੜੇ ਵੀ ਸ਼ਬਦ ਉਚਾਰੇ, ਉਹ ਲੋਕਾਂ ਦੇ ਮਨਾਂ ਨੂੰ ਵਜਦ ਵਿਚ ਲਿਆਉਂਦੇ, ਵਿਸ਼ਵ-ਭਰ ਨੂੰ ਨਚਾਉਂਦੇ, ਯੁਗ-ਯੁਗੰਤਰ ਦੀ ਆਵਾਜ਼ ਹੋ ਨਿਬੜੇ। ਪਰਮ ਪੂਜਯ ਗੁਰੂ ਜੀ ਦੀ ਬਾਣੀ ਰੱਬੀ ਏਕਤਾ ਦਾ ਨੂਰ, ਸਰਵ-ਸਾਂਝੀਆਂ ਕਦਰਾਂ ਦਾ ਜ਼ਹੂਰ, ਰੂਹਾਨੀ ਕੀਮਤਾਂ ਦਾ ਹਾਸਲ, ਮਾਨਵੀ ਪ੍ਰੇਮ ਦੀ ਸ਼ਬਨਮ, ਵਿਗਿਆਨਕ ਸੋਚਣੀ

ਦਾ ਕਮਾਲ, ਮਨੋਵਿਗਿਆਨਕ ਤੱਤਾਂ ਦਾ ਲਿਸ਼ਕਾਰਾ, ਆਰਥਿਕ ਸਮਾਨਤਾ ਦਾ ਗੁਲਸ਼ਨ, ਸਮਾਜਿਕ ਊਣਤਾਈਆਂ ਦਾ ਮਦਾਵਾ, ਕਿਰਤ-ਕਮਾਈ ਦਾ ਸੁਹਜਾਂ ਭਰਿਆ ਪ੍ਰਗਟਾਵਾ ਅਤੇ ਤੌਹੀਦ ਦੀ ਨੂਰੀ ਆਵਾਜ਼ ਦਾ ਸੰਗੀਤ ਹੈ:

ਤੂਨੇ ਵੋਹ ਡੰਕਾ ਬਜਾਇਆ ਦਹਿਰ ਮੇਂ ਤੌਹੀਦ ਕਾ।
ਏਕ ਆਲਮ ਹੋ ਗਿਆ ਸ਼ੈਦ ਤੇਰੀ ਤਕਲੀਦ ਕਾ।

(11/1976)

ਗੁਰੂ ਨਾਨਕ ਦੇਵ ਜੀ ਤੇ ਪ੍ਰਭੂ-ਮਿਲਣੀ

ਜਗਤ-ਗੁਰੂ ਨਾਨਕ ਦੇਵ ਜੀ ਆਪਣੀ ਭਰ ਜਵਾਨੀ ਵਿਚ ਅਤਿ ਪਿਆਰੀ ਤੇ ਸਾਈਂ-ਸਵਾਰੀ ਭੈਣ ਨਾਨਕੀ ਜੀ ਅਤੇ ਭਣਵੱਈਏ ਸ੍ਰੀ ਜੈਰਾਮ ਜੀ ਦੇ ਸ਼ੁਭ ਸੱਦੇ 'ਤੇ ਸੁਲਤਾਨਪੁਰ ਲੋਧੀ (ਜ਼ਿਲਾ ਕਪੂਰਥਲਾ) ਜਾ ਟਿਕੇ ਸਨ ਅਤੇ ਨਵਾਬ ਦੌਲਤ ਖ਼ਾਨ ਲੋਧੀ ਦੇ ਸ਼ਾਹੀ ਮੋਦੀਖ਼ਾਨੇ ਦੇ ਮੋਦੀ (ਸਟੋਰ-ਕੀਪਰ) ਲੱਗ ਗਏ ਸਨ। ਆਪ ਨੇ ਉਥੇ ਬੜੀ ਸਿਆਣਪ, ਸਫ਼ਾਈ ਤੇ ਦਿਆਨਤਦਾਰੀ ਨਾਲ ਕੰਮ ਕੀਤਾ ਅਤੇ ਛੇਤੀ ਹੀ ਪ੍ਰਿਯ ਤੇ ਪ੍ਰਵਾਨ ਹੋ ਗਏ। ਪਰ ਬੱਚਿਆਂ ਦਾ ਪਿਆਰ, ਗ੍ਰਿਹਸਤ ਦੇ ਬੰਧਨ ਤੇ ਨੌਕਰੀ ਦਾ ਠਾਠ ਵੀ ਉਹਨਾਂ ਨੂੰ ਜਕੜ ਨਾ ਸਕਿਆ, ਕੋਈ ਵੀ ਦੁਨਿਆਵੀ ਮੋਹ ਉਹਨਾਂ ਨੂੰ ਆਪਣੇ ਨਿੱਤ-ਕਰਮ ਤੇ ਜੀਵਨ-ਆਦਰਸ਼ ਦੀ ਪੈਰਵੀ ਤੋਂ ਹਟਾ ਨਾ ਸਕਿਆ। ਉਹਨਾਂ ਦੇ ਪ੍ਰੋਗਰਾਮ ਤੇ ਵਰਤਾਰੇ ਵੱਲ ਇਸ਼ਾਰਾ ਕਰਦਿਆਂ ਸਾਖੀਕਾਰ ਲਿਖਦੇ ਹਨ:

> *ਐਸਾ ਕੰਮ ਕਰਣ ਜੇ ਸਭ ਕੋਈ ਖੁਸ਼ੀ ਹੋਵੇ। ਸਭ ਲੋਕ ਆਖਣ ਜੋ ਵਾਹੁ ਵਾਹੁ, ਕੋਈ ਭਲਾ ਹੈ, ਸਭ ਕੋਈ ਖਾਨ ਅਗੇ ਸੁਪਾਰਸ ਕਰੇ, ਹੋਰ ਪਰਮੇਸਰ ਅਰਥ ਦੇਵੇ, ਅਤੇ ਰਾਤ ਨਿਤਾ-ਪ੍ਰਤਿ ਕੀਰਤਨ ਹੋਵੇ।*[1]

ਰੱਬ ਦੀ ਯਾਦ ਤੇ ਲੋਕ-ਸੇਵਾ ਵਿਚ ਇਉਂ ਜੀਵਨ ਬਿਤਾਉਂਦਿਆਂ, ਗੁਰਦੇਵ ਵਧੇਰੇ ਗੰਭੀਰ, ਅਨੁਭਵੀ ਅਤੇ ਦ੍ਰਿੜ੍ਹ-ਵਿਸ਼ਵਾਸੀ ਹੁੰਦੇ ਗਏ। ਉਥੇ ਵਿਚਰਦਿਆਂ-ਵਿਚਰਦਿਆਂ ਉਹਨਾਂ ਨੇ ਘੋਰ ਸੰਕਟ ਦਾ ਸ਼ਿਕਾਰ ਹੋ ਚੁੱਕੇ ਸਮੇਂ ਤੇ ਸਥਿਤੀ, ਰਾਜ ਤੇ ਸਮਾਜ ਦਾ ਜਾਇਜ਼ਾ ਵੀ ਲਿਆ ਅਤੇ ਦੇਸ਼-ਕੌਮ ਤੇ ਆਲੇ-ਦੁਆਲੇ ਦੀ ਧਾਰਮਿਕ, ਸਮਾਜਿਕ, ਆਰਥਿਕ, ਸਭਿਆਚਾਰਕ ਤੇ ਰਾਜਨੀਤਕ ਅਵਸਥਾ ਨੂੰ ਵੇਖਿਆ। ਚਾਰੇ ਪਾਸੇ ਕੂੜ ਤੇ ਪਾਖੰਡ, ਹੀਨਤਾ ਤੇ ਨਿਰਾਸਤਾ ਬੇਵਸੀ ਤੇ ਬਦਚਲਣੀ, ਅਨਿਆਂ ਤੇ ਅਧਰਮ, ਰਾਜ-ਰੌਲਾ ਦੇ ਬਦ-ਨਿਜ਼ਾਮੀ ਛਾਈ ਹੋਈ ਵੇਖੀ। ਇਹ ਇਕ ਅਜਿਹੀ ਅਜੀਬ ਤੇ ਦਰਦਨਾਕ ਅਵਸਥਾ ਸੀ ਜਿਸ ਨੂੰ ਵੇਖ-ਵਿਚਾਰ ਕੇ ਗੁਰਦੇਵ ਮਾਨੋਂ ਪੁਕਾਰ ਉੱਠੇ:

> *ਨਾਨਕ ਦੁਨੀਆ ਕੈਸੀ ਹੋਈ ॥*
> *ਸਾਲਕੁ ਮਿਤੁ ਨ ਰਹਿਓ ਕੋਈ ॥*
> *ਭਾਈ ਬੰਧੀ ਹੇਤੁ ਚੁਕਾਇਆ ॥*
> *ਦੁਨੀਆ ਕਾਰਣਿ ਦੀਨੁ ਗਵਾਇਆ ॥* (ਪੰਨਾ ੧੪੧੦)

ਸੁਲਤਾਨਪੁਰ ਰਹਿੰਦਿਆਂ ਹੀ ਇਕ ਦਿਨ ਉਹ ਸੁਭਾਗੀ ਘੜੀ ਵੀ ਆ ਗਈ ਜੋ ਕਦੇ ਮਹਾਤਮਾ ਬੁੱਧ ਲਈ ਗਯਾ ਵਿਚ, ਹਜ਼ਰਤ ਮੂਸਾ ਲਈ ਕੋਹਿਤੂਰ ਉੱਤੇ ਤੇ ਹਜ਼ਰਤ ਈਸਾ ਲਈ ਦਰਿਆ ਜਾਰਡਨ ਕੰਢੇ ਆਈ ਸੀ। ਉਦੋਂ ਉਹਨਾਂ ਨੂੰ ਉਹਨਾਂ ਦੇ ਆਪਣੇ ਹੇਠ ਲਿਖੇ ਕਥਨ

ਅਨੁਸਾਰ ਰੱਬ ਦੇ ਹਜ਼ੂਰ ਹਾਜ਼ਰ ਹੋਣ ਦਾ ਮਾਣ ਪ੍ਰਾਪਤ ਹੋਇਆ:

ਹਉ ਢਾਢੀ ਵੇਕਾਰੁ ਕਾਰੈ ਲਾਇਆ ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥
ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥...
ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥ (ਪੰਨਾ ੧੫੦)

ਗੁਰੂ ਬਾਬਾ ਜੀ ਦੀ ਚੌਥੀ ਪਾਵਨ ਜੋਤਿ ਗੁਰੂ ਰਾਮਦਾਸ ਜੀ (1534-1581) ਨੇ ਇਸ ਪ੍ਰਭੂ-ਮਿਲਣੀ ਨੂੰ ਮਗਰੋਂ ਇਉਂ ਕਾਨੀਬੰਦ ਕੀਤਾ ਹੈ:

ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ ॥
ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ ॥
ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ ਤੂੰ ਆਇਆ ॥
ਨਿਤ ਦੇਵਹੁ ਦਾਨੁ ਦਇਆਲ ਪ੍ਰਭ ਹਰਿ ਨਾਮੁ ਧਿਆਇਆ ॥
ਹਰਿ ਦਾਤੈ ਹਰਿ ਨਾਮੁ ਜਪਾਇਆ ਨਾਨਕੁ ਪੈਨਾਇਆ ॥ (ਪੰਨਾ ੯੧)

ਅਕਾਲ ਪੁਰਖ ਨਾਲ ਹੋਏ ਇਸ ਸੁਭਾਗੇ ਮੇਲ ਅਤੇ ਉਸ ਦੇ ਸਿੱਟੇ ਵਜੋਂ ਪ੍ਰਾਪਤ ਹੋਈ ਬਖ਼ਸ਼ਿਸ਼, ਆਗਿਆ ਤੇ ਅਸੀਸ ਦਾ ਜ਼ਿਕਰ ਉਹਨਾਂ ਦੀ 'ਆਦਿ ਜੀਵਨੀ' ਵਿਚ ਵੀ ਅੰਕਿਤ ਹੈ। ਇਸ ਦੇ ਵਿਦਵਾਨ ਲੇਖਕ ਅਤੇ ਉਹਨਾਂ ਦੇ ਮਤ ਤੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ (1551-1629 ਈ.) ਨੇ ਦੱਸਿਆ ਹੈ ਕਿ ਉਦੋਂ ਉਹਨਾਂ ਉੱਤੇ ਨੂਰੀ ਦੈਵੀ ਪ੍ਰਕਾਸ਼ ਹੋਇਆ ਅਤੇ ਉਹਨਾਂ ਨੂੰ ਵਾਹਿਗੁਰੂ ਤੋਂ 'ਨਾਮ' ਤੇ 'ਗ਼ਰੀਬੀ' ਦੀ ਦਾਤ ਪ੍ਰਾਪਤ ਹੋਈ:

ਬਾਬਾ ਪੈਧਾ ਸਚਿ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ। (ਵਾਰ ੧/੨੪)

ਪੁਰਾਤਨ ਸਾਖੀਕਾਰਾਂ ਨੇ ਵੀ ਗੁਰਦੇਵ ਦੀ ਉਦੋਂ ਅਕਾਲ ਪੁਰਖ ਨਾਲ ਹੋਈ ਇਸ ਮੁਲਾਕਾਤ ਤੇ ਵਾਰਤਾਲਾਪ ਦਾ ਜ਼ਿਕਰ ਕਰਦਿਆਂ ਦੱਸਿਆ ਹੈ:

ਆਗਿਆ ਪਰਮੇਸਰ ਕੀ ਹੋਈ ਤਾਂ ਅੰਮ੍ਰਿਤ ਦਾ ਕਟੋਰਾ ਭਰ ਕਰ ਬਾਬੇ ਨਾਨਕ ਨੂੰ ਮਿਲਿਆ। ਹੁਕਮ ਹੋਇਆ, ਨਾਨਕ ਏਹ ਅੰਮ੍ਰਿਤ ਨਾਹੀ, ਮੇਰੇ ਨਾਮ ਕਾ ਪਿਆਲਾ ਹੈ, ਤੂੰ ਪੀਓ। ਤਬ ਗੁਰੂ ਨਾਨਕ ਤਸਲੀਮ ਕੀਤੀ, ਪਿਆਲਾ ਪੀਤਾ।

ਸਾਹਿਬ ਮਿਹਰਵਾਨ ਹੋਇਆ। ਨਾਨਕ, ਮੈਂ ਤੇਰੇ ਨਾਲ ਹਾਂ, ਮੈਂ ਤੇਰੇ ਤਾਈਂ ਨਿਹਾਲ ਕੀਤਾ ਅਰ ਜੋ ਤੇਰਾ ਨਾਉਂ ਲਵੇਗਾ ਸੋ ਭੀ ਨਿਹਾਲ ਕੀਤਾ। ਤੂੰ ਜਾਹਿ ਕਰ ਮੇਰਾ ਨਾਉਂ ਜਪੁ ਅਰ ਸੰਸਾਰ ਤੇ ਭੀ ਨਿਰਲੇਪ ਦਾ ਨਿਰਲੇਪ ਰਹੁ। ਨਾਮ, ਦਾਨ, ਇਸ਼ਨਾਨ, ਸੇਵਾ, ਸਿਮਰਣ ਵਿਚ ਰਹੁ। ਮੈਂ ਤੇਰੇ ਤਾਈਂ ਆਪਣਾ ਨਾਮ ਦੀਆ ਹੈ। ਤੂੰ ਏਹ ਕਿਰਤ ਕਰ। ਤਬ ਨਾਨਕ ਤਸਲੀਮ ਕੀਤੀ।...

ਤਬ ਫਿਰ ਆਗਿਆ ਆਈ, ਹੁਕਮ ਹੋਇਆ:

ਨਾਨਕ! ਜਿਸ ਉਪਰ ਤੇਰੀ ਨਦਰ,
ਤਿਸੁ ਉਪਰ ਮੇਰੀ ਨਦਰ।

ਜਿਸ ਉਪਰ ਤੇਰਾ ਕਰਮੁ,
ਤਿਸ ਹੀ ਉਪਰ ਮੇਰਾ ਭੀ ਕਰਮ।
ਮੇਰਾ ਨਾਉਂ ਪਾਰਬ੍ਰਹਮ-ਪਰਮੇਸ਼ਰ,
ਤੇਰਾ ਨਾਉਂ ਗੁਰੂ-ਪਰਮੇਸਰ।
ਤਬ ਗੁਰੂ ਬਾਬਾ ਪੈਰੀਂ ਪਇਆ,
ਤਬ ਸਿਰੋਪਾਉ ਦਰਗਾਹੋ ਬਾਬੇ ਨੋ ਮਿਲਿਆ।[2]

ਇਸ ਅਨੂਠੀ ਮੁਲਾਕਾਤ ਤੇ ਵਾਰਤਾਲਾਪ ਨੂੰ ਜਿਵੇਂ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਸਿਦਕੀ ਸਿੱਖ, ਦਰਬਾਰੀ ਕਵੀ ਤੇ ਮਹਾਨ ਵਿਦਵਾਨ ਭਾਈ ਸਾਹਿਬ ਭਾਈ ਨੰਦ ਲਾਲ ਜੀ (1633-1714 ਈ.) ਨੇ ਮਗਰੋਂ ਕਾਨੀਬੰਦ ਕੀਤਾ ਹੈ, ਉਹ ਉਹਨਾਂ ਦੇ ਆਪਣੇ ਲਫ਼ਜ਼ਾਂ ਵਿਚ ਨਿਮਨ-ਲਿਖਤ ਹੈ :

ਨਾਮਿ ਓ ਸ਼ਾਹਿ ਨਾਨਕ ਹੱਕ ਕੇਸ਼,
ਕਿ ਨਿਆਇਦ ਚੁਨੂੰ ਦਿਗਰ ਦਰਵੇਸ਼॥੧੩॥
ਅਬਦਿ ਆਬਾਦ ਕਦਰਿ ਜਾਹੋ ਨਿਸ਼ਾਂ,
ਬਰ ਇਫ਼ਰਾਜ਼ਦ ਜ਼ਿ ਯਕ ਦਿਗਰ ਸੁਬਹਾਂ॥੨੧॥
ਗੁਫ਼ਤ ਮਨ ਬੰਦਾ ਓ ਗ਼ੁਲਾਮਿ ਤੁਅਮ,
ਖ਼ਾਕਿ ਅਕਦਾਮਿ ਖ਼ਾਸੋ ਆਮਿ ਤੁਅਮਿ॥੨੩॥
ਬਾਜ਼ ਚੂੰ ਹਮਚੁਨੀਂ ਖ਼ਿਤਾਬ ਆਮਦ,
ਮੁਤਵਾਤਰ ਚੁਨੀਂ ਜੁਵਾਬ ਆਮਦ॥੨੪॥
ਕਿ ਮਨਮ ਦਰ ਤੋ ਗ਼ੈਰਿ ਤੋ ਕਸ ਨੇਸਤ॥
ਹਰ ਚਿ ਖ਼੍ਵਾਹਮ ਕੁਨਮ ਹਮਾ ਅਦਲੇਸਤ॥੨੫॥
ਰਾਹਿ ਜ਼ਿਕਰਮ ਬਆਲਮੇ ਬਿਨੁਮਾ,
ਬਹਮਾ ਸ਼ੋ ਜ਼ਿ ਵਸਫ਼ਿ ਮਨ ਗੋਯਾ॥੨੬॥
ਦਰਹਮਾ ਜਾ ਪਨਾਹੋ ਯਾਰਿ ਤੁਅਮ,
ਯਾਵਰੀ ਬਖ਼ਸ਼ੇ ਖ਼੍ਵਸਤਗਾਰਿ ਤੁਅਮ॥੨੭॥
ਹਰ ਕਿ ਨਾਮਿ ਤੋ ਬਰਤਰੀਂ ਦਾਨਦ,
ਅਜ਼ ਦਿਲੋ ਜਾਂ ਬਵਸਫ਼ਿ ਮਨ ਖ਼ਾਨਦ॥੨੮॥
ਗਿਰਦਿ ਆਲਮ ਬਰ ਆ ਵ ਹਾਦੀ ਸ਼ੌ,
ਕਿ ਜਹਾਂ ਗ਼ੈਰਿ ਮਨ ਨਿਯਰਜ਼ਦ ਜੌ॥੩੦॥
ਸ਼ੁਦਾ ਗੁਮਰਾਹ ਆਲਮਿ ਬੇਮਨ,
ਸਾਹਿਰਾਂ ਗਸ਼ਤਾਅੰਦ ਜਾਦੂਏ ਮਨ॥੩੪॥
ਰਾਹ ਸ਼ਾਂ ਰਾ ਨੁਮਾ ਬਸੂਏ ਮਨ,
ਕਿ ਪਜ਼ੀਰੰਦ ਗ਼ੁਫ਼ਤਗੂਏ ਮਨ॥੩੮॥
ਕਾਫ਼ ਤਾ ਕਾਫ਼ ਆਲਮੇਂ ਜੁਮਲਾ,

ਦਾਅਵਤ ਆਮੋਜ਼ ਵ ਜ਼ਾਲਮੇਂ ਜੁਮਲਾ॥੪੧॥
ਰਾਹਨੁਮਾ ਜਮਲਾ ਰਾ ਸੂਏ ਫ਼ਿਕਰਮ,
ਕਿ ਨ ਦਾਰੰਦ ਦੋਸਤ ਜੁਜ਼ ਜ਼ਿਕਰਮ॥੪੬॥
ਤਾ ਹਮਾ ਕਾਰੇ ਸ਼ਾਂ ਨਿਕੋ ਸਾਜ਼ਮ,
ਖ਼ਤਰੇ ਸ਼ਾਂ ਜ਼ਿ ਨੂਰ ਬਤਰਾਜ਼ਮ॥੪੭॥
ਮਨ ਤੁਰਾ ਆਫ਼ਰੀਦਮ ਅਜ਼ ਪੈ ਆਂ,
ਕਿ ਸ਼ਵੀ ਰਹਿਨੁਮਾ ਬ-ਜੁਮਲਾ ਜਹਾਂ॥੪੮॥
ਹੁੱਬੇ ਗ਼ੈਰ ਅਜ਼ ਜ਼ਮੀਰਿ ਸ਼ਾਂ ਬਿਜ਼ਦਾ,
ਹਮਕਿਨਾਂ ਰਾ ਤੋ ਰਾਹਿ ਰਾਸਤ ਨੁਮਾ॥੪੯॥
ਸ਼ਾਹ ਗੁਫ਼ਤਾ ਚਿ ਲਾਇਕਿ ਆਨਮ,
ਕਿ ਦਿਲੇ ਜੁਮਲਾ ਬਾਜ਼ ਗਰਦਾਨਮ॥੫੦॥
ਮਨ ਕੁਜਾ ਓ ਚੁਨੀਂ ਕਮਾਲ ਕੁਜਾ,
ਮਨ ਕਿ ਓ ਫ਼ੱਰੇ ਜ਼ੁਲਜਲਾਲ ਕੁਜਾ॥੫੧॥
ਲੇਕ ਹੁਕਮਤ ਕਸ਼ਮ ਬਜਾਨੋ ਬ-ਦਿਲ,
ਨਸ਼ਵਮ ਯਕ ਜ਼ਮਾਂ ਅਜ਼ੋ ਗ਼ਾਫ਼ਿਲ॥੫੨॥
ਹਾਦੀ ਓ ਰਹਨੁਮਾਇ ਜੁਮਲਾ ਤੁਈ,
ਰਹਿਬਰੋ ਦਿਲ ਗਰਾਇ ਜੁਮਲਾ ਤੁਈ॥੫੩॥[4]

ਅਰਥਾਤ—ਉਹਨਾਂ ਦਾ ਸ਼ੁਭ ਨਾਂ ਨਾਨਕ ਪਾਤਸ਼ਾਹ ਹੈ ਅਤੇ ਉਹ ਸੱਚੇ-ਸੁੱਚੇ ਧਰਮ ਵਾਲੀ ਮਹਾਨ ਹਸਤੀ ਹਨ। ਉਹਨਾਂ ਜਿਹਾ ਕੋਈ ਹੋਰ ਦਰਵੇਸ਼ ਸੰਸਾਰ ਵਿਚ ਨਹੀਂ ਆਇਆ।(13)

ਉਹਨਾਂ ਦਾ ਮਾਣ ਸਤਿਕਾਰ, ਸਥਾਨ-ਮਰਤਬਾ ਅਤੇ ਨਾਮ-ਨਿਸ਼ਾਨ ਰਹਿੰਦੀ ਦੁਨੀਆਂ ਤਕ ਸਥਿਰ ਹੈ। ਉਹ ਪਾਕ ਪਰਵਦਗਾਰ ਉਹਨਾਂ ਨੂੰ ਦੂਜਿਆਂ ਨਾਲੋਂ ਉਚੇਰਾ ਦਰਜਾ ਬਖ਼ਸ਼ਦਾ ਹੈ।(21)

ਜਦ ਦੋਹਾਂ ਜਹਾਨਾਂ ਦੇ ਮੁਰਸ਼ਦ ਨੇ ਆਪਣੀਆਂ ਅਨੇਕ ਬਖ਼ਸ਼ਿਸ਼ਾਂ ਨਾਲ ਨਿਵਾਜ ਕੇ ਉਹਨਾਂ ਨੂੰ ਸੰਬੋਧਨ ਕੀਤਾ ਤਾਂ ਉਹਨਾਂ ਨੇ ਕਿਹਾ ਕਿ ਮੈਂ ਤੁਹਾਡਾ ਗ਼ੁਲਾਮ ਅਤੇ ਤੁਹਾਡੇ ਆਮ ਅਤੇ ਖ਼ਾਸ ਸਭ ਬੰਦਿਆਂ ਦੇ ਚਰਨਾਂ ਦੀ ਧੂੜ ਹਾਂ।(23)

ਫਿਰ ਜਦ ਉਹਨਾਂ ਨੂੰ ਇਸੇ ਤਰ੍ਹਾਂ ਸੰਬੋਧਨ ਕੀਤਾ ਗਿਆ ਤਾਂ ਬਾਰ-ਬਾਰ ਇਹੋ ਉੱਤਰ ਆਇਆ।(24)

ਕਿ ਮੈਂ ਤੇਰੇ ਵਿਚ (ਵੱਸਦਾ ਹਾਂ) ਅਤੇ ਤੇਰੇ ਬਿਨਾਂ ਹੋਰ ਕੋਈ ਦੂਜਾ ਨਹੀਂ (ਦਿੱਸਦਾ)। ਜੋ ਕੁਝ ਮੈਂ ਚਾਹੁੰਦਾ ਹਾਂ, ਉਹੀ ਕਰਦਾ ਹਾਂ ਅਤੇ ਉਹੀ ਇਨਸਾਫ਼ ਦੀ ਗੱਲ ਹੈ।(25)

ਮੇਰੇ ਸਿਮਰਨ ਦਾ ਰਾਹ ਇਸ ਜਹਾਨ ਨੂੰ ਵਿਖਾ ਅਤੇ ਮੇਰੀ ਕੀਤੀ ਸਿਫ਼ਤ ਨਾਲ ਸਭ ਨੂੰ ਪਵਿੱਤਰ ਕਰ ਦੇ।(26)

ਹੇ ਨਾਨਕ! ਸਭ ਥਾਂ ਮੈਂ ਤੇਰਾ ਅਤੇ ਤੇਰੀ ਪਨਾਹ ਹਾਂ, ਮੈਂ ਤੇਰੀ ਸਹਾਇਤਾ ਕਰਨ ਵਾਲਾ ਹਾਂ, ਮੈਂ ਤੈਨੂੰ ਚਾਹੁਣ ਵਾਲਾ ਹਾਂ।(27)

ਜਿਹੜਾ ਵੀ ਤੇਰੇ ਨਾਮ ਨੂੰ ਉੱਚਾ ਸਮਝੇਗਾ ਅਤੇ ਤੇਰੀ ਵਡਿਆਈ ਕਰੇਗਾ, ਉਹ ਦਿਲ-ਜਾਨ

ਨਾਲ ਮੇਰੀ ਸੱਚੀ ਸਿਫ਼ਤ-ਸ਼ਲਾਘਾ ਕਰੇਗਾ।(28)

ਤੂੰ ਸੰਸਾਰ ਵਿਚ ਜਾ ਅਤੇ ਰਾਹ ਵਿਖਾਉਣ ਵਾਲਾ ਬਣ, ਕਿਉਂ ਜੋ ਮੇਰੇ ਬਿਨਾਂ ਇਸ ਜਹਾਨ ਦਾ ਮੁੱਲ ਜੌਂ ਦੇ ਇਕ ਦਾਣੇ ਜਿੰਨਾ ਵੀ ਨਹੀਂ ਹੈ।(30)

ਇਹ ਸੰਸਾਰ ਮੇਰੀ ਰੌਸ਼ਨੀ ਬਿਨਾਂ ਕੁਰਾਹੇ ਪਿਆ ਹੋਇਆ ਹੈ, ਮੈਥੋਂ ਹੀ ਸਿੱਧੀਆਂ ਪ੍ਰਾਪਤ ਕਰ ਕੇ ਲੋਕ ਆਪ ਜਾਦੂਗਰ ਬਣ ਗਏ ਹਨ।(34)

ਉਹਨਾਂ ਦੇ ਰਾਹ ਨੂੰ ਮੇਰੇ ਵੱਲ ਮੋੜ, ਤਾਂ ਜੋ ਉਹ ਮੇਰੇ ਬਚਨ ਗ੍ਰਹਿਣ ਕਰ ਸਕਣ।(38)

ਇਹ ਸਾਰਾ ਜਹਾਨ ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤਕ, ਸੱਦਾ ਦੇ ਰਿਹਾ ਹੈ, ਸਾਰਾ ਸੰਸਾਰ ਜ਼ੁਲਮ ਵਿਚ ਲਥ-ਪਥ ਹੈ।(41)

ਉਹਨਾਂ ਸਭਨਾਂ ਦਾ ਮੂੰਹ ਮੇਰੇ ਧਿਆਨ ਵੱਲ ਭਵਾ ਦੇ ਤਾਂ ਜੋ ਉਹ ਮੇਰੇ ਸਿਮਰਨ ਤੋਂ ਬਿਨਾਂ ਹੋਰ ਕਿਸੇ ਨੂੰ ਮਿੱਤਰ ਨਾ ਸਮਝਣ।(46)

ਤਾਂ ਜੋ ਮੈਂ ਉਹਨਾਂ ਦੇ ਕੰਮ (ਜੀਵਨ-ਵਿਹਾਰ) ਠੀਕ ਕਰ ਦਿਆਂ ਅਤੇ ਉਹਨਾਂ ਦੀ ਮਨੋ-ਬਿਰਤੀ (ਧਰਮ ਦੀ) ਲੋਅ ਨਾਲ ਸਵਾਰ ਦਿਆਂ।(47)

ਮੈਂ ਤੈਨੂੰ ਆਪਣੇ ਨਿੱਜ ਸਰੂਪ ਵਿਚੋਂ ਇਸ ਲਈ ਪੈਦਾ ਕੀਤਾ ਹੈ ਤਾਂ ਜੋ ਤੂੰ ਸਾਰੇ ਜਹਾਨ ਨੂੰ ਰਾਹ ਵਿਖਾਉਣ ਵਾਲਾ ਬਣ ਜਾਵੇਂ।(48)

ਉਹਨਾਂ ਦੇ ਹਿਰਦਿਆਂ ਵਿਚੋਂ ਦੂਈ ਦਾ ਮੋਹ ਕੱਢ ਕੇ ਉਹਨਾਂ ਸਾਰਿਆਂ ਨੂੰ ਸੱਚਾ ਮਾਰਗ ਵਿਖਾ ਦੇ।(49)

ਨਾਨਕ ਜੀ ਨੇ ਕਿਹਾ, ਪਾਤਸ਼ਾਹ ! ਮੈਂ ਇਸ ਦੇ ਕੀ ਲਾਇਕ ਹਾਂ ਕਿ ਸਭਨਾਂ ਦੇ ਦਿਲਾਂ ਨੂੰ ਸਿੱਧੇ ਪਾਸੇ ਮੋੜ ਦਿਆਂ।(50)

ਮੈਂ ਕਿਥੇ ਤੇ ਅਜਿਹਾ ਕਮਾਲ ਕਿਥੇ ? ਮੈਂ ਨਿਗੁਣਾ ਕਿਥੇ ਅਤੇ ਤੇਰੇ (ਰੱਬ ਦੇ) ਸਰੂਪ ਦੀ ਸ਼ਾਨ-ਸ਼ੌਕਤ ਕਿਥੇ ?(51)

ਪਰੰਤੂ ਤੇਰਾ ਹੁਕਮ ਮੇਰੇ ਸਿਰ-ਮੱਥੇ 'ਤੇ ਹੈ, ਮੈਂ ਇਕ ਛਿਨ-ਪਲ ਲਈ ਵੀ ਉਸ ਤੋਂ ਗ਼ਾਫ਼ਲ ਨਹੀਂ ਰਹਾਂਗਾ।(52)

ਹੇ ਵਾਹਿਗੁਰੂ ! ਤੂੰ ਹੀ ਸਭ ਦਾ ਰਹਿਬਰ ਅਤੇ ਹਾਦੀ ਹੈਂ, ਤੂੰ ਹੀ ਰਾਹ ਵਿਖਾਉਣ ਵਾਲਾ ਹੈਂ ਅਤੇ ਸਭ ਦੇ ਦਿਲਾਂ ਨੂੰ ਮੋੜਨ ਵਾਲਾ ਹੈਂ ਅਤੇ ਸਭ ਦੇ ਦਿਲ ਨੂੰ (ਆਪਣੇ ਵੱਲ) ਮੋੜਨ ਵਾਲਾ ਵੀ ਤੂੰ ਆਪ ਹੀ ਹੈਂ।(53)

ਇਸ ਮਹਾਨ ਤੇ ਇਤਿਹਾਸਕ ਘਟਨਾ ਸੰਬੰਧੀ ਕੁਝ ਵਿਦਵਾਨਾਂ ਦੇ ਵਿਚਾਰ ਵੇਖੋ :

ਭਰ-ਜਵਾਨ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਤੋਂ ਅਜਿਹੀ ਅਸੀਸ ਤੇ ਬਖ਼ਸ਼ੀਸ਼ ਪ੍ਰਾਪਤ ਕਰ ਕੇ, ਉਹਨਾਂ ਦਾ ਉਕਤ ਹੁਕਮ ਅਤੇ ਆਪਣਾ ਕਰਤੱਵ ਪਾਲਣ ਲਈ ਛੇਤੀ ਹੀ ਲੋੜੀਂਦਾ ਪ੍ਰੋਗਰਾਮ ਬਣਾ ਲਿਆ। ਨਾਲ ਹੀ ਜਨਤਾ ਦੇ ਦੁੱਖ ਨਿਵਾਰਨ, 'ਧਰਤਿ ਲੋਕਾਈ' ਨੂੰ ਸੋਧਣ ਅਤੇ ਹਰ ਕਿਸੇ ਨੂੰ ਇਕ ਈਸ਼ਵਰਤਾ, ਮਾਨਵ-ਏਕਤਾ ਤੇ ਭਰਾਤਰੀਅਤਾ ਦੀ ਪੱਧਰ 'ਤੇ ਇਕੱਤਰ ਕਰਨ ਦਾ ਬੀੜਾ ਵੀ ਚੁੱਕ ਗਿਆ। ਤਦੇ ਤਾਂ ਭਾਈ ਗੁਰਦਾਸ ਜੀ ਲਿਖਦੇ ਹਨ :

ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝੁ ਗੁਰੂ ਗੁਬਾਰੁ ਹੈ, ਹੈ ਹੈ ਕਰਦੀ ਸੁਣੀ ਲੁਕਾਈ।

ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣਿ ਧਰਤਿ ਲੁਕਾਈ॥ (ਵਾਰ ੧/੨੪)

ਫਿਰ ਸਿਰ ਉੱਤੇ ਆਪੇ ਕਫਨੀ ਬੰਨ੍ਹ ਕੇ ਅਤੇ 'ਨਾ ਕੋ ਹਿੰਦੂ ਨਾ ਮੁਸਲਮਾਨ' ਦਾ ਇਨਕਲਾਬੀ ਨਾਅਰਾ ਲਾ ਕੇ ਹਲ-ਚਲ ਮਚਾ ਦਿੱਤੀ ਅਤੇ ਹਰ ਕਿਸੇ ਨੂੰ ਸੋਚੀਂ ਪਾ ਦਿੱਤਾ।

ਇਸ ਅਨੂਠੇ ਨਾਅਰੇ ਤੋਂ ਉਹਨਾਂ ਦਾ ਭਾਵ ਸੌ ਵਿਸਵੇ ਇਹ ਸੀ ਕਿ ਚਾਹੇ ਕੋਈ ਹਿੰਦੂ ਹੈ ਜਾਂ ਮੁਸਲਮਾਨ, ਅਸਲੋਂ ਉਹ ਇਕ ਮਨੁੱਖ ਹੈ ਅਤੇ ਹਰ ਮਨੁੱਖ ਇਕੋ ਰੱਬ ਦੀ ਉਪਜ ਹੋਣ ਕਰਕੇ ਇਕ ਦੂਜੇ ਦਾ ਭਰਾ-ਭਾਈ ਹੈ, ਨਾਲ ਹੀ ਇਹ ਕਿ ਹਿੰਦੂ ਅਤੇ ਮੁਸਲਮਾਨ ਹੋਣ ਦਾ ਦਾਅਵਾ ਕਰਦਿਆਂ ਅਤੇ ਆਪੋ-ਆਪਣੇ ਮਤਿ ਦੀ ਉੱਚਤਾ ਦੀਆਂ ਡੀਂਗਾਂ ਮਾਰਦਿਆਂ ਇਕ ਦੂਜੇ ਨਾਲ ਘਿਰਣਾ ਕਰਨ ਜਾਂ ਇਕ ਦੂਜੇ ਨੂੰ ਹਾਰ ਪਹੁੰਚਾਣ ਵਾਲੇ ਲੋਕ ਨਾ ਸੱਚੇ ਹਿੰਦੂ ਹਨ, ਨਾ ਸੱਚੇ ਮੁਸਲਮਾਨ ਕਿਉਂਕਿ ਉਹ ਆਪੋ-ਆਪਣੇ ਧਰਮਾਂ ਦੇ ਮੂਲ ਸਿਧਾਂਤ ਭੁਲਾ ਕੇ ਇਕ ਦੂਜੇ ਦੀ ਜਾਨ ਦੇ ਖੌ ਬਣੇ ਹੋਏ ਹਨ। ਇਸ ਨਿਆਰੇ ਤੇ ਕ੍ਰਾਂਤੀਕਾਰੀ ਨਾਅਰੇ ਰਾਹੀਂ ਉਹਨਾਂ ਨੇ ਆਪਣੇ ਜੀਵਨ-ਉਦੇਸ਼ ਦਾ ਇਹ ਪੱਖ ਵੀ ਪ੍ਰਗਟ ਕਰ ਦਿੱਤਾ ਕਿ ਉਹ ਹਿੰਦੂਆਂ, ਮੁਸਲਮਾਨਾਂ ਅਤੇ ਹਰ ਮਤਾਂ-ਮਤਾਂਤਰਾਂ ਦੇ ਲੋਕਾਂ ਨੂੰ ਸਦਾ ਇਕੋ ਅੱਖ ਨਾਲ ਦੇਖਣਗੇ, ਸਭ ਵਿਰੋਧੀ ਧਿਰਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਣਗੇ ਅਤੇ ਉਹਨਾਂ ਨੂੰ ਆਪੋ-ਆਪਣੇ ਧਰਮਾਂ ਦੇ ਸੱਚੇ-ਸੁੱਚੇ ਅਨੁਯਾਈ ਬਣਨ ਲਈ ਵੀ ਪ੍ਰੇਰਦੇ ਰਹਿਣਗੇ। ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ, ਸਥਾਨ ਤੇ ਸਥਿਤੀ ਵਿਚ ਇਕ ਅਜਿਹੇ ਯੁਗ-ਪਲਟਾਊ ਪ੍ਰੋਗਰਾਮ ਦਾ ਵੀ ਐਲਾਨ ਕਰ ਦਿੱਤਾ ਜਿਸ ਦੇ ਵਿਸ਼ਾਲ ਕਲਾਵੇ ਤੇ ਪ੍ਰਭਾਵਸ਼ਾਲੀ ਪ੍ਰਗਟਾਵੇ ਨੂੰ ਮੁੱਖ ਰੱਖਦਿਆਂ ਭਾਈ ਗੁਰਦਾਸ ਜੀ ਨੇ ਪਿੱਛੋਂ ਖੁੱਲ੍ਹੇ ਬੰਦ ਇਹ ਵੀ ਲਿਖ ਦਿੱਤਾ ਸੀ:

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।
ਸਿੰਘੁ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ।...
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ॥ (ਵਾਰ ੧/੨੭)

ਇਸੇ ਮਹਾਨ ਉਦੇਸ਼ ਨੂੰ ਮੁੱਖ ਰੱਖਦਿਆਂ 'ਜਗਤ-ਜਲੰਦੇ' ਨੂੰ ਠਾਰਨ ਅਤੇ ਭੁੱਲੀ-ਭਟਕੀ ਲੋਕਾਈ ਨੂੰ ਰਾਹੇ ਪਾਉਣ ਲਈ ਉਹਨਾਂ ਨੇ ਦੁਨੀਆਂ ਨੂੰ ਹੇਠ ਲਿਖੇ ਕਲਿਆਣਕਾਰੀ ਸ਼ਬਦਾਂ ਵਿਚ ਜੋ ਸਭ ਤੋਂ ਪਹਿਲਾਂ ਉਪਦੇਸ਼ ਦਿੱਤਾ, ਉਹ ਵੀ ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਅਜੇ ਤਕ ਅਦੁੱਤੀ ਹੈ:

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ (ਪੰਨਾ ੧)

ਇਹੋ ਮਹਾਂਵਾਕ ਹੀ ਮਗਰੋਂ ਉਹਨਾਂ ਦੇ ਸੰਚਾਲਿਤ ਧਰਮ ਦਾ ਮੂਲ-ਮੰਤਰ ਅਖਵਾਇਆ ਅਤੇ ਸਿੱਖ ਵਿਸ਼ਵਾਸ ਦੀ ਨੀਂਹ, ਵਿਚਾਰਧਾਰਾ ਦੀ ਚੂਲ ਅਤੇ ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਤੇ ਨਿਰੰਤਰ (ਸੰਪੂਰਨ ਜਾਂ ਸੰਖੇਪ ਰੂਪ ਵਿਚ) ਮੰਗਲਾਚਰਣ ਵੀ ਸਿੱਧ ਹੋਇਆ।

ਹਵਾਲੇ ਅਤੇ ਟਿੱਪਣੀਆਂ

1. ਮੈਕਾਲਿਫ਼, ਮਿ. ਐਮ.ਏ. ਵੱਲੋਂ ਸੰਪਾਦਿਤ *ਜਨਮਸਾਖੀ ਬਾਬੇ ਨਾਨਕ ਜੀ ਕੀ*, ਲਾਹੌਰ, 1884, ਪੰਨਾ 2; ਵੀਰ ਸਿੰਘ, (ਡਾ.) ਭਾਈ ਵੱਲੋਂ ਸੰਪਾਦਿਤ *ਪੁਰਾਤਨ ਜਨਮਸਾਖੀ*, ਅੰਮ੍ਰਿਤਸਰ, 1926, ਪੰਨਾ 1; ਮਿਹਰਬਾਨ ਸੋਢੀ, ਮਨੋਹਰ ਦਾਸ, (ਸੰਪਾਦਿਤ ਵੱਲੋਂ ਡਾ. ਕਿਰਪਾਲ ਸਿੰਘ ਅਤੇ ਸ. ਸਮਸ਼ੇਰ ਸਿੰਘ ਅਸ਼ੋਕ) *ਜਨਮਸਾਖੀ ਗੁਰੂ ਨਾਨਕ ਦੇਵ ਜੀ ਦੀ*, ਅੰਮ੍ਰਿਤਸਰ, 1962, ਪੰਨਾ 11.
2. *ਜਨਮਸਾਖੀ ਬਾਬੇ ਨਾਨਕ ਕੀ*, ਉਹੀ, ਪੰਨੇ 32-34; *ਪੁਰਾਤਨ ਜਨਮਸਾਖੀ*, ਉਹੀ, ਪੰਨੇ 17-18.
3. ਮਿਹਰਵਾਨ, *ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ* (ਸਚਖੰਡ ਪੋਥੀ) 28ਵੀਂ ਗੋਸਟਿ ਗੁਰੂ ਬਾਬਾ ਨਾਨਕ ਜੀ ਕੀ, ਉਹੀ, ਪੰਨੇ 88-89.
4. ਵੇਖੋ ਗੰਡਾ ਸਿੰਘ (ਡਾ.) ਵੱਲੋਂ ਸੰਪਾਦਿਤ *ਕਲਯਾਤ ਭਾ. ਨੰਦ ਲਾਲ ਗੋਯਾ ਵਿਚ ਸੰਚਿਤ ਗੰਜਨਾਮਾ*, ਸਲਤਨਤੇ ਅੱਵਲ, ਮੁਲਾਕਾ 1948, ਪੰਨੇ 110-113.

(12/1988)

ਗੁਰੂ ਨਾਨਕ ਦੇਵ ਜੀ ਦਾ ਸਮਾਜ-ਸੰਕਲਪ

ਗੁਰੂ ਨਾਨਕ ਦੇਵ ਜੀ ਦੇ ਸਮਾਜ-ਸੰਕਲਪ ਬਾਰੇ ਚਰਚਾ ਕਰਨ ਤੋਂ ਪਹਿਲਾਂ ਉਹਨਾਂ ਦੇ ਸਮੇਂ (1469-1539 ਈ.) ਭਾਰਤ ਦੀ ਰਾਜਸੀ, ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਦਸ਼ਾ ਦਾ ਗਿਆਨ ਜ਼ਰੂਰੀ ਹੈ। ਰਾਜਸੀ ਤੌਰ 'ਤੇ ਅਮਨ ਤੇ ਸਥਿਰਤਾ ਨਹੀਂ ਸੀ। ਮੁਸਲਮਾਨ ਹਕੂਮਤ ਸੀ। ਹਕੂਮਤ ਅਤੇ ਤਾਕਤ ਦੇ ਨਸ਼ੇ ਕਾਰਨ ਜਿਥੇ ਇਕ ਪਾਸੇ ਮੁਸਲਮਾਨਾਂ ਵਿਚ ਗਿਰਾਵਟ ਦਿਨੋ-ਦਿਨ ਵਧਦੀ ਜਾ ਰਹੀ ਸੀ, ਉਥੇ ਦੂਜੇ ਪਾਸੇ ਹਿੰਦੂਆਂ ਵਿਚ ਰਾਜਸੀ ਗ਼ੁਲਾਮੀ ਕਾਰਨ ਕਮਜ਼ੋਰੀ ਪ੍ਰਤੱਖ ਨਜ਼ਰ ਆ ਰਹੀ ਸੀ। ਨੌਕਰੀਆਂ, ਅਹੁਦੇ ਅਤੇ ਨਜ਼ਰਾਨੇ ਰਾਜਸੀ ਮਿਹਰ 'ਤੇ ਮਿਲਦੇ ਸਨ ਨਾ ਕਿ ਯੋਗਤਾ, ਗੁਣ ਅਤੇ ਹੁਨਰ ਕਰਕੇ। ਧਰਮ ਬਦਲਣ ਵਾਲਿਆਂ ਅਤੇ ਧਰਮ ਬਦਲਾਉਣ ਵਾਲਿਆਂ ਨੂੰ ਸਹੂਲਤਾਂ ਅਤੇ ਜਾਗੀਰਾਂ ਮਿਲਦੀਆਂ ਸਨ। ਮੁਸਲਮਾਨਾਂ ਨਾਲੋਂ ਹਿੰਦੂਆਂ ਨੂੰ ਟੈਕਸ ਵੀ ਵਧੇਰੇ ਦੇਣੇ ਪੈਂਦੇ ਸਨ ਅਤੇ ਸਹੂਲਤਾਂ ਵੀ ਘੱਟ ਮਿਲਦੀਆਂ ਸਨ। ਜਨਮ ਹੀ ਤਕਦੀਰ ਸੀ। ਕਿਥੇ, ਕਿਸ ਦੇ, ਕਿਸ ਦਾ ਜਨਮ ਹੋਇਆ ਹੈ? ਉਸ 'ਤੇ ਉਸ ਦਾ ਜੀਵਨ ਨਿਰਭਰ ਸੀ। ਖੇਤੀਬਾੜੀ ਪ੍ਰਮੁੱਖ ਆਰਥਿਕ ਸਾਧਨ ਸੀ। ਕਈ ਵਿਹਲੜ, ਕੰਮ ਕਰਨ ਵਾਲਿਆਂ ਦੇ ਸਿਰ 'ਤੇ ਦਿਨੋ-ਦਿਨ ਅਮੀਰ ਹੁੰਦੇ ਜਾ ਰਹੇ ਸਨ ਅਤੇ ਕਈਆਂ ਨੂੰ ਢਿੱਡ ਭਰ ਰੋਟੀ ਵੀ ਨਸੀਬ ਨਹੀਂ ਸੀ ਹੋ ਰਹੀ। ਹਰ ਕੋਈ ਕਿਸਮਤ ਦੇ ਆਸਰੇ ਸੀ। ਕੋਈ ਆਪਣੀ ਕਿਸਮਤ 'ਤੇ ਰਸ਼ਕ ਕਰ ਰਿਹਾ ਸੀ ਅਤੇ ਕੋਈ ਝੁਰ ਰਿਹਾ ਸੀ। ਕਰਮਾਂ ਦੇ ਫ਼ਲ ਸਮਝ, ਸਭ ਆਪਣਾ-ਆਪਣਾ ਜੀਵਨ ਭੋਗ ਰਹੇ ਸਨ। ਵਹਿਮਾਂ, ਜਾਦੂਆਂ ਅਤੇ ਟੂਣਿਆਂ 'ਤੇ ਲੋਕਾਂ ਦਾ ਵਿਸ਼ਵਾਸ ਸੀ। ਜੀਵਨ ਵਿਚ ਭੇਖ 'ਤੇ ਜ਼ੋਰ ਸੀ। ਔਰਤ ਜੋ ਇਕ ਪਾਸੇ ਘਰ ਦੀ ਚਾਰ-ਦੀਵਾਰੀ, ਤਿੰਨ ਗਜ਼ ਦੇ ਘੁੰਡ ਅਤੇ ਤੇਰ੍ਹਾਂ ਗਜ਼ ਦੇ ਘੱਗਰੇ ਵਿਚ ਵਲੀ ਹੋਈ ਔਖੇ ਸਾਹ ਲੈ ਰਹੀ ਸੀ ਤਾਂ ਦੂਜੇ ਪਾਸੇ ਬਾਦਸ਼ਾਹ ਅਤੇ ਉਸ ਦੇ ਦਰਬਾਰੀਆਂ ਤੇ ਚਹੇਤਿਆਂ ਲਈ ਅੱਯਾਸ਼ੀ ਦਾ ਖਿਡੌਣਾ ਵੀ ਸਮਝੀ ਜਾਂਦੀ ਸੀ। ਕਈ ਅੱਲ੍ਹਾ ਦੇ ਨਾਂ ਨੂੰ ਵੇਚ ਰਹੇ ਸਨ, ਕਈ ਰੱਬ ਨੂੰ ਦਿਨ ਬਦਲਣ ਤੇ ਹਾਲਾਤ ਬਦਲਣ ਲਈ ਮਿੰਨਤਾਂ-ਤਰਲੇ ਕਰ ਰਹੇ ਸਨ। ਸੰਤੁਲਨ ਨਹੀਂ ਸੀ। ਇਕ ਪਾਸੇ ਤਾਕਤ ਦਾ ਨਸ਼ਾ ਸੀ ਤੇ ਦੂਜੇ ਪਾਸੇ ਅਸਲੋਂ ਹੀ ਗਿਰਾਵਟ ਸੀ। ਅਜਿਹਾ ਸੀ ਆਲਾ-ਦੁਆਲਾ ਜਿਸ ਵਿਚ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਵਿਕਸਿਤ ਹੋਈ, ਫੁੱਲੀ-ਫਲੀ ਅਤੇ ਉੱਭਰੀ।

ਸਮਾਜ ਦੀ ਸਹੀ ਹਾਲਤ ਨੂੰ ਜਾਣਨ ਲਈ ਗੁਰੂ ਜੀ ਨੇ ਲਗਭਗ ਬਾਈ ਸਾਲ ਹਿੰਦੁਸਤਾਨ ਅਤੇ ਗੁਆਂਢੀ ਦੇਸ਼ਾਂ ਦਾ ਸਫ਼ਰ ਕੀਤਾ। ਉਹਨਾਂ ਦਾ ਗਿਆਨ ਕੇਵਲ ਸੁਣੀਆਂ-ਸੁਣਾਈਆਂ ਗੱਲਾਂ ਜਾਂ ਪੜ੍ਹੀਆਂ ਪੁਸਤਕਾਂ 'ਤੇ ਹੀ ਆਧਾਰਿਤ ਨਹੀਂ ਸੀ ਸਗੋਂ ਉਸ 'ਤੇ ਨਿਜੀ ਤਜਰਬੇ ਦੀ ਗਹਿਰੀ ਛਾਪ ਸੀ। ਡਾ. ਤਾਰਨ ਸਿੰਘ ਦੇ ਸ਼ਬਦਾਂ ਵਿਚ, "ਆਪ ਨੇ ਪਹਿਲੀ ਉਦਾਸੀ 1499 ਤੋਂ

1509 ਈਸਵੀ ਤਕ ਉੱਤਰੀ ਤੇ ਪੂਰਵੀ ਭਾਰਤ ਦੀ ਕੀਤੀ ਜਿਸ ਵਿਚ ਆਪ ਕੁਰਕਸ਼ੇਤਰ, ਪਾਣੀਪਤ, ਹਰਿਦੁਆਰ, ਦਿੱਲੀ, ਪਟਨਾ, ਬਨਾਰਸ, ਗਯਾ, ਆਸਾਮ, ਕਲਕੱਤਾ ਤੇ ਜਗਨਨਾਥ ਪੁਰੀ ਆਦਿ ਦੇ ਪ੍ਰਸਿੱਧ ਸ਼ਹਿਰਾਂ ਤੇ ਧਾਰਮਿਕ ਕੇਂਦਰਾਂ 'ਤੇ ਗਏ। ਦੂਜੀ ਉਦਾਸੀ ਜੋ 1510 ਤੋਂ 1515 ਈਸਵੀ ਤਕ ਸੀ, ਮੁੜ ਪੰਜਾਬ ਤੋਂ ਆਰੰਭ ਹੋਈ ਤੇ ਆਪ ਸਮੁੰਦਰੀ ਕਿਨਾਰੇ ਦੇ ਨਾਲ-ਨਾਲ ਹੁੰਦੇ ਲੰਕਾ ਤਕ ਪੁੱਜੇ ਤੇ ਮੁੜ ਕੇ ਮੱਧ-ਪ੍ਰਦੇਸ਼ ਵਿਚੋਂ ਵੀ ਲੰਘਦੇ ਆਏ। ਤੀਜੀ ਉਦਾਸੀ 1515 ਤੋਂ 1517 ਈ. ਤਕ ਆਪ ਨੇ ਕਸ਼ਮੀਰ ਤੇ ਹਿਮਾਲਾ ਪਰਬਤ ਵਿਚ ਕੀਤੀ। ਚੌਥੀ ਉਦਾਸੀ ਵਿਚ 1517 ਤੋਂ 1521 ਈ. ਤਕ ਆਪ ਨੇ ਮੁਸਲਮਾਨੀ ਦੇਸ਼ਾਂ ਦਾ ਭ੍ਰਮਣ ਕੀਤਾ ਅਤੇ ਮੱਕਾ ਅਤੇ ਬਗ਼ਦਾਦ ਦੇ ਇਸਲਾਮੀ ਧਾਰਮਿਕ ਸਥਾਨਾਂ ਦਾ ਅਧਿਐਨ ਕੀਤਾ।" ਗੁਰੂ ਸਾਹਿਬ ਦਾ ਇਹ ਸਫ਼ਰ ਸੈਲਾਨੀਆਂ ਵਾਲਾ ਭਾਵ ਥਾਵਾਂ ਵੇਖਣ ਵਾਲਾ ਨਹੀਂ ਸੀ ਸਗੋਂ ਜਿਥੇ ਇਕ ਪਾਸੇ ਉਹ ਲੋਕਾਂ ਦੀ ਹਾਲਤ ਜਾਣ, ਨਬਜ਼ ਪਛਾਣਨਾ ਚਾਹੁੰਦੇ ਸਨ, ਉਥੇ ਲੋਕਾਂ ਦੇ ਆਗੂਆਂ ਨਾਲ ਵਿਚਾਰ-ਵਟਾਂਦਰਾ ਕਰ, ਸਮਾਜ-ਪਰਿਵਰਤਨ ਦਾ ਯਤਨ ਕਰ ਰਹੇ ਸਨ। ਇਹਨਾਂ ਉਦਾਸੀਆਂ ਨੇ ਗੁਰੂ ਜੀ ਨੂੰ ਅਣਗਿਣਤ ਲੋਕਾਂ ਦੇ ਸੰਪਰਕ ਵਿਚ ਲਿਆਂਦਾ, ਉਹਨਾਂ ਦੀ ਹਾਲਤ ਨੂੰ ਜਾਣਨ ਦਾ ਅਵਸਰ ਦਿੱਤਾ ਅਤੇ ਅਸਲ ਦੁੱਖ ਨੂੰ ਜਾਣ, ਕਾਰਨਾਂ ਨੂੰ ਲੱਭਣ ਅਤੇ ਦੂਰ ਕਰਨ ਦੀ ਪ੍ਰੇਰਨਾ ਦਿੱਤੀ।

ਸਮਾਜ, ਸਾਹਿਤਕਾਰ ਉੱਤੇ ਪ੍ਰਭਾਵ ਪਾਉਂਦਾ ਵੀ ਹੈ ਪਰ ਉਸ ਦੇ ਪ੍ਰਭਾਵ ਨੂੰ ਕਬੂਲਦਾ ਵੀ ਹੈ। ਜਿਥੇ ਬਾਦਸ਼ਾਹ, ਵਜ਼ੀਰ, ਜਰਨੈਲ ਜਾਂ ਅਫ਼ਸਰ ਹੁਕਮ ਰਾਹੀਂ ਸਮਾਜ ਵਿਚ ਤਬਦੀਲੀ ਦੀ ਸਮਰੱਥਾ ਰੱਖਦੇ ਹਨ, ਤਬਦੀਲੀ ਲਿਆਉਂਦੇ ਹਨ, ਤਕਦੀਰ ਬਣਾ ਜਾਂ ਵਿਗਾੜ ਸਕਦੇ ਹਨ, ਉਥੇ ਸਾਹਿਤਕਾਰ ਆਪਣੇ ਸ਼ਬਦਾਂ ਰਾਹੀਂ ਜਿਥੇ ਇਕ ਪਾਸੇ ਸਮਾਜ ਦੀਆਂ ਬੀਮਾਰੀਆਂ ਨੂੰ ਚਿਤਰਦੇ ਹਨ, ਉਹ ਚਿੰਤਨ ਰਾਹੀਂ ਕਾਰਨ ਲੱਭ, ਦੂਰ ਕਰਨ ਦੇ ਇਸ਼ਾਰੇ ਵੀ ਆਪਣੀਆਂ ਰਚਨਾਵਾਂ ਵਿਚ ਦਿਆ ਕਰਦੇ ਹਨ। ਗੁਰੂ ਨਾਨਕ ਸਾਹਿਬ ਉਹਨਾਂ ਸਾਹਿਤਕਾਰਾਂ ਵਿਚੋਂ ਸਨ ਜਿਨ੍ਹਾਂ ਨੇ ਸਮਾਜ ਦੀ ਰਾਜਸੀ, ਸਮਾਜਿਕ, ਧਾਰਮਿਕ, ਆਰਥਿਕ ਅਤੇ ਸਭਿਆਚਾਰਕ ਦਸ਼ਾ 'ਤੇ ਟੀਕਾ-ਟਿੱਪਣੀ ਕੀਤੀ। ਤਨਜ਼ ਤੇ ਚੋਟ ਦੀ ਵਰਤੋਂ ਕੀਤੀ। ਇਹ ਟੀਕਾ-ਟਿੱਪਣੀ, ਤਨਜ਼, ਚੋਟ ਨਿਰੀ ਟੀਕਾ-ਟਿੱਪਣੀ ਨਹੀਂ ਸੀ ਸਗੋਂ ਸਮਾਜ ਦੀ ਅਗਵਾਈ ਦਾ ਸੋਮਾ ਬਣੀ। ਉਪਦੇਸ਼ ਵੀ ਸਤਹੀ ਉਪਦੇਸ਼ ਨਹੀਂ ਸੀ, ਸਗੋਂ ਜੀਵਨ ਦੇ ਲਹੂ-ਮਾਸ ਨਾਲ ਭਿੱਜਿਆ ਹੋਇਆ ਸੀ।

ਲੇਖਕ ਆਪਣੀ ਲਿਖਤ ਨਾਲ ਹੀ ਸਮਾਜ ਨੂੰ ਨਹੀਂ ਬਦਲਦਾ ਸਗੋਂ ਜੀਵਨ ਵਿਚ ਵਾਪਰੇ ਹਾਦਸੇ, ਹੋਈਆਂ ਘਟਨਾਵਾਂ ਤੇ ਭਖਦੇ ਜੀਵਨ 'ਚੋਂ ਨਿਕਲਦੇ ਚੰਗਿਆੜਿਆਂ ਨਾਲ ਉਸ ਦਾ ਘੋਲ ਸਮਾਜ ਵਿਚ ਕ੍ਰਾਂਤੀ ਦਾ ਕਾਰਨ ਵੀ ਬਣਿਆ ਕਰਦਾ ਸੀ। ਗੁਰੂ ਸਾਹਿਬ ਦੇ ਜੀਵਨ ਦੀਆਂ ਕੁਝ ਸਾਖੀਆਂ 'ਸੱਚਾ ਸੌਦਾ', 'ਸੂਰਜ ਨੂੰ ਪਾਣੀ ਦੇਣਾ', 'ਮੱਕੇ ਵੱਲ ਪੈਰ ਕਰਨਾ', 'ਭਾਗੋ ਦੇ ਨਹੀਂ ਸਗੋਂ ਲਾਲੋ ਦੇ ਘਰ ਰੋਟੀ ਖਾਣੀ', 'ਮਰਦਾਨੇ ਨੂੰ ਨਾਲ ਰੱਖਣਾ', 'ਕਰਤਾਰਪੁਰ ਵਿਚ ਖੇਤੀ ਕਰਨੀ' ਧਾਰਮਿਕ, ਆਰਥਿਕ ਅਤੇ ਸਮਾਜਿਕ ਸਾਰਥਕਤਾ ਰੱਖਦੀਆਂ ਹਨ। ਇਹ ਸਾਖੀਆਂ ਕੇਵਲ ਉਹਨਾਂ ਦੇ ਜੀਵਨ ਨਾਲ ਹੀ ਵਿਸ਼ੇਸ਼ ਸੰਬੰਧ ਨਹੀਂ ਰੱਖਦੀਆਂ ਸਗੋਂ ਉਸ ਵੇਲੇ ਦੇ ਤੇ ਆਉਣ ਵਾਲੇ ਸਮੇਂ ਦੇ ਲੋਕਾਂ ਲਈ ਉਤਸ਼ਾਹਮਈ, ਪ੍ਰੇਰਨਾਦਾਇਕ ਅਤੇ ਮਾਰਗ-ਦਰਸ਼ਕ ਹਨ।

ਅਜੋਕੇ ਯੁਗ ਵਿਚ ਸਮਾਜਿਕ ਕ੍ਰਾਂਤੀ ਲਈ ਵਿਅਕਤੀਗਤ ਯਤਨ ਬਹੁਤੀ ਮਹੱਤਤਾ ਨਹੀਂ

ਰੱਖਦੇ। ਯੁਗ ਨੂੰ ਬਦਲਣ ਲਈ ਸਾਂਝੇ ਯਤਨ, ਜਥੇਬੰਦੀ, ਰਾਜਸੀ ਸੱਤਾ ਦੀ ਜ਼ਰੂਰਤ ਸਮਝੀ ਜਾਂਦੀ ਹੈ ਪਰ ਮੱਧਕਾਲੀਨ ਸਮਾਜ ਵਿਚ ਜੋ ਵਿਅਕਤੀ ਸਮਾਜ ਵਿਚ ਕ੍ਰਾਂਤੀ ਲਿਆਉਣ ਦੀ ਸਮਰੱਥਾ ਰੱਖਦਾ ਸੀ ਉਹ ਕੇਵਲ-ਮਾਤਰ ਮਹਾਨ ਆਤਮਾ ਵਾਲੇ ਗੁਰੂ ਨਾਨਕ ਸਾਹਿਬ ਹੀ ਹੋ ਸਕਦੇ ਸਨ ਜਿਨ੍ਹਾਂ ਦੇ ਵਿਚਾਰ ਪਲਟਦੇ-ਪਲਟਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਦੇ ਹੱਥਾਂ ਵਿਚ ਜਥੇਬੰਦੀ ਦਾ ਰੂਪ ਧਾਰ ਗਏ, ਜਿਨ੍ਹਾਂ ਦਾ ਪ੍ਰਭਾਵ ਅੱਜ ਕੇਵਲ ਪੰਜਾਬ ਜਾਂ ਭਾਰਤ ਵਿਚ ਹੀ ਨਹੀਂ ਸਗੋਂ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿਚ ਹੈ।

ਹਾਕਮ ਦੇ ਹੁਕਮ ਨੂੰ ਮੰਨਦੇ ਤਾਂ ਬਹੁਤ ਲੋਕ ਹਨ ਪਰ ਉਸ ਨੂੰ ਚੈਲਿੰਜ ਕੋਈ ਵਿਰਲਾ ਹੀ ਕਰਦਾ ਹੈ। ਗੁਰੂ ਸਾਹਿਬ ਨੇ ਕੇਵਲ ਹੁਕਮ-ਅਦੂਲੀ ਨਹੀਂ ਕੀਤੀ ਸਗੋਂ ਆਪਣੇ ਸਮੇਂ ਦੇ ਹਾਕਮਾਂ ਨੂੰ ਭੰਡਿਆ ਵੀ ਹੈ। ਉਹਨਾਂ ਦੇ ਸ਼ਬਦਾਂ ਵਿਚ ਉਸ ਸਮੇਂ ਦੇ ਹਾਕਮ ਇਨਸਾਨ ਨਹੀਂ ਸਨ ਅਤੇ ਨਾ ਹੀ ਰਾਜ-ਪ੍ਰਬੰਧ ਕਰਨ ਵਾਲੇ ਮਨੁੱਖ:

ਰਾਜੇ ਸੀਹ ਮੁਕਦਮ ਕੁਤੇ॥ (ਪੰਨਾ ੧੨੮੮)

ਕਿੰਨੀ ਦਲੇਰੀ ਚਾਹੀਦੀ ਹੈ ਸਮੇਂ ਦੀ ਤਾਕਤ ਤੇ ਉਸ ਦੇ ਅਸਰ ਨੂੰ ਸਹੀ ਸ਼ਬਦਾਂ ਵਿਚ ਦੱਸਣ ਲਈ? ਅਜਿਹੇ ਹਾਕਮਾਂ ਦੇ ਰਾਜ-ਪ੍ਰਬੰਧ ਵਿਚ ਲੋਕਾਂ ਦੀ ਹਾਲਤ ਕੀ ਹੋ ਸਕਦੀ ਹੈ? ਉਸ ਨੂੰ ਵੀ ਗੁਰੂ ਸਾਹਿਬ ਨੇ ਬੜੀ ਜੁਰਅੱਤ ਨਾਲ ਬਿਆਨਿਆ ਹੈ। ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ:

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ। (ਵਾਰ ੧/੩੦)

ਜ਼ੁਲਮ ਕਰਨ ਵਾਲਿਆਂ ਜ਼ਾਲਮਾਂ ਅਤੇ ਜਾਬਰਾਂ ਦਾ ਗੁਰੂ ਜੀ ਨੇ ਆਪਣੀ ਬਾਣੀ ਵਿਚ ਖੰਡਨ ਕੀਤਾ ਹੈ:

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥ (ਪੰਨਾ ੩੬੦)

ਸਪਸ਼ਟ ਹੈ ਕਿ ਗੁਰੂ ਸਾਹਿਬ ਦੀ ਹਮਦਰਦੀ ਮਜ਼ਲੂਮਾਂ ਨਾਲ ਹੈ। ਇਹ ਠੀਕ ਹੈ ਕਿ ਉਹ ਜ਼ਾਲਮਾਂ ਦਾ ਖ਼ਾਤਮਾ ਨਹੀਂ ਕਰ ਸਕੇ ਪਰ ਜ਼ੁਲਮ ਦੇ ਵਿਰੋਧ ਵਿਚ ਆਵਾਜ਼ ਉਠਾਉਣੀ, ਜ਼ੁਲਮ ਨੂੰ ਨੰਗਾ ਕਰਨਾ, ਜ਼ੁਲਮ ਨੂੰ ਜ਼ੁਲਮ ਕਹਿਣ ਦੀ ਜੁਰਅੱਤ ਕਰਨੀ ਆਪਣੇ-ਆਪ ਵਿਚ ਬਗ਼ਾਵਤ ਦਾ ਆਰੰਭ ਹੈ ਜਿਹੜੀ ਸਮਾਂ ਪਾ ਕੇ ਭਰ-ਜਵਾਨ ਹੋਈ। ਲੜਾਈ ਵੀ ਉਹਨਾਂ ਦੇ ਵਿਚਾਰ ਅਨੁਸਾਰ ਬਲਵਾਨ ਦੀ ਬਲਵਾਨ ਨਾਲ ਹੋਣੀ ਚਾਹੀਦੀ ਹੈ। ਕਮਜ਼ੋਰ ਤੇ ਨਿਰਬਲ ਲੋਕਾਂ ਨਾਲ ਲੜਾਈ ਨਿੰਦਣਯੋਗ ਹੈ। ਉਹਨਾਂ ਦੇ ਸਮੇਂ ਵਿਚ ਜੋ ਹਫੜਾ-ਦਫੜੀ ਪਈ ਹੋਈ ਸੀ, ਜੋ ਜ਼ੁਲਮ ਲੋਕਾਂ 'ਤੇ ਹੋ ਰਹੇ ਸਨ, ਉਹਨਾਂ ਨੂੰ ਵੇਖ ਕੇ ਗੁਰੂ ਨਾਨਕ ਦੇਵ ਜੀ ਦਾ ਮਨ ਤੜਪ ਉੱਠਿਆ। ਇਹ ਪੀੜ ਏਨੀ ਵਧੀ ਕਿ ਉਹਨਾਂ ਨੇ ਰੱਬ ਨੂੰ ਵੀ ਕਿਹਾ:

ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ॥ (ਪੰਨਾ ੩੬੦)

ਰਾਜਿਆਂ ਤੇ ਰਾਜ-ਪ੍ਰਬੰਧਕਾਂ ਨੂੰ ਉਹਨਾਂ ਅਨੁਸਾਰ ਜਨਤਾ ਦੀ ਭਲਾਈ ਲਈ ਸੋਚਣਾ ਤੇ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਲੋਕ ਅੱਗੇ ਵਧ ਸਕਣ, ਅਮਨ ਵਿਚ ਰਹਿ ਸਕਣ। ਜੇਕਰ ਰਾਜੇ ਇਸ ਤਰ੍ਹਾਂ ਕਰਨ ਤਾਂ ਉਹ ਜਨਤਾ ਦੇ ਦਿਲਾਂ 'ਤੇ ਰਾਜ ਕਰ ਸਕਦੇ ਹਨ।

ਆਰਥਿਕ ਪਹਿਲੂ ਵੱਲ ਵੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਅਤੇ ਰਚਨਾ ਵਿਚ

ਧਿਆਨ ਦਿੱਤਾ ਹੈ। ਭਾਗੋ ਅਤੇ ਲਾਲੋ ਦੀ ਕਹਾਣੀ ਤੋਂ ਸਪੱਸ਼ਟ ਹੈ ਕਿ ਉਹ ਅਮੀਰਾਂ ਦੇ ਹੱਕ ਵਿਚ ਨਹੀਂ ਸਨ ਕਿਉਂਕਿ ਉਹਨਾਂ ਦੇ ਵਿਚਾਰ ਅਨੁਸਾਰ ਨਾ ਕੇਵਲ ਹਾਕਮ ਹੀ ਆਮ ਲੋਕਾਂ ਦੀ ਰੱਤ ਚੂਸ ਰਹੇ ਸਨ ਸਗੋਂ ਅਮੀਰ ਵੀ ਗ਼ਰੀਬਾਂ ਦੀ ਮਿਹਨਤ 'ਤੇ ਪਲ ਕੇ ਉਹਨਾਂ ਨੂੰ ਭੁੱਖ ਨਾਲ ਮਰਨ 'ਤੇ ਮਜਬੂਰ ਕਰ ਰਹੇ ਸਨ। ਨਿਹੱਕੀ ਕਮਾਈ ਦਾ ਖੰਡਨ ਉਹਨਾਂ ਦੀ ਰਚਨਾ ਵਿਚ ਮਿਲਦਾ ਹੈ :

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ *(ਪੰਨਾ ੧੪੧)*

ਹੱਥੀਂ ਕੰਮ ਕਰਨ 'ਤੇ ਗੁਰੂ ਸਾਹਿਬ ਨੇ ਵਿਸ਼ੇਸ਼ ਜ਼ੋਰ ਦਿੱਤਾ ਹੈ। ਮਿਹਨਤ ਤੇ ਹੱਕ ਦੀ ਕਮਾਈ ਦੀ ਉਹਨਾਂ ਨੇ ਬਹੁਤ ਸ਼ਲਾਘਾ ਕੀਤੀ ਹੈ। ਅੱਜ ਸੰਸਾਰ ਵਿਚ ਸਮਾਜਵਾਦ ਦਾ ਨਾਅਰਾ ਦਿਨੋ-ਦਿਨ ਉੱਚਾ ਹੋ ਰਿਹਾ ਹੈ ਜਿਸ ਅਨੁਸਾਰ ਪੂੰਜੀ ਲੋਕਾਂ ਦੇ ਸਾਂਝੇ ਭਲੇ ਲਈ ਖ਼ਰਚ ਹੋਣੀ ਚਾਹੀਦੀ ਹੈ। ਗੁਰੂ ਸਾਹਿਬ ਕੁਝ ਬੰਦਿਆਂ ਦੇ ਹੱਥ ਪੂੰਜੀ ਹੋਣ ਦੇ ਵਿਰੁੱਧ ਸਨ। ਉਹ ਨਾ ਕੇਵਲ ਰਾਜਸੀ ਇਨਸਾਫ਼ ਦੇ ਹੱਕ ਵਿਚ ਸਨ ਸਗੋਂ ਆਰਥਿਕ ਬਰਾਬਰੀ ਵੀ ਉਹਨਾਂ ਦਾ ਨਿਸ਼ਾਨਾ ਕਿਹਾ ਜਾ ਸਕਦਾ ਹੈ। ਵੰਡ ਛਕਣਾ ਇਸੇ ਸਿਧਾਂਤ ਦੀ ਪੁਸ਼ਟੀ ਕਰਦਾ ਹੈ। ਗੁਰੂ ਸਾਹਿਬ ਦੇ ਜੀਵਨ ਅਤੇ ਰਚਨਾ ਤੋਂ ਸਿੱਟਾ ਇਹ ਨਿਕਲਦਾ ਹੈ ਕਿ ਉਹ ਰਾਜਸੀ ਤੇ ਆਰਥਿਕ ਸ਼ੋਸ਼ਣ ਦੇ ਵਿਰੋਧੀ ਸਨ। ਜਿਥੇ ਇਕ ਪਾਸੇ ਉਹਨਾਂ ਜਨਤਾ ਨੂੰ ਕੰਮ ਕਰਨ ਲਈ ਹੱਥੀਂ ਕਿਰਤ ਕਰਨ ਲਈ ਪ੍ਰੇਰਿਆ, ਉਥੇ ਅਮੀਰਾਂ ਦੇ ਕਮਾਏ ਧਨ ਵਿਚ ਖ਼ੂਨ ਦੱਸ ਕੇ ਸਰਮਾਏਦਾਰੀ ਅਤੇ ਜਾਗੀਰਦਾਰੀ ਦੀ ਵੀ ਨਿਖੇਧੀ ਕੀਤੀ। ਉਹਨਾਂ ਨੇ ਹੱਕ ਦੀ ਦੌਲਤ 'ਤੇ ਜੀਵਨ ਬਿਤਾਉਣ ਲਈ ਆਦੇਸ਼ ਦਿੱਤਾ।

ਧਾਰਮਿਕ ਖੇਤਰ ਵਿਚ ਉਹ ਗ਼ੈਬੀ ਤਾਕਤ ਵਿਚ ਵਿਸ਼ਵਾਸ ਰੱਖਣ ਵਾਲੇ ਸਨ ਪਰ ਉਹਨਾਂ ਦਾ ਧਰਮ ਇਨਸਾਨ-ਇਨਸਾਨ ਵਿਚ ਧਰਮ ਦੇ ਨਾਂ 'ਤੇ ਪਾੜਾ ਨਹੀਂ ਸੀ ਪਾਉਂਦਾ, ਜਿਸ ਨੂੰ ਇਕਬਾਲ ਵੀ ਦੁਹਰਾਉਂਦਾ ਹੈ :

ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਬੈਰ ਰਖਨਾ।

ਮਰਦਾਨੇ ਨਾਲ ਉਹਨਾਂ ਦਾ ਸਾਥ ਅਤੇ ਅਕਾਲ ਚਲਾਣਾ ਕਰਨ ਸਮੇਂ ਹਿੰਦੂਆਂ ਤੇ ਮੁਸਲਮਾਨਾਂ ਦਾ ਅਟੁੱਟ ਅਥਾਹ ਸਤਿਕਾਰ ਮੇਰੇ ਇਸ ਵਿਚਾਰ ਦੀ ਪੁਸ਼ਟੀ ਕਰਦਾ ਹੈ ਕਿ ਉਹਨਾਂ ਦੇ ਦਿਲ ਵਿਚ ਹਿੰਦੂ-ਮੁਸਲਮਾਨ ਦਾ ਕੋਈ ਫ਼ਰਕ ਨਹੀਂ ਸੀ। ਉਹਨਾਂ ਮੰਦਰਾਂ, ਤੀਰਥਾਂ, ਮਸੀਤਾਂ ਦੀ ਯਾਤਰਾ ਕੀਤੀ ਅਤੇ ਵੱਖ-ਵੱਖ ਚਿੰਤਕਾਂ ਤੇ ਧਾਰਮਿਕ ਆਗੂਆਂ ਨਾਲ ਗੋਸ਼ਟੀਆਂ ਕੀਤੀਆਂ ਤਾਂ ਜੋ ਮਨੁੱਖ-ਮਨੁੱਖ ਵਿਚਕਾਰ ਪਾੜਾ ਨਾ ਵਧੇ ਸਗੋਂ ਉਹ ਇਕ ਦੂਜੇ ਨੂੰ ਸਮਝਣ ਤੇ ਨੇੜੇ ਆਉਣ। 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਗੁਰੂ ਨਾਨਕ ਸਾਹਿਬ ਦੇ ਵਿਚਾਰਾਂ ਦਾ ਵਿਚਾਰ-ਧੁਰਾ ਹੈ।

ਇਸ ਲਈ ਜਨਮ ਤੋਂ ਨਹੀਂ ਸਗੋਂ ਮਨੁੱਖ ਦੇ ਕਰਮ ਤੋਂ ਧਰਮ ਪਤਾ ਲੱਗਣਾ ਚਾਹੀਦਾ ਹੈ। ਇਸਲਾਮ ਤੇ ਹਿੰਦੂ ਧਰਮ ਵਿਚ ਵਧ ਰਹੇ ਭੇਖ ਦੀ ਉਹਨਾਂ ਡਟ ਕੇ ਵਿਰੋਧਤਾ ਕੀਤੀ ਅਤੇ ਲੋਕਾਂ ਨੂੰ 'ਸੱਚਾ ਧਰਮ' ਸਿਖਾਇਆ। ਦੂਜੇ ਧਰਮ ਲਈ ਸਤਿਕਾਰ ਤੇ ਬਰਦਾਸ਼ਤ ਦੀ ਭਾਵਨਾ ਪੈਦਾ ਕੀਤੀ। ਧਰਮ ਉਹਨਾਂ ਅਨੁਸਾਰ ਮਨੁੱਖ ਨੂੰ ਚੰਗਾ ਬਣਨ ਲਈ ਗੁਣਾਂ ਦੇ ਧਾਰਨੀ ਹੋਣ ਲਈ ਪ੍ਰੇਰਦਾ ਹੈ। ਇਹ ਵਿਚਾਰ ਵਾਯੂਮੰਡਲ ਵਿਚ ਘੁੰਮਣ ਲੱਗੇ।

ਸਮਾਜਿਕ ਤੌਰ 'ਤੇ ਗੁਰੂ ਸਾਹਿਬ ਨੇ ਉਸ ਸਮੇਂ ਦੇ ਲੋਕਾਂ ਹਿੰਦੂਆਂ ਤੇ ਮੁਸਲਮਾਨਾਂ ਵਿਚ ਵਧ ਰਹੀਆਂ ਗ਼ਲਤ ਕੀਮਤਾਂ ਦਾ ਖੰਡਨ ਕੀਤਾ। ਬਾਹਰੀ ਰੂਪ, ਪਾਖੰਡ, ਕਰਾਮਾਤਾਂ, ਅੰਧ-ਵਿਸ਼ਵਾਸ

ਦਾ ਉਹਨਾਂ ਆਪਣੇ ਜੀਵਨ ਅਤੇ ਰਚਨਾ ਵਿਚ ਖੰਡਨ ਕੀਤਾ। ਇਸ ਸੰਬੰਧ ਵਿਚ ਨਾ ਉਹਨਾਂ ਹਿੰਦੂਆਂ ਦੀ ਰਿਆਇਤ ਕੀਤੀ, ਨਾ ਮੁਸਲਮਾਨਾਂ ਦੀ। ਜਿਥੇ, ਜਦੋਂ ਅਤੇ ਜਿਸ ਵਿਚ ਜਿਹੜੀ ਵੀ ਬੁਰਾਈ ਨਜ਼ਰ ਆਈ, ਉਸ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ। ਇਸਤਰੀ ਸਮਾਜ ਦਾ ਅਨਿੱਖੜਵਾਂ ਅੰਗ ਹੈ। ਗੁਰੂ ਸਾਹਿਬ ਦੇ ਸਮੇਂ ਜੋਗੀ ਇਸਤਰੀ ਨੂੰ ਸਮਾਧੀ ਵਿਚ ਭੰਗ ਪਾਉਣ ਵਾਲੀ ਸਮਝਦੇ ਸਨ, ਘਰ-ਬਾਰ ਛੱਡ ਜੰਗਲਾਂ ਵਿਚ ਚਲੇ ਜਾਂਦੇ। ਉਹ ਔਰਤ ਨੂੰ ਨਿੰਦਦੇ, ਬੁਰਾ-ਭਲਾ ਕਹਿੰਦੇ ਨਾ ਥੱਕਦੇ। ਇਸਤਰੀ ਉਸ ਸਮੇਂ ਆਰਥਿਕ ਤੌਰ 'ਤੇ ਆਜ਼ਾਦ ਨਹੀਂ ਸੀ, ਰਾਜਸੀ ਤੌਰ 'ਤੇ ਉਸ ਕੋਲ ਕੋਈ ਵਿਸ਼ੇਸ਼ ਹੱਕ ਨਹੀਂ ਸਨ, ਧਾਰਮਿਕ ਜੀਵਨ ਲਈ ਉਹ ਰੁਕਾਵਟ ਸਮਝੀ ਜਾਂਦੀ ਸੀ ਅਤੇ ਸਮਾਜਿਕ ਖੇਤਰ ਵਿਚ ਉਸ ਦੀ ਅਤਿ ਭੈੜੀ ਦਸ਼ਾ ਸੀ। ਗੁਰੂ ਜੀ ਤੋਂ ਮਰਦ ਦੀ ਇਹ ਜ਼ਿਆਦਤੀ ਬਰਦਾਸ਼ਤ ਨਾ ਹੋਈ ਤੇ ਉਹ ਕਹਿ ਉੱਠੇ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ (ਪੰਨਾ ੪੭੩)

ਉਹਨਾਂ ਨਾ ਕੇਵਲ ਟੂਣਿਆਂ, ਕਰਾਮਾਤਾਂ, ਹਠਾਂ, ਸੂਤਕ, ਵਹਿਮਾਂ ਦੀ ਵਿਰੋਧਤਾ ਕੀਤੀ ਸਗੋਂ ਜਨੇਊ ਕਿਹੋ ਜਿਹਾ ਹੋਣਾ ਚਾਹੀਦਾ ਹੈ, ਨਮਾਜ਼ ਕਿਹੜੀ ਚੰਗੀ ਹੁੰਦੀ ਹੈ, ਆਦਿ ਪ੍ਰਸ਼ਨ ਉਠਾ ਕੇ ਉਹਨਾਂ ਨੇ ਚੰਗੇ ਗੁਣਾਂ ਨੂੰ ਧਾਰਨ ਕਰਨ ਉੱਤੇ ਜ਼ੋਰ ਦਿੱਤਾ ਅਤੇ ਅਮਲ ਦਾ ਉਪਦੇਸ਼ ਦਿੱਤਾ। ਗੱਲ ਕੀ, ਗੁਰੂ ਸਾਹਿਬ ਟੀਕਾ-ਟਿੱਪਣੀ ਕੇਵਲ ਟੀਕਾ-ਟਿੱਪਣੀ ਲਈ ਨਹੀਂ ਕਰਦੇ ਸਨ ਸਗੋਂ ਉਸ ਦਾ ਉਸਾਰੂ ਪੱਖ ਹੁੰਦਾ ਸੀ ਜਿਸ 'ਤੇ ਉਹ ਜ਼ੋਰ ਦਿੰਦੇ ਸਨ। ਇਸੇ ਤਰ੍ਹਾਂ 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ' ਕਹਿ ਕੇ ਉਹਨਾਂ ਨੇ ਆਪੇ ਆਪ ਨੂੰ ਆਮ ਲੋਕਾਂ ਦਾ ਮਿੱਤਰ ਅਤੇ ਸਾਥੀ ਦੱਸਿਆ।

ਸਿੱਟਾ ਇਹ ਨਿਕਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਹਰ ਸਮਾਜਿਕ ਬੇਇਨਸਾਫ਼ੀ ਦੀ ਉਸੇ ਤਰ੍ਹਾਂ ਵਿਰੋਧਤਾ ਕਰਦੇ ਸਨ, ਜਿਸ ਤਰ੍ਹਾਂ ਰਾਜਸੀ ਜ਼ੁਲਮ, ਆਰਥਿਕ ਸੋਸ਼ਣ ਅਤੇ ਧਾਰਮਿਕ ਕੱਟੜਪੁਣੇ ਦੀ। ਉਹਨਾਂ ਹਰ ਜੀਵ ਨੂੰ ਆਪਾ ਸੁਧਾਰਨ ਲਈ ਪ੍ਰੇਰਨਾ ਦਿੱਤੀ ਅਤੇ ਗੁਣਾਂ ਦੇ ਧਾਰਨੀ ਹੋਣ ਦਾ ਉਪਦੇਸ਼ ਦਿੱਤਾ। ਆਪ ਦਾ ਫ਼ੁਰਮਾਨ ਹੈ:

ਵਿਣੁ ਗੁਣ ਕੀਤੇ ਭਗਤਿ ਨ ਹੋਇ॥ (ਪੰਨਾ ੪)

ਇਸ ਤਰ੍ਹਾਂ ਉਹ ਵਿਅਕਤੀ ਸੁਧਾਰ ਦੇ ਹੱਕ ਵਿਚ ਸਨ ਅਤੇ ਇਸ ਵਿਚਾਰ ਦੇ ਸਨ ਕਿ ਜੇ ਹਰ ਇਨਸਾਨ ਗੁਣੀ ਹੋਵੇ, ਇਮਾਨਦਾਰ ਹੋਵੇ, ਕਿਰਤ ਕਰਨ ਵਾਲਾ ਹੋਵੇ, ਵੰਡ ਛਕਣ ਵਾਲਾ ਹੋਵੇ, ਜ਼ੁਲਮ ਤੇ ਜਬਰ ਵਿਰੁੱਧ ਆਵਾਜ਼ ਉਠਾਉਣ ਵਾਲਾ ਹੋਵੇ ਤਾਂ ਆਲਾ-ਦੁਆਲਾ ਵੀ ਚੰਗਾ ਹੋ ਸਕਦਾ ਹੈ। ਹਕੀਕਤ ਵੀ ਇਹੋ ਹੈ ਕਿ ਮਨੁੱਖ ਨੂੰ ਕੋਈ ਕਾਨੂੰਨ ਨਹੀਂ ਸੁਧਾਰ ਸਕਦਾ, ਮਨੁੱਖ ਆਪ ਹੀ ਆਪਣੇ ਆਪ ਨੂੰ ਸੁਧਾਰ ਸਕਦਾ ਹੈ। ਜੇ ਹਰ ਮਨੁੱਖ ਇਹ ਬੀੜਾ ਚੁੱਕ ਲਵੇ ਤਾਂ ਮਨੁੱਖਾਂ ਦਾ ਸਮੂਹ ਸਮਾਜ ਚੰਗਾ-ਚੰਗਾ, ਸੁਹਣਾ-ਸੁਹਣਾ, ਭਰਿਆ-ਭਰਿਆ ਅਰ ਖਿੜਿਆ-ਖਿੜਿਆ ਹੋ ਸਕਦਾ ਹੈ, ਜਿਸ ਵਿਚ ਰਾਜਸੀ ਜ਼ੁਲਮ ਤੇ ਜਬਰ ਨਹੀਂ ਹੋਵੇਗਾ, ਆਰਥਿਕ ਨਾ-ਬਰਾਬਰੀ ਨਹੀਂ ਹੋਵੇਗੀ, ਸਮਾਜਿਕ ਬਰਾਬਰੀ ਤੇ ਧਾਰਮਿਕ ਬਰਦਾਸ਼ਤ ਹੋਵੇਗਾ ਅਤੇ ਭੇਖ

ਦਾ ਨਹੀਂ ਬਲਕਿ ਗੁਣ ਦਾ ਰਾਜ ਹੋਵੇਗਾ। ਅਜਿਹਾ ਸੀ ਗੁਰੂ ਨਾਨਕ ਦੇਵ ਜੀ ਦਾ ਸਮਾਜ-ਸੰਕਲਪ, ਜਿਸ ਲਈ ਉਹਨਾਂ ਲੋਕ-ਬੋਲੀ ਨੂੰ ਚੁਣਿਆ, ਚੋਟ ਅਤੇ ਉਪਦੇਸ਼ ਦੇ ਮਾਧਿਅਮ ਦੀ ਵਰਤੋਂ ਕੀਤੀ। ਜੀਵਨ ਅਤੇ ਰਚਨਾ ਰਾਹੀਂ ਅਮਲੀ ਜੀਵਨ ਉੱਤੇ ਜ਼ੋਰ ਦਿੱਤਾ ਤਾਂ ਜੋ ਇਨਸਾਨ ਠੀਕ ਰਾਹ 'ਤੇ ਪੈ ਸਕੇ, 'ਅਸਲ ਕੀ ਹੈ?' ਸਮਝ ਸਕੇ ਅਤੇ ਦਲੇਰ ਹੋ ਕੇ ਮੁਕਾਬਲਾ ਕਰ ਸਕੇ ਉਹਨਾਂ ਸਭ ਤਾਕਤਾਂ ਦਾ, ਜੋ ਸਮਾਜ ਵਿਚ ਜਬਰ ਕਰਦੀਆਂ ਤੇ ਸੋਸ਼ਣ ਵਿਚ ਵਿਸ਼ਵਾਸ ਰੱਖਦੀਆਂ ਹਨ ਅਤੇ ਇਨਸਾਨ ਨੂੰ ਇਨਸਾਨ ਨਾਲ ਲੜਾਉਂਦੀਆਂ ਹਨ।

(11/1996)

ਗੁਰੂ ਨਾਨਕ ਬਾਣੀ ਵਿਚ 'ਤੀਰਥ'

ਧਾਰਮਿਕ ਖੇਤਰ ਵਿਚ ਤੀਰਥ-ਯਾਤਰਾ ਦਾ ਇਤਿਹਾਸ ਬਹੁਤ ਪੁਰਾਣਾ ਹੈ। ਭਾਵੇਂ ਧਰਮਾਂ ਵਿਚ ਤੀਰਥ ਦੇ ਅਰਥ ਭਿੰਨ-ਭਿੰਨ ਮੰਨੇ ਜਾਂਦੇ ਸਨ। ਧਰਮਾਂ ਵਿਚ ਤੀਰਥ ਦੇ ਅਰਥ ਬਦਲਦੇ ਰਹੇ ਹਨ ਪਰ ਤੀਰਥ-ਯਾਤਰਾ ਦਾ ਕਾਰਜ ਨਿਰੰਤਰ ਜਾਰੀ ਰਿਹਾ ਹੈ।

ਵਿਸ਼ਵ ਦੇ ਬਹੁਤੇ ਧਰਮਾਂ ਵਿਚ ਤੀਰਥਾਂ ਦੀ ਮਹੱਤਤਾ ਅਤੇ ਲੋੜ ਸਵੀਕਾਰ ਕੀਤੀ ਗਈ ਹੈ। ਹਿੰਦੂ ਧਰਮ ਵਿਚ ਅਠਾਹਠ ਤੀਰਥ ਮੰਨੇ ਗਏ ਹਨ। ਈਸਾਈ ਧਰਮ ਵਿਚ ਵੀ ਤੀਰਥ-ਯਾਤਰਾ ਨੂੰ ਧਰਮ ਦਾ ਅੰਗ ਮੰਨਿਆ ਗਿਆ ਹੈ। ਮੱਧਕਾਲ ਵਿਚ ਲੋਕ ਟੋਲੀਆਂ ਬਣਾਈ ਪੈਲਸਟਾਈਨ, ਜੋ ਈਸਾ ਜੀ ਦਾ ਧਰਮ ਸਥਾਨ ਹੈ, ਨੂੰ ਜਾਂਦੇ ਸੁਣੀਂਦੇ ਸਨ। ਇਸ ਤੋਂ ਇਲਾਵਾ ਸ਼ਹੀਦਾਂ ਦੀਆਂ ਕਬਰਾਂ ਦੀ ਜ਼ਿਆਰਤ ਕਰਨ ਜਾਂਦੇ ਸਨ। ਮੁਸਲਮਾਨ ਮੱਕੇ ਹੱਜ ਕਰਨ ਜਾਂਦੇ ਹਨ। ਇਸੇ ਤਰ੍ਹਾਂ ਹੋਰ ਧਰਮਾਂ ਦੇ ਲੋਕ ਵੀ ਆਪਣੇ ਧਰਮ ਅਨੁਸਾਰ ਮੰਨੇ ਗਏ ਤੀਰਥਾਂ 'ਤੇ ਜਾਂਦੇ ਹਨ।[1]

ਤੀਰਥ ਸ਼ਬਦ ਤਟ ਤੋਂ ਬਣਿਆ ਜਾਪਦਾ ਹੈ ਜਿਸ ਦਾ ਭਾਵ ਹੈ ਕਿਨਾਰਾ ਜਾਂ ਕੰਢਾ। ਆਮ ਕਰਕੇ ਲੋਕ ਪਹਿਲਾਂ ਦਰਿਆਵਾਂ ਜਾਂ ਨਦੀਆਂ ਕੰਢੇ ਹੀ ਵੱਸਦੇ ਸਨ ਅਤੇ ਉਹਨਾਂ ਨੇ ਉਥੇ ਕੁਝ ਸਥਾਨਾਂ ਨੂੰ ਪਵਿੱਤਰ ਮੰਨ ਕੇ ਤੀਰਥ ਦੀ ਸੰਗਿਆ ਦੇ ਕੇ ਯਾਤਰਾ ਸਥਾਨ ਨਿਸ਼ਚਿਤ ਕੀਤੇ ਤੇ ਉਥੇ ਜਾ ਕੇ ਉਹ ਆਪਣੇ ਅਗਲੇ ਜਨਮ ਨੂੰ ਸੰਵਾਰਣ ਦੇ ਯਤਨ ਕਰਦੇ ਸਨ।

ਤੀਰਥ ਦਾ ਕੋਸ਼ੀ ਅਰਥ ਹੈ, 'ਜਿਸ ਦੁਆਰਾ ਪਾਪ ਤੋਂ ਬਚ ਜਾਈਏ, ਜਿਥੇ ਧਰਮ ਭਾਵ ਨਾਲ ਲੋਕ ਪਾਪ ਦੂਰ ਕਰਨ ਲਈ ਜਾਣ।'[2]

ਇਸ ਭਾਵ ਦਾ ਵਿਸਤਾਰ ਹਿੰਦੀ ਕੋਸ਼ ਵਿਚ ਹੋਇਆ। ਉਸ ਅਨੁਸਾਰ, 'ਉਹ ਪਵਿੱਤਰ ਜਾਂ ਪੁੰਨ ਸਥਾਨ ਜਿਥੇ ਧਰਮ ਭਾਵਨਾ ਨਾਲ ਸ਼ਰਧਾ ਸਹਿਤ ਲੋਕ ਯਾਤਰਾ, ਪੂਜਾ ਜਾਂ ਇਸ਼ਨਾਨ ਲਈ ਜਾਂਦੇ ਹਨ। ਹਿੰਦੂ ਸ਼ਾਸਤਰਾਂ ਵਿਚ ਤਿੰਨ ਪ੍ਰਕਾਰ ਦੇ ਤੀਰਥ ਮੰਨੇ ਗਏ ਹਨ:

(ੳ) ਜੰਗਮ: ਜਿਵੇਂ ਸਾਧੂ ਤੇ ਬ੍ਰਾਹਮਣ ਆਦਿ।

(ਅ) ਮਾਨਸ: ਜਿਵੇਂ ਸਤਿ, ਖਿਮਾ, ਦਇਆ, ਦਾਨ, ਸੰਤੋਖ, ਗਿਆਨ, ਧੀਰਜ, ਮਿੱਠਾ ਬੋਲਣਾ ਆਦਿ।

(ੲ) ਸਥਾਵਰ: ਜਿਵੇਂ ਕਾਸ਼ੀ, ਪ੍ਰਯਾਗ, ਮਾਇਆ ਆਦਿ।[3]

ਤੀਰਥ ਯਾਤਰਾ ਕਿਉਂ ਕੀਤੀ ਜਾਂਦੀ ਸੀ? ਸਾਡਾ ਮੱਤ ਹੈ ਕਿ ਇਸ ਤਰ੍ਹਾਂ ਦਿਨ-ਦਿਹਾਰਾਂ 'ਤੇ ਇਕੱਠੇ ਹੋਣ ਨਾਲ ਸੰਤਾਂ, ਮਹਾਂਪੁਰਸ਼ਾਂ, ਪ੍ਰਭੂ ਦੇ ਬਖ਼ਸ਼ਿਆਂ ਹੋਇਆਂ ਦੇ ਦੀਦਾਰ ਹੋ ਜਾਂਦੇ ਸਨ ਅਤੇ ਉਹ ਪ੍ਰਭੂ-ਪਿਆਰੇ ਰਾਮ ਨਾਮ ਦਾ ਉਪਦੇਸ਼ ਦੇ ਕੇ ਜੀਵਾਂ ਨੂੰ ਅਕਾਲ ਪੁਰਖ ਨਾਲ ਇਕ-ਮਿਕ ਹੋਣ ਦੀ ਵਿਧੀ ਦੱਸਦੇ ਸਨ। ਇਸ ਤਰ੍ਹਾਂ ਤੀਰਥ ਯਾਤਰਾ ਦਾ ਅਧਿਆਤਮਕ ਜਾਂ

ਆਤਮਿਕ ਲਾਭ ਹੁੰਦਾ ਹੈ। ਪਰ ਸਮਾਂ ਬੀਤਦਾ ਗਿਆ ਅਤੇ 'ਤੀਰਥ' ਦੇ ਅਰਥ ਵੀ ਬਦਲਦੇ ਗਏ। ਮੱਧਕਾਲ ਵਿਚ ਤਾਂ ਇਹ ਵਿਚਾਰ ਦ੍ਰਿੜ੍ਹ ਹੋ ਗਿਆ ਕਿ ਜਿਹੜਾ ਤੀਰਥ ਯਾਤਰਾ ਕਰਦਾ ਹੈ ਜਾਂ ਯਾਤਰਾ ਕਰਦਿਆਂ ਸਰੀਰ ਤਿਆਗ ਦਿੰਦਾ ਹੈ ਉਸ ਨੂੰ ਮੁਕਤੀ ਮਿਲ ਜਾਂਦੀ ਹੈ ਅਤੇ ਸਾਰੇ ਪਾਪ ਕੱਟੇ ਜਾਂਦੇ ਹਨ। ਪਰ ਇਸ ਅੰਧ-ਵਿਸ਼ਵਾਸ ਅਤੇ ਗ਼ਲਤ ਪ੍ਰਚਾਰ ਵਿਰੁੱਧ ਭਗਤਾਂ ਨੇ ਆਵਾਜ਼ ਉਠਾਈ ਅਤੇ ਫੋਕਟ ਤੀਰਥ ਯਾਤਰਾ ਦੀ ਪ੍ਰਥਾ ਨੂੰ ਨਿੰਦਿਆ। ਕਬੀਰ ਸਾਹਿਬ ਨੇ ਆਖਿਆ ਕਿ ਜਿੰਨਾ ਚਿਰ ਮਨ ਵਿਚ ਹਉਮੈ ਹੈ, ਮਨ ਮੈਲਾ ਹੈ, ਨਾਮ ਸਿਮਰਨ ਵਿਚ ਨਹੀਂ ਜੁੜਿਆ, ਉਨਾ ਚਿਰ ਉਸ ਨੂੰ ਮੁਕਤੀ ਨਹੀਂ ਮਿਲ ਸਕਦੀ। ਜੇਕਰ ਤੀਰਥ ਇਸ਼ਨਾਨ ਨਾਲ ਮੁਕਤੀ ਮਿਲਦੀ ਹੁੰਦੀ ਤਾਂ ਸਾਰੇ ਡੱਡੂ ਪਰਮਗਤਿ ਪ੍ਰਾਪਤ ਕਰ ਲੈਂਦੇ। ਸੱਚਾ ਤੀਰਥ ਇਸ਼ਨਾਨ ਤਾਂ ਗੁਰੂ ਦੀ ਸੇਵਾ ਹੈ :

ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥
ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥੧॥
ਪੂਜਹੁ ਰਾਮੁ ਏਕੁ ਹੀ ਦੇਵਾ ॥
ਸਾਚਾ ਨਾਵਣੁ ਗੁਰ ਕੀ ਸੇਵਾ ॥੧॥ ਰਹਾਉ ॥
ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥ (ਪੰਨਾ ੪੮੪)

ਗੁਰੂ ਸਾਹਿਬ ਦੇ ਜੀਵਨ ਬਾਰੇ ਲਿਖੀਆਂ ਜਨਮਸਾਖੀਆਂ ਵਿਚੋਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਤੀਰਥਾਂ 'ਤੇ ਗਏ। ਕੀ ਕਾਰਨ ਸੀ ? ਸਿਰਫ਼ ਇਹੀ ਕਿ ਸਾਰੇ ਧਰਮਾਂ ਦੇ ਵਿਦਵਾਨ ਜਾਂ ਸਾਧੂ-ਸੰਤ ਜਾਂ ਆਗੂ ਆਮ ਕਰਕੇ ਤੀਰਥਾਂ 'ਤੇ ਵੱਸਦੇ ਸਨ ਜਿਨ੍ਹਾਂ ਪਾਸ ਲੋਕ ਆਮ ਆਉਂਦੇ-ਜਾਂਦੇ ਸਨ। ਉਥੇ ਵਧੀਆ ਮੌਕਾ ਬਣ ਸਕਦਾ ਸੀ ਜਿਥੇ ਆਪਣੇ ਵਿਚਾਰ ਪ੍ਰਗਟਾਏ ਜਾ ਸਕਣ। ਗੁਰੂ ਸਾਹਿਬ ਤਾਂ ਮੱਕੇ ਵੀ ਪੁੱਜ ਗਏ ਸਨ ਇਹ ਉਪਦੇਸ਼ ਦੇਣ ਕਿ ਰੱਬ ਸਿਰਫ਼ ਮੱਕੇ ਵਿਚ ਨਹੀਂ ਹੈ, ਸਗੋਂ ਸਰਬ-ਵਿਆਪਕ ਹੈ। ਗੁਰੂ ਸਾਹਿਬ ਤੀਰਥਾਂ 'ਤੇ ਮੁਕਤੀ ਪ੍ਰਾਪਤ ਕਰਨ ਲਈ ਨਹੀਂ ਗਏ ਸਗੋਂ 'ਸਚ ਕੀ ਬਾਣੀ' ਸੁਣਾਉਣ ਗਏ ਸਨ।

ਗੁਰੂ ਨਾਨਕ ਸਾਹਿਬ ਦੇ ਸਮੇਂ ਵੀ ਲੋਕ ਤੀਰਥੀਂ ਜਾਂਦੇ ਸਨ ਤੇ ਸਮਝਦੇ ਸਨ ਕਿ ਸਾਰੇ ਪਾਪ ਲਹਿ ਜਾਣਗੇ ਤੇ ਪਰਮ ਪਦ ਦੀ ਪ੍ਰਾਪਤ ਹੋ ਜਾਵੇਗੀ। ਗੁਰੂ ਸਾਹਿਬ ਨੇ ਇਹ ਸਾਰੇ ਫੋਕਟ ਕਰਮ ਦੇਖੇ। ਲੋਕਾਂ ਨੂੰ ਗ਼ਲਤ ਉਪਦੇਸ਼ਾਂ ਨੇ ਕੂੜੇ ਰਾਹ ਪਾਇਆ ਸੀ। ਆਪ ਨੇ ਵੀ ਇਸ ਯਾਤਰਾ ਦੀ ਪਰੰਪਰਾ ਨੂੰ ਨਿੰਦਿਆ। ਕੀ ਕਾਰਨ ਸੀ ? ਇਹੀ ਕਿ ਹੁਣ ਇਹ ਧਰਮ ਦਾ ਇਕ ਪਰੰਪਰਿਕ ਅੰਗ ਬਣ ਗਿਆ ਸੀ। ਅੰਤ ਇਸ ਦੀ ਸੱਚੀ ਮਹਾਨਤਾ ਅਤੇ ਵਡਿਆਈ ਅਲੋਪ ਹੋ ਗਈ ਸੀ। ਤੀਰਥਾਂ 'ਤੇ ਲੋਕ ਸਾਧਾਂ-ਸੰਤਾਂ ਜਾਂ ਪੰਡਤਾਂ ਦੇ ਭੇਖ ਵਿਚ ਬੈਠੇ ਲੋਕਾਂ ਨੂੰ ਲੁੱਟ ਲੈਂਦੇ ਸਨ। ਯਾਤਰੀਆਂ ਬਾਰੇ ਗੁਰੂ ਨਾਨਕ ਸਾਹਿਬ ਨੇ ਬਹੁਤ ਹੀ ਸੁੰਦਰ ਫ਼ੁਰਮਾਇਆ ਹੈ :

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥ (ਪੰਨਾ ੭੮੯)

ਸੋ ਇਹ ਯਾਤਰੀ ਸਨ ਜੋ ਮੁਕਤੀ ਪ੍ਰਾਪਤ ਕਰਨ ਜਾਂ ਪਾਪਾਂ ਦੀ ਮੈਲ ਲਾਹੁਣ ਹਿੱਤ ਤੀਰਥਾਂ 'ਤੇ ਜਾਂਦੇ ਸਨ। ਇਹੀ ਕਾਰਨ ਹੈ ਕਿ ਗੁਰੂ ਸਾਹਿਬ ਨੇ ਥਾਂ-ਥਾਂ 'ਤੇ ਇਹਨਾਂ ਝੂਠੇ ਤੀਰਥ ਯਾਤਰੀਆਂ ਦੀ ਨਿੰਦਾ ਕੀਤੀ ਹੈ। ਤੀਰਥ ਨਹਾਉਣ ਦਾ ਕੀ ਲਾਭ, ਜਦ ਮਨ ਮੈਲਾ ਹੈ। ਮਨ ਦੀ ਸ਼ੁੱਧਤਾ ਸਿਰਫ਼ ਤੀਰਥ ਇਸ਼ਨਾਨ ਨਾਲ ਕਿਵੇਂ ਪ੍ਰਾਪਤ ਹੋ ਸਕਦੀ ਹੈ? ਪ੍ਰਭੂ-ਭਗਤੀ ਦੇ ਮਾਰਗ 'ਤੇ ਚੱਲਦਿਆਂ ਸੀਮਿਤ ਜਿਹੇ ਸਾਧਨਾਂ ਦੀ ਸਮੱਗਰੀ ਨੂੰ ਮੰਜ਼ਿਲ ਸਮਝਣਾ ਅਗਿਆਨਤਾ ਹੈ।

ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥ (ਪੰਨਾ ੬੧)

ਕਿਉਂਕਿ 'ਅੰਤਰ ਕੀ ਮਲ' ਇਉਂ ਲੱਥਦੀ ਹੈ। ਗੁਰੂ ਸਾਹਿਬ ਫ਼ੁਰਮਾਉਂਦੇ ਹਨ:

ਪੁੰਨ ਦਾਨ ਅਨੇਕ ਨਾਵਣ ਕਿਉ ਅੰਤਰ ਮਲੁ ਧੋਵੈ ॥ (ਪੰਨਾ ੨੪੩)

ਆਸਾ ਦੀ ਵਾਰ ਵਿਚ ਗੁਰੂ ਸਾਹਿਬ ਨੇ ਇਸ ਵਿਚਾਰ ਨੂੰ ਹੋਰ ਵੀ ਸਪੱਸ਼ਟ ਰੂਪ ਵਿਚ ਪੇਸ਼ ਕੀਤਾ ਹੈ:

ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥
ਅਠਸਠਿ[4] ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥ (ਪੰਨਾ ੪੭੩)

ਸੋ ਉਪਰੋਕਤ ਵਿਚਾਰ ਤੋਂ ਸਪੱਸ਼ਟ ਹੈ ਕਿ ਮਨ ਦੀ ਮੈਲ ਤੀਰਥਾਂ 'ਤੇ ਇਸ਼ਨਾਨ ਕਰਨ ਨਾਲ ਨਹੀਂ ਲਹਿੰਦੀ ਅਤੇ ਇਉਂ ਜੀਵ ਸਿਰਫ਼ ਤੀਰਥ ਯਾਤਰਾ ਕਰ ਕੇ ਜਾਂ ਤੀਰਥ ਇਸ਼ਨਾਨ ਕਰ ਕੇ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ। ਇਹ ਸਾਰੇ ਵਿਚਾਰ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਕਈ ਥਾਵਾਂ 'ਤੇ ਅੰਕਿਤ ਕੀਤੇ ਹਨ।[5]

ਗੁਰੂ ਨਾਨਕ ਸਾਹਿਬ ਨੇ ਫਿਰ ਅਰਥ-ਭਰਪੂਰ, ਸਾਰਥਕ ਤੇ ਸਦੀਵੀ ਤੀਰਥ ਸੰਕਲਪ ਪੇਸ਼ ਕੀਤਾ। ਆਪ ਨੇ ਸੱਚੇ ਤੀਰਥ ਦੀ ਵਿਆਖਿਆ ਕੀਤੀ ਅਤੇ ਜੀਵਾਂ ਨੂੰ ਦੱਸਿਆ ਕਿ ਬਾਹਰ ਅਠਸਠ ਤੀਰਥਾਂ 'ਤੇ ਨਾ ਭਵੋ ਕਿਉਂਕਿ ਉਥੋਂ ਕੁਝ ਵੀ ਪ੍ਰਾਪਤ ਨਹੀਂ ਹੋਣਾ। ਜਪੁਜੀ ਸਾਹਿਬ ਵਿਚ ਗੁਰਵਾਕ ਹੈ:

ਅੰਤਰਗਤਿ ਤੀਰਥਿ ਮਲਿ ਨਾਉ ॥ (ਪੰਨਾ ੪)

ਸੰਤ ਵਿਨੋਬਾ ਭਾਵੇ ਨੇ ਇਸ ਤੁਕ ਬਾਰੇ ਵਿਚਾਰ ਕਰਦਿਆਂ ਲਿਖਿਆ ਹੈ. "ਤੀਰਥਾਂ 'ਤੇ ਇਸ਼ਨਾਨ ਕਰਨ ਨਾਲ ਬਾਹਰ ਦੀ ਮੈਲ ਤਾਂ ਬੇਸ਼ੱਕ ਲੱਥ ਜਾਂਦੀ ਹੈ ਪਰ ਮਨ ਦੀ ਮੈਲ ਭਗਵਾਨ ਦੇ ਨਾਮ ਰਾਹੀਂ ਹੀ ਧੋਤੀ ਜਾ ਸਕਦੀ ਹੈ।" ਅੰਤਰਗਤਿ ਤੀਰਥਿ' ਬੜਾ ਸੁੰਦਰ ਸ਼ਬਦ ਹੈ। ਸ਼ੰਕਰਾਚਾਰਯ ਨੇ 'ਮਾਨਸ-ਤੀਰਥ' ਕਿਹਾ ਸੀ। ਜੋ 'ਅੰਤਰਗਤਿ' ਤੀਰਥ ਹੈ, ਉਸ ਵਿਚ ਮਲ-ਮਲ ਕੇ ਨਹਾਉਣ ਨਾਲ ਹੀ ਸਫ਼ਾਈ ਹੁੰਦੀ ਹੈ। ਅੰਤਰ-ਸ਼ੁੱਧੀ ਲਈ ਸ੍ਰਵਣ, ਮਨਨ ਆਦਿ ਸਾਧਨ ਕੰਮ ਦੇਣਗੇ। ਸ੍ਰਵਣ, ਮਨਨ, ਭਾਵਨਾ ਇਹੋ ਅਸਲ ਵਿਚ ਅੰਤਰਗਤਿ ਇਸ਼ਨਾਨ ਹੈ। ਸੰਤਾਂ ਦੇ ਮੁੱਖ ਤੋਂ ਅਤੇ ਜਿਨ੍ਹਾਂ ਨੇ ਭਗਵਾਨ ਪਾ ਲਿਆ ਹੈ, ਉਹਨਾਂ ਦੇ ਮੁੱਖ ਤੋਂ ਸੁਣਨਾ, ਇਹ ਮਨੁੱਖਾ ਜਨਮ ਦਾ ਪਰਮ ਸੁਭਾਗ ਹੈ। ਭਗਵਾਨ ਗੁਰਮੁਖ ਵਿਚ ਸਮਾਏ ਹਨ। 'ਗੁਰਮੁਖਿ ਰਹਿਆ ਸਮਾਈ' ਸੰਤ ਪੁਰਖ ਦੀ ਬਾਣੀ ਸ੍ਰਵਣ, ਉਸ ਦੇ ਮਨ ਅਤੇ ਉਸ ਨਾਲ ਪਿਆਰ (ਭਾਵਨਾ) ਕਰਨ ਨਾਲ ਮਨ ਸ਼ੁੱਧ ਹੁੰਦਾ ਹੈ। ਇਹ ਅੰਤਰਗਤਿ ਤੀਰਥ ਵਿਚ ਇਸ਼ਨਾਨ ਹੈ।[6]

ਪਰਮਾਤਮਾ ਤਾਂ ਅੰਦਰ ਵੱਸਦਾ ਹੈ, ਫਿਰ ਤੀਰਥਾਂ 'ਤੇ ਕਾਹਦੀ ਭਾਲ? ਅੰਤਰਗਤਿ ਤੀਰਥ ਵਿਚ ਜਦੋਂ ਮਨ ਮਲ-ਮਲ ਦੇ ਇਸ਼ਨਾਨ ਕਰੇਗਾ ਤਾਂ ਉਸ ਨੂੰ ਆਪਣੇ ਅੰਤਰ-ਆਤਮੇ ਵੱਸਦੇ

ਪਰਮਾਤਮਾ ਦੀ ਸੋਝੀ ਹੋਵੇਗੀ :

ਤਟ ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ ॥
ਲੈ ਕੈ ਤਕੜੀ ਤੋਲਣਿ ਲਾਗਾ ਘਟ ਹੀ ਮਹਿ ਵਣਜਾਰਾ ॥ (ਪੰਨਾ ੧੫੬)
ਅੰਤਰਿ ਗਿਆਨੁ ਮਹਾ ਰਸੁ ਸਾਰਾ ॥
ਤੀਰਥ ਮਜਨੁ ਗੁਰ ਵੀਚਾਰਾ ॥
ਅੰਤਰਿ ਪੂਜਾ ਥਾਨੁ ਮੁਰਾਰਾ ॥
ਜੋਤੀ ਜੋਤਿ ਮਿਲਾਵਣਹਾਰਾ ॥ (ਪੰਨਾ ੪੧੧)

ਸੱਚਾ ਤੀਰਥ ਗੁਰੂ ਹੈ। ਗੁਰਬਾਣੀ ਗੁਰੂ ਹੈ। ਸੱਚਾ ਗੁਰੂ ਆਪਣੇ ਪਾਸ ਆਏ ਜਗਿਆਸੂ ਨੂੰ ਨਾਮ ਦੀ ਦਾਤ ਦੇ ਕੇ ਸਾਰੇ ਪਾਪਾਂ ਦਾ ਨਾਸ਼ ਕਰ ਦਿੰਦਾ ਹੈ। ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਗੁਰ-ਤੀਰਥ ਦੀ ਗੱਲ ਕੀਤੀ ਹੈ।

ਡਾ. ਰਤਨ ਸਿੰਘ ਜੱਗੀ ਦੇ ਸ਼ਬਦਾਂ ਵਿਚ, ''ਜਿਸ ਪ੍ਰਕਾਰ ਤੀਰਥ ਉੱਤੇ ਜਾਣ ਅਤੇ ਇਸ਼ਨਾਨ ਕਰਨ ਨਾਲ ਪਾਪਾਂ ਦੀ ਮੈਲ ਉਤਰ ਜਾਂਦੀ ਹੈ, ਉਸੇ ਤਰ੍ਹਾਂ ਗੁਰੂ ਪਾਸ ਜਾਣ ਨਾਲ ਮਨੁੱਖ ਅਧਿਆਤਮਕ ਉੱਨਤੀ ਪ੍ਰਾਪਤ ਕਰਦਾ ਹੈ। ਅਸਲ ਵਿਚ ਗੁਰੂ ਦੇ ਸਮਾਨ ਕੋਈ ਤੀਰਥ ਨਹੀਂ ਹੈ, ਗੁਰੂ ਹੀ ਸੰਤੋਖ ਦਾ ਸਰੋਵਰ ਹੈ, ਗੁਰੂ ਉਹ ਪਵਿੱਤਰ ਦਰਿਆ ਹੈ ਜਿਸ ਦਾ ਉਪਦੇਸ਼-ਰੂਪੀ ਜਲ ਸਦਾ ਨਿਰਮਲ ਰਹਿੰਦਾ ਹੈ। ਵਾਸਤਵਿਕ ਅਤੇ ਪੂਰਨ ਇਸ਼ਨਾਨ ਸਤਿਗੁਰੂ ਦੀ ਪ੍ਰਾਪਤੀ ਨਾਲ ਹੀ ਹੁੰਦਾ ਹੈ। ਇਸ ਇਸ਼ਨਾਨ ਨਾਲ ਪਸ਼ੂਆਂ ਅਤੇ ਪ੍ਰੇਤਾਂ ਤੁਲ ਤਮੋ ਗੁਣੀ ਮਨੁੱਖ ਵੀ ਦੇਵਤਾ ਬਣ ਜਾਂਦਾ ਹੈ। ਗੁਰੂ ਸਾਗਰ ਅਤੇ ਰਤਨਾਗਰ ਦੇ ਸਮਾਨ ਹੈ ਜਿਸ ਵਿਚ ਅਮੁੱਕ ਰਤਨ ਪਏ ਹਨ। ਅਜਿਹੇ ਸਪਤ ਸਾਗਰ ਵਿਚ ਇਸ਼ਨਾਨ ਕਰਨ ਨਾਲ ਪ੍ਰਾਣੀ ਨਿਰਮਲ ਹੋ ਜਾਂਦਾ ਹੈ। ਜੋ ਉਹ ਇੱਛਦਾ ਹੈ ਉਸੇ ਫ਼ਲ ਦੀ ਉਸ ਨੂੰ ਪ੍ਰਾਪਤੀ ਹੁੰਦੀ ਹੈ।[7]

ਗੁਰ ਸਮਾਨਿ ਤੀਰਥੁ ਨਹੀ ਕੋਇ ॥
ਸਰੁ ਸੰਤੋਖੁ ਤਾਸੁ ਗੁਰੁ ਹੋਇ ॥੧॥ ਰਹਾਉ ॥
ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ ॥
ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ ॥੨॥ (ਪੰਨਾ ੧੩੨੮)
ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ ॥ (ਪੰਨਾ ੪੩੭)

ਜਦੋਂ ਜਗਿਆਸੂ ਸੰਗਤ ਵਿਚ ਬੈਠ ਕੇ ਨਾਮ ਸਿਮਰਨ ਕਰਦਾ ਹੈ ਅਤੇ ਗੁਰੂ ਦਰਸ ਪ੍ਰਾਪਤ ਕਰਦਾ ਹੈ ਤਾਂ ਉਸ ਨੂੰ ਅਠਸਠ ਤੀਰਥਾਂ ਦੀ ਯਾਤਰਾ ਜਾਂ ਇਸ਼ਨਾਨ ਦਾ ਫ਼ਲ ਪ੍ਰਾਪਤ ਹੋ ਜਾਂਦਾ ਹੈ :

ਸੰਤ ਜਨਾ ਮਿਲੁ ਸੰਗਤੀ ਗੁਰਮੁਖਿ ਤੀਰਥੁ ਹੋਇ ॥
ਅਠਸਠਿ ਤੀਰਥ ਮਜਨਾ ਗੁਰ ਦਰਸੁ ਪਰਾਪਤਿ ਹੋਇ ॥ (ਪੰਨਾ ੫੯੭)

ਸੋ ਗੁਰੂ ਸਾਰੇ ਤੀਰਥਾਂ ਤੋਂ ਸ੍ਰੇਸ਼ਟ ਤੀਰਥ ਹੈ।

ਸਿੱਖ ਧਰਮ ਵਿਚ ਪ੍ਰਭੂ ਦੇ ਨਾਮ ਦੀ ਅਪਾਰ ਮਹਿਮਾ ਦੱਸੀ ਹੈ ਤੇ ਨਾਮ ਜਪਣਾ ਸ੍ਰੇਸ਼ਟ ਕਰਮ। ਜਿਸ ਵਸਤੂ ਦੀ ਪ੍ਰਾਪਤੀ ਅਸੰਭਵ ਜਾਪੇ, ਨਾਮ ਜਪਣ ਨਾਲ ਉਹ ਪ੍ਰਾਪਤ ਹੋ ਜਾਂਦੀ ਹੈ ਕਿਉਂਕਿ ਨਾਮ ਸਰਬ ਸੁਖਾਂ ਦਾ ਦਾਤਾ ਹੈ। ਨਾਮ ਤੀਰਥ ਹੈ। ਤੀਰਥ ਗੁਰੂ ਦੇ ਸ਼ਬਦ ਦੀ ਵਿਚਾਰ ਹੈ। ਇਸ ਵਿਚਾਰ ਨਾਲ ਅੰਤਰ-ਗਿਆਨ ਪ੍ਰਤੱਖ ਹੁੰਦਾ ਹੈ। ਗੁਰੂ ਗਿਆਨ ਹੀ ਸੱਚਾ ਤੀਰਥ ਅਸਥਾਨ ਹੈ।

ਇਹੋ ਹੀ ਦਸ ਪੁਰਬ[8] ਹਨ ਤੇ ਦੁਸਹਿਰਾ ਹੈ। ਨਾਮ ਅਜਿਹਾ ਤੀਰਥ ਹੈ ਜਿਥੇ ਜੀਵਾਤਮਾ ਹਰ ਵੇਲੇ ਇਸ਼ਨਾਨ ਕਰਦੀ ਰਹਿ ਸਕਦੀ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ:

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥
ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥ (ਪੰਨਾ ੬੮੭)

ਗੁਰੂ ਸਾਹਿਬ ਨੇ ਬੜੇ ਸੋਹਣੇ ਤੇ ਸਪੱਸ਼ਟ ਸ਼ਬਦਾਂ ਵਿਚ ਨਾਮ ਤੀਰਥ ਨੂੰ ਹੋਰ ਸ਼ਬਦਾਂ ਵਿਚ ਪੇਸ਼ ਕੀਤਾ ਹੈ ਕਿ ਸਾਰੇ ਕਿਲਵਿਖ ਕੱਟਣ ਵਾਲਾ ਹਰਿ ਜੀ ਦਾ ਨਾਮ ਹੀ ਅਠਸਠ ਤੀਰਥ ਹੈ:

ਅਠਸਠਿ ਤੀਰਥ ਹਰਿ ਨਾਮੁ ਹੈ ਕਿਲਵਿਖ ਕਾਟਣਹਾਰਾ ॥ (ਪੰਨਾ ੧੦੦੯)

ਕਿਉਂਕਿ ਜਤ-ਸਤ ਤੀਰਥ ਆਦਿ ਨਾਮ ਜਪਣਾ ਹੈ। ਜਾਂ ਇਉਂ ਆਖ ਲਈਏ ਨਾਮ ਤੀਰਥ ਵਿਚ ਮਨ ਦਾ ਇਸ਼ਨਾਨ ਹੀ ਸੱਚਾ ਤੀਰਥ ਇਸ਼ਨਾਨ ਹੈ:

ਜਤੁ ਸਤੁ ਤੀਰਥੁ ਮਜਨੁ ਨਾਮਿ॥ (ਪੰਨਾ ੧੫੩)

ਗੁਰੂ ਨਾਨਕ ਸਾਹਿਬ ਮਾਨਵ ਨੂੰ ਆਪਣੇ ਅੰਦਰਲੇ ਤੀਰਥ (ਨਾਮ) ਸਰੋਵਰ ਵਿਚ ਇਸ਼ਨਾਨ ਕਰਨ ਦਾ ਉਪਦੇਸ਼ ਕਰਦੇ ਹਨ ਤੇ ਉਹ ਸਥਾਨ ਸਾਧਸੰਗਤ ਹੈ ਜਿਥੇ ਸੱਚਾ ਤੀਰਥ ਸਤਿਗੁਰੂ ਦਾ ਦਰਸ ਹੈ, ਜੋ ਜਗਿਆਸੂ ਨੂੰ ਆਪਣੇ ਉਪਦੇਸ਼ ਰੂਪੀ ਸੱਚੇ ਤੀਰਥ ਵਿਚ ਇਸ਼ਨਾਨ ਕਰਵਾ ਕੇ ਨਾਮ-ਤੀਰਥ 'ਤੇ ਪਹੁੰਚਾ ਦਿੰਦਾ ਹੈ, ਜਿਥੇ ਪੁੱਜ ਕੇ ਜੀਵ ਨਾਮ-ਅੰਮ੍ਰਿਤ ਸਰ ਵਿਚ ਅਨਦਿਨ ਇਸ਼ਨਾਨ ਕਰ ਕੇ ਨਾਮੀ ਵਿਚ ਜਾ ਸਮਾਉਂਦਾ ਹੈ। ਤੀਰਥ ਜਗਿਆਸੂ ਦੀ ਆਪੇ ਤੋਂ ਵਾਹਿਗੁਰੂ ਤਕ ਦੀ ਯਾਤਰਾ ਹੈ।

ਹਵਾਲੇ ਤੇ ਟਿੱਪਣੀਆਂ

1. ਵਿਸਥਾਰ ਲਈ ਦੇਖੋ *Encylopaedia of Religion and Ethics.*
2. *ਮਹਾਨ ਕੋਸ਼*, ਭਾਈ ਕਾਨ੍ਹ ਸਿੰਘ ਨਾਭਾ।
3. *ਨਾਲੰਦਾ ਵਿਸ਼ਾਲ ਸ਼ਬਦ ਸਾਹਾਰ* (ਹਿੰਦੀ)।
4. ਅਠਾਹਠ ਤੀਰਥ ਇਹ ਹਨ: 1. ਓਅੰਕਾਰ, 2. ਅਯੁੱਧਿਆ, 3. ਅਵੰਤਿਕਾ, 4. ਐਰਾਵਤੀ, 5. ਕਪਾਲ ਮੋਚਨ, 6. ਕਪਿਲੋਦਕ, 7. ਕਾਸ਼ੀ, 8. ਕਾਂਚੀ, 9. ਕਾਲੰਜਰ, 10. ਕਾਵੇਰੀ, 11. ਕੁਰੂਕਸ਼ੇਤਰ, 12. ਕੇਦਾਰ ਨਾਥ, 13. ਕੋਸ਼ਕੀ, 14. ਗਯਾ, 15. ਗੋਕਰਣ, 16. ਗੋਦਾਵਰੀ, 17. ਗੋਮਤੀ, 18. ਗੋਵਰਧਨ, 19. ਗੰਗਾ ਸਾਗਰ, 20. ਗੰਡਕਾ, 21. ਘਰ ਘਰਾ, 22. ਚਰਮੰਤਵੀ, 23. ਚਿਤ੍ਰਕੂਟ, 24. ਚੰਦ੍ਰਭਗਾ, 25. ਜਗਨਨਾਥ, 26. ਜਵਾਲਾ ਮੁਖੀ, 27. ਤਪਤੀ, 28. ਤਾਮਰ ਪਰਣੀ, 29. ਤੁੰਗ ਭਦ੍ਰਾ, 30. ਦਸ਼ਾਸ਼ਮੇਧ, 31. ਦ੍ਰਿਸ਼ਟਵਤੀ, 32. ਦਵਾਰਕਾ, 33. ਧਾਰਾ, 34. ਨਰਮਦਾ, 35. ਨਾਗ ਤੀਰਥ, 36. ਨੇਮਿਸ, 37. ਪੁਸ਼ਕਰ, 38. ਪ੍ਰਯਾਗ—ਤ੍ਰਿਬੇਣੀ ਸੰਗਮ, 39. ਪ੍ਰਿਥੂਦਕ, 40. ਬਦਰੀ ਨਾਰਾਇਣ, 41. ਭਦਰੇਸ਼ਵਰ, 42. ਭੀਮੇਸ਼ਵਰ, 43. ਭ੍ਰਿਗੁਤੁੰਗ, 44. ਮਹਾਕਾਲ, 45. ਮਹਾਂ ਬੋਧ, 46. ਮਥੁਰਾ,

47. ਮਾਨਸਰੋਵਰ, 48. ਮਾਇਆਪੁਰੀ, 49. ਮੰਦਾਕਿਨੀ, 50. ਯਮੁਨਾ, 51. ਰਾਮੇਸ਼ਵਰਮ, 52. ਵਿਤਸਤਾ, 53. ਵਿਦਿਆ, 54. ਵਿਪਾਸ, 55. ਵਿਮਲੇਸ਼ੇਵਰ, 56. ਵੈਣਾ, 57. ਵੇਤ੍ਰਵਤੀ, 58. ਵੈਸ਼ਣਵੀ, 59. ਵੈਦਨਾਥ, 60. ਸ਼ਤਦਰੂ, 61. ਸਰਸਵਤੀ, 62, ਸੂਰਯੂ, 63. ਸਿੰਧੂ, 64. ਸ਼ਿੱਪ੍ਰਾ, 65. ਸ਼ੋਣ, 66, ਸ੍ਰੀ ਸ਼ੈਲ, 67. ਸ੍ਰੀ ਰੰਗ. 68. ਹਰਿਦੁਆਰ।

5. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹਨਾਂ ਵਿਚਾਰਾਂ ਨੂੰ ਦ੍ਰਿੜ੍ਹਾਇਆ ਗਿਆ ਹੈ:

੧. ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ (ਪੰਨਾ ੩੯)

੨. ਇਹੁ ਮਨੁ ਮੈਲਾ ਇਕੁ ਨ ਧਿਆਏ ॥
ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ ॥
ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ ॥ (ਪੰਨਾ ੧੧੬)

੩. ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥ (ਪੰਨਾ ੪੯੧)

੪. ਤੀਰਥ ਨਾਇ ਨ ਉਤਰਸਿ ਮੈਲੁ ॥ ਕਰਮ ਧਰਮ ਸਭਿ ਹਉਮੈ ਫੈਲੁ ॥
ਲੋਕ ਪਚਾਰੈ ਗਤਿ ਨਹੀ ਹੋਇ ॥ ਨਾਮ ਬਿਹੂਣੇ ਚਲਸਹਿ ਰੋਇ ॥ (ਪੰਨਾ ੮੯੦)

6. *ਜਪੁਜੀ*, ਵਿਨੋਭਾ ਭਾਵੇ, ਅਨੁਵਾਦਕ ਡਾ. ਸੀਤਾ ਰਾਮ ਕੋਹਲੀ, ਪੰਨੇ 61-62.

7. *ਗੁਰੂ ਨਾਨਕ ਦੀ ਵਿਚਾਰਧਾਰਾ*, ਡਾ. ਰਤਨ ਸਿੰਘ ਜੱਗੀ।

8. ਦਸ ਪੁਰਬ ਇਹ ਹਨ—ਅੱਠੇ, ਮੱਸਿਆ, ਸੰਗਰਾਂਦ, ਪੂਰਨਮਾਸ਼ੀ, ਉਤਰਾਇਣ, ਦਖਾਇਣ, ਵਾ ਯਾਤਿਪਾਤ, ਚੰਦ ਤੇ ਸੂਰਜ ਦੇ ਗ੍ਰਹਿਣ ਅਤੇ ਦੁਸਹਿਰਾ, ਜੇਠ ਸੁਦੀ ਦਸਵੀਂ ਨੂੰ ਆਖਦੇ ਹਨ ਜਦੋਂ ਦਸ ਪਾਪਾਂ ਨੂੰ ਨਾਸ਼ ਕਰਨ ਵਾਲੀ ਗੰਗਾ ਦਾ ਜਨਮ ਹੋਇਆ।

(11/1980)

ਗੁਰੂ ਨਾਨਕ ਚਿੰਤਨ ਦਾ ਤੁਲਨਾਤਮਕ ਅਧਿਐਨ

ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਮੇਂ ਤਕ ਭਾਰਤੀ ਧਰਮ ਦਰਸ਼ਨ ਦੇ ਸੋਮੇ ਸਨ—ਵੇਦ, ਉਪਨਿਸ਼ਦ, ਗੀਤਾ, ਬੁੱਧ ਧਰਮ, ਜੈਨ ਧਰਮ, ਇਸਲਾਮ, ਸੂਫ਼ੀਵਾਦ ਅਤੇ ਮੱਧਕਾਲ ਵਿਚ ਆਈ ਧਾਰਮਿਕ ਜਾਗ੍ਰਿਤੀ ਦੇ ਨੇਤਾ ਕਬੀਰ ਅਤੇ ਰਵਿਦਾਸ। ਗੁਰੂ ਸਾਹਿਬ ਨੇ ਸਮੂਹ ਧਰਮਾਂ ਤੇ ਦਰਸ਼ਨਾਂ ਨੂੰ ਸਮਝ ਕੇ ਇਹਨਾਂ ਦੇ ਉਹੀ ਪ੍ਰਭਾਵ ਕਬੂਲੇ ਜੋ ਉਸ ਸਮੇਂ ਦੀ ਅਤੇ ਆਉਣ ਵਾਲੀਆਂ ਸਦੀਆਂ ਵਿਚ ਮਾਨਵ ਮਾਤਰ ਨੂੰ ਇਕ ਜੀਵਨ ਮਾਰਗ ਦੱਸਣ ਵਿਚ ਸਹਾਈ ਹੋ ਸਕਦੇ ਸਨ। ਇਹਨਾਂ ਸਭ ਤੋਂ ਉੱਤੇ ਗੁਰੂ ਸਾਹਿਬ ਦਾ ਆਪਣਾ ਡੂੰਘਾ ਪਾਰਦਰਸ਼ੀ ਰੱਬੀ ਅਨੁਭਵ ਸੀ।

ਭਾਰਤੀ ਦਰਸ਼ਨ ਦੇ ਖੇਤਰ ਵਿਚ ਸਭ ਤੋਂ ਪੁਰਾਤਨ ਵੇਦ ਹਨ। ਵੇਦਾਂ ਵਿਚ ਬਹੁਤਾ ਆਰੀਆ ਲੋਕਾਂ ਦੀ ਮਨੁੱਖੀ ਹੋਂਦ ਦੇ ਭੇਦ ਅਤੇ ਪ੍ਰਾਕਿਰਤਕ ਸ਼ਕਤੀਆਂ ਪ੍ਰਤੀ ਵਿਸਮਾਦ ਅਤੇ ਭੈ ਦੇ ਅਨੁਭਵ ਦੇ ਪ੍ਰਤਿਕਰਮ ਜਾਂ ਕਾਵਿਕ ਪ੍ਰਗਟਾਉ ਮਿਲਦਾ ਹੈ। ਇਵੇਂ ਵੇਦ ਬਹੁ-ਦੇਵਵਾਦ, ਪ੍ਰਕਿਰਤੀਵਾਦ ਅਤੇ ਮਨੁੱਖਵਾਦ ਨਾਲ ਭਰਪੂਰ ਹਨ। ਇਹਨਾਂ ਦੀ ਵਿਚਾਰਧਾਰਾ ਜ਼ਿਆਦਾ ਅਦਵੈਤਵਾਦੀ ਹੈ ਅਤੇ ਇਹਨਾਂ ਵਿਚ ਪ੍ਰਾਰਥਨਾ ਤੇ ਧਾਰਮਿਕ ਰੀਤੀਆਂ ਨੂੰ ਕਾਫ਼ੀ ਮਹਾਨਤਾ ਦਿੱਤੀ ਗਈ ਹੈ। ਵੇਦਾਂ ਤੋਂ ਬਾਅਦ ਉਪਨਿਸ਼ਦ ਆਉਂਦੇ ਹਨ। ਉਪਨਿਸ਼ਦਾਂ ਵਿਚ ਗਿਆਨ ਤੱਤ ਦਾ ਜ਼ੋਰ ਹੈ। ਇਹਨਾਂ ਵਿਚ ਮਨੁੱਖੀ ਰੂਹ ਦੀ ਸਦੀਵਤਾ ਅਤੇ ਉਸ ਦੇ ਬ੍ਰਹਮ ਨਾਲ ਇਕ-ਮਿਕ ਹੋ ਜਾਣ ਉੱਤੇ ਜ਼ੋਰ ਹੈ। ਉਪਨਿਸ਼ਦਾਂ ਵਿਚ ਵਿਅਕਤਿਤਵ ਤੇ ਉਸ ਦੀਆਂ ਆਤਮਿਕ ਸ਼ਕਤੀਆਂ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ। ਚਾਰ ਭਾਗ ਹਨ—ਸਰੀਰਕ, ਚੇਤੰਨ, ਬੌਧਿਕ ਅਤੇ ਸਹਿਜ ਗਿਆਨ। ਇਹਨਾਂ ਵਿਚੋਂ ਸਹਿਜ ਗਿਆਨ ਨੂੰ ਹੀ ਪ੍ਰਭੂ ਨਾਲ ਮਿਲਾਪ ਦਾ ਵੱਡਾ ਸਾਧਨ ਦੱਸਿਆ ਗਿਆ ਹੈ। ਇਹਨਾਂ ਵਿਚ ਪਰਮਾਤਮਾ ਅਤੇ ਬ੍ਰਹਿਮੰਡ ਸੰਬੰਧੀ ਡੂੰਘਾ ਚਿੰਤਨ ਮਿਲਦਾ ਹੈ।

ਉਪਨਿਸ਼ਦਾਂ ਦੇ ਨਾਲ ਗੀਤਾ ਦਰਸ਼ਨ ਦਾ ਵੀ ਵਿਸ਼ੇਸ਼ ਮਹੱਤਵ ਹੈ। ਗੀਤਾ ਵਿਚ ਹਿੰਦੂ ਅਧਿਆਤਮਵਾਦ ਅਤੇ ਸਦਾਚਾਰ ਦੇ ਵਧਦੇ-ਫੁੱਲਦੇ ਜੀਵ-ਦੇਵ ਅਸਥਾਨ ਦੇ ਮੂਲ ਨੂੰ ਪ੍ਰਗਟ ਕੀਤਾ ਗਿਆ ਹੈ। ਗੀਤਾ ਦੇ ਬ੍ਰਹਿਮੰਡ ਸੰਬੰਧੀ ਵਿਚਾਰ ਇਕ ਈਸ਼ਵਰ-ਵਾਦੀ ਹਨ, ਪਰੰਤੂ ਇਥੇ ਉਪਨਿਸ਼ਦਾਂ ਦੇ ਵਿਚਾਰਾਂ ਨਾਲੋਂ ਇਹ ਫ਼ਰਕ ਹੈ ਕਿ ਜਿਥੇ ਉਪਨਿਸ਼ਦਾਂ ਵਿਚ ਪਰਮਾਤਮਾ ਨਿਰਾਕਾਰ ਹੈ, ਗੀਤਾ ਵਿਚ ਉਹ ਸਰੀਰਕ ਰੂਪ ਵਾਲਾ ਹੋ ਜਾਂਦਾ ਹੈ। ਗੀਤਾ ਦਰਸ਼ਨ ਅਵਤਾਰਵਾਦ ਦਾ ਧਾਰਨੀ ਹੈ ਅਤੇ ਇਸ ਵਿਚ ਸਮਾਜਿਕ ਪੱਧਰ 'ਤੇ ਕਰਮ ਨੂੰ ਵਡਿਆਇਆ ਗਿਆ ਹੈ।

ਗੀਤਾ ਦੇ ਨਾਲ ਬੁੱਧ ਮਤ ਅਤੇ ਜੈਨ ਮਤ ਆਉਂਦੇ ਹਨ। ਜੈਨ ਧਰਮ ਅਤੇ ਬੁੱਧ ਧਰਮ ਪਰਮਾਤਮਾ ਬਾਰੇ ਮੌਨ ਹਨ। ਇਹਨਾਂ ਦੋਹਾਂ ਵਿਚ ਮਨੁੱਖੀ ਯਤਨ ਨੂੰ ਹੀ ਮੁਕਤੀ ਦਾ ਸਾਧਨ

ਮੰਨਿਆ ਗਿਆ ਹੈ ਅਤੇ ਮਨੁੱਖੀ ਰਹਿਣ-ਸਹਿਣ ਦੀ ਪਵਿੱਤਰਤਾ ਨੂੰ ਉੱਚਾ ਦੱਸਿਆ ਹੈ। ਇਹਨਾਂ ਵਿਚ ਸਚਾਈ, ਸੇਵਾ, ਪਿਆਰ, ਨਿਰਲੇਪਤਾ ਅਤੇ ਅਹਿੰਸਾ ਨੂੰ ਜ਼ਿੰਦਗੀ ਵਿਚ ਵਿਸ਼ੇਸ਼ ਸਥਾਨ ਦਿੱਤਾ ਹੈ। ਬਾਕੀ ਬੁੱਧ ਅਤੇ ਜੈਨ ਮਤ ਡੂੰਘਾਈਆਂ ਵਿਚ ਤਿਆਗਵਾਦੀ ਹਨ ਅਤੇ ਦੂਜਾ ਪ੍ਰਭੂ ਦੀ ਹਸਤੀ ਬਾਰੇ ਮੌਨ ਰਹਿ ਕੇ ਨਾਸਤਿਕਤਾ ਦੀ ਸੀਮਾ ਨੂੰ ਛੋਹਣ ਕਰਕੇ ਜੀਵਨ ਪ੍ਰਤੀ ਮਾਯੂਸੀ ਨੂੰ ਵਧੇਰੇ ਜ਼ਾਹਰ ਕਰਦੇ ਹਨ। ਇਸੇ ਕਰਕੇ ਇਹ ਭਾਰਤ ਦੀ ਆਸਤਿਕ ਧਰਤੀ ਵਿਚ ਡੂੰਘੀ ਤਰ੍ਹਾਂ ਫੈਲ ਨਹੀਂ ਸਕੇ।

ਇਹਨਾਂ ਸਮੂਹ ਦਰਸ਼ਨਾਂ ਦਾ ਭਾਰਤ ਦੇ ਲੋਕਾਂ ਉੱਤੇ ਅਸਰ ਰਿਹਾ ਹੈ। ਪਰ ਅੰਤ ਜਾਤ-ਪਾਤ ਨਾਲ ਦੱਬਿਆ ਭਾਰਤੀ ਸਮਾਜ ਇਸਲਾਮੀ ਦਰਸ਼ਨ ਦੇ ਪ੍ਰਭਾਵ ਹੇਠ ਜਬਰੀ ਲਿਆਂਦਾ ਜਾਂਦਾ ਹੈ। ਇਸਲਾਮ ਦ੍ਵੈਤਵਾਦੀ ਹੈ ਅਤੇ ਪਰਮਾਤਮਾ ਦੀ ਸਰਬੋਤਮ ਹਸਤੀ ਉੱਤੇ ਬੜਾ ਜ਼ੋਰ ਦਿੰਦਾ ਹੈ। ਅਵਿਸ਼ਵਾਸੀਆਂ ਪ੍ਰਤੀ ਇਸਲਾਮ ਵਿਚ ਬਹੁਤ ਘਿਰਣਾ ਹੈ। ਇਸ ਵਿਚ ਮਨੁੱਖੀ ਸਮਾਨਤਾ ਨੂੰ ਥਾਂ ਦਿੱਤੀ ਗਈ ਹੈ ਪਰ ਇਸਤਰੀ ਪ੍ਰਤੀ ਇਸ ਵਿਚ ਰਵੱਈਆ ਕੋਈ ਅਗਾਂਹ-ਵਧੂ ਨਹੀਂ।

ਇਸਲਾਮ ਅਤੇ ਹਿੰਦੂ ਮਤ ਦੇ ਮੇਲ-ਮਿਲਾਪ ਤੋਂ ਮੱਧਕਾਲ ਵਿਚ ਨਵੀਂ ਜਾਗ੍ਰਿਤੀ ਆਈ ਜਿਸ ਦੇ ਪ੍ਰਤੀਕਰਮ ਵਜੋਂ ਭਗਤੀ ਲਹਿਰ ਨੇ ਜਨਮ ਲਿਆ। ਭਗਤੀ ਲਹਿਰ ਵਿਚ ਨਾਮਦੇਵ, ਰਵਿਦਾਸ ਅਤੇ ਕਬੀਰ ਦੇ ਨਾਂ ਪ੍ਰਮੁੱਖ ਹਨ। ਇਹਨਾਂ ਨੇ ਭਾਰਤੀ ਲੋਕਾਂ ਨੂੰ ਜਾਤ-ਪਾਤ ਅਤੇ ਊਚ-ਨੀਚ ਦੇ ਬੰਨੇ ਟੱਪ ਕੇ ਪ੍ਰੇਮ ਰਾਹੀਂ ਪ੍ਰਭੂ ਵਿਚ ਲੀਨ ਹੋਣ ਦੇ ਮਾਰਗ ਨੂੰ ਦੱਸਿਆ।

ਗੁਰੂ ਨਾਨਕ ਸਾਹਿਬ ਜਦ ਭਾਰਤੀ ਦਰਸ਼ਨ ਦੇ ਮੰਚ ਉੱਤੇ ਪ੍ਰਗਟ ਹੁੰਦੇ ਹਨ, ਉਦੋਂ ਭਗਤੀ ਲਹਿਰ ਦਾ ਜ਼ੋਰ ਸੀ। ਉੱਤਰੀ ਅਤੇ ਦੱਖਣੀ ਭਾਰਤ ਵਿਚ ਭਗਤੀ ਦੇ ਤਰਾਨੇ ਗੂੰਜ ਰਹੇ ਸਨ, ਪਰ ਉਹਨਾਂ ਦਾ ਸ਼ੋਰ ਜ਼ਿਆਦਾ ਸੀ ਅਤੇ ਰਸਿਕਤਾ ਘੱਟ। ਗੁਰੂ ਸਾਹਿਬ ਨੇ ਆਪਣੇ ਨਵੇਂ ਇਲਾਹੀ ਗਿਆਨ ਨੂੰ ਪਹਿਲਾਂ ਦੇ ਵਿਰਸੇ ਵਿਚ ਮਿਲੇ ਸੋਮਿਆਂ ਨਾਲ ਜਾਂਚ-ਤੋਲ ਕੇ ਮੌਲਿਕ ਰੰਗ ਵਿਚ ਪੇਸ਼ ਕਰਨ ਦਾ ਬੀੜਾ ਚੁੱਕਿਆ। ਉਹਨਾਂ ਨੇ ਆਪਣੇ ਸਾਹਮਣੇ ਸਮੂਹ ਮਨੁੱਖ-ਜਾਤੀ ਦੇ ਕਲਿਆਣ ਨੂੰ ਰੱਖਿਆ। ਉਹਨਾਂ ਦਾ ਆਸ਼ਾ ਨੀਵੇਂ ਤੋਂ ਨੀਵੇਂ ਮਨੁੱਖ ਨੂੰ ਵੀ ਉੱਚਾ ਉਠਾਉਣਾ ਸੀ। ਜਿਨ੍ਹਾਂ ਨੂੰ ਅਸੀਂ ਨੀਚ ਕਹਿੰਦੇ ਹਾਂ, ਗੁਰੂ ਸਾਹਿਬ ਆਪਣਾ ਨਾਤਾ ਉਹਨਾਂ ਨਾਲ ਜੋੜਦਿਆਂ ਉਹਨਾਂ ਨੂੰ ਸਾਹਮਣੇ ਰੱਖ ਕੇ ਕਹਿੰਦੇ ਹਨ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥ (ਪੰਨਾ ੧੫)

ਇਸ ਮਹਾਨ ਕੰਮ ਨੂੰ ਸਿਰੇ ਚਾੜ੍ਹਨ ਲਈ ਉਚੇਚੇ ਬੌਧਿਕ ਯਤਨਾਂ ਦੀ ਲੋੜ ਸੀ। ਇਕ ਪਰਮਾਤਮਾ ਨੂੰ ਅਜਿਹੇ ਪੱਧਰ ਉੱਤੇ ਟਿਕਾਉਣਾ ਸੀ, ਜਿਸ ਦੀ ਉਚਾਈ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਬ੍ਰਹਿਮੰਡ ਨੂੰ ਇਤਨਾ ਵਿਸ਼ਾਲ ਤੇ ਵਿਰਾਟ ਦਿਖਾਉਣਾ ਸੀ ਜੋ ਅੱਗੇ ਕਦੇ ਨਾ ਵਿਖਾਇਆ ਗਿਆ ਹੋਵੇ। ਇਸ ਦੇ ਨਾਲ ਇਸ ਬ੍ਰਹਿਮੰਡ ਵਿਚ ਮਨੁੱਖੀ ਸਥਿਤੀ ਦੀ ਛਾਣ-ਬੀਣ ਕਰ ਕੇ ਪਰਮਾਤਮਾ ਨਾਲ ਮਿਲਾਪ ਹਾਸਲ ਕਰਨ ਦੇ ਸਾਧਨਾਂ ਨੂੰ ਸਪੱਸ਼ਟ ਕਰਨਾ ਜ਼ਰੂਰੀ ਸੀ। ਫਿਰ ਅਜਿਹੇ ਸਮਾਜ ਦੀ ਰੂਪ-ਰੇਖਾ ਵੀ ਪੇਸ਼ ਕਰਨੀ ਸੀ ਜੋ ਆਤਮਾ ਅਤੇ ਪਰਮਾਤਮਾ ਦੇ

ਮੇਲ ਵਿਚ ਸਹਾਈ ਹੋ ਸਕੇ। ਗੁਰੂ ਸਾਹਿਬ ਨੇ ਇਸ ਸਭ ਕੁਝ ਨੂੰ ਆਪਣਾ ਉਦੇਸ਼ ਮਿਥ ਕੇ ਬੀੜਾ ਚੁੱਕ ਲਿਆ ਅਤੇ ਇਸੇ ਕਰਕੇ ਉਹਨਾਂ ਦੇ ਚਿੰਤਨ ਵਿਚ ਸਦੀਵੀ ਤੱਤ ਆ ਗਏ ਹਨ।

ਸਭ ਤੋਂ ਪਹਿਲਾਂ ਗੁਰੂ ਸਾਹਿਬ ਨੇ ਪਰਮਾਤਮਾ ਨੂੰ ਇਕ ਮੰਨਿਆ ਹੈ ਅਤੇ ਉਸ ਨੂੰ ਇਕ ਅਜਿਹੇ ਪੱਧਰ ਉੱਤੇ ਟਿਕਾਇਆ ਹੈ, ਜਿਥੇ ਕੋਈ ਵੀ ਪਹਿਲਾਂ ਪੁਰਾਣਾ ਧਰਮ ਅਤੇ ਦਾਰਸ਼ਨਿਕ ਗ੍ਰੰਥ ਨਹੀਂ ਟਿਕਾ ਸਕਿਆ। ਅਕਾਲ ਪੁਰਖ ਦੀ ਜਿਤਨੀ ਸੰਪੂਰਨ ਰੂਪ ਰੇਖਾ ਉਸ ਦੇ ਰੂਪ-ਰੇਖਾ ਤੋਂ ਬਾਹਰ ਹੋਣ 'ਤੇ ਵੀ ਗੁਰੂ ਸਾਹਿਬ ਨੇ ਉਲੀਕੀ ਹੈ ਉਤਨੀ ਹੋਰ ਕੋਈ ਨਹੀਂ ਖਿੱਚ ਸਕਿਆ। ਜਪੁਜੀ ਸਾਹਿਬ ਦੇ ਮੁੱਖ ਵਿਚ ਲਿਖਿਆ ਹੈ:

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ (ਪੰਨਾ ੧)

ਗੁਰੂ ਸਾਹਿਬ ਅਨੁਸਾਰ ਪ੍ਰਭੂ ਇਕ ਅਤੇ ਸਭ ਤੋਂ ਉੱਚਾ ਹੈ। ਉਹ ਸਰਗੁਣ-ਨਿਰਗੁਣ ਹੈ। ਉਹ ਆਪਣੇ ਆਪ ਤੇ ਸਾਰੀਆਂ ਵਸਤੂਆਂ ਦਾ ਕਰਤਾ ਹੈ।

ਪ੍ਰਭੂ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਅਤੇ ਇਹ ਬ੍ਰਹਿਮੰਡ ਕੋਈ ਭੁਲੇਖਾ ਨਹੀਂ, ਇਕ ਹਕੀਕਤ ਹੈ। ਬ੍ਰਹਿਮੰਡ ਦੀ ਵਿਸ਼ਾਲਤਾ ਨੂੰ ਮਾਪਣਾ ਕਠਿਨ ਹੈ। ਉਹ ਫ਼ੁਰਮਾਉਂਦੇ ਹਨ:

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥ (ਪੰਨਾ ੫)

ਗੁਰੂ ਸਾਹਿਬ ਹੋਰ ਫ਼ੁਰਮਾਉਂਦੇ ਹਨ ਕਿ ਜੀਵ ਇਸ ਵਿਸ਼ਾਲ ਬ੍ਰਹਿਮੰਡ ਵਿਚ ਜਨਮ ਲੈ ਕੇ ਹਉਮੈ ਦਾ ਸ਼ਿਕਾਰ ਹੋ ਕੇ ਮਾਇਆ ਵਿਚ ਲਿਪਤ ਹੋ ਕੇ ਪ੍ਰਭੂ ਪਰਮਾਤਮਾ ਨੂੰ ਭੁੱਲ ਜਾਂਦਾ ਹੈ। ਜੀਵ ਪਰਮਾਤਮਾ ਨੂੰ ਇਸ ਸਰੀਰ ਵਿਚ ਹੀ ਪ੍ਰਾਪਤ ਕਰ ਸਕਦਾ ਹੈ ਜੇ ਮਨੁੱਖੀ ਮਨ ਨੂੰ ਪਰਮਾਤਮਾ ਦੀ ਰਜ਼ਾ ਦਾ ਗ਼ੁਲਾਮ ਬਣਾ ਲਿਆ ਜਾਵੇ। 'ਰਾਜੀ ਬਰ ਰਜ਼ਾ' ਦੀ ਅਵਸਥਾ ਵਿਚ ਨੇਕੀ, ਪਿਆਰ ਅਤੇ ਸੇਵਾ ਦੀ ਭਾਵਨਾ ਮਨੁੱਖ ਵਿਚ ਆਪ-ਮੁਹਾਰੇ ਪੈਦਾ ਹੁੰਦੀ ਹੈ। ਪ੍ਰਭੂ ਨਾਲ ਮੇਲ ਹਾਸਲ ਕਰਨ ਲਈ ਕੇਵਲ ਤੀਰਥ-ਯਾਤਰਾ, ਧਾਰਮਿਕ ਰੀਤੀਆਂ ਅਤੇ ਘੋਰ ਤਪੱਸਿਆ ਹੀ ਸਹਾਈ ਨਹੀਂ ਹੁੰਦੀ, ਇਹਨਾਂ ਨਾਲ ਤਾਂ ਕਈ ਵੇਰ ਮਾਯੂਸੀ ਵਧ ਜਾਂਦੀ ਹੈ। 'ਆਸਾ ਦੀ ਵਾਰ' ਵਿਚ ਗੁਰੂ ਸਾਹਿਬ ਇਹਨਾਂ ਭਰਮਾਂ ਵਿਰੁੱਧ ਭਰਵੀਂ ਆਵਾਜ਼ ਉਠਾਉਂਦੇ ਹਨ।

ਇਥੇ ਇਕ ਗੱਲ ਸਪੱਸ਼ਟ ਰੂਪ ਵਿਚ ਸਮਝ ਲੈਣੀ ਚਾਹੀਦੀ ਹੈ ਕਿ ਗੁਰੂ ਸਾਹਿਬ ਦੇ ਵਿਚਾਰ ਵੇਦਾਂ, ਉਪਨਿਸ਼ਦਾਂ ਵਿਚ ਦੱਸੇ ਗਏ ਹਿੰਦੂ ਧਰਮ ਦੇ ਵਿਚਾਰਾਂ ਨਾਲੋਂ ਬਹੁਤ ਵੱਖਰੇ ਹਨ। ਗੁਰੂ ਸਾਹਿਬ ਪੂਰਨ ਤੌਰ 'ਤੇ ਇਕ-ਈਸ਼ਵਰਵਾਦੀ ਹਨ। ਵੇਦ ਬਹੁ-ਦੇਵਵਾਦੀ ਹਨ, ਭਾਵੇਂ ਈਸ਼ਵਰ ਉੱਤੇ ਵੀ ਇਹਨਾਂ ਵਿਚ ਗਿਆਨ-ਚਰਚਾ ਮਿਲਦੀ ਹੈ। ਬਹੁ-ਦੇਵਵਾਦ ਪਰਮਾਤਮਾ ਦੀ ਵਿਸ਼ਾਲਤਾ ਵਿਚ ਰੁਕਾਵਟ ਪਾਉਂਦਾ ਹੈ, ਜਦ ਕਿ ਇਕ-ਈਸ਼ਵਰਵਾਦ ਦਾ ਮਨੋਰਥ ਪਰਮਾਤਮਾ ਦੀ ਵਿਸ਼ਾਲਤਾ ਤੇ ਡੂੰਘਾਈ ਨੂੰ ਪ੍ਰਗਟ ਕਰਨਾ ਹੈ। ਗੁਰੂ ਸਾਹਿਬ ਨੇ ਪਰਮਾਤਮਾ ਅਤੇ ਸਚਾਈ

ਨੂੰ ਇਕ-ਮਿਕ ਕਰ ਦਿੱਤਾ ਹੈ ਅਤੇ ਗੀਤਾ ਵਾਂਗ ਪਰਮਾਤਮਾ ਨੂੰ ਸਰੀਰਕ ਰੂਪ ਦੇਣ ਦੀ ਭੁੱਲ ਨਹੀਂ ਕੀਤੀ।

ਗੁਰੂ ਸਾਹਿਬ ਨੇ ਪ੍ਰਭੂ ਮਿਲਾਪ ਲਈ ਗੁਰੂ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਹੈ ਅਤੇ ਗੁਰੂ ਨੂੰ ਪ੍ਰਭੂ ਮਿਲਾਪ ਲਈ ਸਾਧਨ ਮੰਨਿਆ ਹੈ। ਗੁਰੂ ਨਾਮ ਰੂਪੀ ਸ਼ਬਦ ਦਾ ਗਿਆਤਾ ਹੈ। ਨਾਮ ਜਪ ਕੇ ਸ਼ਬਦ ਦਾ ਗਿਆਨ ਅੰਤਰ ਸੁਰਤ ਨੂੰ ਪ੍ਰਭੂ ਨਾਲ ਜੋੜਦਾ ਹੈ। ਨਾਮ ਇਵੇਂ ਜੀਵ ਪਰਮਾਤਮਾ ਨੂੰ ਜੋੜਨ ਦਾ ਧੁਰਾ ਬਣ ਜਾਂਦਾ ਹੈ। ਗੁਰੂ ਸਾਹਿਬ ਨੇ ਗੁਰੂ ਦੀ ਸਰੀਰਕ ਰੂਪ ਵਿਚ ਪੂਜਾ ਨੂੰ ਵਰਜਿਆ ਹੈ। ਉਹਨਾਂ ਅਨੁਸਾਰ ਗੁਰੂ ਸਰੀਰ-ਰੂਪ ਨਹੀਂ ਸਗੋਂ ਸ਼ਬਦ-ਰੂਪ ਹੈ। ਗੁਰੂ ਦਾ ਸ਼ਬਦ ਨਾਮ ਬਣ ਕੇ ਮਾਨਵ ਕਲਿਆਣ ਦਾ ਕਾਰਣ ਬਣਦਾ ਹੈ। ਇਵੇਂ ਨਾਮ ਦਾ ਸਿਮਰਨ ਜੀਵਨ ਵਿਚ ਪ੍ਰਭੂ ਨਾਲ ਜੋੜਨ ਦਾ ਸਰਬੋਤਮ ਸਾਧਨ ਬਣ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਨੂੰ ਉਪਨਿਸ਼ਦਾਂ ਵਾਲੀ ਬੌਧਿਕਤਾ ਜ਼ਿਆਦਾ ਚੰਗੀ ਨਹੀਂ ਲੱਗਦੀ। ਉਹਨਾਂ ਦੀ ਧਾਰਨਾ ਹੈ ਕਿ ਨਾਮ ਜਪਣ ਰਾਹੀਂ ਆਤਮਾ ਪਰਮਾਤਮਾ ਦੇ ਮੇਲ ਨਾਲ ਬ੍ਰਹਿਮੰਡ ਦੀ ਵਿਸ਼ਾਲਤਾ ਦਾ ਗਿਆਨ ਆਪਣੇ ਆਪ ਹੀ ਹੋ ਜਾਂਦਾ ਹੈ।

ਗੁਰੂ ਸਾਹਿਬ ਨੇ ਸਦਾਚਾਰਕ ਪੱਧਰ 'ਤੇ ਵਿਸ਼ਵਾਸ, ਸੰਤੋਖ ਤੇ ਨੇਮ ਕੰਮਾਂ ਉੱਤੇ ਜ਼ੋਰ ਦਿੱਤਾ ਹੈ। ਉਹਨਾਂ ਨੇ ਸੰਸਾਰ ਵਿਚ ਰਹਿੰਦਿਆਂ ਕੰਵਲ ਫੁੱਲ ਵਾਂਗ ਨਿਰਲੇਪ ਰਹਿਣ ਦਾ ਉਪਦੇਸ਼ ਦਿੱਤਾ ਹੈ। ਬੁੱਧ ਦਾ ਸਦਾਚਾਰਕ ਪ੍ਰਬੰਧ ਗੁਰੂ ਸਾਹਿਬ ਦੇ ਸਦਾਚਾਰਕ ਪ੍ਰਬੰਧ ਨਾਲ ਜ਼ਰੂਰ ਮਿਲਦਾ ਹੈ ਪਰ ਗੁਰੂ ਸਾਹਿਬ ਨੇ ਨਾਮ ਰਾਹੀਂ ਭਗਤੀ 'ਤੇ ਵੀ ਜ਼ੋਰ ਦਿੱਤਾ ਹੈ।

ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਅਜਿਹੇ ਸਮਾਜ ਦਾ ਚਿੱਤਰ ਖਿੱਚਿਆ ਹੈ, ਜਿਹੜਾ ਆਤਮਾ ਪਰਮਾਤਮਾ ਦੇ ਮੇਲ ਪ੍ਰਾਪਤ ਕਰਨ ਲਈ ਆਦਰਸ਼ਕ ਵਾਤਾਵਰਣ ਪੇਸ਼ ਕਰਦਾ ਹੈ। ਇਹ ਸਮਾਜ ਲੋਕਾਂ ਦਾ ਸਮਾਜ ਹੈ। ਇਹ ਉਹ ਜਨਤਾ ਹੈ ਜਿਹੜੀ ਪਰਮਾਤਮਾ ਨੂੰ ਪਿਤਾ ਮੰਨ ਕੇ ਮਨੁੱਖੀ ਸਮਾਨਤਾ ਵਿਚ ਯਕੀਨ ਰੱਖਦੀ ਹੈ। ਗੁਰੂ ਸਾਹਿਬ ਨੇ ਇਸ ਲਈ ਮਿਹਨਤ-ਕਸ਼ਾਂ ਦੇ ਚਿੰਨ੍ਹ ਬੜੇ ਆਦਰ ਨਾਲ ਵਰਤੇ ਹਨ:

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥ (ਪੰਨਾ ੫੯੫)

ਗੁਰੂ ਸਾਹਿਬ ਦੀ ਸਿਫ਼ਤ ਹੈ ਕਿ ਉਹਨਾਂ ਨੇ ਜ਼ਾਤੀ ਜੀਵਨ ਵਿਚ ਵੀ ਕਿਰਤ ਅਤੇ ਭਗਤੀ ਦੇ ਸੰਜੋਗ ਦਾ ਅਮਲੀ ਰੂਪ ਪੇਸ਼ ਕੀਤਾ ਹੈ। ਉਹਨਾਂ ਨੇ ਹੱਟੀ, ਵਾਹੀ, ਚਾਕਰੀ ਸਭ ਕੁਝ ਕਰਦਿਆਂ ਪ੍ਰਭੂ ਦੀ ਯਾਦ ਦੇ ਕਰਤੱਵ ਨੂੰ ਨਿਭਾ ਕੇ ਦੱਸਿਆ ਹੈ।

ਗੁਰੂ ਸਾਹਿਬ ਉਹਨਾਂ ਸਾਰੀਆਂ ਕੁਰੀਤਾਂ ਅਤੇ ਚੀਜ਼ਾਂ ਦੇ ਵਿਰੁੱਧ ਸਨ ਜੋ ਸਮਾਜ ਦੀ ਉੱਨਤੀ ਦੇ ਰਸਤੇ ਵਿਚ ਰੁਕਾਵਟ ਸਨ। ਉਹਨਾਂ ਨੇ ਜਾਤ-ਪਾਤ, ਊਚ-ਨੀਚ, ਜੂਠ, ਸੁੱਚ ਅਤੇ ਹੋਰ ਅਕਾਰਥ ਭਰਮਾਂ ਉੱਤੇ ਡੂੰਘੀ ਚੋਟ ਲਾਈ ਹੈ। ਉਹ ਬਾਹਰ ਦੀ ਪਵਿੱਤਰਤਾ ਨਾਲੋਂ ਅੰਦਰ ਦੀ ਪਵਿੱਤਰਤਾ ਉੱਤੇ ਵਧੇਰੇ ਜ਼ੋਰ ਦਿੰਦੇ ਹਨ।

ਗੁਰੂ ਸਾਹਿਬ ਮਨੁੱਖ ਦੀ ਆਜ਼ਾਦੀ ਦੇ ਹਾਮੀ ਹਨ। ਉਹਨਾਂ ਨੇ ਆਪਣੇ ਸਮੇਂ ਦੇ ਮੁਗ਼ਲ

ਹੁਕਮਰਾਨਾਂ ਦੇ ਜ਼ੁਲਮ ਵਿਰੁੱਧ ਭਰਪੂਰ ਆਵਾਜ਼ ਉਠਾਈ ਸੀ। ਨਿਹੱਥੇ ਅਤੇ ਨਿਮਾਣੇ ਭਾਰਤੀਆਂ ਉੱਤੇ ਹੁੰਦੇ ਜ਼ੁਲਮਾਂ ਨੂੰ ਦੇਖ ਕੇ ਉਹਨਾਂ ਦੀ ਹਮਦਰਦੀ ਫੁੱਟ ਪੈਂਦੀ ਹੈ। ਘੋਰ ਜ਼ੁਲਮ ਦੇ ਸਾਹਮਣੇ ਵੀ ਉਹ ਨਿਰਾਸ਼ ਨਹੀਂ ਹੋਏ। ਉਹਨਾਂ ਦਾ ਵਿਸ਼ਵਾਸ ਸੀ ਕਿ ਸਭ ਕੁਝ ਠੀਕ ਕਰਨਾ ਜ਼ਰੂਰੀ ਹੈ। ਮੁਸਲਮਾਨ ਜੋ ਜ਼ੁਲਮ ਨੂੰ ਹੀ ਸੱਚਾ ਮੁਸਲਮਾਨ ਬਣਨ ਲਈ ਜ਼ਰੂਰੀ ਸਮਝਦੇ ਸਨ, ਨੂੰ ਗੁਰੂ ਸਾਹਿਬ ਸਮਝਾਉਂਦੇ ਹਨ ਕਿ ਸੱਚਾ ਮੁਸਲਮਾਨ ਉਹ ਨਹੀਂ, ਜੋ ਰਾਜ-ਮਦ ਦੇ ਨਸ਼ੇ ਵਿਚ ਜ਼ੁਲਮ ਕਰਦਾ ਹੈ ਸਗੋਂ ਸੱਚਾ ਮੁਸਲਮਾਨ ਬਣਨ ਲਈ ਤਾਂ ਜ਼ਰੂਰੀ ਹੈ ਕਿ ਰਹਿਮ ਨੂੰ ਮਸੀਤ, ਵਿਸ਼ਵਾਸ ਨੂੰ ਦਰੀ, ਦਿਆਨਤਦਾਰੀ ਵਾਲੇ ਰਹਿਣ-ਸਹਿਣ ਨੂੰ ਕੁਰਾਨ ਸ਼ਰੀਫ਼, ਨਿਮਰਤਾ ਨੂੰ ਸੁੰਨਤ ਅਤੇ ਈਮਾਨਦਾਰ ਰਵੱਈਏ ਨੂੰ ਰੋਜ਼ਾ ਸਮਝਿਆ ਜਾਵੇ।

ਗੁਰੂ ਨਾਨਕ ਚਿੰਤਨ ਵਿਚ ਇਸਤਰੀ ਦਾ ਪੂਰਾ ਸਤਿਕਾਰ ਮਿਲਦਾ ਹੈ। ਇਸਤਰੀ ਨੂੰ ਉਹਨਾਂ ਤੋਂ ਪਹਿਲੇ ਨੀਵਾਂ ਸਮਝਿਆ ਗਿਆ ਸੀ। ਗੁਰੂ ਸਾਹਿਬ ਨੇ ਉਹਨਾਂ ਸਾਰੇ ਭਰਮਾਂ ਨੂੰ ਦੂਰ ਕੀਤਾ ਹੈ ਜਿਹੜੇ ਇਸਤਰੀ ਨੂੰ ਜਾਦੂਗਰਨੀ, ਮਨਮੋਹਣੀ ਆਦਿ ਸਮਝ ਕੇ ਉਸ ਦੇ ਦੁਆਲੇ ਬੁਣੇ ਗਏ ਸਨ। ਉਹਨਾਂ ਨੇ ਇਸਤਰੀ ਦੇ ਹੱਕ ਵਿਚ ਆਵਾਜ਼ ਉਠਾਉਂਦਿਆਂ ਲਿਖਿਆ ਸੀ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ *(ਪੰਨਾ ੪੭੩)*

ਗੁਰੂ ਸਾਹਿਬ ਨੇ ਇਸਤਰੀ ਜਾਤੀ ਦਾ ਇਤਨਾ ਸਤਿਕਾਰ ਕੀਤਾ ਹੈ ਕਿ ਉਹਨਾਂ ਨੇ ਰਵਾਇਤੀ ਭਾਰਤੀ ਕਰਤਾ ਤੇ ਇਸਤਰੀ ਦੇ ਰਿਸ਼ਤੇ ਨੂੰ ਆਤਮਾ ਤੇ ਪਰਮਾਤਮਾ ਦੇ ਮੇਲ ਨੂੰ ਬਿਆਨ ਕਰਨ ਲਈ ਚਿੰਨ੍ਹਾਤਮਕ ਤੌਰ 'ਤੇ ਵਰਤਿਆ ਹੈ।

ਸੰਖੇਪ ਵਿਚ ਗੁਰੂ ਨਾਨਕ ਸਾਹਿਬ ਨੇ ਜੀਵਨ ਪ੍ਰਤੀ ਇਕ ਸੰਪੂਰਣ ਦ੍ਰਿਸ਼ਟੀਕੋਣ ਅਪਣਾਇਆ ਹੈ। ਉਹਨਾਂ ਇਕ ਪਰਮਾਤਮਾ ਦੀ ਅਸਲੀਅਤ ਨੂੰ ਦ੍ਰਿੜ੍ਹਾਇਆ ਹੈ ਅਤੇ ਬ੍ਰਹਿਮੰਡ ਨੂੰ ਉਸ ਦੀ ਮਾਇਆ ਮੰਨਿਆ ਹੈ। ਮਨੁੱਖ ਦੀ ਆਤਮਾ ਨੂੰ ਪ੍ਰਭੂ ਦਾ ਅੰਸ਼ ਦੱਸਦਿਆਂ ਸਪੱਸ਼ਟ ਕੀਤਾ ਹੈ ਕਿ ਇਹ ਸੰਸਾਰ ਦੀ ਮਾਇਆ ਵਿਚ ਮਨ ਪਿੱਛੇ ਲੱਗ ਕੇ ਆਪਣੇ ਅਸਲੇ ਤੋਂ ਟੁੱਟੀ ਹੋਈ ਹੈ। ਜੀਵਾਤਮਾ ਦਾ ਅਸਲੀ ਮਨੋਰਥ ਪ੍ਰਭੂ ਨਾਲ ਏਕਤਾ ਹੈ, ਜਿਸ ਨੂੰ ਉਹਨਾਂ ਸਹਿਜ ਅਵਸਥਾ ਜਾਂ ਸੱਚਖੰਡ ਦੀ ਅਵਸਥਾ ਦੱਸਿਆ ਹੈ। ਇਸ ਅਵਸਥਾ ਦੀ ਪ੍ਰਾਪਤੀ ਲਈ ਸਭ ਤੋਂ ਪਹਿਲਾਂ ਗੁਰੂ ਦੀ ਸ਼ਰਨ ਵਿਚ ਜਾਣ ਦੀ ਲੋੜ ਹੈ, ਜੋ ਸ਼ਬਦ ਰਾਹੀਂ ਸੱਚ ਦਾ ਗਿਆਨ ਦੇ ਸਕਦਾ ਹੈ ਅਤੇ ਨਾਮ ਮਾਰਗ ਦੇ ਰਸਤੇ 'ਤੇ ਤੋਰ ਸਕਦਾ ਹੈ। ਪਰਮਾਤਮਾ ਦੇ ਨਾਮ ਸਿਮਰਨ ਰਾਹੀਂ ਸਤਿਸੰਗ ਅਤੇ ਕੀਰਤਨ ਵੀ ਸਹਾਈ ਹੋ ਸਕਦਾ ਹੈ। ਇਸ ਦੇ ਨਾਲ ਹੀ ਇਸ ਸੱਚੀ ਪ੍ਰਾਪਤੀ ਦਾ ਆਧਾਰ ਸਦਾਚਾਰਕ ਜੀਵਨ ਨੂੰ ਚੰਗਾ ਬਣਾਉਣਾ ਹੈ। ਇਸ ਲਈ ਸੱਚ ਬੋਲਣਾ, ਨੇਕੀ ਕਰਨੀ, ਕਿਰਤ ਕਰਨੀ, ਦੂਜਿਆਂ ਦੀ ਸਹਾਇਤਾ ਕਰਨੀ ਅਤੇ ਸਬਰ ਸੰਤੋਖ ਵਿਚ ਰਹਿਣਾ ਜ਼ਰੂਰੀ ਹੈ। ਇਸ ਮਾਰਗ 'ਤੇ ਵਿਚਰਦਿਆਂ ਫਿਰ ਮਨੁੱਖ ਦੁੱਖ, ਸੁਖ, ਖੁਸ਼ੀ, ਗ਼ਮੀ ਸਭ ਵਿਚ ਵਿਚਰਦਿਆਂ ਰੱਬੀ ਰਜ਼ਾ ਵਿਚ ਰਹਿੰਦਾ ਹੈ ਅਤੇ ਉਸ ਦਾ ਜੀਵਨ ਸੱਚ ਦੇ ਗਿਆਨ ਨੂੰ ਪ੍ਰਾਪਤ ਕਰ ਕੇ

ਆਤਮਿਕ ਤੌਰ 'ਤੇ ਪਰਮਾਤਮਾ ਨਾਲ ਇਕ-ਮਿਕ ਹੋ ਜਾਂਦਾ ਹੈ।

ਇਹ ਮਾਰਗ ਭਾਵੇਂ ਸਿੱਖ ਮਤ ਦੇ ਅਨੁਯਾਈ ਹੀ ਅਪਣਾਉਂਦੇ ਹਨ, ਪਰ ਇਸ ਵਿਚ ਉਹ ਤੱਤ ਸਮੋਏ ਹੋਏ ਹਨ ਜੋ ਸਮੂਹ ਵਿਸ਼ਵ ਮਾਨਵ ਜਾਤੀ ਲਈ ਕਲਿਆਣ ਦਾ ਸਾਧਨ ਸਾਬਤ ਹੋ ਸਕਦੇ ਹਨ।

(11/1972)

ਗੁਰੂ ਨਾਨਕ ਦੇਵ ਜੀ ਅਤੇ ਕਰਾਮਾਤ

'ਕਰਾਮਾਤ', 'ਕ੍ਰਿਸ਼ਮਾ' ਅਥਵਾ 'ਮੋਅਜ਼ਜ਼ਾ' ਇਕੋ ਹੀ ਭਾਵ ਦੇ ਵੱਖ-ਵੱਖ ਸ਼ਬਦ ਹਨ। ਅੰਗਰੇਜ਼ੀ ਵਿਚ ਇਸੇ ਭਾਵ ਦਾ ਸ਼ਬਦ miracle ਹੈ। 'ਕਰਾਮਾਤ' ਉਸ ਗੱਲ ਨੂੰ ਆਖਦੇ ਹਨ ਜਿਹੜੀ ਮਨੁੱਖੀ ਗਿਆਨ ਦੀ ਦ੍ਰਿਸ਼ਟੀ ਤੋਂ ਅਸੰਭਵ ਹੋਵੇ ਪਰੰਤੂ ਉਸ ਨੂੰ ਕੋਈ ਆਪਣੀਆਂ ਗ਼ੈਬੀ ਸ਼ਕਤੀਆਂ ਅਨੁਸਾਰ ਪ੍ਰਤੱਖ ਰੂਪ ਵਿਚ ਕਰ ਕੇ ਵਿਖਾ ਦੇਵੇ। ਇਕ ਮਨੁੱਖ ਵਾਸਤੇ ਜਿਹੜਾ ਕੰਮ ਅਸੰਭਵ ਹੋਵੇ ਤੇ ਦੂਸਰਾ ਉਸ ਨੂੰ ਕਰ ਦਿੰਦਾ ਹੈ ਤਾਂ ਉਸ ਵਾਸਤੇ ਉਹ ਕਰਾਮਾਤ ਸਦਾਉਂਦਾ ਹੈ। ਦੁਨੀਆਂ ਦੇ ਜਿੰਨੇ ਵੱਡੇ-ਵੱਡੇ ਮਹਾਂਪੁਰਸ਼ ਹੋਏ ਹਨ, ਉਹਨਾਂ ਦੇ ਨਾਂ ਨਾਲ ਇਹੋ ਜਿਹੀਆਂ ਘਟਨਾਵਾਂ ਦਾ ਸੰਬੰਧ ਜੋੜਿਆ ਜਾਂਦਾ ਹੈ। ਈਸਾ ਮਸੀਹ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਹਨਾਂ ਦੇ ਕਹਿਣ 'ਤੇ ਗਲੋਲੀ ਦਰਿਆ ਦੀਆਂ ਤੂਫ਼ਾਨੀ ਲਹਿਰਾਂ ਇਕ-ਦਮ ਸ਼ਾਂਤ ਹੋ ਗਈਆਂ, ਮੂਸਾ ਨੇ ਆਪਣੇ ਸ਼ਰਧਾਲੂਆਂ ਨੂੰ ਖ਼ੁਸ਼ ਕਰਨ ਲਈ ਕਈ ਪ੍ਰਕਾਰ ਦੀਆਂ ਕਰਾਮਾਤਾਂ ਵਿਖਾਈਆਂ। ਮੁਸਲਮਾਨੀ ਮੱਤ ਵਿਚ ਤਾਂ ਇਹ ਯਕੀਨੀ ਹੈ ਕਿ 'ਕਰਾਮਾਤ' ਪੈਗ਼ੰਬਰ ਹੋਣ ਦੀ ਪਹਿਲੀ ਪਛਾਣ ਹੈ। ਹਿੰਦੂ ਫ਼ਲਸਫ਼ੇ ਵਿਚ ਤੇ ਖ਼ਾਸ ਕਰਕੇ ਜੋਗ-ਮਤ ਵਿਚ ਤਾਂ ਕਰਾਮਾਤ ਜਿਸ ਨੂੰ 'ਵਿਭੂਤੀ' ਦੇ ਸ਼ਬਦ ਨਾਲ ਪ੍ਰਗਟ ਕੀਤਾ ਗਿਆ ਹੈ, ਦੀ ਕਾਫ਼ੀ ਪ੍ਰਸੰਸਾ ਕੀਤੀ ਗਈ ਹੈ।

ਗੁਰੂ ਨਾਨਕ ਦੇਵ ਜੀ ਦਾ ਇਸ ਪ੍ਰਿਥਵੀ 'ਤੇ ਆਗਮਨ ਸੰਸਾਰ ਦੇ ਇਤਿਹਾਸ ਦੀ ਇਕ ਮਹਾਨ ਘਟਨਾ ਸੀ। ਉਹਨਾਂ ਨੂੰ 'ਪੀਰਾਂ ਦੇ ਪੀਰ' ਤੇ 'ਪੈਗ਼ੰਬਰਾਂ ਦਾ ਪੈਗ਼ੰਬਰ' ਆਖਿਆ ਗਿਆ ਹੈ। ਸ਼ਾਇਦ ਇਹੀ ਕਾਰਨ ਹੈ ਕਿ ਉਹਨਾਂ ਦੇ ਨਾਂ ਨਾਲ ਵੀ ਕਈ ਅਜਿਹੀਆਂ ਗੱਲਾਂ ਜੁੜੀਆਂ ਹੋਈਆਂ ਹਨ ਜਿਨ੍ਹਾਂ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਉਹ ਵੀ ਵੱਡੇ ਕਰਾਮਾਤੀ ਮਨੁੱਖ ਸਨ ਤੇ ਉਹਨਾਂ ਨੂੰ ਦੈਵੀ ਸ਼ਕਤੀਆਂ ਪ੍ਰਾਪਤ ਸਨ। ਰਵਾਇਤ ਅਨੁਸਾਰ ਉਹਨਾਂ ਨੇ ਮੱਕੇ ਨੂੰ ਫੇਰ ਦਿੱਤਾ, ਪਹਾੜਾਂ ਨੂੰ ਹੱਥ ਨਾਲ ਰੋਕ ਲਿਆ ਤੇ ਅੱਖਾਂ ਮੀਟ ਕੇ ਹੀ ਹਜ਼ਾਰਾਂ ਕੋਹਾਂ ਦੀ ਯਾਤਰਾ ਸਕਿੰਟਾਂ ਵਿਚ ਮੁਕਾ ਲਈ। ਜਨਮਸਾਖੀਆਂ ਵਿਚ ਸ਼ਰਧਾਲੂ ਲੋਕਾਂ ਨੇ ਅਜਿਹੀਆਂ ਅਨੇਕਾਂ ਘਟਨਾਵਾਂ ਦਾ ਵਰਣਨ ਬੜੀ ਸ਼ਰਧਾ ਤੇ ਸਤਿਕਾਰ ਨਾਲ ਕੀਤਾ ਹੈ। ਆਧੁਨਿਕ ਯੁਗ ਵਿਚ ਲੋਕ ਇਸ 'ਤੇ ਕੁਝ ਕਿੰਤੂ ਕਰਨ ਲੱਗ ਪਏ ਹਨ ਤੇ ਕਈ ਸਿੱਖ ਵਿਦਵਾਨ ਆਪਣੇ ਆਧੁਨਿਕ ਹੋਣ ਦਾ ਦਾਅਵਾ ਕਰਨ ਲਈ ਦਲੀਲਾਂ ਵੀ ਘੜਨ ਲੱਗ ਪਏ ਹਨ। ਕਈ ਇਹ ਵੀ ਕਹਿੰਦੇ ਸੁਣੇ ਗਏ ਹਨ ਕਿ ਇਹ ਘਟਨਾ ਅਸਲ ਵਿਚ ਹੋਈ ਨਹੀਂ ਸਗੋਂ ਇਹ ਤਾਂ ਇਕ ਪ੍ਰਤੀਕਾਤਮਕ ਗੱਲ ਹੈ ਜਿਸ ਦੇ ਭਾਵਾਂ ਨੂੰ ਸਮਝਣ ਦੀ ਲੋੜ ਹੈ।

ਇਸ ਵਾਦ-ਵਿਵਾਦ ਨੂੰ ਮੁੱਖ ਰੱਖਦਿਆਂ ਕਰਾਮਾਤ ਦੇ ਵਿਸ਼ੇ ਨੂੰ ਚੰਗੀ ਤਰ੍ਹਾਂ ਸਮਝਣ ਦੀ ਲੋੜ ਹੈ ਅਤੇ ਗੁਰੂ ਨਾਨਕ ਦੇਵ ਜੀ ਦੇ ਇਸ ਪ੍ਰਤੀ ਦ੍ਰਿਸ਼ਟੀਕੋਣ ਦੀ ਵਿਆਖਿਆ ਕਰਨੀ ਹੋਰ

ਵੀ ਲੋੜੀਂਦੀ ਹੈ।

ਜੇ ਅਸੀਂ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਇਤਿਹਾਸ ਨੂੰ ਗਹੁ ਨਾਲ ਵਾਚੀਏ ਤਾਂ ਪਤਾ ਲੱਗਦਾ ਹੈ ਕਿ ਗੁਰੂ ਜੀ ਨੇ ਸਮੇਂ ਦੀਆਂ ਜਿਹੜੀਆਂ ਵੱਡੀਆਂ ਤਾਕਤਾਂ ਨਾਲ ਟੱਕਰ ਲਈ, ਉਹਨਾਂ ਵਿਚੋਂ ਮੁਸਲਮਾਨੀ ਮਤ ਤੇ ਜੋਗ ਮਤ ਵਿਸ਼ੇਸ਼ ਤੌਰ 'ਤੇ ਵਰਣਨ ਯੋਗ ਹਨ। ਹਿੰਦੂ ਬ੍ਰਾਹਮਣਵਾਦ ਦੇ ਪਾਜ ਨੂੰ ਵੀ ਉਹਨਾਂ ਨੇ ਚੰਗੀ ਤਰ੍ਹਾਂ ਉਘਾੜਿਆ ਪਰੰਤੂ ਉਪਰੋਕਤ ਦੋਵੇਂ ਸ਼੍ਰੇਣੀਆਂ ਉਸ ਵੇਲੇ ਕਾਫ਼ੀ ਸ਼ਕਤੀਸ਼ਾਲੀ ਸਨ। ਇਸ ਲਈ ਗੁਰੂ ਜੀ ਜੋਗੀਆਂ ਨੂੰ ਸਿੱਧੇ ਰਾਹ 'ਤੇ ਲਿਆਉਣ ਲਈ ਬਰਫ਼ਾਨੀ ਪਹਾੜਾਂ ਦੀਆਂ ਅਤਿ ਬਿਖਮ ਚੋਟੀਆਂ 'ਤੇ ਪੁੱਜੇ ਤੇ ਸਾਮੀ ਮਜ਼ਹਬਾਂ ਨੂੰ ਸੱਚ ਦੀ ਰੌਸ਼ਨੀ ਵਿਖਾਉਣ ਲਈ ਰੇਤ-ਥਲਾਂ ਨੂੰ ਚੀਰਦੇ ਹੋਏ ਦੂਰ-ਦੁਰਾਡੇ ਥਾਵਾਂ 'ਤੇ ਪੁੱਜੇ। ਜੋਗੀਆਂ ਨੇ ਉਹਨਾਂ ਨਾਲ ਜਿਹੜੀ ਸਭ ਤੋਂ ਵੱਧ ਮਹੱਤਵਪੂਰਨ ਗੱਲ ਕੀਤੀ, ਉਸ ਦਾ ਕੇਂਦਰੀ ਨੁਕਤਾ ਇਹੀ ਸੀ ਕਿ ਜੇ ਗੁਰੂ ਨਾਨਕ ਸੱਚ-ਮੁੱਚ ਹੀ ਪੈਗ਼ੰਬਰ ਹੈ ਤਾਂ ਉਹ ਕਰਾਮਾਤ ਵਿਖਾਵੇ ਕਿਉਂਕਿ ਕਰਾਮਾਤ ਤੋਂ ਬਿਨਾਂ ਮਹਾਂਪੁਰਖ ਹੋ ਹੀ ਨਹੀਂ ਸਕਦਾ।

ਸਿਧਿ ਬੋਲਨਿ, ਸੁਣਿ ਨਾਨਕਾ! ਤੁਹਿ ਜਗ ਨੋ ਕਰਾਮਾਤਿ ਦਿਖਾਈ।
ਕੁਝੁ ਵਿਖਾਲੇਂ ਅਸਾਂ ਨੋ ਤੁਹਿ ਕਿਉਂ ਢਿਲ ਅਵੇਹੀ ਲਾਈ? (ਵਾਰ ੧/੪੨)

ਗੁਰੂ ਨਾਨਕ ਦਾ ਸਿੱਧਾਂ ਨੂੰ ਜਵਾਬ ਸੀ:

ਬਾਬਾ ਬੋਲੇ ਨਾਥ ਜੀ! ਸਬਦੁ ਸੁਨਹੁ ਸਚੁ ਮੁਖਹੁ ਅਲਾਈ।
ਬਾਝੋ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ। (ਵਾਰ ੧/੪੩)

'ਜੋਗ ਦਰਸ਼ਨ' ਅਨੁਸਾਰ 'ਪਰਮਪਦ' ਅਥਵਾ 'ਕੈਵਲਯ' ਦੀ ਪ੍ਰਾਪਤੀ ਲਈ ਸਾਧਿਕ ਨੂੰ ਸਮਾਧੀ, ਸਾਧਨਾ ਤੇ ਵਿਭੂਤੀ ਪਾਦ ਦੀਆਂ ਸਟੇਜਾਂ ਤੋਂ ਗੁਜ਼ਰਨਾ ਪੈਂਦਾ ਹੈ। 'ਸਮਾਧੀ' ਤੇ 'ਸਾਧਨਾ' ਦੁਆਰਾ ਸਾਧਕ ਵਿਚ ਅਨੇਕਾਂ 'ਵਿਭੂਤੀਆਂ' ਅਰਥਾਤ ਸ਼ਕਤੀਆਂ ਪੈਦਾ ਹੋ ਜਾਂਦੀਆਂ ਹਨ। ਜਿਹੜੇ ਸਾਧਕ ਉੱਚੀ ਦ੍ਰਿਸ਼ਟੀ ਵਾਲੇ ਹੁੰਦੇ ਹਨ, ਉਹ ਤਾਂ 'ਵਿਭੂਤੀਆਂ' ਦੇ ਚੱਕਰ ਵਿਚੋਂ ਬਚ ਨਿਕਲਦੇ ਹਨ ਤੇ ਪਰਮਪਦ ਦੀ ਪ੍ਰਾਪਤੀ ਕਰਦੇ ਹਨ, ਪਰ ਕਈ ਇਹਨਾਂ ਦੇ ਆਕ੍ਰਸ਼ਣ ਵਿਚ ਹੀ ਗੁਆਚ ਜਾਂਦੇ ਹਨ ਤੇ ਇਹਨਾਂ ਨੂੰ ਹੀ ਸਭ ਕੁਝ ਸਮਝਣ ਲੱਗ ਪੈਂਦੇ ਹਨ। ਉਹ ਆਪਣੇ ਨਿਸ਼ਾਨੇ ਨੂੰ ਭੁੱਲ ਜਾਂਦੇ ਹਨ ਤੇ ਇਹਨਾਂ ਸ਼ਕਤੀਆਂ ਦੇ ਬਲਬੂਤੇ ਲੋਕਾਂ 'ਤੇ ਪ੍ਰਭਾਵ ਪਾਉਂਦੇ ਹਨ ਤੇ ਆਪਣੀ ਪ੍ਰਭੁਤਾ ਬਣਾਉਣ ਦਾ ਯਤਨ ਕਰਦੇ ਹਨ।

ਇਹਨਾਂ ਸ਼ਕਤੀਆਂ ਅਥਵਾ ਕਰਾਮਾਤਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾਂਦਾ ਹੈ। ਨੌਂ ਨਿਧਾਂ, ਬਾਰਾਂ ਰਿਧਾਂ ਤੇ ਅਠਾਰਾਂ ਸਿਧਾਂ। ਨੌਂ ਨਿਧਾਂ ਤੋਂ ਭਾਵ ਨੌਂ ਉੱਤਮ ਖ਼ਜ਼ਾਨੇ ਹਨ ਜਿਨ੍ਹਾਂ ਦੀ ਪ੍ਰਾਪਤੀ ਵਿਭੂਤੀਵਾਦ ਵਿਚ ਸਾਧਕ ਜਦ ਚਾਹੇ ਕਰ ਸਕਦਾ ਹੈ। ਰਿਧ ਦੇ ਅਰਥ ਹਨ ਜਿਸ ਚੀਜ਼ ਦੀ ਵੀ ਸਾਧਕ ਕਲਪਨਾ ਕਰੇ ਅਥਵਾ ਹਿਰਦੇ ਵਿਚ ਧਾਰੇ, ਉਹ ਉਸ ਦੇ ਸਾਹਮਣੇ ਆ ਜਾਂਦੀ ਹੈ ਤੇ ਉਸ ਦੀ ਹੋ ਜਾਂਦੀ ਹੈ। ਇਸ ਤਰ੍ਹਾਂ ਅਠਾਰਾਂ ਸਿਧਾਂ ਦੀ ਸ਼ਕਤੀ ਨਾਲ ਜੋਗੀ ਜੋ ਚਾਹੇ ਰੂਪ ਧਾਰਨ ਕਰ ਸਕਦਾ ਹੈ। ਦਿਲ ਕਰੇ ਤਾਂ ਅਸਮਾਨ ਨੂੰ ਹੱਥ ਲਾ ਲਵੇ, ਦਿਲ ਕਰੇ ਤਾਂ ਸੂਖ਼ਮ ਤੋਂ ਸੂਖ਼ਮ ਰੂਪ ਧਾਰਨ ਕਰ ਲਵੇ, ਦਿਲ ਕਰੇ ਤਾਂ ਗੁਪਤ ਹੋ ਜਾਏ ਤੇ ਦਿਲ ਕਰੇ ਤਾਂ ਪ੍ਰਗਟ ਹੋ ਜਾਏ। ਅਚਲ ਵਟਾਲੇ ਵਿਚ ਗੁਰੂ ਨਾਨਕ ਜੀ ਸਿੱਧਾਂ ਨੂੰ ਮਿਲੇ ਤਾਂ ਸਿੱਧਾਂ ਨੇ ਉਹਨਾਂ 'ਤੇ ਪ੍ਰਭਾਵ ਪਾਉਣ ਲਈ ਕਈ ਰੂਪ ਵਟਾਏ ਸਨ। ਭਾਈ ਗੁਰਦਾਸ ਜੀ ਦੇ ਸ਼ਬਦਾਂ

ਵਿਚ :

ਇਹਿ ਸੁਣਿ ਬਚਨਿ ਜੋਗੀਸਰਾਂ, ਮਾਰਿ ਕਿਲਕ ਬਹੁ ਰੂਇ ਉਠਾਈ।
ਖਟਿ ਦਰਸਨ ਕਉ ਖੇਦਿਆ ਕਲਿਜੁਗਿ ਨਾਨਕ ਬੇਦੀ ਆਈ।
ਸਿਧਿ ਬੋਲਨਿ ਸਭਿ ਅਵਖਧੀਆ ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ।
ਰੂਪ ਵਟਾਏ ਜੋਗੀਆਂ ਸਿੰਘ ਬਾਘਿ ਬਹੁ ਚਲਿਤਿ ਦਿਖਾਈ।
ਇਕਿ ਪਰਿ ਕਰਿ ਕੈ ਉਡਰਨਿ ਪੰਖੀ ਜਿਵੈ ਰਹੇ ਲੀਲਾਈ।
ਇਕ ਨਾਗ ਹੋਇ ਪਉਣ ਛੋੜਿਆ ਇਕਨਾ ਵਰਖਾ ਅਗਨਿ ਵਸਾਈ।
ਤਾਰੇ ਤੋੜੇ ਭੰਗਰਿਨਾਥ ਇਕ ਚੜਿ ਮਿਰਗਾਨੀ ਜਲੁ ਤਰਿ ਜਾਈ।
ਸਿਧਾ ਅਗਨਿ ਨ ਬੁਝੈ ਬੁਝਾਈ॥ (ਵਾਰ ੧/੪੧)

ਗੁਰੂ ਨਾਨਕ ਦੇਵ ਜੀ ਨੇ ਕਦੀ ਵੀ ਇਹ ਨਹੀਂ ਕਿਹਾ ਕਿ ਉਹ ਕਰਾਮਾਤਾਂ ਦੀ ਹੋਂਦ ਤੋਂ ਮੁਨਕਰ ਹਨ। ਕਰਾਮਾਤਾਂ ਹੋ ਸਕਦੀਆਂ ਹਨ ਪਰੰਤੂ ਇਹਨਾਂ ਦਾ ਸੁਆਦ ਵੱਖਰਾ ਹੈ। ਜਿਹੜਾ ਇਹਨਾਂ ਦੇ ਸੁਆਦ ਵਿਚ ਫਸ ਗਿਆ, ਉਹ ਪ੍ਰਭੂ ਦੇ ਪਿਆਰ ਦੇ ਸੁਆਦ ਤੋਂ ਖ਼ਾਲੀ ਰਹਿ ਗਿਆ। ਗੁਰਦੇਵ ਫ਼ੁਰਮਾਉਂਦੇ ਹਨ :

ਰਿਧਿ ਸਿਧਿ ਅਵਰਾ ਸਾਦ॥ (ਪੰਨਾ ੬)

ਫੇਰ ਉਹਨਾਂ ਦਾ ਫ਼ੁਰਮਾਨ ਹੈ :

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥...
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ (ਪੰਨਾ ੧੪)

ਜਿਥੋਂ ਤਕ ਗੁਰੂ ਨਾਨਕ ਦੇਵ ਜੀ ਤੇ ਉਹਨਾਂ ਦੀ ਵਿਚਾਰਧਾਰਾ ਦਾ ਸੰਬੰਧ ਹੈ, ਉਹਨਾਂ ਨੇ ਕਰਾਮਾਤਾਂ ਦੀ ਹੋਂਦ ਨੂੰ ਜ਼ਰੂਰ ਮੰਨਿਆ ਹੈ, ਪਰ ਉਹਨਾਂ ਨੂੰ ਆਪਣਾਇਆ ਨਹੀਂ। ਦਸਾਂ ਗੁਰੂ ਸਾਹਿਬਾਨ ਨੇ ਇਸ ਸਿਧਾਂਤ ਨੂੰ ਅਮਲੀ ਰੂਪ ਵਿਚ ਧਾਰਨ ਕੀਤਾ। ਗੁਰੂ ਅਰਜਨ ਦੇਵ ਜੀ ਨੂੰ ਤੱਤੀ ਲੋਹ 'ਤੇ ਬੈਠਿਆਂ ਵੇਖ ਕੇ ਮੀਆਂ ਮੀਰ ਨੇ ਦਿੱਲੀ ਤੇ ਲਾਹੌਰ ਦੀ ਇੱਟ ਨਾਲ ਇੱਟ ਖੜਕਾਉਣ ਦੀ ਗੱਲ ਕੀਤੀ ਪਰੰਤੂ ਗੁਰਦੇਵ ਨੇ ਉਸ ਨੂੰ ਰੋਕ ਦਿੱਤਾ ਕਿਉਂਕਿ ਇਹ ਸਿੱਖੀ ਸਿਧਾਂਤ ਦੇ ਅਨੁਕੂਲ ਨਹੀਂ ਸੀ। ਰਾਮਰਾਇ ਤੇ ਬਾਬਾ ਅਟੱਲ ਨੇ ਇਸ ਨੂੰ ਅਪਣਾਇਆ ਤਾਂ ਗੁਰੂ ਜੀ ਨੇ ਇਸ ਨੂੰ ਪ੍ਰਵਾਨ ਨਹੀਂ ਕੀਤਾ। ਔਰੰਗਜ਼ੇਬ ਨੇ ਗੁਰੂ ਤੇਗ਼ ਬਹਾਦਰ ਜੀ 'ਤੇ ਕਰਾਮਾਤ ਵਿਖਾਉਣ ਲਈ ਬਹੁਤ ਜ਼ੋਰ ਪਾਇਆ ਪਰੰਤੂ ਉਹਨਾਂ ਨੇ ਇਨਕਾਰ ਕਰ ਦਿੱਤਾ। ਕਹਿਣ ਤੋਂ ਭਾਵ ਇਹ ਹੈ ਕਿ ਗੁਰਮਤਿ ਕਰਾਮਾਤ ਦੀ ਵਰਤੋਂ ਨੂੰ ਠੀਕ ਨਹੀਂ ਮੰਨਦੀ ਭਾਵੇਂ ਇਸ ਦੀ ਹੋਂਦ ਤੋਂ ਇਨਕਾਰੀ ਵੀ ਨਹੀਂ।

ਕਈ ਵਾਰ ਅਜਿਹੀਆਂ ਗੱਲਾਂ ਹੋ ਜਾਂਦੀਆਂ ਹਨ ਜੋ ਮਹਾਂਪੁਰਸ਼ਾਂ ਦੇ ਮੂੰਹ ਤੋਂ ਨਿਕਲੇ ਸੁਭਾਵਿਕ ਬਚਨ ਹੀ ਆਮ ਲੋਕਾਂ ਨੂੰ 'ਕਰਾਮਾਤ' ਵਿਖਾਈ ਦੇਣ ਲੱਗ ਪੈਂਦੇ ਹਨ। 'ਸਾਧ ਬਚਨ ਅਟਲਾਧਾ' ਦਾ ਸਿਧਾਂਤ ਤਾਂ ਗੁਰਬਾਣੀ ਵਿਚ ਹੀ ਮੌਜੂਦ ਹੈ। ਸੰਭਵ ਹੈ ਗੁਰੂ ਨਾਨਕ ਜੀ ਨੇ ਮਰਦਾਨੇ ਦੀ ਭੁੱਖ ਨੂੰ ਵੇਖਦਿਆਂ ਸੁਭਾਵਿਕ ਹੀ ਕਿਹਾ ਹੋਵੇ ਕਿ ਉਹ ਅੱਕ ਦੀਆਂ ਕੱਕੜੀਆਂ

ਖਾ ਲਵੇ ਤੇ ਮਰਦਾਨੇ ਨੂੰ ਉਸ ਵਿਚ ਅੰਬਾਂ ਵਰਗਾ ਸੁਆਦ ਮਿਲਿਆ ਹੋਵੇ। ਗੁਰੂ ਨਾਨਕ ਸਾਹਿਬ ਦਾ ਮਿੱਠਾ ਰੀਠਾ ਹੁਣ ਤਕ ਵੀ ਮੌਜੂਦ ਹੈ। ਅਜਿਹੀਆਂ ਕਈ ਹੋਰ ਉਦਾਹਰਣਾਂ ਵੀ ਮਿਲਦੀਆਂ ਹਨ ਜਿਨ੍ਹਾਂ ਬਾਰੇ ਮੇਰਾ ਵਿਚਾਰ ਹੈ ਕਿ ਇਹ ਗੁਰਦੇਵ ਦੇ ਮੂੰਹੋਂ ਨਿਕਲੇ ਸੁਭਾਵਿਕ ਬਚਨਾਂ ਦਾ ਮੋਅਜਜ਼ਾ ਸਨ ਜੋ ਉਹਨਾਂ ਪਹਿਲਾਂ ਤੋਂ ਹੀ ਆਪਣੀ ਸ਼ਕਤੀ ਦਾ ਪ੍ਰਭਾਵ ਪਾਉਣ ਦੇ ਖ਼ਿਆਲ ਨਾਲ ਨਹੀਂ ਸਨ ਕਹੇ। ਭੈਣ ਨਾਨਕੀ ਨੇ ਅੱਖਾਂ ਖੋਲ੍ਹੀਆਂ ਤਾਂ ਗੁਰੂ ਨਾਨਕ ਸਾਹਿਬ ਸਾਹਮਣੇ ਖਲੋਤੇ ਸਨ, ਇਹ telepathy ਅਨੁਸਾਰ ਅੱਜ ਵੀ ਸੰਭਵ ਹੈ। ਕਿਸੇ ਨੂੰ ਪਿਆਰ ਨਾਲ ਯਾਦ ਕਰੀਏ ਤਾਂ ਕੁਦਰਤੀ ਤੌਰ 'ਤੇ ਉਹ ਕਈ ਵਾਰ ਉਸੇ ਵੇਲੇ ਹੀ ਸਾਹਮਣੇ ਆ ਖਲੋਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਵਲੀ ਕੰਧਾਰੀ ਦੀ ਪਹਾੜੀ ਸਿਲ ਨੂੰ ਸ਼ਬਦ ਬਾਣ ਨਾਲ ਮੋਮ 'ਚ ਤਬਦੀਲ ਕਰ ਦਿੱਤਾ।

ਸਾਰੀ ਵਿਚਾਰ ਦਾ ਤਾਤਪਰਜ ਇਹ ਹੈ ਕਿ ਗੁਰੂ ਨਾਨਕ ਸਾਹਿਬ ਨੇ ਕਿਧਰੇ ਵੀ ਕਰਾਮਾਤ ਵਿਖਾਉਣ ਦੀ ਕੋਸ਼ਿਸ਼ ਨਹੀਂ ਕੀਤੀ, ਸਗੋਂ ਕਈ ਵਾਰ ਉਹਨਾਂ ਤੋਂ ਸੁਭਾਵਿਕ ਹੀ ਅਜਿਹੀ ਗੱਲ ਹੋ ਗਈ ਜੋ ਹੋਰਨਾਂ ਨੂੰ ਕਰਾਮਾਤ ਜਾਪੀ।

ਗੁਰੂ ਨਾਨਕ ਸਾਹਿਬ ਦੀ ਜੇ ਕੋਈ ਕਰਾਮਾਤ ਸੀ ਤਾਂ ਉਹ ਹੋਰ ਸੀ, 'ਨਾਮ ਦੀ ਕਰਾਮਾਤ' ਦੇ ਹੋਣ ਦੀ ਗੱਲ ਉਹਨਾਂ ਨੇ ਆਪ ਵੀ ਕੀਤੀ। ਜਿਹੜੇ ਲੋਕ ਪ੍ਰਭੂ ਦੇ ਨਾਮ ਵਿਚ ਰੰਗੇ ਰਹਿੰਦੇ ਹਨ, ਉਹਨਾਂ ਵਿਚ ਸੁਭਾਵਿਕ ਹੀ ਕਈ ਸ਼ਕਤੀਆਂ ਪੈਦਾ ਹੋ ਜਾਂਦੀਆਂ ਹਨ। ਉਹਨਾਂ ਦੀ ਕਈ ਵਾਰ ਸਾਧਾਰਨ ਹਾਲਤ ਵਿਚ ਕਹੀ ਹੋਈ ਗੱਲ ਵੀ ਆਮ ਲੋਕਾਂ ਦੀ ਨਜ਼ਰ ਵਿਚ 'ਕਰਾਮਾਤ' ਤੋਂ ਘੱਟ ਅਹਿਮੀਅਤ ਨਹੀਂ ਰੱਖਦੀ। ਪੰਚਮ ਪਾਤਸ਼ਾਹ 'ਸੁਖਮਨੀ ਸਾਹਿਬ' ਵਿਚ 'ਨਾਮ' ਦੀ 'ਕਰਾਮਾਤ' ਦਾ ਜ਼ਿਕਰ ਬੜੇ ਵਿਸਥਾਰ ਨਾਲ ਕਰਦੇ ਹੋਏ ਫ਼ੁਰਮਾਉਂਦੇ ਹਨ:

ਪਾਰਜਾਤੁ ਇਹੁ ਹਰਿ ਕੋ ਨਾਮ ॥
ਕਾਮਧੇਨ ਹਰਿ ਹਰਿ ਗੁਣ ਗਾਮ ॥
ਸਭ ਤੇ ਊਤਮ ਹਰਿ ਕੀ ਕਥਾ ॥
ਨਾਮੁ ਸੁਨਤ ਦਰਦ ਦੁਖ ਲਥਾ ॥ *(ਪੰਨਾ ੨੬੫)*

ਸਪੱਸ਼ਟ ਹੈ ਕਿ ਪ੍ਰਭੂ ਸਿਮਰਨ ਤੇ ਨਾਮ ਦਾ ਜਾਪ ਕਰਨ ਨਾਲ ਮਨੁੱਖੀ ਮਨ ਵਿਚ ਅਨੇਕਾਂ ਗੁਣਾਂ ਦਾ ਸੰਚਾਰ ਹੁੰਦਾ ਹੈ, ਜਿਨ੍ਹਾਂ ਦੇ ਫ਼ਲਸਰੂਪ ਮਨੁੱਖ ਸਾਧਾਰਨ ਤੋਂ ਵਿਸ਼ੇਸ਼ ਬਣ ਜਾਂਦਾ ਹੈ। ਉਸ ਵਿਚ ਅਜਿਹੀਆਂ ਗੱਲਾਂ ਪੈਦਾ ਹੋ ਜਾਂਦੀਆਂ ਹਨ ਜਿਨ੍ਹਾਂ ਦਾ ਸਾਧਾਰਣ ਮਨੁੱਖ ਮਾਤਰ 'ਤੇ ਵੀ ਡੂੰਘਾ ਪ੍ਰਭਾਵ ਪੈਂਦਾ ਹੈ। ਇਹ ਪ੍ਰਭਾਵ ਉਦੋਂ ਕ੍ਰਿਸ਼ਮਾ ਅਥਵਾ 'ਕਰਾਮਾਤ' ਹੋ ਨਿੱਬੜਦਾ ਹੈ ਜਦੋਂ ਉਹ ਤਬਦੀਲੀ ਦੀ ਇਕ ਲਹਿਰ ਨੂੰ ਜਨਮ ਦਿੰਦਾ ਹੈ ਤੇ ਇਨਸਾਨ ਨੂੰ ਇਨਸਾਨੀਅਤ ਦਾ ਰਾਹ ਵਿਖਾਉਂਦਾ ਹੈ। ਨਾਮ ਦੀ ਕਰਾਮਾਤ ਅਦੁੱਤੀ ਹੈ, ਇਸ ਤੋਂ ਉਤਪੰਨ ਹੋਏ ਗੁਰੂ ਨਾਨਕ ਸਾਹਿਬ ਦੀ ਕਰਾਮਾਤ ਦੇ ਕੁਝ ਹੋਰ ਪੱਖ ਵਿਚਾਰਨਯੋਗ ਹਨ, ਜਿਨ੍ਹਾਂ ਨਾਲ ਉਹ ਨਾ ਕੇਵਲ ਆਪਣੇ ਸਗੋਂ ਸਰਬ ਸਮਿਆਂ ਦੇ ਮਹਾਨ ਨਾਇਕ ਬਣ ਗਏ ਹਨ।

ਸਹਿਨਸ਼ੀਲਤਾ

ਗੁਰੂ ਨਾਨਕ ਦੇਵ ਜੀ ਦੀ ਕਰਾਮਾਤ ਦਾ ਇਕ ਅੰਗ ਉਹਨਾਂ ਅੰਦਰ ਸਹਿਨਸ਼ੀਲਤਾ ਦੀ

ਭਾਵਨਾ ਹੈ। ਉਹ ਹਿੰਦੂਆਂ ਦੇ ਵੱਡੇ ਧਰਮ ਅਸਥਾਨਾਂ 'ਤੇ ਗਏ, ਮੁਸਲਮਾਨੀ ਮੱਤ ਤੇ ਸਭਿਆਚਾਰ ਦੇ ਵੱਡੇ ਕੇਂਦਰਾਂ 'ਤੇ ਪੁੱਜੇ, ਜੋਗੀਆਂ ਦੇ ਡੇਰਿਆਂ ਤਕ ਵੀ ਉਹਨਾਂ ਦੀ ਪਹੁੰਚ ਹੋਈ। ਲੋਕਾਂ ਨੇ ਉਹਨਾਂ ਨੂੰ 'ਕੁਰਾਹੀਆ' ਵੀ ਕਿਹਾ ਤੇ ਇੱਟਾਂ-ਪੱਥਰ ਵੀ ਮਾਰੇ, ਪਰ ਗੁਰੂ ਨਾਨਕ ਸਾਹਿਬ ਨੇ ਮੱਥੇ 'ਤੇ ਵੱਟ ਨਹੀਂ ਪਾਇਆ। ਜਦੋਂ ਉਹਨਾਂ ਨੇ ਵਿਰੋਧੀਆਂ ਵੱਲ ਮੁਸਕਰਾ ਕੇ ਵੇਖਿਆ ਤਾਂ ਉਹਨਾਂ ਦੇ ਮਨ ਦੀ ਮੈਲ ਵੀ ਧੋਤੀ ਗਈ ਤੇ ਉਹ ਚਰਨਾਂ 'ਤੇ ਡਿੱਗ ਪਏ। 'ਠੱਗ' 'ਸੱਜਣ' ਬਣ ਗਏ ਤੇ ਮਜ਼ਹਬੀ ਜਨੂੰਨ ਵਿਚ ਫਸੇ ਹੋਏ ਲੋਕ ਅਕਾਲ ਪੁਰਖ ਤੇ ਉਸ ਦੀ ਰਚਨਾ ਦੇ ਠੀਕ ਭਾਵ ਨੂੰ ਸਮਝ ਗਏ। 'ਜਨਮਸਾਖੀ' ਵਿਚ ਇਹ ਵਾਕ ਵਾਰ-ਵਾਰ ਆਉਂਦਾ ਹੈ ਕਿ 'ਤਬ ਬਾਬਾ ਹਸਿਆ' ਬੱਸ ਬਾਬੇ ਦੀ ਇਹ ਮੁਸਕੁਰਾਹਟ ਹੀ ਉਸ ਦੀ ਵੱਡੀ ਕਰਾਮਾਤ ਸੀ।

ਮਿਠਾਸ

ਗੁਰੂ ਨਾਨਕ ਸਾਹਿਬ ਦੀ ਕਰਾਮਾਤ ਦਾ ਇਕ ਹੋਰ ਵੱਡਾ ਗੁਣ ਉਹਨਾਂ ਦੀ ਜ਼ੁਬਾਨ ਦੀ ਮਿਠਾਸ ਸੀ, 'ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ' ਦਾ ਦੈਵੀ ਸੰਦੇਸ਼ ਉਹਨਾਂ ਨੇ ਦੁਨੀਆਂ ਦੇ ਕੋਨੇ-ਕੋਨੇ ਵਿਚ ਪਹੁੰਚਾਇਆ। ਜਿਸ ਨੇ ਮਾੜਾ ਵੀ ਕਿਹਾ, ਉਸ ਨੂੰ ਵੀ ਮਿੱਠੇ ਸ਼ਬਦਾਂ ਦੀ ਸ਼ੀਰੀਂ ਨਾਲ ਮੋਹ ਲਿਆ। ਉਸ ਨੇ ਡੰਕੇ ਦੀ ਚੋਟ ਨਾਲ ਕਿਹਾ:

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥ (ਪੰਨਾ ੪੭੦)

ਨਿਮਰਤਾ

ਗੁਰੂ ਨਾਨਕ ਸਾਹਿਬ ਨੇ 'ਸੱਚਖੰਡ' ਦੀ ਅਵਸਥਾ ਵਿਚ ਅਕਾਲ ਪੁਰਖ ਕੋਲੋਂ ਦੋ ਚੀਜ਼ਾਂ ਦੀ ਮੰਗ ਕੀਤੀ ਸੀ:

ਬਾਬਾ ਪੈਧਾ ਸਚਿ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ। (ਵਾਰ ੧/੨੪)

'ਨਾਮ' ਤੇ 'ਗ਼ਰੀਬੀ' ਅਰਥਾਤ ਨਿਮਰਤਾ ਦੋ ਵੱਡੇ ਹਥਿਆਰ ਸਨ ਜਿਨ੍ਹਾਂ ਨੂੰ ਲੈ ਕੇ ਗੁਰਦੇਵ ਜਲ ਰਹੀ ਧਰਤੀ ਨੂੰ ਸੋਧਣ ਲਈ ਤੁਰੇ। 'ਮੱਕੇ' ਵਿਚ ਜੀਵਨ ਨੇ ਜਿਸ ਵੇਲੇ ਗੁਰੂ ਨਾਨਕ ਸਾਹਿਬ ਨੂੰ ਲੱਤੋਂ ਪਕੜ ਕੇ ਘਸੀਟਿਆ ਤਾਂ ਉਹਨਾਂ ਗੁੱਸਾ ਨਹੀਂ ਮਨਾਇਆ, ਸਗੋਂ ਇਸ ਨਾਲ ਉਹਨਾਂ ਨੂੰ ਅਹਿਸਾਸ ਕਰਵਾ ਦਿੱਤਾ ਕਿ ਸਚਾਈ ਕੀ ਹੈ। ਗੁਰੂ ਨਾਨਕ ਸਾਹਿਬ ਦੀ ਸ਼ਖ਼ਸੀਅਤ ਦਾ ਪ੍ਰਭਾਵ ਹੀ ਸੀ ਕਿ ਹਾਜੀਆਂ ਨੂੰ ਮੱਕਾ ਘੁੰਮਦਾ ਨਜ਼ਰ ਆਇਆ।

ਗੱਲ ਕਹਿਣ ਦਾ ਢੰਗ

ਗੁਰੂ ਨਾਨਕ ਸਾਹਿਬ ਨੂੰ ਵਿਚਾਰ ਕਹਿਣ ਦੀ ਜਾਚ ਸੀ। ਪਿਆਰ ਉਹਨਾਂ ਦਾ ਵੱਡਾ ਹਥਿਆਰ ਸੀ, ਜਿਸ ਦੇ ਸਾਹਮਣੇ ਵਿਰੋਧੀਆਂ ਦੀਆਂ ਤਲਵਾਰਾਂ ਵੀ ਨਿਊਂ ਜਾਂਦੀਆਂ ਸਨ। ਉਹ ਜਿਸ ਵੇਲੇ ਰਮਜ਼ ਨਾਲ ਗੱਲ ਕਰਦੇ ਸਨ ਤਾਂ ਭੁੱਲੇ ਲੋਕਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋ ਜਾਂਦਾ ਸੀ, ਉਹ ਮੰਦੇ ਕੰਮ ਛੱਡ ਕੇ ਚੰਗਿਆਈ ਵਾਲੇ ਪਾਸੇ ਲੱਗ ਜਾਂਦੇ ਸਨ। ਹਰਿਦੁਆਰ ਵਿਚ ਉਲਟ ਪਾਸੇ ਪਾਣੀ ਡੱਟਣਾ, ਕੁਰਖੇਤਰ ਵਿਚ ਗ੍ਰਹਿਣ ਸਮੇਂ ਮਾਸ ਧਰਨਾ, ਜਗਨਨਾਥ ਪੁਰੀ ਵਿਚ ਆਰਤੀ ਸਮੇਂ ਬੈਠੇ ਰਹਿਣ ਤੇ ਸੁਲਤਾਨਪੁਰ ਦੀ ਮਸਜਿਦ ਵਿਚ ਨਿਮਾਜ਼ ਸਮੇਂ

ਰਮਜ਼ ਨਾਲ ਸਮਝਾਉਣਾ, ਸਭ ਕਰਾਮਾਤਾਂ ਹੀ ਤਾਂ ਸਨ ਜਿਨ੍ਹਾਂ ਨੇ ਲੋਕਾਂ ਦੇ ਦ੍ਰਿਸ਼ਟੀਕੋਣ ਨੂੰ ਹੀ ਬਦਲ ਦਿੱਤਾ।

ਸੰਗੀਤ

ਸੰਗੀਤ ਤੇ ਕਾਵਿ ਗੁਰੂ ਨਾਨਕ ਸਾਹਿਬ ਦੀਆਂ ਦੋ ਹੋਰ ਕਰਾਮਾਤਾਂ ਸਨ। ਸੱਜਣ ਠੱਗ ਦੀ ਧਰਮਸਾਲ ਵਿਚ ਇਕ ਕੌਤਕ ਵਰਤਿਆ, ਜਦੋਂ ਬਾਬਾ ਜੀ ਨੇ ਕਿਹਾ, 'ਮਰਦਾਨਿਆ, ਰਬਾਬ ਵਜਾਇ, ਬਾਣੀ ਆਈ ਹੈ। ਮਰਦਾਨੇ ਰਬਾਬ ਵਜਾਇਆ, ਬਾਬੇ ਸ਼ਬਦ ਉਚਾਰਿਆ ਰਾਗ ਸੂਹੀ ਕੀਤੀ :

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥ *(ਪੰਨਾ ੭੨੯)*

ਬਗ਼ਦਾਦ ਵਿਚ ਕੀਰਤਨ ਦੀ ਧੁਨੀ ਹੀ ਸੀ ਜਿਸ ਨੇ ਕ੍ਰਿਸ਼ਮਾ ਵਿਖਾਇਆ, ਪੱਥਰ ਮਾਰਨ ਵਾਲਿਆਂ ਨੂੰ ਪੱਥਰ ਮਾਰਨ ਦੀ ਹਿੰਮਤ ਹੀ ਨਾ ਪਈ ਤੇ ਉਹਨਾਂ ਦੇ ਹੱਥ ਜਿਥੇ ਸਨ, ਉਥੇ ਹੀ ਰੁਕੇ ਰਹੇ। ਸੰਗਸਾਰ ਕਰਨ ਆਏ ਲੋਕ ਆਪ ਪੱਥਰ ਦੇ ਬੁੱਤ ਬਣ ਗਏ।

ਗੱਲ ਕੀ, ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਗੁਣਾਂ ਦਾ ਇਕ ਸਮੂੰਹ ਸੀ ਤੇ ਇਹ ਸਾਰੇ ਗੁਣ ਹੀ ਉਹਨਾਂ ਦੀ ਕਰਾਮਾਤ ਸਨ। ਉਹਨਾਂ ਦੀ ਇਹ ਕਰਾਮਾਤ ਹਰ ਯੁਗ ਦੇ ਮਨੁੱਖ ਦੀ ਜਗਿਆਸਾ ਦੀ ਤ੍ਰਿਪਤੀ ਕਰਨ ਵਾਲੀ ਹੈ। ਇਸ ਨੂੰ ਵਿਗਿਆਨ ਦੇ ਆਧੁਨਿਕ ਨਿਯਮ ਵੀ ਰੱਦ ਨਹੀਂ ਕਰ ਸਕਦੇ ਸਗੋਂ ਇਸ ਨੂੰ ਮੰਨਣ ਲਈ ਮਜਬੂਰ ਹਨ। ਗੁਰੂ ਨਾਨਕ ਸਾਹਿਬ ਦੀ ਕਰਾਮਾਤ ਮਨੁੱਖੀ ਸੁਭਾਅ ਤੇ ਵਰਤਾਰੇ ਨੂੰ ਸਮਝਣ ਦੀ ਕਰਾਮਾਤ ਸੀ। ਜਿਥੋਂ ਤਕ ਦੂਸਰੀਆਂ ਪਰਾ-ਸਰੀਰਕ ਸ਼ਕਤੀਆਂ ਵਿਖਾਉਣ ਦੀਆਂ ਕਰਾਮਾਤਾਂ ਦਾ ਸੰਬੰਧ ਹੈ, ਉਹ ਗੁਰੂ ਜੀ ਨੇ ਕਿਧਰੇ ਵੀ ਮਿੱਥ ਕੇ ਨਹੀਂ ਵਿਖਾਈਆਂ। ਸਹਿਜ-ਸੁਭਾਅ ਕਈ ਗੱਲਾਂ ਹੋ ਗਈਆਂ ਤੇ ਉਹਨਾਂ ਨੂੰ ਪ੍ਰਵਾਨ ਕਰਨਾ ਹੀ ਬਣਦਾ ਹੈ, ਭਾਵੇਂ ਸਾਡੇ ਤਰਕ-ਵਿਤਰਕ ਦੀ ਤਸੱਲੀ ਹੋ ਸਕੇ ਜਾਂ ਨਾ। ਨਿਸ਼ਚੇ ਹੀ ਦੁਨੀਆਂ ਤਰਕ-ਵਿਤਰਕ ਦੀ ਦੁਨੀਆਂ ਤੋਂ ਅੱਗੇ ਹੈ ਤੇ ਬੜੀ ਵਿਸ਼ਾਲ ਹੈ।

ਉਪਰੋਕਤ ਸਾਰੀ ਵਿਚਾਰ ਦਾ ਸਿੱਟਾ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਤੇ ਉਹਨਾਂ ਦੀ ਵਿਚਾਰਧਾਰਾ ਕਰਾਮਾਤਾਂ ਦੀ ਹੋਂਦ ਤੋਂ ਇਨਕਾਰੀ ਨਹੀਂ ਪਰ ਇਹਨਾਂ ਦੀ ਵਰਤੋਂ ਠੀਕ ਨਹੀਂ ਮੰਨੀ ਗਈ। ਉਂਜ ਸਹਿਜ-ਸੁਭਾਅ ਕਈ ਵਾਰ ਅਜਿਹੇ ਕੌਤਕ ਵਰਤ ਗਏ ਜਿਨ੍ਹਾਂ ਤੋਂ ਸ਼ਰਧਾਲੂਆਂ ਨੇ ਕਈ ਵਾਰ ਗੁਰੂ ਸਾਹਿਬਾਨ ਨੂੰ ਵੀ ਕਰਾਮਾਤੀ ਸਾਬਤ ਕਰਨ ਦੇ ਯਤਨ ਕੀਤੇ। ਗੁਰੂ ਨਾਨਕ ਸਾਹਿਬ ਦੀ ਸਭ ਤੋਂ ਵੱਡੀ ਕਰਾਮਾਤ ਉਹਨਾਂ ਦੀ ਮਹਾਨ ਸ਼ਖ਼ਸੀਅਤ ਸੀ ਜਿਸ ਨਾਲ ਉਹਨਾਂ ਨੇ ਸਾਰੀ ਲੋਕਾਈ ਦਾ ਧਿਆਨ ਆਪਣੇ ਵੱਲ ਆਕ੍ਰਸ਼ਿਤ ਕਰ ਲਿਆ।

(11/1972)

ਸਤਿਗੁਰੂ ਨਾਨਕ ਦੇਵ ਜੀ ਅਤੇ ਇਸਲਾਮ

(1)

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ-ਕਥਾ ਨੂੰ ਵਿਚਾਰਦਿਆਂ ਅਤੇ ਪਹਿਲੇ ਮਹਲੇ ਦੀ ਬਾਣੀ ਦਾ ਅਧਿਐਨ ਕਰਦਿਆਂ ਇਕ ਗੱਲ ਜੋ ਵਿਸ਼ੇਸ਼ ਢੰਗ ਨਾਲ ਸਾਹਮਣੇ ਆਉਂਦੀ ਹੈ, ਉਹ ਸਤਿਗੁਰਾਂ ਦਾ ਮੁਸਲਮਾਨ ਪੀਰਾਂ-ਫ਼ਕੀਰਾਂ ਨਾਲ ਸੰਪਰਕ, ਮੁਸਲਮਾਨੀ ਧਾਮਾਂ ਅਤੇ ਸਥਾਨਾਂ ਦੀ ਯਾਤਰਾ ਅਤੇ ਗੁਰਬਾਣੀ ਵਿਚ ਮੁਸਲਮਾਨਾਂ ਦੀ ਧਾਰਮਿਕ ਸ਼ਬਦਾਵਲੀ ਦੀ ਵਰਤੋਂ ਹੈ। ਇਹਨਾਂ ਘਟਨਾਵਾਂ ਅਤੇ ਬਾਣੀ ਵਿਚ ਇਸ ਅੰਗ ਦੀ ਹੋਂਦ ਬਾਰੇ ਵਿਚਾਰ ਕਰ ਕੇ ਗੁਰੂ ਸਾਹਿਬ ਦੇ ਮੁਸਲਮਾਨਾਂ ਪ੍ਰਤੀ ਵਿਚਾਰਾਂ ਤੀਕ ਪਹੁੰਚਣ ਨਾਲ ਸਿੱਖ ਧਰਮ ਦੇ ਇਕ ਮਹੱਤਵਪੂਰਨ ਅੰਗ ਨੂੰ ਉਜਾਗਰ ਕੀਤਾ ਜਾ ਸਕਦਾ ਹੈ ਅਤੇ ਇਸ ਧਰਮ ਅਤੇ ਬਾਣੀ ਦੇ ਕਈ ਆਸ਼ੇ ਵੀ ਵਧੇਰੇ ਸਮਝ-ਗੋਚਰ ਹੋ ਜਾਣਗੇ। ਗੁਰਬਾਣੀ ਵਿਚ ਇਸਲਾਮੀ ਭੇਖਾਂ ਅਤੇ ਸ਼ਬਦਾਵਲੀ ਦੀ ਵਰਤੋਂ ਦੇ ਪ੍ਰਸ਼ਨ ਨੂੰ ਇਸ ਲੇਖ ਕੇ ਪਿਛਲੇਰੇ ਭਾਗ ਵਿਚ ਵਿਚਾਰਨ ਲਈ ਫਿਲਹਾਲ ਇਕ ਪਾਸੇ ਰੱਖ ਕੇ ਪਹਿਲਾਂ ਗੁਰੂ ਜੀ ਦੀ ਜੀਵਨ-ਸਾਖੀ ਵਿਚੋਂ ਮੁਸਲਮਾਨਾਂ ਪ੍ਰਤੀ ਸੰਪਰਕ ਅਤੇ ਮੇਲ-ਮਿਲਾਪ ਦੇ ਅੰਗ ਨੂੰ ਵਿਚਾਰਨ ਦਾ ਆਰੰਭ ਕਰਦੇ ਹਾਂ।

ਇਸ ਸਮੱਸਿਆ ਉਪਰ ਬਹੁਤੀ ਬਹਿਸ ਦੀ ਲੋੜ ਨਹੀਂ ਜਾਪਦੀ ਕਿ ਸਤਿਗੁਰਾਂ ਦੀ ਜੀਵਨ ਕਥਾ ਨੂੰ ਭਲੀ ਪ੍ਰਕਾਰ ਰਚਨ ਅਤੇ ਉਸ ਦਾ ਗਠਨ ਕਰਨ ਲਈ ਸਾਡੇ ਪਾਸ ਦੋ ਹੀ ਨਿਕਟ ਦੇ ਆਧਾਰ ਹਨ—ਪੁਰਾਤਨ ਜਨਮਸਾਖੀ ਅਤੇ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ। ਇਹਨਾਂ ਦੋਹਾਂ ਤੋਂ ਬਿਨਾਂ ਹੋਰ ਸਾਖੀਆਂ ਅਤੇ ਜੀਵਨੀਆਂ ਪਿੱਛੋਂ ਦੀਆਂ ਰਚੀਆਂ ਹੋਈਆਂ ਹਨ ਜਾਂ ਅਜਿਹੇ ਲੋਕਾਂ ਦੀਆਂ ਲਿਖਤਾਂ ਹਨ ਜਿਨ੍ਹਾਂ ਨੂੰ ਜਾਂ ਤਾਂ ਸਤਿਗੁਰਾਂ ਦੇ ਧਾਰਮਿਕ ਅਤੇ ਨੈਤਿਕ ਆਸ਼ਿਆਂ ਦੀ ਪੂਰੀ ਸੋਝੀ ਨਹੀਂ ਸੀ ਜਾਂ ਉਹ ਉਹਨਾਂ ਦੀ ਜੀਵਨੀ ਕਿਸੇ ਸਵਾਰਥ-ਸਿੱਧੀ ਦੇ ਮਨੋਰਥ ਨਾਲ ਰਚ ਰਹੇ ਸਨ। ਪੁਰਾਤਨ ਜਨਮਸਾਖੀ ਵਿਚ ਵੀ ਕਈ ਥਾਵੇਂ ਮਿਥਿਹਾਸਕ ਢੰਗ ਦੀਆਂ ਕਥਾਵਾਂ ਦਰਜ ਹਨ, ਅਤੇ ਜੁਗਾਵਲੀ (ਜੁਗਾਂ ਦਾ ਸਿਲਸਿਲਾ) ਅਤੇ ਪ੍ਰਾਣ ਸੰਗਲੀ ਆਦਿ ਰਚਨਾਵਾਂ ਨੂੰ ਗੁਰੂ ਜੀ ਨਾਲ ਮਨਸੂਬ ਕੀਤਾ ਗਿਆ ਹੈ ਜੋ ਸਹੀ ਨਹੀਂ। ਕਈ ਨਾਵਾਂ ਅਤੇ ਥਾਵਾਂ ਦਾ ਵੀ ਭੁਲੇਖਾ ਹੈ, ਇੰਜ ਹੀ ਕਈ ਸ਼ਬਦ ਅਤੇ ਤੁਕਾਂ ਜੋ ਤੀਜੇ, ਚੌਥੇ ਅਤੇ ਪੰਜਵੇਂ ਮਹਲੇ ਦੀਆਂ ਹਨ, ਉਹ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਜੋੜ ਦਿੱਤੀਆਂ ਹਨ। ਪਰ ਇਹਨਾਂ ਸਾਰੀਆਂ ਤਰੁੱਟੀਆਂ ਦੇ ਬਾਵਜੂਦ ਇਸ ਸਾਖੀ ਦੀ ਸੁਹਿਰਦਤਾ ਇਸ ਦੇ ਸਿਦਕ ਅਤੇ ਜਜ਼ਬੇ, ਇਸ ਦੀ ਸਰਲ ਸ਼ੈਲੀ, ਇਹਨਾਂ ਸਭਨਾਂ ਨੂੰ ਤੱਕ ਕੇ ਇਸ ਅੱਗੇ ਸਤਿਕਾਰ ਨਾਲ ਸਿਰ ਝੁਕ ਜਾਂਦਾ ਹੈ। ਇਸ ਦੀ ਅੰਤਰੀਵ ਗਵਾਹੀ ਤੋਂ ਇਹ ਸੰਨ 1633 ਈਸਵੀ ਦੀ ਰਚੀ ਜਾਪਦੀ ਹੈ ਜੋ ਹੋਰ ਜਨਮ-ਕਥਾਵਾਂ

ਦੇ ਮੁਕਾਬਲੇ ਵਿਚ ਪੁਰਾਤਨ ਸਿੱਧ ਹੁੰਦੀ ਹੈ। ਇਹਨਾਂ ਸਾਰਿਆਂ ਅੰਗਾਂ ਦੇ ਸੁਮੇਲ ਕਰਕੇ ਇਹੋ ਸਾਡੇ ਪਾਸ ਵੱਡਾ ਆਧਾਰ ਹੈ, ਹੋਰ ਦੇ ਮੁਕਾਬਲੇ ਵਿਚ ਕਲਪਿਤ ਕਹਾਣੀਆਂ ਲੱਗਦੀਆਂ ਹਨ, ਜਿਨ੍ਹਾਂ ਵਿਚ ਮਿਥਿਹਾਸਕ ਅਤੇ ਅਲੰਕਾਰਕ ਰੁਚੀ ਵਧੇਰੇ ਪ੍ਰਬਲ ਹੈ। ਭਾਈ ਗੁਰਦਾਸ ਜੀ ਦੀ ਵਾਰ ਇਸ ਜਨਮਸਾਖੀ ਤੋਂ ਕੁਝ ਪਹਿਲਾਂ ਰਚੀ ਜਾਪਦੀ ਹੈ। ਇਹ ਗੱਲ ਭਾਈ ਸਾਹਿਬ ਦੇ ਦੇਹਾਂਤ ਦੇ ਸਮੇਂ ਕਰਕੇ ਅਤੇ ਦੋਹਾਂ ਨੂੰ ਮੇਲਣ ਨਾਲ ਸਿੱਧ ਹੁੰਦੀ ਜਾਪਦੀ ਹੈ। ਭਾਈ ਸਾਹਿਬ ਨੇ ਮੁਸੱਲਸਲ ਜੀਵਨੀ ਨਹੀਂ ਰਚੀ, ਕੇਵਲ ਕਾਵਿ-ਮਈ ਢੰਗ ਨਾਲ ਸਤਿਗੁਰਾਂ ਪ੍ਰਤੀ ਸ਼ਰਧਾਂਜਲੀ ਅਰਪਿਤ ਕੀਤੀ ਹੈ ਪਰ ਇਸ ਸੰਖੇਪ ਸ਼ਰਧਾਂਜਲੀ ਤੋਂ ਵੀ ਚੋਖੀ ਸਾਮੱਗਰੀ ਜੋ ਜੀਵਨ-ਕਥਾ ਸਾਜਣ ਵਿਚ ਕੰਮ ਆ ਸਕਦੀ ਹੈ, ਮਿਲ ਸਕਦੀ ਹੈ।

ਇਹਨਾਂ ਦੋਹਾਂ ਨੂੰ ਵਿਚਾਰਨ ਤੋਂ ਇਕ ਗੱਲ ਜੋ ਪ੍ਰਗਟ ਹੁੰਦੀ ਹੈ ਉਹ ਦੋਹਾਂ ਦਾ ਸਤਿਗੁਰਾਂ ਦੇ ਇਸਲਾਮੀ ਧਾਰਮਿਕ ਨੇਤਾਵਾਂ ਨਾਲ ਡੂੰਘਾ ਸੰਪਰਕ ਦਰਸਾਉਣਾ ਹੈ। ਜਨਮਸਾਖੀ ਵਿਚ ਸਤਿਗੁਰਾਂ ਦਾ ਸ਼ੇਖ਼ ਬ੍ਰਹਮ (ਫ਼ਰੀਦ) ਨਾਲ ਮਿਲਣਾ, ਪਾਣੀਪਤ ਦੇ ਕਿਸੇ ਸ਼ੇਖ਼ ਟਟੀਹਰ ਨਾਲ ਮਿਲਣਾ ਅਤੇ ਵਾਰਤਾਲਾਪ, ਇੰਜ ਹੀ ਬਹੁਤ ਪੰਨੇ ਮਖ਼ਦੂਮ ਬਹਾਵਦੀਨ (ਪੀਰ ਬਹਾਉਦੀਨ ਮੁਲਤਾਨੀ) ਨਾਲ ਮਿਲਣ ਬਾਰੇ ਫੈਲਾਉਂਦੇ ਹਨ। ਮੱਕੇ ਦੀ ਸਾਖੀ ਵਿਚ ਕਾਜ਼ੀ ਰੁਕਨਦੀਨ ਨਾਲ ਸੰਬਾਦ ਚੰਗਾ ਲੰਮੇਰਾ ਪ੍ਰਸੰਗ ਹੈ। ਇੰਜ ਹੀ ਇਕ ਥਾਵੇਂ ਸਤਿਗੁਰੂ ਦਾ ਪਠਾਣਾਂ ਨਾਲ ਮੇਲ, ਪਹਿਲਾਂ ਦਿੱਲੀ ਦੇ ਬਾਦਸ਼ਾਹ ਬ੍ਰਹਮ ਬੇਗ (ਸ਼ਾਇਦ ਸੁਲਤਾਨ ਇਬਰਾਹੀਮ) ਨਾਲ ਹਾਥੀ ਨੂੰ ਜਿਵਾਲਣ ਦੀ ਸਾਖੀ ਦੇ ਸੰਬੰਧ ਵਿਚ ਮੇਲ ਤੇ ਉਪਦੇਸ਼, ਇਹ ਸਾਰੇ ਪ੍ਰਸੰਗ ਸਾਖੀ ਦੇ ਸਮੁੱਚੇ ਆਕਾਰ ਦਾ ਚੋਖਾ ਭਾਗ ਹਨ। ਭਾਈ ਗੁਰਦਾਸ ਜੀ ਨੇ ਵੀ ਮੱਕੇ ਅਤੇ ਬਗ਼ਦਾਦ ਦੀ ਯਾਤਰਾ ਨੂੰ ਚੋਖਾ ਉਜਾਗਰ ਕੀਤਾ ਹੈ। ਮੱਕੇ ਵਿਚ ਸਤਿਗੁਰਾਂ ਦਾ ਹਾਜੀਆਂ ਦੇ ਪੂਰਨ ਲਿਬਾਸ ਵਿਚ ਮੁਸੱਲਾ ਕੂਜ਼ਾ ਧਾਰ ਕੇ ਜਾਣਾ, ਬਗ਼ਦਾਦ ਵਿਚ ਬਾਂਗ ਦੇ ਕੇ ਸ਼ਹਿਰ ਉਪਰ ਸੁੰਨ ਦੀ ਅਵਸਥਾ ਤਾਰੀ ਕਰਨੀ, ਇਹ ਸਾਰੀਆਂ ਘਟਨਾਵਾਂ ਭਾਵੇਂ ਸਤਿਕਾਰ ਵਜੋਂ ਮੰਨਣ ਤੋਂ ਚਾਰਾ ਨਹੀਂ ਪਰ ਇਹਨਾਂ ਬਾਰੇ ਕਈ ਸ਼ੰਕਾ ਜਾਂ ਘੱਟੋ-ਘੱਟ ਖੋਜ-ਪ੍ਰਸ਼ਨ ਮਨ ਵਿਚ ਉਤਪੰਨ ਹੋਣੇ ਆਵੱਸ਼ਕ ਹਨ। ਇਹਨਾਂ ਬਾਰੇ ਇਸ ਲੇਖ ਵਿਚ ਕੁਝ ਚਰਚਾ ਕਰਨੀ ਹੈ।

(2)

ਸਤਿਗੁਰਾਂ ਦੇ ਮੁਸਲਮਾਨਾਂ ਦੇ ਭਾਰਤ (ਜਾਂ ਹੁਣ ਪਾਕਿਸਤਾਨ) ਵਿਚ ਸਥਾਪਿਤ ਧਾਰਮਿਕ ਸਥਾਨਾਂ ਉਪਰ ਜਾਣ ਬਾਰੇ ਕਿਸੇ ਸੰਦੇਹ ਦੀ ਸੰਭਾਵਨਾ ਨਹੀਂ ਜਾਪਦੀ। ਮੱਕੇ ਅਤੇ ਬਗ਼ਦਾਦ ਬਾਰੇ ਮਨ ਵਿਚ ਕਈ ਸ਼ੰਕਾਵਾਂ ਉਤਪੰਨ ਹੁੰਦੀਆਂ ਹਨ ਪਰ ਜਨਮਸਾਖੀ ਅਤੇ ਭਾਈ ਗੁਰਦਾਸ ਜੀ ਦੇ ਸਪੱਸ਼ਟ ਬਿਆਨ ਨਾਲ ਉਹਨਾਂ ਨੂੰ ਉਭਰਨੋਂ ਰੋਕਣਾ ਉਚਿਤ ਜਾਪਦਾ ਹੈ। ਆਖ਼ਰ ਮੱਕੇ ਜਾਂ ਬਗ਼ਦਾਦ ਪੁੱਜਣਾ ਕੋਈ ਅਸੰਭਵ ਮੁਹਿੰਮ ਨਹੀਂ ਸੀ। ਹਿੰਦੁਸਤਾਨ ਤੋਂ ਸਮੇਂ-ਸਮੇਂ ਹਾਜੀ ਇਹਨਾਂ ਸਥਾਨਾਂ ਉਪਰ ਜਾਂਦੇ ਹੀ ਰਹਿੰਦੇ ਸਨ। ਬਾਕੀ ਰਹੀ ਗੱਲ ਕਿ ਕਿਸ ਵੇਸ ਅਤੇ ਸਰੂਪ ਵਿਚ ਸਤਿਗੁਰੂ ਜੀ ਗਏ, ਸੋ ਇਹ ਸਪੱਸ਼ਟ ਹੈ ਕਿ ਹਿੰਦੁਸਤਾਨ ਵਿਚ ਵੀ ਵਿਚਰਦੇ ਉਹਨਾਂ ਦੇ ਲਿਬਾਸ ਆਦਿ ਬਾਰੇ ਪਰੰਪਰਾਵਾਦੀ ਲੋਕ ਕਿੰਤੂ ਕਰਦੇ ਰਹਿੰਦੇ ਸਨ ਕਿ ਤੁਹਾਡੇ ਕੋਲ ਤੁਲਸੀ ਦੀ ਮਾਲਾ ਨਹੀਂ, ਤਿਲਕ ਨਹੀਂ, ਇਹ ਨਹੀਂ, ਉਹ ਨਹੀਂ, ਅਤੇ ਫੇਰ ਜਨਮਸਾਖੀ ਅਤੇ ਭਾਈ

ਗੁਰਦਾਸ ਜੀ ਦੋਵੇਂ ਸਪੱਸ਼ਟ ਢੰਗ ਨਾਲ ਸਤਿਗੁਰਾਂ ਦੇ ਮੁਸਲਮਾਨ ਫ਼ਕੀਰਾਂ ਜਿਹੇ ਲਿਬਾਸ ਧਾਰਨ ਦੀ ਗਵਾਹੀ ਦਿੰਦੇ ਹਨ—ਆਸਾ, ਕੂਜਾ ਤੇ ਮੁਸਲੇ ਦੀ ਵੀ। ਸੋ ਇਹ ਮੁਸ਼ਕਲ ਵੀ ਅਸਾਧ ਨਹੀਂ ਜਾਪਦੀ। ਬਾਕੀ, ਬਗ਼ਦਾਦ ਵਿਚਲੇ ਕੁਤਬੇ ਦੀ ਗਵਾਹੀ ਹੈ ਜਿਸ ਉਪਰ ਸਤਿਗੁਰਾਂ ਦੇ ਉਥੇ ਆਗਮਨ ਜਾਂ ਕਿਸੇ ਯਾਦਗਾਰ ਇਮਾਰਤ ਦੀ ਤਾਰੀਖ਼ ਸੰਨ 917 ਹਿਜਰੀ ਹੈ ਜੋ ਸੰਨ 1513 ਦੇ ਅਨੁਸਾਰ ਸਿੱਧ ਹੁੰਦੀ ਹੈ। ਇਸ ਸਾਰੀ ਗਵਾਹੀ ਨੂੰ ਮੁੱਖ ਰੱਖ ਕੇ ਇਹਨਾਂ ਇਸਲਾਮ ਦੇ ਕੇਂਦਰੀ ਧਾਰਮਿਕ ਸਥਾਨਾਂ ਦੀ ਯਾਤਰਾ ਨੂੰ ਸਹੀ ਵਾਕਿਆਤ ਕਬੂਲ ਕਰ ਹੀ ਲੈਣਾ ਉਚਿਤ ਜਾਪਦਾ ਹੈ। ਜਨਮਸਾਖੀ ਵਿਚ ਇਕ ਵੱਡੀ ਤਰੁੱਟੀ ਸਤਿਗੁਰਾਂ ਦੇ ਸਿੰਧ ਦੇਸ਼ ਵਿਚ ਆਗਮਨ ਅਤੇ ਪ੍ਰਚਾਰ ਦੇ ਜ਼ਿਕਰ ਦਾ ਅਭਾਵ ਹੈ। ਸਿੰਧ ਵਿਚ ਸਤਿਗੁਰੂ ਗਏ, ਉਥੇ ਸਤਿਨਾਮ ਦਾ ਪ੍ਰਚਾਰ ਕੀਤਾ, ਜਿਸ ਨਾਲ ਉਥੋਂ ਦੇ ਹਿੰਦੂਆਂ ਨੂੰ ਢਾਰਸ ਮਿਲੀ ਅਤੇ ਇਸਲਾਮ ਦਾ ਪ੍ਰਚਾਰ ਕੁਝ ਮੱਧਮ ਪਿਆ। ਸੱਖਰ ਰੋਹੜੀ ਦੇ ਵਿਚਕਾਰ ਸਿੰਧ ਦਰਿਆ ਵਿਚ ਸਾਧ ਬੇਲਾ ਦੀ ਸਥਾਪਨਾ ਵੀ ਸਤਿਗੁਰਾਂ ਦੇ ਆਗਮਨ ਦੀ ਯਾਦਗਾਰ ਹੈ। ਸਿੰਧੀ ਹਿੰਦੂਆਂ ਵਿਚ ਤੀਬਰ ਸਿੱਖੀ ਪ੍ਰੇਮ ਵੀ ਉਸੇ ਸਮੇਂ ਤੋਂ ਜੜ੍ਹ ਪਕੜ ਕੇ ਵਧਦਾ ਆਇਆ ਹੈ। ਜਨਮਸਾਖੀ ਵਿਚ ਲਿਖਿਆ ਹੈ ਕਿ ਸਤਿਗੁਰੂ ਅਤੇ ਸ਼ੇਖ਼ ਫ਼ਰੀਦ ਆਸਾ ਦੇਸ ਵਿਚ ਗਏ, ਜਿਥੋਂ ਦਾ ਰਾਜਾ "ਸਮੁੰਦਰ ਥਾ"। ਇਹ ਸਿੰਧ ਹੀ ਹੋ ਸਕਦਾ ਹੈ, ਭਾਵੇਂ ਜਨਮਸਾਖੀ ਦੇ ਬਿਆਨ ਵਿਚ ਨਾਵਾਂ ਤੇ ਸਥਾਨਾਂ ਦਾ ਭੇਦ ਹੈ। ਮੁਲਤਾਨ ਵਿਚ ਵੀ ਸਤਿਗੁਰਾਂ ਦਾ ਜਾਣਾ ਤਾਂ ਸਿੱਧ ਹੋ ਜਾਂਦਾ ਹੈ ਜੋ ਸ਼ੇਖ਼ ਬਹਾਉਦੀਨ ਜ਼ਕਰੀਆ ਦੇ ਸਤਿਗੁਰਾਂ ਨਾਲ ਪ੍ਰੇਮ ਤੋਂ ਪ੍ਰਤੀਤ ਹੈ। ਪਿੱਛੋਂ ਦੀ ਇਕ ਸਾਖੀ ਸਤਿਗੁਰਾਂ ਪ੍ਰਤੀ ਮੁਲਤਾਨ ਦੇ ਪੀਰਾਂ ਵੱਲੋਂ ਦੁੱਧ ਭਰਿਆ ਕਟੋਰਾ ਘੱਲਣ ਦੀ ਹੈ, ਸੰਕੇਤਕ ਉਥੋਂ ਦੇ ਪੀਰਾਂ ਦੀ ਬਹੁਗਿਣਤੀ ਦੀ ਅਤੇ ਸਤਿਗੁਰਾਂ ਦਾ ਉਸ ਉਪਰ ਚਮੇਲੀ ਦਾ ਫੁੱਲ ਟਿਕਾ ਕੇ ਆਪਣਾ ਆਸ਼ਾ ਕਿਸੇ ਨਾਲ ਵਿਰੋਧ ਨਹੀਂ ਸਗੋਂ ਸਰਵ-ਪ੍ਰੇਮ ਪ੍ਰਗਟ ਕਰਨਾ। ਇਹ ਸਾਖੀ ਸਹੀ ਜਾਪਦੀ ਹੈ। ਇੰਜ ਹੀ ਹੋਰ ਵੀ ਕਈ ਕਥਾਵਾਂ ਹਨ, ਜੋ ਜਨਮਸਾਖੀ ਵਿਚ ਨਹੀਂ ਆਈਆਂ। ਇਹਨਾਂ ਸਭਨਾਂ ਅਤੇ ਸਵਯੰ ਜਨਮਸਾਖੀ ਨੂੰ ਵੀ ਬੁੱਧ ਬਿਬੇਕ ਨਾਲ ਵਿਚਾਰਨ ਦੀ ਲੋੜ ਹੈ ਅਤੇ ਇਹ ਪੰਜਵੀਂ ਸ਼ਤਾਬਦੀ ਇਸ ਕਾਰਜ ਲਈ ਉਚਿਤ ਸਮਾਂ ਪ੍ਰਤੀਤ ਹੁੰਦਾ ਹੈ ਜਦ ਸਤਿਗੁਰਾਂ ਦੀ ਪ੍ਰਮਾਣਿਕ ਜੀਵਨ-ਕਥਾ ਰਚੀ ਜਾਵੇ।

(3)

ਸਤਿਗੁਰਾਂ ਨੇ ਆਪਣੀਆਂ ਉਦਾਸੀਆਂ ਦੇ ਦੌਰਾਨ ਵਿਚ ਸਮੁੱਚੇ ਭਾਰਤ ਦਾ ਰਟਨ ਕੀਤਾ ਅਤੇ ਹਿੰਦੂ, ਜੋਗੀ, ਜੈਨੀ ਅਤੇ ਹੋਰਨਾਂ ਮਤਾਂ ਦੇ ਧਾਰਮਿਕ ਸਥਾਨਾਂ ਉਪਰ ਪੁੱਜੇ ਅਤੇ ਉਹਨਾਂ ਧਰਮਾਂ ਦੇ ਅਨੁਯਾਈਆਂ ਅਤੇ ਨੇਤਾਵਾਂ, ਧਾਰਮਿਕ ਸਰਬਰਾਹਾਂ, ਚਿੰਤਕਾਂ ਨਾਲ ਚਰਚਾ ਕਰ ਕੇ ਉਹਨਾਂ ਪ੍ਰਤੀ ਇਕਓਂਕਾਰ, ਪਾਰਬ੍ਰਹਮ ਦੀ ਉਪਾਸ਼ਨਾ ਦਾ ਉਪਦੇਸ਼ ਦਿੱਤਾ ਅਤੇ ਇਨਸਾਨ-ਇਨਸਾਨ ਵਿਚਕਾਰ ਭਰਾਤਰੀ ਭਾਵ ਅਤੇ ਸਤਿਕਾਰ ਸਹਿਣ ਦਾ ਪ੍ਰਚਾਰ ਕੀਤਾ। ਭੁਲੇਖੇ ਮਨਾਂ ਵਿਚੋਂ ਦੂਰ ਕੀਤੇ ਕਿ ਭੇਖ ਅਤੇ ਧਰਮ ਵੱਖ-ਵੱਖ ਹਨ, ਸਗੋਂ ਸਰਵ-ਮਾਨਸ ਜਾਤ ਨੂੰ ਇਕੋ ਪਾਰਬ੍ਰਹਮ ਦੀ ਸਿਰਜਣਾ ਦਰਸਾ ਕੇ ਮਨਾਂ ਵਿਚੋਂ ਵਿਰੋਧ ਮਿਟਾ ਕੇ ਸਰਵ-ਧਰਮ ਪ੍ਰੇਮ ਦੀ ਨੀਂਹ ਰੱਖੀ। ਇੰਜ ਹੀ ਭਾਰਤ ਦੇ ਆਦਿ ਦਰਸ਼ਨ, ਅਦ੍ਵੈਤ ਦਾ ਪ੍ਰਚਾਰ ਕਰ ਕੇ 'ਦੂਜਾ ਭਾਵ' ਹਉਮੈ ਅਤੇ

ਨਿੱਜਤਵ ਨਾਲ ਉਪਜੇ ਵਿਤਕਰਿਆਂ ਦੀ ਨਿਰਾਧਾਰ ਦਸ਼ਾ ਦਰਸਾ ਕੇ ਮਨਾਂ ਨੂੰ ਸੱਚ ਅਤੇ ਉੱਤਮ ਕਰਮ, ਨਿਰਮਲ ਜੀਵਨ ਵੱਲ ਪ੍ਰੇਰਿਆ। ਭਾਰਤ ਦੀ ਸਥਿਤੀ ਅਤੇ ਆਤਮਾ ਤੋਂ ਉਪਜੇ ਧਰਮਾਂ ਅਤੇ ਸਤਿਗੁਰਾਂ ਦੇ ਉਦੇਸ਼ ਵਿਚਕਾਰ ਸਾਂਝ ਸੀ, ਉਹ ਦਾਰਸ਼ਨਿਕ ਸਾਂਝ ਸੀ। ਸਭ ਭਾਰਤੀ ਧਰਮ ਆਤਮਾ, ਪਰਮਾਤਮਾ, ਆਵਾਗਵਣ ਅਤੇ ਆਵਗਵਣ ਤੋਂ ਛੁਟਕਾਰੇ ਨੂੰ ਮੁਕਤੀ ਮੰਨਣ ਵਾਲੇ, ਭਾਗ ਅਤੇ ਭਾਵੀ ਨੂੰ ਕਰਮ ਉਪਰ ਆਧਾਰਿਤ ਮੰਨਣ ਵਾਲੇ, ਆਤਮਾ ਦਾ ਪਰਮ ਪ੍ਰਯੋਜਨ ਮੇਲ ਜਾਂ ਜੋਗ ਨੂੰ ਮੰਨਣ ਵਾਲੇ ਹਨ। ਸੋ ਇਹਨਾਂ ਧਰਮਾਂ ਵਿਚ ਜਿਥੇ ਉਕਾਈਆਂ ਆ ਗਈਆਂ ਸਨ, ਜਿਥੇ ਭਰਮ ਅਤੇ ਅਧਾਰਮਿਕ ਭਾਵ ਇਹਨਾਂ ਵਿਚ ਪ੍ਰਬਲ ਹੋ ਚੁੱਕੇ ਸਨ, ਉਥੇ ਉਹਨਾਂ ਨੂੰ ਧਰਮ ਦਾ ਮੂਲ ਅਤੇ ਉਸ ਦੇ ਨੈਤਿਕ ਅਸੂਲ—ਅਹਿੰਸਾ, ਦਇਆ, ਸ਼ੀਲ, ਸੰਜਮ ਆਦਿ ਦੱਸ ਕੇ ਆਪਣੇ ਸੋਮੇ ਵੱਲ ਪ੍ਰੇਰਨਾ ਸੀ। ਗੁਰਬਾਣੀ ਦੀ ਗਵਾਹੀ ਅਤੇ ਜਨਮ-ਕਥਾ ਦੋਹਾਂ ਤੋਂ ਇਹੋ ਸਿੱਧ ਹੁੰਦਾ ਹੈ ਕਿ ਸਤਿਗੁਰਾਂ ਨੇ ਕੁਰਾਹੇ ਪਏ ਬ੍ਰਾਹਮਣ, ਜੋਗੀ-ਜੰਗਮ, ਸਰੌਗੀ, ਬੈਰਾਗੀ ਆਦਿ ਸਭਨਾਂ ਨੂੰ ਇਸੇ ਆਦਿ ਮਾਰਗ ਵੱਲ ਪ੍ਰੇਰ ਕੇ ਇਕ ਪਾਰਬ੍ਰਹਮ ਦੀ ਉਪਾਸ਼ਨਾ ਅਤੇ ਸਫ਼ਲ ਜੀਵਨ ਦੀ ਘਾਲਣਾ ਵੱਲ ਲਾਇਆ। ਇਹ ਬੁਨਿਆਦੀ ਅਸੂਲ ਅਸੀਂ ਗੁਰਬਾਣੀ ਨੂੰ ਵਿਚਾਰਨ ਲੱਗਿਆਂ ਇਸ ਨਾਲ ਦੇ ਸਮਾਜਿਕ ਸਿਆਸੀ ਅਤੇ ਸਿਆਸੀ ਦ੍ਰਿਸ਼ਟੀਕੋਣਾਂ ਦੇ ਪ੍ਰਭਾਵ ਹੇਠ ਕਿੰਨੀ ਵਾਰੀ ਨਜ਼ਰ ਤੋਂ ਓਹਲੇ ਕਰ ਕੇ ਉਸ ਸਮੇਂ ਨੂੰ ਭੁੱਲ ਜਾਂਦੇ ਹਾਂ, ਜਿਥੇ ਗੁਰਬਾਣੀ ਸਾਨੂੰ ਲੈ ਕੇ ਜਾਂਦੀ ਹੈ।

ਸਤਿਗੁਰਾਂ ਨੇ ਅਤੇ ਉਸ ਮੱਧਕਾਲੀਨ ਭਾਰਤ ਦੇ ਕਈ ਹੋਰ ਭਗਤਾਂ, ਮਹਾਤਮਾਂ ਅਤੇ ਚਿੰਤਕਾਂ ਨੇ ਅਨੁਭਵ ਕੀਤਾ ਕਿ ਭਾਰਤ ਦੀ ਧਾਰਮਿਕ ਸਥਿਤੀ ਵਿਚ ਬੁਨਿਆਦੀ ਵਿਰੋਧ ਭਾਰਤੀ ਧਰਮਾਂ ਅਤੇ ਮਤ-ਮਤਾਂਤਰਾਂ ਵਿਚਕਾਰ ਹੀ ਨਹੀਂ, ਭਾਵੇਂ ਇਹਨਾਂ ਨੂੰ ਇਕ ਡਗਰ ਉਪਰ ਲਿਆਉਣ ਲਈ ਰਾਹ ਅੱਗੇ ਹੈ ਜਿਥੋਂ ਇਹ ਸਾਰੇ ਪਾਟੇ ਹੋਏ ਦਿੱਸਦੇ ਹਨ, ਇਕ ਸਿਖ਼ਰ ਹੈ, ਜਿਸ ਵੱਲ ਫੇਰ ਪਾ ਕੇ ਸਾਰੇ ਵਿਕਾਸ ਕਰਦੇ ਕਲਪੇ ਗਏ ਹਨ। ਪਰ ਭਾਰਤ ਵਿਚ ਕਈ ਸੌ ਵਰ੍ਹਿਆਂ ਤੋਂ ਇਕ ਅਜਿਹੀ ਧਾਰਮਿਕ ਪਰੰਪਰਾ ਅਰਥਾਤ ਇਸਲਾਮ ਦਾ ਬੀਜ ਪ੍ਰਫੁੱਲਿਤ ਹੋ ਚੁੱਕਾ ਸੀ ਜਿਸ ਦੀ ਭਾਰਤੀ ਆਤਮਿਕ ਮੰਡਲ ਨਾਲ ਸਾਂਝ ਨਹੀਂ ਰਲਦੀ ਸੀ ਸਗੋਂ ਬੁਨਿਆਦੀ ਅਤੇ ਬਾਹਰੀ ਦੋਹਾਂ ਪੱਖਾਂ ਤੋਂ ਵਿਤਕਰੇ ਅਤੇ ਵਿਰੋਧ ਤੋਂ ਬਿਨਾਂ ਹੋਰ ਕੁਝ ਨਜ਼ਰ ਨਹੀਂ ਸੀ ਆਉਂਦਾ। ਭਾਰਤ ਵਿਚ ਅਨੇਕਾਂ ਧਾਰਮਿਕ ਪਰੰਪਰਾਵਾਂ ਦੇ ਬਾਵਜੂਦ ਬੁਨਿਆਦੀ ਵਿਚਾਰ ਲਗਭਗ ਸਥਾਪਿਤ ਹੈ ਕਿ ਸਭ ਧਰਮਾਂ ਵਿਚ ਸੱਚ ਦੀ ਕੁਝ ਅੰਸ਼ ਹੈ ਅਤੇ ਵੱਖੋ-ਵੱਖ ਧਰਮ ਅੰਤ ਇਕੋ ਰਸਤੇ ਉਪਰ ਲੈ ਜਾਣ ਵਾਲੇ ਹਨ—ਇਹ ਵਿਚਾਰ ਨਿਤਾਪ੍ਰਤੀ ਦੇ ਝਗੜਿਆਂ, ਵਖਰੇਵਿਆਂ ਵਿਚ ਲੁਕਿਆ ਰਹਿੰਦਾ ਹੈ, ਪਰ ਜਦ ਕੋਈ ਮਹਾਨ ਆਤਮਾ ਇਸ ਦਾ ਉਪਦੇਸ਼ ਕਰੇ ਤਾਂ ਭਾਰਤੀ ਮਨ-ਆਤਮਾ ਇਸ ਨੂੰ ਸਵੀਕਾਰ ਕਰਦੀ ਹੈ। ਇਸ ਤੋਂ ਪ੍ਰਤੀਕੂਲ ਇਸਲਾਮ ਦੀ ਪਰੰਪਰਾ 'ਸਾਮੀ' ਹੈ ਜਿਸ ਅਨੁਸਾਰ ਇਕੋ ਧਾਰਮਿਕ ਪ੍ਰਣਾਲੀ 'ਸਤਿ' ਦੀ ਧਾਰਨੀ ਅਤੇ ਉਹ ਹੈ ਇਬਰਾਹੀਮ ਤੋਂ ਚੱਲੀ ਮੂਸਾ ਈਸਾ ਆਦਿ ਨਬੀਆਂ ਵਿਚਕਾਰੋਂ ਹੁੰਦੀ ਅੰਤ ਹਜ਼ਰਤ ਮੁਹੰਮਦ ਉਪਰ ਖ਼ਤਮ ਹੋਣ ਵਾਲੀ। ਇਸ ਪ੍ਰਣਾਲੀ ਵਿਚ ਚਾਰ 'ਕਿਤਾਬਾਂ' (ਜਿਨ੍ਹਾਂ ਨੂੰ ਬਾਣੀ ਵਿਚ ਕਤੇਬ ਕਰਕੇ ਲਿਖਿਆ ਹੈ, ਜੋ ਭਾਖਾ-ਵਿਗਿਆਨ ਵਿਚ ਸਹੀ ਹੈ) ਉਤਰੀਆਂ। ਇਹਨਾਂ ਵਿਚੋਂ ਨਿਰੋਲ 'ਸਤਿ' ਕੁਰਾਨ ਵਿਚ ਹੈ, ਹੋਰਾਂ ਵਿਚ ਸਮੇਂ ਅਨੁਸਾਰ ਸਤਿ ਦਾ ਧੁੰਦਲਾ ਪ੍ਰਕਾਸ਼। ਇਹਨਾਂ ਤੋਂ ਬਿਨਾਂ ਅਤੇ ਇਸ ਪ੍ਰਣਾਲੀ ਤੋਂ ਬਾਹਰ ਕੁਫ਼ਰ,

ਕੁਸੱਤ, ਪਾਪ ਹੈ। ਇਹ ਹੈ ਬੁਨਿਆਦੀ ਅਸੂਲ ਜਿਸ ਉਪਰ ਇਸਲਾਮ ਆਧਾਰਿਤ ਹੈ। ਇਸਲਾਮੀ ਸ਼ਰੀਅਤ ਅਨੁਸਾਰ ਗ਼ੈਰ-ਇਸਲਾਮੀ ਜਨਤਾ ਮੁਸਲਮਾਨਾਂ ਦੀ ਪ੍ਰਕਿਰਤੀ ਵੱਲੋਂ ਵਿਰੋਧੀ ਹੈ। ਉਸ ਨਾਲ ਮੁਸਲਮਾਨ ਕਿਸੇ ਸ਼ਰਤਾਂ ਉਪਰ ਨਿਬਾਹ ਕਰਨ, ਉਹਨਾਂ ਨਾਲ ਭਿੱਜਣ ਨਾ। ਗ਼ੈਰ-ਇਸਲਾਮੀ ਦੇਸ਼ 'ਦਾਰੁਹਰਬ' ਜਾਂ 'ਯੁੱਧ ਖੇਤਰ' ਹਨ, ਜਿਨ੍ਹਾਂ ਨੂੰ ਕਬਜ਼ੇ ਵਿਚ ਕਰਨਾ ਮੁਸਲਮਾਨ ਦਾ ਪਰਮ ਧਰਮ ਹੈ। ਇਹਨਾਂ ਵਿਚਾਰਾਂ ਉਪਰ ਮੁਸਲਮਾਨ ਬਾਦਸ਼ਾਹਾਂ ਦੀ ਨੀਤੀ ਅਧਾਰਿਤ ਰਹੀ ਹੈ ਅਤੇ ਪਰੰਪਰਾਵਾਦੀ ਦੇਸ਼ਾਂ, ਪਾਕਿਸਤਾਨ ਆਦਿਕ ਵਿਚ ਇਹੋ ਵਿਚਾਰ ਮਨਾਂ ਵਿਚ ਰਚੇ ਹੋਏ ਹਨ ਭਾਵੇਂ ਸਿਆਸੀ ਔਕੜਾਂ ਕਰਕੇ ਇਹਨਾਂ ਉਪਰ ਅਮਲ ਸਥਗਿਤ ਕੀਤਾ ਜਾਂਦਾ ਹੋਵੇ। ਇਸ ਤੋਂ ਉਪਰੰਤ ਇਸਲਾਮ ਦੇ ਬੁਨਿਆਦੀ ਅਕੀਦੇ, 'ਕਲਮੇ' ਉਪਰ ਉਪਾਸ਼ਨਾ, 'ਅੱਲਾਹ' ਦੀ ਅਤੇ ਉਸ ਦੇ ਰਸੂਲ ਮੁਹੰਮਦ ਦੀ ਦੱਸੀ ਹੈ, ਹਰ ਮੁਸਲਮਾਨ ਨੂੰ ਇਸ ਦਾ ਪ੍ਰਣ ਲੈਣਾ ਪੈਂਦਾ ਹੈ। ਇਸ ਕਰਕੇ ਇਸਲਾਮ ਵਿਚ ਧਾਰਮਿਕ ਰਵਾਦਾਰੀ, ਸਹਿਣ ਆਦਿ ਦੇ ਵਿਚਾਰ ਬੁਨਿਆਦੀ ਨਹੀਂ। ਇਸਲਾਮ ਵਿਚ ਤਸਵੁੱਫ਼ (ਸੂਫ਼ੀ ਮਤ) ਅਰਬ ਤੋਂ ਬਾਹਰ ਵਿਸ਼ੇਸ਼ ਕਰਕੇ ਫ਼ਾਰਸੀ ਬੋਲਣ ਵਾਲੇ ਦੇਸ਼ਾਂ ਵਿਚ ਕੁਝ ਪ੍ਰਚਲਿਤ ਹੋਇਆ। ਇਹ ਆਰੀਆਈ ਪਰੰਪਰਾ ਸੀ ਸਹਿਣਸ਼ੀਲ ਦੀ, ਜਿਸ ਨੂੰ ਕੁਝ ਆਧਾਰ ਯੂਨਾਨ ਦੇ ਅਫ਼ਲਾਤੂਨ ਦੇ ਫ਼ਲਸਫ਼ੇ ਤੋਂ ਮਿਲਿਆ। ਇਹ ਵੀ ਆਰੀਆਈ ਵਿਚਾਰਧਾਰਾ ਸੀ। ਪਰ ਇਸਲਾਮ ਵਿਚ ਸੂਫ਼ੀ ਮਤ ਦਾ ਵਿਰੋਧ ਹੋਇਆ। ਭਾਵੇਂ ਸੂਫ਼ੀ ਡੇਰੇ ਅਤੇ ਖ਼ਾਨਗਾਹਾਂ ਬਣਾ ਕੇ ਆਪਣਾ ਪ੍ਰਚਾਰ ਕਰਦੇ ਸਨ ਪਰ ਸਿਵਾਏ ਓਪਰੇ ਢੰਗ ਨਾਲ ਸਹਿਣ ਆਦਿ ਅਤੇ ਰਹੱਸ ਦੇ ਵਿਚਾਰਾਂ ਅਤੇ ਕੁਝ ਸੰਗੀਤ ਦੀ ਮਰਿਆਦਾ ਦੇ ਤਸੱਵੁਫ਼ ਬੁਨਿਆਦੀ ਤੌਰ ਉਪਰ ਇਸਲਾਮ ਦਾ ਹੀ ਰੂਪ ਹੈ। ਬੁਨਿਆਦੀ ਕਲਮੇ ਅਤੇ ਸ਼ਰੀਅਤ ਦਾ ਪਾਬੰਦ ਹੈ। ਕੋਈ ਸੂਫ਼ੀ ਭਾਰਤ ਵਿਚ ਇਸਲਾਮੀ ਜਨਤਾ ਜਾਂ ਹੁਕਮਰਾਨਾਂ ਪ੍ਰਤੀ ਸਹਿਣ ਦਾ ਪ੍ਰਚਾਰ ਕਰਨ ਵਾਲਾ ਨਹੀਂ ਹੋਇਆ। ਕੇਵਲ ਆਪਣੇ ਮਿੱਠੇ ਸੁਭਾਅ ਅਤੇ ਵਰਤਾਰੇ ਕਰਕੇ ਭਾਰਤੀ ਜਨਤਾ ਵਿਚ ਉਹਨਾਂ ਕੱਟੜ ਮੁਲਾਣਿਆਂ ਨਾਲੋਂ ਇਸਲਾਮ ਦਾ ਪ੍ਰਚਾਰ ਵਧੇਰੀ ਸਫ਼ਲਤਾ ਨਾਲ ਕੀਤਾ।

ਸਤਿਗੁਰੂ ਨਾਨਕ ਦੇਵ ਜੀ ਨੇ ਬਾਣੀ ਵਿਚ ਥਾਏ ਪ੍ਰਥਾਏ ਸਹਿਣ ਅਤੇ ਸਰਵ-ਧਰਮ ਪ੍ਰਤੀ ਸਤਿਕਾਰ ਦੇ ਆਸ਼ੇ ਪ੍ਰਗਟ ਕੀਤੇ ਹਨ। ਅਮਲ ਨੂੰ ਇਨਸਾਨੀ ਉੱਚਤਾ ਦਾ ਆਧਾਰ ਬਣਾਇਆ, ਨਾ ਬ੍ਰਾਹਮਣ ਵਾਂਗ ਜਾਤੀ ਨੂੰ ਅਤੇ ਨਾ ਮੁਸਲਮਾਨ ਵਾਗ ਅੱਲਾਹ ਅਤੇ ਮੁਹੰਮਦ ਦੀ ਉਪਾਸ਼ਨਾ ਨੂੰ। ਜਪੁਜੀ ਦੀ ਸਤਾਰ੍ਹਵੀਂ ਪਉੜੀ ਵਿਚ ਸੰਸਾਰ ਦੇ ਅਸੰਖ (ਅਨੇਕ) ਧਰਮਾਂ ਪ੍ਰਤੀ ਵਿਸਮਾਦ ਦਾ ਭਾਵ ਹੈ, ਵਿਰੋਧ ਜਾਂ ਘਿਰਣਾ ਦਾ ਨਹੀਂ। 'ਅਸੰਖ ਜਪ ਅਸੰਖ ਭਾਉ॥ ਅਸੰਖ ਪੂਜਾ ਅਸੰਖ ਤਪ ਤਾਉ॥' ਇਤਿਆਦਿਕ। ਅਤੇ ਅੰਤ ਵਿਚ ਕੋਈ ਨਿਸ਼ਚਾ ਨਾ ਕਰਦੇ ਹੋਏ ਕਿ ਸਤਿ ਇਕੋ ਧਰਮ ਜਾਂ ਪਰੰਪਰਾ ਵਿਚ ਕੇਂਦਰਿਤ ਹੈ, ਪਰਮਾਤਮਾ ਸਿਰਜਣਹਾਰ ਦੀ ਰਜ਼ਾ ਮਿਹਰ ਉਪਰ ਫ਼ੈਸਲਾ ਛੱਡਦੇ ਹਨ ਕਿ ਉਹ ਕਿਸ ਦੀ ਘਾਲਣਾ ਕਬੂਲ ਕਰਦਾ ਹੈ—'ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂੰ ਸਦਾ ਸਲਾਮਤ ਨਿਰੰਕਾਰ॥'' ਅਜਿਹੇ ਸਹਿਣ ਦੇ ਵਿਚਾਰ ਮੁਸਲਮਾਨ ਪੀਰਾਂ, ਸੂਫ਼ੀਆਂ ਵਿਚਕਾਰ ਭਾਵੇਂ ਬੌਧਿਕ ਢੰਗ ਨਾਲ ਕਲਪੇ ਜਾਂਦੇ ਸਨ ਪਰ ਇਹਨਾਂ ਦੀ ਭਾਵੁਕ ਪਕੜ ਨਹੀਂ ਸੀ। ਬੁਨਿਆਦੀ ਤੌਰ ਉਪਰ ਇਹ ਸਭ, ਭਾਵੇਂ ਨੀਤੀ ਕਰਕੇ ਚੰਗੇ ਜੀਵਨ ਆਦਿ ਦਾ ਪ੍ਰਚਾਰ ਕਰਦੇ ਸਨ, ਪਰ ਇਸਲਾਮ ਦੇ ਨਿਰੋਲ ਮਤ ਦੇ ਧਾਰਨੀ ਹੋਣ ਦੇ ਆਸ਼ੇ ਤੋਂ ਇਧਰ-ਉਧਰ ਨਹੀਂ ਸਨ ਹੋ ਸਕਦੇ। ਤਸੱਵਫ਼ ਦਾ ਅਸਰ ਜੀਵਨ ਉਪਰ ਘੱਟ ਹੋਣ ਕਰਕੇ ਇਕ ਮੁਸਲਮਾਨ

ਚਿੰਤਕ ਨੇ ਕਿਹਾ ਹੈ "ਬਰਾਏ ਸ਼ਿਅਰ ਗੁਫ਼ਤਨ ਖ਼ੂਬ ਅਸਤ" ਅਰਥਾਤ ਇਸ ਦੀ ਇਹੋ ਖ਼ੂਬੀ ਹੈ ਕਿ ਇਸ ਨਾਲ ਸ਼ਾਇਰੀ ਸੋਹਣੀ ਬਣ ਜਾਂਦੀ ਹੈ, ਸੁਸਜਿਤ ਹੋ ਜਾਂਦੀ ਹੈ।

(4)

ਇਸ ਉਪਰ ਦੱਸੀ ਇਸਲਾਮ ਬਾਰੇ ਸਾਰੀ ਸਥਿਤੀ ਨੂੰ ਮੁੱਖ ਰੱਖ ਕੇ ਜਿਸ ਪ੍ਰਸ਼ਨ ਬਾਰੇ ਵਿਚਾਰ ਕਰਨੀ ਹੈ ਉਹ ਇਹ ਹੈ ਕਿ ਸਤਿਗੁਰਾਂ ਨੇ ਮੁਸਲਮਾਨਾਂ ਦੇ ਧਾਰਮਿਕ ਮਰਕਜ਼ਾਂ ਉਪਰ ਉਹਨਾਂ ਦੇ ਪੀਰਾਂ ਤੇ ਆਗੂਆਂ ਨੂੰ ਮਿਲ ਕੇ, ਇਥੋਂ ਤਕ ਕਿ ਮੱਕੇ ਅਤੇ ਬਗ਼ਦਾਦ ਤਕ ਜਾ ਕੇ ਜੋ ਇਸਲਾਮ ਦੇ ਸੰਸਾਰੀ ਕੇਂਦਰੀ ਸਥਾਨ ਸਨ, ਕਿਸ ਯੋਜਨਾ ਦੀ ਉਸਾਰੀ ਆਪਣੇ ਸਾਹਮਣੇ ਕਲਪੀ ਸੀ, ਮੁਸਲਮਾਨਾਂ ਦੇ ਰਾਜ ਦੀਆਂ ਵਧੀਕੀਆਂ ਅਤੇ ਅਨਿਆਂ ਉਹਨਾਂ ਦੇ ਸਾਹਮਣੇ ਸੀ ਅਤੇ ਭਾਰਤ ਦੇ ਲੋਕਾਂ ਦੀ ਦੁਰਬਲਤਾ। ਇਸ ਤੋਂ ਉਪਰੰਤ ਇਹ ਵੀ ਪ੍ਰਤੱਖ ਸੀ ਕਿ ਮੁਸਲਮਾਨਾਂ ਵਿਚ ਵੀ ਜਾਤੀ ਭੇਦ ਹਿੰਦੂਆਂ ਵਾਂਗ ਹੀ ਪਰਪੱਕ ਸਨ—ਮੁਗ਼ਲ, ਪਠਾਣ, ਤੁਰਕ ਅਤੇ ਹੋਰ ਬਾਹਰੋਂ ਆਏ ਕਬੀਲਿਆਂ ਦੇ ਲੋਕ ਵੱਡੇ ਰਈਸ ਸਮਝੇ ਜਾਂਦੇ ਸਨ, ਇੰਜ ਹੀ ਕਿਸੇ ਹੱਦ ਤੀਕ ਰਾਜਪੂਤ ਆਦਿ ਜੋ ਮੁਸਲਮਾਨ ਬਣ ਗਏ ਸਨ, ਬਾਕੀ ਨੀਵਿਆਂ ਵਰਗਾਂ ਦੇ ਲੋਕ ਮੁਸਲਮਾਨ ਹੋ ਕੇ ਵੀ ਨੀਚ ਅਤੇ ਘਿਰਣਤ ਸਨ। ਇਹ ਜਨ ਸਾਧਾਰਨ ਹਿੰਦੂਆਂ ਦੀਆਂ ਕਰੋੜਾਂ ਦਲਿਤ ਜਾਤੀਆਂ ਦੇ ਲੋਕਾਂ ਵਾਂਗ ਹੀ ਗ਼ਰੀਬ ਅਤੇ ਨਿਮਾਣੇ ਸਨ, ਇਸਲਾਮ ਦੀ ਉਹਨਾਂ ਨੂੰ ਰਤਾ ਕੁ ਛੋਹ ਜ਼ਰੂਰ ਲੱਗੀ ਸੀ ਪਰ ਬਾਕੀ ਉਹ ਇਸਲਾਮ ਦੇ ਦਾਇਰੇ ਤੋਂ ਬਾਹਰ ਮਾਨੋਂ ਜੁੱਤੀਆਂ ਵਾਲੀ ਕਤਾਰ ਨਾਲ ਖਲੋਤੇ ਸਨ। ਗੁਰੂ ਜੀ ਦਾ ਆਸ਼ਾ ਇਹਨਾਂ ਅਨਾਥ ਅਤੇ ਸੰਪਤੀ ਅਤੇ ਗੌਰਵ ਤੋਂ ਵਾਂਝੇ ਲੋਕਾਂ ਵਿਚਕਾਰ ਭਰਾਤਰੀ ਭਾਵ ਉਪਜਾਉਣਾ ਸੀ ਤਾਂ ਜੋ ਉਹ ਉਹਨਾਂ ਆਤਮਿਕ ਅਤੇ ਨੈਤਿਕ ਅਸੂਲਾਂ ਦੇ ਆਧਾਰ ਉਪਰ ਜੋ ਸਰਵ-ਮਾਨਵ ਮਾਤਰ ਲਈ ਸਾਂਝੇ ਹਨ, ਭਾਰਤ ਦੇ ਕਰੋੜਾਂ ਗ਼ੈਰ-ਮੁਸਲਮਾਨ ਲੋਕਾਂ ਦੇ ਨਿਕਟ ਆ ਜਾਣ, ਵਿਤਕਰਾ ਛੱਡ ਕੇ ਮਿੱਤਰਤਾ ਅਤੇ ਪ੍ਰੇਮ ਦੀ ਸਾਂਝ ਵਿਚ ਆਉਣ। ਭਾਵੇਂ ਸਤਿਗੁਰਾਂ ਦੇ ਪ੍ਰਚਾਰ ਦੇ ਪਾਤਰ ਵਧੇਰੇ ਹਿੰਦੂ ਬਣੇ, ਪਰ ਟਾਵੇਂ-ਟਾਵੇਂ ਮੁਸਲਮਾਨ ਵੀ ਮੁਰੀਦੀ ਦੇ ਦਾਇਰੇ ਵਿਚ ਆਏ। ਜਨਮਸਾਖੀ ਦੇ ਸ਼ਬਦਾਂ ਵਿਚ 'ਨਾਮ ਧਰੀਕ' ਹੋਏ। ਇਹ ਉਹ ਪ੍ਰਯੋਜਨ ਸੀ, ਉਹ ਲਹਿਰ ਸੀ, ਜਿਸ ਨੂੰ ਇਸ ਨਾਲ ਦੀ ਪਰਿਭਾਸ਼ਾ ਵਿਚ ਰਾਸ਼ਟਰਵਾਦੀ ਜਾਂ ਕੌਮੀ ਲਹਿਰ ਕਿਹਾ ਜਾ ਸਕਦਾ ਹੈ, ਸੰਪਰਦਾਇਕ ਵਿਤਕਰਿਆਂ ਨੂੰ ਮੇਟ ਕੇ ਸਰਵ-ਮਾਨਵ ਪ੍ਰੇਮ ਦਾ ਪ੍ਰਵਾਹ ਚਲਾਉਣਾ। ਇਸ ਲਹਿਰ ਦਾ ਸਦਕਾ ਹੀ ਮੁਸਲਮਾਨਾਂ ਨੇ ਹਿੰਦੂਆਂ ਵਾਂਗ ਹੀ ਸਤਿਗੁਰਾਂ ਦਾ ਸਤਿਕਾਰ ਕੀਤਾ, ਉਹਨਾਂ ਦੀ ਬਾਣੀ ਵਿਚ ਆਪਣੇ ਪ੍ਰਤੀ ਵੀ ਸੁਨੇਹਾ ਜਾਤਾ ਅਤੇ ਉਹਨਾਂ ਦੇ ਜੋਤੀ ਜੋਤਿ ਸਮਾਉਣ ਉਪਰ ਉਹਨਾਂ ਦੇ ਮਿਰਤਕ ਸਰੀਰ ਉਪਰ ਦਾਅਵਾ ਬਣਾਇਆ।

ਸਤਿਗੁਰਾਂ ਨੇ ਪੀਰਾਂ-ਫ਼ਕੀਰਾਂ ਨਾਲ ਮਿਲ ਕੇ, ਇਥੋਂ ਤਕ ਕਿ ਇਸਲਾਮ ਦੇ ਸੋਮੇ ਮੱਕੇ ਅਤੇ ਬਗ਼ਦਾਦ ਪੁੱਜ ਕੇ ਇਹ ਖੋਜ ਅਤੇ ਯਤਨ ਕੀਤਾ ਕਿ ਮੁਸਲਮਾਨਾਂ ਦੀਆਂ ਵਿਚਾਰਾਂ, ਉਹਨਾਂ ਦੇ ਧਾਰਮਿਕ ਚਿੰਤਨ ਵਿਚ ਅਜਿਹੇ ਅਵਸਰ ਲੱਭੇ ਜਾਣ, ਇਸਲਾਮ ਨੂੰ ਅਜਿਹਾ ਮੋੜ ਦਿੱਤਾ ਜਾਵੇ ਜੋ ਉਸ ਦਾ ਵਿਰੋਧ, ਕੱਟੜ-ਪੁਣਾ ਮਿਟ ਕੇ ਉਸ ਦੇ ਪ੍ਰਚਾਰਕ ਅਤੇ ਅਨੁਆਈ ਬੁਨਿਆਦੀ ਮਾਨਵੀ ਨੈਤਿਕ ਅਤੇ ਆਤਮਿਕ ਸੱਤਾ ਦੇ ਪ੍ਰਚਾਰਕ ਹੋ ਸਕਣ। ਇਸ ਸਾਰੀ ਯੋਜਨਾ ਦਾ ਮੁੱਢ

ਬੰਨ੍ਹਿਆ ਗਿਆ, ਜਿਸ ਦੀ ਗਵਾਹੀ ਬਾਣੀ ਤੋਂ ਮਿਲਦੀ ਹੈ ਅਤੇ ਵਿਸ਼ੇਸ਼ ਕਰਕੇ ਰਵਾਦਾਰੀ ਦੇ ਉਸ ਰਵੱਈਏ ਤੋਂ ਜੋ ਸਿੱਖ ਕੌਮ ਦੀ ਭਾਰਤ ਵਿਚ ਵਿਸ਼ੇਸ਼ਤਾ ਹੈ ਅਤੇ ਜਿਸ ਦੀ ਗਵਾਹੀ ਮੁਸਲਮਾਨਾਂ ਨੇ ਦਿੱਤੀ ਹੈ, ਜਿਸ ਦੇ ਅਸਰ ਨਾਲ ਰਣਜੀਤ ਸਿੰਘ ਦੇ ਰਾਜ, ਮਿਸਲਾਂ ਦੇ ਗਲਬੇ ਅਤੇ ਸਿੱਖਾਂ ਦੀਆਂ ਰਿਆਸਤਾਂ ਦੇ ਸਮੇਂ ਮੁਸਲਮਾਨਾਂ ਨਾਲ ਭਰਾਵਾਂ ਵਾਲਾ ਸਲੂਕ ਹੁੰਦਾ ਰਿਹਾ ਹੈ। ਭਾਵੇਂ ਸ਼ਾਇਦ ਮੁਸਲਮਾਨਾਂ ਉਪਰ ਬਹੁਤਾ ਅਸਰ ਨਹੀਂ ਪਿਆ, ਇਤਿਹਾਸ ਦੀ ਚਾਲ ਪਰਤ ਨਹੀਂ ਸਕੀ, ਪਰ ਸਿੱਖਾਂ ਦੇ ਸਰਵ-ਮਾਨਵ ਪ੍ਰੇਮ ਦੀ ਲਹਿਰ ਘਰ ਕਰ ਗਈ। ਅਜਿਹੀਆਂ ਮਿਸਾਲਾਂ ਕਈ ਵਾਰੀ ਸਦੀਆਂ ਪਿੱਛੋਂ ਵੀ ਫ਼ਲੀਭੂਤ ਹੁੰਦੀਆਂ ਹਨ, ਸੋ ਨਿਰਾਸ਼ਾ ਦਾ ਸਥਾਨ ਨਹੀਂ, ਵਾਹਿਗੁਰੂ ਦੀ ਦਿੱਤੀ ਹੋਈ ਪ੍ਰਕਾਸ਼ ਦੀ ਕਿਰਨ ਨੂੰ ਫੈਲਾਉਣ ਦਾ ਹੈ।

(5)

ਇਥੇ ਇਕ ਭੁਲੇਖਾ ਦੂਰ ਕਰਨਾ ਉਚਿਤ ਹੈ। ਕਈ ਇਤਿਹਾਸਕਾਰ ਜਿਨ੍ਹਾਂ ਨੇ ਧਾਰਮਿਕ ਪੱਖ ਤੋਂ ਸਿੱਖ ਧਰਮ ਨੂੰ ਨਹੀਂ ਖੋਜਿਆ ਜਾਂ ਗੁਰਬਾਣੀ ਦੀਆਂ ਕੁਝ ਓਪਰੀਆਂ ਗੱਲਾਂ ਹੀ ਜਾਣੀਆਂ ਹਨ, ਇਵੇਂ ਇਹ ਆਖ ਦਿਆ ਕਰਦੇ ਹਨ ਕਿ ਸਿੱਖ ਧਰਮ ਹਿੰਦੂ ਮਤ ਅਤੇ ਇਸਲਾਮ ਦਾ ਸੰਗਮ ਹੈ। ਇਹ ਗੱਲ ਉੱਕੀ ਗ਼ਲਤ ਹੈ। ਕਿਧਰੇ ਅਜਿਹੇ ਸੰਗਮ ਦੀ ਕੋਈ ਗਵਾਹੀ ਨਹੀਂ ਮਿਲਦੀ। ਸਿੱਖੀ ਦਾ ਆਧਾਰ ਭਾਰਤੱਜ ਆਤਮ ਗਿਆਨ ਹੈ ਜਿਸ ਦੇ ਉੱਚਤਮ ਅੰਗ ਪਾਰਬ੍ਰਹਮ ਜਾਂ ਓਅੰਕਾਰ ਦੀ ਉਪਾਸ਼ਨਾ ਹੈ, ਕਰਮ ਉਪਰ ਜੀਵਨ ਦੇ ਫ਼ਲ ਦਾ ਆਧਾਰ ਹੈ। ਆਵਾਗਵਣ ਅਤੇ ਉਸ ਦੇ ਬੰਧਨ ਕੱਟਣ ਉਪਰ ਮੁਕਤੀ ਪ੍ਰਾਪਤ ਕਰਨਾ ਜੀਵਨ ਪ੍ਰਯੋਜਨ ਹੈ, ਇਸ ਤੋਂ ਉਪਰੰਤ ਪਾਪ ਦੀ ਜੜ੍ਹ ਦ੍ਵੈਤ-ਭਾਵ ਜਾਂ ਹਉਮੈ ਹੈ। ਇਹ ਅਸੂਲ ਬਾਣੀ ਦੀ ਹਰ ਇਕ ਤੁਕ ਤੋਂ ਉਜਾਗਰ ਹਨ ਅਤੇ ਨਿਰਾ ਬੇਧਿਆਨ ਸ਼ਖ਼ਸ ਹੀ ਇਹਨਾਂ ਤੋਂ ਗ਼ਾਫ਼ਲ ਹੋ ਸਕਦਾ ਹੈ। ਬੁਨਿਆਦੀ ਅਸੂਲ ਮੂਲ ਮੰਤਰ ਹੈ, ਜਿਸ ਦੇ ਹਰ ਇਕ ਅੰਗ (ਸ਼ਬਦ) ਵਿਚ ਭਾਰਤੀ ਆਤਮ ਗਿਆਨ ਨਾਲ ਸੁਮੇਲ ਕਰਦੇ ਸੂਤਰਿਕ ਆਸ਼ੇ ਪ੍ਰਗਟਾਏ ਹੋਏ ਹਨ। ਮੂਲ ਮੰਤਰ ਵਿਚ ਇਕ ਵੀ ਸ਼ਬਦ ਫ਼ਾਰਸੀ ਅਰਬੀ ਦਾ ਨਹੀਂ। ਸਿੱਖੀ ਧਰਮ ਵਿਚ ਨਾ ਅੱਲਾਹ ਦਾ ਆਸ਼ਾ ਹੈ ਜੋ ਇਕ ਵਿਸ਼ੇਸ਼ ਕੌਮ ਦਾ ਰੱਖਿਅਕ ਅਤੇ ਕਾਫ਼ਰਾਂ ਦਾ ਸੰਘਾਰ ਕਰਦਾ ਹੈ, ਨਾ ਰਸੂਲ ਦਾ ਆਸ਼ਾ ਹੈ ਜਿਸ ਦਾ ਇਕੋ ਇਕ ਰਾਹ ਬਹਿਸ਼ਤ ਦਿਵਾਉਣ ਵਾਲਾ ਹੈ, ਨਾ ਦੋਜ਼ਖ਼ ਬਹਿਸ਼ਤ ਦੀ ਕਲਪਨਾ। ਇਕ ਰੱਬ ਦਾ ਆਸ਼ਾ ਜਿਸ ਨੂੰ ਤੌਹੀਦ ਆਖਦੇ ਹਨ। ਇਸ ਨਾਲ ਭੁਲੇਖਾ ਪੈਂਦਾ ਹੈ ਕਿ ਸ਼ਾਇਦ ਇਹ ਵਿਚਾਰ ਇਸਲਾਮ ਤੋਂ ਆਇਆ ਹੋਵੇ, ਪਰ ਭਾਰਤੀ ਪਰੰਪਰਾ ਵਿਚ ਇਕ ਅਨਾਦੀ ਬ੍ਰਹਮ ਜਿਸ ਨੂੰ ੴ ਆਖਿਆ ਗਿਆ ਹੈ, ਜਿਸ ਦੀ ਸਿਫ਼ਤ ਦਖਣੀ ਓਅੰਕਾਰੁ ਦੀ ਬਾਣੀ ਵਿਚ ਹੈ ਅਤੇ ਜੋ ਅਨਾਦਿ ਤੇ ਅਨੰਤ ਹੈ, 'ਹੈ ਭੀ ਸਚੁ ਨਾਨਕ ਹੋਸੀ ਭੀ ਸਚੁ' ਇਹ ਵਿਚਾਰ ਇਸ ਸੋਮੇ ਨਾਲ ਸੰਬੰਧਿਤ ਹਨ। ਇਹ ਸਪੱਸ਼ਟ ਹੈ ਕਿ ਇਸਲਾਮ ਦਾ ਸਿੱਖੀ ਉਪਰ ਕੋਈ ਅਸਰ ਨਹੀਂ, ਹਾਂ ਸਤਿਗੁਰੂ ਇਸਲਾਮ ਨੂੰ ਸਹਿਣ ਅਤੇ ਸਰਵ-ਮਾਨਵ ਆਧਾਰਿਤ ਆਸ਼ਿਆਂ ਨਾਲ ਜੋੜਨਾ ਲੋੜਦੇ ਸਨ। ਜਿਸ ਕਿਸੇ ਨੇ ਸਿੱਖੀ ਨੂੰ ਸਮਝਣਾ ਤੇ ਵਿਚਾਰਨਾ ਹੈ, ਉਹ ਭਾਰਤੀ ਦਰਸ਼ਨ ਨੂੰ ਵਿਚਾਰੇ। ਇਸਲਾਮ ਆਦਿਕ ਦੇ ਰਸਤੇ ਚੱਲ ਕੇ ਉਸ ਨੂੰ ਸਿੱਖੀ ਦੀ ਸਮਝ ਨਹੀਂ ਆਵੇਗੀ।

ਰਹੀ ਸਮੱਸਿਆ ਅਰਬੀ-ਫ਼ਾਰਸੀ ਤੋਂ ਲਈ ਗਈ ਸ਼ਬਦਾਵਲੀ ਦੀ, ਜਿਸ ਦੀ ਬਾਣੀ ਵਿਚ

ਵਰਤੋਂ ਹੈ, ਇਸ ਬਾਰੇ ਵੀ ਚਿੰਤਨ ਸਪੱਸ਼ਟ ਹੋਣਾ ਚਾਹੀਦਾ ਹੈ। ਸਤਿਗੁਰੂ ਨੇ ਜਿਥੇ ਮੁਸਲਮਾਨਾਂ ਪ੍ਰਤੀ ਪ੍ਰਚਾਰ ਕੀਤਾ ਹੈ ਜਾਂ ਉਹਨਾਂ ਦੇ ਧਾਰਮਿਕ ਆਗੂਆਂ ਨਾਲ ਵਾਰਤਾਲਾਪ ਕੀਤੀ ਹੈ, ਉਥੇ ਮਾਨਵੀ ਅਸੂਲਾਂ ਦੇ ਪ੍ਰਗਟਾਅ ਲਈ ਮੁਸਲਮਾਨਾਂ ਦੀ ਨਿਤਾਪ੍ਰਤੀ ਦੀ ਵਰਤੋਂ ਦੇ ਸ਼ਬਦਾਂ ਨੂੰ ਆਧਾਰ ਬਣਾਇਆ ਹੈ, ਜਿਵੇਂ 'ਮਿਹਰ ਮਸੀਤ ਸਿਦਕ ਮੁਸਲਾ' ਆਦਿ ਵਿਚ ਅਤੇ ਇੰਜ ਉਹਨਾਂ ਦੇ ਕਰਮ-ਕਾਂਡ ਦੇ ਪਿਛੋਕੜ ਸਰਵ-ਮਾਨਵੀ ਅਸੂਲਾਂ ਦੀ ਪ੍ਰੇਰਨਾ ਕੀਤੀ, ਇੰਜ ਹੀ ਸਤਿਗੁਰਾਂ ਨੇ ਜਨੇਊ, ਟਿੱਕਾ, ਧੋਤੀ ਆਦਿ ਕਰਮ-ਕਾਂਡਾਂ ਦੇ ਪਿੱਛੇ ਬੁਨਿਆਦੀ ਕੌਤਕ ਅਤੇ ਅਧਿਆਤਮਕ ਜੀਵਨ ਦੀ ਪ੍ਰੇਰਨਾ ਹਿੰਦੂਆਂ ਪ੍ਰਤੀ ਕੀਤੀ ਹੈ। ਇੰਜ ਹੀ ਜੋਗੀਆਂ ਦੀ ਪਰੰਪਰਾ ਨੂੰ ਬਾਹੀਆਚਾਰੀ ਹਠਜੋਗ ਆਦਿ ਤੋਂ ਮੋੜ ਕੇ ਨਿਰੋਲ ਅਧਿਆਤਮਕ ਮੰਡਲ ਵੱਲ ਪਰਤਾਇਆ।

ਫ਼ਾਰਸੀ ਅਰਬੀ ਦੀ ਸ਼ਬਦਾਵਲੀ ਬਾਰੇ ਦੂਜੀ ਧਿਆਨ ਗੋਚਰੀ ਗੱਲ ਇਹ ਹੈ ਕਿ ਇਹ ਉਹ ਪ੍ਰਚਲਿਤ ਸ਼ਬਦਾਵਲੀ ਹੈ ਜੋ ਕਈ ਸਦੀਆਂ ਦੇ ਇਸਲਾਮੀ ਪ੍ਰਭਾਵ ਨਾਲ ਜਨਤਾ ਵਿਚ ਪੱਸਰ ਚੁੱਕੀ ਸੀ, ਆਮ ਲੋਕਾਂ ਦੀ ਸਮਝ ਵਿਚ ਆ ਜਾਂਦੀ ਸੀ। ਇਥੋਂ ਤਕ ਕਿ ਸੰਸਕ੍ਰਿਤ-ਮੂਲਕ ਸ਼ਬਦ ਲੋਕਾਂ ਦੀ ਸੋਝੀ ਤੋਂ ਗਵਾਚ ਚੁੱਕੇ ਸਨ (ਇਹੋ ਦਸ਼ਾ ਹੁਣ ਤਕ ਪੰਜਾਬ ਵਿਚ ਹੈ)। ਸੋ ਅਜਿਹੇ ਸ਼ਬਦਾਂ ਦੀ ਵਰਤੋਂ ਇਸਲਾਮ ਦੇ ਪ੍ਰਚਾਰ ਹਿਤ ਜਾਂ ਸੰਗਮ ਸੁਮੇਲ ਹਿਤ ਨਹੀਂ ਸੀ ਸਗੋਂ ਜਨ-ਸਾਧਾਰਨ ਗੋਚਰੇ ਆਪਣੇ ਪੈਗ਼ਾਮ ਨੂੰ ਪਹੁੰਚਾਉਣ ਹਿਤ ਸੀ ਅਤੇ ਮੁਸਲਮਾਨਾਂ ਪ੍ਰਤੀ ਸਹਿਣ ਅਤੇ ਪ੍ਰੇਮ ਦੇ ਭਾਵ ਉਪਜਾਉਣ ਲਈ ਸੀ। ਇਸਲਾਮੀ ਸ਼ਰੀਅਤ ਦਾ ਲਗਭਗ ਕੋਈ ਵੀ ਲਫ਼ਜ਼ ਬਾਣੀ ਵਿਚ ਨਹੀਂ ਆਇਆ, ਸਿਵਾਏ ਉਹਨਾਂ ਸ਼ਬਦਾਂ ਦੇ ਜਿਥੇ ਵਿਸ਼ੇਸ਼ ਮੁਸਲਮਾਨਾਂ ਪ੍ਰਤੀ ਸੰਬੋਧਨ ਹੈ ਅਤੇ ਉਹ ਵੀ ਸ਼ਰੀਅਤ ਨੂੰ ਵਿਸ਼ਾਲ ਹਿਰਦੇ ਅਤੇ ਆਤਮਾ ਨਾਲ ਤੱਕਣ ਦੀ ਪ੍ਰੇਰਨਾ ਹਿਤ। ਬਾਕੀ ਸ਼ਬਦਾਵਲੀ ਜਿਵੇਂ ਸੁਲਤਾਨ, ਪੀਰ, ਰਹੀਮ, ਕਰੀਮ, ਕਾਦਰ, ਕੁਦਰਤ, ਹੁਕਮ, ਮਿਹਰ, ਸਿਦਕ, ਬਖ਼ਸੀਸ, ਮਸਕੀਨ, ਗ਼ਰੀਬ, ਦਾਨਾ-ਬੀਨਾ, ਖਸਮ ਆਦਿ ਸੈਂਕੜੇ ਸ਼ਬਦ ਜਾਂ ਤਾਂ ਜਨਤਾ ਵਿਚ ਪ੍ਰਚਲਿਤ ਸਨ ਜਾਂ ਮੁਸਲਮਾਨਾਂ ਪੀਰਾਂ ਦੇ ਸਥਾਨਾਂ ਤੋਂ ਆ ਕੇ ਜਨ-ਪ੍ਰਿਯ ਹੋ ਚੁੱਕੇ ਸਨ। ਜਿਥੇ ਸਤਿਗੁਰੂ ਗੂੜ੍ਹ ਆਤਮਿਕ ਵਿਚਾਰ ਜਾਂ ਭਾਵ ਪ੍ਰਗਟ ਕਰਦੇ ਹਨ, ਜਿਵੇਂ ਸੋਦਰ ਦੀ ਪਉੜੀ ਵਿਚ ਜਾਂ 'ਗਗਨ ਮੈ ਥਾਲ' ਵਾਲੇ ਸ਼ਬਦ ਵਿਚ, ਉਥੇ ਸ਼ਬਦਾਵਲੀ ਨਿਰੋਲ ਭਾਰਤੀ ਮੂਲ ਤੋਂ ਆਈ ਹੈ ਅਤੇ ਇਹ ਗੱਲ ਆਪਣੇ ਆਪ ਵਿਚ ਇਸ ਸਿਧਾਂਤ ਦੀ ਲਖਾਇਕ ਹੈ, ਜਿਸ ਨੂੰ ਇਸ ਲੇਖ ਵਿਚ ਉਜਾਗਰ ਕਰਨ ਦਾ ਇਹ ਸੰਖੇਪ ਜਿਹਾ ਯਤਨ ਹੈ।

(11/1968)

ਨਾਨਕ ਪਰਖੇ ਆਪਿ ਕਉ...

ਅਸੀਂ ਸਮਾਜਿਕ ਜੀਵ ਹਾਂ। ਸਮਾਜ ਵਿਚ ਰਹਿੰਦਿਆਂ ਹੋਇਆਂ ਸਾਨੂੰ ਕਈ ਪ੍ਰਕਾਰ ਦੇ ਜੀਵਾਂ ਨਾਲ ਮੇਲ-ਜੋਲ ਕਰਨਾ ਪੈਂਦਾ ਹੈ। ਕਿਉਂਕਿ ਗੁਰਮਤਿ ਵਿਚ ਗ੍ਰਿਹਿਸਤ ਧਰਮ ਨੂੰ ਪ੍ਰਧਾਨਤਾ ਦਿੱਤੀ ਗਈ ਹੈ, ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਨੂੰ ਹਰ ਪ੍ਰਕਾਰ ਦੀਆਂ ਘਰੋਗੀ ਅਤੇ ਸਮਾਜਿਕ ਸਮੱਸਿਆਵਾਂ ਨਾਲ ਦੋ ਹੱਥ ਕਰਨੇ ਪੈਂਦੇ ਹਨ। ਜਿਵੇਂ ਸੱਚੇ ਪ੍ਰਭੂ ਦੇ ਹੁਕਮਾਂ ਅਨੁਸਾਰ ਚੱਲਦਿਆਂ ਸੱਚਮੁੱਚ ਨਾਮ ਜਪਣਾ ਔਖੀ ਕਾਰ ਹੈ, ਤਿਵੇਂ ਹੀ ਉੱਤਮ ਮਨੁੱਖ ਬਣ ਕੇ ਦੂਸਰੇ ਸੰਸਾਰੀਆਂ ਨਾਲ ਵਰਤਾਉ ਕਰਨ ਵੇਲੇ ਸ੍ਰੇਸ਼ਟ ਤੇ ਉੱਚਤਮ ਗੁਣਾਂ ਨੂੰ ਕਾਇਮ ਰੱਖ ਸਕਣਾ ਵੀ ਇਕ ਵੱਡੀ ਸਮੱਸਿਆ ਹੈ।

ਸੰਸਾਰੀ ਜੀਵਾਂ ਨਾਲ ਵਰਤਦਿਆਂ ਹੋਇਆਂ ਆਮ ਵੇਖਣ ਵਿਚ ਆਉਂਦਾ ਹੈ ਕਿ ਸੰਸਾਰ ਦੇ ਬਹੁਤੇ ਲੋਕ ਕਾਰ-ਵਿਹਾਰ ਕਰਦਿਆਂ ਹੋਇਆਂ ਇਕ ਦੂਸਰੇ ਦੀ ਨਿੰਦਾ-ਚੁਗ਼ਲੀ ਜਾਂ ਵਡਿਆਈ ਕਰਦੇ ਜਾਂ ਸੁਣਦੇ ਰਹਿੰਦੇ ਹਨ। ਸਾਡੇ ਰੋਜ਼ਾਨਾ ਜੀਵਨ ਦੀ ਬਣਤਰ ਹੀ ਕੁਝ ਐਸੀ ਹੈ ਕਿ ਬਹੁਤੇ ਮਨੁੱਖ ਪਰਾਈ ਨਿੰਦਾ-ਵਡਿਆਈ ਕਰਨ-ਸੁਣਨ ਜਾਂ ਪਰਾਇਆ ਹੱਕ ਲੈਣ ਤੋਂ ਬਚ ਹੀ ਨਹੀਂ ਸਕਦੇ। ਕਿਸੇ ਨਾ ਕਿਸੇ ਮਜਬੂਰੀ ਜਾਂ ਕਮਜ਼ੋਰੀ ਕਾਰਣ ਸਾਨੂੰ ਪਰਾਈ ਨਿੰਦਾ, ਪਰਾਏ ਹੱਕ ਆਦਿ ਦੀ ਲਪੇਟ ਵਿਚ ਆਉਣਾ ਹੀ ਪੈਂਦਾ ਹੈ। ਸਾਡੀ ਇਸੇ ਅਵਸਥਾ ਨੂੰ ਦੇਖ ਕੇ ਗੁਰਬਾਣੀ ਵਿਚ ਗੁਰੂ ਸਾਹਿਬਾਨ ਨੇ ਬਾਰ-ਬਾਰ ਅਜਿਹੀਆਂ ਤਾੜਨਾਵਾਂ ਕੀਤੀਆਂ ਹਨ:

ਪਰ ਧਨ ਪਰ ਤਨ ਪਰ ਕੀ ਨਿੰਦਾ ਇਨ ਸਿਉ ਪ੍ਰੀਤਿ ਨ ਲਾਗੈ ॥ (ਪੰਨਾ ੬੭੪)

ਇਸੇ ਕਮਜ਼ੋਰੀ ਕਾਰਨ ਆਮ ਵੇਖਣ ਵਿਚ ਆਉਂਦਾ ਹੈ ਕਿ ਸੰਸਾਰ ਦੇ ਬਹੁਤੇ ਲੋਕ ਆਪਣੇ ਗੁਣ-ਔਗੁਣ ਕੱਢਣ ਦੀ ਬਜਾਏ ਦੂਸਰੇ ਦੇ ਗੁਣ-ਔਗੁਣ ਹੀ ਚਿਤਾਰਦੇ ਰਹਿੰਦੇ ਹਨ। ਜਿਵੇਂ ਕਿਸੇ ਸਾਹਿਤ ਦੇ ਆਲੋਚਕ ਦੂਸਰੇ ਲਿਖਾਰੀਆਂ ਦੀਆਂ ਲਿਖਤਾਂ ਦੀ ਪੜਚੋਲ ਕਰਦੇ ਰਹਿੰਦੇ ਹਨ, ਤਿਵੇਂ ਹੀ ਇਹ ਆਮ ਦ੍ਰਿਸ਼ਟਮਾਨ ਹੁੰਦਾ ਹੈ ਕਿ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਸਟੇਜਾਂ ਉੱਤੇ ਵੀ ਇਕ ਦੂਸਰੇ ਦੇ ਗੁਣ-ਔਗੁਣ ਹੀ ਦੱਸੇ ਜਾਂਦੇ ਹਨ। ਭਾਵੇਂ ਆਲੋਚਨਾ ਕਰਨ ਵਾਲੇ ਜਾਂ ਸੱਚੇ-ਝੂਠੇ ਗੁਣ-ਔਗੁਣ ਦੱਸਣ ਵਾਲੇ ਸਾਰੇ ਹੀ ਆਪਣੇ ਆਪ ਨੂੰ ਵੱਡੇ ਆਲੋਚਕ ਜਾਂ ਪਾਰਖੂ ਸਮਝਦੇ ਹਨ ਪਰ ਗੁਰਬਾਣੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਮਨੁੱਖ ਨੂੰ ਪਾਰਖੂ ਜਾਂ ਆਲੋਚਕ ਕਿਹਾ ਹੈ ਜੋ ਦੂਸਰੇ ਦੇ ਔਗੁਣ ਕੱਢਣ ਦੀ ਬਜਾਇ ਪਹਿਲਾਂ ਆਪਣੇ ਗੁਣਾਂ-ਔਗੁਣਾਂ ਵੱਲ ਝਾਤੀ ਮਾਰਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਨੇ ਇਕ ਪਾਰਖੂ ਜਾਂ ਆਲੋਚਕ ਦੀ ਤਾਰੀਫ਼ ਇਉਂ ਦੱਸੀ ਹੈ:

ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ ॥ (ਪੰਨਾ ੧੪੮)

ਆਪੁ ਬੀਚਾਰੇ ਸੁ ਗਿਆਨੀ ਹੋਈ ॥ (ਪੰਨਾ ੧੫੨)

ਇਹ ਠੀਕ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖ ਨੂੰ 'ਆਪ ਨਾਮ ਜਪਣ ਅਤੇ ਹੋਰਨਾਂ ਨੂੰ ਜਪਾਉਣ', 'ਆਪ ਗੁਣਵਾਨ ਬਣਨ ਅਤੇ ਹੋਰਨਾਂ ਨੂੰ ਗੁਣਵਾਨ ਬਣਾਉਣ' ਦਾ ਉਪਦੇਸ਼ ਦਿੱਤਾ ਹੈ, ਪਰ ਆਪਣੀ ਪਰਖ ਕਰਨ ਦੀ, ਆਪਣੇ ਗੁਣਾਂ-ਔਗੁਣਾਂ ਵੱਲ ਝਾਤੀ ਮਾਰਨ ਦੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਰ-ਬਾਰ ਚਿਤਾਵਨੀ ਦਿੱਤੀ ਹੈ।

ਹੁਣ ਅਸੀਂ ਵਿਚਾਰ ਕਰਾਂਗੇ ਕਿ ਕਿਹੜੇ ਗੁਣਾਂ-ਔਗੁਣਾਂ ਬਾਰੇ ਪਰਖ ਕਰਨ ਦੀ ਗੁਰੂ ਬਾਬੇ ਨੇ ਪ੍ਰੇਰਨਾ ਦਿੱਤੀ ਹੈ।

ਸਿੱਖ ਇਤਿਹਾਸ ਅਨੁਸਾਰ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਨੇਊ ਪਹਿਨਾਉਣ ਦੀ ਰਸਮ ਪੂਰੀ ਕੀਤੀ ਜਾਣ ਲੱਗੀ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਸੱਚੇ ਜਨੇਊ ਦੇ ਇਹ ਗੁਣ ਦੱਸੇ :

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ (ਪੰਨਾ ੪੭੧)

ਗੁਰੂ ਜੀ ਨੇ ਸਪੱਸ਼ਟ ਕਿਹਾ ਕਿ ਜੇ ਜਨੇਊ ਪਾਉਣ ਨਾਲ ਮੇਰੇ ਵਿਚ ਦਇਆ, ਸਬਰ (ਬ੍ਰਹਮਚਾਰਯ), ਉੱਚਾ-ਸੁੱਚਾ ਆਚਰਣ ਅਤੇ ਸਚਾਈ ਵਰਗੇ ਗੁਣ ਆ ਜਾਣ ਤਾਂ ਮੈਂ ਇਹਨਾਂ ਗੁਣਾਂ ਵਾਲਾ ਜਨੇਊ ਪਾਉਣ ਨੂੰ ਤਿਆਰ ਹਾਂ। ਅੱਜ ਦੇ ਯੁਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਹੁੰਦਿਆਂ ਸਾਨੂੰ ਆਪਣਾ ਆਪ ਪਰਖਣਾ ਚਾਹੀਦਾ ਹੈ ਕਿ ਸੰਸਾਰ ਵਿਚ ਵਿਚਰਦਿਆਂ ਹੋਇਆਂ ਕੀ ਅਸੀਂ ਕਿਸੇ ਉੱਤੇ ਦਇਆ ਕਰਦੇ ਹਾਂ ਅਰਥਾਤ ਵਧੀਕੀ ਤਾਂ ਨਹੀਂ ਕਰਦੇ? ਬੱਚਿਆਂ, ਬੁੱਢਿਆਂ, ਗ਼ਰੀਬਾਂ ਅਤੇ ਨਿਤਾਣਿਆਂ ਵੱਲ ਸਾਡਾ ਵਤੀਰਾ ਹਮਦਰਦੀ ਤੇ ਪਿਆਰ ਭਰਿਆ ਹੁੰਦਾ ਹੈ। ਰੋਜ਼ਾਨਾ ਜੀਵਨ ਦੇ ਖਾਣ-ਪੀਣ ਅਤੇ ਹੋਰ ਵਰਤੋਂ-ਵਿਹਾਰ ਵਿਚ ਅਸੀਂ ਸਬਰ ਵਾਲੇ ਬਣੇ ਰਹਿੰਦੇ ਹਾਂ। ਆਂਢੀਆਂ-ਗੁਆਂਢੀਆ ਨਾਲ ਵਰਤੋਂ-ਵਿਹਾਰ ਕਰਨ ਵੇਲੇ 'ਏਕਾ ਨਾਰੀ ਸਦਾ ਜਤੀ' ਦਾ ਅਸੂਲ ਕਾਇਮ ਰੱਖ ਕੇ ਕੀ ਅਸੀਂ ਉੱਚਾ ਆਚਰਣ ਬਣਾਈ ਰੱਖਦੇ ਹਾਂ? ਦੁਕਾਨਦਾਰੀ, ਨੌਕਰੀ ਜਾਂ ਹੋਰ ਕਿਰਤ ਕਰਦਿਆਂ ਕੀ ਅਸੀਂ ਸਚਾਈ ਦਾ ਪੱਲਾ ਘੁੱਟ ਕੇ ਫੜੀ ਰੱਖਦੇ ਹਾਂ? ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਕੇਵਲ ਜਨੇਊ ਪਾਉਣ ਵਾਲੇ ਨੂੰ ਧਾਰਨ ਕਰਨ ਲਈ ਨਹੀਂ ਕਿਹਾ, ਸਗੋਂ ਹਰ ਮਨੁੱਖ ਨੂੰ ਜਨੇਊ ਦੇ ਚਿੰਨ੍ਹ ਰਾਹੀਂ ਅਮਲੀ ਜੀਵਨ ਜੀਊਣ ਲਈ ਪ੍ਰੇਰਿਆ।

ਅੱਜ ਕੱਲ੍ਹ ਸਾਰੀ ਦੁਨੀਆਂ ਵਿਚ ਗਿਆਨ ਅਤੇ ਵਿਦਿਆ ਦਾ ਬੋਲ-ਬਾਲਾ ਹੈ। ਹਰ ਇਸਤਰੀ-ਮਰਦ ਇਮਤਿਹਾਨ ਪਾਸ ਕਰ ਕੇ ਡਿਗਰੀਆਂ ਪ੍ਰਾਪਤ ਕਰਨਾ ਚਾਹੁੰਦਾ ਹੈ ਤੇ ਇਉਂ ਪੜ੍ਹੇ-ਲਿਖੇ ਹੋਣ ਦਾ ਮਾਣ ਕਰਦਾ ਹੈ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੜ੍ਹੇ-ਲਿਖੇ ਮਨੁੱਖ ਦੇ ਗੁਣ ਦੱਸਦਿਆਂ ਤਾੜਨਾ ਭਰੇ ਸ਼ਬਦਾਂ ਵਿਚ ਕਿਹਾ ਹੈ :

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥ (ਪੰਨਾ ੧੪੦)

ਸਾਨੂੰ ਪੜ੍ਹੇ-ਲਿਖੇ ਹੋਣ ਦੇ ਨਾਤੇ ਸ੍ਵੈ-ਪਰਖ ਕਰਨੀ ਚਾਹੀਦੀ ਹੈ ਕਿ ਕੀ ਅਸੀਂ ਪੜ੍ਹ-ਲਿਖ

ਕੇ, ਸੰਸਾਰਕ ਡਿਗਰੀਆਂ ਪ੍ਰਾਪਤ ਕਰ ਕੇ ਹੰਕਾਰੀ ਤਾਂ ਨਹੀਂ ਬਣ ਗਏ? ਕੀ ਅਸੀਂ ਪ੍ਰਾਪਤ ਕੀਤੀ ਹੋਈ ਯੋਗਤਾ ਨੂੰ ਧੋਖੇ ਤੇ ਪਖੰਡ ਲਈ ਤਾਂ ਨਹੀਂ ਵਰਤਦੇ? ਜਾਂ ਨਿਰੇ ਮਾਇਕ ਪਦਾਰਥਾਂ ਨੂੰ ਇਕੱਠੇ ਕਰਨ ਦਾ ਲਾਲਚ ਤਾਂ ਨਹੀਂ ਕਰਦੇ? ਇਉਂ ਗੁਰਬਾਣੀ ਦੇ ਚਾਨਣ ਵਿਚ ਸਾਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖਾਂ ਨੂੰ ਲੋਭੀ ਅਤੇ ਹੰਕਾਰੀ ਬਣਨ ਤੋਂ ਬਚੇ ਰਹਿਣ ਲਈ ਸਾਵਧਾਨ ਰਹਿਣਾ ਚਾਹੀਦਾ ਹੈ।

ਭਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਹੁੰਦਿਆਂ ਅਤੇ 'ਉਤਮ ਸੰਗਤਿ ਉਤਮ ਹੋਵੈ' ਦੇ ਮਹਾਂਵਾਕ ਦੀ ਸੋਝੀ ਹੁੰਦਿਆਂ ਸਾਨੂੰ ਪਤਾ ਹੈ ਕਿ ਚੰਗੀ ਸੰਗਤ ਨਾਲ ਹੀ ਚੰਗਾ ਮਨ ਬਣਦਾ ਹੈ ਪਰ ਕਿਉਂਕਿ ਅਸੀਂ ਗ੍ਰਿਹਸਤੀ ਸਿੱਖ ਹਾਂ, ਇਸ ਲਈ ਸਾਨੂੰ ਹਰ ਪ੍ਰਕਾਰ ਦੀ ਸੰਗਤ ਵਿਚ ਕਈ ਵਾਰੀ ਵਿਚਰਨਾ ਪੈਂਦਾ ਹੈ। ਭਾਵੇਂ ਹਰ ਪ੍ਰਕਾਰ ਦੀ ਸੰਗਤ ਵਿਚ ਚੰਗੇ ਮਨੁੱਖ ਨਹੀਂ ਹੁੰਦੇ, ਪਰ ਗੁਰੂ ਦੇ ਸਿੱਖ ਹੋਣ ਦੇ ਨਾਤੇ ਅਤੇ 'ਗੁਣ ਕਉ ਧਾਵੈ ਅਉਗਣ ਧੋਵੈ' ਦੇ ਹੁਕਮ ਦੀ ਸੋਝੀ ਹੋਣ ਕਰਕੇ ਸਾਨੂੰ ਹਰ ਪ੍ਰਕਾਰ ਦੀ ਸੰਗਤ ਵਿਚੋਂ ਚੰਗੇ ਗੁਣ ਹੀ ਲੱਭਣੇ ਚਾਹੀਦੇ ਹਨ। ਇਉਂ ਚੰਗੇ ਗੁਣਾਂ ਨੂੰ ਅਮਲ ਵਿਚ ਲਿਆ ਕੇ ਆਪਣੇ ਔਗੁਣ ਘਟਾਉਣ ਜਾਂ ਆਪਣੇ ਔਗੁਣ ਧੋਣਾ ਸਾਡਾ ਜੀਵਨ ਆਦਰਸ਼ ਬਣ ਜਾਣਾ ਚਾਹੀਦਾ ਹੈ। ਇਉਂ ਠੀਕ ਅਰਥਾਂ ਵਿਚ ਪੜ੍ਹੇ-ਲਿਖੇ ਬਣ ਕੇ ਸ੍ਵੈ-ਪਰਖ ਕਰਨ ਵਾਲੀ ਇਹ ਕਿਰਿਆ ਸਾਨੂੰ ਸਦੀਵੀ ਲੱਗਣ ਤੇ ਸਦੀਵੀ ਖ਼ੁਸ਼ੀ ਬਖ਼ਸ਼ਦੀ ਹੋਈ ਸਦਾ ਚੜ੍ਹਦੀ ਕਲਾ ਵਿਚ ਰੱਖ ਸਕਦੀ ਹੈ।

ਭਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਹੁੰਦਿਆਂ ਆਪ ਗੁਣਵਾਨ ਬਣਨ ਅਤੇ ਹੋਰਨਾਂ ਨੂੰ ਗੁਣਵਾਨ ਬਣਾਉਣ ਵਿਚ ਸਾਨੂੰ ਖ਼ੁਸ਼ੀ ਜਿਹੀ ਮਿਲਦੀ ਹੈ ਪਰ ਹੋਰਨਾਂ ਨੂੰ ਗੁਣਵਾਨ ਬਣਾਉਣ ਜਾਂ ਗੁਣ ਵੰਡਣ ਵੇਲੇ ਸਾਨੂੰ ਡੂੰਘੀ ਸੋਚ ਤੋਂ ਕੰਮ ਲੈਣਾ ਚਾਹੀਦਾ ਹੈ। ਸਾਨੂੰ ਉੱਚੇ ਤੇ ਸੁੱਚੇ ਗੁਣਾਂ ਦਾ ਐਵੇਂ ਢੋਲ ਨਹੀਂ ਵਜਾਉਣਾ ਚਾਹੀਦਾ ਸਗੋਂ ਸਮੇਂ, ਸਥਿਤੀ ਅਤੇ ਮਨੁੱਖੀ ਸੁਭਾਅ ਦੀ ਪਰਖ ਕਰ ਕੇ ਉੱਤਮ ਗੁਣਾਂ ਨੂੰ ਉਥੇ ਵੰਡਣਾ ਚਾਹੀਦਾ ਹੈ ਜਿਥੇ ਇਹਨਾਂ ਗੁਣਾਂ ਦੀ ਕਦਰ ਪੈਣੀ ਹੋਵੇ। ਸਦੀਵੀ ਅਤੇ ਉੱਚੀਆਂ ਕੀਮਤਾਂ ਦਾ ਪ੍ਰਚਾਰ ਕਰਨ ਵਾਲੇ ਜਿਥੇ ਅਸਾਂ ਸ੍ਵੈ-ਪਰਖ ਕਰਨੀ ਹੈ ਕਿ ਕੀ ਇਹ ਗੁਣ ਸਾਡੇ ਵਿਚ ਹਨ, ਉਥੇ ਨਾਲ ਹੀ ਸਾਨੂੰ ਇਹ ਵੀ ਜਾਂਚ ਲੈਣਾ ਚਾਹੀਦਾ ਹੈ ਕਿ ਕੀ ਦੂਸਰਾ ਮਨੁੱਖ ਇਹਨਾਂ ਗੁਣਾਂ ਦਾ ਗਾਹਕ ਹੈ ਜਾਂ ਅਸੀਂ ਐਵੇਂ ਹੀ ਇਹਨਾਂ ਅਮੋਲਕ ਗੁਣਾਂ ਨੂੰ ਸੁੱਟ ਰਹੇ ਹਾਂ। ਗੁਰਮਤਿ ਦੇ ਉੱਚੇ ਗੁਣਾਂ ਦਾ ਸੰਦੇਸ਼ ਦੇਣ ਵੇਲੇ ਸਾਨੂੰ ਗੁਰੂ ਨਾਨਕ ਪਾਤਸ਼ਾਹ ਦਾ ਇਹ ਹੁਕਮ ਸੁਚੇਤ ਰੱਖਦਾ ਹੈ:

ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ ॥
ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ ॥ *(ਪੰਨਾ ੧੦੮੬)*

ਬਾਬੇ ਨਾਨਕ ਦੇ ਸੱਚੇ ਸਿੱਖ ਨੂੰ ਉੱਤਮ ਗੁਣਾਂ ਦਾ ਲੱਖਾਂ ਮੁੱਲ ਪੁਆ ਕੇ ਅਨੋਖੀ ਖ਼ੁਸ਼ੀ ਹੁੰਦੀ ਹੈ।

ਭਾਵੇਂ ਬਹੁਤੀ ਦੁਨੀਆਂ ਬਾਹਰਲੇ ਮਾਇਕ ਪਦਾਰਥਾਂ ਵਿਚੋਂ ਹੀ ਖ਼ੁਸ਼ੀ ਲੱਭਣ ਦਾ ਯਤਨ ਕਰਦੀ ਹੈ ਪਰ ਸਾਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰੇਮੀਆਂ ਨੂੰ ਸੱਚੀ ਖ਼ੁਸ਼ੀ ਦੀ ਖੋਜ ਆਪਣੇ ਹਿਰਦੇ ਵਿਚੋਂ ਕਰਨੀ ਚਾਹੀਦੀ ਹੈ। ਗੁਰੂ ਦੇ ਦੱਸੇ ਹੋਏ ਉੱਤਮ ਗੁਣਾਂ ਨੂੰ ਹਿਰਦੇ ਦੀ ਸੋਚਣੀ

ਅਤੇ ਅਮਲੀ ਜੀਵਨ ਦਾ ਅੰਗ ਬਣਾ ਲੈਣ ਨਾਲ ਰੱਬੀ ਰਸ ਅਤੇ ਆਨੰਦ ਦੇ ਸੋਮੇ ਅੰਦਰੋਂ ਹੀ ਫੁੱਟਦੇ ਪ੍ਰਤੀਤ ਹੁੰਦੇ ਹਨ। ਬਾਬੇ ਨਾਨਕ ਦੀ ਬਾਣੀ ਜਪੁ ਜੀ ਪੜ੍ਹਦਿਆਂ ਹੋਇਆਂ ਸਾਨੂੰ ਰੋਜ਼ ਪ੍ਰੇਰਨਾ ਮਿਲਦੀ ਹੈ:

ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥ (ਪੰਨਾ ੨)

ਸਾਨੂੰ ਦੁਨੀਆਂ ਦੇ ਕਿਤਾਬੀ ਗਿਆਨ ਅਤੇ ਸੂਝ-ਬੂਝ ਦੇ ਮਾਲਕ ਹੁੰਦਿਆਂ ਹੋਇਆਂ ਵੀ ਸੱਚੀ ਖ਼ੁਸ਼ੀ ਦੀ ਭਾਲ ਗੁਰੂ ਦੀ ਸਿੱਖਿਆ ਨੂੰ ਅਮਲੀ ਜੀਵਨ ਵਿਚ ਲਿਆ ਕੇ ਆਪਣੇ ਅੰਦਰੋਂ ਹੀ ਕਰਨੀ ਚਾਹੀਦੀ ਹੈ। ਜਿਥੇ ਸਾਨੂੰ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੀਆਂ ਸ਼ਕਤੀਆਂ ਨੂੰ ਰੋਜ਼ਾਨਾ ਜੀਵਨ ਦੇ ਉਸਾਰੂ ਪੱਖ ਲਈ ਵਰਤਣਾ ਚਾਹੀਦਾ ਹੈ, ਉਥੇ ਨਾਲ ਹੀ ਸਰੀਰਕ ਇੰਦਰੀਆਂ ਦੀ ਬਿਬੇਕਤਾ ਧਾਰਨ ਕਰਨੀ ਚਾਹੀਦੀ ਹੈ ਅਤੇ ਇਸ ਬਿਬੇਕ ਬੁੱਧੀ ਤੋਂ ਇਕੱਤਰ ਹੋਈ ਆਤਮਿਕ ਸ਼ਕਤੀ ਨੂੰ ਪ੍ਰਭੂ-ਮਾਰਗ ਉੱਤੇ ਚੱਲਣ ਲਈ ਵਰਤਣਾ ਚਾਹੀਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਤਿ ਵਿਚ ਭਿੱਜ ਜਾਣ ਕਰਕੇ ਸਾਨੂੰ ਜੀਵਨ ਦੇ ਹਰ ਕਰਮ ਵਿਚ ਸੱਚ ਅਤੇ ਝੂਠ ਦੀ ਪਰਖ ਕਰਦੇ ਰਹਿਣਾ ਚਾਹੀਦਾ ਹੈ। ਸੰਸਾਰ ਵਿਚ ਰਹਿੰਦਿਆਂ ਹੋਇਆਂ ਸੰਸਾਰ ਦੇ ਨਾਸ਼ਵਾਨ ਅਤੇ ਥੋੜ੍ਹ-ਚਿਰੇ ਸੁਆਦਾਂ ਦੀ ਅਸਲ ਕੀਮਤ ਜਾਣਨੀ ਚਾਹੀਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਹਾਂਵਾਕ:

ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥
ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥ (ਪੰਨਾ ੨੨)

ਇਹ ਵਾਕ ਜਿਥੇ ਸਾਨੂੰ ਸੱਚੇ ਨਾਮ ਦਾ ਲਾਹਾ ਲੈਣ ਲਈ ਪ੍ਰੇਰਦਾ ਹੈ, ਉਥੇ ਨਾਲ ਹੀ ਅਜਿਹਾ ਸੱਚਾ ਧਨ ਸੰਗ੍ਰਹਿ ਕਰਨ ਦਾ ਸੁਝਾਅ ਦਿੰਦਾ ਹੈ ਜਿਹੜਾ ਲੋਕ-ਪ੍ਰਲੋਕ ਵਿਚ ਸਾਡਾ ਸਾਥੀ ਬਣ ਸਕੇ।

ਉਪਰੋਕਤ ਹੁਕਮ ਸਾਨੂੰ ਵਿਚਾਰਦੇ ਰਹਿਣਾ ਚਾਹੀਦਾ ਹੈ ਕਿ ਕੀ ਅਸੀਂ ਗੁਰੂ ਬਾਬੇ ਦੇ ਹੁਕਮ ਅਨੁਸਾਰ ਸੁੱਚੇ ਅਤੇ ਰੱਬੀ ਅਮਲਾਂ ਰਾਹੀਂ ਜੀਵਨ ਸਫ਼ਰ ਨੂੰ ਸਫ਼ਲਾ ਰਹੇ ਹਾਂ। ਅਸੀਂ ਨਾਸ਼ਵਾਨ ਤੇ ਛਿੰਨ-ਭੰਗਰੀ ਸੁਆਦਾਂ ਵਿਚ ਏਨੇ ਖਚਿਤ ਤਾਂ ਨਹੀਂ ਹੋ ਰਹੇ ਕਿ ਅਖ਼ੀਰ ਬੁਢੇਪੇ ਵਿਚ ਪਛਤਾਉਣਾ ਪਵੇ ਕਿ ਅਸੀਂ ਤਾਂ ਸਾਰੀ ਉਮਰ ਫ਼ਜ਼ੂਲ ਕੰਮਾਂ ਵਿਚ ਹੀ ਗੁਆ ਲਈ ਹੈ। 'ਵਣਜਾਰਿਆ ਮਿਤ੍ਰਾ' ਵਾਲੇ ਸ਼ਬਦ ਵਿਚ ਗੁਰੂ ਬਾਬੇ ਨੇ ਬੜੇ ਪਿਆਰ ਨਾਲ ਸੱਚ ਝੂਠ ਪਛਾਣਨ ਦੀ ਪ੍ਰੇਰਨਾ ਦਿੱਤੀ ਹੈ। ਮੁੜ-ਮੁੜ ਸੰਸਾਰ ਦੀ ਨਾਸ਼ਮਾਨਤਾ ਦਾ ਚੇਤਾ ਕਰਾ ਕੇ ਸੱਚੇ ਮਾਰਗ ਉੱਤੇ ਚੱਲਣ ਦਾ ਸੁਝਾਉ ਦਿੱਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਅਨੁਸਾਰ ਆਪਣਾ ਆਪ ਪਰਖਦੇ ਹੋਏ ਸਾਨੂੰ ਵਿਚਾਰਦੇ ਰਹਿਣਾ ਚਾਹੀਦਾ ਹੈ ਕਿ ਕੀ ਅਸੀਂ ਸੰਸਾਰ ਅਤੇ ਪਰਮਾਰਥ ਦੋਨਾਂ ਨੂੰ ਨਾਲੋ-ਨਾਲ ਚਲਾਉਂਦੇ ਹੋਏ ਬਾਬੇ ਨਾਨਕ ਦੇ 'ਗਾਡੀ ਰਾਹ' ਉੱਤੇ ਚੱਲ ਰਹੇ ਹਾਂ?

ਅਸੀਂ ਸਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਮਨਾ ਰਹੇ ਹਾਂ। ਕਿਉਂਕਿ ਅਸੀਂ ਬਾਬੇ ਨਾਨਕ ਦੇ ਸਿੱਖ ਹਾਂ, ਬਾਬੇ ਨਾਨਕ ਦੇ ਪ੍ਰੇਮੀ ਹਾਂ, ਇਸ ਲਈ ਸਾਡਾ ਪਹਿਲਾ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣਾ ਆਪ ਪਰਖੀਏ ਕਿ ਕੀ ਅਸੀਂ ਉੱਚੇ

ਆਚਰਣ ਵਾਲੇ ਹਾਂ, ਦਇਆਵਾਨ ਹਾਂ, ਸੰਤੋਖੀ ਜੀਊੜੇ ਹਾਂ, ਗੁਰਮਤਿ ਗੁਣਾਂ ਦੇ ਆਸ਼ਕ ਹਾਂ, ਸੱਚੇ ਨਾਮ ਦੇ ਵਪਾਰੀ ਹਾਂ ?

ਸਾਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰੇਮੀਆਂ ਨੂੰ, ਗੁਰਬਾਣੀ ਦੇ ਖੋਜੀਆਂ ਨੂੰ, ਸੱਚ ਦੇ ਢੂੰਡਾਊਆਂ ਨੂੰ, ਸੱਚ ਦਾ ਹੋਕਾ ਦੇਣ ਵਾਲਿਆਂ ਨੂੰ ਉਪਰੋਕਤ ਵਿਚਾਰ ਅਨੁਸਾਰ ਸ੍ਵੈ-ਪਰਖ ਕਰਨ ਵਾਲੇ ਗੁਰੂ ਬਾਬੇ ਦੇ, ਨਿਰੰਕਾਰੀ ਬਾਬੇ ਦੇ ਸਿੱਖ ਬਣਨਾ ਹੀ ਸੋਭਦਾ ਹੈ।

(11/1970)

ਗੁਰੂ ਨਾਨਕ ਬਾਣੀ ਵਿਚ ਮਨੁੱਖ

ਮਨੁੱਖ ਦਾ ਸੰਬੰਧ ਸਮੂਹ ਪ੍ਰਾਣੀ ਜਗਤ ਨਾਲ ਹੈ। ਅਸੀਂ ਉਸ ਨੂੰ ਜੀਵ-ਸ਼੍ਰੇਣੀ ਵਿਚ ਹੀ ਗਿਣਦੇ ਹਾਂ। ਪਰ ਉਹ ਸਵੈ-ਚੇਤਨਤਾ, ਚਿੰਤਨ-ਸ਼ਕਤੀ, ਅਮੂਰਤ ਵਿਚਾਰਾਂ, ਭਲੇ-ਬੁਰੇ ਬਾਰੇ ਸਦਾਚਾਰਕ ਨਿਰਣੈ, ਚੋਣ-ਸ਼ਕਤੀ, ਸੌਂਦਰਯਮਈ ਬਿਰਤੀ, ਧਾਰਮਿਕ ਬਿਰਤੀ ਅਤੇ ਸਿਰਜਨਾਤਮਕਤਾ ਆਦਿ ਗੁਣਾਂ ਕਰਕੇ ਪ੍ਰਾਣੀ ਜਗਤ ਵਿਚੋਂ ਸਰਬ-ਸ੍ਰੇਸ਼ਟ ਹੈ। ਮਨੁੱਖ ਦੀਆਂ ਇਹਨਾਂ ਕਦਰਾਂ ਤੇ ਗੁਣਾਂ ਕਰਕੇ ਹੀ ਪੱਛਮੀ ਅਤੇ ਪੂਰਬੀ ਧਾਰਮਿਕ ਪਰੰਪਰਾਵਾਂ ਵਿਚ ਮਨੁੱਖੀ ਉੱਤਮਤਾ ਨੂੰ ਸਵੀਕਾਰ ਕੀਤਾ ਗਿਆ ਹੈ। ਯਹੂਦੀ, ਈਸਾਈ ਪਰੰਪਰਾ ਅਨੁਸਾਰ ਮਨੁੱਖ ਨੂੰ ਪਰਮਾਤਮਾ ਨੇ ਆਪਣੇ ਹੀ ਰੂਪ ਵਿਚੋਂ ਸਿਰਜਿਆ ਹੈ (God has created man in his own image) ਇਸੇ ਕਰਕੇ ਸਾਮੀ ਚਿੰਤਕ ਮਨੁੱਖ ਨੂੰ 'ਅਸ਼ਰਫੁੱਲ ਮਖ਼ਲੂਕਾਤ' ਵੀ ਆਖਦੇ ਹਨ। ਵੈਦਿਕ ਧਾਰਮਿਕ ਪਰੰਪਰਾ ਵਿਚ ਮਨੁੱਖ ਨੂੰ ਦੇਵਤਿਆਂ ਦਾ ਨਿਵਾਸ-ਸਥਾਨ ਮੰਨਿਆ ਗਿਆ ਹੈ। ਕੇਵਲ ਇਸੇ ਸਰੀਰ ਦੁਆਰਾ ਹੀ ਪ੍ਰਾਣੀ ਨੂੰ ਅਜਿਹੇ ਮੌਕੇ ਦੀ ਪ੍ਰਾਪਤੀ ਹੋਣਾ ਮੰਨਿਆ ਗਿਆ ਹੈ ਜਦੋਂ ਉਹ ਆਪਣੇ ਪਰਮ ਆਦਰਸ਼ਾਂ ਨੂੰ ਪ੍ਰਾਪਤ ਕਰ ਸਕਦਾ ਹੈ। ਜੈਨੀਆਂ ਦਾ ਇਹ ਵਿਚਾਰ ਕਿ ਦੇਵਤਿਆਂ ਨੂੰ ਵੀ ਮੁਕਤ ਹੋਣ ਲਈ ਮਨੁੱਖੀ ਸਰੀਰ ਧਾਰਨ ਕਰਨਾ ਪੈਂਦਾ ਹੈ, ਇਸ ਵਿਚਾਰ ਦੇ ਮਹੱਤਵ ਨੂੰ ਹੋਰ ਗੂੜ੍ਹਾ ਕਰਦਾ ਹੈ। ਗੁਰਬਾਣੀ ਵਿਚ ਵੀ ਮਨੁੱਖੀ ਜੀਵਨ ਦੀ ਪ੍ਰਾਪਤੀ ਦੁਰਲੱਭ ਮੰਨੀ ਗਈ ਹੈ:

ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ॥ (ਪੰਨਾ ੭੫੧)

ਇਸ ਵਿਚਾਰ ਨੂੰ ਸਿੱਖ ਸਿਧਾਂਤਾਂ ਦੇ ਮੁੱਢਲੇ ਵਿਆਖਿਆਕਾਰ ਵਿਦਵਾਨ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਹੋਰ ਸਪੱਸ਼ਟ ਕੀਤਾ ਹੈ:

ਲਖ ਚਉਰਾਸੀਹ ਜੂਨਿ ਵਿਚਿ ਉਤਮੁ ਜੂਨਿ ਸੁ ਮਾਣਸ ਦੇਹੀ। (ਵਾਰ ੧੫/੩)

ਇਸ ਤਰ੍ਹਾਂ ਮਨੁੱਖ ਜੀਵ-ਸ਼੍ਰੇਣੀ ਨਾਲ ਸੰਬੰਧਿਤ ਹੁੰਦਾ ਹੋਇਆ ਵੀ ਸਭ ਤੋਂ ਸ੍ਰੇਸ਼ਟ ਜਾਂ ਉੱਤਮ ਹੈ। ਇਸ ਦੀ ਉੱਤਮਤਾ ਹੀ ਸਾਡੇ ਲਈ ਇਸ ਬਾਰੇ ਕੁਝ ਗਿਆਨ ਗ੍ਰਹਿਣ ਕਰਨ ਦਾ ਪ੍ਰੇਰਨਾ-ਸ੍ਰੋਤ ਹੈ। ਆਧੁਨਿਕ ਯੁਗ ਵਿਚ ਸਾਡੇ ਲਈ ਇਸ ਵਿਸ਼ੇ ਦਾ ਮਹੱਤਵ ਹੋਰ ਵੀ ਵੱਧ ਹੈ।

ਮਨੁੱਖ ਕੀ ਹੈ? ਇਸ ਪ੍ਰਸ਼ਨ ਨੂੰ ਵਰਤਮਾਨ ਮਾਨਵਵਾਦ ਦੇ ਯੁਗ ਵਿਚ ਜਦੋਂ ਕਿ ਦਰਸ਼ਨ ਜਿਹੇ ਵਿਸ਼ਿਆਂ ਦੀ ਰੁਚੀ, ਪਦਾਰਥ, ਵਿਗਿਆਨ ਅਤੇ ਇਥੋਂ ਤਕ ਕਿ ਪਰਮਾਤਮਾ ਤੋਂ ਵੀ ਮੁੜ ਕੇ ਮਨੁੱਖ 'ਤੇ ਜ਼ਿਆਦਾ ਕੇਂਦਰਿਤ ਹੋਈ ਹੈ, ਸਮਝਣਾ ਬੜਾ ਜ਼ਰੂਰੀ ਹੈ। ਮਨੁੱਖ ਆਪਣੇ ਨਿੱਜ ਦੀ ਸੋਝੀ ਦੁਆਰਾ ਹੀ ਵਰਤਮਾਨ ਗੁੰਝਲਦਾਰ ਜੀਵਨ-ਘੋਲ ਵਿਚ ਸਫ਼ਲ ਹੋ ਸਕਦਾ ਹੈ।

ਪਰ ਮਨੁੱਖ ਨੂੰ ਜਾਨਣ ਲਈ ਸਮੱਸਿਆ ਕੇਵਲ ਵਰਤਮਾਨ ਯੁਗ ਦੀ ਹੀ ਸਮੱਸਿਆ ਨਹੀਂ, ਵਿਸ਼ਵ-ਚਿੰਤਨ ਦੇ ਇਤਿਹਾਸ ਵਿਚ ਮਨੁੱਖ ਆਪਣੇ ਆਪ ਨੂੰ ਸਮਝਣ ਦਾ ਇਕ ਲੰਬਾ ਇਤਿਹਾਸ ਹੈ। ਜਦੋਂ ਤੋਂ ਮਨੁੱਖ ਦਾ ਸ੍ਵੈ-ਚੇਤਨਤਾ ਦਾ ਉਦੈ ਹੋਇਆ ਹੈ, ਉਹ ਉਦੋਂ ਤੋਂ ਹੀ ਆਪਣੇ ਆਪ ਨੂੰ ਜਾਨਣ ਲਈ ਯਤਨਸ਼ੀਲ ਰਿਹਾ ਹੈ। ਸੁਕਰਾਤ ਨੇ 'Know thy self' ਕਹਿ ਕੇ ਮਨੁੱਖ ਨੂੰ ਉਹਦੇ ਆਪੇ ਨੂੰ ਸਮਝਣ ਦੀ ਪ੍ਰੇਰਨਾ ਦਿੱਤੀ ਸੀ। ਉਪਨਿਸ਼ਦਾਂ ਵਿਚ 'ਆਤਮ ਪਛਾਣ' 'ਤੇ ਬੜਾ ਬਲ ਦਿੱਤਾ ਗਿਆ ਹੈ। ਕੇਵਲ ਬਲ ਹੀ ਨਹੀਂ ਦਿੱਤਾ, ਆਤਮ-ਪਛਾਣ ਨੂੰ ਜੀਵਨ ਦਾ ਪਰਮ ਸ਼ੁਭ (summum bonum) ਵੀ ਮੰਨਿਆ ਗਿਆ ਹੈ। ਗੁਰਬਾਣੀ ਵਿਚ ਉਸ ਮਨੁੱਖ ਨੂੰ ਪਰਮਾਤਮਾ ਸਮਾਨ ਮੰਨਿਆ ਗਿਆ ਹੈ ਜਿਸ ਨੇ ਆਤਮ ਨੂੰ ਜਾਣ ਲਿਆ ਹੈ:

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥ (ਪੰਨਾ ੪੨੧)

ਵਰਤਮਾਨ ਕਾਲ ਤਕ ਮੁੱਖ ਰੂਪ ਵਿਚ, ਮਨੁੱਖ ਬਾਰੇ ਤਿੰਨ ਪ੍ਰਕਾਰ ਦੀ ਵਿਆਖਿਆ ਦਿੱਤੀ ਜਾ ਚੁੱਕੀ ਹੈ। ਪਹਿਲੀ ਪ੍ਰਕਾਰ ਦੀ ਵਿਆਖਿਆ ਦਾ ਸੰਬੰਧ ਯੂਨਾਨੀ ਵਿਚਾਰਧਾਰਾ ਨਾਲ ਹੈ। ਇਸ ਨੂੰ ਕਲਾਸੀਕਲ (classical) ਵਿਆਖਿਆ ਕਿਹਾ ਜਾਂਦਾ ਹੈ। ਇਸ ਵਿਆਖਿਆ ਵਿਚ ਮਨੁੱਖ ਦੀ ਵਿਵੇਕਸ਼ੀਲਤਾ 'ਤੇ ਬਲ ਦਿੱਤਾ ਗਿਆ ਹੈ। ਵਿਵੇਕ ਨੂੰ ਹੀ ਮਨੁੱਖ ਦਾ ਪ੍ਰਮੁੱਖ ਲੱਛਣ ਮੰਨਿਆ ਗਿਆ ਹੈ। (Man is rational animal) ਜੋ ਉਸ ਨੂੰ ਪ੍ਰਾਣੀ ਜਗਤ ਤੋਂ ਵਿਲੱਖਣ ਸਿੱਧ ਕਰਦਾ ਹੈ। ਵਿਵੇਕ ਦੁਆਰਾ ਹੀ ਮਨੁੱਖ ਆਪਣੇ ਚਲਣ ਨੂੰ ਨਿਰਧਾਰਿਤ ਕਰਦਾ ਹੈ। ਯੂਨਾਨੀ ਦਾਰਸ਼ਨਿਕਾਂ ਨੇ ਤਰਕ ਨੂੰ ਹੀ ਆਤਮਾ ਦਾ ਸਭ ਤੋਂ ਉੱਤਮ ਅੰਗ ਸਵੀਕਾਰ ਕੀਤਾ ਹੈ।

ਮਨੁੱਖ ਬਾਰੇ ਦੂਜੀ ਪ੍ਰਕਾਰ ਦੀ ਵਿਆਖਿਆ ਧਾਰਮਿਕ ਵਿਆਖਿਆ ਹੈ। ਇਸ ਵਿਆਖਿਆ ਅਨੁਸਾਰ ਮਨੁੱਖ ਪਰਮਾਤਮਾ ਦਾ ਪੈਦਾ ਕੀਤਾ ਹੋਇਆ ਹੈ ਅਤੇ ਇਸ ਦਾ ਉਦੇਸ਼ ਮਨੁੱਖੀ ਜੀਵਨ ਨੂੰ ਪਰਮਾਤਮਾ ਦਾ ਧਾਰਨੀ ਹੋ ਕੇ ਬਿਤਾਉਣਾ ਅਤੇ ਅਖ਼ੀਰ ਵਿਚ ਆਪਣੇ ਅਸਲੇ ਵਿਚ ਸਮਾ ਜਾਣਾ ਹੈ। ਇਥੇ ਸਾਡਾ ਸੰਬੰਧ ਮਨੁੱਖ ਦੀ ਧਾਰਮਿਕ ਵਿਆਖਿਆ ਨਾਲ ਹੈ ਜਿਸ ਨੂੰ ਅਸੀਂ ਗੁਰੂ ਨਾਨਕ ਬਾਣੀ ਦੇ ਚਾਨਣੇ ਵਿਚ ਵਿਚਾਰਨਾ ਹੈ। ਪਰ ਇਸ ਵਿਚਾਰ ਨੂੰ ਆਰੰਭਣ ਤੋਂ ਪਹਿਲਾਂ ਮਨੁੱਖ ਦੀ ਜੋ ਤੀਜੀ ਪ੍ਰਕਾਰ ਦੀ ਵਿਗਿਆਨਕ ਵਿਆਖਿਆ ਕੀਤੀ ਗਈ ਹੈ, ਬਾਰੇ ਵੀ ਥੋੜ੍ਹਾ ਜਿਹਾ ਕਹਿਣਾ ਅਰਥਹੀਣ ਨਹੀਂ ਹੋਵੇਗਾ। ਵਿਗਿਆਨਕ ਵਿਆਖਿਆ ਅਨੁਸਾਰ ਮਨੁੱਖ ਪ੍ਰਕਿਰਤੀ-ਭੌਤਿਕ ਪ੍ਰਬੰਧ ਦਾ ਅੰਗ ਹੈ ਅਤੇ ਦੂਜੀਆਂ ਪ੍ਰਕਿਰਤਿਕ ਵਸਤੂਆਂ ਦੀ ਤਰ੍ਹਾਂ ਉਹ ਭੌਤਿਕ ਅਤੇ ਰਸਾਇਣਕ ਨਿਯਮਾਂ ਅਧੀਨ ਹੈ। ਦੂਜੀਆਂ ਵਸਤਾਂ ਦੀ ਤਰ੍ਹਾਂ ਮਨੁੱਖ ਦਾ ਆਕਾਰ-ਭਾਰ, ਰੂਪ ਤੇ ਰੰਗ ਹੈ। ਉਸ ਉੱਤੇ (ਗੁਰੂਤਾ) gravitation ਵਰਗੇ ਪ੍ਰਕਿਰਤੀ ਦੇ ਨਿਯਮ ਲਾਗੂ ਹੁੰਦੇ ਹਨ। ਉਸ ਦੇ ਸਰੀਰ ਵਿਚ ਵੱਖਰੇ-ਵੱਖਰੇ ਤੱਤ ਹਨ ਜਿਨ੍ਹਾਂ ਦਾ ਵੱਖਰੇ ਕਰਕੇ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਮਨੁੱਖ ਇਹਨਾਂ ਤੱਤਾਂ ਦਾ ਸੰਮਿਲਤ (complex) ਰੂਪ ਹੀ ਹੈ। ਉਸ ਵਿਚ ਸਾਹ ਆਦਿ ਦੁਆਰਾ ਰਸਾਇਣਿਕ ਕਿਰਿਆਵਾਂ ਵਾਪਰਦੀਆਂ ਰਹਿੰਦੀਆਂ ਹਨ। ਉਸ ਦੀਆਂ ਕੁਝ ਕੁ ਸਰੀਰਕ ਲੋੜਾਂ ਅਤੇ ਭੁੱਖਾਂ ਹਨ। ਇਸ ਵਿਗਿਆਨਕ ਵਿਆਖਿਆ ਅਨੁਸਾਰ ਮਨੁੱਖ ਇਕ ਵਰਤਮਾਨ ਮਸ਼ੀਨ ਤੋਂ ਥੋੜ੍ਹਾ ਵੱਖਰਾ ਜਾਂ ਭਿੰਨ ਨਹੀਂ ਜਾਪਦਾ। ਇਥੇ ਵਿਗਿਆਨਕ ਵਿਆਖਿਆ ਬਾਰੇ ਬਹੁਤਾ ਵਾਦ-ਵਿਵਾਦ ਵਿਚ ਪੈਣਾ ਵਿਸ਼ੇ ਦੇ ਕੇਂਦਰ ਤੋਂ ਦੂਰ ਜਾਣ ਦੀ ਗੱਲ ਹੋਵੇਗੀ।

ਸੋ ਅਸੀਂ ਧਾਰਮਿਕ ਵਿਆਖਿਆ ਵੱਲ ਹੀ ਮੁੜਦੇ ਹਾਂ ਜੋ ਵਿਸ਼ੇ ਦੇ ਨਾਲ ਸੰਬੰਧਿਤ ਹੈ।

ਗੁਰੂ ਨਾਨਕ ਬਾਣੀ ਵਿਚ ਮਨੁੱਖ ਨੂੰ ਰਹੱਸਮਈ ਸੰਜੋਗ ਵਿਚ ਵੇਖਿਆ ਗਿਆ ਹੈ, ਜਿਸ ਦੇ ਦੋ ਪਹਿਲੂ ਹਨ। ਇਹਨਾਂ ਵਿਚੋਂ ਪਹਿਲਾ ਹੈ:

ਹਮ ਆਦਮੀ ਹਾਂ ਇਕ ਦਮੀ...॥ (ਪੰਨਾ ੬੬੦)

ਇਸੇ ਭਾਵ-ਚੇਤਨਾ ਨੂੰ ਮਨੁੱਖ ਨੂੰ ਸਮਝਾਉਣ ਲਈ ਗੁਰੂ ਨਾਨਕ ਦੇਵ ਜੀ ਹੋਰ ਅੱਗੇ ਫ਼ੁਰਮਾਉਂਦੇ ਹਨ:

ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ॥ (ਪੰਨਾ ੬੬੦)

ਅਤੇ ਮਨੁੱਖ ਦਾ ਦੂਜਾ ਪਹਿਲੂ ਹੈ:

ਮੁਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥ (ਪੰਨਾ ੧੫੨)

ਇਸ ਤਰ੍ਹਾਂ ਮਨੁੱਖ ਦੇ ਵਿਨਾਸ਼ਸ਼ੀਲ ਤੇ ਅਵਿਨਾਸ਼ੀ, ਮਰਨਸ਼ੀਲ ਅਤੇ ਅਮਰ ਦੋ ਰੂਪ ਹਨ। ਜਿਨ੍ਹਾਂ ਵਿਚੋਂ ਪਹਿਲਾ 'ਇਕ ਦਮੀ' ਹੈ ਤੇ ਦੂਜਾ ਕਦੇ ਨਹੀਂ ਮਰਦਾ। 'ਓਹੁ ਨ ਮੂਆ ਜੋ ਦੇਖਣਹਾਰੁ' ਇਹਨਾਂ ਨੂੰ ਨਾਨਕ ਬਾਣੀ ਵਿਚ ਸਰੀਰ ਤੇ ਆਤਮਾ ਕਿਹਾ ਗਿਆ ਹੈ। ਪਹਿਲਾ ਮਨੁੱਖ ਦਾ ਹੋਂਦਮਈ (existential) ਰੂਪ ਹੈ ਅਤੇ ਦੂਜਾ ਉਸ ਦਾ ਤੱਤਮਈ (essential) ਰੂਪ ਹੈ। ਆਧੁਨਿਕ ਅਸਤਿੱਤਵਵਾਦੀ ਦਰਸ਼ਨ (existential philosophy) ਵਿਚ ਇਹਨਾਂ ਦੋਹਾਂ ਰੂਪਾਂ ਦਾ ਨਿਖੇੜਾ ਕੀਤਾ ਗਿਆ ਹੈ ਅਤੇ ਦੂਜੇ ਰੂਪ ਨੂੰ ਖ਼ਾਸ ਤੌਰ 'ਤੇ ਛੁਟਕਾਇਆ ਗਿਆ ਹੈ। ਪਰ ਗੁਰੂ ਨਾਨਕ ਦੇਵ ਜੀ ਨੇ ਦੋਹਾਂ ਦਾ ਸੰਜੋਗ ਕੀਤਾ ਹੈ। ਮਾਰੂ ਸੋਲਹਿਆਂ ਵਿਚ ਪ੍ਰਤੀਕਾਤਮਕ ਵਿਧੀ ਨਾਲ ਇਸ ਦਾ ਬਿਆਨ ਕੀਤਾ ਗਿਆ ਹੈ:

ਕਾਇਆ ਹੰਸ ਪ੍ਰੀਤਿ ਬਹੁ ਧਾਰੀ ॥ ਓਹੁ ਜੋਗੀ ਪੁਰਖੁ ਓਹ ਸੁੰਦਰਿ ਨਾਰੀ ॥
ਅਹਿਨਿਸਿ ਭੋਗੈ ਚੋਜ ਬਿਨੋਦੀ ਉਠਿ ਚਲਤੈ ਮਤਾ ਨ ਕੀਨਾ ਹੇ ॥ (ਪੰਨਾ ੧੦੨੮)

ਨਾਨਕ ਬਾਣੀ ਵਿਚ ਮਨੁੱਖ ਇਸ ਤਰ੍ਹਾਂ ਸਰੀਰ ਤੇ ਆਤਮਾ ਦਾ ਰਹੱਸਮਈ ਸੰਜੋਗ ਹੈ। ਮਨੁੱਖ ਦਾ ਸਰੀਰ ਪ੍ਰਕਿਰਤਕ ਤੱਤਾਂ ਤੋਂ ਬਣਿਆ ਹੈ ਅਤੇ ਇਹ ਪੰਜ ਤੱਤਾਂ ਦਾ ਸੰਜੋਗ ਹੈ:

ਪੰਚ ਤਤੁ ਮਿਲਿ ਕਾਇਆ ਕੀਨੀ॥ (ਪੰਨਾ ੧੦੩੦)

ਇਸ ਸਰੀਰ ਦਾ ਆਰੰਭ ਮਾਤਾ ਦੇ ਪੇਟ ਵਿਚ ਮਾਤਾ ਦੀ ਰਕਤ ਅਤੇ ਪਿਤਾ ਦੀ ਬਿੰਦ ਦੇ ਮੇਲ ਤੋਂ ਹੁੰਦਾ ਹੈ:

ਰਕਤੁ ਬਿੰਦੁ ਕਾ ਇਹੁ ਤਨੋ...॥ (ਪੰਨਾ ੬੩)

ਮਿਲਿ ਮਾਤ ਪਿਤਾ ਪਿੰਡੁ ਕਮਾਇਆ॥ (ਪੰਨਾ ੯੮੯)

ਇਥੇ ਇਹ ਸਪੱਸ਼ਟ ਕਰ ਦੇਣਾ ਉਚਿਤ ਹੋਵੇਗਾ ਕਿ ਪੰਜ ਤੱਤਾਂ ਦਾ ਇਹ ਸਰੀਰ ਮਨੁੱਖ ਦੇ ਅਧਿਆਤਮਕ ਜੀਵਨ ਦੇ ਪ੍ਰਸੰਗ ਵਿਚ ਅਣ-ਲੋੜੀਂਦਾ ਨਹੀਂ ਹੈ ਜਿਸ ਨੂੰ ਹਠ-ਤਪ ਦੁਆਰਾ ਨਸ਼ਟ ਕੀਤਾ ਜਾਵੇ। ਸਗੋਂ ਸਰੀਰ ਨੂੰ ਹਰੀ ਦਾ ਮੰਦਰ ਕਿਹਾ ਗਿਆ ਹੈ। ਇਸ ਸਰੀਰ ਦੁਆਰਾ ਹੀ ਆਤਮਾ ਆਪਣੇ ਅਸਲੇ ਨੂੰ ਜਾਣ ਤੇ ਮਿਲ ਸਕਦੀ ਹੈ। ਮਨੁੱਖ ਦੇ ਇਸ ਪਹਿਲੂ ਨੂੰ ਉੱਤੇ ਅਸੀਂ ਮਨੁੱਖ ਦਾ ਹੋਂਦਮਈ ਰੂਪ ਕਿਹਾ ਹੈ ਜੋ ਕਿ ਵਿਨਾਸ਼ਸ਼ੀਲ ਹੈ। ਇਹ ਸਦੀਵੀ ਨਹੀਂ।

ਮਨੁੱਖ ਦਾ ਦੂਜਾ ਤੱਤ ਆਤਮਾ ਹੈ। ਇਹ ਅਵਿਨਾਸ਼ੀ ਤੇ ਅਮਰ ਹੈ। ਇਹ ਹੀ ਮਨੁੱਖ ਦਾ ਅਸਲੀ ਆਪਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਆਤਮਾ ਨੂੰ ਪਰਮਾਤਮਾ ਦਾ ਹੀ ਅੰਗ ਜਾਂ

ਅੰਸ਼ ਮੰਨਦੇ ਹਨ ਅਤੇ ਇਹ ਅੰਸ਼ੀ ਸੰਬੰਧ, ਪੂਰਣ 'ਚੋਂ ਪੂਰਣ ਘਟਾਣ ਤੇ ਪੂਰਣ ਬਾਕੀ ਰਿਹਾ ਹੈ, ਵਾਲੀ ਗੱਲ ਉਪਨਿਸ਼ਦ ਦੀ ਉਕਤੀ ਵਾਲਾ ਹੀ ਹੈ। ਆਤਮਾ ਵਿਚ ਪਰਮਾਤਮਾ ਵਾਲੀਆਂ ਸੰਭਾਵਨਾਵਾਂ ਹਨ। ਆਤਮਾ ਪਰਮਾਤਮਾ ਵਿਚ ਅੰਤਰ ਨਹੀਂ:

ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ ॥ (ਪੰਨਾ ੧੧੫੩)
ਸਭ ਮਹਿ ਜੀਉ ਜੀਉ ਹੈ ਸੋਈ ਘਟਿ ਘਟਿ ਰਹਿਆ ਸਮਾਈ ॥
ਗੁਰ ਪਰਸਾਦਿ ਘਰ ਹੀ ਪਰਗਾਸਿਆ ਸਹਜੇ ਸਹਜਿ ਸਮਾਈ ॥ (ਪੰਨਾ ੧੨੭੩)

ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਮਨੁੱਖ ਨੂੰ ਮਨੁੱਖੀ ਸਰੀਰ ਦੀ ਪ੍ਰਾਪਤੀ ਉਸ ਦੇ ਪੂਰਬਲੇ ਕਰਮਾਂ ਕਾਰਨ ਹੁੰਦੀ ਹੈ:

ਕਰਮੀ ਆਵੈ ਕਪੜਾ...॥ (ਪੰਨਾ ੨)

ਪਰ ਇਹ ਸਭ ਕੁਝ ਦੈਵੀ ਵਿਧਾਨ ਅਨੁਸਾਰ ਵਾਪਰਦਾ ਹੈ, ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੁਕਮ ਕਿਹਾ ਹੈ:

ਹੁਕਮੀ ਹੋਵਨਿ ਜੀਅ...॥ (ਪੰਨਾ ੧)

ਵੈਦਿਕ ਧਾਰਮਿਕ ਪਰੰਪਰਾ ਅਨੁਸਾਰ ਮਨੁੱਖ ਦੇ ਤਿੰਨ ਭਾਗ ਕੀਤੇ ਜਾਂਦੇ ਹਨ—ਸਥੂਲ ਸਰੀਰ, ਸੂਖ਼ਮ ਸਰੀਰ ਅਤੇ ਆਤਮਾ। ਸੂਖ਼ਮ ਸਰੀਰ ਸਥੂਲ ਸਰੀਰ ਦੇ ਵਿਨਾਸ਼ ਹੋਣ 'ਤੇ ਆਪਣੇ ਕਰਮ-ਫ਼ਲ ਭੋਗਣ ਲਈ ਨਵਾਂ ਸਰੀਰ ਧਾਰਨ ਕਰਦਾ ਹੈ। ਗੁਰੂ ਜੀ ਨੇ ਸੂਖ਼ਮ ਸਰੀਰ ਦੇ ਭਾਵ ਨੂੰ ਹਉਮੈ, ਮਨ ਆਦਿ ਦੇ ਸੰਕੇਤਾਂ ਦੁਆਰਾ ਪ੍ਰਗਟਾਇਆ ਹੈ:

ਹਉਮੈ ਬੰਧਨ ਬੰਧਿ ਭਵਾਵੈ॥ (ਪੰਨਾ ੨੨੭)

ਹਉਮੈ ਮਨੁੱਖ ਦੀ ਆਤਮ-ਚੇਤਨਾ ਹੈ। ਇਹ ਮਨੁੱਖ ਦੀ ਸ੍ਵੈ-ਸੀਮਿਤ ਲਘੂ ਹੋਂਦ ਦਾ ਪ੍ਰਤੀਕ ਹੈ। ਧਰਮ-ਸ਼ਾਸਤਰੀ ਸ਼ਬਦਾਵਲੀ ਵਿਚ ਇਸ ਨੂੰ ਬੰਧਨ ਕਿਹਾ ਗਿਆ ਹੈ। ਇਸ ਵਿਚਾਰ ਦੀ ਪੁਸ਼ਟੀ ਵਾਰ ਆਸਾ ਵਿਚ ਆਏ ਗੁਰੂ ਅੰਗਦ ਦੇਵ ਜੀ ਦੇ ਸਲੋਕ ਤੋਂ ਵੀ ਹੋ ਜਾਂਦੀ ਹੈ:

ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥ (ਪੰਨਾ ੪੬੬)

ਇਸ ਬੰਧਨ ਤੋਂ ਛੁਟਕਾਰਾ ਪਾਉਣਾ ਹੀ ਮਨੁੱਖ ਦਾ ਆਦਰਸ਼ ਮੰਨਿਆ ਗਿਆ ਹੈ:

ਹਉਮੈ ਖੋਇ ਕਰੇ ਸੀਗਾਰੁ ॥
ਤਉ ਕਾਮਣਿ ਸੇਜੈ ਰਵੈ ਭਤਾਰੁ ॥ (ਪੰਨਾ ੩੫੭)

ਆਤਮਾ ਪਰਮਾਤਮਾ ਕਦੇ ਵੀ ਵੱਖ ਨਹੀਂ, ਇਹ ਹਉਮੈ ਰੂਪੀ ਕੂੜ ਦੀ ਪਾਲ ਹੀ ਇਹਨਾਂ ਦੇ ਵਖਰੇਵੇਂ ਦਾ ਕਾਰਨ ਹੈ:

ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥ (ਪੰਨਾ ੧੨੬੩)

ਮਨੁੱਖੀ ਹੋਂਦ ਦਾ ਦੂਜਾ ਮੁੱਖ ਕਾਰਨ ਮਨ ਹੈ। ਮਨ ਦੀ ਚੰਚਲਤਾ ਕਰਕੇ ਮਨੁੱਖ ਵਿਕਾਰਾਂ ਵਿਚ ਲੱਗ ਜਾਂਦਾ ਹੈ ਅਤੇ ਇਹਨਾਂ ਵਿਕਾਰਾਂ ਦੇ ਫਲ ਕਰਕੇ ਹੀ ਉਸ ਨੂੰ ਦੂਜਾ ਸਰੀਰ ਧਾਰਨ ਕਰਨਾ ਪੈਂਦਾ ਹੈ:

ਇਹੁ ਮਨੁ ਮੁਗਧੁ ਕਹਹੁ ਕਿਉ ਰਹਸੀ ॥
ਬਿਨੁ ਸਮਝੇ ਜਮ ਕਾ ਦੁਖੁ ਸਹਸੀ ॥ (ਪੰਨਾ ੪੧੫)
ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ ॥

ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ ॥ *(ਪੰਨਾ ੧੩੪੩)*

ਮਨ ਬੜਾ ਪੁਰਾਣਾ ਸ਼ਬਦ ਹੈ ਅਤੇ ਸਮੇਂ-ਸਮੇਂ ਇਸ ਦੇ ਅਰਥਾਂ ਵਿਚ ਪਰਿਵਰਤਨ ਹੁੰਦਾ ਰਿਹਾ ਹੈ। ਵੈਦਿਕ ਧਾਰਮਿਕ ਪਰੰਪਰਾ ਵਿਚ ਮਨ ਨੂੰ ਆਤਮਾ ਤੋਂ ਵੱਖਰਾ ਮੰਨਿਆ ਗਿਆ ਹੈ। ਕਈ ਵਿਦਵਾਨ ਮਨ ਨੂੰ ਆਤਮਾ ਮੰਨ ਲੈਂਦੇ ਹਨ ਪਰ ਮਨ ਪੰਜ ਤੱਤਾਂ ਤੋਂ ਪੈਦਾ ਹੋਇਆ ਸਰੀਰ ਦਾ ਉਹ ਸਿਰਾ ਹੈ ਜਿਥੇ ਉਸ ਦਾ ਭੌਤਿਕ ਸਰੀਰ ਖ਼ਤਮ ਹੁੰਦਾ ਹੈ ਅਤੇ ਆਤਮ ਸ਼ੁਰੂ ਹੁੰਦਾ ਹੈ। ਇਹ ਕਹਿਣ ਦਾ ਭਾਵ ਇਹ ਹੈ ਕਿ ਮਨ ਆਤਮਾ ਦੇ ਬਹੁਤ ਨੇੜੇ ਹੈ। ਸਭ ਤੋਂ ਪਹਿਲਾਂ ਆਤਮਾ ਦਾ ਪ੍ਰਭਾਵ ਇਹੀ ਗ੍ਰਹਿਣ ਕਰਦਾ ਹੈ, ਜਿਵੇਂ:

ਮਨ ਕਾ ਕਹਿਆ ਮਨਸਾ ਕਰੈ॥ *(ਪੰਨਾ ੮੩੨)*

ਇਸ ਤੱਥ ਨੂੰ ਹੋਰ ਸਪੱਸ਼ਟ ਕਰਨ ਲਈ ਡਾ. ਸ਼ੇਰ ਸਿੰਘ ਨੇ ਆਪਣੀ ਪੁਸਤਕ 'ਗੁਰਮਤਿ ਦਰਸ਼ਨ' ਵਿਚ ਚਾਨਣ ਅਤੇ ਹਨੇਰੇ ਦੇ ਮਿਲਣ ਦਾ ਦ੍ਰਿਸ਼ਟਾਂਤ ਲਿਆ ਹੈ। ਇਸ ਮਿਲਣ-ਬਿੰਦੂ ਤੋਂ ਪਤਾ ਨਹੀਂ ਲੱਗਦਾ ਕਿ ਇਹ ਹਨੇਰਾ ਹੈ ਜਾਂ ਚਾਨਣਾ। ਜਦੋਂ ਚਾਨਣ ਰੂਪੀ ਆਤਮਾ ਦਾ ਪ੍ਰਭਾਵ ਵਧ ਜਾਂਦਾ ਹੈ ਤਾਂ ਮਨ ਆਪਣੇ ਮੂਲ ਤੋਂ ਪ੍ਰਭਾਵਿਤ ਹੋ ਕੇ ਜੋਤਿ-ਸਰੂਪ ਬਣ ਜਾਂਦਾ ਹੈ ਅਤੇ ਜਦੋਂ ਹਨੇਰੇ ਰੂਪੀ ਪੰਜ ਭੌਤਿਕ ਸਰੀਰ ਦੀਆਂ ਖਿੱਚਾਂ ਦਾ ਪ੍ਰਭਾਵ ਵਧ ਜਾਂਦਾ ਹੈ ਤਾਂ 'ਸਾਕਤ ਲੋਭੀ ਇਹ ਮਨੁ ਮੂੜਾ' ਹੁੰਦਾ ਹੈ। ਮਨ ਦੀ ਇਸ ਦੁਜੈਗੀ ਪ੍ਰਕਿਰਤੀ (dual nature) ਦਾ ਥਾਂ-ਥਾਂ 'ਤੇ ਜ਼ਿਕਰ ਕੀਤਾ ਗਿਆ ਹੈ:

ਮਨੁ ਜੋਗੀ ਮਨੁ ਭੋਗੀਆ ਮਨੁ ਮੂਰਖੁ ਗਾਵਾਰੁ ॥
ਮਨੁ ਦਾਤਾ ਮਨੁ ਮੰਗਤਾ ਮਨ ਸਿਰਿ ਗੁਰੁ ਕਰਤਾਰੁ ॥ *(ਪੰਨਾ ੧੩੩੦)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨ ਨੂੰ ਅਧਿਆਤਮਕ ਗਿਆਨ (ਸ਼ਬਦ) ਦੀ ਅਗਵਾਈ ਵਿਚ ਸਾਧਣ ਦਾ ਉਪਦੇਸ਼ ਕੀਤਾ ਹੈ:

ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ ॥
ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ ॥ *(ਪੰਨਾ ੨੩)*

ਮਨੁੱਖ ਦੇ ਆਤਮਕ ਤੇ ਸਰੀਰਕ ਰੂਪਾਂ ਦੀ ਵਿਚਾਰ ਦੇ ਬਾਅਦ ਇਹ ਸਪੱਸ਼ਟ ਕਰ ਦੇਣਾ ਉਚਿਤ ਹੋਵੇਗਾ ਕਿ ਇਥੇ ਸਾਡਾ ਸੰਬੰਧ ਨਾ ਕੇਵਲ ਸਰੀਰ ਨਾਲ ਹੈ ਅਤੇ ਨਾ ਕੇਵਲ ਆਤਮਾ ਨਾਲ, ਸਗੋਂ ਦੋਹਾਂ ਦੇ ਵਚਿੱਤਰ ਸੰਜੋਗ ਮਨੁੱਖ ਨਾਲ ਹੈ। ਮਨੁੱਖ ਸਮੇਂ ਸਥਾਨ ਅੰਦਰ ਸੀਮਤ ਹੈ। ਉਸ ਦੇ ਜੀਵਨ ਕਾਲ ਨੂੰ ਗੁਰੂ ਨਾਨਕ ਬਾਣੀ ਵਿਚ ਰਾਤਰੀ ਦੇ ਚਾਰ ਪਹਿਰਾਂ ਦੇ ਪ੍ਰਤੀਕ ਦੁਆਰਾ ਸਮਝਾਇਆ ਗਿਆ ਹੈ। ਪਹਿਲੇ ਪਹਿਰ ਦੁਆਰਾ ਉਸ ਦਾ ਜਨਮ ਤੋਂ ਬਚਪਨ ਦੱਸਿਆ ਹੈ। ਦੂਜੇ ਪਹਿਰ ਦੁਆਰਾ ਉਸ ਦਾ ਆਪਣੇ ਅਸਲੇ ਤੋਂ ਧਿਆਨ ਵਿਸਰ ਜਾਂਦਾ ਹੈ ਅਤੇ ਦੁਨਿਆਵੀ ਰਸਾਂ-ਕਸਾਂ ਵਿਚ ਮਸਤ ਹੋ ਜਾਂਦਾ ਹੈ। ਤੀਜੇ ਪਹਿਰ ਧਨ, ਜੋਬਨ ਦੀ ਮਸਤੀ ਵਿਚ ਜੀਵਨ ਵਿਅਰਥ ਖੋ ਦਿੰਦਾ ਹੈ ਅਤੇ ਚੌਥੇ ਪਹਿਰ ਉਸ ਦੀ ਜੀਵਨ ਖੇਤੀ ਪੱਕ ਜਾਂਦੀ ਹੈ।

ਇਸ ਤਰ੍ਹਾਂ ਮਨੁੱਖ ਨੂੰ ਜੂਝਣ ਲਈ ਖ਼ਾਸ ਸਮਾਂ ਮਿਲਿਆ ਹੈ, ਜਿਸ ਸਮੇਂ ਵਿਚ ਕਿ ਉਸ ਨੂੰ ਜੀਵਨ ਦੀਆਂ ਗੁੰਝਲਦਾਰ ਸਮੱਸਿਆਵਾਂ ਨਾਲ ਨਿਪਟਦੇ ਆਪਣੇ ਆਦਰਸ਼ ਦੀ ਸੇਧੇ ਚੱਲਣਾ ਹੈ। ਉਸ ਦਾ ਆਦਰਸ਼ ਨਿਸ਼ਚਿਤ ਹੈ।

ਇਥੇ ਗੁਰੂ ਨਾਨਕ ਬਾਣੀ ਦਾ ਮਨੁੱਖ ਵਰਤਮਾਨ ਅਸਤਿੱਤਵਵਾਦੀ ਦਰਸ਼ਨ ਵਿਚ ਬਿਆਨੇ

ਮਨੁੱਖ ਤੋਂ ਭਿੰਨ ਹੈ। ਅਸਤਿੱਤਵਵਾਦੀ ਦਰਸ਼ਨ ਅਨੁਸਾਰ ਮਨੁੱਖ 'ਹਕੀਕੀ ਮਨੁੱਖ' ਦੀ ਭਾਲ ਵਿਚ ਵਰਤਮਾਨ ਮਸ਼ੀਨੀ ਬਿਰਤੀ ਵਾਲੇ ਯੁੱਗ ਵਿਚ ਭਟਕਿਆ ਅਤੇ ਓਪਰਾ-ਓਪਰਾ ਫਿਰ ਰਿਹਾ ਹੈ। ਇਤਫ਼ਾਕ ਨਾਲ ਹੀ ਉਹ ਆਪਣੀ ਇੱਛਾ ਬਗ਼ੈਰ ਇਸ ਧਰਤੀ 'ਤੇ ਆ ਗਿਆ ਹੈ ਅਤੇ ਹੁਣ ਸੁਤੰਤਰ ਹੈ ਕਿ ਕੀ ਕਰੇ। ਪਰ ਮਰਜ਼ੀ ਨਾਲ ਕੀਤੇ ਕਰਮ ਤੋਂ ਬਾਅਦ ਵੀ ਉਸ ਨੂੰ ਆਸ ਰੱਖਣ ਦੀ ਆਗਿਆ ਨਹੀਂ। ਇਸ ਤਰ੍ਹਾਂ ਜ਼ਿੰਦਗੀ ਬਗ਼ੈਰ ਆਦਰਸ਼ ਦੇ ਉਸ ਲਈ ਭੈੜਾ ਮਜ਼ਾਕ ਹੈ।

ਗੁਰੂ ਨਾਨਕ ਬਾਣੀ ਵਿਚ ਜੋ ਮਨੁੱਖ ਦਾ ਚਿੱਤਰ ਹੈ, ਉਹ ਇਸ ਤਰ੍ਹਾਂ ਦਾ ਨਿਰਾਸ਼ਾਵਾਦੀ ਨਹੀਂ, ਸਗੋਂ ਆਸ਼ਾਵਾਦੀ ਰੰਗਣ ਵਿਚ ਰੰਗਿਆ ਹੈ। ਉਸ ਦਾ 'ਹਕੀਕੀ ਮਨੁੱਖ' ਜਾਂ 'ਆਦਰਸ਼ ਮਨੁੱਖ' ਗੁਆਚਿਆ ਹੋਇਆ ਨਹੀਂ ਸਗੋਂ ਸਪੱਸ਼ਟ ਹੈ। ਲੋੜ ਹੈ ਕੇਵਲ ਅਧਿਆਤਮਕ ਸਾਧਨਾਂ ਦੁਆਰਾ ਉਸ ਤਕ ਪੁੱਜਣ ਦੀ। ਇਸੇ ਕਾਰਜ ਕਰਕੇ ਵੀ ਮਨੁੱਖ ਨਿਰਾਸ਼ ਨਹੀਂ ਹੁੰਦਾ ਭਾਵੇਂ ਫ਼ਲ ਦੀ ਆਸ ਉਹ ਨਹੀਂ ਰੱਖ ਸਕਦਾ ਕਿਉਂਕਿ ਇਹ ਨਦਰਿ ਆਧਾਰਿਤ ਹੈ। ਫਿਰ ਵੀ ਪਰਮਾਤਮਾ ਦੀ ਦਿਆਲਤਾ ਉਸ ਨੂੰ ਨਿਰਾਸ਼ ਨਹੀਂ ਹੋਣ ਦਿੰਦੀ ਅਤੇ ਉਹ ਜ਼ਿਆਦਾ ਬਲ ਅਤੇ ਸਾਹਸ ਨਾਲ ਜੀਵਨ ਦੀਆਂ ਗੁੰਝਲਾਂ ਨੂੰ ਸੁਲਝਾਉਂਦਾ ਹੈ।

ਜਿਵੇਂ ਕਿ ਮਾਨਵ ਪ੍ਰਕਿਰਤੀ ਬਾਰੇ ਪਹਿਲਾਂ ਵੀ ਕਿਹਾ ਜਾ ਚੁੱਕਾ ਹੈ ਕਿ ਉਹ ਵਿਨਾਸ਼ਸ਼ੀਲ ਭੌਤਿਕ ਤੱਤਾਂ ਅਤੇ ਅਵਿਨਾਸ਼ੀ ਤੱਤ ਆਤਮਾ ਦੇ ਸੰਜੋਗ ਤੋਂ ਉਤਪੰਨ ਹੋਈ ਹੈ। ਪ੍ਰਕਿਰਤੀ ਦੀਆਂ ਸਾਰੀਆਂ ਪੱਧਰਾਂ ਦਾ ਮੇਲ ਮਨੁੱਖ ਵਿਚ ਹੋਇਆ ਹੈ। ਉਹ ਆਪਣੇ ਆਪ ਵਿਚ ਹੀ ਇਕ ਛੋਟਾ ਬ੍ਰਹਿਮੰਡ ਹੈ। ਇਸ ਕਰਕੇ ਮਨੁੱਖ ਨੂੰ ਬ੍ਰਹਿਮੰਡੀ ਰਹੱਸ ਦੀ ਕੁੰਜੀ ਕਿਹਾ ਗਿਆ ਹੈ। ਯੂਰਪ ਵਿਚ ਮੱਧਕਾਲ ਦੇ ਅੰਤਲੇ ਦਿਨਾਂ ਵਿਚ ਜਦੋਂ ਜਾਗਰਤ ਦਾ ਸਮਾਂ ਆਇਆ ਤਾਂ ਉਸ ਵੇਲੇ ਕੁਝ ਵਿਦਵਾਨਾਂ ਨੇ ਮਨੁੱਖ ਤੇ ਬ੍ਰਹਿਮੰਡ ਦੇ ਰਿਸ਼ਤੇ ਨੂੰ ਲਘੂ ਬ੍ਰਹਿਮੰਡ (macro cosmos) ਤੇ ਪੂਰਨ ਬ੍ਰਹਿਮੰਡ (micro cosmos) ਕਹਿ ਕੇ ਬਿਆਨਿਆ। ਰਸਲ ਵੀ ਉਸ ਨੂੰ ਸ਼ੈਤਾਨ ਅਤੇ ਦੇਵ ਦਾ ਮਿਸ਼ਰਣ ਮੰਨਦਾ ਹੈ। ਉਸ ਦੀ ਦੁਜੈਲੀ ਪ੍ਰਕਿਰਤੀ ਕਰਕੇ ਹੀ ਉਸ ਵਿਚ ਬੇਅੰਤ ਸੰਭਾਵਨਾਵਾਂ ਛੁਪੀਆਂ ਹੋਈਆਂ ਹਨ। ਪਦਾਰਥ ਉਸ ਦੀ ਰਚਨਾ ਦਾ ਅੰਗ ਹੋਣ ਕਰਕੇ ਉਸ ਵਿਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਇਤਿਆਦਿ ਬੇਅੰਤ ਬੁਰਿਆਈਆਂ ਦਾ ਜਾਂ ਗਿਰਾਵਟ ਦੀ ਸੰਭਾਵਨਾ ਹੈ। ਜੇਕਰ ਉਹ ਇਹਨਾਂ ਕਮਜ਼ੋਰੀਆਂ ਨੂੰ ਆਪਣੇ ਆਪ 'ਤੇ ਛੱਡ ਦੇਵੇ ਤਾਂ ਉਹ ਪਸ਼ੂ ਪੱਧਰ ਤਕ ਗਿਰ ਸਕਦਾ ਹੈ:

ਮਨਮੁਖ ਤਤੁ ਨ ਜਾਣਨੀ ਪਸੂ ਮਾਹਿ ਸਮਾਣਾ॥ *(ਪੰਨਾ ੧੦੦੯)*

ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ॥ *(ਪੰਨਾ ੭੫੧)*

ਪਰ ਉਸ ਦੀ ਰਚਨਾ ਵਿਚਲੇ ਆਤਮਿਕ ਤੱਤ ਦੀ ਹੋਂਦ ਕਰਕੇ ਉਸ ਵਿਚ ਬੇਅੰਤ ਉੱਚ ਸੰਭਾਵਨਾਵਾਂ ਵੀ ਹਨ। ਉਹ ਆਪਣੀਆਂ ਇਹਨਾਂ ਸੰਭਾਵਨਾਵਾਂ ਕਰਕੇ ਹੀ ਆਪਣੀ ਭੌਤਿਕ ਹੋਂਦ ਤੋਂ ਇਸ ਵਿਚ ਵਿਚਰਦੇ ਹੋਏ ਹੀ ਕਮਲ ਫੁੱਲ ਦੀ ਤਰ੍ਹਾਂ ਉੱਚਾ ਉੱਠ ਸਕਦਾ ਹੈ। ਕੇਵਲ ਇਸੇ ਜੀਵਨ ਵਿਚ ਹੀ ਉਹ ਆਪਣੇ ਅਸਲੇ ਨਾਲ ਅਭੇਦ ਹੋ ਸਕਦਾ ਹੈ। ਇਸੇ ਦੈਂਤ-ਮਈ ਸੰਘਰਸ਼ ਵਿਚ ਹੀ ਮਨੁੱਖ ਦਾ 'ਗੁਰਮੁਖਤਾ' ਦਾ ਆਦਰਸ਼ ਸਾਹਮਣੇ ਆਉਂਦਾ ਹੈ। ਮਨੁੱਖ ਨੇ ਗੁਰਮੁਖ ਬਣਨਾ ਹੈ ਜੋ ਕਿ ਜੀਵਨ ਮੁਕਤ ਹੁੰਦਾ ਹੈ। ਉਹ ਲੋਕ ਅਤੇ ਪ੍ਰਲੋਕ ਵਿਚ ਸੁਖੀ ਹੁੰਦਾ ਹੈ:

ਗੁਰਮੁਖਿ ਆਵੈ ਜਾਇ ਨਿਸੰਗੁ॥ (ਪੰਨਾ ੯੩੨)

ਉਹ ਇਕ ਅਜਿਹੀ ਜੀਵਨ-ਜੁਗਤੀ 'ਤੇ ਪੁੱਜ ਜਾਂਦਾ ਹੈ ਜਿਥੇ ਕਿ ਉਹ ਵਿਕਾਰਾਂ ਵਿਚ ਰਹਿੰਦਾ ਹੋਇਆ ਵੀ ਇਹਨਾਂ ਤੋਂ ਨਿਰਲੇਪ ਰਹਿੰਦਾ ਹੈ।

ਗੁਰਮੁਖਿ ਅਲਿਪਤੁ ਲੇਪੁ ਕਦੇ ਨ ਲਾਗੈ ਸਦਾ ਰਹੈ ਸਰਣਾਈ॥ (ਪੰਨਾ ੧੩੪੪)

ਗੁਰਮੁਖ ਪਰਮਾਤਮਾ ਦੇ ਹੁਕਮ ਰਜ਼ਾ ਵਿਚ ਵਿਚਰਦਾ ਹੋਇਆ ਅਹੰ-ਕੇਂਦਰਿਤ ਹੋਂਦ ਹਉਮੈ ਤੋਂ ਉੱਚਾ ਉੱਠ ਜਾਂਦਾ ਹੈ ਅਤੇ ਸਹਿਜ ਵਿਚ ਟਿਕ ਜਾਂਦਾ ਹੈ। ਦੁੱਖ ਉਸ ਨੂੰ ਦੁਖੀ ਨਹੀਂ ਕਰ ਸਕਦੇ। ਸੁਖ ਉਸ ਨੂੰ ਵਿਕਾਰੀ ਨਹੀਂ ਬਣਾਉਂਦੇ। ਜ਼ਿੰਦਗੀ ਦੀਆਂ ਸੰਚਾਲਕ ਸ਼ਕਤੀਆਂ ਕਾਮ, ਕ੍ਰੋਧ ਆਦਿ ਨੂੰ ਅਧਿਆਤਮਕ ਗਿਆਨ (ਸ਼ਬਦ) ਦੀ ਅਗਵਾਈ ਵਿਚ ਉਹ ਆਪਣੇ ਸੇਵਕ ਬਣਾ ਕੇ ਰਚਨਾਤਮਕ ਕਾਰਜ ਕਰਦਾ ਹੈ।

ਅਖ਼ੀਰ 'ਤੇ ਅਸੀਂ ਆਖ ਸਕਦੇ ਹਾਂ ਕਿ ਗੁਰਮੁਖਤਾ ਦਾ ਆਦਰਸ਼ ਥਾਪਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਉਸ ਦੀ ਮੂਲ ਪ੍ਰਕਿਰਤੀ ਦੇ ਪੁਨਰ ਉਥਾਨ ਅਤੇ ਉਸ ਦੀ ਹੋਂਦ ਦੀਆਂ ਸਰਬ-ਉੱਚ ਸੰਭਾਵਨਾਵਾਂ ਨੂੰ ਸਿੱਧ ਕਰਨ ਦੀ ਪ੍ਰੇਰਨਾ ਦਿੱਤੀ ਹੈ। ਅਸੀਮ ਸੰਭਾਵਨਾਵਾਂ ਭਰਪੂਰ ਮਨੁੱਖ ਦਾ ਸੰਕਲਪ ਸਾਡੇ ਸਾਹਮਣੇ ਰੱਖਿਆ ਹੈ। ਮਨੁੱਖ ਆਪਣੇ ਆਦਰਸ਼ ਦੇ ਸਨਮੁਖ ਹੋ ਕੇ ਉੱਚਾ ਉੱਠ ਸਕਦਾ ਹੈ ਜਿਹੜਾ ਕਿ ਉਸ ਦਾ ਅਧਿਕਾਰ ਅਤੇ ਜ਼ਿੰਮੇਵਾਰੀ ਵੀ ਹੈ।

ਇਸ ਸੇਧ ਤੋਂ ਮਨੁੱਖ ਨੂੰ ਤੋਰ ਕੇ ਥਾਂ-ਥਾਂ 'ਤੇ ਵਿਕਾਰੀ ਹੋਂਦ ਤੋਂ ਜਣਾਇਆ ਹੈ ਅਤੇ ਉਸ ਦੀ ਅਸਲੀਅਤ ਤੋਂ ਉਸ ਨੂੰ ਥਾਂ-ਥਾਂ 'ਤੇ ਸੁਚੇਤ ਕੀਤਾ ਹੈ:

ਸਾਕਤ ਨਿਰਗੁਣਿਆਰਿਆ ਆਪਣਾ ਮੂਲੁ ਪਛਾਣੁ॥
ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ॥
ਪਵਣੈ ਕੈ ਵਸਿ ਦੇਹੁਰੀ ਮਸਤਕਿ ਸਚੁ ਨੀਸਾਣੁ॥ (ਪੰਨਾ ੬੩)

ਆਪੇ ਦੀਆਂ ਸਰਬ-ਉੱਚ ਸੰਭਾਵਨਾਵਾਂ ਦੀ ਸਿੱਧੀ ਲਈ ਵਿਕਾਰੀ ਆਪੇ ਨਾਲ ਨਿਪਟਣ ਦਾ ਬੜਾ ਹੀ ਸਹਿਜਮਈ ਵਿਵੇਕਸ਼ੀਲ ਮਾਰਗ ਦਰਸਾਇਆ ਹੈ:

ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ॥ ਤਸਕਰ ਪੰਚ ਸਬਦਿ ਸੰਘਾਰੇ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ॥ (ਪੰਨਾ ੧੦੨੨)

(11/1973)

ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ

(ਸਮਾਜਿਕ ਦ੍ਰਿਸ਼ਟੀਕੋਣ)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਾਬਰਵਾਦੀ ਵਾਲੇ ਸ਼ਬਦਾਂ ਬਾਰੇ ਵਿਦਵਾਨਾਂ ਤੇ ਆਲੋਚਕਾਂ ਵਿਚਕਾਰ ਬਹੁਤ ਭੁਲੇਖੇ ਹਨ। ਬਾਬਾ ਫ਼ਰੀਦ ਦੀ ਬਾਣੀ 'ਤੇ ਹੋਈ ਬਹਿਸ ਵਿਚ ਸ. ਸੰਤ ਸਿੰਘ ਸੇਖੋਂ ਨੇ ਇਹਨਾਂ ਸ਼ਬਦਾਂ ਦਾ ਗ਼ਲਤ ਮਤਲਬ ਕੱਢ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵਤਨ-ਪ੍ਰਸਤ ਅਤੇ ਬਾਬਾ ਫ਼ਰੀਦ ਨੂੰ ਲੋਕ-ਧਰੋਹੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਸ. ਸੰਤ ਸਿੰਘ ਸੇਖੋਂ ਦੇ ਮੁਤਾਬਿਕ ਗੁਰੂ ਸਾਹਿਬ ਇਤਿਹਾਸਕ ਘਟਨਾ ਦੱਸ ਰਹੇ ਹਨ। ਜਦੋਂ ਗੁਰੂ ਸਾਹਿਬ ਨੇ ਇਸ ਘਟਨਾ ਨੂੰ ਕਾਰਨ ਕਾਰਜ ਦੇ ਰਿਸ਼ਤੇ ਵਿਚ ਰੱਬ ਨਾਲ ਜੋੜਿਆ ਤਾਂ ਸ. ਸੰਤ ਸਿੰਘ ਸੇਖੋਂ ਨੇ ਇਹ ਕਹਿ ਦਿੱਤਾ ਕਿ ਅਸੀਂ ਇਹਨਾਂ ਲਾਇਨਾਂ ਦਾ ਗੁਰੂ ਸਾਹਿਬ ਨਾਲ ਅਨੁਭਵ ਸਾਂਝਾ ਨਹੀਂ ਕਰ ਸਕਦੇ।

ਗੁਰੂ ਸਾਹਿਬ ਨੇ ਇਹ ਇਤਿਹਾਸਕ ਘਟਨਾ ਕਰਕੇ ਨਹੀਂ ਦਿੱਤੀ। ਉਹਨਾਂ ਤਾਂ ਆਪਣੇ ਵਿਸ਼ੇ ਦੇ ਪ੍ਰਸੰਗ ਵਿਚ ਕਿ ਰੱਬ ਦੇ ਰਾਹ ਤੋਂ ਭੁੱਲਿਆਂ ਕੀ ਨਤੀਜੇ ਨਿਕਲਦੇ ਹਨ, ਇਸ ਦਾ ਜ਼ਿਕਰ ਕੀਤਾ ਹੈ। ਸੁਰਗਵਾਸੀ ਪ੍ਰਿੰਸੀਪਲ ਤੇਜਾ ਸਿੰਘ 'ਸ਼ਬਦਾਰਥ' (ਸਫ਼ਾ 417) ਵਿਚ ਲਿਖਦੇ ਹਨ, 'ਪਿੱਛੇ ਹਰੀ ਨੂੰ ਵਿਸਾਰ ਕੇ ਹੋਰਨਾਂ ਰੰਗਾਂ ਵਿਚ ਲੱਗਣ ਦੇ ਮੰਦੇ ਨਤੀਜੇ ਦੱਸਦੇ ਆਏ ਹਨ। ਇਹਨਾਂ ਦੋਹਾਂ ਅਸ਼ਟਪਦੀਆਂ ਦਾ ਭੀ ਮਜ਼ਮੂਨ ਉਹ ਹੀ ਹੈ।'' 'ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ' ਗੁਰੂ ਸਾਹਿਬ ਬਾਬਰ ਦੇ ਹਮਲੇ ਦਾ ਜ਼ਿਕਰ ਇਤਿਹਾਸਕ ਤੌਰ 'ਤੇ ਨਹੀਂ ਕਰ ਰਹੇ ਸਗੋਂ ਮਨੁੱਖਾਂ ਨੂੰ ਚੇਤਾਵਨੀ ਕਰ ਰਹੇ ਹਨ ਕਿ ਰੱਬ ਨੂੰ ਵਿਸਾਰਨ ਨਾਲ ਕੀ ਬਾਬ ਹੁੰਦੀ ਹੈ। ਮਿਸਾਲ ਭਾਵੇਂ ਕੋਈ ਲਈ ਹੋਵੇ, ਗੁਰੂ ਨਾਨਕ ਦੇਵ ਜੀ ਦੀ ਸਾਰੀ ਰਚਨਾ ਦਾ ਵਿਸ਼ਾ ਇਕ ਹੈ ਕਿ ਰੱਬ ਦੇ ਰਾਹ ਤੋਂ ਨਿਖੜਨ ਦੇ ਨਤੀਜੇ ਮੰਦੇ ਹਨ ਅਤੇ ਨਿਜਾਤ ਰੱਬ ਦੇ ਰਾਸ ਹੋਣ ਵਿਚ ਹੈ। ਬਾਬਰ ਕਾਬਲ ਵਿਚ ਰਾਜ ਕਰਦਾ ਸੀ। ਪਹਿਲਾਂ ਕੁਝ ਚਿਰ ਆਪਣੇ ਅਸਲੀ ਵਤਨ ਖੁਰਾਸਾਨ ਉੱਤੇ ਹਮਲੇ ਕਰਦਾ ਰਿਹਾ ਪਰ ਉਧਰ ਕੁਝ ਨਾ ਬਣਦਾ ਵੇਖ ਕੇ ਹਿੰਦੁਸਤਾਨ ਉੱਤੇ ਆ ਪਿਆ। ਬਾਬਰ ਦੇ ਹਮਲੇ ਅੱਗੇ ਹਿੰਦੁਸਤਾਨ ਦਾ ਹਾਰ ਜਾਣਾ ਫ਼ੌਜੀ ਕਰਮ ਸੀ, ਜਿਸ ਦੇ ਕਾਰਨ ਆਰਥਿਕ, ਸਮਾਜਿਕ, ਸਿਆਸੀ ਅਤੇ ਦੋਹਾਂ ਮੁਲਕਾਂ ਦੀ ਆਰਥਿਕਤਾ ਤੇ ਉਸ ਤੋਂ ਉਪਜੇ ਮਨੁੱਖੀ, ਸਮਾਜਿਕ, ਆਰਥਿਕ, ਸਿਆਸੀ ਅਤੇ ਫ਼ੌਜੀ ਸਿੱਟਿਆਂ ਦਾ ਆਪਸ ਵਿਚ ਤਵਾਜ਼ਨ ਸੀ। ਸਾਡੇ ਕੁਝ ਆਲੋਚਕ ਮਨੁੱਖ ਦੇ ਰੱਬ ਨਾਲ ਰਿਸ਼ਤੇ ਨੂੰ ਰੂਹਾਨੀਅਤ ਦਾ ਮਸਲਾ ਹੀ ਦੱਸਦੇ ਹਨ, ਜਿਸ ਦਾ ਕਿ ਆਰਥਿਕ, ਸਮਾਜਿਕ ਮਸਲਿਆਂ ਨਾਲ ਕੋਈ ਤੁਅੱਲਕ ਨਹੀਂ। ਦੋ ਗੱਲਾਂ ਸਪੱਸ਼ਟ ਹਨ—ਪਹਿਲੀ ਇਹ ਕਿ ਗੁਰੂ ਸਾਹਿਬ ਨੇ ਬਾਬਰਵਾਣੀ ਬਤੌਰ ਇਤਿਹਾਸਕ

ਘਟਨਾ ਦੇ ਨਹੀਂ ਦਿੱਤੀ। ਰੱਬ ਨੂੰ ਵਿਸਾਰਨ ਦੇ ਨਤੀਜਿਆਂ ਦੀ ਮਿਸਾਲ ਵਜੋਂ ਦਿੱਤੀ ਹੈ। ਦੂਸਰੇ ਇਹ ਕਿ ਬਾਬਰ ਦਾ ਹਮਲਾ ਤੇ ਹਿੰਦੁਸਤਾਨੀ ਸਮਾਜ ਦੀ ਹਾਰ ਸਿੱਧਾ ਸਮਾਜਿਕ, ਸਿਆਸੀ ਮਸਲਾ ਹੈ ਅਤੇ ਗੁਰੂ ਸਾਹਿਬ ਦੇ ਮੁਤਾਬਿਕ ਇਸ ਦਾ ਇਕ ਹੀ ਕਾਰਨ ਹੈ ਅਤੇ ਉਹ ਹੈ ਰੱਬ ਨੂੰ ਵਿਸਾਰਨਾ। ਗੁਰੂ ਸਾਹਿਬ ਬਿਲਕੁਲ ਸਪੱਸ਼ਟ ਹਨ ਕਿ 'ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ'। ਕਾਰਨ ਕਾਰਜ ਦੇ ਰਿਸ਼ਤੇ ਬਾਬਤ ਗੁਰੂ ਸਾਹਿਬ ਦੀ ਰਚਨਾ ਵਿਚ ਕਿਤੇ ਵੀ ਧੁੰਧਲਾਪਣ ਨਹੀਂ। 'ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ।' ਬਾਬਰ ਦੀ ਜਿੱਤ ਤੇ ਉਸ ਤੋਂ ਪਾਇਆ ਦੁੱਖ ਰੱਬ ਨੂੰ ਵਿਸਾਰਨ ਦਾ ਨਤੀਜਾ ਹੈ। ਸਾਫ਼ ਹੈ ਕਿ ਪੰਜਾਬੀ ਆਲੋਚਕਾਂ ਤੇ ਗੁਰੂ ਸਾਹਿਬ ਦੀਆਂ ਰਾਵਾਂ ਵਿਚ ਵਿਰੋਧ ਹੈ। ਦੋ ਹੀ ਗੱਲਾਂ ਹੋ ਸਕਦੀਆਂ ਹਨ—ਜਾਂ ਤਾਂ ਗੁਰੂ ਸਾਹਿਬ ਸਾਰੀ ਰਚਨਾ ਵਿਚ ਮੁੱਢੋਂ ਹੀ ਖੁੰਝ ਗਏ, ਐਵੇਂ ਹੀ ਸਮਾਜਿਕ, ਸਿਆਸੀ ਮਸਲਿਆਂ ਦਾ ਕਾਰਨ ਰੱਬ ਤੇ ਰੱਬ ਦੇ ਰਾਹ ਨੂੰ ਵਿਸਾਰਨਾ ਕਹੀ ਜਾਂਦੇ ਰਹੇ ਅਤੇ ਜਾਂ ਆਲੋਚਕ ਬੇਸਮਝ ਹਨ ਜੋ ਗੁਰੂ ਸਾਹਿਬ ਦੀ ਰਚਨਾ ਨੂੰ ਸਮਝਣੋਂ ਅਸਮਰੱਥ ਹਨ। ਜ਼ਾਹਰ ਹੈ ਕਿ ਬੇਸਮਝੀ ਗੁਰੂ ਸਾਹਿਬ ਦੀ ਨਹੀਂ, ਮੂਰਖਤਾ ਤੇ ਘੋਰ ਅਗਿਆਨਤਾ ਆਲੋਚਕਾਂ ਦੀ ਹੈ।

ਸਾਇੰਟਿਫ਼ਿਕ ਵਿਆਖਿਆ ਅਨੁਸਾਰ ਗੱਲ ਸਿੱਧੀ ਤੇ ਸਾਫ਼ ਹੈ। ਮਨੁੱਖ ਦੇ ਰੱਬ ਨਾਲ ਰਿਸ਼ਤੇ ਦਾ ਰੂਪ ਮਜ਼ਹਬੀ ਹੈ। ਮਸਲਾ ਸਮਾਜਿਕ ਸਿਆਸੀ ਹੈ। 'ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ।' ਬਾਬਰ ਦੀ ਪਹਿਲੀ ਚੋਣ ਹਿੰਦੁਸਤਾਨ ਉੱਤੇ ਹਮਲਾ ਨਹੀਂ ਸੀ, ਆਪਣੇ ਮੁਲਕ ਖੁਰਾਸਾਨ 'ਤੇ ਸੀ। ਜਦੋਂ ਉਧਰ ਕੁਝ ਬਣਦਾ ਨਜ਼ਰ ਨਾ ਆਇਆ, ਉਸ ਹਿੰਦੁਸਤਾਨ ਉੱਤੇ ਹਮਲਾ ਕਰ ਦਿੱਤਾ। ਬਾਬਰ ਦੀ ਮਰਜ਼ੀ ਦੇ ਖ਼ਿਲਾਫ਼ ਹੋਇਆ। ਪਰ ਹੋਇਆ ਉਹ ਜੋ ਰੱਬ ਨੂੰ ਭਾਇਆ :

ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥
ਓਨੀ ਤੁਪਕ ਤਾਣਿ ਚਲਾਈ ਓਨੀ ਹਸਤਿ ਚਿੜਾਈ ॥ (ਪੰਨਾ ੪੧੮)

ਨਤੀਜਾ ਕੀ ਨਿਕਲਿਆ :

ਜਿਨ੍ ਕੀ ਚੀਰੀ ਦਰਗਹ ਪਾਟੀ ਤਿਨ੍ਾ ਮਰਣਾ ਭਾਈ ॥ (ਪੰਨਾ ੪੧੮)

ਅਖ਼ੀਰਲੀ ਲਾਈਨ ਦਾ ਰੂਪ ਮਜ਼ਹਬੀ ਹੈ, ਪਰ ਗੱਲ ਸਾਫ਼ ਹੈ। ਮਰੇ ਉਹ ਜਿਨ੍ਹਾਂ ਦੀ ਮੌਤ ਆਈ, ਜਿਨ੍ਹਾਂ ਮਰਨਾ ਸੀ। ਕਿਉਂ ਮਰਨਾ ਸੀ? ਦੂਸਰੀ ਲਾਈਨ ਤੋਂ ਜ਼ਾਹਰ ਹੈ। ਤੁਪਕ, ਛੋਟੀ ਤੋਪ, ਬੰਦੂਕ ਇਹਨਾਂ (ਮੁਗ਼ਲਾਂ ਨੇ) ਬੰਦੂਕ ਤਾਣ ਕੇ (ਸ਼ਿਸ਼ਤ ਲਾ ਕੇ) ਚਲਾਈ। ਦੂਜਿਆਂ (ਪਠਾਣਾਂ) ਨੇ ਹਾਥੀ ਚੜ੍ਹਾ (ਤੁੰਦ ਕਰ) ਕੇ ਅੱਗੇ ਵਧਾਏ। (ਮੁਗ਼ਲਾਂ ਦੇ ਪਾਸ ਖ਼ਾਸ ਹਥਿਆਰ ਨਵੀਂ ਪ੍ਰਚਲਿਤ ਹੋਈ ਬੰਦੂਕ ਸੀ ਅਤੇ ਲੋਧੀ ਪਠਾਣਾਂ ਪਾਸ ਹਿੰਦੁਸਤਾਨੀ ਹੋਣ ਕਰਕੇ ਹਾਥੀਆਂ ਦੀ ਸੈਨਾ ਸੀ) ਜਿਨ੍ਹਾਂ ਦੀ ਪਰਚੀ ਦਰਗਾਹ ਵਿਚੋਂ ਪਾਟ ਗਈ ਉਹਨਾਂ ਦਾ ਮਰਨਾ ਜ਼ਰੂਰੀ ਹੋ ਗਿਆ। (ਸਾਡੇ ਦੇਸ਼ ਵਿਚ ਮੌਤ ਦੀ ਖ਼ਬਰ ਵਾਲੀ ਚਿੱਠੀ ਦਾ ਸਿਰਾ ਪਾੜ ਦਿੰਦੇ ਹਨ) ਗੁਰੂ ਸਾਹਿਬ ਦੀ ਵਿਚਾਰਧਾਰਾ ਮਜ਼ਹਬੀ, ਆਦਰਸ਼ਵਾਦੀ ਹੈ ਪਰ ਉਹਨਾਂ ਦੀ ਕਲਪਨਾ ਤਹਿ ਤਕ ਵਾਸਤਵਿਕ ਹੈ। ਮੁਗ਼ਲਾਂ ਤੇ ਪਠਾਣਾਂ ਦੀ ਲੜਾਈ ਦਾ ਜ਼ਿਕਰ ਕਰਦੇ ਹਨ। ਦੱਸਦੇ ਹਨ ਕਿ ਮਰਨਾ ਉਹਨਾਂ ਹੈ ਜਿਨ੍ਹਾਂ ਦੀ ਪਰਚੀ ਦਰਗਾਹੋਂ ਪਾਟ ਗਈ। ਅਚੇਤ ਹੀ ਅਵਸਥਾ ਦਾ ਪਦਾਰਥਕ, ਸਮਾਜਿਕ ਅਸਲਾ ਜਿਸ ਉੱਤੇ ਰੱਬ ਦੀ ਰਜ਼ਾ ਮੁਨਹਸਰ ਹੈ, ਦੱਸ ਦੇਂਦੇ ਹਨ। ਹਮਲਾ ਤੇ ਹਮਲੇ

ਦੇ ਅੱਗੇ ਹਾਰ-ਜਿੱਤ ਦੋਹਾਂ ਮੁਲਕਾਂ ਦੀ ਆਰਥਿਕਤਾ ਤੇ ਉਸ ਤੋਂ ਉਪਜੇ ਮਨੁੱਖੀ, ਸਮਾਜਿਕ, ਫ਼ੌਜੀ ਸਿੱਟਿਆਂ ਦੇ ਆਪਸ ਵਿਚ ਰਿਸ਼ਤੇ, ਤਵਾਜ਼ਨ ਦਾ ਮਸਲਾ ਹੈ। ਹਾਰ-ਜਿੱਤ ਸਾਹਮਣੇ ਲਾਜ਼ਮੀ ਦਿਸ ਪੈਂਦੀ ਹੈ। ਕਾਬਲ ਤੇ ਖੁਰਾਸਾਨ ਦੇ ਫੀਊਡਲ ਸਮਾਜ ਨਰੋਏ ਸਨ। ਕਾਬਲ ਦੇ ਸਮਾਜ ਵਿਚ ਨਵੀਂ ਈਜਾਦ ਹੋਈ ਬੰਦੂਕ ਨੂੰ ਬਣਾਉਣ, ਵਰਤਣ ਅਤੇ ਆਪਣੀ ਫ਼ੌਜ ਦੇ ਲੜਨ-ਢੰਗ ਨੂੰ ਉਸ ਦੇ ਅਨੁਕੂਲ ਕਰਨ ਦੀ ਸ਼ਕਤੀ ਸੀ। ਉਸ ਦੇ ਮੁਕਾਬਲੇ ਉੱਤੇ ਇਧਰ ਪਠਾਣਾਂ ਦਾ ਰਾਜ ਤੇ ਹਿੰਦੁਸਤਾਨੀ ਸਮਾਜ ਸੀ। ਚੂੰਕਿ ਹਿੰਦੁਸਤਾਨ ਸਮਾਜ ਮੁਕਾਬਲਤਨ ਖੋਖਲਾ ਸੀ, ਬਾਵਜੂਦ ਬਾਬਰ ਦੀ ਮਰਜ਼ੀ ਦੇ ਹਮਲਾ ਹਿੰਦੁਸਤਾਨ 'ਤੇ ਹੋਇਆ ਅਤੇ ਹਿੰਦੁਸਤਾਨ ਹਾਰਿਆ। ਸੋ ਗੁਰੂ ਨਾਨਕ ਸਾਹਿਬ ਦਾ ਕਹਿਣਾ ਕਿ ਹੁੰਦਾ ਉਹ ਹੈ ਜੋ ਰੱਬ ਨੂੰ ਭਾਉਂਦਾ ਹੈ, 'ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਨੁਖ' ਅਤੇ ਮਰਦਾ ਉਹ ਹੈ ਜਿਸ ਦੀ ਧੁਰੋਂ ਪਰਚੀ ਕੱਟੀ ਜਾਵੇ, ਬਿਲਕੁਲ ਸਾਇੰਟਿਫ਼ਿਕ ਹੈ। ਇਥੇ ਮੁਗ਼ਲ ਅਤੇ ਪਠਾਣ ਸਨ ਵੀ ਦੋਵੇਂ ਮੁਸਲਮਾਨ।

ਬਾਬਰ ਦੇ ਆਉਣ ਬਾਬਤ ਗੁਰੂ ਸਹਿਬ ਬਿਲਕੁਲ ਸ਼ੱਕ ਨਹੀਂ ਰਹਿਣ ਦਿੰਦੇ। ਪੰਜਾਬ ਵਿਚ ਮੁਹਾਵਰਾ ਹੈ, 'ਲੈਣ ਆਇਆ ਆਪ ਤੇ ਨਾਂ ਧਰਾਇਆ ਤਾਪ'। ਗੁਰੂ ਸਾਹਿਬ ਝੱਪੇ ਵਿਚ ਨਹੀਂ ਆਉਂਦੇ। ਮੁਗ਼ਲ ਆਪਣੇ ਆਪ ਨਹੀਂ ਆਇਆ। ਜਿਸ ਤਰ੍ਹਾਂ ਜਮ ਰੱਬ ਦਾ ਘੱਲਿਆ ਆਉਂਦਾ ਹੈ, ਇਸ ਤਰ੍ਹਾਂ ਜਮ ਬਣਾ ਕੇ ਮੁਗ਼ਲ ਨੂੰ ਰੱਬ ਨੇ ਆਪ ਘੱਲਿਆ ਹੈ। ਸਮਾਜਿਕ ਉਸਾਰੀ ਦੇ ਕਾਨੂੰਨ ਦੇ ਅਧੀਨ, ਉਸ ਦਾ ਘੱਲਿਆ ਆਇਆ। ਉਸ ਦਾ ਸੰਦ ਬਣ ਕੇ ਆਇਆ ਹੈ।

ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥ *(ਪੰਨਾ ੩੬੦)*

ਅਤੇ ਉਸ ਦਾ ਆਉਣਾ ਤੇ ਆਉਣ 'ਤੇ ਜੋ ਜੋੜ-ਵਿਛੋੜ ਹੋਇਆ, ਉਹ ਵੀ ਰੱਬ ਦਾ ਹੀ ਕੀਤਾ ਹੋਇਆ ਸੀ। ਇਹ ਸਭ ਉਸੇ ਦੀ ਖੇਡ ਹੈ ਅਤੇ ਇਸ ਖੇਡ ਵਿਚ ਉਸ ਦੀ ਵਡਿਆਈ ਹੈ, ਉਸ ਦੀ ਮਰਜ਼ੀ ਪ੍ਰਗਟ ਹੁੰਦੀ ਹੈ:

ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ ॥ *(ਪੰਨਾ ੩੬੦)*

'ਜਿਨਿ ਸਿਰਿ ਸੋਹਨਿ ਪਟੀਆ' ਵਾਲੀਆਂ ਦੀ ਜੋ ਬਾਬ ਹੁੰਦੀ ਹੈ, ਉਸ ਦੀ ਕਰਾਈ ਹੁੰਦੀ ਹੈ। ਉਸ ਦੇ ਹੁਕਮ ਵਿਚ ਹੁੰਦੀ ਹੈ, ਇਹ ਵੀ ਉਸੇ ਦਾ ਖੇਲ ਹੈ। ਇਸ ਵਿਚ ਵੀ ਉਸ ਦੀ ਵਡਿਆਈ ਹੈ। ਸਮਾਜਿਕ ਉਸਾਰੀ ਦੇ ਕਾਨੂੰਨ ਦੇ ਪ੍ਰਵੇਸ਼ ਹੋਣ ਦਾ ਲਾਜ਼ਮੀ ਸਿੱਟਾ ਹੈ। ਉਸ ਦੀ ਤਾਕਤ ਦਾ ਇਜ਼ਹਾਰ ਹੈ:

ਆਦੇਸੁ ਬਾਬਾ ਆਦੇਸੁ ॥
ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥ *(ਪੰਨਾ ੪੧੭)*

ਉਸ ਦਾ ਕਾਨੂੰਨ ਹੈ ਜਿਸ ਨੂੰ ਮਰਜ਼ੀ ਹੈ ਵਡਿਆਈ ਦੇ ਦੇਵੇ, ਜਿਸ ਨੂੰ ਮਰਜ਼ੀ ਹੈ ਸਜ਼ਾ ਦੇ ਦੇਵੇ:

ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥ *(ਪੰਨਾ ੪੧੭)*

ਅਗਲੇ ਸ਼ਬਦ ਵਿਚ ਪੁੱਛਦੇ ਹਨ: ਤਬੇਲੇ ਘੋੜੇ ਕਿਥੇ ਹਨ? ਅਤੇ ਨਤੀਜਾ ਫੇਰ ਵੀ ਉਹੀ ਕੱਢਦੇ ਹਨ:

ਇਹੁ ਜਗੁ ਤੇਰਾ ਤੂ ਗੋਸਾਈ ॥

ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ ॥ (ਪੰਨਾ ੪੧੭)

ਸਾਰੇ ਸ਼ਬਦ ਦੇ ਅਖ਼ੀਰ ਵਿਚ ਵੀ ਨਤੀਜਾ ਇਹ ਹੀ ਹੈ:

ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ ॥
ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ ॥
ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ ॥ (ਪੰਨਾ ੪੧੮)

ਇਥੇ ਬਾਜ਼ਾਰੀ ਵਤਨ-ਪ੍ਰਸਤੀ ਵਾਸਤੇ ਕੋਈ ਥਾਂ ਨਹੀਂ। ਜੋ ਹੁੰਦਾ ਹੈ ਸਮਾਜਿਕ ਉਸਾਰੀ ਦੇ ਕਾਨੂੰਨ ਦੇ ਅਧੀਨ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਸਾਰੀ ਰਚਨਾ ਵਿਚ ਦੱਸਿਆ ਹੈ ਕਿ ਜੋ ਹੁੰਦਾ ਹੈ, ਰੱਬ ਦੇ ਹੁਕਮ, ਸਮਾਜਿਕ ਉਸਾਰੀ ਦੇ ਕਾਨੂੰਨ ਦੇ ਅਧੀਨ ਹੁੰਦਾ ਹੈ। ਉਸ ਦੇ ਹੁਕਮ ਦੇ ਵਿਰੁੱਧ ਮਨੁੱਖ ਦੀ ਕੋਈ ਹਸਤੀ ਨਹੀਂ। ਸਭ ਕੁਝ ਰੱਬ ਦੇ ਹੱਥ ਹੈ, 'ਮਾਨੁਖ ਕੈ ਕਿਛੁ ਨਾਹੀ ਹਾਥਿ'।

ਇਸ ਦਾ ਇਹ ਮਤਲਬ ਨਹੀਂ ਕਿ ਜੋ ਹੁੰਦਾ ਹੈ ਮਾਨਸ ਦੇ ਨੁਕਤੇ ਤੋਂ ਚੰਗਾ ਹੀ ਹੁੰਦਾ ਹੈ। ਬਿਲਕੁਲ ਨਹੀਂ। ਜੇ ਇਹ ਹੋਵੇ ਤਾਂ ਗੁਰੂ ਸਾਹਿਬ ਨੂੰ ਦੁੱਖਾਂ ਤੇ ਭੈੜਾਂ ਵਿਚੋਂ ਨਿਕਲਣ ਦੇ ਉਪਾਅ ਦੱਸਣ ਦੀ ਕੀ ਲੋੜ ਸੀ? ਰੱਬ ਦੇ ਹੁਕਮ ਵਿਚ ਜੋ ਹੁੰਦਾ ਹੈ, ਉਸ ਵਿਚ ਭੈੜਾ ਵੀ ਹੈ, ਚੰਗਾ ਵੀ ਹੈ। ਨੇਕੀ-ਬਦੀ ਦੋਵੇਂ ਰੱਬ ਦੇ ਹੁਕਮ ਵਿਚ ਹਨ। ਚੰਗੇ-ਮਾੜੇ ਬਾਬਤ ਤਮੀਜ਼ ਤਿੱਖੀ ਹੈ। ਪਰ ਚੰਗਾ-ਮਾੜਾ ਹੁੰਦਾ ਹੈ, ਜੋ ਰੱਬ ਦੇ ਹੁਕਮ ਵਿਚ ਹੁੰਦਾ ਹੈ, ਉਸ ਤੋਂ ਉਪਜਦਾ ਹੈ। ਸਭ ਚੰਗਾ-ਮਾੜਾ ਸਮਾਜਿਕ ਉਸਾਰੀ ਦੇ ਕਾਨੂੰਨ ਦੀ ਉਪਜ ਹੈ, ਉਸ ਦੇ ਅਧੀਨ ਹੁੰਦਾ ਹੈ। ਉਸ ਦੇ ਬਾਹਰ ਕੋਈ ਚੀਜ਼ ਨਹੀਂ ਹੁੰਦੀ। ਪਰ ਗੁਰੂ ਸਾਹਿਬ ਦੇ ਮੁਤਾਬਿਕ ਇਸ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਮਨੁੱਖ ਨੂੰ ਬਦੀ ਵਿਚ ਗ਼ਲਤਾਨ ਰਹਿਣਾ ਚਾਹੀਦਾ ਹੈ ਕਿਉਂਕਿ ਇਹ ਵੀ ਰੱਬ ਦੇ ਹੁਕਮ ਵਿਚ ਹੈ, ਜਾਂ ਭੈੜ, ਜਬਰ, ਦੁੱਖ ਜਰ ਜਾਣਾ ਚਾਹੀਦਾ ਹੈ ਕਿਉਂਕਿ ਉਸ ਦਾ ਭਾਣਾ ਹੈ। ਕਦਾਚਿਤ ਨਹੀਂ। ਬਦੀ, ਦੁੱਖ, ਭੈੜ ਤੇ ਜਬਰ ਦੇ ਖ਼ਿਲਾਫ਼ ਲੜਨਾ ਹੈ, ਡਟ ਕੇ ਲੜਨਾ ਹੈ, ਜ਼ਰੂਰ ਲੜਨਾ ਹੈ, ਪਰ ਲੜਨਾ ਵੀ ਰੱਬ ਦੇ ਭਾਣੇ ਵਿਚ ਹੀ ਹੈ। ਸਮਾਜਿਕ ਉਸਾਰੀ ਦੇ ਕਾਨੂੰਨ ਦੇ ਅਧੀਨ ਲੜਨਾ ਹੈ, ਉਸ ਦੇ ਵਿਖਾਏ ਰਾਹ ਮੁਤਾਬਿਕ ਲੜਨਾ ਹੈ। ਲੜਨ ਤੋਂ ਪਹਿਲਾਂ ਚੰਗੇ-ਮਾੜੇ ਦਾ ਨਿਖੇੜ ਲਾਜ਼ਮੀ ਹੈ। ਉਸ ਤੋਂ ਬਗ਼ੈਰ ਆਪਣੇ-ਪਰਾਏ ਦੀ ਤਮੀਜ਼ ਨਹੀਂ ਹੋ ਸਕਦੀ। ਚੰਗੇ-ਮਾੜੇ ਦੀ ਤਮੀਜ਼ ਵੀ ਰੱਬ ਦੇ ਹੁਕਮ, ਉਸ ਦੇ ਭਾਣੇ ਵਿਚ ਹੈ। ਰੱਬ ਆਪ ਦੱਸਦਾ ਹੈ। ਗੁਰੂ ਸਾਹਿਬ ਆਪਣੀ ਰਚਨਾ ਵਿਚ ਰੱਬ ਦੀ ਦੱਸੀ ਚੰਗੇ-ਮਾੜੇ ਦੀ ਤਮੀਜ਼ ਪ੍ਰਗਟ ਕਰਦੇ ਹਨ। ਨੇਕੀ-ਬਦੀ ਦਾ ਨਿਖੇੜ, ਚੰਗੇ-ਮਾੜੇ ਵਿਚ ਵਿਰੋਧ ਸਮਾਜਿਕ ਉਸਾਰੀ ਦੇ ਕਾਨੂੰਨ ਦਾ ਪ੍ਰਵੇਸ਼ ਪੈਦਾ ਕਰਦਾ ਹੈ। ਇਹ ਸਭ ਕੁਝ ਉਸ ਦੀ ਲੀਲ੍ਹਾ ਹੈ। ਸਮਾਜਿਕ ਉਸਾਰੀ ਦਾ ਕਾਨੂੰਨ ਆਪ ਹੀ ਚੰਗੇ-ਮਾੜੇ ਦੀ ਤਮੀਜ਼ ਪੈਦਾ ਕਰਦਾ ਹੈ। ਜੋ ਪੈਦਾਵਾਰ ਦੀਆਂ ਸ਼ਕਤੀਆਂ ਦੇ ਵਿਕਾਸ ਵਾਸਤੇ ਸਹਾਈ ਹੈ ਉਹ ਸਹੀ ਹੈ, ਬਾਕੀ ਸਮਾਜਿਕ ਉਸਾਰੀ ਦੇ ਕਾਨੂੰਨ ਮੁਤਾਬਿਕ ਗ਼ਲਤ ਹੈ, ਭੈੜਾ ਹੈ। ਪਰ ਜੋ ਹੋ ਰਿਹਾ ਹੈ, ਹੁੰਦਾ ਸਮਾਜਿਕ ਉਸਾਰੀ ਦੇ ਕਾਨੂੰਨ ਮੁਤਾਬਿਕ ਹੀ ਹੈ।

ਭਾਣਾ ਮੰਨਣ ਦੀ ਗੱਲ

ਗੁਰੂ ਸਾਹਿਬ ਦੀ ਬਾਣੀ ਵਿਚ ਭਾਣਾ ਮੰਨਣ ਦਾ ਮਤਲਬ ਗਲੀਆਂ ਦੇ ਕੱਖ ਬਣ ਕੇ ਲੰਮਿਆਂ ਪੈਣਾ ਨਹੀਂ। ਜੇ ਹੁੰਦਾ ਤਾਂ ਇਸ ਬਾਣੀ ਦੇ ਅਸਰ ਨਾਲ ਮੁਗ਼ਲ ਫੀਊਡਲ ਰਾਜ ਨੂੰ ਜਬਰ ਵਿਚ ਪਾਉਣ ਵਾਲੇ ਨਾ ਜੰਮਦੇ। ਭਾਣਾ ਮੰਨਣ ਦਾ ਮਤਲਬ ਰੱਬ ਦੇ ਰਾਸ ਹੋਣਾ ਹੈ। ਰੱਬ ਦੇ ਰਾਸ ਹੁੰਦਿਆਂ ਦੁੱਖ ਆਵੇ, ਸੁਖ ਆਵੇ, ਜ਼ਖ਼ਮ ਲੱਗੇ, ਜਾਨ ਜਾਏ, ਸਭ ਸਹੀ ਹੈ, ਸਭ ਪ੍ਰਵਾਨ ਹੈ, ਮਿੱਠਾ ਹੈ। ਰੱਬ ਦੀਆਂ ਕੀਮਤਾਂ ਦੇ ਵਿਰੁੱਧ ਜਾਂਦਿਆਂ ਜੋ ਦੁੱਖ ਆਉਂਦਾ ਹੈ (ਜੋ ਮਨਮੁੱਖ ਨੂੰ ਆਉਂਦਾ ਹੈ) ਉਹ ਦੁੱਖ ਮਿੱਠਾ ਨਹੀਂ। ਭਾਣੇ ਵਿਚ ਰਹਿਣ ਦਾ ਮਤਲਬ ਦੁੱਖ ਨੂੰ ਜਰਨਾ ਨਹੀਂ। ਉਸ ਦਾ ਕੱਟਣਾ ਭਾਣਾ ਮੰਨਣਾ ਹੈ। 'ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ' ਦਾ ਮਤਲਬ ਜ਼ਹਿਰ ਨੂੰ ਸ਼ੱਕਰ ਕਰਕੇ ਪੀ ਜਾਣ ਦਾ ਨਹੀਂ। ਰੱਬ ਦਾ ਭਾਣਾ ਮੰਨ ਕੇ ਉਸ ਦੇ ਚੰਗੇ-ਮਾੜੇ ਦੀ ਤਮੀਜ਼ ਨੂੰ ਆਪਣੀ ਨਿੱਜੀ ਜ਼ਿੰਦਗੀ ਦਾ ਕਾਨੂੰਨ ਬਣਾ ਕੇ ਮਨੁੱਖ ਕੀੜਾ ਕਰਕਟ ਨਹੀਂ ਬਣਦਾ, ਰੱਬ ਬਣਦਾ ਹੈ। ਭਗਤ ਤੇ ਰੱਬ ਵਿਚ ਕੋਈ ਭਿੰਨ-ਭੇਦ ਨਹੀਂ। ਕੁਦਰਤ ਦੇ ਕਾਨੂੰਨ ਮੰਨਣ ਦਾ ਮਤਲਬ ਉਸ ਦਾ ਦਾਸ ਬਣਨਾ ਨਹੀਂ, ਉਸ ਉੱਤੇ ਸਵਾਰੀ ਹੈ। ਸਮਾਜਿਕ ਉਸਾਰੀ ਦੇ ਕਾਨੂੰਨ ਦੀ ਅਧੀਨਗੀ ਗ਼ੁਲਾਮੀ ਤੇ ਗਿਰਾਵਟ ਨਹੀਂ, ਅਜ਼ਾਦੀ, ਉਸਾਰੀ ਤੇ ਸਫ਼ਲਤਾ ਹੈ। ਫ਼ਰਜ਼ ਕਰੋ ਕੋਈ ਆਦਮੀ ਡੂੰਘੇ ਪਾਣੀ ਵੱਲ ਤੁਰਿਆ ਜਾਂਦਾ ਹੈ, ਉਹ ਜ਼ਰੂਰ ਡੁੱਬੇਗਾ, ਉਸ ਦਾ ਡੁੱਬਣਾ ਹੁਕਮ ਵਿਚ ਹੈ। ਪਰ ਜ਼ਰੂਰੀ ਨਹੀਂ ਕਿ ਉਹ ਡੁੱਬੇ। ਉਹ ਵਾਪਸ ਵੀ ਆ ਸਕਦਾ ਹੈ। ਵਾਪਸ ਆ ਕੇ ਬਚ ਜਾਣਾ ਵੀ ਹੁਕਮ ਵਿਚ ਹੈ। ਪਾਣੀ ਆਪਣੇ ਨਾਲੋਂ ਡੂੰਘਾ ਹੋਵੇ ਤਾਂ ਹੀ ਡੁੱਬੀਦਾ ਹੈ, ਆਪਣੇ ਨਾਲੋਂ ਛੋਟਾ ਹੋਵੇ, ਨਹੀਂ ਡੁੱਬੀਦਾ। ਦੋਹਾਂ ਹਾਲਤਾਂ ਵਿਚ ਅਸੀਂ ਪਾਣੀ ਦੇ ਕਾਨੂੰਨ ਦੇ ਅਧੀਨ ਹਾਂ। ਫ਼ਰਜ਼ ਕਰੋ ਪਾਰ ਜਾਣਾ ਹੀ ਹੈ, ਤਾਂ ਵੀ ਹੁਕਮ ਵਿਚ ਹੋ ਕੇ ਹੀ ਜਾਇਆ ਜਾ ਸਕਦਾ ਹੈ। ਬੇੜੀ ਬਣਾ ਲਈ, ਪਾਰ ਲੰਘ ਗਏ। ਬੇੜੀ ਪਾਣੀ ਦੀ ਖ਼ਾਸੀਅਤ ਦੇ ਕਾਨੂੰਨ ਦੇ ਅਧੀਨ ਹੈ। ਲੱਕੜੀ ਪਾਣੀ ਵਿਚ ਨਹੀਂ ਡੁੱਬਦੀ। ਸੋ ਪਾਣੀ ਦੇ ਹੁਕਮ ਅਧੀਨ ਹੋ ਕੇ ਪਾਣੀ 'ਤੇ ਸਵਾਰੀ ਹੈ, ਉਸ ਤੋਂ ਆਜ਼ਾਦੀ ਹੈ। ਹੁਕਮ ਦੇ, ਕੁਦਰਤ ਦੇ ਤੇ ਸਮਾਜਿਕ ਉਸਾਰੀ ਦੇ ਕਾਨੂੰਨ ਦੇ ਅਧੀਨ ਹੋ ਕੇ ਉਸ ਉੱਤੇ ਸਵਾਰੀ ਪਾਉਣ ਦੇ ਭੇਦ ਵਿਚ ਹੀ ਸਾਰੀ ਸਾਇੰਸ ਹੈ। ਕੁਦਰਤ ਦੀ ਵੀ ਅਤੇ ਸਮਾਜਿਕ ਉਸਾਰੀ ਦੀ ਵੀ। ਇਸ ਵਿਚ ਹੀ ਮਨੁੱਖ ਦੀ ਆਜ਼ਾਦੀ ਹੈ, ਸਫ਼ਲਤਾ ਹੈ। ਇਹ ਹੀ ਭਾਣੇ ਵਿਚ ਰਹਿਣ ਦਾ ਮਤਲਬ ਹੈ। ਇਸ ਦੇ ਰਾਹ ਦੇ ਸਭ ਦੁੱਖ-ਸੁਖ ਮਨੁੱਖ ਨੂੰ ਖ਼ੁਸ਼ੀ ਨਾਲ ਮਨਜ਼ੂਰ ਹਨ, ਮਿੱਠੇ ਲੱਗਦੇ ਹਨ। ਗੁਰਬਾਣੀ ਵਿਚ ਭਾਣਾ ਮੰਨਣ ਦਾ ਮਤਲਬ ਬਦੀ ਦਾ ਭਾਣਾ ਮੰਨਣਾ ਨਹੀਂ, ਉਸ ਦੇ ਖ਼ਿਲਾਫ਼ ਜਹਾਦ ਕਰਨਾ ਭਾਣਾ ਮੰਨਣਾ ਹੈ। ਸਮਾਜਿਕ ਉਸਾਰੀ ਦੇ ਕਾਨੂੰਨ ਦੀ ਅਧੀਨਗੀ ਦਾ ਮਤਲਬ ਪ੍ਰਚਲਿਤ ਸਮਾਜਿਕ ਦਸ਼ਾ ਵਿਚ ਹੀ ਰਹੀ ਜਾਣਾ ਨਹੀਂ, ਉਸਾਰੀ ਦੇ ਕਾਨੂੰਨ ਦੀ ਅਧੀਨਗੀ ਰਾਹੀਂ ਉਸ ਕਾਨੂੰਨ 'ਤੇ ਸਵਾਰੀ ਹੈ। ਉਸ ਦੀ ਆਪਣੀ ਬੇਹਤਰੀ ਵਾਸਤੇ ਵਰਤੋਂ ਹੈ। ਭਗਤ ਰੱਬ ਦੀ ਰਜ਼ਾ ਵਿਚ ਰਹਿੰਦਾ ਹੈ, ਉਸ ਦੀ ਰਜ਼ਾ ਦਾ ਹੀ ਰੂਪ ਹੁੰਦਾ ਹੈ ਅਤੇ ਉਸ ਦੀ ਅਸਲੀਅਤ ਕੀ ਹੁੰਦੀ ਹੈ:

ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥ (ਪੰਨਾ ੧੨੫੨)

ਸਮਾਜਿਕ ਉਸਾਰੀ ਦਾ ਕਾਨੂੰਨ ਸਮਾਜਿਕ ਮਸਲੇ ਖੜੇ ਕਰਦਾ ਹੈ। ਹੱਲ ਉਹਨਾਂ ਨੂੰ ਮਨੁੱਖੀ

ਸ਼ਕਤੀ ਕਰਦੀ ਹੈ ਅਤੇ ਕਰਦੀ ਹੈ ਉਸਾਰੀ ਦੇ ਕਾਨੂੰਨ ਦਾ ਰੂਪ, ਉਸ ਦਾ ਸੰਦ ਹੋ ਕੇ।

ਨੇਕੀ ਦੇ ਨਾਲ ਬਦੀ ਰੱਬ ਦੇ ਹੁਕਮ ਵਿਚ ਹੈ ਪਰ ਇਸ ਦਾ ਇਹ ਮਤਲਬ ਨਹੀਂ ਕਿ ਬਦੀ ਰੱਬ ਦੇ ਹੁਕਮ ਵਿਚ ਹੈ, ਇਸ ਲਈ ਇਸ ਦੇ ਖ਼ਿਲਾਫ਼ ਕੋਈ ਉਪਾਅ ਨਹੀਂ। ਉਪਾਅ ਹੈ। ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੱਸਿਆ ਹੀ ਉਪਾਅ ਹੈ। ਪ੍ਰੇਰਨਾ ਹੀ ਉਸ ਉਪਾਅ ਵੱਲ ਦਿੱਤੀ ਗਈ ਹੈ। ਪਰ ਉਪਾਅ ਵੀ ਰੱਬ ਦੇ ਹੁਕਮ, ਸਮਾਜਿਕ ਉਸਾਰੀ ਦੇ ਕਾਨੂੰਨ ਦੇ ਅਧੀਨ ਹੈ। 'ਬਦੀ ਵਸੂਲਾ ਬਾਗ' ਸਮਾਜ ਵਿਚ ਜਮਾਤੀ ਅੰਗ, ਤੇ ਗੁਰੂ ਸਾਹਿਬ ਦੇ ਸਮਾਜ ਵਿਚ ਫੀਊਡਲ, ਉਸ ਦੀ ਤਰਜ਼ੇ-ਜ਼ਿੰਦਗੀ ਤੇ ਉਸ ਤੋਂ ਉਪਜੇ ਸਮਾਜਿਕ ਮਨੁੱਖੀ ਸਿੱਟੇ ਹਨ। ਇਹ ਫੀਊਡਲ ਤੇ ਉਸ ਤੋਂ ਉਪਜੀ ਬਦੀ ਸਮਾਜਿਕ ਉਸਾਰੀ ਦੇ ਕਾਨੂੰਨ ਦੇ ਅਧੀਨ ਹੀ ਪੈਦਾ ਹੋਈ ਅਤੇ ਇਸ ਦਾ ਖ਼ਾਤਮਾ ਵੀ ਸਮਾਜਿਕ ਉਸਾਰੀ ਦੇ ਕਾਨੂੰਨ, ਸਮਾਜਿਕ ਇਨਕਲਾਬ ਦੀਆਂ ਕੀਮਤਾਂ ਦੇ ਰੂਪ, ਉਹਨਾਂ ਦੇ ਸੰਦ ਬਣਨ ਵਿਚ ਹੈ। ਸਮਾਜਿਕ ਉਸਾਰੀ ਦੇ ਕਾਨੂੰਨ ਦੇ ਵਿਰੁੱਧ ਉਸ ਤੋਂ ਨਿਖੜ ਕੇ ਮਨੁੱਖ ਦੇ ਹੱਥ ਵਿਚ ਕੁਝ ਨਹੀਂ। ਪਰ ਜਦੋਂ ਮਨੁੱਖ ਰੱਬ ਦੇ ਰਾਸ ਹੋ ਜਾਵੇ, ਉਸ ਦੀ ਸ਼ਕਤੀ ਨੂੰ ਕੋਈ ਬੰਨਾ ਨਹੀਂ। ਰੱਬ ਦੀ ਆਪਣੀ, ਕੁਦਰਤ ਤੇ ਸਮਾਜਿਕ ਕਾਨੂੰਨ ਦੀ ਸ਼ਕਤੀ ਉਸ ਵਿਚ ਪ੍ਰਵੇਸ਼ ਕਰਦੀ ਹੈ। ਸੋ ਰੱਬ ਦੇ ਹੁਕਮ ਵਿਚ ਚੱਲਦੇ ਦੇ ਅੱਗੇ ਕੌਣ ਠਹਿਰ ਸਕਦਾ ਹੈ? ਜੋ ਕਰਦਾ ਹੈ ਰੱਬ ਕਰਦਾ ਹੈ, ਕਰਦਾ ਮਨੁੱਖ ਰਾਹੀਂ ਹੈ। ਹੁੰਦਾ ਮਨੁੱਖਾਂ, ਸਮਾਜਿਕ ਸੰਸਥਾਵਾਂ ਰਾਹੀਂ ਹੈ ਪਰ ਹੁੰਦਾ ਉਸ ਦਾ ਹੁਕਮ ਹੈ। ਕਾਨੂੰਨ ਦਾ ਪ੍ਰਵੇਸ਼ ਹੁੰਦਾ ਹੈ। ਇਹ ਗੱਲ ਸਮਝਣ ਤੋਂ ਬਗ਼ੈਰ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਅਨੁਭਵ ਸਾਂਝਾ ਨਹੀਂ ਕਰ ਸਕਦੇ। ਕਈ ਆਲੋਚਕ ਕਿਸੇ ਕਵੀ ਦੀ ਕਵਿਤਾ ਨੂੰ ਇਸ ਵਾਸਤੇ ਹੀ ਨਿੰਦ ਦੇਂਦੇ ਹਨ ਕਿ ਉਹ ਆਦਰਸ਼ਵਾਦੀ ਫ਼ਿਲਾਸਫ਼ੀ 'ਤੇ ਆਧਾਰਿਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਵੀ ਆਦਰਸ਼ਵਾਦ ਦੇ ਆਧਾਰ 'ਤੇ ਹੀ ਉਸਾਰੀ ਹੈ। ਪਰ ਜ਼ਿੰਦਗੀ ਦਾ ਉੱਚ-ਪਾਏ ਦਾ ਯਥਾਰਥ ਪੇਸ਼ ਹੈ ਅਤੇ ਕਿਤਨਾ ਸਹੀ! ਇਸ ਯਥਾਰਥ ਦੇ ਆਸਰੇ ਲੋਕਾਂ ਨੇ ਸਮਾਜਿਕ ਇਨਕਲਾਬ ਨੂੰ ਹੱਥ ਪਾਇਆ ਸੀ।

ਜਿਥੋਂ ਤਕ ਇਤਿਹਾਸਕ ਘਟਨਾ ਤੋਂ ਉਪਜੀ ਕਟਾ-ਵਢੀ ਅਤੇ ਇਸਤਰੀਆਂ ਦੀ ਹੋਈ ਬੇਪਤੀ ਦਾ ਤੁਅੱਲਕ ਹੈ, ਗੁਰੂ ਸਾਹਿਬ ਦੀ ਪੁਜ਼ੀਸ਼ਨ ਸਾਫ਼ ਹੈ। ਇਹ ਕਟਾ-ਵਢੀ ਤੇ ਬੇਪਤੀ ਸਮਾਜ ਵਿਚ ਪ੍ਰਵੇਸ਼ ਕਰਦੇ ਦੁੱਖ ਦਾ ਹੀ ਇਕ ਰੂਪ ਹੈ। ਬੁਨਿਆਦੀ ਤੌਰ 'ਤੇ ਇਸ ਦੀ ਵਜ੍ਹਾ ਵੀ ਉਹ ਹੀ ਹੈ ਅਤੇ ਇਸ ਦਾ ਦਾਰੂ ਵੀ ਉਹ ਹੀ ਹੈ। ਇਹਨਾਂ ਦੀ ਇਹ ਬਾਬ ਹੋਣੀ ਲਾਜ਼ਮੀ ਸੀ। ਜਿਥੋਂ ਤਕ ਬੁਨਿਆਦੀ ਪੁਜ਼ੀਸ਼ਨ ਦਾ ਤੁਅੱਲਕ ਹੈ, ਇਹਨਾਂ ਗ਼ਲਤੀ ਕੀਤੀ ਹੈ, ਕਸੂਰ ਇਹਨਾਂ ਦਾ ਹੈ, ਇਹ ਆਪਣੀ ਕੀਤੀ ਪਾ ਰਹੇ ਹਨ। ਮੁਗ਼ਲ ਨੂੰ ਜਮ ਬਣਾ ਕੇ ਚੜ੍ਹਾਇਆ ਹੈ। ਰਾਜਾਂ ਦੀ ਆਪਸ ਵਿਚ ਲੜਾਈ, ਇਕ ਕਿਸਮ ਦੀ ਸਿਆਸਤ, ਹਥਿਆਰੀਂ ਉਤਰੀ ਸਿਆਸਤ, ਸਿਆਸਤ ਦਾ ਅੰਤਲਾ ਰੂਪ ਹੁੰਦੀ ਹੈ। ਲੜਾਈ ਦੇ ਮਨੋਰਥ ਸਿਆਸੀ ਤੇ ਵਸੀਲਾ ਹਥਿਆਰ ਹੁੰਦੇ ਹਨ। ਸਿਆਸਤ ਸਮਾਜਿਕ ਮਨੁੱਖੀ ਮਸਲੇ ਦਾ ਰੂਪ, ਉਸ ਦਾ ਸੰਦ ਹੁੰਦੀ ਹੈ। ਸੋ ਰਾਜਾਂ ਦੀ ਲੜਾਈ ਦਾ ਮਸਲਾ ਸਿਆਸੀ ਅਤੇ ਸਿਆਸਤ ਸਮਾਜਿਕ ਮਨੁੱਖੀ ਮਸਲਾ ਹੀ ਹੁੰਦਾ ਹੈ। ਲੜਾਈ ਸਮਾਜਿਕ ਮਨੁੱਖੀ ਮਸਲੇ ਦਾ ਹੀ ਰੂਪ ਹੁੰਦੀ ਹੈ ਅਤੇ ਇਸ ਨਾਲੋਂ ਨਿਖੇੜੀ ਨਹੀਂ ਜਾ ਸਕਦੀ। ਸੋ ਗੁਰੂ ਸਾਹਿਬ ਦੀ ਪੁਜ਼ੀਸ਼ਨ ਬਿਲਕੁਲ ਸਾਇੰਟਿਫ਼ਿਕ ਹੈ। ਉਹ ਇਸ ਮਸਲੇ

ਅਤੇ ਇਸ ਤੋਂ ਉਪਜੇ ਦੁੱਖ ਨੂੰ ਸਮਾਜਿਕ ਮਨੁੱਖੀ ਮਸਲੇ ਅਤੇ ਉਸ ਤੋਂ ਉਪਜੇ ਦੁੱਖ ਨਾਲੋਂ ਨਿਖੇੜਦੇ ਨਹੀਂ। ਸਮਾਜਿਕ ਮਨੁੱਖੀ ਮਸਲੇ ਦੀ ਮਿਸਾਲ ਲੈ ਕੇ, ਸੱਚ ਦਾ, ਦੁੱਖ ਤੋਂ ਨਿਜਾਤ ਦਾ ਰਾਹ ਦੱਸਦੇ ਹਨ। 'ਪਾਪ ਕੀ ਜੰਞ ਲੈ ਕਾਬਲਹੁ ਧਾਇਆ' ਬੜਾ ਨਾਟਕੀ, ਜੋਸ਼ੀਲਾ ਮੌਕਾ ਅਤੇ ਬਿਆਨ ਹੈ। ਪਰ ਗੁਰੂ ਸਾਹਿਬ ਭੁਲੇਖੇ ਵਿਚ ਨਹੀਂ ਪਾਉਂਦੇ। ਸੁਰਗਵਾਸੀ ਪ੍ਰਿੰਸੀਪਲ ਤੇਜਾ ਸਿੰਘ ਸ਼ਬਦਾਰਥ ਦੇ ਸਫ਼ਾ 722 ਦੇ ਅਰਥਾਂ ਵਿਚ ਇਸ਼ ਸ਼ਬਦ ਬਾਰੇ ਲਿਖਦੇ ਹਨ, ''ਇਸ ਸ਼ਬਦ ਦਾ ਇਥੇ ਪ੍ਰਕਰਣ ਨਾਲ ਸੰਬੰਧ ਇਹ ਹੈ ਕਿ ਗੁਰੂ ਜੀ ਉੱਤੇ ਇਸਤਰੀ ਦਾ ਅਲੰਕਾਰ ਲੈ ਕੇ ਦੱਸਦੇ ਆਏ ਹਨ ਕਿ ਹਰੀ ਦਾ ਪ੍ਰੇਮ ਹੀ ਅਸਲ ਸੁੰਦਰਤਾ, ਘਰ-ਬਾਹਰ ਦਾ ਮਾਣ ਅਤੇ ਜਨਮ ਦੀ ਸਫ਼ਲਤਾ ਹੈ, ਨਹੀਂ ਤਾਂ ਜ਼ਿੰਦਗੀ ਖ਼ਵਾਰ ਹੈ। ਇਸ ਵਿਚ ਉਦਾਹਰਣ ਦੇ ਕੇ ਦੱਸਦੇ ਹਨ ਕਿ ਜਿਨ੍ਹਾਂ ਨੇ ਵੇਲੇ ਸਿਰ ਰੱਬ ਨੂੰ ਯਾਦ ਨਹੀਂ ਕੀਤਾ, ਉਹਨਾਂ ਦੀ ਬਾਬ ਕੀ ਹੋਈ।'' ਪਰ ਖ਼ੂਨ ਦੇ ਸੋਹਲਿਆਂ ਦੀ ਇਥੇ ਬੱਸ ਨਹੀਂ:

ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥ (ਪੰਨਾ ੭੨੩)

ਇਸ ਤਰਜ਼ੇ-ਜ਼ਿੰਦਗੀ ਨੇ ਜੋ ਕੀਤਾ ਹੈ, ਉਹ ਸਾਹਮਣੇ ਹੈ। ਅਜੇ ਹੋਰ ਹੋਵੇਗਾ। ਇਸ ਤਰਜ਼ੇ-ਜ਼ਿੰਦਗੀ ਬਾਬਤ ਸੱਚ ਦੱਸਣ ਦਾ ਹੁਣ ਵੇਲਾ ਹੈ ਜਦੋਂ ਬੰਦਿਆਂ ਦੇ ਘਾਣ ਲੱਥੇ ਹੋਏ ਹਨ, ਮੁਰਦਿਆਂ ਦਾ ਸਾੜ ਉਭਰਿਆ ਹੋਇਆ ਹੈ, ਖ਼ੂਨ ਦੇ ਸੋਹਿਲੇ ਗਾਈਦੇ ਹਨ। ਮੈਂ ਸੱਚ ਹੁਣ ਦੱਸੂੰਗਾ।

ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥ (ਪੰਨਾ ੭੨੩)

ਜਿਹੜੇ ਲੋਕ ਇਹਨਾਂ ਬਾਬਰਵਾਣੀ ਦੇ ਸ਼ਬਦਾਂ, ਤੇ 'ਪਾਪ ਕੀ ਜੰਞ ਲੈ ਕਾਬਲਹੁ ਧਾਇਆ' 'ਤੇ ਹੋਏ ਜ਼ੁਲਮ ਦੇ ਇਹਨਾਂ ਸ਼ਬਦਾਂ ਵਿਚਲੇ ਵਿਸਥਾਰ ਪੂਰਵਕ ਬਿਆਨ ਤੋਂ ਇਹ ਮਤਲਬ ਕੱਢਦੇ ਹਨ ਕਿ ਗੁਰੂ ਸਾਹਿਬ ਬਾਬਰ ਤੇ ਲੋਧੀਆਂ ਦੇ ਰਾਜ ਵਿਚ ਤਮੀਜ਼ ਕਰ ਰਹੇ ਹਨ ਅਤੇ ਬਾਬਰ ਦੇ ਆਉਣ ਨੂੰ ਦੋਸ਼ੀ ਕਰਾਰ ਦੇ ਰਹੇ ਹਨ, ਉਹਨਾਂ ਲੋਕਾਂ ਨਾ ਇਹ ਸ਼ਬਦ ਧਿਆਨ ਨਾਲ ਪੜ੍ਹੇ ਹਨ, ਨਾ ਉਹਨਾਂ ਨੂੰ ਇਹਨਾਂ ਸ਼ਬਦਾਂ ਦੀ, ਨਾ ਇਤਿਹਾਸਕ ਸਮਾਜਿਕ ਸਿਆਸੀ ਮਸਲੇ ਦੀ ਅਤੇ ਨਾ ਹੀ ਗੁਰੂ ਸਾਹਿਬ ਦੀ ਰਚਨਾ ਤੇ ਉਸ ਤੋਂ ਉਪਜੀ ਸਮਾਜਿਕ ਸਿਆਸੀ ਲਹਿਰ ਦੀ ਸਮਝ ਆਈ ਹੈ। ਬਾਬਰ ਤਾਂ ਪਾਪ ਕੀ ਜੰਞ ਲੈ ਕੇ ਆਇਆ ਹੀ ਸੀ, ਪਰ ਜੇ ਰਾਜਾਂ ਦੀ ਗੱਲ ਹੀ ਕਰੀਏ ਤਾਂ ਇਹ ਪਾਪ ਰੱਬ ਦੇ ਰਾਜ ਦੇ ਪ੍ਰਸੰਗ ਵਿਚ ਵੀ ਹੈ। ਲੋਧੀ ਰਾਜ ਦੇ ਪ੍ਰਸੰਗ ਵਿਚ ਨਹੀਂ। ਜਿਹੜੀ ਹਿਕਾਰਤ ਗੁਰੂ ਸਾਹਿਬ ਨੂੰ ਲੋਧੀਆਂ ਵਾਸਤੇ ਹੈ, ਉਹ ਬਾਬਰ ਵਾਸਤੇ ਨਹੀਂ:

ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥
ਰਤਨ ਵਿਗਾੜਿ ਵਿਗੋਏ ਕੁਤੀਂ ਮੁਇਆ ਸਾਰ ਨ ਕਾਈ ॥ (ਪੰਨਾ ੩੬੦)

'ਖਸਮੈ ਸਾ ਪੁਰਸਾਈ' ਵਿਚ ਮਾਰੂ ਵਿਅੰਗ ਹੈ। ਰਤਨ ਨੂੰ ਘੱਟੇ ਕੌਡੀਆਂ ਕਰਨ ਵੱਲ ਜੋ ਇਸ ਸਾਰੀ ਲਾਈਨ ਵਿਚ ਘਿਰਣਾ ਹੈ, ਉਸ ਤੋਂ ਵੱਧ ਘਿਰਣਾ ਕੀ ਹੋ ਸਕਦੀ ਹੈ? ਜਿਹੜੇ ਲੋਕ ਇਹ ਸਮਝਦੇ ਹਨ ਕਿ ਬਾਬਰ ਹਮਲਾ-ਆਵਰ ਸੀ, ਉਸ ਨੇ ਪਾਪ ਕਮਾਇਆ, ਨਹੀਂ ਤੇ ਗੁਰੂ ਸਾਹਿਬ ਦੇ ਮੁਤਾਬਿਕ ਲੋਧੀ ਰਾਜ ਦੇ ਅਧੀਨ ਸਮਾਜਿਕ ਮਨੁੱਖੀ ਮਸਲਾ ਹੱਲ ਸੀ, ਲੋਕ ਸੁਖੀ ਸਨ, ਉਹਨਾਂ ਨੂੰ ਆਜ਼ਾਦੀ ਸੀ, ਉਹਨਾਂ ਦੀ ਅਕਲ ਨੂੰ ਕੋਈ ਕੀ ਆਖੇ? ਇਥੇ

ਸਵਾਲ ਬਾਬਰ ਤੇ ਲੋਧੀ ਰਾਜਾਂ ਵਿਚੋਂ ਚੋਣ ਦਾ ਨਹੀਂ, ਰੱਬ ਦੇ ਰਾਹ, ਉਸ ਦੇ ਮੁਤਾਬਿਕ ਸਮਾਜ ਅਤੇ ਰੱਬ ਦੇ ਵਿਰੋਧੀਆਂ ਵਿਚੋਂ ਚੋਣ ਦਾ ਹੈ। ਗੁਰੂ ਸਾਹਿਬ ਦੀ ਨਜ਼ਰ ਬਾਬਰ ਦੇ ਹਮਲੇ 'ਤੇ ਨਹੀਂ, ਨਜ਼ਰ ਆਪਣੇ ਸਮਾਜ ਦੀ ਦਸ਼ਾ, ਉਸ ਦੀ ਬੀਮਾਰੀ, ਉਸ ਦੀ ਤਸ਼ਖ਼ੀਸ਼, ਉਸ ਦਾਰੂ ਉੱਤੇ ਹੈ। ਰੋਗ ਦਾ ਦਾਰੂ ਰੱਬ ਦਾ ਰਾਹ ਹੈ। ਰੱਬ ਵੀ ਗੁਰੂ ਨਾਨਕ ਸਾਹਿਬ ਦਾ ਦੱਸਿਆ ਤੇ ਉਸ ਨੂੰ ਪ੍ਰਵਾਨ। ਕਈਆਂ ਰੱਬ ਵਾਲਿਆਂ ਨੂੰ ਮਖ਼ੌਲ ਵੀ ਹੁੰਦੇ ਹਨ:

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥
ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥ *(ਪੰਨਾ ੪੧੭-੧੮)*

ਇਸ ਲੜਾਈ ਬਾਬਤ ਗੁਰੂ ਸਾਹਿਬ ਦਾ ਨਜ਼ਰੀਆ ਇਕ ਹੋਰ ਨੁਕਤੇ ਤੋਂ ਵੀ ਸਾਫ਼ ਹੈ:

ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥ *(ਪੰਨਾ ੩੬੦)*

ਜੇ ਇਕ ਫ਼ੀਊਡਲ, ਪਾਪੀ ਰਾਜ, ਦੂਸਰੇ ਫ਼ੀਊਡਲ ਪਾਪੀ ਰਾਜ ਨੂੰ ਮਾਰੇ, ਸਾਨੂੰ ਕਾਹਦਾ ਰੋਸ? ਪਰ ਜੇ ਸ਼ੀਂਹ ਨਿਹੱਥੇ ਵੱਗ 'ਤੇ ਪੈ ਜਾਵੇ ਤਾਂ ਘੋਰ ਉਪੱਦਰ ਹੀ ਹੈ। ਰੋਸ ਤਾਂ ਹੋਣਾ ਹੀ ਹੋਇਆ। ਸਿਰਫ਼ ਇਹ ਹੀ ਨਹੀਂ ਜਿਨ੍ਹਾਂ ਨੂੰ ਮਾਰ ਪਈ ਹੈ, ਧਨ ਤੇ ਜੋਬਨ ਉਹਨਾਂ ਦੇ ਵੈਰੀ ਬਣੇ ਹੋਏ ਹਨ। ਉਹਨਾਂ ਮਾਰ ਘਣੀ ਕਮਾਈ ਹੋਈ ਸੀ। ਕੰਮ ਉਪੱਠੇ ਚੁੱਕੇ ਹੋਏ ਸਨ, ਰੱਬ ਦਾ ਰਾਹ ਭੁਲਾਇਆ ਹੋਇਆ ਸੀ। ਫੇਰ ਵੀ, ਭਾਵੇਂ ਗੁਨਾਹਗਾਰ ਹੀ ਸਨ, ਸਜ਼ਾ ਦੇ ਹੱਕਦਾਰ ਸਨ, ਭਾਵੇਂ ਕਿਸੇ ਮੌਕੇ ਆਪ ਵੀ ਸਜ਼ਾ ਦੇਣੀ ਪਵੇ, ਪਰ ਮਾਨਵ ਨੂੰ ਪੈਂਦੀ ਮਾਰ ਤੇ ਮਹਾਨ ਸਾਹਿਤਕਾਰ ਦਾ ਦਿਲ ਕਿਸੇ ਪੱਧਰ ਤੋਂ ਫਿਰ ਵੀ ਕਿਰਦਾ ਹੈ। ਗੁਨਾਹਗਾਰ ਨੇ, ਫਿਰ ਵੀ ਕਿਸੇ ਮਾਂ ਦੇ ਜਾਏ ਨੇ, ਅੰਤ ਮਨੁੱਖੀ ਭਰਾ ਨੇ। ਮਾਨਵ ਭਾਵੇਂ ਗੁਨਾਹਗਾਰ ਹੀ ਹੋਵੇ, ਐਸੀ ਪੈਂਦੀ ਮਾਰ ਨੂੰ ਵੇਖ ਕੇ ਪ੍ਰਚਾਰਕ ਕਿਸਮ ਦਾ ਕੋਈ ਨਿਰਦਈ ਹੀ ਸੁਖ ਨਾਲ ਮੰਜੇ 'ਤੇ ਸੌਂ ਸਕਦਾ ਹੈ।

ਬਾਣੀ ਵਿਚੋਂ ਸਿਰਫ਼ ਰੂਹ ਦੇ ਮਸਲੇ ਦਾ ਮਤਲਬ ਕੱਢ ਲੈਣ ਵਾਲਿਆਂ ਦੇ ਧਿਆਨਯੋਗ ਹੈ:

ਇਹੁ ਜਗੁ ਤੇਰਾ ਤੂ ਗੋਸਾਈ ॥
ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ ॥੧॥ ਰਹਾਉ ॥
ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ ॥
ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ ॥
ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ ॥੨॥
ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥
ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥ *(ਪੰਨਾ ੪੧੭)*

ਇਸ ਲੜਾਈ, ਇਸ ਸਮਾਜਿਕ, ਮਨੁੱਖੀ ਸਿਆਸੀ ਮਸਲੇ ਦੇ ਵਿਗਾੜ ਦਾ ਬੁਨਿਆਦੀ ਕਾਰਨ ਜ਼ਰ ਹੈ। ਜ਼ਰ ਦੀ ਹਵਸ ਸਕੇ ਭਾਈਆਂ ਨੂੰ ਵਿਛੋੜ ਦੇਂਦੀ ਹੈ, ਆਪਸ ਵਿਚ ਦੁਸ਼ਮਣ ਬਣਾ ਦੇਂਦੀ ਹੈ। ਉਸ ਸਮਾਜਿਕ ਪ੍ਰਸੰਗ ਵਿਚ ਜ਼ਰ ਦਾ ਮਤਲਬ ਨਿੱਜੀ ਜਾਇਦਾਦ ਤੇ ਉਸ

'ਤੇ ਆਧਾਰਿਤ ਜ਼ੋਰੀ ਦੀ ਐਸ਼ੋ-ਇਸ਼ਰਤ ਦਾ ਸਾਮਾਨ, ਸਮਾਜਿਕ ਸਿਆਸੀ ਤਾਕਤ ਦਾ ਨਸ਼ਾ ਹੈ। ਰਾਜ, ਸਮਾਜ ਦੇ ਜ਼ਰ ਦੀ ਮਲਕੀਅਤ ਦੇ ਰੂਪ ਦੀ ਸੰਸਥਾ ਦਾ ਨਾਂ ਹੈ। ਰਾਜ ਦਾ ਮਤਲਬ ਸਮਾਜ ਦਾ ਸਭ ਜ਼ੋਰ, ਉਸ ਦੇ ਜ਼ਰ 'ਤੇ ਆਧਾਰਿਤ ਜ਼ਿੰਦਗੀ ਦੀ ਸਭ ਨਿਆਮਤ ਹੈ। ਸੋ ਜ਼ਰ ਤੋਂ ਮਤਲਬ ਹੈ ਨਿੱਜੀ ਜਾਇਦਾਦ ਵਾਲੀ ਤਰਜ਼ੇ-ਜ਼ਿੰਦਗੀ ਦੀਆਂ, ਸਮੇਤ ਰਾਜ, ਸਭ ਐਸ਼ੋ-ਇਸ਼ਰਤਾਂ। ਰਾਜ, ਜ਼ਰ ਦੇ ਵਿਚ ਬਦੋ-ਬਦੀ ਨਹੀਂ ਘਸੋੜਿਆ ਜਾ ਰਿਹਾ। ਇਹ ਸਾਧਾਰਨ ਸਚਾਈ ਹੈ। ਇਸ ਤੋਂ ਇਲਾਵਾ ਬਾਬਰ ਦੇ ਹਮਲੇ ਤੇ ਉਸ ਤੋਂ ਹੋਈ ਥਾਪ-ਉਥਾਪੀ ਦੇ ਪ੍ਰਸੰਗ ਵਿਚ ਗੁਰੂ ਸਾਹਿਬ ਦੇ 'ਜਰੁ ਵੰਡਿ ਦੇਵੈ ਭਾਈ' ਵਿਚ ਸਮੇਤ ਰਾਜ ਸਭ ਕੁਝ ਆਉਂਦਾ ਹੈ। ਬਾਬਰ ਨਿਰਾ ਪੈਸੇ ਲੁੱਟਣ ਨਹੀਂ ਸੀ ਆਇਆ। ਜੰਮ ਕੇ ਰਾਜ ਕਰਨ ਆਇਆ ਸੀ। ਸਮੇਂ ਦੇ ਸਮਾਜਿਕ, ਮਨੁੱਖੀ, ਸਿਆਸੀ ਮਸਲੇ ਬਾਬਤ ਗੁਰੂ ਸਾਹਿਬ ਦੀ ਤਸ਼ਖ਼ੀਸ ਇਹ ਹੈ ਕਿ ਇਹ ਸਭ ਪਵਾੜਾ ਜ਼ਰ ਦਾ, ਨਿੱਜੀ ਜਾਇਦਾਦ ਤੇ ਉਸ ਦੇ ਸਮਾਜਿਕ ਮਨੁੱਖੀ ਸਿਆਸੀ ਰੋਲ ਦਾ ਹੈ। ਨਿੱਜੀ ਜਾਇਦਾਦ ਵਾਲੇ ਸਮਾਜ ਵਿਚ ਜ਼ਿੰਦਗੀ ਦੀ ਹਰ ਪਦਾਰਥਕ, ਸਮਾਜਿਕ, ਸਿਆਸੀ ਨਿਆਮਤ ਜ਼ਰ ਦਾ ਰੂਪ ਹੋ ਜਾਂਦੀ ਹੈ। ਜ਼ਰ ਤੇ ਉਸ ਦਾ ਰੂਪ ਹੋਈ ਨਿਆਮਤ ਪਾਪ ਤੋਂ ਬਗ਼ੈਰ ਮਿਲਦੀ ਨਹੀਂ। ਜ਼ਿੰਦਗੀ ਦੀਆਂ ਨਿਆਮਤਾਂ ਜੋ ਆਪਣੇ ਆਪ ਵਿਚ ਚੰਗੀਆਂ ਹਨ, ਜ਼ਰ ਦਾ ਰੂਪ ਹੋ ਕੇ ਪਾਪ ਦਾ ਰੂਪ ਹੋ ਜਾਂਦੀਆਂ ਹਨ। ਜਿਹੜੇ ਇਸ ਜ਼ਰ ਦੇ ਮਗਰ ਜਾਂਦੇ ਹਨ, ਉਹਨਾਂ ਦੀ ਸਾਰੀ ਜ਼ਿੰਦਗੀ ਪਾਪ ਹੈ। ਜੋ ਤਰਜ਼ੇ-ਜ਼ਿੰਦਗੀ ਤੇ ਰਾਜ ਜ਼ਰ 'ਤੇ ਆਧਾਰਿਤ ਹਨ, ਉਹ ਪਾਪ ਹਨ। ਇਸ 'ਤੇ ਆਧਾਰਿਤ ਹੋਣ ਕਰਕੇ ਪਾਪ ਹਨ। ਪਾਪ, ਜ਼ੁਲਮ ਦੀ ਜੜ੍ਹ ਜ਼ਰ ਹੈ। ਮਤਲਬ ਇਹ ਬਣਦਾ ਹੈ ਕਿ ਜੋ ਥਾਪ-ਉਥਾਪੀ ਤੇ ਪਾਪ ਕਹਿਰ ਹੋਇਆ ਹੈ, ਜ਼ਰ ਦੀ ਹਵਸ ਕਰਕੇ ਹੋਇਆ ਹੈ। ਗੁਰੂ ਸਾਹਿਬ ਦੇ ਮੁਤਾਬਿਕ ਇਸ ਦੁੱਖ ਦਾ ਦਾਰੂ ਰੱਬ ਦਾ ਰਾਹ ਹੈ। ਰੱਬ ਦਾ ਰਾਹ, ਸਮਾਜ ਵਿਚਲੇ ਨਿਜੀ ਜਾਇਦਾਦ ਦੇ ਰੋਲ ਦਾ ਵਿਰੋਧੀ ਬਣ ਕੇ ਚੱਲਣ ਦਾ ਰਾਹ ਹੈ।

ਗੁਰੂ ਸਾਹਿਬ ਸਮਾਜਿਕ ਵੇਗ ਦੀ ਇਕ ਹੋਰ ਬੁਨਿਆਦੀ ਖ਼ਾਸੀਅਤ ਵੀ ਬਿਆਨ ਕਰਦੇ ਹਨ:

ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥ *(ਪੰਨਾ ੪੧੭)*

ਜਦੋਂ ਕੋਈ ਜ਼ਿੰਦਗੀ ਦੀ ਉਸਾਰੀ ਤੋਂ ਉਤਰ ਜਾਵੇ, ਉਸ ਦਾ ਉਸਾਰੂ ਰੋਲ ਖ਼ਤਮ ਹੋ ਜਾਵੇ, ਉਸ ਵਿਚੋਂ ਨੇਕੀ ਖ਼ਤਮ ਹੋ ਜਾਂਦੀ ਹੈ। ਮਨੁੱਖ ਤੇ ਜਮਾਤ ਦੀ ਨੇਕੀ ਉਸ ਦੇ ਸਮਾਜਿਕ ਰੋਲ 'ਤੇ ਮੁਨਹਸਰ ਹੁੰਦੀ ਹੈ। ਮਨੁੱਖੀ ਸ਼ਖ਼ਸੀਅਤ ਦੀ ਬਣਤਰ, ਉਸ ਦੀਆਂ ਖ਼ਾਸੀਅਤਾਂ, ਉਸ ਦੀ ਸਮਾਜਿਕ ਪੁਜ਼ੀਸ਼ਨ, ਉਸ ਦੇ ਸਮਾਜਿਕ ਰੋਲ 'ਤੇ ਆਧਾਰਿਤ ਹੁੰਦੀਆਂ ਹਨ। ਸਮਾਜਿਕ ਵੇਗ ਜਦੋਂ ਕਿਸੇ ਜਮਾਤ ਨੂੰ ਫ਼ਾਲਤੂ ਜਾਂ ਸਮਾਜਿਕ ਉਸਾਰੀ ਦੇ ਰਾਹ ਦਾ ਰੋੜਾ ਬਣਾਉਂਦਾ ਹੈ, ਉਹ ਉਸ ਵਿਚੋਂ ਨੇਕੀ ਖ਼ਤਮ ਕਰ ਚੁੱਕਿਆ ਹੁੰਦਾ ਹੈ। ਨੇਕੀ ਖ਼ਤਮ ਹੋਇਆਂ ਉਹ ਮੌਤ ਦਾ ਮਾਲ ਹੁੰਦਾ ਹੈ। ਜਿੰਨਾ ਚਿਰ ਸਮਾਜ ਵਿਚ ਕਿਸੇ ਦਾ ਉਸਾਰੂ ਰੋਲ ਹੈ, ਉਸ ਵਿਚ ਨੇਕੀ ਹੁੰਦੀ ਹੈ। ਸਮਾਜ ਵਿਚ ਉਸਾਰੂ ਰੋਲ ਦਾ ਨਾਂ ਹੀ ਨੇਕੀ ਹੈ। ਜਿੰਨਾ ਚਿਰ ਕਿਸੇ ਦਾ ਸਮਾਜ ਵਿਚ ਉਸਾਰੂ ਰੋਲ ਹੁੰਦਾ ਹੈ, ਉਸ ਨੂੰ ਕੋਈ ਮਾਰ ਨਹੀਂ ਸਕਦਾ। ਦੂਸਰੇ ਲਫ਼ਜ਼ਾਂ ਵਿਚ ਕਿਸੇ ਮਨੁੱਖ ਦਾ, ਕਿਸੇ ਜਮਾਤ ਦਾ ਸਮਾਜਿਕ ਰੋਲ ਉਸ ਦੇ ਅੰਦਰ ਉਸ ਦੀਆਂ ਮਨੁੱਖੀ ਖ਼ਾਸੀਅਤਾਂ ਦੇ

ਰੂਪ ਵਿਚ ਅੰਕਤ ਹੁੰਦਾ ਹੈ। ਇਸ ਵਾਸਤੇ ਹੀ ਸਾਹਿਤਕਾਰ ਸਮਾਜ ਦਾ ਇਤਿਹਾਸ, ਉਸ ਦੀ ਬਣ ਰਹੀ ਤਾਰੀਖ਼, ਤਕਦੀਰ, ਮਨੁੱਖੀ ਖ਼ਾਸੀਅਤਾਂ, ਮਨੁੱਖ ਦੇ ਆਪਸ ਵਿਚ ਰਿਸ਼ਤਿਆਂ (passions) ਦੇ ਰੂਪ ਵਿਚ ਚਿਤਰਦਾ ਹੈ। ਇਸ ਵਾਸਤੇ ਹੀ ਸਾਹਿਤ ਮਨੁੱਖੀ ਚਿੱਤਰ ਹੁੰਦਾ ਹੈ, ਸਮਾਜਿਕ ਅਸਲੀਅਤ ਦਾ ਅਕਸ ਹੁੰਦਾ ਹੈ।

ਜਦੋਂ ਗੁਰੂ ਸਾਹਿਬ ਕਹਿੰਦੇ ਹਨ ਕਿ ਤੁਹਾਡੀ ਇਹ ਬਾਬ ਤਾਂ ਹੋਈ ਕਿਉਂਕਿ ਤੁਸਾਂ ਰੱਬ ਵਿਸਾਰਿਆ ਹੋਇਆ ਸੀ ਤਾਂ ਗੁਰੂ ਸਾਹਿਬ ਦੀ ਵਾਸਤਵਿਕ ਕਲਪਨਾ ਫੀਊਡਲ ਦਾ ਚਿੱਤਰ ਦੇਂਦੀ ਹੈ। ਇਹ ਉਹ ਜਮਾਤ ਹੈ ਜੋ ਸਮਾਜਿਕ ਜ਼ਰ ਦੀ ਮਾਲਕ ਹੈ। ਇਹ ਲੋਕ ਜ਼ਰ ਨਾਲ ਚਿੰਬੜੇ ਹੋਏ ਹਨ। ਇਹਨਾਂ ਦੀ ਤਰਜ਼ੇ-ਜ਼ਿੰਦਗੀ ਰੱਬ ਦੇ ਰਾਹ ਦੇ ਖ਼ਿਲਾਫ਼ ਹੈ। ਇਹਨਾਂ ਦੀ ਤਰਜ਼ੇ-ਜ਼ਿੰਦਗੀ ਕਰਕੇ ਇਹ ਸਭ ਕੁਝ ਹੋਇਆ ਹੈ। ਦੋ ਸ਼ਬਦ ਹਨ: 'ਜਿਨਿ ਸਿਰਿ ਸੋਹਨਿ ਪਟੀਆ' ਵਾਲਾ ਸਾਰਾ ਸ਼ਬਦ ਵੇਲੇ ਫੀਊਡਲ ਇਸਤਰੀ ਦਾ ਚਿੱਤਰ ਹੈ। ਕਿਸਾਨਾਂ, ਕਾਰੀਗਰਾਂ ਤੇ ਹੋਰ ਕੰਮ ਕਰਦੀਆਂ ਜਮਾਤਾਂ ਦੀਆਂ ਇਸਤਰੀਆਂ ਉੱਤੇ, ਬਹਿੰਦੀਆਂ ਖੜੋਂਦੀਆਂ ਨੂੰ ਲੱਖ-ਲੱਖ ਰੁਪਿਆਂ ਦੇ ਸਿਰ-ਵਾਰਨੇ ਨਹੀਂ ਸਨ ਹੁੰਦੇ। ਅਤੇ ਨਾ ਹੀ ਉਹ ਗਿਰੀ ਛੁਹਾਰੇ ਖਾਂਦੀਆਂ ਸਨ। ਦੂਜਾ ਸ਼ਬਦ ਲੋਧੀ ਪਠਾਣਾਂ, ਅਮੀਰਾਂ ਦੀ ਤਰਜ਼ੇ-ਜ਼ਿੰਦਗੀ, ਉਹਨਾਂ ਦੀ ਐਸ਼ੋ-ਇਸ਼ਰਤ ਬਾਰੇ ਹੈ ਅਤੇ ਜੋ ਉਹਨਾਂ ਨਾਲ ਬੀਤੀ, ਉਸ ਦਾ ਜ਼ਿਕਰ ਹੈ। ਗੁਰੂ ਸਾਹਿਬ ਦਾ 'ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥ ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥' ਇਸੇ ਜਮਾਤ ਨੂੰ ਹੀ ਮੁਖ਼ਾਤਿਬ ਹੈ। ਗੁਰੂ ਸਾਹਿਬ ਦੇ ਮੁਤਾਬਿਕ ਮੰਦੇ ਸਿੱਟਿਆਂ ਦਾ ਅਸਲ ਕਾਰਨ ਫੀਊਡਲ ਦੀ ਤਰਜ਼ੇ-ਜ਼ਿੰਦਗੀ ਹੈ। ਇਸ ਸੱਚ ਨੂੰ ਇਹਨਾਂ ਸ਼ਬਦਾਂ ਵਿਚ ਹੀ, ਗੁਰੂ ਸਾਹਿਬ ਹੋਰ ਤਰੀਕੇ ਨਾਲ ਵੀ ਬਿਆਨ ਕਰਦੇ ਹਨ:

ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ॥
ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ॥ *(ਪੰਨਾ ੩੬੦)*

ਜੇ ਕੋਈ ਵੱਡਾ ਬਣ-ਬਣ ਬਹਿੰਦਾ ਹੈ, ਮਨ-ਭਾਉਂਦੀਆਂ ਕਰਦਾ ਹੈ, ਰੱਬ ਦੇ ਰਾਹ 'ਤੇ ਨਹੀਂ ਤੁਰਦਾ ਤਾਂ ਖਸਮ ਦੀਆਂ ਅੱਖਾਂ ਵਿਚ ਉਹ ਦਾਣੇ ਚੁਗਦਾ ਕੀੜਾ ਹੀ ਹੈ। ਉਸ ਦੀ ਕੋਈ ਹਸਤੀ ਨਹੀਂ, ਉਸ ਨੇ ਜ਼ਿੰਦਗੀ ਵਿਚ ਕੁਝ ਨਹੀਂ ਖੱਟਿਆ:

ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ॥ *(ਪੰਨਾ ੩੬੦)*

ਫੀਊਡਲ ਦੀ ਇਸ ਜ਼ਿੰਦਗੀ ਵੱਲੋਂ ਮਰਿਆਂ, ਮਤਲਬ ਟੁੱਟਿਆਂ, ਰੱਬ ਦੇ ਰਾਹ 'ਤੇ ਤੁਰਿਆਂ ਹੀ ਕੁਝ ਪਾਇਆ ਜਾਂਦਾ ਹੈ। ਜੋ ਕੁਝ ਹੋਇਆ ਹੈ, ਉਸ ਦਾ ਕਾਰਨ ਤਾਂ ਫੀਊਡਲ ਦੀ ਤਰਜ਼ੇ-ਜ਼ਿੰਦਗੀ ਹੈ। ਪਰ ਦੁੱਖ ਸਿਰਫ਼ ਇਹਨਾਂ ਨੂੰ ਹੀ ਨਹੀਂ ਆਇਆ। ਨਾਲ ਆਮ ਲੋਕ ਵੀ ਵਲ੍ਹੇਟੇ ਗਏ ਹਨ। ਫੀਊਡਲ ਦਾ ਮਤਲਬ ਬਿੰਦ ਤੋਂ ਨਹੀਂ, ਤਰਜ਼ੇ-ਜ਼ਿੰਦਗੀ, ਜਿਨ੍ਹਾਂ ਕੀਮਤਾਂ ਅਤੇ ਮਨੁੱਖੀ ਮਨੋਰਥਾਂ 'ਤੇ ਉਹ ਆਧਾਰਿਤ ਹੈ, ਉਹਨਾਂ ਤੋਂ ਹੈ। ਆਪ ਭਾਵੇਂ ਕੋਈ ਫੀਊਡਲ ਨਾ ਵੀ ਹੋਵੇ, ਜੇ ਉਹ ਰੱਬ ਦੇ ਰਾਹ 'ਤੇ ਨਹੀਂ ਤੁਰਦਾ, ਇਨਸਾਨੀਅਤ ਦੀਆਂ ਕੀਮਤਾਂ 'ਤੇ ਪੱਕਾ ਨਹੀਂ, ਤਾਂ ਉਹ ਫੀਊਡਲ ਦੀਆਂ ਕੀਮਤਾਂ ਦੀ ਵਲ੍ਹੇਟ ਵਿਚ ਹੈ, ਉਹਨਾਂ ਦੀ ਪੁਸ਼ਟੀ ਕਰਦਾ ਹੈ।

(9/1974)

ਹਉਮੈ ਤੇ ਪਿਆਰ

ਮਨੁੱਖ ਆਜੀਵਕਾ ਦੀ ਖ਼ਾਤਰ ਪਹਿਲਾਂ ਰੋਜ਼ੀ ਕਮਾਉਣੀ ਸ਼ੁਰੂ ਕਰਦਾ ਹੈ। ਪਰ ਸਹਿਜੇ-ਸਹਿਜੇ ਉਸ ਕਮਾਈ ਨਾਲ ਮਨੁੱਖ ਦਾ ਪਿਆਰ ਵਧਣਾ ਸ਼ੁਰੂ ਹੋ ਜਾਂਦਾ ਹੈ। ਇਥੋਂ ਤਕ ਕਿ ਆਖ਼ਰ ਇਸ ਨੂੰ ਹਰ ਵੇਲੇ ਆਪਣੇ ਹੀ ਸੁਖ ਦਾ, ਆਪਣੇ ਹੀ ਵਡੱਪਣ ਦਾ ਖ਼ਿਆਲ ਬਣਿਆ ਰਹਿੰਦਾ ਹੈ। ਗੁਰਮਤਿ ਦੀ ਬੋਲੀ ਵਿਚ ਇਸ ਅਵਸਥਾ ਦਾ ਨਾਮ 'ਹਉਮੈ' ਹੈ। ਇਸ ਦਾ ਕੁਦਰਤੀ ਸਿੱਟਾ ਇਹ ਨਿਕਲਦਾ ਹੈ ਕਿ ਇਸ ਦੇ ਅੰਦਰ ਮੇਰ-ਤੇਰ ਵਧਦੀ ਹੈ, ਵਿਤਕਰਾ ਪੱਕਾ ਹੁੰਦਾ ਜਾਂਦਾ ਹੈ, ਆਪਣਾਪਣ ਤੇ ਬਿਗਾਨਾਪਣ ਬਣਦਾ ਜਾਂਦਾ ਹੈ। ਸਤਿਗੁਰੂ ਜੀ ਨੇ ਇਸ ਹਾਲਤ ਨੂੰ ਬਿਆਨ ਕਰਨ ਵਾਸਤੇ ਲਫ਼ਜ਼ 'ਦੁਬਿਧਾ' ਵਰਤਿਆ ਹੈ। 'ਦੁਬਿਧਾ' ਦਾ ਅਰਥ ਹੈ—ਦੋ ਕਿਸਮ ਦਾ, ਦੋ ਹਿੱਸਿਆਂ ਵਿਚ ਵੰਡਿਆ ਹੋਇਆ। ਮਨ ਦੀ ਇਹੀ ਅਵਸਥਾ ਵਿਤਕਰਿਆਂ ਦਾ ਮੂਲ ਹੈ। ਇਹ 'ਦੁਬਿਧਾ' ਕਿਥੋਂ ਪੈਦਾ ਹੁੰਦੀ ਹੈ? ਹਉਮੈ ਤੋਂ।

'ਹਉਮੈ' ਦੋ ਲਫ਼ਜ਼ਾਂ ਦਾ ਜੋੜ ਹੈ 'ਹਉ' ਤੇ 'ਮੈਂ'। 'ਹਉ' ਸੰਸਕ੍ਰਿਤ ਦਾ ਲਫ਼ਜ਼ 'ਅਹੰ' ਦਾ ਪ੍ਰਾਕਿਰਤ ਰੂਪ ਹੈ, ਜਿਸ ਦਾ ਅਰਥ ਹੈ 'ਮੈਂ'। ਸੋ 'ਹਉਮੈ' ਦਾ ਅਰਥ ਹੈ 'ਮੈਂ-ਮੈਂ'। ਹਰ ਗੱਲੇ, ਹਰ ਥਾਂ, ਹਰ ਵੇਲੇ ਇਹ ਖ਼ਿਆਲ ਟਿਕਿਆ ਰਹਿਣਾ ਕਿ 'ਮੈਂ ਵੱਡਾ ਬਣ ਜਾਵਾਂ, ਮੈਂ ਅਮੀਰ ਹੋ ਜਾਵਾਂ, ਇਸ ਕੰਮ ਵਿਚ ਮੈਂ ਹੀ ਖੱਟ ਲਵਾਂ, ਮੈਂ ਹੀ ਮੈਂ, ਮੈਂ ਹੀ ਮੈਂ", ਭਾਵ ਸੁਆਰਥ, ਖ਼ੁਦ.ਗਰਜ਼ੀ। ਜਿਸ ਮਨੁੱਖ ਨੇ ਸੁਆਰਥ ਨੂੰ ਹੀ ਜੀਵਨ ਦਾ ਨਿਸ਼ਾਨਾ ਬਣਾ ਲਿਆ ਹੋਵੇ, ਉਹ ਕੁਦਰਤੀ ਤੌਰ 'ਤੇ ਵਿਤਕਰਿਆਂ ਵਿਚ ਫਸ ਜਾਂਦਾ ਹੈ, ਦੂਜਿਆਂ ਦਾ ਨੁਕਸਾਨ ਕਰ ਕੇ ਭੀ ਆਪਣਾ ਲਾਭ ਸੋਚਦਾ ਹੈ।

ਟੱਬਰ, ਦੇਸ਼, ਕੌਮ, ਦੁਨੀਆਂ, ਕਿਤੇ ਭੀ ਧਿਆਨ ਮਾਰ ਕੇ ਵੇਖ ਲਵੋ, ਹਰ ਥਾਂ ਸੁਆਰਥ ਹੀ ਵੈਰ-ਵਿਰੋਧ ਦਾ ਮੂਲ ਹੈ। ਇਕੋ ਘਰ ਦੇ ਜੀਵ ਖ਼ੁਦਗਰਜ਼ੀ ਕਾਰਨ ਵੈਰੀ ਬਣ ਜਾਂਦੇ ਹਨ, ਇਕੋ ਕੌਮ ਦੇ ਬੰਦੇ, ਇਕ ਦੇਸ਼ ਦੇ ਵਸਨੀਕ ਇਕ-ਦੂਜੇ ਦੇ ਲਹੂ ਦੇ ਤ੍ਰਿਹਾਏ ਹੋ ਜਾਂਦੇ ਹਨ। ਦੇਸ਼-ਦੇਸ਼ ਦੀ ਆਪੋ ਵਿਚ ਟੱਕਰ ਲੱਗ ਜਾਂਦੀ ਹੈ। ਇਹ ਸੁਆਰਥ ਦੁਨੀਆਂ ਨੂੰ ਨਰਕ ਬਣਾ ਦੇਂਦਾ ਹੈ। ਸੁਆਰਥੀ ਬੰਦਾ ਦੂਜਿਆਂ ਨੂੰ ਭੀ ਦੁਖੀ ਕਰਦਾ ਹੈ ਅਤੇ ਆਪ ਭੀ ਸੁਖੀ ਨਹੀਂ ਰਹਿ ਸਕਦਾ।

ਜੋਗੀਆਂ ਨੇ ਇਸ ਦਾ ਇਲਾਜ ਇਹ ਸਮਝਿਆ ਕਿ ਘਰ-ਘਾਟ ਛੱਡ ਕੇ, ਮਲਕੀਅਤ ਮੁਕਾ ਕੇ ਜੰਗਲ-ਵਾਸਾ ਕਰ ਲਿਆ ਜਾਏ। ਪਰ ਮਾਇਆ ਨਿਰਾ ਇਸਤਰੀ, ਬੱਚਿਆਂ ਦਾ ਪਿਆਰ ਹੀ ਨਹੀਂ, ਮਾਇਆ ਨਿਰੇ ਧਨ ਦਾ ਹੀ ਨਾਮ ਨਹੀਂ। ਮਾਇਆ ਦੇ ਕਈ ਸਰੂਪ ਹਨ। ਜੰਗਲ

ਵਿਚ ਕੀਤੇ ਤਪਾਂ ਦਾ ਮਾਣ ਭੀ ਮਾਇਆ ਹੈ, ਸਮਾਧੀਆਂ ਦੀ ਇਕਾਗਰਤਾ ਤੋਂ ਪੈਦਾ ਹੋਇਆ ਮਾਨਸਿਕ ਤਾਕਤਾਂ ਦਾ ਨਸ਼ਾ ਭੀ ਮਾਇਆ ਹੈ, ਇਹਨਾਂ ਮਾਨਸਿਕ ਤਾਕਤਾਂ ਦੇ ਆਸਰੇ ਲੋਕਾਂ ਨੂੰ ਵਰ, ਸਰਾਪ ਦੇ ਲਾਲਚ ਡਰਾਵੇ ਦੇਣੇ ਭੀ ਮਾਇਆ ਦੇ ਹੱਥਾਂ ਵਿਚ ਹੀ ਖੇਡਣਾ ਹੈ। ਜੰਗਲਾਂ ਵਿਚ ਜਾ ਕੇ ਭੀ 'ਮੈਂ-ਮੈਂ' ਟਿਕੀ ਹੀ ਰਹੀ, 'ਮੈਂ ਵਰ ਦੇ ਸਕਦਾ ਹਾਂ, ਮੈਂ ਸਰਾਪ ਦੇ ਸਕਦਾ ਹਾਂ' ਅਹੰਕਾਰ ਤੇ ਕਰੋਧ ਬਣੇ ਹੀ ਰਹੇ।

ਧਰਤੀ ਦੇ ਸਾਰੇ ਹੀ ਬੰਦਿਆਂ ਵਾਸਤੇ ਇਹ ਰਸਤਾ ਹੈ ਭੀ ਅਸੰਭਵ। ਕਿਰਤ-ਕਾਰ ਛੱਡਿਆਂ ਸਾਰੇ ਜੀਵਾਂ ਲਈ ਰੁੱਖ-ਬਿਰਖ ਖ਼ੁਰਾਕ ਪੈਦਾ ਨਹੀਂ ਕਰ ਸਕਦੇ। ਜੇ ਸਾਰੇ ਹੀ ਮਨੁੱਖ ਗ੍ਰਿਹਸਤ ਛੱਡ ਕੇ ਜੰਗਲੀਂ ਚਲੇ ਜਾਣ ਤਾਂ ਮਨੁੱਖ ਜਾਤੀ ਹੀ ਖ਼ਤਮ ਹੋ ਜਾਏ। ਪਰ ਜੇ ਜੰਗਲੀਂ ਜਾ ਕੇ ਇਸਤਰੀ-ਪੁਰਸ਼ ਸੰਬੰਧ ਬਣੇ ਰਹਿਣ ਤਾਂ ਮੁੜ ਗ੍ਰਿਹਸਤ ਹੀ ਹੋ ਗਿਆ।

ਗੁਰੂ ਨਾਨਕ ਦੇਵ ਜੀ ਦਾ ਰਸਤਾ ਇਹ ਹੈ ਕਿ ਗ੍ਰਿਹਸਤ ਵਿਚ ਰਹਿ ਕੇ ਹੀ 'ਹਉਮੈ' ਦਾ ਤਿਆਗ ਕੀਤਾ ਜਾਵੇ। 'ਹਉਮੈ' ਹੀ ਜਗਤ ਦੇ ਦੁੱਖਾਂ ਦਾ ਮੂਲ ਕਾਰਨ ਹੈ। 'ਹਉਮੈ' ਨੂੰ ਤਿਆਗਣਾ ਹੈ, ਦੁੱਖਾਂ ਤੋਂ ਬਚਣ ਲਈ। ਪਰ ਨਿਰੇ ਤਿਆਗ ਨਾਲ ਕੀ ਬਣੇ ? ਅਸਲ ਨਿਸ਼ਾਨਾ ਹੈ ਮਨ ਦੀ ਸ਼ਾਂਤੀ, ਮਨ ਦਾ ਸਦੀਵੀ ਸੁਖ। ਸੁਖ-ਸ਼ਾਂਤੀ ਦਾ ਸੋਮਾ ਹੈ ਪਰਮਾਤਮਾ। ਸੋ ਨਰਕੀ ਜੀਵਨ ਤੋਂ ਬਚਣ ਲਈ ਪਰਮਾਤਮਾ ਵਿਚ ਮਿਲੇ ਰਹਿਣਾ ਜ਼ਰੂਰੀ ਸ਼ਰਤ ਹੈ। ਪਰ ਪੂਰਨ ਮਿਲਾਪ ਸਿਰਫ਼ ਉਹਨਾਂ ਪਦਾਰਥਾਂ ਦਾ ਹੀ ਹੋ ਸਕਦਾ ਹੈ, ਜਿਨ੍ਹਾਂ ਦਾ ਅਸਲਾ ਇਕੋ ਹੀ ਹੋਵੇ। ਪਾਣੀ ਤੇ ਤੇਲ ਨੂੰ ਬੋਤਲ ਵਿਚ ਪਾ ਕੇ ਕਿਤਨਾ ਹੀ ਹਿਲਾਈਏ, ਫਿਰ ਵੀ ਉਹ ਵੱਖ-ਵੱਖ ਹੀ ਰਹਿਣਗੇ। ਪਰਮਾਤਮਾ ਹੈ ਸਾਰੇ ਜੀਵਾਂ ਨੂੰ ਪਿਆਰ ਕਰਨ ਵਾਲਾ, ਅਸੀਂ ਹਾਂ ਸਿਰਫ਼ ਆਪਣੇ ਆਪ ਨੂੰ ਪਿਆਰ ਕਰਨ ਵਾਲੇ। ਉਹ ਹੈ ਸਰਬ-ਪ੍ਰਿਯ, ਅਸੀਂ ਹਾਂ ਸ੍ਵੈ-ਪ੍ਰਿਯ। ਉਹ ਹੈ ਅਲ-ਗ਼ਰਜ਼, ਅਸੀਂ ਹਾਂ ਖ਼ੁਦ-ਗ਼ਰਜ਼। ਖ਼ੁਦ-ਗ਼ਰਜ਼ ਅਤੇ ਅਲ-ਗ਼ਰਜ਼ ਇਕ ਜਾਨ ਕਿਵੇਂ ਹੋ ਸਕਣ :

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥ (ਪੰਨਾ ੫੬੦)

ਫਿਰ, ਮੇਲ ਦਾ ਕੋਈ ਤਰੀਕਾ ? ਹਾਂ, ਪਾਣੀ ਬਣ ਕੇ ਹੀ ਪਾਣੀ ਵਿਚ ਇਕ-ਜਾਨ ਹੋਇਆ ਜਾ ਸਕਦਾ ਹੈ। ਸਾਡਾ ਤੇ ਪ੍ਰਭੂ ਦਾ ਸੁਭਾਵ ਰਲਿਆਂ ਹੀ ਅਸੀਂ ਉਸ ਵਿਚ ਇਕ-ਮਿਕ ਹੋ ਸਕਦੇ ਹਾਂ। ਆਪਣੇ ਆਪ ਨੂੰ ਪਿਆਰਨਾ ਛੱਡ ਦੇਈਏ, ਪਰਮਾਤਮਾ ਵਾਂਗ ਸਾਰੀ ਸ੍ਰਿਸ਼ਟੀ ਨੂੰ ਪਿਆਰਨ ਲੱਗ ਪਈਏ। ਕੋਈ ਐਸਾ ਪ੍ਰਬੰਧ ਬਣੇ ਕਿ ਸਾਰਾ ਹੀ ਜਗਤ ਪ੍ਰਭੂ-ਪਿਤਾ ਦਾ ਇਕੋ ਹੀ ਟੱਬਰ ਦਿਸਣ ਲੱਗ ਪਏ। ਸੁਭਾਉ ਰਲਾਉਣ ਦਾ ਇਕੋ-ਇਕ ਤਰੀਕਾ ਹੈ, ਉਹ ਹੈ ਪਿਆਰ। ਜਿਸ ਨਾਲ ਡੂੰਘਾ ਪਿਆਰ ਪੈ ਜਾਏ, ਉਸ ਨਾਲ ਸੁਭਾਉ ਭੀ ਮਿਲ ਜਾਂਦਾ ਹੈ। ਪਰ ਇਹ ਡੂੰਘਾ ਪਿਆਰ ਕਿਵੇਂ ਪਵੇ ? ਜਿਸ ਨਾਲ ਪਿਆਰ ਹੋਵੇ, ਉਸ ਨੂੰ ਯਾਦ ਕਰਨ ਤੋਂ ਬਿਨਾਂ ਰਹਿ ਨਹੀਂ ਸਕੀਦਾ। ਜਿਉਂ-ਜਿਉਂ ਮੁੜ-ਮੁੜ ਕਿਸੇ ਨੂੰ ਯਾਦ ਕਰਦੇ ਰਹੀਏ, ਤਿਉਂ-ਤਿਉਂ ਉਸ ਨਾਲ ਪਿਆਰ ਵਧਦਾ ਜਾਂਦਾ ਹੈ। ਯਾਦ ਤੇ ਪਿਆਰ, ਪਿਆਰ ਤੇ ਯਾਦ ਇਹਨਾਂ ਦੀ ਆਪੋ ਵਿਚ ਡੂੰਘੀ ਸਾਂਝ ਹੈ। ਪਰਮਾਤਮਾ ਦੀ ਯਾਦ ਪਰਮਾਤਮਾ ਨਾਲ ਪਿਆਰ ਪਾਏਗੀ। ਪਿਆਰ ਉਸ ਨਾਲ ਸਾਡਾ ਸੁਭਾਉ ਮਿਲਾਏਗਾ। ਅਸੀਂ ਖ਼ੁਦਗ਼ਰਜ਼ੀ ਵੱਲੋਂ ਹਟ ਕੇ ਸਾਰੇ ਜਗਤ ਨੂੰ ਇਕ ਦਾ ਟੱਬਰ ਸਮਝ ਕੇ ਸਾਰੇ ਜਗਤ ਨਾਲ ਪਿਆਰ ਕਰਨ ਲੱਗ ਪਵਾਂਗੇ। ਬੱਸ ! ਸੁਭਾਉ ਮਿਲ ਗਿਆ ਤਾਂ

ਇਕ ਹੋ ਗਏ :

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥ (ਪੰਨਾ ੨੭੮)

ਸੋ ਗੁਰੂ ਨਾਨਕ ਦੇਵ ਜੀ ਦਾ ਮਾਰਗ ਹੈ ਕਿ ਗ੍ਰਿਹਸਤ ਵਿਚ ਰਹਿੰਦੇ ਹੋਏ ਖ਼ਲਕਤ ਵਾਸਤੇ ਜੀਵੀਏ; ਖ਼ਲਕਤ ਨਾਲ ਪਿਆਰ, ਖ਼ਾਲਕ ਨਾਲ ਪਿਆਰ ਪਾਇਆਂ ਹੀ ਬਣ ਸਕਦਾ ਹੈ।

(7/1994)

ਅਪਰੰਪਰ ਪਾਰਬ੍ਰਹਮ ਪਰਮੇਸਰੁ ਨਾਨਕ ਗੁਰੁ...

ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਗੁਰੂ ਨਾਨਕ ਸਾਹਿਬ ਐਸੇ ਵਾਹਿਦ ਰਹਿਬਰ ਹੋਏ ਹਨ, ਜਿਨ੍ਹਾਂ ਨੂੰ ਹਰ ਧਰਮ ਦੇ ਪੈਰੋਕਾਰਾਂ ਨੇ 'ਆਪਣਾ' ਕਿਹਾ। ਬਿਨਾਂ ਸ਼ੱਕ ਉਹਨਾਂ ਨੇ ਸਮੁੱਚੀ ਲੋਕਾਈ ਦੀ ਸੁਹਿਰਦ ਅਗਵਾਈ ਕੀਤੀ। ਪਹਿਲਾਂ ਹੋ ਚੁੱਕੇ ਧਾਰਮਿਕ ਰਹਿਬਰਾਂ ਦੀ ਤਰ੍ਹਾਂ ਉਹਨਾਂ ਦਾ ਉਪਦੇਸ਼ ਕਿਸੇ ਇਕ ਵਿਸ਼ੇਸ਼ ਇਲਾਕੇ ਜਾਂ ਵਿਸ਼ੇਸ਼ ਫ਼ਿਰਕੇ ਦੇ ਲੋਕਾਂ ਲਈ ਰਾਖਵਾਂ ਨਹੀਂ ਸੀ, ਇਸੇ ਕਰਕੇ ਉਹ 'ਜਗਤ-ਗੁਰੂ' ਪ੍ਰਸਿੱਧ ਹੋਏ। ਜਿਸ ਤਰ੍ਹਾਂ ਸੂਰਜ ਦੀ ਰੌਸ਼ਨੀ ਵਿਚ ਤਾਰਿਆਂ ਦੀ ਕੋਈ ਅਹਿਮੀਅਤ ਨਹੀਂ ਰਹਿੰਦੀ, ਉਸੇ ਤਰ੍ਹਾਂ ਗੁਰੂ ਨਾਨਕ 'ਸੱਚ ਰੂਪੀ ਸੂਰਜ' ਦੇ ਉਦੈ ਹੁੰਦਿਆਂ ਹੀ ਦੁਨੀਆਂ ਦੇ ਸਾਰੇ ਮਤ-ਮਤਾਂਤਰ ਅਰਥਹੀਣ ਹੋ ਗਏ। ਗੁਰੂ ਜੀ ਨੇ ਲੋਕਾਂ ਨੂੰ ਧਰਮ ਦੇ ਨਾਂ 'ਤੇ ਕੀਤੇ ਜਾਂਦੇ ਪਖੰਡਾਂ ਅਤੇ ਕਰਮ-ਕਾਂਡਾਂ ਦੇ ਖੋਖਲੇਪਣ ਤੋਂ ਜਾਣੂ ਕਰਵਾਉਂਦਿਆਂ ਇਕੋ-ਇਕ 'ਸੱਚ ਧਰਮ' (ਗੁਰਮਤਿ) ਨੂੰ ਧਾਰਨ ਕਰਨ ਦੀ ਪ੍ਰੇਰਨਾ ਦਿੱਤੀ ਜੋ ਕਿ ਸੰਪੂਰਨ ਅਤੇ ਸਦੀਵੀ ਧਰਮ ਹੈ:

ਏਕੋ ਧਰਮੁ ਦ੍ਰਿੜੈ ਸਚੁ ਕੋਈ ॥
ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥ (ਪੰਨਾ ੧੧੮੮)

ਗੁਰੂ ਨਾਨਕ ਸਾਹਿਬ ਦੀ ਜਗਤ-ਪ੍ਰਸਿੱਧੀ ਸਦਕਾ, ਦੂਸਰੇ ਸਾਰੇ ਧਾਰਮਿਕ ਰਹਿਬਰਾਂ ਦੇ ਕੱਦ ਉਹਨਾਂ ਦੇ ਮੁਕਾਬਲੇ ਨੀਵੇਂ ਹੋ ਗਏ, ਜਿਸ ਕਰਕੇ ਕੁਝ ਈਰਖਾਲੂਆਂ ਵੱਲੋਂ ਉਹਨਾਂ ਦੀ ਸ਼ਖ਼ਸੀਅਤ ਨੂੰ ਛੁਟਿਆਉਣ ਲਈ ਕਈ ਤਰ੍ਹਾਂ ਦੇ ਭਰਮ-ਭੁਲੇਖੇ ਖੜੇ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਇਹਨਾਂ ਵਿਚੋਂ ਇਕ ਗੁਰੂ ਨਾਨਕ ਸਾਹਿਬ ਦੇ 'ਗੁਰੂ' ਬਾਰੇ ਭੁਲੇਖਾ ਪਾਉਣ ਦਾ ਨਾਕਾਮ ਯਤਨ ਹੈ, ਜਿਸ ਪਿੱਛੇ ਦੋ ਮਕਸਦ ਕੰਮ ਕਰਦੇ ਹਨ। ਪਹਿਲਾ, ਗੁਰੂ ਜੀ ਦੀ ਸ਼ਖ਼ਸੀਅਤ ਨੂੰ ਛੁਟਿਆਉਣਾ ਅਤੇ ਦੂਸਰਾ, ਸਿੱਖਾਂ ਨੂੰ ਦੇਹਧਾਰੀ ਗੁਰੂਆਂ ਦੇ ਭਰਮ-ਜਾਲ ਵਿਚ ਉਲਝਾਉਣਾ।

ਰਾਧਾ ਸੁਆਮੀ ਸਤਿਸੰਗ, ਬਿਆਸ ਦੁਆਰਾ ਪ੍ਰਕਾਸ਼ਿਤ 'ਗੁਰੂ ਨਾਨਕ ਦਾ ਰੂਹਾਨੀ ਉਪਦੇਸ਼' ਨਾਮੀ ਪੁਸਤਕ ਵਿਚ ਇਸ ਵਿਸ਼ੇ ਨੂੰ ਇਕ ਉਲਝੀ ਹੋਈ ਸਮੱਸਿਆ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਪੁਸਤਕ ਦੇ ਲੇਖਕ ਪ੍ਰੋ. ਜਨਕ ਰਾਜ ਪੁਰੀ ਨੇ ਪਹਿਲਾਂ ਆਪਾ-ਵਿਰੋਧੀ ਗੱਲਾਂ ਕਰਦਿਆਂ ਕਈ ਵਿਦਵਾਨਾਂ ਦੇ ਹਵਾਲੇ ਦਿੱਤੇ ਹਨ ਅਤੇ ਅਖ਼ੀਰ ਸਮੱਸਿਆ ਨੂੰ ਅਣਸੁਲਝਿਆ ਛੱਡ ਕੇ ਪਾਠਕ ਨੂੰ ਭੰਬਲਭੂਸੇ ਵਿਚ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਮਕਸਦ ਸਿਰਫ਼ ਇਹੋ ਹੈ ਕਿ ਸਿੱਖਾਂ ਦੀ ਮਾਨਸਿਕਤਾ ਨੂੰ 'ਗੁਰੂ' ਦੇ ਸਿਧਾਂਤ ਤੋਂ ਥਿੜਕਾ ਕੇ ਦੇਹ-ਪੂਜਾ ਵੱਲ ਪ੍ਰੇਰਿਆ ਜਾਵੇ। ਭਾਵੇਂ ਇਹ ਕੋਈ ਨਵੀਂ ਗੱਲ ਨਹੀਂ ਹੈ ਪਰ ਗੁਰਮਤਿ ਵਿਰੋਧੀ ਪ੍ਰਚਾਰ ਦੇ ਮਕਸਦ ਨਾਲ ਲਿਖੀਆਂ

ਅਜਿਹੀਆਂ ਪੁਸਤਕਾਂ ਵੱਲ ਗਹਿਰੀ ਤਵੱਜੋ ਦੇਣਾ ਸਿੱਖ ਵਿਦਵਾਨਾਂ ਦੀ ਇਖ਼ਲਾਕੀ ਜ਼ਿੰਮੇਵਾਰੀ ਹੈ।

ਵਿਚਾਰ ਅਧੀਨ ਪੁਸਤਕ ਵਿਚ ਗੁਰੂ ਨਾਨਕ ਸਾਹਿਬ ਦੇ 'ਗੁਰੂ' ਬਾਰੇ ਤਿੰਨ ਨਾਵਾਂ ਦੀ ਚਰਚਾ ਕੀਤੀ ਗਈ ਹੈ, ਜਿਨ੍ਹਾਂ ਵਿਚ 'ਸੱਯਦ ਹਸਨ' ਅਤੇ 'ਮੁਰਾਦ' ਨਾਂ ਦੇ ਦੋ ਮੁਸਲਮਾਨ ਹਨ ਅਤੇ ਤੀਸਰੇ ਭਗਤ ਕਬੀਰ ਜੀ। ਗ਼ੁਲਾਮ ਹੁਸੈਨ ਰਚਿਤ 'ਸੀਅਰੁਲ ਮੁਤਾਖ਼ਰੀਨ' (ਫ਼ਾਰਸੀ) ਦੇ ਹਵਾਲੇ ਨਾਲ 'ਸੱਯਦ ਹਸਨ' ਬਾਰੇ ਗੁਰੂ ਨਾਨਕ ਸਾਹਿਬ ਦੇ 'ਗੁਰੂ' ਹੋਣ ਦਾ ਸ਼ੱਕ ਪੈਦਾ ਕੀਤਾ ਗਿਆ ਹੈ। ਡਾ. ਗੰਡਾ ਸਿੰਘ ਨੇ ਇਸ ਨੂੰ ਬੜੇ ਸੁਚੱਜੇ ਢੰਗ ਨਾਲ ਰੱਦ ਕੀਤਾ ਹੈ।[1]

ਇਸ ਤੋਂ ਬਾਅਦ 'ਮੁਰਾਦ' ਨਾਂ ਦੇ ਇਕ ਮੁਸਲਮਾਨ ਨੂੰ ਗੁਰੂ ਨਾਨਕ ਸਾਹਿਬ ਦੇ 'ਗੁਰੂ' ਵਾਲੇ ਪ੍ਰਸੰਗ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ। ਇਸ ਸੰਬੰਧੀ ਇੰਦੂ ਭੂਸ਼ਣ ਬੈਨਰਜੀ ਦਾ ਹਵਾਲਾ ਦਿੱਤਾ ਗਿਆ ਹੈ, ਜਿਸ ਵਿਚ ਉਸ ਨੇ ਬਗ਼ਦਾਦ (ਈਰਾਨ) ਦੀ ਇਕ ਸਿਲ ਦਾ ਜ਼ਿਕਰ ਕੀਤਾ ਹੈ।[2] ਉਪਰੋਕਤ ਸਿਲ 'ਤੇ ਲਿਖੀ ਇਬਾਰਤ ਦਾ ਜੋ ਤਰਜਮਾ ਪ੍ਰਿੰਸੀਪਲ ਤੇਜਾ ਸਿੰਘ, ਡਾ. ਗੰਡਾ ਸਿੰਘ[3] ਅਤੇ ਸੇਵਾ ਰਾਮ ਸਿੰਘ[4] ਵੱਲੋਂ ਕੀਤਾ ਗਿਆ ਹੈ, ਉਹ ਬੈਨਰਜੀ ਦੇ ਤਰਜਮੇ ਨੂੰ ਮੂਲੋਂ ਰੱਦ ਕਰਦਾ ਹੈ। ਇਹਨਾਂ ਨੇ ਸਿੱਧ ਕੀਤਾ ਹੈ ਕਿ ਇੰਦੂ ਭੂਸ਼ਣ ਬੈਨਰਜੀ ਵੱਲੋਂ ਕੀਤਾ ਗਿਆ ਤਰਜਮਾ ਸਹੀ ਨਹੀਂ ਹੈ। ਬੈਨਰਜੀ ਦੇ ਹਵਾਲੇ ਨੂੰ ਕੁਝ ਮੁਸਲਮਾਨ ਲਿਖਾਰੀ ਗੁਰੂ ਨਾਨਕ ਸਾਹਿਬ ਨੂੰ ਮੁਸਲਮਾਨ ਸਿੱਧ ਕਰਨ ਲਈ ਵਰਤਦੇ ਹਨ, ਹਾਲਾਂਕਿ ਗੁਰੂ ਜੀ ਦਾ ਪਹਿਲਾ ਉਪਦੇਸ਼ ਹੀ 'ਨਾ ਕੋ ਹਿੰਦੂ ਨ ਮੁਸਲਮਾਨ' ਸੀ।

ਖ਼ੈਰ, ਪ੍ਰੋ. ਜਨਕ ਰਾਜ ਪੁਰੀ ਨੇ ਗੁਰੂ ਨਾਨਕ ਸਾਹਿਬ ਦੇ 'ਗੁਰੂ' ਬਾਰੇ ਚਰਚਾ ਕਰਦਿਆਂ ਤੀਜਾ ਨਾਂ ਭਗਤ ਕਬੀਰ ਜੀ ਦਾ ਲਿਆ ਹੈ। ਇਸ ਸੰਬੰਧ ਵਿਚ ਉਸ ਨੇ G.H. Westcott, A.S.Garden, J.N. Farquhar ਆਦਿ ਦੇ ਹਵਾਲੇ ਦਿੱਤੇ ਹਨ। ਭਾਈ ਜੋਧ ਸਿੰਘ (ਡਾ.) ਨੇ Macauliffe, ਪਰਸਰਾਮ ਚਤੁਰਵੇਦੀ ਅਤੇ ਡਾ. ਮੋਹਨ ਸਿੰਘ ਦੀਵਾਨਾ ਦੇ ਹਵਾਲਿਆਂ ਨਾਲ ਭਗਤ ਕਬੀਰ ਜੀ ਦੇ ਦੇਹਾਂਤ ਦਾ ਸਾਲ 1448 ਈਸਵੀ ਦੱਸਿਆ ਹੈ।[5] ਕਈ ਵਿਦਵਾਨ ਭਗਤ ਕਬੀਰ ਜੀ ਦਾ ਦੇਹਾਂਤ 1494 ਈਸਵੀ ਨੂੰ ਮੰਨਦੇ ਹਨ, ਜਦ ਗੁਰੂ ਨਾਨਕ ਸਾਹਿਬ ਸੁਲਤਾਨਪੁਰ ਲੋਧੀ ਟਿਕੇ ਹੋਏ ਸਨ। ਉਸ ਸਮੇਂ ਤਕ ਉਹਨਾਂ ਨੇ ਉਦਾਸੀਆਂ ਦਾ ਸਿਲਸਿਲਾ ਅਜੇ ਆਰੰਭ ਨਹੀਂ ਸੀ ਕੀਤਾ। ਇਸ ਦੌਰਾਨ ਉਹ ਪੰਜਾਬ ਤੋਂ ਬਾਹਰ ਵੀ ਨਹੀਂ ਗਏ ਅਤੇ ਨਾ ਹੀ ਭਗਤ ਕਬੀਰ ਜੀ ਵੱਲੋਂ ਪੰਜਾਬ ਆਉਣ ਬਾਰੇ ਕਿਸੇ ਵਿਦਵਾਨ ਨੇ ਲਿਖਿਆ ਹੈ। ਸਪੱਸ਼ਟ ਹੈ ਕਿ ਭਗਤ ਕਬੀਰ ਜੀ ਅਤੇ ਗੁਰੂ ਨਾਨਕ ਸਾਹਿਬ ਦਾ ਮੇਲ ਨਹੀਂ ਹੋਇਆ। ਇਸ ਲਈ ਭਗਤ ਕਬੀਰ ਜੀ ਨੂੰ ਗੁਰੂ ਨਾਨਕ ਸਾਹਿਬ ਦਾ 'ਗੁਰੂ' ਮੰਨਣਾ ਹਾਸੋਹੀਣੀ ਗੱਲ ਹੈ।

ਵੈਸੇ ਵੀ ਸਿੱਖ ਧਰਮ ਵਿਚ 'ਗੁਰੂ' ਦਾ ਸਿਧਾਂਤ ਭਗਤੀ ਲਹਿਰ ਦੀ ਗੁਰੂ-ਪਰੰਪਰਾ ਤੋਂ ਵੱਖਰਾ ਹੈ। ਸਿੱਖ ਧਰਮ ਵਿਚ ਗੁਰੂ-ਜੋਤਿ ਦੀ ਨਿਰੰਤਰਤਾ ਦਾ ਸਿਧਾਂਤ ਮੌਜੂਦ ਹੈ, ਜਿਸ ਵਿਚ ਗੁਰੂ-ਜੋਤਿ ਦਾ ਇਕ ਗੁਰੂ-ਸਰੀਰ ਤੋਂ ਦੂਸਰੇ ਵਿਚ ਪ੍ਰਵੇਸ਼ ਹੋਣਾ ਮੰਨਿਆ ਗਿਆ ਹੈ। ਇਸੇ ਸਿਧਾਂਤ ਅਧੀਨ ਗੁਰੂ ਸਾਹਿਬਾਨ ਵੱਲੋਂ ਇਕ ਗੁਰੂ ਤੋਂ ਦੂਜੇ ਨੂੰ ਗੁਰਿਆਈ ਸੌਂਪਣ ਦੀ ਪਰੰਪਰਾ ਰਹੀ ਹੈ। ਗੁਰੂ ਗ੍ਰੰਥ ਸਾਹਿਬ ਅਤੇ ਹੋਰ ਸਿੱਖ ਗ੍ਰੰਥਾਂ ਤੋਂ ਇਸ ਗੱਲ ਦੀ ਪੂਰੀ ਤਰ੍ਹਾਂ ਪੁਸ਼ਟੀ ਹੁੰਦੀ ਹੈ ਪਰ ਕਿਸੇ ਵੀ ਇਤਿਹਾਸਕ ਸੋਮੇ ਵਿਚ ਇਹ ਗੱਲ ਨਹੀਂ ਮਿਲਦੀ ਕਿ ਭਗਤ ਕਬੀਰ

ਜੀ ਨੇ ਗੁਰੂ ਨਾਨਕ ਸਾਹਿਬ ਨੂੰ ਗੁਰ-ਗੱਦੀ ਸੌਂਪੀ ਸੀ। ਗੁਰੂ-ਪਰੰਪਰਾ ਸੰਬੰਧੀ ਜ਼ਿਕਰ ਕਰਦਿਆਂ ਭਾਈ ਗੁਰਦਾਸ ਜੀ, ਸੱਤਾ, ਬਲਵੰਡ ਜਾਂ ਕਿਸੇ ਵੀ ਭੱਟ ਨੇ ਸੰਕੇਤ ਤਕ ਨਹੀਂ ਦਿੱਤਾ ਕਿ ਗੁਰੂ ਨਾਨਕ ਸਾਹਿਬ ਨੂੰ ਗੁਰੂ-ਜੋਤਿ ਦਾ ਅਧਿਕਾਰ ਅਥਵਾ ਗੁਰ-ਗੱਦੀ ਭਗਤ ਕਬੀਰ ਜੀ ਤੋਂ ਪ੍ਰਾਪਤ ਹੋਈ ਸੀ। ਇਕ ਹੋਰ ਗੱਲ, ਇਹਨਾਂ ਸਾਰਿਆਂ ਨੇ ਗੁਰੂ ਸਾਹਿਬਾਨ ਦੀ ਬੇਅੰਤ ਮਹਿਮਾ ਦਾ ਗਾਇਨ ਕੀਤਾ ਹੈ ਪਰ ਕਿਤੇ ਵੀ ਭਗਤ ਕਬੀਰ, ਸੱਯਦ ਹਸਨ ਜਾਂ ਮੁਰਾਦ ਦੀ ਮਹਿਮਾ ਨਹੀਂ ਗਾਈ।

ਜੇ ਉਪਰੋਕਤ ਚਰਚਾ-ਅਧੀਨ ਨਾਵਾਂ ਵਿਚੋਂ ਕੋਈ ਵੀ ਗੁਰੂ ਨਾਨਕ ਸਾਹਿਬ ਦਾ ਗੁਰੂ ਹੁੰਦਾ ਤਾਂ ਇਹ ਸੱਚ ਹੈ ਕਿ ਉਹਨਾਂ ਨੇ ਆਪਣੇ ਗੁਰੂ ਨੂੰ ਛੁਪਾਉਣਾ ਨਹੀਂ ਸੀ। ਗੁਰਬਾਣੀ ਵਿਚ ਗੁਰੂ ਨੂੰ ਛੁਪਾਉਣ ਵਾਲੇ ਨੂੰ ਚੰਗਾ ਨਹੀਂ ਸਮਝਿਆ ਗਿਆ :

ਜੋ ਗੁਰੁ ਗੋਪੇ ਆਪਣਾ ਸੁ ਭਲਾ ਨਾਹੀ ਪੰਚਹੁ ਓਨਿ ਲਾਹਾ ਮੂਲੁ ਸਭੁ ਗਵਾਇਆ ॥

(ਪੰਨਾ ੩੦੪)

ਗੁਰੂ ਨਾਨਕ ਸਾਹਿਬ ਨੇ ਤਾਂ ਸਗੋਂ ਗੱਜ-ਵੱਜ ਕੇ ਕਿਹਾ ਹੈ ਕਿ ਮੇਰਾ ਗੁਰੂ 'ਅਕਾਲ ਪੁਰਖ' ਹੈ। ਉਹਨਾਂ ਦੀ ਬਾਣੀ ਦੀਆਂ ਹੇਠ ਲਿਖੀਆਂ ਪੰਕਤੀਆਂ ਇਸ ਵਿਚਾਰ ਦੀ ਪੁਸ਼ਟੀ ਕਰਦੀਆਂ ਹਨ :

ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥
ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥ *(ਪੰਨਾ ੫੯੯)*
ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰ ਭਾਇਆ ॥ *(ਪੰਨਾ ੧੦੪੩)*
ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ ॥ *(ਪੰਨਾ ੮੭੮)*
ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ *(ਪੰਨਾ ੯੪੩)*

ਭਾਈ ਜੋਧ ਸਿੰਘ ਦਾ ਇਹ ਕਹਿਣਾ ਬਿਲਕੁਲ ਦਰੁਸਤ ਹੈ, ਜੇ ਕਬੀਰ ਜੀ ਉਹਨਾਂ ਦੇ ਗੁਰੂ ਹੁੰਦੇ ਤਾਂ ਉਹ ਸਾਫ਼ ਲਿਖਦੇ ਕਿ ਮੇਰੇ ਗੁਰੂ ਕਬੀਰ ਜੀ ਹਨ। ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਕਬੀਰ ਜੀ ਦੀ ਬਾਣੀ ਗੁਰੂ ਨਾਨਕ ਸਾਹਿਬ ਦੀ ਬਾਣੀ ਤੋਂ ਪਹਿਲਾਂ ਆਉਂਦੀ, ਜਦ ਕਿ ਮੌਜੂਦਾ ਤਰਤੀਬ ਅਨੁਸਾਰ ਉਹਨਾਂ ਦੀ ਬਾਣੀ ਗੁਰੂ ਸਾਹਿਬਾਨ ਦੀ ਬਾਣੀ ਤੋਂ ਬਾਅਦ ਆਉਂਦੀ ਹੈ। ਭਗਤ ਸਾਹਿਬਾਨ ਸਾਡੇ ਸਤਿਕਾਰ ਦੇ ਪਾਤਰ ਹਨ ਪਰ ਕਿਸੇ ਅਖੌਤੀ ਵਿਦਵਾਨ ਵੱਲੋਂ ਉਹਨਾਂ ਨੂੰ ਆਪਣੀ ਮਨੋਰਥ-ਸਿੱਧੀ ਲਈ ਹਵਾਲੇ ਵਜੋਂ ਵਰਤਣਾ ਉਹਨਾਂ ਦੀ ਭਾਰੀ ਤੌਹੀਨ ਅਤੇ ਘੋਰ ਬੇਇਨਸਾਫ਼ੀ ਹੈ।

ਮੁੱਕਦੀ ਗੱਲ ਤਾਂ ਇਹ ਹੈ ਕਿ ਜਦ ਗੁਰੂ ਨਾਨਕ ਸਾਹਿਬ ਖ਼ੁਦ ਅਕਾਲ ਪੁਰਖ ਨੂੰ ਆਪਣਾ ਗੁਰੂ ਮੰਨਦੇ ਹਨ ਤਾਂ ਇਸ ਸੰਬੰਧੀ ਕਿਸੇ ਭਰਮ-ਭੁਲੇਖੇ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ। 'ਪੁਰਾਤਨ ਜਨਮਸਾਖੀ' ਅਨੁਸਾਰ ਵੀ ਗੁਰੂ ਜੀ ਨੂੰ 'ਨਾਮ ਦਾ ਪਿਆਲਾ' (ਅਥਵਾ ਗੁਰ-ਦੀਖਿਆ) ਅਕਾਲ ਪੁਰਖ ਤੋਂ ਹੀ ਪ੍ਰਾਪਤ ਹੋਇਆ। ਨਿਰਸੰਦੇਹ ਉਹਨਾਂ ਦਾ ਗੁਰੂ 'ਅਕਾਲ ਪੁਰਖ' ਹੀ ਹੈ, ਕੋਈ ਹੋਰ ਦੇਹਧਾਰੀ ਮਨੁੱਖ ਨਹੀਂ। ਰਾਧਾ ਸੁਆਮੀਆਂ ਦੇ ਧਾਰਮਿਕ ਗੁਰੂ ਬਾਬਾ ਸਾਵਣ ਸਿੰਘ ਨੇ ਮੰਨਿਆ ਹੈ ਕਿ ਗੁਰੂ ਨਾਨਕ ਸਾਹਿਬ ਦਾ ਕੋਈ ਦੇਹਧਾਰੀ ਗੁਰੂ ਨਹੀਂ ਸੀ ਪਰ ਪਤਾ ਨਹੀਂ ਫਿਰ ਵੀ ਉਸ ਦਾ ਚੇਲਾ ਪ੍ਰੋ. ਪੂਰੀ ਇਸ ਭਰਮ-ਜਾਲ ਵਿਚ ਕਿਉਂ ਉਲਝ ਗਿਆ

ਹੈ? ਸ਼ਾਇਦ ਆਪਣੇ 'ਗੁਰੂ' ਨੂੰ ਛੜੱਪ ਜਾਣ ਦੀ ਇੱਛਾ ਜਾਪਦੀ ਹੈ।

ਕੁਝ ਹੋਰ ਹਲਕਿਆਂ ਵੱਲੋਂ 'ਸੰਤ ਰੇਣ' ਅਤੇ ਭਗਤ ਰਵਿਦਾਸ ਜੀ ਦੇ ਨਾਂ ਵੀ ਇਸ ਸੰਦਰਭ ਵਿਚ ਉਭਾਰਨ ਦੀ ਕੋਸ਼ਿਸ਼ ਹੋਈ ਹੈ। ਸਿੱਖ ਸੰਗਤਾਂ ਨੂੰ ਸੁਚੇਤ ਹੋਣ ਦੀ ਲੋੜ ਹੈ। ਕਿਸੇ ਗੁਰਮਤਿ ਵਿਰੋਧੀ ਲਿਖਤ 'ਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ।

ਹਵਾਲੇ ਅਤੇ ਟਿੱਪਣੀਆਂ

1. Dr. Ganda Singh (ed.), *The punjab Past and Present, Vol. III,* p. 19.
2. Indu Bhushan Banerjee, *Evolution of the Khalsa, Vol.* I, p. 73.
3. *ਸਿੱਖ ਇਤਿਹਾਸ,* ਪੰਨਾ 14.
4. *The Punjab Past and Present*, Vol. III, p. 342.
5. *Ibid.* (Punjabi Section), p. 59.

(11/1994)

ਗੁਰੂ ਨਾਨਕ ਦਾ ਫ਼ਲਸਫ਼ਾ

ਗੁਰੂ ਨਾਨਕ ਦਾ ਧਰਮ ਹੈ, ਉੱਘਾ ਵਿਚ ਜਹਾਨ।
ਕਿਉਂਕਿ ਸੱਚ ਆਚਾਰ ਹੈ, ਇਹਦੇ ਵਿਚ ਪਰਧਾਨ।
ਇਹ ਇਕ ਅਮਲੀ ਧਰਮ ਹੈ, ਸ਼ੁਭ ਗੁਣਾਂ ਦਾ ਤੱਤ।
ਉੱਚਾ ਅਤੇ ਮਹਾਨ ਹੈ, ਏਸੇ ਲਈ ਇਹ ਮੱਤ।
ਗੋਰਖ ਧੰਧਾ ਨਹੀਂ ਇਹ, ਨਾ ਗੁੰਝਲ ਇਸ ਵਿਚ।
ਸਿੱਧਾ ਸਾਦਾ ਪੱਧਰਾ, ਸਭ ਨੂੰ ਪਾਵੇ ਖਿੱਚ।
ਇਸ ਵਿਚ ਜੀਵਨ ਜੁਗਤ ਹੈ, ਇਸ ਵਿਚ ਗਿਆਨ ਭੰਡਾਰ।
ਇਸ ਦਾ ਅਸਰ ਸਰੂਪ ਹੈ, ਇਉਂ ਗੁਰਮਤਿ ਅਨੁਸਾਰ।
ਮਨ ਵਿਚ ਸੱਚ ਵਸਾ ਕੇ, ਕਰੋ ਸੱਚ ਦੀ ਕਾਰ।
ਸਿਰ ਤੋਂ ਝੂਠ ਪਖੰਡ ਦੀ, ਦੇਵੋ ਪੰਡ ਉਤਾਰ।
ਸਾਧ ਸੰਗਤ ਵਿਚ ਜਾ ਕੇ, ਬੈਠੋ ਨਾਲ ਧਿਆਨ।
ਕਰੋ ਵਿਚਾਰਾਂ ਇਕ ਹੋ, ਲੱਭੋ ਗੁਣ ਤੇ ਗਿਆਨ।
ਇਕੋ ਹੀ ਨਿਰੰਕਾਰ ਦੀ, ਕਰ ਕੇ ਸਿਫ਼ਤ-ਸਲਾਹ।
ਉੱਚੇ ਗਿਆਨ ਅਨੰਦ ਨੂੰ, ਲਵੋ ਸਵਰਗੋਂ ਲਾਹ।
ਦੁਬਿਧਾ ਕੱਢੋ ਦਿਲਾਂ 'ਚੋਂ, ਜੁੜੋ ਮਨੁੱਖਤਾ ਸੰਗ।
ਮਨ ਨੂੰ ਜਿੱਤ ਕੇ ਸਿੱਖ ਲਓ, ਜੀਊਣ ਮਰਨ ਦਾ ਢੰਗ।
ਹੱਥੀਂ ਕਰ ਕੇ ਵੰਡ ਛਕੋ, ਜਪੋ ਪ੍ਰਭੂ ਦਾ ਨਾਮ।
ਰੱਖੋ ਕਿਸੇ ਨੂੰ ਦਾਸ ਨਾ, ਬਣੋ ਨਾ ਕਦੇ ਗ਼ੁਲਾਮ।
ਸੇਵ ਕਰੋ, ਬੇਗ਼ਰਜ਼ ਹੋ, ਹਉਮੈ ਦੇਵੋ ਛੱਡ।
ਜਾਤ-ਪਾਤ ਦੇ ਭਰਮ ਤੋਂ, ਰਹੋ ਸਦਾ ਹੀ ਅੱਡ।
ਨਾਮ ਵਿਚ ਲਿਵਲੀਨ ਹੋ, ਜਪੋ ਸਵਾਸ-ਸਵਾਸ।
'ਆਸਾ ਮਾਹਿ ਨਿਰਾਸ ਹੋ' ਘਰ ਵਿਚ ਰਹੋ ਉਦਾਸ।
ਏਹੋ ਸਹਿਜ ਜੋਗ ਹੈ, ਗੁਰਮਤਿ ਗਾਡੀ ਰਾਹ।
ਇਸ 'ਤੇ ਚੱਲ ਕੇ ਮੁਕਤ ਹੋ, ਖੱਟੋ ਜੀਵਨ ਲਾਹ।
ਜਨਤਾ ਵਾਦੀ ਸਤਿਗੁਰੂ, ਨਾਨਕ ਇਕੋ ਇਕ।
ਸਹਿਜ ਰੂਪ ਵਿਚ ਕਵੀ ਜੋ, ਵੱਡਾ ਦਾਰਸ਼ਨਿਕ।

ਉਹਦੀ ਬਾਣੀ ਵਿਚ ਨੇ, ਜਿੰਨੇ ਵੀ ਸਿਧਾਂਤ।
ਬੜੇ ਸੰਖੇਪ ਸਪੱਸ਼ਟ ਨੇ, ਸੌਖੇ ਸਰਲ ਸੁਖਾਂਤ।
ਉੱਚੇ ਡੂੰਘੇ ਭਾਵ ਵੀ, ਦੱਸੇ ਹੈਨ ਸੁਖੈਨ।
ਜਨ-ਭਾਸ਼ਾ ਵਿਚ ਗਾਏ ਨੇ, ਮਿੱਠੇ-ਮਿੱਠੇ ਬੈਨ।
ਇਹ ਨਾਨਕ ਦਾ ਫ਼ਲਸਫ਼ਾ, ਸਿੱਖ ਧਰਮ ਦਾ ਅੰਗ।
ਜਿਸ ਨੂੰ ਗਿਆ ਹੈ ਰੱਖਿਆ, ਜੀਵਨ ਦੇ ਅੰਗ-ਸੰਗ।
ਇਹ ਹੈ ਸੱਚਾ ਫ਼ਲਸਫ਼ਾ, ਚੰਗਿਆਈਆਂ ਦੀ ਖਾਣ।
ਮਨੁੱਖਤਾ ਦੀ ਜਿੰਦ ਵਿਚ, ਇਹਦੇ ਹੈਨ ਪ੍ਰਾਣ।
ਕਵਿਤਾ ਵਾਂਗ ਸਦੀਵ ਇਹ, ਰਾਗ ਨਾਲ ਭਰਪੂਰ।
ਇਹ ਹੈ ਜਿਊਂਦਾ ਜਾਗਦਾ, ਊਚ-ਨੀਚ ਤੋਂ ਦੂਰ।
ਨਿਰਭਉ ਤੇ ਨਿਰਵੈਰ ਹੈ, ਸ਼ਰਧਾ ਵਾਂਗ ਅਡੋਲ।
ਆਮ ਸਾਧਾਰਨ ਜਨਾਂ ਲਈ, ਇਹਦੇ ਬਚਨ ਅਮੋਲ।
ਹਰ ਇਕ ਦੀ ਇਹ ਟੇਕ ਹੈ, ਸਭ ਲਈ ਸਾਂਝੀ ਥਾਂ।
ਇਹ ਨਾਨਕ ਦਾ ਫ਼ਲਸਫ਼ਾ, ਇਹਦਾ ਗੁਰਮਤਿ ਨਾਂ।

(ਸ. ਦਾਨ ਸਿੰਘ ਕੋਮਲ)

(11-1969)

ਭਾਈ ਮਰਦਾਨਾ ਜੀ

ਭਾਈ ਸਾਹਿਬ ਭਾਈ ਮਰਦਾਨਾ ਜੀ ਦਾ ਜਨਮ ਜਗਤ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਅਸਥਾਨ ਤਲਵੰਡੀ ਰਾਇ ਭੋਇ ਵਿਚ ਸੰਮਤ ੧੫੧੬ ਬਿਕ੍ਰਮੀ 'ਚ ਹੋਇਆ। ਭਾਈ ਸਾਹਿਬ ਗੁਰੂ ਨਾਨਕ ਸਾਹਿਬ ਦੀ ਅਗੰਮੀ ਛੋਹ ਪ੍ਰਾਪਤ ਕਰਦੇ, ਜਨਮ-ਮਰਨ ਤੋਂ ਰਹਿਤ ਹੋਏ। ਭਾਈ ਸਾਹਿਬ ਜੀ ਨੇ ਅੰਤਿਮ ਸੁਆਸ ਗੁਰੂ ਨਾਨਕ ਸਾਹਿਬ ਦੇ ਪਾਵਨ ਹੱਥਾਂ 'ਚ ੧੩ ਮੱਘਰ ਸੰਮਤ ੧੫੯੧ ਮੁਤਾਬਿਕ 11 ਨਵੰਬਰ, 1534 ਈ. ਅਫ਼ਗਾਨਿਸਤਾਨ ਦੇ ਕੁਰਮ ਨਗਰ ਵਿਚ ਲਏ। ਅੰਤਿਮ ਸੰਸਕਾਰ ਆਦਿ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥੀਂ ਕੀਤਾ। ਅਸੀਂ ਇਥੇ ਭਾਈ ਸਾਹਿਬ ਦੇ ਸੰਸਾਰਿਕ ਜੀਵਨ ਬਾਰੇ ਘੱਟ ਤੇ ਰੱਬੀ ਨੂਰ, ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਬਿਤਾਏ ਜੀਵਨ ਦੀ ਗੱਲ ਵਧੇਰੇ ਕਰਾਂਗੇ।

ਸ੍ਰੀ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਬਾਲ ਸਖਾਈ ਮਿੱਤਰਤਾ ਨੂੰ ਅੰਤਮ ਸਾਹ ਤੀਕ ਨਿਭਾਉਂਦੇ, ਸਦੀਵੀ ਸੱਜਣਤਾਈ ਸਥਾਪਤ ਕਰਦੇ ਹੋਏ ਨਵੇਂ ਕੀਰਤੀਮਾਨ ਦੀ ਸਿਰਜਣਾ ਕਰਦੇ ਹਨ। ਅਜਿਹੀ ਮਿੱਤਰਤਾ, ਸਨੇਹ, ਪਿਆਰ, ਮੁਹੱਬਤ ਦੀ ਮਿਸਾਲ ਦੁਰਲੱਭ ਹੋਵੇਗੀ। ਬਿਖੜੇ ਪੈਂਡਿਆਂ ਦੇ ਪਾਂਧੀ, ਜਗਤ ਸੁਧਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਤੀ ਭਾਈ ਮਰਦਾਨਾ ਜੀ ਦੀ ਨਿਮਰਤਾ, ਸਮਰਪਣ ਭਾਵਨਾ, ਇੱਛਾ-ਸ਼ਕਤੀ, ਦ੍ਰਿੜ੍ਹਤਾ, ਉਦਾਰਤਾ, ਤਿਆਗ, ਸਬਰ, ਸੰਤੋਖ, ਸੰਜਮ, ਸਹਿਜ, ਸਦਭਾਵਨਾ ਤੇ ਸਾਂਝ-ਮੁਹੱਬਤ ਤੋਂ ਪ੍ਰਤੱਖ ਹੈ, ਮੁਹੱਬਤ ਦਾ ਸਫ਼ਰ। ਮਰਦਾਨਾ ਜੀ ਮੁਹੱਬਤ ਦੇ ਇਸ ਸਫ਼ਰ ਦੌਰਾਨ 'ਭਾਈ' ਬਣ ਗਿਆ—ਜਗਤ ਗੁਰੂ ਨਾਨਕ ਦੇਵ ਜੀ ਤੇ ਸਮੁੱਚੀ ਸਿੱਖ ਕੌਮ ਦਾ। ਸਫ਼ਰਾਂ ਦੇ ਅਰੰਭ ਤੋਂ ਬਾਅਦ ਫਿਰ ਕਦੇ ਪਿੱਛੇ ਮੋਢਾ ਨਹੀਂ ਫੇਰਿਆ, ਬਲਕਿ ਭਾਈ ਮਰਦਾਨਾ ਜੀ ਨੇ ਫ਼ਰਸ਼ ਤੋਂ ਅਰਸ਼ ਤੀਕ ਦਾ ਸਫ਼ਰ ਸਹਿਜਤਾ ਨਾਲ ਸਫਲਤਾ-ਪੂਰਵਕ ਸੰਪੂਰਨ ਕੀਤਾ।

ਸਾਡੇ ਬਹੁਤ ਸਾਰੇ ਅਗਿਆਨੀ ਪ੍ਰਚਾਰਕਾਂ ਨੇ ਭਾਈ ਸਾਹਿਬ ਭਾਈ ਮਰਦਾਨਾ ਜੀ ਬਾਰੇ ਨਾ ਪੜ੍ਹਿਆ ਤੇ ਨਾ ਹੀ ਅਨੋਖੇ ਸਫ਼ਰਾਂ ਦੇ ਰੂਹਾਨੀ ਸਾਥੀਆਂ ਦੀ ਮੁਹੱਬਤ ਨੂੰ ਮਹਿਸੂਸ ਕੀਤਾ। ਭਾਵੇਂ ਕਿ ਇਨ੍ਹਾਂ ਦੇ ਹਾਸੇ-ਮਜ਼ਾਕ ਨਾਲ ਭਾਈ ਮਰਦਾਨਾ ਜੀ ਦੀ ਲਾਸਾਨੀ ਸ਼ਖ਼ਸੀਅਤ ਨੂੰ ਕੋਈ ਫ਼ਰਕ ਨਹੀਂ ਪੈਣਾ। ਗੁਰਮਤਿ ਸੰਗੀਤ ਪੱਧਤੀ ਤੇ ਪਰੰਪਰਾ ਦਾ ਨਿਕਾਸ, ਵਿਕਾਸ ਤੇ ਵਿਗਾਸ ਭਾਈ ਮਰਦਾਨਾ ਜੀ ਦੀ ਰਬਾਬ ਨਾਲ ਆਰੰਭ ਹੁੰਦਾ ਹੈ। ਰੱਬੀ-ਰਬਾਬੀ ਅਤੇ ਗੁਰ-ਘਰ ਦੇ ਮੂਲ ਕੀਰਤਨੀਏ ਨੂੰ ਜਿਤਨਾ ਵੀ ਮਾਣ-ਸਤਿਕਾਰ ਦੇਈਏ, ਓਨਾ ਹੀ ਥੋੜ੍ਹਾ ਹੈ।

ਸੜਦੀ-ਬਲਦੀ ਲੋਕਾਈ ਦੀ ਚਿੰਤਾ ਬਾਰੇ ਗੁਰੂ ਨਾਨਕ ਸਾਹਿਬ ਹਰ ਸਮੇਂ ਡੂੰਘੇ ਚਿੰਤਨ ਵਿਚ ਲਿਵਲੀਨ ਰਹਿੰਦੇ। ਦੁਖੀਆਂ-ਦਰਦਮੰਦਾਂ ਦੀ ਸਾਰ ਲੈਣ ਵਾਸਤੇ ਸ੍ਰੀ ਗੁਰੂ ਨਾਨਕ ਦੇਵ

ਜੀ ਤੇ ਭਾਈ ਮਰਦਾਨਾ ਜੀ ਦੀ ਕਰਤਾਰੀ ਜੋੜੀ ਆਪ ਕਸ਼ਟ ਸਹਾਰ, ਲੋਕਾਈ ਦੇ ਕਸ਼ਟ ਨਿਵਾਰਨ ਲਈ ਨਿਰੰਤਰ ਤਤਪਰ ਰਹੀ। ਸਾਖੀਕਾਰਾਂ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਸਦੀਵੀ ਸਾਥੀ ਦੇ ਚਰਨ ਪਰਸ ਤੇ ਇਲਾਹੀ ਦੀਦਾਰ ਕਰ ਕੇ ਲੋਕ ਖੁਸ਼ ਤੇ ਨਿਹਾਲ ਹੁੰਦੇ ਸਨ।

ਸੁਲਤਾਨਪੁਰ ਦੇ ਮੋਦੀ ਗੁਰੂ ਨਾਨਕ ਸਾਹਿਬ ਜਦ ਸੰਸਾਰ ਦੇ ਮੋਦੀ ਬਣ ਵਿਚਰਨ ਲੱਗੇ ਤਾਂ ਨਿਰੰਤਰ ਸਾਥ ਨਿਭਾਇਆ ਭਾਈ ਮਰਦਾਨਾ ਜੀ ਨੇ। ਦੇਸ਼-ਦੇਸ਼ਾਂਤਰ 'ਚ ਵਿਚਰ ਕੇ ਲੋਕਾਈ ਦੇ ਦਰਦ ਨੂੰ ਨੇੜਿਓਂ ਤੱਕਿਆ ਤੇ ਦੂਰ ਕੀਤਾ, ਗੁਰੂ ਨਾਨਕ ਦੇਵ ਜੀ ਨੇ। ਇਕ ਪਰਮਾਤਮਾ ਦੀ ਇਬਾਦਤ ਦੇ ਸੰਦੇਸ਼, ਸੁਕ੍ਰਿਤ ਕਰਨ ਤੇ ਮਾਨਵਤਾ ਦੇ ਭਲੇ ਲਈ ਵੰਡ ਛਕਣ ਦੀ ਪਿਰਤ ਪਾਈ, ਬਾਬੇ ਨਾਨਕ ਨੇ। ਜਾਤਾਂ-ਪਾਤਾਂ, ਵਹਿਮਾਂ-ਭਰਮਾਂ, ਛੂਤ-ਛਾਤ ਦਾ ਭਰਮ ਦੂਰ ਕਰਨ ਲਈ ਬਤੌਰ ਰਬਾਬੀ ਭਾਈ ਮਰਦਾਨਾ ਜੀ ਨੂੰ ਸਫ਼ਰਾਂ ਦਾ ਸਾਥੀ ਬਣਾਇਆ, ਗੁਰੂ ਨਾਨਕ ਸਾਹਿਬ ਨੇ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨਿੰਨ ਸਿੱਖ ਸਨ ਭਾਈ ਮਰਦਾਨਾ ਜੀ, ਇਸ ਸ਼ਰਧਾ ਪ੍ਰੇਮ ਕਾਰਨ ਹੀ ਸਭ ਤੋਂ ਪਹਿਲਾਂ 'ਭਾਈ' ਪਦਵੀ ਦੇ ਅਧਿਕਾਰੀ ਬਣੇ। ਬਿਹਾਗੜੇ ਦੀ ਵਾਰ ਵਿਚ ਭਾਈ ਮਰਦਾਨਾ ਜੀ ਦੇ ਨਾਂ 'ਤੇ ਦੋ ਸਲੋਕ ਅੰਕਿਤ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰਤ ਬਾਣੀਕਾਰ ਹਨ ਭਾਈ ਮਰਦਾਨਾ ਜੀ। ਮਰਦਾਨੇ ਦਾ ਅਰਥ 'ਸੂਰਮਾ' ਵੀ ਗੁਰਬਾਣੀ ਵਿਚ ਆਇਆ। ਜਿਵੇਂ 'ਸੋਈ ਮਰਦੁ ਮਰਦੁ ਮਰਦਾਨਾ॥' ਅਸਲ ਵਿਚ ਭਾਈ ਮਰਦਾਨਾ ਜੀ ਸੂਰਬੀਰ ਬਚਨ ਦੇ ਬਲੀ ਸਨ, ਜੋ ਗੁਰੂ ਨਾਨਕ ਦੇਵ ਜੀ ਨਾਲ ਮਰਦਾਂ ਵਾਂਗ ਕੀਤੇ ਬਚਨ ਅਖੀਰ ਤੀਕ ਨਿਭਾ ਗਏ। ਭਾਈ ਮਰਦਾਨਾ ਜੀ ਐਸੀ ਮਹਾਨ ਸ਼ਖ਼ਸੀਅਤ ਸਨ, ਜੋ ਆਪਣੇ ਆਪ ਨੂੰ ਮਜ਼ਾਕ ਦਾ ਪਾਤਰ ਬਣਾ ਕੇ ਵੀ ਗੁਰਮਤਿ ਦੇ ਗੁਹਜ ਭੇਦਾਂ-ਰਹੱਸ ਨੂੰ ਪ੍ਰਤੱਖ ਕਰਦੇ ਹਨ। ਗੁਰਮਤਿ ਵਿਚਾਰਧਾਰਾ, ਪਰੰਪਰਾ ਨਾਲ ਸੰਬੰਧਿਤ ਬਹੁਤ ਸਾਰੇ ਰਹੱਸ ਭਾਈ ਮਰਦਾਨਾ ਜੀ ਰਾਹੀਂ ਹੀ ਪ੍ਰਗਟ ਹੋਏ ਹਨ। ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ 'ਮਰਦਾਨਾ' ਸ਼ਬਦ ਬੜੇ ਸਤਿਕਾਰ ਨਾਲ ਅੰਕਿਤ ਕੀਤਾ ਹੈ:

ਭਲਾ ਰਬਾਬ ਵੰਜਾਇਦਾ ਮਜਲਸ ਮਰਦਾਨਾ ਮੀਰਾਸੀ। (ਵਾਰ ੧੧:੧੩)

ਧੁਰ ਕੀ ਰੱਬੀ ਬਾਣੀ ਨੂੰ ਰਬਾਬ ਨਾਲ ਗਾਇਨ ਕਰਨ ਸਦਕਾ ਹੀ ਭਾਈ ਮਰਦਾਨਾ ਜੀ ਗੁਰੂ-ਘਰ ਦੇ ਰਬਾਬੀ ਅਤੇ ਰਬਾਬੀ ਪਰੰਪਰਾ ਦੇ ਮੋਢੀ ਸਦਵਾਏ।

ਸੰਸਾਰ ਦਾ ਸਭ ਤੋਂ ਵੱਧ ਖ਼ੁਸ਼ਕਿਸਮਤ ਮਾਨਵ ਸੀ ਭਾਈ ਮਰਦਾਨਾ। ਭਾਈ ਮਰਦਾਨਾ ਬੜਾ ਤਕਦੀਰ ਵਾਲਾ, ਖ਼ੁਸ਼ਕਿਸਮਤ ਸੀ, ਜਿਸ ਨੂੰ ਜਗਤ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਿਆਰ, ਮੁਹੱਬਤ, ਦੋਸਤੀ, ਪ੍ਰਾਪਤ ਹੋਈ। ਸ੍ਰੀ ਗੁਰੂ ਨਾਨਕ ਦੇਵ ਜੀ ਬ੍ਰਹਿਮੰਡੀ ਸ਼ਖ਼ਸੀਅਤ ਸਨ, ਜੋ ਸਮੇਂ-ਸਥਾਨ ਦੀਆਂ ਸੀਮਾਵਾਂ ਤੋਂ ਸੁਤੰਤਰ ਸਨ। ਭਾਈ ਮਰਦਾਨਾ ਵੀ ਸਾਥੀ ਵਜੋਂ ਨਾਲ ਰਹਿ ਕੇ ਜਾਤ, ਧਰਮ, ਖੇਤਰ, ਰੰਗ ਨਸਲ ਦੀਆਂ ਦੀਵਾਰਾਂ ਨੂੰ ਤੋੜਦਾ ਹੋਇਆ ਸਾਗਰ ਰੂਪ ਹੋ ਗਿਆ। ਵੇਈਂ ਪ੍ਰਵੇਸ਼ ਉਪਰੰਤ ਜਗਤ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਸੰਕੇਤਕ-ਸੰਖੇਪ ਉਦੇਸ਼ ਤੇ ਸੰਦੇਸ਼ 'ਨਾ ਕੋਈ ਹਿੰਦੂ ਨ ਮੁਸਲਮਾਨ' ਮਾਨਵਤਾ ਨੂੰ ਦਿੱਤਾ ਸੀ, ਦਾ ਹੀ

ਅਮਲੀ ਪ੍ਰਗਟਾਅ ਭਾਈ ਮਰਦਾਨਾ ਜੀ ਨੇ ਵੀ ਗੁਰੂ ਜੀ ਦਾ ਸੰਗ-ਸਾਥ ਨਿਭਾਉਂਦਿਆਂ ਕੀਤਾ।

ਭਾਈ ਮਰਦਾਨਾ ਜੀ ਨੇ ਘਰ-ਪਰਿਵਾਰ, ਬੱਚਿਆਂ, ਸਾਕ-ਸੰਬੰਧੀਆਂ ਦਾ ਵਿਛੋੜਾ ਝੱਲਿਆ, ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਾਥ ਨਿਭਾਉਣ ਖਾਤਰ, ਜਿਸ ਦੌਰਾਨ ਪੱਥਰ-ਦਿਲ ਮੋਮ ਬਣਦੇ, ਚੋਰ, ਠੱਗ ਤੇ ਰਾਖਸ਼, ਸਾਧ, ਪ੍ਰਚਾਰਕ ਤੇ ਦੇਵਤੇ ਬਣਦੇ ਤੱਕੇ। ਭਾਈ ਮਰਦਾਨਾ ਜੀ ਨੇ ਬਾਬਰ ਦੇ ਹਮਲੇ ਸਮੇਂ ਭਾਰਤੀ ਲੋਕਾਂ ਦੀ ਹੋਈ ਦੁਰਦਸ਼ਾ ਨੂੰ ਅੱਖੀਂ ਤੱਕਿਆ। ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ ਸੱਚ ਸੁਨੇਹੇ ਨੂੰ ਕੰਨੀਂ ਸੁਣਿਆ। ਤਲਵੰਡੀ ਰਾਇ ਭੋਇ, ਸੁਲਤਾਨਪੁਰ ਲੋਧੀ, ਐਮਨਾਬਾਦ, ਚਹੁੰ-ਖੰਡਾਂ ਦੇ ਭ੍ਰਮਣ ਸਮੇਂ ਗੁਰੂ ਜੀ ਦੇ ਸਾਥ ਨੂੰ ਮਾਣਿਆ, ਤੰਗੀਆਂ-ਤੁਰਛੀਆਂ ਨੂੰ ਪਿੰਡੇ ਹੰਢਾਇਆ, ਬਿਖੜੇ ਪੈਂਡੇ ਤੈਅ ਕੀਤੇ ਤੇ ਅੰਤ 'ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ' ਮੁਤਾਬਕ ਜੀਵਨ ਯਾਤਰਾ ਸਫਲ ਕਰ ਗਏ। ਜੰਗਲਾਂ, ਪਹਾੜਾਂ, ਮਾਰੂਥਲਾਂ, ਬਸਤੀਆਂ, ਸ਼ਹਿਰਾਂ, ਵੱਖ-ਵੱਖ ਰਾਜਾਂ, ਦੇਸ਼ਾਂ, ਦਰਿਆਵਾਂ, ਝੀਲਾਂ, ਝਰਨਿਆਂ, ਉਜਾੜਾਂ, ਬੀਆਂ-ਬਾਨਾਂ, ਬਾਗ਼ਾਂ-ਬਹਾਰਾਂ, ਹੁਮਸਾਂ, ਤਪਸ਼ਾਂ, ਕੱਕਰਾਂ, ਗਰਮੀਆਂ, ਸਰਦੀਆਂ, ਭੁੱਖਾਂ, ਤਰੇਹਾਂ, ਚੋਰਾਂ, ਠੱਗਾਂ, ਰਾਖਸ਼ਾਂ, ਦੈਂਤਾਂ, ਦੇਵਤਿਆਂ, ਰਾਜਿਆਂ, ਗ਼ਰੀਬ,-ਗੁਰਬਿਆਂ, ਕਿਰਤੀਆਂ ਆਦਿ ਅਨੇਕਾਂ ਲੋਕਾਂ ਨਾਲ ਵੱਖ-ਵੱਖ ਸਮਿਆਂ ਤੇ ਪ੍ਰਸਥਿਤੀਆਂ 'ਚ ਮੇਲ-ਮਿਲਾਪ ਹੋਇਆ, ਪਰ ਭਾਈ ਮਰਦਾਨਾ ਜੀ ਗੁਰੂ ਕਿਰਪਾ ਸਦਕਾ ਹਰ ਸਮੇਂ ਸਹਿਜ, ਸਤਿ, ਸਬਰ, ਸੰਤੋਖ, ਧੀਰਜ ਦੇ ਧਾਰਨੀ ਰਹੇ। ਦਹਾਕਿਆਂ ਦੇ ਸਫ਼ਰ ਦੌਰਾਨ ਕਿਧਰੇ ਵੀ ਕੋਈ ਮਿੱਤਰਤਾ 'ਚ ਦੂਰੀ-ਦੁਫੇੜ ਨਜ਼ਰ ਨਹੀਂ ਆਉਂਦੀ :

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ (ਪੰਨਾ ੭੪੯)

ਦੇ ਪਾਵਨ ਵਾਕ ਅਨੁਸਾਰ ਭਾਈ ਮਰਦਾਨਾ ਜੀ ਜੀਵਨ-ਮੁਕਤ ਹੋ ਗਏ। ਕਰਤਾਰ ਕਰਤਾਰ ਕਰਦੇ ਭਾਈ ਮਰਦਾਨਾ ਜੀ ਕਰਤਾਰ 'ਚ ਅਭੇਦ ਹੋ ਗਏ। ਬੂੰਦ ਸਾਗਰ 'ਚ ਮਿਲ ਕੇ ਸਾਗਰ ਰੂਪ ਹੋ ਗਈ। ਜਦ, ਜਿੱਥੇ ਵੀ ਗੁਰੂ ਨਾਨਕ ਸਾਹਿਬ ਬਾਰੇ ਵਿਚਾਰ-ਚਰਚਾ ਹੋਵੇਗੀ, ਉਥੇ ਭਾਈ ਮਰਦਾਨਾ ਜੀ ਵੀ ਨਾਲ ਖੜੇ ਮਿਲਣਗੇ। ਮੈਨੂੰ ਮਹਿਸੂਸ ਹੁੰਦਾ ਹੈ ਕਿ ਲੰਮੇ ਸਫ਼ਰਾਂ ਦੀ ਸੰਗਤ ਸਦਕਾ ਭਾਈ ਮਰਦਾਨਾ ਜੀ ਦੀ ਜ਼ੁਬਾਨ 'ਤੇ ਕੇਵਲ ਦੋ ਸ਼ਬਦ ਹੀ ਹੋਣਗੇ—'ਸਤਿ ਬਚਨ' ਅਤੇ 'ਸਤਿ ਕਰਤਾਰ'।

ਬੇਬੇ ਨਾਨਕੀ ਜੀ

ਬੇਬੇ ਨਾਨਕੀ ਕੇਵਲ ਗੁਰੂ ਨਾਨਕ ਸਾਹਿਬ ਦੀ ਵੱਡੀ ਭੈਣ ਹੀ ਨਹੀਂ ਸੀ, ਸਗੋਂ ਸ੍ਰੀ ਗੁਰੂ ਨਾਨਕ ਦੇਵ ਜੀ 'ਤੇ ਵਿਸ਼ਵਾਸ ਲਿਆਉਣਾ ਅਤੇ ਉਹਨਾਂ ਦੇ ਧਰਮ ਨੂੰ ਸਭ ਤੋਂ ਪਹਿਲੇ ਧਾਰਨ ਕਰਨ ਵਾਲੀ ਵੀ ਬੇਬੇ ਨਾਨਕੀ ਹੀ ਸੀ। ਬੇਬੇ ਨਾਨਕੀ ਦਾ ਗੁਰੂ ਨਾਨਕ ਸਾਹਿਬ ਦੇ ਜੀਵਨ ਨਾਲ ਅਤਿ ਨਿਕਟਤਾ ਵਾਲਾ ਸੰਬੰਧ ਰਿਹਾ। ਉਹ ਕੇਵਲ ਉਹਨਾਂ ਦੀ ਭੈਣ ਜੀ ਹੀ ਨਹੀਂ ਸਨ, ਸਗੋਂ ਉਹਨਾਂ ਦੇ ਸਲਾਹਕਾਰ, ਪਾਲਣ-ਪੋਸਣ ਕਰਨ ਵਾਲੇ ਮਾਤਾ ਸਮਾਨ, ਵੀਰ ਨਾਨਕ ਦੇ ਦਿਲ ਦੀਆਂ ਜਾਨਣ ਵਾਲੇ, ਉਸ ਦੇ ਦੁੱਖਾਂ-ਸੁੱਖਾਂ ਦੇ ਭਾਈਵਾਲ ਅਤੇ ਵੀਰ ਦੀ ਗ਼ੈਰ-ਹਾਜ਼ਰੀ ਵਿਚ ਉਸ ਦੇ ਪਰਿਵਾਰ ਦੀ ਸਾਂਭ-ਸੰਭਾਲ ਕਰਨ ਵਾਲੇ ਵੀ ਸਨ। ਬੇਬੇ ਨਾਨਕੀ ਦਾ ਸਿੱਖ-ਇਤਿਹਾਸ ਵਿਚ ਸਰੇਸ਼ਠ ਸਥਾਨ ਹੈ।

ਬੇਬੇ ਨਾਨਕੀ ਜੀ ਦੇ ਪਿਤਾ ਦਾ ਨਾਮ ਮਹਿਤਾ ਕਾਲੂ ਜੀ ਤੇ ਮਾਤਾ ਜੀ ਦਾ ਨਾਮ ਤ੍ਰਿਪਤਾ ਜੀ ਸੀ। ਮਾਤਾ ਤ੍ਰਿਪਤਾ ਜੀ ਦਾ ਪੇਕਾ ਪਿੰਡ ਚਾਹਲ, ਤਹਿਸੀਲ-ਜ਼ਿਲ੍ਹਾ ਲਾਹੌਰ ਸੀ ਜਦੋਂ ਕਿ ਮਹਿਤਾ ਕਲਿਆਣ ਦਾਸ ਜੀ ਦਾ ਜੱਦੀ ਪਿੰਡ ਡੇਹਰਾ ਜਾਮਾ ਰਾਏ ਤਹਿਸੀਲ ਤਰਨ ਤਾਰਨ ਜ਼ਿਲ੍ਹਾ ਅੰਮ੍ਰਿਤਸਰ ਸੀ। ਕਲਿਆਣ ਦਾਸ ਜੀ ਦੇ ਪਿਤਾ ਸ਼ਿਵ ਰਾਮ ਜੀ ਇਸ ਪਿੰਡ ਦੇ ਵਸੀਨਕ ਸਨ, ਪਰ ਕਲਿਆਣ ਦਾਸ ਜੀ ਮਹਿਕਮਾ ਮਾਲ ਵਿਚ ਪਟਵਾਰੀ ਲੱਗ ਕੇ ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਜ਼ਿਲ੍ਹਾ ਸ਼ੇਖ਼ੂਪੁਰੇ ਵਿਚ ਆ ਗਏ ਤੇ ਰਾਏ ਬੁਲਾਰ ਪਾਸ ਨੌਕਰੀ ਕਰਦੇ ਰਹੇ। ਉਹਨਾਂ ਦੇ ਛੋਟੇ ਭਰਾ ਲਾਲ ਚੰਦ ਆਪਣੇ ਜੱਦੀ ਪਿੰਡ ਜਾਮਾ ਰਾਏ ਹੀ ਰਹੇ। ਪੰਜਾਬ ਦੇ ਪਿੰਡਾਂ ਵਿਚ ਪੁਰਾਣਾ ਰਿਵਾਜ ਹੈ ਕਿ ਪਹਿਲੇ ਜਣੇਪੇ ਸਮੇਂ ਲੜਕੀ ਆਪਣੇ ਪੇਕੇ ਚਲੀ ਜਾਂਦੀ ਹੈ। ਇਸੇ ਤਰ੍ਹਾਂ ਆਪਣੇ ਪਹਿਲੇ ਬੱਚੇ ਸਮੇਂ ਬੀਬੀ ਤ੍ਰਿਪਤਾ ਜੀ ਆਪਣੇ ਪੇਕੇ ਪਿੰਡ 'ਚਾਹਲ' ਆਈ ਹੋਈ ਸੀ, ਜਿਥੇ ਸੰਮਤ ੧੫੨੧ ਮੁਤਾਬਕ 1464 ਈਸਵੀ ਨੂੰ ਉਸ ਦੇ ਘਰ ਵਿਚ ਇਕ ਬੱਚੀ ਨੇ ਜਨਮ ਲਿਆ। ਬੱਚੀ ਦਾ ਜਨਮ ਨਾਨਕੇ ਪਿੰਡ ਹੋਣ ਕਰਕੇ ਉਸ ਦਾ ਨਾਂ 'ਨਾਨਕੀ' ਪੈ ਗਿਆ। ਇਹੋ ਭਾਗਾਂ ਵਾਲੀ ਨਾਨਕੀ ਸੀ ਜਿਸ ਨੇ ਘਰ ਦੇ ਸਾਰੇ ਜੀਆਂ ਦਾ ਪਿਆਰ ਮਾਣਿਆ। ਪਿਤਾ ਜੀ (ਮਹਿਤਾ ਕਾਲੂ) ਦਾ ਸੁਭਾਅ ਕੁਝ ਕਰੜਾ ਸੀ। ਇਸ ਗੱਲ ਨੂੰ ਜਾਣਦਿਆਂ ਹੋਇਆਂ ਬੇਬੇ ਨਾਨਕੀ ਦਾ ਚਾਚਾ ਮਹਿਤਾ ਲਾਲ ਚੰਦ ਆਪ ਬਾਲੜੀ ਨਾਨਕੀ ਦੇ ਚਾਅ ਮਲ੍ਹਾਰ ਕਰਨ ਲਈ ਰਾਇ ਭੋਇ ਕੀ ਤਲਵੰਡੀ ਆਇਆ ਜਦੋਂ ਤ੍ਰਿਪਤਾ ਜੀ ਸਵਾ ਮਹੀਨੇ ਪਿੱਛੋਂ ਪਲੇਠੀ-ਜਾਈ ਲੈ ਕੇ ਪੇਕਿਉਂ ਤਲਵੰਡੀ ਆ ਗਈ ਸੀ। ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਸਮੇਂ ਬੇਬੇ ਨਾਨਕੀ ਜੀ ਦੀ ਉਮਰ ਲਗਭਗ ਪੰਜ ਸਾਲ ਸੀ।

ਕਰਤਾ 'ਮਹਾਨ ਕੋਸ਼' ਅਨੁਸਾਰ 'ਨਾਨਕ' ਦੇ ਅਰਥ ਹਨ, 'ਦਵੈਤ ਤੋਂ ਰਹਿਤ, ਅਦਵੈਤ

ਰੂਪ'। ਜੇ ਨਾਨਕ ਨਾਮ ਦੀ ਆਪਣੀ ਵਿਲੱਖਣਤਾ ਹੈ ਤਾਂ 'ਨਾਨਕੀ' ਵੀ ਆਮ ਕੁੜੀਆਂ ਵਰਗੀ ਕੁੜੀ ਨਹੀਂ ਸੀ। ਉਹ ਬੜੇ ਗੰਭੀਰ ਸੁਭਾਅ ਦੀ ਸੀ। ਭਾਵੇਂ ਉਹ ਪੇਕੇ ਘਰ ਰਹੀ ਜਾਂ ਵਿਆਹ ਤੋਂ ਪਿੱਛੋਂ ਸੁਲਤਾਨਪੁਰ ਆਪਣੇ ਪਤੀ ਜੈ ਰਾਮ ਜੀ ਪਾਸ, ਉਸ ਨੇ ਆਪਣੇ ਫ਼ਰਜ਼ਾਂ ਦੀ ਪਾਲਣਾ ਬੜੇ ਸੋਹਣੇ ਢੰਗ ਨਾਲ ਕੀਤੀ। ਮਾਪਿਆਂ ਦੇ ਘਰ ਰਹਿ ਕੇ, ਵਿਆਹ ਤੋਂ ਪਹਿਲਾਂ ਉਸ ਨੇ ਆਪਣੇ ਸੋਹਣੇ ਵੀਰ ਦੇ ਬਚਪਨ ਦੇ ਕੌਤਕ ਵੇਖੇ। ਉਹ 'ਨਾਨਕ-ਵੀਰ' ਤੇ 'ਨਾਨਕ-ਗੁਰੂ' ਨੂੰ ਦਿਲ ਦੀਆਂ ਡੂੰਘਾਈਆਂ ਤੋਂ ਵੇਖ ਕੇ ਬਲਿਹਾਰ ਹੁੰਦੀ ਸੀ। ਉਹ ਆਪਣੇ ਨੂਰੀ-ਮੁਖੜੇ ਵਾਲੇ ਵੀਰੇ ਨੂੰ ਲਾਡ-ਲਡਾਂਦੀ, ਕੁਛੜ ਚੁੱਕ ਕੇ ਖਿਡਾਂਦੀ, ਆਂਢ-ਗੁਆਂਢ ਵਿਚ ਲੈ ਲੈ ਜਾਂਦੀ। ਜਦੋਂ ਪਲ-ਛਿਨ ਲਈ ਵੀਰ ਨਾ ਦਿੱਸਦਾ ਤਾਂ ਤਰਲੋ-ਮੱਛੀ ਹੁੰਦੀ ਆਵਾਜ਼ਾਂ ਮਾਰਦੀ, 'ਵੀਰ ਨਾਨਕ', ਨਾਨਕ ਵੀਰ ਕਿਥੇ ਵੇਂ?' ਜਦੋਂ ਉਸ ਦਾ ਵੀਰ ਪਾਂਧੇ ਪਾਸ ਪੜ੍ਹਨ ਗਿਆ, ਜਦੋਂ ਵੀਰ ਨੇ ਮੱਝੀਆਂ ਚਾਰੀਆਂ, ਜਦੋਂ ਵੀਰ ਦੇ ਮੱਥੇ 'ਤੇ ਨਾਗ ਨੇ ਛਾਂ ਕੀਤੀ, ਜਦੋਂ ਨਾਨਕ ਵੀਰ ਨੇ ਪੈਲੀ ਬੀਜੀ, ਜਦੋਂ ਵੀਰ ਨਾਨਕ ਨੇ ਖਰਾ ਸੌਦਾ ਕੀਤਾ ਤਾਂ ਭੈਣ ਨਾਨਕੀ ਸਭ ਕਉਤਕ ਵੇਖਦੀ ਰਹਿੰਦੀ ਤੇ ਵੀਰ ਦੇ ਵਾਰਨੇ ਜਾਂਦੀ ਰਹਿੰਦੀ। ਅਸਲ ਵਿਚ ਭੈਣ ਨਾਨਕੀ ਦਾ ਲਾਡਲਾ ਵੀਰ, ਮਾਤਾ ਤ੍ਰਿਪਤਾ ਦਾ ਸੋਹਣਾ ਲਾਲ, ਵਿਹੜੇ ਦਾ ਸ਼ਿੰਗਾਰ ਸੀ। ਛੋਟੀ ਉਮਰ ਵਿਚ ਭੈਣ ਨਾਨਕੀ ਨੇ ਵੀਰ ਨਾਨਕ ਨੂੰ ਕੁੱਛੜ ਚੁੱਕ ਖਿਡਾਇਆ ਸੀ। ਉਹ ਵੀਰ ਦੇ ਸ਼ਗਨ-ਸੁਆਰਥ ਕਰਦੀ ਨਾ ਥੱਕਦੀ। ਜਦੋਂ ਉਸ ਦਾ ਵੀਰ ਉਸ ਦੇ ਕੁੱਛੜੋਂ ਉਤਰ ਕੇ ਵਿਹੜੇ ਵਿਚ ਤੁਰਦਾ-ਨਸਦਾ ਤਾਂ ਵੀਰ ਅੱਗੇ ਅੱਗੇ ਤੇ ਭੈਣ ਪਿੱਛੇ ਪਿੱਛੇ। ਭੈਣ ਜਾਣ ਕੇ ਵੀਰ ਨੂੰ ਨਾ ਫੜਦੀ, ਜਦੋਂ ਵੇਖਦੀ ਹੁਣ ਵੀਰ ਵੀ ਥੱਕ ਗਿਆ ਤਾਂ ਵੀਰ ਨੂੰ ਚੁੱਕ ਲੈਂਦੀ, ਲੇਟ ਕੇ ਉਸ ਨੂੰ ਛਾਤੀ 'ਤੇ ਪਾ ਲੈਂਦੀ ਤੇ ਲੋਰੀਆਂ ਦੇ ਦੇ ਕੇ ਸੁਆ ਦੇਂਦੀ।

ਭਾਈ ਜੈ ਰਾਮ ਜੀ ਖਾਨਪੁਰ ਦੇ ਰਹਿਣ ਵਾਲੇ ਉੱਪਲ ਖੱਤਰੀ ਸਨ ਅਤੇ ਨਵਾਬ ਦੌਲਤ ਖਾਨ ਲੋਧੀ ਪਾਸ ਮਾਲ ਦੇ ਮਹਿਕਮੇ ਵਿਚ ਆਮਿਲ ਸਨ। ਬਾਬਾ ਕਾਲੂ ਜੀ ਤਲਵੰਡੀ ਦੇ ਪਟਵਾਰੀ ਸਨ। ਕਈ ਵਾਰੀ ਭਾਈ ਜੈ ਰਾਮ ਜੀ ਨੂੰ ਆਪਣੇ ਮਹਿਕਮੇ ਦੇ ਕੰਮ ਤਲਵੰਡੀ ਜਾਣਾ ਪੈਂਦਾ ਸੀ। ਇਕੋ ਮਹਿਕਮੇ ਦੇ ਹੋਣ ਕਰਕੇ ਦੋਹਾਂ ਦੀ ਸਾਂਝ ਬਣਦੀ ਗਈ ਤੇ ਆਖਰ ਬਾਬਾ ਕਾਲੂ ਜੀ ਨੇ ਆਪਣੀ ਲੜਕੀ ਦੀ ਸ਼ਾਦੀ ਉਨ੍ਹਾਂ ਨਾਲ ਕਰ ਦਿੱਤੀ।

ਪੁਰਾਣੇ ਸਮਿਆਂ ਵਿਚ ਕੁੜੀਆਂ ਦਾ ਵਿਆਹ ਛੋਟੀ ਉਮਰ ਵਿਚ ਕਰਨ ਦਾ ਰਿਵਾਜ ਜੀ ਜਦੋਂ ਯੋਗ ਬਰਸਰੇ ਰੋਜ਼ਗਾਰ ਸ਼ਰੀਫ ਮੁੰਡਾ ਬਾਬਾ ਕਾਲੂ ਜੀ ਦੀ ਨਜ਼ਰੇ ਚੜ੍ਹਿਆ, ਉਨ੍ਹਾਂ ਉਦੋਂ ਹੀ ਆਪਣੀ ਲਾਡਲੀ ਬੱਚੀ ਦਾ ਵਿਆਹ ਕਰ ਦਿੱਤਾ। ਇਕ ਅਨੁਮਾਨ ਅਨੁਸਾਰ ਉਦੋਂ ਬੇਬੇ ਨਾਨਕੀ ਦੀ ਉਮਰ ਗਿਆਰਾਂ ਸਾਲ ਦੀ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਬੇਬੇ ਨਾਨਕੀ ਦਾ ਵਿਆਹ ਸੰਮਤ ੧੫੩੨ ਵਿਚ ਹੋਇਆ ਜਦੋਂ ਕਿ ਉਸ ਦਾ ਜਨਮ ੧੫੨੧ ਵਿਚ ਹੋਇਆ ਸੀ। ਵਿਆਹ ਤੋਂ ਕੁਝ ਚਿਰ ਪਿੱਛੋਂ ਰਾਇ ਬੁਲਾਰ ਤੇ ਬਾਬਾ ਕਾਲੂ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਭੈਣ ਨਾਨਕੀ ਕੋਲ ਸੁਲਤਾਨਪੁਰ ਭੇਜਿਆ। ਭੈਣ ਆਪਣੇ ਲਾਡਲੇ ਵੀਰ ਤੋਂ ਪਹਿਲੀ ਵਾਰ ਵਿਛੜੀ ਸੀ ਤੇ ਉਹ ਵੀਰ ਦੇ ਵਿਛੋੜੇ ਵਿਚ ਉਦਾਸ ਸੀ। ਵੈਸੇ ਵੀ ਕਿਸੇ ਨੂੰ ਭੇਜਣਾ ਤਾਂ ਹੈ ਹੀ ਸੀ, ਬੇਬੇ ਨਾਨਕੀ ਨੂੰ ਸਹੁਰਿਓਂ ਲੈਣ। ਸੋ ਸਲਾਹ ਕਰਕੇ (ਗੁਰੂ) ਨਾਨਕ ਦੇਵ ਜੀ ਨੂੰ ਭੇਜਿਆ ਗਿਆ। ਲਾਡਲਾ ਵੀਰ ਪਿਆਰੀ ਭੈਣ ਨੂੰ ਲੈਣ ਬੜੇ ਚਾਅ ਨਾਲ ਗਿਆ। ਦੋਹਾਂ

ਪਾਸੇ ਖਿੱਚਾਂ ਬਣੀਆਂ ਹੋਈਆਂ ਸਨ। ਭੈਣ ਦੇ ਚਾਅ ਦਾ ਤਾਂ ਕੋਈ ਅੰਤ ਹੀ ਨਹੀਂ ਸੀ। ਭੈਣ-ਭਰਾ ਧਾਹ ਕੇ ਮਿਲੇ। ਭੈਣ ਨੇ ਲਾਡਲੇ ਵੀਰ ਨੂੰ ਗਲਵਕੜੀ ਵਿਚ ਲਿਆ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਬੇਬੇ ਨਾਨਕੀ ਨੂੰ ਲੈ ਕੇ ਆ ਗਏ। ਕੁਝ ਮਹੀਨੇ ਬੇਬੇ ਨਾਨਕੀ ਪੇਕੇ ਟਿਕੀ। ਜਦੋਂ ਵੈਸਾਖ ਦੇ ਮਹੀਨੇ ਫੇਰ ਭਾਈਆ ਜੈ ਰਾਮ ਜ਼ਮੀਨਾਂ ਕੱਛਣ ਤਲਵੰਡੀ ਆਏ ਤਾਂ ਕੁਝ ਦਿਨ ਠਹਿਰ ਕੇ ਮੁਕਲਾਵਾ ਲੈ ਕੇ ਮੁੜ ਸੁਲਤਾਨਪੁਰ ਆ ਗਏ।

ਵੀਰ-ਭੈਣ ਦੀ ਦਿਲਾਂ ਦੀ ਤਾਰ ਤਾਂ ਸਾਂਝੀ ਸੀ ਪਰ ਸਰੀਰਕ ਤੌਰ 'ਤੇ ਕੁਝ ਚਿਰ ਲਈ ਫੇਰ ਵਿਛੋੜਾ ਹੋ ਗਿਆ। ਬੇਬੇ ਨਾਨਕੀ ਚਾਹੁੰਦੀ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਉਸ ਦਾ ਪਿਆਰਾ ਵੀਰ ਸਦਾ ਉਸ ਦੀਆਂ ਨਜ਼ਰਾਂ ਸਾਹਮਣੇ ਰਹੇ। ਅਸਲ ਵਿਚ ਭੈਣ-ਭਰਾ ਵਿਚ ਕੋਈ ਅਲਾਹੀ ਪਿਆਰ ਸੀ। ਬੇਬੇ ਨੇ ਇਸ ਜਜ਼ਬੇ ਦਾ ਪ੍ਰਗਟਾਵਾ ਆਪਣੇ ਭਰਤੇ ਭਾਈਆਂ ਜੈ ਰਾਮ ਪਾਸ ਕੀਤਾ। ਉਹ ਬੜਾ ਸਿਆਣਾ ਤੇ ਸੁਹਿਰਦ ਵਿਅਕਤੀ ਸੀ। ਉਸ ਨੇ ਸੋਚਿਆ ਕਿ ਜਦ ਤਕ ਨਾਨਕ ਇਕੱਲਾ ਹੈ ਉਸ ਦਾ ਭੈਣ ਦੇ ਘਰ ਰਹਿਣਾ ਦੁਨੀਆਂ ਦੀਆਂ ਨਜ਼ਰਾਂ ਵਿਚ ਚੰਗਾ ਨਹੀਂ ਲੱਗੇਗਾ। ਦੰਪਤੀ ਨੇ ਕਈ ਦਿਨ ਇਸ ਮਾਮਲੇ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਤੇ ਉਹ ਇਸ ਸਿੱਟੇ 'ਤੇ ਪੁੱਜੇ ਕਿ ਗੁਰੂ ਨਾਨਕ ਨੂੰ ਗ੍ਰਿਹਸਤੀ ਬਣਾਈਏ। ਤੇ ਫੇਰ ਉਸ ਨੂੰ ਆਪਣੇ ਕੋਲ ਸੁਲਤਾਨਪੁਰ ਹੀ ਕਿਸੇ ਕੰਮ-ਕਾਰ 'ਤੇ ਲਗਵਾਈਏ ਤਾਂਕਿ ਮਹਿਤਾ ਕਾਲੂ ਤੇ ਮਾਤਾ ਤ੍ਰਿਪਤਾ ਵੀ ਖ਼ੁਸ਼ ਹੋ ਜਾਣ ਤੇ ਭੈਣ-ਭਰਾ ਨੂੰ ਵੀ ਇਕ ਦੂਸਰੇ ਦੇ ਨਿਕਟ ਹੋ ਜਾਣ ਦਾ ਮੌਕਾ ਮਿਲ ਜਾਵੇ।

ਗਿਆਨੀ ਈਸ਼ਰ ਸਿੰਘ ਨਾਰਾ ਨੇ ਆਪਣੀ ਪੁਸਤਕ 'ਇਤਿਹਾਸ ਬਾਬਾ ਸ੍ਰੀ ਚੰਦ' ਦੇ ਪੰਨਾ 275 'ਤੇ ਲਿਖਿਆ ਹੈ ਕਿ ਮਾਤਾ ਸੁਲੱਖਣੀ ਦਾ ਜਨਮ ੧੪ ਕੱਤਕ ਸੰਮਤ ੧੫੩੩ ਦਿਨ ਵੀਰਵਾਰ ਪਖੋਕੇ ਵਿਚ ਹੋਇਆ। ਆਪ ਦੇ ਪਿਤਾ ਦਾ ਨਾਮ ਸ੍ਰੀ ਮੂਲ ਚੰਦ ਸੀ। ਆਪ ਦੇ ਜਨਮ 'ਤੇ ਜਦੋਂ ਸ੍ਰੀ ਮੂਲ ਚੰਦ ਨੇ ਪੰਡਿਤ ਕੋਲੋਂ ਕੁੰਡਲੀ ਬਣਵਾਈ ਤਾਂ ਉਸ ਨੇ ਨਾਂ 'ਸ਼ੁਭ ਲਖਣੀ' ਤਜਵੀਜ਼ ਕੀਤਾ, ਜਿਹੜਾ ਬਾਅਦ ਵਿਚ ਸੁਲੱਖਣੀ ਕਰਕੇ ਪ੍ਰਸਿੱਧ ਹੋ ਗਿਆ।

ਪ੍ਰੋਫ਼ੈਸਰ ਸਾਹਿਬ ਸਿੰਘ ਨੇ ਲਿਖਿਆ ਹੈ ਕਿ ਗੁਰੂ ਨਾਨਕ ਸਾਹਿਬ ਦੀ ਕੁੜਮਾਈ ਸੰਮਤ ੧੫੪੨ ਵਿਚ ਹੋਈ ਪਰ ਜਨਮ ਸਾਖੀ ਅਨੁਸਾਰ ਕੁੜਮਾਈ ਸੰਮਤ ੧੫੪੪ ਮਿਤੀ ਮਾਘ ਵਦੀ ੫ ਨੂੰ ਮੂਲੇ ਚੋਣੇ ਰੰਧਾਵੇ ਦੇ ਘਰ ਹੋਈ। 'ਜੈ ਰਾਮ ਤੇ ਬੇਬੇ ਨਾਨਕੀ ਮਹਿਤਾ ਕਾਲੂ ਤੇ ਅੰਮਾ ਬੀਬੀ ਨੂੰ ਖ਼ਬਰ ਅਤੇ ਵਧਾਈ ਦਿਵਾਇ ਭੇਜੀ।' ਇਸ ਤੋਂ ਇਹ ਗੱਲ ਭਲੀ-ਭਾਂਤ ਸਿੱਧ ਹੋ ਜਾਂਦੀ ਹੈ ਕਿ ਬੇਬੇ ਨਾਨਕੀ ਤੇ ਭਾਈਆ ਜੈ ਰਾਮ ਨੇ ਗੁਰੂ ਨਾਨਕ ਸਾਹਿਬ ਨੂੰ ਗ੍ਰਿਹਸਤ ਵਿਚ ਪ੍ਰਵੇਸ਼ ਕਰਨ ਦਾ ਪ੍ਰਬੰਧ ਕੀਤਾ। ਸੰਮਤ ੧੫੪੫ ਹਾੜ ਸੁਦੀ ਸਤਵੀਂ ਦਾ ਸਾਹਾ ਲਿਖਿਆ ਆਇਆ। ਬੇਬੇ ਨਾਨਕੀ ਜੀ ਘਰ ਵਧਾਈ ਕੀਤੀ ਅਤੇ ਨਿਧੇ ਬ੍ਰਾਹਮਣ ਹੱਥ ਚਿੱਠੀ ਲਿਖ ਭੇਜੀ, ਰੰਗ ਲਾਲ ਛਿੜਕ ਕੇ ਪਤਾਸੇ ਅਤੇ ਲਾਚੀਦਾਨੇ ਅਤੇ ਪੰਜ ਰੁਪੈ ਰੋਕ ਤਲਵੰਡੀ ਕਾਲੂ ਦੇ ਘਰ ਭੇਜ ਦਿੱਤੇ। ਕਾਲੂ ਦੇ ਘਰ ਆਨੰਦ ਅਤੇ ਮੰਗਲਾਚਾਰ ਲਗੇ ਹੋਵਣ।

ਸਭ ਤੋਂ ਵਿਸ਼ੇਸ਼ ਗੱਲ ਜੋ ਗੁਰੂ ਨਾਨਕ ਸਾਹਿਬ ਤੇ ਬੇਬੇ ਨਾਨਕੀ ਦੇ ਆਪਸੀ ਸੰਬੰਧਾਂ 'ਤੇ ਚਾਨਣਾ ਪਾਉਣ ਵਾਲੀ ਹੈ ਉਹ ਇਹ ਕਿ ਗੁਰੂ ਨਾਨਕ ਵਿਆਹ ਕਰਵਾ ਕੇ ਡੋਲੀ ਲੈ ਕੇ ਪਹਿਲਾਂ ਆਪਣੇ ਮਾਤਾ-ਪਿਤਾ ਪਾਸ ਤਲਵੰਡੀ ਨਹੀਂ ਗਏ ਸਗੋਂ ਸੁਲਤਾਨਪੁਰ ਆਪਣੇ ਭੈਣ-

ਭਣਵਈਏ ਪਾਸ ਗਏ। 'ਜਨਮ ਸਾਖੀ' ਦੇ ਕਹਿਣ ਅਨੁਸਾਰ ''ਤ੍ਰੈ ਦਿਨ ਜੰਵ ਰਹੀ ਚੌਥੇ ਦਿਨ ਵਿਦਾ ਹੋਈ। ਡੋਲੀ ਲੈ ਕਰ ਸੁਲਤਾਨਪੁਰ ਆਏ। ਕਾਲੂ ਨੂੰ ਆਖਣ ਜੋ ਨੀਂਗਰ ਵਹੁਟੀ ਘਰ ਲੈ ਚਲਣਾ। ਅਤੇ ਗੁਰੂ ਨਾਨਕ ਜੀ ਕਹਯਾ ਏਥੇ ਹੀ ਰਹਿੰਦੇ ਹਾਂ ਅਤੇ ਨਾਨਕੀ ਤੇ ਜੈ ਰਾਮ ਭੀ ਆਖੇ ਏਥੇ ਹੀ ਰਹਿਣ ਕਿਉਂਕਿ ਮੋਦੀਖਾਨੇ ਦਾ ਵੀ ਕੰਮ ਹੈ ਪਿੱਛੇ ਕੌਣ ਚਲਾਵੇਗਾ। ਕਾਲੂ ਕਹਯਾ ਪੁੱਤ ਨਾਨਕੀ ਤੇਰੀ ਮਾਇ ਭੀ ਉਡੀਕਵਾਨ ਬੈਠੀ ਹੈ ਉਸ ਦੀ ਸਿਕ ਮੁਰਾਦ ਹੈ।''

(ਜਨਮਸਾਖੀ, ਪੰਨਾ 46)

ਫੇਰ ਪਰਮਾ ਨੰਦ ਦੇ ਕਹਿਣ 'ਤੇ ਡੋਲੀ ਤਲਵੰਡੀ ਲੈ ਗਏ। ਗੁਰੂ ਨਾਨਕ ਸਾਹਿਬ ਲਗਪਗ ਇਕ ਮਹੀਨਾ ਤਲਵੰਡੀ ਰਹਿ ਕੇ ਜਦੋਂ ਵਾਪਸ ਸੁਲਤਾਨਪੁਰ ਆਏ ਤਾਂ ਜਨਮ ਸਾਖੀ ਵਾਲਾ ਲਿਖਦਾ ਹੈ:

''ਗੁਰੂ ਨਾਨਕ ਜੀ ਤਲਵੰਡੀਓਂ ਸੁਲਤਾਨਪੁਰ ਆਏ। ਆਇ ਨਾਨਕੀ ਭੈਣ ਨੂੰ ਅਤੇ ਜੈ ਰਾਮ ਨੂੰ ਮਿਲੇ। ਮਾਤਾ ਸੁਲੱਖਣੀ ਨਿਨਾਨ ਦੀ ਪੈਰੀ ਪੇਈ ਅਗੋਂ ਬੇਬੇ ਨਾਨਕੀ ਕਹਯਾ ਠੰਡੀ ਰਹੁ। ਮਾਤਾ ਚੋਣੀ (ਸੁਲੱਖਣੀ) ਦਾ ਮੱਥਾ ਚੁੰਮਿਆ ਗਾਲ ਨਾਲ ਲਾਇ ਕੇ ਪਾਸ ਲੈ ਬੈਠੀ ਅਗਲੇ ਦਿਨ ਗੁਰੂ ਨਾਨਕ ਜੀ ਮੋਦੀਖਾਨੇ ਆਇ ਬੈਠੇ।''

(ਜਨਮਸਾਖੀ, ਪੰਨਾ 47)

ਇਸ ਤੋਂ ਪਹਿਲਾਂ ਵੀ ਗੁਰੂ ਨਾਨਕ ਦੇਵ ਜੀ ਮੋਦੀ ਦਾ ਕੰਮ ਕਰ ਚੁੱਕੇ ਸਨ ਅਤੇ ਸੁਲਤਾਨਪੁਰ ਰਹਿ ਚੁੱਕੇ ਸਨ। ਫਰਕ ਸਿਰਫ਼ ਇਤਨਾ ਸੀ ਕਿ ਉਦੋਂ ਬੀਬੀ ਸੁਲੱਖਣੀ ਉਨ੍ਹਾਂ ਦੇ ਨਾਲ ਨਹੀਂ ਸਨ, ਕਿਉਂਕਿ ਅਜੇ ਉਨ੍ਹਾਂ ਦੀ ਸ਼ਾਦੀ ਨਹੀਂ ਸੀ ਹੋਈ। ਭੈਣ ਨਾਨਕੀ ਨੇ ਉਨ੍ਹਾਂ ਦੇ ਕਾਰ ਵਿਹਾਰ ਦਾ ਪ੍ਰਬੰਧ ਕਰਕੇ ਉਨ੍ਹਾਂ ਨੂੰ ਆਪਣੇ ਪਾਸ ਸੁਲਤਾਨਪੁਰ ਹੀ ਸੱਦ ਲਿਆ ਸੀ।

'ਜਨਮ ਸਾਖੀ' ਅਨੁਸਾਰ ''ਸੰਮਤ ੧੫੪੪ ਮਿਤੀ ਮੱਘਰ ਸੁਦੀ ਤਿੰਨ ਨੂੰ ਗੁਰੂ ਨਾਨਕ ਜੀ ਜੈ ਰਾਮ ਪਾਸ ਆ ਗਏ। ਤਲਵੰਡੀ ਤੋਂ ਚੱਲ ਕੇ ਪੰਜਵੇਂ ਦਿਨ ਸੁਲਤਾਨਪੁਰ ਪੁੱਜੇ। ਮੱਘਰ ਸੁਦੀ ਸਤਵੀਂ ਨੂੰ ਭੈਣ ਨਾਨਕੀ ਨੂੰ ਜਾ ਮਿਲੇ।'' ਸਾਖੀਕਾਰ ਦੇ ਸ਼ਬਦਾਂ ਵਿਚ 'ਬੇਬੇ ਨਾਨਕੀ ਗੁਰੂ ਨਾਨਕ ਜੀ ਨੂੰ ਦੇਖ ਕੇ ਪੈਰਾਂ ਉਪਰ ਢਹਿ ਪਈ ਪਰ ਗੁਰੂ ਨਾਨਕ ਜੀ ਕਹਯਾ—

''ਬੇਬੇ ਜੀ ਤੂੰ ਵੱਡੀ ਹੈਂ ਸਗੋਂ ਮੈਂ ਤੇਰੇ ਪੈਰਾਂ ਤੇ ਪਵਾਂ ਕਿ ਤੂੰ ਮੇਰਿਆਂ ਪੈਰਾਂ ਤੇ ਪਵੇਂ।'' ਫੇਰ ਨਾਨਕੀ ਜੀ ਕਹਯਾ—

''ਭਾਈ ਤੂੰ ਸੱਚ ਆਖਦਾ ਹੈਂ ਪਰ ਜੇ ਤੂੰ ਸਾਧਾਰਨ ਆਦਮੀ ਹੋਵੇਂ। ਤੂੰ ਤਾਂ ਮੈਨੂੰ ਪਰਮੇਸ਼ਰ ਨਜ਼ਰ ਆਂਵਦਾ ਹੈਂ।''

ਉਪਰਲੇ ਵਾਕ ਦੱਸਦੇ ਹਨ ਕਿ ਗੁਰੂ ਨਾਨਕ ਸਾਹਿਬ ਨੂੰ ਸਭ ਤੋਂ ਪਹਿਲਾਂ ਬੇਬੇ ਨਾਨਕੀ ਨੇ ਪਹਿਚਾਣਿਆ ਸੀ। ਉਹ ਦਿਲੋਂ ਉਸ ਨੂੰ ਪਰਮੇਸ਼ਰ ਦਾ ਰੂਪ ਮੰਨਦੇ ਸਨ।

ਬੇਬੇ ਨਾਨਕੀ ਦੀ ਗੱਲ ਸੁਣ ਕੇ ਜੋ ਉੱਤਰ ਗੁਰੂ ਨਾਨਕ ਸਾਹਿਬ ਨੇ ਦਿੱਤਾ ਉਹ ਉਨ੍ਹਾਂ ਦੇ ਸ਼ੁਭ ਵਿਚਾਰਾਂ ਦਾ ਪ੍ਰਤੀਬਿੰਬ ਹੈ। ਉਹ ਵਿਹਲੇ ਬਹਿ ਕੇ ਖਾਣ ਨਾਲੋਂ ਕਿਰਤ ਕਰਕੇ ਖਾਣ ਵਿਚ ਵਿਸ਼ਵਾਸ ਰੱਖਦੇ ਸਨ। ਸਿੱਖ ਧਰਮ ਦੇ ਮੁਢਲੇ ਅਸੂਲ ਜੋ ਗੁਰੂ ਸਾਹਿਬ ਨੇ ਮਿੱਥੇ, ਉਹ ਸਨ, 'ਕਿਰਤਾ ਕਰਨਾ, ਵੰਡ ਛਕਣਾ, ਨਾਮ ਜਪਣਾ'।

ਗੁਰੂ ਨਾਨਕ ਕਹਯਾ—"ਬੀਬੀ ਜੀ ਕਿਰਤ ਕਰ ਖਾਈਏ ਤਾਂ ਪਵਿੱਤ੍ਰ ਹੋਵੀਏ ਹੈ।"

(ਜਨਮਸਾਖੀ, ਪੰਨਾ 28)

ਇਹ ਗੱਲ ਸੁਣ ਕੇ ਬੇਬੇ ਨਾਨਕੀ ਨੇ ਆਪਣੇ ਪਤੀ ਸ੍ਰੀ ਜੈ ਰਾਮ ਜੀ ਨੂੰ ਆਖਿਆ—

"ਇਸ ਦੀ ਕਿਥਾਉ ਕਹਾਣੀ ਕਰੀਏ ਤਾਂ ਇਸ ਦਾ ਗ੍ਰਿਹਸਤ ਨਾਲ ਮੋਹ ਲੱਗੇ ਤਾਂ ਇਸ ਪਾਸੋਂ ਕਿਰਤ ਹੋਇ ਆਵੇ।"

"ਜੋ ਇਹ ਕਿਰਤ ਲੱਗੇ ਤਾਂ ਕਿਥਾਉ ਕਹਾਣੀ ਭੀ ਹੋਇ ਜਾਸੀ ਤੂੰ ਉਤਾਵਲੀ ਨਾ ਹੋਹੁ। ਪਰਮੇਸਰ ਨੂੰ ਚਿਤ ਕਰ।"

ਤਾਂ ਬੇਬੇ ਨਾਨਕੀ ਕਹਯਾ—"ਭਲਾ ਜੀ ਮੈਂ ਤੁਧ ਕੋਲੋਂ ਸਿਆਣੀ ਤਾਂ ਨਹੀਂ ਪਰ ਤੁਸਾਂ ਨੂੰ ਆਖ ਛਡਣਾ ਸੀ। ਜੈ ਰਾਮ ਮਘਰ ਸੁਦੀ ੧੪ ਨੂੰ ਮੋਦੀ ਖਾਨਾ ਦਵਾਇਆ।"

(ਜਨਮਸਾਖੀ, ਪੰਨਾ 28)

ਉਪਰਲੀ ਗੱਲ-ਬਾਤ ਤੋਂ ਸਪੱਸ਼ਟ ਹੁੰਦਾ ਹੈ ਕਿ ਬੇਬੇ ਨਾਨਕੀ ਜੀ ਆਪਣੇ ਵੀਰ ਗੁਰੂ ਨਾਨਕ ਦੇ ਕਾਰਜਾਂ ਵਿਚ ਕਿਤਨੀ ਦਿਲਚਸਪੀ ਲੈਂਦੀ ਸੀ। ਉਸ ਨੂੰ ਫਿਕਰ ਰਹਿੰਦਾ ਸੀ ਕਿ ਉਸ ਦੇ ਵੀਰ ਦਾ ਕਾਰ-ਵਿਹਾਰ ਹੋਵੇ ਤੇ ਉਸ ਦੀ ਸ਼ਾਦੀ ਹੋਵੇ ਅਤੇ ਉਸ ਦਾ ਘਰ-ਬਾਰ ਵੱਸੇ। ਮੋਦੀ ਖਾਨੇ ਦੀ ਨੌਕਰੀ ਵੀ ਗੁਰੂ ਸਾਹਿਬ ਨੂੰ ਭਾਈਆ ਜੈ ਰਾਮ ਦੀ ਕੋਸ਼ਿਸ਼, ਸਿਫ਼ਾਰਸ਼ ਤੇ ਜ਼ਿੰਮੇਵਾਰੀ 'ਤੇ ਮਿਲੀ ਸੀ।

ਮੋਦੀਖਾਨੇ ਵਿਚ ਮੋਦੀ ਲੱਗਣ 'ਤੇ ਉਥੇ ਕੀਤੇ ਕੌਤਕ ਵੀ ਗੁਰੂ ਨਾਨਕ ਜੀ ਦੇ ਜੀਵਨ ਦੇ ਵਿਸ਼ੇਸ਼ ਕਾਰਜ ਸਨ। ਗੁਰੂ ਨਾਨਕ ਸਾਹਿਬ ਦੇ ਮੋਦੀ ਲੱਗਣ ਤੋਂ ਕੁਝ ਚਿਰ ਪਿੱਛੋਂ ਹੀ ਚਰਚੇ ਸ਼ੁਰੂ ਹੋ ਗਏ ਕਿ ਗੁਰੂ ਨਾਨਕ ਸਰਕਾਰੀ ਮੋਦੀਖਾਨਾ ਲੁਟਾਈ ਜਾਂਦਾ ਹੈ। ਸ੍ਰੀ ਜੈ ਰਾਮ ਨੇ ਅਜਿਹੀਆਂ ਗੱਲਾਂ ਸੁਣੀਆਂ। ਫਿਕਰ-ਮੰਦ ਹੋਇਆ ਤੇ ਆਪਣੀ ਪਤਨੀ ਬੇਬੇ ਨਾਨਕੀ ਨਾਲ ਗੱਲਾਂ ਕਰਨ ਲੱਗਾ—

> ਮੋਦੀ-ਨਾਨਕ ਦੀਆਂ ਵਚਿੱਤਰ ਕਾਰਜ ਵਿਧੀਆਂ ਕਿ ਤੇਰਾਂ ਤੋਂ ਬਾਅਦ 'ਤੇਰਾ ਹਾਂ, ਤੇਰਾ ਹਾਂ' ਆਖੀ ਜਾਂਦੇ ਤੇ ਤੋਲ ਤੋਲ ਭਰੀਆਂ ਪਾਈ ਜਾਂਦੇ—ਜੈ ਰਾਮ ਨੇ ਬੇਬੇ ਨਾਨਕੀ ਨੂੰ ਦੱਸੀਆਂ। ਪਰ ਬੇਬੇ ਨਾਨਕੀ ਨੂੰ ਤਾਂ ਆਪਣੇ ਵੀਰ ਉੱਤੇ ਪੂਰਨ ਭਰੋਸਾ ਸੀ। ਉਹ ਕਹਿਣ ਲੱਗੀ 'ਜਿਥੋਂ ਤੋੜੀਂ ਸੰਸਾਰ ਦੀ ਮਾਯਾ ਹੈ ਸੋ ਸਭ ਗੁਰੂ ਨਾਨਕ ਜੀ ਦੇ ਹੱਥਾਂ ਵਿਚੋਂ ਨਿਕਲਦੀ ਹੈ ਪਰ ਭਲਾ ਜੀ ਤੁਸਾਡੇ ਜੀ ਵਿਚ ਵਰਤੀ ਹੈ, ਤੁਸੀਂ ਇਕ ਵਾਰੀ ਲੇਖਾ ਸਮਾਲੋ।"

ਜੈ ਰਾਮ ਕਹਯਾ, "ਮੈਂ ਨਹੀਂ ਸੰਭਾਲਦਾ ਜੇ ਤੁਸਾਂ ਨੂੰ ਪ੍ਰਤੀਤ ਹੈ ਤਾਂ ਮੈਂ ਕਿਆ ਕਰਣਾ ਹੈ। ਤਾਂ ਨਾਨਕੀ ਕਹਯਾ ਜੀ ਹੁਣ ਤੁਸੀਂ ਰਈ ਨਾ ਕਰੋ। ਹੁਣ ਗੁਰੂ ਨਾਨਕ ਦੇਵ ਜੀ ਨੂੰ ਮੈਂ ਸਦਵਾਂਵਦੀ ਹਾਂ।" ਬੀਬੀ ਨਾਨਕੀ ਨੇ ਤੁਲਸਾਂ ਦਾਸੀ ਨੂੰ ਭੇਜ ਕੇ ਗੁਰੂ ਨਾਨਕ ਜੀ ਨੂੰ ਸਦਵਾਇਆ ਤੇ ਮੋਦੀਖਾਨੇ ਦੀ ਗੱਲ ਤੋਰੀ ਤਾਂ ਗੁਰੂ ਜੀ ਨੇ ਕਿਹਾ, "ਹਿਸਾਬ ਕਿਤਾਬ ਵਿਚ ਕਿਸੇ ਦਾ ਕੋਈ ਲਿਹਾਜ਼ ਨਹੀਂ ਹੋਣਾ ਚਾਹੀਦਾ, ਇਹ ਲੇਖਾ ਹੋ ਹੀ ਜਾਣਾ ਚਾਹੀਦਾ ਹੈ।"

ਜਨਮ ਸਾਖੀ ਅਨੁਸਾਰ ਮੱਘਰ ਦੀ ਪੰਦਰਾਂ ਸੰਮਤ ੧੫੪੪ ਨੂੰ ਲੇਖਾ ਕੀਤਾ ਗਿਆ ਤਾਂ

135 ਰੁਪਏ ਗੁਰੂ ਨਾਨਕ ਜੀ ਦੇ ਖਾਤੇ ਵਿਚ ਵਧ ਨਿਕਲੇ। ਭਾਵੇਂ ਗੱਲ ਗੁਰੂ ਸਾਹਿਬ ਦੇ ਹੱਕ ਵਿਚ ਗਈ ਪਰ ਉਨ੍ਹਾਂ ਮੋਦੀਖਾਨਾ ਛੱਡ ਦੇਣ ਦਾ ਫੈਸਲਾ ਕਰਦਿਆਂ ਕਿਹਾ:

''ਇਹ ਮੋਦੀਖਾਨਾ ਕਿਸੇ ਹੋਰਸ ਨੂੰ ਸਉਂਪਉ ਅਸਾਡਾ ਕਰਤਾਰ ਹੈ, ਤਾਂ ਜੈ ਰਾਮ ਪੈਰਾਂ 'ਤੇ ਢਹਿ ਪਿਆ ਤੇ ਬੇਬੇ ਨਾਨਕੀ ਕਹਿਣ ਲੱਗੀ—ਮੈਨੂੰ ਛੱਡ ਕੇ ਨਾ ਜਾਈਂ।''

(ਜਨਮਸਾਖੀ, ਪੰਨਾ 34-35)

ਇਸ ਤੋਂ ਪਤਾ ਲੱਗਦਾ ਹੈ ਕਿ ਭਾਈਆ ਜੈ ਰਾਮ ਤੇ ਭੈਣ ਨਾਨਕੀ ਦਾ ਗੁਰੂ ਜੀ ਉੱਤੇ ਰੱਬ ਜਿੰਨਾ ਵਿਸ਼ਵਾਸ ਸੀ।

ਗੁਰੂ ਨਾਨਕ ਤਾਂ ਅਲਬੇਲੇ ਸਾਈਂ-ਲੋਕ ਸਨ। ਉਨ੍ਹਾਂ ਦਾ ਕੋਮਲ ਹਿਰਦਾ ਤਾਂ ਜਗਤ-ਜਲੰਦੇ ਨੂੰ ਠਾਰਨ ਲਈ ਸਦਾ ਤੜਪਦਾ ਰਹਿੰਦਾ ਸੀ। ਉਹ ਸਰਬ-ਸਾਂਝੀ ਮਨੁੱਖਤਾ ਦਾ ਉਧਾਰ ਕਰਨ ਲਈ ਕਲਯੁਗ ਵਿਚ ਆਏ ਸਨ। ਉਨ੍ਹਾਂ ਦੇ ਮਾਤਾ-ਪਿਤਾ ਉਸ ਨੂੰ ਆਪਣਾ ਪੁੱਤਰ ਹੀ ਸਮਝਦੇ ਸਨ ਤੇ ਇਸੇ ਤਰ੍ਹਾਂ ਸੱਸ-ਸਹੁਰਾ ਵੀ ਉਸ ਨੂੰ ਦੁਨਿਆਵੀ ਪੱਖੋਂ ਆਪਣਾ ਜੁਆਈ ਹੀ ਸਮਝਦੇ ਸਨ। ਇਹ ਤਾਂ ਭੈਣ ਨਾਨਕੀ ਤੇ ਜੀਜਾ ਜੈ ਰਾਮ ਹੀ ਸਨ ਜਿਨ੍ਹਾਂ ਨੇ ਗੁਰੂ ਨਾਨਕ ਦੇ ਅਸਲ ਸਰੂਪ ਨੂੰ ਪਹਿਚਾਨਿਆ ਸੀ।

ਇਕ ਦਿਨ ਗੁਰੂ ਨਾਨਕ ਦੇਵ ਜੀ ਭੈਣ ਨਾਨਕੀ ਦੇ ਘਰ ਮਿਲਣ ਗਏ ਤਾਂ ਬੇਬੇ ਨਾਨਕੀ ਨੇ ਕਿਹਾ—

''ਅੱਜ ਤਾਂ ਪ੍ਰਮੇਸ਼ਰ ਨੇ ਸਾਡੇ 'ਤੇ ਬੜੀ ਕਿਰਪਾ ਕੀਤੀ ਹੈ ਜੋ ਤੁਸੀਂ ਦਰਸ਼ਨ ਦੇਣ ਆਏ ਹੋ।'' ਤਾਂ ਅੱਗੋਂ ਜੋ ਗੱਲ-ਬਾਤ ਦੋਹਾਂ ਭੈਣ-ਭਰਾਵਾਂ ਵਿਚ ਹੋਈ, ਉਸ ਤੋਂ ਇਕ ਦੂਜੇ ਪ੍ਰਤੀ ਉਨ੍ਹਾਂ ਦਾ ਪਿਆਰ ਤੇ ਸਤਿਕਾਰ ਪ੍ਰਗਟ ਹੁੰਦਾ ਹੈ।

ਗੁਰੂ ਨਾਨਕ ਜੀ ਕਿਹਾ—

''ਬੇਬੇ ਜੀ ਤੂੰ ਸੱਚੀ ਹੈਂ ਪਰ ਇਹ ਪਰਮੇਸ਼ਰ ਨੇ ਤੁਧੁ ਨੂੰ ਬੁਝਾਈ ਹੈ, ਤੇਰੇ ਉੱਤੇ ਪਰਮੇਸਰ ਮਿਹਰਵਾਨ ਹੈ।''

ਬੇਬੇ ਨਾਨਕੀ ਜੀ ਕਹਿਯਾ—

''ਭਾਈ ਜੀ! ਪਰਮੇਸਰ ਮੇਰੇ ਉੱਤੇ ਮਿਹਰਵਾਨ ਤਦ ਜਾਣਾਂਗੀ ਜਾਂ ਤੂੰ ਮੇਰਾ ਕਹਯਾ ਮੰਨੇਂਗਾ।''

ਗੁਰੂ ਨਾਨਕ ਜੀ ਕਹਯਾ—

''ਆਖ ਬੇਬੇ, ਜੋ ਕੁਝ ਤੂੰ ਆਖੇਂਗੀ ਸੋ ਮੈਂ ਮੰਨਾਂਗਾ ਤੂੰ ਮੇਰੀ ਵੱਡੀ ਭੈਣ ਹੈਗੀ, ਤੇਰਾ ਮੇਰਾ ਪਿਛਲਾ ਸਾਕ ਭੈਣ ਭਰਾਉ ਦਾ ਆਹ, ਤੂੰ ਮੇਰੀ ਸੇਵਾ ਪਿੱਛੇ ਭੀ ਬਹੁਤ ਕੀਤੀ ਆਹੀ। ਤੇਰਾ ਭਾਰ ਮੇਰੇ ਸਿਰ 'ਤੇ ਹੈਗਾ। ਜੋ ਤੂੰ ਇਸ ਮੂੰਹੋਂ ਕਹੇਂਗੀ, ਸੋ ਮੈਂ ਮੰਨਾਂਗਾ।''

(ਜਨਮਸਾਖੀ, ਪੰਨਾ 51)

ਉਪਰਲੀ ਗੱਲ-ਬਾਤ ਵਿਚੋਂ ਗੁਰਮਤਿ ਦਾ ਮਹਾਨ ਸਿਧਾਂਤ ਉਘੜ ਕੇ ਸਾਹਮਣੇ ਆਉਂਦਾ ਹੈ ਕਿ 'ਵੱਡਾ ਸੋ ਜੋ ਕਰਮਾਂ ਵਿਚ ਵੱਡਾ ਹੋਵੇ।' ਗੁਰਮਤਿ ਅਨੁਸਾਰ ਉਮਰ, ਰਿਸ਼ਤਾ ਜਾਂ ਪਦਵੀ ਵੱਡੀ ਨਹੀਂ ਸਗੋਂ ਕਰਣੀ ਵੱਡੀ ਹੈ।

ਮਾਤਾ ਸੁਲੱਖਣੀ ਜੀ ਬਾਰਾਂ ਸਾਲ ਗੁਰੂ ਨਾਨਕ ਸਾਹਿਬ ਦੇ ਨਾਲ ਸੁਲਤਾਨਪੁਰ ਵਿਚ ਰਹੇ।

ਬੇਬੇ ਨਾਨਕੀ ਜੀ ਹੀ ਉਨ੍ਹਾਂ ਕੋਲ ਵੱਡੇ ਸਨ। ਸੱਸ ਤੇ ਨਣਾਨ ਦੇ ਰੂਪ ਵਿਚ ਉਹ ਸਦਾ ਆਪਣੀ ਭਰਜਾਈ ਦੇ ਦੁੱਖ-ਸੁੱਖ ਦੇ ਭਾਈਵਾਲ ਬਣੇ ਰਹੇ। ਜਦੋਂ ਗੁਰੂ ਨਾਨਕ ਸਾਹਿਬ ਮੋਦੀਖਾਨੇ ਚਲੇ ਜਾਂਦੇ ਤੇ ਭਾਈਆ ਜੈ ਰਾਮ ਆਪਣੇ ਕੰਮ 'ਤੇ ਹੁੰਦੇ ਤਾਂ ਨਣਾਨ-ਭਰਜਾਈ ਰਲ ਕੇ ਬਹਿੰਦੀਆਂ ਤੇ ਗੱਲਾਂ-ਬਾਤਾਂ ਕਰਦੀਆਂ ਰਹਿੰਦੀਆਂ। ਬੇਬੇ ਨਾਨਕੀ ਨੇ ਭਰਜਾਈ ਨੂੰ ਵੀਰ ਨਾਨਕ ਦੀਆਂ ਬੇਪ੍ਰਵਾਹੀਆਂ ਦੀਆਂ ਗੱਲਾਂ ਸੁਣਾਈਆਂ ਤੇ ਮੋਦੀ ਦਾ ਕਾਰਜ ਕਰਦਿਆਂ ਗਰੀਬਾਂ ਤੇ ਲੋੜਵੰਦਾਂ ਦੀ ਸਹਾਇਤਾ ਕਰਦਿਆਂ ਦੀਆਂ ਵਿਥਿਆਵਾਂ ਵੀ ਦੱਸੀਆਂ। ਉਥੇ ਹੀ ਮਾਤਾ ਸੁਲੱਖਣੀ ਜੀ ਦੇ ਘਰ ਦੋ ਸਾਹਿਬਜ਼ਾਦੇ ਪੈਦਾ ਹੋਏ—

ਆਮ ਤੌਰ 'ਤੇ ਇਹ ਦੋਵੇਂ ਸਾਹਿਬਜ਼ਾਦੇ ਆਪਣੇ ਭੂਆ ਬੇਬੇ ਨਾਨਕੀ ਜੀ ਪਾਸ ਚਲੇ ਜਾਂਦੇ ਸਨ, ਜਿਥੇ ਭੂਆ ਨਾਨਕੀ ਸਾਹਿਬਜ਼ਾਦਿਆਂ ਨਾਲ ਅਤੁੱਟ ਪਿਆਰ ਕਰਦੀ, ਉਨ੍ਹਾਂ ਨੂੰ ਵੇਖ ਵੇਖ ਜੀਉਂਦੀ। ਬੇਬੇ ਨਾਨਕੀ ਜੀ ਦੀ ਆਪਣੀ ਕੋਈ ਔਲਾਦ ਨਹੀਂ ਸੀ। ਗੁਰੂ ਨਾਨਕ ਸਾਹਿਬ ਨੇ ਸ੍ਰੀ ਚੰਦ ਨੂੰ ਬੇਬੇ ਨਾਨਕੀ ਦੀ ਝੋਲੀ ਪਾ ਕੇ ਕਿਹਾ, ''ਬੇਬੇ ਜੀ, ਇਹ ਤੁਹਾਡਾ ਹੀ ਪੁੱਤਰ ਹੈ।''

ਸੁਲਤਾਨਪੁਰ ਲੋਧੀ ਨੂੰ ਗਿਆਰਵੀਂ ਸਦੀ ਵਿਚ ਸੁਲਤਾਨ ਖਾਨ ਲੋਧੀ ਨੇ ਵਸਾਇਆ ਸੀ। ਉਸੇ ਦੇ ਨਾਂ 'ਤੇ ਨਗਰ 'ਸੁਲਤਾਨਪੁਰ ਲੋਧੀ' ਪ੍ਰਸਿੱਧ ਹੋਇਆ। ਇਸ ਨਗਰ ਵਿਚ ਜਿਥੇ ਬੇਬੇ ਨਾਨਕੀ ਦਾ ਰਿਹਾਇਸ਼ੀ ਘਰ ਸੀ, ਉਸ ਅਸਥਾਨ ਦਾ ਨਾਮ 'ਗੁਰੂ ਕਾ ਬਾਗ਼' ਹੈ। ਕਈ ਵਿਦਵਾਨਾਂ ਦੇ ਕਥਨ ਅਨੁਸਾਰ ਗੁਰੂ ਨਾਨਕ ਸਾਹਿਬ ਜੀ ਦੇ ਦੋਵੇਂ ਸਾਹਿਬਜ਼ਾਦੇ ਇਥੇ ਹੀ ਪੈਦਾ ਹੋਏ ਸਨ।

ਵੇਈਂ ਪ੍ਰਵੇਸ਼ ਸਮੇਂ

ਸ੍ਰੀ ਗੁਰੂ ਨਾਨਕ ਸਾਹਿਬ ਦੀ ਵੱਡੀ ਭੈਣ ਬੇਬੇ ਨਾਨਕੀ ਜੀ ਤੋਂ ਸਿਵਾ ਸਭ ਨੂੰ ਇਹ ਖਿਆਲ ਬਣ ਗਿਆ ਕਿ ਉਹ ਹੜ੍ਹ ਵਿਚ ਰੁੜ੍ਹ ਗਏ ਹਨ ਜਾਂ ਡੁੱਬ ਗਏ ਹਨ।

ਜਦੋਂ ਗੁਰੂ ਸਾਹਿਬ ਸੰਸਾਰ ਦੇ ਕਲਿਆਣ ਹਿੱਤ ਉਦਾਸੀਆਂ 'ਤੇ ਨਿਕਲਣ ਲੱਗੇ ਤਾਂ ਬੇਬੇ ਨਾਨਕੀ ਵੈਰਾਗਵਾਨ ਹੋ ਕੇ ਕਹਿਣ ਲੱਗੀ—

''ਤੁਸੀਂ ਮੇਰੇ ਪਾਸ ਹੀ ਰਹੋ, ਬਾਹਰ ਨਾ ਜਾਉ।''

ਤਾਂ ਗੁਰੂ ਨਾਨਕ ਜੀ ਕਹਯਾ—

''ਬੇਬੇ ਜੀ, ਅਸੀਂ ਤੁਹਾਡੇ ਪਾਸ ਹੀ ਹਾਂ, ਜਿੱਤ ਵੇਲੇ ਤੁਸੀਂ ਯਾਦ ਕਰੋਗੇ ਤਿਤ ਵੇਲੇ ਹਾਜ਼ਰ ਹੀ ਰਹਾਂਗੇ।''

(ਜਨਮਸਾਖੀ, ਪੰਨਾ 61)

ਜਨਮਸਾਖੀ ਦੀ ਇਕ ਟੂਕ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਸਾਹਿਬ ਭੈਣ ਨਾਨਕੀ ਨੂੰ 'ਬੇਬੇ' ਕਹਿੰਦੇ ਸਨ ਤੇ ਉਸ ਦਾ ਬੜਾ ਸ਼ਤਿਕਾਰ ਕਰਦੇ ਸਨ ਤੇ ਭੈਣ ਨਾਨਕੀ ਵੀਰ ਨਾਨਕ ਨੂੰ ਪਰਮੇਸਰ ਤੁਲ ਸਮਝ ਕੇ ਉਨ੍ਹਾਂ ਦਾ ਸਤਿਕਾਰ ਕਰਦੀ ਸੀ।

ਇਕ ਵਾਰ ਜਦੋਂ ਬੇਬੇ ਨਾਨਕੀ ਦੀ ਖਿੱਚ ਦੇ ਖਿੱਚੇ ਹੋਏ ਗੁਰੂ ਨਾਨਕ ਸਾਹਿਬ ਸੁਲਤਾਨਪੁਰ ਆਏ ਤਾਂ ਬੇਬੇ ਨਾਨਕੀ ਨੇ ਕਿਹਾ—

"ਮਾਤਾ ਪਿਤਾ ਜੀ ਦੇ ਦਿਲ ਵੀ ਬਹੁਤ ਤੜਪਦੇ ਹਨ। ਇਸੇ ਤਰ੍ਹਾਂ ਸੁਲੱਖਣੀ ਤੇ ਲਖਮੀ ਚੰਦ ਵੀ ਤੁਹਾਡੇ ਦਰਸ਼ਨਾਂ ਨੂੰ ਤਰਸਦੇ ਹਨ। ਉਨ੍ਹਾਂ ਨੂੰ ਵੀ ਦਰਸ਼ਨ ਦਿਉ।"

ਅੱਗੋਂ ਗੁਰੂ ਜੀ ਨੇ ਉੱਤਰ ਦਿੱਤਾ—

"ਬੇਬੇ ਜੀ ਅਜਿਹਾ ਸਮਾਂ ਛੇਤੀ ਹੀ ਆਉਣ ਵਾਲਾ ਹੈ। ਜ਼ਰੂਰ ਦਰਸ਼ਨ ਮੇਲੇ ਹੋਣਗੇ।"

ਸੰਮਤ ੧੫੭੫ ਦੇ ਸ਼ੁਰੂ ਵਿਚ ਪਹਿਲੋਂ ਭਾਈ ਜੈ ਰਾਮ ਤੇ ਕੁਝ ਦਿਨਾਂ ਪਿੱਛੋਂ ਬੇਬੇ ਨਾਨਕੀ ਜੀ ਚੜ੍ਹਾਈ ਕਰ ਗਏ। ਗੁਰੂ ਨਾਨਕ ਸਾਹਿਬ ਉਸ ਸਮੇਂ ਉਦਾਸੀ 'ਤੇ ਗਏ ਸਨ। ਉਨ੍ਹਾਂ ਦੋਹਾਂ ਦੀ ਅੰਤਿਮ-ਸੰਭਾਲ ਸ੍ਰੀ ਚੰਦ ਜੀ ਨੇ ਹੀ ਕੀਤੀ। ਮਾਤਾ ਸੁਲੱਖਣੀ ਜੀ ਨੇ ਭਾਵੇਂ ਉਸ ਤੋਂ ਪਿੱਛੋਂ ਵੀਹ ਸਾਲ ਦੀ ਹੋਰ ਆਯੂ ਭੋਗੀ ਤੇ ਉਹ ੨੪ ਮੱਘਰ ਸੰਮਤ ੧੫੯੬ ਨੂੰ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਸਮਾਏ, ਪਰ ਜੋ ਧੀਰਜ, ਹੌਸਲਾ ਤੇ ਪਿਆਰ ਸਤਿਕਾਰ ਉਨ੍ਹਾਂ ਨੂੰ ਬੇਬੇ ਨਾਨਕੀ ਜੀ ਪਾਸੋਂ ਮਿਲਿਆ ਸੀ, ਉਸ ਨੂੰ ਉਹ ਆਪਣੇ ਅੰਤਲੇ ਸੁਆਸਾਂ ਤੱਕ ਨਾ ਭੁਲਾ ਸਕੇ।

ਬੇਬੇ ਨਾਨਕੀ ਸਿੱਖ ਇਤਿਹਾਸ ਦੀ ਉਹ ਸ਼ਖ਼ਸੀਅਤ ਹੋਈ ਹੈ, ਜਿਸ ਨੇ ਆਪਣੇ ਅੰਦਾਜ਼ ਵਿਚ ਸਿੱਖ ਧਰਮ ਦੇ ਪ੍ਰਚਾਰ ਵਿਚ ਆਪਣਾ ਉਹ ਯੋਗਦਾਨ ਪਾਇਆ ਜੋ ਕਿਸੇ ਕੀਮਤ 'ਤੇ ਭੁਲਾਇਆ ਜਾ ਸਕਣ ਵਾਲਾ ਨਹੀਂ। ਗੁਰੂ ਨਾਨਕ ਸਾਹਿਬ ਦੇ ਪਰਿਵਾਰ ਦੇ ਹੋਰ ਜੀਆਂ ਵਿਚਕਾਰ ਐਸੀ ਕੜੀ ਸੀ, ਜਿਸ ਨੇ ਪਰਿਵਾਰਕ ਸੰਬੰਧ ਖ਼ੁਸ਼ਗਵਾਰ ਬਣਾਉਣ ਵਿਚ ਸਦਾ ਸੂਝ ਤੇ ਸਿਆਣਪ ਤੋਂ ਕੰਮ ਲਿਆ। ਜੇ ਉਹ ਵੀਰ ਨਾਨਕ ਦੇ ਰਾਹ ਹਮਵਾਰ ਬਣਾਉਣ ਵਿਚ ਆਪਣਾ ਯੋਗਦਾਨ ਨਾ ਪਾਉਂਦੀ ਤਾਂ ਹੋ ਸਕਦਾ ਸੀ ਕਿ ਜਗਤ-ਜਲੰਦੇ ਦੇ ਕਲਿਆਣ ਲਈ ਘਰੋਂ ਨਿਕਲਣ ਵਾਸਤੇ ਬਾਬਾ ਨਾਨਕ ਜੀ ਦੇ ਰਸਤੇ ਵਿਚ ਕੁਝ ਔਕੜਾਂ ਆ ਖੜ੍ਹੀਆਂ ਹੁੰਦੀਆਂ ਤੇ ਉਹ ਕੁਝ ਸਮਾਂ ਹੋਰ ਆਪਣੇ ਮਿਸ਼ਨ 'ਤੇ ਨਾ ਨਿਕਲ ਸਕਦੇ।

ਲੇਖਕਾਂ ਦੇ ਪਤੇ


1. ਅਜਮੇਰ ਸਿੰਘ ਪਪਰਾਲੀ, ਪਿੰਡ ਤੇ ਡਾਕਖਾਨਾ ਪਪਰਾਲੀ, ਜ਼ਿਲ੍ਹਾ ਰੂਪਨਗਰ।
2. ਅਜਮੇਰ ਸਿੰਘ, ਚੰਡੀਗੜ੍ਹ।
3. ਅਪਿੰਦਰ ਸਿੰਘ, ਰੀ. ਸਕਾਲਰ, ਪਿੰਡ ਹਰੀਪੁਰ, ਡਾਕ: ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ।
4. ਅਮਰਜੀਤ ਕੌਰ (ਡਾ.), ਰੀ. ਸਕਾਲਰ, ਸਿੱਖ.ਇ.ਰੀ.ਬੋਰਡ, ਸ਼੍ਰੋ. ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ।
5. ਅਵਤਾਰ ਸਿੰਘ (ਗਿ.), ਸ੍ਰੀ ਅੰਮ੍ਰਿਤਸਰ।
6. ਐਸ. ਐਸ. ਅਮੋਲ, (ਸਵਰਗਵਾਸੀ)।
7. ਈਸ਼ਰ ਸਿੰਘ ਅਟਾਰੀ।
8. ਸਤਵਿੰਦਰ ਸਿੰਘ ਫੂਲਪੁਰ, ਪਿੰਡ ਫੂਲਪੁਰ, ਤਹਿ: ਬਿਲਾਸਪੁਰ, ਜ਼ਿਲ੍ਹਾ ਰਾਮਪੁਰ, ਯੂ.ਪੀ, C/o ਸੈਂਟਰਲ ਖ਼ਾਲਸਾ ਯਤੀਮਖਾਨਾ, ਪੁਤਲੀਘਰ, ਸ੍ਰੀ ਅੰਮ੍ਰਿਤਸਰ।
9. ਸਤਿਬੀਰ ਸਿੰਘ (ਪ੍ਰੋ.), ਐਮ.ਏ., (ਗੁਰਪੁਰਵਾਸੀ)।
10. ਸਮਸ਼ੇਰ ਸਿੰਘ ਅਸ਼ੋਕ, (ਗੁਰਪੁਰਵਾਸੀ)।
11. ਸਮਸ਼ੇਰ ਸਿੰਘ, ਪਿੰਡ ਸ਼ੇਖੂਪੁਰਾ, ਪੰਜਾਬੀ ਯੂਨੀ. ਪਟਿਆਲਾ।
12. ਸਾਹਿਬ ਸਿੰਘ (ਪ੍ਰੋ.), (ਗੁਰਪੁਰਵਾਸੀ)।
13. ਸੇਵਾ ਸਿੰਘ ਸੇਵਕ, ਤਰਨਤਾਰਨ।
14. ਹਰਭਜਨ ਸਿੰਘ (ਡਾ.), 20, ਪ੍ਰੀਤਮ ਰੋਡ, ਦੇਹਰਾਦੂਨ।
15. ਹਰਨਾਮ ਸਿੰਘ ਸ਼ਾਨ (ਡਾ.), (ਗੁਰਪੁਰਵਾਸੀ)।
16. ਹਰਿਭਜਨ ਸਿੰਘ (ਪ੍ਰਿੰ.), (ਗੁਰਪੁਰਵਾਸੀ) ।
17. ਹਰੀ ਸਿੰਘ (ਪ੍ਰੋ.). (ਗੁਰਪੁਰਵਾਸੀ)।
18. ਕਰਤਾਰ ਸਿੰਘ ਦੁੱਗਲ, (ਗੁਰਪੁਰਵਾਸੀ)।
19. ਕਪੂਰ ਸਿੰਘ (ਸਿ.), (ਗੁਰਪੁਰਵਾਸੀ)।
20. ਕਾਨ੍ਹ ਸਿੰਘ ਨਾਭਾ (ਭਾਈ), (ਗੁਰਪੁਰਵਾਸੀ)।
21. ਕਿਰਨਦੀਪ ਕੌਰ, ਰੀਸਰਚ ਸਕਾਲਰ, ਸਿੱਖ ਇ. ਰੀ. ਬੋਰਡ, ਸ਼੍ਰੋ. ਗੁ. ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।
22. ਕੁਲਦੀਪ ਸਿੰਘ ਉਗਾਣੀ (ਪ੍ਰੋ.), 549, ਅਮਰਦੀਪ ਕਲੋਨੀ, ਪਟਿਆਲਾ ਰੋਡ, ਰਾਜਪੁਰਾ, ਜ਼ਿਲ੍ਹਾ

ਪਟਿਆਲਾ।

23. ਕ੍ਰਿਸ਼ਨ ਸਿੰਘ (ਪ੍ਰੋ.), (ਗੁਰਪੁਰਵਾਸੀ)।
24. ਗੁਰਸ਼ਰਨਜੀਤ ਸਿੰਘ (ਡਾ.), ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀ., ਸ੍ਰੀ ਅੰਮ੍ਰਿਤਸਰ।
25. ਗੁਰਚਰਨ ਸਿੰਘ, ਐਮ. ਏ. (ਗੁਰਮਤਿ ਕਾਲਜ, ਪਟਿਆਲਾ)
26. ਗੁਰਬਚਨ ਸਿੰਘ ਤਾਲਿਬ (ਪ੍ਰਿੰ.), (ਗੁਰਪੁਰਵਾਸੀ)।
27. ਗੁਰਚਰਨ ਸਿੰਘ (ਡਾ.), (ਗੁਰਪੁਰਵਾਸੀ)।
28. ਗੁਰਮੁੱਖ ਸਿੰਘ (ਪ੍ਰਿੰ.), ਪਟਿਆਲਾ।
29. ਗੁਰਮੁੱਖ ਸਿੰਘ (ਡਾ.), 17, ਸੇਵਕ ਕਲੋਨੀ, ਪਟਿਆਲਾ।
30. ਚਮਕੌਰ ਸਿੰ ਅਸਿਸਟੈਂਟ ਡਾਇਰੈਕਟਰ, ਪੰਥ ਰਤਨ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਐਡਵਾਂਸ ਸਟਡੀਜ਼ ਇਨ ਸਿੱਖਿਜ਼ਮ, ਬਹਾਦਰਗੜ੍ਹ, ਪਟਿਆਲਾ।
31. ਜਸਵੰਤ ਸਿੰਘ ਜੱਸ।
32. ਜਸਵੰਤ ਸਿੰਘ ਨੇਕੀ (ਡਾ.), 54, ਹੇਮਕੁੰਟ ਕਲੋਨੀ, ਨਵੀਂ ਦਿੱਲੀ।
33. ਜਗਜੀਤ ਸਿੰਘ (ਪ੍ਰੋ.), ਚੰਡੀਗੜ੍ਹ।
34. ਜਗੀਰ ਸਿੰਘ (ਡਾ.), ਸੈਕਟਰ 15/ਏ, ਚੰਡੀਗੜ੍ਹ-160015
35. ਟੀ. ਆਰ. ਵਿਨੋਦ (ਪ੍ਰੋ.)।
36. ਜੋਧ ਸਿੰਘ (ਡਾ.), ਮੁੱਖ ਸੰਪਾਦਕ, ਸਿੱਖ ਵਿਸ਼ਵ ਕੋਸ਼ ਵਿਭਾਗ, ਪੰਜਾਬੀ ਯੂਨੀ. ਪਟਿਆਲਾ।
37. ਤਰਲੋਚਨ ਕੌਰ (ਡਾ.) 134, ਅਰਬਨ ਅਸਟੇਟ, ਫੇਜ਼ 1, ਪਟਿਆਲਾ।
38. ਤਾਰਨ ਸਿੰਘ (ਡਾ.), (ਗੁਰਪੁਰਵਾਸੀ)।
39. ਤੇਜਿੰਦਰ ਮੋਹਨ ਸਿੰਘ ਐਮ. ਏ. ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ।
40. ਦਰਸ਼ਨ ਸਿੰਘ, ਪਟਿਆਲਾ।
41. ਦਲੀਪ ਸਿੰਘ ਦੀਪ (ਪ੍ਰੋ.), (ਗੁਰਪੁਰਵਾਸੀ) ।
42. ਦਵਿੰਦਰਦੀਪ ਕੌਰ (ਡਾ.)।
43. ਨਰੈਣ ਸਿੰਘ, (ਗੁਰਪੁਰਵਾਸੀ)।
44. ਨਰਿੰਦਰ ਸਿੰਘ ਸੋਚ (ਪ੍ਰਿੰ.), (ਗੁਰਪੁਰਵਾਸੀ) ਹੁਕਮ ਸਿੰਘ ਰੋਡ, ਸ੍ਰੀ ਅੰਮ੍ਰਿਤਸਰ।
45. ਪਰਮਵੀਰ ਸਿੰਘ, ਜੀ-120, ਗੋਬਿੰਦ ਨਗਰ, ਮਾਡਲ ਟਾਊਨ, ਪਟਿਆਲਾ।
46. ਪਿਆਰਾ ਸਿੰਘ ਪਦਮ (ਪ੍ਰੋ.), (ਗੁਰਪੁਰਵਾਸੀ)।
47. ਪ੍ਰਿਥੀਪਾਲ ਸਿੰਘ ਕਪੂਰ (ਡਾ.), 100-ਸੀ, ਰਾਜਗੁਰੂ ਨਗਰ, ਲੁਧਿਆਣਾ।
48. ਪਾਂਧੀ ਨਨਕਾਣਵੀ, (ਗੁਰਪੁਰਵਾਸੀ)।
49. ਬਲਜਿੰਦਰ ਕੌਰ, ਲੈਕਚਰਾਰ, ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਮੈਮੋਰੀਅਲ ਕਾਲਜ, ਰਈਆ

(ਅੰਮ੍ਰਿਤਸਰ)।

50. ਬਲਵੰਤ ਸਿੰਘ ਢਿੱਲੋਂ (ਡਾ.), ਡਾਇਰੈਕਟਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ, ਗੁਰੂ ਨਾਨਕ ਦੇਵ ਯੂਨੀ., ਸ੍ਰੀ ਅੰਮ੍ਰਿਤਸਰ।
51. ਬਲਕਾਰ ਸਿੰਘ (ਪ੍ਰੋ.), 34, ਅਰਬਨ ਅਸਟੇਟ, ਫੇਜ਼-1, ਪਟਿਆਲਾ।
52. ਬਲਵਿੰਦਰ ਸਿੰਘ, ਜੌੜਾਸਿੰਘਾ, ਐਡੀ: ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।
53. ਬੁੱਧ ਰਾਮ ਕਲਸੀਆਂ, ਸੰਗਰੂਰ।
54. ਭਰਤ ਇੰਦਰ ਸਿੰਘ ਨਾਭਾ, ਪਟਿਆਲਾ।
55. ਭਗਤ ਸਿੰਘ ਹੀਰਾ, (ਗੁਰਪੁਰਵਾਸੀ)।
56. ਮਾਰਕੋ, ਮਨੋਹਰ ਸਿੰਘ।
57. ਮਾਨ ਸਿੰਘ ਨਿਰੰਕਾਰੀ (ਡਾ.), (ਗੁਰਪੁਰਵਾਸੀ)।
58. ਮੋਹਨ ਸਿੰਘ ਜੀ ਰਤਨ (ਪ੍ਰੋ.), ਸਿੱਖ ਨੈਸ਼ਨਲ ਕਾਲਜ, ਬੰਗਾ।
59. ਰਣਜੀਤ ਕੌਰ ਪੰਨਵਾਂ (ਡਾ.), ਰੀਸਰਚ ਸਕਾਲਰ, ਸਿੱਖ ਇ.ਰੀ.ਬੋ., ਸ਼੍ਰੋਮਣੀ.ਗੁ.ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ।
60. ਰੂਪ ਸਿੰਘ, ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।
61. ਵਿਸ਼ਵਨਾਥ ਤਿਵਾੜੀ (ਡਾ.), (ਗੁਰਪੁਰਵਾਸੀ)।



₹ 200/-

ISBN 819387227-4
9788193872277